Chief Reporter
Punjab Vidhan Sabha
Chandigarh

Digitized by
Panjab Digital Library

Original with;
Punjab Vidhan Sabha

ਨਾਂ ਜਾਂ 'ਏ'
ਕਾ .ਵਾਈ ਜਿਸ ਵਿਚ
ਜਸਲ ਰਿਕਾਰਡ ਕੀਤੀ ਗਈ
ਅਤੇ ਉਸ ਦਾ ਸੰਭਾਲ ਸਮਾਂ
'A' 'B' or 'C' proceedings
in which the file was
recorded and its
retention period

ਕੀ ਕੇਸ ਸਬੰਧੀ ਨੋਟ ਸ਼ਾਖਾ/
ਸੈਕਸ਼ਨ ਦੀ ਨੋਟ ਬੁੱਕ
ਵਿਚ ਰੱਖਿਆ ਹੋਇਆ ਹੈ
ਜਾਂ ਨਹੀਂ
Whether note regarding
case has been kept in
the Branch/Sectional
Note Book or not

ਸਬੰਧਤ ਸਹਾਇਕ ਦੇ ਹਸਤਾਖਰ
Initials of the concerned
Assistant

ਰਿਕਾਰਡਰ ਦੇ ਹਸਤਾਖਰ
Initials of the Recorder

ਪਿਛਲੇ ਹਵਾਲੇ Previous References	ਬਾਅਦ ਦੇ ਹਵਾਲੇ Later References

Original with:
Punjab Vidhan Sabha
Digitized by:

(631) 2

(63)

PUNJAB VIDHAN SABHA

10

DEBATES

15th March, 1995

Vol. ix—No. 10

OFFICIAL REPORT

Chief Reporter
Punjab Vidhan Sabha
Chandigarh

CONTENTS

Wednesday, the 15 March, 1995

		Page
Starred Questions and Answers	..	(10)1
Unstarred Questions and Answers	..	(10)45
Announcement by the Speaker	..	(10)54
Papers Laid on the Table	..	(10)56
Withdrawal of Members	..	(10)56
Resolution Re. Raising of standard of Primary Education	..	(10)56
Walk-Outs	..	(10)57
Suspension of Members	..	(10)58
Resolution Re. Raising of Standard of Primary Education (*Resumption*)	..	(10)58
Revocation of Suspension of Members	.	(10)58
Resolution re. Raising of Standard of Primary Eudcation (*Resumption*)	..	(10)59
Walk-Out	..	(10)82
Resolution Re. Raising of Standard of Primary Education (*Resumption*)	..	(10)82
Extension of time of the sitting	..	(10)111
Resolution Re. Raising of Standard of Primary Education (*Resumption*)	..	(10)111
Extension of Time of the Sitting	..	(10)112
Resolution Re. Raising of Standard of Primary Education (*Resumption*)	..	(10)113
Extension of Time of the Sitting	..	(10)115
Resolution Re. Raising of Standard of Primary Education (*Resumption*)	..	(10)115

Punjab Vidhan Sabha Secretariat, Chandigarh

Price: Rs. _____

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Wednesday, the 15th march, 1995

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9.00 A.M. Mr. Speaker (Shri Harnam Das Johar) in the Chair.

STARRED QUESTIONS AND ANSWERS

Mr. Speaker: Questions. Sardar Sukhdev Singh Shahbazpuri.

ਨਿਸ਼ਾਨਵਾਲਾ ਪ੍ਰਸ਼ਨ ਨੰਬਰ 2525,

(ਸਬਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।)

ਮਾਰਕਿਟ ਕਮੇਟੀਆਂ ਦੀਆਂ ਚੋਣਾਂ

*2248. **ਸ਼੍ਰੀਮਤੀ ਵਿਮਲਾ ਡਾਂਗ**. ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਪਿਛਲੀ ਵਾਰ ਕਿਸ ਮਿਤੀ ਨੂੰ ਹੋਈਆਂ ਸਨ;

(ਅ) ਉਕਤ ਚੁਣੀਆਂ ਗਈਆਂ ਮਾਰਕਿਟ ਕਮੇਟੀਆਂ ਕਿਸ ਮਿਤੀ ਨੂੰ ਅਧਿਲੰਘਤ ਕੀਤੀਆਂ ਗਈਆਂ ਸਨ ;

(ੲ) ਕੀ ਸਰਕਾਰ ਮਾਰਕਿਟ ਕਮੇਟੀਆਂ ਦੀਆਂ ਨਵੀਆਂ ਚੋਣਾਂ ਕਰਵਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੈ, ਕਦੋਂ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ. (ੳ) ਅਤੇ (ਅ) ਸਟੇਟਮੈਂਟ ਸਦਨ ਦੀ ਟੇਬਲ ਤੇ ਰੱਖੀ ਜਾਂਦੀ ਹੈ ।

(ੲ) ਹਾਈਕੋਰਟ ਵਲੋਂ ਫੈਸਲਾ ਹੋ ਜਾਣ ਤੋਂ ਬਾਅਦ ਇਸ ਮਾਮਲੇ ਤੇ ਵਿਚਾਰ ਕੀਤੀ ਜਾਵੇਗੀ ।

ਪੰਜਾਬ ਰਾਜ ਵਿਚ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਸਬੰਧੀ ਵੇਰਵਾ

ਲੜੀ ਨੰ.	ਮਾਰਕਿਟ ਕਮੇਟੀ ਦਾ ਨਾਂ	ਮਾਰਕਿਟ ਕਮੇਟੀ ਵਿਚ ਪਿਛਲੀਵਾਰ ਹੋਈਆਂ ਚੋਣਾਂ ਦੀ ਮਿਤੀ	ਪਿਛਲੀ ਵਾਰ ਅਧਿਲੰਘਤ ਚੋਣ ਦੀ ਮਿਤੀ
1	2	3	4
		ਜ਼ਿਲ੍ਹਾ ਅੰਮ੍ਰਿਤਸਰ	
1.	ਅੰਮ੍ਰਿਤਸਰ	3-4-69	6-2-72
2.	ਮਹਿਤਾ	28-6-73 ਨੂੰ ਹੋਂਦ ਵਿਚ ਆਈ ।	—
3.	ਖਡੂਰ ਸਾਹਿਬ	ਚੋਣ ਨਹੀਂ ਹੋਈ	—
4.	ਭਿੱਖੀਵਿੰਡ	25-10-68	16-1-72
5.	ਪੱਟੀ	13-1-69	13-1-72
6.	ਚੋਗਾਵਾਂ	1973 ਨੂੰ ਹੋਂਦ ਵਿਚ ਆਈ	—
7.	ਰੱਈਆ	23-12-68	16-3-72

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

1	2	3	4
8.	ਤਰਨਤਾਰਨ	7-2-69	9-3-72
9.	ਗਹਿਰੀ	15-10-86 ਨੂੰ ਹੋਂਦ ਵਿਚ ਆਈ।	—
10.	ਖੇਮਕਰਨ	15-4-71 ਨੂੰ ਹੋਂਦ ਵਿਚ ਆਈ ।	—
11.	ਝਬਾਲ	1972 ਨੂੰ ਹੋਂਦ ਵਿਚ ਆਈ ।	—
12.	ਮਜੀਠਾ	1973 ਨੂੰ ਹੋਂਦ ਵਿਚ ਆਈ ।	—
13.	ਅਜਨਾਲਾ	6-3-69	9-3-72
14.	ਨੌਸ਼ਹਿਰਾ ਪੰਨੂਆਂ	1986 ਨੂੰ ਹੋਂਦ ਵਿਚ ਆਈ	—
15	ਅਟਾਰੀ	ਫ਼ਰਵਰੀ, 1987 ਨੂੰ ਹੋਂਦ ਵਿਚ ਆਈ ।	—
		ਜ਼ਿਲ੍ਹਾ ਬਠਿੰਡਾ	
16	ਗੋਨਿਆਣਾ	5-1-69	28-4-72
17.	ਬਠਿੰਡਾ	8-1-69	20-3-72
18.	ਰਾਮਪੁਰਾ ਫੂਲ	5-1-69	28-4-72
19.	ਭੁੱਚੋ	14-11-68	11-1-71
20.	ਸੰਗਤ	8-1-69	20-3-72
21.	ਮੌੜ	5-1-69	20-3-72
22.	ਰਾਮਾ	5-1-69	20-3-72
23.	ਭਗਤਾ ਭਾਈ ਕਾ	1981 ਨੂੰ ਹੋਂਦ ਵਿਚ ਆਈ	—
24	ਤਲਵੰਡੀ ਸਾਬੋ	30 ਜਨਵਰੀ 1986 ਨੂੰ ਹੋਂਦ ਵਿਚ ਆਈ	—
		ਜ਼ਿਲ੍ਹਾ ਮਾਨਸਾ	
25.	ਮਾਨਸਾ	3-5-69	20-3-72
26.	ਬੁਢਲਾਡਾ	5-1-69	20-3-72
27.	ਬਰੇਟਾ	5-1-69	20-3-72
28.	ਸਰਦੂਲਗੜ੍ਹ	15-4-80 ਨੂੰ ਹੋਂਦ ਵਿਚ ਆਈ	—
29.	ਭੀਖੀ	1986 ਨੂੰ ਹੋਂਦ ਵਿਚ ਆਈ	—
		ਜ਼ਿਲ੍ਹਾ ਫ਼ਰੀਦਕੋਟ	
30.	ਬਾਘਾਪੁਰਾਣਾ	22-10-67	ਜਨਵਰੀ, 1971
31.	ਮਲੋਟ	6-2-69	3-2-72
32.	ਗਿੱਦੜਬਾਹਾ	ਫ਼ਰਵਰੀ, 69	16-1-72
33.	ਜੈਤੋ	17-11-68	16-1-72

Original with;
Punjab Vidhan Sabha
Digitized by;
Punjab Digital Library

1	2	3	4
34.	ਨਿਹਾਲ ਸਿੰਘ ਵਾਲਾ	29-10-67	15-3-72
35.	ਮੁਕਤਸਰ	17-11-68	16-1-72
36.	ਕੋਟਕਪੂਰਾ	27-7-68	2-8-71
37.	ਬਰੀਵਾਲਾ	1971 ਨੂੰ ਹੋਂਦ ਵਿਚ ਆਈ	—
38.	ਫਰੀਦਕੋਟ	11-4-68	18-7-71
39.	ਮੋਗਾ	15-3-69	15-1-72
40.	ਬੱਧਨੀ ਕਲਾਂ	18-3-80 ਨੂੰ ਹੋਂਦ ਵਿਚ ਆਈ	—
41.	ਅਜੀਤਵਾਲ	1986 ਨੂੰ ਹੋਂਦ ਵਿਚ ਆਈ ਹੈ	—
42.	ਸਾਦਿਕ	ਨਵੀਂ ਹੋਂਦ ਵਿਚ ਆਈ ਹੈ ।	—
		ਜ਼ਿਲ੍ਹਾ ਫ਼ਿਰੋਜ਼ਪੁਰ	
43.	ਅਬੋਹਰ	17-11-68	16-1-72
44.	ਗੁਰੂ ਹਰ ਸਹਾਏ	17-11-68	16-1-72
45.	ਫਿਰੋਜ਼ਪਰ ਸ਼ਹਿਰ	17-11-68	16-1-72
46.	ਫਿਰੋਜ਼ਪੁਰ ਛਾਉਣੀ	17-11-68	16-1-72
47.	ਜਲਾਲਾਬਾਦ	17-11-68	16-1-72
48.	ਧਰਮਕੋਟ	30-9-67	29-9-70
49.	ਮਖੂ	21-3-68	11-1-71
50.	ਤਲਵੰਡੀ ਭਾਈ	17-11-68	16-1-72
51.	ਜ਼ੀਰਾ	ਅਪ੍ਰੈਲ, 1969	ਦਸੰਬਰ, 72
52.	ਫਾਜ਼ਿਲਕਾ	6-1-74	10-8-75
53.	ਮਲਾਂਵਾਲਾ	5-2-80 ਨੂੰ ਹੋਂਦ ਵਿਚ ਆਈ	—
54.	ਮਮਦੋਟ	15-7-83 ਨੂੰ ਹੋਂਦ ਵਿਚ ਆਈ	—
55.	ਕੋਟ ਈਸੇ ਖਾਂ	23-8-83 ਨੂੰ ਹੋਂਦ ਵਿਚ ਆਈ	—
		ਜ਼ਿਲ੍ਹਾ ਗੁਰਦਾਸਪੁਰ	
56.	ਬਟਾਲਾ	2-4-69	13-3-72
57.	ਪਠਾਨਕੋਟ	17-9-70	27-2-72
58.	ਕਾਦੀਆਂ	2-1-69	ਜਨਵਰੀ, 72
59.	ਦੀਨਾ ਨਗਰ	ਫਰਵਰੀ, 69	ਫਰਵਰੀ, 72
60.	ਸ਼੍ਰੀ ਹਰਗੋਬਿੰਦਪੁਰ	23-9-73 ਨੂੰ ਹੋਂਦ ਵਿਚ ਆਈ	—
61.	ਧਾਰੀਵਾਲ	31-10-68	22-5-72
62.	ਡੇਰਾ ਬਾਬਾ ਨਾਨਕ	17-4-76 ਨੂੰ ਹੋਂਦ ਵਿਚ ਆਈ	—
63.	ਫਤਿਹਗੜ੍ਹ ਚੂੜੀਆਂ	1973 ਨੂੰ ਹੋਂਦ ਵਿਚ ਆਈ ।	—
64.	ਗੁਰਦਾਸਪੁਰ	31-10-68	28-2-72

Original with;
Punjab Vidhan Sabha
Digitized by;
Punjab Digital Library

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

1	2	3	4
65.	ਕਲਾਨੌਰ	1996 ਨੂੰ ਹੋਂਦ ਵਿਚ ਆਈ	—
66.	ਨਰੋਟ ਜੈਮਲ ਸਿੰਘ	1977 ਨੂੰ ਹੋਂਦ ਵਿਚ ਆਈ	—
67.	ਕਾਹਨੂੰਵਾਨ	ਅਕਤੂਬਰ, 1986 ਨੂੰ ਹੋਂਦ ਵਿਚ ਆਈ।	—
		ਜ਼ਿਲ੍ਹਾ ਹੁਸ਼ਿਆਰਪੁਰ	
68.	ਹੁਸ਼ਿਆਰਪੁਰ	10-10-67	10-4-72
69.	ਦਸੂਹਾ	21-2-74 ਨੂੰ ਹੋਂਦ ਵਿਚ ਆਈ।	—
70.	ਟਾਂਡਾ ਉੜਮੁੜ	18-1-68	7-12-70
71	ਮੁਕੇਰੀਆਂ	10-10-67	25-3-71
72.	ਬਲਾਚੌਰ	15-7-86 ਨੂੰ ਹੋਂਦ ਵਿਚ ਆਈ	—
73.	ਗੜ੍ਹਸ਼ੰਕਰ	ਦਸੰਬਰ, 1968	22-1-72
		ਜ਼ਿਲ੍ਹਾ ਜਲੰਧਰ	
74.	ਜਲੰਧਰ ਸ਼ਹਿਰ	27-10-70	22-8-75
75.	ਜਲੰਧਰ ਛਾਉਣੀ	4-1-69	17-1-72
76.	ਸ਼ਾਹਕੋਟ	25-2-69	16-1-72
77.	ਨਕੋਦਰ	7-8-68	9-10-71
78.	ਨਵਾਂ ਸ਼ਹਿਰ	ਜਨਵਰੀ, 68	11-1-71
79.	ਫਿਲੌਰ	ਦਸੰਬਰ, 68	16-1-72
80.	ਨੂਰ ਮਹਿਲ	18-2-69	1-3-72
81.	ਬੰਗਾ	ਜਨਵਰੀ, 68	ਜਨਵਰੀ, 71
82.	ਗੋਰਾਇਆ	11-5-83 ਨੂੰ ਹੋਂਦ ਵਿਚ ਆਈ	—
83.	ਭੋਗਪੁਰ	16-10-81 ਨੂੰ ਹੋਂਦ ਵਿਚ ਆਈ	—
84.	ਲੋਹੀਆਂ ਖਾਸ	ਨਵੀਂ ਹੋਂਦ ਵਿਚ ਆਈ	—
85.	ਬਿਲਗਾ	7-1-83 ਨੂੰ ਹੋਂਦ ਵਿਚ ਆਈ	—
86.	ਆਦਮਪੁਰ ਦੁਆਬਾ	12-12-68	16-1-72
		ਜ਼ਿਲ੍ਹਾ ਕਪੂਰਥਲਾ	
87.	ਕਪੂਰਥਲਾ	ਜਨਵਰੀ, 68	5-10-71
88.	ਫਗਵਾੜਾ	13-5-68	5-9-71
89.	ਸੁਲਤਾਨਪੁਰ ਲੋਧੀ	14-3-69	15-1-72
90.	ਭੁਲੱਥ	30-9-67	14-12-70
91.	ਢਿਲਵਾਂ	ਨਵੀਂ ਹੋਂਦ ਵਿਚ ਆਈ ਹੈ	—

Original with;
Punjab Vidhan Sabha
Digitized by;
Punjab Digital Library

1	2	3	4
		ਜ਼ਿਲ੍ਹਾ ਲੁਧਿਆਣਾ	
92.	ਲੁਧਿਆਣਾ	3-1-68	17-1-71
93.	ਸਾਹਨੇਵਾਲ	ਅਕਤੂਬਰ, 70 ਨੂੰ ਹੋਂਦ ਵਿਚ ਆਈ	—
94.	ਰਾਏਕੋਟ	21-11-68	21-10-71
95.	ਮੁਲਾਂਪੁਰ	16-1-68	19-3-71
96.	ਜਗਰਾਓਂ	7-1-68	23-1-71
97.	ਦੋਰਾਹਾ	3-1-68	17-1-71
98.	ਮਾਛੀਵਾੜਾ	9-10-67	19-3-71
99.	ਖੰਨਾ	3-1-68	17-1-71
100.	ਸਮਰਾਲਾ	9-10-67	19-3-71
101.	ਮਲੌਟ	19-3-73 ਨੂੰ ਹੋਂਦ ਵਿਚ ਆਈ	—
102.	ਹਠੂਰ	15-7-86 ਨੂੰ ਹੋਂਦ ਵਿਚ ਆਈ	—
103.	ਕਿਲਾ ਰਾਏਪੁਰ	1986 ਨੂੰ ਹੋਂਦ ਵਿਚ ਆਈ	—
104.	ਸਿਧਵਾਂ ਬੇਟ	1986 ਨੂੰ ਹੋਂਦ ਵਿਚ ਆਈ	—
		ਜ਼ਿਲ੍ਹਾ ਪਟਿਆਲਾ	
105.	ਪਟਿਆਲਾ	1-10-63	11-11-69
106.	ਪਾਤੜਾਂ	ਚੋਣ ਨਹੀਂ ਹੋਈ	—
107.	ਲਾਲੜੂ	12-6-74 ਨੂੰ ਹੋਂਦ ਵਿਚ ਆਇਆ	—
108.	ਸਮਾਣਾ	13-8-71 ਨੂੰ ਹੋਂਦ ਵਿਚ ਆਈ	—
109.	ਡੇਰਾ ਬਸੀ	10-8-63	1-2-67
110.	ਨਾਭਾ	22-12-68	20-2-72
111.	ਰਾਜਪੁਰਾ	18-3-69	28-4-72
112.	ਬਨੂੜ	12-10-80 ਨੂੰ ਹੋਂਦ ਵਿਚ ਆਈ	—
113.	ਘਨੌਰ	1980 ਨੂੰ ਹੋਂਦ ਵਿਚ ਆਈ	—
114.	ਭਾਦਸੋਂ	14-1-85 ਨੂੰ ਹੋਂਦ ਵਿਚ ਆਈ	—
115.	ਡਕਾਲਾ	19-6-86 ਨੂੰ ਹੋਂਦ ਵਿਚ ਆਈ	—
116.	ਦੁਧਨਸਾਧਾਂ	19-6-86 ਨੂੰ ਹੋਂਦ ਵਿਚ ਆਈ	—
		ਜ਼ਿਲ੍ਹਾ ਫਤਿਹਗੜ੍ਹ ਸਾਹਿਬ	
117.	ਸਰਹਿੰਦ	28-12-68	26-2-72
118.	ਬਸੀ ਪਠਾਣਾਂ	3-1-68	17-1-71
119.	ਅਮਲੋਹ	5-4-69	31-3-72
120.	ਖਮਾਣੋ	ਨਵੀਂ ਹੋਂਦ ਵਿਚ ਆਈ	—

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

1	2	3	4
121.	ਚਨਾਰਥਲ	ਨਵੀਂ ਹੋਂਦ ਵਿਚ ਆਈ	—
		ਜ਼ਿਲ੍ਹਾ ਰੋਪੜ	
122.	ਰੋਪੜ	30-10-68	8-10-72
123.	ਮਰਿੰਡਾ	10-4-69	27-2-72
124.	ਕੁਰਾਲੀ	29-6-72	9-6-75
125.	ਖਰੜ	19-7-72	19-6-75
126.	ਅਨੰਦਪੁਰ ਸਾਹਿਬ	10-3-76 ਨੂੰ ਹੋਂਦ ਵਿਚ ਆਈ	—
127.	ਚਮਕੌਰ ਸਾਹਿਬ	15-12-80 ਨੂੰ ਹੋਂਦ ਵਿਚ ਆਈ	—
		ਜ਼ਿਲ੍ਹਾ ਸੰਗਰੂਰ	
128.	ਬਰਨਾਲਾ	ਮਈ, 69	ਫ਼ਰਵਰੀ, 72
129.	ਮਲੇਰਕੋਟਲਾ	15-2-68	24-3-71
130.	ਅਹਿਮਦਗੜ੍ਹ	26-12-67	19-3-71
131.	ਖਨੌਰੀ	1-8-69	28-4-72
132.	ਤਪਾ	22-12-68	21-2-72
133.	ਭਵਾਨੀਗੜ੍ਹ	7-5-71 ਨੂੰ ਹੋਂਦ ਵਿਚ ਆਈ	—
134.	ਸੁਨਾਮ	ਦਸੰਬਰ, 69	ਫ਼ਰਵਰੀ, 72
135.	ਧੂਰੀ	25-9-67	19-3-71
136.	ਸੰਗਰੂਰ	5-1-69	19-3-72
137.	ਲਹਿਰਾਗਾਗਾ	27-11-68	—
138.	ਸੂਲਰਘਰਾਟ	23-11-87 ਨੂੰ ਹੋਂਦ ਵਿਚ ਆਈ	—
139.	ਚੀਮਾ	8-2-82 ਨੂੰ ਹੋਂਦ ਵਿਚ ਆਈ	—
140.	ਭਦੌੜ	5-1-82 ਨੂੰ ਹੋਂਦ ਵਿਚ ਆਈ	—
141.	ਮਹਿਲਕਲਾਂ	1983 ਨੂੰ ਹੋਂਦ ਵਿਚ ਆਈ	—
142.	ਅਮਰਗੜ੍ਹ	20-12-83 ਨੂੰ ਹੋਂਦ ਵਿਚ ਆਈ	—
143.	ਧਨੌਲਾ	8-9-82 ਨੂੰ ਹੋਂਦ ਵਿਚ ਆਈ	—
144.	ਸ਼ੇਰਪੁਰ	10-4-87 ਨੂੰ ਹੋਂਦ ਵਿਚ ਆਈ	—

NOTE 1: Elections were not held after 1969 (except Market Committee, Fazilka, Jalandhar City, Kharar and Kurali.)

NOTE 2: Except for Market Committee, Fazilka, Jalandhar City, Kharar and Kurali, all the Committees which were established (ਹੋਂਦ ਵਿਚ ਆਈ) after 1969 were nominated committees.

NOTE 3: Last supersession of the nominated Committee took place in November, 1987. At that time all the Committees were nominated.

Original with;
Punjab Vidhan Sabha
Digitized by;
Punjab Digital Library

ਸ਼੍ਰੀਮਤੀ ਵਿਮਲਾ ਡਾਂਗ : ਸਭਿਕਾਰਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੰਦੀ ਹਾਂ ਕਿ ਜਿਹੜਾ ਜਵਾਬ ਇਨ੍ਹਾਂ ਨੇ ਤਫਸੀਲ ਦੇ ਨਾਲ ਸਰਕੁਲੇਟ ਕੀਤਾ ਹੈ ਉਸ ਤੋਂ ਪਤਾ ਲਗਦਾ ਹੈ ਕਿ 26 ਸਾਲ ਤੋਂ ਮਾਰਕਿਟ ਕਮੇਟੀਆਂ ਦੇ ਇਲੈਕਸ਼ਨ ਨਹੀਂ ਹੋਏ ਅੌਰ ਪਟਿਆਲਾ ਵਿਚ 32 ਸਾਲ ਤੋਂ ਨਹੀਂ ਹੋਏ ਜਾਂ ਨਾਮੀਨੇਸ਼ਨਜ਼ ਕੀਤੀਆਂ ਹਨ, ਸੁਪਰਸੀਡ ਕੀਤੀਆਂ ਹਨ ਜਾਂ ਐਡਮਨਿਸਟਰੇਟਰ ਮੁਕੱਰਰ ਕੀਤੇ ਹਨ, ਸਰਕਾਰ ਨੇ ਕਿਹਾ ਸੀ ਕਿ ਪੰਚਾਇਤਾਂ ਦੀਆਂ ਚੋਣਾਂ ਤੋਂ ਬਾਅਦ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਹੋਣਗੀਆਂ ਪਰ ਬਾਅਦ ਵਿੱਚ ਸਰਕਾਰ ਮੁਨਕਰ ਹੋ ਗਈ, ਮੈਂ ਪੁੱਛਣਾ ਚਾਹੁੰਦੀ ਹਾਂ ਕਿ ਗਰਾਸ ਰੂਟ ਤਕ ਡੈਮੋਕਰੇਸੀ ਦਾ ਜਿਹੜਾ ਇਹ ਸਰਕਾਰ ਦਾਅਵਾ ਕਰਦੀ ਹੈ ਇਹ ਚੋਣਾਂ ਨਾ ਕਰਵਾਉਣਾ ਕੀ ਇਸ ਅਸੂਲ ਦੇ ਉਲਟ ਨਹੀਂ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਬੜੀ ਪੁਰਾਣੀ ਹਿਸਟਰੀ ਕੱਢ ਲਈ ਹੈ । ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ 1992 ਵਿਚ ਸਾਡੀ ਸਰਕਾਰ ਆਈ ਤਾਂ ਅਸੀਂ ਫੈਸਲਾ ਕੀਤਾ ਸੀ ਕਿ ਜੋ ਕਾਨੂੰਨ ਹੈ ਉਸ ਦੇ ਮੁਤਾਬਿਕ ਕੀਤਾ ਜਾਵੇਗਾ, ਪਹਿਲਾਂ ਨੋਮੀਨੇਟ ਕੀਤਾ ਜਾਵੇਗਾ ਫਿਰ 3 ਸਾਲ ਵਿਚ ਇਲੈਕਸ਼ਨ ਕਰਵਾਵਾਂਗੇ । ਉਸ ਤੋਂ ਬਾਅਦ ਕੁਝ ਬੰਦੇ ਹਾਈ ਕੋਰਟ ਵਿਚ ਚਲੇ ਗਏ ਅਤੇ ਸਟੇਅ ਆ ਗਈ, ਹੁਣ ਜਿੰਨਾ ਚਿਰ ਸਟੇਅ ਵੇਕੇਟ ਨਹੀਂ ਹੁੰਦੀ ਉਤਨਾ ਚਿਰ ਅਸੀਂ ਕੁਝ ਨਹੀਂ ਕਰ ਸਕਦੇ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਇਹ ਗੱਲ ਦੱਸਣੀ ਚਾਹੁੰਦੀ ਹਾਂ ਕਿ ਹਾਈ ਕੋਰਟ ਵਿਚ ਕੇਸ ਉਸ ਵੇਲੇ ਗਿਆ ਸੀ ਜਦੋਂ ਸਰਕਾਰ ਨੇ ਨੋਮੀਨੇਸ਼ਨਾਂ ਦੀ ਨੀਤੀ ਅਪਨਾਉਣੀ ਸ਼ੁਰੂ ਕਰ ਦਿਤੀ ਅੌਰ ਸਟੇਅ ਜੋ ਮਿਲੀ ਹੈ ਉਹ ਨੋਮੀਨੇਸ਼ਨਾਂ ਦੇ ਸਵਾਲ ਉਤੇ ਮਿਲੀ ਹੈ, ਮੈਂ ਮੰਤਰੀ ਜੀ ਨੂੰ ਪੁਛਣਾ ਚਾਹੁੰਦੀ ਹਾਂ ਕਿ ਕਿਉਂ ਨਹੀਂ ਸਰਕਾਰ ਹਾਈ ਕੋਰਟ ਵਿਚ ਕਹਿੰਦੀ ਕਿ ਅਸੀਂ ਇਲੈਕਸ਼ਨਾਂ ਕਰਵਾਉਣ ਨੂੰ ਤਿਆਰ ਹਾਂ । ਕੀ ਇਹ ਉਥੇ ਇਹ ਸਟੈਂਡ ਲੈਣ ਨੂੰ ਤਿਆਰ ਹਨ ਕਿ ਅਸੀਂ ਚੋਣਾਂ ਕਰਵਾਉਣ ਨੂੰ ਤਿਆਰ ਹਾਂ ?

ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸੇ ਹਾਊਸ ਨੇ 1992 ਵਿਚ ਇਹ ਫੈਸਲਾ ਕੀਤਾ ਸੀ ਕਿ ਪਹਿਲਾਂ ਨੋਮੀਨੇਸ਼ਨਾਂ ਹੋਣ, ਫਿਰ ਇਲੈਕਸ਼ਨ ਹੋਵੇ । ਇਹ ਕੰਮ ਪੂਰਾ ਕਰਨ ਵਾਸਤੇ ਜਦੋਂ ਅਸੀਂ ਨੋਮੀਨੇਸ਼ਨਾਂ ਕੀਤੀਆਂ ਤਾਂ ਨੋਮੀਨੇਸ਼ਨਾਂ ਹੋਣ ਕਰਕੇ ਕੁਝ ਲੋਕ ਹਾਈ ਕੋਰਟ ਵਿਚ ਚਲੇ ਗਏ ਅਤੇ ਸਟੇਅ ਲੈ ਆਂਦੀ, ਜਦੋਂ ਸਟੇਅ ਵੇਕੇਟ ਹੋ ਗਈ ਫਿਰ ਜੋ ਸਾਡੇ ਰੂਲਜ਼ ਹਨ ਉਸ ਦੇ ਮੁਤਾਬਿਕ ਕੀਤਾ ਜਾਵੇਗਾ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਸਾਡੇ ਗਰੁਪ ਲੀਡਰ ਨੇ ਜੋ ਪ੍ਰਸ਼ਨ ਪੁੱਛਿਆ ਹੈ ਉਸ ਵਿਚ ਉਨ੍ਹਾਂ ਨੇ ਸਾਫ਼ ਕਿਹਾ ਹੈ ਕਿ ਹਾਈ ਕੋਰਟ ਵਿਚ ਇਸ ਕਰਕੇ ਸਟੇਅ ਮਿਲੀ ਕਿ ਜਦੋਂ ਬਾਦਲ ਸਾਹਿਬ ਜਾਂ ਕੋਈ ਹੋਰ ਵਿਅਕਤੀ ਹਾਈ ਕੋਰਟ ਵਿਚ ਗਏ ਕਿ ਨਾਮੀਨੇਸ਼ਨਾਂ ਹੋ ਰਹੀਆਂ ਹਨ, ਹਾਈਕੋਰਟ ਨੇ ਚੋਣਾਂ ਨਹੀਂ ਰੋਕੀਆਂ, ਉਨ੍ਹਾਂ ਨੇ ਨੋਮੀਨੇਸ਼ਨਾਂ ਸਟੇਅ ਕੀਤੀਆਂ ਹਨ । ਸਾਡਾ ਪ੍ਰਸ਼ਨ ਇਹ ਹੈ ਕਿ ਕੀ ਸਰਕਾਰ ਹਾਈ ਕੋਰਟ ਵਿਚ ਇਹ ਐਸ਼ੋਰੈਂਸ ਦੇਵੇਗੀ ਕਿ ਅਸੀਂ ਚੋਣਾਂ ਕਰਵਾਉਣ ਵਾਸਤੇ ਤਿਆਰ ਹਾਂ ? ਅਗਰ ਇਹ ਐਸ਼ੋਰੈਂਸ ਦੇ ਦੇਣ ਕਿ ਅਸੀਂ ਚੋਣਾਂ ਕਰਾਉਣ ਨੂੰ ਤਿਆਰ ਹਾਂ ਤਾਂ ਹਾਈ ਕੋਰਟ ਦੇ ਵਿਚੋਂ ਸਟੇਅ ਆਪੇ ਹੀ ਖਤਮ ਹੋ ਜਾਵੇਗੀ ।

Original with;
Punjab Vidhan Sabha
Digitized by;
Punjab Digital Library

ਮੰਤਰੀ : ਸਪੀਕਰ ਸਾਹਿਬ, ਮੈਨੂੰ ਕੋਈ ਬਹੁਤੀ ਸਮਝ ਨਹੀਂ ਆਈ, ਬਿਲਕੁਲ ਕਲੀਅਰ ਗੱਲ ਹੈ ਕਿ ਇਸ ਹਾਊਸ ਨੇ 1992 ਵਿਚ ਇਹ ਫੈਸਲਾ ਕੀਤਾ ਕਿ ਮਾਰਕਿਟ ਕਮੇਟੀਆਂ ਵਿਚ ਪਹਿਲਾਂ ਨੋਮੀਨੇਟ ਕਰੋ; ਫਿਰ 3 ਸਾਲ ਨੂੰ ਇਲੈਕਸ਼ਨ ਕਰੋ, ਤੁਸੀਂ ਯਾਦ ਕਰੋ ਕਿ ਇਹ ਫੈਸਲਾ ਤੁਸੀਂ ਹੀ ਕੀਤਾ ਸੀ । ਅਸੀਂ ਨੋਮੀਨੇਸ਼ਨਾਂ ਕਰਨ ਜਾ ਰਹੇ ਸੀ ਕਿ ਉਸ ਵੇਲੇ ਹਾਈ ਕੋਰਟ ਤੋਂ ਸਟੇਅ ਆ ਗਈ, ਜਿੰਨਾ ਚਿਰ ਸਟੇਅ ਵੇਕੇਟ ਨਹੀਂ ਹੁੰਦੀ ਉਤਨਾ ਚਿਰ ਉਸ ਤੇ ਅਸੀਂ ਕੁਝ ਨਹੀਂ ਕਰ ਸਕਦੇ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਕੁਐਸਚਨ ਬੜਾ ਕਲੀਅਰ ਹੈ ਕਿ ਕੀ ਸਰਕਾਰ ਵਿਚਾਰ ਰੱਖਦੀ ਹੈ ਕਿ ਮਾਰਕਿਟ ਕਮੇਟੀ ਦੀਆਂ ਚੋਣਾਂ ਕਰਵਾਈਆਂ ਜਾਣ : ਜੇ ਵਿਚਾਰ ਰੱਖਦੀ ਹੈ ਤਾਂ ਇਹ ਕਦੋਂ ਤਕ ਕਰਵਾਈਆਂ ਜਾਣਗੀਆਂ ? ਜਿਹੜਾ ਕੇਸ ਹਾਈ ਕੋਰਟ ਵਿਚ ਗਿਆ ਹੈ, ਹਾਈ ਕੋਰਟ ਨੇ ਇਹ ਸਟੇਅ ਨਹੀਂ ਦਿਤੀ ਕਿ ਚੋਣਾਂ ਨਹੀਂ ਕਰਵਾ ਸਕਦੇ, ਹਾਈ ਕੋਰਟ ਨੇ ਸਟੇਅ ਦਿਤੀ ਹੈ ਨੋਮੀਨੇਸ਼ਨਾਂ ਲਈ, ਚੋਣਾਂ ਲਈ ਨਹੀਂ । ਮਾਰਕਿਟ ਕਮੇਟੀਆਂ ਵਿਚ ਚੁਣਾਵ ਕਰਾਇਆ ਜਾਵੇ, ਜੇ ਮੰਤਰੀ ਸਾਹਿਬ ਇਹ ਭਰੋਸਾ ਦੇ ਦੇਣ ਕਿ ਨਾਮੀਨੇਸ਼ਨ ਨਹੀਂ ਕਰਾਂਗੇ ਚੁਣਾਵ ਕਰਾਂਗੇ ਤਾਂ ਗੱਲ ਠੀਕ ਹੋ ਜਾਣੀ ਹੈ ।

ਮਨਿਸਟਰ ਸਾਹਿਬ, ਪਹਿਲੇ ਇਹ ਡਿਕਲੇਅਰ ਕਰਨ ਕਿ ਚੁਣਾਵ ਹੋਣਗੇ ਤਾਂ ਸਾਡੀ ਸ਼ਿਕਾਇਤ ਖਤਮ ਹੋ ਜਾਵੇਗੀ ।

ਮੰਤਰੀ : ਸਪੀਕਰ ਸਾਹਿਬ, ਜੋ ਸਦਨ ਦਾ ਫੈਸਲਾ ਹੋਵੇਗਾ ਉਸ ਮੁਤਾਬਿਕ ਕਰਾਂਗੇ ਔਰ ਜੋ ਹਾਈਕੋਰਟ ਦਾ ਫੈਸਲਾ ਹੋਵੇਗਾ ਉਹ ਮੰਨਾਂਗੇ । (ਵਿਘਨ)

ਸ਼੍ਰੀ ਸਪੀਕਰ : ਉਨ੍ਹਾਂ ਨੇ ਜਵਾਬ ਕਲੀਅਰ ਦਿਤਾ ਹੈ ਕਿ ਜਦ ਤਕ ਹਾਈਕੋਰਟ ਦਾ ਡਿਸੀਜ਼ਨ ਨਹੀਂ ਹੋ ਜਾਂਦਾ ਉਹ ਕੁਝ ਨਹੀਂ ਕਰ ਸਕਦੇ ।

ਸ਼੍ਰੀ ਮਦਨ ਮੋਹਨ ਮਿੱਤਲ : ਇਨ੍ਹਾਂ ਨੇ ਕਿਹਾ ਕਿ ਸਦਨ ਦਾ ਫੈਸਲਾ ਮੰਨਾਂਗੇ ਪਰ ਇਹ ਸਦਨ ਦਾ ਫੈਸਲਾ ਨਹੀਂ ਹੈ ਕਿ ਨਾਮੀਨੇਸ਼ਨਾਂ ਕੀਤੀਆਂ ਜਾਣ ।

ਸ਼੍ਰੀ ਸਪੀਕਰ : ਕੈਬਨਿਟ ਦਾ ਫੈਸਲਾ ਹੋਣਾ ਹੈ । (ਵਿਘਨ) ਉਨ੍ਹਾਂ ਨੇ ਕਿਹਾ ਹੈ ਕਿ ਜਦ ਤਕ ਹਾਈਕੋਰਟ ਦਾ ਡਿਸੀਜ਼ਨ ਨਹੀਂ ਆ ਜਾਂਦਾ ਉਹ ਕੋਈ ਕਦਮ ਨਹੀਂ ਚੁੱਕ ਸਕਦੇ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਜਿਹੜਾ ਹਾਈ ਕੋਰਟ ਦਾ ਇਹ ਜ਼ਿਕਰ ਕਰ ਰਹੇ ਹਨ ਉਨ੍ਹਾਂ ਨੇ ਚੁਣਾਵ ਕਰਾਉਣ ਤੋਂ ਨਹੀਂ ਰੋਕਿਆ, ਉਨ੍ਹਾਂ ਨੇ ਨਾਮੀਨੇਸ਼ਨ ਕਰਨ ਤੇ ਸਟੇਅ ਲਾਈ ਹੈ ਅਗਰ ਹੁਣ ਵੀ ਇਹ ਅਸ਼ੋਰੈਂਸ ਦੇ ਦੇਣ ਕਿ ਅਸੀਂ ਚੁਣਾਵ ਕਰਾਵਾਂਗੇ ਤਾਂ ਇਸ ਤੇ ਕੋਈ ਰੋਕ ਨਹੀਂ ਹੈ । ਫਿਰ ਜਦ ਇਹ ਡੈਮੋਕਰੇਸੀ ਨੂੰ ਬਹਾਲ ਕਰਨਾ ਚਾਹੁਦੇ ਹਨ ਤਾਂ ਬੇਸ਼ਕ ਕੋਈ ਹਾਈ ਕੋਰਟ ਦਾ ਫੈਸਲਾ ਆਵੇ ਇਹ ਚੁਣਾਵ ਕਰਾਉਣ ਦਾ ਐਲਾਨ ਕਰ ਸਕਦੇ ਹਨ ।

ਮੰਤਰੀ : ਸਪੀਕਰ ਸਾਹਿਬ ਅਰਸ਼ੀ ਸਾਹਿਬ ਨੇ ਕਿਹਾ ਹੈ ਕਿ ਇਹ ਐਲਾਨ ਕਰਨ

Original with;
Punjab Vidhan Sabha
Digitized by;
Punjab Digital Library

ਪਰ ਹਾਈ ਕੋਰਟ ਨੇ ਸਟੇਅ ਦਿੱਤਾ ਹੈ । ਪਹਿਲੇ ਹਾਈ ਕੋਰਟ ਦਾ ਡਿਸੀਜ਼ਨ ਆ ਜਾਵੇ ਫਿਰ ਹਾਊਸ ਵੇਖ ਸਕਦਾ ਹੈ ਕਿ ਕੀ ਕਰਨਾ ਹੈ । (ਵਿਘਨ)

ਸ਼੍ਰੀ ਸਪੀਕਰ : ਕਾਫੀ ਸਪਲੀਮੈਂਟਰੀ ਹੋ ਗਏ ਹਨ । Next Question.

ਨਕਲੀ ਕੀਟ ਨਾਸ਼ਕ ਅਤੇ ਨਦੀਨ ਨਾਸ਼ਕ ਦਵਾਈਆਂ ਬਨਾਉਣ ਵਾਲਿਆਂ ਵਿਰੁੱਧ ਕਾਰਵਾਈ

*2320. **ਕਾਮਰੇਡ ਤਰਸੇਮ ਜੋਧਾਂ** (ਸ਼੍ਰੀ ਵਿਜੇ ਕੁਮਾਰ ਸਾਥੀ ਵਲੋਂ ਪੇਸ਼ ਕੀਤਾ ਗਿਆ) : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ 1 ਜਨਵਰੀ, ਤੋਂ 31 ਦਸੰਬਰ, 1994 ਤੱਕ ਕੀਟ ਨਾਸ਼ਕ ਅਤੇ ਨਦੀਨ ਨਾਸ਼ਕ ਦਵਾਈਆਂ ਦੀ ਵਿਕਰੀ ਵਿਚ ਕਿੰਨੀ ਮਾਤਰਾ ਵਿਚ ਨਕਲੀ ਦਵਾਈਆਂ ਫੜੀਆਂ ਗਈਆਂ;

(ਅ) ਕੀ ਇਸ ਸਮੇਂ ਦੌਰਾਨ ਕੋਈ ਨਕਲੀ ਦਵਾਈਆਂ ਬਣਾਉਣ ਵਾਲੀ ਫੈਕਟਰੀ ਵੀ ਫੜੀ ਗਈ, ਜੇਕਰ ਅਜਿਹਾ ਹੈ, ਤਾਂ ਉਸ ਫੈਕਟਰੀ ਦੇ ਪ੍ਰਬੰਧਕਾਂ ਵਿਰੁੱਧ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ : (ੳ) ਰਾਜ ਵਿਚ 1 ਜਨਵਰੀ, 1992 ਤੋਂ 31 ਦਸੰਬਰ, 1994 ਤੱਕ ਵੱਖ-ਵੱਖ ਥਾਵਾਂ ਤੋਂ ਪੈਸਟੀਸਾਈਡਜ਼ ਨਿਰਮਾਤਾ ਕੰਪਨੀਆਂ ਵਲੋਂ ਡੀਲਰਾਂ ਨੂੰ ਸਪਲਾਈ ਕੀਤੀਆਂ 6201 ਲੀਟਰ ਨਕਲੀ ਕੀਟ ਅਤੇ ਨਦੀਨ ਨਾਸ਼ਕ ਦਵਾਈਆਂ ਫੜੀਆਂ ਗਈਆਂ ਸਨ ।

(ਅ) ਨਹੀਂ ਜੀ ।

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਦਵਾਈ ਗਲਤ ਛਿੜਕੀ ਗਈ ਉਸ ਵਿਚ ਮੈਨੂੰਫੈਕਚਰਰ ਜ਼ਰੂਰ ਇਨਵਾਲਵ ਹੋਣੇ ਚਾਹੀਦੇ ਹਨ, ਉਸ ਸਬੰਧ ਵਿਚ ਜਿਹੜੀ ਗਲਤ ਦਵਾਈ ਛਿੜਕਣ ਕਾਰਨ ਫ਼ਸਲਾਂ ਬਰਬਾਦ ਹੋ ਗਈਆਂ ਹਨ, ਕੀ ਮੰਤਰੀ ਸਾਹਿਬ ਉਨ੍ਹਾਂ ਮੈਨੂੰਫੈਕਚਰਰ ਦੇ ਵਿਰੁੱਧ ਕਾਰਵਾਈ ਕਰਨਗੇ ?

ਮੰਤਰੀ : ਸਪੀਕਰ ਸਾਹਿਬ ਇਨ੍ਹਾਂ ਨੇ ਸਵਾਲ ਇਹ ਕੀਤਾ ਸੀ ਕਿ ਕੀ ਕੋਈ ਫੈਕਟਰੀ ਫੜੀ ਗਈ ਅਸੀਂ ਜਵਾਬ ਦਿੱਤਾ ਹੈ ਕਿ ਨਹੀਂ ਜੀ । ਪਰ ਜਿਹੜੀ ਦਵਾਈ ਫੜੀ ਗਈ ਹੈ ਉਸ ਲਈ ਅਸੀਂ ਐਕਸ਼ਨ ਵੀ ਲੈ ਰਹੇ ਹਾਂ, ਕੁਝ ਦੇ ਲਾਇਸੰਸ ਕੈਂਸਲ ਕੀਤੇ ਹਨ, ਕੁਝ ਦੇ ਕੋਰਟ ਵਿਚ ਕੇਸ ਚਲ ਰਹੇ ਹਨ ਅੱਤੇ ਕਿਸੇ ਦਾ ਦਾਖਲਾ ਬੰਦ ਕਰ ਦਿੱਤਾ ਹੈ ।

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਜਿਹੜੀ ਦਵਾਈ ਮਾਰਕੀਟ ਵਿਚ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਵਿਜੇ ਕੁਮਾਰ ਸਾਥੀ]

ਆਉਂਦੀ ਹੈ ਉਸ ਦਾ ਕੋਈ ਨਾ ਕੋਈ ਮੈਨੂਫੈਕਚਰਰ ਹੁੰਦਾ ਹੈ । ਡੀਲਰ ਅੱਤੇ ਮੈਨੂਫੈਕਚਰਰ ਦਾ ਆਪਸ ਵਿਚ ਮੇਲ ਹੁੰਦਾ ਹੈ, ਇਸ ਲਈ ਜੇ ਕੋਈ ਦਵਾਈ ਫੜੀ ਜਾਂਦੀ ਹੈ ਤਾਂ ਮੈਨੂਫੈਕਚਰਰ ਤੇ ਕਾਰਵਾਈ ਕਿਉਂ ਨਹੀਂ ਕੀਤੀ ਜਾਂਦੀ ? ਇਸ ਬਾਰੇ ਦਸਿਆ ਜਾਵੇ ।

ਮੰਤਰੀ : ਸਪੀਕਰ ਸਾਹਿਬ, ਇਸ ਤਰ੍ਹਾਂ ਦੇ ਕਈ ਕੇਸ ਸਾਡੇ ਨੋਟਿਸ ਵਿਚ ਆਏ ਹਨ ਜਿਨ੍ਹਾਂ ਨੇ ਅੰਸੀ ਦਵਾਈ ਬਣਾਈ ਸੀ । ਸਪੀਕਰ ਸਾਹਿਬ, ਜਿਹੜੀਆਂ ਦਵਾਈਆਂ ਅਸੀਂ ਫੜੀਆਂ ਸਨ ਉਨ੍ਹਾਂ ਉਤੇ ਚਿੱਟਾਂ ਲਗੀਆਂ ਹੋਈਆਂ ਸਨ । ਅਸੀਂ ਉਨ੍ਹਾਂ ਦਾ ਦਾਖਲਾ ਬੰਦ ਕਰ ਦਿੱਤਾ ਹੈ ਅਤੇ ਲਾਈਸੈਂਸ ਜ਼ਬਤ ਕੀਤੇ ਹਨ, ਕੋਈ ਫੈਕਟਰੀ ਨਹੀਂ ਫੜੀ ਗਈ ਕਿਉਂਕਿ ਜਾਲੀ ਲੇਬਲ ਲਗੇ ਹੋਏ ਮਿਲੇ ਸਨ ।

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਕੋਈ ਫੈਕਟਰੀ ਨਹੀਂ ਫੜੀ ਗਈ ਪਰ ਉਸ ਫੈਕਟਰੀ ਦਾ ਡੀਲਰ ਫੜਿਆ ਗਿਆ ਹੋਵੇਗਾ । ਕੀ ਸਰਕਾਰ ਨੇ ਇਹ ਕੇਸ ਜਿਹੜਾ ਇਨ੍ਹਾਂ ਦੇ ਖਿਲਾਫ ਦਰਜ ਕੀਤਾ ਹੈ ਉਹ ਮੈਨੂਫੈਕਚਰਰ ਦੇ ਖਿਲਾਫ ਕੀਤਾ ਹੈ ਜਾਂ ਡੀਲਰ ਦੇ ਖਿਲਾਫ ਕੀਤਾ ਹੈ ?

ਮੰਤਰੀ : ਸਪੀਕਰ ਸਾਹਿਬ, 1992 ਵਿਚ ਸਾਡੇ ਸਾਹਮਣੇ ਕੁਝ ਇਸ ਬਾਰੇ ਮੁਸ਼ਕਲਾਂ ਆਈਆਂ ਸਨ ਅਤੇ ਉਸ ਉਤੇ ਅਸੀਂ ਕੁਝ ਫੈਸਲੇ ਕੀਤੇ ਸਨ । ਪੰਜਾਬ ਵਿਚ ਜਿਹੜੀ ਕੋਈ ਦਵਾਈ ਵਿਕਦੀ ਹੈ ਉਸ ਦੇ ਮੈਨੂਫੈਕਚਰਰ ਕੋਲੋਂ ਇਕ ਹਲਫੀਆ ਬਿਆਨ ਲਿਆ ਜਾਂਦਾ ਹੈ ਕਿ ਇਹ ਦਵਾਈ ਮੇਰੀ ਹੈ ਜਾਂ ਪੰਜਾਬ ਵਿਚ ਮੇਰਾ ਇਹ ਮੈਨੇਜਰ ਹੈ । ਉਸ ਕੋਲੋਂ ਹਲਫੀਆ ਬਿਆਨ ਲਿਆ ਜਾਂਦਾ ਹੈ ਅਤੇ ਇਸ ਨੂੰ ਰਜਿਸਟਰ ਕੀਤਾ ਜਾਂਦਾ ਹੈ ।

ਸਰਦਾਰ ਹਰਗੋਪਾਲ ਸਿੰਘ: ਸਪੀਕਰ ਸਾਹਿਬ, ਜਿਹੜੀਆਂ ਨਕਲੀ ਦਵਾਈਆਂ ਪਕੜੀਆਂ ਗਈਆਂ ਜਿਸ ਕਰਕੇ ਕੁਝ ਦੇ ਲਾਇਸੰਸ ਕੈਂਸਲ ਕੀਤੇ ਗਏ ਅਤੇ ਉਨ੍ਹਾਂ ਦੇ ਖਿਲਾਫ ਕੇਸ ਚਲ ਰਹੇ ਹਨ ਪਰ ਜਿਹੜਾ ਉਨ੍ਹਾਂ ਨੇ ਕਰਾਈਮ ਕੀਤਾ ਸੀ ਆਇਆ ਉਸ ਦੇ ਖਿਲਾਫ ਸਰਕਾਰ ਨੇ ਕੋਈ ਐਕਸ਼ਨ ਲਿਆ ?

ਸ਼੍ਰੀ ਸਪੀਕਰ: ਉਨ੍ਹਾਂ ਨੇ ਕਿਹਾ ਹੈ ਕਿ ਕੋਰਟ ਵਿਚ ਕੇਸਿਜ਼ ਚਲ ਰਹੇ ਹਨ ।

ਮੰਤਰੀ : ਸਪੀਕਰ ਸਾਹਿਬ, ਇਹ ਕੇਸਿਜ ਕੋਰਟ ਵਿਚ ਚਲ ਰਹੇ ਹਨ । ਪਹਿਲਾਂ ਅਸੀਂ 1761 ਕੇਸਿਜ਼ ਪਕੜੇ ਸਨ, ਇਨਾਂ ਵਿਚੋਂ 257 ਕੇਸਿਜ਼ ਸਾਡੇ ਕੋਲ ਫੇਲ੍ਹ ਹੋ ਗਏ ਸਨ । ਇਨ੍ਹਾਂ ਦੇ ਲਾਇਸੰਸ ਵੀ ਜ਼ਬਤ ਕੀਤੇ ਹਨ ਅਤੇ ਕੁਝ ਕੋਰਟ ਵਿਚ ਕੇਸਿਜ਼ ਲੈ ਗਏ । 1992-93 ਵਿਚ 2669 ਕੇਸਿਜ਼ ਪਕੜੇ ਗਏ ਸਨ ਇਨ੍ਹਾਂ ਵਿਚੋਂ 254 ਕੇਸਿਜ਼ ਫੇਲ੍ਹ ਹੋ ਗਏ ਸਨ । ਪਹਿਲੇ ਇਹ ਕੇਸਿਜ਼ 14 ਪ੍ਰਤੀਸ਼ਤ ਸਨ ਹੁਣ ਇਹ ਨੰਬਰ ਥੱਲੇ ਨੂੰ ਆ ਗਿਆ ਹੈ ਅਤੇ ਹੁਣ ਇਹ 9 ਪ੍ਰਤੀਸ਼ਤ ਤੱਕ ਆ ਗਿਆ ਹੈ । 1993-94 ਵਿਚ 56 ਕੇਸਿਜ਼ ਸਾਡੇ ਫੇਲ੍ਹ ਹੋਏ ਸਨ ਅਤੇ ਇਹ ਹੋਰ ਵੀ ਘੱਟ ਗਏ ਹਨ ।

ਸਰਦਾਰ ਹਰਗੋਪਾਲ ਸਿੰਘ: ਸਪੀਕਰ ਸਾਹਿਬ, ਇਹ ਠੀਕ ਹੈ ਕਿ ਸਰਕਾਰ ਨੇ ਉਨ੍ਹਾਂ ਦੇ ਲਾਈਸੈਂਸ ਕੈਂਸਲ ਕਰ ਦਿੱਤੇ ਪਰ ਕੀ ਉਨ੍ਹਾਂ ਦੇ ਖਿਲਾਫ ਕਰੀਮੀਨਲ ਕੇਸਿਜ਼ ਦਰਜ ਕੀਤੇ ਸਨ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਮੈਂ ਦਸਿਆ ਹੈ ਕਿ 250 ਕੇਸਿਜ਼ ਵਿਚ ਅਸੀਂ ਲਾਈ-ਸੈਂਸ ਜ਼ਬਤ ਕੀਤੇ ਹਨ ਅਤੇ ਕੋਰਟ ਵਿਚ ਕੇਸਿਜ਼ ਚਲ ਰਹੇ ਹਨ। ਇਨ੍ਹਾਂ ਦੇ ਲਾਈ-ਸੰਸਾਂ ਨੂੰ ਦੁਬਾਰਾ ਜਾਰੀ ਨਹੀਂ ਕੀਤਾ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ *2556

ਸ੍ਰੀ ਸਪੀਕਰ : ਸਵਾਲ ਨੰਬਰ 2556 ਦੀ ਐਕਸਟੈਨਸ਼ਨ ਮੰਗੀ ਗਈ ਹੈ।

ਮੋਰਿੰਡਾ ਵਿਖੇ ਰੇਲਵੇ ਲਾਈਨ ਤੇ ਫਲਾਈ ਓਵਰ ਪੁਲ ਬਣਾਉਣਾ

***2558. ਸਰਦਾਰ ਈਸ਼ਰ ਸਿੰਘ :** ਕੀ ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣਾ—ਚੰਡੀਗੜ੍ਹ ਸੜਕ ਤੇ ਮੋਰਿੰਡਾ ਵਿਖੇ ਰੇਲਵੇ ਲਾਈਨ ਤੇ ਫਲਾਈ ਓਵਰ ਪੁੱਲ ਬਣਾ-ਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਇਹ ਪੁੱਲ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰਨੀ ਰਾਜਿੰਦਰ ਕੌਰ ਭੱਠਲ : ਹਾਂ ਜੀ। ਅਜੇ ਨਿਸ਼ਚਤ ਸਮਾਂ ਨਹੀਂ ਦਸਿਆ ਜਾ ਸਕਦਾ

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੋਰਿੰਡਾ ਵਿਖੇ ਲੁਧਿਆਣਾ—ਚੰਡੀਗੜ੍ਹ ਦੀ ਸੜਕ ਦਾ ਬੜਾ ਇਮਪਾਰ-ਟੈਂਟ ਰੇਲਵੇ ਕਰਾਸਿੰਗ ਹੈ ਅਤੇ ਸਰਕਾਰ ਦੀ ਤਜਵੀਜ਼ ਵੀ ਹੈ ਕਿ ਇਥੇ ਫਲਾਈ ਓਵਰ ਬ੍ਰਿਜ ਬਣਾਇਆ ਜਾਵੇਗਾ ਅਗਰ ਇਸ ਨੂੰ ਸਰਕਾਰ ਸਮਾਬੱਧ ਨਹੀਂ ਕਰ ਸਕਦੀ ਤਾਂ ਫਿਰ ਕੀ ਮੰਤਰੀ ਸਾਹਿਬਾ ਦੱਸ ਸਕਦੇ ਹਨ ਕਿ ਇਸ ਪੁੱਲ ਨੂੰ ਬਣਾਉਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ ?

ਮੰਤਰੀ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਇਹ ਸੜਕ ਬੜੀ ਇੰਮਪਾਰ-ਟੈਂਟ ਹੈ.....

ਸ੍ਰੀ ਸਪੀਕਰ : ਇਹ ਸੜਕ ਬੜੀ ਇੰਮਪਾਰਟੈਂਟ ਹੈ। ਸਰਕਾਰ ਕੀ ਉਪਰਾਲੇ ਕਰ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਤੁਹਾਡੀ ਗੱਲ ਠੀਕ ਹੈ। ਅਸੀਂ ਵੀ ਚਾਹੁੰਦੇ ਹਾਂ ਕਿ ਇਸ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ ਪਰ ਚੂੰਕਿ ਇਸ ਦਾ ਸਬੰਧ ਰੇਲਵੇ

---

*For Starred Question No. 2556 and reply there to, Please see P.V.S. Defates dated 28th March, 1995 (Morntng Sitting)

Original with;
Punjab Vidhan Sabha
Digitized by;
Panjab Digital Library

[ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਤੇ ਸੜਕਾਂ) ਦੇ ਮੰਤਰੀ]

ਮਨਿਸਟਰੀ ਦੇ ਨਾਲ ਹੈ ਅਤੇ 50% ਖਰਚਾ ਰੇਲਵੇ ਮਨਿਸਟਰੀ ਨੇ ਦੇਣਾ ਹੁੰਦਾ ਹੈ ਅਤੇ 50% ਸਟੇਟ ਗੌਰਮਿੰਟ ਨੇ ਖਰਚਾ ਕਰਨਾ ਹੁੰਦਾ ਹੈ । ਰੇਲਵੇ ਮਨਿਸਟਰੀ ਤੋਂ ਕਲੀਅਰ ਹੋਣ ਤੋਂ ਬਾਅਦ ਹੀ ਇਹ ਕੰਮ ਸ਼ੁਰੂ ਹੋ ਸਕਦਾ ਹੈ । ਅਸੀਂ ਇਸ ਦਾ ਐਸਟੀਮੇਟ ਵੀ ਬਣਾ ਲਿਆ ਹੈ, 12 ਕਰੋੜ ਰੁਪਿਆ ਇਸ ਉਤੇ ਖਰਚ ਹੋਵੇਗਾ । ਰੇਲਵੇ ਮਨਿਸਟਰੀ ਨੇ ਇਸ ਨੂੰ ਆਪਣੀ ਸੂਚੀ ਵਿਚ ਦਰਜ ਕਰ ਲਿਆ ਹੈ ਅੱਰ ਸਾਨੂੰ ਪਤਾ ਲਗਾ ਹੈ ਕਿ ਇਸ ਨੂੰ ਉਨ੍ਹਾਂ ਨੇ 1995-96 ਵਿਚ ਨਹੀਂ ਰਖਿਆ ਬਲਕਿ ਇਸ ਨੂੰ 1996-97 ਦੇ ਪਲਾਨ ਵਿਚ ਰਖਿਆ ਹੈ, ਇਸ ਲਈ ਸਰਕਾਰ ਵਲੋਂ ਪੂਰੇ ਸਟੈਪਸ ਲਏ ਜਾ ਰਹੇ ਹਨ ਅਤੇ ਸਰਕਾਰ ਦੀ ਪਰਪੋਜ਼ਲ ਹੈ ।

ਸ਼੍ਰੀ ਸਪੀਕਰ : ਠੀਕ ਹੈ, ਸਰਕਾਰ ਦੀ ਪਰਪੋਜ਼ਲ ਵਿਚ ਹੈ ।

ਸਰਦਾਰ ਸ਼ਮਸ਼ੇਰ ਸਿੰਘ ਰਾਏ : ਸਪੀਕਰ ਸਾਹਿਬ, ਕੀ ਸਰਕਾਰ ਦਾ ਕੁਰਾਲੀ ਰੇਲਵੇ ਕਰਾਸਿੰਗ ਦਾ ਪੁਲ ਕਨਸਟਰਕਟ ਕਰਨ ਦਾ ਵਿਚਾਰ ਹੈ, ਪਰਪੋਜ਼ਲ ਹੈ ?

ਮੰਤਰੀ ਸਪੀਕਰ ਸਾਹਿਬ, ਇਸ ਤਰ੍ਹਾਂ ਦੇ 5 ਪੁਲ ਹਨ ਅਤੇ ਕੁਰਾਲੀ ਵਾਲਾ ਪੁਲ ਵੀ ਐਡ ਕੀਤਾ ਹੋਇਆ ਹੈ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਵਿਚਾਰ ਅਧੀਨ ਹੈ । ਜਿਹੜਾ ਨੈਸ਼ਨਲ ਹਾਈ ਵੇਜ਼ ਤੇ ਕੁਰਾਲੀ ਵਿਖੇ ਪੁੱਲ ਬਣਾਉਣਾ ਹੈ । ਕੀ ਮੰਤਰੀ ਜੀ ਦੱਸਣਗੇ ਕਿ ਉਸ ਪੁੱਲ ਲਈ ਫੰਡਜ਼ ਐਲੋਕੇਟ ਕੀਤੇ ਗਏ ਹਨ ? Has any provision for funds been made ?

ਮੰਤਰੀ : ਹਾਂ ਜੀ । ਪੁਲਾਂ ਵਾਸਤੇ ਫੰਡਜ਼ ਰੱਖੇ ਹਨ ।

श्रीमती लक्ष्मी कांता चावला : ढिलवां के पास रेल क्रासिंग के ऊपर का पुल 1988 से बाढ़ के कारण टूटा पड़ा है । क्या मन्त्री जी उत्तर देंगे कि यह कब तक बन जाएगा ?

ਸ਼੍ਰੀ ਸਪੀਕਰ : ਇਸ ਬਾਰੇ ਕੱਲ੍ਹ ਜਵਾਬ ਦੇ ਦਿੱਤਾ ਸੀ ।

श्रीमती लक्ष्मी कांता चावला : अध्यक्ष महोदय कल मंत्री जी ने इसका जवाब नहीं दिया था।..(विघ्न्)

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਪਿੰਡ ਪਤੇਹੀਰਾ ਹੈ ਅਤੇ ਉਥੇ ਨਿਹਾਲ ਸਿੰਘ ਨੂੰ ਰੋਡ ਜਾਂਦੀ ਹੈ । ਉਥੇ ਇਕ ਕੱਚਾ ਪੁੱਲ ਹੈ ਅਤੇ ਪਾਣੀ ਆਉਣ ਤੋਂ ਬਾਅਦ ਖੁਰ ਜਾਂਦਾ ਹੈ ਜਿਸ ਕਰਕੇ ਬਹੁਤ ਨੁਕਸਾਨ ਹੁੰਦਾ ਹੈ । ਜਦੋਂ ਮੇਰੇ ਪਿਤਾ ਜੀ ਐਮ.ਐਲ.ਏ. ਹੁੰਦੇ ਸੀ ਇਹ ਪ੍ਰਸ਼ਨ ਉਦੋਂ ਦਾ ਚਲਿਆ ਆ ਰਿਹਾ ਹੈ । ਕੀ ਮੰਤਰੀ ਜੀ ਵਲੋਂ ਇਹ ਯਕੀਨ ਦੁਆਇਆ ਜਾਵੇਗਾ ਕਿ ਉਥੇ ਜੋ ਕੈਂਚੀਆ ਵਾਲਾ ਪੁਲ ਪਿਆ ਹੈ, ਜਦ ਤੱਕ ਪੁੱਲ ਨਹੀਂ ਬਣਦਾ ਉਥੇ ਲੋਹੇ ਦੀ ਕੈਂਚੀ ਪੁੱਲ ਚੁੱਕ ਕੇ ਰੱਖਿਆ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਜਦੋਂ ਪੁੱਲ ਬਣਿਆ ਹੀ ਨਹੀਂ ਹੈ ਤਾਂ ਮੈਨੂੰ ਪਤਾ ਹੀ ਨਹੀਂ ਹੈ ਕਿ ਇਹ ਕਿਸ ਤਰ੍ਹਾਂ ਚੁਕਿਆ ਜਾ ਸਕਦਾ ਹੈ । ਜੇਕਰ ਕੋਈ ਚੀਜ਼ ਚੁੱਕ ਕੇ ਰਖਣ ਵਾਲੀ ਹੈ ਤਾਂ ਮੈਂ ਪੜਤਾਲ ਕਰਵਾ ਲੈਂਦੀ ਹਾਂ ।

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰ: 2517*

ਸ਼੍ਰੀ ਸਪੀਕਰ : ਸਵਾਲ ਨੰ: 2517 ਦੀ ਐਕਸਟੈਨਸ਼ਨ ਮੰਗੀ ਗਈ ਹੈ।

ਕਿਸਾਨਾਂ ਵਲੋਂ ਲਏ ਗਏ ਕਰਜ਼ਿਆਂ ਦੀ ਵਾਪਸੀ

*2319. **ਕਾਮਰੇਡ ਤਰਸੇਮ ਜੋਧਾਂ** (ਸ੍ਰੀ ਵਿਜੇ ਕੁਮਾਰ ਸਾਥੀ ਵਲੋਂ ਪੇਸ਼ ਕੀਤਾ ਗਿਆ) : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ 1 ਜਨਵਰੀ ਤੋਂ 31 ਦਸੰਬਰ, 1994 ਤੱਕ ਸਹਿਕਾਰੀ ਬੈਂਕਾਂ ਪਾਸੋਂ ਕਿਸਾਨਾਂ ਵਲੋਂ ਕਿੰਨਾ ਕਰਜ਼ਾ ਲਿਆ ਗਿਆ ਹੈ;

(ਅ) ਇਸ ਸਮੇਂ ਦੌਰਾਨ ਇਨ੍ਹਾਂ ਅਦਾਰਿਆਂ ਵਿਚ ਕਿੰਨੀ ਮਾਤਰਾ ਵਿਚ ਕਰਜ਼ੇ ਦੀ ਵਾਪਸੀ ਕੀਤੀ ਗਈ, ਸਾਲਵਾਰ ਵੇਰਵੇ ਦਿੱਤੇ ਜਾਣ;

(ੲ) ਇਸ ਸਮੇਂ ਦੌਰਾਨ ਕੁਲ ਕਿੰਨੇ ਕਿਸਾਨ ਡੀਫਾਲਟਰ ਪਾਏ ਗਏ ?

ਸ਼੍ਰੀ ਸੱਜਨ ਕੁਮਾਰ ਜਾਖੜ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਕਿਸਾਨਾਂ ਨੂੰ ਕਰਜ਼ੇ ਸੁਸਾਇਟੀਆਂ ਰਾਹੀਂ ਦਿੱਤੇ ਜਾਂਦੇ ਹਨ, ਸਹਿਕਾਰੀ ਬੈਂਕਾਂ ਰਾਹੀਂ ਦਿੱਤੇ ਜਾਂਦੇ ਹਨ। ਸਾਡਾ ਸਾਲ ਇਕ ਜੁਲਾਈ ਤੋਂ 30 ਜੂਨ ਤਕ ਦਾ ਹੁੰਦਾ ਹੈ। ਮੈਂਬਰ ਸਾਹਿਬ ਨੇ 1 ਜਨਵਰੀ ਤੋਂ 31 ਦਸੰਬਰ, 1994 ਤਕ ਸਹਿਕਾਰੀ ਬੈਂਕਾਂ ਪਾਸੋਂ ਕਿਸਾਨਾਂ ਵਲੋਂ ਕਿੰਨਾ ਕਰਜ਼ਾ ਲਏ ਜਾਣ ਦਾ ਸਵਾਲ ਕੀਤਾ ਹੈ। ਇਹ ਪੀਰੀਅਡ ਦੋ ਸਾਲ ਦਾ ਹੋ ਜਾਂਦਾ ਹੈ। 1 ਜੁਲਾਈ ਤੋਂ 30 ਜੂਨ ਤਕ ਪੰਜਾਬ ਸਹਿਕਾਰੀ ਬੈਂਕਾਂ ਰਾਹੀਂ 90.6 ਪ੍ਰਤੀਸ਼ਤ ਕਰਜ਼ਾ ਵਸੂਲ ਕੀਤਾ ਹੈ।

ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਸਵਾਲ ਕੀਤਾ ਹੈ ਉਸ ਦਾ ਜਵਾਬ ਇਸ ਤਰ੍ਹਾਂ ਹੈ :

(ੳ) ਰਾਜ ਵਿਚ 1 ਜਨਵਰੀ, 1994 ਤੋਂ 31 ਦਸੰਬਰ, 1994 ਤਕ ਸਹਿਕਾਰੀ ਬੈਂਕਾਂ ਪਾਸੋਂ ਕਿਸਾਨਾਂ ਨੇ ਹੇਠ ਅਨੁਸਾਰ ਕਰਜ਼ਾ ਲਿਆ :—

(ਰੁ. ਕਰੋੜਾਂ ਵਿਚ)

ਲੰਮੇ ਸਮੇਂ ਦੇ ਕਰਜ਼ੇ	:	142.15	ਪੰਜਾਬ ਰਾਜ ਸਹਿਕਾਰੀ ਖੇਤੀ-ਬਾੜੀ ਵਿਕਾਸ ਬੈਂਕ।
ਥੋੜੇ ਸਮੇਂ ਦੇ ਕਰਜ਼ੇ	:	900.55	ਪੰਜਾਬ ਰਾਜ ਸਹਿਕਾਰੀ ਬੈਂਕ।
ਦਰਮਿਆਨੇ ਸਮੇਂ ਦੇ ਕਰਜ਼ੇ	:	0.81	ਪੰਜਾਬ ਰਾਜ ਸਹਿਕਾਰੀ ਬੈਂਕ।
ਕੁੱਲ ਜੋੜ	:	1,043.51	

***For Starred Question No.2517 and reply thereto, please see P.V.S. Debates dated 28th March, 1995 (Morning Sitting).**

Original with;
Punjab Vidhan Sabha
Digitized by;
Panjab Digital Library

[ਸਹਿਕਾਰਤਾ ਮੰਤਰੀ]

(ਅ) 1 ਜਨਵਰੀ, 1994 ਤੋਂ 31 ਦਸੰਬਰ, 1994 ਤਕ ਕਿਸਾਨਾਂ ਵਲੋਂ ਸਹਿਕਾਰੀ ਬੈਂਕਾਂ ਨੂੰ ਕਰਜ਼ੇ ਦੀ ਵਾਪਸੀ, ਹੇਠ ਅਨੁਸਾਰ ਕੀਤੀ ਗਈ :—

(ਰੁ. ਕਰੋੜਾਂ ਵਿਚ)

ਲੰਮੇਂ ਸਮੇਂ ਦੇ ਕਰਜ਼ੇ	:	162.50	ਪੰਜਾਬ ਰਾਜ ਸਹਿਕਾਰੀ ਖੇਤੀ-ਬਾੜੀ ਵਿਕਾਸ ਬੈਂਕ ।
ਥੋੜੇ ਸਮੇਂ ਦੇ ਕਰਜ਼ੇ	:	844.24	ਪੰਜਾਬ ਰਾਜ ਸਹਿਕਾਰੀ ਬੈਂਕ ।
ਦਰਮਿਆਨੇ ਸਮੇਂ ਦੇ ਕਰਜ਼ੇ	:	1.55	
ਕੁੱਲ ਜੋੜ	:	1,008.29	

(ਏ) ਇਸ ਸਮੇਂ ਦੌਰਾਨ ਵਸੂਲੀ ਨਾ ਦੇਣ ਕਾਰਣ, 3,47,771 ਡੀਫਾਲਟਰ ਪਾਏ ਗਏ ।

ਸ਼੍ਰੀ ਵਿਜੇ ਕੁਮਾਰ ਸਾਥੀ : ਸਪਲੀਮੈਂਟਰੀ, ਸਰ । ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ 90.6 ਪ੍ਰਤੀਸ਼ਤ ਵਸੂਲੀ ਕਰ ਲਈ ਹੈ । ਇਹ ਵਸੂਲੀ ਕਿਸਾਨਾਂ ਨੇ ਆਪਣੇ ਤੌਰ ਤੇ ਦਿੱਤੀ ਹੈ । ਜਿਹੜੇ ਥੋੜੇ ਸਮੇਂ ਦੇ ਕਰਜ਼ੇ ਹਨ, ਜਿਹੜੇ ਇਕ ਸਾਲ ਲਈ ਲੈਂਦੇ ਹਨ ਕਿਸਾਨ, ਉਨ੍ਹਾਂ ਨੇ ਵਾਪਸ ਕਰਨੇ ਹੁੰਦੇ ਹਨ । ਬੈਂਕਿੰਗ ਇਕ ਬਿਜ਼ਨਸ ਹੈ । ਉਹ ਕਰਜ਼ੇ ਤੇ ਇੰਟਰੈਸਟ ਲੈਂਦੇ ਹਨ । ਇੰਟਰੈਸਟ ਦਾ ਰੇਟ ਵਧਦਾ ਰਹਿੰਦਾ ਹੈ । ਜਦੋਂ ਉਹ ਲੋਨ ਨਹੀਂ ਵਾਪਸ ਕਰਦੇ ਤਾਂ ਥੋੜੇ ਸਮੇਂ ਦੇ ਕਰਜ਼ਿਆਂ ਵਿਚ ਅਗਰ 6 ਮਹੀਨੇ ਬਾਅਦ ਕਰਜ਼ਾ ਨਾ ਮੋੜੇ ਤਾਂ ਰੇਟ ਆਫ ਇੰਟਰੈਸਟ ਵੱਧ ਜਾਂਦਾ ਹੈ । ਉਹ 20 ਤੋਂ 22 ਅਤੇ 24 ਪ੍ਰਤੀਸ਼ਤ ਤੱਕ ਬਣ ਜਾਂਦਾ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਥੋੜੇ ਸਮੇਂ ਦੇ ਕਰਜ਼ਿਆਂ ਬਾਰੇ ਕੀ ਨੀਤੀ ਬਣਾਈ ਹੈ ? ਕੀ 6 ਮਹੀਨੇ ਬਾਅਦ ਹੀ ਪੈਸੇ ਵਾਪਸ ਲੈਣੇ ਹਨ ਜਾਂ ਇਕ ਸਾਲ ਬਾਅਦ ਲੈਣੇ ਹਨ ?

ਮੰਤਰੀ : ਸਪੀਕਰ ਸਾਹਿਬ ਕਰਜ਼ਿਆਂ ਦੀ ਵਸੂਲੀ ਦਾ ਟਾਈਮ ਫਿਕਸ ਹੈ । ਕਰਜ਼ੇ ਉਸਦੇ ਮੁਤਾਬਿਕ ਲਏ ਜਾਂਦੇ ਹਨ । ਇਸ ਵਿਚ ਦੱਸਣ ਵਾਲੀ ਗੱਲ ਕਿਹੜੀ ਰਹਿ ਗਈ ਹੈ ।

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਥੋੜੇ ਸਮੇਂ ਦੇ ਕਰਜ਼ੇ ਜਿਹੜੇ ਹੁੰਦੇ ਹਨ, ਉਨ੍ਹਾਂ ਦਾ ਕਿੰਨੇ ਸਮੇਂ ਦੇ ਬਾਅਦ ਰੇਟ ਆਫ ਇੰਟਰੈਸਟ ਇਨਕਰੀਜ਼ ਹੋ ਜਾਂਦਾ ਹੈ । ਥੋੜ੍ਹੇ ਸਮੇਂ ਦੇ ਕਰਜ਼ੇ ਜਿਹੜੇ ਹਨ, after six months, the rate of interest increases but you have no right to send notice or anything.

ਮੰਤਰੀ : ਇਹ ਤਾਂ ਸਵਾਲ ਦੂਜਾ ਹੈ ਜੀ । ਫਿਰ ਵੀ ਮੈਂ ਦੱਸ ਦਿੰਦਾ ਹਾਂ ਕਿ ਜਿਹੜਾ 6 ਮਹੀਨੇ ਬਾਅਦ ਕਰਜ਼ਾ ਦੇਣਾ ਹੁੰਦਾ ਹੈ, ਅਗਰ ਕਿਸਾਨ ਨਹੀਂ ਦਿੰਦਾ ਤਾਂ ਉਹ ਡਿਫਾਲਟਰ ਹੋ ਜਾਂਦਾ ਹੈ । ਫਿਰ ਉਸਤੇ ਰੇਟ ਆਫ ਇੰਟਰੈਸਟ ਵੀ ਡਿਫਾਲਟਰ ਵਾਲਾ ਲਗੇਗਾ ।

ਸਰਦਾਰ ਈਸ਼ਰ ਸਿੰਘ: ਸਪੀਕਰ ਸਾਹਿਬ, ਇਹ ਜੋ ਕਰਜ਼ੇ ਕਿਸਾਨਾਂ ਨੂੰ ਜਾਂ ਗਰੀਬ ਲੋਕਾਂ ਨੂੰ ਆਪਣਾ ਜੀਵਨ ਪੱਧਰ ਅਤੇ ਖੇਤੀ-ਬਾੜੀ ਵਧਾਉਣ ਵਾਸਤੇ ਦਿੱਤੇ ਜਾਂਦੇ ਹਨ ਉਹਨਾਂ ਵਿਚ ਰੇਟ ਆਫ ਇੰਟਰੈਸਟ ਦਾ ਵਿਤਕਰਾ ਹੈ । ਜੇਕਰ ਕਿਸਾਨ ਸੋਸਾਇਟੀ ਤੋਂ ਕਰਜ਼ਾ ਲੈਂਦਾ ਹੈ ਤਾਂ ਉਸ ਤੋਂ 12% ਇੰਟਰੈਸਟ ਦਾ ਰੇਟ ਲਿਆ ਜਾਂਦਾ ਹੈ ਅਤੇ ਜੇਕਰ

Original with;
Punjab Vidhan Sabha
Digitized by;
Panjab Digital Library

ਕੋਈ ਗਰੀਬ ਆਦਮੀ ਲੈਂਦਾ ਹੈ ਤਾਂ ਉਸ ਕੋਲੋਂ 17% ਰੇਟ ਆਫ ਇੰਟਰੈਸਟ ਚਾਰਜ ਕੀਤਾ ਜਾਂਦਾ ਹੈ ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਜਿਹੜਾ ਰੇਟ ਆਫ ਇੰਟਰੈਸਟ 17% ਵਸੂਲ ਕੀਤਾ ਜਾਂਦਾ ਹੈ, ਉਸਨੂੰ ਘਟਾ ਕੇ 12% ਕਰਨ ਦਾ ਵਿਚਾਰ ਰੱਖਦੇ ਹਨ ਤਾਂਕਿ ਦੋਨਾਂ ਨੂੰ ਬਰਾਬਰ ਕੀਤਾ ਜਾ ਸਕੇ ? ਗਰੀਬ ਲੋਕਾਂ ਨਾਲ ਇਹ ਵਿਤਕਰਾ ਕਿਉਂ ਕੀਤਾ ਜਾਂਦਾ ਹੈ ?

ਸ਼੍ਰੀ ਸਪੀਕਰ: ਇਹ ਕਰਜ਼ੇ ਸਿਰਫ ਕਿਸਾਨਾਂ ਨੂੰ ਦਿੰਦੇ ਹਨ ਜਾਂ ਦੂਸਰਿਆਂ ਨੂੰ ਵੀ ਦਿੰਦੇ ਹਨ ?

ਸਰਦਾਰ ਈਸ਼ਰ ਸਿੰਘ: ਸਪੀਕਰ ਸਾਹਿਬ, ਜਿਹੜੇ ਲੋਕ ਕਿਸਾਨੀ ਨਹੀਂ ਕਰਦੇ ਉਨ੍ਹਾਂ ਨੂੰ ਵੀ ਦਿੱਤੇ ਜਾਂਦੇ ਹਨ । ਮੈਂ ਪੁਛਿਆ ਹੈ ਕਿ ਕੀ ਉਹਨਾਂ ਲਈ ਰੇਟ ਆਫ ਇੰਟਰੈਸਟ 17% ਤੋਂ ਘਟਾ ਕੇ 12% ਕਰ ਦਿੱਤਾ ਜਾਵੇਗਾ ?

ਮੰਤਰੀ: ਸਪੀਕਰ ਸਾਹਿਬ, ਮੈਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਇਕ ਅਲਹਿਦਾ ਸਵਾਲ ਹੈ । ਸਪੀਕਰ ਸਾਹਿਬ, ਕੋਅਪਰੇਟਿਵ ਬੈਂਕ ਅਤੇ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਰਾਂਹੀ ਨਾਨ-ਫਾਰਮਿੰਗ ਸੈਕਟਰ ਵਿਚ ਵੀ ਕਰਜ਼ੇ ਪਿਛਲੇ ਸਾਲ ਤੋਂ ਦੇਣੇ ਸ਼ੁਰੂ ਕਰ ਦਿੱਤੇ ਹਨ ।

ਸ਼੍ਰੀ ਸਪੀਕਰ : ਕੀ ਇਕੋ ਜਿਹਾ ਰੇਟ ਆਫ ਇੰਟਰੈਸਟ ਦੇਣਾ ਸੰਭਵ ਹੈ, ਇਹ ਗੱਲ ਇਹ ਪੁੱਛ ਰਹੇ ਹਨ ?

ਮੰਤਰੀ : ਸਪੀਕਰ ਸਾਹਿਬ, ਇਸ ਸਬੰਧੀ ਇਹ ਵਖਰਾ ਕੁਐਸਚਨ ਪੁੱਛ ਲੈਣ ਜਵਾਬ ਦੇ ਦੇਵਾਂਗੇ ।

ਸ਼੍ਰੀ ਸਤਨਾਮ ਸਿੰਘ ਕੈਂਥ : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਸਰਦਾਰ ਈਸ਼ਰ ਸਿੰਘ ਜੀ ਨੇ ਜਿਹੜਾ ਸਵਾਲ ਪੁੱਛਿਆ ਹੈ, ਉਹ ਬਿਲਕੁਲ ਕੁਰੈਕਟ ਹੈ । ਜਿਹੜੇ ਲੈਂਡ ਲੈਸ ਲੋਕ ਹਨ ਉਨ੍ਹਾਂ ਤੋਂ ਤਾਂ 17 ਪ੍ਰਤੀਸ਼ਤ ਇੰਟਰੈਸਟ ਦਾ ਰੇਟ ਲਿਆ ਜਾਂਦਾ ਹੈ ਅਤੇ ਜਿਹੜੇ ਲੈਂਡ ਓਨਰ ਹਨ, ਉਨ੍ਹਾਂ ਨੂੰ ਘੱਟ ਰੇਟ ਲਾਇਆ ਜਾਂਦਾ ਹੈ । ਕੀ ਮੰਤਰੀ ਸਾਹਿਬ ਇਸ ਗੱਲ ਤੇ ਦੋਬਾਰਾ ਗੌਰ ਕਰਨਗੇ ਕਿ ਰੇਟ ਆਫ ਇੰਟਰੈਸਟ ਇਕੋ ਜਿਹਾ ਲਾਗੂ ਹੋ ਸਕੇ ? ਕੀ ਮੰਤਰੀ ਜੀ ਹਾਊਸ ਵਿਚ ਯਕੀਨ ਦਿਵਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਤਾਂ ਪਾਲਿਸੀ ਰਿਜ਼ਰਵ ਬੈਂਕ ਦੀ ਬਣਾਈ ਹੋਈ ਹੈ, ਉਸਦੇ ਮੁਤਾਬਿਕ ਹੀ ਚਲਣਾ ਪੈਂਦਾ ਹੈ । ਕਿਸਾਨਾਂ ਨੂੰ ਕਰਜ਼ੇ ਫਾਰਮਿੰਗ ਵਾਸਤੇ ਘੱਟ ਰੇਟ ਤੇ ਦਿੱਤੇ ਜਾਂਦੇ ਹਨ, ਇਸ ਲਈ ਉਨ੍ਹਾਂ ਨੂੰ ਘੱਟ ਰੇਟ ਲਗਦਾ ਹੈ । ਫਿਰ ਵੀ ਇਸ ਬਾਰੇ ਸੋਚ ਲਵਾਂਗੇ, ਵਿਚਾਰ ਕਰ ਲਵਾਂਗੇ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਂਹੀ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਰਿਕਵਰੀ ਦੀ ਗੱਲ ਕੀਤੀ ਹੈ, ਕਰਜ਼ਿਆਂ ਦੀ ਰਿਕਵਰੀ ਵਾਲੀ ਗੱਲ ਇਕ ਥਾਂ ਤੇ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਐਮਬੈਜ਼ਲਮੈਂਟ ਦੇ ਕੇਸਿਜ਼ ਹਨ, ਕਰੋੜਾਂ ਰੁਪਏ ਦੇ ਕੇਸਿਜ਼ ਹਨ, ਜਿਨ੍ਹਾਂ ਦੀਆਂ ਇਨਕੁਆਇਰੀਆਂ ਹੋਕੇ, ਆਡਿਟ ਹੋ ਕੇ ਐਫ.ਆਈ.ਆਰ. ਵੀ ਦਰਜ ਹੋ ਚੁਕੀਆਂ ਹਨ, ਉਨ੍ਹਾਂ ਤੇ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ । ਇਕ ਪਿੰਡ ਹੈ ਮੰਨਣ, ਉਸ ਇਕੋ ਮੰਠਣ ਪਿੰਡ ਵਿਚ ਢਾਈ ਕਰੋੜ ਰੁਪਏ ਦਾ ਗਬਨ ਹੋਇਆ ਹੈ । ਢਡਿਆਲ ਪਿੰਡ ਵਿਚ 70 ਲੱਖ ਰੁਪਏ ਦਾ ਗਬਨ ਹੋਇਆ ਹੈ ਐਫ.ਆਈ.ਆਰਜ਼. ਵੀ ਦਰਜ ਹਨ, ਆਡਿਟ ਵੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਗੁਟਨਾਮ ਸਿੰਘ ਧੀਰੇਵਾਲ]

ਹੋ ਚੁਕਾ ਹੈ, ਕੇਸ ਗਰੀਵੈਂਸਿਜ਼ ਕਮੇਟੀ ਕੋਲ ਹੈ ਸੀ ਐਮ. ਸਾਹਿਬ ਕੋਲ ਵੀ ਗਏ ਅਤੇ ਕੋਆਪਰੇਟਿਵ ਮਹਿਕਮੇ ਨੂੰ ਵੀ ਲਿਖਿਆ ਹੈ ਪਰ ਕੋਈ ਕਾਰਵਾਈ ਨਹੀਂ ਹੋਈ । ਜਿਸ ਬੰਦੇ ਨੇ ਮਹਿਕਮੇ ਨਾਲ ਗਬਨ ਕੀਤੇ ਹਨ ਉਹ ਹੁਣ ਨੌਕਰੀ ਛੱਡ ਕੇ ਪੁਲਿਸ ਵਿਚ ਏ. ਐਸ.ਆਈ. ਭਰਤੀ ਹੋ ਗਿਆ ਹੈ .

ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਬਾਕੀ ਰਿਕਵਰੀਆਂ ਦੀ ਗੱਲ ਕੀਤੀ ਹੈ, ਉਥੇ ਜਿਥੇ ਗਬਨ ਦੇ ਕੇਸ ਹਨ ਅਤੇ ਜਿਨ੍ਹਾਂ ਵਿਚ ਐਫ.ਆਈ.ਆਰ. ਰਜਿਸਟਰ ਹੋ ਚੁੱਕੀ ਹੈ, ਉਨ੍ਹਾਂ ਕੇਸਾਂ ਵਿਚ ਤੁਸੀਂ ਕੀ ਕਰੋਗੇ ?

ਮੰਤਰੀ : ਸਪੀਕਰ ਸਾਹਿਬ, ਜਦੋਂ ਕੇਸ ਰਜਿਸਟਰ ਹੋ ਗਏ ਹਨ ਤਾਂ ਫਿਰ ਉਹ ਕੇਸ ਪੁਲਿਸ ਵਿਚ ਚਲੇ ਗਏ ਹਨ । ਅਸੀਂ ਹਾਂ ਕੇਸ ਰਜਿਸਟਰ ਕਰ ਸਕਦੇ ਹਾਂ ਕਿ ਜਿਨ੍ਹਾਂ ਲੋਕਾਂ ਨੇ ਗਬਨ ਕੀਤਾ ਹੈ ਉਨ੍ਹਾਂ ਨੂੰ ਫੜ ਕੇ ਅੰਦਰ ਕਰੋ । ਬਾਕੀ, ਸਪੀਕਰ ਸਾਹਿਬ, ਪੰਜਾਬ ਰਾਜ ਸਹਿਕਾਰੀ ਬੈਂਕ ਇਸ ਮਾਮਲੇ ਵਿਚ ਹਿੰਦੁਸਤਾਨ ਵਿਚ ਫਸਟ ਰਿਹਾ ਹੈ ਅਤੇ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅਸੀਂ ਰਾਸ਼ਟਰੀ ਪੱਧਰ ਤੇ ਇਹ ਇਨਾਮ ਲਿਆਂਦਾ ਹੈ । ਅਸੀਂ ਤਾਂ ਪੂਰੀ ਕੋਸ਼ਿਸ਼ ਕਰਦੇ ਹਾਂ ਕਿ ਰਿਕਵਰੀ ਪੂਰੀ ਹੋ ਸਕੇ ।

ਅਨੁਸੂਚਿਤ ਜਾਤੀਆਂ ਲਈ ਧਰਮਸ਼ਾਲਾਵਾਂ ਵਿਚ ਲਾਇਬਰੇਰੀਆਂ ਖੋਲ੍ਹਣਾ

***2610. ਸ਼੍ਰੀ ਰਾਜਿੰਦਰ ਕੁਮਾਰ** : ਕੀ ਸਮਾਜਿਕ ਸੁਰੱਖਿਆ ਅਤੇ ਇਸਤਰੀਆਂ ਅਤੇ ਬਾਲ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਫ਼ਰਵਰੀ, 1992 ਤੋਂ ਫ਼ਰਵਰੀ, 1995 ਤੱਕ ਦੇ ਸਮੇਂ ਦੌਰਾਨ ਰਾਜ ਵਿਚ ਅਨੁਸੂਚਿਤ ਜਾਤੀਆਂ ਲਈ ਧਰਮਸ਼ਾਲਾਵਾਂ ਵਿਚ ਲਾਇਬਰੇਰੀਆਂ ਖੋਲ੍ਹਣ ਲਈ ਮਖਸੂਸ ਕੀਤੀ ਗਈ ਰਕਮ ਦੇ ਸਾਲਵਾਰ ਵੇਰਵੇ ਕੀ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਮੇਂ ਦੌਰਾਨ ਉਕਤ ਲਾਇਬਰੇਰੀਆਂ ਵਿਚ ਅਖਬਾਰਾਂ ਅਤੇ ਫਰਨੀਚਰ ਖਰੀਦਣ ਲਈ ਮਖਸੂਸ ਕੀਤੀ ਗਈ ਰਕਮ ਦੇ ਵੱਖ ਵੱਖ ਵੇਹਵੇ ਕੀ ਹਨ;

(ਏ) ਜ਼ਿਲ੍ਹਾ ਜਲੰਧਰ ਵਿਚ ਅਜਿਹੇ ਪਿੰਡਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਵਿਚ ਉਕਤ ਮੰਤਵਾਂ ਲਈ ਖਰਚ ਕੀਤਾ ਗਿਆ ?

Chaudhary Jagjit Singh: (a) Yes Sir, during the period February, 1992, a sum of Rs. 20.00 lac was earmarked to set up 800 Libraries/Reading rooms in scheduled caste dharamshalas. As this scheme was dropped in the year 1993-94 by the Planning Department, no amount was earmarked for the year 1993-94 and up to February 1995.

(b) A sum of Rs. 16.00 lac was earmarked for purchase of furniture i.e. durries, chairs, tables and almirahs in 800 scheduled caste dharamshalas, Rs. 4.00 lac for newspapers and magazines.

(c) The list of such Libraries/Reading Rooms opened in the village of Jalandhar district alongwith expenditure is enclosed at Annexure 'A'.

Original with;
Punjab Vidhan Sabha
Digitized by;
Panjab Digital Library

Annexure 'A'

List of reading rooms in Scheduled Castes Dharamshalas in Jalandhar Distt. for the year 1992-93.

Sr. No.	Name of village	Tehsil	Amount sanctioned	Expenditure
1	2	3	4	5
1.	Khusropur ..	Jalandhar	2500/-	2000/-
2.	Rehmanpur ..	,,	2500/-	2000/-
3.	Puranpur ..	,,	2500/-	2000/-
4.	Bambian Wal	,,	2500/-	2000/-
5.	Chohak Kalan ..	,,	2500/-	2000/-
6.	Diuhreke ..	,,	2500/-	2000/-
7.	Dhanal Kalan ..	,,	2500/-	2000/-
8.	Badshah Pur ..	,,	2500/-	2000/-
9.	Sabbo Wal ..	,,	2500/-	2000/-
10.	Tajpur ..	,,	2500/-	2000/-
11.	Desal Pur ..	,,	2500/-	2000/-
12.	Badiana ..	,,	2500/-	2000/-
13.	Rajab ..	,,	2500/-	2000/-
14.	Beerh Balon ke ..	Nakodar	2500/-	2500/-
15.	Sarakpur	,,	2500/-	2500/-
16.	Thahalke ..	,,	2500/-	2500/-
17.	Alewali	,,	2500/-	2500/-
18.	Tahli ..	,,	2500/-	2500/-
19.	Aulakh	,,	2500/-	2500/-
20.	Baghela	,,	2500/-	2500/-
21.	Asmaelpur ..	,,	2500/-	2500/-
22.	Mehasmpur ..	,,	2500/-	2500/-
23.	Haripur ..	,,	2500/-	2500/-
24.	Sangowal ..	,,	2500/-	2500/-
25.	Bangiwal ..	,,	2500/-	2500/-
26.	Rasulpur Kalan ..	,,	2500/-	2500/-
27.	Nawan Pind Jattan ..	,,	2500/-	2000/-
28.	Sarangwal	,,	2500/-	2500/-
29.	Innowal	,,	2500/-	2000/-
30.	Sindhar ..	,,	2500/-	2500/-
31.	Langewal	,,	2500/-	2000/-
32.	Talwandi Buttian	,,	2500/-	2500/-
33.	Rampur	,,	2500/-	2500/-
34.	Issewal	,,	2500/-	2500/-
35.	Kasupur	,,	2500/-	2500/-
36.	Kang Kalan ..	,,	2500/-	2500/-
37.	Kang Khurd ..	,,	2500/-	2500/-
38.	Jannian Chahal	,,	2500/-	2500/-

Original with;
Punjab Vidhan Sabha
Digitized by;
Panjab Digital Library

(Minister of State for Social Security and Development of Women & Children)

1	2	3	4	5
39.	Kamalpur ..	Nakodar	2500/-	2500/-
40.	Jakkopur Kalan	,,	2500/-	2500/-
41.	Kutliwal	,,	2500/-	2000/-
42.	Angra Kirri	,,	2500/-	2500/-
43.	Meowal ..	,,	2500/-	2500/-
44.	Khehrr	Phillaur	2500/-	2500/-
45.	Sultanpur ..	,,	2500/-	2500/-
46.	Katpalon ..	,,	2500/-	2500/-
47.	Nagar ..	,,	2500/-	2500/-
48.	Sheendsa ..	,,	2500/-	2500/-
49.	Chalang ..	,,	2500/-	2000/-
50.	Khele ..	,,	2500/-	2000/-
51.	Darapur ..	,,	2500/-	2000/-
52.	Shanpur ..	,,	2500/-	2000/-
53.	Bhoda ..	,,	2500/-	2000/-
54.	Buraj Nussan	,,	2500/-	2000/-
55.	Umar Pura ..	,,	2500/-	2000/-
56.	Talwan ..	,,	2500/-	2000/-
57.	Sherpur ..	,,	2500/-	2000/-
	Total ..	,,	1,42,500/-	1,29,500/-

Names of the villages, where reading rooms could not be opened due to non-supply of furniture from the Jail Department

Sr. No.	Name of village	Tehsil	Amount sanctioned
1	2	3	4
1.	Amewal Hardoshekh ..	Phillaur	2500/-
2.	Dheenpur ..	,,	2500/-
3.	Dhesian Kahna ..	,,	2500/-
4.	Nawan Pind Laiche ..	Nakodar	2500/-
5.	Mathra Kalan ..	,,	2500/-
6.	Daduwal ..	,,	2500/-
7.	Beer Bangian ..	,,	2500/-
8.	Rurka Kalan ..	,,	2500/-
9.	Palakdeen ..	Phillaur	2500/-
10.	Garrha ..	,,	2500/-
11.	Cheema Khurad .	Banga	2500/-
12.	Johal ..	,,	2500/-
13.	Chack Des Raj ..	,,	2500/-
14.	Jabbo Wal ..	,,	2500/-
15.	Nai Majara ..	,,	2500/-
16.	Manguwal ..	,,	2500/-
17.	Mubarakpur ..	,,	2500/-

Original with;
Punjab Vidhan Sabha
Digitized by;
Panjab Digital Library

1	2		3	4
18.	Mullan Sodhian	..	Banga	2500/-
19.	Soondh	..	,,	2500/-
20.	Talwandi Jattan		,,	2500/-
21.	Bharo Majara	..	,,	2500/-
22.	Fambra		,,	2500/-
23.	Talwandi Fattu	..	,,	2500/-
24.	Badala	..	Nakodar	2500/-
25.	Majara Nauabad	..	Banga	2500-/
26.	Chack Bilga	..	,,	2500/-
27.	Jethu Majara	..	Nawan Shehar	2500/-
28.	Maglon	..	,,	2500/-
29.	Rahon	..	,,	2500/-
30.	Bara Chhota Pind	..	,,	2500/-
31.	Alampur Bakka		Kartarpur	2500/-
32.	Rehmanpur	..	,,	2500/-
33.	Lesriwal		Adampur	2500/-
34.	Chukhiara	..	,,	2500/-
35.	Nagil Sallan	..	,,	2500/-
36.	Kathar	..	,,	2500/-
37.	Sanghwal		,,	2500/-
38.	Arjanwal		,,	2500/-
39.	Lohara Manak Kalan		,,	2500/-
40.	Manakrai		,,	2500/-
41.	Chamiari	..	,,	2500/-
		Total		1,02,500/-

ਸ਼੍ਰੀ ਰਾਜਿੰਦਰ ਕੁਮਾਰ : ਸਪੀਕਰ ਸਾਹਿਬ, ਦੋ ਸਾਲ ਦਾ ਸਮਾਂ ਬੀਤ ਜਾਣ ਦੇ ਬਾਅਦ ਵੀ 41 ਧਰਮਸ਼ਾਲਾਵਾਂ ਵਿਚ ਸਮਾਨ ਸਪਲਾਈ ਨਹੀਂ ਹੋ ਸਕਿਆ । ਇਸ ਦਾ ਕਾਰਨ ਮੰਤਰੀ ਜੀ ਨੇ ਜੇਲ੍ਹ ਵਿਭਾਗ ਤੋਂ ਸਮਾਨ ਦੀ ਸਪਲਾਈ ਦਾ ਨਾ ਹੋਣਾ ਦਸਿਆ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਮਾਨ ਆਉਣ ਵਿਚ ਹੋਰ ਕਿੰਨਾ ਕ ਸਮਾਂ ਲੱਗੇਗਾ ਅਤੇ ਕੀ ਇਸ ਵਾਸਤੇ ਕੋਈ ਸਮਾਂ ਨਿਸ਼ਚਿਤ ਕੀਤਾ ਜਾ ਸਕਦਾ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਕੰਮ ਡਿਸਟ੍ਰਿਕਟ ਪਲੈਨਿੰਗ ਬੋਰਡ ਦਾ ਹੈ । ਡਿਸਟ੍ਰਿਕਟ ਪਲੈਨਿੰਗ ਬੋਰਡ ਜਲੰਧਰ ਨੇ ਜੇਲ੍ਹ ਵਿਭਾਗ ਨੂੰ ਇਹ ਆਰਡਰ ਦਿੱਤਾ ਸੀ ਅਤੇ ਇਸ ਕੰਮ ਵਾਸਤੇ ਪੈਸੇ ਵੀ ਐਡਵਾਂਸ ਜਮ੍ਹਾਂ ਕਰਵਾ ਦਿੱਤੇ ਹੋਏ ਹਨ । ਜੇਲ੍ਹ ਵਿਭਾਗ ਨੇ ਕਿਹਾ ਹੈ ਕਿ ਉਹ ਬਹੁਤ ਥੋੜ੍ਹੇ ਸਮੇਂ ਵਿਚ ਇਹ ਸਮਾਨ ਸਪਲਾਈ ਕਰ ਦੇਣਗੇ ।

ਸ਼੍ਰੀ ਸਤਨਾਮ ਸਿੰਘ ਕੈਂਥ : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ 16 ਲੱਖ ਰੁਪਏ ਲਾਇਬ੍ਰੇਰੀਆਂ ਦੇ ਫਰਨੀਚਰ ਵਾਸਤੇ ਅਤੇ 4 ਲੱਖ ਰੁਪਏ ਅਖ਼ਬਾਰਾਂ ਆਦਿ ਵਾਸਤੇ ਰੱਖੇ ਗਏ ਹਨ ਅਤੇ ਇਹ 1992-93 ਦੀ ਸਕੀਮ ਹੈ । ਮੇਰੀ ਅਰਜ਼ ਇਹ ਹੈ ਕਿ ਜਿਹੜਾ ਮੈਟੀਰੀਅਲ ਖਰੀਦਿਆ ਗਿਆ ਹੈ, ਇਹ ਬਹੁਤ ਘਟੀਆ ਲੈਵਲ ਦਾ ਹੈ ਅਤੇ ਸਟੈਂਡਰਡ ਦੇ ਮੁਤਾਬਿਕ ਨਹੀਂ ਹੈ । ਇਸ ਦੇ ਨਾਲ ਹੀ ਇਹ ਵੀ ਵੇਖਣ ਵਾਲੀ ਗੱਲ ਹੈ ਕਿ ਜਿਨਾਂ ਪਿੰਡਾਂ ਦੀ ਲਿਸਟ ਮੰਤਰੀ ਜੀ ਨੇ ਦਿੱਤੀ ਹੈ ਕੀ ਉਥੇ ਅਖ਼ਬਾਰਾਂ ਲਈ ਪੈਸਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਤਨਾਮ ਸਿੰਘ ਕੰਬੋਜ]

ਪਹੁੰਚਿਆ ਵੀ ਹੈ ਜਾਂ ਨਹੀਂ ਕਿਉਂਕਿ ਮੈਨੂੰ ਜ਼ਾਤੀ ਤੌਰ ਤੇ ਪਤਾ ਹੈ ਕਿ ਬਹੁਤ ਸਾਰੇ ਪਿੰਡ ਅੈਸੇ ਹਨ ਜਿਨ੍ਹਾਂ ਵਿਚ ਨਾ ਤਾਂ ਮੈਟੀਰੀਅਲ ਪਹੁੰਚਿਆ ਹੈ ਅਤੇ ਨਾ ਹੀ ਉਨ੍ਹਾਂ ਨੂੰ ਅਖਬਾਰਾਂ ਲਈ ਪੈਸਾ ਮਿਲਿਆ ਹੈ । ਇਹ ਟੋਟਲ 20 ਲੱਖ ਰੁਪਏ ਦੀ ਅਮਾਊਂਟ ਹੈ ਅਤੇ ਇਸ ਵਿਚ ਵੱਡੇ ਪੈਮਾਨੇ ਤੇ ਘਪਲਾ ਹੋਇਆ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਦੀ ਜਾਂਚ ਕਰਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਜਲੰਧਰ ਜ਼ਿਲ੍ਹੇ ਦੇ 57 ਰੀਡਿੰਗ ਰੂਮ ਅੈਸੇ ਹਨ ਜਿਨ੍ਹਾਂ ਵਿਚ ਅਸੀਂ ਇਹ ਸਮਾਨ—ਫਰਨੀਚਰ, ਅਖਬਾਰਾਂ ਅਤੇ ਮੈਗਜ਼ੀਨ ਆਦਿ ਭੇਜਿਆ ਹੈ ਅਤੇ ਉਹ ਰੀਡਿੰਗ ਰੂਮ ਚਲਦੇ ਪਏ ਹਨ । ਜਿਥੋਂ ਤੱਕ ਫਰਨੀਚਰ ਘਟੀਆ ਹੋਣ ਦਾ ਸਵਾਲ ਹੈ, ਇਹ ਫਰਨੀਚਰ ਡਿਸਟ੍ਰਿਕਟ ਪਲੈਨਿੰਗ ਬੋਰਡ ਜੇਲ੍ਹ ਵਿਭਾਗ ਤੋਂ ਖਰੀਦ ਕੇ ਭੇਜਦਾ ਹੈ । 41 ਅੈਸੇ ਰੀਡਿੰਗ ਰੂਮ ਹਨ ਜਿਥੇ ਅਸੀਂ ਹਾਲੇ ਤੱਕ ਸਮਾਨ ਨਹੀਂ ਭੇਜ ਸਕੇ । ਉਨ੍ਹਾਂ ਵਾਸਤੇ ਅਸੀਂ ਫਰਨੀਚਰ ਲੈ ਰਹੇ ਹਾਂ ਅਤੇ ਬਾਕੀ ਚੀਜ਼ਾਂ ਵੀ ਭੇਜ ਰਹੇ ਹਾਂ ; ਜਿਥੋਂ ਤੱਕ ਘਪਲੇ ਦੀ ਗੱਲ ਹੈ, ਇਸ ਬਾਰੇ ਮੇਰੇ ਕੋਲ ਤਾਂ ਅੈਸੀ ਕੋਈ ਇਨਫਰਮੇਸ਼ਨ ਨਹੀਂ ਹੈ ਅਤੇ ਨਾਂ ਹੀ ਸਾਨੂੰ ਇਸ ਬਾਰੇ ਕੋਈ ਸ਼ਿਕਾਇਤ ਮਿਲੀ ਹੈ । ਜੇ ਇਨ੍ਹਾਂ ਦੀ ਜਾਣਕਾਰੀ ਵਿਚ ਅੈਸੀ ਕੋਈ ਘਪਲੇ ਵਾਲੀ ਗੱਲ ਹੈ ਤਾਂ ਇਹ ਸਾਨੂੰ ਦਸ ਦੇਣ, ਅਸੀਂ ਜਾਂਚ ਕਰਾ ਲਵਾਂਗੇ ।

ਸਰਦਾਰ ਹਰਗੋਪਾਲ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੰਤਰੀ ਜੀ ਨੇ ਕਿਹਾ ਕਿ ਜਿੰਨੀਆਂ ਵੀ ਲਾਇਬਰੇਰੀਆਂ ਹਨ ਉਨ੍ਹਾਂ ਦੇ ਵਿੱਚ ਕਈ ਅਖਬਾਰ ਆਉਂਦੇ ਹਨ, ਪੂਰਾ ਫਰਨੀਚਰ ਹੈ ਪਰ ਮੇਰੇ ਹਲਕੇ ਵਿੱਚ ਜਿੰਨੀਆਂ ਵੀ ਲਾਇਬਰੇਰੀਆਂ ਹਨ, ਮੇਰੇ ਪਿੰਡ ਵਿੱਚ ਵੀ ਲਾਇਬਰੇਰੀ ਹੈ ਅੌਰ ਉਸ ਲਾਇਬਰੇਰੀ ਦੇ ਵਿੱਚ ਕਦੇ ਵੀ ਪੂਰੇ ਮਹੀਨੇ ਦੇ ਵਿੱਚ ਕੋਈ ਅਖਬਾਰ ਨਹੀਂ ਆਇਆ, ਬਿਲ ਦੇ ਪੈਸੇ ਜ਼ਰੂਰ ਚੁੱਕੇ ਹਨ, ਅੌਰ ਨਾ ਹੀ ਉਥੇ ਚਾਰ-ਪੰਜ ਕੁਰਸੀਆਂ ਤੋਂ ਇਲਾਵਾ ਹੋਰ ਕਿਸੇ ਪ੍ਰਕਾਰ ਦਾ ਕੋਈ ਫਰਨੀਚਰ ਹੈ । ਕੀ ਮੰਤਰੀ ਜੀ ਇਸ ਗੱਲ ਦਾ ਯਕੀਨ ਦਿਵਾਉਣਗੇ ਕਿ ਮੇਰੇ ਹਲਕੇ ਬਲਾਚੌਰ ਦੇ ਅੰਦਰ ਕਿਸੇ ਅਫਸਰ ਦੀ ਡਿਊਟੀ ਲਗਾ ਕੇ ਪਤਾ ਕਰਨ ਕਿ ਕੀ ਉਥੇ ਸਾਰੀਆਂ ਲਾਇਬਰੇਰੀਆਂ ਚਲਦੀਆਂ ਹਨ ਅੌਰ ਜੇਕਰ ਕੋਈ ਬੇਨਿਯਮੀਆਂ ਪਾਈਆਂ ਜਾਣ ਤਾਂ ਉਸ ਦੇ ਖਿਲਾਫ ਕੋਈ ਐਕਸ਼ਨ ਲੈਣ ਲਈ ਤਿਆਰ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਮੇਰੇ ਕੋਲ ਇਨਫਰਮੇਸ਼ਨ ਜਲੰਧਰ ਬਾਰੇ ਹੈ । ਹੁਸ਼ਿਆਰਪੁਰ ਬਾਰੇ ਇਹ ਹੁਣ ਕਹਿ ਰਹੇ ਹਨ । ਇਹ ਬੇਸ਼ੱਕ ਵੱਖਰਾ ਸਵਾਲ ਦੇ ਦੇਣ ਲੇਕਿਨ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ ਕੋਈ ਵੀ ਅਖਬਾਰ ਨਹੀਂ ਆਉਂਦਾ ਅਸੀਂ ਇਸ ਦੀ ਪੂਰੀ ਪੜਤਾਲ ਕਰਵਾ ਲਵਾਂਗੇ ਜੇ ਇਸ ਤਰ੍ਹਾਂ ਦੀ ਕੋਈ ਗੱਲ ਹੋਈ ਤਾਂ ਉਸ ਨੂੰ ਜ਼ਰੂਰ ਠੀਕ ਵੀ ਕਰਾਂਗੇ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2596

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।)

Original with;
Punjab Vidhan Sabha
Digitized by;
Punjab Digital Library

ਨਵੇਂ ਜ਼ਿਲ੍ਹੇ ਬਣਾਉਣੇ

*2587. **ਸ਼੍ਰੀ ਸਤਨਾਮ ਸਿੰਘ ਚੈਂਬ** : ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਵਿਚ ਨਵੇਂ ਜ਼ਿਲ੍ਹੇ ਬਣਾਉਣ ਲਈ ਸਿਫਾਰਸ਼ ਕਰਨ ਸਬੰਧੀ ਸਰਕਾਰ ਦੁਆਰਾ ਕੋਈ ਕਮੇਟੀ ਗਠਿਤ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਕਮੇਟੀ ਦੇ ਮੈਂਬਰਾ ਦੇ ਨਾਂ ਕੀ ਕੀ ਹਨ;

(ਅ) ਕੀ ਉਕਤ ਕਮੇਟੀ ਦੁਆਰਾ ਸਰਕਾਰ ਨੂੰ ਕੋਈ ਰਿਪੋਰਟ ਪੇਸ਼ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਕਿੰਨੇ ਨਵੇਂ ਜ਼ਿਲ੍ਹੇ ਬਣਾਏ ਜਾਣ ਦੀ ਸਿਫਾਰਸ਼ ਕੀਤੀ ਗਈ ਹੈ ?

ਮਾਸਟਰ ਜਾਗੀਰ ਸਿੰਘ (ੳ) : ਹਾਂ ਜੀ ਜ਼ਿਲ੍ਹਾ ਪੁਨਰਗਠਨ ਕਮੇਟੀ ਦੇ ਮੈਂਬਰਾਂ ਦੇ ਨਾਵਾਂ ਦੀ ਸੂਚੀ ਸਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਹਾਂ ਜੀ । ਇਸ ਸਟੇਜ ਤੇ ਜ਼ਿਲ੍ਹਾ ਪੁਨਰਗਠਨ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਦੱਸਣਾ ਲੋਕ ਹਿੱਤ ਵਿਚ ਨਹੀਂ ਹੋਵੇਗਾ, ਕਿਉਂਕਿ ਇਹ ਸਿਫਾਰਸ਼ਾਂ ਅਜੇ ਸਰਕਾਰ ਦੇ ਵਿਚਾਰ ਅਧੀਨ ਹਨ ।

ਜ਼ਿਲ੍ਹਾ ਪੁਨਰਗਠਨ ਕਮੇਟੀ ਦੇ ਮੈਂਬਰਾਂ ਦੇ ਨਾਵਾਂ ਦੀ ਸੂਚੀ

ਲੜੀ ਨੰ:	ਨਾਮ	
	ਸਰਕਾਰੀ ਮੈਂਬਰ	
1.	ਸ: ਹਰਦਿਆਲ ਸਿੰਘ, ਆਈ. ਏ. ਐਸ. ਪ੍ਰੀਜਾਈਡਿੰਗ ਅਫਸਰ, ਸਟੇਟ ਕਾਲਜ ਟ੍ਰਿਬਿਊਨਲ ਅਤੇ ਸਕੂਲ ਟ੍ਰਿਬਿਊਨਲ, ਪੰਜਾਬ	ਚੇਅਰਮੈਨ
2.	ਸ਼੍ਰੀ ਦਰਸ਼ਨ ਕੁਮਾਰ, ਆਈ. ਏ. ਐਸ. ਵਿੱਤ ਕਮਿਸ਼ਨਰ ਮਾਲ, ਪੰਜਾਬ	ਵਾਈਸ-ਚੇਅਰਮੈਨ
3.	ਸ਼੍ਰੀ ਐਨ. ਕੇ. ਅਰੋੜਾ, ਆਈ. ਏ. ਐਸ. ਸਕੱਤਰ, ਸਥਾਨਕ ਸਰਕਾਰ, ਪੰਜਾਬ	ਮੈਂਬਰ
4.	ਸਬੰਧਤ ਡਵੀਜ਼ਨ ਦਾ ਕਮਿਸ਼ਨਰ	ਮੈਂਬਰ
5.	ਸਬੰਧਤ ਡਿਪਟੀ ਕਮਿਸ਼ਨਰ	ਮੈਂਬਰ
6.	ਸੰਯੁਕਤ ਸਕੱਤਰ ਮਾਲ	ਮੈਂਬਰ ਸਕੱਤਰ
	ਗੈਰ ਸਰਕਾਰੀ ਮੈਂਬਰ	
1.	ਚੌਧਰੀ ਗੁਰਮੇਲ ਸਿਘ, ਸਾਬਕਾ ਮੰਤਰੀ 519-ਸੈਕਟਰ-11, ਚੰਡੀਗੜ੍ਹ ।	ਮੈਂਬਰ
2.	ਚੌਧਰੀ ਦਰਸ਼ਨ ਸਿੰਘ, ਸਾਬਕਾ ਐਮ. ਐਲ. ਏ.	ਮੈਂਬਰ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਮਾਲ ਅਤੇ ਪੁਨਰਵਾਸ]

ਲੜੀ ਨੰ.	ਨਾਮ	
	527-ਨਵਾਂ ਜਵਾਹਰ ਨਗਰ, ਜਲੰਧਰ ਸ਼ਹਿਰ ।	
3.	ਸ: ਹਰਚਰਨ ਸਿੰਘ ਹੀਰੋ, ਸਾਬਕਾ ਐਮ. ਐਲ. ਏ. ਹੀਰੋ ਫਾਰਮ ਮੱਖੂ, ਫਿਰੋਜ਼ਪੁਰ ।	ਮੈਂਬਰ
4.	ਸ਼੍ਰੀ ਸੇਵਾ ਰਾਮ ਅਰੋੜਾ, ਸਾਬਕਾ ਐਮ. ਐਲ. ਏ. 51, ਬਸੰਤ ਐਵਨਿਊ, ਅੰਮ੍ਰਿਤਸਰ ।	ਮੈਂਬਰ
5.	ਸ਼੍ਰੀ ਸੇਵਾ ਸਿੰਘ, ਐਡਵੋਕੇਟ, ਨੇੜੇ ਗੁਰਦੁਆਰਾ ਭੱਠਾ ਸਾਹਿਬ, ਰੋਪੜ ।	ਮੈਂਬਰ

2. ਸ਼੍ਰੀ ਸੇਵਾ ਰਾਮ ਜੀ ਦਾ ਦੇਹਾਂਤ ਹੋ ਗਿਆ । ਸਰਕਾਰ ਦੀ ਅਧਿਸੂਚਨਾ ਨੰ: 2/1/92-ਆਰ. ਈ. 2(1)1386, ਮਿਤੀ 29-1-93 ਦੁਆਰਾ ਸ਼੍ਰੀ ਦਰਬਾਰੀ ਲਾਲ ਸਾਬਕਾ ਐਮ. ਐਲ. ਏ. ਅੰਮ੍ਰਿਤਸਰ ਨੂੰ ਸਵਰਗਵਾਸੀ ਸ਼੍ਰੀ ਸੇਵਾ ਰਾਮ ਅਰੋੜਾ ਦੀ ਥਾਂ ਤੇ ਜਿਲ੍ਹਾ ਪੁਨਰਗਠਨ ਕਮੇਟੀ ਦਾ ਗੈਰ-ਸਰਕਾਰੀ ਮੈਂਬਰ ਨਾਮਜ਼ੱਦ ਕੀਤਾ ਗਿਆ ਸੀ ।

3. ਸ਼੍ਰੀ ਅਮਰੀਕ ਸਿੰਘ ਪੂਨੀ, ਆਈ. ਏ. ਐਸ., ਉਸ ਵੇਲੇ ਦੇ ਵਿਸ਼ੇਸ਼ ਕਾਰਜ ਅਫਸਰ ਅਤੇ ਪ੍ਰਬੰਧਕੀ ਮੈਂਬਰ ਸਟੇਟ ਐਡਮਨਿਸਟਰੇਟਿਵ ਟ੍ਰਿਬਿਊਨਲ ਅਤੇ ਵਿੱਤੀ ਕਮਿਸ਼ਨਰ ਅਪੀਲਜ਼, ਪੰਜਾਬ ਨੂੰ ਸ: ਹਰਦਿਆਲ ਸਿੰਘ ਦੀ ਥਾਂ ਜਿਲ੍ਹਾ ਪੁਨਰਗਠਨ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ।

GOVERNMENT OF PUNJAB
DEPARTMENT OF REVENUE AND REHABILITATION
(Revenue Establishment II Branch)

NOTIFICATION

The 13th August, 1992

No. 2/1/92-RE. II(I)/10127—The Governor of Punjab is pleased to constitute with immediate effect a District Reorganisation Committee consisting of the following members :—

Official Members

(1) Shri Hardial Singh, IAS, Presiding Officer, State College Tribunal, and School Tribunal, Punjab.	Chairman
(2) Shri Darshan Kumar, IAS, Financial Commissioner, Revenue.	Vice Chairman
(3) Shri N.K. Arora, IAS, Secretary to Govt. Punjab, Department of Local Government	Member
(4) Concerned Divisional Commissioner	Member
(5) Concerned Deputy Commissioner	Member
(6) Joint Secretary Revenue	Member Secretary

Non-Official Members

(1) Ch. Gurmail Singh, Ex-Minister
519, Sector-11, Chandigarh.

Original with;
Punjab Vidhan Sabha
Digitized by;
Panjab Digital Library

(2) Ch. Darshan Singh, Ex. M.L.A.,
527, New Jawahar Nagar,
Jalandhar City.

(3) S. Harcharan Singh Hero, Ex-M.L.A.,
Hero Farm, Makhu, Ferozepur.

(4) Shri Sewa Ram Arora, Ex. M.L.A.
51, Basant Avenue, Amritsar.

(5) S. Sewa Singh, Advocate,
Near Gurudwara Bhatha Sahib,
Ropar.

2. The Committee will consider matters relating to reorganisation of administrative units (districts/sub-divisions/tehsils/sub tehsils etc.) in the Punjab State.

3. The Headquarters of the Committee will be at Chandigarh but the Chairman, if considers necessary, may convene the meetings of the Committee at any place in the State.

4. The Committee may co-opt any concerned person/officer as Special Invitee in a meeting for obtaining any relevant information.

5. The quorum of the Committee will be of at least seven members.

6. The term of this Committee will be six months from the date of issue of notification.

7. The official members shall draw TA/DA from their respective Department and the non-official members shall be entitled to TA/DA as admissible to the First Grade Government employee. The other conditions laid down in the Punjab T.A. Rules for Government employees will also apply to journeys performed by non-official members except where otherwise provided.

8. For drawing TA/DA, the non-official members shall furnish a certificate that no T.A. in respect of the journeys or DA for the period mentioned in the bill has been or will be claimed by him from any other official source.

9. For the purpose of payment of T.A./D.A. to the non official members, the Financial Commissioner Revenue will be the Controlling Officer and the Under Secretary (General) as Drawing and Disbursing Officer.

10. The expenditure of T.A./D.A. shall be debited to "head A-General Services-D-Administrative Services-2052 Sectt. General Services-099-Board of Revenue" for the year 1992-93.

DARSHAN KUMAR
Secretary to Government Punjab
Revenue and Rehabilitation Department.

GOVERNMENT OF PUNJAB
DEPARTMENT OF REVENUE AND REHABILITATION
(Revenue Establishment II Branch)

NOTIFICATION

No. 2/1/92-RE. II(1)/1386. :—Chandigarh, dated the 29th January, 1993

In continuation of Punjab Government Notification No. 2/1/92-RE. II(1)/10127, dated 13.8.1992, Shri Darbari Lal, Ex. M.L.A., Amritsar, is nominated as a non-official member of the District Reorganisation Committee, in place of late Shri Sewa Ram Arora, Ex. M.L.A., Amritsar.

DARSHAN KUMAR
Secretary to Government Punjab
Revenue and Rehabilitation Depatment

Original with;
Punjab Vidhan Sabha
Digitized by;
Panjab Digital Library

[Minister of State for Revenue and Rehabilitation]

GOVERNMENT OF PUNJAB
DEPARTMENT OF REVENUE
(Revenue Establishment II Branch)

NOTIFICATION

No. 2/1/92-RE. II(1)/7573. :—Chandigarh, dated the 23rd August 1993. In partial modification of Punjab Government Notification No. 2/1/92-RE. II(1)/10127, dated 13-8-1992, the Governor of Punjab is pleased to appoint Shri Amrik Singh Pooni, IAS, Officer On special Duty and Administrative Member, State Administrative Tribunal and Financial Comissioner (Appeals), Punjab as Chairman of the District Reorganisation Committee, in place of Shri Hardial Singh, IAS, Presiding Officer, State College Tribunal and School Tribunal, Punjab.

DARSHAN KUMAR
Secretary to Government Punjab,
Revenue Department.

ਸ਼੍ਰੀ ਸਤਨਾਮ ਸਿੰਘ ਕੈਂਥ : ਸਪੀਕਰ ਸਾਹਿਬ, ਮੈਂ ਤੁਹਾਡ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ, ਮੰਤਰੀ ਜੀ ਨੇ ਦੱਸਿਆ ਹੈ ਕਿ ਜਿਹੜੀ ਜ਼ਿਲ੍ਹਾ ਪੁਨਰਗਠਨ ਕਮੇਟੀ ਬਣਾਈ ਗਈ ਸੀ ਉਸ ਦੀਆਂ ਜਿਹੜੀਆਂ ਸਿਫਾਰਸ਼ਾਂ ਸਨ ਉਨ੍ਹਾਂ ਨੂੰ ਇਸ ਵੇਲੇ ਇਥੇ ਦੱਸਣਾ ਲੋਕ ਹਿੱਤ ਵਿੱਚ ਨਹੀਂ ਹੈ, ਜਿਹੜੀਆਂ ਪੰਜਾਬ ਦੇ ਵਿੱਚ ਵੱਖ-ਵੱਖ ਖੇਤਰਾਂ ਵਿਚ ਬਲਾਕ, ਤਹਿਸੀਲਾਂ ਅੱਰ ਸਬ-ਤਹਿਸੀਲਾਂ ਅਨਾਊਂਸ ਕੀਤੀਆਂ ਗਈਆਂ ਕੀ ਉਹ ਕਮੇਟੀ ਦੀ ਸਿਫਾਰਸ਼ ਦੇ ਅਨੁਸਾਰ ਕੀਤੀਆਂ ਜਾ ਰਹੀਆਂ ਹਨ ਜਾਂ ਕਮੇਟੀ ਦੀਆਂ ਸਿਫਾਰਸ਼ਾਂ ਤੋਂ ਬਿਨਾਂ ਹੀ ਕੀਤੀਆਂ ਜਾ ਰਹੀਆਂ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀ ਕਮੇਟੀ ਬਣੀ ਸੀ, ਉਹ ਸਰਦਾਰ ਹਰਦਿਆਲ ਸਿੰਘ ਹੋਰਾਂ ਦੀ ਪ੍ਰਧਾਨਗੀ ਹੇਠ ਬਣੀ ਸੀ ਅੱਰ ਉਸ ਕਮੇਟੀ ਦੇ 11 ਮੈਂਬਰ ਸਨ । ਉਨ੍ਹਾਂ ਨੇ ਪੰਜਾਬ ਦੇ ਵਿੱਚ ਇਸ ਸਬੰਧੀ ਕਾਫੀ ਮੀਟਿੰਗਾਂ ਵੀ ਕੀਤੀਆਂ ਹਨ ਅੱਰ ਉਹ ਕਈ ਜਗ੍ਹਾ ਤੇ ਗਏ ਵੀ ਹਨ । ਕਈ ਵਫਦ ਉਨ੍ਹਾਂ ਨੂੰ ਡੈਪੂਟੇਸ਼ਨ ਲੈ ਕੇ ਮਿਲਦੇ ਵੀ ਰਹੇ ਹਨ । ਕਈ ਐਮ. ਐਲ. ਏ. ਸਾਹਿਬ ਅੱਰ ਐਮ. ਪੀ. ਵੀ ਇਸ ਸਬੰਧੀ ਉਨ੍ਹਾਂ ਨੂੰ ਮਿਲੇ ਹਨ, ਪੂਰੀ ਘੋਖ ਕਰਕੇ ਜੋ ਉਨ੍ਹਾਂ ਨੇ ਸਿਫਾਰਸ਼ਾਂ ਭੇਜੀਆਂ ਸਨ ਸਰਕਾਰ ਉਨ੍ਹਾਂ ਉਤੇ ਵਿਚਾਰ ਕਰਕੇ ਫੈਸਲਾ ਲਏਗੀ । ਅੱਜ ਉਸ ਦੀਆਂ ਸਿਫਾਰਸ਼ਾਂ ਨੂੰ ਇਥੇ ਦੱਸਣਾ ਲੋਕ ਹਿੱਤ ਵਿੱਚ ਨਹੀਂ ਹੈ ।

ਸ਼੍ਰੀ ਸਤਨਾਮ ਸਿੰਘ ਕੈਂਥ : ਮਾਨਯੋਗ ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਕਮੇਟੀ ਨੂੰ ਵੱਡੇ ਵੱਡੇ ਵਫਦ ਮਿਲੇ ਅੱਰ ਜੋ ਉਸ ਕਮੇਟੀ ਨੇ ਸਿਫਾਰਸ਼ਾਂ ਕੀਤੀਆਂ ਹਨ ਉਨ੍ਹਾਂ ਨੂੰ ਇਥੇ ਦੱਸਣਾ ਲੋਕ ਹਿਤ ਵਿੱਚ ਨਹੀਂ ਹੈ । ਮੈਂ ਮੰਨਦਾ ਹਾਂ ਕਿ ਲਕਾਂ ਦੀ ਜਗ੍ਹਾ ਜਗ੍ਹਾ ਡੀਮਾਂਡ ਸੀ ਲੇਕਿਨ ਮੇਰਾ ਸਵਾਲ ਇਹ ਹੈ ਕਿ ਜਿਹੜੇ ਬਲਾਕ, ਤਹਿਸੀਲਾਂ ਅੱਰ ਸਬ-ਤਹਿਸੀਲਾਂ ਅਨਾਊਂਸ ਕੀਤੀਆਂ ਗਈਆਂ ਪੰਜਾਬ ਦੇ ਅੰਦਰ ਕੀ ਉਹ ਕਮੇਟੀ ਦੀਆਂ ਰਿਕਮੈਂਡੇਸ਼ਨ ਦੇ ਹਿਸਾਬ ਨਾਲ ਹੋ ਰਹੀਆਂ ਹਨ ਜਾਂ ਕਿ ਰਿਕੁਮੈਂਡੇਸ਼ਨ ਤੋਂ ਬਾਹਰ ਹੋ ਰਹੀਆਂ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀ ਕਮੇਟੀ ਹੈ ਇਹ ਮੁੱਖ ਮੰਤਰੀ ਸਾਹਿਬ ਨੇ ਬਣਾਈ ਹੈ । ਜੇ ਇਨ੍ਹਾਂ ਨੂੰ ਵੀ ਕੋਈ ਨਵਾਂ ਜ਼ਿਲ੍ਹਾ ਚਾਹੀਦਾ ਹੈ ਤਾਂ ਇਹ ਵੀ ਦੱਸ ਦੇਣ ਅਸੀਂ ਵੇਖ ਲਵਾਂਗੇ ।

Original with;
Punjab Vidhan Sabha
Digitized by;
Punjab Digital Library

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਸਰਦਾਰ ਹਰਦਿਆਲ ਸਿੰਘ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਫਾਰਮੇਸ਼ਨ ਵਾਸਤੇ ਕਮੇਟੀ ਬਣਾਈ ਗਈ ਸੀ । ਕੀ ਉਸ ਕਮੇਟੀ ਦੇ ਫੰਕਸ਼ਨਜ਼ ਖ਼ਤਮ ਹੋ ਗਏ ਹਨ ਜਾਂ ਨਹੀਂ ? ਕੀ ਉਨ੍ਹਾਂ ਨੇ ਆਪਣੀ ਰਿਪੋਰਟ ਦੇ ਦਿੱਤੀ ਹੈ ਜਾਂ ਉਹ ਕਮੇਟੀ ਇਸ ਵੇਲੇ ਕੁਝ ਹੋਰ ਨਹੀਂ ਕਰ ਰਹੀ; ਜੇ ਰਿਪੋਰਟ ਆ ਗਈ ਹੈ ਤਾਂ ਉਹ ਕਦੋਂ ਤੱਕ ਇੰਪਲੀਮੈਂਟ ਕਰ ਦਿੱਤੀ ਜਾਵੇਗੀ ? ਇਸ ਬਾਰੇ ਕੋਈ ਡੇਟ ਦੱਸ ਦਿੱਤੀ ਜਾਵੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਕਮੇਟੀ ਦੀ ਰਿਪੋਰਟ ਆ ਚੁੱਕੀ ਹੈ ਅਤੇ ਉਸ ਰਿਪੋਰਟ ਦੇ ਮੁਤਾਬਿਕ ਅਸੀਂ ਐਗਜ਼ਾਮਿਨ ਕਰ ਰਹੇ ਹਾਂ ਜੋ ਕੁਝ ਉਸ ਵਿਚ ਕਿਹਾ ਗਿਆ ਹੈ ਲੇਕਿਨ ਇਕ ਗੱਲ ਮੈਂ ਇਥੇ ਕਹਿਣਾ ਚਾਹੁੰਦਾ ਹਾਂ ਕਿ, ਕੈਂਥ ਸਾਹਿਬ ਨੇ ਵੀ ਸਵਾਲ ਕੀਤਾ ਹੈ ਕਿ ਸਬ-ਤਹਿਸੀਲਾਂ ਅਸੀਂ ਅਨਾਊਂਸ ਕੀਤੀਆਂ ਹਨ, ਕਮੇਟੀ ਦੀਆਂ ਸਿਫਾਰਸ਼ਾਂ ਕੇਵਲ ਰਿਕੁਮੈਂਡੇਟਰੀ ਹੁੰਦੀਆਂ ਹਨ ਅਤੇ ਇਹ ਜ਼ਰੂਰੀ ਨਹੀਂ ਕਿ ਅਸੀਂ ਉਨ੍ਹਾਂ ਸਿਫਾਰਸ਼ਾਂ ਤੇ ਅਮਲ ਕਰੀਏ । ਜਿਥੇ ਅਗਰ ਜ਼ਿਆਦਾ ਜ਼ਰੂਰਤ ਹੋਵੇ, ਸਾਡੇ ਮਨਿਸਟਰ ਸਾਹਿਬਾਨ ਵੀ ਇਲਾਕਿਆਂ ਵਿਚ ਫਿਰਦੇ ਹਨ ਅਤੇ ਅਸੀਂ ਵੀ ਫਿਰਦੇ ਹਾਂ, ਉਥੇ ਅਸੀਂ ਰਿਪੋਰਟ ਤੋਂ ਬਗੈਰ ਵੀ ਅਨਾਊਂਸ ਕਰ ਸਕਦੇ ਹਾਂ ।

ਸ਼੍ਰੀ ਸਤਨਾਮ ਸਿੰਘ ਕੈਂਥ : ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ ਕਮੇਟੀ ਦੀਆਂ ਰਿਕੁਮੈਂਡੇਸ਼ਨਜ਼ ਤੋਂ ਬਾਹਰ ਵੀ ਲੋਕਾਂ ਦੀ ਜ਼ਰੂਰਤ ਦੇ ਹਿਸਾਬ ਨਾਲ ਅਨਾਊਂਸ ਕਰ ਸਕਦੇ ਹਾਂ ਅਤੇ ਗੌਰਮਿੰਟ ਇੰਪਾਵਰਡ ਹੈ । ਪਿਛੇ 23 ਮਾਰਚ ਨੂੰ ਮੁੱਖ ਮੰਤਰੀ ਸਾਹਿਬ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜਕਲਾਂ ਗਏ ਸਨ ਅਤੇ ਉਥੇ ਉਨ੍ਹਾਂ ਨੇ ਨਵਾਂ ਸ਼ਹਿਰ ਨੂੰ ਜ਼ਿਲ੍ਹਾ ਬਣਾਉਣ ਬਾਰੇ ਐਲਾਨ ਕੀਤਾ ਸੀ । ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਮੁੱਖ ਮੰਤਰੀ ਸਾਹਿਬ ਨੇ ਜਿਹੜੀ ਪਬਲੀਕਲੀ ਕਮਿਟਮੈਂਟ ਕੀਤੀ ਸੀ ਜ਼ਿਲ੍ਹਾ ਬਣਾਉਣ ਦੀ, ਉਸ ਨੂੰ ਪੂਰਾ ਕਰ ਰਹੇ ਹਨ ਜਾਂ ਨਹੀਂ ?

ਮੁੱਖ ਮੰਤਰੀ : ਇਸ ਬਾਰੇ ਬੜੇ ਜ਼ੋਰ ਦੇ ਨਾਲ ਸੋਚ ਵਿਚਾਰ ਹੋ ਰਿਹਾ ਹੈ ।

ਖਾੜਕੂਆਂ ਹੱਥੋਂ ਮਾਰੇ ਗਏ ਕੰਡਕਟਰਾਂ/ਡਰਾਈਵਰਾਂ ਦੀਆਂ ਵਿਧਵਾਵਾਂ ਨੂੰ ਪੈਨਸ਼ਨਾਂ ਦੇਣੀਆਂ

*2490. 1. **ਕਾਮਰੇਡ ਅਜੈਬ ਸਿੰਘ ਚੌਂਤਾ**
2. **ਸ਼੍ਰੀਮਤੀ ਵਿਮਲਾ ਡਾਂਗ**

} ਕੀ ਟਰਾਂਸਪੋਰਟ ਦੇ

ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਜਨਵਰੀ, 1988 ਤੋਂ 31 ਦਸੰਬਰ, 1991 ਤੱਕ ਦੇ ਸਮੇਂ ਦੇ ਦੌਰਾਨ ਰਾਜ ਵਿਚ ਖਾੜਕੂਆਂ ਹਥੋਂ ਮਾਰੇ ਗਏ ਪੰਜਾਬ ਰੋਡਵੇਜ਼ ਦੇ ਡਰਾਈਵਰਾਂ ਅਤੇ ਕੰਡਕਟਰਾਂ (ਤਿੰਨਾਂ ਮਿਊਨਿਸਪਲ ਕਾਰਪੋਰੇਸ਼ਨਾਂ ਵਿਚੋਂ ਕਿਸੇ ਦੀ ਕਾਰਪੋਰੇਸ਼ਨ ਵਿਚ ਡੈਪੂਟੇਸ਼ਨ ਤੇ ਕੰਮ ਕਰ ਰਹੇ ਡਰਾਈਵਰਾਂ ਅਤੇ ਕੰਡਕਟਰਾਂ ਸਮੇਤ) ਦੇ ਡਿਪੂ-ਵਾਰ ਨਾਂ ਅਤੇ ਪਤੇ ਕੀ ਕੀ ਹਨ ;

(ਅ) ਕੀ ਅਜਿਹੇ ਮ੍ਰਿਤਕ ਡਰਾਈਵਰਾਂ/ਕੰਡਕਟਰਾਂ ਦੀਆਂ ਵਿਧਵਾਵਾਂ ਨੂੰ ਉਨ੍ਹਾਂ ਦੇ ਪਤੀਆਂ ਦੀ ਮੌਤ ਦੀ ਤਰੀਕ ਤੋਂ ਉਨ੍ਹਾਂ ਵਲੋਂ ਲਈ ਜਾਂਦੀ ਅੰਤਿਮ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅਜੈਬ ਸਿੰਘ ਰੌਂਤਾ]

ਤਨਖਾਹ ਦੇ ਬਰਾਬਰ ਦੀਆਂ ਪੈਨਸ਼ਨਾਂ ਮਨਜ਼ੂਰ ਕੀਤੀਆਂ ਗਈਆਂ ਹਨ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ ?

ਸ਼੍ਰੀ ਮਹਿੰਦਰ ਸਿੰਘ ਕੇ. ਪੀ. : (ੳ) ਅਤੇ (ਅ) ਸੂਚਨਾ ਸਦਨ ਦੀ ਮੇਜ਼ ਉਤੇ ਰੱਖੀ ਜਾਂਦੀ ਹੈ ।

ਸੂਚਨਾ

ਲੜੀ ਨੰ:	ਨਾਂ ਤੇ ਪਤਾ	ਡਿਪੂ ਦਾ ਨਾਂ	ਮ੍ਰਿਤਕ ਦੇ ਵਾਰਸਾਂ ਨੂੰ, ਉਨ੍ਹਾਂ ਵਲੋਂ (ਮ੍ਰਿਤਕ) ਨੂੰ ਮਿਲ ਰਹੀ ਆਖਰੀ ਤਨਖਾਹ ਦੇ ਬਰਾਬਰ ਪੈਨਸ਼ਨ ਨਾ ਦੇਣ ਦੇ ਕਾਰਨ
	ਸਰਵ/ਸ਼੍ਰੀ		
1.	ਬਲਵੰਤ ਸਿੰਘ, ਡਰਾਈਵਰ ਨੰ: 119 ਪੁੱਤਰ ਸ੍ਰੀ ਸਰਜੀਤ ਸਿੰਘ, ਪਿੰਡ ਤੇ ਡਾਕ: ਭਗਲਾ, ਜ਼ਿਲ੍ਹਾ ਲੁਧਿਆਣਾ ।	ਚੰਡੀਗੜ੍ਹ	—
2.	ਰਾਧੇ ਸ਼ਿਆਮ ਡਰਾਈਵਰ ਨੰ: 32 ਪੁੱਤਰ ਸ਼੍ਰੀ ਮਸਤ ਰਾਮ, ਪਿੰਡ ਤੇ ਡਾਕ: ਕਾਲਵਾਂ, ਜ਼ਿਲ੍ਹਾ ਰੋਪੜ ।	ਚੰਡੀਗੜ੍ਹ	—
3.	ਸੰਤ ਰਾਮ, ਡਰਾਈਵਰ ਨੰ: 65, ਪੁੱਤਰ ਸ਼੍ਰੀ ਪੂਰਨ ਚੰਦ, ਪਿੰਡ ਤੇ ਡਾਕ: ਟਿਹਾਣਾ, ਤਹਿ: ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ।	ਜਲੰਧਰ-1	—
4.	ਰਣਜੋਤ ਸਿੰਘ ਕੰਡਕਟਰ ਨੰ: 181, ਪੁੱਤਰ ਸ਼੍ਰੀ ਕਰਤਾਰ ਸਿੰਘ, ਪਿੰਡ ਨਰੈਣਗੜ੍ਹ, ਡਾਕ: ਜਬੇਵਾਲ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ।	ਅੰਮ੍ਰਿਤਸਰ-1	—
5.	ਤਰਲੋਕ ਸਿੰਘ, ਡਰਾਈਵਰ ਨੰ: 166 ਪੁੱਤਰ ਸ਼੍ਰੀ ਗੁਰਨਾਮ ਸਿੰਘ, ਪਿੰਡ ਤੇ ਡਾਕ: ਸ਼ਾਮ ਨਗਰ, ਜ਼ਿਲ੍ਹਾ ਅੰਮ੍ਰਿਤਸਰ ।	ਅੰਮ੍ਰਿਤਸਰ-2	—
6.	ਜਗਰਾਜ ਸਿੰਘ ਡਰਾਈਵਰ ਨੰ: 147, ਪੁੱਤਰ ਸ਼੍ਰੀ ਸੋਹਨ ਸਿੰਘ, ਪਿੰਡ ਮੁਦਕੀ, ਜ਼ਿਲ੍ਹਾ ਫਿਰੋਜ਼ਪੁਰ ।	ਫਿਰੋਜ਼ਪੁਰ	—
7.	ਕਰਤਾਰ ਸਿੰਘ ਡਰਾਈਵਰ ਨੰ: 58 ਪੁੱਤਰ ਸ਼੍ਰੀ ਕੁੰਦਨ ਸਿੰਘ, ਪਿੰਡ ਕਟੋਰਾ, ਤਹਿ: ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ।	ਫਿਰੋਜ਼ਪੁਰ	—

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਨਾਂ ਤੇ ਪਤਾ	ਡਿਪੂ ਦਾ ਨਾਂ	ਮ੍ਰਿਤਕ ਦੇ ਵਾਰਸਾਂ ਨੂੰ ਉਨ੍ਹਾਂ ਵਲੋਂ (ਮ੍ਰਿਤਕ) ਨੂੰ ਮਿਲ ਰਹੀ ਆਖਰੀ ਤਨਖਾਹ ਦੇ ਬਰਾਬਰ ਪੈਨਸ਼ਨ ਨਾ ਦੇਣ ਦੇ ਕਾਰਨ
	ਸਰਵ/ਸ਼੍ਰੀ		
8.	ਬਲਦੇਵ ਸਿੰਘ ਡਰਾਈਵਰ ਨੰ: 138, ਪੁੱਤਰ ਸ਼੍ਰੀ ਕਰਤਾਰ ਸਿੰਘ, ਪਿੰਡ ਖੈਰਦੀ ਤਹਿ: ਅਤੇ ਜ਼ਿਲ੍ਹਾ ਅੰਮ੍ਰਿਤਸਰ ।	ਫਿਰੋਜ਼ਪੁਰ	—
9.	ਪਾਰੂ ਸਿੰਘ, ਕੰਡਕਟਰ ਨੰ: 311, ਪੁੱਤਰ ਸ਼੍ਰੀ ਬਾਜ ਸਿੰਘ, ਪਿੰਡ ਤੇ ਡਾਕ: ਮਲਾਂਵਾਲਾ ਖਾਸ, ਤਹਿ: ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ।	ਫਿਰੋਜ਼ਪੁਰ	—
10.	ਦਲੀਪ ਸਿੰਘ, ਕੰਡਕਟਰ ਨੰ: 133, ਪੁੱਤਰ ਸ਼੍ਰੀ ਆਤਮਾ ਸਿੰਘ, ਪਿੰਡ: ਗੁਦੜਚੰਡੀ, ਤਹਿ: ਅਤੇ ਜ਼ਿਲ੍ਹਾ, ਫਿਰੋਜ਼ਪੁਰ ।	ਫਿਰੋਜ਼ਪੁਰ	—
11.	ਪੂਰਨ ਸਿੰਘ ਡਰਾਈਵਰ ਨੰ: 68, ਪੁੱਤਰ ਸ਼੍ਰੀ ਲੱਧਾ ਸਿੰਘ, ਪਿੰਡ: ਤੇ ਡਾਕ: ਫਤਿਹਗੜ੍ਹ ਚੂੜੀਆਂ, ਜ਼ਿਲ੍ਹਾ ਗੁਰਦਾਸਪੁਰ ।	ਬਟਾਲਾ	ਮ੍ਰਿਤਕ ਦੀ ਪਤਨੀ ਵਲੋਂ ਅਜੇ ਤੱਕ ਲੋੜੀਂਦਾ ਸਰਟੀਫਿਕੇਟ/ ਸਬੂਤ ਜਿਹੜਾ ਇਹ ਸਾਬਤ ਕਰੇ ਕਿ ਉਸਦੇ ਪਤੀ ਦੀ ਮੌਤ ਖਾੜਕੂਆਂ ਵਲੋਂ ਕੀਤੀ ਗਈ ਸੀ ਅਜੇ ਤੱਕ ਪ੍ਰਾਪਤ ਨਹੀਂ ਹੋਇਆ । ਪਰ ਉਸ ਨੂੰ ਫੈਮਲੀ ਪੈਨਸ਼ਨ ਮਨਜ਼ੂਰ ਕਰ ਦਿੱਤੀ ਗਈ ਹੈ ।
12.	ਗੁਰਮੁਖ ਸਿੰਘ ਕੰਡਕਟਰ ਨੰ: 80, ਪੁੱਤਰ ਸ਼੍ਰੀ ਗੁਰਬਚਨ ਸਿੰਘ, ਪਿੰਡ ਤੇ ਡਾਕ: ਬਰਨਾਲਾ, ਤਹਿ: ਪੱਟੀ, ਜ਼ਿਲ੍ਹਾ ਅੰਮ੍ਰਿਤਸਰ ।	ਪੱਟੀ	ਮ੍ਰਿਤਕ ਦੀ ਪਤਨੀ ਨੂੰ ਉਸ (ਮ੍ਰਿਤਕ) ਵਲੋਂ ਉਸ ਨੂੰ ਆਖਰੀ ਤਨਖਾਹ ਦੀ ਬਰਾਬਰ ਸਪੈਸ਼ਲ ਪੈਨਸ਼ਨ ਦੇਣ ਦਾ ਮਾਮਲਾ ਮਹਾਂਲੇਖਾਕਾਰ ਪੰਜਾਬ ਨਾਲ ਉਠਾਇਆ ਗਿਆ ਜਿਹੜਾ ਅਜੇ ਵੀ ਉਨ੍ਹਾਂ ਦੇ ਵਿਚਾਰ ਅਧੀਨ ਹੈ । ਪਰ ਮਹਾਂਲੇਖਾਕਾਰ ਪੰਜਾਬ ਵਲੋਂ ਮ੍ਰਿਤਕ ਦੀ ਪਤਨੀ ਸ਼੍ਰੀਮਤੀ ਸੁਖਵਿੰਦਰ ਕੌਰ ਨੂੰ ਮਹਾਂਲੇਖਾਕਾਰ ਪੰਜਾਬ ਵਲੋਂ ਫੈਮਲੀ ਪੈਨਸ਼ਨ ਮੰਜ਼ੂਰ ਕਰ ਦਿੱਤੀ ਗਈ ਹੈ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਅਜੈਬ ਸਿੰਘ ਰੌਂਤਾ : ਸਤਿਕਾਰਯੋਗ ਸਪੀਕਰ ਸਾਹਿਬ, ਇਸ ਗੱਲ ਤੋਂ ਤਾਂ ਸਾਰੇ ਜਾਣੂੰ ਹਨ ਕਿ ਅੱਤਵਾਦ ਦਾ ਸਮਾਂ ਅਸੀਂ ਆਪਣੇ ਜਿਸਮ ਤੇ ਕਿਵੇਂ ਹੰਢਾਇਆ ਹੈ । ਮੈਂ ਇਹ ਜਾਣਕਾਰੀ ਲੈਣ ਲਈ ਸਵਾਲ ਕੀਤਾ ਸੀ ਕਿ ਇਸ ਸਮੇਂ ਦੇ ਦੌਰਾਨ ਕਿੰਨੇ ਡਰਾਈਵਰ ਅਤੇ ਕੰਡਕਟਰ ਅੱਤਵਾਦੀਆਂ ਹੱਥੋਂ ਮਾਰੇ ਗਏ ਹਨ । ਜਿਹੜੀ ਲਿਸਟ ਮੈਨੂੰ ਮੰਤਰੀ ਸਾਹਿਬ ਵਲੋਂ ਦਿੱਤੀ ਗਈ ਹੈ, ਉਸ ਵਿੱਚ 12 ਦਾ ਵੇਰਵਾ ਦਿੱਤਾ ਗਿਆ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਅਜਿਹਾ ਡਰਾਇਵਰ/ਕੰਡਕਟਰ ਹੈ ਜਿਹੜਾ ਇਸ ਲਿਸਟ ਵਿੱਚ ਨਹੀਂ ਹੈ ? ਅੱਜ ਕੀ ਉਸ ਦਾ ਨਾਂ ਹਾਊਸ ਦੇ ਅੰਦਰ ਦੱਸਿਆ ਜਾਵੇਗਾ ?

ਰਾਜ ਮੰਤਰੀ : ਜਿਹੜਾ ਮੈਂਬਰ ਸਾਹਿਬ ਨੇ ਸਵਾਲ ਕੀਤਾ ਸੀ, ਉਸ ਵਿੱਚ ਜਿਹੜੀ ਸੂਚਨਾ ਮੰਗੀ ਸੀ, ਉਹ 1 ਜਨਵਰੀ, 1988 ਤੋਂ 31 ਦਸੰਬਰ, 1991 ਤੱਕ ਦੇ ਸਮੇਂ ਦੀ ਸੀ ਅਤੇ ਜਿਹੜੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਗਈ ਹੈ, ਉਹ ਉਸ ਦੇ ਮੁਤਾਬਿਕ ਨੀਕ ਹੈ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਸਰ, ਮੈਂ ਸਤਿਕਾਰਯੋਗ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ. . .(ਵਿਘਨ)

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਸਰਦਾਰ ਇੰਦਰਜੀਤ ਸਿੰਘ ਜ਼ੀਰਾ ਸੀਟ ਤੇ ਬੈਠ ਕੇ ਅਖ਼ਬਾਰ ਪੜ੍ਹ ਰਹੇ ਹਨ ਅਤੇ ਇਹ ਰੂਲਾਂ ਦੇ ਅਗੇਂਸਟ ਹੈ, ਉਨ੍ਹਾਂ ਨੂੰ ਰੋਕਿਆ ਜਾਵੇ ।

(ਇਸ ਬਾਰੇ ਮਾਨਯੋਗ ਸਪੀਕਰ ਸਾਹਿਬ ਵੱਲੋਂ ਕੋਈ ਰੂਲਿੰਗ ਨਹੀਂ ਆਈ ਪ੍ਰੰਤੂ ਮੈਂਬਰ ਸਾਹਿਬ ਨੇ ਬੈਠੇ ਬੈਠੇ ਕੁਝ ਕਾਗਜ਼ ਵਿਖਾ ਕੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਉਹ ਅਖ਼ਬਾਰ ਨਹੀਂ ਪੜ੍ਹ ਰਹੇ) ।

ਕਾਮਰੇਡ ਅਜੈਬ ਸਿੰਘ ਰੌਂਤਾ : ਮੈਂ ਪੁੱਛ ਰਿਹਾ ਸੀ ਕਿ ਉਥੇ ਮਿਤੀ 19-2-1988 ਨੂੰ ਗੁਰਚਰਨ ਸਿੰਘ ਪੁੱਤਰ ਸ਼੍ਰੀ ਗੁਰਬਚਨ ਸਿੰਘ ਜੋ ਅੰਮ੍ਰਿਤਸਰ ਡਿਪੂ-1 ਪੰਜਾਬ ਰੋਡਵੇਜ ਵਿੱਚ ਪੱਕਾ ਕਰਮਚਾਰੀ ਸੀ ਤੇ ਡਰਾਈਵਰ ਸੀ ਅਤੇ ਡੈਪੂਟੇਸ਼ਨ ਤੇ ਕਾਰਪੋਰੇਸ਼ਨ ਕੋਲ ਆਇਆ ਹੋਇਆ ਸੀ, ਉਸ ਨੂੰ ਅੱਤਵਾਦੀਆਂ ਨੇ 19-2-1988 ਨੂੰ ਮਾਰ ਦਿੱਤਾ । ਤਕਰੀਬਨ 6 ਸਾਲ ਦਾ ਸਮਾਂ ਹੋ ਗਿਆ ਹੈ, ਸਾਡੀ ਪਾਰਟੀ ਦੀ ਆਗੂ ਸ਼੍ਰੀਮਤੀ ਵਿਮਲਾ ਡਾਂਗ ਜੀ ਨੇ ਵੀ ਇਹ ਪੁੱਛਿਆ ਸੀ ਤਾਂ ਏ.ਜੀ. ਸਾਹਿਬ ਨੇ ਕਿਹਾ ਸੀ ਕਿ ਲੋਕਲ ਬਾਡੀਜ਼ ਦੇ ਕਰਮਚਾਰੀ ਨੂੰ ਪੈਨਸ਼ਨ ਤੇ ਬੈਨੀਫਿਟ ਨਹੀਂ ਦਿੱਤੇ ਜਾਣੇ ਪਰ ਉਹ ਤਾਂ ਲੋਕਲ ਬਾਡੀਜ਼ ਦਾ ਡਰਾਈਵਰ ਨਹੀਂ ਸੀ ਸਗੋਂ ਰੋਡਵੇਜ਼ ਦਾ ਡੈਪੂਟੇਸ਼ਨ ਤੇ ਆਇਆ ਡਰਾਈਵਰ ਸੀ । ਕੀ ਸਮਾਂ ਬੱਧ ਕਰਕੇ ਉਸ ਦੀ ਵਿਧਵਾ ਨੂੰ ਜਲਦੀ ਹੀ ਬਣਦੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ ?

ਰਾਜ ਮੰਤਰੀ : ਸਪੀਕਰ ਸਾਹਿਬ, 1980 ਤੋਂ ਪੰਜਾਬ ਵਿੱਚ 3 ਨਗਰ ਨਿਗਮ ਬਣਾਏ ਗਏ । ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ । ਉਸ ਦੇ ਵਿੱਚ ਕੁਝ ਮੁਲਾਜ਼ਮ

Original with;
Punjab Vidhan Sabha
Digitized by;

ਟਰਾਂਜਫਰ ਕੀਤੇ ਗਏ ਸਨ । ਜਿਹੜੇ ਮੁਲਾਜ਼ਮ ਗਏ ਸਨ ਉਹ ਆਪਣੀ ਮਰਜੀ ਦੇ ਨਾਲ ਹੀ ਗਏ ਸਨ । ਇਸ ਕਰਕੇ ਜਿਹੜੇ ਸਰਵਿਸ ਰੂਲਜ਼ ਨਗਰ ਨਿਗਮ ਵਿਚ ਅਪਲਾਈ ਹੁੰਦੇ ਹਨ, ਉਹੀ ਉਨ੍ਹਾਂ ਤੇ ਲਾਗੂ ਹੋਣੇ ਹਨ । ਗੁਰਚਰਨ ਸਿੰਘ ਦੇ ਨਾਲ ਦੂਸਰਾ ਇਕ ਮੁਲਾਜ਼ਮ ਹੈ, ਨਰਿੰਦਰ ਸਿੰਘ ਨੂੰ ਈ. ਐਸ. ਆਈ. ਦੇ ਤਹਿਤ ਪੈਨਸ਼ਨ ਮਿਲਣੀ ਹੈ, ਉਹ 836/- ਰੁਪਏ ਦੇ ਹਿਸਾਬ ਨਾਲ ਮਿਲ ਰਹੀ ਹੈ ।

ਸ੍ਰੀਮਤੀ ਵਿਮਲਾ ਭਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹਾਂਗੀ ਕਿ ਜਿਸ ਪਰਟੀਕੁਲਰ ਕੇਸ ਦਾ ਹਵਾਲਾ ਅਜੈਬ ਸਿੰਘ ਜੀ ਨੇ ਦਿੱਤਾ ਹੈ, ਉਹ ਅੰਮ੍ਰਿਤਸਰ ਨਗਰ ਨਿਗਮ ਵਿੱਚ ਡੈਪੂਟੇਸ਼ਨ ਤੇ ਗਿਆ ਹੋਇਆ ਸੀ ਪਰ ਓਰਿਜਨਲੀ ਤਾਂ ਉਹ ਰੋਡਵੇਜ਼ ਦਾ ਮੁਲਾਜ਼ਮ ਹੈ । ਇਸ ਕਰਕੇ ਉਸ ਨੂੰ ਸਾਰੇ ਬੈਨੀਫਿਟ ਮਿਲਣੇ ਚਾਹੀਦੇ ਹਨ ।

ਦੂਸਰਾ ਜਿਹੜੀ ਲਿਸਟ ਦਿੱਤੀ ਹੈ 12 ਨਾਵਾਂ ਦੀ ਉਸ ਦੇ ਵਿੱਚ 10 ਬਾਰੇ ਡਿਟੇਲ ਨਹੀਂ ਦੱਸੀ ਗਈ । ਕੇਵਲ ਦੋ ਦੀ ਤਫਸੀਲ ਦਿੱਤੀ ਹੈ, ਉਹ ਵੀ ਦੱਸੀ ਜਾਵੇ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਮੁਲਾਜ਼ਮ ਨਗਰ ਨਿਗਮ ਵਿੱਚ ਗਏ ਸੀ, ਉਹ ਡੈਪੂਟੇਸ਼ਨ ਤੇ ਨਹੀਂ ਗਏ ਸਨ ਬਲਕਿ ਪੱਕੇ ਤੌਰ ਤੇ ਗਏ ਸਨ ਅੱਤ ਦੂਸਰੀ ਗੱਲ ਇਹ ਹੈ ਕਿ ਰੋਡਵੇਜ਼ ਦੇ ਇਨ੍ਹਾਂ 12 ਮੁਲਾਜ਼ਮਾਂ ਨੂੰ ਫੈਮਿਲੀ ਪੈਨਸ਼ਨ ਮਿਲ ਰਹੀ ਹੈ । ਦੋ ਕੇਸਾਂ ਵਿੱਚ ਅਕਾਉਟੈਂਟ ਜਨਰਲ ਦੀ ਜਾਣਕਾਰੀ ਨਾ ਮਿਲਣ ਕਾਰਨ ਲੰਬੇ ਪੈ ਗਏ ਹਨ ਪਰ ਉਨ੍ਹਾਂ ਨੂੰ ਫੈਮਿਲੀ ਬੈਨੀਫਿਟਸ ਦੇ ਤੌਰ ਤੇ ਪੈਨਸ਼ਨ ਮਿਲ ਰਹੀ ਹੈ । ਜਦੋਂ ਉਹ ਕਰਾਈਟੇਰੀਏ ਦੀਆਂ ਸਰਤਾਂ ਪੂਰੀਆਂ ਕਰਨਗੇ, ਉਨ੍ਹਾਂ ਨੂੰ ਵੀ ਮਿਲਣ ਲਗ ਜਾਵੇਗੀ ।

ਐਮ. ਐਲ. ਏਜ਼. ਦੀਆਂ ਸੁਰੱਖਿਆ ਗੱਡੀਆਂ ਤੇ ਖਰਚਾ

*2586. **ਸ੍ਰੀ ਸਤਨਾਮ ਸਿੰਘ ਕੈਂਥ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਸਰਕਾਰ ਨੇ ਐਮ. ਐਲ. ਏਜ਼. ਨੂੰ ਉਨ੍ਹਾਂ ਦੀ ਰੱਖਿਆ/ਸੁਰੱਖਿਆ ਲਈ ਜਿਪਸੀਆਂ/ਜੀਪਾਂ ਮੁਹੱਈਆ ਕੀਤੀਆਂ ਹੋਈਆਂ ਹਨ;

(ਅ) ਐਮ. ਐਲ. ਏਜ਼. ਦੀ ਸੁਰੱਖਿਆ ਲਈ ਮੁਹੱਈਆਂ ਕੀਤੀਆਂ ਜਿਪਸੀਆਂ/ਜੀਪਾਂ ਲਈ ਗੱਡੀਆਂ ਮੁਹੱਈਆ ਕੀਤੇ ਜਾਣ ਦੀ ਮਿਤੀ ਤੋਂ ਲੈਕੇ 31 ਦਸੰਬਰ, 1994 ਤੱਕ ਦੇ ਸਮੇਂ ਦੇ ਦੌਰਾਨ ਪੈਟਰੋਲ ਦੀ ਖਪਤ ਤੇ ਕਿੰਨੀ ਰਕਮ ਖਰਚ ਕੀਤੀ ਗਈ ?

Sardar Beant Singh : (a) Yes, Sir.

(b) Rs. 1,93,71,215/-

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਤਨਾਮ ਸਿੰਘ ਕੈਂਥ : ਮਾਨਯੋਗ ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਇੱਕ ਕਰੋੜ ਤਰਾਨਵੇਂ ਲੱਖ ਬਹੱਤਰ ਹਜ਼ਾਰ ਦੋ ਸੌ ਪੰਦਰਾਂ ਰੁਪਏ ਖਰਚ ਹੋਏ ਹਨ । ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਪੈਟਰੋਲ ਜਿਪਸੀਆਂ ਵਿੱਚ ਪੰਜਾਬ ਦੇ ਵੱਖ-ਵੱਖ ਐਮ. ਐਲ. ਏਜ਼. ਨੇ ਪੁਆਇਆ ਹੈ, ਕੀ ਉਨ੍ਹਾਂ ਬਾਰੇ ਬਿਲਾਂ ਦੀ ਪੇਮੈਂਟ ਹੋ ਚੁਕੀ ਹੈ ਜਾਂ ਹੋਣੀ ਬਾਕੀ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਕਾਫੀ ਸਾਰੀ ਹੋ ਚੁੱਕੀ ਹੈ । ਬਾਕੀ ਜਿਹੜੀ ਰਹਿੰਦੀ ਹੈ ਉਹ ਵੀ ਜਲਦੀ ਹੋ ਜਾਵੇਗੀ ਕਿਉਂਕਿ ਜਿਪਸੀਆਂ ਪਹਿਲਾਂ ਪੁਲਿਸ ਡਿਪਾਰਟਮੈਂਟ ਕੋਲ ਸਨ ਅਤੇ ਫਿਰ ਟਰਾਂਸਪੋਰਟ ਡਿਪਾਰਟਮੈਂਟ ਨੂੰ ਦੇ ਦਿੱਤੀਆਂ ਗਈਆਂ । ਨੌ ਹਜ਼ਾਰ ਦੇ ਕਰੀਬ ਟਰਾਂਸਪੋਰਟ ਡਿਪਾਰਟਮੈਂਟ ਨੇ ਪੈਸਾ ਖਰਚਿਆ ਹੈ ਅੌਰ ਮੈਂ ਸਮਝਦਾ ਹਾਂ ਕਿ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਪੈਟਰੋਲ ਦੇ ਬਿਲਾਂ ਦੀ ਅਦਾਇਗੀ ਕੀਤੀ ਜਾਵੇ ।

ਸ਼੍ਰੀ ਸਤਨਾਮ ਸਿੰਘ ਕੈਂਥ : ਮਾਨਯੋਗ ਸਪੀਕਰ ਸਾਹਿਬ, ਮੁਖ ਮੰਤਰੀ ਜੀ ਨੇ ਕਿਹਾ ਹੈ ਕਿ ਇਕ ਕਰੋੜ ਤਰਾਨਵੇਂ ਲੱਖ ਬਹੱਤਰ ਹਜ਼ਾਰ ਦੋ ਸੌ ਪੰਦਰਾਂ ਰੁਪਏ ਖਰਚ ਹੋਏ ਹਨ । ਕੀ ਸਾਰੇ ਪੈਟਰੋਲ ਬਿਲਾਂ ਦਾ ਭੁਗਤਾਨ ਹੋ ਚੁੱਕਾ ਹੈ ਜਾਂ ਨਹੀਂ ? ਕਿਉਂਕਿ ਬਹੁਤ ਸਾਰੇ ਪੈਟਰੋਲ ਪੰਪ ਅਜਿਹੇ ਰਹਿੰਦੇ ਹਨ ਜਿਨ੍ਹਾਂ ਦੀ ਪੇਮੈਂਟ ਨਹੀਂ ਹੋਈ । ਕਈ ਪੈਟਰੋਲ ਪੰਪ ਵਾਲਿਆਂ ਨੇ ਐਮ. ਐਲ.ਏਜ਼. ਨੂੰ ਪੈਟਰੋਲ ਦੇਣਾ ਬੰਦ ਕੀਤਾ ਹੋਇਆ ਹੈ । ਕੀ ਮੁੱਖ ਮੰਤਰੀ ਜੀ ਇਹ ਯਕੀਨ ਦਿਵਾਉਣਗੇ ਕਿ ਜਲਦੀ ਤੋਂ ਜਲਦੀ ਭੁਗਤਾਨ ਹੋ ਜਾਵੇਗਾ ?

ਸ਼੍ਰੀ ਸਪੀਕਰ : ਉਨ੍ਹਾਂ ਨੇ ਤਾਂ ਕਿਹਾ ਹੈ ਕਿ ਬਾਕੀ ਪੇਮੈਂਟ ਕਰ ਦਿਆਂਗੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਅਸੀਂ ਇੰਸ ਵਾਸਤੇ ਕਮਿਟਿਡ ਹਾਂ ਕਿ ਪੈਟਰੋਲ ਦੇ ਬਿਲਾਂ ਦੀ ਪੇਮੈਂਟ ਦੇਣੀ ਹੈ ਅੌਰ ਸਾਡੀ ਪਾਲਿਸੀ ਹੈ ਕਿ ਕਿਸੇ ਦਾ ਨਾ ਛੱਡੀਏ । ਲੇਕਿਨ ਮੈਂ ਮੁਆਫੀ ਚਾਹੁੰਦਾ ਹਾਂ ਅੌਰ ਕਹਿਣਾ ਚਾਹੁੰਦਾ ਹਾਂ ਕਿ ਲੀਡਰ ਆਫ਼ ਦੀ ਆਪੋਜ਼ੀਸ਼ਨ ਬੜੇ ਹੀ ਮਾਨਯੋਗ ਰਿਸਪੈਕਟਿਡ ਮੈਂਬਰ ਹਨ । ਇਹ ਐਮ. ਐਲ. ਏ. ਦਾ ਫਿਕਰ ਘੱਟ ਰੱਖਦੇ ਹਨ ਅਤੇ ਪੈਟਰੋਲ ਦਾ ਜ਼ਿਆਦਾ ਰੱਖਦੇ ਹਨ ।

ਰਾਜ ਵਿੱਚ ਦਰਜ ਕੀਤੇ ਗਏ ਕਤਲ ਦੇ ਕੇਸ

*2504. **ਸ਼੍ਰੀ ਰਮੇਸ਼ ਦੱਤ ਸ਼ਰਮਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਸਾਲ 1993-94 ਅਤੇ 1994-95 (ਮਿਤੀ ਅੰਤ) ਦੌਰਾਨ ਵੱਖ-ਵੱਖ ਥਾਣਿਆਂ ਵਿੱਚ ਦਰਜ ਕੀਤੇ ਗਏ ਕਤਲ ਦੇ ਕੇਸਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ ?

Sardar Beant Singh : Requisite information is laid on the Table of the House.

Original with;
Punjab Vidhan Sabha
Digitized by;
Panjab Digital Library

INFORMATION

Sr. No.	Police Districts	Year 1993	Year 1994	Up to Jan., 31st 1995
1	2	3	4	5
1.	Majitha	27	25	4
2.	Hoshiarpur	3	37	4
3.	Ropar	20	23	2
4.	Amritsar	39	33	3
5.	Barnala	21	16	2
6.	Ferozepur	70	76	12
7.	Ludhiana	35	45	4
8.	Jagraon	29	14	4
9.	Patiala	53	56	4
10.	Tarn Taran	46	34	4
11.	Kapurthala	13	14	3
12.	Sangrur	37	34	4
13.	Batala	26	20	2
14.	Gurdaspur	16	31	4
15.	Bathinda	40	43	1
16.	Jalandhar	98	71	7
17.	Khanna	12	6	1
18.	F. G. Sahib	18	20	—
19.	Faridkot	62	51	3
20.	Mansa	23	27	3
	Total	718	676	71

ਸ਼੍ਰੀ ਤਮੇਜ਼ ਚੰਤ ਸ਼ਰਮਾ : ਮਾਨਯੋਗ ਸਪੀਕਰ ਸਾਹਿਬ, ਜਿਹੜੀ ਮੁੱਖ ਮੰਤਰੀ ਜੀ ਨੇ ਇਨਫਰਮੇਸ਼ਨ ਦਿੱਤੀ ਹੈ, ਉਸ ਮੁਤਾਬਿਕ 1993 ਵਿੱਚ 718 ਕੇਸ, 1994 ਵਿਚ 676 ਕੇਸ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਮੇਸ਼ ਦੱਤ ਸ਼ਰਮਾ]

ਅੰਦਰ 1995 ਵਿੱਚ 71 ਕੇਸ ਹਨ ? ਕੀ ਮਾਨਯੋਗ ਮੁੱਖ ਮੰਤਰੀ ਜੀ ਦੱਸਣਗੇ ਕਿ ਜਿਹੜੇ ਸੈਂਕੜਿਆਂ ਦੀ ਤਾਦਾਦ ਦੇ ਕਤਲ ਕੇਸ ਘੱਟ ਹੋਏ ਹਨ, ਕੀ ਉਸ ਪਿੱਛੇ ਅੱਤਵਾਦੀਆਂ ਨੂੰ ਨੱਥ ਪਾਉਣ ਦੀ ਗੱਲ ਹੈ ਜਾਂ ਕੋਈ ਹੋਰ ਸਟੈਪਸ ਚੁੱਕੇ ਗਏ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਅੱਤਵਾਦ ਕਾਰਨ ਮਰਡਰ ਕੇਸ ਹੁਣ ਘੱਟ ਹੋਏ ਹਨ ਲੇਕਿਨ ਨਾਰਮਲੀ ਜ਼ਮੀਨ ਦੇ ਝਗੜੇ ਜਾਂ ਹੋਰ ਇਸ ਤਰ੍ਹਾਂ ਦੇ ਝਗੜੇ ਹਨ,ਉਨ੍ਹਾਂ ਵਿੱਚ ਕਤਲ ਕੇਸ ਹੋਏ ਹਨ । ਮੈਂ ਸਮਝਦਾ ਹਾਂ ਕਿ ਕਤਲ ਕੇਸ ਘਟੇ ਹਨ ਅੰਦਰ ਟੈਰੋਰਿਜ਼ਮ ਤੇ ਕੰਟਰੋਲ ਕੀਤਾ ਹੈ ।

ਸ਼੍ਰੀ ਮਦਨ ਮੋਹਨ ਮਿੱਤਲ : ਸਰ, ਮੁੱਖ ਮੰਤਰੀ ਜੀ ਨੇ ਸਾਰੇ ਮਰਡਰ ਕੇਸਾਂ ਦੀ ਟੋਟਲ ਜਾਣਕਾਰੀ ਦਿੱਤੀ ਹੈ । ਮੈਂ ਜਾਣਨਾ ਚਾਹੁੰਦਾ ਹਾਂ ਕਿ ਇਸ ਵਿਚ ਟੈਰੋਰਿਜ਼ਮ ਕਰਾਇਮ ਅਤੇ ਆਰਡੀਨਰੀ ਕਿੰਨੇ ਕਿੰਨੇ ਕੇਸ ਹਨ ? ਇਸ ਤੋਂ ਬਾਅਦ ਹੀ ਆਈਡੀਆ ਲੱਗ ਸਕਦਾ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, 1995 ਦਾ ਸਾਲ ਜਾ ਰਿਹਾ ਹੈ । 1994 ਬਾਰੇ ਜਵਾਬ ਦੇ ਦਿੱਤਾ ਹੈ । ਬਾਕੀ ਇਹ ਦੁਬਾਰਾ ਸਵਾਲ ਕਰ ਲੈਣ ਲੇਕਿਨ ਟੈਰੋਰਿਜ਼ਮ ਕਾਰਨ ਮਰਡਰ ਦੇ ਬਹੁਤ ਹੀ ਘੱਟ ਕੇਸ ਹਨ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਸੰਨ 93 ਦੀ 718 ਦੀ ਫਿਗਰ ਦਿੱਤੀ ਹੈ ਅੰਦਰ 94 ਦੀ 676 ਦੀ ਲਿਸਟ ਦਿੱਤੀ ਹੈ ਅੰਦਰ ਅਪ ਟੂ ਜਨਵਰੀ ਤੱਕ ਦੀ ਲਿਸਟ ਦਿੱਤੀ ਹੈ । ਇਹ ਜਿਹੜੀ ਮਰਡਰ ਦੀ ਰੇਸ਼ੋ ਹੈ ਕੀ ਇਹ ਅੱਤਵਾਦ ਕੱਢਣ ਤੋਂ ਬਾਅਦ ਹੈ ? because we have to see index of crime, now a days ਅੱਤਵਾਦ ਕੇਸਿਜ਼ ਨੂੰ ਨਿਕਾਲ ਕੇ ਮਰਡਰ ਕੇਸ ਵਧੇ ਹਨ ਜਾਂ ਘਟੇ ਹਨ ।

ਮੁੱਖ ਮੰਤਰੀ : ਮੈਂ ਬੇਨਤੀ ਕੀਤੀ ਹੈ, ਸਪੀਕਰ ਸਾਹਿਬ, ਕਿ ਇਹ ਜਿਹੜੇ ਕਰਾਇਮ ਦੇ ਕੇਸ ਹਨ ਇਨ੍ਹਾਂ ਵਿੱਚ ਕਈ ਜ਼ਮੀਨਾਂ ਦੇ ਕੇਸ ਆ ਜਾਂਦੇ ਹਨ ਅਤੇ ਕਈ ਹੋਰ ਆ ਜਾਂਦੇ ਹਨ, ਮਾਨਯੋਗ ਮੈਂਬਰ ਸਾਹਿਬ ਵੀ ਬਖਾਇਦਾ ਜਾਣਦੇ ਹਨ ਲੇਕਿਨ ਇਥੇ ਗੱਲ ਪਿੱਛਲੇ ਸਾਲਾਂ ਦੇ ਕਰਾਈਮ ਦੀ ਹੈ । ਇਸ ਵਿੱਚ ਇਸ ਦਾ ਸਵਾਲ ਪੈਦਾ ਨਹੀਂ ਹੋਣਾ ।

ਨਿਸ਼ਾਨਵਾਲਾ ਪ੍ਰਸ਼ਨ ਨੰਬਰ 2597

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।)

ਪੰਜਾਬ ਪੁਲਿਸ ਦੇ ਕਬਜ਼ੇ ਅਧੀਨ ਇਮਾਰਤਾਂ

*2247. **ਸ਼੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਜ਼ਿਲ੍ਹਾ ਲੁਧਿਆਣਾ ਵਿਚ ਜਗਰਾਉਂ ਵਿਖੇ ਪੰਜਾਬ ਪੁਲਿਸ ਅਤੇ/ਜਾਂ ਸੀ.ਆਈ.ਏ. ਸਟਾਫ ਨੇ ਕਿਸੇ ਜਨਤਕ ਧਰਮਸ਼ਾਲਾ ਤੇ ਕਬਜ਼ਾ ਕੀਤਾ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਇਹ ਧਰਮ-ਸ਼ਾਲਾਵਾਂ ਕਦੋਂ ਤੋਂ ਅਤੇ ਕਿਸ ਮੰਤਵ ਲਈ ਕਬਜ਼ੇ ਅਧੀਨ ਹਨ;

Original with;
Punjab Vidhan Sabha
Digitized by;
Panjab Digital Library

(ਅ) ਕੀ ਉਪਰੋਕਤ ਭਾਗ (ਓ) ਵਿਚ ਵਰਣਿਤ ਇਮਾਰਤਾਂ ਲਈ ਕੋਈ ਕਿਰਾਇਆ ਅਦਾ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਨੂੰ ਕਦੋਂ ਤੱਕ ਖਾਲੀ ਕੀਤੇ ਜਾਣ ਦੀ ਸੰਭਾਵਨਾ ਹੈ ?

Sardar Beant Singh : (a) Yes sir, one Daramshala is under occupation of C. I. A. Staff Jagraon, Since 1988. The building is being used as Barrack accommodation for other ranks & partly as an interrogation centre.

(b) No. Sir. As soon as an alternative site is located it will be vacated.

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹਾਂਗੀ ਕਿ ਅੱਤਵਾਦ ਦੇ ਦੌਰ ਦੇ ਵਿੱਚ ਬਹੁਤ ਧਰਮਸ਼ਾਲਾਵਾਂ ਲੈ ਲਈਆਂ ਗਈਆਂ, ਹੁਣ ਤਾਂ ਅਮਨ ਹੈ, ਇਹ ਇਲਲੀਗਲ ਆਕੂਪੇਸ਼ਨ ਸਰਕਾਰ, ਨੇ ਜੋ ਬਗੈਰ ਕਿਰਾਇਆ ਦਿੱਤਿਆਂ ਧਰਮਸ਼ਾਲਾਵਾਂ ਤੇ ਕਬਜ਼ਾ ਕੀਤਾ ਹੈ, ਕੀ ਇਹ ਐਸ਼ੋਰੈਂਸ ਦਿੱਤੀ ਜਾਏਗੀ ਕਿ ਉਹ ਜਲਦੀ ਤੋਂ ਜਲਦੀ ਵਾਕੇਟ ਹੋਣਗੀਆਂ ?

ਮੁੱਖ ਮੰਤਰੀ : ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਜਗਰਾਉਂ ਦੇ ਅੰਦਰ ਟੈਰੋਰਿਜ਼ਮ ਦੇ ਜ਼ਮਾਨੇ ਵਿਚ ਬੜੇ ਭਾਰੀ ਮਰਡਰ ਹੋਏ, ਬੜੇ ਕਤਲ ਹੋਏ । ਤੁਸੀਂ ਵੀ ਉਸ ਜ਼ਿਲ੍ਹੇ ਨੂੰ ਬਿਲਾਂਗ ਕਰਦੇ ਹੋ, ਉਥੇ ਪੁਲਿਸ ਦਾ ਜ਼ਿਲ੍ਹਾ ਬਣਾਇਆ ਔਰ ਅਕਾਮੋਡੇਸ਼ਨ ਲਈ ਅਸੀਂ ਧਰਮਸ਼ਾਲਾ ਲੈ ਲਈ, ਲੋਕਾਂ ਨੇ ਖੁਸ਼ ਹੋ ਕੇ ਦਿੱਤੀ । ਅਗਰ ਉਹ ਗੈਰ-ਕਾਨੂੰਨੀ ਹੈ ਤਾਂ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਹੋਰ ਅਕਾਮੋਡੇਸ਼ਨ ਲਈਏ । ਅਗਰ ਕੋਈ ਕਿਰਾਇਆ ਮੰਗੇਗਾ ਤਾਂ ਅਸੀਂ ਦਿਆਂਗੇ । ਬੇਸ਼ੱਕ ਅਮਨ ਹੋ ਗਿਆ ਫਿਰ ਵੀ ਇਹ ਸਟਾਫ ਜ਼ਰੂਰ ਰੱਖਣਾ ਪੈਂਦਾ ਹੈ ।

ਜ਼ਿਲ੍ਹਾ ਸੰਗਰੂਰ ਵਿੱਚ ਪੁਲਿਸ ਹਿਰਾਸਤ ਵਿੱਚ ਹੋਈਆਂ ਕਥਿਤ ਮੌਤਾਂ ਦੀ ਗਿਣਤੀ

*2396. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ---

(ਓ) ਨਵੰਬਰ ਅਤੇ ਦਸੰਬਰ, 1994 ਮਹੀਨਿਆਂ ਦੌਰਾਨ ਜ਼ਿਲ੍ਹਾ ਸੰਗਰਰ ਦੇ ਵੱਖ ਵੱਖ ਥਾਣਿਆਂ ਵਿੱਚ ਪੁਲਿਸ ਹਿਰਾਸਤ ਵਿੱਚ ਕੁੱਲ ਕਿੰਨੇ ਵਿਅਕਤੀਆਂ ਦੀ ਮੌਤ ਹੋਈ;

(ਅ) ਉਕਤ ਮਾਰੇ ਗਏ ਵਿਅਕਤੀਆਂ ਦੇ ਨਾਮ ਅਤੇ ਪਤੇ ਕੀ ਹਨ;

(ਏ) ਕੀ ਇਨ੍ਹਾਂ ਮੌਤਾਂ ਦੇ ਕਾਰਨਾਂ ਦੀ ਜਾਂਚ ਕਰਵਾਈ ਗਈ, ਜੇਕਰ ਅਜਿਹਾ ਹੈ ਤਾਂ ਪੜਤਾਲ ਰਿਪੋਰਟ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

Sardar Beant Singh : (a) One person,

(b) Shri Nirmal Singh s/o Gurnam Singh, Resident of Tajoke, Police Station Tappa.

(c) Yes, Sir. The S.D.M., Barnala has been directed to conduct enquiry under section 176 Cr. P.C., report of which is still awaited

Original with; Punjab Vidhan Sabha Digitized by; Panjab Digital Library

ਕਾਮਰੇਡ ਹਰਦੇਵ ਅਰਸ਼ੀ, ਸਪੀਕਰ ਸਾਹਿਬ, ਮੈਨੂੰ ਅਫਸੋਸ ਹੈ ਕਿ ਜਾਣਕਾਰੀ ਪੂਰੀ ਨਹੀਂ ਦਿੱਤੀ ਜਾਂਦੀ, ਮੈਂ ਤੁਹਾਡੇ ਰਾਹੀਂ ਜਾਣਕਾਰੀ ਲੈਣਾ ਚਾਹੁੰਦਾ ਹਾਂ। ਇਨ੍ਹਾਂ ਨੇ ਨਵੰਬਰ ਅਤੇ ਦਸੰਬਰ, 1994 ਦੌਰਾਨ ਦੱਸਿਆ ਕਿ ਇਕ ਬੰਦੇ ਦੀ ਪੁਲਿਸ ਕਸਟਡੀ ਵਿਚ ਮੌਤ ਹੋਈ। ਗੁਰਨਾਮ ਸਿੰਘ ਪੁੱਤਰ ਜਗਰੂਪ ਸਿੰਘ, ਸਬ-ਡਵੀਜਨ ਬੁਢਲਾਡਾ, ਥਾਣਾ ਲਹਿਰਾ ਵਿਚੋਂ 27 ਨਵੰਬਰ ਨੂੰ ਮਾਈਨਰ ਕੇਸ ਵਿਚ ਫੜ ਕੇ ਲੈ ਗਈ, ਉਸ ਦੇ ਪੇਰੈਂਟਸ ਉਸਨੂੰ ਥਾਣੇ ਵਿਚ ਮਿਲੇ ਹਨ, ਫਿਰ ਉਸ ਦੀ ਲਹਿਰਾਗਾਗਾ ਪੁਲਿਸ ਕਸਟਡੀ ਵਿਚ ਮੌਤ ਹੋ ਗਈ। ਫਿਰ ਵਾਰਸਾਂ ਨੂੰ ਦੱਸੇ ਤੋਂ ਬਿਨਾ ਡਿਸਟ੍ਰਿਕਟ ਹਸਪਤਾਲ ਵਿਚੋਂ ਪੋਸਟਮਾਰਟਮ ਕਰਵਾ ਕੇ ਸੰਸਕਾਰ ਕਰ ਦਿੱਤਾ। ਡਿਪਟੀ ਕਮਿਸ਼ਨਰ ਨੇ ਐਸ.ਡੀ.ਐਮ. ਨੂੰ ਪੁਲਿਸ ਕਸਟਡੀ ਵਿਚ ਹੋਈ ਮੌਤ ਬਾਰੇ ਇਨਕੁਆਰੀ ਲਈ ਕਿਹਾ। ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕੇਵਲ ਇਕ ਕੇਸ ਦਾ ਜਿਕਰ ਕੀਤਾ ਹੈ, ਜਿਹੜਾ ਕੇਸ ਬਕਾਇਦਾ ਠੋਸ ਤੱਥ ਦੇ ਕੇ ਪੇਸ਼ ਕੀਤਾ, ਉਸ ਦਾ ਜਿਕਰ ਕਿਉਂ ਨਹੀਂ ਕੀਤਾ ਗਿਆ ?

ਮੁੱਖ ਮੰਤਰੀ : ਸੰਗਰੂਰ ਜ਼ਿਲ੍ਹੇ ਦਾ ਪੁੱਛਿਆ ਗਿਆ ਸੀ। ਅਗਰ ਇਨ੍ਹਾਂ ਨੂੰ ਹੋਰ ਇਨਫਰਮੇਸ਼ਨ ਚਾਹੀਦੀ ਹੈ ਤਾਂ ਸੈਪਰੇਟ ਸਵਾਲ ਦੇ ਦੇਣ।

ਕਾਮਰੇਡ ਹਰਦੇਵ ਅਰਸ਼ੀ, ਸਪੀਕਰ ਸਾਹਿਬ, ਮੈਂ ਸੰਗਰੂਰ ਡਿਸਟ੍ਰਿਕਟ ਦੀ ਗੱਲ ਹੀ ਕਰ ਰਿਹਾ ਹਾਂ। ਲਹਿਰਾਗਾਗਾ ਡਿਸਟ੍ਰਿਕਟ ਸੰਗਰੂਰ ਵਿਚ ਫਾਲ ਕਰਦਾ ਹੈ। ਜਿਹੜਾ ਬੰਦਾ ਪੁਲਿਸ ਕਸਟਡੀ ਵਿਚ ਮਰਿਆ, ਉਹ ਮੇਰੀ ਕੰਸਟੀਚੂਐਂਸੀ ਦੇ ਨਾਲ ਲਗਦਾ ਹੈ, ਇਸ ਕਰਕੇ ਇਹ ਸਵਾਲ ਪੁੱਛਿਆ ਗਿਆ, ਜਿਸ ਦਾ ਜਿਕਰ ਨਹੀਂ ਕੀਤਾ ਗਿਆ। ਐਸ.ਡੀ.ਐਮ. ਕੋਲ ਅੱਜ ਵੀ ਇਨਕੁਆਇਰੀ ਪੈਂਡਿੰਗ ਹੈ। ਇਨਕੁਆਇਰੀ ਵੀ ਇਸ ਕਰਕੇ ਲਾਈ ਹੈ, 'ਮੁਆਫ਼ ਕਰਨਾ' ਕਿਉਂਕਿ ਹਿਊਮੈਨ ਰਾਈਟਸ ਕਮਿਸ਼ਨ ਨੇ ਸਾਰੇ ਡਿਪਟੀ ਕਮਿਸ਼ਨਰਜ਼ ਨੂੰ ਕਿਹਾ ਕਿ ਕਿਤੇ ਵੀ ਪੁਲਿਸ ਕਸਟਡੀ ਵਿਚ ਡੈਥ ਹੋਵੇ, ਉਸ ਦੀ ਇਨਕੁਆਇਰੀ ਕਰਨੀ ਹੈ। ਇਸ ਨੂੰ ਮੱਦੇ ਨਜ਼ਰ ਰੱਖਦੇ ਹੋਏ ਮੈਂ ਜਾਣਨਾ ਚਾਹਾਂਗਾ ਕਿ ਇਸ ਦਾ ਜ਼ਿਕਰ ਕਿਉਂ ਨਹੀਂ ਕੀਤਾ ਗਿਆ ?

ਮੁੱਖ ਮੰਤਰੀ: ਇਸ ਦੀ ਤਹਿਕੀਕਾਤ ਕਰਵਾ ਲਵਾਂਗੇ ਜੀ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2524

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

'ਸੁੰਦਰ ਗ੍ਰਾਮ' ਅਤੇ 'ਉੱਨਤ ਗ੍ਰਾਮ' ਸਕੀਮਾਂ ਲਈ ਫੰਡਾਂ ਦੀ ਵੰਡ

*2609. **ਸ਼੍ਰੀ ਰਾਜਿੰਦਰ ਕੁਮਾਰ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਆਦਮਪੁਰ ਅਤੇ ਭੋਗਪੁਰ ਬਲਾਕਾਂ, ਜ਼ਿਲ੍ਹਾ ਜਲੰਧਰ ਵਿਚ ਫ਼ਰਵਰੀ, 1992 ਤੋਂ ਫਰਵਰੀ, 1995 ਤੱਕ ਦੇ ਸਮੇਂ ਦੌਰਾਨ 'ਸੁੰਦਰ ਗ੍ਰਾਮ' ਸਕੀਮ ਅਤੇ 'ਉਨਤ ਗ੍ਰਾਮ ਸਕੀਮ' ਅਧੀਨ ਸਾਲਵਾਰ ਗ੍ਰਾਂਟ ਵਜੋਂ ਕਿੰਨੀ ਰਕਮ ਵੰਡੀ ਗਈ ;

(ਅ) ਅਜਿਹੇ ਪਿੰਡਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਵਿਚ ਉਪਰੋਕਤ ਗ੍ਰਾਂਟਾਂ ਵੰਡੀਆਂ ਗਈਆਂ ਸਨ ਅਤੇ ਕਿੰਨੀ ਰਕਮ ਦਿੱਤੀ ਗਈ;

Original with;
Punjab Vidhan Sabha
Digitized by:
Panjab Digital Library

(ਏ) ਕੀ ਕੀਤੇ ਗਏ ਸਾਰੇ ਕੰਮਾਂ ਸਬੰਧੀ ਵਰਕ ਬੁਕਸ ਭਰ ਲਈਆਂ ਗਈਆਂ ਹਨ ?

Shri Santokh Singh Chaudhary (Chief Parliamentary Secretary):

(a) Statement 'A' is laid on the Table of the House.

(b) Statement 'B' is laid on the Table of the House.

(c) Yes Sir.

Statement 'A'

Sr. No.	Year	Block	Name of Scheme	Amount Allocated
1	2	3	4	5
1.	1991-92	Bhogpur	Sunder Gram Scheme	12,28,710
2.	1992-93	,,	Unnat Gram Scheme	16,72,600
3.	1993-94	,,	-do-	44,05,000
4.	1994-95	,,	-do-	27,25,000
5.	1991-92	Adampur	Sunder Gram Scheme	5,43,855
6.	1992-93	,,	Unnat Gram Scheme	13,81,000
7.	1993-94	,,	-do-	60,47,000
8.	1994-95	,,	-do-	11,10,000
			Total :	1,91,13,167

Block Bhogpur

Distt. Jalandhar **Sunder Gram Scheme** **Year 1991-92**

Sr. No.	Name of Village	Amount of Grant
1	2	3
1.	Dalli	1,45,300.00
2.	Ghorewahi	1,45,500.00
3.	Sanaura	1,45,500.00
4.	Bhatnura Labana	1,45,500.00
5.	Mansoorpur	1,45,500.00
6.	Jamalpur	1,45,500.00
7.	Gehlar	1,45,500.00
8.	Kotli Aranian	1,45,500.00
9.	Jallowal	64,710.00
	Total :	12,28,710.00

Unnat Gram Scheme Year 1992-93

1.	Moga		2,00,000.00
2.	Shaffipur	..	2,00,000.00
3.	Singhpur	..	1,85,000.00
4.	Bullowal	..	1,56,000.00
5.	Alamgir	..	1,59,000.00
6.	Kotli Sajawar	..	93,000.00
7.	Khojpur	..	2,09,000.00

Original with;
Punjab Vidhan Sabha
Digitized by;
Panjab Digital Library

[Chief Parliamentary Secretary]

1	2		3
8.	Kandnala Guru		2,19,000.00
9,	Jaffal Jhingur	..	1,50,000.00
10.	Binpalke	..	1,00,000.00
		Total	16,72,600.00
Year 1993-94			
1.	Khanke Fatehgar	..	1,00,000.00
2.	Rajpur	..	1,00,000.00
3.	Kotli Sajawar	..	1,00,000.00
4.	Kurala	..	1,00,000.00
5.	Behraml-Sarista	..	1,00,000.00
6.	Mahadipur	..	1,00,000.00
7.	Rani Bhati	..	1,00,000.00
8.	Cholang	..	1,00,000.00
9.	Saffipur	..	80,000.00
10.	Patial	..	1,00,000.00
11.	Gehlar	..	1,00,000.00
12.	Singhpur	..	1,00,000.00
13.	Sarakpur	..	1,00,000.00
14.	Bula	..	50,000.00
15.	Muridpur	..	50,000.00
16.	Gehlar	..	1,00,000.00
17.	Daudpur	..	1,00,000.00
18.	Sadana	..	1,00,000.00
19.	Bhel	..	1,00,000.00
20.	Pandori	..	1,00,000.00
21.	Nangal Fida	..	1,00,000.00
22.	Bhudian	..	1,00,000.00
23.	Kharal Kalan	..	1,00,000,00
24.	Dingrian	..	1,00,000,00
25.	Nahal	..	1,00,000.00
26.	Khojkipur	..	1,00,000.00
27.	Damuli	..	1,00,000.00
28.	Bhatnura Labana	..	1,00,000.00
29,	Kandhalal Guru	..	1,00,000.00
		Total	27,80,000.00
30.	Khoja	..	1,25,000.00
31.	Chamiari	..	1,00,000.00
32.	Tandi	..	1,00,000,00
33.	Sanaura	..	1,00,000.00
34.	Jabowal Colony	..	1,00,000.00
35.	Chakskoor	..	50,000.00

Original with;
Punjab Vidhan Sabha
Digitized by;
Punjab Digital Library

1	2		3
36.	Khojpur		50,000.00
37.	Mokal	..	50,000.00
38.	Alamgir	..	50,000.00
39.	Pachrangen	..	2,00,000.00
40.	NaJke	..	1,00,000.00
41.	Dingerian		1,00,000.00
42.	Vadhala	..	1,00,000,00
43.	Akhara	..	4,00,000.00
44.	Laroan	..	1,00,000.00
45.	Bulle	..	50,000.00
46.	Khanke Fatehgar	..	50,000.00
		Total :	44,05,000.00
Year 1994-95			
1.	Manakrai	..	1,50,000.00
2.	Alamgir	..	50,000.00
3.	Muhadipur	..	1,00,000.00
4.	Jalowal	..	75,000.00
5.	Kotli Sajawar	..	75,000.00
6.	Santhash	..	50,000.00
7.	Kingral Chowala	..	75,000.00
8.	Siakanderpur	..	50,000.00
9.	Saffipur	..	50,000.00
10.	Mali Nangal	..	50,000.00
11.	Mansoorpur	..	1,00,000.00
12.	Thamoli	..	1,00,000.00
13.	Itanbathi	..	1,00,000.00
14.	Laroan	..	1,00,000.00
15.	Jandir	..	1,00,000.00
16.	Sohalpur	..	1,00,000.00
17.	Jamalpur	..	1,00,000.00

Original with;
Punjab Vidhan Sabha
Digitized by;
Panjab Digital Library

[Chief Parliamentary Secretary]

1	2		3
18.	Bhel	..	1,00,000.00
19.	Chaksakoor	..	50,000.00
20.	Bhataura Labhana	..	1,00,000.00
21.	Patial	..	50,000,00
22.	Ladhra	..	1,00,000.00
23.	Sitalpur	..	1,00,000.00
24.	Kohje	..	1,00,000.00
25.	Behram Sarista	..	1,00,000.00
26.	Laroan	..	70,000.00
27.	Bhel	..	95,000.00
28.	Fundhalai	..	75,000.00
29	Chakskoor	..	75,000.00
30.	Patial	..	75,000.00
31.	Kurala	..	1,00,000.00
32.	Giganwal	..	60,000.00
33.	Sagranwali	..	50,000.00
		Total..	27,25,000.00

Statement 'B'

District Jalandhar Block Adampur

Sunder Gram Scheme Year 1991-92

Sr. No.	Name of village		Amount of Grant
1	2		3
1.	Marlar	..	1,30,805.00
2.	Jandu Singha	..	1,45,500.00
3.	Kalra	..	1,45,500.00
4.	Mahmudpur	..	38,547.00
5.	Talwara	..	83,505.00
		Total..	5,43,857.00

Original with;
Punjab Vidhan Sabha
Digitized by;
Panjab Digital Library

Unnat Gram Scheme Year 1992-93

1	2		3
1.	Jandu Singh	..	4,50,000.00
2.	Damunda	..	2,00,000.00
3.	Haripur	..	2,00,000.00
4.	Masanian	..	1,31,400.00
5.	Kishanpur	..	2,00,000.00
6.	Dhandaur	..	2,00,000.00
		Total	13,81,000.00

Year 1993-94

1.	Dulandpur	..	1,00,000.00
2.	Jandu Singha	..	2,00,000.00
3.	Raipur Rasoolpur	..	2,00,000.00
4.	Padhiana	..	1,00,000.00
5.	Khurdpur	..	1,00,000.00
6.	Chudhiarar	..	1,00,000.00
7.	Sikanderpur	..	1,00,000.00
8.	Mandera	..	1,00,000.00
9.	Lotera Kalan	..	1,00,000.00
10.	Daroli Kalan	..	1,00,000.00
11.	Kandhola	..	1,00,000.00
12.	Narangpur	..	1,00,000.00
13.	Khichipur	..	1,00,000.00
14.	Kapurpind	..	1,00,000.00
15.	Madar	..	2,00,000.00
16.	Raowal	..	1,00,000.00
17.	Jandu Singha	..	1,00,000.00
18.	Narangpur	..	2,00,000.00
19.	Narangpur	..	2,00,000.00
20.	Khichipur	..	1,50,000.00
21.	Kapur Pind	..	1,00,000.00

Original with;
Punjab Vidhan Sabha
Digitized by;
Panjab Digital Library

[Chief Parliamentary Secretary]

	2		3
22.	Muradpur	..	1,00,000.00
23.	Daulatpur	..	1,00,000.00
24.	Jaipot	..	1,00,000.00
25.	Dhandaur	..	1,00,000.00
26.	Noorpur	..	1,00,000.00
27.	Kandhar	..	1,00,000.00
28.	Haripur	..	1,00,000.00
29.	Chamon	..	1,00,000.00
30.	Manako	..	2,00,000.00
31.	Diyantpur	..	1,00,000.00
32.	Jalalabad	..	75,0 00.00
33.	Lotera Khurad	..	1,00,000.00
34.	Talwara	..	75,000.00
35.	Jagraon	..	75,000.00
36.	Daroli Khurad	..	1,00,000.00
37.	Desariwali	..	1,00,000.00
38.	Arjanwal	..	75,000.00
39.	Kotli Sheikhan	..	75,000.00
40.	Dhehpur	..	75,000.00
41.	Talwandi Ararian	..	75,000,00
42.	Jalbheh	..	75,000.00
43.	Duhre	..	75,000.00
44.	Narangpur	..	2,01,000.00
45.	Khichupur	..	2,00,000.00
46.	Kapur Pind	..	1,00,000.00
47.	Raowali	..	50,000.00
48.	Kandiana	..	1,00,000.00
49.	Jandu Singha	..	2,00,000.00
50.	Daroli Khurad	..	1,67,000.00
51.	Duhre	..	1,24,000.00
		Total ..	60,47,000.00

Original with;
Punjab Vidhan Sabha
Digitized by;
Panjab Digital Library

Unnat Gram Scheme Year 1994-95

1	2	3
1.	Bhuthiara ..	75,000.00
2.	Kishanpur	75,000.00
3.	Kalra ..	1,00,000.00
4.	Chaharwali ..	1,00,000.00
5.	Mander ..	75,000.00
6.	Udesian ..	75,000.00
7.	Ghurial	1,10,000.00
8.	Dehpur	50,000.00
9,	Damunda ..	1,00,000.00
10.	Latera Khurad ..	1,00,000.00
11.	Dhandaur	50,000.00
12.	Maradpur ..	1,00,000.00
13.	Dhandaur ..	1,00.000.00
	Total	11,10,000.00

ਸ਼੍ਰੀ ਰਾਜਿੰਦਰ ਕੁਮਾਰ. ਸਪੀਕਰ ਸਾਹਿਬ, ਮੈਂ ਆਪ ਦੇ ਦੁਆਰਾ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜੋ ਕਿਹਾ ਹੈ ਕਿ ਵਰਕ ਬੁੱਕ ਭਰੀਆਂ ਗਈਆਂ ਹਨ, ਮੇਰੇ ਕੋਲ ਬਹੁਤ ਸਾਰੇ ਸਰਪੰਚਾਂ ਨੇ ਅਪਰੋਚ ਕੀਤਾ ਅੱਤੇ ਮੈਨੂੰ ਆ ਕੇ ਵਾਰ ਵਾਰ ਕਹਿੰਦੇ ਹਨ ਕਿ ਵਰਕ ਬੁੱਕਾਂ ਕੰਪਲੀਟ ਨਹੀਂ ਕੀਤੀਆਂ ਗਈਆਂ ਪਰ ਸਰਟੀਫਿਕੇਟ ਦਿੱਤੇ ਜਾ ਰਹੇ ਹਨ। ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਇਸ ਦੀ ਪੜਤਾਲ ਕਰਾਉਣ ਨੂੰ ਤਿਆਰ ਹਨ ?

ਮੁੱਖ ਸੰਸਦੀ ਸਕੱਤਰ ਸਪੀਕਰ ਸਾਹਿਬ, ਜੇ ਇਨ੍ਹਾਂ ਦਾ ਕੋਈ ਸਪੈਸਿਫਿਕ ਕੇਸ ਹੈ ਇਹ ਦੱਸ ਦੇਣ, ਪਤਾ ਕਰਵਾ ਲਵਾਂਗੇ ।

ਇਕ ਅਵਾਜ਼ : ਜਨਰਲ ਦੱਸ ਦਿਓ ।

ਮੁੱਖ ਸੰਸਦੀ ਸਕੱਤਰ : ਜਨਰਲ ਮੈਂ ਦੱਸ ਦਿੱਤਾ ਹੈ ਜਨਰਲੀ ਵਰਕ ਬੁੱਕ ਸਰਪੰਚ ਭਰਦੇ ਹਨ । ਜੇ ਕੋਈ ਸਪੈਸਿਫਿਕ ਕੇਸ ਹੈ ਤਾਂ ਦੱਸ ਦੇਣ, ਅਸੀਂ ਪਤਾ ਕਰਵਾ ਲਵਾਂਗੇ ।

ਸ਼੍ਰੀ ਰਾਜਿੰਦਰ ਕੁਮਾਰ: ਸਪੀਕਰ ਸਾਹਿਬ, ਆਦਮਪੁਰ ਅਤੇ ਭੋਗਪੁਰ ਵਿਚ ਲਗਭਗ ਅੱਧੇ ਪਿੰਡਾਂ ਵਿਚ ਵਰਕ ਬੁੱਕਾਂ ਨਹੀਂ ਭਰੀਆਂ ਗਈਆਂ ਕੁਝ ਪਿੰਡਾਂ ਵਿਚ ਵੱਡੇ ਪੈਮਾਨੇ ਤੇ ਐਸ.ਡੀ.ਓ. ਜਾਂ ਜੇ. ਈਜ਼ ਭਰ ਰਹੇ ਹਨ ਅਤੇ ਉਹ ਵੀ ਪੈਸੇ ਲੈਕੇ ਭਰ ਰਹੇ ਹਨ, ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਇਸ ਦੀ ਇਨਕੁਆਇਰੀ ਕਰਾਉਣਗੇ ।

Original with;
Punjab Vidhan Sabha
Digitized by;
Panjab Digital Library

ਮੁੱਖ ਸੰਸਦੀ ਸਕੱਤਰ, ਸਪੀਕਰ ਸਾਹਿਬ, ਬਹੁਤ ਸਾਰੇ ਪਿੰਡਾਂ ਵਿਚ ਕੰਮ ਚਾਲੂ ਹੈ ਜਿਥੇ ਕੰਮ ਕੰਪਲੀਟ ਹੋ ਜਾਂਦਾ ਹੈ ਉਥੇ ਵਰਕ ਖੁੱਸ ਭਰਦੇ ਹਨ। ਮੈਂ ਫਿਰ ਕਹਿਣਾ ਚਾਹੁੰਦਾ ਹਾਂ ਕਿ ਜੇ ਕੋਈ ਸਪੈਸਿਫਿਕ ਕੇਸ ਇਨ੍ਹਾਂ ਦੇ ਨੋਟਿਸ ਵਿਚ ਹੈ ਤਾਂ ਸਾਨੂੰ ਦਸ ਦੇਣ।

ਵੋਟਰਾਂ ਨੂੰ ਸ਼ਨਾਖਤੀ ਕਾਰਡ ਜਾਰੀ ਕਰਨਾ

*2505. **ਸ਼੍ਰੀ ਰਮੇਸ਼ ਦੱਤ ਸ਼ਰਮਾ**, ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਰਜਿਸਟਰਡ ਵੋਟਰਾਂ ਨੂੰ ਸ਼ਨਾਖਤੀ ਕਾਰਡ ਜਾਰੀ ਕੀਤੇ ਜਾਣ ਤੇ ਅਨੁਮਾਨਤ ਕੁੱਲ ਕਿੰਨਾ ਖਰਚਾ ਕੀਤਾ ਗਿਆ ?

Sardar Beant Singh : The estimated expenditure to be incurred on the issuance of Identity Cards to the registered voters in the State of Punjab will be Rs. 26 Crores.

ਸ਼੍ਰੀ ਰਮੇਸ਼ ਦੱਤ ਸ਼ਰਮਾ : ਮਾਨਯੋਗ ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣ ਚਾਹੁੰਦਾ ਹਾਂ ਕਿ ਪਿੰਡਾਂ ਵਿੱਚ ਵੋਟਰਾਂ ਨੂੰ ਆਈਡੈਂਟਿਟੀ ਕਾਰਡ ਵੋਟਾਂ ਪਾਉਣ ਵਾਸਤੇ ਜ਼ਰੂਰੀ ਹਨ। ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਸਾਰੇ ਵੋਟਰਾਂ ਦੇ ਆਈਡੈਂਟਿਟੀ ਕਾਰਡ ਕਦੋਂ ਤਕ ਮੁਕੰਮਲ ਹੋ ਜਾਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਹੁਕਮ ਹੈ ਕਿ ਜੋ ਆਈਡੈਂਟਿਟੀ ਕਾਰਡ ਬਣਾਉਣ ਵਾਲੀਆਂ ਟੀਮਾਂ ਹਨ ਉਹ 3-3 ਵਾਰ ਸਾਰੇ ਹਲਕਿਆਂ ਵਿੱਚ ਜਾਣ, ਮੇਰਾ ਖਿਆਲ ਹੈ ਕਿ 2-2 ਵਾਰ ਉਹ ਜਾ ਚੁੱਕੀਆਂ ਹਨ। ਹੁਣ ਹੋਰ ਨਵੀਆਂ ਵੋਟਾਂ ਵੀ ਕੁਝ ਬਣਨੀਆਂ ਹਨ ਅੱਤੇ ਉਹ ਨਵੀਆਂ ਵੋਟਾਂ ਦੇ ਬਣਨ ਤੋਂ ਬਾਅਦ ਇਕ ਵਾਰੀ ਫਿਰ ਸਾਰੇ ਹਲਕਿਆਂ ਵਿੱਚ ਟੀਮਾਂ ਜਾਣਗੀਆਂ ਅਤੇ ਜੇ ਕੋਈ ਰਹਿ ਗਿਆ ਹੈ ਤਾਂ ਉਨ੍ਹਾਂ ਦੇ ਆਈਡੈਂਟਿਟੀ ਕਾਰਡ ਬਣਾਉਣਗੀਆਂ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀਆਂ ਟੀਮਾਂ ਆਈਡੈਂਟਿਟੀ ਕਾਰਡ ਬਣਾਉਣ ਜਾਂਦੀਆਂ ਹਨ ਉਨ੍ਹਾਂ ਨੇ ਜੋ ਪ੍ਰੋਗਰਾਮ ਬਣਾਇਆ ਹੁੰਦਾ ਹੈ ਅਤੇ ਜੋ ਅਖਬਾਰਾਂ ਵਿੱਚ ਵੀ ਆਉਂਦਾ ਹੈ ਉਸ ਤੋਂ ਦਿਕ ਦਿਨ ਪਹਿਲਾਂ ਹੀ ਚਲੀਆਂ ਜਾਂਦੀਆਂ ਹਨ ਅਤੇ ਪ੍ਰੋਗਰਾਮ ਅਨੁਸਾਰ ਜਿਹੜਾ ਟਾਈਮ ਫਿਕਸ ਕੀਤਾ ਹੁੰਦਾ ਹੈ ਉਹ ਟਾਈਮ ਸਿਰ ਨਹੀਂ ਪਹੁੰਚਦੀਆਂ, ਅਗੇ ਪਿੱਛੇ ਚਲੀਆਂ ਜਾਂਦੀਆਂ ਹਨ, ਕੀ ਮੁੱਖ ਮੰਤਰੀ ਸਾਹਿਬ ਕੋਈ ਇਨਸਟ੍ਰੱਕਸ਼ਨਜ਼ ਜਾਰੀ ਕਰਨਗੇ ਕਿ ਉਹ ਟਾਈਮ ਸਿਰ ਹੀ ਜਾਇਆ ਕਰਨ ਤਾਂ ਕਿ ਲੋਕ ਆਪਣੇ ਆਈਡੈਂਟਿਟੀ ਕਾਰਡ ਵਕਤ ਸਿਰ ਬਣਵਾ ਸਕਣ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਤਰ੍ਹਾਂ ਦੀਆਂ ਹਦਾਇਤਾਂ ਤਾਂ ਕੀਤੀਆਂ ਹੋਈਆਂ ਹਨ, ਜੇ ਕਿਧਰੇ ਕੋਈ ਅਣਗਹਿਲੀ ਹੋਈ ਹੈ ਤਾਂ ਮੈਂਬਰ ਸਾਹਿਬ ਮੇਰੇ ਨੋਟਿਸ ਵਿੱਚ ਲਿਆ ਦੇਣ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਜੋ ਮੁੱਖ ਮੰਤਰੀ ਸਾਹਿਬ ਨੇ ਦੱਸਿਆ ਕਿ ਆਈਡੈਂਟਿਟੀ ਕਾਰਡ ਬਣ ਰਹੇ ਹਨ, ਠੀਕ ਹੈ ਆਈਡੈਂਟਿਟੀ ਕਾਰਡ ਬਣ ਰਹੇ ਹਨ ਪਰ ਜੋ ਬਣ ਰਹੇ ਹਨ ਉਹ ਪਹਿਲੀਆਂ ਜੋ ਵੋਟਰ ਸੂਚੀਆਂ ਹਨ ਉਨ੍ਹਾਂ ਦੇ ਮੁਤਾਬਿਕ ਬਣ ਰਹੇ ਹਨ । ਹੁਣ ਇਕ ਨਵੀਂ ਵੋਟਰ ਸੂਚੀ 1993 ਵਿੱਚ ਪਬਲਿਸ਼ ਹੋਈ ਹੈ ਅਤੇ ਸਾਰੀਆਂ ਪੋਲੀਟੀਕਲ ਪਾਰਟੀਆਂ ਨੂੰ ਇਹ ਰਿਲੀਜ਼ ਹੋ ਗਈ ਹੈ, ਕੀ ਮੁੱਖ ਮੰਤਰੀ ਸਾਹਿਬ ਇਸ ਗੱਲ ਦਾ ਭਰੋਸਾ ਦਿਵਾਉਣਗੇ ਕਿ 1993 ਦੀ ਜਿਹੜੀ ਵੋਟਰ ਸੂਚੀ ਪਬਲਿਸ਼ ਹੋਈ ਹੈ ਅਤੇ 1994 ਵਿੱਚ ਸਾਰੀਆਂ ਪੋਲੀਟੀਕਲ ਪਾਰਟੀਆਂ ਨੂੰ ਰਿਲੀਜ਼ ਵੀ ਹੋ ਗਈ ਹੈ, ਕੀ ਉਸ ਦੇ ਆਧਾਰ ਤੇ ਆਈਡੈਂਟਿਟੀ ਕਾਰਡ ਬਣਾਉਣਗੇ ?

ਮੁੱਖ ਮੰਤਰੀ : ਉਸੇ ਦੇ ਆਧਾਰ ਤੇ ਹੀ ਬਣਾਏ ਜਾਣਗੇ ।

ਸਰਦਾਰ ਜਗਿੰਦਰ ਸਿੰਘ ਮਾਨ : ਸਪੀਕਰ ਸਾਹਿਬ, ਇਹ ਬਹੁਤ ਅੱਛਾ ਡਿਸੀਜ਼ਨ ਹੈ ਕਿ ਆਈਡੈਂਟਿਟੀ ਕਾਰਡਜ਼ ਬਣ ਰਹੇ ਹਨ ਪਰ ਕਈ ਦਫ਼ਾ ਜਿਹੜੇ ਲੋਕ ਬਾਹਰੋਂ ਆਏ ਹੁੰਦੇ ਹਨ, ਜੋ ਦੂਜੀਆਂ ਸਟੇਟਾਂ ਤੋਂ ਆਏ ਸਨ, ਉਨ੍ਹਾਂ ਦੇ ਫੋਟੋ ਰਹਿ ਗਏ ਹਨ ਅਤੇ ਕਈ ਕੇਸ ਅਜਿਹੇ ਵੀ ਹਨ ਜਿਥੇ ਨਾਂ ਹੋਰ ਹਨ ਪਰ ਫੋਟੋ ਕਿਸੇ ਹੋਰ ਦੀ ਲਗੀ ਹੈ, ਕੀ ਅਜਿਹੇ ਕੇਸਾਂ ਵਿਚ ਇਹ ਦੋਬਾਰਾ ਇਨਕੁਆਇਰੀ ਕਰਾਉਣਗੇ ਅੌਰ ਜੋ ਇਨ੍ਹਾਂ ਨੂੰ ਪਤਾ ਲਗੇ ਤਾਂ ਇਹ ਠੀਕ ਕਰੇਨਗੇ ?

ਮੁੱਖ ਮੰਤਰੀ : ਹਾਂ ਜੀ, ਜ਼ਰੂਰ ਠੀਕ ਕਰਾਂਗੇ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਜੋ ਇਸ ਕੰਮ ਤੇ ਖਰਚ ਆ ਰਿਹਾ ਹੈ ਉਸ ਵਿਚ ਸੈਂਟਰ ਦੀ ਸਰਕਾਰ ਵੀ ਕੁਝ ਹਿੱਸਾ ਪਾ ਰਹੀ ਹੈ ਜਾਂ ਸਾਰਾ ਪੰਜਾਬ ਸਰਕਾਰ ਹੀ ਕਰ ਰਹੀ ਹੈ ?

ਸ਼੍ਰੀ ਸਪੀਕਰ : ਹਾਂ ਜੀ, ਕੀ ਕੁਝ ਹਿੱਸਾ ਸੈਂਟਰ ਦੀ ਸਰਕਾਰ ਵੀ ਦੇ ਰਹੀ ਹੈ ?

ਮੁੱਖ ਮੰਤਰੀ . ਸੈਂਟਰ ਦਾ ਹਿੱਸਾ ਪੈ ਰਿਹਾ ਹੈ । (ਵਿਘਨ) 50% ਪੈ ਰਿਹਾ ਹੈ ।

ਆਈ. ਏ. ਐਸ. ਅਧਿਕਾਰੀਆਂ ਦੇ ਸਰਕਾਰੀ ਦੌਰਿਆਂ ਤੇ ਖਰਚਾ

*2398. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਕ ਮਾਰਚ, 1992 ਤੋਂ 31 ਦਸੰਬਰ, 1994 ਤੱਕ ਦੇ ਸਮੇਂ ਦੌਰਾਨ ਕਿਹੜੇ-ਕਿਹੜੇ ਆਈ.ਏ.ਐਸ. ਅਧਿਕਾਰੀ ਸਰਕਾਰੀ ਤੌਰ ਤੇ ਵਿਦੇਸ਼ੀ ਦੌਰਿਆਂ ਤੇ ਗਏ;

(ਅ) ਉਕਤ ਵਿਦੇਸ਼ੀ ਦੌਰਿਆਂ ਤੇ ਕੁੱਲ ਕਿੰਨਾ ਖਰਚ ਕੀਤਾ ਗਿਆ ?

Sardar Beant Singh : (a) The following are the names of the I.A.S. officers who went on tour abroad on official duty during the period from the 1st March, 1992 to 31st December, 1994 :—

(1) Shri A.S. Chatha, I.A.S. (Now retired)

Original with;
Punjab Vidhan Sabha
Digitized by;
Punjab Digital Library

[Chief Minister]

(2) Shri I.S. Bindra, I.A.S.

(3) Shri R.N. Gupta, I.A.S.

(4) Shri S.K. Tuteja, I.A.S.

(5) Shri C.L. Bains, I.A.S.

(6) Shri K.K. Bhatnagar, I.A.S.

(7) Shri B.R. Bajaj, I.A.S.

(8) Shri S.S Brar, I.A.S.

(9) Shri D.S Bains, I.A.S.

(10) Shri R. I. Singh, I.A.S.

(11) Shri G.S. Sandu, I.A.S.

(12) Shri D.S. Kalha, I.A.S.

(13) Dr. B.C. Gupta, I.A.S.

(b) The total expnditure incurred on such foreign tours comes to Rs. 40,10,777.

ਕਾਮਰਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਆਪਣੇ ਉੱਤਰ ਵਿਚ ਦਸਿਆ ਹੈ ਕਿ 13 ਆਈ. ਏ. ਐਸ. ਅਫ਼ਸਰ ਬਾਹਰ ਗਏ ਅੱਰ ਉਨ੍ਹਾਂ ਤੇ ਕੋਈ 40 ਲੱਖ ਰੁਪਏ ਦੇ ਕਰੀਬ ਖ਼ਰਚ ਆਇਆ ਹੈ। ਮੈਂ ਇਸ ਸਬੰਧ ਵਿਚ ਇਨ੍ਹਾਂ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਦੋਂ ਇਹ ਬਾਹਰ ਜਾਂਦੇ ਹਨ ਤਾਂ ਇਨ੍ਹਾਂ ਨੂੰ ਸੈਂਟਰ ਤੋਂ ਜਾਂ ਕਿਸੇ ਅਥਾਰਿਟੀ ਤੋਂ ਪਰਮਿਸ਼ਨ ਲੈ ਕੇ ਜਾਣਾ ਹੁੰਦਾ ਹੈ, ਅੱਰ ਕੀ ਉਹ ਉਥੋਂ ਪਰਮਿਸ਼ਨ ਲੈਕੇ ਗਏ ?

ਦੂਜਾ, ਜੋ ਉਨ੍ਹਾਂ ਨੇ ਉਥੇ ਖਰਚ ਕੀਤਾ, ਕੀ ਉਹ ਸਾਰਾ ਰੂਲਜ਼ ਦੇ ਮੁਤਾਬਿਕ ਖਰਚ ਕੀਤਾ ਗਿਆ ?

ਮੁੱਖ ਮੰਤਰੀ : ਇਹ ਗਲ ਤਾਂ ਬਿਲਕੁਲ ਸਾਫ਼ ਹੈ ਕਿ ਕਿਸੇ ਇਜਾਜ਼ਤ ਤੋਂ ਬਗੈਰ ਉਹ ਬਾਹਰ ਨਹੀਂ ਜਾ ਸਕਦੇ। ਜਾਂ ਤਾਂ ਉਹ ਕੋਈ ਟਰੇਨਿੰਗ ਲੈਣ ਲਈ ਜਾਂਦੇ ਹਨ ਜਾਂ ਕਿਸੇ ਕੰਮ ਕਾਜ ਲਈ ਉਨ੍ਹਾਂ ਮੁਲਕਾਂ ਨਾਲ ਬਿਜਨੈਸ ਵਧਾਉਣ ਵਾਸਤੇ ਜਾਂਦੇ ਹਨ ਜਾਂ ਕੋਈ ਹੋਰ ਸਰਕਾਰੀ ਕੰਮ ਲਈ ਹੀ ਜਾਂਦੇ ਹਨ। ਜਿਹੜੇ ਵੀ ਅਫ਼ਸਰ ਜਾਂਦੇ ਹਨ ਉਹ ਬਕਾਇਦਾ ਇਜਾਜ਼ਤ ਲੈ ਕੇ ਹੀ ਜਾਂਦੇ ਹਨ, ਇਜਾਜ਼ਤ ਤੋਂ ਬਗੈਰ ਕੋਈ ਨਹੀਂ ਜਾਂਦਾ।

ਕਾਮਰੇਡ ਹਰਦੇਵ ਅਰਸ਼ੀ : ਦੂਜਾ ਮੈਂ ਇਹ ਪੁੱਛਣਾ ਹੈ ਕਿ ਜਿਹੜੇ ਅਫ਼ਸਰ ਗਏ ਉਹ ਕਿਸੇ ਇੰਡਸਟਰੀ ਨੂੰ ਵਧਾਉਣ ਵਾਸਤੇ ਗਏ ਜਾਂ ਹੋਰ ਕੰਮ ਵਾਸਤੇ ਗਏ ਅੱਰ ਉਨ੍ਹਾਂ ਤੇ ਖਰਚ ਵੀ ਕੀਤਾ ਗਿਆ ਪਰ ਜਦੋਂ ਉਹ ਵਾਪਸ ਆਏ ਤਾਂ

Original with;
Punjab Vidhan Sabha
Digitized by;
Punjab Digital Library

ਕੀ ਉਨ੍ਹਾਂ ਤੋਂ ਸਟੇਟ ਨੂੰ ਕਝ ਲਾਭ ਹੋਇਆ, ਕੋਈ ਇੰਡਸਟਰੀ ਨੇ ਲਾਭ ਹੋਇਆ ਜਾਂ ਐਨ. ਆਰ. ਆਈ ਨਾਲ ਐਗਰੀਮੈਂਟ ਹੋਇਆ ਹੈ ? ਜੇ ਕੋਈ ਵਰਣਨਯੋਗ ਹੈ ਤਾਂ ਦਸ ਦੇਣ ?

ਸ਼੍ਰੀ ਸਪੀਕਰ : ਡਿਫਰੈਂਟ ਡਿਪਾਰਟਮੈਂਟ ਦੇ ਸੈਕਟਰੀਜ਼ ਹਨ ਅੱਜ ਡਿਫਰੈਂਟ ਕੰਮਾਂ ਲਈ ਬਾਂਦੇ ਰਹਿੰਦੇ ਹਨ, ਜੇ ਕੋਈ ਪਾਰਟੀਕਲਰ ਪੁੱਛਣਾ ਚਾਹੁੰਦੇ ਹੋ ਤਾਂ ਪੁੱਛੋ ?

ਕਾਮਰੇਡ ਹਰਦੇਵ ਅਰਸ਼ੀ : ਹਾਂ ਜੀ, ਸੈਕਟਰੀ ਇੰਡਸਟਰੀਜ਼ ਜਿਹੜੇ ਬਾਹਰ ਗਏ ਸਨ ਉਨ੍ਹਾਂ ਨੇ ਪੰਜਾਬ ਵਾਸਤੇ ਕੀ ਕੋਈ ਵਰਣਨਯੋਗ ਪ੍ਰਾਪਤੀ ਕੀਤੀ ਹੈ ਜਾਂ ਫਿਰ ਸਿਰਫ਼ ਆਪਣਾ ਇਲਾਜ ਕਰਾਉਣ ਵਾਸਤੇ ਹੀ ਗਏ ਸਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜੋ ਖਰਚਾ ਹੁੰਦਾ ਹੈ ਉਹ ਤਾਂ ਸਿਰਫ਼ ਕਿਰਾਇਆ ਹੀ ਹੁੰਦਾ ਹੈ । ਉਥੇ ਰਹਿਣ ਦਾ ਹਰ ਇਕ ਦਾ ਆਪਣੇ ਕਿਸੇ ਰਿਸ਼ਤੇਦਾਰ ਕੋਲ ਹੀ ਪ੍ਰਬੰਧ ਹੁੰਦਾ ਹੈ । ਪਰ ਜਿਹੜੇ ਸੈਕਟਰੀ ਇੰਡਸਟਰੀਜ਼ ਬਾਹਰ ਗਏ ਹਨ ਉਨ੍ਹਾਂ ਨੇ ਇੰਡਸਟਰੀਜ਼ ਬਾਰੇ ਗੱਲਬਾਤ ਕੀਤੀ ਅੱਤੇ ਐਨ. ਆਰ. ਆਈ. ਨਾਲ ਵੀ ਇੰਡਸਟਰੀ ਲਾਉਣ ਲਈ ਕੋਸ਼ਿਸ਼ ਕਰਕੇ ਆਏ ਹਨ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਇਨ੍ਹਾਂ ਨੇ ਕੋਈ ਠੋਸ ਉੱਤਰ ਨਹੀਂ ਦਿੱਤਾ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ —ਕੀ ਇਹ ਐਨ. ਆਰ. ਆਈ. ਨੂੰ ਇੰਡਸਟਰੀ ਵਾਸਤੇ ਮਿਲਣ ਲਈ ਗਏ ਸਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇੰਡਸਟਰੀ ਬਾਰੇ ਸਵਾਲ ਦੇ ਦੇਣ, ਅਸੀਂ ਜਵਾਬ ਦੇ ਦੇਵਾਂਗੇ ।

Mr. Speaker : Questions are over please.

UNSTARRED QUESTIONS AND ANSWERS

ਮਿਉਂਸਪਲ ਕਮਿਸ਼ਨਰਾਂ ਦੀ ਚੋਣ ਵਿਰੁੱਧ ਪੈਟੀਸ਼ਨਾਂ

375. **ਸ਼੍ਰੀਮਤੀ ਵਿਮਲਾ ਡਾਂਗ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿੱਚ ਪਿਛਲੀ ਵਾਰ ਮਿਉਂਸਪਲ ਚੋਣਾਂ ਕਿਸ ਮਿਤੀ/ਮਿਤੀਆਂ ਨੂੰ ਹੋਈਆਂ ਸਨ;

(ਅ) ਮਿਉਂਸਪਲ ਕਮਿਸ਼ਨਰਾਂ ਦੀਆਂ ਚੋਣਾਂ ਵਿਰੁੱਧ ਜ਼ਿਲ੍ਹਾਵਾਰ ਕਿੰਨੀਆਂ ਪੈਟੀਸ਼ਨਾਂ ਦਾਇਰ ਕੀਤੀਆਂ ਗਈਆਂ;

(ੲ) ਉਪਰੋਕਤ ਭਾਗ (ਅ) ਵਿੱਚ ਵਰਣਿਤ ਪੈਟੀਸ਼ਨਾਂ ਵਿੱਚੋਂ ਅਜਿਹੀਆਂ ਚੋਣ ਪੈਟੀਸ਼ਨਾਂ ਦੀ ਮਿਤੀ ਅੰਤ ਤੱਕ ਵੱਖ ਵੱਖ ਗਿਣਤੀ ਕਿੰਨੀ ਹੈ ਜਿਹੜੀਆਂ ਸਵੀਕਾਰ ਕੀਤੀਆਂ ਗਈਆਂ/ਖਾਰਜ ਕੀਤੀਆਂ ਗਈਆਂ ਜਾਂ ਅਜੇ ਤੱਕ ਪੈਂਡਿੰਗ ਪਈਆਂ ਹਨ ?

ਡਾਕਟਰ ਕੇਵਲ ਕ੍ਰਿਸ਼ਨ (ੳ) (i) 3 ਨਗਰ ਨਿਗਮਾਂ 28.4.91

(ii) 95 ਨਗਰ ਕੌਂਸਲਜ਼ 6.9.92

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(iii) 2 ਨਗਰ ਕੌਂਸਲਜ਼ ਅਤੇ 20.11.94
29 ਨਗਰ ਪੰਚਾਇਤਾਂ 4.12.94
11.12.94 ਅਤੇ
18.12.94

(ਅ) ਅਤੇ (ਏ) ਅਨੁਲਗ-1 ਅਨੁਸਾਰ

ਲੜੀ ਨੰ	ਜ਼ਿਲ੍ਹੇ ਦਾ ਨਾਂ	ਜ਼ਿਲਾਵਾਰ ਦਾਇੱਰ ਕੀਤੀਆਂ ਪਟੀਸ਼ਨਾਂ	ਪ੍ਰਵਾਨਤ	ਡਿਸਮਿਸਡ	ਲੰਬਿਤ
ਨਗਰ ਨਿਗਮ					
1.	ਲੁਧਿਆਣਾ	6		2	4
2.	ਜਲੰਧਰ	20		14	6
3.	ਅੰਮ੍ਰਿਤਸਰ	7		2	5
	ਜੋੜ	33		18	15
ਨਗਰ ਕੌਂਸਲ					
1.	ਅੰਮ੍ਰਿਤਸਰ	6		5	1
2	ਗੁਰਦਾਸਪੁਰ	28		12	16
3.	ਫਿਰੋਜ਼ਪੁਰ	35		30	5
4.	ਫਰੀਦਕੋਟ	17		14	3
5.	ਬਠਿੰਡਾ	18		10	8
6.	ਮਾਨਸਾ	9		7	2
7.	ਪਟਿਆਲਾ	27		21	6
8.	ਸੰਗਰੂਰ	30		24	6
9.	ਫਤਿਹਗੜ੍ਹ ਸਾਹਿਬ	19		—	19
10.	ਲੁਧਿਆਣਾ	14		13	1
11.	ਰੋਪੜ	1		—	1
12.	ਜਲੰਧਰ	21		8	13
13.	ਕਪੂਰਥਲਾ	16		8	8
14.	ਹੁਸ਼ਿਆਰਪੁਰ	14		10	4
	ਜੋੜ	255		162	93
	ਕੁੱਲ ਜੋੜ	288		180	108

Original with;
Punjab Vidhan Sabha
Digitized by;
Punjab Digital Library

ਜੇਲ੍ਹ ਵਾਰਡਨਾਂ ਦੀਆਂ ਨਿਯੁਕਤੀਆਂ

376. **ਸ਼੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ 1 ਜਨਵਰੀ, 1987 ਤੋਂ 31 ਦਸੰਬਰ, 1990 ਤੱਕ ਦੇ ਸਮੇਂ ਦੌਰਾਨ ਇਸ਼ਤਿਹਾਰ ਦਿੱਤੇ ਬਿਨਾਂ ਕੋਈ ਜੇਲ੍ਹ ਵਾਰਡਨ ਨਿਯੁਕਤ ਕੀਤੇ ਗਏ ਸਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ;

(ਅ) ਕੀ ਇਸ ਸਮੇਂ ਦੌਰਾਨ ਕੀਤੀਆਂ ਗਈਆਂ ਨਿਯੁਕਤੀਆਂ ਸਬੰਧੀ ਚੈਕਸੀ ਵਿਭਾਗ ਵੱਲੋਂ ਕੋਈ ਪੜਤਾਲ ਕੀਤੀ ਗਈ ਸੀ; ਜੇਕਰ ਹੈ, ਤਾਂ ਪੜਤਾਲੀਆ ਰਿਪੋਰਟ ਦੇ ਵੇਰਵੇ ਕੀ ਹਨ ਅਤੇ ਇਸ ਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਬੇਅੰਤ ਸਿੰਘ : (ੳ) ਨਹੀਂ ਜੀ ।

(ਅ) ਨਹੀਂ ਜੀ ।

ਸੜਕ ਦੁਰਘਟਨਾਵਾਂ ਵਿਚ ਮੌਤਾਂ

377. **ਸ਼੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1992, 1993 ਅਤੇ 1994 ਦੌਰਾਨ ਸੜਕ ਦੁਰਘਟਨਾਵਾਂ ਵਿਚ ਮਰਨ ਵਾਲੇ ਵਿਅਕਤੀਆਂ ਦੀ ਸਾਲ-ਵਾਰ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਉਨ੍ਹਾਂ ਵਿਅਕਤੀਆਂ ਵਿੱਚੋਂ ਅਜਿਹ ਵਿਅਕਤੀਆਂ ਦੀ ਗਿਣਤੀ ਕਿੰਨੀ-ਕਿੰਨੀ ਹੈ ਜੋ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ ਦੀਆਂ ਬੱਸਾਂ ਵਿਚ ਦੁਰਘਟਨਾਵਾਂ ਵਿਚ ਮਾਰੇ ਗਏ ਸਨ; ਅਤੇ

(ੲ) ਪ੍ਰਾਈਵੇਟ ਟ੍ਰਾਂਸਪੋਰਟਰਾਂ ਦੀਆਂ ਬੱਸਾਂ ਦੀਆ ਹੋਈਆਂ ਦੁਰਘਟਨਾਵਾਂ ਵਿਚ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ ?

ਸਰਦਾਰ ਬੇਅੰਤ ਸਿੰਘ : (ੳ) 1176, 1395 ਅਤੇ 1626 ਵਿਅਕਤੀ ਸਾਲ 1992 1993 ਅਤੇ 1994 ਦੌਰਾਨ ਕ੍ਰਮਵਾਰ ਸੜਕ ਹਾਦਸਿਆਂ ਵਿੱਚ ਮਾਰੇ ਗਏ ।

(ਅ) 99, 103 ਅਤੇ 110 ਵਿਅਕਤੀ ਸਾਲ 1992, 1993 ਅਤੇ 1994 ਦੌਰਾਨ ਕ੍ਰਮਵਾਰ ਪੰਜਾਬ ਰੋਡਵੇਜ਼ ਦੀਆਂ ਬੱਸਾਂ ਨਾਲ ਮਾਰੇ ਗਏ ਸਨ ਅਤੇ 48, 37 ਅਤੇ 42 ਵਿਅਕਤੀ ਕ੍ਰਮਵਾਰ ਪੀ.ਆਰ.ਟੀ.ਸੀ. ਦੀਆਂ ਬੱਸਾਂ ਨਾਲ ਮਾਰੇ ਗਏ ਸਨ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ਏ) 149, 207 ਅਤੇ 232 ਵਿਅਕਤੀ ਕ੍ਰਮਵਾਰ ਪ੍ਰਾਈਵੇਟ ਟ੍ਰਾਂਸਪੋਰਟਰਾਂ ਦੀਆਂ ਬੱਸਾਂ ਨਾਲ ਮਾਰੇ ਗਏ ਸਨ ।

ਡਿਊਟੀ ਦੌਰਾਨ ਮਰੇ ਹੋਮ ਗਾਰਡਾਂ ਦੀ ਗਿਣਤੀ

378. **ਸ਼੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਉਨ੍ਹਾਂ ਹੋਮ ਗਾਰਡਾਂ ਦੇ ਨਾਂ ਅਤੇ ਪਤੇ ਕੀ-ਕੀ ਹਨ ਜਿਨ੍ਹਾਂ ਦੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਮਈ, 1993 ਦੌਰਾਨ ਡਿਊਟੀ ਦੌਰਾਨ ਜਾਂ ਡਿਊਟੀ ਤੇ ਜਾਣ ਸਮੇਂ ਮੌਤ ਹੋ ਗਈ;

(ਅ) ਜਿਨ੍ਹਾਂ ਹਾਲਾਤ ਹਠ ਇਹ ਮੌਤਾਂ ਹੋਈਆਂ ਉਨ੍ਹਾਂ ਦੇ ਵੇਰਵੇ ਕੀ ਹਨ;

(ੲ) ਕੀ ਮ੍ਰਿਤਕਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਕੋਈ ਮਾਲੀ ਸਹਾਇਤਾ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ; ਜੇਕਰ ਨਹੀਂ, ਤਾਂ ਉਸ ਦੇ ਕਾਰਣ ਕੀ ਹਨ ?

ਸਰਦਾਰ ਬੇਅੰਤ ਸਿੰਘ : ਉ, ਅ ਅਤੇ ੲ ਸਬੰਧੀ ਸੂਚੀ ਸਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ ।

Statement showing the number of Home Guards died on duty—details thereof

Sr. No.		Name and number of Volunteer	Date of death	Address
(A)	1.	Kulwant Singh No. 7930	24-5-93	House No. 17 Nai Abadi, Mohan Nagar, Distt. Amritsar
	2.	Gurmej Singh, No. SE 504	6-5-93	Village Viram, Teh. Patti, Distt. Amritsar

(B) Deceased Guard Shri Kulwant Singh No. 7930, S/o Shri Didar Singh alongwith Constable Jasbir Singh No. 1587 was detailed as Gunman to Shri Narinder Kumar, alias Tinnue, President, Youth Congress. On 24th May, 1993, these two were standing near a shop at Kirpal Colony, Tambuwala. One Shri Surinder Singh S/o Shri Sardul Singh, Resident of Kirpal Colony, Tambuwala, was dragging an 8 years old girl. Deceased Shri Kulwant Singh asked Shri Surinder Singh not to drag the girl and to carry her properly. Shri Surinder Singh started abusing him (Kulwant Singh). This led to a quarrel between them and later on Kulwant Singh fired two shots at Surinder Singh. Surinder Singh died on the spot. Thereafter, the angry public cought-hold of Shri Kulwant Singh, beat him mercilessly. Injured Kulwant Singh was admitted in the Emergency wing of Guru Nanak Dev Hospital, Amritsar, where he succummed to injuries. In this regard FIR No. 100, dated 24th May, 1993 stands registered u/s 302/307, 313/34 PC 25/27 at Police Station Sadar.

Guard Gurmej Singh No. SE-504 S/o Shri Gopal Singh, Resident of

Original with;
Punjab Vidhan Sabha
Digitized by;
Punjab Digital Library

Village Viram, Teh. Patti, District Amritsar died on 6th May, 93 due to injuries caused by an accident involving a Tractor Trolley and Mini Bus. FIR No. 14/93, dated 6th May, 1993 stands registered at Police Station Bhikhiwind District Amritsar.

(C) The families of the above deceased Guards have been paid 5,000 each as financial assistance out of Welfare and Benevolent Fund of the department.

ਬਲਾਕ ਸਹਿਣਾ ਵਿਚ ਮਿਡਲ ਸਕੂਲਾਂ ਨੂੰ ਅਪਗ੍ਰੇਡ ਕਰਨਾ

423. **ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਪਿੰਡ ਉਗੋਕੇ ਅਤੇ ਸੰਧੂ ਕਲਾਂ, ਬਲਾਕ ਸਹਿਣਾ, ਜ਼ਿਲ੍ਹਾ ਸੰਗਰੂਰ ਵਿੱਚ ਮਿਡਲ ਸਕੂਲਾਂ ਨੂੰ ਅਪਗ੍ਰੇਡ ਕਰਨ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ, ਸੰਗਰੂਰ ਵੱਲੋਂ ਕੋਈ ਸਿਫਾਰਸ਼ ਪ੍ਰਾਪਤ ਹੋਈ ਹੈ; ਜੇਕਰ ਅਜਿਹਾ ਹੈ, ਤਾਂ ਉਨ੍ਹਾਂ ਸਕੂਲਾਂ ਨੂੰ ਕਦੋਂ ਤੱਕ ਅਪਗ੍ਰੇਡ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਲਖਮੀਰ ਸਿੰਘ ਰੰਧਾਵਾ : ਨਹੀਂ ਜੀ, ਫਿਰ ਵੀ ਮਿਡਲ ਸਕੂਲਾਂ ਦਾ ਪੱਧਰ ਵਧਾ ਕੇ ਹਾਈ ਪੱਧਰ ਤੱਕ ਕਰਨ ਦਾ ਮਾਮਲਾ ਅਜੇ ਵੀ ਸਰਕਾਰ ਦੇ ਵਿਚਾਰ ਅਧੀਨ ਹੈ ।

ਜ਼ਿਲ੍ਹਾ ਸੰਗਰੂਰ ਵਿਚ ਨਵੇਂ ਪ੍ਰਾਇਮਰੀ ਸਕੂਲ ਖੋਲ੍ਹਣਾ

424. **ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1994-95 ਦੇ ਦੌਰਾਨ ਜ਼ਿਲ੍ਹਾ ਸੰਗਰੂਰ ਵਿਚ ਕੱਲ ਕਿੰਨੇ ਨਵੇਂ ਪ੍ਰਾਇਮਰੀ ਸਕੂਲ ਖੋਲ੍ਹੇ ਜਾਣ ਦੀ ਤਜਵੀਜ਼ ਹੈ ਅਤੇ ਬਲਾਕ ਮਹਿਲ ਕਲਾਂ ਅਤੇ ਸਹਿਣਾ ਵਿਚ ਅਜਿਹੇ ਸਕੂਲਾਂ ਦੀ ਗਿਣਤੀ ਕਿੰਨੀ ਕਿੰਨੀ ਹੈ ਅਤੇ ਇਹ ਕਿਸ ਕਿਸ ਥਾਂ ਤੇ ਖੋਲ੍ਹੇ ਜਾਣਗੇ ?

ਸਰਦਾਰ ਲਖਮੀਰ ਸਿੰਘ ਰੰਧਾਵਾ ਸਾਲ 1994-95 ਦੌਰਾਨ ਜ਼ਿਲ੍ਹਾ ਸੰਗਰੂਰ ਵਿੱਚ ਕੋਈ ਵੀ ਨਵਾਂ ਪ੍ਰਾਇਮਰੀ ਸਕੂਲ ਖੋਲ੍ਹਣ ਦੀ ਤਜਵੀਜ਼ ਨਹੀਂ ਹੈ । ਇਸ ਵਾਸਤੇ ਸਾਲ 1994-95 ਦੌਰਾਨ ਜ਼ਿਲ੍ਹਾ ਸੰਗਰੂਰ ਦੇ ਬਲਾਕਾਂ ਮਹਿਲ ਕਲਾਂ ਅਤੇ ਸਹਿਣਾ ਵਿੱਚ ਕੋਈ ਵੀ ਨਵਾਂ ਪ੍ਰਾਇਮਰੀ ਸਕੂਲ ਨਹੀਂ ਖੁਲ੍ਹ ਰਿਹਾ ਹੈ ।

ਪ੍ਰਾਇਮਰੀ ਸਕੂਲਾਂ ਨੂੰ ਅਪਗ੍ਰੇਡ ਕਰਨਾ

425. **ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1994-95 ਦੌਰਾਨ ਜ਼ਿਲ੍ਹਾ ਸੰਗਰੂਰ ਦੇ ਬਲਾਕਾਂ ਮਹਿਲ ਕਲਾਂ ਅਤੇ ਸਹਿਣਾ ਵਿਚ ਕਿੰਨੇ ਕਿੰਨੇ ਪ੍ਰਾਈਮਰੀ ਸਕੂਲਾਂ ਨੂੰ ਮਿਡਲ ਪੱਧਰ ਤੱਕ ਅਪਗ੍ਰੇਡ ਕੀਤੇ ਜਾਣ ਦੀ ਤਜਵੀਜ਼ ਹੈ ?

ਸਰਦਾਰ ਲਖਮੀਰ ਸਿੰਘ ਰੰਧਾਵਾ : ਸਾਲ 1994-95 ਦੌਰਾਨ ਮਹਿਲ ਕਲਾਂ ਅਤੇ ਸਹਿਣਾ ਬਲਾਕ, ਜ਼ਿਲ੍ਹਾ ਸੰਗਰੂਰ ਦੇ ਪ੍ਰਾਇਮਰੀ ਸਕੂਲਾਂ ਦਾ ਪੱਧਰ ਵਧਾ ਕੇ ਮਿਡਲ ਪੱਧਰ ਤੱਕ ਕਰਨ ਦਾ ਮਾਮਲਾ ਅਜੇ ਸਰਕਾਰ ਦੇ ਵਿਚਾਰ ਅਧੀਨ ਹੈ ।

Original with;
Punjab Vidhan Sabha
Digitized by;
Panjab Digital Library

ਜ਼ਿਲ੍ਹਾ ਲੁਧਿਆਣਾ ਵਿਚ ਸਰਕਾਰੀ ਹਾਈ ਸਕੂਲ ਜਲਾਲਦੀਵਾਲ ਨੂੰ ਅਪਗ੍ਰੇਡ ਕਰਨਾ

426. **ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਜਲਾਲਦੀਵਾਲ, ਜ਼ਿਲ੍ਹਾ ਲੁਧਿਆਣਾ ਵਿਖੇ ਸਰਕਾਰੀ ਹਾਈ ਸਕੂਲ ਨੂੰ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ, ਤਾਂ ਇਸ ਤਜਵੀਜ਼ ਨੂੰ ਕਦੋਂ ਤੱਕ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਲਖਮੀਰ ਸਿੰਘ ਰੰਧਾਵਾ : ਹਾਂ ਜੀ । ਹਾਈ ਸਕੂਲਾਂ ਨੂੰ ਅਪਗ੍ਰੇਡ ਕਰਕੇ +2 ਪੱਧਰ ਦੇ ਬਣਾਉਣ ਸਬੰਧੀ ਮਾਮਲਾ ਸਰਕਾਰ ਦੇ ਅਜੇ ਵਿਚਾਰ ਅਧੀਨ ਹੈ ।

ਸਮੂਹਿਕ ਵਿਕਾਸ ਸਕੀਮਾਂ ਅਧੀਨ ਗਰਾਂਟਾਂ ਦੀ ਵਰਤੋਂ

428. **ਸ੍ਰੀ ਰਾਜਿੰਦਰ ਕੁਮਾਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਫਰਵਰੀ, 1992 ਤੋਂ ਫਰਵਰੀ, 1995 ਤੱਕ ਦੇ ਸਮੇਂ ਦੇ ਦੌਰਾਨ ਸੀ.ਡੀ. 2.6 ਅਤੇ ਸੀ.ਡੀ. 2.8 ਸਕੀਮਾਂ ਅਧੀਨ ਆਦਮਪੁਰ ਅਤੇ ਭੋਗਪੁਰ ਬਲਾਕਾਂ ਵਿੱਚ ਗਰਾਮ ਪੰਚਾਇਤਾਂ ਨੂੰ ਮਿਲੀਆਂ ਗਰਾਂਟਾਂ ਦੇ ਪਿੰਡ-ਵਾਰ ਅਤੇ ਸਾਲ-ਵਾਰ ਵੇਰਵੇ ਕੀ ਕੀ ਹਨ;

(ਅ) ਕੀ ਸਾਰੇ ਸਬੰਧਤ ਸਰਪੰਚਾਂ ਨੇ ਉਪਰੋਕਤ ਉਕਤ ਗਰਾਂਟਾਂ ਦੇ ਸਬੰਧ ਵਿਚ ਉਪਯੋਗਤਾ ਸਰਟੀਫਿਕੇਟ ਪੇਸ਼ ਕਰ ਦਿੱਤੇ ਹਨ; ਜੇਕਰ ਨਹੀਂ, ਤਾਂ ਉਸ ਦੇ ਕੀ ਕਾਰਣ ਹਨ ?

ਸਰਦਾਰ ਬੇਅੰਤ ਸਿੰਘ : (ੳ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਨਹੀਂ ਜੀ । ਕਿਉਂਕਿ ਅਜੇ ਕੁਝ ਥਾਵਾਂ ਤੇ ਕੰਮ ਚੱਲ ਰਿਹਾ ਹੈ ।

ADAMPUR BLOCK

List of village where grant released under CD 2.6 and CD 2.8

Sr. No.	Name of Village		Amount
CD 2.6			
Year 1991-92			
1.	Kathar	..	1.00
2.	Arjanwal	..	1.00
3.	Bhagwanpur	..	0.78
4.	Daroli Kalan	..	1.54
5.	Kandola	..	1.00
6.	Khuradpur	..	0.70
7.	Haripur	..	0.83
8.	Bahudipur	..	0.80

Original with;
Punjab Vidhan Sabha
Digitized by;
Punjab Digital Library

Sr. No.	Name of Village	Amount
9.	Dhandaur ..	0.80
Year 1992-93		
1.	Dolike ..	1.50
2.	Kishanpur ..	1.50
3.	Chukhiara ..	1.65
4.	Masanina ..	1.00
5.	Budhiana ..	1.50
6.	Kapur ..	1.00
7.	Udesian ..	1.00
8.	Kadiana ..	1.00
9.	Satowali ..	0.50
10.	Talwandi Araian ..	0.75
11.	Ghurial ..	2.00
Year 1993-94		
1.	Daulatpur ..	1.00
2.	Kathar ..	2.00
3.	Dhandauri ..	0.50
4.	Haripur ..	1.00
5.	Jalpot ..	1.00
6.	Muradpur ..	1.00
7.	Chamon ..	1.00
8.	Dhandaur ..	1.00
Year 1994-95		
1.	Beaspind ..	1.00
2.	Budhinpur ..	1.00
3.	Bhagwanpur ..	1.00
4.	Thiala ..	0.50
CD 2.8		
Year 1991-92		
1.	Masanina ..	0.16
2.	Kadiana ..	0.25
3.	Daroli Khurad ..	0.15
4.	Arjanwal ..	0.065
5.	Kurian ..	0.065
6.	Chamon ..	0.065

Original with;
Punjab Vidhan Sabha
Digitized by;
Panjab Digital Library

[Chief Minister]

Sr. No.	Name of Village	Amount
7.	Daroli Khurad	0.065
8.	Udesian	0.065
9.	Kurala	0.065
10.	Duhre	0.785
11.	Daroli Khurad	0.25
12.	Kandhola	0.151
13.	Mamnko	0.34
Year 1992-93		
1.	Beas Pind	0.155
2.	Dhehpur	0.155
3.	Lotera Kalan	0.155
4.	Manko	0.155
5.	Daroli Khurad	0.155
6.	Talwandi Arajan	0.155
7.	Jalbheh	0.01
8.	Badiana	0.01
9.	Kapur	0.005
10.	Masaniana	0.005
11.	Chukhiara	0.15
Year 1993-94		
1.	Badiana	0.50
2.	Kishanpur	0.50
Year 1994-95		
1.	Haripur	0.10

BLOCK BHOGPUR

List of villages where grant released under CD 2.6 & CD 2.8

Sr. No.	Name of Village	Amount
CD 2.6		
Year 1991-92	—	—
Year 1992-93		
1.	Manakrai	3.00
2.	Rasatgo	1.00
3.	Bulle	1.00

Original with;
Punjab Vidhan Sabha
Digitized by;
Punjab Digital Library

Sr. No.	Name of Village	Amount
4.	Drawan	1.00
5.	Malli Nangal	1.00
6.	Kotla	1.00
7.	Jandir	1.00
8.	Lohara	1.00
9.	Dalia	1.00
10.	Laroai	2.00
11.	Sarobad	1.00
Year 1993-94		
1.	Drawan	0.562
2.	Pattian	0.873
3.	Manakrai	0.97
4.	Butana	1.00
5.	Dhadial	1.00
6,	Giganwal	1.00
7.	Dalla	1.00
8.	Satowali	1.00
9.	Sitalpur	0.50
10.	Chakgond	1.00
11.	Chakskoor	1.00
12	Mokal	0.75
13.	Kuresian	0.70
14.	Sohalpur	1.00
15.	Madopur	0.75
16.	Sadana	1.00
Year 1994-95		
1.	Charar	1.00
2.	Ghug	1.00
3.	Nangal Khurad	0.00

Original with;
Punjab Vidhan Sabha
Digitized by;
Panjab Digital Library

Sr. No.	Name of Village		Amount
4.	Behran Sarista	..	0.50
5.	Sarobad	..	1.00
6.	Mumandpur	..	1.00
7.	Sadchak	..	1.00
CD 2.8			
Year 1992-93			
1.	Patial	..	0.50
2.	Bhadial	..	1.00
3.	Rasatgo	..	0.75
4.	Bulle	..	0.50
5.	Muridpur	..	0.20
6.	Malli Nangal	..	0.155
7.	Saral	..	0.155
8.	Dhamoli	..	0.155
9.	Bullewal	..	0.155
Year 1993-94			
1.	Cholang	..	0.20
Year 1994-95	—	..	—

ANNOUNCEMENT BY THE SPEAKER

Mr. Speaker : There is a message from the Governor. I have to inform the House that I have received D. O. letter dated 14th March, 1995 from Lt. Gen. Shri B.K.N. Chhibber, Governor of Punjab, which reads as follows .

"This is with reference to your D.O. Letter No. 14-LA-9343 dated 10th March, 1995 forwarding a copy of the Motion of Thanks passed by the Punjab Vidhan Sabha at its meeting held on the 10th March, 1995 for the Address which I delivered to the House on 28th February, 1995.

2. I would like to convey my thanks, through you, to all the members of the Punjab Vidhan Sabha."

(ਇਸ ਸਮੇਂ ਕਈ ਮਾਨਯੋਗ ਮੈਂਬਰ ਪੁਆਇੰਟ ਆਫ਼ ਆਰਡਰ ਰੇਜ਼ ਕਰਨ ਲਈ ਖੜ੍ਹੇ ਸਨ)

ਸ਼੍ਰੀ ਸਪੀਕਰ : ਮੈਂ ਮੈਂਬਰ ਸਾਹਿਬਾਨ ਨੂੰ ਰਿਕੁਐਸਟ ਕਰਾਂਗਾ ਕਿ ਐਟ ਏ

Original with;
Punjab Vidhan Sabha
Digitized by;
Panjab Digital Library

ਟਾਈਮ ਇਕ ਇੜ ਕਰਕੇ ਉਠਣ ਅਤੇ ਖੜ੍ਹੇ ਹੋ ਕੇ ਆਪਣੀ ਗੱਲ ਕਹਿਣ, ਉਤਨੀ ਦੇਰ ਤੱਕ ਦੂਜਾ ਮੈਂਬਰ ਨਾ ਉਠੇ ।

ਸ਼੍ਰੀ ਸਤਨਾਮ ਸਿੰਘ ਕੈਂਥ : ** ** **

ਸ਼੍ਰੀ ਸਪੀਕਰ : ਮੁੱਖ ਮੰਤਰੀ ਸਾਹਿਬ ਨੇ ਇਸ ਦਾ ਜਵਾਬ ਦੇ ਚਿੱਤਾ ਸੀ ।

ਵਿੱਤ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ; ਕੁਐਸਚਨ ਆਵਰ ਲੰਘ ਗਿਆ ਹੈ ਅਤੇ ਗਵਰਨਰ ਸਾਹਿਬ ਦੇ ਐਡਰੈਸ ਉਤੇ ਇਥੇ ਕਾਫੀ ਬਹਿਸ ਹੋਈ ਹੈ । ਇਹ ਤਰੀਕਾ ਠੀਕ ਨਹੀਂ ਹੈ ਕਿ ਇਥੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਕੋਈ ਦੇਵੇ ਅਤੇ ਫੇਰ ਉਸ ਦਾ ਜਵਾਬ ਮੰਗੇ । ਇਥੇ ਸੈਪੇਸੈਫਿਕ ਬਿਜ਼ਨੈਸ ਦੇ ਮੁਤਾਬਿਕ ਅਤੇ ਰੂਲਜ਼ ਦੇ ਮੁਤਾਬਿਕ ਪੁਆਇੰਟ ਉਠਾਇਆ ਜਾ ਸਕਦਾ ਹੈ ਅਤੇ ਕੰਸਟੀਚਿਊਸ਼ਨ ਦੇ ਸਬੰਧ ਵਿਚ ਉਠਾਇਆ ਜਾ ਸਕਦਾ ਹੈ । ਸਾਰੀਆਂ ਗੱਲਾਂ ਇਹ ਪਹਿਲੇ ਕਰ ਚੁੱਕੇ ਹੋਏ ਹਨ ਫੇਰ ਇਥੇ ਸਪੀਚ ਕਰਕੇ ਜਵਾਬ ਮੰਗਣਾ ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਇਸ ਦੇ ਨਾਲ ਹਾਊਸ ਦਾ ਵਕਤ ਜ਼ਾਇਆ ਹੁੰਦਾ ਹੈ ਅਤੇ ਖਾਸ ਤੌਰ ਤੇ ਟੈਨਸ਼ਨ ਪੈਦਾ ਹੁੰਦੀ ਹੈ । ਸਪੀਕਰ ਸਾਹਿਬ, ਤੁਸੀਂ ਸਟਰਿਕਟਲੀ ਪੁਆਇੰਟ ਆਫ ਆਰਡਰ ਨੂੰ ਅਲਾਓ ਕਰਿਆ ਕਰੋ । ਇਸ ਜ਼ੀਰੋ ਆਵਰ ਵਿਚ ਖੜ੍ਹੇ ਹੋ ਕੇ ਸਵਾਲ ਕਰ ਦੇਣਾ ਅੱਰ ਫੇਰ ਸਰਕਾਰ ਨੂੰ ਜਵਾਬ ਮੰਗਣ ਲਈ ਮਜ਼ਬੂਰ ਕਰਨਾ ਠੀਕ ਨਹੀਂ ਹੈ । ਇਹ ਮੁਮਕਿਨ ਨਹੀਂ ਹੈ । (ਵਿਘਨ)

ਸ਼੍ਰੀ ਸਪੀਕਰ : ਕੈਂਥ ਸਾਹਿਬ, ਤੁਸੀਂ ਬੈਠੋ, ਤੁਹਾਡਾ ਇਹ ਪੁਆਇੰਟ ਆਫ ਆਰਡਰ ਨਹੀਂ ਹੈ । Please resume your seat.

ਸ਼੍ਰੀ ਸਤਨਾਮ ਸਿੰਘ ਕੈਂਥ : ** ** **

Mr. Speaker : Please resume your seat. You are just wasting the time of the House, which is very precious. Please listen....This is no Point of Order. You can give a Call Attention Notice if you so like.

(ਇਸ ਸਮੇਂ ਆਪੋਜ਼ੀਸ਼ਨ ਪਾਰਟੀਆਂ ਦੇ ਕਈ ਮਾਨਯੋਗ ਮੈਂਬਰ ਪੁਆਇੰਟ ਆਫ਼ ਆਰਡਰ ਰੇਜ਼ ਕਰਨ ਲਈ ਖੜ੍ਹੇ ਸਨ, ਮਾਨਯੋਗ ਸਪੀਕਰ ਸਾਹਿਬ ਨੇ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਨੂੰ ਪੁਆਇੰਟ ਆਫ ਆਰਡਰ ਲਈ ਆਗਿਆ ਦਿੱਤੀ)

श्रीमती लक्ष्मी कांता चावला ** ** **

ਸ਼੍ਰੀ ਸਪੀਕਰ : ਚਾਵਲਾ ਜੀ, ਤੁਸੀਂ ਬੈਠੋ । ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

Shri Madan Mohan Mittal : The Chief Minister should assure the House that there should not be any interference with the religious sentiments of the people.

(At this stage the Members belonging to BSP were raising slogans ** **and walked into the well of the House.)

**Expunged /Not recorded as ordered by the Chair.

Original with;
Punjab Vidhan Sabha
Digitized by;
Panjab Digital Library

Mr. Speaker : Slogans should not be recorded. Whatever is being spoken without my permission should not be recorded. (Interruptions).

PAPERS LAID ON THE TABLE

Chief Parliamentary Secretary (Shri Santokh Singh Chaudhary) : Sir I beg to lay on the Table—

1. The Annual Report of the Punjab State Industrial Development Corporation Ltd. for the year 1993-94, as required under Section 619-A of the Companies Act, 1956,
2. The Statement showing the reasons for delay in laying the Annual Report of the Punjab Khadi and Village Industry Board for the year 1993-94.
3. The Annual Statement of Accounts of the Punjab State Electricity Board for the year 1993-94, as required under Section 69 of the Electricity (Supply) Act, 1948. (Interruptions and Noise in the House).

Mr. Speaker : I am telling you. I warn you, I may tell you, I will name you. Please resume your seats. You are unnecessarily obstructing the proceedings.

(At this stage Sarvshri Satnam Singh Kainth, Hargopal Singh, Gurpal Chand Saroa and Rajinder Kumar (B.S.P.) were raising slogans** ** while standing in the well of the House).

Mr. Speaker : What all is being said without my permission, should not be recorded. (Interruptions) (Noise).

I again ask you to please go to your seats. Please resume your seats. You are obstructing the proceedngs, I am telling you. What all is being said without my permission is not to be recorded. Please resume your seats otherwise I will name you. (Interruptions) O.K. Marshal remove them.

WITHDRAWAL OF MEMBERS

(At this stage, the member belonging to BSP were removed by the Marshal from the well of the House.)

RESOLUTION RE: RAISING OF STANDARD OF PRIMARY EDUCATION

Mr. Speaker : Sardar Sukhdev Singh Shahbazpuri. Not present. Next. Resolution No. 3, Doctor Ramesh Dutt Sharma.

ਸ਼੍ਰੀ ਰਮੇਸ਼ ਦੱਤ ਸ਼ਰਮਾ (ਅਨੰਦਪੁਰ ਸਾਹਿਬ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

ਇਹ ਸਦਨ ਰਾਜ ਸਰਕਾਰ ਨੂੰ ਰਾਜ ਵਿਚ ਪ੍ਰਾਇਮਰੀ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਅਤੇ 100% ਸਾਖਰਤਾ ਦਾ ਟੀਚਾ ਪ੍ਰਾਪਤ ਕਰਨ ਲਈ ਕਾਰਵਾਈ ਕਰਨ ਦੀ ਸਿਫਾਰਸ਼ ਕਰਦਾ ਹੈ ।

**Not Recorded as ordered by the chair.

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਤੁਸੀਂ ਮੈਨੂੰ ਇਸ ਰੈਜ਼ੋਲਿਊਸ਼ਨ ਤੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ.....

(ਇਸ ਸਮੇਂ ਵਿਰੋਧੀ ਧਿਰ ਦੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਉਚੀ ਉਚੀ ਬੋਲ ਰਹੇ ਸਨ ਅਤੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਪਰ ਸ਼ੋਰ ਪੈਣ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ ।)

Mr. Speaker : Sathi Sahib, resume your seat. You can speak on Resolution, if you are to say anything. Chhajalwadi ji, Vimla Dang ji, Arshi ji, please resume your seats.

ਸ਼੍ਰੀ ਰਮੇਸ਼ ਦੱਤ ਸ਼ਰਮਾ : ਸਪੀਕਰ ਸਾਹਿਬ, ਪ੍ਰਾਇਮਰੀ ਅੰਜੂਕੇਸ਼ਨ ਜਿਹੜੀ ਹੈ, ਇਕ ਇਸ ਤਰਾਂ ਦੀ ਅੰਜੂਕੇਸ਼ਨ ਹੈ ਜਿਸ ਤੇ ਪੰਜਾਬ ਦਾ ਹੀ ਨਹੀਂ ਬਲਕਿ ਪੂਰੇ ਦੇਸ਼ ਦਾ ਭਵਿੱਖ ਨਿਰਭਰ ਕਰਦਾ ਹੈ । ਮੈਂ ਸਮਝਦਾ ਹਾਂ ਕਿ ਜੇ ਕਿਸੇ ਮਕਾਨ ਦੀ ਨੀਂਹ ਮਜ਼ਬੂਤ ਨਹੀਂ ਹੈ.. . (ਵਿਘਨ)

(ਇਸ ਸਮੇਂ ਵਿਰੋਧੀ ਧਿਰ ਦੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਉਚੀ ਉਚੀ ਬੋਲ ਰਹੇ ਸਨ ** **)

ਸ਼੍ਰੀ ਸਪੀਕਰ : ਇਹ ਜੋ ਕੁਝ ਮੇਰੀ ਆਗਿਆ ਬਿਨਾਂ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ ।

WALK OUTS

(ਇਸ ਸਮੇਂ ਸੀ. ਪੀ. ਆਈ. ਦੇ ਸਾਰੇ ਮੈਂਬਰ ਸਾਹਿਬਾਨ ਅਤੇ ਜਨਤਾ ਦਲ ਦੇ ਮੈਂਬਰ, ਸ਼੍ਰੀ ਵਿਜੇ ਕੁਮਾਰ ਸਾਥੀ ਸਦਨ ਵਿਚੋਂ ਵਾਕ-ਆਊਟ ਕਰ ਗਏ ।)

ਡਾਕਟਰ ਰਤਨ ਸਿੰਘ ** ** **

ਸ਼੍ਰੀ ਸਪੀਕਰ : ਜੋ ਕੁਝ ਇਹ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਮੈਂ ਇਸ ਬਾਰੇ ਵਿੱਚ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਕਿਉਂਕਿ ਅੰਜੂਕੇਸ਼ਨ ਦੇ ਉਪਰ ਚਾਹੇ.....(ਵਿਘਨ)

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਤੁਸੀਂ ਸਾਡੀ ਪਾਰਟੀ ਨੂੰ ਟਾਈਮ ਨਹੀਂ ਦਿੱਤਾ .....(ਵਿਘਨ)

ਸ਼੍ਰੀ ਸਪੀਕਰ : ਤੁਸੀਂ ਰੈਜ਼ੋਲਿਊਸ਼ਨ ਬੋਲਣ ਵੇਲੇ ਆਪਣੀ ਗੱਲ ਕਹਿ ਸਕਦੇ ਹੋ । ਪਲੀਜ਼, ਆਪਣੀ ਸੀਟ ਤੇ ਬੈਠੋ ।

** Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਰਮੇਸ਼ ਦੱਤ ਸ਼ਰਮਾ : ਪ੍ਰਾਇਮਰੀ ਦੀ ਜਿਹੜੀ ਐਜੂਕੇਸ਼ਨ ਹੈ, ਉਸ ਨਰਸਰੀ ਨੂੰ ਤਿਆਰ ਕਰਨ ਵਾਸਤੇ ਹੈ .....(ਵਿਘਨ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਕ) ਦੇ ਮੈਂਬਰ ਸਾਹਿਬਾਨ ਸਰਦਾਰ ਇੰਦਰਜੀਤ ਸਿੰਘ ਜ਼ੀਰਾ, ਸਰਦਾਰ ਹਰਜੀਤ ਸਿੰਘ ਛੱਜਲਵੱਡੀ ਅਤੇ ਅਜ਼ਾਦ ਮੈਂਬਰ, ਡਾਕਟਰ ਰਤਨ ਸਿੰਘ **ਨਾਹਰੇ ਮਾਰਦੇ ਹੋਏ ਸਦਨ ਵਿਚੋਂ ਵਾਕ-ਆਊਟ ਕਰ ਗਏ)

SUSPENSION OF MEMBERS

ਸ਼੍ਰੀ ਸਪੀਕਰ : ਇਹ ਜੋ ਕੁਝ ਬਿਨਾਂ ਆਗਿਆ ਤੋਂ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । Slogans are not to be recorded. All these slogans are expunged and they are removed from the House, these three Members, they are not to enter today. Marshal, they are not to enter.

RESOLUTION RE. RAISING OF STANDARD OF PRIMARY EDUCATION (*Resumption*)

ਸ਼੍ਰੀ ਰਮੇਸ਼ ਦੱਤ ਸ਼ਰਮਾ : ਪ੍ਰਾਇਮਰੀ ਦੇ ਬੱਚਿਆਂ ਦੀ ਪਨੀਰੀ ਨੂੰ ਤਿਆਰ ਕਰਨਾ ਜਿਹੜਾ ਹੈ, ਉਸ ਵਿਚ ਦੇਸ਼ ਦਾ, ਸਰਕਾਰਾਂ ਦਾ, ਸਮਾਜ ਦਾ ਬਰਾਬਰ ਦਾ ਯੋਗਦਾਨ ਰਿਹਾ ਹੈ । ਐਜੂਕੇਸ਼ਨਿਸਟ ਦੇ ਤੌਰ ਤੇ ਜੇ ਪਿਛੇ ਨਾ ਵੀ ਜਾਈਏ ਤਾਂ ਵੀ ਬੜੀ ਦੇਰ ਤੋਂ ਹੀ ਇਹ ਗੱਲ ਸਾਬਤ ਹੈ ਕਿ ਬੱਚਾ ਜੰਮਣ ਤੋਂ ਬਾਅਦ ਹੀ ਸਿੱਖਣਾ ਸ਼ੁਰੂ ਕਰਦਾ ਹੈ । ਉਸ ਦੀ ਪਹਿਲੀ ਪਰਵਰਿਸ਼ ਉਸ ਦੀ ਮਾਤਾ, ਪਿਤਾ ਅਤੇ ਭਾਈ ਤੇ ਨਿਰਭਰ ਕਰਦੀ ਹੈ ਕਿ ਉਹ ਬੱਚੇ ਨੂੰ ਕਿਸ ਪ੍ਰਕਾਰ ਨਾਲ ਤਿਆਰ ਕਰਦੇ ਹਨ । ਉਸਤੋਂ ਬਾਅਦ ਸਟੇਟ ਦੀ ਜ਼ਿਮੇਂਵਾਰੀ ਆਉਂਦੀ ਹੈ । ਜਿਵੇਂ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਮਹਾਂਭਾਰਤ ਵਿਚ.....(ਵਿਘਨ)

REVOCATION OF SUSPENSION OF MEMBERS

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਬੇਸ਼ਕ ਉਹ ਬਾਈਕਾਟ ਕਰਕੇ ਗਏ ਹਨ ਅਗਰ ਉਹ ਅੱਜ ਦੀ ਡਿਬੇਟ ਵਿਚ ਹਿੱਸਾ ਲੈਣਾ ਚਾਹੁਣ ਤਾਂ ਆ ਸਕਦੇ ਹਨ । ਉਨ੍ਹਾਂ ਨੂੰ ਪੂਰੇ ਟਾਈਮ ਲਈ ਸਦਨ ਵਿਚ ਆਉਣ ਤੋਂ ਰੋਕਿਆ ਨਾ ਜਾਵੇ ।

Mr. Speaker : I am fed up with their daily routine. Unless they mend their way, they will not be allowed. They unnecessarily obstruct the proceedings. They get up and also raise slogans even against the Speaker.

** Not recorded as ordered by the Chair.

Original with;
Punjab Vidhan Sabha
Digitized by;
Panjab Digital Library

Finance Minister : Sir, after today, ਅਗਰ ਇਸ ਤਰ੍ਹਾਂ ਕਰਨਗੇ, ਤਾਂ ਫਿਰ ਠੀਕ ਹੈ ।

ਸ਼੍ਰੀ ਸਪੀਕਰ : ਨਹੀਂ ਅੱਜ ਰਹਿਣ ਦਿਉ ਤਿੰਨਾਂ ਨੂੰ ਬਾਹਰ ।....(ਵਿਘਨ)

ਸ਼੍ਰੀ ਰਮੇਸ਼ ਦੱਤ ਸ਼ਰਮਾ : ਜਦੋਂ ਬੱਚਾ ਮਾਤਾ ਦੇ ਗਰਭ ਵਿਚ ਹੁੰਦਾ ਹੈ, ਉਹ ਉਸ ਵੇਲੇ ਵੀ ਸਿੱਖਣਾ ਸ਼ੁਰੂ ਕਰ ਦਿੰਦਾ ਹੈ । ਇਸ ਸਬੰਧੀ ਮਹਾਂਭਾਰਤ ਵਿਚ ਅਭਿਮਨਿਊ ਦੀ ਮਿਸਾਲ ਦਿੱਤੀ ਜਾ ਸਕਦੀ ਹੈ ਕਿ ਚੱਕਰਵਿਊ ਦੇ ਕਿਲ੍ਹੇ ਬਾਰੇ ਜਦ ਉਸ ਦੀ ਮਾਤਾ ਸੁਣ ਰਹੀ ਸੀ ਤਾਂ ਜਾਣ ਬਾਰੇ ਸੁਣਨ ਤੱਕ ਉਹ ਜਾਗਦੀ ਰਹੀ ਪਰ ਬਾਅਦ ਵਿਚ ਸੌਂ ਗਈ । ਅਭਿਮਨਿਊ ਨੂੰ ਵੀ ਚੱਕਰਵਿਊ ਵਿਚ ਜਾਣ ਦਾ ਗਿਆਨ ਪ੍ਰਾਪਤ ਹੋ ਗਿਆ ਸੀ ।

Mr. Speaker : You please sit down. I want to say something. As the Finance Minister has desired, if it is the pleasure of the House, I can allow them.

(Voices : Yes, Yes)

Mr. Speaker : O.K. Their suspension is revoked.

Now, one thing I want to make clear that when I say no Point of Order, it shonld not come in the Press that the Speaker has given no Point of Order. Nothing should come concerning that one in the Press. It is the decision of the House.

Finance Minister : Yes, we agree to it.

RESOLUTION RE. RAISING OF STANDARD OF PRIMARY EDUCATION (*Resumption*)

ਸ਼੍ਰੀ ਰਮੇਸ਼ ਦੱਤ ਸ਼ਰਮਾ ਅਸੀਂ ਬਹੁਤੀ ਦੇਰ ਪਰਾਣੇ ਯੁਗ ਦੀ ਗੱਲ ਨਾ ਵੀ ਕਰੀਏ ਅਤੇ ਕੁਝ ਕੁ ਪੁਰਾਣੇ ਸਮੇਂ ਦੀ ਗੱਲ ਕਰੀਏ ਤਾਂ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਰਵਿੰਦਰ ਨਾਥ ਟੈਗੋਰ, ਮਹਾਤਮਾ ਗਾਂਧੀ, ਡਾਕਟਰ ਰਾਧਾ ਕ੍ਰਿਸ਼ਨਨ, ਸਵਾਮੀ ਵਿਵੇਕਾ ਨੰਦ, ਸਵਾਮੀ ਦਯਾ ਨੰਦ ਸਰਸਵਤੀ ਅਤੇ ਹੋਰ ਵੀ ਬਹੁਤ ਸਾਰੇ ਐਸੇ ਮਹਾਂ ਪੁਰਸ਼ਾਂ ਨੇ ਸਿਖਿਆ ਤੇ ਜ਼ੋਰ ਦਿੱਤਾ ਅਤੇ ਦਸਿਆ ਕਿ ਆਉਣ ਵਾਲੇ ਭਵਿੱਖ ਵਿਚ ਕਿਸ ਤਰ੍ਹਾਂ ਦੀ ਜੈਨਰੇਸ਼ਨ ਹੋਣੀ ਚਾਹੀਦੀ ਹੈ । ਅੱਜ ਦੇ ਇਸ ਹਾਊਸ ਵਿਚ ਜਿਥੇ ਮੈਂ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਉਸ ਨੇ ਅਤਿਅੰਤ ਮਾੜੇ ਹਾਲਾਤ ਵਿਚੋਂ ਪੰਜਾਬ ਨੂੰ ਬਾਹਰ ਕਢਿਆ ਹੈ, ਉਥੇ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅੱਜ ਜੋ ਸਾਇੰਸ ਅਤੇ ਟੈਕਨਾਲੋਜੀ ਦਾ ਯੁੱਗ ਚਲ ਰਿਹਾ ਹੈ, ਉਸ ਦੇ ਮੁਤਾਬਿਕ ਪੰਜਾਬ ਸਰਕਾਰ ਪ੍ਰਾਇਮਰੀ ਐਜੂਕੇਸ਼ਨ ਵਾਸਤੇ ਅਤੇ ਟੈਕਨੀਕਲ ਐਜੂਕੇਸ਼ਨ ਵਾਸਤੇ ਪੂਰੇ ਪ੍ਰਯਾਸ ਕਰ ਰਹੀ ਹੈ । ਲੇਕਿਨ ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਅਜ਼ਾਦ ਹੋਏ ਨੂੰ 47 ਸਾਲ ਹੋ ਗਏ ਹਨ ਅਤੇ ਅੱਜ ਤੋਂ ਪੂਰੇ 5 ਸਾਲ ਬਾਅਦ ਅਸੀਂ 21ਵੀਂ ਸਦੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਮੇਸ਼ ਦੱਤ ਸ਼ਰਮਾ]

ਵਿਚ ਚਲੇ ਜਾਵਾਂਗੇ ਪਰ ਆਜ਼ਾਦੀ ਤੋਂ ਬਾਅਦ ਇਤਨੇ ਸਾਲ ਬੀਤ ਜਾਣ ਦੇ ਪਿੱਛੋਂ ਵੀ ਪੰਜਾਬ ਵਿਚ ਲਿਟਰੇਸੀ ਦੇ ਰੇਟ ਨੂੰ ਜੇ ਵੇਖੀਏ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਇਸ ਤੇ ਵਿਸ਼ੇਸ਼ ਗਰਵ ਨਹੀਂ ਕਰ ਸਕਦੇ ਕਿਉਂਕਿ ਮੇਰੀ ਨਾਲੇਜ ਦੇ ਮੁਤਾਬਿਕ ਪੰਜਾਬ ਦੇ 38% ਲੋਕਾਂ ਵਿਚ ਹਾਲੇ ਵੀ ਅਨਪੜ੍ਹਤਾ ਮੌਜੂਦ ਹੈ । ਬੇਸ਼ੱਕ ਸਾਡੀ ਸਰਕਾਰ ਅਡੱਲਟ ਐਜੂਕੇਸ਼ਨ ਵਾਸਤੇ ਪੂਰੇ ਯਤਨ ਕਰ ਰਹੀ ਹੈ ਲੇਕਿਨ ਮੈਂ ਸਮਝਦਾ ਹਾਂ ਕਿ ਪ੍ਰਾਇਮਰੀ ਐਜੂਕੇਸ਼ਨ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਇਹ ਪ੍ਰਾਇਮਰੀ ਐਜੂਕੇਸ਼ਨ ਹੀ ਹੈ ਜਿਸ ਤੇ ਸਾਰੇ ਭਾਰਤ ਅਤੇ ਇਸ ਦੀ ਆਉਣ ਵਾਲੀ ਪੀੜ੍ਹੀ ਦਾ ਇਤਿਹਾਸ ਡਿਪੈਂਡ ਕਰਦਾ ਹੈ । ਮਹਾਤਮਾ ਗਾਂਧੀ ਜੀ ਨੇ ਵੀ ਇਸੇ ਗੱਲ ਤੇ ਜ਼ੋਰ ਦਿੱਤਾ ਸੀ । ਉਨ੍ਹਾਂ ਨੇ ਕਿਹਾ ਸੀ ਕਿ ਜਾਇਦਾਦ ਵੰਡੀ ਜਾ ਸਕਦੀ ਹੈ, ਧਨ ਦੌਲਤ ਵੰਡੀ ਜਾ ਸਕਦੀ ਹੈ ਲੇਕਿਨ ਐਜੂਕੇਸ਼ਨ ਇਕ ਐਸੀ ਚੀਜ਼ ਹੈ ਜਿਸ ਨੂੰ ਡਿਵਾਈਡ ਨਹੀਂ ਕੀਤਾ ਜਾ ਸਕਦਾ । ਨਾ ਉਹ ਚੋਰੀ ਹੋ ਸਕਦੀ ਹੈ ਅਤੇ ਨਾ ਹੀ ਉਸ ਤੇ ਡਾਕਾ ਪੈ ਸਕਦਾ ਹੈ । ਇਸ ਕਰਕੇ ਪ੍ਰਾਇਮਰੀ ਐਜੂਕੇਸ਼ਨ ਦਾ ਮਹੱਤਵ ਬਹੁਤ ਜਿਆਦਾ ਹੈ । ਲੇਕਿਨ ਇਤਨਾ ਹੀ ਕਾਫੀ ਨਹੀਂ ਕਿ ਬੱਚਿਆਂ ਨੂੰ ਕ, ਖ, ਗ ਸਿਖਾ ਦਿੱਤਾ ਜਾਵੇ ਜਾਂ ਕਿਸੇ ਨੂੰ ਦਸਤਖਤ ਕਰਨੇ ਸਿਖਾ ਦਿੱਤੇ ਜਾਣ । ਇਸ ਦੇ ਨਾਲ ਨਾਲ ਉਸ ਨੂੰ ਅਸਲ ਸਿਖਿਆ ਤਾਂ ਹੀ ਮਿਲ ਸਕੇਗੀ ਜੇ ਉਸ ਨੂੰ ਆਪਣੇ ਹੱਥਾਂ ਨਾਲ ਕੰਮ ਕਰਨਾ ਸਿਖਾਇਆ ਜਾਵੇ, ਉਸ ਦਾ ਮਾਨਸਿਕ ਅਤੇ ਸਰੀਰਿਕ ਵਿਕਾਸ ਕੀਤਾ ਜਾਵੇ ਕਿਉਂਕਿ ਇਨ੍ਹਾਂ ਬੱਚਿਆਂ ਨੇ ਹੀ ਕਲ੍ਹ ਨੂੰ ਦੇਸ਼ ਦੇ ਸ਼ਰੇਸ਼ਠ ਨਾਗਰਿਕ ਬਣਨਾ ਹੈ । ਇਹ ਦੇਸ਼ ਦੀ ਅਤੇ ਸਾਡੀ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਅਸੀਂ ਇਸ ਜ਼ਿੰਮੇਵਾਰੀ ਤੋਂ ਪਿੱਛੇ ਨਹੀਂ ਹੱਟ ਸਕਦੇ । ਮਹਾਤਮਾ ਗਾਂਧੀ ਜੀ ਨੇ ਇਹ ਗੱਲ ਕਹੀ ਸੀ ਕਿ ਪੰਜਵੀਂ, ਛੇਵੀਂ ਜਮਾਤ ਪੜ੍ਹਾਉਣ ਤੋਂ ਬਾਅਦ ਵਿਦਿਆਰਥੀ ਨੂੰ ਰੋਜ਼ੀ-ਰੋਟੀ ਕਮਾਉਣ ਦੀ ਸਿਖਿਆ ਵੀ ਦੇਣੀ ਚਾਹੀਦੀ ਹੈ । ਕੁੱਲੀ, ਗੁੱਲੀ ਅਤੇ ਜੁੱਲੀ ਦੀ ਗੱਲ ਵੀ ਮਹਾਤਮਾ ਗਾਂਧੀ ਜੀ ਨੇ ਜ਼ੋਰਦਾਰ ਤਰੀਕੇ ਦੇ ਨਾਲ ਕਹੀ ਸੀ । ਆਜ਼ਾਦੀ ਮਿਲਣ ਤੋਂ ਬਾਅਦ ਮਹਾਤਮਾ ਗਾਂਧੀ ਜੀ ਨੂੰ ਪੁੱਛਿਆ ਗਿਆ ਕਿ ਆਜ਼ਾਦ ਭਾਰਤ ਵਿਚ ਆਉਣ ਵਾਲੇ ਸਮੇਂ ਵਿਚ ਕਿਸ ਤਰ੍ਹਾਂ ਦੀ ਜੈਨਰੇਸ਼ਨ ਤਿਆਰ ਕਰਨ ਦਾ ਤੁਹਾਡਾ ਵਿਚਾਰ ਹੈ, ਕਿਸ ਤਰ੍ਹਾਂ ਦੀ ਜੈਨਰੇਸ਼ਨ ਅੱਜ ਐਜੂਕੇਸ਼ਨ ਆਉਣ ਵਾਲੇ ਲੋਕਾਂ ਲਈ, ਪੀੜ੍ਹੀ ਲਈ ਹੋਵੇ, ਕਿਸ ਤਰੀਕੇ ਦੇ ਨਾਲ ਉਨ੍ਹਾਂ ਨੂੰ ਤਿਆਰ ਕਰਨ ਦਾ ਤੁਹਾਡਾ ਵਿਚਾਰ ਹੈ ਤਾਂ ਉਨ੍ਹਾਂ ਨੇ ਕਿਹਾ ਹੈ ਜਿਨ੍ਹਾਂ ਦਾ ਮੋਰਲ ਕਰੈਕਟਰ ਉੱਚਾ ਹੋਵੇ, ਅਜਿਹੀ ਜੈਨਰੇਸ਼ਨ ਹੋਵੇ ਜੋ ਦੇਸ਼ ਦੇ ਨਿਰਮਾਣ ਅੱਤ ਦੇਸ਼ ਦੀ ਆਜ਼ਾਦੀ ਨੂੰ ਸੁਰੱਖਿਅਤ ਰੱਖ ਸਕਦੀ ਹੋਵੇ, ਉਸ ਤਰ੍ਹਾਂ ਦੀ ਜੈਨਰੇਸ਼ਨ ਹੋਣੀ ਚਾਹੀਦੀ ਹੈ । ਇਸ ਪ੍ਰਕਾਰ ਦੇ ਨਾਲ ਮਹਾਤਮਾ ਗਾਂਧੀ ਜੀ ਨੇ ਸੁਪਨੇ ਨੂੰ ਸਾਕਾਰ ਕਰਨ ਵਾਸਤੇ ਅਹਿੰਸਾ ਦਾ ਸਹਾਰਾ ਲੈ ਕੇ, ਸਚਾਈ ਦਾ ਸਹਾਰਾ ਲੈ ਕੇ ਆਪਣੇ ਆਪ ਨੂੰ ਇਕ ਗੱਲ ਸਮਝਾਈ ਕਿ **truth is God**, ਸੱਚ ਹੀ ਪਰਮਾਤਮਾ ਹੈ ਅੱਤ ਸੱਚ ਦੇ ਉਪਰ ਹੀ ਖੜ੍ਹੇ ਹੋ ਕੇ ਇਖਲਾਕ ਠੀਕ ਹੋਵੇਗਾ, ਕਰੈਕਟਰ ਠੀਕ ਹੋਵੇਗਾ । ਅਜਿਹੀ ਜੈਨਰੇਸ਼ਨ ਅਸੀਂ ਤਿਆਰ ਕਰਾਂਗੇ ਜਿਸ ਦੇ ਨਾਲ ਭਾਰਤ ਦਾ ਜਿਹੜਾ ਭਵਿੱਖ ਹੈ ਉਹ ਸੁਰੱਖਿਅਤ ਰਹੇਗਾ । ਮੈਂ ਪਹਿਲਾਂ ਵੀ ਕਿਹਾ ਸੀ ਕਿ ਜਿਹੜੀ ਅਸੀਂ ਆਉਣ ਵਾਲੀ ਪੀੜ੍ਹੀ ਤਿਆਰ ਕੀਤੀ ਹੈ ਸਾਨੂੰ ਸਾਰਿਆਂ ਨੂੰ ਹੀ ਸਾਡੇ ਬਜ਼ੁਰਗ ਕਹਿੰਦੇ ਸਨ ਅੱਤ ਅਸੀਂ ਸਾਰੇ ਵੀ ਆਪਣੇ ਬੱਚਿਆਂ ਨੂੰ ਇਹੀ ਕਹਿੰਦੇ ਹਾਂ ਕਿ ਜੇ ਤੁਸੀਂ ਪੜ੍ਹੋਗੇ ਨਹੀਂ ਤਾਂ, ਅੱਜ ਕੱਲ ਕੰਪੀਟੀਸ਼ਨ ਦਾ ਯੁੱਗ ਹੈ, ਤੁਸੀਂ ਭੁੱਖੇ ਮਰ ਜਾਓਗੇ ਪਰ

Original with;
Punjab Vidhan Sabha
Digitized by;
Punjab Digital Library

ਆਉਣ ਵਾਲੀ ਜਿਹੜੀ ਪੀੜ੍ਹੀ ਹੈ, ਜਿਹੜਾ ਦਿਮਾਗ ਦਾ ਤੇਜ਼ਪਨ ਹੈ ਅੱਜ ਦੇ ਹਾਲਾਤ ਵਿੱਚ ਕਾਫੀ ਸਹੂਲਤਾਂ ਉਨ੍ਹਾਂ ਨੂੰ ਮਿਲ ਰਹੀਆਂ ਹਨ, ਵਿਗਿਆਨਕ ਸਹੂਲਤਾਂ ਬਹੁਤ ਹਨ ਅੱਰ ਟੈਕਨਾਲੌਜੀ ਵੀ ਬਹਤ ਹੈ ਫਿਰ ਵੀ ਪ੍ਰਾਇਮਰੀ ਸਿੱਖਿਆ ਜਿਹੜੀ ਹੈ ਉਸ ਦਾ ਆਪਣਾ ਮਹੱਤਵ ਹੈ । ਜਿੱਥੇ ਲਿਟਰੇਸੀ ਹੋਣੀ ਬਹੁਤ ਜ਼ਰੂਰੀ ਹੈ ਉਥੇ ਵਿਕਾਸ ਅੱਰ ਚੰਗੀ ਸਿਹਤ ਦਾ ਹੋਣਾ ਵੀ ਬਹੁਤ ਜ਼ਰੂਰੀ ਹੈ । ਇਸ ਗੱਲ ਵਾਸਤੇ ਮੈਂ ਪਹਿਲਾਂ ਵੀ ਕਿਹਾ ਸੀ ਕਿ ਪੰਜਾਬ ਸਰਕਾਰ ਦੇ ਪ੍ਰਯਤਨਾਂ ਬਾਰੇ ਮੈਨੂੰ ਕੋਈ ਸ਼ੰਕਾ ਨਹੀਂ ਹੈ, ਸਰਕਾਰ ਨੇ ਆਪਣੀ ਸਮਰੱਥਾ ਦੇ ਮੁਤਾਬਿਕ ਲੋਕਾਂ ਵਾਸਤੇ ਬਹਤ ਕਝ ਕੀਤਾ ਹੈ ਅੱਰ ਦੋ ਤਿੰਨ ਦਿਨ ਪਹਿਲਾਂ ਭੈਣ ਵਿਮਲਾ ਡਾਂਗ ਜੀ ਨੇ ਮਤਾ ਪੇਸ਼ ਕੀਤਾ ਸੀ । ਉਸ ਵਿੱਚ ਵੀ ਮੈਂ ਪ੍ਰਾਇਮਰੀ ਸਿੱਖਿਆ ਨੂੰ ਅੱਪ-ਲਿਫਟ ਕਰਨ ਦਾ ਵਿਚਾਰ ਪੇਸ਼ ਕੀਤਾ ਸੀ ਅੱਰ ਉਸ ਤੋਂ ਇਲਾਵਾ ਵੀ ਮੈਂ ਕਾਫੀ ਕਝ ਕਿਹਾ ਸੀ । ਅੱਜ ਕਿਉਂਕਿ ਅਸੀਂ 100% ਲਿਟਰੇਸੀ ਵਾਲੇ ਪਾਸੇ ਨੂੰ ਜਾ ਰਹੇ ਹਾਂ ਲੇਕਿਨ ਹਾਲੇ ਵੀ ਸਾਡੇ ਐਜੂਕੇਸ਼ਨ ਸਿਸਟਮ ਦੇ ਵਿੱਚ ਬਹੁਤ ਕਮੀਆਂ ਹਨ ਸਾਨੂੰ ਇਨ੍ਹਾਂ ਤੇ ਵਿਚਾਰ ਕਰਨਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਹਾਊਸ ਦੇ ਵਿੱਚ ਖਾਸ ਤੌਰ ਤੇ ਐਜੂਕੇਸ਼ਨ ਮੰਤਰੀ ਜੀ ਜਿਹੜੇ ਸਾਡੇ ਸੂਬੇ ਦੇ, ਮੁਲਕ ਦੇ ਪੁਰਾਣੇ ਐਜੂਕੇਸ਼ਨਿਸਟ ਹਨ ਜਿਨ੍ਹਾਂ ਨੇ ਸਾਨੂੰ ਅਗਵਾਈ ਦਿੱਤੀ ਹੈ, ਅੱਜ ਦੇ ਸਾਡੇ ਸਿੱਖਿਆ ਮੰਤਰੀ ਜੀ ਵੀ ਕਾਫੀ ਪੜ੍ਹੇ ਲਿਖੇ ਹਨ ਅੱਰ ਇਨ੍ਹਾਂ ਦਾ ਐਜੂਕੇਸ਼ਨ ਦੇ ਨਾਲ ਬੜਾ ਲਗਾਓ ਵੀ ਹੈ ਕੁਝ ਨਾ ਕੁਝ ਇਨ੍ਹਾਂ ਦੀ ਅਗਵਾਈ ਹੇਠਾਂ ਪਿਛਲੇ ਦੋ ਸਾਲਾਂ ਦੇ ਵਿੱਚ ਬੜੇ ਵਧੀਆ ਪਰਯਾਸ ਵੀ ਹੋ ਰਹੇ ਹਨ । ਅੱਜ ਪੰਜਾਬ ਦੇ ਵਿੱਚ 13 ਹਜ਼ਾਰ ਦੇ ਕਰੀਬ ਪ੍ਰਾਇਮਰੀ ਸਕੂਲ ਹਨ ਜਿਹੜਾ ਕਿ ਤਕਰੀਬਨ ਇਕ ਕਿਲੋਮੀਟਰ ਦੇ ਘੇਰੇ ਵਿੱਚ ਇਕ ਸਕੂਲ ਆਉਂਦਾ ਹੈ ਪਰ ਇਸ ਦੇ ਬਾਵਜੂਦ ਵੀ ਮੈਂ ਸਮਝਦਾ ਹਾਂ ਜੇ ਅਸੀਂ ਪਿਛਲਾ ਰਿਕਾਰਡ ਦੇਸ਼ ਦੀ ਆਜਾਦੀ ਤੋਂ ਬਾਅਦ 47 ਸਾਲ ਬਾਅਦ ਅੱਜ ਝਾਤੀ ਮਾਰੀਏ ਤਾਂ ਕਾਫੀ ਗੱਲਾਂ ਅਜਿਹੀਆਂ ਹਨ ਕਿ ਸਾਡਾ ਐਜੂਕੇਸ਼ਨ ਦਾ ਸਟੈਂਡਰਡ ਕੁਝ ਘਟਿਆ ਹੀ ਹੈ । ਪੰਜਾਬ ਦੇ ਵਿੱਚ ਵੀ ਘਟਿਆ ਹੈ । ਮੈਂ ਇਸ ਗੱਲ ਲਈ ਮੰਨਦਾ ਹਾਂ ਕਿ ਸਰਕਾਰ ਨੇ ਪ੍ਰਾਇਮਰੀ ਤੱਕ ਫਰੀ ਐਜੂਕੇਸ਼ਨ ਕੀਤੀ ਹੈ, ਬੱਚਿਆਂ ਨੂੰ ਕਿਤਾਬਾਂ ਵੀ ਫਰੀ ਦਿੱਤੀਆਂ ਜਾਂਦੀਆਂ ਹਨ ਅੱਰ ਅਨੁਸੂਚਿਤ ਜਾਤੀਆਂ ਜਾਂ ਪਛੜੀਆਂ ਸ਼ੈਡਿਊਲਾਂ ਦੇ ਬੱਚਿਆਂ ਨੂੰ ਵਜ਼ੀਫਾ ਵੀ ਦਿੱਤਾ ਹੈ । ਮੈਂ ਖਾਸ ਤੌਰ ਤੇ ਕਹਿੰਦਾ ਹਾਂ, ਪਹਿਲਾਂ ਵੀ ਕਿਹਾ ਹੈ ਕਿ ਜਿਸ ਪ੍ਰਕਾਰ ਦੇ ਨਾਲ ਆਉਣ ਵਾਲੀ ਜੈਨਰੇਸ਼ਨ ਵਿੱਚ ਸਾਡੀਆਂ ਜਿਹੜੀਆਂ ਬੇਟੀਆਂ ਜਾਂ ਭੈਣਾਂ ਹਨ ਉਨ੍ਹਾਂ ਵਾਸਤੇ ਵੀ 300 ਰੁਪਏ ਸਰਕਾਰ ਨੇ ਵਜ਼ੀਫਾ ਦੇਣਾ ਹੈ ਪਰ, ਸਪੀਕਰ ਸਾਹਿਬ, ਇਹ ਗੱਲ ਵੀ ਨਾਲ ਦੀ ਨਾਲ ਠੀਕ ਹੈ ਜਿਸ ਤਰ੍ਹਾਂ ਅਸੀਂ ਸਰਕਾਰੀ ਸਕੂਲਾਂ ਦੇ ਵਿੱਚ ਦੇਖਦੇ ਹਾਂ ਕਿ ਬੱਚੇ ਦਾਖਲ ਹੁੰਦੇ ਹਨ ਪਰ ਦਾਖਲ ਹੋਣ ਤੋਂ ਬਾਅਦ ਬਹੁਤ ਸਾਰੇ ਬੱਚੇ ਡਰਾਪ ਆਊਟ ਹੋ ਜਾਂਦੇ ਹਨ ਉਹ ਕੇਵਲ ਵਜ਼ੀਫਾ ਲੈਣ, ਕਿਤਾਬਾਂ ਲੈਣ ਜਾਂ ਪੈਸੇ ਲੈਣ ਹੀ ਆਉਂਦੇ ਹਨ, ਉਹ ਸਕੂਲ ਦੇ ਵਿੱਚ ਰੈਗੂਲਰ ਐਜੂਕੇਸ਼ਨ ਲੈਣ ਵਾਸਤੇ ਨਹੀਂ ਆਉਂਦੇ । ਮੇਰੀ ਜਾਣਕਾਰੀ ਦੇ ਅਨੁਸਾਰ ਸਰਕਾਰ ਨੇ 1960 ਦੇ ਵਿੱਚ ਇਕ ਐਕਟ ਬਣਾਇਆ ਸੀ ਅੱਰ ਇਹ ਵੀ ਗੱਲ ਕਹੀ ਸੀ ਕਿ ਅਸੀਂ 6 ਸਾਲ ਦੀ ਬਜ਼ਾਏ 5 ਸਾਲ ਦੇ ਬੱਚਿਆਂ ਨੂੰ ਸਕੂਲਾਂ ਦੇ ਵਿੱਚ ਦਾਖਲਾ ਅਲਾਓ ਕਰਾਂਗੇ ਪਰ, ਸਪੀਕਰ ਸਾਹਿਬ, ਅੱਜ ਅਸੀਂ ਦੇਖਦੇ ਹਾਂ ਕਿ ਉਸ ਐਕਟ ਦੇ ਵਿੱਚ ਇਹ ਧਾਰਾ ਦੇਣ ਦੇ ਬਾਵਜੂਦ ਵੀ ਜਿੱਥੇ ਟੀਚਰ ਜ਼ਿੰਮੇਵਾਰ ਹੈ ਜਿਹੜੇ ਬੱਚੇ ਸਕੂਲ ਵਿੱਚ ਦਾਖਲ ਹੋਣ ਤੋਂ ਬਾਅਦ ਸਕੂਲ ਛੱਡ ਜਾਂਦੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਮੇਸ਼ ਦੱਤ ਸ਼ਰਮਾ]

ਹਨ ਜਾਂ ਉਹ ਛੋਟੀ ਮੋਟੀ ਨੌਕਰੀ ਪ੍ਰਾਈਵੇਟ ਕਰਦੇ ਹਨ ਜਾਂ ਉਹ ਡੰਗਰ ਚਰਾਉਣ ਦਾ ਕੰਮ ਕਰਦੇ ਹਨ, ਪੇਟ ਦੀ ਖਾਤਰ ਹਰ ਕੰਮ ਕਰਦੇ ਹਨ ਉਨ੍ਹਾਂ ਨੂੰ ਸਕੂਲਾਂ ਦੇ ਅੰਦਰ ਰੈਗੂਲਰ ਐਜੂਕੇਸ਼ਨ ਦੇਣ ਵਾਸਤੇ ਤਾਂ ਕਿ ਡਰਾਪ-ਆਊਟ ਨਾ ਹੋਵੇ ਐਕਟ ਦੇ ਵਿੱਚ ਇਹ ਧਾਰਾ ਮੌਜੂਦ ਹੋਵੇ ਤਾਂ ਕਿ ਬੱਚਿਆਂ ਨੂੰ ਕਨਵਿਨਸ ਕਰਕੇ, ਉਨ੍ਹਾਂ ਨੂੰ ਅੰਦਰ ਉਨ੍ਹਾਂ ਦੇ ਮਾਂ ਪਿਉ ਨੂੰ ਮੋਬੇਲਾਈਜ਼ ਕਰਕੇ ਉਨ੍ਹਾਂ ਬੱਚਿਆਂ ਨੂੰ ਸਕੂਲ ਦੇ ਵਿੱਚ ਰੈਗੂਲਰ ਤੌਰ ਤੇ ਐਜੂਕੇਸ਼ਨ ਵਾਸਤੇ ਰੱਖਿਆ ਜਾਵੇ । ਜਿਹੜੇ ਮਾਂ ਪਿਉ ਇਸ ਗੱਲ ਦੇ ਬਾਵਜੂਦ ਵੀ ਆਪਣੇ ਬੱਚਿਆਂ ਨੂੰ ਸਕੂਲਾਂ ਵਿੱਚ ਰੈਗੂਲਰ ਨਹੀਂ ਭੇਜਦੇ, ਕਮ-ਅਜ਼-ਕਮ ਪੰਜਵੀਂ ਤੱਕ ਰੈਗੂਲਰ ਨਹੀਂ ਕਰਦੇ ਉਨ੍ਹਾਂ ਦੇ ਖਿਲਾਫ ਕਾਨੂੰਨੀ ਚਾਰਾਜੋਈ ਕਰਨ ਦਾ ਰੁਝਾਨ ਐਕਟ ਵਿੱਚ ਵੀ ਹੈ ਪਰ ਇਸ ਗੱਲ ਦੇ ਬਾਵਜੂਦ ਵੀ ਸ਼ਾਇਦ ਅਸੀਂ ਪੇਰੈਂਟ ਨੂੰ ਇਸ ਵਾਸਤੇ ਮਜ਼ਬੂਰ ਨਹੀਂ ਕਰਦੇ । ਮੈਂ ਇਹ ਨਹੀਂ ਕਹਿੰਦਾ ਕਿ ਇਹ ਸਾਰੀ ਦੀ ਸਾਰੀ ਡਿਊਟੀ ਸਰਕਾਰ ਦੀ ਹੀ ਹੈ । ਜਿਹੜੇ ਪੇਰੈਂਟਸ ਜ਼ਿਆਦਾ ਪੜ੍ਹੇ-ਲਿਖੇ ਹਨ ਉਹ ਵੀ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹਨ । ਇਸ ਸਾਰੇ ਸਿਸਟਮ ਨੂੰ ਬਦਲਣ ਤੋਂ ਬਾਅਦ ਇਹ ਜਿਹੜਾ ਮਾਡਰਨ ਸਕੂਲਾਂ ਦਾ ਸਿਸਟਮ ਹੈ, ਜਿਹੜੀਆਂ ਦੁਕਾਨਾਂ ਹੀ ਖੁਲ੍ਹ ਗਈਆਂ ਹਨ, ਜਿਨ੍ਹਾਂ ਵਿੱਚ ਸਾਡੇ ਛੋਟੇ ਸਮਾਜ ਦੇ ਵਰਗਾਂ ਦੇ ਲੋਕਾਂ ਲਈ ਜਾਣਾ ਬਹੁਤ ਹੀ ਮੁਸ਼ਕਲ ਹੈ ਅਤੇ ਉਥੇ ਉਨ੍ਹਾਂ ਦੀ ਲੁੱਟ ਕੀਤੀ ਜਾਂਦੀ ਹੈ । ਮੈਂ ਕਹਿੰਦਾ ਹਾਂ ਕਿ ਲਾਲ ਟਾਈ, ਪੈਂਟ ਅਤੇ ਕੋਟ ਪਾ ਕੇ ਹੀ ਬੱਚੇ ਦਾ ਕੋਈ ਨਿਰਮਾਣ ਨਹੀਂ ਹੋ ਜਾਂਦਾ । ਜ਼ਰੂਰੀ ਹੈ ਕਿ ਉਨ੍ਹਾਂ ਦੀਆਂ ਫੀਸਾਂ ਵਿੱਚ ਕੁਝ ਸੰਸ਼ੋਧਨ ਕੀਤਾ ਜਾਣਾ ਚਾਹੀਦਾ ਹੈ । ਉਹ ਬੀ.ਏ. ਅਤੇ ਐਮ.ਏ. ਪੜ੍ਹੀਆਂ ਲਿਖੀਆਂ ਲੜਕੀਆਂ ਨੂੰ ਕੇਵਲ 300/- ਜਾਂ 400/- ਰੁਪਏ ਮਹੀਨੇ ਤੇ ਰੱਖਦੇ ਹਨ । ਇਹ ਵੀ ਜ਼ਰੂਰੀ ਹੈ ਕਿ ਸਰਕਾਰ ਦੇ ਪ੍ਰਾਇਮਰੀ ਸਕੂਲਾਂ ਵਿੱਚ ਅਤੇ ਦੂਸਰੇ ਸਕੂਲਾਂ ਵਿੱਚ ਬੱਚਿਆਂ ਨੂੰ ਪ੍ਰਾਇਮਰੀ ਸਿੱਖਿਆ ਵਾਸਤੇ ਇੱਕੋ ਜਿਹੇ ਸਲੇਬਸ ਅਤੇ ਅਵਸਰ ਮਿਲਣੇ ਚਾਹੀਦੇ ਹਨ । ਇਹ ਨਾ ਕਰਕੇ ਅਸੀਂ ਤਾਂ ਸਮਾਜ ਨੂੰ ਤੋੜਣ ਦਾ ਕੰਮ ਕਰ ਰਹੇ ਹਾਂ । ਮੈਂ ਸਮਝਦਾ ਹਾਂ ਕਿ ਗਰੀਬਾਂ ਦੇ ਬੱਚਿਆਂ ਵਾਸਤੇ ਪਿੰਡ ਦੇ ਸਰਪੰਚ ਤੋਂ ਜਾਂ ਕਿਸੇ ਹੋਰ ਤੋਂ ਸਰਟੀਫਿਕੇਟ ਵੀ ਲਿਆ ਜਾ ਸਕਦਾ ਹੈ ਜਾਂ ਪੁੱਛਿਆ ਜਾ ਸਕਦਾ ਹੈ ਕਿ ਜਿਹੜੇ ਬੱਚੇ ਅੱਗੇ ਪੜ੍ਹਾਈ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਠੀਕ ਤਰ੍ਹਾਂ ਨਾਲ ਫੀਸਾਂ ਵਿੱਚ ਛੋਟ ਮਿਲੇ । ਅਸੀਂ ਅੱਜ ਬੜੀ ਟੈਕਨੀਕਲ ਐਜਕੇਸ਼ਨ ਦੇ ਰਹੇ ਹਾਂ, ਪੌਲੀਟੈਕਨੀਕ ਖੋਲ੍ਹ ਰਹੇ ਹਾਂ, ਆਈ.ਟੀ. ਆਈ. ਖੋਲ੍ਹ ਰਹੇ ਹਾਂ, ਪੀ.ਐਚ.ਡੀ. ਦੀ ਪੜ੍ਹਾਈ ਦੇ ਰਹੇ ਹਾਂ, ਕੰਪਿਊਟਰ ਕਲਾਸਾਂ ਲਗਾ ਰਹੇ ਹਾਂ, ਜਿੰਨਾ ਵੀ ਵੱਧ ਤੋਂ ਵੱਧ ਹੋ ਸਕਦਾ ਹੈ ਬੱਚਿਆਂ ਨੂੰ ਵਿਦਿਆ ਦੇ ਨਾਲ ਇਸ ਕਿਸਮ ਦੀ ਪੜ੍ਹਾਈ ਦੇ ਵਿੱਚ ਵੀ ਸਾਨੂੰ ਉਨ੍ਹਾਂ ਨੂੰ ਲਾਉਣਾ ਚਾਹੀਦਾ ਹੈ । ਜੇਕਰ ਅਸੀਂ ਇਸ ਤਰ੍ਹਾਂ ਨਹੀਂ ਕਰਾਂਗੇ ਤਾਂ ਅਸੀਂ ਆਉਣ ਵਾਲੀ ਜੈਨਰੇਸ਼ਨ ਨੂੰ ਚੰਗੀ ਤਰ੍ਹਾਂ, ਠੀਕ ਢੰਗ ਨਾਲ ਤਿਆਰ ਨਹੀਂ ਕਰ ਸਕਾਂਗੇ । ਐਜੂਕੇਸ਼ਨ ਦੇ ਵਾਸਤੇ ਸਰਕਾਰ ਬਹੁਤ ਪੈਸਾ ਖਰਚ ਕਰ ਰਹੀ ਹੈ । ਜੇਕਰ ਅਸੀਂ ਪ੍ਰਾਇਮਰੀ ਸਕੂਲਾਂ ਵਿੱਚ ਅੱਛੇ ਭਵਿੱਖ ਨੂੰ ਤਿਆਰ ਕਰਨਾ ਹੈ ਤਾਂ ਸਾਨੂੰ ਇਨ੍ਹਾਂ ਵਿੱਚ ਕੀਤੀ ਹੋਈ ਨਰਮਾਈ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ । ਜਿਸ ਪ੍ਰਾਇਮਰੀ ਵਿਦਿਆ ਵਿਚੋਂ ਸਾਡੀ ਆਉਣ ਵਾਲੀ ਪੀੜ੍ਹੀ ਤਿਆਰ ਹੁੰਦੀ ਹੈ ਉਸ ਵਿੱਚ ਅਸੀਂ ਐਨੀ ਨਰਮਾਈ ਕੀਤੀ ਹੋਈ ਹੈ ਕਿ ਅਸੀਂ ਬੱਚਿਆਂ

Original with;
Punjab Vidhan Sabha
Digitized by;
Panjab Digital Library

ਦਾ ਨੁਕਸਾਨ ਕਰ ਰਹੇ ਹਾਂ ਅਤੇ ਆਪਣੀ ਜ਼ਿੰਮੇਵਾਰੀ ਨੂੰ ਪੂਰਾ ਨਹੀਂ ਕਰ ਰਹੇ। ਮਿਸਾਲ ਦੇ ਤੌਰ ਤੇ ਜਿਹੜਾ ਬੱਚਾ ਸਕੂਲ ਵਿੱਚ ਦਾਖਲ ਹੁੰਦਾ ਹੈ, ਉਹ ਚਾਹੇ ਸਕੂਲ ਵਿਚ ਆਵੇ ਜਾਂ ਨਾ ਆਵੇ, ਉਸ ਨੂੰ ਪੰਜਵੀਂ ਜਮਾਤ ਤੱਕ ਕੰਪਲਸਰੀ ਤੌਰ ਤੇ ਪਾਸ ਕਰਨਾ ਹੈ ਚਾਹੇ ਉਹ ਇਕ ਦਿਨ ਵੀ ਸਕੂਲ ਨਾ ਆਇਆ ਹੋਵੇ। ਇਹ ਬੱਚਿਆਂ ਲਈ ਵੀ ਨੁਕਸਾਨ ਦੇਹ ਹੈ ਅਤੇ ਟੀਚਰਾਂ ਵਾਸਤੇ ਵੀ ਨੁਕਸਾਨ ਹੈ। ਅੱਜ ਯੁੱਗ ਬਦਲਿਆ ਹੋਇਆ ਹੈ ਅਤੇ ਮੰਤਰੀ ਜੀ ਵੀ ਇਸ ਗੱਲ ਨੂੰ ਸਮਝਣਗੇ ਕਿ ਪ੍ਰਾਇਮਰੀ ਸਕੂਲਾਂ ਵਿੱਚ ਪੰਜਵੀਂ ਕਲਾਸ ਤੱਕ ਜਿਹੜੀਆਂ ਨਵੀਆਂ ਚੀਜ਼ਾਂ ਅਸੀਂ ਕਰ ਰਹੇ ਹਾਂ ਉਨ੍ਹਾਂ ਵਿੱਚ ਰਿਜ਼ਲਟ ਬੇਸਡ ਤਿਆਰ ਹੋਣਾ ਬਹੁਤ ਜ਼ਰੂਰੀ ਹੈ। ਪਿਛਲੇ ਸਿਸਟਮ ਨੂੰ ਛੱਡਣਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਨੂੰ ਯਾਦ ਹੈ ਕਿ ਜਦੋਂ ਮੈਂ ਪੜ੍ਹਦਾ ਹੁੰਦਾ ਸੀ ਤਾਂ ਉਸ ਵੇਲੇ ਸਲੇਟ ਤੇ ਫੱਟੀ ਜ਼ਿਆਦਾ ਇਸਤੇਮਾਲ ਕੀਤੀ ਜਾਂਦੀ ਸੀ। ਇਕ ਵਾਰੀ ਦੀ ਖਰੀਦੀ ਹੋਈ 2-3 ਮਹੀਨੇ ਲੰਘ ਜਾਂਦੀ ਸੀ। ਉਨ੍ਹਾਂ ਉਤੇ ਪਹਿਲੀ ਜਮਾਤ ਤੋਂ ਲੈ ਕੇ ਚੌਥੀ ਜਮਾਤ ਤੱਕ ਇਕ ਦਿਨ ਵਿੱਚ 2-3 ਵਾਰ ਤਾਂ ਲਿਖ ਲੈਂਦੇ ਸੀ। ਉਸ ਨਾਲ ਹੈਂਡ-ਰਾਈਟਿੰਗ ਵਿੱਚ ਵੀ ਬੜਾ ਸੁਧਾਰ ਹੁੰਦਾ ਸੀ ਅਤੇ ਚੰਗੀ ਹੈਂਡ-ਰਾਈਟਿੰਗ ਦੇ ਵੱਖਰੇ ਨੰਬਰ ਵੀ ਮਿਲਦੇ ਸਨ। ਉਸ ਸਿਸਟਮ ਨੂੰ ਅਸੀਂ ਗਾਇਬ ਹੀ ਕਰ ਦਿੱਤਾ ਹੈ ਅਤੇ ਅਸੀਂ ਇਸ ਤਰ੍ਹਾਂ ਆਉਣ ਵਾਲੇ ਬੱਚਿਆਂ ਦਾ ਨੁਕਸਾਨ ਕਰ ਰਹੇ ਹਾਂ ਅਤੇ ਉਨ੍ਹਾਂ ਨੂੰ ਅਸੀਂ ਪੂਰੀ ਤਰ੍ਹਾਂ ਤਿਆਰ ਵੀ ਨਹੀਂ ਕਰ ਰਹੇ। ਮੈਂ ਸਮਝਦਾ ਹਾਂ ਕਿ ਅੱਛੇ ਰਿਜ਼ਲਟਸ ਵੀ ਜ਼ਰੂਰੀ ਹਨ। ਜਿਥੇ ਸਰਕਾਰ ਅੱਛੇ ਪ੍ਰਯਤਨ ਕਰ ਰਹੀ ਹੈ ਉਥੇ ਕੋਈ ਇਹੋ ਜਿਹਾ ਕਾਨੂੰਨ ਵੀ ਹੋਵੇ ਚਾਹੇ ਉਨ੍ਹਾਂ ਨੂੰ ਮੋਬੇਲਾਈਜ਼ੇਸ਼ਨ ਨਾਲ ਹੀ ਹੋਵੇ, ਇਸ ਗੱਲ ਨੂੰ ਅਪਣਾਉਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਪੰਜ ਸਾਲ ਦੇ ਹਰ ਬੱਚੇ ਨੂੰ ਅਸੀਂ ਕੰਪਲਸਰੀ ਤੌਰ ਤੇ ਪ੍ਰਾਇਮਰੀ ਸਕੂਲਾਂ ਵਿੱਚ ਦਾਖਲ ਕਰਨ ਦੇ ਯੋਗ ਹੋ ਸਕੀਏ। ਇਸ ਦੇ ਨਾਲ ਹੀ ਪਾਸ ਪ੍ਰਤੀਸ਼ਤ ਜਿਹੜੀ ਹੈ ਉਹ ਵੀ ਸੋਹਣੀ ਕਰੀਏ ਤਾਂ ਕਿ ਪੰਜ ਸਾਲ ਪੜ੍ਹਨ ਤੋਂ ਬਾਅਦ ਜੇਕਰ ਉਹ ਅੱਗੇ ਪੜ੍ਹਨਾ ਚਾਹੁੰਦਾ ਹੋਵੇ ਤਾਂ ਉਸ ਵਿੱਚ ਕੁਝ ਲਿਆਕਤ ਹੋਵੇ ਅਤੇ ਉਸ ਦਾ ਮਾਨਸਿਕ ਵਿਕਾਸ ਵੀ ਹੋਵੇ। ਜੇਕਰ ਅਸੀਂ ਖੁਲ੍ਹੀ ਛੁੱਟੀ ਦੇ ਦੇਵਾਂਗੇ ਅਤੇ ਬੱਚਾ ਅਠਵੀਂ ਜਮਾਤ ਵਿੱਚ ਵੀ ਹੋ ਗਿਆ ਤਾਂ ਫਿਰ ਜਿਹੜੇ ਡਾਕਟਰ ਹਨ, ਇੰਜੀਨੀਅਰ ਹਨ, ਪਾਇਲਟ ਆਦਿ ਹਨ ਮੈਂ ਸਮਝਦਾ ਹਾਂ ਉਹ ਦੇਸ਼ ਵਾਸਤੇ ਅੱਛਾ ਰੋਲ ਅਦਾ ਨਹੀਂ ਕਰ ਸਕਣਗੇ। ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਕਹਿਣਾ ਚਾਹੁੰਦਾ ਹਾਂ ਕਿ ਖਾਸ ਤੌਰ ਤੇ ਅੰਜੂਕੇਸ਼ਨ ਵਿੱਚ ਕਿਸੀ ਕਿਸਮ ਦਾ ਕੋਈ ਭੇਦ-ਭਾਵ ਨਹੀਂ ਵਰਤਣਾ ਚਾਹੀਦਾ। ਆਉਣ ਵਾਲੀ ਜੈਨਰੇਸ਼ਨ ਨਾਲ ਧੱਕਾ ਨਹੀਂ ਹੋਣਾ ਚਾਹੀਦਾ। ਇਹ ਠੀਕ ਹੈ ਕਿ ਬੈਟਰ ਬੈਨੀਫਿਟਸ ਦਿੱਤੇ ਜਾ ਸਕਦੇ ਹਨ, ਬੈਟਰ ਆਰਥਿਕ ਸਹਾਇਤਾ ਦਿੱਤੀ ਜਾ ਸਕਦੀ ਹੈ, ਜ਼ਿਆਦਾ ਪੈਸਾ ਖਰਚਿਆ ਜਾ ਸਕਦਾ ਹੈ ਪਰ ਇੱਕ ਡਾਕਟਰ ਬਣਨ ਵਾਸਤੇ ਜੇ ਕੋਈ ਅੱਸੀ ਪਰਸੈਂਟ ਨੰਬਰ ਲੈਂਦਾ ਹੈ ਪਰ ਉਸ ਦੀ ਜਗ੍ਹਾ ਪੱਚੀ, ਤੀਹ ਜਾਂ ਵੀਹ ਪਰਸੈਂਟ ਵਾਲੇ ਨੂੰ ਦਾਖਲਾ ਦਿੱਤਾ ਜਾਵੇ ਤਾਂ ਇਹ ਇਨਸਾਫ ਨਹੀਂ ਹੋਵੇਗਾ। ਇਸੇ ਤਰ੍ਹਾਂ ਪ੍ਰਾਇਮਰੀ ਸਕੂਲਾਂ ਵਿਚ ਵੀ ਪੜ੍ਹਨ ਵਾਲਿਆਂ ਵਾਸਤੇ ਜ਼ਰੂਰੀ ਦਾਖਲਾ ਹੋਣਾ ਚਾਹੀਦਾ ਹੈ। ਬੱਚਿਆਂ ਦਾ ਮਾਨਸਿਕ ਵਿਕਾਸ ਕਰਨ ਵਾਸਤੇ ਪੂਰਾ ਸਟਾਫ ਹੋਣਾ ਚਾਹੀਦਾ ਹੈ, ਪੂਰੇ ਟੀਚਰ ਹੋਣੇ ਚਾਹੀਦੇ ਹਨ। ਇਹ ਗੱਲ ਠੀਕ ਹੈ ਕਿ ਹੁਣ ਸਰਕਾਰ ਨੇ ਜੇ.ਬੀ.ਟੀ.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਮੇਸ਼ ਦੱਤ ਸ਼ਰਮਾ]

ਜਗ੍ਹਾ ਈ.ਟੀ.ਟੀ. ਸ਼ੁਰੂ ਕਰ ਦਿੱਤੀ ਹੈ ਅੰਰ ਮੈਟ੍ਰਿਕ ਦੀ ਬਜਾਏ +2 ਕੁਆਲੀਫਿਕੇਸ਼ਨ ਕਰ ਦਿੱਤੀ ਹੈ ਪਰ ਜਿਹੜੇ ਪੁਰਾਣੇ ਟੀਚਰ ਹਨ, ਉਹ ਵੈਲ-ਟਰੇਂਡ ਹਨ । ਇਹ ਠੀਕ ਹੈ ਕਿ ਪ੍ਰਾਇਮਰੀ ਟੀਚਰ ਲਗਾਉਣੇ ਸ਼ੁਰੂ ਕੀਤੇ ਹਨ ਅੰਰ ਜੇ.ਬੀ.ਟੀ. ਟੀਚਰਾਂ ਨੂੰ ਕੰਪਿਊਟਰ ਦੇ ਯੁੱਗ ਵਿੱਚ, ਟੈਕਨਾਲੋਜੀ ਦੇ ਯੁੱਗ ਵਿੱਚ ਟ੍ਰੇਨਿੰਗ ਦੇਣ ਵਾਸਤੇ ਸੈਮੀਨਾਰ ਵੀ ਕਰਵਾਏ ਜਾ ਰਹੇ ਹਨ ਪਰ ਮੈਨੂੰ ਇਹ ਗੱਲ ਕਹਿਣ ਵਿੱਚ ਕੋਈ ਝਿਜਕ ਨਹੀਂ ਕਿ ਜਿਸ ਤਰ੍ਹਾਂ ਮਾਸਟਰ ਬੱਚਿਆਂ ਵਿੱਚ ਨਕਲ ਨੂੰ ਰੋਕਦੇ ਹਨ, ਉਸੇ ਤਰ੍ਹਾਂ ਜੇ.ਬੀ.ਟੀ. ਦੇ ਦਾਖਲਿਆਂ ਸਮੇਂ ਜਾਂ ਮਾਸਟਰਾਂ ਦੇ ਹੋਰ ਪੇਪਰਾਂ ਸਮੇਂ ਨਕਲ ਦੀ ਰੁਚੀ ਬੰਦ ਹੋਣੀ ਚਾਹੀਦੀ ਹੈ ।

ਮਾਨਯੋਗ ਸਪੀਕਰ ਸਾਹਿਬ, ਪੁਰਾਣੇ ਜ਼ਮਾਨੇ ਵਿੱਚ ਮਿਸ਼ਨਰੀ ਟੀਚਰ ਹੁੰਦੇ ਸਨ । ਚੰਗਾ ਆਦਮੀ ਉਹ ਹੁੰਦਾ ਹੈ ਜਿਹੜਾ ਸਾਰੀ ਉਮਰ ਸਿੱਖਦਾ ਰਹਿੰਦਾ ਹੈ, ਆਦਮੀ ਸਾਰੀ ਉਮਰ ਸਟੂਡੈਂਟ ਰਹਿੰਦਾ ਹੈ । ਐਜੂਕੇਸ਼ਨ ਕਦੇ ਵੀ ਕੰਪਲੀਟ ਨਹੀਂ ਹੁੰਦੀ । ਇਸ ਲਈ ਚੰਗੀ ਐਜੂਕੇਸ਼ਨ ਦੇਣ ਵਾਸਤੇ ਐਜੂਕੇਸ਼ਨਿਸਟ ਕੋਈ ਨਾ ਕੋਈ ਹੱਲ ਕੱਢਣ । ਇਹ ਸਾਡੀ ਵੀ ਜ਼ਿੰਮੇਵਾਰੀ ਹੈ । ਅੱਜ ਪ੍ਰਾਇਮਰੀ ਸਕੂਲਾਂ ਵਿਚ ਜੇ ਦੋ-ਦੋ ਟੀਚਰ ਲੱਗੇ ਹੋਏ ਹਨ ਤਾਂ ਉਨ੍ਹਾਂ ਵਿੱਚ ਇੱਕ ਟੀਚਰ ਆਪਣੀ ਐਪਲੀਕੇਸ਼ਨ ਦੂਸਰੇ ਨੂੰ ਦੇ ਕੇ ਚਲਾ ਜਾਂਦਾ ਹੈ ਅਤੇ ਕਹਿੰਦਾ ਹੈ ਕਿ ਜੇ ਕੋਈ ਚੈਕਿੰਗ ਕਰਨ ਆ ਜਾਵੇ ਤਾਂ ਦੇ ਦੇਣੀ ਨਹੀਂ ਤਾਂ ਅਗਲੇ ਦਿਨ ਤੇ ਪਾ ਦੇਣੀ । ਇਹੋ ਜਿਹੀਆਂ ਗਲਤ ਰਵਾਇਤਾਂ ਨੂੰ ਬਦਲਣਾ ਚਾਹੀਦਾ ਹੈ । ਮਹਾਤਮਾ ਗਾਂਧੀ ਨੇ ਇਹ ਗੱਲ ਕਹੀ ਸੀ ਕਿ ਉਹ ਐਜੂਕੇਸ਼ਨ ਵਧੀਆ ਹੈ ਜਿਸ ਵਿਚ ਚੰਗੇ ਨਾਗਰਿਕ ਤਿਆਰ ਹੋਣ । ਸਕੂਲ ਤੋਂ ਪੜ੍ਹ ਕੇ ਬੱਚੇ ਬਾਰੇ ਇਹ ਪਤਾ ਲੱਗੇ ਕਿ ਉਸ ਦਾ ਬੋਲਣਾ ਚਾਲਣਾ ਕੈਸਾ ਹੈ, ਕਿਸੇ ਆਦਮੀ ਨਾਲ ਵਿਵਹਾਰ ਕੈਸਾ ਹੈ, ਕਿਸੇ ਨਾਲ ਗੱਲ ਕਰਨ ਦੀ ਅਦਾ ਕੈਸੀ ਹੈ । ਇਸ ਕਰਕੇ ਟ੍ਰੇਨਿੰਗ ਦੇਣ ਵਾਲੇ ਟੀਚਰਾਂ ਦਾ ਸਤਰ ਇਸ ਪ੍ਰਕਾਰ ਦਾ ਹੋਣਾ ਚਾਹੀਦਾ ਹੈ । ਜਿਹੜੇ ਟੀਚਰ ਜੇ.ਬੀ.ਟੀ. ਦੀ ਪੋਸਟ ਤੇ ਲੱਗੇ ਹੋਏ ਹਨ ਭਾਵੇਂ ਉਹ ਐਜੂਕੇਸ਼ਨ ਦੇ ਤੌਰ ਤੇ ਲੱਗੇ ਹੋਏ ਹਨ ਪਰ ਉਨ੍ਹਾਂ ਨੂੰ ਚਾਹੀਦਾ ਹੈ ਕਿਉਂ ਆਪਣੇ ਹੱਥੀਂ ਕੰਮ ਕਰਨ ਵਾਲੇ ਸਟੂਡੈਂਟਸ ਤਿਆਰ ਕਰਨ । ਇਸੇ ਤਰ੍ਹਾਂ ਟੀਚਰਾਂ ਦੀ ਚੈਕਿੰਗ ਦਾ ਪ੍ਰਬੰਧ ਵਧਾਉਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸੋਸ਼ਲ ਆਰਗੇਨਾਈਜ਼ੇਸ਼ਨ ਜਿਹੜੀ ਹੈ ਉਸ ਨੂੰ ਵੀ ਆਪਣਾ ਰੋਲ ਅਦਾ ਕਰਨਾ ਹੈ । ਸਕੂਲਾਂ ਵਿੱਚ ਬੱਚੇ 5-6 ਘੰਟੇ ਰਹਿੰਦੇ ਹੁੰਦੇ ਹਨ ਅਤੇ 18 ਘੰਟੇ ਉਨ੍ਹਾਂ ਨੇ ਬਾਕੀ ਸਮਾਜ ਦੇ ਵਿੱਚ ਵਿਚਰਨਾ ਹੁੰਦਾ ਹੈ, ਚਾਹੇ ਉਹ ਘਰ ਦੇ ਅੰਦਰ ਵਿਚਰਦੇ ਹਨ, ਚਾਹੇ ਮੁਹੱਲੇ ਦੇ ਅੰਦਰ ਵਿਚਰਦੇ ਹਨ, ਸਮਾਜ ਦੀ ਇਹ ਜ਼ਿੰਮੇਵਾਰੀ ਹੈ ਕਿ ਆਪਣੇ ਬੱਚੇ ਨੂੰ ਅੱਛਾ ਬਣਾਉਣ ਵਾਸਤੇ, ਅੱਛਾ ਸ਼ਹਿਰੀ ਬਣਾਉਣ ਵਾਸਤੇ ਸੋਚਣ ਕਿਉਂਕਿ ਬੱਚੇ ਹੀ ਦੇਸ਼ ਦਾ ਭਵਿੱਖ ਹਨ । ਜਵਾਹਰ ਲਾਲ ਨਹਿਰੂ ਨੇ ਕਿਹਾ ਹੈ ਕਿ ਆਉਣ ਵਾਲਾ ਬੱਚਾ ਕੱਲ੍ਹ ਦਾ ਨੇਤਾ ਹੈ, ਦੇਸ਼ ਦੀ ਵਾਗਡੋਰ ਆਉਣ ਵਾਲੇ ਬੱਚੇ ਦੇ ਹੱਥ ਵਿੱਚ ਹੈ। ਅੱਛੇ ਸ਼ਹਿਰੀ ਤਿਆਰ ਕਰਨ ਵਾਸਤੇ ਪੇਰੈਂਟਸ ਦੀ ਵੀ ਇਨਵਾਲਵਮੈਂਟ ਹੈ ਅਤੇ ਸੋਸ਼ਲ ਸੰਸਥਾਵਾਂ ਵੀ ਇਸ ਲਈ ਜ਼ਿੰਮੇਵਾਰ ਹਨ । ਹਰ

Original with;
Punjab Vidhan Sabha
Digitized by;
Panjab Digital Library

ਪਿੰਡ ਦੇ ਅੰਦਰ ਸਕੂਲ ਹੋਣਾ ਚਾਹੀਦਾ ਹੈ । ਸਰਕਾਰ ਨੇ ਬੜੇ ਪਰੁਯਾਸ ਕੀਤੇ ਹਨ । ਮੈਂ ਸਮਝਦਾ ਹਾਂ ਕਿ ਪਿੰਡਾਂ ਦੀ ਵੀ ਕੰਐਪ੍ਰੇਸ਼ਨ ਲੈ ਲਈ ਜਾਵੇ ਤਾਂ ਅਸੀਂ ਆਉਣ ਵਾਲੇ ਦਿਨਾਂ ਦੇ ਵਿੱਚ ਜਿੱਥੇ ਅੱਜ 78% ਲਿਟਰੇਸੀ ਹੈ ਔਰ ਜਿੰਨਾ ਚਿਰ ਬਾਕੀ ਰਹਿੰਦੀ 23-24% ਨੂੰ ਥੱਲੇ ਲਿਜਾਣ ਦੀ ਕੋਸ਼ਿਸ਼ ਨਹੀਂ ਕਰਾਂਗੇ, ਜਦ ਤੱਕ ਅੱਛੇ ਸ਼ਹਿਰੀ ਬਣਾਉਣ ਦੀ ਕੋਸ਼ਿਸ਼ ਨਹੀਂ ਕਰਦੇ ਤਦ ਤੱਕ ਅਸੀਂ ਪੂਰੀ ਜ਼ਿੰਮੇਵਾਰੀ ਨਹੀਂ ਨਿਭਾਵਾਂਗੇ ।

ਮਾਨਯੋਗ ਸਪੀਕਰ ਸਾਹਿਬ, ਬਹੁਤੀਆਂ ਗੱਲਾਂ ਤਾਂ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਰੱਜ ਹੀ ਇਹ ਗੱਲਾਂ ਕਹਿੰਦੇ ਹਾਂ । ਅੱਜ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਹੈ ਔਰ ਇਨ੍ਹਾਂ ਦੀ ਕਿਰਪਾ ਨਾਲ ਮਾਹੌਲ ਬੜਾ ਅੱਛਾ ਹੋਇਆ ਔਰ ਬੜੀ ਛੇਤੀ ਅੱਗੇ ਤੇ ਅੱਗੇ ਅੱਛਾ ਮਾਹੌਲ ਚੱਲ ਰਿਹਾ ਹੈ । ਅੱਜ ਪੰਜਾਬ ਦੇ ਬੱਚੇ ਜਿਹੜੇ ਹਨ, ਉਹ ਸਕੂਲਾਂ ਵਿੱਚ ਰੈਗੂਲਰ ਤੌਰ ਤੇ ਬਿਨਾਂ ਕਿਸੇ ਭੁੱਖ, ਬਿਨਾਂ ਕਿਸੇ ਡਰ ਤੋਂ, ਬਿਨਾਂ ਕਿਸੇ ਆਤੰਕ ਤੋਂ, ਬਿਨਾਂ ਕਿਸੇ ਆਤੰਕਵਾਦੀਆਂ ਦੇ ਡਰ ਤੋਂ, ਜਾਂਦੇ ਹਨ । ਉਦੋਂ ਏ.ਕੇ. 47 ਅਤੇ ਏ.ਕੇ.—74 ਦਾ ਰਾਜ ਚੱਲ ਰਿਹਾ ਸੀ, ਉਨ੍ਹਾਂ ਦੀ ਮਰਜ਼ੀ ਦੀ ਵਰਦੀ ਚਲਦੀ ਰਹੀ, ਉਨ੍ਹਾਂ ਨੇ ਕਹਿ ਦਿੱਤਾ ਕਿ ਸਕੂਲਾਂ ਦੇ ਵਿੱਚ ਨਹੀਂ ਜਾਣਾ ਕਿਉਂਕਿ ਅਧਿਆਪਕਾਂ ਦੀ ਬਹੁਤ ਸਾਰੀ ਜਗ੍ਹਾ ਉਪਰ ਪੰਜਾਬ ਵਿੱਚ ਉਨ੍ਹਾਂ ਦੇ ਹੱਥੋਂ ਮੌਤ ਹੋਈ ਹੈ, ਉਨ੍ਹਾਂ ਦਾ ਕਤਲ ਹੋਇਆ ਹੈ । ਉਨ੍ਹਾਂ ਨੇ ਵੀ ਆਪਣੇ ਇਸ ਪੰਜਾਬ ਦੀ ਏਕਤਾ ਜਾਂ ਦੇਸ਼ ਦੀ ਏਕਤਾ ਤੇ ਅੰਖਡਤਾ ਵਾਸਤੇ ਬੜਾ ਯੋਗਦਾਨ ਪਾਇਆ ਹੈ । ਹੁਣ ਮੈਂ ਸਮਝਦਾ ਹਾਂ ਕਿ ਟੀਚਰਾਂ ਵਾਸਤੇ ਮਾਹੌਲ ਬੜਾ ਵਧੀਆ ਬਣਿਆ ਹੈ । ਟੀਚਰਾਂ ਦੇ ਬਾਰੇ ਪੰਜਾਬ ਦੇ ਵਿੱਚ ਮੇਰੀ ਇਨਫਰਮੇਸ਼ਨ ਹੈ ਕਿ ਜੇ.ਬੀ.ਟੀ. ਦੇ ਵਾਸਤੇ ਪੂਰੇ ਟੀਚਰ ਅਵੇਲੇਬਲ ਨਹੀਂ । ਇਹ ਠੀਕ ਹੈ ਕਿ ਸਰਕਾਰ ਨੇ ਈ.ਟੀ.ਟੀ. ਚਲਾ ਕੇ ਦਾਖਲਾ ਸ਼ੁਰੂ ਕੀਤਾ ਹੈ ਲੇਕਿਨ ਮੈਂ ਸਮਝਦਾ ਹਾਂ ਕਿ ਜਿਸ ਪ੍ਰਕਾਰ ਨਾਲ ਪਿਛਲੇ ਸਾਲ ਨਵੇਂ ਸਕੂਲ ਖੋਲ੍ਹੇ ਔਰ 1995-96 ਵਿੱਚ ਹੋਰ ਸਕੂਲ ਖੋਲ੍ਹਣ ਦੀ ਯੋਜਨਾ ਹੈ ਔਰ ਆਏ ਸਾਲ ਕੁਝ ਸਕੂਲ ਟੀਚਰ ਰਿਟਾਇਰ ਹੋ ਜਾਂਦੇ ਹਨ । ਸੋ ਜਿਥੇ ਸਕੂਲਾਂ ਵੱਲ ਧਿਆਨ ਦੇਣਾ ਹੈ ਉਥੇ ਉਨ੍ਹਾਂ ਦੇ ਟੀਚਰਾਂ ਵੱਲ ਵੀ ਪੂਰਾ ਕਰਨ ਦਾ ਯਤਨ ਹੋਵੇ, ਚਾਹੇ ਨਾਰਮਜ਼ ਦੇ ਮੁਤਾਬਿਕ ਹੋਵੇ ਪਰ ਜਿਥੇ 40 ਸਟੂਡੈਂਟ ਪੜ੍ਹਦੇ ਹਨ ਉਥੇ ਟੀਚਰ ਇੱਕ ਹੈ । ਜੇਕਰ ਇਨ੍ਹਾਂ ਨੂੰ ਪੂਰੇ ਕਰ ਦੀਏ ਤਾਂ ਮੈਂ ਸਮਝਦਾ ਹਾਂ ਕਿ ਬਹੁਤ ਅੱਛਾ ਹੋਵੇਗਾ ।

ਇਸ ਦੇ ਨਾਲ ਹੀ ਮੈਂ ਇੱਕ ਗੱਲ ਸਮਝਦਾ ਹਾਂ ਕਿ ਅੱਜ ਵੀ ਪੰਜਾਬ ਦੇ ਅੰਦਰ ਬਹੁਤ ਸਾਰੇ ਸਕੂਲ ਹਨ, ਜਿਨ੍ਹਾਂ ਦੇ ਵਿੱਚ ਸਿੰਗਲ ਟੀਚਰ ਹੈ ਜਾਂ ਬਿਲਕੁਲ ਨਹੀਂ ਹੈ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿੱਥੇ ਇੱਕ ਪਾਸੇ ਪ੍ਰਾਈਵੇਟ ਅਦਾਰੇ ਆਪਣੇ ਆਕਰਸ਼ਣ ਦੇ ਨਾਲ ਬੱਚਿਆਂ ਨੂੰ ਖਿੱਚਣ ਦੀ ਕੋਸ਼ਿਸ਼ ਕਰ ਰਹੇ ਹਨ । ਮੇਰੀ ਜਾਣਕਾਰੀ ਅਨੁਸਾਰ ਜਿਹੜੇ ਪਿੰਡ ਰਿਮੋਟ ਵਿੱਚ ਹਨ ਉਥੇ ਤਾਂ ਨਹੀਂ ਪਰ ਜਿਹੜੇ ਸ਼ਹਿਰਾਂ ਦੇ ਨਾਲ-ਨਾਲ ਸਕੂਲ ਹਨ ਉਥੇ ਅੱਜ ਕਲ੍ਹ ਮਾਡਲ ਸਕੂਲ ਬੜੇ ਹਨ ਔਰ ਬੱਚਿਆਂ ਨੂੰ ਸਰਕਾਰੀ ਸਕੂਲਾਂ ਦੀਆਂ ਫੈਸਿਲਟੀਜ਼ ਲੈਣ ਵਾਸਤੇ ਦਾਖਲ ਕਰਵਾਇਆ ਜਾਂਦਾ ਹੈ ਚਾਹੇ ਉਹ ਪੜ੍ਹਦੇ ਸ਼ਹਿਰਾਂ ਵਿੱਚ ਹਨ ਉਨ੍ਹਾਂ ਦਾ ਨਾਂ ਇਨ੍ਹਾਂ ਪ੍ਰਾਇਮਰੀ ਸਕੂਲਾਂ ਵਿੱਚ ਦਾਖਲ ਹੈ ਪਰ ਬੇਸਿਕਲੀ ਉਹ ਇਨ੍ਹਾਂ ਸਕੂਲਾਂ ਵਿੱਚ ਨਹੀਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਮੇਸ਼ ਚੱਤ ਸ਼ਰਮਾ]

ਪੜ੍ਹਦੇ । ਇਸ ਗੱਲ ਵਾਸਤੇ ਮੈਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਬੱਚੇ ਸਰਕਾਰ ਦੇ ਪ੍ਰਾਇਮਰੀ ਸਕੂਲਾਂ ਦੇ ਅੰਦਰ ਜਾਂ ਗੌਰਮਿੰਟ ਏਡਿਡ ਸਕੂਲਾਂ ਜਾਂ ਰਿਕੋਗਨਾਈਜ਼ਡ ਸਕੂਲਾਂ ਅੰਦਰ ਪੜ੍ਹਦੇ ਹਨ ਜਾਂ ਦਾਖਲ ਹੋਏ ਹਨ ਉਨ੍ਹਾਂ ਦੀ ਹਾਜ਼ਰੀ ਸੁਨਿਸ਼ਚਿਤ ਹੋਣੀ ਚਾਹੀਦੀ ਹੈ । ਇਹ ਨਹੀਂ ਹੋਣਾ ਚਾਹੀਦਾ ਕਿ ਦਾਖਲ ਤਾਂ ਸਰਕਾਰੀ ਸਕੂਲ ਵਿੱਚ ਹੋਣ ਪਰ ਪੜ੍ਹਦੇ ਪ੍ਰਾਈਵੇਟ ਸਕੂਲਾਂ ਵਿੱਚ ਹੋਣ, ਐਜੂਕੇਸ਼ਨ ਉਥੋਂ ਲੈਂਦੇ ਹੋਣ । ਇਸ ਕਰਕੇ ਸਕੂਲਾਂ ਦਾ ਮਿਆਰ ਵਧਾਉਣਾ ਚਾਹੀਦਾ ਹੈ, ਸਕੂਲਾਂ ਦੀਆਂ ਬਿਲਡਿੰਗਾਂ ਨੂੰ ਅੱਛਾ ਕਰਨਾ ਚਾਹੀਦਾ ਹੈ, ਸਕੂਲਾਂ ਦੇ ਅੰਦਰ ਫਰਨੀਚਰ, ਬੈਠਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ । ਪਿਛਲੇ ਸਾਲ ਵੀ ਕਾਫੀ ਬਿਲਡਿੰਗਾਂ ਸਰਕਾਰ ਨੇ ਬਣਾਈਆਂ । ਬਿਲਡਿੰਗਾਂ ਦੀਆਂ ਚਾਰ ਦੀਵਾਰੀਆਂ ਵਾਸਤੇ ਲੱਖਾਂ ਰੁਪਿਆ ਦਿੰਦੇ ਹਾਂ ਪਰ ਇਸ ਗੱਲ ਦੇ ਬਾਵਜੂਦ ਅਸੀਂ ਪੂਰੀ ਤਰ੍ਹਾਂ ਨਾਲ ਬੱਚਿਆਂ ਨੂੰ ਤਿਆਰ ਨਹੀਂ ਕਰ ਸਕਦੇ । ਐਜੂਕੇਸ਼ਨ ਪਾਲਿਸੀ ਵੀ ਮੈਂ ਸਮਝਦਾ ਹਾਂ ਕਿ ਸਾਨੂੰ ਨਿਸ਼ਚਿਤ ਕਰਨੀ ਪਵੇਗੀ । ਅੱਜ ਪ੍ਰਾਇਮਰੀ ਐਜੂਕੇਸ਼ਨ ਵਿੱਚ ਹੀ ਕਿਸੇ ਬੱਚੇ ਤੇ ਕਿਤਾਬਾਂ ਦਾ ਇਤਨਾ ਬੋਝ ਲੱਦ ਦੇਣਾ ਜਿਸ ਨੂੰ ਉਹ ਝੱਲ ਨਾ ਸਕੇ ਤਾਂ ਇਸ ਤੇ ਵੀ ਸਾਨੂੰ ਵਿਚਾਰ ਕਰਨਾ ਚਾਹੀਦਾ ਹੈ । ਜਿਸ ਤਰ੍ਹਾਂ ਕਿਸੀ ਐਜੂਕੇਸ਼ਨਿਸਟ ਨੇ ਕਿਹਾ ਹੈ ਕਿ ਅਸੀਂ ਕਿਧਰੋਂ ਪੱਤੀਆਂ ਨੂੰ ਲਈਏ, ਕਿਧਰੋਂ ਫੁੱਲ ਲੈ ਲਈਏ ਅਤੇ ਕਿਧਰੋਂ ਟਾਹਣੀ ਲੈ ਲਈਏ ਅਤੇ ਇਹ ਸਾਰੀਆਂ ਚੀਜ਼ਾਂ ਅਸੀਂ ਆਪਣੇ ਵਿਹੜੇ ਵਿੱਚ ਲਿਆ ਕੇ ਲਗਾ ਦੇਈਏ ਤਾਂ ਇਸ ਦੇ ਨਾਲ ਉਹ ਬੂਟਾ ਨਹੀਂ ਬਣ ਜਾਂਦਾ । ਐਜੂਕੇਸ਼ਨ ਦੇ ਵਿੱਚ ਵੀ ਸਾਨੂੰ ਦੇਖਣਾ ਚਾਹੀਦਾ ਹੈ ਕਿ ਸਾਡੇ ਦੇਸ਼ ਦੀ ਸੰਸਕ੍ਰਿਤੀ ਕੀ ਹੈ, ਸਾਡੇ ਪੰਜਾਬ ਦੀ ਸੰਸਕ੍ਰਿਤੀ ਕੀ ਹੈ, ਪੰਜਾਬ ਦਾ ਕਲਚਰ ਕੀ ਹੈ ਅਤੇ ਉਸ ਦੇ ਮੁਤਾਬਕ ਹੀ ਸਾਨੂੰ ਆਪਣੇ ਬੱਚਿਆਂ ਨੂੰ ਸਿੱਖਿਆ ਦੇਣੀ ਚਾਹੀਦੀ ਹੈ ਅਤੇ ਇਹ ਵੀ ਦੇਖਣਾ ਚਾਹੀਦਾ ਹੈ ਕਿ ਕਿਹੜੇ-ਕਿਹੜੇ ਸਬਜੈਕਟ ਹਨ ਜਿਨ੍ਹਾਂ ਦੇ ਵਿੱਚ ਅਸੀਂ ਆਪਣੇ ਬੱਚਿਆਂ ਨੂੰ ਤਿਆਰ ਕਰ ਸਕਦੇ ਹਾਂ । ਇਸ ਤੇ ਸਾਨੂੰ ਪੂਰੀ ਤਰ੍ਹਾਂ ਗੌਰ ਕਰਨਾ ਚਾਹੀਦਾ ਹੈ । ਬੜੇ ਦੁੱਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਆਜ਼ਾਦੀ ਮਿਲੇ ਨੂੰ ਵੀ 46-47 ਸਾਲ ਹੋ ਗਏ ਹਨ । ਪਰ ਸਾਰਿਆਂ ਬੱਚਿਆਂ ਨੂੰ ਅਸੀਂ ਇਕੁਅਲ ਅਪਰਚੁਨਿਟੀ ਵੀ ਪ੍ਰੋਵਾਈਡ ਨਹੀਂ ਕਰ ਸਕੇ । ਐਜੂਕੇਸ਼ਨ ਦੀ ਗੱਲ ਕਰਦਿਆਂ ਹੁਸ਼ਿਆਰਪੁਰ ਦੇ ਵਿੱਚ, ਫਰੀਦਕੋਟ ਵਿੱਚ ਮੰਤਰੀ ਜੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਹੈ ਕਿ ਪੰਜਾਬ ਵਿੱਚ 2,000 ਸੰਨ ਤਕ ਲੋਕਾਂ ਨੂੰ ਅਸੀਂ ਅੰਗੂਠਾ-ਟੇਕ ਨਹੀਂ ਰਹਿਣ ਦੇਵਾਂਗੇ, ਉਨ੍ਹਾਂ ਨੂੰ ਅਸੀਂ ਦਸਤਖਤ ਆਦਿ ਕਰਨੇ ਸਿਖਾ ਦੇਵਾਂਗੇ । ਸਪੀਕਰ ਸਾਹਿਬ, ਅੱਜ ਪੰਜਾਬ ਦੇ ਅੰਦਰ ਇਲਲਿਟਰੇਸੀ ਰੇਟ ਜ਼ਿਆਦਾ ਹੈ, ਇਸ ਵੇਲੇ ਸਾਡੇ ਪੰਜਾਬ ਦਾ ਇਲਲਿਟਰੇਸੀ ਰੇਟ 38% ਹੈ, ਇਸ ਨੂੰ ਜਿੰਨੀ ਛੇਤੀ ਡਰਾਪ ਕੀਤਾ ਜਾਵੇ ਉਤਨਾ ਹੀ ਅੱਛਾ ਹੈ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਸ ਪਾਸੇ ਵੱਲ ਹੋਰ ਯਤਨ ਕਰਨ ਦੀ ਲੋੜ ਹੈ ਅਤੇ ਤੇਜ਼ੀ ਨਾਲ ਇਲਲਿਟਰੇਸੀ ਦਾ ਰੇਟ ਘਟਾਉਣ ਦੀ ਜ਼ਰੂਰਤ ਹੈ ।

ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾ ਕਿ ਟਰੇਂਡ ਟੀਚਰ ਸਕੂਲਾਂ ਦੇ ਵਿੱਚ ਲਗਾਉਣੇ ਚਾਹੀਦੇ ਹਨ ਅਤੇ ਜੋ ਠੀਕ ਸਲੇਬਸ ਹੈ ਉਸ ਨੂੰ ਨਿਰਧਾਰਤ ਕਰਨ

Original with;
Punjab Vidhan Sabha
Digitized by;
Punjab Digital Library

ਦੀ ਜ਼ਰੂਰਤ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਬੱਚਿਆਂ ਨੂੰ ਸਮਾਜਕ ਤੌਰ ਤੇ ਤਿਆਰ ਕਰਨਾ ਹੈ ਉਥੇ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਮੈਕਾਲੇ ਵਾਲੀ ਨੀਤੀ ਕਿ ਬੱਚਿਆਂ ਨੂੰ ਸਿਰਫ ਕਲਰਕ ਹੀ ਤਿਆਰ ਕਰਨਾ ਹੈ, ਇਹ ਨੀਤੀ ਅੰਗਰੇਜ਼ਾਂ ਵਾਸਤੇ ਤਾਂ ਕਿਸੇ ਹੱਦ ਤੱਕ ਠੀਕ ਹੋ ਸਕਦੀ ਸੀ ਪਰ ਸਾਡੇ ਵਾਸਤੇ ਇਹ ਨੀਤੀ ਠੀਕ ਨਹੀਂ, ਅੱਜ ਅਸੀਂ ਅੰਗਰੇਜ਼ਾਂ ਦੇ ਰੂਲ ਤੋਂ ਮੁਕਤ ਹੋਏ ਹਾਂ ਸਾਨੂੰ ਆਪਣੇ ਦੇਸ਼ ਦੀ ਸੰਸਕ੍ਰਿਤੀ ਮੁਤਾਬਿਕ, ਦੇਸ਼ ਦੇ ਕਲਚਰ ਮੁਤਾਬਿਕ ਨੀਤੀ ਬਣਾਉਣੀ ਚਾਹੀਦੀ ਹੈ ਅਤੇ ਸਾਨੂੰ ਆਪਣੇ ਬੱਚਿਆਂ ਨੂੰ ਇਸ ਕਿਸਮ ਦੀ ਸਿੱਖਿਆ ਦੇਣੀ ਚਾਹੀਦੀ ਹੈ ਜਿਸ ਦੇ ਨਾਲ ਉਹ ਆਪਣੀ ਕੌਮ ਦਾ ਭਵਿਖ ਸੰਵਾਰ ਸਕਣ। ਦੇਖਣ ਵਿੱਚ ਆਇਆ ਹੈ ਕਿ ਜੋ ਸਕੂਲ, ਏਡ ਤਾਂ ਸਰਕਾਰ ਕੋਲੋਂ ਲੈਂਦੇ ਹਨ ਪਰ ਸਕੂਲਾਂ ਵਿੱਚ ਪੜ੍ਹਾਉਂਦੇ ਆਪਣੀ ਮਰਜ਼ੀ ਨਾਲ ਹਨ, ਆਪਣੀ ਮਰਜ਼ੀ ਮੁਤਾਬਿਕ ਉਹ ਸਕੂਲਾਂ ਵਿੱਚ ਬੱਚਿਆਂ ਨੂੰ ਸਿੱਖਿਆ ਦਿੰਦੇ ਹਨ ਜਿਸ ਦੇ ਵਿੱਚ ਆਪਣੀ ਕਿਸਮ ਦੀ ਆਈਡੀਆਲੋਜੀ ਤਿਆਰ ਕਰਕੇ ਪੜ੍ਹਾਈ ਕਰਾਉਂਦੇ ਹਨ। ਸਾਨੂੰ ਇਕ ਕਿਸਮ ਦੀ ਹੀ ਆਈਡੀਆਲੋਜੀ ਸਪਿਰਟ ਬੱਚਿਆਂ ਵਿੱਚ ਭਰ ਕੇ ਮੁਲਕ ਵਿੱਚ ਅੱਗੇ ਲਿਆਉਣ ਲਈ ਸਿੱਖਿਆ ਬੱਚਿਆਂ ਨੂੰ ਦੇਣੀ ਚਾਹੀਦੀ ਹੈ ਨਾ ਕਿ ਇਸ ਕਿਸਮ ਦੀ ਪੜ੍ਹਾਈ ਕਿਸੇ ਸੰਸਥਾ ਜਾ ਆਰਗੇਨਾਈਜ਼ੇਸ਼ਨ ਵਲੋਂ ਕਰਵਾਈ ਜਾਵੇ ਕਿ ਬੱਚਿਆਂ ਵਿੱਚ ਕੋਈ ਇਸ ਕਿਸਮ ਦੀ ਸਪਿਰਟ ਪੈਦਾ ਕਰਕੇ ਉਨ੍ਹਾਂ ਦੇ ਵਿੱਚ ਕੋਈ ਜ਼ਨੂਨ ਭਰ ਦਿਤਾ ਜਾਵੇ। ਇਸ ਦੇ ਉਤੇ ਰੋਕ ਲਗਣੀ ਚਾਹੀਦੀ ਹੈ। ਰਬਿੰਦਰ ਨਾਥ ਟੈਗੋਰ ਜੀ ਨੇ ਵੀ ਆਪਣਾ ਸ਼ਾਂਤੀ ਨਿਕੇਤਨ ਤਿਆਰ ਕੀਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਐਜੂਕੇਸ਼ਨ ਇਸ ਕਿਸਮ ਦੀ ਹੋਣੀ ਚਾਹੀਦੀ ਹੈ ਜਿਸ ਨਾਲ ਕਿ ਸਾਰੇ ਲੋਕ ਇਕੋ ਜਿਹਾ ਪੜ੍ਹ ਲਿਖ ਸਕਦੇ ਹੋਣ, ਬੋਲ ਸਕਦੇ ਹੋਣ ਅਤੇ ਐਜੂਕੇਸ਼ਨ ਆਦਮੀ ਦੇ ਵਿਕਾਸ ਨੂੰ ਵਿਘਸਤ ਕਰ ਸਕਦੀ ਹੋਵੇ। (ਵਿਘਨ) ਸਪੀਕਰ ਸਾਹਿਬ ਮੈਂ ਕਹਿੰਦਾ ਹਾਂ ਕਿ ਸਾਡੇ ਪੰਜਾਬ ਦੇ ਵਿੱਚ ਟਰੇਂਡ ਟੀਚਰਜ਼ ਹੋਣੇ ਚਾਹੀਦੇ ਹਨ। ਉਦੋਂ ਤੱਕ ਕੋਈ ਵੀ ਦੀਵਾ ਕਿਸੇ ਦੂਸਰੇ ਦੀਵੇ ਨੂੰ ਲਾਈਟ ਨਹੀਂ ਦੇ ਸਕਦਾ ਜਦੋਂ ਤੱਕ ਉਸ ਦੀਵੇ ਵਿੱਚ ਆਪਣੀ ਲਾਈਟ ਨਾ ਜਲਦੀ ਹੋਵੇ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਐਜੂਕੇਸ਼ਨ ਸਾਡੀ ਐਸੀ ਹੋਣੀ ਚਾਹੀਦੀ ਹੈ ਜਿਸ ਦੇ ਨਾਲ ਬੱਚੇ ਦਾ ਮਾਨਸਿਕ ਵਿਕਾਸ ਹੋਵੇ।

ਇਸ ਦੇ ਨਾਲ ਹੀ ਹੱਥ ਦੇ ਨਾਲ ਕੰਮ ਦੀ ਰੁਚੀ ਵੀ ਵਧਾਉਣ ਦੀ ਜ਼ਰੂਰਤ ਹੈ। ਜਿਥੇ ਅਸੀਂ ਐਜੂਕੇਸ਼ਨ ਦੇ ਕੇ ਬੱਚਿਆਂ ਨੂੰ ਸਾਇੰਸਦਾਨ ਦੇ ਤੌਰ ਤੇ ਤਿਆਰ ਕਰਨਾ ਹੈ ਉਥੇ ਬੱਚੇ ਦੀ ਰੁਚੀ ਦੇਖ ਕੇ ਆਈ.ਟੀ.ਆਈ. ਵਿੱਚ ਟੈਕਨੀਕਲ ਟਰੇਨਿੰਗ ਦੇ ਕੇ ਤਿਆਰ ਕਰਨ ਦਾ ਪ੍ਰਯਾਸ ਵੀ ਪ੍ਰਾਇਮਰੀ ਸਕੂਲ ਐਜੂਕੇਸ਼ਨ ਵਿੱਚ ਹੀ ਸ਼ੁਰੂ ਹੋ ਜਾਣਾ ਚਾਹੀਦਾ ਹੈ। ਪ੍ਰਾਇਮਰੀ ਸਕੂਲ ਐਜੂਕੇਸ਼ਨ ਵਿੱਚ ਹੀ ਸਾਨੂੰ ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਬੱਚੇ ਦੀ ਮਾਨਸਿਕ ਸਥਿਤੀ ਕੀ ਹੈ ਅਤੇ ਉਸ ਦੇ ਮੁਤਾਬਿਕ ਹੀ ਉਸ ਨੂੰ ਤਿਆਰ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਬੱਚਿਆਂ ਦੇ ਕਵਿਖ ਦੀ ਗੱਲ ਕੀਤੀ ਹੈ ਉਥੇ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਜੋ 100% ਦਾ ਟੀਚਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਮੇਸ਼ ਦੱਤ ਸ਼ਰਮਾ]

ਪੰਜਾਬ ਸਰਕਾਰ ਨੇ ਨਾਪਿਆ ਹੈ ਅੱਰ ਇਸ ਦੇ ਲਈ ਮੈਂ ਹਰ ਵਾਰ 2 ਜ਼ਿਲ੍ਹੇ ਤਿਆਰ ਕਰਨੇ ਹਨ, ਦੋ ਜ਼ਿਲ੍ਹੇ ਹੁਣ ਲਏ ਹਨ ਅੱਰ ਦੋ ਅਗਲੀ ਵਾਰ ਲੈਣੇ ਹਨ ਤਾਂ ਇਸ ਦੇ ਨਾਲ ਮੈਂ ਸਮਝਦਾ ਹਾਂ ਕਿ ਸੰਨ 2000 ਤੱਕ ਵੀ ਇਹ ਟੀਚਾ ਪੂਰਾ ਨਹੀਂ ਕਰ ਸਕਣਗੇ। ਅੱਜ ਹਿੰਦੁਸਤਾਨ ਦੀ ਸਿਰਫ ਕੇਰਲਾ ਸਟੇਟ ਹੀ ਇਕ ਅੱਸੀ ਸਟੇਟ ਹੈ ਜਿਸ ਨੇ ਵੱਧ ਤੋਂ ਵੱਧ ਐਜੂਕੇਸ਼ਨ ਪ੍ਰਾਪਤ ਕੀਤੀ ਹੈ। ਇਸ ਦੇ ਨਾਲ ਹੀ ਮੈਂ ਤਾਂ ਇਹ ਕਹਾਂਗਾ ਕਿ ਬੱਚਿਆਂ ਵਿਚ ਅਟਰੈਕਸ਼ਨ ਹੋਰ ਜ਼ਿਆਦਾ ਵਧਾ ਦੇਣੀ ਚਾਹੀਦੀ ਹੈ, ਜਿਵੇਂ ਤੁਸੀਂ ਛੋਟੇ ਬੱਚਿਆਂ ਨੂੰ ਦੁੱਧ ਵਗੈਰਾ ਸਕੂਲ ਵਿੱਚ ਦਿੰਦੇ ਹੋ ਜੇ ਇਸੇ ਤਰ੍ਹਾਂ ਰੈਗੂਲਰ ਸਕੂਲ ਜਾਣ ਵਾਲਿਆਂ ਬੱਚਿਆਂ ਨੂੰ ਦੁਪਹਿਰ ਦਾ ਖਾਣੇ ਦਾ ਇੰਤਜ਼ਾਮ ਵੀ ਸਕੂਲ ਵਿੱਚ ਕਰ ਦਿੱਤਾ ਜਾਵੇ ਤਾਂ ਇਸ ਨਾਲ ਬੱਚਿਆਂ ਵਿੱਚ ਕਾਫੀ ਅਟਰੈਕਸ਼ਨ ਵੱਧ ਸਕਦੀ ਹੈ। ਇਸ ਦੇ ਨਾਲ ਹੀ ਪ੍ਰਾਇਮਰੀ ਕਲਾਸ ਤੋਂ ਹੀ ਬੱਚਿਆਂ ਵਿੱਚ ਗਾਉਣ ਲਈ ਅੱਰ ਭਾਸ਼ਣ ਦੇਣ ਲਈ ,ਵੀ ਉਨ੍ਹਾਂ ਨੂੰ ਪ੍ਰੋਤਸਾਹਿਤ ਕਰਨਾ ਚਾਹੀਦਾ ਹੈ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਜਿਥੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿਚ ਫਾਇਦਾ ਹੋਵੇਗਾ ਉਥੇ ਦੇਸ਼ ਦੇ ਲਈ ਵੀ ਸੇਵਾ ਕਰਨ ਵਿਚ ਉਹ ਸਮਰਥ ਹੋਣਗੇ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਪ੍ਰਾਇਮਰੀ ਸਕੂਲ ਤੋਂ ਹੀ ਉਨ੍ਹਾਂ ਨੂੰ ਸਿੱਖਿਆ ਮਿਲਣੀ ਚਾਹੀਦੀ ਹੈ।

ਇਸ ਤੋਂ ਅੱਗੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਚੰਗੀ ਗੱਲ ਹੈ ਕਿ ਪੰਜਾਬ ਵਿਚ ਪਿਛਲੇ ਸਾਲ ਕਾਫੀ ਸਕੂਲ ਖੋਲ੍ਹੇ ਗਏ ਹਨ ਅੱਰ ਟੀਚਰਜ਼ ਖੋਲ੍ਹੇ ਗਏ ਹਨ। (ਵਿਘਨ) ਸਪੀਕਰ ਸਾਹਿਬ, ਸਲਿਪ ਆਫ ਟੰਗ ਵੀ ਹੋ ਸਕਦੀ ਹੈ ਮੈਂ ਕਿਹਾ ਹੈ ਕਿ ਸਕੂਲ ਖੋਲ੍ਹੇ ਗਏ ਹਨ ਅੱਰ ਟੀਚਰਜ਼ ਲਗਾਏ ਗਏ ਹਨ। ਇਹੋ ਪਹਿਲੀ ਵਾਰ ਹੈ ਕਿ ਪੰਜਾਬ ਸਰਕਾਰ ਨੇ ਕੋਸ਼ਿਸ਼ ਕੀਤੀ ਹੈ ਜਿਹੜੇ 1970 ਤੋਂ ਬਾਅਦ ਜੇ. ਬੀ. ਟੀ. ਅੱਰ ਬੀ. ਐਡ. ਕਰੀ ਬੈਠੇ ਸਨ ਪਰ ਉਨ੍ਹਾਂ ਨੂੰ ਰੋਜ਼ਗਾਰ ਨਹੀਂ ਸੀ ਮਿਲ ਰਿਹਾ, ਉਨ੍ਹਾਂ ਨੂੰ ਰੋਜ਼ਗਾਰ ਦੇਣ ਵਾਸਤੇ ਇਸ ਸਰਕਾਰ ਨੇ ਕੋਸ਼ਿਸ਼ ਕੀਤੀ ਹੈ ਅੱਰ 11 ਹਜ਼ਾਰ ਟੀਚਰਜ਼ ਵਾਸਤੇ ਜਿਹੜੀ ਐਡਵਰਟਾਈਜ਼ਮੈਂਟ ਕੀਤੀ ਗਈ ਸੀ, ਉਨ੍ਹਾਂ ਲਈ ਇੰਟਰਵਿਊ ਲਈ ਪਰੋਸੈਸ ਸ਼ੁਰੂ ਹੋ ਗਿਆ ਹੈ। ਇਥੇ ਮਨਿਸਟਰ ਸਾਹਿਬ ਨੇ ਕਿਹਾ ਵੀ ਹੈ ਕਿ ਮਈ, ਜੂਨ ਤੱਕ ਇਹ ਸਾਰੇ ਟੀਚਰਜ਼ ਰੱਖ ਲਏ ਜਾਣਗੇ। ਪਿਛਲੇ ਸਾਲ ਵੀ ਬਹੁਤ ਸਾਰੇ ਸਕੂਲ ਅਪਗਰੇਡ ਕੀਤੇ ਸਨ ਅੱਰ ਹੁਣ ਵੀ 31 ਮਾਰਚ ਤਕ ਬਹੁਤ ਸਾਰੇ ਸਕੂਲ ਅਪਗਰੇਡ ਕਰ ਦੇਣੇ ਹਨ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿੰਦਾ ਹਾਂ ਕਿ ਜਿਹੜੇ ਸਕੂਲ ਅਪਗਰੇਡ ਕੀਤੇ ਜਾਂਦੇ ਹਨ ਉਨ੍ਹਾਂ ਵਿੱਚ ਜਿਹੜੀ ਫੈਸਿਲਟੀਜ਼ ਹਨ ਉਹ ਵੀ ਮਿਲ ਰਹੀਆਂ ਹਨ ਅੱਰ ਜਿਥੇ ਜੇ ਕੋਈ ਕਮੀ ਹੈ ਤਾਂ ਉਹ ਪੂਰੀ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਜਿਹੜਾ ਇਨ ਸਰਵਿਸ ਟਰੇਨਿੰਗ ਦੇਣ ਦਾ ਦਾਇਰਾ ਹੈ ਇਸ ਨੂੰ ਵੀ ਵਧਾ ਦੇਣਾ ਚਾਹੀਦਾ ਹੈ। ਜਿਹੜੇ ਪਹਿਲੇ 50 ਟੀਚਰਜ਼ ਸਨ ਉਨ੍ਹਾਂ ਦੀ ਸਟ੍ਰੈਂਥ ਵਧਾ ਦੇਣੀ ਚਾਹੀਦੀ ਹੈ। ਪਹਿਲਾਂ ਅਧਿਆਪਕ ਇਹ ਸਮਝਦੇ ਸਨ ਕਿ ਉਹ ਇਹ ਟਰੇਨਿੰਗ ਲੈ ਕੇ ਕੀ ਕਰ ਸਕਣਗੇ ਪਰ ਹੁਣ ਸਰਕਾਰ ਨੇ ਪ੍ਰਯਾਸ ਕੀਤਾ ਹੈ ਕਿ ਉਨ੍ਹਾਂ ਤੋਂ ਅਜਿਹਾ ਕੰਮ ਲਿਆ ਜਾਵੇ ਜਿਸ ਨਾਲ ਉਨ੍ਹਾਂ ਨੂੰ ਵੀ ਫਾਇਦਾ ਹੋਵੇ ਅੱਰ ਸਰਕਾਰ ਦਾ ਵੀ ਫਾਇਦਾ ਹੋਵੇ ਅੱਰ ਖਾਸ ਕਰਕੇ ਬੱਚੇ ਵੀ ਫਾਇਦਾ ਉਠਾ ਸਕਣਗੇ।

Original with;
Punjab Vidhan Sabha
Digitized by;
Panjab Digital Library

ਇਸ ਦੇ ਨਾਲ ਹੀ ਮੈਂ ਤੁਹਾਨੂੰ ਇਹ ਬੇਨਤੀ ਕਰਦਾ ਹਾਂ ਕਿ ਸਰਕਾਰ ਜਿਹੜੇ ਪ੍ਰਯਾਸ ਕਰ ਰਹੀ ਹੈ ਉਨ੍ਹਾਂ ਨੂੰ ਪੂਰਾ ਕਰਨ ਲਈ ਯਕੀਨ ਵੀ ਬਣਾਏ ਰਖੇਗੀ ਅੱਰ ਉਨ੍ਹਾਂ ਤੇ ਅਮਲ ਕਰਾਉਣ ਦਾ ਵੀ ਪੂਰਾ ਖਿਆਲ ਕਰੇਗੀ ਤਾਂਕਿ ਹੁਣ ਜਿਹੜੀ 21 ਵੀਂ ਸਦੀ ਆ ਰਹੀ ਹੈ, ਜਿਸ ਦੇ ਪੰਜ ਸਾਲ ਰਹਿ ਗਏ ਹਨ, ਉਦੋਂ ਤੱਕ ਪੰਜਾਬ ਵਿੱਚ ਜਿਹੜਾ ਇਲੀ-ਟਰੇਸੀ ਦਾ ਰੇਟ ਹੈ ਇਸ ਨੂੰ ਘਟਾਉਣ ਵਾਸਤੇ ਪੂਰੀ ਕੋਸ਼ਿਸ਼ ਕਰੇਗੀ ।

ਸਪੀਕਰ ਸਾਹਿਬ ਪੂਰੀ ਐੱਡਲਟ ਐਜੂਕੇਸ਼ਨ ਆਉਣ ਵਾਲੀ ਜਨਰੇਸ਼ਨ ਨੂੰ ਦੇਣ ਲਈ ਜਿਹੜੀਆਂ ਸਾਡੇ ਵਿਚ ਕਮੀਆਂ ਹਨ ਉਨ੍ਹਾਂ ਨੂੰ ਦੂਰ ਕਰਕੇ ਇਸ ਐੱਡਲਟ ਐਜੂਕੇਸ਼ਨ ਨੂੰ ਕਾਮਯਾਬ ਕਰੀਏ । ਇਸ ਮਤੇ ਦੀ ਮੈਂ ਪ੍ਰੋੜਤਾ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਜਿਹੜੇ ਸੁਝਾਓ ਮੈਂ ਇਸ ਸਬੰਧ ਵਿੱਚ ਹਾਊਸ ਵਿੱਚ ਦਿੱਤੇ ਹਨ ਉਨ੍ਹਾਂ ਉੱਤੇ ਸਰਕਾਰ ਗੌਰ ਕਰੇਗੀ ਅਤੇ ਪ੍ਰਾਇਮਰੀ ਐਜੂਕੇਸ਼ਨ ਵਿਚ ਨਰਸਰੀ ਤੋਂ 100% ਕਾਮਯਾਬ ਕਰਨ ਲਈ 5 ਸਾਲ ਦੇ ਬੱਚੇ ਨੂੰ ਕਮਪੈਲ ਕਰੇਗੀ ਤਾਂ ਕਿ ਅਸੀਂ ਉਨ੍ਹਾਂ ਨੂੰ ਅੱਛੇ ਨਾਗਰਿਕ ਬਣਾ ਸਕੀਏ ਅਤੇ 15 ਤੋਂ 35 ਸਾਲ ਦੇ ਲੋਕਾਂ ਨੂੰ ਅਡੱਲਟ ਐਜੂਕੇਸ਼ਨ ਦੇ ਰਾਹੀਂ ਕੰਪਲੀਟ ਗਿਆਨ ਦੇ ਸਕੀਏ ਅਤੇ ਉਹ ਦਸਖ਼ਤ ਵਗੈਰਾਂ ਕਰ ਸਕਣ ਅਤੇ ਪੜ੍ਹ ਲਿਖ ਸਕਣ । ਇਸ ਮਤੇ ਨੂੰ ਸਦਨ ਵਿੱਚ ਪਾਸ ਕਰ ਦਿਤਾ ਜਾਵੇ । ਮੈਂ ਆਪ ਦਾ ਧੰਨਵਾਦ ਕਰਦਾ ਹਾਂ ਜੀ ।

Mr. Speaker: Motion moved .—

> **This House recommends to the State Government to take steps to raise the standard of Primary Education and to achieve the goal of 100% literacy in the State.**

ਸ਼੍ਰੀਮਤੀ ਵਿਮਲਾ ਡਾਂਗ: ** ** ** **

Mr. Speaker No Point of Order. I have given the decision, which is with the consultation of the L.R. ਜਿਹੜਾ ਹਿੰਦੂ ਸਕੈਸੈਸ਼ਨ ਐਕਟ ਹੈ ਇਸ ਨੂੰ ਤੁਸੀਂ ਹਾਊਸ ਵਿੱਚ ਸਤੇ ਦੀ ਸ਼ਕਲ ਵਿੱਚ ਲਿਆਓ ਅੱਰ ਅਗਰ ਹਾਊਸ ਰਿਕੁਮੈਂਡ ਕਰੇਗਾ ਫੇਰ ਭੇਜ ਦੇਵਾਂਗੇ ।

ਕਾਮਰੇਡ ਹਰਦੇਵ ਅਰਸੀ: ਸਪੀਕਰ ਸਾਹਿਬ, ਤੁਸੀਂ ਆਪਣੇ ਫੈਸਲੇ ਉਤੇ ਮੁੜ ਕੇ ਗੌਰ ਕਰੋ ।

ਸ਼੍ਰੀ ਸਪੀਕਰ: ਅਰਸ਼ੀ ਜੀ, ਤੁਸੀਂ ਬੈਠੋ ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਅਸੀਂ ਤੁਹਾਡੇ ਫੈਸਲੇ ਉਤੇ ਡਿਸਕਸ਼ਨ ਨਹੀਂ ਕਰ ਰਹੇ, ਅਸੀਂ ਤੁਹਾਨੂੰ ਆਪਣੇ ਫੈਸਲੇ ਨੂੰ ਰੀਕੰਨਸਿਡਰ ਕਰਨ ਲਈ ਕਹਿ ਰਹੇ ਹਾਂ ।

Mr. Speaker: That can not be discussed here. You know well and you can come to my chamber and discuss it there but not in the House. Speaker's decision can not be discussed here (Interrpution) you can ask in the normal way, not in the House. Comrade Ajaib Singh and Gurnam Singh Ji, please resume your seats.

**Expunged as orderd by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਅਪੋਜ਼ੀਸ਼ਨ ਦੇ ਲੀਡਰ ਸ਼੍ਰੀ ਸਤਨਾਮ ਸਿੰਘ ਕੈਂਥ ਅਤੇ ਉਨ੍ਹਾਂ ਦੀ ਪਾਰਟੀ ਦੇ ਮੈਂਬਰ ਸਾਹਿਬਾਨ ਹਾਊਸ ਵਿੱਚੋਂ ਬਾਹਰ ਚਲੇ ਗਏ ਅਤੇ ਤੁਸੀਂ ਉਨ੍ਹਾਂ ਨੂੰ ਇਕ ਦਿਨ ਲਈ ਸਸਪੈਂਡ ਕੀਤਾ ਹੈ ਜਾਂ ਬਹਾਲ ਕਰ ਦਿੱਤਾ ਹੈ, ਇਸ ਬਾਰੇ ਬਾਹਰ ਕਨਫਿਊਜ਼ਨ ਹੈ । ਅਗਰ ਚੀਫ ਮਨਿਸਟਰ ਸਾਹਿਬ ਉਨ੍ਹਾਂ ਨੂੰ ਬੁਲਾ ਕੇ ਗੱਲ ਸੁਣ ਲੈਣ ਅਤੇ ਉਨ੍ਹਾਂ ਦੇ ਗਰੀਵੈਂਸਿਜ਼ ਦੂਰ ਕਰ ਦੇਣ ਤਾਂ ਮਾਮਲਾ ਖ਼ਤਮ ਹੋ ਸਕਦਾ ਹੈ ।

ਸ਼੍ਰੀਮਤੀ ਵਿਮਲਾ ਡਾਂਗ: ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦੀ ਹਾਂ ਕਿ ਅਪੋਜ਼ੀਸ਼ਨ ਦੇ ਮੈਂਬਰਾਂ ਦੀ ਵੀ ਇੱਜ਼ਤ ਹੋਣੀ ਚਾਹੀਦੀ ਹੈ ਅਤੇ ਮੈਂਬਰ ਸਾਹਿਬਾਨ ਤੁਹਾਡੀ ਵੀ ਇੱਜ਼ਤ ਕਰਨ । ਹਾਊਸ ਨੂੰ ਅੈਕਸਟੈਂਡ ਕਰਨ ਦਾ ਵੀ ਤੁਹਾਨੂੰ ਅਖ਼ਤਿਆਰ ਹੈ, ਤੁਸੀਂ ਉਨ੍ਹਾਂ ਦੀਆਂ ਗੱਲਾਂ ਸੁਣ ਲਉ । (ਵਿਘਨ) ਮੁੱਖ ਮੰਤਰੀ ਸਾਹਿਬ ਉਨ੍ਹਾਂ ਗੱਲਾਂ ਦਾ ਜਵਾਬ ਦੇਣ (ਇਸ ਸਮੇ ਮੁੱਖ ਮੰਤਰੀ ਸਾਹਿਬ ਬੋਲਣ ਲਈ ਖੜ੍ਹੇ ਹੋਏ) ।

ਸ਼੍ਰੀ ਸਪੀਕਰ : ਮੁੱਖ ਮੰਤਰੀ ਸਾਹਿਬ ਦੇ ਬੋਲਣ ਤੋਂ ਪਹਿਲਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਪੀਕਰ ਦੀ ਇੱਜ਼ਤ ਤੁਸੀਂ ਕਰਨੀ ਹੈ । ਤੁਹਾਨੂੰ ਪਤਾ ਹੈ ਕਿ ਕਿਤਨਾ ਟਾਇਮ ਮੈਂ ਤੁਹਾਨੂੰ ਦਿੱਤਾ ਹੈ । ਕੱਲ ਤੁਹਾਡੀ ਹੀ ਮੈਂਬਰ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਕਹਿੰਦੇ ਸਨ ਕਿ ਸਾਨੂੰ ਬੋਲਣ ਲਈ ਟਾਇਮ ਨਹੀਂ ਦਿੱਤਾ ਗਿਆ । ਮੈਂ ਡੀਟੇਲ ਵਿੱਚ ਜੋ ਟਾਇਮ ਦਿੱਤਾ ਹੈ ਉਸ ਬਾਰੇ ਦੱਸਿਆ ਹੈ ਉਹ ਪੇਪਰਾਂ ਵਿਚ ਵੀ ਆ ਚੁੱਕਾ ਹੈ । 8-8, 10-10 ਮਿੰਟ ਦੀ ਬਜਾਏ 53-53 ਮਿੰਟ ਦਿੱਤੇ ਗਏ ਹਨ । ਮੈਨੂੰ ਵੀ ਸਟਰਿਕਟਲੀ ਆਬਜ਼ਰਵ ਕਰਨਾ ਚਾਹੀਦਾ ਹੈ । ਮੇਰੀ ਸਾਰੇ ਮਾਨਯੋਗ ਮੈਂਬਰਾਂ ਨੂੰ ਪ੍ਰਾਰਥਨਾ ਹੈ ਕਿ ਹਾਊਸ ਨੂੰ ਠੀਕ ਢੰਗ ਦੇ ਨਾਲ ਚਲਾਉਣ ਵਾਸਤੇ ਸਹਿਯੋਗ ਦੇਣ ਤਾਂ ਕਿ ਕਾਰਿਆਕ੍ਰਮ ਠੀਕ ਚਲ ਸਕੇ ।

ਸ਼੍ਰੀ ਮਦਨ ਮੋਹਨ ਮਿੱਤਲ, ਸਪੀਕਰ ਸਾਹਿਬ, ਮੇਰੀ ਪਾਰਟੀ ਦੇ ਮੈਂਬਰ ਅੰਡਰ ਰੂਲ ਕੰਮ ਕਰਦੇ ਹਨ । They will go according to the Rules. Sir, I want to submit, the Speaker should be cool, members can be agitated. ਅਗਰ ਸਪੀਕਰ ਕੂਲ ਹੋਏਗਾ ਤਾਂ ਅਸੀਂ ਵੀ ਸਾਰੇ ਕੂਲ ਹੋਵਾਂਗੇ । ਜੋ ਮੈਂਬਰ ਸਾਹਿਬਾਨ ਕਹਿਣਾ ਚਾਹੁੰਦੇ ਹਨ ਉਹ ਕਹਿ ਲੈਣ । ਕੋਈ ਬਦਮਗਜ਼ੀ ਨਾ ਹੋਵੇ ।

ਮੁੱਖ ਮੰਤਰੀ : (ਸਰਦਾਰ ਬੇਅੰਤ ਸਿੰਘ) ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੈਂ ਤੁਹਾਡੇ ਰਾਹੀਂ ਅਪੋਜ਼ੀਸ਼ਨ ਦੇ ਮਾਨਯੋਗ ਮੈਂਬਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਜਵਾਬ ਦੇਣ ਵਾਸਤੇ ਹਮੇਸ਼ਾ ਤਿਆਰ ਰਹਿੰਦੇ ਹਾਂ । ਪਿਛਲੇ ਦਿਨਾਂ ਵਿਚ ਜ਼ੀਰੋ ਆਵਰ ਵਿਚ ਵੀ ਮੈਂ ਕਈ ਸਵਾਲਾਂ ਦਾ ਜਵਾਬ ਦਿੱਤਾ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੁਝ ਹਾਊਸ ਦੀ ਮਰਿਆਦਾ ਹੁੰਦੀ ਹੈ । (ਵਿਘਨ) ਸਪੀਕਰ ਸਾਹਿਬ, ਇਹ ਮੇਰੀ ਗੱਲ ਸੁਣ ਲੈਣ । ਹਾਊਸ ਦੀ ਮਰਿਆਦਾ ਨੂੰ ਕਾਇਮ ਰੱਖਣਾ ਚਾਹੀਦਾ ਹੈ । ਅਪੋਜੀਸ਼ਨ ਦੇ ਲੀਡਰ ਕੈਂਥ ਸਾਹਿਬ ਨੇ ਬੋਲਦਿਆਂ ਕਿਹਾ ਸੀ ਉਹ ਇਕ ਪਿੰਡ ਦੀ ਗੱਲ ਸੀ ਔਰ ਸਰਪੰਚ ਉਤੇ ਕੇਸ ਬਣਿਆ ਹੋਇਆ ਸੀ । ਉਹ ਇਸ ਬਾਰੇ ਸਵਾਲ ਦੇ ਦਿੰਦੇ ਤਾਂ ਅਸੀਂ ਜਵਾਬ ਦੇ ਦਿੰਦੇ । ਉਹ ਇਹ ਗੱਲ ਆਪਣੀ ਸਪੀਚ ਵਿਚ ਕਹਿ ਸਕਦੇ ਸੀ । ਪਰ ਇਸ ਦਾ ਜਵਾਬ ਮੈਂ ਜਾਂ ਮੇਰਾ ਕੋਈ ਮਨਿਸਟਰ ਦੇ ਸਕਦਾ ਸੀ । ਪਰ ਜ਼ੀਰੋ ਆਵਰ ਵਿਚ ਇਹ ਗੱਲ ਕਹਿਣਾ ਅਤੇ

Original with;
Punjab Vidhan Sabha
Digitized by;
Panjab Digital Library

ਜਵਾਬ ਮੰਗਣਾ ਹਾਊਸ ਦੀ ਮਰਯਾਦਾ ਨਹੀਂ ਹੈ । ਜ਼ੀਰੋ ਆਵਰ ਵਿੱਚ ਉਠ ਕੇ ਗੱਲ ਕਹਿ ਦਿੰਦੇ ਹਨ ਤਾਂ ਵੀ ਅਸੀਂ ਮਾਈਂਡ ਨਹੀਂ ਕਰਦੇ । ਤਿੰਨ ਸਾਲ ਸਰਕਾਰ ਦੇ ਪੂਰੇ ਹੋ ਗਏ ਹਨ । ਜਵਾਬ ਉਸੇ ਵੇਲੇ ਮੰਗਣਾ ਜੇ ਜ਼ੀਰੋ ਆਵਰ ਵਿੱਚ ਕਿਹਾ ਗਿਆ ਹੋਵੇ ਤਾਂ ਠੀਕ ਨਹੀਂ ਹੈ । ਉਹ ਆਪਣੀ ਗੱਲ ਬਜਟ ਸਪੀਚ ਤੇ ਬੋਲਣ ਵੇਲੇ ਕਹਿ ਸਕਦੇ ਹਨ । ਜਦੋਂ ਮਨਿਸਟਰ ਸਾਹਿਬ ਉਸ ਦਾ ਜਵਾਬ ਦੇਣਗੇ ਤਾਂ ਉਹ ਉਸ ਗੱਲ ਦਾ ਜਵਾਬ ਵੀ ਦੇ ਦੇਣਗੇ । ਹੋਰ ਵੀ ਬੋਲਣ ਲਈ ਕਾਫੀ ਸਮਾਂ ਹੁੰਦਾ ਹੈ ਉਸ ਵੇਲੇ ਉਹ ਅਪੋਜੀਸ਼ਨ ਵਾਲੇ ਆਪਣੀ ਗੱਲ ਕਹਿ ਸਕਦੇ ਹਨ । ਸਰਕਾਰ ਹਰ ਇਕ ਗੱਲ ਦਾ ਜਵਾਬ ਦੇਵੇਗੀ । ਸ੍ਰੀ ਮਦਨ ਮੋਹਨ ਮਿੱਤਲ ਸਾਹਿਬ, ਸ੍ਰੀਮਤੀ ਵਿਮਲਾ ਡਾਂਗ, ਕਾਮਰੇਡ ਹਰਦੇਵ ਸਿੰਘ ਅਰਜ਼ੀ ਸਾਹਿਬ ਬੜੇ ਸਿਆਣੇ ਮੈਂਬਰ ਹਨ । ਅਗਰ, ਸਪੀਕਰ ਸਾਹਿਬ, ਤੁਸੀਂ ਕੋਈ ਰੂਲਿੰਗ ਦਿੰਦੇ ਹੋ ਤਾਂ ਉਹ ਰੂਲਿੰਗ ਸਾਰਿਆਂ ਨੂੰ ਮੰਨਣੀ ਚਾਹੀਦੀ ਹੈ । ਬਜਟ ਤੇ ਬਹਿਸ ਹੋਣੀ ਹੈ, ਡਿਮਾਂਡਾਂ ਤੇ ਬਹਿਸ ਹੋਣੀ ਹੈ ਅੱਤੇ ਸਪੀਕਰ ਸਾਹਿਬ, ਅਸੀਂ ਕਮਿਟ ਕਰਦੇ ਹਾਂ ਕਿ ਜਵਾਬ ਦੇਵਾਂਗੇ । ਅਸੀਂ ਕਾਹਦੇ ਲਈ ਟਰੈਜ਼ਰੀ ਬੈਂਚਿਜ਼ ਤੇ ਬੈਠੇ ਹਾਂ । ਮੈਂ ਸਾਰੇ ਮਾਨਯੋਗ ਮੈਂਬਰਾਂ ਨੂੰ ਰਿਕੁਐਸਟ ਕਰਾਂਗਾ ਕਿ ਕੋਡ ਆਫ ਕੰਡਕਟ ਨੂੰ ਫਾਲੋ ਕਰਨਾ ਚਾਹੀਦਾ ਹੈ । ਸਪੀਕਰ ਸਾਹਿਬ, ਇਸ ਤਰ੍ਹਾਂ ਦੀਆਂ ਗੱਲਾਂ ਜ਼ੀਰੋ ਆਵਰ ਵਿਚ ਕਰਕੇ ਸਾਨੂੰ ਜਵਾਬ ਦੇਣ ਲਈ ਮਜ਼ਬੂਰ ਨਹੀਂ ਕਰ ਸਕਦੇ । ਅਸੀਂ ਰੂਲਜ਼ ਦੇ ਮੁਤਾਬਿਕ ਜਵਾਬ ਦੇਵਾਂਗੇ । ਸਪੀਕਰ ਸਾਹਿਬ, ਜੋ ਤੁਸੀਂ ਨੇਮ ਕਰ ਦਿੱਤੇ ਉਹ ਅੱਜ ਨਹੀਂ ਆਉਣਗੇ । (ਵਿਘਨ) ਵਿੱਤ ਮੰਤਰੀ ਜੀ ਨੇ ਵੀ ਕਿਹਾ ਹੈ ਕਿ ਉਨ੍ਹਾਂ ਨੂੰ ਵਾਪਿਸ ਲੈ ਲਵੋ । ਇਹ ਗੱਲ ਸ਼ੋਅ ਕਰਦੀ ਹੈ ਕਿ ਅਸੀਂ ਲੋਕ ਜਿਹੜੇ ਹਾਂ, ਅਸੀਂ ਸਤਿਕਾਰ ਕਰਦੇ ਹਾਂ ਅੱਤੇ ਹਮੇਸ਼ਾ ਸਤਿਕਾਰ ਕਰਦੇ ਰਹਾਂਗੇ । ਮੈਂ ਕਈ ਵਾਰੀ ਇਹ ਗੱਲ ਕਹਿ ਚੁਕਾ ਹਾਂ ਮਾਨਯੋਗ ਮਿੱਤਲ ਸਾਹਿਬ ਬਿਰਾਜਮਾਨ ਹਨ, ਇਹ ਕੈਂਥ ਸਾਹਿਬ ਨੂੰ ਕਹਿ ਦੇਣ ਕਿ ਐਫ.ਐਮ. ਸਾਹਿਬ ਦੇ ਕਹਿਣ ਮੁਤਾਬਿਕ ਸਪੀਕਰ ਸਾਹਿਬ ਨੇ ਕਹਿ ਦਿੱਤਾ ਹੈ ਅਤੇ ਉਹ ਹਾਊਸ ਦੇ ਅੰਦਰ ਆ ਸਕਦੇ ਹਨ । ਮੈਂ ਇਕ ਗੱਲ ਫੇਰ ਕਹਿਣੀ ਚਾਹੁੰਦਾ ਹਾਂ ਕਿ ਸਪੀਕਰ ਸਾਹਿਬ ਦਾ ਅਹੁਦਾ ਇਕ ਮੁਤਬਰਕ ਅਹੁਦਾ ਹੈ, ਇਕ ਬੜਾ ਪਵਿੱਤਰ ਅਹੁਦਾ ਹੈ । ਅਸੀਂ ਬੇਸ਼ਕ ਵਾਕ-ਆਊਟ ਕਰੀਏ, ਲੱਖ ਵਾਰੀ ਕਰੀਏ ਅੱਤੇ ਆਪਣਾ ਪ੍ਰੋਟੈਸਟ ਵੀ ਸ਼ੋਅ ਕਰੀਏ, ਸਾਰੀਆਂ ਪਾਰਟੀਆਂ ਕਰਦੀਆਂ ਤੁਰੀਆਂ ਆਈਆਂ ਹਨ, ਪਰ ਸਪੀਕਰ ਦੇ ਬਰਖਲਾਫ ਨਾਹਰੇ ਲਾਉਣੇ ਮਰਯਾਦਾ ਦੇ ਬਰਖਿਲਾਫ ਗੱਲ ਹੈ । ਇਹ ਕਾਹਦੇ ਪਾਰਟੀ ਦੇ ਮੈਂਬਰ ਹਨ । ਮੈਂ ਨਿਮਰਤਾ ਸਹਿਤ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਪੀਕਰ ਹਾਊਸ ਦਾ ਕਸਟੋਡੀਅਨ ਹੁੰਦਾ ਹੈ । ਹਾਊਸ ਦੇ ਕਸਟੋਡੀਅਨ ਨੂੰ ਹੀ ਇਸ ਤਰ੍ਹਾਂ ਕਰ ਦਈਏ, ਬਰਖਿਲਾਫ ਨਾਹਰੇ ਲਾਈਏ, ਸਾਡੇ ਬਰਖਿਲਾਫ ਬੇਸ਼ਕ ਨਾਹਰੇ ਲਾਓ, ਅਸੀਂ ਮਾਈਂਡ ਨਹੀਂ ਕਰਦੇ ਪਰ ਸਪੀਕਰ ਦੇ ਖਿਲਾਫ ਨਾਹਰੇ ਲਾਉਣੇ ਸਾਡੀਆਂ ਇਖਲਾਕੀ ਵੈਲਿਊਜ਼ ਦੇ ਖਿਲਾਫ ਗੱਲ ਹੈ ਅਤੇ ਜਿਹੜੀ ਮੋਰਲੀ ਗਲਤ ਹੈ । ਮੈਂ ਸਮਝਦਾ ਹਾਂ ਕਿ ਜਿਹੜੇ ਸਾਡੇ ਅਕਾਲੀ ਵੀਰ ਹਨ, ਸ਼ਾਇਦ ਉਨ੍ਹਾਂ ਨੂੰ ਇਸ ਗੱਲ ਦੀ ਨਾਲੇਜ ਨਾ ਹੋਵੇ, ਕੁਝ ਇਗਨੋਰੈਂਸ ਵੀ ਹੈ ਇਹ ਬਿਲਕੁਲ ਤੌਹੀਨ ਹੈ ਇਸ ਹਾਊਸ ਦੀ ਸਪੀਕਰ ਦੇ ਬਰਖਿਲਾਫ ਨਾਹਰੇ ਲਾਉਣੇ ਅਤੇ ਅਸੀਂ ਇਸਨੂੰ ਬਰਦਾਸ਼ਤ ਨਹੀਂ ਕਰ ਸਕਦੇ, ਕੋਈ ਵੀ ਬਰਦਾਸ਼ਤ ਨਹੀਂ ਕਰ ਸਕਦਾ । ਅਪੋਜ਼ੀਸ਼ਨ ਤਾਂ ਜ਼ਿਆਦਾ ਸਤਿਕਾਰ ਦਿੰਦੀ ਹੈ, ਸਪੀਕਰ ਸਾਹਿਬ ਨੂੰ । ਅੱਜ ਹੋ ਸਕਦਾ ਹੈ ਕਿ ਅਕਾਲੀ ਦਲ ਦੇ ਮੈਂਬਰ ਜੋ ਬਾਹਰ ਗਏ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹਨ, ਮੁਆਫੀ ਮੰਗਣ ਅਤੇ ਅਗਰ ਉਹ ਐਸਾ ਨਹੀਂ ਕਰਦੇ ਤਾਂ ਇੰਨੀ ਅਸ਼ਿਓਰੈਂਸ ਜ਼ਰੂਰ ਦਿਵਾਉਣ ਕਿ ਇਹ ਗੱਲ ਦੋਬਾਰਾ ਨਹੀਂ ਹੋਵੇਗੀ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਜੋ ਸੀ.ਐਮ. ਸਾਹਿਬ ਨੇ ਕਿਹਾ ਹੈ, ਮੇਰਾ ਉਸ ਬਾਰੇ ਕੋਈ ਮਤਭੇਦ ਨਹੀਂ ਹੈ ।

ਸ਼੍ਰੀ ਸਪੀਕਰ : ਇਹ ਵੀ ਤਾਂ ਮਰਯਾਦਾ ਹੀ ਹੈ ਕਿ ਇਕ ਮੈਂਬਰ ਖੜਾ ਹੁੰਦਾ ਹੈ, ਮੇਰੇ ਵਲੋਂ ਉਸਦਾ ਨਾਂ ਲਿਆ ਜਾਂਦਾ ਹੈ ਪਰ 2-3-4 ਮੈਂਬਰ ਖੜੇ ਹੀ ਰਹਿੰਦੇ ਹਨ । ਉਨ੍ਹਾਂ ਦਾ ਫਰਜ਼ ਹੈ ਕਿ ਖੁਦ-ਬ-ਖੁਦ ਬੈਠ ਜਾਣ । ਮੈਂ ਹੁਣ ਮਿੱਤਲ ਸਾਹਿਬ ਦਾ ਨਾਂ ਲਿਆ ਹੈ ਤਾਂ ਬਾਕੀ ਦੇ ਮੈਂਬਰ ਕਿਉਂ ਖੜ੍ਹੇ ਰਹਿਣ । ਜੋ ਰੂਲ ਹੈ ਉਸਨੂੰ ਕਾਇਮ ਰਖਣਾ ਚਾਹੀਦਾ ਹੈ ਤਾਂ ਹੀ ਅਸੀਂ ਮਰਯਾਦਾ ਨੂੰ ਕਾਇਮ ਰੱਖ ਸਕਦੇ ਹਾਂ ।

ਸ਼੍ਰੀ ਮਦਨ ਮੋਹਨ ਮਿੱਤਲ ਸਪੀਕਰ ਸਾਹਿਬ, ਜੋ ਗੱਲਾਂ ਤੁਸੀਂ ਅਤੇ ਸੀ. ਐਮ. ਸਾਹਿਬ ਨੇ ਕਹੀਆਂ ਹਨ ਕਿ ਕੋਡ ਆਫ ਕੰਡਕਟ ਹੋਣਾ ਚਾਹੀਦਾ ਹੈ, ਉਸ ਨਾਲ ਅਸੀਂ ਸਹਿਮਤ ਹਾਂ । ਮੈਂ ਤੁਹਾਡੇ ਨਾਲ ਪਹਿਲਾਂ ਵੀ ਮੀਟਿੰਗ ਵਿਚ ਇਹ ਗੱਲ ਕਹੀ ਸੀ ਅਤੇ ਦੋ ਤਿੰਨ ਵਾਰੀ ਇਹ ਪ੍ਰੋਗਰਾਮ ਵੀ ਬਣਿਆ ਕਿ ਕੋਈ ਇਸ ਤਰ੍ਹਾਂ ਦਾ ਟਰੇਨਿੰਗ ਕੈਂਪ ਜਾਂ ਵਰਕਸ਼ਾਪ ਹੋਵੇ ਪਰ ਅਨਫਾਰਚੂਨੇਟਲੀ ਨਹੀਂ ਹੋ ਸਕੀ । ਮੇਰਾ ਇਸ ਗੱਲ ਨਾਲ ਕੋਈ ਮਤਭੇਦ ਨਹੀਂ ਜੋ ਤੁਸੀਂ ਕਿਹਾ ਹੈ ਸਪੀਕਰ ਨੂੰ ਆਨਰ ਕਰਨਾ, ਸਪੀਕਰ ਦੀਆਂ ਰੂਲਿੰਗਜ਼ ਨੂੰ ਆਨਰ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ ਲੇਕਿਨ ਆਪੋਜ਼ੀਸ਼ਨ ਨੇ ਕਦੇ ਵੀ ਸ਼ੋਅ ਨਹੀਂ ਕੀਤਾ ਕਿ ਅਸੀਂ ਨਹੀਂ ਮੰਨਦੇ, ਅਸੀਂ ਮੰਨਦੇ ਹਾਂ ਅਤੇ ਤੁਸੀਂ ਬੈਠਣ ਨੂੰ ਕਹਿ ਦਿੰਦੇ ਹੋ ਤਾਂ ਬੈਠ ਵੀ ਜਾਂਦੇ ਹਾਂ । ਪਰ ਸਪੀਕਰ ਸਾਹਿਬ, ਕਈ ਵਾਰੀ ਮੈਂਬਰ ਨੂੰ ਲਗਦਾ ਹੈ ਕਿ ਉਸਦੀ ਗੱਲ ਇੰਪਾਰਟੈਂਟ ਹੁੰਦੀ ਹੈ । ਜਿਵੇ ਮੈਂ ਕੱਲ ਇਥੇ ਚਲਾ ਗਿਆ ਸੀ ਤਾਂ ਪਿਛੋਂ ਸਾਡੀ ਪਾਰਟੀ ਨੇ ਵਾਕ-ਆਊਟ ਕੀਤਾ । ਮੈਨੂੰ ਹੁਣੇ ਭੈਣ ਲਕਸ਼ਮੀ ਕਾਂਤਾ ਚਾਵਲਾ ਨੇ ਦੱਸਿਆ ਹੈ । ਪਰ ਉਹ ਤੁਹਾਡੇ ਖਿਲਾਫ ਨਹੀ ਸੀ, ਉਨ੍ਹਾਂ ਨੂੰ ਟਾਈਮ ਨਹੀਂ ਸੀ ਮਿਲਿਆ ਜਿਸ ਮੈਂਬਰ ਦਾ ਉਨ੍ਹਾਂ ਵਲੋਂ ਨਾਮ ਭੇਜਿਆ ਗਿਆ ਸੀ । ਸਪੀਕਰ ਸਾਹਿਬ, ਮੈਂ ਨਿਮਰਤਾ ਸਹਿਤ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ the judge and speaker should be cool and polite members can be agitated.

ਸ਼੍ਰੀ ਸਪੀਕਰ. ਮਿੱਤਲ ਸਾਹਿਬ, ਮੈਂ ਇਸ ਗੱਲ ਦਾ ਜਵਾਬ ਦੇ ਦੇਣਾ ਚਾਹੁੰਦਾ ਹਾਂ ਕਿ ਤੁਹਾਡੀ ਪਾਰਟੀ ਨੂੰ ਕੁੱਲ 12 ਮਿੰਟ ਮਿਲਣੇ ਚਾਹੀਦੇ ਸਨ ਪਰ ਮੈਂ 55 ਮਿੰਟ ਦਿੱਤੇ ਹਨ । ਇਸ ਦੇ ਬਾਅਦ ਵੀ ਪ੍ਰੋਟੈਸਟ ?

ਸ਼੍ਰੀ ਮਦਨ ਮੋਹਨ ਮਿੱਤਲ. ਸਪੀਕਰ ਸਾਹਿਬ, ਅਸੀਂ ਮੈਥੇਮੈਟੀਕਲੀ ਕਾਊਂਟ ਕਿਸ ਤਰ੍ਹਾਂ ਕਰ ਸਕਦੇ ਹਾਂ । ਇਸ ਦੇ ਲਈ ਕੋਈ ਹਾਰਡ ਐਂਡ ਫਾਸਟ ਰੂਲ ਨਹੀਂ ਹੋ ਸਕਦਾ ।

ਸ਼੍ਰੀ ਸਪੀਕਰ. ਇਨ੍ਹਾਂ ਨੂੰ ਆਪ ਸੋਚਣਾ ਚਾਹੀਦਾ ਸੀ ਕਿ ਤੁਹਾਡੀ ਪਾਰਟੀ ਦੇ 3 ਮੈਂਬਰ ਬੋਲ ਚੁੱਕੇ ਹਨ, ਉਸ ਦੇ ਮੁਤਾਬਿਕ ਬੋਲਣਾ ਚਾਹੀਦਾ ਹੈ । ਅੱਗੇ ਤੋਂ ਮੈਂ ਤੁਹਾਡੇ ਲੀਡਰ

Original with;
Punjab Vidhan Sabha
Digitized by;
Punjab Digital Library

ਨੂੰ ਪੁਛਿਆ ਕਰਾਂਗਾ ਕਿ ਇੰਨੇ ਮਿੰਟ ਟੋਟਲ ਹਨ । ਜਿਹੜੇ ਮੈਂਬਰ ਨੂੰ ਜਿੰਨਾਂ ਬੁਲਾਣਾ ਚਾਹੋ ਬੁਲਾ ਸਕਦੇ ਹੋ । I can relax a little according to the member.

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਸੀ. ਐਮ. ਸਾਹਿਬ ਕੈਂਥ ਸਾਹਿਬ ਨੂੰ ਬੁਲਾ ਕੇ ਗੱਲ ਕਰਕੇ ਹੱਲ ਕਰ ਸਕਦੇ ਸੀ ।

ਮੁੱਖ ਮੰਤਰੀ ਸਪੀਕਰ ਸਾਹਿਬ ਮੇਰੀ ਗੱਲ ਦਾ ਜਵਾਬ ਨਹੀਂ ਆਇਆ । ਮੈਂ ਤੁਹਾਡੇ ਕੋਲੋਂ ਇਕ ਰੂਲਿੰਗ ਚਾਹੁੰਦਾ ਹਾਂ ਕਿ ਤੁਸੀਂ ਇਹ ਦੱਸੋ ਕਿ ਸਪੀਕਰ ਦੇ ਖਿਲਾਫ ਇਸ ਹਾਊਸ ਦੇ ਅੰਦਰ ਨਾਹਰੇ ਲਗ ਸਕਦੇ ਹਨ ? ਜੇ ਇਹ ਮਰਯਾਦਾ ਕਾਇਮ ਕਰਨੀ ਹੈ ਤਾਂ ਆਖਿਰਕਾਰ ਹਾਊਸ ਦਾ ਬਣੇਗਾ ਕੀ ?

ਸਪੀਕਰ ਸਾਹਿਬ, ਮੇਰੀ ਗੱਲ ਦਾ ਜਵਾਬ ਨਹੀਂ ਆਇਆ । ਕਲ੍ਹ ਦੀ ਗੱਲ ਹੋ ਗਈ ਅਤੇ ਤੁਸੀਂ ਟਾਈਮ ਮੁਕੱਰਰ ਕਰ ਦਿੱਤਾ । ਠੀਕ ਹੈ, ਤੁਸੀਂ ਟਾਈਮ ਵੀ ਜ਼ਿਆਦਾ ਦੇ ਦਿਓ, ਮੈਂ ਮਾਈਂਡ ਨਹੀਂ ਕਰਦਾ । ਗਵਰਨਰ ਐਡਰੈਸ ਦੀ ਵਜਿਹ ਕਰਕੇ ਇਕ ਦਿਨ ਫਾਲਤੂ ਵੀ ਦੇ ਦਿੱਤਾ । ਤੁਹਾਨੂੰ ਯਾਦ ਹੋਵੇਗਾ, ਉਸ ਦਿਨ ਤੁਸੀਂ ਇਨ੍ਹਾਂ ਨੂੰ ਬੋਲਣਾ ਬੰਦ ਕਰ ਦਿੱਤਾ ਸੀ ਜਿਸ ਵੇਲੇ ਮੈਂ ਜਵਾਬ ਦੇਣਾ ਸੀ । ਲੇਕਿਨ ਮੈਂ ਕਿਹਾ ਸੀ ਕਿ ਇਨ੍ਹਾਂ ਨੂੰ ਹੋਰ ਟਾਈਮ ਦੇ ਦਿਓ, ਕੋਈ ਹਰਜ ਨਹੀਂ ਹੈ । ਜਿਹੜੇ ਮੈਂਬਰ ਬੋਲ ਨਹੀਂ ਸਨ ਸਕੇ, ਉਨ੍ਹਾਂ ਨੂੰ ਬੜੀ ਨਿਮਰਤਾ ਦੇ ਨਾਲ ਟਾਈਮ ਦਿੱਤਾ ਗਿਆ । ਲੇਕਿਨ ਮੇਰਾ ਸਵਾਲ ਬਹੁਤ ਵੱਡਾ ਹੈ । ਬੇਸ਼ੱਕ ਟਾਈਮ ਦੀ ਪਾਬੰਦੀ ਲਾਓ ਜਾਂ ਚੈਂਬਰ ਵਿਚ ਗੱਲ ਕਰੋ, ਇਹ ਅਲੱਗ ਗੱਲ ਹੈ । ਪਰ ਜੋ ਮੇਰਾ ਸਵਾਲ ਹੈ, ਉਹ ਇਹ ਹੈ ਕਿ ਹਾਊਸ ਦੀ ਤੌਹੀਨ ਕਿਉਂ ਕੀਤੀ ਜਾਵੇ ? ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਹਾਊਸ ਦੀ ਮਰਯਾਦਾ ਕਾਇਮ ਰੱਖਣਾ ਸਾਡਾ ਸਭ ਤੋਂ ਪਹਿਲਾ ਅਤੇ ਨੰਬਰ ਵੰਨ ਫਰਜ਼ ਹੈ । ਮੈਨੂੰ ਇਸ ਗੱਲ ਤੇ ਸਖਤ ਇਤਰਾਜ਼ ਹੈ ਕਿ ਸਪੀਕਰ ਦੇ ਖਿਲਾਫ ਨਾਹਰੇ ਕਿਉਂ ਲਗਾਏ ਗਏ । ਕੀ ਅਸੀਂ ਹਾਊਸ ਨੂੰ ਚਲਾਉਣਾ ਨਹੀਂ ਹੈ ? ਕੈਂਥ ਸਾਹਿਬ ਲੀਡਰ ਆਫ ਦੀ ਅਪੋਜ਼ੀਸ਼ਨ ਹਨ । ਉਹ ਮੇਰੇ ਕੋਲ ਆ ਜਾਣ, ਮੈਂ ਉਨ੍ਹਾਂ ਦੀ ਤਸੱਲੀ ਕਰ ਦਿਆਂਗਾ, ਜੋ ਵੀ ਉਨ੍ਹਾਂ ਦੀ ਸਕਾਨ ਦੀ ਗੱਲ ਹੈ ਜਾਂ ਕੋਈ ਹੋਰ ਪਿੰਡਾਂ ਦੀ ਗੱਲ ਹੈ ਲੇਕਿਨ ਮੈਂਬਰ ਸਾਹਿਬਾਨ ਨੂੰ ਮੈਂ ਸਤਿਕਾਰ ਸਹਿਤ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਬੇਸ਼ੱਕ ਅੰਜੀਟੇਟਿਡ ਹੋਣ, ਕੋਈ ਹਰਜ਼ ਨਹੀਂ ਹੈ ਲੇਕਿਨ ਹਾਊਸ ਦੀ ਤੌਹੀਨ ਕਰਨ ਦਾ ਕੋਈ ਮਤਲਬ ਨਹੀਂ ਹੈ । ਮੈਂ ਦੋ ਗੱਲਾਂ ਕਹੀਆਂ ਹਨ । ਪਹਿਲੀ ਗੱਲ ਇਹ ਕਿ ਸਪੀਕਰ ਸਾਹਿਬ ਦੀ ਇਥੇ ਬੇਇਜ਼ਤੀ ਹੋਈ ਹੈ, ਉਹ ਨਹੀਂ ਹੋਣੀ ਚਾਹੀਦੀ । ਉਸ ਦੇ ਵਾਸਤੇ ਇਨ੍ਹਾਂ ਨੂੰ ਮੁਆਫੀ ਮੰਗਣੀ ਚਾਹੀਦੀ ਹੈ । ਦੂਸਰੀ ਗੱਲ ਇਹ ਹੈ ਕਿ ਜ਼ੀਰੋ ਆਵਰ ਦੇ ਅੰਦਰ ਅਗਰ ਤੁਸੀਂ ਇਨ੍ਹਾਂ ਨੂੰ ਬੋਲਣ ਦੀ ਇਜ਼ਾਜ਼ਤ ਦੇਣੀ ਹੈ ਤਾਂ ਬੇਸ਼ੱਕ ਦਿਓ ਲੇਕਿਨ ਸਾਨੂੰ ਉਸ ਦਾ ਜਵਾਬ ਦੇਣ ਵਾਸਤੇ ਮਜਬੂਰ ਨਾ ਕਰੋ । ਜਦੋਂ ਅਸੀਂ ਆਪਣੀ ਸਪੀਚ ਕਰਾਂਗੇ ਤਾ ਉਸ ਵੇਲੇ ਇਨ੍ਹਾਂ ਦੀਆਂ ਗੱਲਾਂ ਦਾ ਜਵਾਬ ਦੇ ਦਿੱਤਾ ਜਾਵੇਗਾ । We are not committed to answer in the Zero Hour.

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਪੁਆਇੰਟ ਉਠਾਇਆ ਸੀ .....(ਵਿਘਨ)

Original with;
Punjab Vidhan Sabha
Digitized by;
Panjab Digital Library

Mr. Speaker : Madam, I have replied and you are again..... (Interruption)

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਬਾਰ ਬਾਰ ਜ਼ਿਕਰ ਕੀਤਾ ਸੀ ਕਿ ਅਸੀਂ ਆਪਣੀ ਸਾਰੀ ਪੁਜ਼ੀਸ਼ਨ ਕਲੈਰੀਫਾਈ ਕਰਨੀ ਚਾਹੁੰਦੇ ਹਾਂ । ਅਸੀਂ ਵੀ ਮਹਿਸੂਸ ਕਰਦੇ ਹਾਂ ਕਿ ਜੋ ਕੁਝ ਹੋਇਆ, ਬੜਾ ਮੰਦਭਾਗਾ ਹੋਇਆ ਹੈ ਲੇਕਿਨ ਜਦ ਦੂਸਰਿਆਂ ਨੇ ਆਪਣੀ ਪੁਜ਼ੀਸ਼ਨ ਐਕਸਪਲੇਨ ਕਰ ਦਿੱਤੀ ਹੈ ਤਾਂ ਘਟੋ ਘੱਟ ਸਾਨੂੰ ਵੀ ਆਪਣੀ ਪੁਜ਼ੀਸ਼ਨ ਸਪੱਸ਼ਟ ਕਰਨ ਦਾ ਮੌਕਾ ਦਿੱਤਾ ਜਾਵੇ ।

ਸ਼੍ਰੀ ਸਪੀਕਰ : ਅਰਸ਼ੀ ਸਾਹਿਬ, ਵਿਮਲਾ ਡਾਂਗ ਜੀ ਜ਼ਿਆਦਾ ਸੁਲਝੇ ਹੋਏ ਹਨ ਅਤੇ ਮੈਂ ਉਨ੍ਹਾਂ ਦੀ ਗੱਲ ਚੰਗੀ ਤਰ੍ਹਾਂ ਸਮਝਦਾ ਹਾਂ ਲੇਕਿਨ ਮੈਨੂੰ ਹੈਰਾਨੀ ਹੁੰਦੀ ਹੈ ਕਿ ਜੋ ਵੀ ਉਹ ਗੱਲ ਕਰਦੇ ਹਨ, ਤੁਸੀਂ ਉਸੇ ਨੂੰ ਹੀ ਰਿਪੀਟ ਕਰਦੇ ਹੋ । ਜਦੋਂ ਉਹ ਉਠ ਕੇ ਗੱਲ ਕਰਦੇ ਹਨ ਤਾਂ ਤੁਸੀਂ ਵਿਚ ਇੰਟਰਫੀਅਰ ਨਾ ਕਰਿਆ ਕਰੋ । ਮੈਂ ਉਨ੍ਹਾਂ ਦੇ ਬਿਲਾਂ ਦਾ ਜਵਾਬ ਦੇ ਦਿੱਤਾ ਹੈ । ਤੁਹਾਡੇ ਵੀ ਮੈਂਬਰ ਨੇ ਕਲ੍ਹ ਸਪੀਕਰ ਦੇ ਖਿਲਾਫ਼ ਨਾਹਰੇ ਲਗਾਏ ਸਨ ਅੱਜ ਜੋ ਮੁੱਖ ਮੰਤਰੀ ਜੀ ਨੇ ਕਿਹਾ ਹੈ, ਬਿਲਕੁਲ ਠੀਕ ਕਿਹਾ ਹੈ । ਇਹ ਵਾਕਈ ਸ਼ਰਮ ਦੀ ਗੱਲ ਹੈ । ਕਈ ਮੈਂਬਰ ਸਾਹਿਬਾਨ ਹਾਊਸ ਦੀ ਮਰਯਾਦਾ ਨੂੰ ਕਾਇਮ ਨਾ ਰੱਖਦੇ ਹੋਏ ਖਾਹਮਖਾਹ ਉਲਝ ਪੈਂਦੇ ਹਨ । ਇਹ ਗੱਲ ਬੜੀ ਸਾਫ਼ ਹੈ ਕਿ ਕੋਈ ਵੀ ਮੈਂਬਰ ਸਪੀਕਰ ਦੇ ਕੰਡਕਟ ਨੂੰ ਡਿਸਕਸ ਨਹੀਂ ਕਰ ਸਕਦਾ ਜਦ ਤੱਕ ਉਸ ਦੇ ਖਿਲਾਫ਼ ਸਬਸਟਾਂਟਿਵ ਮੋਸ਼ਨ ਨਾ ਲਿਆਂਦਾ ਜਾਵੇ । ਮੁੱਖ ਮੰਤਰੀ ਜੀ, ਇਹ ਗੱਲ ਬਿਲਕੁਲ ਕਲੀਅਰ ਹੈ । ਇਸ ਦੇ ਵਾਸਤੇ ਨਵੀਂ ਰੂਲਿੰਗ ਦੇਣ ਵਾਲੀ ਵੀ ਕੋਈ ਗੱਲ ਨਹੀਂ ਹੈ । It is already provided in the Rules. ਵਿਮਲਾ ਡਾਂਗ ਜੀ, ਜੋ ਪੁਆਇੰਟ ਤੁਸੀਂ ਉਠਾਏ ਹਨ, ਉਸ ਦਾ ਜਵਾਬ ਮੈਂ ਦੇ ਦਿੱਤਾ ਹੈ । ਜੇ ਤੁਸੀਂ ਹੋਰ ਕੁਝ ਕਹਿਣਾ ਹੈ ਤਾਂ ਤੁਸੀਂ ਮੈਨੂੰ ਮਿਲ ਲਓ, ਮੇਰੇ ਚੈਂਬਰ ਵਿਚ ਆ ਕੇ ਗੱਲ ਕਰ ਲਓ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਜਦ ਤੁਸੀਂ ਫੈਸਲਾ ਲੈ ਹੀ ਲਿਆ ਹੈ ਤਾਂ ਸਾਡੇ ਵਾਸਤੇ ਆਪਣੀ ਰਿਜ਼ੈਟਮੈਂਟ ਪ੍ਰਗਟ ਕਰਨ ਦਾ ਇਹੀ ਤਰੀਕਾ ਹੈ ਕਿ ਅਸੀਂ ਵਾਕ-ਆਊਟ ਕਰ ਜਾਈਏ । ਇਸ ਤੋਂ ਬਿਨਾਂ ਸਾਡੇ ਕੋਲ ਹੋਰ ਕੋਈ ਤਰੀਕਾ ਨਹੀਂ ਹੈ ।

ਸਪੀਕਰ ਸਾਹਿਬ ਜੋ ਨਿਰਣਾ ਦਿੰਦੇ ਹਨ ਉਸ ਤੇ ਬਹਿਸ ਨਹੀਂ ਹੋ ਸਕਦੀ, ਇਹ ਪਰੋਸੀਜਰ ਦੇ ਵਿੱਚ ਕਿਧਰੇ ਵੀ ਲੇਡ ਡਾਊਨ ਨਹੀਂ ਹੈ । ਮੈਂ ਦੇ ਬਿਲਾਂ ਦਾ ਨੋਟਿਸ ਦਿੱਤਾ ਸੀ ।

ਸ਼੍ਰੀ ਸਪੀਕਰ : ਮੈਂ ਇਸ ਦਾ ਜਵਾਬ ਦੇ ਦਿੱਤਾ ਹੈ you please sit down and you can discuss this matter in the Chamber if you like to do so.

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ** ** **

Mr. Speaker : You are again discussing about Speaker and you cannot do it. This is all expunged which he has said and you can resume your seat. It is not a clarification.

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ ਜੀ ਨੇ ਜੋ ਕੁਝ ਕਿਹਾ ਹੈ ਉਹ ਬਿਲਕੁਲ ਦਰੁਸਤ ਕਿਹਾ ਹੈ । ਅਗਰ ਤੁਸੀਂ ਮੁਆਫੀ ਮੰਗਣੀ ਹੈ ਤਾਂ ਤੁਸੀਂ ਮੁਆਫੀ ਮੰਗ ਸਕਦੇ ਹੋ ।

(ਇਸ ਸਮੇਂ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਜੀ ਦਾ ਮਾਈਕ ਬੰਦ ਕਰ ਦਿੱਤਾ ਗਿਆ ਅੌਰ ਉਹ ਸਪੀਕਰ ਸਾਹਿਬ ਦੀ ਆਗਿਆ ਤੋਂ ਬਗੈਰ ਕੁਝ ਬੋਲ ਰਹੇ ਸਨ ਜੋ ਸਦਨ ਦੇ ਵਿੱਚ ਸ਼ੋਰ ਹੋਣ ਕਾਰਨ ਸਾਫ਼ ਸੁਣਾਈ ਨਹੀਂ ਸੀ ਦੇ ਰਿਹਾ ।)

ਸ਼੍ਰੀ ਸਪੀਕਰ : ਤੁਸੀਂ ਵਿਤਕਰੇ ਦੀ ਗੱਲ ਕਰ ਰਹੇ ਹੋ । ਕਿਸੇ ਦੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ । ਇਸ ਕਰਕੇ ਕ੍ਰਿਪਾ ਕਰਕੇ ਤੁਸੀਂ ਆਪਣੀ ਸੀਟ ਤੇ ਬੈਠ ਜਾਓ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਅਸੀਂ ਸਪੀਕਰ ਸਾਹਿਬ ਦਾ ਪੂਰਾ ਸਤਿਕਾਰ ਕਰਦੇ ਹਾਂ ।

ਸ਼੍ਰੀ ਸਪੀਕਰ ਤੁਸੀਂ ਕ੍ਰਿਪਾ ਕਰਕੇ ਬੈਠ ਜਾਓ । ਜ਼ਿਆਦਾ ਗੱਲ ਕਰਨ ਦੀ ਜ਼ਰੂਰਤ ਨਹੀਂ । (ਵਿਘਨ) It is not a privilege issue. I have extended it. It was received only at 9.48. A.M. today you please resume your seat. (interruption)

(ਇਸ ਸਮੇਂ ਕਾਮਰੇਡ ਹਰਦੇਵ ਅਰਸ਼ੀ, ਸਰਦਾਰ ਇੰਦਰਜੀਤ ਸਿੰਘ ਜ਼ੀਰਾ ਅਤੇ ਕਾਮਰੇਡ ਗੁਰਨਾਮ ਸਿੰਘ ਧੀਰੋਵਾਲ ਖੜ੍ਹੇ ਹੋ ਕੇ ਸਪੀਕਰ ਸਾਹਿਬ ਦੀ ਆਗਿਆ ਤੋਂ ਬਗੈਰ ਕੁਝ ਬੋਲ ਰਹੇ ਸਨ ਪਰ ਉਨ੍ਹਾਂ ਦੇ ਮਾਈਕ ਬੰਦ ਹੋਣ ਕਾਰਨ ਕੁਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ)

ਸ਼੍ਰੀ ਸਪੀਕਰ : ਸ਼੍ਰੀ ਫਕੀਰ ਚੰਦ ਸ਼ਰਮਾ ਜੀ, ਤੁਸੀਂ ਬੋਲੋ ।

(ਇਸ ਸਮੇਂ ਵੀ ਹਾਊਸ ਦੇ ਵਿੱਚ ਕਾਫੀ ਸ਼ੋਰ ਸੀ ਅਤੇ ਕੁਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ)

Mr. Speaker : Arshi Ji, I have not allowed you.....I have not allowed you to speak. (Interruption)) I have not allowed you. Let him speak. How can you speak ? Please Resume your seat. You cannot discuss it. It is not to be recorded.

ਸ਼੍ਰੀ ਫਕੀਰ ਚੰਦ ਸ਼ਰਮਾ (ਅੰਮ੍ਰਿਤਸਰ ਉੱਤਰੀ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਰੈਜ਼ੋਲਿਊਸ਼ਨ ਤੇ ਬੋਲਣ ਲਈ ਮੌਕਾ ਦਿੱਤਾ ਹੈ ਜਿਹੜਾ ਕਿ ਸ਼੍ਰੀ ਰਮੇਸ਼ ਦੱਤ ਸ਼ਰਮਾ ਜੀ ਨੇ ਮੂਵ ਕੀਤਾ ਹੈ । ਸਪੀਕਰ ਸਾਹਿਬ, ਰੈਜ਼ੋਲਿਊਸ਼ਨ ਕਿਉਂਕਿ ਅੈਜੂਕੇਸ਼ਨ ਦੇ ਨਾਲ ਰੀਲੇਟਿਡ ਹੈ ਅੌਰ ਸਾਡੀ ਪਾਰਟੀ ਨੇ ਅੈਜੂਕੇਸ਼ਨ ਦੇ ਮੁਤੱਲਕ ਜੋ ਪਿਛਲੇ ਤਿੰਨ ਸਾਲਾਂ ਵਿੱਚ ਕੀਤਾ ਹੈ ਮੈਂ ਉਹ ਰਿਪੀਟ ਕਰਨਾ ਉਚਿਤ ਸਮਝਾਂਗਾ ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਫਕੀਰ ਚੰਦ ਸ਼ਰਮਾ]

ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਜਿਵੇਂ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਪੰਜਾਬ ਵਿੱਚ ਦਸ ਸਾਲ ਪਹਿਲਾਂ ਹਰ ਪਾਸੇ ਅੰਧੇਰਾ ਹੀ ਅੰਧੇਰਾ ਸੀ ਅੌਰ ਖਾਸ ਕਰਕੇ ਜਿਹੜੀ ਐਜੂਕੇਸ਼ਨ ਸ਼ੀ ਉਹ ਬਿਲਕੁਲ ਹੀ ਖਤਮ ਹੋ ਚੁੱਕੀ ਸੀ ਕਿਉਂਕਿ ਨਾ ਤਾਂ ਕੋਈ ਪੰਜਾਬ ਦੇ ਵਿੱਚ ਸਕੂਲ ਖੁਲ੍ਹਦਾ ਸੀ ਅੌਰ ਨਾ ਹੀ ਟੀਚਰ ਸਕੂਲਾਂ ਦੇ ਵਿੱਚ ਡਿਊਟੀ ਦੇਣ ਲਈ ਜਾਂਦੇ ਸਨ । ਲੇਕਿਨ ਮੇਰੇ ਲੀਡਰ ਜਿਹੜੇ ਕਿ ਬਹੁਤ ਹੀ ਡਾਇਨਾਮਿਕ ਹਨ, ਜੋ ਗੱਲ ਉਹ ਕਹਿੰਦੇ ਹਨ ਉਹ ਕਰਕੇ ਦਿਖਾ ਦਿੰਦੇ ਹਨ । ਸਾਰੀ ਸਟੇਟ ਦੇ ਵਿੱਚ ਡਰ ਹੀ ਡਰ ਸੀ, ਜਿਸ ਤਰ੍ਹਾਂ ਮੈਂ ਦੱਸਿਆ ਹੈ ਕਿ ਟੀਚਰ ਤੱਕ ਵੀ ਸਕੂਲਾਂ ਦੇ ਵਿੱਚ ਨਹੀਂ ਸਨ ਜਾਂਦੇ ਲੇਕਿਨ ਤਿੰਨ ਸਾਲਾਂ ਦੇ ਸਮੇਂ ਵਿੱਚ ਸਾਡੀ ਸਰਕਾਰ ਨੇ ਸਕੂਲਾਂ ਦੇ ਵਾਸਤੇ ਬਹੁਤ ਕੁਝ ਕੀਤਾ ਹੈ, ਜੋ ਕੁਝ ਵੀ ਕੀਤਾ ਜਾ ਸਕਦਾ ਸੀ ਉਹ ਕੀਤਾ ਗਿਆ ਹੈ । ਇਸ ਦੀ ਜਿੰਨੀ ਵੀ ਸਰਾਹਨਾ ਕੀਤੀ ਜਾਵੇ, ਘੱਟ ਹੈ । ਸਪੀਕਰ ਸਾਹਿਬ, ਗੌਰਮਿੰਟ ਐਜੂਕੇਸ਼ਨ ਦੇ ਬਾਰੇ ਪੂਰੀ ਤਰ੍ਹਾਂ ਸੀਰੀਅਸ ਹੈ ਕਿਉਂਕਿ ਦੇਸ਼ ਦੇ ਨਿਰਮਾਣ ਵਾਸਤੇ ਅੱਛੀ ਐਜੂਕੇਸ਼ਨ ਦਾ ਹੋਣਾ ਲਾਜ਼ਮੀ ਹੈ । ਇਸ ਗੱਲ ਨੂੰ ਸਾਹਮਣੇ ਰੱਖਦੇ ਹੋਏ ਸਾਡੀ ਗੌਰਮਿੰਟ ਨੇ ਹਰ ਜਗ੍ਹਾ ਸਕੂਲ ਖੋਲ੍ਹੇ ਹਨ । ਇਸ ਵੇਲੇ ਸਾਡੇ ਸਕੂਲਾਂ ਦੀ ਗਿਣਤੀ 12464 ਹੈ । ਇਸ ਤੋਂ ਇਲਾਵਾ ਹੋਰ ਵੀ ਕਈ ਸਕੂਲ ਖੋਲ੍ਹੇ ਜਾ ਰਹੇ ਹਨ । ਪ੍ਰਾਈਵੇਟ ਸਕੂਲਾਂ ਦੀ ਗਿਣਤੀ ਇਨ੍ਹਾਂ ਤੋਂ ਵੱਖ ਹੈ ਜੋ ਕਿ ਗੌਰਮਿੰਟ ਦੀ ਵਿੱਤੀ ਸਹਾਇਤਾ ਦੇ ਨਾਲ ਚੱਲ ਰਹੇ ਹਨ । 90% ਖਰਚਾ ਪ੍ਰਾਈਵੇਟ ਸਕੂਲਜ਼ ਤੇ ਵੀ ਪੰਜਾਬ ਗੌਰਮਿੰਟ ਵੱਲੋਂ ਕੀਤਾ ਜਾਂਦਾ ਹੈ । ਹਰ ਪਾਸੇ ਐਜੂਕੇਸ਼ਨ ਵਧਾਈ ਜਾ ਰਹੀ ਹੈ । ਜਿਹੜੇ ਸਦੀਆਂ ਤੋਂ ਪੱਛੜੇ ਲੋਕ ਸਨ, ਜਿਨ੍ਹਾਂ ਨੂੰ ਬਿਲਕੁਲ ਵੀ ਐਜੂਕੇਸ਼ਨ ਨਹੀਂ ਮਿਲੀ ਉਨ੍ਹਾਂ ਨੂੰ ਐਜੂਕੇਸ਼ਨ ਦੇਣ ਵਾਸਤੇ ਗੌਰਮਿੰਟ ਨੇ ਹਰ ਤਰੀਕਾ ਅਖਤਿਆਰ ਕੀਤਾ ਹੈ । ਇਸ ਨੂੰ ਪਾਪੂਲਰ ਕਰਨ ਵਾਸਤੇ ਅੈਨੀਆਂ ਸੁਵਿਧਾਵਾਂ ਦਿੱਤੀਆਂ ਹਨ ਕਿ ਜਿਥੇ 50 ਬੱਚੇ ਵੀ ਹਨ ਉਥੇ ਵੀ ਸਾਡੀ ਗੌਰਮਿੰਟ ਨੇ ਪ੍ਰਾਇਮਰੀ ਸਕੂਲ ਖੋਲ੍ਹਿਆ ਹੈ । ਜਦੋਂ ਮੈਂ ਪੜ੍ਹਦਾ ਹੁੰਦਾ ਸੀ ਤਾਂ ਮੈਨੂੰ ਯਾਦ ਹੈ ਕਿ ਮੈਨੂੰ 9-10 ਮੀਲ ਪੈਦਲ ਚੱਲ ਕੇ ਕੱਚੇ ਰਸਤੇ ਰਾਹੀਂ ਸਕੂਲ ਜਾਣਾ ਪੈਂਦਾ ਸੀ । ਲੇਕਿਨ ਸਾਡੀ ਸਰਕਾਰ ਦੇ ਆਉਣ ਤੋਂ ਬਾਅਦ ਇਹ ਸਵਿਧਾ ਦਿੱਤੀ ਕਿ ਕਿਸੇ ਵੀ ਬੱਚੇ ਨੂੰ ਇਕ ਕਿਲੋਮੀਟਰ ਤੋਂ ਵੱਧ ਚਲ ਕੇ ਸਕੂਲ ਨਹੀਂ ਜਾਣਾ ਪੈਂਦਾ । ਸਾਡੀ ਸਰਕਾਰ ਨੇ ਐਜੂਕੇਸ਼ਨ ਨੂੰ ਫੈਲਾਉਣ ਵਾਸਤੇ ਬੜੀ ਤਰੱਕੀ ਕੀਤੀ ਹੈ ।

ਸਾਡੀ ਸਰਕਾਰ ਨੇ ਸਾਲ 1992-93 ਵਿੱਚ 520 ਲੱਖ ਰੁਪਏ, 1993-94 ਵਿਚ 437 ਲੱਖ ਰੁਪਏ, ਸਾਲ 1994-95 ਵਿੱਚ 448 ਲੱਖ ਰੁਪਏ ਅਤੇ ਹੁਣ ਸਾਲ 1995-96 ਵਾਸਤੇ 1050 ਲੱਖ ਰੁਪਿਆ ਐਜੂਕੇਸ਼ਨ ਵਾਸਤੇ ਰੱਖਿਆ ਹੈ ਤਾਂ ਕਿ ਐਜੂਕੇਸ਼ਨ ਦੀ ਡਿਵੈਲਪਮੈਂਟ ਹੋ ਸਕੇ । ਇਸ ਦੇ ਸਿੱਟੇ ਵਜੋਂ ਰਿਜ਼ਲਟ ਇਹ ਹੋਇਆ ਹੈ ਕਿ 3 ਸਾਲਾਂ ਦੇ ਅੰਦਰ ਜਿਥੇ ਪਹਿਲਾਂ ਲਿਟਰੇਸੀ 48% ਸੀ ਉਥੇ ਹੁਣ ਵੱਧ ਕੇ 68.81% ਹੋ ਗਈ ਹੈ ਅਤੇ ਹੌਲੀ ਹੌਲੀ ਇਹ ਜ਼ਹਾਲਤ ਦੂਰ ਹੋ ਰਹੀ ਹੈ । ਹੁਣ ਹੋਰ ਵੀ ਨਵੀਂ ਸਕੀਮ ਤਿਆਰ ਕੀਤੀ ਗਈ ਹੈ ਕਿ ਪ੍ਰਾਇਮਰੀ ਸਕੂਲਾਂ ਦੇ ਵਿੱਚ 3 ਟੀਚਰ ਹੋਣਗੇ ਅਤੇ ਇਹ ਪ੍ਰਾਈਵੇਟ ਸਕੂਲਾਂ ਵਿੱਚ ਵੀ ਟਰੇਂਡ ਟੀਚਰ ਹੋਣਗੇ । ਜਿੰਨਾ ਚਿਰ ਤੱਕ ਟਰੇਂਡ ਟੀਚਰ ਨਹੀਂ ਹੋਣਗੇ ਉਤਨਾ ਚਿਰ ਤੱਕ ਐਜੂਕੇਸ਼ਨ ਅੱਛੀ ਨਹੀਂ ਦਿੱਤੀ ਜਾ ਸਕਦੀ । ਇਸ ਘਾਟ ਨੂੰ ਪੂਰਾ ਕਰਨ ਵਾਸਤੇ ਸਾਡੀ ਸਰਕਾਰ ਨੇ ਟੀਚਰਜ਼ ਟਰੇਨਿੰਗ ਸੈਂਟਰ ਖੋਲ੍ਹੇ ਹੋਏ ਹਨ ਤਾਂ ਕਿ ਉਹ ਉਥੋਂ

Original with;
Punjab Vidhan Sabha
Digitized by;
Panjab Digital Library

ਅੱਛੇ ਟਰੇਂਡ ਹੋ ਸਕਣ ਅਤੇ ਬੱਚਿਆਂ ਨੂੰ ਅੱਛੀ ਸਿਖਿਆ ਦੇ ਸਕਣ । ਸਪੀਕਰ ਸਾਹਿਬ, 654 ਲੱਖ ਰੁਪਏ ਤਿੰਨ ਸਾਲਾਂ ਵਿੱਚ ਸਕੂਲਾਂ ਦੀ ਰਿਪੇਅਰ ਵਾਸਤੇ, ਕੰਸਟਰਕਸ਼ਨ ਵਾਸਤੇ 17 ਕਰੋੜ ਰੁਪਏ ਰੱਖੇ ਹਨ । ਪਹਿਲਾਂ ਬੱਚਿਆਂ ਨੂੰ ਜ਼ਮੀਨ ਤੇ ਬੈਠਣਾ ਪੈਂਦਾ ਸੀ, ਕੋਈ ਫਰਨੀਚਰ ਨਹੀਂ ਸੀ ਤੇ ਕੋਈ ਹੋਰ ਚੀਜ਼ ਵੀ ਨਹੀਂ ਸੀ ਹੁੰਦੀ ਪਰ ਹੁਣ ਉਨ੍ਹਾਂ ਸਕੂਲਾਂ ਵਾਸਤੇ ਫਰਨੀਚਰ ਆਦਿ ਦਿੱਤਾ ਜਾ ਰਿਹਾ ਹੈ । 10ਵੀਂ ਤੱਕ ਬੱਚਿਆਂ ਨੂੰ ਕਿਤਾਬਾਂ ਫਰੀ ਦਿੱਤੀਆਂ ਜਾਂਦੀਆਂ ਹਨ । ਇਸ ਦੇ ਨਾਲ ਹੀ ਐਜੂਕੇਸ਼ਨ ਦੇ ਵਿੱਚ ਜਿਹੜੀ ਬੜੀ ਵੱਡੀ ਲਾਹਨਤ ਸੀ ਨਕਲ ਕਰਨ ਦੀ, ਉਹ ਪਿਛਲੇ ਸਮੇਂ ਵਿੱਚ ਬੜਾ ਜ਼ੋਰ ਫੜ ਗਈ ਸੀ ਅਤੇ ਵਿਦਿਆਰਥੀ ਟੀਚਰਾਂ ਦੀ ਮਦਦ ਨਾਲ ਜਾਂ ਹੋਰਾਂ ਦੀ ਮਦਦ ਨਾਲ ਨਕਲ ਕਰਕੇ ਪੇਪਰ ਦਿੰਦੇ ਹੁੰਦੇ ਸਨ ਤੇ ਇਮਤਿਹਾਨ ਪਾਸ ਕਰ ਜਾਂਦੇ ਸਨ । ਇਸ ਲਾਹਨਤ ਨੂੰ ਸਾਡੀ ਸਰਕਾਰ ਨੇ ਰੋਕਣ ਵਾਸਤੇ ਬੜੇ ਅੱਛੇ ਸਟੈਪ ਲਏ ਹਨ । ਜਿਹੜਾ ਲੇਟੈਸਟ ਸਟੈਪ ਲਿਆ ਹੈ ਉਸ ਦੇ ਵਿੱਚ ਪੰਚਾਇਤ ਹੋਵੇਗੀ, ਇਕ ਬਾਹਰ ਦਾ ਆਬਜ਼ਰਵਰ ਹੋਵੇਗਾ ਇਕ ਸਟੂਡੈਂਟ ਹੋਵੇਗਾ, ਅਤੇ ਸਕੂਲ ਦਾ ਪ੍ਰਿੰਸੀਪਲ ਹੋਵੇਗਾ । ਇਹ ਸਾਰਾ ਕੁਝ ਦੇਖਣਗੇ । ਅਗਰ ਸਕੂਲ ਵਿੱਚ ਫਿਰ ਵੀ ਕੁਝ ਗੜਬੜ ਜਾਂ ਕੋਈ ਬੁਰਾ ਕੰਮ ਹੁੰਦਾ ਹੈ ਤਾਂ ਪ੍ਰਿੰਸੀਪਲ ਜ਼ਿੰਮੇਵਾਰ ਹੋਵੇਗਾ ਤਾਂ ਕਿ ਸਾਡੀ ਬੇਸਿਕ ਪੜ੍ਹਾਈ ਅੱਛੀ ਹੋ ਸਕੇ । ਜੇਕਰ ਸਾਡੀ ਮੁੱਢਲੀ ਵਿਦਿਆ ਅੱਛੀ ਨਹੀਂ ਹੋਵੇਗੀ ਤਾਂ ਸਾਡੀ ਨੇਸ਼ਨ ਅੱਛੀ ਨਹੀਂ ਬਣ ਸਕੇਗੀ ਕਿਉਂਕਿ ਜਿਹੜੀ ਨੇਸ਼ਨ ਦੀ ਨੀਂਹ ਹੁੰਦੀ ਹੈ ਉਹ ਪ੍ਰਾਇਮਰੀ ਐਜੂਕੇਸ਼ਨ ਤੋਂ ਹੀ ਸ਼ੁਰੂ ਹੁੰਦੀ ਹੈ । ਜੇਕਰ ਸਾਡੀ ਪ੍ਰਾਇਮਰੀ ਐਜੂਕੇਸ਼ਨ ਅੱਛੀ ਨਹੀਂ ਹੈ ਤਾਂ ਸਾਡੇ ਬੱਚਿਆਂ ਦਾ ਕਰੈਕਟਰ ਵੀ ਉੱਚਾ ਨਹੀਂ ਹੋ ਸਕੇਗਾ । ਜਦੋਂ ਕਿਸੇ ਨੇ ਮਹਾਤਮਾ ਗਾਂਧੀ ਨੂੰ ਪੁੱਛਿਆ ਕਿ ਜਦੋਂ ਹਿੰਦੁਸਤਾਨ ਅਜ਼ਾਦ ਹੋ ਜਾਵੇਗਾ ਤਾਂ ਉਸ ਤੋਂ ਬਾਅਦ ਤੁਸੀਂ ਐਜੂਕੇਸ਼ਨ ਦੇ ਬਾਬਤ ਕੀ ਕਰੋਗੇ ? ਤਾਂ ਉਨ੍ਹਾਂ ਨੇ ਕਿਹਾ ਕਿ ਸੱਭ ਤੋਂ ਪਹਿਲਾਂ ਤਾਂ ਬੱਚਿਆਂ ਦਾ ਕਰੈਕਟਰ ਬਣਾਉਣਾ ਹੋਵੇਗਾ, ਚਾਲਚਲਨ ਅੱਛਾ ਬਣਾਉਣਾ ਹੋਵੇਗਾ । ਜੇਕਰ ਆਚਰਨ ਚੰਗਾ ਨਹੀਂ ਹੋਵੇਗਾ ਤਾਂ ਫਿਰ ਐਜੂਕੇਸ਼ਨ ਦਾ ਕੋਈ ਫਾਇਦਾ ਨਹੀਂ ਹੈ । ਇਕ ਇਲਿਟਰੇਟ ਆਦਮੀ ਵੀ ਜਿਸ ਦਾ ਕਰੈਕਟਰ ਉੱਚਾ ਹੈ ਉਹ ਲਿਟਰੇਟ ਨਾਲੋਂ ਚੰਗਾ ਹੈ । ਬੱਚਿਆਂ ਨੂੰ ਪਹਿਲਾਂ ਇਹ ਸਿਖਾਉਣਾ ਚਾਹੀਦਾ ਹੈ ਕਿ ਬੈਠਣਾ ਕਿਸ ਤਰ੍ਹਾਂ ਹੈ, ਉਠਣਾ ਕਿਸ ਤਰ੍ਹਾਂ ਹੈ ਇਸ ਤਰ੍ਹਾਂ ਇਹ ਜਾਣਨਾ ਜ਼ਰੂਰੀ ਹੈ ਕਿ ਉਹ ਰਹਿੰਦਾ ਕਿਸ ਤਰ੍ਹਾਂ ਹੈ, ਉਸ ਦਾ ਖਾਣ-ਪੀਣ ਕੈਸਾ ਹੈ । ਜੇਕਰ ਉਸ ਦੇ ਕਪੜੇ ਗੰਦੇ ਹਨ ਤਾਂ ਉਹ ਧੁਲਾਉਣੇ ਚਾਹੀਦੇ ਹਨ ।

ਦੂਸਰੀ ਚੀਜ਼ ਇਹ ਹੈ ਕਿ ਬੱਚਿਆਂ ਨੂੰ ਏ. ਬੀ. ਸੀ. ਸਿਖਾਉਣ ਦੇ ਨਾਲ ਨਾਲ ਸਟੋਰੀਜ਼ ਸਣਾਉਣੀਆਂ ਚਾਹੀਦੀਆਂ ਹਨ ਜਿਸ ਵਿੱਚ ਧਰਮ ਬਾਰੇ ਦੱਸਿਆ ਹੋਵੇ, ਪਿਆਰ ਬਾਰੇ ਦੱਸਿਆ ਹੋਵੇ, ਆਪਸ ਵਿੱਚ ਕਿਸ ਤਰ੍ਹਾਂ ਰਹਿਣਾ ਹੈ ਉਸ ਬਾਰੇ ਦੱਸਿਆ ਗਿਆ ਹੋਵੇ । ਜਦ ਤੱਕ ਪ੍ਰਾਇਮਰੀ ਐਜੂਕੇਸ਼ਨ ਠੀਕ ਨਹੀਂ ਹੋਵੇਗੀ ਤਦ ਤੱਕ ਸਾਡੇ ਬੱਚਿਆਂ ਦਾ ਭਵਿੱਖ ਠੀਕ ਨਹੀਂ ਹੋਵੇਗਾ । ਮਹਾਤਮਾ ਗਾਂਧੀ ਜੀ ਜਦੋਂ ਅਫ਼ਰੀਕਾ ਗਏ ਤਾਂ ਉਨ੍ਹਾਂ ਨੇ ਉਥੇ ਦੇਖਿਆ ਕਿ ਹਿੰਦੁਸਤਾਨ ਦੇ ਬੱਚਿਆਂ ਦੀ ਹਾਲਤ ਬੜੀ ਖ਼ਰਾਬ ਹੈ ਕਿਉਂਕਿ ਉਨ੍ਹਾਂ ਬੱਚਿਆਂ ਦੇ ਮਾਂ-ਪਿਓ ਜਦੋਂ ਗੰਨੇ ਦੇ ਖੇਤਾਂ ਵਿੱਚ ਚਲੇ ਜਾਂਦੇ ਹਨ ਤਾਂ ਬੱਚਿਆਂ ਦੀ ਸੰਭਾਲ ਕਰਨ ਵਾਲਾ ਪਿੱਛੇ ਕੋਈ ਨਹੀਂ ਹੁੰਦਾ । ਮਹਾਤਮਾ ਗਾਂਧੀ ਜੀ ਨੂੰ ਬੱਚਿਆਂ ਤੇ ਰਹਿਮ ਆਇਆ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਫ਼ਕੀਰ ਚੰਦ ਸ਼ਰਮਾ]

ਅੌਰ ਉਹ ਸੋਲਾਂ ਸਾਲ ਉਥੇ ਰਹੇ ਅੌਰ ਸੇਵਾ ਕੀਤੀ । ਉਨ੍ਹਾਂ ਨੇ ਬੱਚਿਆਂ ਵਾਸਤੇ ਉਥੇ ਸਕੂਲ ਖੋਲ੍ਹੇ । ਜਦੋਂ ਉਹ ਵਾਪਸ ਹਿੰਦੁਸਤਾਨ ਆਏ ਤਾਂ ਉਨ੍ਹਾਂ ਦੇਖਿਆ ਕਿ ਹਿੰਦੁਸਤਾਨ ਵਿਚ ਅੈਜੂਕੇਸ਼ਨ ਦਾ ਤਰੀਕਾ ਬੜਾ ਗਲਤ ਹੈ । ਹਿੰਦੁਸਤਾਨੀਆਂ ਨੂੰ ਅੰਗਰੇਜ਼ਾਂ ਦੀ ਅੈਜੂਕੇਸ਼ਨ ਤੋਂ ਚੂਰ ਹੋਣਾ ਚਾਹੀਦਾ ਹੈ । ਇਸ ਕਰਕੇ ਉਨ੍ਹਾਂ ਨੇ ਹਿੰਦੁਸਤਾਨ ਵਿਚ ਸਕੂਲ ਖੋਲ੍ਹੇ, ਇਸੇ ਤਰ੍ਹਾਂ ਟੈਗੋਰ ਜੀ ਨੇ ਵੀ ਸਕੂਲ ਖੋਲ੍ਹੇ ।

ਸ਼੍ਰੀ ਸਪੀਕਰ . ਮੈਂ ਪਹਿਲਾਂ ਵੀ ਰੂਲਿੰਗ ਦਿੱਤੀ ਸੀ ਕਿ ਕਿਸੇ ਵੀ ਮੰਤਰੀ ਨੂੰ ਹਾਊਸ ਕਰਾਸ ਨਹੀਂ ਕਰਨਾ ਚਾਹੀਦਾ । ਸੀ. ਪੀ. ਅੈਸ. ਸਾਹਿਬ ਨਾਲ ਬੈਠੇ ਹਨ । ਮੁੱਖ ਮੰਤਰੀ ਜੀ ਨਾਲ ਬੈਠੇ ਹਨ ।

ਸ਼੍ਰੀ ਫ਼ਕੀਰ ਚੰਦ ਸ਼ਰਮਾ : ਬੱਸ ਜੀ, ਮੈਂ ਖਤਮ ਕਰ ਰਿਹਾ ਹਾਂ । (ਹਾਸਾ)

ਸ਼੍ਰੀ ਸਪੀਕਰ : ਮੈਂ ਤੁਹਾਨੂੰ ਨਹੀਂ ਕਹਿ ਰਿਹਾ । ਮੰਤਰੀ ਸਾਹਿਬਾਨ ਅਤੇ ਅੈਮ. ਅੈਲ. ਏ. ਸਾਹਿਬਾਨ ਨੂੰ ਯਾਦ ਕਰਵਾ ਰਿਹਾ ਹਾਂ ।

ਸ਼੍ਰੀ ਫ਼ਕੀਰ ਚੰਦ ਸ਼ਰਮਾ : ਮੈਂ ਜ਼ਿਆਦਾ ਨਹੀਂ ਕਹਾਂਗਾ । ਬੱਚੇ ਦੀਆਂ ਤਿੰਨ ਸਟੇਜਾਂ ਹੁੰਦੀਆਂ ਹਨ ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਉਸ ਸਮੇਂ ਉਹ ਮਾਂ ਦੀ ਗੋਦੀ ਵਿੱਚ ਜਾਂਦਾ ਹੈ ਅਤੇ ਮਾਂ-ਬਾਪ ਤੋਂ ਸਿੱਖਦਾ ਹੈ । ਫਿਰ ਉਹ ਸਕੂਲ ਆਪਣਾ ਕੈਰੀਅਰ ਬਣਾਉਣ ਜਾਂਦਾ ਹੈ । ਇਸ ਲਈ ਸਕੂਲਾਂ ਵਿਚ ਟੀਚਰ ਉਚੇ ਚਰਿੱਤਰ ਵਾਲੇ ਹੋਣੇ ਚਾਹੀਦੇ ਹਨ । ਮੈਂ ਤਜ਼ਵੀਜ਼ ਕਰਦਾ ਹਾਂ ਕਿ ਪ੍ਰਾਇਮਰੀ ਸਕੂਲਾਂ ਵਿਚ ਕੁਆਲੀਫਾਈਡ ਟੀਚਰ ਹੋਣੇ ਚਾਹੀਦੇ ਹਨ ਕਿਉਂਕਿ ਇੱਥੋਂ ਪੜ੍ਹ ਕੇ ਹੀ ਵਿਦਿਆਰਥੀ ਨੇ ਡਾਕਟਰ ਬਣਨਾ ਹੈ, ਇੰਜੀਨੀਅਰ ਬਣਨਾ ਹੈ । ਬੱਚਿਆਂ ਨੂੰ ਨਿੱਕੀਆਂ ਨਿੱਕੀਆਂ ਸਟੋਰੀਜ਼ ਸੁਣਾਉਣੀਆਂ ਚਾਹੀਦੀਆਂ ਹਨ ਕਿ ਧਰਮ ਕੀ ਹੈ, ਪਿਆਰ ਕੀ ਹੈ । ਵਿਨੋਬਾ ਭਾਵੇ ਜੀ ਦੀ ਮੈਂ ਇੱਕ ਨਿੱਕੀ ਜਿਹੀ ਕਹਾਣੀ ਸੁਣਾਉਂਦਾ ਹਾਂ । ਇੱਕ ਅੰਬ ਦੇ ਦਰੱਖਤ ਨੂੰ ਜਦ ਫਲ ਪੱਕ ਗਿਆ ਤਾਂ ਉਨ੍ਹਾਂ ਨੇ ਗਲਤੀ ਨਾਲ ਤੋੜ ਲਿਆ । ਜਦ ਉਹ ਖਾਣ ਲੱਗੇ ਤਾਂ ਚਾਰ-ਪੰਜ ਮੁੰਡੇ ਹੋਰ ਆ ਗਏ । ਉਸ ਵਕਤ ਉਨ੍ਹਾਂ ਦੀ ਮਾਂ ਦੌੜੀ ਆਈ ਤੇ ਕਹਿਣ ਲੱਗੀ ਕਿ ਵੰਡ ਕੇ ਖਾਓ ਤਾਂ ਤੁਸੀਂ ਦੇਵਤੇ ਹੋਵੋਗੇ । ਉਹ ਕਹਿਣ ਲੱਗੇ ਕਿ ਦੇਵਤੇ ਅਤੇ ਰਾਖਸ਼ਸ ਵਿੱਚ ਕੀ ਫ਼ਰਕ ਹੈ ਤਾਂ ਮਾਂ ਨੇ ਕਿਹਾ ਕਿ ਦੇਵਤਾ ਉਹ ਜਿਹੜਾ ਵੰਡ ਕੇ ਖਾਵੇ ਅਤੇ ਰਾਖਸ਼ਸ ਉਹ ਜਿਹੜਾ ਵੰਡ ਕੇ ਨਾ ਖਾਵੇ । ਇਸ ਤਰ੍ਹਾਂ ਨਿੱਕੀਆਂ ਨਿੱਕੀਆਂ ਸਟੋਰੀਆਂ ਵਿਨੋਬਾ ਜੀ ਦੀਆਂ ਹਨ ਜਿਨ੍ਹਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ । ਇਹੋ ਜਿਹੀਆਂ ਕਿਤਾਬਾਂ ਸਿਲੇਬਸ ਵਿਚ ਲੱਗਣੀਆਂ ਚਾਹੀਦੀਆਂ ਹਨ । ਟੀਚਰਾਂ ਨੂੰ ਹਦਾਇਤਾਂ ਕਰਨੀਆਂ ਚਾਹੀਦੀਆਂ ਹਨ । ਸਕੂਲਾਂ ਵਿਚ ਖੇਡਾਂ ਦਾ ਸਮਾਨ ਵੀ ਹੋਣਾ ਚਾਹੀਦਾ ਹੈ । ਟੀਚਰ ਬੱਚੇ ਬਾਰੇ ਇਸ ਤਰ੍ਹਾਂ ਸੋਚੇ ਕਿ ਇਹ ਮੇਰਾ ਬੱਚਾ ਹੈ ਅਤੇ ਬੱਚਾ ਇਹ ਸੋਚੇ ਕਿ ਟੀਚਰ ਮੇਰਾ ਬਾਪ ਹੈ । ਪਰ ਅੱਜ ਸੁਸਾਇਟੀ ਇਨ੍ਹਾਂ ਗੱਲਾਂ ਤੋਂ ਵੰਚਿਤ ਹੈ ਅਤੇ ਇਹੋ ਜਿਹੀਆਂ ਗੱਲਾਂ ਹੋਣੀਆਂ, ਮੈਂ ਦੇਖ ਰਿਹਾ ਹਾਂ ਕਿ ਇਹ ਬੁਰੀ ਚੀਜ਼ ਹੈ । ਅਸੀਂ ਦੇਖ ਰਹੇ ਹਾਂ, ਸਾਰਾ ਹਾਊਸ ਦੇਖ ਰਿਹਾ ਹੈ ਕਿ ਸਾਡੀ ਗੌਰਮਿੰਟ ਨੇ ਏਨਾ ਕੁਝ ਕੀਤਾ ਹੈ ਜਿਸ ਦੇ ਨਾਲ ਸਿਰਫ਼ ਪੰਜਾਬ ਨੂੰ ਹੀ ਨਹੀਂ ਸੁਧਾਰਿਆ, ਹਿੰਦੁਸਤਾਨ ਨੂੰ ਹੀ ਨਹੀਂ ਸੁਧਾਰਿਆ ਬਲਕਿ ਸਾਰੀ ਦੁਨੀਆ ਨੂੰ ਸੁਧਾਰਿਆ ਹੈ । (ਥੰਪਿੰਗ) ਜਿਸ ਵੇਲੇ ਅਪੋਜ਼ੀਸ਼ਨ

Original with;
Punjab Vidhan Sabha
Digitized by;
Panjab Digital Library

ਵਾਲੇ ਬੋਲਦੇ ਹਨ ਉਹ ਸਿਰਫ਼ ਇਸ ਵਾਸਤੇ ਬਲਦੇ ਹਨ ਕਿਉਂਕਿ ਉਨ੍ਹਾਂ ਨੇ ਕੁਰਸੀ ਪਾਉਣੀ ਹੈ । ਉਹ ਦਿਲੋਂ ਸੋਚਣ ਤਾਂ ਹੈਰਾਨ ਹੋਣਗੇ ਕਿ ਸਾਡੀ ਸਰਕਾਰ ਨੇ ਕਿਸ ਤਰ੍ਹਾਂ ਪੰਜਾਬ ਦਾ ਨਾਂ ਉੱਚਾ ਕੀਤਾ ਹੈ । ਤਿੰਨ ਸਾਲਾਂ ਵਿੱਚ ਉਹ ਕਰਕੇ ਦਿਖਾਇਆ ਜਿਹੜਾ ਕਿ ਪਿਛਲੀ ਕਿਸੇ ਗੌਰਮਿੰਟ ਨੇ ਨਹੀਂ ਦਿਖਾਇਆ, ਕੋਈ ਗੌਰਮਿੰਟ 1947 ਤੋਂ ਬਾਅਦ ਸਾਡੇ ਪੰਜਾਬ ਵਿੱਚ ਨਹੀਂ ਆਈ ਜਿਸ ਨੇ ਇਹ ਕੀਤਾ ਹੋਵੇ । ਇਹ ਚੰਗੇ ਹਾਲਾਤ ਲਿਆਉਣ ਵਿੱਚ ਸਾਡੇ ਮੁੱਖ ਮੰਤਰੀ ਜੀ ਬਹੁਤ ਕਾਮਯਾਬ ਰਹੇ, ਜਿਨ੍ਹਾਂ ਨੇ ਪਿਛਲੇ ਸਾਲਾਂ ਦੀ ਅਨਿਸਚਤਤਾ ਨੂੰ ਦੂਰ ਕਰਨ ਲਈ ਆਪਣੀ ਮੌਤ ਦੀ ਪ੍ਰਵਾਹ ਨਾ ਕਰਦੇ ਹੋਏ ਇਹ ਸਾਰਾ ਕੁਝ ਕੀਤਾ । ਸਰਦਾਰ ਬੇਅੰਤ ਸਿੰਘ ਨੇ ਹੀ ਕੀਤਾ, 25 ਫ਼ਰਵਰੀ, 1992 ਨੂੰ ਗੌਰਮਿੰਟ ਬਣੀ, ਗੌਰਮਿੰਟ ਬਣਾਉਣ ਵੇਲੇ ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਅਮਨ ਲਿਆਵਾਂਗੇ । ਉਨ੍ਹਾਂ ਨੇ ਪੰਜਾਬ ਵਿੱਚ ਅਮਨ ਹੀ ਨਹੀਂ ਲਿਆਂਦਾ ਇਸ ਦੇ ਨਾਲ-ਨਾਲ ਆਜ਼ਾਦੀ ਵੀ ਲਿਆਂਦੀ । ਜਿਹੜਾ ਸਾਡਾ ਫਾਇਨਾਂਸ ਜ਼ੀਰੋ ਸੀ ਹੁਣ ਅੱਠ ਸੌ ਕਰੋੜ ਰੁਪਏ ਤੱਕ ਹੋ ਗਿਆ । ਯਾਨੀ ਕਿ ਅਸੀਂ ਹਰ ਪਹਿਲੂ ਤੇ ਪੰਜਾਬ ਦੀ ਖੁਸ਼ਹਾਲੀ ਲਈ ਕੰਮ ਕਰਦੇ ਰਹੇ । ਆਪਣੇ ਭਾਈ ਜਿਹੜੇ ਸਾਹਮਣੇ ਬੈਠੇ ਹਨ, ਇਨ੍ਹਾਂ ਨੂੰ ਮੈਂ ਕਹਾਂਗਾ ਕਿ ਡੈਮੋਕ੍ਰੇਟਿਕ ਢੰਗ ਨਾਲ ਅੱਗੇ ਆਉਣ । ਡੈਮੋਕ੍ਰੇਟਿਕ ਸੈਟਅੱਪ ਕੀ ਹੈ Government of the people, by the people and for the people. ਇਹ ਸਾਡੀ ਗੌਰਮਿੰਟ ਚੰਗੀ ਗੌਰਮਿੰਟ ਹੈ । ਇਥੇ ਆਪੋਜੀਸ਼ਨ ਪਾਰਟੀ ਵਾਲੇ ਹਨ, ਉਨ੍ਹਾਂ ਦਾ ਕੰਮ ਹੈ ਕ੍ਰਿਟੀਸਿਜ਼ਮ ਕਰਨਾ । ਕ੍ਰਿਟੀਸਿਜ਼ਮ ਹੋਣਾ ਚਾਹੀਦਾ ਹੈ ਤਾਂ ਹੀ ਸਾਡੀਆਂ ਅੱਖਾਂ ਖੁਲ੍ਹਣਗੀਆਂ, ਮੈਂ ਇਸ ਨੂੰ ਮੰਨਦਾ ਹਾਂ । ਪਰ ਜਦੋਂ ਆਪੋਜ਼ੀਸ਼ਨ ਵਾਲੇ ਨਿਰਾਰਥਕ ਕ੍ਰਿਟੀਸਿਜ਼ਮ ਕਰਦੇ ਹਨ ਤਾਂ ਮੈਂ ਇਸ ਦੀ ਨਿੰਦਾ ਕਰਾਂਗਾ । ਇਹ ਤਾਂ ਇਹ ਗੱਲਾਂ ਕਰਦੇ ਹਨ ਕਿ ਲੋਕਾਂ ਨੂੰ ਮਗਰ ਲਾਈਏ । ਇਹੋ ਜਿਹੀਆਂ ਗੱਲਾਂ ਕਹਿਣੀਆਂ ਕਿ ਸਰਦਾਰ ਬੇਅੰਤ ਸਿੰਘ ਕੁਰੱਪਟ ਹੈ , ਫ਼ਕੀਰ ਚੰਦ ਕੁਰੱਪਟ ਹੈ ਲੇਕਿਨ ਸਾਡਾ ਮਤਲਬ ਇਹ ਨਹੀਂ ਸਾਡਾ ਮਤਲਬ ਹੈ ਕਿ ਕ੍ਰਿਟੀਸਿਜ਼ਮ ਸਹੀ ਹੋਣਾ ਚਾਹੀਦਾ ਹੈ । ਮੈਂ ਫਿਰ ਕਹਾਂਗਾ ਕਿ ਗੌਰਮਿੰਟ ਬੜਾ ਕੁਝ ਕਰ ਰਹੀ ਹੈ । ਪ੍ਰਾਇਮਰੀ ਸਕੂਲ ਸਿੱਖਿਆ ਵਾਸਤੇ ਵੀ ਕਰ ਰਹੀ ਹੈ ਅੌਰ ਉਹ ਦਿਨ ਦੂਰ ਨਹੀਂ ਜਦੋਂ ਸਾਰੇ ਬਲਾਕਾਂ ਵਿੱਚ ਲਿਟਰੇਸੀ ਪੂਰੀ ਕਰ ਲਵਾਂਗੇ । ਜਿਸ ਤਰ੍ਹਾਂ ਇਹ ਗੌਰਮਿੰਟ ਇਸ ਨੂੰ ਪੂਰਾ ਕਰਨ ਲਈ ਲੱਗੀ ਹੋਈ ਹੈ ਤਾਂ ਆਸ ਕਰਦੇ ਹਾਂ ਕਿ 95 ਵਿੱਚ ਜ਼ਰੂਰ ਇਸ ਨੂੰ ਪੂਰਾ ਕਰ ਲਵਾਂਗੇ । ਇਹ ਮੇਰਾ ਪੂਰਾ ਭਰੋਸਾ ਹੈ । ਜੈ ਹਿੰਦ । ਧੰਨਵਾਦ ।

ਸ਼੍ਰੀ ਸਪੀਕਰ : ਸ਼੍ਰੀ ਬਾਬੂ ਰਾਮ ਚਾਵਲਾ ।

(ਇਸ ਸਮੇਂ ਸ਼੍ਰੀਮਤੀ ਵਿਮਲਾ ਡਾਂਗ ਆਪਣੀ ਸੀਟ ਤੇ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਜਿਹੜਾ ਕਿ ਮਾਈਕ ਬੰਦ ਹੋਣ ਕਾਰਨ ਸੁਣਾਈ ਨਹੀਂ ਦੇ ਸੀ ਰਿਹਾ ।)

ਸ਼੍ਰੀ ਬਾਬੂ ਰਾਮ ਚਾਵਲਾ (ਬਲੂਆਣਾ, ਐਸ.ਸੀ.) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਪ੍ਰਾਇਮਰੀ ਐਜੂਕੇਸ਼ਨ ਦੇ ਮਤੇ ਤੇ, ਜਿਹੜਾ ਡਾਕਟਰ ਰਮੇਸ਼ ਚੱਤ ਜੀ ਨੇ ਲਿਆਂਦਾ ਹੈ, ਬੋਲਣ ਦਾ ਮੌਕਾ ਦਿੱਤਾ ਹੈ । .....

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਕੱਲ ਦੀ

Original with;
Punjab Vidhan Sabha
Digitized by;
Punjab Digital Library

[ਕਾਮਰੇਡ ਹਰਦੇਵ ਅਰਸ਼ੀ]

ਘਟਨਾ ਦਾ ਜ਼ਿਕਰ ਕੀਤਾ ਹੈ, ਉਸ ਤੇ ਸਪੱਸ਼ਟੀਕਰਨ ਦਾ ਤੁਸੀਂ ਮੌਕਾ ਨਹੀਂ ਦਿੰਦੇ । ਸਾਡੇ ਨਾਲ ਜਸਟਿਸ ਨਹੀਂ ਹੋਇਆ । ਇਸ ਉਤੇ ਸਾਨੂੰ ਕੁਝ ਕਹਿਣ ਦਿੱਤਾ ਜਾਵੇ ।

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਨ੍ਹਾਂ ਨੂੰ ਰੈਜ਼ੋਲਿਊਸ਼ਨ ਤੇ ਟਾਈਮ ਮਿਲੇਗਾ । ਉਸ ਟਾਈਮ ਬੋਲ ਸਕਦੇ ਹਨ । ਹੁਣ ਡਿਸਕਸ਼ਨ ਚੱਲ ਰਹੀ ਹੈ ।

ਕਾਮਰੇਡ ਹਰਦੇਵ ਅਰਸ਼ੀ : ਸੀ.ਐਮ. ਸਾਹਿਬ ਨੇ ਸਟੇਟਮੈਂਟ ਦਿੱਤੀ ਹੈ ਜਿਸ ਵਿੱਚ ਕੁਝ ਕੁਮੈਂਟਸ ਹਨ, ਸਾਡੇ ਗਰੁੱਪ ਦੀ ਲੀਡਰ ਉਸ ਬਾਰੇ ਕੁਝ ਕਹਿਣਾ ਚਾਹੁੰਦੀ ਹੈ, ਸਾਨੂੰ ਸਪੱਸ਼ਟੀਕਰਨ ਦਾ ਮੌਕਾ ਦੇਣਾ ਚਾਹੀਦਾ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਗੱਲ ਇਹ ਹੈ ਕਿ, ਗੱਲਾਂ ਬੜ੍ਹੀਆਂ ਸਪੱਸ਼ਟ ਹੋ ਗਈਆਂ । ਤੁਸੀਂ ਟਾਈਮ ਦਾ ਅਨਾਊਂਸ ਕਰ ਦਿੱਤਾ ਔਰ ਕਾਫੀ ਜ਼ਿਆਦਾ ਟਾਈਮ ਦਿੱਤਾ ਹੈ ਪਰ ਅਸੀਂ ਇਹ ਨਹੀਂ ਕਿਹਾ ਜ਼ਿਆਦਾ ਟਾਈਮ ਕਿਉਂ ਦਿੱਤਾ, ਅਸੀਂ ਇਸ ਨੂੰ ਕਦੇ ਮਾਈਂਡ ਨਹੀਂ ਕਰਦੇ । ਜ਼ਿਆਦਾ ਟਾਈਮ ਦੇਣ ਤੇ ਮੈਨੂੰ ਗਿਲਾ ਨਹੀਂ, ਮੈਨੂੰ ਤਾਂ ਗਿਲਾ ਇਹ ਸੀ ਕਿ ਤੁਸੀਂ ਆਪਣੀ ਰੂਲਿੰਗ ਦਿਉ ਕਿ ਕੀ ਸਪੀਕਰ ਦੇ ਬਰਖਿਲਾਫ਼ ਨਾਹਰੇ ਲੱਗ ਸਕਦੇ ਹਨ, ਉਸ ਦੀ ਰੂਲਿੰਗ ਨਹੀਂ ਆਈ । ਇਹ ਤੁਹਾਡੀ ਆਪਣੀ ਮਰਜ਼ੀ ਹੈ, ਅਸੀਂ ਤੁਹਾਡੇ ਤੇ ਕੋਈ ਡਿਸਕਸ਼ਨ ਨਹੀਂ ਕਰ ਸਕਦੇ । ਮੈਂ ਮਾਨਯੋਗ ਮੈਂਬਰ ਸਾਹਿਬਾ ਦਾ ਬੜਾ ਭਾਰੀ ਸਤਿਕਾਰ ਕਰਦਾ ਹਾਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਟਾਈਮ ਲੈ ਸਕਦੇ ਹਨ, ਹੁਣ ਵੀ ਰੈਜ਼ੋਲਿਊਸ਼ਨ ਤੇ ਬੋਲਣਾ ਹੈ, ਮੇਰਾ ਖਿਆਲ ਹੈ ਜਿੰਨਾਂ ਟਾਈਮ ਦਿਉਗੇ, ਉਸ ਤੋਂ ਜ਼ਿਆਦਾ ਟਾਈਮ ਲੈਣਗੇ । ਇਸ ਗੱਲ ਨੂੰ ਜ਼ਿਆਦਾ ਵਧਾਉਣਾ ਮੈਂ ਸਮਝਦਾ ਹਾਂ ਕਿ ਚੰਗੀ ਗੱਲ ਨਹੀਂ ਹੈ ।

ਇਹ ਗੱਲ ਤਾਂ ਮੁੱਕ ਚੁੱਕੀ ਹੈ, ਇਸ ਨੂੰ ਹੁਣ ਜ਼ਿਆਦਾ ਵਧਾਉਣਾ ਮੈਂ ਸਮਝਦਾ ਹਾਂ ਕਿ ਕੋਈ ਚੰਗੀ ਗੱਲ ਨਹੀਂ ।

ਸ਼੍ਰੀ ਸਪੀਕਰ : ਮੁੱਖ ਮੰਤਰੀ ਜੀ ਨੇ ਇਥੇ ਰੂਲਿੰਗ ਦੀ ਗੱਲ ਕੀਤੀ ਹੈ, ਮੈਂ ਉਸ ਵੇਲੇ ਵੀ ਕਿਹਾ ਸੀ that everything is provided in the Rules but still I would like to state clearly that ਕੋਈ ਵੀ ਸਪੀਕਰ ਦੇ ਖ਼ਿਲਾਫ਼ ਨਾਹਰੇ ਨਹੀਂ ਲਗਾ ਸਕਦਾ, ਉਸ ਦੇ ਖ਼ਿਲਾਫ਼ ਬੋਲ ਨਹੀਂ ਸਕਦਾ, ਉਸ ਦੇ ਕੰਡਕਟ ਨੂੰ ਡਿਸਕਸ ਨਹੀਂ ਕਰ ਸਕਦਾ ਜਦੋਂ ਤੱਕ ਇਸ ਦੇ ਬਾਰੇ ਕੋਈ ਸਬਸਟਾਂਟਿਵ ਮੋਸ਼ਨ ਨਾ ਆਈ ਹੋਵੇ । ਹੁਣ ਵੀ ਤਸੀਂ ਖੜੇ ਹੋ ਹੋ ਕ ਕਲੀਅਰ ਕਰਨਾ ਚਾਹੁੰਦੇ ਹੋ, ਮੈਂ ਸਮਝਦਾ ਹਾਂ ਕਿ ਹੁਣ ਅਸੀਂ ਇਸ ਇਸ਼ੂ ਨੂੰ ਡਰਾਪ ਕਰੀਏ । ਜੇ ਕੋਈ ਤੁਸੀਂ ਹੋਰ ਗੱਲ ਕਰਨੀ ਹੈ ਤਾਂ ਜਦੋਂ ਬੋਲਣਾ ਹੈ ਉਸ ਵੇਲੇ ਗੱਲ ਕਰ ਲੈਣਾ ।

ਮੁੱਖ ਮੰਤਰੀ : ਸਪੀਕਰ ਸਾਹਿਬ, ਜ ਇਨ੍ਹਾਂ ਨੇ ਕੁਝ ਕਹਿਣਾ ਹੈ, ਇਹ ਸਾਡੇ ਬਜ਼ੁਰਗ ਨੇਤਾ ਹਨ ਔਰ ਲੇਡੀ ਮੈਂਬਰ ਹਨ ਅਸੀਂ ਇਨ੍ਹਾਂ ਦਾ ਪੂਰਾ ਸਤਿਕਾਰ ਕਰਦੇ ਹਾਂ, ਜੇ ਇਹ ਕੁਝ ਕਹਿਣਾ ਚਾਹੁੰਦੇ ਹਨ ਤਾਂ ਇਨ੍ਹਾਂ ਨੂੰ ਕਹਿ ਲੈਣ ਦਿਉ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਅਸੀਂ ਤਾਂ ਗੱਲ ਸਪੱਸ਼ਟ ਕਰਨਾ ਚਾਹੁੰਦੇ ਹਾਂ । ਅਜਨਾਲਾ ਸਾਹਿਬ ਦੇ ਵੇਲੇ ਜਿਹੜਾ ਪ੍ਰੋਸੀਜਰ ਸੀ ਉਸ ਪ੍ਰੋਸੀਜਰ ਦੇ

Original with;
Punjab Vidhan Sabha
Digitized by;
Panjab Digital Library

ਮੁਤਾਬਿਕ ਅਸੀਂ ਆਪਣੇ ਟਾਈਮ ਨੂੰ ਸੈਟ ਕਰਦੇ ਹਾਂ । ਤੁਹਾਨੂੰ ਅਸੀਂ ਲਿਖ ਕੇ ਵੀ ਭੇਜਦੇ ਹਾਂ ਕਿ ਇਸ ਸਬਜੈਕਟ ਤੇ ਸਾਡੇ ਇਹ ਇਹ ਸਪੀਕਰ ਹੋਣਗੇ । ਸਾਡਾ ਗਰੁਪ ਫੀਲ ਕਰਦਾ ਹੈ ਕਿ ਸਾਨੂੰ ਟਾਈਮ ਪੂਰਾ ਨਹੀਂ ਮਿਲਦਾ । ਅਰਸ਼ੀ ਸਾਹਿਬ ਨੇ ਉਦੋਂ ਕਿਹਾ ਸੀ ਕਿ ਸਾਨੂੰ ਅਲਾਓ ਕੀਤਾ ਜਾਵੇ ਪਰ ਕਾਫੀ ਗੁੱਸੇ ਵਿੱਚ ਇਹ ਕਿਹਾ ਗਿਆ ਕਿ ਤੁਸੀਂ ਟਾਈਮ ਬੜਾ ਲੈ ਲੈਂਦੇ ਹੋ । ਪਹਿਲੇ ਗਰੁਪ ਵਿੱਚ ਸਰਦਾਰ ਗੁਰਨਾਮ ਸਿੰਘ ਨੂੰ ਟਾਈਮ ਨਹੀਂ ਦਿੱਤਾ ਗਿਆ ਸੀ । ਫਿਰ ਮੁੱਖ ਮੰਤਰੀ ਸਾਹਿਬ ਨੇ ਇੰਟਰਵੀਨ ਕਰਕੇ ਕਿਹਾ ਕਿ ਹੋਰ ਟਾਈਮ ਲੈਣਾ ਹੈ ਤਾਂ ਹੋਰ ਟਾਈਮ ਲੈ ਲਓ । ਦੂਸਰੀਆਂ ਪਾਰਟੀਆਂ ਦੇ ਮੁਕਾਬਲੇ ਵਿੱਚ ਜਿੰਨਾ ਵੱਡਾ ਸਾਡਾ ਗਰੁਪ ਹੈ 4 ਮੈਂਬਰਾਂ ਦਾ ਸਾਨੂੰ ਉਤਨਾ ਟਾਈਮ ਮਿਲਣਾ ਚਾਹੀਦਾ ਹੈ । ਸਾਨੂੰ ਪੂਰਾ ਟਾਈਮ ਨਹੀਂ ਦਿੱਤਾ ਗਿਆ ਜਿਸ ਕਰਕੇ ਅਸੀਂ ਪ੍ਰੋਟੈਸਟ ਦੇ ਤੌਰ ਤੇ ਵਾਕ ਆਊਟ ਕੀਤਾ । ਸਾਡੇ ਗਰੁਪ ਨਾਲ ਇਨਜਸਟਿਸ ਨਹੀਂ ਹੋਣਾ ਚਾਹੀਦਾ । ਅਸੀਂ ਇਸ ਗੱਲ ਨੂੰ ਮਹਿਸੂਸ ਕਰਦੇ ਹਾਂ ਕਿ ਸਾਡੀ ਸਟਰੈਂਥ ਦੇ ਮੁਤਾਬਿਕ ਸਾਨੂੰ ਟਾਈਮ ਨਹੀਂ ਮਿਲਦਾ । ਬਿਜ਼ਨਸ ਐਡਵਾਈਜ਼ਰੀ ਕਮੇਟੀ ਨੇ ਜਿਹੜੇ ਰੂਲਜ਼ ਬਣਾਏ ਹਨ ਉਸ ਦੇ ਮੁਤਾਬਿਕ ਪ੍ਰੋਵਾਈਡ ਹੋਣਾ ਚਾਹੀਦਾ ਹੈ ਕਿ ਜੇ ਕਿਸੇ ਨੇ ਕੋਈ ਪੁਆਇੰਟ ਆਫ਼ ਆਰਡਰ ਰੇਜ਼ ਕਰਨਾ ਹੈ ਜਾਂ ਜੇ ਕਿਸੇ ਦੀ ਐਡਜਰਨਮੈਂਟ ਮੋਸ਼ਨ ਰਿਜੈਕਟ ਹੋਈ ਹੈ ਉਸ ਤੇ ਗੱਲ ਕਰਨ ਦਾ ਮੌਕਾ ਜਾਂ ਜੇ ਕਿਸੇ ਦੀ ਕਾਲ ਅਟੈਨਸ਼ਨ ਮੋਸ਼ਨ ਰਿਜੈਕਟ ਹੈ ਉਸ ਦੇ ਉਤੇ ਗੱਲ ਕਰਨ ਦਾ ਮੌਕਾ ਦਿੱਤਾ ਜਾਵੇ । ਸਾਡੀ ਕੋਈ ਇਨਟੈਂਸ਼ਨ ਨਹੀਂ ਕਿ ਸਪੀਕਰ ਸਾਹਿਬ ਦੀ ਤੌਹੀਨ ਹੋਵੇ ਪਰ ਸਮਾਂ ਜਿਹੜਾ ਸਾਨੂੰ ਮਿਲਣਾ ਚਾਹੀਦਾ ਹੈ ਉਹ ਸਾਨੂੰ ਆਪਣੀ ਗਿਣਤੀ ਦੇ ਮੁਤਾਬਿਕ ਜੋ ਅਸੀਂ ਐਨਟਾਈਟਲ ਹਾਂ ਉਹ ਟਾਈਮ ਸਾਨੂੰ ਦਿੱਤਾ ਜਾਣਾ ਚਾਹੀਦਾ ਹੈ ਜਿਹੜਾ ਕਿ ਸਾਨੂੰ ਦੇ ਵਾਰੀ ਨਹੀਂ ਦਿੱਤਾ ਗਿਆ ਜਿਸ ਨੂੰ ਮਹਿਸੂਸ ਕਰਕੇ ਅਸੀਂ ਵਾਕ ਆਊਟ ਕੀਤਾ ।

ਸ਼੍ਰੀ ਸਪੀਕਰ : ਮੈਂ ਸਹਿਕਾਰ ਦੇ ਲਈ ਕਿਹੜਾ ਲਫਜ਼ ਵਰਤਾਂ । ਮਿਸਿਜ਼ ਭਾਂਗ ਜੀ ਨੇ ਕਿਹਾ ਹੈ ਕਿ ਸਾਨੂੰ ਵਕਤ ਸਾਡੇ ਗਰੁੱਪ ਦੀ ਸਟਰੈਂਥ ਤੇ ਮੁਤਾਬਿਕ ਨਹੀਂ ਦਿੱਤਾ ਗਿਆ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਟਰੈਂਥ ਦੇ ਮੁਤਾਬਿਕ ਇਨ੍ਹਾਂ ਦੇ ਗਰੁੱਪ ਦੇ 12 ਮਿੰਟ ਬਣਦੇ ਸਨ ਪਰ ਇਨ੍ਹਾਂ ਨੂੰ 39 ਮਿੰਟ ਦਿੱਤੇ ਗਏ ਹਨ । ਮੇਰੇ ਇਤਨਾ ਟਾਈਮ ਦੇਣ ਦੇ ਬਾਅਦ ਵੀ ਤੁਸੀਂ ਇਨਸਿਸਟ ਕਰਦੇ ਰਹੇ ਕਿ ਸਾਨੂੰ ਹੋਰ ਬੁਲਾਓ, ਸਾਨੂੰ ਹੋਰ ਸਮਾਂ ਦਿਓ । ਜੋ ਤਸੀਂ ਕਿਹਾ ਹੈ ਮੈਂ ਉਸ ਦਾ ਜਵਾਬ ਦਿੱਤਾ ਹੈ, ਤੁਸੀਂ ਉਸ ਦਿਨ ਵੀ ਲਫਜ਼ ਵਰਤਿਆ ਸੀ ਬੇਇਨਸਾਫੀ ਦਾ, ਤੁਸੀਂ ਦੋ ਸੀਨੀਅਰ ਮੈਂਬਰਜ਼ ਨੇ ਬੋਲ ਕੇ ਆਪਣਾ ਇਤਨਾ ਟਾਈਮ ਲੈ ਲਿਆ ਤਾਂ ਉਸ ਦੇ ਵਿੱਚ ਕਿਸ ਦਾ ਕਸੂਰ ਸੀ । ਤੁਸੀਂ ਆਪ ਹੀ ਸਮਾਂ ਜ਼ਿਆਦਾ ਕਨਜ਼ਿਊਮ ਕਰ ਲਿਆ ਅਤੇ ਜਦੋਂ ਥੋੜ੍ਹਾ ਸਮਾਂ ਰਹਿ ਗਿਆ ਤਾਂ ਤੁਸੀਂ ਸਰਦਾਰ ਗੁਰਨਾਮ ਸਿੰਘ ਧੀਰੋਵਾਲ ਦੇ ਬੋਲਣ ਲਈ ਕਿਹਾ ਅਤੇ ਆਪ ਬਾਹਰ ਚਲੇ ਗਏ । ਮੈਂ ਫਿਰ ਸਰਦਾਰ ਗੁਰਨਾਮ ਸਿੰਘ ਧੀਰੋਵਾਲ ਨੂੰ ਬੋਲਣ ਲਈ ਕਿਹਾ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਜੋ ਤੁਸੀਂ ਸਟੇਟਮੈਂਟ ਦਿੱਤੀ ਹੈ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਉਸ ਦੇ ਨਾਲ ਅਸੀਂ ਸਹਿਮਤ ਹਾਂ ਇਕ ਅਡੀਸ਼ਨ ਦੇ ਨਾਲ ਕਿ ਜੇ ਤਾਂ ਸਾਰਿਆਂ ਦੇ ਟਾਈਮ ਦੀ ਗਿਣਤੀ ਕੀਤੀ ਜਾਵੇ ਤਾਂ ਉਸ ਦੇ ਮੁਤਾਬਿਕ ਤਾਂ ਤੁਸੀਂ ਠੀਕ ਹੋ ਲੇਕਿਨ ਸਾਡੇ ਕੁਲੀਗਜ਼ ਜਿਨ੍ਹਾਂ ਦਾ ਸੇਮ ਨੰਬਰ ਹੈ ਉਨ੍ਹਾਂ ਦੇ ਮੈਂਬਰਾਂ ਦੇ ਹਿਸਾਬ ਨਾਲ ਮੰਨਿਆ ਜਾਵੇ, ਕੰਪੇਅਰ ਕੀਤਾ ਜਾਵੇ ਤਾਂ ਫਿਰ ਸਾਡੇ ਨਾਲ ਜਸਟਿਸ ਨਹੀਂ ਹੋ ਰਿਹਾ ਹੈ ।

ਸ਼੍ਰੀ ਸਪੀਕਰ : ਸੀ. ਐਮ. ਸਾਹਿਬ ਬੜੇ ਲਿਬਰਲ ਹਨ ਕਿ ਜ਼ਿਆਦਾ ਤੋਂ ਜ਼ਿਆਦਾ ਟਾਈਮ ਦਿੱਤਾ ਜਾਵੇ ਲੇਕਿਨ ਇਹ ਮੈਂ ਡੀਸਾਈਡ ਕਰਨਾ ਹੈ ਕਿ ਕਿਸ ਨੂੰ ਕਿੰਨਾ ਸਮਾਂ ਦੇਣਾ ਹੈ । ਤੁਹਾਨੂੰ ਘੱਟ ਸਮਾਂ ਬਿਲਕੁਲ ਨਹੀਂ ਦਿੱਤਾ ਜਾਵੇਗਾ ਲੇਕਿਨ ਸਪੀਕਰ ਦੀ ਰੂਲਿੰਗ ਦੇ ਖਿਲਾਫ਼ ਕੁਝ ਕਹਿਣਾ ਜਾਂ ਡਿਸਕਸ ਕਰਨਾ ਇਹ ਠੀਕ ਨਹੀਂ । ਮੈਂ ਉਹ ਲਫ਼ਜ਼ ਐਕਸਪੰਜ ਕਰਵਾ ਦਿੱਤੇ ਹਨ ਔਰ ਉਹ ਪ੍ਰਿੰਟ ਨਹੀਂ ਹੋਣਗੇ ।

WALK-OUT

ਕਾਮਰੇਡ ਹਰਦੇਵ ਅਰਸ਼ੀ : ਅਸੀਂ ਸੈਟਿਸਫਾਈ ਨਹੀਂ ਹਾਂ । ਅਸੀਂ ਵਾਕ-ਆਊਟ ਕਰਦੇ ਹਾਂ ।

(ਇਸ ਸਮੇਂ ਸੀ. ਪੀ. ਆਈ. ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਸਦਨ ਵਿਚੋਂ ਉਠ ਕੇ ਬਾਹਰ ਚਲੇ ਗਏ ।)

RESOLUTION RE. RAISING OF STANDARD OF PRIMARY EDUCATION (*Resumption*)

श्री बाबू राम चावला (बलुआना, ऐस.सी.) : स्पीकर साहिब यह जो प्राइमरी शिक्षा का प्रस्ताव हाऊस के सामने है और जिस पर आपने बोलने का मुझे समय दिया है यह बहुत अहमियत का मता है और यह एक महत्वपूर्ण विषय है । प्राचीन काल में लोग बच्चों को गुरुकुल में पढ़ने के लिए भेजते थे वह बच्चे वहीं रहते थे, वहीं खाते थे और पूर्ण शिक्षा प्राप्त करने के बाद हर तरह से सम्पन हो कर और हर काम में पूर्ण शिक्षा प्राप्त करके वह अपन घरों में आते थे । लेकिन धीरे-धीरे समय में बदलाव आया और अब माडर्न स्कूल बन गये हैं । लेकिन पिछले कुछ समय में एक ऐसा अन्धेर छाया कि पंजाब को नजर लग गई और पंजाब की आर्थिक, धार्मिक और समाजिक दशा पर बहुत धक्का लगा इसके साथ शिक्षा को भी बहुत धक्का लगा । फिर जब सरदार बेअंत सिंह जी की सरकार आई तो इस शिक्षा में फिर से सुधार आना शुरु हुआ । इन्होंने पिछले समय में बहुत स्कूल अपग्रेड किये और कई नये स्कूल भी खोले । 150 के करीब नये स्कूल खोले गये और अभी नये स्कूल खोले भी जा रहे हैं ।

Original with;
Punjab Vidhan Sabha
Digitized by;
Panjab Digital Library

यह अच्छी बात है कि पंजाब सरकार ने शिक्षा की ओर बहुत ध्यान दिया है पर इस के साथ मैं कुछ ऐसे सुझाव दूंगा जिस पर यहां पर मुख्य मंत्री और शिक्षा मंत्री जी ध्यान देंगे । मेरे बिचार में प्राईमरी शिक्षा पर सरकार को सब से ज्यादा ध्यान देना चाहिए । इस लिए यदि प्राइमरी कलासों को पढ़ाने के लिए जे. बी. टी. टीचर की बजाये अच्छे पढ़े लिखे बी. एड. टीचर लगाये जाये तो इस से स्कूल में बच्चों की आधार शिला अच्छी बन सकती है । प्राईमरी अधार शिला पर ही बच्चों ने आगे जा कर काम करना है ।

जिस तरह सुबह को नाश्ता अच्छा कर लें तो सारा दिन अच्छे तरीके से निकल जाता है । अगर छोटे बच्चे को ठीक ढंग से शिक्षा मिल जाए तो मैं समझता हूं कि देश के हित और समाज के लिए अच्छा होगा । बच्चे को अपने लिए, देश के लिए और समाज के लिए अच्छी शिक्षा मिलनी चाहिए । इस लिए मैं चाहता हूं कि प्राईमरी स्कूलों में जे.बी.टी. टीचर की बजाए बी.ए.,बी. एड. टीचर रखें जायें । पंजाब सरकार ने फैसला किया है कि 1995-96 में हर स्कूल में दो मास्टर दिये जाएंगें । कई बार स्कूल में बच्चे ज्यादा होते है तो दो मास्टर बच्चों को सम्भाल सकते है अगर एक मास्टर छुट्टी पर चला जाए तो पहले बच्चे खेलते कूदते रहते हैं । बच्चों की तदात को मुख्य रखते हुए टीचर दिये जायें । अब स्कूल में मास्टर न होने की वजह से सारा दिन बच्चे खेलते कूदते नहीं रहेगें । 12,464 स्कूल और 150 नये स्कूल सरकार खोल रही है, मैं पंजाब सरकार का अभारी हूं, जिन्होंनें प्राईमरी शिक्षा को एक मास्टर और देने की जुमेंवारी ली है । इस के साथ ही मां-बाप का भी फर्ज है कि बच्चों की शुरुआत में शिक्षा घर में दें । शुरुआत में शिक्षा बच्चों को घर में ही मां-बाप से मिलती है, संस्कार मां-बाप से व समाज से मिलते है और मां-बाप का फर्ज है कि बच्चों को नैतिक शिक्षा और देश हित की शिक्षा दें और स्कूल में तो मास्टर ने स्कूल के समय ही शिक्षा देनी है । स्कूल आने से पहले और स्कूल के जाने के बाद ज्यादा समय बच्चे मां-बाप के पास ही रहते हैं, इस लिए मां-बाप का भी फर्ज है वह बच्चों को नैतिक और देश-हित की शिक्षा दें, तब ही हमारा समाज उन्नति कर सकता है । इन शब्दों के साथ मैं आप का आभारी हूं । इस प्रस्ताव को पास कर दिया जाए ।

ਸ਼੍ਰੀ ਸਪੀਕਰ : ਕਾਮਰੇਡ ਗੁਲਜ਼ਾਮ ਸਿੰਘ ਧੀਰੇਵਾਲ, ਤੁਹਾਡੀ ਪਾਰਟੀ ਦੇ ਸ਼ੇਅਰ ਵਿੱਚ 7 ਮਿੰਟ ਅੱਜ ਦੇ ਵਿਸ਼ੇ ਉਤੇ ਆਉਂਦੇ ਹਨ, ਤੁਸੀਂ ਕਿਰਪਾ ਕਰਕੇ ਬੋਲੋ ਅਤੇ ਤੁਹਾਨੂੰ 1-2 ਮਿੰਟ ਵੱਧ ਦੇ ਦੇਵਾਂਗਾ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ (ਸ੍ਰੀ ਹਰਗੋਬਿੰਦਪੁਰ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਉਤੇ ਬੋਲਣ ਦਾ ਸਮਾਂ ਦਿੱਤਾ ਹੈ । ਇਹ ਮਤਾ ਹਾਊਸ ਵਿੱਚ ਪੇਸ਼ ਹੋਇਆ ਹੈ, ਪ੍ਰਵਾਨਗੀ ਲਈ ਪੇਸ਼ ਹੋਇਆ ਹੈ ਕਿ 100% ਲਿਟਰੇਸੀ ਲਿਆਉਣ ਲਈ ਸਰਕਾਰ ਵਲੋਂ ਉਪਰਾਲੇ ਕੀਤੇ ਜਾਣਗੇ । ਪਰ, ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇਸ ਪਾਸੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਲਿਟਰੇਸੀ ਨੂੰ ਵਧਾਇਆ ਜਾਵੇ ਇਸ ਦੇ ਲਈ ਸਰਕਾਰ ਨੂੰ ਪੂਰਾ-ਪੂਰਾ ਯਤਨ ਕਰਨਾ ਚਾਹੀਦਾ ਹੈ ਪਰ ਇਸ ਨੂੰ ਨਾਨ-ਆਫੀਸ਼ਲ ਮਤੇ ਦੇ ਰਾਹੀਂ ਹਾਊਸ ਦੇ ਵਿਚ ਲਿਆਂਦਾ ਗਿਆ ਹੈ । ਮੈਂ ਅਤੇ ਮੇਰੀ ਪਾਰਟੀ ਸਮਝਦੀ ਹੈ ਕਿ ਜਿੰਨੀ ਦੇਰ ਤੱਕ ਲੋਕਾਂ ਵਿੱਚ ਆਰਥਿਕ ਤਬਦੀਲੀ ਨਹੀਂ ਆਉਂਦੀ ਅਤੇ ਲੋਕਾਂ ਦੇ ਰਹਿਣ ਸਹਿਣ ਵਿਚ ਤਬਦੀਲੀ ਨਹੀਂ ਆਉਂਦੀ ਉਤਨੀ ਦੇਰ ਤੱਕ ਇਸ ਵਿਚ ਸੁਧਾਰ ਲਿਆਉਣਾ ਮੁਸ਼ਕਲ ਲਗਦਾ ਹੈ । ਮੈਂ ਸਮਝਦਾ ਹਾਂ ਕਿ 1947 ਤੋਂ ਹੁਣ ਤੱਕ 48 ਸਾਲ ਹਿੰਦੁਸਤਾਨ ਆਜ਼ਾਦ ਹੋਏ ਨੂੰ ਹੋ ਗਏ ਹਨ ਅੱਜ, ਸਪੀਕਰ ਸਾਹਿਬ, ਇਨ੍ਹਾਂ 48 ਸਾਲਾਂ ਦੇ ਦੌਰਾਨ, ਬਹੁਤ ਲੰਬੇ ਸਮੇਂ ਪਿਛੋਂ ਵੀ ਇਹ ਟੀਚਾ ਪੂਰਾ ਨਹੀਂ ਹੋਇਆ । ਪੰਜਾਬ ਦੀ ਪਰ-ਕੈਪੀਟਾ ਇਨਕਮ ਸਾਰੇ ਹਿੰਦੁਸਤਾਨ ਨਾਲੋਂ ਜ਼ਿਆਦਾ ਹੈ ਪਰ ਵਿਦਿਆ ਦੇ ਖੇਤਰ ਵਿਚ ਸਾਡਾ ਪੰਜਾਬ ਕਿਉਂ ਪਛੜਿਆ ਹੋਇਆ ਹੈ ? ਇਸ ਦੇ ਬੁਨਿਆਦੀ ਕਾਰਨ ਕੀ ਹਨ ? ਸਰਕਾਰੀ ਬੈਂਚਾਂ ਵਲੋਂ ਵੀ ਅਤੇ ਅਪੋਜ਼ੀਸ਼ਨ ਵਲੋਂ ਵੀ ਇਸ ਦੀ ਘੋਖ ਕਰਨੀ ਚਾਹੀਦੀ ਹੈ । ਇਤਨਾ ਲੰਬਾ ਸਮਾਂ ਅਸੀਂ ਪਿਛੇ ਕਿਉਂ ਹੋਏ ਹਾਂ ? ਇਹ ਅੰਤਰ ਘਟਣਾ ਚਾਹੀਦਾ ਹੈ । ਸਪੀਕਰ ਸਾਹਿਬ, ਪਾਰਟੀਸ਼ਨ ਤੋਂ ਪਹਿਲਾਂ ਪੜ੍ਹੇ ਲਿਖੇ ਨੌਜਵਾਨਾਂ ਦੀ ਗਿਣਤੀ 18.33% ਸੀ ਜਿਸ ਵਿਚ ਲੜਕੀਆਂ ਦੀ ਗਿਣਤੀ 8% ਸੀ । ਅੱਜ 48 ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ 1991 ਦੇ ਅੰਕੜਿਆਂ ਦੇ ਮੁਤਾਬਿਕ 50% ਅਨਪੜ੍ਹਤਾ ਦੂਰ ਕੀਤੀ ਜਾ ਸਕੀ ਹੈ ਬਾਕੀ ਉਸ ਰੇਖਾ ਤੋਂ ਥੱਲੇ ਹੈ । ਇਹ ਇਤਨਾ ਵੱਡਾ ਅੰਤਰ ਹੈ । ਇਹ ਬਹੁਤ ਵੱਡਾ ਅੰਤਰ ਕਿਉਂ ਹੋਇਆ ? 2000 ਤੱਕ 100% ਸਾਖਰਤਾ ਦਾ ਟੀਚਾ ਕੀ ਅਸੀਂ ਪੂਰਾ ਕਰ ਲਵਾਂਗੇ ? ਪਿਛਲਾ 48 ਸਾਲਾਂ ਦਾ ਸਮਾਂ ਇਤਨਾ ਲੰਬਾ ਹੈ ਅਤੇ ਅਸੀਂ ਸਿੱਖਿਆ ਦੇ ਮਿਆਰ ਵਿਚ 18% ਤੋਂ 50% ਤੱਕ ਪਹੁੰਚੇ ਹਾਂ । ਲੜਕੀਆਂ ਦੀ ਗਿਣਤੀ ਹੋਰ ਪਿਛੇ ਹੈ ।

ਇਥੇ ਹਾਊਸ ਵਿਚ ਪ੍ਰਾਇਮਰੀ ਸਕੂਲਾਂ ਦੀ ਗੱਲ ਕੀਤੀ ਗਈ ਹੈ । ਸਪੀਕਰ ਸਾਹਿਬ, ਬੇਸਿਕ ਵਿਦਿਆ ਠੀਕ ਹੋਣੀ ਚਾਹੀਦੀ ਹੈ । ਬੇਸਿਕ ਵਿਦਿਆ ਉਪਰ ਹੀ ਬੁਨਿਆਦ ਖੜ੍ਹੀ ਹੁੰਦੀ ਹੈ । ਬੇਸਿਕ ਵਿਦਿਆ ਲੈਣ ਲਈ 40 ਲੱਖ ਵਿਦਿਆਰਥੀ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਦੇ ਹਨ । ਪ੍ਰਾਇਮਰੀ ਸਕੂਲਾਂ ਵਿਚ ਪੰਜਵੀਂ ਪਾਸ ਕਰਨ ਤੋਂ ਪਹਿਲਾਂ 50% ਗਿਣਤੀ ਅਜਿਹੀ ਹੈ, ਜਿਹੜੇ ਪ੍ਰਾਇਮਰੀ ਪਾਸ ਨਹੀਂ ਕਰਦੇ ਅਤੇ ਆਪਣੀ ਪੜ੍ਹਾਈ ਅੱਧਵਾਟੇ ਹੀ ਛੱਡ ਦਿੰਦੇ ਹਨ । 70% ਲੜਕੀਆਂ ਦੀ ਗਿਣਤੀ ਹੈ ਜੋ ਕਿ ਆਪਣੀ ਪੜ੍ਹਾਈ ਅੱਧਵਾਟੇ ਹੀ ਛੱਡ ਦਿੰਦੀਆਂ ਹਨ ।

11.47 A.M. | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

Original with;
Punjab Vidhan Sabha
Digitized by;
Panjab Digital Library

ਇਹ ਕਹਿੰਦੇ ਹਨ ਕਿ ਅਸੀਂ ਇਤਨੇ ਨਵੇਂ ਸਕੂਲ ਖੋਲ੍ਹ ਦਿੱਤੇ ਹਨ ਅਤੇ ਇਤਨੇ ਸਕੂਲ ਅਪਗ੍ਰੇਡ ਕਰ ਦਿੱਤੇ ਹਨ । ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ 12,500 ਸਕੂਲ ਹਨ ਜਿਨ੍ਹਾਂ ਵਿਚੋਂ 10,000 ਸਕੂਲ ਅਜਿਹੇ ਹਨ ਜਿਥੇ ਕਿ ਸਕੂਲਾਂ ਵਿੱਚ ਬਿਲਡਿੰਗ ਨਹੀਂ, ਜੇਕਰ ਬਿਲਡਿੰਗਾਂ ਹਨ ਤਾਂ ਉਹ ਖਸਤਾ ਹਾਲਤ ਵਿਚ ਹਨ, ਬਿਲਡਿੰਗਾਂ ਡਿਗ ਜਾਣ ਦਾ ਰਿਸਕ ਹੈ, ਇਨ੍ਹਾਂ ਸਕੂਲਾਂ ਵਿਚ ਟਾਟ ਨਹੀਂ, ਦਰੀਆਂ ਨਹੀਂ ਅਤੇ ਕੁਰਸੀਆਂ ਨਹੀਂ । 10,000 ਸਕੂਲਾਂ ਵਿਚ ਬੱਚੇ ਪੜ੍ਹਨ ਦੇ ਕਾਬਲ ਨਹੀਂ ਅਤੇ ਨਾ ਹੀ ਅਧਿਆਪਕ ਬੈਠ ਕੇ ਪੜ੍ਹਾ ਸਕਦੇ ਹਨ । ਸਰਕਾਰ ਇਥੇ ਹਾਊਸ ਵਿਚ ਪੰਜਾਬ ਦੀ ਡਿਵੈਲਪਮੈਂਟ ਦੀ ਗੱਲ ਕਰਦੀ ਹੈ । ਅਸੀਂ ਸਕੂਲਾਂ ਦੀ ਵੀ ਗੱਲ ਮੰਨਦੇ ਹਾਂ, ਵਿਦਿਆ ਦੇ ਪਸਾਰ ਦੀ ਵੀ ਗੱਲ ਮੰਨਦੇ ਹਾਂ ਅਤੇ ਸਰਕਾਰ ਕਹਿੰਦੀ ਹੈ ਕਿ ਇਤਨਾ ਪੈਸਾ ਡਿਵੈਲਪਮੈਂਟ ਤੇ ਖਰਚ ਹੋ ਗਿਆ ਹੈ । ਗਰੀਬੀ ਰੇਖਾ ਤੋਂ ਥੱਲੇ ਜਿਹੜੇ ਲੋਕ ਵਸਦੇ ਹਨ ਤਾਂ ਕੀ ਸਰਕਾਰ ਨੇ ਉਨ੍ਹਾਂ ਦੀ ਵਿਦਿਆ ਦਾ ਮਿਆਰ ਵੀ ਉੱਚਾ ਚੁੱਕਿਆ ਹੈ ? 1947 ਤੋਂ ਬਾਅਦ ਕਈ ਦਫ਼ਾ ਪੰਜਾਬ ਵਿਚ ਕਾਲੇ ਦਿਨ ਆਏ । ਪੰਜਾਬ ਵਿਚ ਵਿਦਿਆ ਦਾ ਮਿਆਰ ਗਿਰ ਰਿਹਾ ਹੈ । ਸਪੀਕਰ ਸਾਹਿਬ, ਅਮੀਰ ਲੋਕ ਆਪਣੇ ਬੱਚਿਆਂ ਨੂੰ ਮਸੂਰੀ , ਡਲਹੌਜ਼ੀ ਅਤੇ ਸ਼ਿਮਲਾ ਦੇ ਸਕੂਲਾਂ ਵਿਚ ਪੜ੍ਹਨ ਲਈ ਭੇਜਦੇ ਹਨ । (ਵਿਘਨ)

ਬੱਚਿਆਂ ਨੂੰ ਬੇਸਿਕ ਐਜੂਕੇਸ਼ਨ ਦੀ ਬੜੀ ਜ਼ਰੂਰਤ ਹੈ । ਜੇਕਰ ਬੱਚਿਆਂ ਨੂੰ ਠੀਕ ਬੇਸਿਕ ਐਜੂਕੇਸ਼ਨ ਨਹੀਂ ਮਿਲਦੀ ਤਾਂ ਪੰਜਾਬ ਤਰੱਕੀ ਨਹੀਂ ਕਰ ਸਕਦਾ । ਇਥੇ ਢੰਡੋਰਾ ਸਰਕਾਰ ਵਲੋਂ ਪਿਟਿਆ ਜਾ ਰਿਹਾ ਹੈ ਕਿ ਇਤਨੇ ਸਕੂਲ ਅੱਪਗਰੇਡ ਕਰ ਦਿੱਤੇ ਹਨ । ਮੈਨੂੰ ਪਤਾ ਹੈ ਕਿ ਪਹਿਲੀ ਸਰਕਾਰ ਵੇਲੇ 19 ਡਿਪਾਰਟਮੈਂਟਲ ਕਮੇਟੀਆਂ ਬਣਾਈਆਂ ਗਈਆਂ ਸਨ । ਉਸ ਤੋਂ ਬਾਅਦ 31 ਡਿਪਾਰਟਮੈਂਟਲ ਕਮੇਟੀਆਂ ਬਣਾਈਆਂ ਗਈਆਂ । 79,000 ਟ੍ਰੇਂਡ ਅਧਿਆਪਕਾਂ ਨੇ ਖਾਲੀ ਅਸਾਮੀਆਂ ਲਈ ਅਪਲਾਈ ਕੀਤਾ ਹੋਇਆ ਹੈ ਪਰ ਉਨ੍ਹਾਂ ਵਿਚੋਂ ਕੁਝ ਦੀ ਉਮਰ ਜ਼ਿਆਦਾ ਹੋ ਗਈ ਹੈ, ਉਹ ਹੁਣ ਓਵਰ-ਏਜ ਹੋ ਗਏ ਹਨ, ਉਨ੍ਹਾਂ ਅਸਾਮੀਆਂ ਨੂੰ ਭਰਨ ਦਾ ਸਰਕਾਰ ਨੇ ਕੋਈ ਇੰਤਜ਼ਾਮ ਨਹੀਂ ਕੀਤਾ ਅਤੇ ਉਹ ਅਸਾਮੀਆਂ ਖਾਲੀ ਪਈਆਂ ਹਨ । ਲੇਕਿਨ ਸਰਕਾਰ ਰੌਲਾ ਪਾਈ ਜਾ ਰਹੀ ਹੈ ਕਿ ਸਕੂਲ ਅਪਗ੍ਰੇਡ ਕਰ ਦਿੱਤੇ ਹਨ । ਦੇਖਿਆ ਜਾਵੇ ਤਾਂ ਸਕਲਾਂ ਵਿਚ ਹੈਡਮਾਸਟਰ ਨਹੀਂ, ਪ੍ਰਿੰਸੀਪਲ ਨਹੀਂ, ਸੈਕਿੰਡ ਹੈਡਮਾਸਟਰ ਨਹੀਂ । ਸਕੂਲ ਖਾਲੀ ਪਏ ਹਨ । ਜਿਸ ਦਿਨ ਸਾਡੀ ਆਪੋਜ਼ੀਸ਼ਨ ਗਰੁੱਪ ਦੀ ਲੀਡਰ ਸ਼੍ਰੀਮਤੀ ਵਿਮਲਾ ਡਾਂਗ ਨੇ ਇਥੇ ਸਕੂਲਾਂ ਸਬੰਧੀ ਮਤਾ ਲਿਆਂਦਾ ਸੀ ਅਗਰ ਉਸ ਦੀ ਪ੍ਰਵਾਨਗੀ ਕਰ ਲਈ ਹੁੰਦੀ ਤਾਂ ਅੱਜ ਦਾ ਸਮਾਂ ਜ਼ਾਇਆ ਨਾ ਹੁੰਦਾ । ਪੰਜਾਬ ਦੇ ਅੰਦਰ ਸਿੰਗਲ ਟੀਚਰ ਸਕੂਲ ਕਈ ਐਸੇ ਹਨ ਜਿਨ੍ਹਾਂ ਦੇ ਅੰਦਰ ਇਕ ਵੀ ਟੀਚਰ ਨਹੀਂ । ਐਡਹਾਕ ਬੇਸ਼ਿਜ ਦੇ ਉਪਰ ਜਿਹੜੇ ਸੈਂਟਰਲ ਹੈਡ ਹਨ, ਉਹ ਆਪਣਾ ਮਾਸਟਰ ਭੇਜਦੇ ਹਨ । ਉਹ ਉਥੇ ਵਿਜ਼ਟ ਦੇਣ ਵਾਸਤੇ ਆਉਂਦਾ ਹੈ ਪਰ ਜਦੋਂ ਅਧਿਆਪਕ ਤਨਖਾਹ ਲੈਣ ਲਈ ਚਲਾ ਜਾਵੇ, ਬੱਚੇ ਵਿਹਲੇ ਰਹਿੰਦੇ ਹਨ । ਜਿਹੜੇ ਵੀ ਸਿੰਗਲ ਟੀਚਰ ਸਕੂਲ ਹਨ, ਉਨ੍ਹਾਂ ਵਿਚ ਟੀਚਰ ਨਹੀਂ ਅਤੇ ਕਾਫੀ ਜਗ੍ਹਾ ਐਡਹਾਕ ਤੇ ਲਗੇ ਹੋਏ ਹਨ । ਅੱਜ ਲੋਕਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਗੁਰਨਾਮ ਸਿੰਘ ਧੀਰੋਵਾਲ]

ਦੇ ਨਾਲ ਵਿਦਿਆ ਦੇ ਨਾਂ ਤੇ ਖਿਲਵਾੜ ਕੀਤਾ ਜਾਵੇ ਤਾਂ ਠੀਕ ਨਹੀਂ । ਪੰਡਿਤ ਜਵਾਹਰਲਾਲ ਨਹਿਰੂ ਨੇ ਇਹ ਗੱਲ ਕੀਤੀ ਸੀ ਆਪਣੇ ਸਮੇਂ ਦੇ ਅੰਦਰ ਕਿ ਗੁਰਬਤ ਏਨੀ ਹੈ ਕਿ ਜਿਹੜਾ ਬੱਚਾ 50 ਪੈਸੇ ਕਮਾ ਕੇ ਲਿਆਵੇ, ਉਸ ਦੇ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਬਹੁਤ ਕਮਾਈ ਕੀਤੀ ਹੈ ਅਤੇ ਮਾਂ-ਬਾਪ ਨੂੰ ਵੀ ਸੰਤੁਸ਼ਟੀ ਹੁੰਦੀ ਹੈ । ਅੱਜ ਦਸ਼ਾ ਇਹ ਹੈ ਕਿ ਜਦ ਬੱਚਾ 9-10 ਸਾਲ ਦਾ ਹੁਦਾ ਹੈ ਉਸ ਨੂੰ ਮਾਂ-ਬਾਪ ਪਨੀਰੀ ਲਾਉਣ ਲਈ ਲਾ ਲੈਂਦੇ ਹਨ, ਝੋਨੇ ਤੇ ਲਾ ਦਿੰਦੇ ਹਨ, ਕਣਕ ਦੀ ਕਟਾਈ ਤੇ ਲਾ ਲੈਂਦੇ ਹਨ । ਨਾਲ ਹੀ ਬੀਵੀ ਲਾ ਲਈ ਨਾਲ ਹੀ ਬੱਚੀ ਵੀ ਲਾ ਲਈ । ਜਦ ਤੱਕ 10 ਸਾਲ ਦਾ ਬੱਚਾ ਨਹੀਂ ਹੁੰਦਾ, ਲੋਕ ਦਿਹਾੜੀ ਤੇ ਹੀ ਰਖੀ ਰੱਖਦੇ ਹਨ । ਪੂਰ ਸਕੂਲੀ ਵਿਦਿਆ ਵੱਲ ਉਹ ਲੋਕ ਮੂੰਹ ਨਹੀਂ ਕਰਦੇ । ਗੁਰਬਤ ਇਸ ਹੱਦ ਤੱਕ ਵਧ ਗਈ ਹੈ ਨਹੀਂ ਤਾਂ ਕੋਈ ਮਾਂ-ਬਾਪ ਨਹੀਂ ਚਾਹੁੰਦਾ ਕਿ ਉਸ ਦਾ ਬੱਚਾ ਅਨਪੜ੍ਹ ਰਹਿ ਜਾਵੇ, ਕੋਈ ਮਾਂ-ਬਾਪ ਨਹੀਂ ਚਾਹੁੰਦਾ ਕਿ ਉਸ ਦਾ ਬੱਚਾ ਕੱਲ ਨੂੰ ਅੰਗੂਠਾ ਛਾਪ ਬਣੇ । ਪਰ ਉਸ ਨੂੰ ਗੁਰਬਤ ਤੰਗ ਕਰਦੀ ਹੈ । ਮੁਸੀਬਤਾਂ ਤੰਗ ਕਰਦੀਆਂ ਹਨ ਮੁਸ਼ਕਲਾਂ ਜਿਹੜੀਆਂ ਵੱਧ ਚੁੱਕੀਆਂ ਹਨ, ਸਮਾਜ ਦੇ ਅੰਦਰ ਉਹ ਮਜਬੂਰ ਕਰਦੀਆਂ ਹਨ ਬੱਚਿਆਂ ਨੂੰ ਕਿ ਉਹ ਅਨਪੜ੍ਹ ਰਹਿ ਜਾਣ । ਸਕੂਲ ਅਪਗ੍ਰੇਡ ਕੀਤੇ ਹਨ, ਸਕੂਲ ਬਣਾਏ ਹਨ, ਗਿਣਤੀਆਂ ਕਰਕੇ ਟੀਚਰਾਂ ਦੀਆਂ ਗਿਣਤੀਆਂ ਦੱਸੀਆਂ ਜਾਣੀਆਂ ਅਤੇ ਪਬਲਿਕ ਰਿਲੇਸ਼ਨ ਰਾਹੀਂ ਜਨਤਾ ਵਿੱਚ ਪ੍ਰਚਾਰ ਕਰੀ ਜਾਣਾ ਕਿਥੋਂ ਤੱਕ ਜਾਇਜ਼ ਹੈ । ਇਸ ਆਜ਼ਾਦ ਦੇਸ਼ ਦੇ ਅੰਦਰ 48 ਸਾਲਾਂ ਵਿਚ ਵਿਦਿਆ ਦਾ ਮਿਆਰ 18% ਤੋਂ 50% ਹੋਇਆ ਹੈ । ਇਹ ਆਉਣ ਵਾਲੇ 6 ਸਾਲਾਂ ਦੀ ਗੱਲ ਕਰਦੇ ਹਨ ਕਿ 2000 ਸੰਨ ਤੱਕ ਜਿਹੜੀ ਸਰਕਾਰ ਗੱਲ ਕਰਦੀ ਹੈ .....

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅਪ ਕਰੋ ਜੀ । ਤੁਹਾਡਾ ਟਾਈਮ ਹੋ ਗਿਆ ਹੈ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਕਿ ਕੋਈ ਅਨਪੜ੍ਹ ਨਹੀਂ ਹੋਵੇਗਾ, ਕਿਥੋਂ ਤੱਕ ਜਾਇਜ਼ ਹੈ । ਅੱਜ ਵਿਦਿਆ ਦੇ ਨਾਂ ਤੇ ਪ੍ਰਾਈਵੇਟ ਅਦਾਰੇ ਖੋਲ੍ਹ ਕੇ ਦਿੱਤੇ ਹੋਏ ਹਨ । ਬੱਚੇ ਸਕੂਲਾਂ ਵਿਚ ਨਹੀਂ ਜਾਂਦੇ, ਸਕੂਲਾਂ ਵਿਚ ਕੋਈ ਅਧਿਆਪਕ ਨਹੀਂ, ਕੋਈ ਪ੍ਰਬੰਧ ਨਹੀਂ । ਐਜੂਕੇਸ਼ਨ ਮਨਿਸਟਰ ਸਾਹਿਬ ਬੈਠੇ ਹਨ । ਮੈਂ ਇਨ੍ਹਾਂ ਨੂੰ ਦੱਸਿਆ ਸੀ ਕਿ ਮਾੜੀ ਬੁਚੀਆਂ ਅੰਦਰ ਹਾਈ ਸਕੂਲ ਦੀ ਬਿਲਡਿੰਗ ਬਣੀ ਨੂੰ 7 ਮਹੀਨੇ ਹੋਏ ਸਨ, 100 ਬੱਚੇ ਸਾਇੰਸ ਦੀ ਲੈਬੋਰਟਰੀ ਵਿਚ ਬੈਠੇ ਸਨ, ਜਦੋਂ ਗ੍ਰਿਲ ਲਾਉਣ ਲਈ ਮਿਸਤਰੀ ਗਿਆ, ਉਸ ਨੇ ਇਕ ਸੱਟ ਮਾਰੀ ਤਾਂ ਸਾਰੀ ਬਿਲਡਿੰਗ ਹੀ ਡਿੱਗ ਪਈ । ਪਰ ਉਸ ਨੂੰ ਬਣਾਉਣ ਵਾਲੇ ਓਵਰਸੀਅਰ ਦੇ ਖਿਲਾਫ ਕੋਈ ਕਾਰਵਾਈ ਨਹੀਂ ਹੋਈ, ਕੋਈ ਕੇਸ ਰਜਿਸਟਰ ਨਹੀਂ ਕੀਤਾ ਗਿਆ । ਲੋਕਾਂ ਦੇ ਪੈਸੇ ਦੀ ਇਸ ਤਰੀਕੇ ਨਾਲ ਦੁਰਵਰਤੋਂ ਕਰਕੇ ਬਿਲਡਿੰਗਾਂ ਦੇ ਨਾਂ ਤੇ, ਸਕੂਲਾਂ ਦੇ ਨਾਂ ਤੇ ਪੀ.ਡਬਲਿਊ.ਡੀ. ਵਾਲੇ ਤੇ ਠੇਕੇਦਾਰ ਲੁੱਟ ਪਾ ਰਹੇ ਹਨ । ਜਿਵੇਂ ਹਰਿਆਣਾ ਵਾਲਿਆਂ ਨੇ ਕੀਤਾ ਹੈ 30/- ਰੁਪਿਆ ਮਹੀਨਾ .....(ਵਿਘਨ)

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ ਜੀ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਐਜੂਕੇਸ਼ਨ ਠੀਕ ਤਦ ਹੀ ਹੋ ਸਕਦੀ ਹੈ ਕਿ ਉਹ ਬਾਲ ਮਜ਼ਦੂਰ ਜਿਹੜੇ ਚਾਈਲਡ ਲੇਬਰ ਕਰਦੇ ਹਨ, ਪੜ੍ਹ ਲਿਖ ਨਹੀਂ ਸਕਦੇ, ਮਾਂ-ਬਾਪ ਦੀਆਂ ਮਜ਼ਬੂਰੀਆਂ ਹਨ ਤਾਂ ਨੰਬਰ ਇਕ ਉਹ ਬੱਚੇ ਕੰਪਨਸੇਟ ਕੀਤੇ ਜਾਣ । ਇਹ ਦੇਖਿਆ ਜਾਵੇ ਕਿ ਬਾਲ ਮਜ਼ਦੂਰਾਂ ਨੂੰ ਕਿੰਨੇ ਪੈਸੇ ਮਿਲਦੇ ਹਨ, ਉਹ ਸਕੂਲਾਂ ਦੇ ਅੰਦਰ ਹੀ ਸਰਕਾਰ ਪੈਸਾ ਕਰੇ ਭਾਵੇਂ ਕਿਤਿਉਂ ਲਿਆਵੇ.....

Mr. Deputy Speaker: Dhirowal ji, you are exceeding time limit. Please wind up now.

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਡਿਪਟੀ ਸਪੀਕਰ ਸਾਹਿਬ, ਹਾਲੇ ਮੈਂ ਆਪਣੇ ਪੁਆਇੰਟ ਨੋਟ ਕਰਵਾਉਣੇ ਹਨ ।

ਮੈਂ ਸਮਝਦਾ ਹਾਂ ਕਿ ਇਹ ਜਿਹੜੇ ਪ੍ਰਾਇਮਰੀ ਸਕੂਲ ਹਨ, ਇਹ ਜਿਹੜੀ ਪ੍ਰਾਇਮਰੀ ਐਜੂਕੇਸ਼ਨ ਹੈ, ਮੁੱਢਲੀ ਵਿਦਿਆ ਹੈ, ਜਿੰਨੀ ਦੇਰ ਤੱਕ ਇਹ ਪ੍ਰਾਈਵੇਟ ਇੰਸਟੀਚਿਊਸ਼ਨਜ਼ ਖਤਮ ਨਹੀਂ ਹੁੰਦੀਆਂ, ਜਿੰਨੀ ਦੇਰ ਤੱਕ ਅਮੀਰ ਅਤੇ ਗਰੀਬ ਬੱਚੇ ਇਕੋ ਜਗ੍ਹਾ ਤੇ ਵਿਦਿਆ ਪ੍ਰਾਪਤ ਨਹੀਂ ਕਰਦੇ, ਤਦ ਤੱਕ ਇਸ ਪ੍ਰਾਇਮਰੀ ਵਿਦਿਆ ਵਿੱਚ ਸੁਧਾਰ ਨਹੀਂ ਹੋ ਸਕਦਾ । ਜੇ ਵੱਡੇ ਵੱਡੇ ਅਫਸਰਾਂ ਦੇ ਬੱਚੇ, ਇੰਡਸਟਰੀਅਲਿਸਟਾਂ ਦੇ ਬੱਚੇ ਚੰਗੇ ਚੰਗੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਨਗੇ ਤਾਂ ਆਮ ਸਕੂਲਾਂ ਵਿਚ ਪੜ੍ਹਨ ਵਾਲੇ ਗਰੀਬ ਬੱਚੇ ਲਾਚਾਰ ਹੋਣਗੇ, ਡਿਸਹਾਰਟ ਹੋਣਗੇ, ਮਾਯੂਸ ਹੋਣਗੇ ਅਤੇ ਉਨ੍ਹਾਂ ਦੇ ਅੰਦਰ ਚੇਤਨਾ ਨਹੀਂ ਆਵੇਗੀ ।

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅਪ ਕਰੋ ਜੀ, ਤੁਹਾਡਾ ਟਾਈਮ ਖਤਮ ਹੋ ਗਿਆ ਹੈ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਜਿੰਨੀ ਦੇਰ ਤੱਕ ਅਸੀਂ ਪ੍ਰਾਈਵੇਟ ਅਦਾਰਿਆਂ ਨੂੰ ਖਤਮ ਨਹੀਂ ਕਰਦੇ ਅਤੇ ਪ੍ਰਾਇਮਰੀ ਵਿਦਿਆ ਦੇ ਇਹ ਜੋ ਇਹ ਸਾਧਨ ਹਨ, ਇਨ੍ਹਾਂ ਵਿਚਕਾਰਲਾ ਪਾੜਾ ਖਤਮ ਨਹੀਂ ਕਰ ਸਕਦੇ, ਉਨੀ ਦੇਰ ਤੱਕ ਅਸੀਂ ਆਪਣੀ ਬੇਸਿਕ ਵਿਦਿਆ ਦੇ ਇਸ ਮਿਆਰ ਵਿਚ ਵਾਧਾ ਨਹੀਂ ਕਰ ਸਕਦੇ, ਇਸ ਮਿਆਰ ਨੂੰ ਉਚਾ ਨਹੀਂ ਚੁੱਕ ਸਕਦੇ । ਮੁਢਲੀ ਵਿਦਿਆ ਦੇਣ ਵਾਸਤੇ ਬੱਚਿਆਂ ਵਿਚ ਚੇਤਨਾ ਪੈਦਾ ਕਰਨੀ ਬਹੁਤ ਜ਼ਰੂਰੀ ਹੈ । ਇਨ੍ਹਾਂ ਫਿਗਰਾਂ ਨਾਲ, ਇਨ੍ਹਾਂ ਅੰਕੜਿਆਂ ਨਾਲ ਇਹ ਚੇਤਨਾ ਪੈਦਾ ਨਹੀਂ ਕੀਤੀ ਜਾ ਸਕਦੀ । ਇਸ ਵੇਲੇ ਵਿਦਿਆ ਤੇ ਜਿਹੜਾ ਪੈਸਾ ਖਰਚ ਕੀਤਾ ਜਾ ਰਿਹਾ ਹੈ, ਇਹ ਸਿਰਫ ਲੁੱਟ ਦਾ ਸਾਧਨ ਬਣਿਆ ਹੋਇਆ ਹੈ । ਇਸ ਕਰਕੇ ਅਸੀਂ ਇਹ ਸੁਝਾਅ ਦਿੰਦੇ ਹਾਂ ਕਿ ਬੇਸਿਕ ਵਿਦਿਆ ਦਾ ਮਿਆਰ ਉਚਾ ਚੁੱਕਣ ਵਾਸਤੇ ਇਨ੍ਹਾਂ ਪ੍ਰਾਈਵੇਟ ਅਦਾਰਿਆਂ ਨੂੰ ਖਤਮ ਕੀਤਾ ਜਾਵੇ ਅਤੇ ਗਰੀਬ ਬੱਚਿਆਂ ਨੂੰ ਕੰਪਨਸੇਟ ਕੀਤਾ ਜਾਵੇ ।

ਸਰਦਾਰ ਸ਼ੇਰ ਸਿੰਘ ਗਾਗੋਵਾਲ (ਮਾਨਸਾ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਤਿਕਾਰਯੋਗ ਰਮੇਸ਼ ਦੱਤ ਜੀ ਨੇ ਪ੍ਰਾਇਮਰੀ ਵਿਦਿਆ ਦੇ ਸੁਧਾਰ ਵਾਸਤੇ ਜਿਹੜਾ ਇਥੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸ਼ੇਰ ਸਿੰਘ ਗਾਗੋਵਾਲਾ]

ਰੈਜੋਲਿਊਸ਼ਨ ਰੱਖਿਆ ਹੈ, ਮੈਂ ਇਸ ਦੀ ਪ੍ਰੋੜਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਅਸੀਂ ਸਾਰੇ ਇਹ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਪਿਛਲੇ 10-12 ਸਾਲਾਂ ਵਿਚ ਪੰਜਾਬ ਵਿਚ ਜੋ ਦੁਖਾਂਤ ਵਾਪਰਿਆ, ਉਸ ਕਾਰਨ ਜ਼ਿੰਦਗੀ ਦੇ ਸਾਰੇ ਪੱਖਾਂ ਨੂੰ ਨੁਕਸਾਨ ਹੋਇਆ। ਸਾਡੀ ਵਿਦਿਆ ਪ੍ਰਣਾਲੀ ਨੂੰ ਤਾਂ ਇਹ ਨੁਕਸਾਨ ਹੋਰ ਵੀ ਜ਼ਿਆਦਾ ਹੋਇਆ। ਦਹਿਸ਼ਤ ਗਰਦੀ ਕਾਰਨ ਅਧਿਆਪਕ ਸਕੂਲਾਂ ਵਿਚ ਨਹੀਂ ਸਨ ਜਾਂਦੇ, ਬੱਚੇ ਵੀ ਨਹੀਂ ਸਨ ਜਾਂਦੇ। ਮਾਪਿਆਂ ਨੂੰ ਬੜਾ ਭਾਰੀ ਤੌਖਲਾ ਰਹਿੰਦਾ ਸੀ ਕਿ ਜੇ ਬੱਚਾ ਸਕੂਲ ਜਾਂਦਾ ਹੈ ਤਾਂ ਪਤਾ ਨਹੀਂ ਵਾਪਸ ਵੀ ਆਵੇਗਾ ਜਾਂ ਨਹੀਂ। ਮੈਂ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦਾ ਧੰਨਵਾਦੀ ਹਾਂ ਕਿ ਇਸ ਨੇ ਵਿਦਿਆ ਪ੍ਰਣਾਲੀ ਵਿਚ ਪਿਛਲੇ 10-12 ਸਾਲਾਂ ਵਿਚ ਜਿਹੜਾ ਗੈਪ ਪੈ ਗਿਆ ਸੀ, ਉਸ ਨੂੰ ਪੂਰਾ ਕਰਨ ਲਈ ਬਹੁਤ ਉਪਰਾਲੇ ਕੀਤੇ। ਡਿਪਟੀ ਸਪੀਕਰ ਸਾਹਿਬ, ਪ੍ਰਾਇਮਰੀ ਪੱਧਰ ਤੱਕ ਲਾਜ਼ਮੀ ਵਿਦਿਆ ਦੇਣ ਵਾਸਤੇ 1960 ਵਿਚ ਕਾਨੂੰਨ ਬਣਿਆ ਸੀ ਜੋ ਬੜੀ ਖੁਸ਼ੀ ਦੀ ਗੱਲ ਹੈ ਲੇਕਿਨ ਉਸ ਕਾਨੂੰਨ ਨੂੰ ਅਮਲੀ ਜਾਮਾ ਪਹਿਨਾਉਣਾ ਅਤਿਅੰਤ ਜ਼ਰੂਰੀ ਹੈ। ਹਾਲੇ ਵੀ ਸਾਰੇ ਦੇ ਸਾਰੇ ਬੱਚੇ ਇਹ ਮੁੱਢਲੀ ਵਿਦਿਆ ਪ੍ਰਾਪਤ ਨਹੀਂ ਕਰਦੇ। ਮੈਂ ਮਾਨਯੋਗ ਵਿੱਦਿਆ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੇ ਸੋਰਸਿਜ਼ ਰਾਹੀਂ ਇਸ ਗੱਲ ਦਾ ਸਰਵੇਖਣ ਕਰਵਾਉਣ ਕਿ ਸਾਰੇ ਬੱਚੇ ਸਕੂਲਾਂ ਵਿਚ ਜਾਂਦੇ ਹਨ ਜਾਂ ਨਹੀਂ, ਪ੍ਰਾਇਮਰੀ ਪੱਧਰ ਤੱਕ ਪੰਜਵੀਂ ਜਮਾਤ ਤਕ ਸਾਰੇ ਬੱਚੇ ਸਕੂਲਾਂ ਵਿੱਚ ਜਾਂਦੇ ਹਨ ਜਾਂ ਨਹੀਂ।

ਪੰਜਵੀਂ ਜਮਾਤ ਤੱਕ ਇਹ ਵੀ ਸਰਵੇਖਣ ਕਰਵਾਉਣਾ ਬਹੁਤ ਜ਼ਰੂਰੀ ਹੈ ਕਿ ਆਇਆ ਉਹ ਪੜ੍ਹਾਈ ਠੀਕ ਕਰਵਾਉਂਦੇ ਹਨ ਜਾਂ ਕਿ ਉਹ ਨਿਰਾ ਹੀ ਬੋਗਸ ਕੰਮ ਹੈ, ਬੱਚਿਆਂ ਦੀ ਜ਼ਿੰਦਗੀ ਤਬਾਹੀ ਦੇ ਰਾਹ ਤੇ ਚਲੀ ਜਾਂਦੀ ਹੈ। ਜੇ ਉਨ੍ਹਾਂ ਨੂੰ ਪ੍ਰਾਇਮਰੀ ਵਿਦਿਆ ਠੀਕ ਨਾ ਮਿਲੇ ਜਿਵੇਂ ਜੇ ਮਕਾਨ ਦੀ ਚੰਗੀ ਤਰ੍ਹਾਂ ਨੀਂਹ ਨਾ ਟਿਕੇ ਤਾਂ ਮਕਾਨ ਬੇਸ਼ੱਕ ਉਸਰ ਜਾਵੇ ਪਰ ਉਹ ਢਹਿ ਜਾਂਦਾ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਤਿਕਾਰਯੋਗ ਸਿੱਖਿਆ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਦਾ ਉਹ ਪਰਾਪਰ ਸਲਿਊਸ਼ਨ ਲੱਭਣ ਜਿਹੜੇ ਇਸ ਤਰ੍ਹਾਂ ਦੇ ਬੱਚੇ ਪੰਜਵੀਂ ਤਕ ਪਾਸ ਨਾ ਹੋਣ, ਜਿਨ੍ਹਾਂ ਨੂੰ ਪੈਂਤੀ ਅੱਖਰ ਵੀ ਨਾ ਆਉਂਦੇ ਹਣ, ਉਨ੍ਹਾਂ ਦੀ ਜ਼ਿੰਦਗੀ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕਦੀ। ਇਹ ਮੇਰਾ ਤੁਹਾਡੇ ਰਾਹੀਂ ਵਿਦਿਆ ਮੰਤਰੀ ਜੀ ਨੂੰ ਸੁਝਾਅ ਹੈ। 6 ਸਾਲ ਤੋਂ ਘਟਾ ਕੇ 5 ਸਾਲ ਤੱਕ ਦੇ ਬੱਚਿਆਂ ਨੂੰ ਸਕੂਲ ਜਾਣ ਲਈ ਪਰਮਿਟ ਕੀਤਾ ਗਿਆ, ਇਹ ਬਹੁਤ ਹੀ ਅੱਛੀ ਗੱਲ ਹੈ, ਬੱਚਾ ਹੋਰ ਵੀ ਥੋੜ੍ਹਾ ਜਿਹਾ ਇਸ ਪਾਸੇ ਲੱਗਣ ਨਾਲ ਅੱਗੇ ਵੱਧਦਾ ਹੈ। ਡਿਪਟੀ ਸਪੀਕਰ ਸਾਹਿਬ, ਸਾਲ 1994-95 ਦੌਰਾਨ ਰਾਜ ਵਿਚ 50 ਨਵੇਂ ਪ੍ਰਾਇਮਰੀ ਸਕੂਲ ਖੋਲ੍ਹੇ ਗਏ ਹਨ। ਪਹਿਲਾਂ ਇਹ 12,464 ਸਕੂਲ ਸਨ ਅੌਰ 900 ਸਕੂਲਾਂ ਦੀਆਂ ਬਰਾਂਚਾਂ ਚਲ ਰਹੀਆਂ ਹਨ। ਇਹ 150 ਸਕੂਲ ਹੋਰ ਖੋਲ੍ਹਣ ਦਾ ਟੀਚਾ ਸਰਕਾਰ ਨੇ ਨਿਯਤ ਕੀਤਾ ਹੈ, ਇਹ ਬਹੁਤ ਹੀ ਸ਼ਲਾਘਾਯੋਗ ਹੈ ਅਤੇ ਵਿਦਿਆ ਦੇ ਸੁਧਾਰ ਵੱਲ ਬਹੁਤ ਵੱਡਾ ਕਦਮ ਹੈ। ਸਕੂਲਾਂ ਦੇ ਵਿੱਚ ਖੇਡਾਂ ਦਾ, ਫਰਨੀਚਰ ਦਾ ਸਾਮਾਨ ਤਿਆਰ ਕਰਨ ਲਈ 3 ਲੱਖ 39 ਹਜ਼ਾਰ ਰੁਪਏ ਖਰਚ ਕੀਤੇ ਗਏ ਹਨ। ਹੁਣੇ ਹੁਣੇ ਸਤਿਕਾਰਯੋਗ ਕਾਮਰੇਡ ਗੁਰਨਾਮ ਸਿੰਘ ਧੀਰੇਵਾਲ ਜੋ ਮੇਰੇ ਤੋਂ ਪਹਿਲਾਂ ਬੋਲ

Original with;
Punjab Vidhan Sabha
Digitized by;
Punjab Digital Library

ਰਹੇ ਸਨ, ਨੇ ਕਿਹਾ ਹੈ ਕਿ ਸਕੂਲਾਂ ਦੀਆਂ ਬਿਲਡਿੰਗਾਂ ਨਹੀਂ ਹਨ, ਸਕੂਲਾਂ ਦੇ ਵਿੱਚ ਕੋਈ ਤੱਪੜ ਜਾਂ ਦਰੀਆਂ ਵਗੈਰਾ ਨਹੀਂ ਹਨ । ਉਨ੍ਹਾਂ ਵਾਸਤੇ ਸਰਕਾਰ ਨੇ 70 ਲੱਖ ਖਰਚ ਕਰਕੇ 100 ਨਵੇਂ ਕਮਰਿਆਂ ਦੀ ਉਸਾਰੀ ਕਰਵਾਈ ਹੈ ਅਤੇ 1994-95 ਦੇ ਦੌਰਾਨ 114 ਨਵੀਆਂ ਇਮਾਰਤਾਂ ਸਕੂਲਾਂ ਦੀਆਂ ਬਣ ਰਹੀਆਂ ਹਨ ਜਿਨ੍ਹਾਂ ਤੇ 215 ਲੱਖ ਰੁਪਏ ਖਰਚ ਆਉਣਗੇ । ਇਹ ਜਿਹੜੀਆਂ ਸਰਕਾਰ ਦੀਆਂ ਪ੍ਰਾਪਤੀਆਂ ਹਨ, ਇਨ੍ਹਾਂ ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ । ਇਹ ਵਿਦਿਆ ਦੇ ਮਿਆਰ ਨੂੰ ਬਿਹਤਰ ਕਰਨ ਲਈ ਬਹੁਤ ਹੀ ਅਹਿਮ ਕਦਮ ਹਨ । ਤਿੰਨ ਬਾਰਡਰ ਦੇ ਜ਼ਿਲ੍ਹੇ ਗੁਰਦਾਸਪੁਰ, ਫਿਰੋਜ਼ਪੁਰ ਅਤੇ ਅੰਮ੍ਰਿਤਸਰ ਹਨ, ਇਨ੍ਹਾਂ ਜ਼ਿਲ੍ਹਿਆਂ ਦੇ ਵਿੱਚ ਬੱਚਿਆਂ ਨੂੰ ਲਾਇਬਰੇਰੀ ਅਤੇ ਹੋਰ ਸਹੂਲਤਾਂ ਦੇਣ ਲਈ ਸਰਕਾਰ ਵਲੋਂ 30 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ । ਇਹ ਵੀ ਇਕ ਬਹੁਤ ਹੀ ਸ਼ਲਾਘਾਯੋਗ ਕੰਮ ਹੈ । ਜਿਹੜੇ ਪ੍ਰਾਇਮਰੀ ਸਕੂਲਾਂ ਦੇ ਅਧਿਆਪਕ ਹਨ ਜਿਨ੍ਹਾਂ ਦੀ ਵਿਦਿਅਕ ਯੋਗਤਾ ਪਹਿਲਾਂ 10ਵੀਂ ਜਮਾਤ ਪਾਸ ਸੀ, ਹੁਣ 10 + 2 ਤੱਕ ਦੀ ਪੜ੍ਹਾਈ ਕਰ ਦਿੱਤੀ ਹੈ । ਇਸ ਨਾਲ ਪੜ੍ਹਾਈ ਵਿੱਚ ਬਹੁਤ ਹੀ ਸੁਧਾਰ ਆਵੇਗਾ ਅਤੇ ਜ਼ਿਆਦਾ ਅੰਜੂਕੇਟਿਡ ਬੰਦੇ ਅਧਿਆਪਕ ਲਗ ਕੇ ਬੱਚਿਆਂ ਨੂੰ ਪੜ੍ਹਾਉਣਗੇ । ਬੱਚਿਆਂ ਨੂੰ ਹੋਰ ਸਹੂਲਤਾਂ ਦੇਣ ਲਈ 400 ਆਰਜ਼ੀ ਅਧਿਆਪਕ ਨਿਯੁਕਤ ਕੀਤੇ ਗਏ ਹਨ, ਅਧਿਆਪਕਾਂ ਨੂੰ ਸਿੱਖਿਆ ਦੀਆਂ ਨਵੀਆਂ ਤਕਨੀਕਾਂ ਦੀ ਜਾਣਕਾਰੀ ਉਪਲਬਧ ਕਰਾਉਣ ਲਈ ਭਾਰਤ ਸਰਕਾਰ ਵਲੋਂ . . . (ਵਿਘਨ)

(ਇਸ ਸਮੇਂ ਮਾਨਯੋਗ ਮੈਂਬਰ ਸਾਹਿਬ ਪੇਪਰ ਦੇਖ ਕੇ ਬੜੀ ਧੀਮੀ ਗਤੀ ਵਿਚ ਬੋਲ ਰਹੇ ਸਨ)

ਸ਼੍ਰੀ ਡਿਪਟੀ ਸਪੀਕਰ : ਗਾਗੋਵਾਲਾ ਸਾਹਿਬ ਤੁਸੀਂ ਪੇਪਰ ਪੜ੍ਹ ਰਹੇ ਹੋ ਜਾਂ ਡਿਸਕਸ਼ਨ ਵਿੱਚ ਹਿੱਸਾ ਲੈ ਰਹੇ ਹੋ ?

ਸ਼੍ਰੀ ਜਗਦੀਸ਼ ਸਾਹਨੀ : ** ** **

ਸ਼੍ਰੀ ਡਿਪਟੀ ਸਪੀਕਰ : ਸਾਹਨੀ ਸਾਹਿਬ, ਬੈਠੋ ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਸ਼ਰ ਸਿੰਘ ਗਾਗੋਵਾਲਾ : ਡਿਪਟੀ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਤਾਂ ਅਧਿਆਪਕਾਂ ਦੀ ਅੰਜੂਕੇਸ਼ਨ 10 + 2 ਕਰਨ ਬਾਰੇ ਗੱਲ ਕਰ ਰਿਹਾ ਹਾਂ, ਜਿਨ੍ਹਾਂ ਨੇ ਕਿ ਪ੍ਰਾਇਮਰੀ ਵਾਲਿਆਂ ਨੂੰ ਪੜ੍ਹਾਉਣਾ ਹੈ । ਮੈਂ ਇਹ ਤਾਂ ਨਹੀਂ ਕਿਹਾ ਕਿ 10 + 2 ਸਕੂਲ ਪ੍ਰਾਇਮਰੀ ਸਕੂਲਾਂ ਵਿੱਚ ਸ਼ਾਮਲ ਹਨ । ਪਤਾ ਨਹੀਂ ਇਹ ਕਿਹੜੇ ਸਟੇਸ਼ਨ ਤੋਂ ਬੋਲ ਰਹੇ ਹਨ । (ਹਾਸਾ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਇਕ ਆਵਾਜ਼ : ਇਹ ਪਤਾ ਨਹੀਂ ਕਿਹੜੇ ਸਕੂਲ ਵਿੱਚੋਂ ਪੜ੍ਹੇ ਹਨ ?

ਸ਼੍ਰੀ ਜਗਦੀਸ਼ ਸਾਹਨੀ : ਮੈਂ ਅਨਪੜ੍ਹ ਹਾਂ ਜੀ ।

ਸਰਦਾਰ ਸ਼ੇਰ ਸਿੰਘ ਗਾਗੋਵਾਲਾ : ਡਿਪਟੀ ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ 425 ਨਵੇਂ ਸਕੂਲ ਪਿਛਲੀ ਵਾਰ ਖੋਲ੍ਹੇ ਸਨ ਅਤੇ ਅੱਤਕੀਂ ਫਿਰ 520-525 ਸਕੂਲ ਖੋਲ੍ਹਣ ਜਾ ਰਹੇ ਹਨ । ਕੀ ਇਹ ਵਿਦਿਆ ਦੇ ਸੁਧਾਰ ਵੱਲ ਕਦਮ ਨਹੀਂ ਹਨ ? ਇਸ ਤੋਂ ਇਲਾਵਾ ਮੇਰੇ ਕਈ ਮਾਨਯੋਗ ਮੈਂਬਰਾਂ ਨੇ ਕਿਹਾ ਤੇ ਜ਼ਿਕਰ ਕੀਤਾ ਕਿ ਵਿਕਾਸ ਦਾ ਕੰਮ ਬਹੁਤ ਜ਼ਿਆਦਾ ਹੋਇਆ ਹੈ, ਵਿਦਿਆ ਤੇ ਪੈਸਾ ਬਹੁਤ ਖ਼ਰਚ ਕੀਤਾ ਜਾ ਰਿਹਾ ਹੈ ਪਰ ਉਸ ਪੈਸੇ ਨੂੰ ਠੇਕੇਦਾਰ ਅਤੇ ਮਹਿਕਮਾ ਸਹੀ ਢੰਗ ਨਾਲ ਨਹੀਂ ਲਾਉਂਦਾ ਅਤੇ ਰਾਹ ਵਿਚ ਹੀ ਲੁੱਟ-ਖਸੁੱਟ ਹੋ ਜਾਂਦੀ ਹੈ । ਪਰ ਉਨ੍ਹਾਂ ਨੇ ਇਹ ਸੁਝਾਅ ਤਾਂ ਨਹੀਂ ਦਿੱਤਾ ਕਿ ਜੇਕਰ ਉਨ੍ਹਾਂ ਦੀ ਅਪੋਜ਼ੀਸ਼ਨ ਪਾਰਟੀ ਸਕੂਲ ਬਣਾਵੇਗੀ ਤਾਂ ਉਹ ਪੈਸਾ ਠੀਕ ਢੰਗ ਨਾਲ ਲਾਉਣਗੇ ? ਜੇਕਰ ਇਸ ਤਰ੍ਹਾਂ ਦਾ ਕੋਈ ਸੁਝਾਓ ਦੇ ਦਿੰਦੇ ਤਾਂ ਸਰਕਾਰ ਉਸ ਤੇ ਵਿਚਾਰ ਕਰ ਸਕਦੀ ਸੀ । ਦੋ ਏਜੰਸੀਆਂ ਰਾਹੀਂ ਹੀ ਪੈਸਾ ਲਗਦਾ ਹੈ : ਠੇਕੇਦਾਰ ਰਾਹੀਂ ਜਾਂ ਮਹਿਕਮੇ ਵਲੋਂ । ਡਿਪਟੀ ਸਪੀਕਰ ਸਾਹਿਬ, ਕੀਤੇ ਗਏ ਕੰਮਾਂ ਉਤੇ ਨੁਕਤਾਚੀਨੀ ਕਰਨਾ ਬੜਾ ਸੌਖਾ ਹੈ ਪਰ ਕਿਸੇ ਵੀ ਅਪੋਜ਼ੀਸ਼ਨ ਦੇ ਮਾਨਯੋਗ ਮੈਂਬਰ ਸਾਹਿਬ ਨੇ, ਜਿਸ ਦਿਨ ਤੋਂ ਭਾਵ 28 ਫਰਵਰੀ, 1995 ਤੋਂ ਸੈਸ਼ਨ ਸ਼ੁਰੂ ਹੋਇਆ ਹੈ, ਕੋਈ ਇਹ ਦਲੀਲ ਨਹੀਂ ਦਿੱਤੀ ਕਿ ਇਸ ਤੋਂ ਪਿਛਲੀਆਂ ਸਰਕਾਰਾਂ ਜਿਹੜੀਆਂ ਆਈਆਂ ਹਨ ਉਨ੍ਹਾਂ ਨੇ ਆਹ ਪ੍ਰਾਪਤੀਆਂ ਕੀਤੀਆਂ ਹਨ ਅਤੇ ਉਸ ਦੇ ਮੁਕਾਬਲੇ ਸਾਡੀ ਸਰਕਾਰ ਨੇ ਕੀ ਪ੍ਰਾਪਤੀਆਂ ਕੀਤੀਆਂ ਹਨ । ਕੋਈ ਇਹੋ ਜਿਹੀ ਦਲੀਲ ਤਾਂ ਇਥੇ ਦਿੱਤੀ ਨਹੀਂ ਗਈ । ਮੈਂ ਕਹਿੰਦਾ ਹਾਂ ਕਿ ਜਿੰਨੀ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਵਿਦਿਆ ਦੇ ਖੇਤਰ ਵਿੱਚ, ਵਿਕਾਸ ਦੇ ਖੇਤਰ ਵਿੱਚ ਤਰੱਕੀ ਕੀਤੀ ਅਤੇ ਅਮਨ-ਕਾਨੂੰਨ ਦੇ ਮਸਲੇ ਵਿੱਚ ਜਿੰਨਾ ਕੰਮ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਕੀਤਾ ਹੈ ਪਿਛੇ ਤਾਂ ਕੋਈ ਇਹੋ ਜਿਹੀ ਗੱਲ ਨਜ਼ਰ ਨਹੀਂ ਆਉਂਦੀ । ਜੇ ਸਾਹਨੀ ਸਾਹਿਬ ਅੱਗੇ ਨੂੰ ਕਰਕੇ ਦਿਖਾ ਦੇਣ ਤਾਂ ਫਿਰ ਸੋਚਿਆ ਜਾ ਸਕਦਾ ਹੈ ।

ਸ਼੍ਰੀ ਜਗਦੀਸ਼ ਸਾਹਨੀ : ਵਕਤ ਆਏਗਾ ਤਾ ਜ਼ਰੂਰ ਦਸਾਂਗੇ ।

Mr. Deputy Speaker : Gagowala ji, please continue.

ਸਰਦਾਰ ਸ਼ੇਰ ਸਿੰਘ ਗਾਗੋਵਾਲਾ : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਵਿਦਿਆ ਦੇ ਖੇਤਰ ਵਿੱਚ ਸਰਕਾਰ ਨੇ ਬਹੁਤ ਹੀ ਸ਼ਲਾਘਾਯੋਗ ਪ੍ਰਾਪਤੀਆਂ ਕੀਤੀਆਂ ਹਨ ਪਰ ਇਸ ਤੋਂ ਪਹਿਲਾਂ ਕੋਈ ਪ੍ਰਾਪਤੀ ਨਜ਼ਰ ਨਹੀਂ ਆਉਂਦੀ । ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿੰਨੇ ਕਾਲਜ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਖੋਲ੍ਹੇ ਉਤਨੇ ਪਹਿਲਾਂ ਕਿਸੇ ਨੇ ਨਹੀਂ ਖੋਲ੍ਹੇ ।

(ਇਸ ਸਮੇਂ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਪੁਆਇੰਟ ਆਫ ਆਰਡਰ ਰੇਜ਼ ਕਰਨ ਦੀ ਮੰਗ ਕਰ ਰਹੇ ਸਨ ।)

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਹਾਂ ਜੀ, ਚਾਵਲਾ ਜੀ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਡਿਪਟੀ ਸਪੀਕਰ ਸਾਹਿਬ, ਮੇਰੀ ਪ੍ਰਾਰਥਨਾ ਹੈ ਕਿ ਸਦਨ ਦਾ ਟਾਈਮ ਗਿਣਿਆ-ਮਿਥਿਆ ਹੈ । ਜੇ ਧੀਮੀ ਗਤੀ ਦੇ ਸਮਾਚਾਰ ਇਸੀ ਤਰ੍ਹਾਂ ਚਲਦੇ ਰਹੇ ਤਾਂ ਕਿਤੇ ਸਾਡੀ ਪਾਰਟੀ ਦਾ ਟਾਈਮ ਤਾਂ ਨਹੀਂ ਕੱਟਿਆ ਜਾਵੇਗਾ ?

ਸ਼੍ਰੀ ਡਿਪਟੀ ਸਪੀਕਰ ਇਹ ਆਪਣਾ ਟਾਈਮ ਲੈ ਰਹੇ ਹਨ ।

ਸਰਦਾਰ ਸ਼ੇਰ ਸਿੰਘ ਗਾਗੋਵਾਲਾ : ਅਨੁਸੂਚਿਤ ਜਾਤੀਆਂ ਦੇ ਬੱਚਿਆਂ ਨੂੰ ਹਰ ਮਹੀਨੇ 300/- ਰੁਪਏ ਵਜੀਫ਼ਾ ਦਿੱਤਾ ਜਾਂਦਾ ਹੈ । (ਹਾਸਾ)

ਇਕ ਆਵਾਜ਼ : ਹਰ ਮਹੀਨੇ ਨਹੀਂ ਹਰ ਸਾਲ ਦਿੱਤਾ ਜਾਂਦਾ ਹੈ ।

ਸਰਦਾਰ ਸ਼ੇਰ ਸਿੰਘ ਗਾਗੋਵਾਲਾ : ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣ ਲਈ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਖੁਸ਼ੀ ਦੀ ਗੱਲ ਹੈ ਕਿ (ਵਿਘਨ)

Mr. Deputy Speaker: Sawhney Sahib, please talk to me. If you want to say, talk through me.

ਸ਼੍ਰੀ ਜਗਦੀਸ਼ ਸਾਹਨੀ : ਇਹ ਮੇਰੇ ਛੋਟੇ ਭਰਾ ਹਨ, ਜੀ ।

ਸ਼੍ਰੀ ਡਿਪਟੀ ਸਪੀਕਰ ਬਾਹਰ ਜਾ ਕੇ ਗੱਲ ਕਰ ਲੈਣਾ, ਹਾਊਸ ਵਿੱਚ ਨਹੀਂ ।

ਸਰਦਾਰ ਸ਼ੇਰ ਸਿੰਘ ਗਾਗੋਵਾਲਾ : ਅਨੁਸੂਚਿਤ ਜਾਤੀਆਂ ਦੇ ਵਰਗਾਂ ਨੂੰ, ਦਲਿਤ ਵਰਗਾਂ ਨੂੰ ਅੱਗੇ ਲਿਜਾਉਣ ਵਾਸਤੇ ਸਰਕਾਰ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿਚ ਇਕ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਜਿਹੜੇ ਸਵਰਨ ਜਾਤੀਆਂ ਨਾਲ ਸਬੰਧਤ ਲੋਕ ਹਨ, ਉਨ੍ਹਾਂ ਦੀ ਮਾਲੀ ਹਾਲਤ ਦਾ ਜੇ ਸਰਵੇ ਕਰੀਏ ਤਾਂ ਜ਼ੀਰੋ ਤੇ ਜਾ ਕੇ ਖੜਦੀ ਹੈ । ਸਰਕਾਰ ਨੂੰ ਇਸ ਗੱਲ ਦਾ ਸਰਵੇਖਣ ਕਰਵਾਉਣਾ ਚਾਹੀਦਾ ਹੈ । ਉਨ੍ਹਾਂ ਲੋਕਾਂ ਦੇ ਬੱਚਿਆਂ ਨੂੰ ਰਿਆਇਤਾਂ ਮਿਲਣੀਆਂ ਚਾਹੀਦੀਆਂ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਅੰਖੀਰ ਵਿਚ ਇੱਕ ਦੋ ਗੱਲਾਂ ਹੋਰ ਵੀ ਕਰਨੀਆਂ ਚਾਹੁੰਦਾ ਹਾਂ । ਇਸ ਮਹਾਨ ਸਦਨ ਵਿੱਚ ਅੱਜ ਡਾਕਟਰ ਸਾਹਿਬ ਨਹੀਂ ਹਨ ।

ਖੇਤੀਬਾੜੀ ਅਤੇ ਵਣ ਮੰਤਰੀ : ਆ ਜਾਂਦੇ ਹਨ ਹੁਣੇ ।

ਸਰਦਾਰ ਸ਼ੇਰ ਸਿੰਘ ਗਾਗੋਵਾਲਾ : ਇਨ੍ਹਾਂ ਨੇ ਇਹ ਵਿਚਾਰ ਨਹੀਂ ਰੱਖੀ ਕਿ— (ਵਿਘਨ) ਜਿਣਸਾਂ ਦੇ ਭਾਅ ਨਹੀਂ ਦਿੱਤੇ ਗਏ । ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸੀ ਤਾਂ ਉਦੋਂ ਕਣਕ ਦਾ ਭਾਅ 108/-ਰੁਪਏ ਦਿੱਤਾ ਗਿਆ ਔਰ 5/-ਰੁਪਏ ਬੋਨਸ ਦਿੱਤਾ ਗਿਆ । ਫਿਰ 1977 ਵਿਚ ਸ਼ਤਿਕਾਰਯੋਗ ਬਾਦਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਸ਼ੇਰ ਸਿੰਘ ਗਾਗੋਵਾਲਾ]

ਸਾਹਿਬ ਦੀ ਸਰਕਾਰ ਆਈ ਤਾਂ ਉਨ੍ਹਾਂ ਨੇ 109/-ਰੁਪਏ ਭਾਅ ਦਿੱਤਾ ਅੱਰ 5/- ਰੁਪਏ ਬੋਨਸ ਨਹੀਂ ਦਿੱਤਾ । ਚਾਰ ਰੁਪਏ ਘਟਾ ਦਿੱਤੇ ।

ਸ਼੍ਰੀ ਜਗਦੀਸ਼ ਸਾਹਨੀ : ਡਿਪਟੀ ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਆਪਾਂ ਸਿੱਖਿਆ ਦੇ ਮੁਤੱਲਕ ਡਿਸਕਸ਼ਨ ਕਰ ਰਹੇ ਹਾਂ । ਕਿਸਾਨਾਂ ਦੇ ਬੋਨਸ ਤੇ ਹੋਰ ਗੱਲ ਬਾਤ ਮੇਰੇ ਮਾਨਯੋਗ ਮੈਂਬਰ . . (ਵਿਘਨ)

ਸ਼੍ਰੀ ਡਿਪਟੀ ਸਪੀਕਰ : ਇਹ ਕੁਨੈਕਟਿਡ ਸਬਜੈਕਟ ਹੈ ।

ਸ਼੍ਰੀ ਜਗਦੀਸ਼ ਸਾਹਨੀ : ਮੇਰੇ ਖਿਆਲ ਵਿੱਚ ਬੋਨਸ ਦਾ ਐਜੂਕੇਸ਼ਨ ਨਾਲ ਕੋਈ ਤੁਅੱਲਕ ਨਹੀਂ ਹੈ ।

ਸ਼੍ਰੀ ਡਿਪਟੀ ਸਪੀਕਰ : ਹਾਂ ਜੀ, ਰਮਨ ਭੱਲਾ ਜੀ ।

ਸ਼੍ਰੀ ਰਮਨ ਭੱਲਾ : ਇਹ ਬਿਲਕੁਲ ਸ਼ਿਖਸ਼ਾ ਦੀ ਗੱਲ ਹੈ ਕਿਉਂਕਿ ਬਹੁਤ ਸਾਰੇ ਮੈਂਬਰਾਂ ਨੂੰ ਇਹ ਪਤਾ ਨਹੀਂ ਕਿ ਸਾਡੀ ਸਰਕਾਰ ਨੇ ਕੀ ਕੁਝ ਕੀਤਾ ਹੈ । ਇਹ ਗਿਆਨ ਦੇਣ ਲਈ ਹੀ ਕਹਿ ਰਹੇ ਹਨ ।

Mr. Deputy Speaker: Please resume your seat.

ਸ਼੍ਰੀ ਜਗਦੀਸ਼ ਸਾਹਨੀ : ਡਿਪਟੀ ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਮੇਰੇ ਮਾਨਯੋਗ ਮੈਂਬਰ ਜੀ ਨੇ ਜੋ ਦੱਸਿਆ ਹੈ ਕਿ ਬੜਾ ਵਿਕਾਸ ਹੋਇਆ ਹੈ, ਸਰਕਾਰ ਦੇ ਡਿਵੈਲਪਮੈਂਟ ਦੇ ਕੰਮ ਹੋਏ ਹਨ (ਵਿਘਨ) ਸੀ.ਐਮ.ਸਾਹਿਬ ਕਹਿ ਕੇ ਗਏ ਹਨ । ਇਹ ਆਪਣੀਆਂ ਸਪੀਚਾਂ ਵਿੱਚ ਦੱਸਿਆ ਜਾ ਸਕਦਾ ਹੈ । ਹੁਣ ਇਹ ਪਾਰਟੀਕੁਲਰ ਸਬਜੈਕਟ ਤੇ ਚੱਲ ਰਹੇ ਹਨ ਅੱਰ ਮੈਂ ਨਹੀਂ ਸਮਝਦਾ ਕਿ ਇਸ ਸਬਜੈਕਟ ਨਾਲ ਇਸ ਦਾ ਕੋਈ ਤੁਅੱਲਕ ਹੈ ।

Mr. Deputy Speaker : Please resume your seat.

ਖੇਤੀਬਾੜੀ ਅਤੇ ਵਣ ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਕਿਹਾ ਹੈ ਕਿ ਖੇਤੀਬਾੜੀ ਦਾ ਕੋਈ ਤੁਅੱਲਕ ਨਹੀਂ ਹੈ । ਜੇਕਰ ਖੇਤੀਬਾੜੀ ਨਹੀਂ ਹੋਏਗੀ, ਰੋਟੀ ਨਹੀਂ ਮਿਲੇਗੀ ਤਾਂ ਪੜ੍ਹਾਂਗੇ ਕਿੱਦਾਂ । ਇਸ ਲਈ ਇਸ ਦਾ ਤੁਅੱਲਕ ਹੈ । ਪੰਜਾਬ ਵਿੱਚ ਤਾਂ ਹੈ ਹੀ ਖੇਤੀਬਾੜੀ ।

ਸਰਦਾਰ ਸ਼ੇਰ ਸਿੰਘ ਗਾਗੋਵਾਲਾ : ਸਾਹਨੀ ਸਾਹਿਬ, ਪਹਿਲਾਂ ਸੁਣੋ । ਡਿਪਟੀ ਸਪੀਕਰ ਸਾਹਿਬ, ਸਾਹਨੀ ਸਾਹਿਬ ਜਦੋਂ ਬੋਲਦੇ ਹਨ ਤਾਂ ਸਾਰੇ ਮਹਿਕਮਿਆਂ ਤੋਂ ਬਾਹਰ ਬੋਲ ਜਾਂਦੇ ਹਨ । ਇਨ੍ਹਾਂ ਨੂੰ ਪਤਾ ਨਹੀਂ ਮੇਰੀ ਗੱਲ ਤੇ ਕਿਉਂ ਗਿਲਾ ਹੋ ਗਿਆ । ਖਵਣੀ ਤਾਂ ਇਥੇ ਬਾਦਲ ਸਾਹਿਬ ਦੇ ਨਾਲ ਕੁਲੀਸ਼ਨ ਸਰਕਾਰ ਸੀ, ਸਾਂਝੀ ਸਰਕਾਰ ਸੀ, ਇਸ ਕਰਕੇ ਤਾਂ ਗਿਲਾ ਨਹੀਂ ਹੋ ਰਿਹਾ, ਖਵਣੀ ਅਗਾਂਹ ਨੂੰ ਸਾਂਝ ਪਾਉਣੀ ਹੈ ।

ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਮਾਲੀ ਹਾਲਤ ਹੈ, ਪਿੱਛੇ ਜਿਹੇ ਵੀ ਕਿਹਾ ਗਿਆ ਕਿ ਜਿਨਾਂ ਚਿਰ ਸਾਡੀ ਮਾਲੀ ਪੁਜ਼ੀਸ਼ਨ ਠੀਕ ਨਹੀਂ ਤਾਂ ਅਸੀਂ ਵਿੱਦਿਆ ਦਾ

Original with;
Punjab Vidhan Sabha
Digitized by;
Panjab Digital Library

ਮਿਆਰ ਕਿਵੇਂ ਉਚਾ ਕਰ ਸਕਦੇ ਸੀ । ਪਹਿਲਾਂ ਵਿਦਿਆ ਜਰੂਰੀ ਹੈ ਫਿਰ ਮਾਲੀ ਹਾਲਤ ਅੱਛੀ ਹੋ ਸਕਦੀ ਹੈ । ਪਹਿਲਾਂ ਵਿਦਿਆ ਜ਼ਰੂਰੀ ਹੈ . . .

ਸ਼੍ਰੀ ਜਗਦੀਸ਼ ਸਾਹਨੀ : ਵਿਦਿਆ ਜਾਂ ਮਾਲੀ ਹਾਲਤ ?

ਸਰਦਾਰ ਸ਼ੇਰ ਸਿੰਘ ਗਾਗੋਵਾਲਾ : ਪਹਿਲਾਂ ਵਿਦਿਆ ਜ਼ਰੂਰੀ ਹੈ, ਫਿਰ ਮਾਲੀ ਹਾਲਤ ਅੱਛੀ ਹੋ ਸਕਦੀ ਹੈ, ਸਾਹਨੀ ਸਾਹਿਬ, ਮੈਂ ਕਿਹਾ ਹੈ ਕਿ ਪਹਿਲਾਂ ਵਿਦਿਆ ਜ਼ਰੂਰੀ ਹੈ, ਫਿਰ ਮਾਲੀ ਹਾਲਤ, ਤੁਸੀਂ ਸੁਣਨ ਦੀ ਕੋਸ਼ਿਸ਼ ਕਰੋ ।

ਸ਼੍ਰੀ ਡਿਪਟੀ ਸਪੀਕਰ : ਸਾਹਨੀ ਸਾਹਿਬ, ਸੁਣਨ ਦੀ ਕੋਸ਼ਿਸ਼ ਕਰ । ਇੰਨੇ ਕੁਮੈਂਟਸ ਨਾ ਕਰੋ । ਸੁਣ ਤਾਂ ਲਉ, ਜਦੋਂ ਤੁਹਾਡੀ ਵਾਰੀ ਆਏਗੀ ਤਾਂ ਬਲ ਲੈਣਾ ।

ਸਰਦਾਰ ਸ਼ੇਰ ਸਿੰਘ ਗਾਗੋਵਾਲਾ : ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਜੋ ਮੈਂਬਰ ਸਾਹਿਬ ਨੇ ਬੋਲਿਆ ਹੈ ਉਸ ਦਾ ਜਵਾਬ ਦੇਣਾ ਹੈ । ਇਸ ਵਿਦਿਆ ਦੇ ਸੁਧਾਰ ਤੇ ਰਮੇਸ਼ ਦੱਤ ਜੀ ਬਹੁਤ ਜ਼ਿਆਦਾ ਬੋਲ ਚੁੱਕੇ ਹਨ । ਹੋਰ ਮਾਨਯੋਗ ਮੈਂਬਰਜ਼ ਵੀ ਬੋਲ ਚੁੱਕੇ ਹਨ । ਮੈਂ ਆਪਣੇ ਸੁਝਾਅ ਦੇ ਚੁੱਕਿਆ ਹਾਂ । ਇਹ ਕੋਈ ਪਾਬੰਦੀ ਨਹੀਂ ਕਿ ਮੈਂ ਕਿਸੇ ਵਿਸ਼ੇ ਤੇ, ਜਿਹੜਾ ਹਾਊਸ ਵਿੱਚ ਜ਼ਰੂਰੀ ਹੋਵੇ, ਨਹੀਂ ਕਹਿ ਸਕਦਾ । ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਬਾਦਲ ਸਾਹਿਬ ਦੀ ਸਰਕਾਰ ਆਈ 1977 ਵਿੱਚ ਤਾਂ ਮੈਂ ਨਰਮਾ ਵੇਚਿਆ 525/- ਰੁਪਏ ਤੇ ਬਾਦਲ ਸਾਹਿਬ ਨੇ ਨਰਮਾ ਵੇਚਿਆ 260/- ਰੁਪਏ । ਡਿਪਟੀ ਸਪੀਕਰ ਸਾਹਿਬ, ਉਸ ਸਮੇਂ ਇਕ ਨਾਹਰਾ ਲੱਗਿਆ ਸੀ :

ਉਤੇ ਜੱਟ ਹੇਠਾਂ ਜੱਟ, ਨਰਮਾ ਵਿਕੇ 260.

ਹੁਣ ਅਖਬਾਰਾਂ ਵਿੱਚ ਲਿਖਿਆ ਹੁੰਦਾ ਹੈ :

ਉਤੇ ਜੱਟ ਹੇਠਾਂ ਜੱਟ, ਨਰਮਾ ਵਿਕੇ 2,260.

(ਕੁਝ ਅਵਾਜ਼ਾਂ : 2330 ਹੈ ।)2260 ਦਾ ਅਖਬਾਰਾਂ ਵਿੱਚ ਜ਼ਿਕਰ ਸੀ, ਮੈਂ ਪੜ੍ਹਿਆ ਹੈ । ਇਥੇ ਕਿਹਾ ਜਾਂਦਾ ਹੈ ਕਿ ਇਹ ਸਰਕਾਰ ਕਿਸਾਨਾਂ ਦੀ ਦੁਸ਼ਮਨ ਸਰਕਾਰ ਹੈ । ਉਦੋਂ ਤਾਂ ਸਾਹਨੀ ਸਾਹਿਬ ਨੂੰ ਕੋਈ ਗੱਲ ਕਹਿੰਦਿਆਂ ਗੁੱਸਾ ਨਹੀਂ ਆਉਂਦਾ, ਮੇਰੇ ਕੋਲ ਤਾਂ ਬੜਾ ਭਾਰਾ ਗਿਲਾ ਕਰਦੇ ਹਨ । ਵਾਰ-ਵਾਰ ਇਹ ਗੱਲਾਂ ਵੀ ਸਾਨੂੰ ਜ਼ਰੂਰੀ ਕਰਨੀਆਂ ਪੈਂਦੀਆਂ ਹਨ । ਸੋ, ਡਿਪਟੀ ਸਪੀਕਰ ਸਾਹਿਬ, ਪ੍ਰਾਇਮਰੀ ਸਕੂਲ ਐਜੂਕੇਸ਼ਨ ਦੀ ਜਿਹੜੀ ਅੱਛੀ ਪ੍ਰਣਾਲੀ ਬਣਨੀ ਹੈ ਇਸ ਦੇ ਵਿੱਚ ਬਹੁਤ ਸਾਰੀਆਂ ਗੱਲਾਂ ਆ ਚੁੱਕੀਆਂ ਹਨ ਅਤੇ ਬਹੁਤ ਸਾਰੇ ਅੱਛੇ ਸੁਝਾਓ ਆ ਚੁੱਕੇ ਹਨ, ਮੈਂ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਸਾਹਨੀ ਸਾਹਿਬ ਨੂੰ ਬੋਲਣ ਦਾ ਮੌਕਾ ਦਿੰਦਾ ਹਾਂ । ਇਤਨਾ ਕਹਿ ਕੇ ਹੀ ਡਿਪਟੀ ਸਪੀਕਰ ਸਾਹਿਬ

Original with;
Punjab Vidhan Sabha
Digitized by;
Panjab Digital Library

[ਸਰਦਾਰ ਸ਼ੇਰ ਸਿੰਘ ਗਾਗੋਵਾਲਾ]

ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਆਪਣੀ ਸੀਟ ਲੈਂਦਾ ਹਾਂ । (ਇਸ ਸਮੇਂ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਜੀ ਬੋਲਣ ਲਈ ਖੜੇ ਹੋਏ)

ਸ਼੍ਰੀ ਰਮੇਸ਼ ਦੱਤ ਸ਼ਰਮਾ : ਡਿਪਟੀ ਸਪੀਕਰ ਸਾਹਿਬ, ਗਾਗੋਵਾਲਾ ਸਾਹਿਬ ਨੇ ਤਾਂ ਸਾਹਨੀ ਸਾਹਿਬ ਬਾਰੇ ਬੋਲਣ ਲਈ ਕਿਹਾ ਸੀ ਪਰ ਤੁਸੀਂ ਭੈਣ ਜੀ ਨੂੰ ਬੋਲਣ ਵਾਸਤੇ ਅਲਾਓ ਕਰ ਦਿੱਤਾ ਹੈ ।(ਵਿਘਨ)

श्रीमती लक्ष्मी कांता चावला (अमृतसर केन्द्रीय) : उप अध्यक्ष महोदय, आज एक बार फिर शिक्षा की बात हो रही है, अच्छा हुआ । पिछले सप्ताह इसी गैर-सरकारी प्रस्ताव पर सरकारी पक्ष की ओर से बार-बार यह कहा गया कि यह इमपौसिबल है, यह मुश्किल है, इतने फन्ड नहीं हो सकते कि सिंगल टीचर स्कूल को पूरा स्कूल बनाया जाए । यह ईश्वर का शुक्र है कि आज लाटरी फिर शिक्षा के पक्ष में निकल आई है चाहे आप लाटरी बन्द नहीं करते । यह अच्छा हुआ । हमारे ग्रन्थों में लिखा है, उप अध्यक्ष महोदय, उन्होंने पूछा है कि महात्मा की परिभाषा क्या है तो उन का उत्तर था कि कोई खास टीका, तिलक माला पीले कपड़े वाले महात्मा के नहीं होते । उन्होंने कहा है —

मनस्थेवम् बचनस्थेवम् कर्मस्थेवम् महात्मन.'

जो मन से बचन से कर्म से एक हो वह महात्मा होता है मगर दूसरे :—

'मन्तति अन्यत बचति अन्यत' कर्मजि अन्यत दुरात्मा

जो मन बचन से कर्म से अलग-अलग होते है, चलो मैं न ही कहूं दुरात्मा पर महात्मा के विपरितार्थक होते हैं । अब एक तरफ इसी सदन में, इसी महीने में, इसी पक्ष की तरफ से यह कहा गया कि शिक्षा के लिए एक अध्यापक वाले स्कूल को पांच अध्यापकों वाला नहीं करना चाहिए और आज यह कहा जा रहा है कि पंजाब को, देश को शत् प्रतिशत साक्षरता कैसे दी जा सकती है । शत् प्रतिशत साक्षरता देने की बात जिस दिन मन में आ जाएगी उस दिन यह कोई कठिन काम नहीं है । आज की हालत यह है, सरकारी आंकड़ों के अनुसार जो पिछले वर्ष मेरे ही प्रश्न के उत्तर में दिए गए थे, पंजाब की लगभग 50% महिलाएं अंगूठा लगाती हैं, एक हम हैं निरक्षर मट्टाचार्य है, अनपढ़ हैं और आज भी पंजाब में असंख्य बच्चे ऐसे हैं जो स्कूल में कभी नहीं गए । मैं तो पहले इस के लिए एक सुझाव देती हूं सरकार स्वीकार कर ले तो पंजाब का हित होगा, देश का हित होगा, कि जो प्राईमरी शिक्षा है वह कमपलसरी होनी चाहिए और यह कमपलसरी केवल कमपलसरी तब तक नहीं हो सकती जब तक यह नियम न बने जो

Original with;
Punjab Vidhan Sabha
Digitized by;
Panjab Digital Library

माता पिता बच्चे को स्कूल नहीं भेजते । उस का बच्चे को स्कूल न भेजना दण्डनीय अपराध होना चाहिए । जिस दिन यह बात हो जाएगी उस दिन सारे बच्चे स्कूलों में पहुंच जाएंगे और स्कूल में जो भेजना है वह स्कूल में भेजना काफी नहीं । उन को क्या पढ़ाया जा रहा है यह बताना भी जरूरी है । पहली बात तो यह है कि देश में और मेरे पंजाब में प्राईमरी शिक्षा ही अलग-2 ढंग की है । एक वर्ग तो वह है कि जिस हिन्दुस्तान की किसी भाषा के निकट भटकने नहीं दिया जाता । प्राईमरी में और एक वर्ग वह है जिसे केवल प्रान्त की भाषा, राज्य भाषा पढ़ाई जाती है । इस के इलावा और कोई भाषा नहीं पढ़ाई जाती । उप अध्यक्ष महोदय, यह एक दम सही है कि जब हम कई वार लोगों के घरों में टैलीफोन करते हैं और जो बच्चे टैलीफोन उठाते हैं, अमीर घरों के बच्चे, अगर हम कह द कि हम साढ़े तीन बजे आएंगे तो टैलीफोन पर पूछते हैं कि What is 3-30 । उन को यह नहीं पता साढ़े तीन हिन्दी में कितने बजते हैं या पंजाबी मे कितने बजते हैं ।

यह सत्य है और यह सत्य सब को झेलना पड़ता है। मेरा एक निवेदन है कि स्कूलो में कम से कम 5 वर्ष के लिए शिक्षा अनिवार्य कर देनी चाहिए और जो माता-पिता अपने बच्चों को शिक्षा नहीं लेने देते उन्हें दंड देना चाहिए । इस के साथ ही मैं यह भी कहना चाहती हूं कि प्राईमरी शिक्षा सब स्कूलों में एक जैसी होनी चाहिए । लेकिन देखा यह जाता है कि पहले तो जाति के आधार पर वर्ग भेद होता था लेकिन आज शिक्षा के अधार पर वर्ग भेद किया जाता है । यह बड़े आश्चर्य की बात है कि सरकारी स्कूलों में जो अध्यापक लगाये जाते हैं वह काफी शिक्षित होते हैं कई जगह तो बी. एड. के बजाय ऐम. फिल. भी लगे होते हैं लेकिन फिर भी लोग सरकारी स्कूलों में अपने बच्चों को भेजना पसन्द नहीं करते, प्राईवेट संस्था में ही भेजना पसंद करते हैं । प्राइवेट संस्था वाले चाहे फीसें भी बहुत लेते हैं और लूटते भी हैं और फिर वो एडमिशन का बोर्ड भी लगा देते हैं पर फिर भी लोग सिफारशें करवा कर भी अपने बच्चों को इन स्कूलों में ही पढ़ाना चाहते हैं । मैं समझती हूं कि यह सरकार के लिए आत्म विश्लेषण वाली बात है । सरकारी स्कूलों में मुफत शिक्षा होती है तो भी वहां बच्चों को नहीं पढ़ाते जब कि प्राईवेट वाले जम्मी धन भी लेते हैं तब भी लोग प्राइवेट संस्था में ही पढ़ाना पसंद करते हैं । केवल यह कहने से कि हम अच्छे हैं आप अच्छे नहीं हो सकते नये स्कूल बन गये है इतने से बात नहीं बनती । सरकारी स्कूलों में जो अध्यापक हैं वह बहुत योग्य होते हैं उन की योग्यता पर कोई प्रश्न चिन्ह नहीं । लेकिन फिर भी बच्चे

Original with;
Punjab Vidhan Sabha
Digitized by;
Panjab Digital Library

[श्रीमती लक्ष्मी कांता चावला]

सरकारी स्कूलों में क्यों नहीं जाते यह हमने देखना है। मैं कहती हूं कि शिक्षा का मतलब केवल तोता रटन्त नहीं होना चाहिए केवल सिलेबस रटा दिया और पास करवा दिया। आज भी स्कूलों में बच्चों को वही शिक्षा दी जाती है जो अंग्रेजों के समय पर दी जाती थी। जो शिक्षा बच्चों को यह न बताये कि हमारे देश के कितने महापुरुषों, ने स्वतंत्रता संग्राम में अपनी आहुती दे दी, उस को शिक्षा कहना अनुचित है। शिक्षा वह होनी चाहिए जो बच्चों को उत्साहित करे देश प्रेम भरे लेकिन आज स्कूल में बच्चों को अब भी यह पढ़ाया जाता है कि Alexender the Great and Akbar the Great पर इस के साथ यह नहीं पढ़ाया जाता कि किरन कुमारी जिस को मीना बाज़ार में से अकबर ने उठाया था और वह लड़की अकबर की छाती पर चढ बैठी जिस से उसे मीना बाजार बंद करना पड़ा। यह भी नहीं पढ़ाया जाता जब 1942 में कनक लता नाम की लड़की ने अपनी छाती पर गोली खा ली और जब उपरेशन होने लगा तो उस ने पूछा कि मुझे गोली कहां पर लगी है जब उसे यह बताया गया कि गोली छाती पर लगी है तो वह बोली कि यह बहुत गौरव की बात है कि देश को खातर उसने छाती पर गोली खाई है फिर सांवरकर जैसे तीनों भाइयों ने देश के लिए कैसी कुर्बानी दी यह भी नहीं पढ़ाया जाता।

चाफेकर तीन भाई तीन दिन में फांसी पर लटकाए गए यह नहीं पढ़ाया जाता। इन महापुरुषों की कथाओं को शिक्षा को प्राईमरी स्कूल की शिक्षा के साथ जोड़ देना चाहिए ताकि देश भूगोल की शिक्षा सब को मिल सके इस को एक कसौटी होनी चाहिए आज के समय में प्राईमरी स्कूलों में इस की बहुत ज़रुरत है। किसी स्कूल में टाईम से पहले और किसी में टाईम के बाद दो घन्टे अलग उन बच्चों को शिक्षा देने का प्रबन्ध करना चाहिए जिन को अपने घर की रोटी रोज़ी के लिए और पेट पालने के लिए कूड़े के ढेर से कागज उठाने पड़ते हैं चाय की दुकान पर काम करने जाना पड़ता है शाम को ढावे वाले के पास जाना पड़ता है इन बच्चों के लिए सुबह स्कूल जाना मुश्किल है और न ही उन के मां-बाप उन को भेजते हैं क्योंकि इस में उन की रोटी रोजी का सबन्ध है और पेट की मजबूरी है जिस कारण वह स्कूल नहीं जा सकते उन बच्चों के लिए शाम को दो घण्टे के लिए शिक्षा का प्रबन्ध करना चाहिए और उसी आधार पर उन को अगली कलास में भेज देना चाहिए। पिछले साल हम ने 53 इस तरह के बच्चों को स्कूल में दाखिल करवाया था जो भीख मांगने का काम करते थे इन में से केवल 20 बच्चे ही पढ़ रहे हैं बाकी स्कूल छोड़ कर चले गए। इन में से एक हैण्डीकैप बाप की बेटी थी जिस को उस की मां स्कूल से ले गई

Original with;
Punjab Vidhan Sabha
Digitized by;
Panjab Digital Library

और पढ़ाई बन्द करवा दी ताकि वह लड़की अपाहिज पिता से भीख मांगने का काम करवा सके और घर गृहस्थी का भार उठा सके । जब उस की मां को ऐसा करने के लिए मना किया तो उस ने कहा कि आप हमारी रोटी रोजी का प्रबन्ध कर दें हम इस को स्कूल भेज देंगे । बच्चों को स्कूल न भेजने में भी कई मां-बाप की मजबूरी है जब तक यह क्रम चलता रहेगा समाज के इन बच्चों को शिक्षा नहीं मिलेगी । मैं सदन से निवेदन करती हूं कि इन बच्चों की सहायता के लिए सरकार इन की कुछ मदद करे और सरकारी स्कूलों में शाम को दो घन्टे की पढ़ाई का इन बच्चों के लिए प्रबन्ध करे वह पढ़ लिख कर ग्रेजुवेट तो शायद न हो सकें, फिर भी उन को पढ़ने लिखने का ज्ञान तो हो सकता है । इस के लिए सरकार को अपने फजूल खर्चों में कटौती कर के शिक्षा पर ज्यादा से ज्यादा प्रबन्ध कर के उन को शिक्षा देने का प्रबन्ध करना चाहिए जो हमारे राष्ट्र के हित में है समाज के हित में है और देश के लिए उपयोगी रहे वह बच्चे अगूंठा छाप न रह जाएं, चाय की दुकानों में बर्तन साफ करने के लिए न रह जाएं Good morning और Good evening तक सीमत हो न रह जाएं इस लिए इन के स्तर को ऊंचा करना चाहिए इन को शिक्षा दे कर किसी Specialised Subject में निपुण हो जाए तां कि उन की समस्या हल हो जाए यह प्राईमरी शिक्षा हर व्यक्ति तक पहुचनी चाहिए नैतिक शिक्षा भी मिलनी चाहिए कई वार उन को ऐसे गलत संस्कार मिल जाते हैं जैसे हाथ में चाकू विनाश कारी घातक सिद्ध हो जाते हैं चाकू तो चलाना नहीं आता पर सस्कार ऐसे गलत मिल जाते है इस कर के शिक्षा के क्षेत्र में सरकार को ज्यादा से ज्यादा खर्च करना चाहिए लिटरेसी को बढ़ाने के लिए सरकार उपयोगी कदम उठाए और अपने फजूल खर्चों को कटौती करे और वह पैसा शिक्षा के लिए खर्च करे इस के बारे में मैं पहले भी कई वार कह चुकी हूं । यदि इसी प्रकार अनपढ़ता बढ़ती रही और स्कूलों में बच्चे घटते रहे . . . (विघन)

ਮੁੱਖ ਸੰਸਦੀ ਸਕੱਤਰ : ਡਿਪਟੀ ਸਪੀਕਰ ਸਾਹਿਬ, ਇਸ ਮਤੇ ਤੇ ਬਹੁਤ ਸਾਰੇ ਮਾਨਯੋਗ ਮੈਂਬਰਜ਼ ਬੋਲਣਾ ਚਾਹੁੰਦੇ ਹਨ, ਐਜੂਕੇਸ਼ਨ ਮਨਿਸਟਰ ਸਾਹਿਬ ਨੇ ਵੀ ਬੋਲਣਾ ਹੈ । ਇਸ ਕਰਕੇ ਚਾਵਲਾ ਜੀ ਨੂੰ ਕਹੋ ਕਿ ਉਹ ਵਾਈਂਡ ਅਪ ਕਰਨ ।

ਸ੍ਰੀ ਡਿਪਟੀ ਸਪੀਕਰ : ਚਾਵਲਾ ਜੀ, ਵਾਈਂਡ ਅਪ ਕਰੋ । ਤੁਹਾਡਾ ਟਾਈਮ 7 ਮਿੰਟਾਂ ਦਾ ਸੀ ਪਰ ਤੁਹਾਨੂੰ 14 ਮਿੰਟ ਕਹਿ ਦਿੱਤਾ ਸੀ । ਹੁਣ ਵਾਈਂਡ ਅਪ ਕਰੋ ।

श्रीमती लक्ष्मी कांता चावला : मगर डिप्टी स्पीकर साहिब, आप पहले 7 मिन्ट देते तो मैं उस हिसाब से बोलती । आपने 14 मिन्ट दिये हैं । उपाध्यक्ष महोदय, महात्मा गांधी जी ने कहा था कि जब एक पुरुष पढ़ता है तो एक व्यक्ति पढ़ता है, जब एक लड़की शिक्षा प्राप्त करती है तो दो

Original with;
Punjab Vidhan Sabha
Digitized by;
Panjab Digital Library

[श्रीमती लक्ष्मी कांता चावला]

परिवार शिक्षित होते हैं । विश्व सर्वेक्षण में यह तथ्य सामने आए हैं कि सन् 2000 में जब भारत की आबादी एक अरब होगी तब पचास करोड़ लोग भारत में अनपढ़ होंगे और दुनिया का हर चौथा अनपढ़ भारतीय होगा । एक ही बात कही जा रही है अगर सचमुच सरकार चाहती है तो शिक्षा आवश्यक हो, तो जो मां बाप अपने बच्चों को नहीं पढ़ाते उनको दंड देना चाहिए । धन्यवाद ।

सरदार रविंदर सिंघ संधू (बॅबल) (फिरोज़पुर छाउनी) : डिपटी सपीकर साहिब, मैं तुहाडा बहुत धंनवादी हां कि तुसीं मैनूं प्राइमरी ऐजुकेशन ते बोलन वासते मौका दिता है । मेरी पारटी दे मैंबरां ने प्राइमरी ऐजुकेशन नूं उॅचा चुकण वासते आपणे आपणे सुझाउ दिॅते हन । सभ तों पहिलां मैं ऐजुकेशन मनिसटर, रंधावा साहिब बैठे हन, उनां नूं दॅसणा चाहवांगा कि साडे मानयोग मैंबर साहिबान बार बार प्राइमरी सिॅखिआ ते ज़ोर दे रहे हन, पंजाब विच सरकार ने बहुत सारे नवें प्राइमरी सकूल खॅलूं हन, सरकार उनां प्राइमरी सकूलां विच पड़ रहे बचिआं दी पड़ाई वॅल धिआन घटा रही है । उनां सकूलां विच पेरैंटस बॅचे भेजण तों हिचकचा रहे हन । मैं डिपटी सपीकर साहिब, तुहाडे राही ऐजुकेशन मनिसटर साहिब नूं सुझाउ दिआंगा कि मेरे खिआल विच सभ तों वॅडा कारन है कि साडे प्राइमरी सकूलां विच पंजवीं तक पंजाबी भाशा पड़ाई जांदी है । मैं समझदा हां कि पंजवीं तक पंजाब दे सकूलां विॅच बॅचे पंजाबी सिखदे हन किउंकि साडी सभिअता पंजाबी है अते बॅचे घरां विच वी पंजाबी सिख लैंदे हन । मैं समझदा हां कि पंजाबी साडी मातर भाशा है, इस लई बॅचे असानी दे नाल पंजाबी बोली सिख लैंदे हन । असीं प्राइमरी सकूलां दे बचिआं दा मिआर उॅचा चुकणा है अते बचिआं दी गिणती सकूलां विच वधाउनी है । रंधावा साहिब, ऐजुकेशन मनिसटर साहिब, बैठे हन, मैं उनां नूं बेनती करांगा कि प्राइमरी सकूलां विच पहिली जमात तों ही इंगलिश लागू कीती जाए । हर इक मां बाप दी खाहिश हुंदी है कि मेरा बॅचा पड़ के चंगा निकले अते चंगी विदिआ प्राप्त करे । जो पिंडां दे बॅचे प्राइमरी सकूलां विच पड़दे हन, मेरे देखण विच आइआ है कि जदें उह बॅचे 8वीं जां 10वीं जमात दे बचिआं नाल कंपीटीशन ते जांदे हन तां उह अंगरेज़ी विच कमज़ोर हुंदे हन । इस दे कसूरवार असीं सारे हां । प्राइमरी सकूलां विच शुरू तों इंगलिश पड़ाउनी चाहीदी है । मैं ऐजुकेशन मनिसटर साहिब नूं वधाई देवांगा कि तिंन सालां विच सरकार ने प्राइमरी विदिआ वॅल काफी सुधार लिआंदा है । बहुत ही ज़िआदा प्राइमरी सकूल खॅलू दिते हन अॅर जे ज़िआदा नहीं तां इक इक टीचर जां 2-2 टीचर ज़रूर पहुंच रहे हन । मेरा ज़ाती तजरबा है कि सकूलां नूं चंगा बणाउण वासते साडे सहियोग दी, पेंडूआं दे सहियोग दी बहुत ज़रूरत है । इह आम देखण

Original with;
Punjab Vidhan Sabha
Digitized by;
Punjab Digital Library

ਵਿਚ ਆਉਂਦਾ ਹੈ ਕਿ ਅਗਰ ਕੋਈ ਪ੍ਰਾਈਵੇਟ ਸਕੂਲਾਂ ਦੀਆਂ ਮੈਨੇਜਮੈਂਟ ਜਾਂ ਸੰਸਥਾ ਵਾਲੇ ਅਗਰ ਪਿੰਡਾਂ ਵਿਚ ਆਪਣੇ ਸਕੂਲਾਂ ਵਾਸਤੇ ਦਾਨ ਮੰਗਣ ਜਾਣ ਤਾਂ ਪਿੰਡ ਦੇ ਲੋਕ ਜ਼ਰੂਰ ਪੈਸਾ ਇਕੱਠਾ ਕਰਕੇ ਦਿੰਦੇ ਹਨ ਪਰ ਕਦੇ ਕਿਸੇ ਪਿੰਡ ਵਾਲਿਆਂ ਨੇ ਇਹ ਨਹੀਂ ਸੋਚਿਆ ਕਿ ਉਨ੍ਹਾਂ ਦੇ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਦੇ ਬੱਚੇ ਇੱਟ ਰੋੜੇ ਲਿਜਾ ਕੇ ਜਮਾਤ ਵਿਚ ਬੈਠਦੇ ਹਨ, ਅਸੀਂ ਆਪਣੇ ਪਿੰਡ ਦੇ ਸਕੂਲ ਦਾ ਵੀ ਸੁਧਾਰ ਕਰੀਏ । ਇਸ ਕੰਮ ਲਈ ਮੈਂ ਸਮਝਦਾ ਹਾਂ ਕਿ ਸਰਪੰਚਾਂ ਦਾ, ਐਮ. ਐਲ. ਏਜ਼. ਦਾ ਅਤੇ ਪਿੰਡ ਦੇ ਪਤਵੰਤੇ ਵਿਅਕਤੀਆਂ ਦਾ ਹੱਥ ਹੋਣਾ ਜ਼ਰੂਰੀ ਹੈ ਅਤੇ ਉਨ੍ਹਾਂ ਸਾਰਿਆਂ ਨੂੰ ਚਾਹੀਦਾ ਹੈ ਕਿ ਘੱਟੋ-ਘੱਟ ਆਪਣੇ ਪਿੰਡ ਦੇ ਸਕੂਲ ਨੂੰ ਬਿਹਤਰ ਬਣਾਇਆ ਜਾਵੇ ਜਿਸ ਦੇ ਨਾਲ ਸਾਡੇ ਬੱਚੇ ਵੀ ਪ੍ਰਾਈਵੇਟ ਸਕੂਲਾਂ ਵਾਂਗ ਸਾਫ ਸੁਥਰੇ ਡੈਸਕਾਂ ਤੇ, ਬੈਂਚਾਂ ਤੇ ਬੈਠਣ ਅਤੇ ਉਨ੍ਹਾਂ ਦੀ ਪੜ੍ਹਾਈ ਵੀ ਚੰਗੀ ਹੋਵੇ ।

ਇਥੇ ਸਾਡੇ ਮੈਂਬਰ ਸਾਹਿਬਾਨ ਨੇ ਕਿਹਾ ਹੈ ਕਿ ਕਿ ਸਕੂਲ ਵਿਚ 5 ਟੀਚਰ ਹੋਣੇ ਚਾਹੀਦੇ ਹਨ । ਮੈਂ ਸਮਝਦਾ ਹਾਂ ਕਿ 5 ਟੀਚਰਾਂ ਲਈ ਬੱਚਿਆਂ ਦੀ ਗਿਣਤੀ ਦਾ ਵੀ ਜ਼ਰੂਰ ਖਿਆਲ ਰਖਿਆ ਜਾਵੇ । ਜਿਸ ਸਕੂਲ ਵਿਚ 10-20 ਬੱਚੇ ਹਨ, ਉਥੇ 5 ਟੀਚਰ ਸਰਕਾਰ ਤੇ ਬੋਝ ਵੱਡਾ ਬੋਝ ਹੈ । ਇਹ ਖਰਚ ਫਾਲਤੂ ਹੋਵੇਗਾ । ਬਾਕੀ ਜਿਥੇ 50-60-70 ਜਾਂ 100 ਬੱਚੇ ਹਨ, ਉਥੇ ਜ਼ਰੂਰੀ ਨਹੀਂ ਕਿ 5 ਹੀ ਟੀਚਰ ਹੋਣ, 5 ਤੋਂ ਵੀ ਵੱਧ ਟੀਚਰ ਲਾਏ ਜਾ ਸਕਦੇ ਹਨ ਤਾਂਕਿ ਬੱਚਿਆਂ ਦੀ ਚੰਗੀ ਦੇਖਭਾਲ ਕਰ ਸਕਣ ਅਤੇ ਚੰਗੀ ਪੜ੍ਹਾਈ ਹੋ ਸਕੇ ।

ਜਿਥੇ ਸਾਡੀ ਗੱਲ ਚੱਲ ਰਹੀ ਸੀ ਕਿ ਪ੍ਰਾਇਮਰੀ ਸਕੂਲਾਂ ਵਿਚ ਪਹਿਲਾਂ ਦਸਵੀਂ ਪੱਧਰ ਤੋਂ ਬਾਅਦ, ਜੇ.ਬੀ.ਟੀ. ਕਰਨ ਤੋਂ ਬਾਅਦ ਟੀਚਰ ਰਖੇ ਜਾਂਦੇ ਸਨ । ਉਸ ਤੋਂ ਬਾਅਦ ਹੁਣ ਪਲੱਸ ਟੂ ਤੋਂ ਬਾਅਦ ਡਿਪਲੋਮਾ ਕਰਨ ਤੋਂ ਮਗਰੋਂ ਟੀਚਰ ਲਾਏ ਜਾਂਦੇ ਹਨ । ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਅਤੇ ਰੰਧਾਵਾ ਸਾਹਿਬ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਸਕੂਲਾਂ ਵਿਚ ਇੰਗਲਿਸ਼ ਵੀ ਲਾਗੂ ਕਰਨ ਅਤੇ ਬੀ.ਏ. ਟੀਚਰ ਪ੍ਰਾਇਮਰੀ ਸਕੂਲਾਂ ਨੂੰ ਦੇਣ । ਬੇਸ਼ਕ ਸਾਰੇ ਨਹੀਂ ਤਾਂ ਇਕ ਇਕ ਟੀਚਰ ਜ਼ਰੂਰ ਦੇਣ ਜਿਹੜਾ ਉਨ੍ਹਾਂ ਦਾ ਹੈਡ ਹੋਵੇ ਤਾਂਕਿ ਬੱਚਿਆਂ ਨੂੰ ਚੰਗੀ ਸਿਖਿਆ ਮਿਲ ਸਕੇ। ਮੈਂ ਇਹ ਵੀ ਬੇਨਤੀ ਕਰਾਂਗਾ ਕਿ ਜਿਵੇਂ ਇਹ ਖੁਲਦਿਲੀ ਨਾਲ ਸਕੂਲਾਂ ਦੀਆਂ ਇਮਾਰਤਾਂ ਬਣਾਉਣ ਵਾਸਤੇ ਪੈਸਾ ਦਿੰਦੇ ਹਨ ਅਤੇ ਦੇਣੇ ਸ਼ੁਰੂ ਕੀਤੇ ਹਨ, ਉਥੇ ਹਣ ਵੀ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਦੀ ਬਹੁਤ ਮਾੜੀ ਹਾਲਤ ਹੈ । ਉਨ੍ਹਾਂ ਦੇ ਬਾਰ ਨਹੀਂ, ਦਰਵਾਜ਼ੇ ਨਹੀਂ ਪਸ਼ੂ ਰਾਤ ਨੂੰ ਉਥੇ ਖੜ੍ਹਦੇ ਹਨ ਅਤੇ ਸਵੇਰੇ ਵਿਚਾਰੇ ਬੱਚੇ ਜਾ ਕੇ ਪਹਿਲਾਂ ਸਫਾਈ ਕਰਦੇ ਹਨ ਅਤੇ ਫੇਰ ਆਪਣੀਆਂ ਕਲਾਸਾਂ ਲਾਉਂਦੇ ਹਨ । ਫਰਨੀਚਰ ਜਿਸੇ ਵੀ ਲੈਵਲ ਤੇ ਸਕੂਲਾਂ ਨੂੰ ਮੁਹੱਈਆ ਕੀਤਾ ਜਾਵੇ । ਮੈਂ ਸਮਝਦਾ ਹਾਂ ਕਿ ਫਰਨੀਚਰ ਸਾਰੇ ਸਕੂਲਾਂ ਨੂੰ ਹੀ ਦੇਣਾ ਚਾਹੀਦਾ ਹੈ । ਇਥੇ ਚੌਧਰੀ ਸੰਤੋਖ ਸਿੰਘ ਵੀ ਬੈਠੇ ਹਨ ਕਿਉਂਕਿ ਪੰਚਾਇਤਾਂ ਦੇ ਮਾਮਲੇ ਇਨ੍ਹਾਂ ਕੋਲ ਹਨ, ਕਈ ਪਿੰਡਾਂ ਵਿਚ ਪੰਚਾਇਤਾਂ ਦੀ ਆਪਣੀ ਆਮਦਨ 2-3-4 ਲੱਖ ਤੱਕ ਹੁੰਦੀ ਹੈ, ਜਦੋਂ ਅਸੀਂ ਸਰਪੰਚ ਨੂੰ ਕਹਿੰਦੇ ਹਾਂ ਕਿ ਸਕੂਲਾਂ ਲਈ ਫਰਨੀਚਰ ਖਰੀਦ ਦਿਓ ਤਾਂ ਉਹ ਕਹਿੰਦੇ ਹਨ ਕਿ ਸਾਡੇ ਤੇ ਬੰਦੇਸ਼ ਹੈ, ਅਸੀਂ

Original with;
Punjab Vidhan Sabha
Digitized by;
Punjab Digital Library

[ਸਰਦਾਰ ਰਵਿੰਦਰ ਸਿੰਘ ਸੰਧੂ (ਬੱਬਲ)]

ਸਕੂਲਾਂ ਵਿਚ ਪੈਸਾ ਨਹੀਂ ਲਾ ਸਕਦੇ, ਮੈਂ ਚੌਧਰੀ ਸੰਤੋਖ ਸਿੰਘ ਨੂੰ ਬੇਨਤੀ ਕਰਾਂਗਾ ਕਿ ਇਹ ਇਸ ਬੰਦਸ਼ ਨੂੰ ਹਟਵਾ ਦੇਣ ਤਾਂਕਿ ਪੰਚਾਇਤਾਂ ਸਕੂਲਾਂ ਤੇ ਪੈਸਾ ਲਾ ਸਕਣ ਅਤੇ ਸਕੂਲਾਂ ਦੀ ਚੰਗੀ ਹਾਲਤ ਬਣ ਸਕੇ ।

ਉਨਤ ਗ੍ਰਾਮ ਸਕੀਮ ਅਧੀਨ ਬਹੁਤ ਸਾਰਾ ਪੈਸਾ ਸਰਕਾਰ ਨੇ ਪਿੰਡਾਂ ਦੀ ਉਨਤੀ ਵਾਸਤੇ ਦਿੱਤਾ ਹੈ । ਪਿੰਡਾਂ ਦੇ ਕਾਫੀ ਕੰਮ ਮੁਕੰਮਲ ਹੋ ਚੁੱਕੇ ਹਨ ਅਤੇ ਕਈਆਂ ਦੇ ਸਾਰੇ ਹੀ ਹੋ ਚੁੱਕੇ ਹਨ ਅਤੇ ਉਨ੍ਹਾਂ ਕੋਲ ਪੈਸਾ ਫਾਲਤੂ ਹੈ । ਪਰ ਪੰਚਾਇਤਾਂ ਨੂੰ ਇਹੋ ਜਿਹੇ ਕੰਮਾਂ ਤੇ ਪੈਸਾ ਲਾਉਣ ਲਈ ਇਜ਼ਾਜ਼ਤ ਨਹੀਂ ਮਿਲਦੀ । ਇਹ ਬਹੁਤ ਹੀ ਅੱਛੀ ਗੱਲ ਹੋਵੇਗੀ । ਅਗਰ ਡਿਵੈਲਪਮੈਂਟ ਡਿਪਾਰਟਮੈਂਟ ਦੀ ਮੀਟਿੰਗ ਬੁਲਾ ਕੇ ਚੌਧਰੀ ਸਾਹਿਬ ਇਜਾਜ਼ਤ ਦਿਵਾਉਣ ਤਾਂਕਿ ਜਿਨ੍ਹਾਂ ਪੰਚਾਇਤਾਂ ਕੋਲ ਪੈਸੇ ਹਨ, ਉਹ ਖਰਚ ਸਕਣ । ਇਸ ਤਰ੍ਹਾਂ ਨਾਲ ਸਾਡੇ ਬੱਚੇ ਬੈਂਚਾਂ ਤੇ ਬੈਠਣ, ਸਾਫ ਸੁਥਰੇ ਸਕੂਲਾਂ ਵਿਚ ਬੈਠਣ । ਇਹ ਕੁਦਰਤੀ ਗੱਲ ਹੈ ਕਿ ਜਿਹੜਾ ਅਸੀਂ ਰੋਜ਼ ਕਹਿ ਰਹੇ ਹਾਂ ਕਿ ਪ੍ਰਾਈਵੇਟ ਸਕੂਲ ਦਿਨੋ ਦਿਨ ਵੱਧ ਰਹੇ ਹਨ । ਜਦੋਂ ਸਾਡੇ ਸਕੂਲਾਂ ਦਾ ਪੱਧਰ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਹੋਵੇਗਾ, ਸਰਕਾਰੀ ਸਕੂਲਾਂ ਦੇ ਬੱਚੇ ਵੀ ਸਾਫ ਸੁਥਰੇ ਘਰ ਵਾਪਸ ਮੁੜ ਕੇ ਆਉਣਗੇ ਤਾਂ ਜ਼ਰੂਰੀ ਗੱਲ ਹੈ ਕਿ ਸਾਡਾ ਧਿਆਨ, ਬੱਚੇ ਦੇ ਮਾਂ-ਬਾਪ ਦਾ ਧਿਆਨ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਬੱਚੇ ਨੂੰ ਪੜ੍ਹਾਉਣ ਵਾਸਤੇ ਜਾਏਗਾ । ਮੈਂ ਸਮਝਦਾ ਹਾਂ ਕਿ ਇਹ ਇਕ ਮਜਬੂਰੀ ਹੈ ਕਿਉਂਕਿ ਕਿਸੇ ਵੀ ਬੱਚੇ ਦਾ ਮਾਂ ਪਿਓ ਇਹ ਨਹੀਂ ਚਾਹੁੰਦਾ ਕਿ ਅਸੀਂ ਜ਼ਿਆਦਾ ਪੈਸੇ ਖਰਚ ਕਰਕੇ ਨਾਲ ਦੇ ਪਿੰਡ ਵਿਚ ਜਾਂ ਨਾਲ ਦੇ ਸ਼ਹਿਰ ਵਿਚ 10-20 ਕਿਲੋਮੀਟਰ ਦੂਰ ਰੋਜ਼ ਬੱਚੇ ਨੂੰ ਭੇਜੀਏ । ਮਜ਼ਬੂਰੀ ਦੀ ਹਾਲਤ ਵਿਚ ਉਨ੍ਹਾਂ ਨੂੰ ਇਨ੍ਹਾਂ ਸਕੂਲਾਂ ਵਿਚ ਬੱਚਿਆਂ ਨੂੰ ਭੇਜਣਾ ਪੈਂਦਾ ਹੈ । ਅੱਜ ਬੇਸ਼ੱਕ ਅਸੀਂ ਡਿਵੈਲਪਮੈਂਟ ਦੀ ਗੱਲ ਕਰੀਏ ਜਾਂ ਪੜ੍ਹਾਈ ਦੀ ਗੱਲ ਕਰੀਏ ਲੇਕਿਨ ਮੌਜੂਦਾ ਸਰਕਾਰ ਦੇ ਸਾਹਮਣੇ ਸਭ ਤੋਂ ਵੱਡਾ ਅਤੇ ਸਭ ਤੋਂ ਪਹਿਲਾ ਮਸਲਾ ਪੰਜਾਬ ਵਿਚ ਸ਼ਾਂਤੀ ਲਿਆਉਣ ਦਾ ਸੀ । ਪਿਛਲੇ 10 ਸਾਲਾਂ ਵਿਚ ਅਸੀਂ ਜੋ ਅੱਤਵਾਦ ਦੀ ਗੁਲਾਮੀ ਕੱਟੀ ਹੈ, ਉਸ ਦੌਰਾਨ ਬੱਚੇ ਆਜ਼ਾਦੀ ਨਾਲ ਸਕੂਲ ਵਿਚ ਨਹੀਂ ਸਨ ਜਾ ਸਕਦੇ, ਆਜ਼ਾਦੀ ਨਾਲ ਖਾਣਾ ਵੀ ਨਹੀਂ ਸਨ ਖਾ ਸਕਦੇ । ਸਰਦਾਰ ਬੇਅੰਤ ਸਿੰਘ ਨੇ ਹਾਲਾਤ ਨੂੰ ਮੁੜ ਕੇ ਸੁਖਾਵਾਂ ਬਣਾਇਆ ਹੈ । ਮੈਂ ਤਾਂ ਇਹੀ ਕਹਾਂਗਾ ਕਿ ਸਾਨੂੰ ਦੁਬਾਰਾ ਆਜ਼ਾਦੀ ਮਿਲੀ ਹੈ । ਹੁਣ ਫਿਰ ਬੱਚੇ ਸਕੂਲਾਂ ਵਿਚ ਜਾਣ ਲੱਗੇ ਹਨ ਅਤੇ ਇਸ ਸੁਧਰੇ ਹੋਏ ਮਾਹੌਲ ਕਰਕੇ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਵੀ ਵਧੀ ਹੈ । ਮੈਂ ਦੁਬਾਰਾ ਵਿਦਿਆ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਮੇਰੇ ਸੁਝਾਓ ਵੱਲ ਧਿਆਨ ਦੇਣ, ਖਾਸ ਕਰਕੇ ਇਸ ਲਈ ਕਿ ਅਸੀਂ ਪੇਂਡੂ ਖੇਤਰਾਂ ਵਾਲੇ ਹਾਂ । ਜੇ ਲੋਕ ਇਹ ਮਹਿਸੂਸ ਕਰਨਗੇ ਕਿ ਉਨ੍ਹਾਂ ਦੇ ਬੱਚਿਆਂ ਨੂੰ ਇੰਗਲਿਸ਼ ਮੀਡੀਅਮ ਅਤੇ ਕਾਨਵੈਂਟ ਸਕੂਲਾਂ ਵਾਲੀ ਵਿਦਿਆ ਪਿੰਡਾਂ ਵਿਚ ਹੀ ਮਿਲ ਜਾਵੇਗੀ ਤਾਂ ਉਨ੍ਹਾਂ ਦੇ ਬੱਚੇ ਪਿੰਡਾਂ ਵਿਚ ਹੀ ਦਾਖਲ ਹੋਣਗੇ ਅਤੇ ਸ਼ਹਿਰਾਂ ਵੱਲ ਨਹੀਂ ਭੱਜਣਗੇ । ਇਸ ਦੇ ਨਾਲ ਹੀ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ ।

Original with;
Punjab Vidhan Sabha
Digitized by;
Punjab Digital Library

ਸ਼੍ਰੀ ਰਮਨ ਕੁਮਾਰ ਭੱਲਾ (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਅੱਜ ਜਿਹੜਾ ਮਤਾ ਇਥੇ ਸ਼੍ਰੀ ਰਮੇਸ਼ ਦੱਤ ਜੀ ਨੇ ਪ੍ਰਾਇਮਰੀ ਐਜੂਕੇਸ਼ਨ ਦੇ ਸਬੰਧ ਵਿਚ ਰੱਖਿਆ ਹੈ, ਉਸ ਉਤੇ ਬੋਲਣ ਦਾ ਤੁਸੀਂ ਮੈਨੂੰ ਮੌਕਾ ਦਿੱਤਾ ਹੈ । ਕਿਹਾ ਗਿਆ ਹੈ the foundation of every State is the foundation of its youth. ਕਿਸੇ ਵੀ ਦੇਸ਼ ਜਾਂ ਸਟੇਟ ਦੇ ਢਾਂਚੇ ਨੂੰ ਮਜ਼ਬੂਤ ਬਣਾਉਣ ਲਈ ਨੌਜਵਾਨ ਪੀੜ੍ਹੀ ਨੂੰ ਐਜੂਕੇਸ਼ਨ ਦੇਣੀ ਬਹੁਤ ਜ਼ਰੂਰੀ ਹੈ । ਜੇ ਅਸੀਂ ਕਿਸੇ ਬਿਲਡਿੰਗ ਨੂੰ ਪੁਖਤਾ ਬਣਾਉਣਾ ਹੈ ਤਾਂ ਜਿਹੜੀ ਉਸ ਦੀ ਫਾਊਂਡੇਸ਼ਨ ਹੈ, ਨੀਂਹ ਹੈ, ਉਹ ਬਹੁਤ ਮਜ਼ਬੂਤ ਹੋਣੀ ਚਾਹੀਦੀ ਹੈ । ਸਿੱਖਿਆ ਦੇ ਮਾਮਲੇ ਵਿਚ ਵੀ ਪ੍ਰਾਇਮਰੀ ਸਿੱਖਿਆ ਦਾ ਉਹੀ ਮਹੱਤਵ ਹੈ ਜੋ ਇਕ ਬਿਲਡਿੰਗ ਦੇ ਮਾਮਲੇ ਵਿਚ ਮਜ਼ਬੂਤ ਨੀਂਹ ਦਾ ਹੈ । ਪ੍ਰਾਇਮਰੀ ਐਜੂਕੇਸ਼ਨ ਦੀ ਫਾਊਂਡੇਸ਼ਨ ਜਿੰਨੀ ਸਟਰਾਂਗ ਹੋਵੇਗੀ, ਉਤਨੀ ਹੀ ਨੌਜਵਾਨ ਪੀੜ੍ਹੀ ਵੀ ਸਟਰਾਂਗ ਹੋਵੇਗੀ । ਇਥੇ ਸ਼੍ਰੀ ਰਮੇਸ਼ ਦੱਤ ਜੀ ਨੇ ਕਿਹਾ ਹੈ ਕਿ ਬੱਚਾ ਤਾਂ ਮਾਂ ਦੇ ਗਰਭ ਤੋਂ ਹੀ ਸਿੱਖਣਾ ਸ਼ੁਰੂ ਕਰ ਦਿੰਦਾ ਹੈ । ਉਨ੍ਹਾਂ ਨੇ ਮਹਾਂਭਾਰਤ ਅਤੇ ਅਭਿਮੰਨਿਊ ਦਾ ਹਵਾਲਾ ਵੀ ਦਿੱਤਾ ਹੈ । ਜਿਸ ਤਰ੍ਹਾਂ ਦਾ ਬੱਚੇ ਨੂੰ ਮਾਹੌਲ ਮਿਲਦਾ ਹੈ, ਉਸੇ ਤਰ੍ਹਾਂ ਦੀ ਹੀ ਉਹ ਵਿਦਿਆ ਗ੍ਰਹਿਣ ਕਰਦਾ ਹੈ । ਜੇ ਅਸੀਂ ਬੀਤੇ ਯੁਗਾਂ ਦੀ ਗੱਲ ਕਰੀਏ ਤਾਂ ਉਸ ਵੇਲੇ ਜਿਹੜੀ ਸਿੱਖਿਆ ਸੀ, ਇਹ ਬੜੀ ਪ੍ਰਿਵਿਲੇਜ ਕਲਾਸ ਨੂੰ ਹੀ ਮਿਲਦੀ ਹੁੰਦੀ ਸੀ । ਪ੍ਰਿਵਿਲੇਜ ਕਲਾਸ ਦਾ ਮਤਲਬ ਜਿਹੜਾ ਬ੍ਰਾਹਮਣ ਕਲਾਸ ਨਾਲ ਸਬੰਧ ਰੱਖਦਾ ਸੀ, ਉਹੀ ਵਿਦਿਆ ਪੜ੍ਹਦਾ ਅਤੇ ਪੜ੍ਹਾਉਂਦਾ ਸੀ । ਉਸ ਵੇਲੇ ਸਮਾਜ ਵਿਚ ਵੱਖ-ਵੱਖ ਰੋਲ ਦਿੱਤੇ ਹੁੰਦੇ ਸਨ । ਜਿਹੜੇ ਕਸ਼ੱਤਰੀ ਹੁੰਦੇ ਸਨ, ਉਨ੍ਹਾਂ ਨੂੰ ਸਿੱਖਿਆ ਦਿੱਤੀ ਜਾਂਦੀ ਸੀ ਕਿ ਕਿਸ ਤਰੀਕੇ ਦੇ ਨਾਲ ਉਨ੍ਹਾਂ ਨੇ ਜੰਗ ਵਿਚ ਲੜਨਾ ਹੈ ਅਤੇ ਕਿਸ ਤਰੀਕੇ ਦੇ ਨਾਲ ਰਾਜ ਭਾਗ ਸੰਭਾਲਣਾ ਹੈ । ਐਜੂਕੇਸ਼ਨ ਦੇ ਇਸ ਤਰੀਕੇ ਵਿਚ ਹੌਲੀ ਹੌਲੀ ਤਬਦੀਲੀ ਆਉਂਦੀ ਗਈ । ਜਿਹੜਾ ਪਹਿਲਾਂ ਦਾ ਸਿਸਟਮ ਸੀ . . . .(ਵਿਘਨ)

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਇਸ ਸਦਨ ਦੇ ਧਿਆਨ ਵਿਚ ਇਹ ਲਿਆਉਣਾ ਚਾਹੁੰਦੀ ਹਾਂ ਕਿ ਜੋ ਕੁਝ ਇਥੇ ਬੋਲਿਆ ਜਾਂਦਾ ਹੈ, ਉਹ ਸਦਨ ਦੀ ਕਾਰਵਾਈ ਦਾ ਹਿੱਸਾ ਬਣ ਜਾਂਦਾ ਹੈ । ਜੋ ਕੁਝ ਇਹ ਮੇਰੇ ਮਾਨਯੋਗ ਭਰਾ ਜੀ ਬੋਲ ਰਹੇ ਹਨ, ਆਪਣੀ ਜਾਣਕਾਰੀ ਅਨੁਸਾਰ ਇਹ ਠੀਕ ਹੀ ਬੋਲ ਰਹੇ ਹੋਣਗੇ ਲੇਕਿਨ ਮੈਂ ਇਨ੍ਹਾਂ ਨੂੰ ਸਨਮਾਨ ਨਾਲ ਕਹਿਣਾ ਚਾਹੁੰਦੀ ਹਾਂ ਕਿ ਪ੍ਰਾਚੀਨ ਕਾਲ ਵਿਚ ਐਸਾ ਕਦੀ ਵੀ ਨਹੀਂ ਸੀ ਹੁੰਦਾ ਕਿ ਬ੍ਰਾਹਮਣ ਨੂੰ ਜਾਂ ਕਸ਼ੱਤਰੀਆਂ ਨੂੰ ਹੀ ਸਿੱਖਿਆ ਦਿੱਤੀ ਜਾਂਦੀ ਸੀ ਬਲਕਿ ਹੁੰਦਾ ਇਹ ਸੀ ਕਿ ਜੋ ਲੋਕ ਯੁੱਧ ਕਸ਼ੇਤਰ ਵਿਚ ਕੰਮ ਕਰਦੇ ਸਨ, ਉਨ੍ਹਾਂ ਨੂੰ ਕਸ਼ੱਤਰੀਆ ਦਾ ਦਰਜਾ ਮਿਲਦਾ ਸੀ ਅਤੇ ਜਿਹੜੇ ਪੜ੍ਹਨ ਪੜ੍ਹਾਉਣ ਦਾ ਕੰਮ ਕਰਦੇ ਸਨ ਉਨ੍ਹਾਂ ਨੂੰ ਬ੍ਰਾਹਮਣ ਦਾ ਦਰਜਾ ਮਿਲਦਾ ਸੀ । ਰਿਸ਼ੀ ਵਿਸ਼ਵਾਮਿੱਤਰ ਵੀ ਪਹਿਲਾਂ ਕਸ਼ੱਤਰੀਆ ਸੀ ਲੇਕਿਨ ਜਦੋਂ ਉਹ ਪੜ੍ਹਨ ਪੜ੍ਹਾਉਣ ਦੇ ਕੰਮ ਵਿਚ ਪੈ ਗਏ ਤਾਂ ਉਹ ਗੁਰੂ ਬਣ ਗਏ ਅਤੇ ਬ੍ਰਾਹਮਣ ਕਹਾਉਣ ਲੱਗ ਪਏ ।

Original with;
Punjab Vidhan Sabha
Digitized by;
Panjab Digital Library

Shri Raman Kumar Bhalla..Thank you for correcting me.

ਸੋ ਉਨ੍ਹਾਂ,ਦਿਨਾਂ ਦੇ ਵਿੱਚ ਬੇਸਿਕ ਸਿੱਖਿਆ ਦਾ ਆਧਾਰ ਗੁਰੂਕਲ ਹੀ ਸੀ ਔਰ ਜਿਹੜੀ ਪ੍ਰਾਇਮਰੀ ਐਜੂਕੇਸ਼ਨ ਸੀ ਉਹ ਵੀ ਉਸੇ ਰਾਹੀਂ ਹੀ ਦਿੱਤੀ ਜਾਂਦੀ ਸੀ । ਫਿਰ ਉਹ ਸਮਾਂ ਆਇਆ ਕਿ ਜਿਹੜੇ ਬੱਚੇ ਗੁਰੂਕੁਲ ਵਿੱਚ ਪੜ੍ਹਦੇ ਸਨ ਉਹ ਇਸ ਤਰ੍ਹਾਂ ਸੀ ਜਿਸ ਤਰ੍ਹਾਂ ਘਰ ਤੋਂ ਬਾਹਰ ਫਾਰੈਸਟ ਦੇ ਵਿੱਚ, ਜੰਗਲਾਂ ਦੇ ਵਿੱਚ ਉਨ੍ਹਾਂ ਦੀ ਪਰਵਰਿਸ਼ ਹੁੰਦੀ ਹੈ, ਉਥੇ ਉਨ੍ਹਾਂ ਦੀ ਪੜ੍ਹਾਈ ਹੁੰਦੀ ਸੀ । ਹੌਲੀ ਹੌਲੀ ਸਮਾਂ ਬੀਤਦਾ ਗਿਆ ਔਰ ਅਲੱਗ ਅਲੱਗ ਤਰੀਕੇ ਦੇ ਸਾਨੂੰ ਟੀਚਰ ਮਿਲਦੇ ਗਏ, ਸਮਾਜ ਨੂੰ ਮਿਲਦੇ ਗਏ, ਜੋ ਪੁਰਾਣਾ ਗੁਰੂਕੁਲ ਜਾਂ ਗਿਆਨੀ, ਮੌਲਵੀ ਮਦਰੱਸਾ ਆਦਿ ਸਾਰੇ ਜਿਹੜੇ ਸਨ ਉਹ ਇਕ ਟੀਚਿੰਗ ਪ੍ਰਣਾਲੀ ਦਾ ਹੀ ਹਿੱਸਾ ਸਨ ਜਿਨ੍ਹਾਂ ਦੇ ਰਾਹੀਂ ਸਾਨੂੰ ਬੇਸਿਕ ਐਜੂਕੇਸ਼ਨ ਮਿਲਦੀ ਸੀ । ਇਸ ਐਜੂਕੇਸ਼ਨ ਦੇ ਵਿੱਚ ਫਿਰ ਸਮਾਂ ਆਇਆ ਜਿਸ ਵੇਲੇ ਭਾਰਤ ਵਰਸ਼ ਗੁਲਾਮ ਹੋਇਆ ਔਰ ਅੰਗਰੇਜ਼ਾਂ ਨੇ ਸਾਡੇ ਤੇ ਰਾਜ ਕੀਤਾ । ਉਦੋਂ ਤੱਕ ਸਿਸਟਮ ਇਹੀ ਸੀ ਔਰ ਬੇਸੀਕਲੀ ਤਾਂ ਅੰਗਰੇਜ਼ ਸਾਡੇ ਮੁਲਕ ਦੇ ਵਿੱਚ ਟਰੇਡ ਕਰਨ ਵਾਸਤੇ ਆਏ ਈਸਟ ਇੰਡੀਆ ਕੰਪਨੀ ਦੇ ਨਾਂ ਥੱਲੇ ਉਹ ਭਾਰਤ ਵਿੱਚ ਆਏ, ਉਸ ਵੇਲੇ ਉਨ੍ਹਾਂ ਨੇ ਸਾਨੂੰ ਐਜੂਕੇਸ਼ਨ ਦੀ ਟਰੇਨਿੰਗ ਦਿੱਤੀ ਜਿਸ ਵੇਲੇ ਉਨ੍ਹਾਂ ਨੇ ਸਮਝਿਆ ਕਿ ਸਾਨੂੰ ਡਿਵਾਈਡ ਕਰਨਾ ਹੈ । ਸਾਡੇ ਮੁਲਕ ਵਿੱਚ ਉਸ ਵੇਲੇ ਅੰਗਰੇਜ਼ੀ ਲਿਆਂਦੀ ਗਈ । ਉਸ ਤੋਂ ਪਹਿਲਾਂ ਪ੍ਰਾਇਮਰੀ ਐਜੂਕੇਸ਼ਨ ਦੇ ਵਿੱਚ ਰਿਲਿਜਨ ਦੀ ਗੱਲ ਕਰਵਾਈ ਜਾਂਦੀ ਸੀ ਜਾਂ ਆਪਣੇ ਆਪ ਨੂੰ ਡੀਫੈਂਡ ਕਿਸ ਤਰ੍ਹਾਂ ਕਰਨਾ ਹੈ, ਇਹੀ ਸਿਖਾਇਆ ਜਾਂਦਾ ਸੀ । ਇਹ ਜਿਹੜਾ ਇੰਗਲਿਸ਼ ਦਾ ਸਿਸਟਮ ਹੈ ਇਹ ਅੰਗਰੇਜ਼ਾਂ ਵੇਲੇ ਇਸ ਮੁਲਕ ਦੇ ਵਿੱਚ ਆਇਆ ਔਰ ਇਸ ਨਾਲ ਕੀ ਹੋਇਆ ਕਿ ਕਲਾਸੀਫਿਕੇਸ਼ਨ ਆਫ਼ ਸੋਸਾਇਟੀ ਹੋ ਗਈ ਜੋ ਕਿ ਬਹੁਤ ਹੀ ਪ੍ਰੀਵਿਲਿਜਡ ਕਲਾਸ ਸੀ ਜਿਸ ਤਰ੍ਹਾਂ ਇਥੇ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਪਬਲਿਕ ਸਕੂਲਾਂ ਦਾ, ਇਹ ਪਬਲਿਕ ਸਕੂਲ ਵੀ ਉਨ੍ਹਾਂ ਦੇ ਵੇਲੇ ਦੀ ਹੀ ਦੇਣ ਹਨ । ਉਸ ਤੋਂ ਪਹਿਲਾਂ ਪੜ੍ਹਾਈ ਦਾ ਸਿਸਟਮ ਕੁਝ ਹੋਰ ਹੀ ਸੀ, ਪਹਿਲਾਂ ਤਾਂ ਗੁਰੂਕੁਲ ਵਿੱਚ ਹੀ ਐਜੂਕੇਸ਼ਨ ਦਾ ਸਿਸਟਮ ਸੀ, ਜਿਸ ਵਿਚ ਬਹੁਤ ਹੀ ਫੇਮੱਸ ਯੂਨੀਵਰਸਿਟੀਆਂ ਰਹੀਆਂ ਹਨ ਜਿਵੇਂ ਤਕਸ਼ਿਲਾ, ਨਾਲੰਦਾ ਆਦਿ । ਸੋ ਕਲਾਸੀਫਿਕੇਸ਼ਨ ਆਫ਼ ਸੋਸਾਇਟੀ ਅੰਗਰੇਜ਼ਾਂ ਵੇਲੇ ਹੋਈ । ਫਿਰ ਇਹ ਮਹਿਸੂਸ ਕੀਤਾ ਗਿਆ ਕਿ ਜਿਹੜੀ ਇਹ ਕਲਾਸੀਫਿਕੇਸ਼ਨ ਆਫ਼ ਸੋਸਾਇਟੀ ਹੈ ਇਸ ਨੂੰ ਅਸੀਂ ਕਿਸ ਤਰੀਕੇ ਦੇ ਨਾਲ ਖ਼ਤਮ ਕਰਨਾ ਹੈ ਔਰ ਜਿਹੜੀ ਐਜੂਕੇਸ਼ਨ ਹੈ ਇਹ ਸਿਰਫ ਪ੍ਰੀਵਿਲਿਜਡ ਕਲਾਸ ਤੱਕ ਹੀ ਨਾ ਰਹਿ ਜਾਏ, ਇਸ ਨੂੰ ਇਸ ਤਰੀਕੇ ਦੇ ਨਾਲ ਕਰੀਏ ਕਿ ਅਸੀਂ ਹਰ ਇਕ ਨੂੰ ਮੁੱਢਲੀ ਸਿੱਖਿਆ ਕਮ-ਅਜ਼-ਕਮ ਜ਼ਰੂਰ ਦੇਈਏ ਤਾਂ ਕਿ ਉਸਦੀ ਏਨੀ ਨਾਲਿਜ ਤਾਂ ਹੋਵੇ ਕਿ ਉਹ ਅੱਗੇ ਕੁਝ ਪੜ੍ਹ ਲਿਖ ਸਕਣ ਦੇ ਯੋਗ ਹੋ ਜਾਵੇ, ਉਸ ਨੂੰ ਅੱਖਰਾਂ ਦਾ ਗਿਆਨ ਹੋ ਸਕੇ, ਉਹ ਜ਼ਰਬ, ਤਕਸੀਮ ਆਪਣੇ ਆਪ ਕਰ ਸਕੇ । ਇਸ ਚੀਜ਼ ਦੇ ਲਈ ਵਿਚਾਰ ਕੀਤਾ ਗਿਆ ਕਿ ਹਰ ਬੱਚੇ ਨੂੰ ਕਮ-ਅਜ਼-ਕਮ ਇਹ ਸਿਖਾ ਸਕੀਏ ਔਰ ਇਸ ਦੇ ਨਾਲ ਇਹ ਵੀ ਘੱਟੋ ਘੱਟ ਉਸ ਨੂੰ ਜ਼ਰੂਰ ਦੱਸਿਆ ਜਾਵੇ ਕਿ ਸਮਾਜ ਦੇ ਵਿੱਚ ਕਿਸ ਤਰ੍ਹਾਂ ਉਸ ਨੇ ਜ਼ਿੰਦਗੀ ਬਸਰ ਕਰਨੀ ਹੈ, ਆਪਣੇ ਮਾਂ-ਪਿਓ ਦੇ ਪ੍ਰਤੀ ਉਸਦਾ ਕੀ ਰੋਲ ਹੈ। ਬੀਵੀ ਪ੍ਰਤੀ ਕੀ ਰੋਲ ਹੈ ਔਰ ਆਪਸ ਦੇ ਵਿੱਚ ਭਾਈਚਾਰਾ ਕਿਸ ਤਰ੍ਹਾਂ ਵਧਾਉਣਾ ਹੈ, ਇਹ ਸਾਰਾ ਕੁਝ ਕਿਸ ਤਰ੍ਹਾਂ

Original with;
Punjab Vidhan Sabha
Digitized by;
Panjab Digital Library

ਸੋਚਣਾ ਹੈ, ਇਸ ਕਰਕੇ ਇਸ ਪ੍ਰਾਇਮਰੀ ਐਜੂਕੇਸ਼ਨ ਦੀ ਲੋੜ ਪਈ ਅੱਰ ਸੰਨ 1960 ਦੇ ਵਿੱਚ ਜਿਵੇਂ ਕਿ ਦੱਸਿਆ ਗਿਆ ਹੈ ਕਿ ਇਕ ਵਿਧਾਇਕ ਨੇ ਕਿਹਾ ਹੈ ਕਿ ਐਕਟ ਲਿਆਦਾ ਗਿਆ ਕਿ ਪ੍ਰਾਇਮਰੀ ਐਜੂਕੇਸ਼ਨ ਬਹੁਤ ਜ਼ਰੂਰੀ ਹੈ । ਹਰ ਬੱਚੇ ਨੂੰ ਬੇਸਿਕ ਜ਼ਰੂਰਤ ਹੈ ਸਮਾਜ ਦੇ ਅੰਦਰ ਰਹਿਣ ਦੀ, ਇਸ ਬਾਰੇ ਉਸ ਨੂੰ ਜਾਣਕਾਰੀ ਜ਼ਰੂਰ ਹੋਣੀ ਚਾਹੀਦੀ ਹੈ । ਇਸ ਦੇ ਤਹਿਤ ਪ੍ਰਾਇਮਰੀ ਐਜੂਕੇਸ਼ਨ ਦਾ ਬਿਲ ਬਣਿਆ ਅੱਰ ਇਹ ਜਰੂਰੀ ਬਣਾਇਆ ਗਿਆ ਕਿ 5ਵੀਂ ਕਲਾਸ ਤੱਕ ਬੱਚਿਆਂ ਨੂੰ ਸਿਖਿਆ ਜ਼ਰੂਰ ਦਿੱਤੀ ਜਾਵੇ । ਪੰਜਾਬ ਦੇ ਅੰਦਰ ਇਸ ਸਿਖਿਆ ਵਿੱਚ ਅਮੈਂਡਮੈਂਟ ਵੀ ਕੀਤੀ ਗਈ ਕਿ ਜਿਹੜੀ ਬੇਸਿਕ ਪ੍ਰਾਇਮਰੀ ਐਜੂਕੇਸ਼ਨ ਹੈ ਉਸ ਦੇ ਵਿੱਚ ਰਿਲੈਕਸੇਸ਼ਨ ਦਿੱਤੀ ਜਾਵੇ ਤਾਂ ਕਿ ਇਕ ਸਟੂਡੈਂਟ ਨੂੰ ਸਕੂਲ ਵਿੱਚ ਜਾਣ ਨਾਲ ਸਿੱਖਿਆ ਦਾ ਗਿਆਨ ਪ੍ਰਾਪਤ ਹੋਵੇ । ਇਸਦੇ ਨਾਲ ਹੀ ਜਿਥੇ ਪੰਜਾਬ ਦੇ ਵਿੱਚ ਸਿੱਖਿਆ ਵਿੱਚ ਪ੍ਰਾਇਮਰੀ ਐਜੂਕੇਸ਼ਨ ਦੇ ਰੂਲਾਂ ਵਿੱਚ ਸੋਧ ਕਰਕੇ ਛੋਟ ਘਟਾਈ ਗਈ, ਉਥੇ ਪਹਿਲੇ ਸਾਲ ਪਹਿਲਾਂ ਜਿਥੇ 12 ਹਜ਼ਾਰ ਤੋਂ ਵੱਧ ਸਕੂਲ ਪੰਜਾਬ ਵਿਚ ਫੰਕਸ਼ਨ ਕਰ ਰਹੇ ਸਨ, ਉਨ੍ਹਾਂ ਦੀ ਗਿਣਤੀ ਵਿੱਚ ਪਿਛਲੇ ਦੋ ਸਾਲਾਂ ਵਿੱਚ ਬਹੁਤ ਸਾਰਾ ਇਜ਼ਾਫਾ ਕੀਤਾ ਅੱਰ ਇਹ ਕੀਤਾ ਅੱਰ ਇਹ ਇਜ਼ਾਫਾ ਇਸ ਕਰਕੇ ਕੀਤਾ ਗਿਆ ਕਿ ਪੰਜਾਬ ਦੇ ਬੱਚਿਆਂ ਨੂੰ ਬਹੁਤ ਲੋੜ ਹੈ ਸਕੂਲਾਂ ਦੀ, ਵਿਦਿਆ ਦੀ । ਜਿਥੇ ਪਿਛਲੇ ਕੁਝ ਸਮੇਂ ਦੇ ਦੌਰਾਨ ਇਸ ਪ੍ਰਣਾਲੀ ਤੋਂ ਲੋਕ ਪਿਛੇ ਰਹਿ ਗਏ ਸਨ, ਉਨ੍ਹਾਂ ਨੂੰ ਪ੍ਰਾਇਮਰੀ ਐਜੂਕੇਸ਼ਨ ਦੁਬਾਰਾ ਦਿੱਤੀ ਜਾਵੇ । ਮੈਂ ਸਮਝਦਾ ਹਾਂ ਕਿ ਸਾਡੇ ਮੁੱਖ ਮੰਤਰੀ ਜੀ ਨੇ ਪੰਜਾਬ ਸਰਕਾਰ ਬਣਨ ਤੋਂ ਬਾਅਦ ਬਹੁਤ ਵੱਡਾ ਯੋਗਦਾਨ ਪਾਇਆ ਹੈ । ਜਿਸ ਤਰ੍ਹਾਂ ਕਹਿੰਦੇ ਹਨ ਕਿ:

'ਜ਼ਿੰਦਗੀ ਏਕ ਤਰਾਨਾ ਤੋ ਨਹੀਂ, ਕੁਛ ਹਕੀਕਤ ਭੀ ਹੈ,
ਜ਼ਿੰਦਗੀ ਏਕ ਮਹਿਜ਼ ਰਸਾਨਾ ਤੋਂ ਨਹੀਂ ਹੈ' ।

ਉਨ੍ਹਾਂ ਨੇ ਸਮਝਿਆ ਕਿ ਸਮਾਜ ਦੇ ਅੰਦਰ ਅਸੀਂ ਆਪਣੇ ਬੱਚਿਆਂ ਨੂੰ ਕੁਝ ਸਿਖਾਉਣਾ ਹੈ ਤਾਂ ਹੀ ਪੰਜਾਬ ਸਰਕਾਰ ਨੇ ਸਕੂਲਾਂ ਨੂੰ ਅੱਪ-ਗਰੇਡ ਕੀਤਾ । ਇਸ ਦੇ ਨਾਲ ਹੀ ਜਿਹੜੇ 12 ਹਜ਼ਾਰ ਦੇ ਕਰੀਬ ਸਕੂਲ ਆਲਰੇਡੀ ਚਲ ਰਹੇ ਸਨ, ਉਨ੍ਹਾਂ ਦੇ ਨਾਲ 900 ਬ੍ਰਾਂਚ ਸਕੂਲ ਵੀ ਪੰਜਾਬ ਵਿਚ ਚਲਾਏ ਗਏ । ਸਾਲ 1994 ਵਿੱਚ 50 ਸਕੂਲ ਪ੍ਰਾਇਮਰੀ ਦੇ ਨਵੇਂ ਖੋਲ੍ਹੇ ਗਏ । ਇਸੇ ਤਰ੍ਹਾਂ ਇਸ ਸਾਲ 150 ਨਵੇਂ ਸਕੂਲ ਖੋਲਣ ਦਾ ਟੀਚਾ ਹੈ । ਬੜੇ ਮੁਬਾਰਕ ਦੇ ਪਾਤਰ ਹਨ ਸਰਦਾਰ ਲਖਮੀਰ ਸਿੰਘ ਰੰਧਾਵਾ ਜੀ ਜਿਹੜੇ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦੇ ਸਿੱਖਿਆ ਮੰਤਰੀ ਹਨ ਜਿਨ੍ਹਾਂ ਨੇ ਇਸ ਦੀ ਜ਼ਰੂਰਤ ਸਮਝੀ ਹੈ । ਉਹ ਵੀ ਬਾਰਡਰ ਦੇ ਇਲਾਕੇ ਦੇ ਰਹਿਣ ਵਾਲੇ ਹਨ ਅਤੇ ਉਨ੍ਹਾਂ ਨੇ ਬਾਰਡਰ ਦੇ ਸਕੂਲਾਂ ਵਿੱਚ ਜਿਥੇ ਫਰਨੀਚਰ ਨਹੀਂ ਸੀ, ਟਾਟ ਨਹੀਂ ਸੀ , ਬਲੈਕ-ਬੋਰਡ ਸੀ, ਪਲੇਅ ਗਰਾਊਂਡ ਨਹੀਂ ਸੀ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਬਾਰਡਰ ਦੇ ਜ਼ਿਲ੍ਹਿਆਂ ਵਿੱਚ ਦੇਣ ਦੀ ਸਕੀਮ ਬਣਾਈ ਹੈ । ਇਹ ਬੜੀ ਸ਼ਲਾਘਾਯੋਗ ਗੱਲ ਹੈ । ਇਸੇ ਤਰ੍ਹਾਂ ਬਲੈਕ ਬੋਰਡ ਸਕੀਮ ਦੇ ਤਹਿਤ 4,000 ਸਕੂਲਾਂ ਵਿੱਚ 3.50 ਕਰੋੜ ਰੁਪਏ ਦਾ ਖਰਚਾ ਕਰਨਾ ਹੈ । ਇਨ੍ਹਾਂ ਚੀਜ਼ਾਂ ਨੂੰ ਮੁਹੱਈਆ ਕਰਾਉਣ ਵਾਸਤੇ ਮੈਂ ਸਮਝਦਾ ਹਾਂ ਕਿ ਜਿਹੜਾ ਓਪਰੇਸ਼ਨ ਬਲੈਕ-ਬੋਰਡ ਹੈ, ਇਸ ਕਰਕੇ ਹੀ ਚਲਾਇਆ ਹੈ ਤਾਂ ਕਿ ਜਿਹੜੀ ਬੱਚਿਆਂ ਨੂੰ ਅਸੁਵਿਧਾ ਹੋ ਰਹੀ ਸੀ, ਉਸ ਵਿਚੋਂ ਗਰੀਬ ਵਰਗ ਦੇ ਲੋਕਾਂ ਨੂੰ ਬਾਹਰ ਕੱਢਿਆ ਜਾ ਸਕੇ । ਕਹਿਣ ਨੂੰ ਤਾਂ ਇਥੇ ਬਹੁਤ ਕੁਝ ਕਿਹਾ ਗਿਆ ਹੈ । ਕ੍ਰਿਟਿਸਿਜ਼ਮ ਵੀ ਹਰ ਚੀਜ਼ ਦਾ ਹੁੰਦਾ ਹੈ

Original with;
Punjab Vidhan Sabha
Digitized by;
Punjab Digital Library

[ਸ਼੍ਰੀ ਰਮਨ ਕੁਮਾਰ ਭੱਲਾ]

ਪਰ ਸਾਡੀ ਸਰਕਾਰ ਮੈਂ ਸਮਝਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਮੁੱਖ ਮੰਤਰੀ ਜੀ ਦੀ ਰਹਿਨੁਮਈ ਹੇਠ ਇਹ ਯਕੀਨੀ ਬਣਾਵੇਗੀ ਕਿ ਜਿਹੜੀ ਪ੍ਰਾਇਮਰੀ ਐਜੂਕੇਸ਼ਨ ਹੈ ਉਹ ਕਮ-ਸੇ-ਕਮ ਹਰ ਬੰਦੇ ਨੂੰ ਦੇਣੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਪ੍ਰਾਇਮਰੀ ਐਜੂਕੇਸ਼ਨ ਨੂੰ ਯਕੀਨੀ ਬਣਾਉਣ ਵਾਸਤੇ ਜ਼ਿਆਦਾ ਬਜਟ ਸਰਕਾਰ ਨੂੰ ਦੇਣਾ ਚਾਹੀਦਾ ਹੈ । ਇਸ ਵਿੱਚ ਕੋਈ ਹਿਚਕਿਚਾਹਟ ਨਹੀਂ ਹੋਣੀ ਚਾਹੀਦੀ । ਇਸ ਵਾਸਤੇ ਬਜਟ ਜ਼ਰੂਰ ਮਿਲਣਾ ਚਾਹੀਦਾ ਹੈ । ਇਸ ਨਾਲ ਸਰਕਾਰੀ ਸਕੂਲਾਂ ਦਾ ਲੈਵਲ ਉੱਚਾ ਹੋਵੇਗਾ ।

ਇੱਕ ਹੋਰ ਗੱਲ ਦੇਖਣ ਵਿੱਚ ਆਉਂਦੀ ਹੈ ਕਿ ਸਕੂਲ ਪੜ੍ਹਦੇ ਬੱਚਿਆਂ ਦਾ ਕਈ ਵਾਰ ਆਪਣੇ ਘਰ ਦੇ ਮਾਹੌਲ ਨਾਲ ਤਾਲਮੇਲ ਨਹੀਂ ਹੁੰਦਾ । ਬਹੁਤ ਹੀ ਘੱਟ ਮਾਪੇ ਆਪਣੇ ਬੱਚਿਆਂ ਨੂੰ ਪਬਲਿਕ ਸਕੂਲਾਂ ਵਿਚ ਭੇਜਣ ਵਾਸਤੇ ਅਫੋਰਡ ਕਰ ਸਕਦੇ ਹਨ । ਚਾਰ-ਪੰਜ ਥਾਂ ਨੂੰ ਛੱਡ ਕੇ ਪਿੰਡਾਂ ਵਿਚ ਵੀ ਪਬਲਿਕ ਸਕੂਲਾਂ ਦੀ ਮਸ਼ਰੂਮ ਗਰੋਥ ਹੋ ਰਹੀ ਹੈ । ਪੈਰੈਂਟਸ ਸਮਝਦੇ ਹਨ ਕਿ ਇੰਗਲਿਸ਼ ਮੀਡੀਅਮ ਦਿਵਾਉਣ ਨਾਲ ਬੱਚੇ ਦੀ ਪ੍ਰਵਿਰਤੀ ਬਦਲ ਜਾਵੇਗੀ ਪਰ ਅਜਿਹਾ ਨਹੀਂ ਹੁੰਦਾ । ਮੈਂ ਸਮਝਦਾ ਹਾਂ ਕਿ ਜੇ ਘਰ ਦਾ ਮਾਹੌਲ ਬੈਟਰ ਹੈ ਤਾਂ ਉਸ ਦੀ ਰਿਫਲੈਕਸ਼ਨ ਬੱਚੇ ਤੇ ਜ਼ਰੂਰ ਜਾਂਦੀ ਹੈ । ਇਸ ਨੂੰ ਥੋੜ੍ਹਾ ਜਿਹਾ ਤਬਦੀਲ ਕਰਨਾ ਚਾਹੀਦਾ ਹੈ । ਸਰਕਾਰ ਨੂੰ ਇਸ ਸਬੰਧ ਵਿੱਚ ਅਮੈਂਡਮੈਂਟ ਵੀ ਕਰਨੀ ਚਾਹੀਦੀ ਹੈ । ਪਹਿਲਾਂ ਸਰਕਾਰ ਵੱਲੋਂ ਡੇਅ-ਬੋਰਡਿੰਗ ਸਕੂਲਾਂ ਵਿਚ ਬੱਚਿਆਂ ਨੂੰ ਦੁੱਧ ਜਾਂ ਮੀਲ ਦਿੱਤਾ ਜਾਂਦਾ ਸੀ, ਪਹਿਲਾਂ ਪਿੰਡਾਂ ਵਿੱਚ ਇਹ ਸਿਸਟਮ ਸੀ ਕਿ ਆਮ ਘਰਾਂ ਦੇ ਚੰਗੇ ਸੱਜਣ ਜਾਂ ਚੰਗੇ....(ਵਿਘਨ)

ਸ਼੍ਰੀ ਡਿਪਟੀ ਸਪੀਕਰ: ਭੱਲਾ ਜੀ, ਵਾਈਂਡ ਅਪ ਕਰੋ ।

ਸ਼੍ਰੀ ਰਮਨ ਕੁਮਾਰ ਭੱਲਾ: ਬੱਸ ਜੀ । ਪਿੰਡਾਂ ਵਿੱਚ ਹੋਰ ਕੋਰਸ ਵੀ ਚਾਲੂ ਕੀਤੇ ਜਾਣ ਜੇ ਬੱਚੇ ਬਹੁਤਾ ਚਿਰ ਸਕੂਲ ਰਹਿਣਗੇ ਤਾਂ ਉਹ ਆਪਣੇ ਹੱਥੀਂ ਕੰਮ ਕਰਕੇ ਸਕੂਲ ਦੀ ਇਨਕਮ ਵਧਾ ਸਕਦੇ ਹਨ । ਸੋ, ਮੈਂ ਬਹੁਤਾ ਕੁਝ ਨਾ ਕਹਿੰਦਾ ਹੋਇਆ ਕਿਉਂਕਿ ਸਿੱਖਿਆ ਮੰਤਰੀ ਜੀ ਨੇ ਵੀ ਬੋਲਣਾ ਹੈ, ਮੈਂ ਆਪਣੇ ਹਲਕੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ ।

ਸ਼੍ਰੀ ਡਿਪਟੀ ਸਪੀਕਰ: ਭੱਲਾ ਜੀ, ਮਨਿਸਟਰ ਸਾਹਿਬ ਨੇ ਵੀ ਬੋਲਣਾ ਹੈ ਅਤੇ ਹੋਰ ਸਾਥੀਆਂ ਨੇ ਵੀ ਬੋਲਣਾ ਹੈ । ਇਸ ਕਰਕੇ ਵਾਈਂਡ ਅੱਪ ਕਰੋ ।

ਸ਼੍ਰੀ ਰਮਨ ਕੁਮਾਰ ਭੱਲਾ: ਬੱਸ ਜੀ, ਮੈਂ ਅੱਧਾ ਮਿੰਟ ਹੋਰ ਲਵਾਂਗਾ ।

ਸ਼੍ਰੀ ਡਿਪਟੀ ਸਪੀਕਰ: ਠੀਕ ਹੈ, ਤੁਸੀਂ ਅੱਧੇ ਮਿੰਟ ਵਿੱਚ ਵਾਈਂਡ ਅਪ ਕਰੋ ।

ਸ਼੍ਰੀ ਰਮਨ ਕੁਮਾਰ ਭੱਲਾ: ਸਾਡੇ ਹਲਕੇ ਦੀ ਜੁਗਰਾਫੀਕਲ ਸਥਿਤੀ ਇਸ ਤਰ੍ਹਾਂ ਹੈ ਕਿ ਕਿਤੇ 100 ਦੀ ਆਬਾਦੀ ਅਤੇ ਕਿਤੇ 50 ਦੀ । ਜਿੱਥੇ ਪੰਜਾਬ ਵਿਚ ਫਰਾਖ਼ਦਿਲੀ ਨਾਲ ਸਕੂਲ ਖੁਲ੍ਹ ਰਹੇ ਹਨ, ਉਥੇ ਮੇਰੇ ਹਲਕੇ ਵਿਚ ਵੀ ਮਿਡਲ ਸਕੂਲ ਜ਼ਰੂਰ ਖੋਲ੍ਹੇ ਜਾਣ । 30-50 ਬੱਚੇ ਜ਼ਰੂਰ ਪੜ੍ਹਨ ਵਾਸਤੇ ਦਿਆਂਗੇ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ, ਡਿਪਟੀ ਸਪੀਕਰ ਸਾਹਿਬ, ਧੰਨਵਾਦ ਕਰਦਾ ਹਾਂ । ਜੈ ਹਿੰਦ ।

Original with;
Punjab Vidhan Sabha
Digitized by;

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ (ਦੀਨਾ ਨਗਰ, ਐਸ.ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਇਸ ਹਾਊਸ ਵਿੱਚ ਰਮੇਸ਼ ਚੱਤ ਜੀ ਨੇ ਜੋ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ ਕਿ "This House recommends to the State Government to take steps to raise the standard of Primary Education and to achieve the goal of 100% literacy in the State." ਤੇ ਬੋਲਣ ਦਾ ਮੌਕਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਜਦੋਂ ਸਰਦਾਰ ਬੇਅੰਤ ਸਿੰਘ ਜੀ ਨੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ ਤਾਂ ਉਸ ਵੇਲੇ ਦੇ ਹਾਲਤ ਦਾ ਸਾਰਿਆਂ ਨੂੰ ਪਤਾ ਹੈ। ਕਾਲੀਆਂ ਰਾਤਾਂ ਸਨ, ਅੱਤਵਾਦ ਦਾ ਜ਼ੋਰ ਸੀ। ਸਰਦਾਰ ਬੇਅੰਤ ਸਿੰਘ ਜੀ ਨੇ ਅੱਤਵਾਦ ਨੂੰ ਨੱਥ ਪਾਈ ਅਤੇ ਪੰਜਾਬ ਦੇ ਮਾਹੌਲ ਨੂੰ ਸ਼ਾਂਤਮਈ ਬਣਾਇਆ। ਸਾਰੇ ਹਿੰਦੁਸਤਾਨ ਨੂੰ ਪਤਾ ਹੈ ਅੋਰ ਬਾਹਰ ਵੀ ਪਤਾ ਲੱਗ ਗਿਆ ਹੈ ਕਿ ਪੰਜਾਬ ਵਿੱਚ ਸਰਦਾਰ ਬੇਅੰਤ ਸਿੰਘ ਨੇ ਮਾਹੌਲ ਬੜਾ ਵਧੀਆ ਕਾਇਮ ਕੀਤਾ ਹੈ। ਇਨ੍ਹਾਂ ਨੇ ਮੁਢਲੀ ਜਮਹੂਰੀਅਤ ਲਿਆਂਦੀ, ਇਨ੍ਹਾਂ ਨੇ ਮਿਉਂਸਿਪਲ ਕਮੇਟੀਆਂ ਦੇ ਇਲੈਕਸ਼ਨ ਕਰਵਾਏ, ਪੰਚਾਇਤਾਂ ਦੇ ਇਲੈਕਸ਼ਨ ਕਰਵਾਏ, ਬਲਾਕ ਸੰਮਤੀਆਂ ਦੇ ਇਲੈਕਸ਼ਨ ਕਰਵਾਏ, ਜ਼ਿਲ੍ਹਾ ਪ੍ਰੀਸ਼ਦ ਦੇ ਇਲੈਕਸ਼ਨ ਕਰਵਾਏ ਅੋਰ ਇਥੇ ਹੀ ਬੱਸ ਨਹੀਂ ਪਿੰਡਾਂ ਦੇ ਵਿਕਾਸ ਵਾਸਤੇ ਬੜੀ ਤੇਜ਼ੀ ਨਾਲ ਕੰਮ ਸ਼ੁਰੂ ਕਰ ਰਹੇ ਹਨ ਕਿਉਂਕਿ ਇਹ ਖੁਦ ਪਿੰਡ ਦੇ ਰਹਿਣ ਵਾਲੇ ਹਨ ਅਤੇ ਇਨ੍ਹਾਂ ਨੂੰ ਪਤਾ ਹੈ ਕਿ ਪਿੰਡ ਦੀ ਜ਼ਿੰਦਗੀ ਕੀ ਹੁੰਦੀ ਹੈ। ਇਸ ਕਰਕੇ ਇਨ੍ਹਾਂ ਦੇ ਜਿਹੜੇ ਭਰਾ ਪਿੰਡਾਂ ਵਿੱਚ ਹਨ ਉਨ੍ਹਾਂ ਬਾਰੇ ਮਹਿਸੂਸ ਕੀਤਾ ਕਿ ਉਹ ਚਿੱਕੜ ਵਿੱਚ ਨਾ ਚੱਲਣ, ਕੱਚੀਆਂ ਗਲੀਆਂ ਵਿੱਚ ਨਾ ਚੱਲਣ, ਗਲੀਆਂ ਨਾਲੀਆਂ ਪੱਕੀਆਂ ਬਣਾ ਰਹੇ ਹਨ, ਫਿਰਨੀਆਂ ਪੱਕੀਆਂ ਬਣਾ ਰਹੇ ਹਨ, ਜਿਹੜੀਆਂ ਸੜਕਾਂ ਹਨ ਉਨ੍ਹਾਂ ਨੂੰ ਮੁਰੰਮਤ ਕਰਾਉਣ ਦਾ ਕੰਮ ਤੇਜ਼ੀ ਨਾਲ ਚਲਾ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਸਭ ਕੁਝ ਸਰਦਾਰ ਬੇਅੰਤ ਸਿੰਘ ਨੇ ਕੀਤਾ ਹੈ। ਪਹਿਲਾਂ ਵੀ ਸਰਕਾਰਾਂ ਰਹੀਆਂ ਹਨ ਪਰ ਉਨ੍ਹਾਂ ਨੇ ਕੁਝ ਨਹੀਂ ਕੀਤਾ। ਜੋ ਸਰਦਾਰ ਬੇਅੰਤ ਸਿੰਘ ਹੋਰਾਂ ਨੇ ਕੀਤਾ ਹੈ, ਉਹ ਸਾਰੇ ਪੰਜਾਬ ਵਿੱਚ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਦੇ ਲੋਕਾਂ ਨੂੰ ਚਾਨਣਾ ਹੋ ਗਿਆ ਹੈ ਕਿ ਇਹ ਕੀ ਕਰ ਰਹੇ ਹਨ। ਜਿਥੇ ਇਨ੍ਹਾਂ ਨੇ ਵਿਕਾਸ ਦੇ ਕੰਮ ਕਰਨੇ ਸ਼ੁਰੂ ਕੀਤੇ ਉਥੇ ਇਨ੍ਹਾਂ ਨੂੰ ਪੰਜਾਬ ਦੇ ਬੱਚਿਆਂ ਦੇ ਵਿਕਾਸ ਦਾ ਵੀ ਬੜਾ ਫ਼ਿਕਰ ਸੀ। ਉਹ ਵੀ ਦਿਨ ਸਨ ਜਦੋਂ ਟੀਚਰ ਸਕੂਲ ਨਹੀਂ ਜਾਂਦੇ ਸਨ, ਉਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਸੀ, ਉਹ ਡਰਦੇ ਸਕੂਲ ਨਹੀਂ ਜਾਂਦੇ ਸਨ। ਬੱਚਿਆਂ ਦੇ ਹੱਥ ਇਨ੍ਹਾਂ ਨੇ ਏ. ਕੇ. 47 ਫੜਾ ਦਿੱਤੀਆਂ, ਪਿਸਤੌਲ ਫੜਾ ਦਿੱਤੇ, ਬੰਦੂਕਾਂ ਫੜਾ ਦਿੱਤੀਆਂ ਲੇਕਿਨ ਸਰਦਾਰ ਬੇਅੰਤ ਸਿੰਘ ਨੇ ਬੰਦੂਕਾਂ, ਪਿਸਤੌਲ ਅਤੇ ਏ. ਕੇ. 47 ਛੁੜਾ ਕੇ ਉਨ੍ਹਾਂ ਦੇ ਹੱਥਾਂ ਵਿੱਚ ਕਲਮਾਂ ਫੜਾਈਆਂ। ਇੰਜੀਨੀਰਿੰਗ ਕਾਲਜ ਗੁਰਦਾਸਪੁਰ ਅਤੇ ਫਿਰੋਜ਼ਪੁਰ ਖੋਲ੍ਹੇ, ਮੈਡੀਕਲ ਕਾਲਜ ਜਲੰਧਰ ਖੋਲ੍ਹਿਆ। 1993-94 ਵਿੱਚ 833.26 ਲੱਖ ਦੀ ਲਾਗਤ ਨਾਲ ਜਾਬ ਓਰੀਐਂਟਡ ਕੋਰਸਿਜ਼ ਇੰਟਰੋਡਿਊਸ ਕੀਤੇ। 839 ਲੱਖ ਦੀ ਲਾਗਤ ਨਾਲ ਦੋ ਲਾਇਬ੍ਰੇਰੀਆਂ ਮਾਨਸਾ ਅਤੇ ਫ਼ਤਿਹਗੜ੍ਹ ਸਾਹਿਬ ਚਾਲੂ ਕੀਤੀਆਂ ਅੋਰ ਉਨ੍ਹਾਂ ਨੂੰ ਕਲਾਸ-2 ਦਾ ਦਰਜਾ ਦਿੱਤਾ। ਇਸ ਤੋਂ ਇਲਾਵਾ ਗੁਰਦਾਸਪੁਰ ਵਿੱਚ 1995-96 ਵਿੱਚ ਲਾਇਬ੍ਰੇਰੀ ਨੂੰ ਉਚਾ ਦਰਜਾ ਕਰਨ ਦਾ ਵਿਚਾਰ ਹੈ। ਤਿੰਨਾਂ ਲਾਇਬ੍ਰੇਰੀਆਂ ਤੇ 1050 ਲੱਖ ਖਰਚਣ ਵਾਸਤੇ ਰਖਿਆ ਹੈ।

ਐਜੂਕੇਸ਼ਨ ਵਿੱਚ ਇਨ੍ਹਾਂ ਦੀਆਂ ਬਹੁਤ ਪ੍ਰਾਪਤੀਆਂ ਹਨ। ਜਿਥੇ 48.12 ਪ੍ਰਤੀਸ਼ਤ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ]

ਲਿਟਰੇਸੀ ਸੀ ਹੁਣ ਇਸ ਸਾਲ 68.61 ਪ੍ਰਤੀਸ਼ਤ ਹੋ ਗਈ ਹੈ । ਸਰਕਾਰ ਦਾ ਟੀਚਾ ਹੈ ਕਿ ਕੋਈ ਬੱਚਾ ਪੜ੍ਹਾਈ ਤੋਂ ਵਾਂਝਾ ਨਾ ਰਹਿ ਜਾਵੇ । ਇਸ ਕਰਕੇ ਸਰਦਾਰ ਬੇਅੰਤ ਸਿੰਘ ਹੋਰਾਂ ਨੇ ਪਿੰਡ-ਪਿੰਡ ਸਕੂਲ ਖੋਲ੍ਹ ਦਿੱਤੇ ਅੌਰ ਖੋਲ੍ਹਣ ਦਾ ਵਿਚਾਰ ਹੈ ਤਾਂ ਕਿ ਬੱਚੇ ਨੂੰ ਇੱਕ ਕਿਲੋਮੀਟਰ ਤੋਂ ਜ਼ਿਆਦਾ ਚੱਲ ਕੇ ਨਾ ਜਾਣਾ ਪਵੇ ।

ਸ਼੍ਰੀ ਡਿਪਟੀ ਸਪੀਕਰ: ਵਾਈਂਡ ਅੱਪ ਕਰੋ, ਪਲੀਜ਼ ।

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ ਡਿਪਟੀ ਸਪੀਕਰ ਸਾਹਿਬ, ਸ਼ਡਿਊਲਡ ਕਾਸਟ ਬੱਚਿਆਂ ਨੂੰ 30/- ਰੁਪਏ ਮਹੀਨਾ ਸਟਾਈਫਨ ਦਿੱਤਾ । ਕਿਉਂਕਿ ਉਹ 10 ਮਹੀਨੇ ਸਕੂਲ ਜਾਂਦੇ ਹਨ, ਇਸ ਵਾਸਤੇ ਤਿੰਨ ਸੌ ਰੁਪਿਆ ਰੱਖਿਆ । ਇਸ ਦੇ ਵਾਸਤੇ 12 ਕਰੋੜ ਰੁਪਏ ਹਰ ਸਾਲ ਖਰਚ ਕਰਦੇ ਹਨ । ਅੱਗੇ ਵੀ ਸਰਦਾਰ ਬੇਅੰਤ ਸਿੰਘ ਦਾ ਖਰਚ ਕਰਨ ਦਾ ਵਿਚਾਰ ਹੈ ।

ਸ਼੍ਰੀ ਡਿਪਟੀ ਸਪੀਕਰ ਵਾਈਂਡ ਅੱਪ ਕਰੋ ।

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ ਸਰ, ਥੋੜ੍ਹਾ ਹੋਰ ਬੋਲ ਲੈਣ ਦਿਓ ।

ਸ਼੍ਰੀ ਡਿਪਟੀ ਸਪੀਕਰ: ਤੁਹਾਡੇ ਦੋ ਤਿੰਨ ਮਿੰਟ ਸੀ । ਲੇਕਿਨ ਤੁਹਾਨੂੰ ਚਾਰ ਮਿੰਟ ਹੋ ਗਏ ਹਨ ।

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ: 31-3-95 ਤੱਕ 12,464 ਪ੍ਰਾਇਮਰੀ ਸਕੂਲ, 1,521 ਮਿਡਲ ਸਕੂਲ, 2,080 ਹਾਈ ਸਕੂਲ ਅਤੇ 795 ਸੀਨੀਅਰ ਸੈਕੰਡਰੀ ਸਕੂਲ ਪੰਜਾਬ ਵਿੱਚ ਚੱਲ ਰਹੇ ਹਨ । 1992 ਵਿੱਚ ਥੋੜ੍ਹਾ ਟਾਈਮ ਮਿਲਿਆ ਲੇਕਿਨ ਉਦੋਂ 70 ਸਕੂਲ ਹਾਈ ਤੋਂ ਸੀਨੀਅਰ ਸੈਕੰਡਰੀ ਬਣਾਏ ।

ਸ਼੍ਰੀ ਡਿਪਟੀ ਸਪੀਕਰ: ਪਲੀਜ਼, ਬੈਠੋ ਈ. ਐਮ. ਸਾਹਿਬ ਨੇ ਬੋਲਣਾ ਹੈ ਅਤੇ ਅਪੋਜੀਸ਼ਨ ਦੇ ਮੈਂਬਰ ਸਾਹਿਬਾਨ ਨੇ ਵੀ ਬੋਲਣਾ ਹੈ ।

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਅਤੇ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਬੜੀ ਤਰੱਕੀ ਕਰ ਰਹੀ ਹੈ । ਤੁਸੀਂ ਦੇਖਣਾ ਇਹ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇਗੀ, ਇਹ ਮੇਰੀ ਅਰਜ਼ ਹੈ । ਜੈ ਹਿੰਦ ।

ਸ਼੍ਰੀ ਡਿਪਟੀ ਸਪੀਕਰ: ਜ਼ੀਰਾ ਸਾਹਿਬ, ਮੈਂ ਤੁਹਾਨੂੰ ਦੋ ਤਿੰਨ ਮਿੰਟ ਦੇ ਸਕਦਾ ਹਾਂ, ਤੁਸੀਂ ਇਸ ਸਮੇਂ ਵਿੱਚ ਹੀ ਪੂਰਾ ਕਰਨਾ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ (ਜ਼ੀਰਾ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਦੋ-ਤਿੰਨ ਮਿੰਟ ਬੋਲਣ ਦਾ ਮੌਕਾ ਦਿੱਤਾ ਹੈ, ਮੈਨੂੰ ਤਾਂ ਇਹ ਵੀ ਆਸ ਨਹੀਂ ਸੀ ।

Original with;
Punjab Vidhan Sabha
Digitized by;

ਸ਼੍ਰੀ ਡਿਪਟੀ ਸਪੀਕਰ: ਐਸੀ ਗੱਲ ਨਹੀਂ, ਤੁਹਾਡਾ ਟਾਈਮ ਤਾਂ ਪੰਜ ਮਿੰਟ ਸੀ ਲੇਕਿਨ ਤੁਸੀਂ ਬੋਲਣ ਲਈ ਦੱਸਿਆ ਹੁਣ ਹੈ, ਲੇਟ ਹੋ ਗਏ ਹੋ, ਤੁਸੀਂ ਹਾਊਸ ਵਿੱਚ ਹੈ ਨਹੀਂ ਸੀ ।

ਮੁੱਖ ਸਸਦੀ ਸਕੱਤਰ ਸਰ, ਟਾਈਮ ਕਾਫ਼ੀ ਹੋ ਚੁੱਕਿਆ ਹੈ । ਅਜੇ ਈ.ਐਮ. ਸਾਹਿਬ ਨੇ ਵੀ ਬੋਲਣਾ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ਵਿੱਦਿਆ ਇਨਸਾਨ ਦਾ ਤੀਜਾ ਨੇਤਰ ਹੈ । ਪਿਛਲੀ ਦਿਨੀਂ ਵਿਮਲਾ ਡਾਂਗ ਜੀ ਨੇ ਮਤਾ ਰੱਖਿਆ । ਮੇਰੇ ਵੀਰਾਂ ਨੇ ਜ਼ੋਰ ਜ਼ੋਰ ਨਾਲ ਕਿਹਾ ਕਿ ਇਹ ਠੀਕ ਨਹੀਂ, ਬੜਾ ਵਾਵੇਲਾ ਖੜਾ ਕੀਤਾ ਪਰ ਅੱਜ ਇਸੇ ਤਰ੍ਹਾਂ ਨਾਲ ਰਲਦਾ ਮਿਲਦਾ ਮਤਾ ਆਇਆ ਹੈ । ਮੈਂ ਸਮਝਦਾ ਹਾਂ ਕਿ ਇਹ ਜਿਹੜੀਆਂ ਗੱਲਾਂ ਕਰਦੇ ਹਨ ਵੈਸੇ ਹੀ ਨੇ ! ਤਿੰਨ ਸਾਲ ਸਰਕਾਰ ਬਣੀ ਨੂੰ ਹੋ ਗਏ ਹਨ ਲੇਕਿਨ ਅਜੇ ਕਈ ਸਕੂਲ ਐਸੇ ਹਨ ਜਿਨ੍ਹਾ ਦੀ ਕੋਈ ਬਿਲਡਿੰਗ ਹੀ ਨਹੀਂ । ਮੰਤਰੀ ਸਾਹਿਬ ਪਿਛਲੀ ਮੀਟਿੰਗ ਵਿੱਚ ਸਾਡੇ ਉਥੇ ਜਦੋਂ ਗਏ ਸਨ ਤਾਂ ਉਦੋਂ ਉਥੇ ਇਹ ਗੱਲ ਹੋਈ ਸੀ ਜ਼ੀਰਾ ਪ੍ਰਾਇਮਰੀ ਸਕੂਲਾਂ ਦੀ ਕੋਈ ਬਿਲਡਿੰਗ ਨਹੀਂ ਹੈ ਤਾਂ ਇਨ੍ਹਾਂ ਨੇ ਇਸ ਗੱਲ ਦਾ ਭਰੋਸਾ ਦਿਵਾਇਆ ਸੀ ਕਿ ਜਲਦੀ ਹੀ ਕੋਈ ਉਪਰਾਲਾ ਕਰਾਂਗੇ । ਡਿਪਟੀ ਸਪੀਕਰ ਸਾਹਿਬ, ਅਜੇ ਕਈ ਥਾਂ ਐਸੇ ਪਿੰਡ ਹਨ ਜਿਥੇ ਪ੍ਰਾਇਮਰੀ ਸਕੂਲ ਨਹੀਂ ਹਨ । ਮੇਰੇ ਇਲਾਕੇ ਵਿੱਚ ਰਾਜੀਸੁਭਗ ਵਿੱਚ ਕੋਈ ਪ੍ਰਾਇਮਰੀ ਸਕੂਲ ਨਹੀਂ ਹੈ । ਇਸੇ ਤਰ੍ਹਾਂ ਗਟੀ ਹਰੀਕੇ ਵਿੱਚ ਵੀ ਕੋਈ ਪ੍ਰਾਇਮਰੀ ਸਕੂਲ ਨਹੀਂ । ਅੱਜ ਹਿੰਦੁਸਤਾਨ ਨੂੰ ਆਜ਼ਾਦ ਹੋਏ ਨੂੰ 47 ਸਾਲ ਹੋ ਗਏ ਹਨ ਅੌਰ 47 ਸਾਲ ਆਜ਼ਾਦੀ ਤੋਂ ਬਾਅਦ ਵੀ ਹੇਠਲੇ ਪੱਧਰ ਦੀ ਵਿਦਿਆ ਪ੍ਰਾਪਤ ਕਰਨ ਲਈ ਲੋਕਾਂ ਤਰ ਪ੍ਰਾਇਮਰੀ ਸਕੂਲ ਨਹੀਂ ਚਿੱਤੇ ਗਏ । ਇਸ ਲਈ ਮੈਂ ਕਹਿਣਾ ਚਾਹੁਦਾ ਹਾਂ ਕਿ ਪ੍ਰਾਇਮਰੀ ਸਕੂਲਾਂ ਦੀ ਜਿਹੜੀ ਹਾਲਤ ਹੈ ਉਹ ਜਿੰਨੀ ਵੀ ਅਸੀਂ ਕਹਿ ਸਕੀਏ ਉਤਨੀ ਮਾੜੀ ਹੈ । ਇਨ੍ਹਾਂ ਤਿੰਨਾਂ ਸਾਲਾਂ ਵਿੱਚ, ਪਿੱਛੇ ਲੰਮੇ ਸਮੇਂ ਤਕ ਗਵਰਨਮੈਂਟ ਰਾਜ ਰਿਹਾ ਅੌਰ ਮੇਰੇ ਵੀਰ ਇਥੇ ਵਾਰ-ਵਾਰ ਇਹੀ ਗੱਲ ਕਹਿੰਦੇ ਹਨ ਕਿ ਅੱਤਵਾਦ ਦਾ ਬੜਾ ਜ਼ੋਰ ਸੀ ਪਰ ਹੁਣ ਤਾਂ ਇਸ ਸਰਕਾਰ ਨੂੰ ਬਣੇ ਨੂੰ ਤਾਂ ਤਿੰਨ ਸਾਲ ਹੋ ਗਏ ਹਨ । ਅਸੀਂ ਇਸ ਦੇ ਲਈ ਕੀ ਕੀਤਾ ਹੈ । ਮਤੇ ਜ਼ਰੂਰ ਇਥੇ ਆਉਂਦੇ ਰਹੇ ਹਨ ਪਰ ਇਸ ਸਬੰਧ ਵਿੱਚ ਸਿਵਾਏ ਮਤਿਆਂ ਦੇ ਹੋਰ ਕੋਈ ਕੰਮ ਨਹੀਂ ਕੀਤਾ । ਅੱਗੇ ਵੀ ਮੇਰੇ ਕਈ ਵੀਰ ਇਥ ਬੋਲਦਿਆਂ ਕਹਿ ਗਏ ਹਨ ਕਿ ਪ੍ਰਾਇਮਰੀ ਸਕੂਲਾਂ ਵਿੱਚ ਬੱਚਿਆਂ ਲਈ ਪੀਣ ਲਈ ਠੰਢਾ ਪਾਣੀ ਵੀ ਨਹੀਂ ਹੈ । ਜਦੋਂ ਗਰਮੀ ਦਾ ਪੂਰਾ ਜ਼ੋਰ ਹੁੰਦਾ ਹੈ ਤਾਂ ਛੋਟਿਆਂ ਛੋਟਿਆਂ ਬੱਚਿਆਂ ਨੂੰ ਠੰਢਾ ਪਾਣੀ ਪੀਣ ਨੂੰ ਨਹੀਂ ਮਿਲਦਾ, ਗਰਮ ਪਾਣੀ ਹੀ ਉਹ ਪੀਂਦੇ ਹਨ । ਇਸ ਵੇਲੇ ਸਕੂਲਾਂ ਦੀ ਇਹ ਹਾਲਤ ਹੈ ਕਿ ਕੋਈ ਗਰੀਬ ਆਦਮੀ ਵੀ ਜੇ ਕੋਈ ਦੋ ਡੰਗ ਦੀ ਰੋਟੀ ਖਾਂਦਾ ਹੈ ਤਾਂ ਉਹ ਵੀ ਇਨ੍ਹਾਂ ਪ੍ਰਾਇਮਰੀ ਸਕੂਲਾਂ ਵਿੱਚ ਆਪਣੇ ਬੱਚੇ ਪੜ੍ਹਨ ਵਾਸਤੇ ਨਹੀਂ ਭੇਜਦਾ ਜਿਸ ਦੇ ਕੋਲ ਚਾਰ ਛਿਲੜ ਹਨ, ਜਿਸ ਕੋਲ ਚਾਰ ਪੈਸੇ ਹਨ ਉਹ ਤਾਂ ਬਿਲਕੁਲ ਹੀ ਇਨ੍ਹਾਂ ਪ੍ਰਾਇਮਰੀ ਸਕੂਲਾਂ ਵਿੱਚ ਆਪਣੇ ਬੱਚਿਆਂ ਨੂੰ ਨਹੀਂ ਭੇਜਦੇ, ਕਿਸੇ ਚੰਗੇ ਸਕੂਲ ਵਿੱਚ ਆਪਣੇ ਬੱਚੇ ਨੂੰ ਵਿਦਿਆ ਹਾਸਲ ਕਰਨ ਲਈ ਭੇਜਦਾ ਹੈ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਆਪਣਾ ਖਾਸ ਧਿਆਨ ਇਧਰ ਦੇਣਾ ਚਾਹੀਦਾ ਹੈ । ਇਥੇ

Original with;
Punjab Vidhan Sabha
Digitized by;

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਜੋ ਮਤੇ ਆਉਂਦੇ ਹਨ, ਉਹ ਮਤੇ ਮਤੇ, ਬਣ ਕੇ ਹੀ ਰਹਿ ਜਾਂਦੇ ਹਨ। (ਵਿਘਨ) ਤੁਸੀਂ ਮੈਨੂੰ ਕਿਉਂਕਿ ਹੋਰ ਸਮਾਂ ਨਹੀਂ ਦੇ ਰਹੇ, ਇਸ ਲਈ ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇਹੀ ਕਹਿਣਾ ਚਾਹੁੰਦਾ ਹਾਂ ਕਿ ਮਤੇ ਮਤੇ ਨਾ ਰਹਿ ਜਾਣ, ਕੋਈ ਅਮਲੀ ਗੱਲ ਵੀ ਕਰਨੀ ਚਾਹੀਦੀ ਹੈ।

ਸਿੱਖਿਆ ਅਤੇ ਭਾਸ਼ਾ ਮੰਤਰੀ (ਸਰਦਾਰ ਲਖਮੀਰ ਸਿੰਘ ਰੰਧਾਵਾ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ। ਐਸਾ ਮਤਾ ਸਾਡੇ ਸਾਥੀ, ਸ੍ਰੀ ਰਮੇਸ਼ ਚੱਤ ਜੀ ਨੇ ਰਖਿਆ ਹੈ ਜਿਸ ਤੇ ਬਹੁਤ ਅੱਛੀਆਂ ਵਿਚਾਰਾਂ ਆਈਆਂ ਹਨ। ਪਿਛਲੇ ਮਤੇ ਨਾਲੋਂ ਇਸ ਮਤੇ ਦਾ ਫਰਕ ਹੈ। ਉਸ ਵਿਚ ਇਹ ਮੰਗ ਕੀਤੀ ਗਈ ਸੀ ਕਿ ਪ੍ਰਾਇਮਰੀ ਸਕੂਲਾਂ ਵਿਚ ਪੰਜ ਟੀਚਰ ਲਾਏ ਜਾਣ ਪਰ ਇਸ ਮਤੇ ਵਿਚ ਇਹ ਮੰਗ ਕੀਤੀ ਗਈ ਹੈ ਕਿ ਪੰਜਾਬ ਵਿਚ ਪ੍ਰਾਇਮਰੀ ਸਕੂਲਾਂ ਵਿਚ ਵਿਦਿਆ ਦੇ ਪੱਧਰ ਦਾ ਮਿਆਰ ਉੱਚਾ ਕੀਤਾ ਜਾਵੇ, ਸੌ ਫੀ ਸਦੀ ਸਾਖਰਤਾ ਵਲ ਕਦਮ ਚੁੱਕੇ ਜਾਣ। ਡਿਪਟੀ ਸਪੀਕਰ ਸਾਹਿਬ, ਮੇਰੇ ਮਾਨਯੋਗ ਸਾਥੀਆਂ ਨੇ ਵਿਦਿਆ ਦੇ ਬਾਰੇ ਦਾਰਸ਼ਨਕ ਵਿਚਾਰ ਦਿੱਤੇ ਹਨ। ਐਜੂਕੇਸ਼ਨਲ ਐਂਡ ਫਿਲਾਸਫੀਕਲ ਖਾਟ ਜੋ ਰੱਖੇ ਗਏ ਹਨ ਉਸ ਤੋਂ ਪਤਾ ਲਗਦਾ ਹੈ ਕਿ ਮੈਂਬਰ ਸਾਹਿਬਾਨ ਦੀ ਪੰਜਾਬ ਦੇ ਲੋਕਾਂ ਦੀ ਕਿੰਨੀ ਗੰਭੀਰਤਾ ਹੈ। ਕੇਵਲ ਨੁਕਤਾਚੀਨੀ ਨੁਕਤਾਚੀਨੀ ਦੀ ਖ਼ਾਤਰ ਕਰਨੀ ਠੀਕ ਨਹੀਂ ਹੁੰਦੀ। ਬੜੇ ਉਚੇ ਪੱਧਰ ਤੇ ਵਿਚਾਰ ਸਾਹਮਣੇ ਆਏ ਹਨ। ਸਿਰਫ਼ ਜ਼ੀਰਾ ਸਾਹਿਬ ਨੇ ਬਹੁਤ ਅਫਸੋਸ ਜ਼ਾਹਿਰ ਕੀਤੀ। ਡਿਪਟੀ ਸਪੀਕਰ ਸਾਹਿਬ, ਸਾਨੂੰ ਇਸ ਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਵਿਦਿਆ ਹੈ ਕੀ ਚੀਜ਼। ਵਿਦਿਆ ਦੀ ਜਿੰਮੇਵਾਰੀ ਕਿਸ ਕਿਸ ਦੀ ਹੈ ਅੌਰ ਵਿਦਿਆ ਕਿਸ ਉਮਰ ਤੋਂ ਸ਼ੁਰੂ ਕੀਤੀ ਜਾਂਦੀ ਹੈ. ਕਦੋਂ ਖ਼ਤਮ ਕੀਤੀ ਜਾਣੀ ਹੁੰਦੀ ਹੈ। ਇਹ ਵਿਚਾਰ ਜੋ ਸਾਹਮਣੇ ਆਉਂਦੇ ਹਨ ਉਸ ਦੇ ਮੁਤਾਬਿਕ ਪ੍ਰੋਗਰਾਮ ਬਣਾਏ ਜਾਂਦੇ ਹਨ। ਡਿਪਟੀ ਸਪੀਕਰ ਸਾਹਿਬ. ਪ੍ਰਾਚੀਨ ਕਾਲ ਦੀਆਂ ਗੱਲਾਂ ਕੀਤੀਆਂ ਗਈਆਂ। ਭਾਰਤੀ ਵਿਚਾਰਧਾਰਾ ਅੌਰ ਸਭ ਨੇ ਇਹ ਗੱਲ ਮੰਨੀ ਹੈ ਕਿ ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਉਸ ਲਈ ਵਿਦਿਆ ਬਹੁਤ ਜ਼ਰੂਰੀ ਹੈ। ਅਰਿਸਟੋ ਜੋ ਬਹੁਤ ਪੁਰਾਨੇ ਫਿਲਾਸਫਰ ਹੋਏ ਹਨ ਉਨ੍ਹਾਂ ਨੂੰ ਕਿਸੇ ਨੇ ਪੁਛਿਆ ਕਿ how superior is educated to the uneducated ? ਆਰਿਸਟੋ ਨੇ ਜਵਾਬ ਦਿੱਤਾ ਕਿ as is living to the dead.ਸੁਪੀਰਿਓਰਟੀ ਦੀ ਗੱਲ ਕੀਤੀ ਸੀ ਕਿ ਐਨਾ ਅੰਤਰ ਹੈ। ਇਸ ਲਈ ਵਿਦਿਆ ਹਰ ਬੱਚੇ ਲਈ ਜ਼ਰੂਰੀ ਹੈ। ਇਸ ਤੇ ਹੀ ਮੈਂ ਜ਼ੋਰ ਦੇਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ. ਜ਼ਿਆਦਾ ਸਮਾਂ ਨਹੀਂ। ਮੈਂ ਸਿਰਫ਼ ਐਨਾ ਕਹਿਣਾ ਚਾਹਵਾਂਗਾ ਕਿ ਐਨੇ ਲੰਬੇ ਸਮੇਂ ਤੋਂ ਦੇਸ਼ ਗੁਲਾਮ ਰਿਹਾ ਹੈ ਅੌਰ ਸਾਡੇ ਦੇਸ਼ ਵਿਚ ਗਰੀਬੀ ਵੀ ਆਈ ਹੈ। ਅਜ਼ਾਦੀ ਮਿਲਣ ਤੋਂ ਬਾਅਦ ਇਸ ਪਾਸੇ ਕੁਝ ,ਉਪਰਾਲੇ ਸ਼ੁਰੂ ਹੋਏ। ਉਸ ਵੇਲੇ ਸਾਡੇ ਸੰਵਿਧਾਨ ਦੇ ਨਿਰਮਾਤਾ ਡਾਕਟਰ ਅੰਬੇਦਕਰ. ਪੰਡਿਤ ਨਹਿਰੂ ਅਤੇ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਇਹ ਫੈਸਲਾ ਕੀਤਾ ਗਿਆ ਕਿ ਕਿੰਨੀ ਉਮਰ ਤੋਂ ਸਰਕਾਰ ਵਿਦਿਆ ਦੀ ਜਿੰਮੇਵਾਰੀ ਲਵੇ। ਉਸ ਸੰਵਿਧਾਨ ਵਿਚ 6 ਤੋਂ 11 ਸਾਲ ਤਕ ਦੇ ਬੱਚੇ ਲਈ ਮੁਫਤ ਅਤੇ ਲਾਜ਼ਮੀ ਸਿਖਿਆ ਦੇਣ ਲਈ ਕਿਹਾ ਗਿਆ।

Original with;
Punjab Vidhan Sabha
Digitized by;
Panjab Digital Library

ਇਹ ਫੈਸਲਾ ਉਸ ਸਮੇਂ ਦੇਸ਼ ਦੀ ਆਰਥਿਕ ਦਸ਼ਾ ਨੂੰ ਸਾਹਮਣੇ ਰੱਖ ਕੇ ਕੀਤਾ ਗਿਆ। ਇਸ ਤੋਂ ਬਾਅਦ ਦੇਸ਼ ਵਿਚ ਪੁਰਾਣੇ ਵਿਚਾਰਵਾਨਾਂ ਦੇ ਵਿਚਾਰ ਵੀ ਇਥੇ ਆਉਂਦੇ ਰਹੇ। ਕਈਆਂ ਨੇ ਇਹ ਕਿਹਾ ਕਿ ਵਿਦਿਆ ਜਨਮ ਤੋਂ ਚਲਦੀ ਹੈ। ਕਈਆਂ ਨੇ ਕਿਹਾ ਕਿ ਵਿਦਿਆ ਵਿਰਸੇ ਤੋਂ ਮਿਲਦੀ ਹੈ ਅੱਜ ਕਈ ਐਸੇ ਵੀ ਮਨੋਵਿਗਿਆਨਕਾਂ ਨੇ ਇਹ ਗੱਲ ਦੱਸੀ ਹੈ ਕਿ 9 ਪੀੜੀਆਂ ਨਾਨਕੇ ਅਤੇ 9 ਪੀੜੀਆਂ ਦਾਦਕੇ ਦਾ ਪ੍ਰਭਾਵ ਬੱਚੇ ਤੇ ਪੈਂਦਾ ਹੈ। ਸਾਡੇ ਗ੍ਰੰਥਾਂ ਵਿਚ ਤਾਂ ਇਹ ਗੱਲ ਵੀ ਆਈ ਹੈ ਕਿ 100 ਪੀੜ੍ਹੀਆਂ ਤੱਕ ਵੀ ਬੱਚੇ ਤੇ ਪ੍ਰਭਾਵ ਪੈਂਦਾ ਹੈ। ਸਾਡੇ ਤੇ ਹੈਰੀਟੇਜ ਦਾ ਅਸਰ ਵੀ ਪੈਂਦਾ ਹੈ ਜਿਸ ਮੁਤਾਬਿਕ ਬੱਚਾ ਵਿਦਿਆ ਲੈਂਦਾ ਹੈ। ਰੈਂਤੇ ਵਰਗੇ ਫਿਲਾਸਫਰ ਨੇ ਤਾਂ ਇਹ ਵੀ ਕਿਹਾ ਹੈ ਕਿ Education begins at birth. ਜਿਸ ਦਿਨ ਬੱਚੇ ਦੀਆਂ ਗਿਆਨ ਇੰਦਰੀਆਂ ਕੰਮ ਕਰਨਾ ਸ਼ੁਰੂ ਕਰ ਦਿੰਦੀਆਂ ਹਨ ਉਸ ਦਿਨ ਤੋਂ ਹੀ ਉਸ ਦੀ ਵਿਦਿਆ ਸ਼ੁਰੂ ਹੋ ਜਾਂਦੀ ਹੈ ਅੱਜ ਜ਼ਿੰਮੇਵਾਰੀ ਵੀ ਆਉਂਦੀ ਹੈ। ਜਦੋਂ ਗਿਆਨ ਇੰਦਰੀਆਂ ਕੰਮ ਕਰਨਾ ਸ਼ੁਰੂ ਕਰਦੀਆਂ ਹਨ ਤਾਂ ਉਹ ਸਿੱਖਣ ਲੱਗ ਜਾਂਦਾ ਹੈ। ਕਈ ਫਿਲਾਸਫਰਾਂ ਨੇ ਤਾਂ ਇਹ ਵੀ ਕਿਹਾ ਹੈ ਕਿ ਬੱਚੇ ਦੇ ਪੰਗੂੜੇ ਵਿਚ ਹੋਣ ਤੇ ਹੀ ਵਿਦਿਆ ਸ਼ੁਰੂ ਹੋ ਜਾਂਦੀ ਹੈ। ਮਾਂ ਦੀ ਗੋਦੀ ਵਿਚ ਹੀ ਉਹ ਸਿੱਖਣਾ ਸ਼ੁਰੂ ਕਰ ਦਿੰਦਾ ਹੈ। ਇਸ ਲਈ ਸਭ ਤੋਂ ਪਹਿਲੀ ਜ਼ਿੰਮੇਵਾਰੀ ਬੱਚੇ ਲਈ ਵਿਦਿਆ ਦੀ ਮਾਂ-ਬਾਪ ਦੀ ਹੁੰਦੀ ਹੈ ਪਰ ਸਾਡੀ ਇਹ ਵੀ ਕੁਝ ਬਦਕਿਸਮਤੀ ਰਹੀ ਹੈ ਕਿ ਸਾਡਾ ਦੇਸ਼ ਬਹੁਤ ਸਮਾਂ ਗੁਲਾਮ ਰਿਹਾ ਹੈ ਅੱਜ ਇਸ ਗੁਲਾਮੀ ਦੇ ਸਮੇਂ ਦੇ ਵਿਚ ਸਾਡੇ ਦੇਸ਼ਵਾਸੀਆਂ ਵਿਚ ਅਨ-ਪੜ੍ਹਤਾ ਵਧੀ ਹੈ ਜਿਸ ਕਾਰਨ ਉਹ ਬੱਚੇ ਦੀ ਸਾਈਕਾਲੋਜੀ ਨੂੰ ਨਹੀਂ ਸਮਝ ਸਕੇ। ਜੋ ਬੱਚੇ ਦੀ ਮਨੋਵਿਗਿਆਨਿਕ ਅਵਸਥਾ ਹੁੰਦੀ ਹੈ, ਜਿਸ ਦਿਨ ਤੋਂ ਉਸ ਦੀਆਂ ਅੱਖਾਂ ਖੁਲ੍ਹੀਆਂ ਕਿਸ ਤਰ੍ਹਾਂ ਨਾਲ ਉਸ ਨੂੰ ਵੇਖਣਾ ਹੈ ਅੱਜ ਕਿਸ ਤਰ੍ਹਾਂ ਨਾਲ ਮਾਂ-ਬਾਪ ਨੇ ਉਸ ਨਾਲ ਵਰਤਾਵ ਕਰਨਾ ਹੈ। ਇਹ ਸਾਰਾ ਕੁਝ ਉਨ੍ਹਾਂ ਨੂੰ ਅਨਪੜ੍ਹਤਾ ਕਾਰਨ ਪਤਾ ਨਹੀਂ ਹੁੰਦਾ। ਸੋ, ਡਿਪਟੀ ਸਪੀਕਰ ਸਾਹਿਬ, ਸੰਵਿਧਾਨ ਦੇ ਮੁਤਾਬਕ 6 ਸਾਲ ਦੀ ਉਮਰ ਵਿਦਿਆ ਵਾਸਤੇ ਰਖੀ ਗਈ ਹੈ। 6 ਸਾਲ ਦੀ ਉਮਰ ਵਿਚ ਬੱਚੇ ਨੂੰ ਵਿਦਿਆ ਦੇਣ ਲਈ ਐਕਟ ਵਿਚ ਪ੍ਰੋਵੀਜ਼ਨ ਕੀਤੀ ਗਈ ਸੀ। ਇਸ 6 ਸਾਲ ਦੀ ਉਮਰ ਵਿਚ ਬੱਚੇ ਦਾ ਮਨ ਬਿਲ-ਕੁਲ ਸਾਫ ਸਲੇਟ ਵਾਂਗ ਹੁੰਦਾ ਹੈ ਜੋ ਲਾਈਨ ਉਸ ਦੇ ਮਨ ਉਤੇ ਵੱਸ ਜਾਂਦੀ ਹੈ, ਉਹ ਲਾਈਨ ਪੱਕੀ ਹੋ ਜਾਂਦੀ ਹੈ। ਇਸ ਵੱਲ ਮਾਪਿਆਂ ਨੂੰ ਧਿਆਨ ਦੀ ਲੋੜ ਹੈ। ਵਿਦਵਾਨਾਂ ਨੇ ਵਿਦਿਆ ਬਾਰੇ 3 ਨੰਬਰ ਲਗਾਏ ਹਨ ਅਤੇ ਕਿਹਾ ਜਾਂਦਾ ਹੈ ਕਿ ਬੱਚੇ ਨੂੰ ਪਹਿਲੇ ਨੰਬਰ ਤੇ ਵਿਦਿਆ ਮਾਪਿਆਂ ਤੋਂ ਮਿਲਦੀ ਹੈ ਅਤੇ ਦੂਜੇ ਨੰਬਰ ਤੇ ਬੱਚੇ ਨੂੰ ਵਿਦਿਆ ਸਮਾਜ ਤੋਂ ਮਿਲਦੀ ਹੈ ਅਤੇ ਤੀਜੇ ਨੰਬਰ ਤੇ ਸਰਕਾਰ ਵਲੋਂ ਮਿਲਦੀ ਹੈ। ਸਰਕਾਰ ਵਲੋਂ ਠੀਕ ਪਲੈਨਡ ਤਰੀਕੇ ਨਾਲ ਸਿਖਿਆ ਦੇਣੀ ਹੁੰਦੀ ਹੈ। ਇਸ ਦੇ ਨਾਲ ਹੀ ਦੁਨੀਆਂ ਦੇ ਵਿਚ ਵਿਚਾਰ ਹੋਈ ਬੱਚੇ ਨੂੰ ਵਿਦਿਆ ਦੇਣ ਬਾਰੇ ਕਿ ਕਿਹੜੇ ਸਾਲ ਤੋਂ ਬੱਚੇ ਨੂੰ ਵਿਦਿਆ ਦੇਣੀ ਸ਼ੁਰੂ ਹੋਣੀ ਚਾਹੀਦੀ ਹੈ। ਇਸ ਬਾਰੇ ਅਲੱਗ ਅਲੱਗ ਫੈਸਲੇ ਕੀਤੇ ਗਏ ਹਨ। ਕਈ ਦੇਸ਼ਾਂ ਵਿਚ 3 ਸਾਲ ਦੀ ਉਮਰ ਵਿਚ ਬੱਚੇ ਨੂੰ ਵਿਦਿਆ ਦੇਣ ਦਾ ਪ੍ਰਬੰਧ ਕੀਤਾ ਜਾਂਦਾ ਹੈ. ਕਈ ਦੇਸਾਂ ਵਿਚ 4 ਸਾਲ ਦੀ ਉਮਰ ਵਿਚ ਕੀਤਾ ਗਿਆ ਹੈ ਪਰ ਸਾਡੇ ਸੰਵਿਧਾਨ ਵਿਚ ਵੀ ਹੈ ਅਤੇ 1960 ਵਿਚ ਸਰਦਾਰ ਪ੍ਰਤਾਪ ਸਿੰਘ ਕੈਰੋਂ ਜੀ ਨੇ ਇਕ ਐਕਟ ਬਣਾਇਆ ਸੀ ਜਿਸ ਅਨੁਸਾਰ ਪੰਜਾਬ ਵਿਚ ਹਰ 6 ਸਾਲ ਦੇ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਬੱਚੇ ਨੂੰ ਵਿਦਿਆ ਦੇਣ ਲਈ ਪ੍ਰੋਵੀਜ਼ਨ ਰਖਿਆ ਗਿਆ ਸੀ ਲੇਕਿਨ ਇਸ ਉਤੇ ਵਿਚਾਰ ਕਰਕੇ ਸਰਦਾਰ ਬੇਅੰਤ ਸਿੰਘ ਨੇ ਇਹ ਉਮਰ ਘਟਾਕੇ 5 ਸਾਲ ਦੀ ਕਰ ਦਿੱਤੀ ਹੈ ਤਾਂਕਿ ਬੱਚੇ ਨੂੰ ਇਕ ਸਾਲ ਪਹਿਲੇ ਹੀ ਵਿਦਿਆ ਮਿਲਣੀ ਸ਼ੁਰੂ ਹੋ ਜਾਵੇ ਅਤੇ ਇਕ ਸਾਲ ਵਿਚ ਹੋਰ ਉਸ ਦਾ ਵਿਕਾਸ ਹੋ ਸਕੇ। ਇਹ ਫੈਸਲਾ ਇਸੇ ਸਾਲ ਹੀ ਕਰ ਦਿੱਤਾ ਗਿਆ ਹੈ। (ਤਾੜੀਆਂ)

ਡਿਪਟੀ ਸਪੀਕਰ ਸਾਹਿਬ, ਵਿਦਿਆ ਦੇ ਬਾਰੇ ਇਥੇ ਗੱਲ ਕੀਤੀ ਗਈ ਹੈ। ਇਸ ਦੇ ਕੀ ਏਮਜ਼ ਹੋਣੇ ਚਾਹੀਦੇ ਹਨ। what are the aims of education ? ਵਿਦਿਆ ਸਿਰਫ ਪੜ੍ਹ ਲਿਖ ਲੈਣਾ ਹੀ ਨਹੀਂ ਹੈ। ਸਿਰਫ ਜਾਣਕਾਰੀ ਹਾਸਲ ਕਰਨ ਤੱਕ ਨਹੀਂ ਹੈ। ਇਨਫਰਮੇਸ਼ਨ ਤੱਕ ਹੀ ਨਹੀਂ ਹੈ। ਵਿਦਿਆ ਨੂੰ ਦੇਣ ਬਾਰੇ ਵਿਦਵਾਨ ਪੌਸਟੋਲੋਜੀ ਨੇ ਵੀ ਇਸ ਬਾਰੇ ਕਿਹਾ ਹੈ। ਇਹ ਵਿਦਵਾਨ ਮਹਾਨ ਹਨ। ਉਨ੍ਹਾਂ ਨੇ ਕਿਹਾ ਹੈ ਕਿ ਇਸ ਲਿਟਰੇਸੀ ਨੂੰ ਦੇਣ ਲਈ ਇਸ ਐਜੂਕੇਸ਼ਨ ਦੀ ਡੈਫੀਨੇਸ਼ਨ ਇਹ ਹੈ As per Pastelogy. All round and harmonious development of the child is education.

ਬੱਚੇ ਦਾ ਸਰਬ-ਪੱਖੀ ਅਤੇ ਇਕ ਸਾਲ ਵਿਕਾਸ ਹੋਣਾ ਚਾਹੀਦਾ ਹੈ। ਵਿਦਿਆ ਬਾਰੇ ਦੁਨੀਆ ਦੇ ਮੁਲਕਾਂ ਵਿਚ ਬੱਚਿਆਂ ਨੂੰ ਲਿਟਰੇਸੀ ਦੇਣ ਲਈ ਉਮਰ ਬਾਰੇ ਵੱਖ-ਵੱਖ ਵਿਚਾਰ ਹਨ। According to Mahatma Gandhi, "Education is to draw out best of the body, mind and spirit of the child".

ਮਹਾਤਮਾ ਗਾਂਧੀ ਜੀ ਨੇ ਆਪਣੇ ਆਦਰਸ਼ਵਾਦੀ ਵਿਚਾਰ ਬੱਚਿਆਂ ਨੂੰ ਪੜ੍ਹਾਈ ਦੇਣ ਲਈ ਦਿੱਤੇ ਹਨ। ਬੱਚੇ ਦਾ ਸਰੀਰਿਕ ਵਿਕਾਸ ਹੋਣਾ ਚਾਹੀਦਾ ਹੈ ਅਤੇ ਉਸ ਦੀ ਮਾਨਸਿਕ ਸ਼ਕਤੀ ਨੂੰ ਡਿਵੈਲਪ ਕਰਨਾ ਚਾਹੀਦਾ ਹੈ ਅਤੇ ਜਨਮ ਤੋਂ ਹੀ ਉਸ ਦਾ ਆਤਮਿਕ ਵਿਕਾਸ ਹੋਣਾ ਚਾਹੀਦਾ ਹੈ to draw out best of body mind and spirit.

ਡਿਪਟੀ ਸਪੀਕਰ ਸਾਹਿਬ, ਸਾਡਾ ਦੇਸ਼ ਇਕ ਆਈਡੀਆਲੋਜੀਕਲ ਹੈ ਅਤੇ ਆਦਰਸ਼ਵਾਦੀ ਹੈ ਇਸ ਵਿਚ ਬੈਸਟ ਡਿਗਰੀ ਦੀ ਥਾਂ ਤੇ ਸੁਪਰ ਡਿਗਰੀ ਬੱਚਿਆਂ ਦੇ ਕੋਲ ਹੋਣੀ ਚਾਹੀਦੀ ਹੈ। ਬੱਚਿਆਂ ਦਾ ਵਿਕਾਸ ਸਰੀਰਿਕ ਅਤੇ ਮਾਨਸਿਕ ਅਤੇ ਆਤਮਿਕ ਵਿਕਾਸ ਹੋਣਾ ਚਾਹੀਦਾ ਹੈ ਤਾਂ ਕਿ ਉਸ ਦੀ ਸਖਸ਼ੀਅਤ ਵਧ ਸਕੇ ਅਤੇ ਬੱਚਿਆਂ ਦਾ ਛੋਟੀ ਉਮਰ ਵਿਚ ਵਿਕਾਸ ਹੋ ਸਕੇ। ਡਿਪਟੀ ਸਪੀਕਰ ਸਾਹਿਬ, ਪਹਿਲਾਂ ਪਹਿਲਾਂ ਉਨ੍ਹਾਂ ਨੇ ਆਪਣੀ ਐਜੂਕੇਸ਼ਨ ਤਿੰਨ ਕਿਸਮ ਦੀ ਰੱਖੀ ਜੋ ਪ੍ਰਾਇਮਰੀ ਐਜੂਕੇਸ਼ਨ ਦਿੱਤੀ, ਉਹ ਤਿੰਨ ਆਰ ਦੀ ਸੀ। ਰਿਡਿੰਗ, ਰਾਈਟਿੰਗ ਅਤੇ ਅਰਥਮੈਟਿਕ। ਅਸੀਂ ਉਸ ਤੇ ਅਮਲ ਨਹੀਂ ਕਰ ਰਹੇ ਬਲਕਿ ਸਾਡੇ ਸਾਹਮਣੇ ਜਿਹੜੇ ਤਰੀਕੇ ਦੇ ਨਾਲ ਪੰਜਾਬ ਸਰਕਾਰ ਨੇ ਪ੍ਰੋਗਰਾਮ ਬਣਾਏ ਹਨ, ਜਿਸ ਤਰੀਕੇ ਨਾਲ ਸਰਕਾਰ ਨੇ ਵੈਕੇਸ਼ਨਲਾਈਜੇਸ਼ਨ ਕੀਤੀ ਹੈ ਉਹ ਕਨਸੈਪਟ ਸਾਡੇ ਸਾਹਮਣੇ ਹੈ। ਅਸੀਂ ਪ੍ਰਾਇਮਰੀ ਲੈਵਲ ਤੇ ਤਿੰਨ ਆਰ ਦੀ ਜਗ੍ਹਾ 3 ਐਚ ਫਾਰਮੂਲਾ ਦਿੱਤਾ ਹੈ ਹੈਂਡ ਦੀ ਟ੍ਰੇਨਿੰਗ ਦਿੰਦੇ ਹਾਂ, ਅਤੇ ਹੈਡ ਦੀ ਟ੍ਰੇਨਿੰਗ ਦਿੰਦੇ ਹਾਂ ਅਤੇ ਹਾਰਟ ਦੀ ਟਰੇਨਿੰਗ ਦਿੰਦੇ ਹਾਂ ਇਹ ਡਿਪਟੀ ਸਪੀਕਰ ਸਾਹਿਬ, ਤਿੰਨ ਕਿਸਮ ਦੀ ਟ੍ਰੇਨਿੰਗ ਬੱਚਿਆਂ ਨੇ ਕਰਨੀ ਹੈ। ਟਾਈਮ ਥੋੜ੍ਹਾ ਹੋ ਗਿਆ ਹੈ। ਚਾਰ ਪੰਜ ਮਿੰਟ ਮੈਨੂੰ ਬੋਲਣ ਲਈ ਹੋਰ ਦੇ ਦਿਉ।

Original with;
Punjab Vidhan Sabha
Digitized by;
Panjab Digital Library

EXTENSION OF TIME OF THE SITTING

Mr. Deputy Speaker: Is it the pleasure of the House that the time of the sitting of the House may be extended by five minutes ?

Voices : Yes, yes.

Mr. Deputy Speaker: The time of the sitting of the House is extended upto 1.35 P.M.

RESOLUTION RE. RAISING OF STANDARD OF PRIMARY EDUCATION (*Resumption*)

ਸਿੱਖਿਆ ਅਤੇ ਭਾਸ਼ਾ ਮੰਤਰੀ : ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਜੋ ਪ੍ਰੋਗਰਾਮ ਬਣਾਏ ਹਨ, ਛੋਟੇ ਬੱਚਿਆਂ ਦੀ ਜ਼ਿੰਮੇਵਾਰੀ ਮਾਂ-ਬਾਪ ਤੇ ਵੀ ਹੈ, ਸਮਾਜ ਤੇ ਵੀ ਹੈ । ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਠੀਕ ਢੰਗ ਦੇ ਨਾਲ ਨਿਭਾਉਣੀ ਚਾਹੀਦੀ ਹੈ । ਸਮਾਜ ਵਿਚ ਜੋ ਵਾਲੰਟਰੀ ਆਰਗੇਨਾਈਜੇਸ਼ਨਜ਼ ਹਨ ਅਤੇ ਸਟੈਚੂਟਰੀ ਬਾਡੀਜ਼ ਹਨ, ਉਨ੍ਹਾਂ ਦਾ ਜਾਗਰੂਪ ਹੋਣਾ ਵੀ ਬਹੁਤ ਜ਼ਰੂਰੀ ਹੈ । ਜਿਹੜੇ ਮਾਂ-ਬਾਪ ਆਪਣੇ ਬੱਚੇ ਨੂੰ ਠੀਕ ਕਿਸਮ ਦੀ ਐਜੂਕੇਸ਼ਨ ਨਹੀਂ ਦੇਣਗੇ ਤਾਂ ਉਨ੍ਹਾਂ ਬੱਚਿਆਂ ਦੀ ਜ਼ਿੰਦਗੀ ਅੱਛੀ ਨਹੀਂ ਬਣੇਗੀ, ਸਮਾਜ ਵੀ ਅੱਛਾ ਨਹੀਂ ਬਣੇਗਾ । ਸਾਨੂੰ ਸਾਰਿਆਂ ਨੂੰ ਰਲ ਕੇ ਐਜੂਕੇਸ਼ਨ ਵੱਲ ਜ਼ੋਰ ਦੇਣਾ ਚਾਹੀਦਾ ਹੈ ! ਪੰਜਾਬ ਸਰਕਾਰ ਵਲੋਂ ਗਰੀਬ ਵਰਗ ਦੇ ਲੋਕਾਂ ਨੂੰ ਸਿੱਖਿਆ ਦੇਣ ਦੇ ਪ੍ਰੋਗਰਾਮ ਬਣਾਏ ਹਨ, ਜਿਨ੍ਹਾਂ ਕੋਲ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਸਾਧਨ ਨਹੀਂ ਹਨ, ਉਨ੍ਹਾਂ ਲਈ ਸਰਕਾਰ ਵਲੋਂ ਸਮਾਜ ਭਲਾਈ ਦੇ ਪ੍ਰੋਗਰਾਮ ਚਲਦੇ ਹਨ ਅਤੇ ਛੋਟੇ ਬੱਚਿਆਂ ਲਈ ਆਂਗਨਵਾੜੀ ਅੰਤੇ ਬਾਲਵਾੜੀ ਖੋਲ੍ਹੇ ਹਨ । ਇਨ੍ਹਾਂ ਵਿਚ ਗਰੀਬ ਲੋਕਾਂ ਲਈ ਸਰਕਾਰ ਵਲੋਂ ਪ੍ਰਬੰਧ ਕੀਤੇ ਗਏ ਹਨ । ਦੂਸਰਾ, ਜਦੋਂ ਪਿਛੇ ਅੱਤਵਾਦ ਦਾ ਸਮਾਂ ਸੀ ਤਾਂ ਉਸ ਵੇਲੇ ਐਜੂਕੇਸ਼ਨ ਦੇ ਖੇਤਰ ਵਿੱਚ ਬੜਾ ਨੁਕਸਾਨ ਹੋਇਆ ਅੰਤੇ ਇਸ ਵਿਚ ਪ੍ਰਾਇਮਰੀ ਐਜੂਕੇਸ਼ਨ ਦਾ ਬੜਾ ਭਾਰੀ ਨੁਕਸਾਨ ਹੋਇਆ । ਇਹ ਇਸ ਕਰਕੇ ਹੋਇਆ ਕਿਉਂਕਿ ਜਦੋਂ ਪਿੰਡਾਂ ਦੀਆਂ ਫਿਰਨੀਆਂ ਅਤੇ ਗਲੀਆਂ ਵਿਚ ਸੁਬਾ-ਸਵੇਰੇ ਗੋਲੀਆਂ ਚਲਦੀਆਂ ਸਨ ਤਾਂ ਉਸ ਨਾਲ ਬੱਚੇ ਮਾਨਸਿਕ ਤੌਰ ਤੇ ਰੋਗੀ ਹੋ ਗਏ । ਉਸ ਵੇਲੇ ਬੱਚਿਆਂ ਨੇ ਪੜ੍ਹਨਾ ਤਾਂ ਕੀ ਸੀ, ਉਹ ਬੱਚੇ ਟੈਰੋਰਾਈਜ਼ ਹੋ ਗਏ । ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਆ ਕੇ ਨਵੇਂ ਸਿਰਿਉਂ ਨਵਾਂ ਸਿਸਟਮ ਸਿੱਖਿਆ ਦੇਂ ਦੇਣ ਲਈ ਸ਼ੁਰੂ ਕੀਤਾ । (ਵਿਘਨ) ਤੁਹਾਨੂੰ, ਡਿਪਟੀ ਸਪੀਕਰ ਸਾਹਿਬ, ਪਤਾ ਹੈ ਕਿ ਫਾਰਨਹੈਂਡ ਦੀ ਗੱਲ ਆਈ ਹੈ । ਪਾਕਿਸਤਾਨ ਦੀ ਇਹ ਸਕੀਮ ਸੀ ਕਿ ਬੱਚਿਆਂ ਨੂੰ ਅਨਪੜ੍ਹ ਕਰੋ ਅਤੇ ਉਨ੍ਹਾਂ ਦੀ ਜਵਾਨੀ ਨੂੰ ਜ਼ਾਇਆ ਕਰੋ । ਦੂਜਾ, ਨੌਜਵਾਨਾਂ ਨੂੰ ਗੁੰਮਰਾਹ ਕਰੋ । ਉਨ੍ਹਾਂ ਦਾ ਭਾਰੀ ਅਟੈਕ ਐਜੂਕੇਸ਼ਨ ਦੇ ਖੇਤਰ ਤੇ ਸੀ । ਬਾਰਡਰ ਦੇ ਇਲਾਕੇ ਵਿਚ ਸਾਨੂੰ ਸਾਰਿਆਂ ਨੂੰ ਪਤਾ ਹੋਵੇਗਾ ਕਿ ਬਹੁਤ ਸਾਰੇ ਸਕੂਲ ਤਾਂ ਉਨ੍ਹਾਂ ਨੇ ਸਾੜ ਦਿੱਤੇ ਸਨ, ਲੈਬੋਰਟਰੀਆਂ ਸਾੜ ਦਿੱਤੀਆਂ ਗਈਆਂ, ਸਕੂਲ ਬੰਦ ਕਰ ਦਿੱਤੇ ਗਏ ਅਤੇ ਅਧਿਆਪਕ ਸ਼ਹੀਦ ਕਰ ਦਿੱਤੇ ਗਏ । ਇਸ ਦਾ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਅਸਰ ਇਹ ਹੋਇਆ ਕਿ ਪ੍ਰਾਇਮਰੀ ਦੇ ਬੱਚਿਆਂ ਦੀ ਬਿਲਕੁਲ ਰੁਚੀ ਰਹੀ ਨਹੀਂ । ਜਦ ਸਰਕਾਰ ਆਈ ਤਾਂ ਜੋ ਪਹਿਲਾ ਨਾਹਰਾ ਸਾਡੀ ਸਰਕਾਰ ਨੇ ਦਿੱਤਾ ਉਹ ਸੀ ਰੈਗੂਲੈਰਿਟੀ ਅੈਂਡ ਪੰਕਚੂਐਲਿਟੀ ਅੈਨਸ਼ਿਓਰ ਕੀਤੀ ਜਾਵੇ । ਅਧਿਆਪਕ ਸਕੂਲ ਜਾਣ ਲੱਗਣ ਅੈਂਡ ਬੱਚੇ ਵੀ ਸਮੇਂ ਸਿਰ ਸਕੂਲ ਜਾਣ ਅੈਂਡ ਸਮੇਂ ਸਿਰ ਵਾਪਸ ਆਉਣ, ਸਮੇਂ ਸਿਰ ਸਕੂਲ ਲੱਗਣ ਅੈਂਡ ਸਮੇਂ ਸਿਰ ਛੁੱਟੀ ਹੋਵੇ । ਪਹਿਲਾਂ ਤਾਂ ਇਹੀ ਗੱਲ ਰੀਵਾਈਵ ਕੀਤੀ ਗਈ ਕਿ ਰੈਗੂਲੈਰਿਟੀ ਅੈਂਡ ਪੰਕਚੂਐਲਟੀ ਅੈਨਸ਼ਿਓਰ ਹੋਵੇ । ਇਸ ਮੰਤਵ ਲਈ ਅਸੀਂ ਅਧਿਆਪਕ ਵਰਗ ਨੂੰ ਵੀ ਬੜੀਆਂ ਅਪੀਲਾਂ ਕੀਤੀਆਂ ਅਤੇ ਸਾਨੂੰ ਕਾਮਯਾਬੀ ਵੀ ਮਿਲੀ । ਅੱਜ ਪੰਜਾਬ ਦੇ ਸਾਰੇ ਸਕੂਲਾਂ ਵਿਚ ਬਾਰਡਰ ਦੇ ਇਲਾਕਿਆਂ ਤੱਕ ਅਤੇ ਆਖਰੀ ਹੱਦ ਤੱਕ ਬੱਚੇ ਜਾਂਦੇ ਹਨ, ਅਧਿਆਪਕ ਜਾਂਦੇ ਹਨ ਅਤੇ ਪੜ੍ਹਾਈ ਸ਼ੁਰੂ ਹੈ । ਅੱਜ ਇਹ ਗੱਲ ਨਹੀਂ ਕਿ ਉਥੇ ਕਿਸੇ ਹੋਰ ਦੀ ਰਿੱਟ ਚਲਦੀ ਹੋਵੇ, ਕਿਸੇ ਹੋਰ ਦੀ ਵਰਦੀ ਲਗੀ ਹੋਵੇ, ਅੱਜ ਆਖਰੀ ਬਾਰਡਰ ਤੱਕ ਨੈਸ਼ਨਲ ਅੈਂਥਮ ਵੀ ਗਾਏ ਜਾਂਦੇ ਹਨ ਜਿਨ੍ਹਾਂ ਦੇ ਗੁਆਉਣ ਕਰਕੇ ਸਾਡੇ ਕਈ ਪ੍ਰਿੰਸੀਪਲ ਅਤੇ ਅਧਿਆਪਕ ਵੀ ਮਾਰ ਦਿੱਤੇ ਗਏ ਸਨ । ਅੱਜ ਬਿਲਕੁਲ ਕਾਨੂੰਨੀ ਤੌਰ ਤੇ ਜੋ ਸਾਡੇ ਸਕੂਲਾਂ ਦੀ ਪੁਰਾਣੀ ਪ੍ਰਥਾ ਹੈ, ਉਹ ਬਹਾਲ ਹੋਈ ਹੈ । ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜੋ ਸਰਕਾਰ ਨੇ ਸਕੂਲ ਖੋਲ੍ਹੇ ਹਨ, ਉਹ ਪਿੰਡ-ਪਿੰਡ ਤੱਕ ਖੋਲ੍ਹੇ ਹਨ । ਜੋ ਅੱਜ ਨੈਸ਼ਨਲ ਨਾਰਮ ਹੈ, ਹਿੰਦੁਸਤਾਨ ਦੇ ਸਕੂਲਾਂ ਦਾ ਜੋ ਨਾਰਮ ਹੈ ਇਸ ਵੇਲੇ ਉਹ ਇਕ ਪ੍ਰਾਇਮਰੀ ਸਕੂਲ 3 ਕਿਲੋਮੀਟਰ ਦੇ ਅੰਦਰ ਦਾ ਹੈ, ਬਹੁਤ ਸਾਰੀਆਂ ਸਟੇਟਾਂ ਜਿਵੇਂ ਯੂ.ਪੀ. ਵਿੱਚ, ਬਿਹਾਰ ਵਿੱਚ ਜਾ ਕੇ ਦੇਖੋ ਤਾਂ ਉਨ੍ਹਾਂ ਦਾ ਨਾਰਮ 3 ਕਿਲੋਮੀਟਰ ਦੇ ਅੰਦਰ ਪ੍ਰਾਇਮਰੀ ਸਕੂਲ ਦਾ ਹੈ ਪਰ ਅੱਜ ਹਿੰਦੁਸਤਾਨ ਵਿਚ ਪੰਜਾਬ ਨੰਬਰ ਇਕ ਤੇ ਹੈ ਜਿਥੇ ਇਕ ਕਿਲੋਮੀਟਰ ਦੇ ਅੰਦਰ ਪ੍ਰਾਇਮਰੀ ਸਕੂਲ ਖੁਲ੍ਹੇ ਹਨ । (ਥੰਪਿੰਗ) ਇੰਨੀ ਦੂਰੀ ਘਟਾ ਦਿੱਤੀ ਹੈ ਬੱਚਿਆਂ ਲਈ ਤਾਂ ਕਿ ਬੱਚੇ ਨੇੜੇ ਤੋਂ ਨੇੜੇ ਸਕੂਲ ਵਿਚ ਪੜ੍ਹ ਸਕਣ । ਅੱਜ ਜੋ ਨਵੇਂ ਸਕੂਲ ਖੁਲ੍ਹ ਰਹੇ ਹਨ, ਜਿਹੜੇ ਨਵੇਂ ਸਕੂਲ ਪਿਛਲੇ ਸਾਲ ਸਰਕਾਰ ਨੇ ਬਣਾਏ, ਉਥੇ ਹੁਣ ਅਸੀਂ ਕਈ ਪਿੰਡਾਂ ਦੇ ਨਾਲ-ਨਾਲ ਬਸਤੀਆਂ ਵਿਚ ਵੀ ਖੋਲ੍ਹ ਰਹੇ ਹਾਂ ਜਿਥੇ ਬੱਚਿਆਂ ਨੂੰ ਇਕ ਕਿਲੋਮੀਟਰ ਤੋਂ ਦੂਰ ਪੜ੍ਹਨ ਨਾ ਜਾਣਾ ਪਵੇ । ਅੱਜ 12,464 ਸਾਡੇ ਸਕੂਲ ਚਲਦੇ ਹਨ । 50 ਸਕੂਲ ਇਸ ਸਾਲ ਬਾਰਡਰ ਏਰੀਆ ਵਿਚ ਖੋਲ੍ਹੇ ਹਨ ਤਾਂਕਿ ਸਾਰੀ ਚੀਜ਼ ਦੋਬਾਰਾ ਰੀਵਾਈਵ ਹੋਵੇ । 150 ਹੋਰ ਸਕੂਲ ਖੋਲ੍ਹ ਰਹੇ ਹਾਂ.....

ਸ਼੍ਰੀ ਡਿਪਟੀ ਸਪੀਕਰ : ਕੀ ਤੁਸੀਂ ਹੋਰ ਟਾਈਮ ਲਓਗੇ ?

ਸਿੱਖਿਆ ਅਤ ਭਾਸ਼ਾ ਮੰਤਰੀ : ਹਾਂ ਜੀ, ਥੋੜ੍ਹਾ ਜਿਹਾ ਹੋਰ ਬੋਲਾਂਗਾ ।

EXTESION OF TIME OF THE SITTING

Mr. Deputy Speaker: It is the pleasure of the House that the time of the sitting of the House may be extended by five minutes.

Voices: Yes, yes.

Original with;
Punjab Vidhan Sabha
Digitized by;
Panjab Digital Library

Mr. Deputy Speaker: The time of the sitting of the House is extended upto 1.40 P.M.

RESOLUTION RE. RAISING OF STANDARD OF PRIMARY EDUCATION (*Resumption*)

ਸਿੱਖਿਆ ਅਤੇ ਭਾਸ਼ਾ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਕੋਸ਼ਿਸ਼ ਕਰਾਂਗਾ ਕਿ ਛੇਤੀ ਖਤਮ ਕਰਾਂ । ਬਾਕੀ ਇਹ ਸਬਜੈਕਟ ਐਸਾ ਹੈ ਕਿ ਭਾਵੇਂ 2-3 ਦਿਨ ਬੋਲ ਲਈਏ । ਮੈਂ ਹਾਊਸ ਦਾ ਜ਼ਿਆਦਾ ਟਾਈਮ ਨਹੀਂ ਲਵਾਂਗਾ । ਮੈਂ ਜਿਹੜੀਆਂ ਗੱਲਾਂ ਕਰਨੀਆਂ ਹਨ, ਉਨ੍ਹਾਂ ਪ੍ਰਤੀ ਸਾਰੇ ਮਾਨਯੋਗ ਸਾਥੀਆਂ ਦੇ, ਸਮਾਜ ਦੇ, ਮਾਪਿਆਂ ਦੇ ਸਾਥ ਦੀ ਮੰਗ ਕਰਨੀ ਹੈ । ਇਹ ਗੱਲ ਕਰਨੀ ਹੈ ਕਿ ਸਰਕਾਰ ਬੜੀ ਚਿੰਤਿਤ ਹੈ, ਸਾਰਾ ਹਾਊਸ ਅਤੇ ਲੋਕ ਵੀ ਬੜੇ ਚਿੰਤਿਤ ਹਨ ਕਿ ਸਾਡਾ ਜੋ ਪ੍ਰਾਇਮਰੀ ਐਜੂਕੇਸ਼ਨ ਦਾ ਢਾਂਚਾ ਹੈ, ਜਿਸ ਦੇ ਸਿਰ ਤੇ ਕੱਲ੍ਹ ਨੂੰ ਮਹੱਲ ਉਸਾਰਨਾ ਹੈ, ਜਦ ਤੱਕ ਮਜ਼ਬੂਤ ਨਹੀਂ ਕਰਦੇ ਤਾਂ ਪੰਜਾਬ ਆਉਣ ਵਾਲੇ ਸਮੇਂ ਵਿਚ ਤਰੱਕੀ ਨਹੀਂ ਕਰ ਸਕੇਗਾ ਅਤੇ ਸਾਡੇ ਬੱਚੇ ਮੁਕਾਬਲਾ ਨਹੀਂ ਕਰ ਸਕਣਗੇ । ਸਾਡੇ ਬੱਚਿਆਂ ਦਾ ਮੁਕਾਬਲਾ ਸਾਰੇ ਹਿੰਦੁਸਤਾਨ ਦੇ ਸੂਬਿਆਂ ਨਾਲ ਹੀ ਨਹੀਂ ਬਲਕਿ ਬਾਹਰ ਦੀਆਂ ਕੰਟਰੀਜ਼ ਅਮਰੀਕਾ ਅਤੇ ਕੈਨੇਡਾ ਦੇ ਬੱਚਿਆਂ ਨਾਲ ਵੀ ਕੱਲ੍ਹ ਨੂੰ ਹੋਣਾ ਹੈ । ਸਾਨੂੰ ਆਪਣਾ ਨਜ਼ਰੀਆ ਉਥੇ ਤੱਕ ਰੱਖਣਾ ਚਾਹੀਦਾ ਹੈ ਤਾਂ ਹੀ ਅਸੀਂ ਆਪਣੇ ਬੱਚਿਆਂ ਨੂੰ ਉਸ ਲੈਵਲ ਤੱਕ ਲਿਜਾ ਸਕਾਂਗੇ ਕਿ ਉਹ ਉਨ੍ਹਾਂ ਨਾਲ ਮੁਕਾਬਲਾ ਕਰ ਸਕਣ ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਜੋ ਮੇਰੇ ਸਾਥੀਆਂ ਨੇ ਪਹਿਲਾਂ ਫੀਗਰਜ਼ ਦਿੱਤੀਆਂ ਹਨ, ਮੈਂ ਦੋਬਾਰਾ ਨਹੀਂ ਕਹਿੰਦਾ ਕਿਉਂਕਿ ਟਾਈਮ ਨਹੀਂ ਹੈ । ਵੈਸੇ ਅਸੀਂ ਪ੍ਰਾਇਮਰੀ ਐਜੂਕੇਸ਼ਨ ਤੇ ਪਿਛਲੇ ਸਾਲ ਤੋਂ ਹੀ ਜ਼ੋਰ ਦੇ ਰਹੇ ਹਾਂ ਕਿ ਇਸ ਦਾ ਇਨਫਰਾਸਟਰਕਚਰ ਵੀ ਮਜ਼ਬੂਤ ਕੀਤਾ ਜਾਵੇ । ਬਿਲਡਿੰਗਾਂ ਵੀ ਅਸੀਂ ਬਣਾਈਆਂ ਹਨ, ਫਰਨੀਚਰ ਅਤੇ ਦੂਜਾ ਸਮਾਨ ਵੀ ਅਸੀਂ ਦਿੱਤਾ ਹੈ । 4,315 ਸਕੂਲ ਅਸੀਂ ਬਲੈਕ-ਬੋਰਡ ਸਕੀਮ ਦੇ ਤਹਿਤ ਲਿਆਂਦੇ ਹਨ ਅਤੇ ਹੋਰ ਕਈ ਇਮਪਰੂਵਮੈਂਟਸ ਕੀਤੀਆਂ ਹਨ ਔਰ ਜੋ ਪਿਛਲਾ ਮਤਾ ਆਇਆ ਸੀ, ਉਸ ਤੇ ਅਸੀਂ ਉਸ ਵੇਲੇ ਗੱਲ ਨਹੀਂ ਸੀ ਕੀਤੀ ਲੇਕਿਨ ਮੈਂ ਦੱਸਦਾ ਹਾਂ ਕਿ ਸਰਕਾਰ ਨੇ ਫੈਸਲਾ ਕੀਤਾ ਹੈ, ਸਰਦਾਰ ਬੇਅੰਤ ਸਿੰਘ ਨੇ ਫੈਸਲਾ ਕੀਤਾ ਹੈ ਕਿ 31 ਮਾਰਚ, 1995 ਤੱਕ ਪੰਜਾਬ ਵਿਚ ਕੋਈ ਸਿੰਗਲ ਟੀਚਰ ਸਕੂਲ ਨਹੀਂ ਰਹੇਗਾ । (ਥੰਪਿੰਗ) ਸਾਰੇ ਸਕੂਲ ਡਬਲ ਟੀਚਰ ਸਕੂਲ ਬਣ ਜਾਣਗੇ । ਉਸ ਦੇ ਲਈ ਜਿਥੇ ਗਿਣਤੀ 50 ਤੱਕ ਦੇ ਬੱਚਿਆਂ ਦੀ ਹੋਵੇ, ਇਹ ਸਕੂਲ ਵੀ ਸਾਡੇ ਕੋਲ 2200-2300 ਦੇ ਕਰੀਬ ਹਨ, ਉਨ੍ਹਾਂ ਵਿਚ ਡਬਲ ਟੀਚਰ ਦੇਣ ਦਾ ਅਸੀਂ ਫੈਸਲਾ ਕੀਤਾ ਹੈ ਅਤੇ ਪੋਸਟਾਂ ਵੀ ਅਸੀਂ ਸੈਂਕਸ਼ਨ ਕਰ ਦਿੱਤੀਆਂ ਹਨ । ਅਸੀਂ ਅਗਲੇ ਸੈਸ਼ਨ ਤੋਂ ਜਿਹੜਾ ਸਕੂਲਾਂ ਦਾ ਸ਼ੁਰੂ ਹੋਣਾ ਹੈ, ਉਦੋਂ ਤੋਂ ਟੀਚਰ ਸਕੂਲਾਂ ਨੂੰ ਦੇ ਦਿਆਂਗੇ । ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ ਜੋ ਬਾਰਡਰ ਏਰੀਆ ਹੈ, ਉਸ ਲਈ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ । ਗੌਰਮਿੰਟ ਆਫ਼ ਇੰਡੀਆ ਦੀਆਂ ਹਦਾਇਤਾਂ ਦੇ ਮੁਤਾਬਿਕ ਵੀ ਇਨ੍ਹਾਂ ਤਿੰਨਾਂ ਜ਼ਿਲ੍ਹਿਆਂ ਵਿਚ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

2.25 ਕਰੋੜ ਰੁਪਿਆ ਅਸੀਂ ਇਸ ਸਾਲ ਉਨ੍ਹਾਂ ਦੇ ਇਨਫਰਾਸਟਰੱਕਚਰ ਅਤੇ ਬਿਲਡਿੰਗ ਤੇ ਜ਼ਿਆਦਾ ਖਰਚ ਕਰ ਰਹੇ ਹਾਂ। ਅਸੀਂ ਹਰ ਤਰ੍ਹਾਂ ਨਾਲ ਕੋਸ਼ਿਸ਼ ਕਰ ਰਹੇ ਹਾਂ ਕਿ ਆਪਣੇ ਵਿੱਤੀ ਸਾਧਨਾਂ ਦੇ ਮੁਤਾਬਿਕ ਸਕੂਲਾਂ ਵਿਚ ਇੰਪਰੂਵਮੈਂਟ ਲਿਆਂਦੀ ਜਾਵੇ। ਅਸੀਂ ਪ੍ਰਾਇਮਰੀ ਸਕੂਲਾਂ ਵਿਚ 1936 ਨਵੇਂ ਅਧਿਆਪਕ ਲਾਏ ਹਨ ਅਤੇ 400 ਹੋਰ ਟੀਚਰ 89 ਦਿਨਾਂ ਲਈ ਵੀ ਅਸੀਂ ਰੱਖੇ ਹਨ। ਨਵੀਂ ਸਿਲੈਕਸ਼ਨ ਕਮੇਟੀ ਬਣ ਚੁੱਕੀ ਹੈ ਅਤੇ ਨਵੇਂ ਅਧਿਆਪਕਾਂ ਦੀ ਇੰਟਰਵਿਊ ਦਾ ਕੰਮ ਵੀ ਸ਼ੁਰੂ ਹੋ ਚੁੱਕਾ ਹੈ। ਸਾਨੂੰ ਟੀਚਰਜ਼ ਦੀ ਘਾਟ ਸੀ। ਜ਼ਿਲ੍ਹਿਆਂ ਵਿਚ ਜੋ ਡਾਈਟ ਚਲਦੇ ਸਨ, ਗੱਵਰਨਰ ਰੂਲ ਵਿਚ ਉਸ ਵੇਲੇ ਦੇ ਹਾਕਮਾਂ ਨੇ ਉਹ ਬੰਦ ਕਰ ਰਖੇ ਸਨ। ਹੁਣ ਉਨ੍ਹਾਂ ਨੂੰ ਜੇ.ਬੀ.ਟੀ. ਟੀਚਰ ਨੱਹੀਂ, ਈ.ਟੀ.ਟੀ. ਟਰੇਂਡ ਟੀਚਰ ਆਖਿਆ ਜਾਂਦਾ ਹੈ। ਇਨ੍ਹਾਂ ਸੈਂਟਰਾਂ ਵਿਚ ਪਹਿਲਾਂ 700 ਦੀ ਕਪੈਸਟੀ ਸੀ ਲੇਕਿਨ ਇਹ ਦੇਖ ਕੇ ਕਿ ਸਾਨੂੰ ਹੋਰ ਜ਼ਿਆਦਾ ਟੀਚਰਾਂ ਦੀ ਜ਼ਰੂਰਤ ਹੈ, ਸਰਦਾਰ ਬੇਅੰਤ ਸਿੰਘ ਜੀ ਨੇ ਥੋੜੇ ਦਿਨ ਪਹਿਲਾਂ ਹੀ ਇਹ ਫੈਸਲਾ ਕੀਤਾ ਹੈ ਕਿ ਇਸ ਕਪੈਸਟੀ ਨੂੰ ਡਬਲ ਕਰ ਦਿੱਤਾ ਜਾਵੇ ਅਤੇ 700 ਦੀ ਬਜਾਏ 700 ਹੋਰ ਟੀਚਰਾਂ ਨੂੰ ਟਰੇਂਡ ਕਰੋ ਅਤੇ ਡਾਈਟ/ਟਾਈਂਟ ਦੀ ਸ਼ਿਫਟ ਡਬਲ ਕਰ ਦਿੱਤੀ ਜਾਵੇ। ਨਵੇਂ 700 ਟੀਚਰ ਥੋੜੇ ਦਿਨਾਂ ਵਿਚ ਹੀ ਅਸੀਂ ਉਥੇ ਦਾਖਲੇ ਕਰਨ ਜਾ ਰਹੇ ਹਾਂ। ਜੋ ਪੁਰਾਣੇ ਟੀਚਰ ਹਨ ਉਨ੍ਹਾਂ ਨੂੰ ਵੀ ਅਸੀਂ ਇਨ-ਸਰਵਿਸ ਟਰੇਨਿੰਗ ਦੇਣ ਦਾ ਪ੍ਰਬੰਧ ਕੀਤਾ ਹੈ। 18,000 ਟੀਚਰਾਂ ਨੂੰ ਨਵੇਂ ਸਿਰਿਉਂ ਟਰੇਂਡ ਕੀਤਾ ਹੈ ਤਾਂ ਕਿ ਉਨ੍ਹਾਂ ਨੂੰ ਪਤਾ ਲੱਗ ਸਕੇ ਕਿ ਉਨ੍ਹਾਂ ਨੇ ਕਿਸ ਤਰ੍ਹਾਂ ਨਵੀਂ ਕਿਸਮ ਦੀ ਸਿਖਿਆ ਦੇਣੀ ਹੈ, ਕਿਸ ਤਰ੍ਹਾਂ ਆਡੀਓ ਵੀਜ਼ੂਅਲ ਏਡ ਨੂੰ ਵਰਤਣਾ ਹੈ ਅਤੇ ਕਿਸ ਤਰ੍ਹਾਂ ਲੇਟੈਸਟ ਮੈਥਡਜ਼ ਨੂੰ ਅਡਾਪਟ ਕਰਨਾ ਹੈ।

ਜਿਹੜਾ ਇਹ ਕਿਹਾ ਗਿਆ ਹੈ ਕਿ ਪ੍ਰਾਈਵੇਟ ਸਕੂਲ ਬਹੁਤ ਖੁੱਲ੍ਹ ਗਏ ਹੋਨ ਜਾਂ ਖੁਲ੍ਹ ਰਹੇ ਹਾਂ, ਉਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਦਾ ਇਸ ਪਾਸੇ ਧਿਆਨ ਹੈ। ਅਸੀਂ ਇਕ ਕਮੇਟੀ ਬਣਾਈ ਹੈ ਜਿਹੜੀ ਇਨ੍ਹਾਂ ਸਕੂਲਾਂ ਬਾਰੇ ਪਤਾ ਕਰੇਗੀ।

ਇੰਨ੍ਹਾਂ ਪ੍ਰਾਈਵੇਟ ਸਕੂਲਾਂ ਨੂੰ ਰੈਗੂਲੇਟ ਕਰਨ ਵਾਸਤੇ ਅਸੀਂ ਇਕ ਐਕਟ ਬਣਾ ਰਹੇ ਹਾਂ ਅਤੇ ਥੋੜੇ ਸਮੇਂ ਵਿਚ ਹੀ ਉਹ ਐਕਟ ਇਸ ਹਾਊਸ ਵਿਚ ਲਿਆਂਦਾ ਜਾਵੇਗਾ ਤਾਂ ਕਿ ਉਹ ਪ੍ਰਾਈਵੇਟ ਸਕੂਲ ਠੀਕ ਤਰ੍ਹਾਂ ਨਾਲ ਕੰਮ ਕਰਨ। ਅਸੀਂ ਇਹ ਗੱਲ ਨਹੀਂ ਮੰਨਦੇ ਕਿ ਪ੍ਰਾਈਵੇਟ ਸਕੂਲਾਂ ਨੂੰ ਬੰਦ ਕਰ ਦਿੱਤਾ ਜਾਵੇ, ਇਹ ਜਿਹੜੀਆਂ ਪ੍ਰਾਈਵੇਟ ਸੰਸਥਾਵਾਂ ਹਨ, ਇਨ੍ਹਾਂ ਨੇ ਪੰਜਾਬ ਵਿਚ ਸਿਖਿਆ ਦੇ ਖੇਤਰ ਵਿਚ ਬਹੁਤ ਕੰਮ ਕੀਤਾ ਹੈ।

ਸ਼੍ਰੀ ਡਿਪਟੀ ਸਪੀਕਰ : ਮੰਤਰੀ ਜੀ, ਹੁਣ ਵਾਈਂਡ ਅਪ ਕਰੋ।

ਸਿੱਖਿਆ ਅਤੇ ਭਾਸ਼ਾ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਹੁਕਮ ਦੀ ਪਾਲਣਾ ਕਰਦਾ ਹੋਇਆ ਇਹ ਕਹਾਂਗਾ ਕਿ ਅਸੀਂ ਪ੍ਰਾਇਮਰੀ ਐਜੂਕੇਸ਼ਨ ਨੂੰ ਇੰਪਰੂਵ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡਾਂਗੇ। ਇਸ ਦੇ ਨਾਲ ਹੀ ਮੈਂ ਇਹ ਵੀ

Original with;
Punjab Vidhan Sabha
Digitized by;
Panjab Digital Library

EDUCATION (*Resumption*)

ਚਾਹਵਾਂਗਾ ਕਿ ਮਾਂ-ਬਾਪ ਵੀ ਸਾਨੂੰ ਪੂਰਾ ਸਾਥ ਦੇਣ ਅਤੇ ਬੱਚਿਆਂ ਦੀ ਠੀਕ ਤਰ੍ਹਾਂ ਨਾਲ ਪਾਲਣਾ ਕਰਨ। ਆਮ ਤੌਰ ਤੇ 6 ਸਾਲ ਦੀ ਉਮਰ ਤੱਕ ਬੱਚੇ ਨੂੰ ਡੱਫਰ ਬਣਾ ਕੇ ਸਕੂਲ ਭੇਜ ਦਿੱਤਾ ਜਾਂਦਾ ਹੈ। ਅਧਿਆਪਕ ਉਸ ਦੇ ਨੁਕਸ ਚੁਰ ਕਰਨ ਵਿਚ ਹੀ ਲੱਗਾ ਰਹਿੰਦਾ ਹੈ। ਉਨ੍ਹਾਂ ਵਿਚ ਚੰਗੇ ਗੁਣ ਪੈਦਾ ਕਰਨ ਵਿਚ ਅਧਿਆਪਕ ਨੂੰ ਬੜੀ ਮੁਸ਼ਕਲ ਆਉਂਦੀ ਹੈ। ਮਾਪਿਆਂ ਦਾ, ਸਮਾਜ ਦਾ, ਪੰਚਾਇਤਾਂ ਦਾ, ਮਿਉਂਸਪਲ ਕਮੇਟੀਆਂ ਅਤੇ ਵਾਲੰਟਰੀ ਆਰਗੇਨਾਈਜ਼ੇਸ਼ਨਜ਼, ਇਨ੍ਹਾਂ ਸਾਰਿਆਂ ਦਾ ਫ਼ਰਜ਼ ਹੈ ਕਿ ਉਹ ਪੰਜਾਬ ਸਰਕਾਰ ਦਾ ਸਾਥ ਦੇਣ।

EXTENSION OF TIME OF THE SITTING

Mr. Deputy Speaker: Is it the pleasure of the House that the time of the sitting of the House may be extended for another two minutes?

Voices : Yes, yes.

Mr. Deputy Speaker : The time of the sitting of the House is extended upto 1.42 P.M.

RESOLUTION RE. RAISING OF STANDARD OF PRIMARY EDUCATION (*Resumption*)

ਸਿੱਖਿਆ ਅਤੇ ਭਾਸ਼ਾ ਮੰਤਰੀ : ਮੈਂ ਸਾਰਿਆਂ ਨੂੰ ਬੇਨਤੀ ਕਰਾਂਗਾ ਕਿ ਉਹ ਪੰਜਾਬ ਸਰਕਾਰ ਦਾ ਸਾਥ ਦੇਣ ਅੌਰ ਖਾਸ ਤੌਰ ਤੇ ਬਿਲਡਿੰਗਾਂ ਵਗੈਰਾ ਬਣਾਉਣ ਵਾਸਤੇ ਮਾਲੀ ਸਹਾਇਤਾ ਵੀ ਦੇਣ ਤਾਂ ਕਿ ਅਸੀਂ ਇਸ ਨੂੰ ਹੋਰ ਇੰਪਰੂਵ ਕਰੀਏ ਅੌਰ ਜਿਹੜੇ ਸਾਡੇ ਵਾਰਸ ਹਨ ਜਿਨ੍ਹਾਂ ਨੇ 21ਵੀਂ ਸਦੀ ਦੇ ਮਨੁੱਖ ਬਣਨਾ ਹੈ ਉਨ੍ਹਾਂ ਨੂੰ ਅਸੀਂ ਦੇਸ਼ ਦੀ ਮਜ਼ਬੂਤ ਨੀਂਹ ਦੇ ਸਕੀਏ। ਇਨ੍ਹਾਂ ਸ਼ਬਦਾਂ ਦੇ ਨਾਲ ਡਿਪਟੀ ਸਪੀਕਰ ਸਾਹਿਬ ਮੈਂ ਬੜਾ ਧੰਨਵਾਦ ਕਰਦਾ ਹਾਂ ਅੌਰ ਉਨ੍ਹਾਂ ਸਾਥੀਆਂ ਦਾ ਵੀ ਜਿਨ੍ਹਾਂ ਨੇ ਬਹੁਤ ਵਧੀਆ ਸੁਝਾਅ ਦਿੱਤੇ ਹਨ। ਅੰਤ ਵਿਚ ਮੈਂ ਬੇਨਤੀ ਕਰਾਂਗਾ ਕਿ ਇਸ ਮਤੇ ਨੂੰ ਸਰਬ-ਸੰਮਤੀ ਦੇ ਨਾਲ ਪਾਸ ਕੀਤਾ ਜਾਵੇ।

Mr. Deputy Speaker : Question is—

> "This House recommends to the State Government to take steps to raise the standard of Primary Education and to achieve the goal of 100% literacy in State."

The motion was carried unanimously.

Mr. Deputy Speaker: The House stands adjourned till 9.00 A.M. on Thursday, the 16th March, 1995.

---

*1.41 P.M. | (*The Sabha then adjourned* till 9.00 A.M. on Thursday, the 16th March, 1995*).

1519—19-8-95—305 Codies—Pb. Govt. Press, Patiala.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Punjab Digital Library

Original with;
Punjab Vidhan Sabha
Digitized by;
Panjab Digital Library

© 1995

Published under the authority of the Punjab Vidhan Sabha and printed by the Controller, Printing and Stationery, Punjab at the Govt. Press, Patiala.

Original with;
Punjab Vidhan Sabha
Digitized by;
Punjab Digital Library

(11)

PUNJAB VIDHAN SABHA

DEBATES

16th March, 1995

Vol. IX—No. 11

OFFICIAL REPORT

CONTENTS

Thursday, the 16th March, 1995

	PAGE
Starred Questions and Answers ..	(11)1
Written Answers to Starred Questions Laid on the Table of the House Under Rule 38 ..	(11)42
Unstarred Questions and Answers ..	(11)50
Presentation of Budget Estimates for the year 1995-96 ..	(11)65

Punjab Vidhan Sabha Secretariat, Chandigarh.

Price : Rs...../-

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;

PUNJAB VIDHAN SABHA

Thursday, the 16th March, 1995

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9-00 A.M. Mr. Speaker (Shri Harnam Das Johar) in the Chair.

STARRED QUESTIONS AND ANSWERS

ਅੰਮ੍ਰਿਤਸਰ ਜ਼ਿਲ੍ਹੇ ਵਿਚ ਸੜਕਾਂ ਦਾ ਨਿਰਮਾਣ

*2422. **ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਸਾਲਾਂ 1992-93, 1993-94 ਅਤੇ 1994-95 (ਅੱਜ ਤੱਕ) ਦੌਰਾਨ ਕੁੱਲ ਕਿੰਨੇ ਕਿਲੋਮੀਟਰ ਨਵੀਆਂ ਸੜਕਾਂ ਦਾ ਨਿਰਮਾਣ ਕੀਤਾ ਗਿਆ; ਅਤੇ ਹਰ ਬਲਾਕ ਵਿਚ ਕਿਤਨੀ-ਕਿਤਨੀ ਸੜਕ ਨਵੀਂ ਬਣੀ ਹੈ ਅਤੇ ਹਰ ਬਲਾਕ ਵਿਚ ਕਿਤਨਾ ਖਰਚ ਕੀਤਾ ਗਿਆ ?

ਸਰਦਾਰਨੀ ਰਾਜਿੰਦਰ ਕੌਰ ਭੱਠਲ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਉਸਾਰੀਆਂ ਗਈਆਂ ਨਵੀਆਂ ਸੜਕਾਂ ਦੀ ਕੁਲ ਲੰਬਾਈ ਸਾਲਵਾਰ ਹੇਠ ਲਿਖੇ ਅਨੁਸਾਰ ਹੈ :—

ਸਾਲ	ਸੜਕ ਬਣਾਈ (ਕਿ.ਮੀ. ਵਿੱਚ)	ਖਰਚਾ ਕੀਤਾ (ਰੁ: ਲੱਖਾਂ ਵਿੱਚ)
1	2	3
1992-93 .	8.57	34.10
1993-94 . .	25.22	110.55
1994-95 (1/95 ਤਕ) . .	46.95	154.85

(ਬਲਾਕ/ਮਾਰਕੀਟ ਕਮੇਟੀਵਾਈਜ਼ ਡਿਟੇਲ ਨਾਲ ਨੱਥੀ ਹੈ ਜੀ ।)

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:

Details of new Roads Constructed in District Amritsar.

Sr. No.	Market Committee/ Block	1992-93 (in K.M.)	1993-94 (in K.M.)	1994-95 (in K.M.)	1992-93 Exp. in lacs	1993-94 Exp. in lacs	1994-95 Exp. in lacs
1	2	3	4	5	6	7	8
1.	Amritsar ..	0,34	14.81	2.83	5.38	31.66	38.16
2.	Attari ..	—	—	2.69	—	7.18	3.10
3.	Ajnala ..	0.65	—	14.83	—	—	37.63
4.	Gheri ..	2.01	2.82	2.35	8.90	14.10	1.90
5.	Jhabal ..	—	0.98	1.00	—	10.15	3.60
6.	Tarn Taran ..	1.20	—	5.40	3.45	4.25	3.50
7.	Nushara Pannuian ..	—	0.85	1.58	—	16.50	2.48
8.	Bhikhiwind ..	—	2.60	0.58	—	15.18	2.71
9.	Rayya ..	0.60	—	1,75	2.28	—	8.52
10.	Khandur Sahib ..	3.69	—	2.08	13.72	—	7.81
11.	Khemkaran ..	0.08	3.16	2.77	0.37	11.53	11.16
12.	Chugawan ..	—	—	2.06	—	—	9.68
13.	Majitha ..	—	—	2.07	—	—	7.88
14.	Mehta ..	—	—	2.20	—	—	7.34
15.	Patti ..	—	—	2.76	—	—	9.38
	Grand total ..	8.57	25.22	46.95	34.10	110.55	154.85

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਵਜ਼ੀਰ ਨੇ ਦੱਸਿਆ ਹੈ ਕਿ ਬਲਾਕ ਰਟੀਆ ਵਿੱਚ ਸਾਲ 1994-95 ਵਿੱਚ 1.75 ਕਿਲੋਮੀਟਰ ਰੋਡ ਤੇ ਖਰਚਾ 8.52 ਲੱਖ ਰੁਪਏ ਹੋਇਆ ਹੈ । ਇਸੇ ਤਰ੍ਹਾਂ ਮਹਿਤਾ ਵਿੱਚ 2.20 ਕਿਲੋਮੀਟਰ ਰੋਡ ਤੇ 7.34 ਲੱਖ ਰੁਪਿਆ ਖਰਚ ਹੋਇਆ ਹੈ । ਕੀ ਮੰਤਰੀ ਸਾਹਿਬਾ ਇਹ ਦਸਣਗੇ ਕਿ ਕੀ ਇਹ ਪਲਾਨ ਰੋਡਜ਼ ਹਨ, ਲਿੰਕ ਰੋਡਜ਼ ਹਨ, ਮਿਸਿੰਗ ਰੋਡਜ਼ ਹਨ ਜਾਂ ਕਿ ਫਿਰਨੀਆਂ ਹਨ ਅਤੇ ਕਿਹੜੇ ਕਿਹੜੇ ਪਿੰਡਾਂ ਵਿੱਚ ਬਣਾਈਆਂ ਗਈਆਂ ਹਨ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਬਲਾਕਵਾਈਜ਼ ਡਿਟੇਲ ਪੁੱਛੀ ਸੀ ਜਿਹੜੀ ਕਿ ਦੱਸ ਦਿੱਤੀ ਗਈ ਹੈ । ਪਿੰਡ ਵਾਈਜ਼ ਡਿਟੇਲ ਬਾਰੇ ਇਹ ਸੈਪਰੇਟ ਪੁੱਛ ਲੈਣ, ਜਵਾਬ ਦੇ ਦਿੱਤਾ ਜਾਵੇਗਾ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਮੈਂ ਤਾਂ ਪੁੱਛਿਆ ਹੈ ਕਿ ਇਹ ਇਤਨਾ ਦੱਸ ਦੇਣ ਕਿ ਇਹ ਪਲਾਨ ਰੋਡਜ਼ ਹਨ, ਲਿੰਕ ਰੋਡਜ਼, ਮਿਸਿੰਗ ਰੋਡਜ਼ ਹਨ ਜਾਂ ਫਿਰਨੀਆਂ ਹਨ । ਇਨ੍ਹਾਂ ਵਿਚੋਂ ਇਹ ਕਿਹੜੀ ਰੋਡ ਹੈ ?

ਮੰਤਰੀ : ਇਨ੍ਹਾਂ ਨੇ ਟੋਟਲ ਜਾਣਕਾਰੀ ਬਲਾਕਵਾਈਜ਼ ਮੰਗੀ ਸੀ । ਇਸ ਵਿੱਚ ਲਿੰਕ ਰੋਡਜ਼ ਵੀ ਸ਼ਾਮਲ ਹਨ ਅਤੇ ਛੋਟੀਆਂ-ਮੋਟੀਆਂ ਮਿਸਿੰਗ ਰੋਡਜ਼ ਵੀ ਸ਼ਾਮਲ ਹਨ, ਅਰਬਨ ਏਰੀਆ ਵੀ ਸ਼ਾਮਲ ਹੁੰਦਾ ਹੈ । ਜਿਹੜੀਆਂ ਫਿਰਨੀਆਂ ਹੁੰਦੀਆਂ ਹਨ, ਉਹ ਵੀ ਸ਼ਾਮਲ ਹੁੰਦੀਆਂ ਹਨ । ਲੇਕਿਨ ਜੇ ਇਹ ਸੈਪਰੇਟ ਸਵਾਲ ਪੁਛ ਲੈਣ ਤਾਂ ਮੈਂ ਇਨ੍ਹਾਂ ਨੂੰ ਡਿਟੇਲ ਦੱਸ ਦਿਆਂਗੀ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਰਿਪੋਰਟ ਹਾਊਸ ਵਿੱਚ ਜਵਾਬ ਵਜੋਂ ਦਿੱਤੀ ਜਾ ਰਹੀ ਹੈ, ਉਹ ਮਹਿਕਮੇ ਨੇ ਗਲਤ ਦਿੱਤੀ ਹੈ । ਇਹ ਜਵਾਬ ਫਿਰਨੀਆਂ ਬਾਰੇ ਹੈ । ਜਿਹੜੀ ਪਲਾਨਿੰਗ ਬੋਰਡ ਦੀ ਕਾਰਵਾਈ ਹੈ, ਉਹ ਵੀ ਮੇਰੇ ਕੋਲ ਹੈ । ਇਸ ਵਿੱਚ 1.75 ਕਿਲੋਮੀਟਰ ਤੇ 8.52 ਲੱਖ ਰੁਪਏ ਅਤੇ 2.20 ਕਿਲੋਮੀਟਰ ਤੇ 7.34 ਲੱਖ ਰੁਪਿਆ ਜਿਹੜਾ ਖਰਚਾ ਹੋਇਆ ਹੈ, ਉਹ ਫਿਰਨੀਆਂ ਤੇ ਹੋਇਆ ਹੈ । ਜਿਹੜਾ ਮੈਂ ਸਵਾਲ ਕੀਤਾ ਸੀ, ਉਹ ਸੜਕਾਂ ਦੇ ਬਾਰੇ ਕੀਤਾ ਸੀ । ਮੈਂ ਫਿਰਨੀਆਂ ਦੇ ਬਾਰੇ ਨਹੀਂ ਸੀ ਕੀਤਾ । ਇਹ ਜਿਹੜਾ ਗਲਤ ਜਵਾਬ ਦੱਸਿਆ ਜਾ ਰਿਹਾ ਹੈ, ਇਸ ਤੇ ਕੋਈ ਕਾਰਵਾਈ ਹੋਣੀ ਚਾਹੀਦੀ ਹੈ ।

ਮੰਤਰੀ : ਮੈਂ ਬਿਲਕੁਲ ਗਲਤ ਜਵਾਬ ਨਹੀਂ ਦਿੱਤਾ ਪਰ ਇਹ ਗਲਤ ਸਮਝ ਰਹੇ ਹਨ । ਇਸ ਦੇ ਵਿੱਚ ਜਨਰਲ ਏਜੰਸੀਆਂ ਕੰਮ ਕਰਦੀਆਂ ਹਨ । ਮਾਰਕੀਟਿੰਗ ਬੋਰਡ ਵੀ ਕੰਮ ਕਰਦਾ ਹੈ, ਮਾਰਕੀਟ ਕਮੇਟੀਆਂ ਵੀ ਕੰਮ ਕਰਦੀਆਂ ਹਨ, ਪੀ. ਡਬਲਿਯੂ. ਡੀ. ਮਹਿਕਮਾ ਵੀ ਕੰਮ ਕਰਦਾ ਹੈ, ਜ਼ਿਲ੍ਹਾ ਪਲਾਨਿੰਗ ਬੋਰਡ ਵੀ ਕੰਮ ਕਰਦਾ ਹੈ ਤੇ ਉਸ ਵੱਲੋਂ ਫੰਡ ਦਿੱਤੇ ਜਾਂਦੇ ਹਨ । ਜਿਹੜੀਆਂ ਫਿਰਨੀਆਂ ਬਣਾਈਆਂ ਜਾਂਦੀਆਂ ਹਨ, ਉਹ ਨਵੀਆਂ ਸੜਕਾਂ ਵਿੱਚ ਗਿਣੀਆਂ ਜਾਂਦੀਆਂ ਹਨ । ਪਿੰਡ ਦੇ ਜੇਕਰ ਦੋ ਪਾਸੇ [illegible] ਤੀਸਰਾ ਪਾਸਾ ਕੱਚਾ ਹੈ ਅਤੇ ਉਥੇ ਫਿਰਨੀ ਬਣਾਈ ਹੈ ਤਾਂ ਉਹ ਨਵੀਂ ਸੜਕ ਵਿੱਚ ਹੀ ਗਿਣੀ

Original with;
Punjab Vidhan Sabha
Digitized by;
Punjab Digital Library

ਜਾਵੇਗੀ । ਇਨ੍ਹਾਂ ਨੇ ਤਾਂ ਜਨਰਲ ਸਵਾਲ ਪੁੱਛਿਆ ਸੀ । ਜੇਕਰ ਕੋਈ ਪਾਰਟੀਕੁਲਰ ਸਵਾਲ ਪੁੱਛਣ ਤਾਂ ਉਸ ਦਾ ਜਵਾਬ ਦਿੱਤਾ ਜਾ ਸਕਦਾ ਹੈ । ਇਨ੍ਹਾਂ ਨੇ ਪੁੱਛਿਆ ਸੀ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਬਲਾਕਵਾਈਜ਼ ਕਿੰਨੇ ਕਿਲੋਮੀਟਰ ਲੰਬੀਆਂ ਸੜਕਾਂ ਬਣੀਆਂ ਹਨ । ਇਨ੍ਹਾਂ ਰੋਡਜ਼ ਤੇ ਵੱਖਰੀਆਂ ਵੱਖਰੀਆਂ ਏਜੰਸੀਆਂ ਨੇ ਕੰਮ ਕੀਤਾ ਹੈ । ਪੀ. ਡਬਲਿਯੂ. ਡੀ. ਮਹਿਕਮੇ ਨੇ ਜਿਹੜੀਆਂ ਨਵੀਆਂ ਫਿਰਨੀਆਂ ਬਣਾਈਆਂ ਹਨ ਉਨ੍ਹਾਂ ਨੂੰ ਸੜਕ ਵਿੱਚ ਗਿਣਿਆ ਜਾਵੇਗਾ । ਜੇਕਰ ਮੰਡੀਕਰਨ ਬੋਰਡ ਨੇ ਬਣਾਈਆਂ ਹਨ ਤਾਂ ਉਨ੍ਹਾਂ ਨੂੰ ਮੰਡੀਕਰਨ ਦੇ ਏਰੀਏ ਵਿੱਚ ਗਿਣਿਆ ਜਾਵੇਗਾ । ਅਸੀਂ ਅਜੇ ਹੋਰ ਨਵੀਆਂ ਸੜਕਾਂ ਬਣਾਉਣ ਦਾ ਕੰਮ ਸ਼ੁਰੂ ਨਹੀਂ ਕੀਤਾ । ਪੁਰਾਣੀਆਂ ਸੜਕਾਂ ਦੇ ਏਰੀਏ ਨੂੰ ਹੀ ਕਵਰ ਕੀਤਾ ਹੈ, ਇਸੇ ਕਰਕੇ ਹੀ ਘੱਟ ਖਰਚ ਹੋਇਆ ਹੈ । ਨਵੀਆਂ ਤੇ ਤਾਂ ਬਹੁਤ ਜ਼ਿਆਦਾ ਪੈਸਾ ਖਰਚ ਹੋਣਾ ਸੀ ।

(ਇਸ ਸਮੇਂ ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ ਹੋਰ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ)

ਸ਼੍ਰੀ ਸਪੀਕਰ : ਭਾਰਦਵਾਜ ਜੀ, ਮੰਤਰੀ ਜੀ ਨੇ ਬੜਾ ਕਲੀਅਰ ਦੱਸ ਦਿੱਤਾ ਹੈ । ਤੁਸੀਂ ਟੋਟਲ ਰੋਡਜ਼ ਬਾਰੇ ਪੁੱਛਿਆ ਸੀ, ਵੇਰਵਾ ਨਹੀਂ ਪੁੱਛਿਆ ਸੀ । ਉਨ੍ਹਾਂ ਨੇ ਕਿਹਾ ਹੈ ਕਿ ਤੁਸੀਂ ਨਵਾਂ ਸਵਾਲ ਕਰਕੇ ਵੇਰਵਾ ਪੁੱਛੋ । ਇਹ ਦੱਸ ਦੇਣਗੇ । ਜਾਂ ਫਿਰ ਇਨ੍ਹਾਂ ਨੂੰ ਮਿਲ ਕੇ ਪੁੱਛ ਲਓ । ਇੱਥੇ ਟੋਟਲ ਦਾ ਜਵਾਬ ਆਇਆ ਹੈ ; ਇਸ ਸਟੇਜ ਤੇ ਇਨ੍ਹਾਂ ਨੂੰ ਟੋਟਲ ਦਾ ਪਤਾ ਨਹੀਂ ਹੈ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੇਰੇ ਸਵਾਲ ਦਾ ਜਵਾਬ ਕਲੀਅਰ ਨਹੀਂ ਮਿਲਿਆ । ਕੀ ਇਹ ਫਿਰਨੀਆਂ ਹਨ ਜਾਂ ਫਿਰਨੀਆਂ ਨੂੰ ਸੜਕਾਂ ਵਿੱਚ ਗਿਣਦੇ ਹਨ । ਮੇਰੇ ਹਲਕੇ ਦੇ ਦੋਵੇਂ ਬਲਾਕ ਪੀ.ਡਬਲਿਊ.ਡੀ. ਕੋਲ ਹਨ, ਮੰਡੀ ਬੋਰਡ ਕੋਲ ਨਹੀਂ ਹਨ । ਇਸ ਕਰਕੇ ਮੇਰੀ ਬੇਨਤੀ ਹੈ ਕਿ ਮੰਤਰੀ ਜੀ ਇਹ ਕਲੀਅਰ ਕਰਨ ਕਿ ਇਹ 1.75 ਕਿਲੋਮੀਟਰ ਜਾਂ 2.20 ਕਿਲੋਮੀਟਰ ਰੋਡਜ਼ ਹਨ, ਫਿਰਨੀਆਂ ਹਨ ਜਾਂ ਲਿੰਕ ਰੋਡਜ਼ ਹਨ ?

ਸ਼੍ਰੀ ਸਪੀਕਰ : ਉਨ੍ਹਾਂ ਨੇ ਕਿਹਾ ਹੈ ਕਿ ਫਿਰਨੀ ਵੀ ਸੜਕ ਹੀ ਹੁੰਦੀ ਹੈ । ਇਹ ਸੜਕ ਦਾ ਹੀ ਪਾਰਟ ਹੈ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਫਿਰ ਸਰਕਾਰ ਫਿਰਨੀ ਕਿਉਂ ਕਹਿ ਰਹੀ ਹੈ, ਸੜਕ ਕਿਉਂ ਨਹੀਂ ਕਹਿੰਦੀ ?

ਸ਼੍ਰੀ ਸਪੀਕਰ : ਨਾਂ ਵੱਖ-ਵੱਖ ਹੋ ਸਕਦੇ ਹਨ ਪਰ ਸੜਕ ਤਾਂ ਸੜਕ ਹੀ ਹੁੰਦੀ ਹੈ । ਜਿੱਥੇ ਰੋੜੇ ਜਾਂ ਲੁੱਕ ਪੈ ਜਾਵੇ, ਉਹ ਸੜਕ ਹੀ ਹੁੰਦੀ ਹੈ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਭੰਣ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਇਨ੍ਹਾਂ ਨੂੰ ਇਸ ਚੀਜ਼ ਦਾ ਇਲਮ ਹੈ ਕਿ ਅੰਮ੍ਰਿਤਸਰ ਵਿੱਚ ਕੁਝ ਸੜਕਾਂ ਅਜਿਹੀਆਂ ਹਨ ਜਿਹੜੀਆਂ ਕੰਸਟਰਕਟ ਹੋਣ ਤੋਂ ਬਾਅਦ ਛੇ ਮਹੀਨੇ ਅੰਦਰ

Original with;
Punjab Vidhan Sabha
Digitized by;
Panjab Digital Library

ਟੁੱਟਣੀਆਂ ਸ਼ੁਰੂ ਹੋ ਜਾਂਦੀਆਂ ਹਨ ਕਿਉਂਕਿ ਉਥੇ ਸਬ ਸਟੈਂਡਰਡ ਮੈਟੀਰੀਅਲ ਯੂਜ਼ ਹੁੰਦਾ ਹੈ ਅਤੇ ਪਾਣੀ ਦਾ ਨਿਕਾਸ ਵੀ ਨਹੀਂ ਹੁੰਦਾ । ਜਿਸ ਤਰ੍ਹਾਂ ਛੇਹਰਟਾ ਨੈਸ਼ਨਲ ਹਾਈਵੇ ਤੇ ਬਟਾਲਾ ਰੋਡ ਹੈ । ਕੀ ਮੰਤਰੀ ਜੀ ਇਹ ਐਸ਼ਿਓਰੈਂਸ ਦਿਵਾਉਣਗੇ ਕਿ ਉਸ ਸੜਕ ਦੀ ਚੈਕਿੰਗ ਕਰਕੇ ਦਰੁਸਤੀ ਕੀਤੀ ਜਾਵੇਗੀ ?

ਮੰਤਰੀ : ਬੜੀ ਠੀਕ ਗੱਲ ਕੀਤੀ ਹੈ । ਮੈਂ ਇਸ ਕਰਕੇ ਡੀਨਾਈ ਨਹੀਂ ਕਰਦੀ । ਦੋ ਤਰ੍ਹਾਂ ਨਾਲ ਸੜਕ ਖ਼ਰਾਬ ਹੁੰਦੀ ਹੈ ਜਿਸ ਤਰ੍ਹਾਂ ਇਨ੍ਹਾਂ ਨੇ ਅੰਮ੍ਰਿਤਸਰ ਬਾਰੇ ਕਿਹਾ ਹੈ । ਇੱਕ ਤਾਂ ਬਾਰਸ਼ਾਂ ਕਾਰਨ ਜਾਂ ਫਲੱਡਜ਼ ਕਾਰਨ । ਪਰ ਇਹ ਨੈਚੁਰਲ ਰੀਜ਼ਨ ਹੈ ਅਤੇ ਦੂਜਾ ਸਬ ਸਟੈਂਡਰਡ ਮਾਲ ਯੂਜ਼ ਕਰਨ ਨਾਲ ਸੜਕਾਂ ਖ਼ਰਾਬ ਹੋ ਜਾਂਦੀਆਂ ਹਨ । ਪਰ ਅਸੀਂ ਹੁਣ ਬੜੀ ਸਖਤੀ ਕੀਤੀ ਹੈ । ਸੀ. ਐਮ. ਸਾਹਿਬ ਨੇ ਆਦੇਸ਼ ਦਿੱਤੇ ਹਨ ਕਿ ਜਿਹੜਾ ਮਾੜਾ ਮੈਟੀਰੀਅਲ ਯੂਜ਼ ਕਰਦਾ ਹੈ, ਉਸ ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ । ਇਸ ਸਿਲਸਿਲੇ ਵਿੱਚ ਮੈਂ ਦੱਸਣਾ ਚਾਹੁੰਦੀ ਹਾਂ ਕਿ ਅਸੀਂ ਵੱਡੇ ਵੱਡੇ ਅਫਸਰਾਂ ਨੂੰ ਵੀ ਕੁਤਾਹੀ ਕਾਰਨ ਸਸਪੈਂਡ ਕੀਤਾ ਹੈ । ਅਸੀਂ ਆਪਣੇ ਡਾਇਰੈਕਟੋਰੇਟ ਨੂੰ ਕੁਆਲਿਟੀ ਕੰਟਰੋਲ ਕਰਨ ਵਾਸਤੇ ਸਟਰੈਂਥਨ ਕੀਤਾ ਹੈ ਕਿ ਜਿਹੜਾ ਸਬ ਸਟੈਂਡਰਡ ਮਾਲ ਯੂਜ਼ ਕਰਦਾ ਹੈ ਉਸ ਦੀ ਰਿਸਪਾਂਸੀਬਿਲਟੀ ਫਿਕਸ ਕੀਤੀ ਜਾਵੇ ਅਤੇ ਰੋਡਵਾਈਜ਼ ਰੀਕਮੈਂਡ ਕਰਕੇ ਐਕਸੀਅਨ ਜਾਂ ਐਸ. ਈ. ਦੀ ਜ਼ੁੰਮੇਵਾਰੀ ਫਿਕਸ ਕੀਤੀ ਜਾਵੇ । ਜੇ ਕੋਈ ਕੰਪਲੈਂਟ ਆਵੇਗੀ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ ।

ਆਬਕਾਰੀ ਡਿਊਟੀ ਤੋਂ ਆਮਦਨ

*2454. (1) **ਸ੍ਰੀ ਬਲਦੇਵ ਸਿੰਘ ਬਲਮਗੜ੍ਹ**
(2) **ਸਰਦਾਰ ਬਲਦੇਵ ਸਿੰਘ ਪੱਕਾ** } : ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਾਲ 1992-93, 1993-94 ਅਤੇ 1994-95 ਦੇ ਦੌਰਾਨ ਵੱਖ ਵੱਖ ਆਬਕਾਰੀ ਡਿਊਟੀ ਵਿਚ ਜ਼ਿਲ੍ਹਾ ਵਾਰ ਕਿੰਨੀ ਕਿੰਨੀ ਵਸੂਲੀ ਕੀਤੀ ਗਈ ?

Sardar Shamsher Singh Dullo : A statement containing requisite information is placed on the Table of the House.

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:

STATEMENT

Sr No.	Name of the District	Collection of Excise Duty		
		1992-93	1993-94	1994-95 (up to January, 1995)
1	2	3	4	5
1.	Hoshiarpur ..	2,81,19,205	4,13,93,500	3,69,89,752
2.	Jalandhar-I ..	11,14,26,183	12,16,86,244	7,98,73,145
3.	Jalandhar-II ..	19,33,82,264	29,37,04,640	22,20,20,357
4.	Amritsar-I ..	71,88,040	4,48,73,700	3,16,89,212
5.	Amritsar-II ..	3,00,97,423	2,88,70,938	2,75,50,734
6.	Gurdaspur ..	5,82,52,007	6,52,25,297	5,81,34,588
7.	Kapurthala ..	1,27,39,212	87,06,266	84,14,510
8.	Patiala	7,60,73,514	6,65,27,741	6,37,82,079
9.	Fatehgarh Sahib ..	36,34,850	51,32,603	51,94,300
10.	Ludhiana-I ..	2,59,33,921	2,10,83,697	4,66,74,437

Original with:
PunjabVidhan Sabha
Digitized by:
Panjab Digital Library

11.	Ludhiana-II	83,80,32,966	19,18,93,456	14,85,55,857
12.	Ludhiana-III	34,10,973	42,89,051	42,18,840
13.	Sangrur	2,26,10,750	5,39,07,956	2,13,44,564
14.	Ropar	22,28,57,228	27,58,69,628	26,65,19,697
15.	Ferozepur	1,90,11,355	2,32,24,142	2,27,07,100
16.	aridkot	3,48,83,347	3,76,75,728	2,98,43,043
17.	Bhatinda	7,35,15,558	7,69,38,057	5,90,94,794
18.	Mansa	47,66,808	46,95,427	44,58,15
	Total	106,59,34,604	136,56,98,071	113,40,65,024

ਸ਼੍ਰੀ ਬਲਦੇਵ ਸਿੰਘ ਬਲਮਗੜ੍ਹ ਸਰ, ਮੈਂ ਮੰਤਰੀ ਜੀ ਦਾ ਬਹੁਤ ਬਹੁਤ ਧੰਨਵਾਦੀ ਹਾਂ। ਜਿਹੜੀ ਇਨਫਰਮੇਸ਼ਨ ਇਨ੍ਹਾਂ ਨੇ ਟੇਬਲ ਤੇ ਰੱਖੀ ਹੈ, ਉਹ ਮੇਰੇ ਕੋਲ ਵੀ ਆਈ ਹੈ, ਉਸ ਵਿਚ ਤਕਰੀਬਨ ਸਾਰੇ ਜ਼ਿਲ੍ਹਿਆਂ ਦੀ ਆਮਦਨ ਵਧੀ ਹੈ ਲੇਕਿਨ ਮਾਨਸਾ ਵਿਚ ਕਿਉਂ ਘੱਟ ਵਧੀ ਹੈ ? ਇਸ ਦਾ ਕੀ ਕਾਰਨ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਹਰ ਜ਼ਿਲ੍ਹੇ ਵਿਚ ਆਕਸ਼ਨ ਕਰਵਾਉਂਦੇ ਹਾਂ। ਕਿਤੇ ਬਿਡ ਘਟ ਜਾਂਦੀ ਹੈ ਅਤੇ ਕਿਤੇ ਵਧ ਜਾਂਦੀ ਹੈ। ਜਿਥੇ ਘੱਟ ਬੋਲੀ ਹੁੰਦੀ ਹੈ, ਉਥੇ ਘੱਟ ਰੈਵਨਿਊ ਮਿਲਦਾ ਹੈ, ਜਿਥੇ ਵਧ ਹੁੰਦੀ ਹੈ, ਉਥੇ ਵੱਧ ਰੈਵਨਿਊ ਆਉਂਦਾ ਹੈ।

ਕਣਕ ਤੇ ਖਰੀਦ ਅਤੇ ਵਿੱਕਰੀ ਕਰ ਲਗਾਉਣ ਤੋਂ ਆਮਦਨ

*2455. (1) **ਸ਼੍ਰੀ ਬਲਦੇਵ ਸਿੰਘ ਬਲਮਗੜ੍ਹ**
(2) **ਸਰਦਾਰ ਬਲਦੇਵ ਸਿੰਘ ਪੱਕਾ** } : ਕੀ ਆਬਕਾਰੀ ਅਤੇ ਕਰ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਾਲਾਂ 1992-93, 1993-94 ਅਤੇ 1994-95 ਦੌਰਾਨ ਵੱਖ ਵੱਖ ਕਣਕ ਤੇ ਖਰੀਦ ਕਰ ਅਤੇ ਵਿਕਰੀ ਕਰ ਵਜੋਂ ਕਿੰਨੀ ਕਿੰਨੀ ਰਕਮ ਇਕੱਠੀ ਕੀਤੀ ਗਈ ?

Sardar Shamsher Singh Dullo : The position of collections in this respect is as follows :-

Year	Purchase Tax (Figures in crores)	Central Sales Tax (Figures in crores)
1	2	3
1992-93 ..	55.49	7.49
1993-94 ..	69.31	7.56
1994-95 ..	91.17	5.92
(1st April, 1994 to 31st Dec., 1994)		

ਸ਼੍ਰੀ ਬਲਦੇਵ ਸਿੰਘ ਬਲਮਗੜ੍ਹ : ਸਰ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਦਾ ਪਰਚੇਜ਼ ਟੈਕਸ ਲਗਾਤਾਰ ਵਧਿਆ ਹੈ ਲੇਕਿਨ ਇਸ ਸਾਲ ਸੈਂਟਰਲ ਸੇਲਜ਼ ਟੈਕਸ ਤੇ ਤਕਰੀਬਨ ਦੋ ਕਰੋੜ ਰੁਪਏ ਦੇ ਨੇੜੇ-ਤੇੜੇ ਘਟਿਆ ਹੈ। ਕੀ ਮੰਤਰੀ ਜੀ ਇਸ ਦਾ ਕਾਰਨ ਦੱਸਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਰ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸੀ.ਐਸ,ਐਸ.ਟੀ. ਇੰਟਰ ਸਟੇਟ ਟਰੇਡਿੰਗ ਤੇ ਲੈ ਜਾਂਦੇ ਹਨ । ਪੰਜਾਬ ਵਿਚ ਫੂਡ ਗਰੇਨ ਜ਼ਮੀਂ ਹੈ ਅਤੇ ਪੰਜਾਬ ਵਿਚੋਂ ਬਾਹਰ ਨਹੀਂ ਗਿਆ । ਜਦੋਂ ਪੰਜਾਬ ਵਿਚੋਂ ਫੂਡ ਗਰੇਨ ਬਾਹਰ ਜਾਵੇਗਾ ਉਦੋਂ ਹੋਰ ਰੈਵਨਿਊ ਵਧੇਗਾ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੰਤਰੀ ਜੀ ਨੇ ਜੋ ਪਰਚੇਜ਼ ਟੈਕਸ ਦੇ ਬਾਰੇ ਸਟੇਟਮੈਂਟ ਦਿੱਤੀ ਹੈ, ਉਸ ਬਾਰੇ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਵ੍ਹੀਟ ਦੇ ਸੇਲ ਟੈਕਸ ਦਾ ਚੰਡੀਗੜ੍ਹ ਅਤੇ ਪੰਜਾਬ ਵਿਚ ਅੰਤਰ ਹੈ ? ਅਗਰ ਅੰਤਰ ਹੈ ਤਾਂ ਇਸ ਡਿਸਪੈਰਿਟੀ ਨੂੰ ਦੂਰ ਕਰਨ ਵਾਸਤੇ ਮੰਤਰੀ ਜੀ ਕੀ ਵਿਚਾਰ ਰਖਦੇ ਹਨ ? ਕਿਉਂਕਿ ਪੰਜਾਬ ਦੇ ਵਿਚੋਂ ਹਿਮਾਚਲ ਵਰਗੇ ਨੂੰ ਜੋ ਮਾਲ ਸਪਲਾਈ ਹੁੰਦਾ ਹੈ, ਉਹ ਘੱਟ ਹੈ । ਕੀ ਮੰਤਰੀ ਜੀ ਇਸ ਬਾਰੇ ਵਿਚਾਰ ਕਰਨਗੇ ਤਾਂ ਕਿ ਪੰਜਾਬ ਵਿਚੋਂ ਮਾਲ ਦੀ ਖਰੀਦੋ-ਫਰੋਖਤ ਹੋ ਕੇ ਬਾਹਰ ਜਾ ਸਕੇ ?

ਮੰਤਰੀ : ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਵਿਚ ਅਸੀਂ ਟੈਕਸੇਸ਼ਨ ਸਿਸਟਮ ਨੂੰ ਰੈਸ਼ਨੇਲਾਈਜ਼ ਕੀਤਾ ਹੈ ਅਤੇ ਇਸ ਵਿਚ ਯੂਨੀਫਾਰਮਿਟੀ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਾਂ । ਇਸ ਦੇ ਬਾਰੇ ਵੀ ਵਿਚਾਰ ਕਰ ਲਵਾਂਗੇ ।

ਧੁਸੀ ਬੰਧ ਨੂੰ ਮਜ਼ਬੂਤ ਕਰਨਾ

*2499. **ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ** : ਕੀ ਸਹਿਕਾਰਤਾ ਅਤੇ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੁਆਰਾ ਸਾਲਾ 1993-94 ਅਤੇ 1994-95 ਦੌਰਾਨ ਜ਼ਿਲ੍ਹਾ ਗੁਰਦਾਸਪੁਰ ਵਿਚ ਧੁੱਸੀ ਬੰਧ ਨੂੰ ਮਜ਼ਬੂਤ ਕਰਨ ਲਈ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਕੀ ਹਨ ਅਤੇ ਇਸ ਸਮੇਂ ਦੌਰਾਨ ਉਨ੍ਹਾਂ ਤੇ ਕੀਤੇ ਗਏ ਖਰਚਿਆਂ ਦੇ ਵੇਰਵੇ ਕੀ ਕੀ ਹਨ ?

ਸ਼੍ਰੀ ਸੱਜਨ ਕੁਮਾਰ ਜਾਖੜ : ਸਾਲ 1993-94 ਵਿਚ ਬੰਧ ਤੇ 19 ਪਾੜਾਂ ਨੂੰ ਬੰਦ ਕਰਨ, 3.5 ਕਿਲੋਮੀਟਰ ਬੰਧ ਦੀ ਮਰਮੰਤ ਦੇ ਨਾਲ ਨਾਲ 19 ਸਪੱਰਾਂ/ਸਟੱਡਜ਼ ਦੀ ਰਿਪਲੈਨਿਸ਼ਮੈਂਟ ਕਰਨ ਤੇ ਕੁਲ ਖਰਚਾ 202.60 ਲੱਖ ਰੁਪਏ ਹੋਇਆ । ਸਾਲ 1994-95 ਦੌਰਾਨ ਇਕ ਪਾੜ ਨੂੰ ਬੰਦ ਕਰਨ ਬੰਧ ਦੀ 7 ਕਿਲੋਮੀਟਰ ਦੀ ਲੰਬਾਈ ਵਿਚ ਮੁਰਮੰਤ ਦੇ ਨਾਲ ਨਾਲ 20 ਸਪੱਰ/ਸਟੱਡਜ਼ ਦੀ ਰਿਪਲੈਨਿਸ਼ਮੈਂਟ ਕਰਨ ਤੇ ਕੁਲ 218.50 ਲੱਖ ਰੁਪਏ ਖਰਚ ਹੋਏ ।

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਰਾਵੀ ਦਰਿਆ ਦੇ ਧੁੱਸੀ ਬੰਨ ਅਤੇ ਬਿਆਸ ਦਰਿਆ ਦੇ ਧੁਸੀ ਬੰਨ ਤੇ ਕਿੰਨਾ-ਕਿੰਨਾ ਖਰਚ ਹੋਇਆ ?

ਮੰਤਰੀ : ਇਹ ਖਰਚਾ ਰਾਵੀ ਦਾ ਦੱਸਿਆ ਗਿਆ ਹੈ । ਬਿਆਸ ਬਾਰੇ ਸੈਪਰੇਟ ਪੱਛ ਲੈਣਾ ।

Original with;
Punjab Vidhan Sabha
Digitized by;
Panjab Digital Library

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, ਇਹ ਜਿਹੜੇ ਧੁੱਸੀ ਬੰਨ੍ਹ ਬਣਾਏ ਜਾਂਦੇ ਹਨ, ਖਾਸ ਕਰਕੇ ਹੜ੍ਹਾਂ ਦੇ ਸਮੇਂ ਦੇ ਚੌਗਾਨ ਜਿਹੜੇ ਰਿੰਗ ਬੰਨ੍ਹ ਬਣਾਏ ਜਾਂਦੇ ਹਨ, ਪਿਛਲੀ ਵਾਰ ਜਿਹੜੇ ਰਿੰਗ ਬਣਾਏ ਅਤੇ ਰਿੰਗ ਬੰਨ੍ਹ ਬਣਾਉਣ ਲਈ ਕਿਸਾਨਾਂ ਦੇ ਖੇਤਾਂ ਵਿਚੋਂ ਮਿੱਟੀ ਪੁੱਟੀ ਗਈ. ਕੀ ਉਨ੍ਹਾਂ ਨੂੰ ਮੁਆਵਜ਼ਾ ਦੇਣ ਵਾਸਤੇ ਸਰਕਾਰ ਨੇ ਕੋਈ ਕਰਾਈ-ਟੇਰੀਆ ਬਣਾਇਆ ਹੈ ?

ਮੰਤਰੀ : ਦੁਬਾਰਾ ਪੁੱਛ ਲੈਣ ਜੀ, ਮੈਂ ਸੁਣਿਆ ਨਹੀਂ ।

ਸ਼੍ਰੀ ਸਪੀਕਰ : ਰਿਪੀਟ ਕਰ ਦਿਉ ।

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, ਹੜ੍ਹਾਂ ਦੇ ਦੌਰਾਨ, ਜਿਸ ਵਕਤ ਪਾਣੀ ਵਧਦਾ ਹੈ ਤਾਂ ਉਸ ਪਾਣੀ ਨੂੰ ਰੋਕਣ ਲਈ ਰਿੰਗ ਬੰਨ੍ਹ ਬਣਾਏ ਜਾਂਦੇ ਹਨ । ਜਿਥੇ ਰਿੰਗ ਬੰਨ੍ਹ ਬਣਾਏ ਜਾਂਦੇ ਹਨ, ਉਥੇ ਕਿਸਾਨਾਂ ਦੀ ਜ਼ਮੀਨ ਵਿਚੋਂ ਮਿੱਟੀ ਪੁੱਟੀ ਜਾਂਦੀ ਹੈ । ਉਨ੍ਹਾਂ ਨੂੰ ਮੁਆਵਜ਼ਾ ਦੇਣ ਵਾਸਤੇ ਸਰਕਾਰ ਨੇ ਕੀ ਕਰਾਈਟੇਰੀਆ ਬਣਾਇਆ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਰਿੰਗ ਬੰਨ੍ਹ ਬਣਦੇ ਹਨ, ਉਹ ਉਨ੍ਹਾਂ ਨਾਲ (ਕਿਸਾਨਾਂ ਨਾਲ) ਗੱਲਬਾਤ ਕਰਕੇ ਬਣਾਏ ਜਾਂਦੇ ਹਨ । ਜਿਥੇ ਮਿੱਟੀ ਜ਼ਿਆਦਾ ਚੁੱਕੀ ਹੁੰਦੀ ਹੈ, ਉਸ ਨੂੰ ਅਸੀਂ ਪੇਮੈਂਟ ਕਰਨ ਦੀ ਕੋਸ਼ਿਸ਼ ਕਰਦੇ ਹਾਂ ।

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, 1993 ਵਿਚ ਲੁਧਿਆਣੇ ਵਿਚ ਹੜ੍ਹ ਆਏ । ਉਥੇ ਮੇਰੇ ਹਲਕੇ ਕੂਮਕਲਾਂ ਦੇ ਬੁੱਲੇਵਾਲ ਪਿੰਡ ਵਿਚ ਰਿੰਗ ਬੰਨ੍ਹ ਬਣਾਉਣ ਲਈ ਜਮੀਨ ਵਿਚੋਂ ਮਿੱਟੀ ਪੁੱਟੀ ਗਈ, ਫਿਰ ਦੁਬਾਰਾ ਬੰਨ੍ਹ ਬਣਾਇਆ, ਫਿਰ ਤੀਸਰੀ ਵਾਰ ਬੰਨ੍ਹ ਬਣਾਇਆ ਪਰ ਕੋਈ ਪੇਮੈਂਟ ਨਹੀਂ ਕੀਤੀ । ਉਥੇ ਕਿਸਾਨ ਅਜੇ ਤੱਕ ਵਿਲਕਦੇ ਹਨ, ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ । ਜੇਕਰ ਮੁਆਵੇਜ਼ਾ ਦੇਣ ਦਾ ਫੈਸਲਾ ਕੀਤਾ ਹੈ ਤਾਂ ਉਨ੍ਹਾਂ ਨੂੰ ਅਜੇ ਤੱਕ ਕਿਉਂ ਨਹੀਂ ਦਿੱਤਾ, ਜੇਕਰ ਨਹੀਂ ਤਾਂ ਕਦੋਂ ਤੱਕ ਦਿੱਤਾ ਜਾਵੇਗਾ ?

ਮੰਤਰੀ : **ਮੈਂ ਸਪੀਕਰ ਸਾਹਿਬ, ਆਪ ਕੇ ਜ਼ਰਿਏ ਕਹਨਾ ਚਾਹਤਾ ਹੂੰ ਕਿ ਅਗਰ ਕੋਈ ਕੈਸ ਹੈ ਤੋ ਮੇਰੇ ਪਾਸ ਭੇਜ ਦੇਂ । ਮੈਂ ਇਨਕਵਾਰੀ ਕਰਵਾ ਕਰ, ਜੋ ਮੁਆਵਜ਼ਾ ਬਨਤਾ ਹੈ, ਵਹ ਦਿਯਾ ਜਾਯੇਗਾ ।**

ਮਾਛੀਵਾੜਾ-ਚਮਕੌਰ ਸਾਹਿਬ ਡਰੇਨ ਦੀ ਸਫ਼ਾਈ

*2559. **ਸਰਦਾਰ ਈਸ਼ਰ ਸਿੰਘ** : ਕੀ ਸਹਿਕਾਰਤਾ ਅਤੇ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਵਿਚ ਪੈਂਦੇ ਸੇਮ ਨਾਲੇ (ਮਾਛੀਵਾੜਾ-ਚਮਕੌਰ ਸਾਹਿਬ ਡਰੇਨ) ਦੀ ਸਫ਼ਾਈ ਪਿਛਲੀ ਵਾਰ ਕਿਸ ਸਾਲ ਵਿਚ ਕੀਤੀ ਗਈ ਸੀ ਅਤੇ ਕੀ ਸਰਕਾਰ ਦੀ ਸਾਲ 1995-96 ਵਿਚ ਇਸ ਨਾਲੇ ਦੀ ਸਫਾਈ ਕਰਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਹੈ, ਤਾਂ ਕਦੋਂ ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਸੱਜਨ ਕੁਮਾਰ ਜਾਖੜ . ਸਾਲ 1992-93 ਵਿਚ ।

ਇਸ ਡਰੇਨ ਦੀ 1995-96 ਵਿਚ ਸਫ਼ਾਈ ਹੋ ਸਕੇਗੀ ਜਾਂ ਨਹੀਂ, ਇਸ ਦਾ ਪਤਾ ਤਦੋਂ ਹੀ ਲੱਗੇਗਾ ਜਦੋਂ ਕਿ ਸਾਲ 1995-96 ਵਿਚ ਡਰੇਨਾਂ ਦੀ ਸਫ਼ਾਈ ਦੇ ਕੰਮਾਂ ਦੀ ਪਹਿਲ (priority) ਸਬੰਧੀ ਫੈਸਲਾ ਲਿਆ ਜਾਵੇਗਾ ।

ਸਰਦਾਰ ਈਸ਼ਰ ਸਿੰਘ. ਸਪੀਕਰ ਸਾਹਿਬ, 'ਇਹ ਮਾਛੀਵਾੜਾ-ਚਮਕੌਰ ਸਾਹਿਬ ਡਰੇਨ ਜਿਹੜੀ ਬੁੱਢਾ ਨਾਲਾ ਕਹਾਉਂਦੀ ਹੈ, ਉਸ ਦੀ 1993-94 ਦੌਰਾਨ ਸਫ਼ਾਈ ਕੀਤੀ ਗਈ ਸੀ ਲੇਕਿਨ ਫਲੱਡਾਂ ਦੌਰਾਨ ਸਿਲਟ ਨਾਲ ਭਰ ਗਈ ਹੈ । ਉਸ ਦੇ ਭਰਨ ਨਾਲ, ਜਿਹੜੇ ਕਿਸਾਨਾਂ ਦੀਆਂ ਨਾਲ-ਨਾਲ ਫਸਲਾਂ ਖੜ੍ਹੀਆਂ ਹਨ, ਉਹ ਮਾਰੀਆਂ ਜਾਂਦੀਆਂ ਹਨ । ਮੈਂ ਆਪ ਜੀ ਰਾਹੀਂ ਮੰਤਰੀ ਜੀ ਤੋਂ ਇਹ ਐਸ਼ੋਰੈਂਸ ਲੈਣਾ ਚਾਹੁੰਦਾ ਹਾਂ ਕਿ ਜਿਹੜਾ ਇਸ ਸਾਲ ਹੜ੍ਹ ਕੰਟਰੋਲ ਵਾਸਤੇ ਪੈਸਾ ਮਿਲਣਾ ਹੈ, ਉਸ ਵਿਚੋਂ ਪਹਿਲ ਦੇ ਆਧਾਰ ਤੇ ਉਸ ਡਰੇਨ ਨੂੰ ਸਾਫ ਕਰਨ ਦਾ ਭਰੋਸਾ ਦੇਣਗੇ ?

ਮੰਤਰੀ ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਐਮ. ਐਲ. ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਹਿਲ ਦੇ ਆਧਾਰ ਦਾ ਮਸਲਾ ਡਿਪਟੀ ਕਮਿਸ਼ਨਰ ਅੰਰ ਐਮ. ਐਲ. ਏ. ਸਾਹਿਬ ਮਿਲ ਕੇ ਤਹਿ ਕਰਦੇ ਹਨ ਅੰਰ ਉਹ ਪ੍ਰਾਇਰਿਟੀ ਲਿੱਖ ਕੇ ਭੇਜਦੇ ਹਨ । ਜੋ ਪ੍ਰਾਇਰਿਟੀ ਉਹ ਲਿਖ ਕੇ ਭੇਜਦੇ ਹਨ, ਅਸੀਂ ਉਸ ਦੇ ਮੁਤਾਬਿਕ ਕਰਦੇ ਹਾਂ ।

ਸ਼੍ਰੀ ਸਪੀਕਰ. ਉਨ੍ਹਾਂ ਨੇ ਪਰਟੀਕੁਲਰ ਕੇਸ ਦੱਸਿਆ ਹੈ । ਜਦੋਂ ਹੜ੍ਹ ਆਉਂਦੇ ਹਨ, ਲੁਧਿਆਣਾ ਸ਼ਹਿਰ ਰੁੜ ਜਾਂਦਾ ਹੈ । (ਹਾਸਾ)

ਮੰਤਰੀ ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਡੀ. ਸੀ. ਅੰਰ ਐਮ. ਐਲ. ਏ. ਸਾਹਿਬ ਬੈਠ ਕੇ ਪ੍ਰਾਇਰਿਟੀ ਬਣਾਉਂਦੇ ਹਨ ਅੰਰ ਜੋ ਪ੍ਰਾਇਰਿਟੀ ਉਹ ਬਣਾਉਂਦੇ ਹਨ, ਉਹ ਲਿਖ ਕੇ ਭੇਜਦੇ ਹਨ । ਜਿਸ ਢੰਗ ਨਾਲ ਉਹ ਪ੍ਰਾਇਰਿਟੀ ਬਣਾਉਂਦੇ ਹਨ, ਉਸੇ ਢੰਗ ਨਾਲ ਅਸੀਂ ਕੰਮ ਕਰਦੇ ਹਾਂ ।

ਸਰਦਾਰ ਸ਼ਮਸ਼ੇਰ ਸਿੰਘ ਰਾਏ ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 1992-93 ਵਿਚ ਕੀ ਇਹ ਡਰੇਨ ਪੂਰੀ ਤਰ੍ਹਾਂ ਸਾਫ ਹੋ ਚੁੱਕੀ ਹੈ; ਜੇ ਸਾਫ ਹੋ ਚੁੱਕੀ ਹੈ ਤਾਂ ਉਸ ਤੇ ਕਿੰਨਾ ਖਰਚ ਹੋਇਆ ਹੈ ?

ਮੰਤਰੀ. ਸਪੀਕਰ ਸਾਹਿਬ, ਵੈਸੇ ਇਹ ਸਵਾਲ ਇਸ ਦੇ ਵਿੱਚੋਂ ਪੈਦਾ ਨਹੀਂ ਹੁੰਦਾ ਪਰ ਫਿਰ ਵੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਡਰੇਨ ਦੀ ਕੁਲ ਲੈਂਥ 55 ਕਿਲੋਮੀਟਰ ਹੈ ਅੰਰ ਇਸ 55 ਕਿਲੋਮੀਟਰ ਵਿਚੋਂ 16 ਕਿਲੋਮੀਟਰ ਦੀ ਗੌਰਮਿੰਟ ਨੇ ਸਫਾਈ ਕਰਵਾਈ ਹੈ । ਜਿਥੇ ਕੋਈ ਬਰੀਚਿਜ਼ ਵਗੈਰਾ ਜ਼ਿਆਦਾ ਰੁਕੀਆਂ ਹੁੰਦੀਆਂ ਹਨ, ਉਥੇ ਅਸੀਂ ਸਫਾਈ ਕਰਵਾਉਂਦੇ ਹਾਂ ।

Original with;
Punjab Vidhan Sabha
Digitized by;
Punjab Digital Library

ਸਰਦਾਰ ਸਮਸ਼ੇਰ ਸਿੰਘ ਰਾਏ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਕਲੀਅਰ ਜਵਾਬ ਨਹੀਂ ਆਇਆ । ਮੈਂ ਇਹ ਪੁੱਛਿਆ ਹੈ ਕਿ ਖਰਚਾ ਕਿੰਨਾ ਆਇਆ ਹੈ ? ਇਕ ਤਾਂ ਇਹ ਮੈਂ ਰ ਦੂਸਰਾ ਇਹ ਕਿ ਜਿਹੜਾ ਇਨ੍ਹਾਂ ਨੇ ਦੱਸਿਆ ਹੈ ਕਿ 16 ਕਿਲੋਮੀਟਰ ਡਰੇਨ ਦੀ ਸਫਾਈ ਗੌਰਮਿੰਟ ਨੇ ਕਾਰਵਾਈ ਹੈ, ਉਸ ਦੇ ਨਾਲ ਬਰਸਾਤ ਦੇ ਦਿਨਾਂ ਵਿੱਚ ਪਾਣੀ ਬਲਾਕ ਹੋ ਕੇ ਬਾਹਰ ਆ ਜਾਂਦਾ ਹੈ ਅੌਰ ਉਹ ਪਾਣੀ ਖੇਤਾਂ ਵਿਚ ਓਵਰ ਫਲੋ ਹੋ ਕੇ ਖਰਾਬ ਕਰਦਾ ਹੈ । ਲੋਕਾਂ ਦੀ ਜੈਨਰਲੀ ਇਹ ਕੰਪਲੇਂਟ ਹੈ । ਕੀ ਜਿਹੜੀ ਬਾਕੀ ਰਹਿੰਦੀ ਡਰੇਨ ਹੈ, ਉਸ ਡਰੇਨ ਨੂੰ ਸਾਫ਼ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਮ. ਐਲ. ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਟੋਟਲ ਲੈਂਥ ਜਿੰਨੀ ਡਰੇਨ ਦੀ ਹੈ ਉਹ ਸਾਰੀ ਦੀ ਸਾਰੀ ਸਾਫ ਨਹੀਂ ਹੋ ਸਕਦੀ । ਸਾਰੇ ਪੰਜਾਬ ਵਿਚ ਟੋਟਲ 6622 ਕਿਲੋਮੀਟਰ ਡਰੇਨਜ਼ ਦੀ ਲੈਂਥ ਹੈ ਅੌਰ ਅਸੀਂ ਹਰ ਸਾਲ ਤਕਰੀਬਨ 400 ਕਿਲੋਮੀਟਰ ਡਰੇਨ ਸਾਫ਼ ਕਰਦੇ ਹਾਂ । ਜਿਥੇ ਕਿਸੇ ਡਰੇਨ ਦੀ ਕ੍ਰਿਟੀਕਲ ਪੋਜੀਸ਼ਨ ਹੁੰਦੀ ਹੈ, ਉਸ ਕ੍ਰਿਟੀਕਲ ਪੋਜੀਸ਼ਨ ਨੂੰ ਦੇਖਦੇ ਹੋਏ ਉਥੇ ਡਰੇਨ ਆਊਟ ਕਰਦੇ ਹਾਂ, ਉਸ ਨੂੰ ਸਾਫ ਕਰਵਾਉਂਦੇ ਹਾਂ ।

ਆਨੰਦਪੁਰ ਸਾਹਿਬ ਸਬ ਡਿਵੀਜ਼ਨ ਵਿਚ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ

*2412. **ਸ਼੍ਰੀ ਮਦਨ ਮੋਹਨ ਮਿੱਤਲ :** ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਆਨੰਦਪੁਰ ਸਾਹਿਬ ਸਬ ਡਿਵੀਜ਼ਨ ਵਿਚ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਅਧਿਆਪਕਾਂ ਦੀ ਵਿਸ਼ੇਵਾਰ ਅਤੇ ਸ਼ੈਣੀਵਾਰ ਗਿਣਤੀ ਕਿੰਨੀ ਕਿੰਨੀ ਹੈ;

(ਅ) ਕੀ ਇਹ ਠੀਕ ਹੈ ਕਿ ਉਕਤ ਸਬ-ਡਿਵੀਜ਼ਨ ਵਿਚ ਅਧਿਆਪਕਾਂ ਦੀਆਂ ਕੁਝ ਆਸਾਮੀਆਂ ਖਾਲੀ ਪਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵਿਸ਼ੇਵਾਰ ਵੇਰਵਾ ਕੀ ਹੈ ਅਤੇ ਇਹ ਕਿਸ ਕਿਸ ਮਿਤੀ ਤੋਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਨੂੰ ਭਰਨ ਲਈ ਕੀਤੀ ਜਾ ਰਹੀ ਕਾਰਵਾਈ ਦੇ ਵੇਰਵੇ ਕੀ ਹਨ;

(ੲ) ਕੀ ਇਸ ਸਬ-ਡਿਵੀਜਨ ਵਿਚ ਕੁਝ ਅਧਿਆਪਕਾਂ ਨੂੰ ਇਕ ਸਕੂਲ ਤੋਂ ਦੂਜੇ ਸਕੂਲਾਂ ਵਿਚ ਆਸਾਮੀ ਸਹਿਤ ਅਤੇ ਵਿਸ਼ੇ ਸਹਿਤ ਬਦਲਿਆ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕੀ ਕਾਰਨ ਹਨ ?

ਸਰਦਾਰ ਲਖਮੀਰ ਸਿੰਘ ਰੰਧਾਵਾ : (ੳ) ਅਧਿਆਪਕਾਂ ਦੀ ਸ਼ੈਣੀਵਾਰ ਕੋਈ ਗਿਣਤੀ ਨਹੀਂ ਹੁੰਦੀ ਹੈ । ਆਨੰਦਪੁਰ ਸਾਹਿਬ ਸਬ-ਡਿਵੀਜ਼ਨ ਦੇ ਸਰਕਾਰੀ ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਵਿਚ ਅਧਿਆਪਕਾਂ ਦੀ ਕੁੱਲ ਗਿਣਤੀ 849 ਹੈ । ਵਿਸ਼ੇਵਾਰ ਅਧਿਆਪਕਾਂ

Original with;
Punjab Vidhan Sabha
Digitized by;
Punjab Digital Library

ਦੀਆਂ ਮਨਜ਼ੂਰ ਸ਼ੁਦਾ ਆਸਾਮੀਆਂ ਦਾ ਵੇਰਵਾ ਅਨੁਲਗ-1 ਤੇ ਹੈ ਜੋ ਸਦਨ ਦੀ ਮੇਜ਼ ਤੇ ਰੱਖਿਆਂ ਜਾਂਦਾ ਹੈ ।

(ਅ) ਹਾਂ ਜੀ; ਆਨੰਦਪੁਰ ਸਾਹਿਬ ਸਬ-ਡਿਵੀਜ਼ਨ ਵਿਚ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਖਾਲੀ ਆਸਾਮੀਆਂ ਦੀ ਗਿਣਤੀ 40 ਹੈ ਜਿਨ੍ਹਾਂ ਦਾ ਵੇਰਵਾ ਅਨਲੱਗ-2 ਤੇ ਹੈ ਜੋ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

ਖਾਲੀ ਆਸਾਮੀਆਂ ਨੂੰ ਸ਼ੀਘਰ ਭਰਨ ਲਈ ਉਪਰਾਲੇ ਜਾਰੀ ਹਨ । ਵਿਭਾਗੀ ਚੋਣ ਕਮੇਟੀ ਵਲੋਂ ਇੰਟਰਵਿਊ 1 ਮਾਰਚ, 1995 ਤੋਂ ਸ਼ੁਰੂ ਹੈ ।

(ਏ) ਇਸ ਸਬ-ਡਿਵੀਜ਼ਨ ਵਿਚ ਕਿਸੇ ਵੀ ਅਧਿਆਪਕ ਨੂੰ ਇੱਕ ਸਕੂਲ ਤੋਂ ਦੂਜੇ ਸਕੂਲ ਵਿਚ ਆਸਾਮੀ ਸਹਿਤ ਅਤੇ ਵਿਸ਼ੇ ਸਹਿਤ ਕਦੇ ਵੀ ਨਹੀਂ ਬਦਲਿਆ ਗਿਆ ਹੈ ।

ਅਨੁਲੱਗ-1

ਆਸਾਮੀ ਦਾ ਨਾਂ		ਮਨਜ਼ੂਰ ਸ਼ੁਦਾ ਆਸਾਮੀਆਂ ਦੀ ਗਿਣਤੀ
1		2
ਪ੍ਰਿੰਸੀਪਲ	..	6
ਮੁੱਖ ਅਧਿਆਪਕ	..	26
ਲੈਕਚਰਾਰ		
ਅੰਗ੍ਰੇਜ਼ੀ	..	6
ਪੰਜਾਬੀ	..	6
ਹਿੰਦੀ	..	6

Original with;
Punjab Vidhan Sabha
Digitized by;
Punjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

1		2
ਹਿਸਟਰੀ	..	6
ਇਕਨਾਮਿਕਸ	..	6
ਪੋਲੀਟੀਕਲ ਸਾਇੰਸ	..	6
ਬਾਇਲੋਜੀ	..	4
ਫਿਜ਼ੀਕਸ	..	4
ਕਮਿਸਟਰੀ	..	4
ਕਮਰਸ	..	6
ਡਿਫੈਂਸ ਸਟੱਡੀ	..	1
ਕੁੱਲ	..	55

ਮਾਸਟਰ

ਸੋਸ਼ਲ ਸਟਡੀ	..	236
ਹਿਸਾਬ	..	118
ਸਾਇੰਸ	..	83
ਡੀ. ਪੀ. ਈ.	..	36
ਪੰਜਾਬੀ	..	74
ਹਿੰਦੀ	..	76
ਕੁੱਲ	..	623

Original with;
Punjab Vidhan Sabha
Digitized by;
Panjab Digital Library

1	2
ਸੀ. ਐਂਡ ਵੀ. ਅਤੇ ਹੋਰ	
ਪੀ.ਟੀ.ਆਈ. . .	55
ਆਰਟ ਐਂਡ ਕਰਾਫਟ . .	60
ਸਿਲਾਈ . .	4
ਖੇਤੀਬਾੜੀ . .	1
ਏ. ਵੀ. ਐਮ. . .	1
ਮਿਊਜ਼ਿਕ . .	4
ਹੋਮ ਸਾਇੰਸ . .	4
ਸੰਸਕ੍ਰਿਤ . .	5
ਜੇ. ਬੀ. ਟੀ. . .	5
ਕੁੱਲ . .	139

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:

ਅਨੁਲੱਗ-2

ਵਿਸ਼ਾ	ਸਕੂਲ ਦਾ ਨਾਮ	ਪੋਸਟਾਂ ਦੀ ਗਿਣਤੀ	ਪੋਸਟ ਜਿਸ ਮਿਤੀ ਤੋਂ ਖਾਲੀ ਹੈ ।
1	2	3	4
ਲੈਕਚਰਾਰ ਮੈਥ	ਸ ਸ ਸ ਸ: ਨੂਰਪੁਰ ਬੇਦੀ	1	3/93
ਲੈਕਚਰਾਰ ਹਿੰਦੀ	,, ਭਲਾਨ	1	8/94
ਲੈਕਚਰਾਰ ਫਿਜ਼ੀਕਸ	,, ਨੂਰਪੂਰ ਬੇਦੀ	1	2/94
ਉਕਤ	,, ਕੀਰਤਪੁਰ ਸਾਹਿਬ	1	3/94
ਲੈਕਚਰਾਰ ਕਮਿਸਟਰੀ	,, ਨੰਗਲ ਟਾਊਨਸ਼ਿਪ	1	2/93
ਪ੍ਰਿੰਸੀਪਲ	,, ਆਨੰਦਪੁਰ ਸਾਹਿਬ	1	4/93
,,	,, ਨੂਰਪੁਰ ਬੇਦੀ	1	11/94
ਐਸ.ਐਸ. ਮਾਸਟਰ	,, ਨੰਗਲ ਟਾਊਨਸ਼ਿਪ	2	10/93
ਹੈਡਮਾਸਟਰਜ਼	,, ਸੁਖਸਾਲ	1	12/94

Original with:
Punjab Vidhan Sabha
Digitized by:
Panjab Digital Library

	ਸ.ਸ.ਸ.ਸ.	ਮੱਸੇਵਾਲ	1	2/92
"	ਸ ਹਾ. ਸ:	ਦਰਲੀ	1	2/95
ਐਸ.ਐਸ.ਮਾਸਟਰ	,,	ਸੁਖਸਾਲ	2	9/93
	,,	ਸਪੈ. ਸਕੂਲ ਨੰਗਲ	1	10/94
	,,	ਕਰਤਾਰਪੁਰ	1	7/93
	ਸ ਮਿ. ਸ	ਢਰੋਲੀ	1	11/88
	ਸ: ਹਾ: ਸ	ਕੁਲਗਰਾਂ	1	9/91
	,,	ਖੇੜਾਕਲਮੋਟ	1	11/93
	,,	ਭੰਗਾਲ	3	10/93
	,,	ਸ਼ਾਮਲੇਹ	1	11/93
	,,	ਮਾਨਕੂਮਾਜਰਾ	1	11/94
ਸਾਇੰਸ ਮਾਸਟਰ	,,	ਖੇੜਾ ਕਲਮੋਟ	2	7/87
	,,	ਨੰਗਲ (ਗ)	1	11/94
	,,	ਖਾਲੂ	1	4/94

1	2	3	4
ਮੈਥ ਮਾਸਟਰ	ਸ: ਹਾ. ਸ. ਬਾਸੂਅਲ	1	8/94
	,, ਭੰਗਾਲ	1	12/93
ਪੰਜਾਬੀ ਮਾਸਟਰ	ਸ ਮਿ: ਸ: ਕਲਵਾਂ	1	6/92
	,, ਬੇਲਵਾਲ	1	7/92
	ਸ :ਹਾ: ਸ: ਬਜਰੂਰ	1	7/93
	,, ਬਾਜੋਵਾਲ	1	7/92
	,, ਸੁਖਸਾਲ	1	9/93
	ਸ: ਮਿ: ਸ: ਸਵਾਮੀਪੁਰ	1	7/92
	,, ਸ਼ਾਮਲੇਹ	1	7/92
	,, ਥਾਪਲ	1	4/94
ਪੀ. ਟੀ. ਆਈ.	ਸ: ਹਾ. ਸ: ਕੰਗਾਰ	1	1/95
	,, ਭੰਗਾਲ	1	1/95

Original with:
Punjab Vidhan Sabha
Digitized by:

ਸ਼੍ਰੀ ਮਦਨ ਮੋਹਨ ਮਿੱਤਲ: ਸਰ, ਜੋ ਸੂਚੀ ਮੰਤਰੀ ਜੀ ਨੇ ਟੇਬਲ ਤੇ ਰੱਖੀ ਹੈ, ਉਸ ਦੇ ਅਨੁਸਾਰ ਇਕ ਸਕੂਲ ਤਾਂ ਐਸਾ ਹੈ ਖੇੜਾ ਕਲਮੋਟ ਜਿਸ ਦੇ ਵਿੱਚ 2 ਆਸਾਮੀਆਂ ਸਾਇੰਸ ਮਾਸਟਰਾਂ ਦੀਆਂ 1987 ਤੋਂ ਖਾਲੀ ਪਈਆਂ ਹਨ । ਕੁਝ 1988 ਤੋਂ ਖਾਲੀ ਪਈਆਂ ਹਨ ਅੱਰ ਕੁਝ 1992-93 ਦੀਆਂ ਖਾਲੀ ਪਈਆਂ ਹਨ । ਮੈਂ ਤੁਹਾਡੇ ਰਾਹੀਂ ਜਾਨਣਾ ਚਾਹੁੰਦਾ ਹਾਂ ਕਿ ਇਤਨੇ ਸੈਸ਼ਨ ਨਿਕਲ ਗਏ, ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ and they cannot compete with the boys studying in the urban areas. ਕੀ ਮੰਤਰੀ ਸਾਹਿਬ ਦਸਣਗੇ ਕਿ ਕਦੋਂ ਤਕ ਇਹ ਪੋਸਟਾਂ ਭਰ ਦਿੱਤੀਆਂ ਜਾਣਗੀਆਂ ?

ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਅਰਜ਼ ਕਰਦਾ ਹਾਂ ਕਿ ਇਹ ਪੋਸਟਾਂ ਸ਼ੀਘਰ ਭਰੀਆਂ ਜਾਣਗੀਆਂ । 31 ਜੁਲਾਈ ਇੰਟਰਵਿਊ ਦੀ ਆਖਰੀ ਡੇਟ ਹੈ, ਉਸ ਤੋਂ ਬਾਅਦ ਭਰ ਦਿੱਤੀਆਂ ਜਾਣਗੀਆਂ ?

ਸ਼੍ਰੀ ਮਦਨ ਮੋਹਨ ਮਿੱਤਲ. ਸਪੀਕਰ ਸਾਹਿਬ, ਸ਼ੀਘਰ ਦਾ ਵਰਲਡ ਵੇਗ ਜਿਹਾ ਹੈ, it is indefinite word. ਕੀ ਕੋਈ ਡੇਟ ਫਿਕਸ ਕਰਣਗੇ ? ਨਾਲ ਹੀ ਮੈਂ ਇਹ ਪੁੱਛਣਾ ਹੈ ਕਿ ਹਿਮਾਚਲ ਬਾਰਡਰ ਦੇ ਨਾਲ ਜਿਹੜੇ ਪਿੰਡ ਲਗਦੇ ਹਨ, ਉਥੇ ਕੋਈ ਟੀਚਰ ਲੱਗਣਾ ਨਹੀਂ ਚਾਹੁੰਦਾ । ਜੇ ਕੋਈ ਲਾਉਂਦੇ ਹਨ ਤਾਂ ਉਹ ਮਿਲਮਿਲਾ ਕੇ ਆਪਣੀ ਟਰਾਂਸਫ਼ਰ ਕਰਵਾ ਲੈਂਦਾ ਹੈ । ਇਸ ਲਈ ਕੀ ਮੰਤਰੀ ਸਾਹਿਬ ਜਿਹੜੇ ਅਧਿਆਪਕ ਉਥੋਂ ਟਰਾਂਸਫ਼ਰ ਕਰਵਾ ਗਏ ਹਨ, ਉਨ੍ਹਾਂ ਨੂੰ ਵਾਪਸ ਭਿਜਵਾਣਗੇ ਤਾਂਕਿ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ ।

ਸ਼੍ਰੀ ਸਪੀਕਰ ਹਾਂ ਜੀ, ਵਜ਼ੀਰ ਸਾਹਿਬ, ਜਿਹੜੇ ਤਬਦੀਲੀ ਕਰਵਾ ਗਏ ਹਨ, ਕੀ ਉਨ੍ਹਾਂ ਨੂੰ ਵਾਪਸ ਕਰੋਗੇ ?

ਮੰਤਰੀ: ਸਪੀਕਰ ਸਾਹਿਬ, ਤਬਦੀਲੀ ਦਾ ਸਵਾਲ ਨਹੀਂ, ਮੈਂ ਤਾਂ ਇਹ ਅੰਸ਼ਓਰ ਕਰਵਾ ਸਕਦਾ ਹਾਂ ਕਿ ਟੀਚਰਜ਼ ਬਾਰਡਰ ਏਰੀਆ ਵਿਚ ਵੀ ਲਾ ਦਿੱਤੇ ਜਾਣਗੇ ?

ਸ਼੍ਰੀ ਮਦਨ ਮੋਹਨ ਮਿੱਤਲ: ਮੇਰਾ ਸਵਾਲ ਇਹ ਨਹੀਂ ਹੈ । ਮੈਂ ਕਿਹਾ ਹੈ ਕਿ ਜਿਹੜੇ ਟੀਚਰਜ਼ ਲਗੇ ਹੋਏ ਸਨ, ਉਹ ਵੀ ਵਾਪਸ ਆ ਗਏ ਹਨ.....

ਸ਼੍ਰੀ ਸਪੀਕਰ. ਤੁਸੀਂ ਬੈਠੋ, ਮੈਂ ਅੰਕਸਪਲੇਨ ਕਰ ਦਿੰਦਾ ਹਾਂ । ਉਨ੍ਹਾਂ ਦਾ ਸਵਾਲ ਹੈ ਕਿ ਜਿਹੜੇ ਟੀਚਰਜ਼ ਉਥੇ ਲਗਦੇ ਹਨ, ਉਹ ਵੀ ਮਿਲ ਮਿਲਾ ਕੇ ਆਪਣੀ ਤਬਦੀਲੀ ਕਰਵਾ ਜਾਂਦੇ ਹਨ । ਕੀ ਜਿਹੜੀਆਂ ਟੀਚਰਜ਼ ਦੀਆਂ ਤਬਦੀਲੀਆਂ ਕੀਤੀਆਂ ਹਨ, ਉਹ ਕੈਂਸਲ ਕਰੋਗੇ ?

ਮੰਤਰੀ ਸਪੀਕਰ ਸਾਹਿਬ, ਤਬਦੀਲੀ ਕੈਂਸਲ ਕਰਨ ਵਾਲੀ ਗੱਲ ਨਹੀਂ ਹੈ ਕਿਉਂਕਿ ਹਾਲਾਤ ਦੇ ਮੁਤਾਬਿਕ ਕਰਨੀ ਪੈਂਦੀ ਹੈ ਪਰ ਉਸ ਜਗ੍ਹਾ ਅਧਿਆਪਕ ਭੇਜ ਦਿੱਤੇ ਜਾਣਗੇ ।

———

Original with;
Punjab Vidhan Sabha
Digitized by;
Panjab Digital Library

ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲਾਂ ਦੇ ਅਧਿਆਪਕਾਂ ਲਈ ਪੈਨਸ਼ਨ ਸਕੀਮ

*2361. **ਸ਼੍ਰੀ ਵਿਜੇ ਕੁਮਾਰ ਸਾਥੀ:** ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਸਰਕਾਰ ਵੱਲੋਂ ਪ੍ਰਾਈਵੇਟ/ਮਾਨਤਾ ਪ੍ਰਾਪਤ ਸਕੂਲਾਂ ਦੇ ਅਧਿਆਪਕਾਂ ਨੂੰ ਰੀਟਾਇਰਮੈਂਟ ਪੈਨਸ਼ਨ ਸਕੀਮ ਕਦੋਂ ਤੋਂ ਲਾਗੂ ਕੀਤੀ ਗਈ;

(ਅ) ਉਪਰੋਕਤ ਪੈਨਸ਼ਨਾਂ ਦਾ ਲਾਭ ਇਸ ਸਮੇਂ ਤਹਿਸੀਲ ਮੋਗਾ ਦੇ ਕਿੰਨੇ ਰਿਟਾਇਰ ਅਧਿਆਪਕਾਂ ਨੂੰ ਮਿਲ ਰਿਹਾ ਹੈ;

(ੲ) ਇਸ ਸਮੇਂ ਤਹਿਸੀਲ ਮੋਗਾ ਦੇ ਕਿੰਨੇ ਪੈਨਸ਼ਨ ਕੇਸ ਸਰਕਾਰ ਦੇ ਵਿਚਾਰ ਅਧੀਨ ਪਏ ਹਨ; ਵੇਰਵੇ ਦਿੱਤੇ ਜਾਣ ?

ਸਰਦਾਰ ਲਖਮੀਰ ਸਿੰਘ ਰੰਧਾਵਾ: (ੳ) ਰਾਜ ਸਰਕਾਰ ਵੱਲੋਂ ਪ੍ਰਾਈਵੇਟ ਪ੍ਰਬੰਧ ਹੇਠਲੇ ਮਾਨਤਾ ਪ੍ਰਾਪਤ ਏਡਿਡ ਸਕੂਲਾਂ ਦੇ ਅਧਿਆਪਕਾਂ ਲਈ ਮਿਤੀ 5 ਫਰਵਰੀ, 1987 ਤੋਂ ਪੈਨਸ਼ਨ ਲਾਗੂ ਕੀਤੀ ਗਈ ।

(ਅ) ਤੇ (ੲ) ਇਸ ਸਮੇਂ ਮੋਗਾ ਤਹਿਸੀਲ ਦੇ 18 ਰਿਟਾਇਰ ਹੋਏ ਅਧਿਅਪਾਕਾਂ ਨੂੰ ਇਸ ਸਕੀਮ ਦਾ ਲਾਭ ਮਿਲ ਰਿਹਾ ਹੈ ਅਤੇ 9 ਅਧਿਆਪਕਾਂ ਦੇ ਪੈਨਸ਼ਨ ਕੇਸ ਸਰਕਾਰ ਦੇ ਵਿਚਾਰ ਅਧੀਨ ਹਨ ਜਿਨ੍ਹਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸੂਚੀ

ਲੜੀ ਨੰ:	ਅਧਿਆਪਕ ਦਾ ਨਾਂ	ਅਹੁਦਾ	ਸਕੂਲ ਦਾ ਨਾਂ
1	2	3	4
1.	ਸ਼੍ਰੀ ਕਿਸ਼ਨ ਚੰਦ ਮਹਿਤਾ	ਜੇ. ਬੀ. ਟੀ. ਟੀਚਰ	ਐਮ. ਡੀ. ਏ. ਐਸ. ਸੀ. ਸੈ. ਸਕੂਲ, ਮੋਗਾ ।
2.	ਸ਼੍ਰੀਮਤੀ ਅੰਜਲੀ ਲੁਥਰਾ	ਪ੍ਰਿੰਸੀਪਲ	ਆਰੀਆ (ਗ) ਸੀ. ਸੈ. ਸਕੂਲ, ਮੋਗਾ ।
3.	ਸ਼੍ਰੀ ਕਿਸ਼ਨ ਦੇਵ	ਜੇ. ਬੀ. ਟੀ. ਟੀਚਰ	ਐਮ. ਡੀ. ਏ. ਐਸ. ਸੀ. ਸੈ. ਸਕੂਲ. ਮੋਗਾ ।

Original with;
Punjab Vidhan Sabha
Digitized by;
Panjab Digital Library

1	2	3	4
4.	ਸ਼੍ਰੀਮਤੀ ਜਗਦੀਸ਼ ਕੌਰ	ਜੇ. ਬੀ. ਟੀ. ਟੀਚਰ	ਖਾਲਸਾ (ਗ) ਹਾ. ਸੈ. ਸਕੂਲ, ਮੋਗਾ ।
5.	ਸ਼੍ਰੀਮਤੀ ਰਜਿੰਦਰ ਕੌਰ	ਜੇ. ਬੀ. ਟੀ. ਟੀਚਰ	ਖਾਲਸਾ (ਗ) ਹਾ. ਸੈ. ਸਕੂਲ, ਮੋਗਾ ।
6.	ਸ਼੍ਰੀ ਗੁਰਮੇਜ਼ ਸਿੰਘ	ਪੀ. ਟੀ. ਆਈ. ਟੀਚਰ	ਦੇਵ ਸਮਾਜ ਸੀ. ਸੈ. ਸਕੂਲ ਮੋਗਾ ।
7.	ਸ਼੍ਰੀਮਤੀ ਅਰਣਾ ਰਾਣੀ	ਸਿਲਾਈ ਟੀਚਰ	ਆਰੀਆ (ਗ) ਸੀ. ਸੈ. ਸਕੂਲ, ਮੋਗਾ ।
8.	ਸ਼੍ਰੀ ਗੁਰਮੇਲ ਸਿੰਘ	ਮਾਸਟਰ	ਭੂਪਿੰਦਰਾ ਖਾਲਸਾ ਹਾ. ਸੈ. ਸਕੂਲ, ਮੋਗਾ ।
9.	ਸ਼੍ਰੀ ਵਜ਼ੀਰ ਚੰਦ	ਮਾਸਟਰ	ਅਸ. ਡੀ. ਸੀ. ਸੈ. ਸਕੂਲ, ਮੋਗਾ ।

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦਸਿਆ ਹੈ ਕਿ 9 ਦੇ ਕੇਸ ਵਿਚਾਰ ਅਧੀਨ ਹਨ, 9 ਦੇ ਵਿਚੋਂ ਸਥਿਤੀ ਕੀ ਹੈ? ਇਕ ਕੇਸ ਨੰਬਰ 7 ਤੇ ਹੈ ਸ਼੍ਰੀਮਤੀ ਅਰੁਣਾ ਰਾਣੀ ਦਾ ਇਹ ਕੇਸ ਹਾਈਕੋਰਟ ਵੀ ਜਾ ਚੁੱਕਾ ਹੈ ਅਤੇ ਮਹਿਕਮੇ ਨੂੰ 500 ਰੁਪਏ ਜੁਰਮਾਨਾ ਵੀ ਹੋ ਚੁੱਕਾ ਹੈ ਪਰ ਕੇਸ ਡੀਸਾਈਡ ਨਹੀਂ ਹੋਇਆ । ਇਸ ਤਰ੍ਹਾਂ ਦੇ ਇਕ ਕੇਸ ਨਹੀਂ, ਹੋਰ ਵੀ ਕਈ ਕੇਸ ਹਨ । ਇਸ ਸਬੰਧ ਵਿਚ ਮੈਂ ਆਪ ਈ. ਐਮ. ਸਾਹਿਬ ਨੂੰ ਰਿਪ੍ਰੈਜ਼ੈਂਟੇਸ਼ਨ ਵੀ ਦਿੱਤੀ ਹੈ ਅੌਰ ਮੈਂ ਆਪ ਮਿਲਿਆ ਵੀ ਹਾਂ । ਕੀ ਮਨਿਸਟਰ ਸਾਹਿਬ ਵਿਸ਼ਵਾਸ ਦਿਵਾਉਣਗੇ ਕਿ ਇਹ ਕੇਸ ਨਿਪਟਾ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਜੋ ਸਵਾਲ ਸੀ, ਉਸ ਮੁਤਾਬਿਕ ਉੱਤਰ ਦਿੱਤਾ ਗਿਆ ਹੈ । ਜਿਹੜੇ ਕੇਸ ਤਿਆਰ ਹੋ ਗਏ ਹਨ ਸਕੂਲ ਮੈਨੇਜਮੈਂਟ ਵਲੋਂ, ਉਨ੍ਹਾਂ ਦੀ ਲਿਸਟ ਦਿੱਤੀ ਗਈ ਹੈ । ਕੁਝ ਐਸੇ ਕੇਸਿਜ਼ ਹਨ ਜਿਥੇ ਮੈਨੇਜਮੈਂਟ/ਹੈਡਮਾਸਟਰ ਨੇ ਸਰਕਾਰ ਨੂੰ ਕੇਸ ਭੇਜੇ ਨਹੀਂ । ਉਨ੍ਹਾਂ ਦੀ ਗਿਣਤੀ ਤਕਰੀਬਨ 11 ਹੈ ।

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਮਿਸਿਜ਼ ਤਿਆਗੀ ਦਾ ਕੇਸ ਤਿਆਰ ਹੋਇਆ ਪਿਆ ਹੈ । ਸਕੂਲ ਮੈਨੇਜਮੈਂਟ ਦੀ ਲਾਗ ਡਾਟ ਕਰਕੇ ਇਸ ਕੇਸ ਨੂੰ ਮਹਿਕਮੇ ਵਿਚੋਂ ਖੁਰਦ ਬੁਰਦ ਕੀਤਾ ਗਿਆ ਹੈ । ਕੀ ਇਸ ਵਿਚ ਜਿਹੜੀ ਕੁਤਾਹੀ ਹੋਈ ਹੈ, ਉਸ ਲਈ ਇਹ ਮੈਨੇਜਮੈਂਟ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਇਸ ਦੀ ਘੋਖ ਕਰਨਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ: ਸਪੀਕਰ ਸਾਹਿਬ, ਜਿਹੜੇ ਇਸ ਤਰ੍ਹਾਂ ਦੇ ਕੇਸ ਹਨ, ਉਹ ਪ੍ਰਾਈਵੇਟ ਮੈਨੇਜਮੈਂਟ ਸਕੂਲਾਂ ਦੇ ਹਨ। ਇਸ ਲਈ ਮੈਨੇਜਮੈਂਟ ਦੀ ਡਿਊਟੀ ਬਣਦੀ ਹੈ ਕਿ ਉਹ ਕੇਸ ਤਿਆਰ ਕਰਕੇ ਸਰਕਾਰ ਨੂੰ ਭੇਜਣ। ਸਰਕਾਰ ਉਨ੍ਹਾਂ ਦੇ ਕੰਮ ਵਿਚ ਮੁਦਾਖਲਤ ਨਹੀਂ ਕਰਦੀ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਕੀ ਸਰਕਾਰ ਕੋਈ ਅੈਸਾ ਤਰੀਕਾ ਕਰ ਸਕਦੀ ਹੈ ਕਿ ਪ੍ਰਾਈਵੇਟ ਮੈਨੇਜਮੈਂਟ ਵਾਲਾ ਅਧਿਆਪਕ ਜਿਸ ਦਿਨ ਕੋਈ ਰਿਟਾਇਰ ਹੋਵੇ, ਉਸੇ ਦਿਨ ਹੀ ਵਿਦਾਇਗੀ ਪਾਰਟੀ ਦੇ ਵਕਤ ਉਸ ਨੂੰ ਪੈਨਸ਼ਨ ਦੇ ਪੇਪਰ ਮਿਲ ਜਾਣ ਅਤੇ ਪੈਨਸ਼ਨ ਸ਼ੁਰੂ ਹੋ ਜਾਵੇ ?

ਮੰਤਰੀ: ਸਪੀਕਰ ਸਾਹਿਬ, ਇਹ ਪ੍ਰਾਈਵੇਟ ਸਕੂਲ ਅਟਾਨਮਸ ਬਾਡੀਜ਼ ਹਨ। ਉਨ੍ਹਾਂ ਦੇ ਕੰਮ-ਕਾਰ ਵਿਚ ਅਸੀਂ ਦਖਲ-ਅੰਦਾਜ਼ੀ ਨਹੀਂ ਕਰ ਸਕਦੇ। ਪਰ ਅਸੀਂ ਉਨ੍ਹਾਂ ਨੂੰ ਹਦਾਇਤ ਕਰ ਸਕਦੇ ਹਾਂ।

ਸਰਦਾਰ ਹਰਗੋਪਾਲ ਸਿੰਘ: ਸਪੀਕਰ ਸਾਹਿਬ, ਜਿਹੜੇ ਮਾਣਤਾ ਪ੍ਰਾਪਤ ਸਕੂਲ ਸਰਕਾਰ ਤੋਂ 95% ਗ੍ਰਾਂਟ ਲੈਂਦੇ ਹਨ ਅਤੇ ਉਥੇ ਪੈਨਸ਼ਨ ਦੀ ਸਕੀਮ ਵੀ ਸਰਕਾਰ ਵਲੋਂ ਲਾਗੂ ਕੀਤੀ ਗਈ ਹੈ, ਕੀ ਇਹ ਉਥੇ ਸਰਕਾਰ ਦੀ ਰਿਜ਼ਰਵੇਸ਼ਨ ਪਾਲਿਸੀ ਲਾਗੂ ਕਰਵਾਉਣਗੇ ?

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਸਮਝ ਨਹੀਂ ਲੱਗੀ। ਇਹ ਫੇਰ ਕਲੀਅਰ ਕਰ ਦੇਣ।

ਸਰਦਾਰ ਹਰਗੋਪਾਲ ਸਿੰਘ: ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਜਿਹੜੇ ਮਾਣਤਾ ਪ੍ਰਾਪਤ ਸਕੂਲਜ਼ ਸਰਕਾਰ ਤੋਂ 95% ਗ੍ਰਾਂਟ ਲੈਂਦੇ ਹਨ, ਉਥੇ ਸਰਕਾਰ ਨੇ ਪੈਨਸ਼ਨ ਸਕੀਮ ਨੂੰ ਵੀ ਲਾਗੂ ਕਰ ਦਿੱਤਾ ਹੈ। ਜਿਹੜੀ ਸਰਕਾਰ ਦੀ ਰਿਜ਼ਰਵੇਸ਼ਨ ਪਾਲਿਸੀ ਪੰਜਾਬ ਵਿਚ ਹੈ, ਕੀ ਉਥੇ ਵੀ ਇਹ ਲਾਗੂ ਕਰਵਾਉਣਗੇ ਜਾਂ ਨਹੀਂ ?

ਮੰਤਰੀ: ਇਨ੍ਹਾਂ ਦੀ ਸਪਲੀਮੈਂਟਰੀ ਇਸ ਸਵਾਲ ਨਾਲ ਸਬੰਧ ਨਹੀਂ ਰੱਖਦੀ ਪਰ ਮੈਂ ਦੱਸਦਾ ਹਾਂ ਕਿ ਜਿਨ੍ਹਾਂ ਸਕੂਲਾਂ ਨੂੰ ਸਰਕਾਰ 95% ਗ੍ਰਾਂਟ-ਇਨ-ਏਡ ਦਿੰਦੀ ਹੈ, ਉਥੇ ਪੈਨਸ਼ਨ ਲਾਗੂ ਕੀਤੀ ਹੈ।

ਸਰਦਾਰ ਸਤਨਾਮ ਸਿੰਘ ਕੈਂਥ: ਸਪੀਕਰ ਸਹਿਬ, ਸਰਕਾਰ ਨੇ ਪ੍ਰਾਈਵੇਟ ਸਕੂਲਾਂ ਦੇ ਵਿਚ ਪੈਨਸ਼ਨ ਸਕੀਮ ਲਾਗੂ ਕੀਤੀ ਹੈ ਅੈਂਰ ਉਨ੍ਹਾਂ ਨੂੰ 95% ਗ੍ਰਾਂਟ ਵੀ ਸਰਕਾਰ ਦਿੰਦੀ ਹੈ ਪਰ ਇਹ ਬੜਾ ਸੀਰੀਅੈਸ ਮੈਟਰ ਹੈ ਕਿ ਉਹ ਰਿਕਰੂਟਮੈਂਟ ਵਿਚ ਆਪਣੇ ਨੀਅਰ ਡੀਅਰ ਭੱਰਤੀ ਕਰ ਲੈਂਦੇ ਹਨ। ਕੀ ਉਥੇ ਸਰਕਾਰ ਰਿਜ਼ਰਵੇਸ਼ਨ ਪਾਲਿਸੀ ਨੂੰ ਰੂਲਜ਼ ਦੇ ਮੁਤਾਬਿਕ ਲਾਗੂ ਕਰਵਾਏਗੀ ਕਿਉਂਕਿ ਸਰਕਾਰ ਉਥੇ ਆਪਣਾ ਪੈਸਾ ਖਰਚ ਕਰ ਰਹੀ ਹੈ ?

ਮੰਤਰੀ: ਸਪੀਕਰ ਸਾਹਿਬ, ਇਹ ਪ੍ਰਾਈਵੇਟ ਸਕੂਲਜ਼ ਅਟਾਨਮਸ ਬਾਡੀਜ਼ ਹਨ ਅਤੇ ਉਨ੍ਹਾਂ ਦੇ ਆਪਣੇ ਕਾਇਦੇ ਕਾਨੂੰਨ ਭਰਤੀ ਲਈ ਹੁੰਦੇ ਹਨ। ਅਸੀਂ ਉਨ੍ਹਾਂ ਨੂੰ ਸਿਰਫ 95% ਗ੍ਰਾਂਟ ਪੋਸਟਾਂ ਉਤੇ ਦਿੰਦੇ ਹਾਂ। ਅਸੀਂ ਉਨ੍ਹਾਂ ਦੇ ਕੰਮ ਵਿਚ ਮੁਦਾਖਲਤ ਨਹੀਂ ਕਰ ਸਕਦੇ।

———

Original with;
Punjab Vidhan Sabha
Digitized by;
Punjab Digital Library

ਰਾਜ ਵਿਚ ਨਵੇਂ ਖੋਲ੍ਹੇ ਪਸ਼ੂ ਹਸਪਤਾਲਾਂ ਦੀ ਗਿਣਤੀ

*2421. **ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ** : ਕੀ ਪਸ਼ੂ ਪਾਲਣ ਤੇ ਮੱਛੀ ਪਾਲਣ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲਾਂ 1992-93, 1993-94 ਅਤੇ 1994-95 (ਅੱਜ ਤੱਕ) ਦੌਰਾਨ ਰਾਜ ਵਿਚ ਜ਼ਿਲ੍ਹਾਵਾਰ ਕਿੰਨੇ ਪਸ਼ੂਆਂ ਦੇ ਹਸਪਤਾਲ ਖੋਲ੍ਹੇ ਗਏ;

(ਅ) ਉਪਰੋਕਤ ਵਰਣਿਤ ਹਸਪਤਾਲਾਂ ਵਿੱਚੋਂ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਇਸ ਸਮੇਂ ਦੌਰਾਨ ਬਲਾਕ-ਵਾਰ ਪਸ਼ੂਆਂ ਦੇ ਕਿੰਨੇ ਹਸਪਤਾਲ ਖੋਲ੍ਹੇ **ਗਏ** ?

ਸਰਦਾਰ ਹਰਬੰਸ ਸਿੰਘ ਸਿੱਧੂ: (ੳ) ਸਾਲ 1992-93 ਵਿਚ ਖੋਲ੍ਹੇ ਗਏ ਪਸ਼ੂ ਹਸਪਤਾਲਾਂ ਦੀ ਗਿਣਤੀ :—

ਲੜੀ ਨੰ:	ਜ਼ਿਲ੍ਹੇ ਦਾ ਨਾਮ	ਖੋਲ੍ਹੇ ਗਏ ਪਸ਼ੂ ਹਸਪਤਾਲਾਂ ਦੀ ਗਿਣਤੀ
1	2	3
1.	ਫਤਿਹਗੜ੍ਹ ਸਾਹਿਬ	1
2.	ਫ਼ਰੀਦਕੋਟ	1
3.	ਸੰਗਰੂਰ	1
4.	ਬਠਿੰਡਾ	2
	ਜੋੜ	5

ਸਾਲ 1993-94 ਵਿੱਚ ਖੋਲ੍ਹੇ ਗਏ ਪਸ਼ੂ ਹਸਪਤਾਲਾਂ ਦੀ ਗਿਣਤੀ

ਲੜੀ ਨੰ:	ਜ਼ਿਲ੍ਹੇ ਦਾ ਨਾਮ	ਖੋਲ੍ਹੇ ਗਏ ਪਸ਼ੂ ਹਸਪਤਾਲਾਂ ਦੀ ਗਿਣਤੀ
1	2	3
1.	ਲੁਧਿਆਣਾ	2
2.	ਬਠਿੰਡਾ	1
3.	ਜਲੰਧਰ	1
4.	ਮਾਨਸਾ	1
	ਜੋੜ	5

Original with;
Punjab Vidhan Sabha
Digitized by;
Panjab Digital Library

[ਪਸ਼ੂ ਪਾਲਣ ਤੇ ਮੱਛੀ ਪਾਲਣ ਰਾਜ ਮੰਤਰੀ]

ਸਾਲ 1994-95 ਦੌਰਾਨ ਜਿਹੜੇ ਪਸ਼ੂ ਹਸਪਤਾਲ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ ।

1. ਹੁਸ਼ਿਆਰਪੁਰ . . 1

(ਅ) ਨਿੱਲ

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਮੰਤਰੀ ਜੀ ਨੇ ਪਿਛਲੇ ਤਿੰਨ ਸਾਲਾਂ ਦਾ ਵੇਰਵਾ ਦਿਤਾ ਹੈ । ਪਿਛਲੇ ਤਿੰਨ ਸਾਲਾਂ ਵਿਚ ਜਦੋਂ ਦੀ ਸਰਕਾਰ ਬਣੀ ਹੈ, ਅੰਮ੍ਰਿਤਸਰ ਜ਼ਿਲ੍ਹੇ ਵਿਚ ਕੋਈ ਵੀ ਹਸਪਤਾਲ ਨਹੀਂ ਖੋਲ੍ਹਿਆ ਗਿਆ । ਇਹ ਬਾਰਡਰ ਏਰੀਆ ਹੈ ਇਸ ਸਾਰੇ ਡਿਸਟ੍ਰਿਕਟ ਵਿਚ ਕੋਈ ਹਸਪਤਾਲ ਨਾ ਖੋਲ੍ਹਣ ਦੇ ਕੀ ਕਾਰਣ ਹਨ ਅਤੇ ਕੀ ਹੁਣ ਪੰਜਾਬ ਸਰਕਾਰ ਵਲੋਂ ਉਥੇ ਹਸਪਤਾਲ ਖੋਲ੍ਹਿਆ ਜਾਵੇਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਨੂੰ ਦਸਦਾ ਹਾਂ ਕਿ ਅੰਮ੍ਰਿਤਸਰ ਵਿਚ ਹਸਪਤਾਲਾਂ ਦੀ ਗਿਣਤੀ 103 ਹੈ । ਇਹ ਗਿਣਤੀ ਪੰਜਾਬ ਵਿਚ ਸਭ ਤੋਂ ਵੱਧ ਹੈ, ਜਿਥੇ ਗਿਣਤੀ ਘੱਟ ਹੈ, ਉਥੇ ਹਸਪਤਾਲ ਖੋਲ੍ਹਿਆ ਗਿਆ ਹੈ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਮੇਰਾ ਹਲਕਾ ਬਿਆਸ ਜੋ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਪੈਂਦਾ ਹੈ ਉਥੇ ਪਿਛਲੇ ਤਿੰਨ ਸਾਲਾਂ ਤੋਂ ਕੋਈ ਡਿਸਪੈਂਸਰੀ ਨਹੀਂ ਖੋਲ੍ਹੀ ਗਈ । ਕੀ ਉਥੇ ਪੰਜਾਬ ਸਰਕਾਰ ਵਲੋਂ ਡਿਸਪੈਂਸਰੀ ਖੋਲ੍ਹਣ ਦੀ ਤਜਵੀਜ਼ ਹੈ ਜਾਂ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਉਥੇ ਡਿਸਪੈਂਸਰੀ ਖੋਲ੍ਹੀ ਜਾਵੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਅਰਜ਼ ਕਰਦਾ ਹਾਂ ਕਿ ਜੇਕਰ ਇਨ੍ਹਾਂ ਦੇ ਹਲਕੇ ਵਿਚ ਨਾਰਮਜ਼ ਪੂਰੇ ਹੁੰਦੇ ਹੋਣਗੇ ਤਾਂ ਜ਼ਰੂਰ ਧਿਆਨ ਰੱਖਾਂਗੇ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਸਾਡੇ ਹਿੰਦੁਸਤਾਨ ਵਿਚ ਕੂਕਾ ਲਹਿਰ ਨੇ ਬਹੁਤ ਕੁਰਬਾਨੀਆਂ ਕੀਤੀਆਂ ਸਨ । ਸਰਕਾਰ ਬਣਨ ਤੋਂ ਬਾਅਦ ਮੁੱਖ ਮੰਤਰੀ ਸਾਹਿਬ ਅਤੇ ਮੰਤਰੀ ਸਾਹਿਬ ਮੇਰੇ ਹਲਕੇ ਨਿਹਾਲਸਿੰਘਵਾਲਾ ਗਏ ਹਨ । ਮੇਰੇ ਪਿੰਡ ਹੇਮੰਤਪੁਰ ਵਿਚ ਮੰਤਰੀ ਜੀ ਨੇ ਹਸਪਤਾਲ ਦਾ ਨੀਂਹ ਪੱਥਰ ਵੀ ਰਖਿਆ ਸੀ । ਪਾਣੀ ਆਉਣ ਨਾਲ ਪੱਥਰ ਦੇ ਆਲੇ ਦੁਆਲੇ ਪਾਣੀ ਖੜ੍ਹਾ ਹੋ ਗਿਆ ਹੈ, ਕੀ ਮੰਤਰੀ ਜੀ ਉਥੇ ਮਿੱਟੀ ਪਵਾ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਥੋਂ ਤਕ ਮੇਰੀ ਨਾਲਿਜ ਵਿਚ ਹੈ, ਉਥੇ ਕੋਈ ਸਰਕਾਰੀ ਹਸਪਤਾਲ ਨਹੀਂ ਹੈ । ਦੂਸਰੀ ਗੱਲ ਬਾਰੇ ਇਹ ਅਲੱਗ ਸਵਾਲ ਕਰ ਲੈਣ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੰਤਰੀ ਜੀ ਨੇ ਜਾਣਕਾਰੀ ਦਿੱਤੀ ਹੈ ਕਿ ਪਿਛਲੇ ਤਿੰਨ ਸਾਲਾਂ ਵਿਚ ਇਤਨੇ ਨਵੇਂ ਹਸਪਤਾਲ ਪੰਜਾਬ ਅੰਦਰ ਖੋਲ੍ਹੇ ਹਨ, ਬਾਕੀ ਜੋ ਨਵੇਂ ਹਸਪਤਾਲ ਖੋਲਣ ਦਾ ਕਰਾਈਟੇਰੀਆ ਹੈ, ਉਸ ਵਿਚ ਪਸ਼ੂਆਂ ਦੀ ਗਿਣਤੀ ਜ਼ਿਆਦਾ ਰਖੀ ਹੈ । ਕੀ ਮੰਤਰੀ ਜੀ ਹਾਊਸ ਨੂੰ ਭਰੋਸਾ ਦਿਵਾਉਣਗੇ ਕਿ ਪਸ਼ੂਆਂ ਦੀ ਗਿਣਤੀ ਘੱਟ ਕੀਤੀ ਜਾਵੇਗੀ ਤਾਂ ਕਿ ਹੋਰ ਨਵੇਂ ਹਸਪਤਾਲ ਖੁਲ੍ਹ ਸਕਣ ? ਕੀ ਮੰਤਰੀ ਜੀ ਇਸ ਬਾਰੇ ਵੀ ਵਿਚਾਰ ਰੱਖਦੇ ਹਨ ਕਿ ਮੋਬਾਈਲ ਹਸਪਤਾਲਾਂ ਦੀ ਗਿਣਤੀ ਵਧਾ ਦਿਤੀ ਜਾਵੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ, ਦੋਬਾਰਾ ਸਵਾਲ ਕਰ ਦੇਣ ।

ਸ਼੍ਰੀ ਸਪੀਕਰ : ਇਹ ਪੁੱਛਦੇ ਹਨ ਕਿ ਜਿਹੜੀ ਤੁਸੀਂ ਪਸ਼ੂਆਂ ਦੀ ਤਾਦਾਦ ਰੱਖੀ ਹੋਈ ਹੈ, ਕੀ ਉਸ ਨੂੰ ਘੱਟ ਕੀਤਾ ਜਾਵੇਗਾ ਤਾਂਕਿ ਹੋਰ ਨਵੇਂ ਹਸਪਤਾਲ ਖੋਲੇ ਜਾ ਸਕਣ ? ਦਸਰਾ, ਕੀ ਮੋਬਾਈਲ ਹਸਪਤਾਲਾਂ ਦੀ ਗਿਣਤੀ ਜ਼ਿਆਦਾ ਕਰ ਸਕਦੇ ਹੋ ?

ਰਾਜ ਮੰਤਰੀ : ਸਪੀਕਰ ਸਾਹਿਬ, ਸਬ ਡਵੀਜ਼ਨ ਦੇ ਪੱਧਰ ਤੇ ਪਸ਼ੂਆਂ ਦੀ ਗਿਣਤੀ 5,000 ਹੈ ਅਤੇ 5 ਕਿਲੋਮੀਟਰ ਦਾ ਫਾਸਲਾ ਹੋਵੇ ਤਾਂ ਹਸਪਤਾਲ ਖੋਲ੍ਹਦੇ ਹਾਂ । ਜੇਕਰ 3,000 ਪਸ਼ੂਆਂ ਦੀ ਗਿਣਤੀ ਹੋਵੇ ਅਤੇ 3 ਕਿਲੋਮੀਟਰ ਦਾ ਫਾਸਲਾ ਹੋਵੇ ਤਾਂ ਵੈਟਰਨੇਰੀ ਡਿਸਪੈਂਸਰੀ ਖੋਲ੍ਹਦੇ ਹਾਂ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਜਿਥੇ ਨਾਰਮਜ਼ ਫੁਲ ਫਿਲ ਕਰਦੇ ਹਨ, ਕੀ ਉਥੇ ਪਸ਼ੂ ਹਸਪਤਾਲ ਖੋਲ੍ਹਿਆ ਜਾਵੇਗਾ ? ਡਿਸਪੈਂਸਰੀ ਖੋਲ੍ਹਣ ਲਈ ਕੀ ਨਾਰਮਜ਼ ਅਤੇ ਕੰਡੀਸ਼ਨਜ਼ ਹਨ ? ਇਨ੍ਹਾਂ ਨੇ ਆਪਣੇ ਹਲਕੇ ਵਿਚ ਕਿਤਨੇ ਹਸਪਤਾਲ ਖੋਲ੍ਹੇ ਹਨ ।

ਰਾਜ ਮੰਤਰੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਮੈਂ ਹਾਊਸ ਵਿਚ 2-3 ਵਾਰੀ ਨਾਰਮਜ਼ ਬਾਰੇ ਦੱਸ ਚੁੱਕਾ ਹਾਂ । 3,000 ਪਸ਼ੂਆਂ ਦੀ ਗਿਣਤੀ ਹੋਵੇ ਅਤੇ 3 ਕਿਲੋਮੀਟਰ ਦਾ ਫਾਸਲਾ ਹੋਵੇ ਤਾਂ ਵੈਟਰਨਰੀ ਡਿਸਪੈਂਸਰੀ ਖੋਲ੍ਹਦੇ ਹਾਂ ਅਤੇ ਜੇ 5,000 ਪਸ਼ੂਆਂ ਦੀ ਗਿਣਤੀ ਹੋਵੇ ਅਤੇ 5 ਕਿਲੋਮੀਟਰ ਦਾ ਫਾਸਲਾ ਹੋਵੇ ਤਾਂ ਹਸਪਤਾਲ ਖੋਲ੍ਹਦੇ ਹਾਂ । ਬਾਕੀ ਬਾਰੇ ਮੈਂਬਰ ਸਾਹਿਬ ਮੈਮੋਰੇਟ ਨੋਟਿਸ ਦੇ ਦੇਣ ਤਾਂ ਜਵਾਬ ਦੇ ਦੇਵਾਂਗਾ ।

ਸ਼੍ਰੀ ਸਪੀਕਰ : ਜੇ ਮੰਤਰੀ ਜੀ ਆਪਣੇ ਹਲਕੇ ਵਿਚ ਹਸਪਤਾਲ ਨਹੀਂ ਬਨਾਉਣਗੇ ਤਾਂ ਮੰਤਰੀ ਬਣਨ ਦਾ ਕੀ ਫਾਇਦਾ ਹੈ । (ਹਾਸਾ)

ਅਨੁਸੂਚਿਤ ਜਾਤੀਆਂ ਨੂੰ ਮਕਾਨ ਪੱਕੇ ਬਣਾਉਣ ਲਈ ਵਿੱਤੀ ਸਹਾਇਤਾ

*2362 **ਸ਼੍ਰੀ ਵਿਜੇ ਕੁਮਾਰ ਸਾਥੀ** ਕੀ ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਸਰਕਾਰ ਵੱਲੋਂ ਇਸ ਸਮੇਂ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਮਕਾਨ ਪੱਕੇ ਬਣਾਉਣ ਦੀ ਸਕੀਮ ਅਧੀਨ ਪੂਰੀ ਮਕਾਨ ਕਿੰਨੀ ਵਿੱਤੀ ਸਹਾਇਤਾ ਦਿਤੀ ਜਾਂਦੀ ਹੈ;

Original with;
Punjab Vidhan Sabha
Digitized by;
Panjab Digital Library

[ਸ਼੍ਰੀ ਵਿਜੇ ਕੁਮਾਰ ਸਾਥੀ]

(ਅ) ਇਸ ਸਕੀਮ ਅਧੀਨ ਵਿੱਤੀ ਸਾਲ 1993-94 ਤੋਂ ਹੁਣ ਤੱਕ ਤਹਿਸੀਲ ਮੋਗਾ ਵਿੱਚ ਕਿੰਨੀ ਰਾਸ਼ੀ ਸਹਾਇਤਾ ਵੱਜੋਂ ਦਿੱਤੀ ਗਈ;

(ਏ) ਕੀ ਮੋਗਾ ਤਹਿਸੀਲ ਵਿਚ ਉਕਤ ਦਿੱਤੀ ਜਾਣ ਵਾਲੀ ਸਹਾਇਤਾ ਦੀ ਦੁਰਵਰਤੋਂ ਦੀ ਕੋਈ ਸ਼ਿਕਾਇਤ ਸਰਕਾਰ ਪਾਸ ਪੁੱਜੀ ਹੈ; ਜੇਕਰ ਅਜਿਹਾ ਹੈ, ਤਾਂ ਉਸ ਉੱਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

(a) **Chaudhary Jagjit Singh** The quantum of financial assistance given by Govt. to the Scheduled Castes for construction of pucca houses is Rs. 7500 per house for the construction of pucca houses under the Houses for Houseless Scheme.

(b) Rs. 10.80 lacs.

(c) No.

ਸ਼੍ਰੀ ਵਿਜੇ ਕੁਮਾਰ ਸਾਥੀ, ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਮਾਨਯੋਗ ਮੰਤਰੀ ਜੀ ਨੇ ਦੱਸਿਆ ਹੈ ਕਿ ਇਨ੍ਹਾਂ ਦੇ ਅਦਾਰੇ ਵਿਚ ਕੋਈ ਸ਼ਿਕਾਇਤ ਨਹੀਂ ਗਈ। ਮੈਂ ਦਾਅਵਾ ਕਰਕੇ ਕਹਿੰਦਾ ਹਾਂ ਕਿ ਮੇਰੇ ਕੋਲ ਰਸੀਦ ਹੈ, ਮੈਂ ਨਾਲ ਲੈ ਕੇ ਆਇਆ ਹਾਂ। ਉਸਦੇ ਨਾਲ ਨਾਲ ਸਰਕਾਰੀ ਚਿੱਠੀਆਂ ਹਨ ਜਿਨ੍ਹਾਂ ਦੇ ਮੁਤਾਬਿਕ ਮੋਗੇ ਦੇ ਉਸ ਅਫਸਰ ਦੀ ਸ਼ਿਕਾਇਤ ਕੀਤੀ ਗਈ ਹੈ ਜਿਹੜਾ 500 ਰੁਪਿਆ ਇਕ ਕੇਸ ਵਿਚ ਲਏ ਬਿਨਾਂ ਕੇਸ ਕਰਦਾ ਹੀ ਨਹੀਂ। ਮੰਤਰੀ ਜੀ ਕਹਿੰਦੇ ਹਨ ਕਿ ਇਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ। ਮੈਂ ਰਸੀਦ ਨਾਲ ਲੈ ਕੇ ਆਇਆਂ ਹਾਂ, ਇਹ ਜਵਾਬ ਦੇਣ।

ਸ਼੍ਰੀ ਸਪੀਕਰ: ਇਹ ਕੀ ਜਵਾਬ ਦੇਣ। ਤੁਸੀਂ ਤਾਂ ਰਸੀਦਾਂ ਕਾਗਜ਼ ਦਿਖਾਂਦੇ ਪਏ ਹੋ। ਸਵਾਲ ਪੁੱਛੋ।

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਮਹਿਕਮੇ ਨੂੰ ਪਤਾ ਹੀ ਨਹੀਂ। ਉਸ ਅਫਸਰ ਦੇ ਅਗੇਂਸਟ ਸਰਕਾਰੀ ਚਿੱਠੀਆਂ ਵੀ ਮੇਰੇ ਪਾਸ ਮੌਜੂਦ ਹਨ। ਇਹ ਤੁਹਾਡੇ ਡੀ. ਸੀ. ਆਫਿਸ ਵਿਚੋਂ ਗਈਆਂ ਹਨ, ਚੰਡੀਗੜ੍ਹ ਵਿਚ ਤੁਹਾਡੇ ਮਹਿਕਮੇ ਵਿਚੋਂ ਗਈਆਂ ਹਨ। ਐਫੀਡੈਵਿਟ ਵੀ ਆ ਚੁੱਕੇ ਹਨ। ਬਲਦੇਵ ਸਿੰਘ ਨਾਂ ਦਾ ਮੋਗੇ ਦਾ ਅਫਸਰ ਹੈ ਜਿਹੜਾ 500 ਰੁਪਏ ਲਏ ਬਿਨਾਂ ਕੇਸ ਨਹੀਂ ਕਰਦਾ। ਇਹ ਉਸਦੇ ਖਿਲਾਫ ਕੀ ਐਕਸ਼ਨ ਲੈਣਗੇ ? ਕੀ ਸਸਪੈਂਡ ਕਰਨਗੇ ਜਾਂ ਕੋਈ ਹੋਰ ਸਜ਼ਾ ਦੇਣਗੇ ?

ਸ਼੍ਰੀ ਸਪੀਕਰ: ਇਸਦੀ ਕੋਈ ਸ਼ਿਕਾਇਤ ਆਏਗੀ ਤਾਂ ਕੀ ਉਸ ਤੇ ਕੋਈ ਐਕਸ਼ਨ ਲਉਗੇ, ਮੰਤਰੀ ਜੀ ਇਹ ਦੱਸ ਦਿਉ।

ਰਾਜ ਮੰਤਰੀ: ਸਰਕਾਰ ਪਾਸ ਉਸ ਕਰਮਚਾਰੀ ਦੀ ਕੋਈ ਸ਼ਿਕਾਇਤ ਨਹੀਂ।

Original with;
Punjab Vidhan Sabha
Digitized by;
Punjab Digital Library

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ: ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਵਜੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਜ਼ਿਲ੍ਹੇ ਅੰਮ੍ਰਿਤਸਰ ਦੇ ਵਿਚ ਇਨ੍ਹਾਂ ਨੇ ਇਹ ਜਿਹੜੀ ਸਕੀਮ ਹੈ, ਇਸਦੇ ਅਧੀਨ ਮਕਾਨ ਬਣਾਉਣ ਲਈ ਗਰਾਂਟ ਦਿੱਤੀ ਸੀ। ਉਸਦੇ ਮੁਤੱਲਕ ਡੀ. ਸੀ. ਸਾਹਿਬ ਨੇ ਇਨਕੁਆਰੀ ਕੀਤੀ ਤਾਂ ਪਤਾ ਲੱਗਾ ਕਿ ਇਹ ਉਨ੍ਹਾਂ ਪਿੰਡਾਂ ਵਿਚ ਦਿੱਤੀ ਗਈ ਜਿਥੇ ਉਸ ਨਾਂ ਦੇ ਆਦਮੀ ਰਹਿੰਦੇ ਹੀ ਨਹੀਂ ਸਨ, ਗਰਾਂਟ ਬੇਨਾਮੀ ਆਦਮੀਆਂ ਦੇ ਨਾਂ ਦਿੱਤੀ ਗਈ। ਇਸ ਗੱਲ ਦੀ ਇਨਕੁਆਇਰੀ ਵੀ ਹੋਈ। ਕੀ ਇਨ੍ਹਾਂ ਦੇ ਮਹਿਕਮੇ ਨੇ ਕੋਈ ਕੇਸ ਰਜਿਸਟਰ ਕਰਵਾਇਆ ਹੈ ਜਾਂ ਜਿਹੜੀ ਪੈਸੇ ਦੀ ਗਲਤ ਵੰਡ ਹੋਈ, ਉਸ ਦੇ ਬਾਰੇ ਕੀ ਕਾਰਵਾਈ ਕੀਤੀ ਹੈ ?

ਰਾਜ ਮੰਤਰੀ : ਇਸ ਬਾਰੇ ਇਹ ਸੈਪਰੇਟ ਕੁਅੱਸਚਨ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

ਸਰਦਾਰ ਸ਼ਮਸ਼ੇਰ ਸਿੰਘ ਰਾਏ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਕੀਮ ਦੇ ਤਹਿਤ 1993-94 ਵਿਚ ਪੰਜਾਬ ਸਰਕਾਰ ਨੇ ਕਿੰਨੇ ਪੈਸੇ ਰੱਖੇ ਸਨ ਅਤੇ ਹੁਣ ਵਾਲਾ ਸਾਲ 1995-96 ਹੈ, ਉਸ ਵਿਚ ਇਸ ਸਕੀਮ ਲਈ ਕਿੰਨੇ ਪੈਸੇ ਰੱਖੇ ਹਨ, ਕੀ ਮੰਤਰੀ ਜੀ ਦੱਸ ਸਕਦੇ ਹਨ ?

ਰਾਜ ਮੰਤਰੀ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਨੂੰ ਬੜੇ ਫਖਰ ਨਾਲ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਜਦੋਂ ਤੋਂ ਹੋਂਦ ਵਿਚ ਆਈ ਹੈ, ਉਸ ਸਾਲ ਅਸੀਂ 370 ਲੱਖ ਰੁਪਿਆ ਰਖਿਆ ਸੀ ਇਸ ਸਕੀਮ ਦੇ ਥੱਲੇ ਜੋ ਕਿ ਸਰਦਾਰ ਬੇਅੰਤ ਸਿੰਘ ਦੀ ਮਿਹਰਬਾਨੀ ਨਾਲ ਇਹ ਪੈਸਾ ਵਧਾ ਕੇ ਏਸੇ ਚਾਲੂ ਮਾਲੀ ਸਾਲ ਵਿਚ 5 ਕਰੋੜ ਰੁਪਿਆ ਕਰ ਦਿੱਤਾ ਗਿਆ ਹੈ ਤਾਂਕਿ ਉਨ੍ਹਾਂ ਲੋਕਾਂ ਨੂੰ ਕੰਪਨਸੇਟ ਕਰ ਸਕੀਏ (ਥੰਪਿੰਗ)।

ਦਿਹਾਤੀ ਅਬਾਦੀਆਂ ਦੀਆਂ ਲਾਲ ਲਕੀਰਾਂ ਦੀ ਹੱਦ ਵਿਚ ਵਾਧਾ

*2484. (1) **ਸਰਦਾਰ ਹਰਨੇਕ ਸਿੰਘ (ਖਰੜ)**
(2) **ਸ਼੍ਰੀ ਬਲਦੇਵ ਸਿੰਘ ਬਲਮਗੜ੍ਹ**
(3) **ਸਰਦਾਰ ਬਲਦੇਵ ਸਿੰਘ ਪੱਕਾ**

} : ਕੀ ਮਾਲ, ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮਾਲ ਮਹਿਕਮੇ ਦੁਆਰਾ ਰਾਜ ਵਿਚ ਦਿਹਾਤੀ ਅਬਾਦੀਆਂ ਦੀਆਂ ਲਾਲ ਲਕੀਰਾਂ ਦੀ ਹੱਦਾਂ ਕਿਸ ਸਾਲ ਵਿਚ ਮਿਥੀਆਂ ਗਈਆਂ ਸਨ;

(ਅ) ਕੀ ਸਰਕਾਰ ਦਾ ਆਬਾਦੀ ਵਿਚ ਵਾਧੇ ਦੇ ਮੱਦੇ ਨਜ਼ਰ ਰਾਜ ਵਿਚ ਦਿਹਾਤੀ ਇਲਾਕਿਆਂ ਦੀਆਂ ਮੌਜੂਦਾ ਲਾਲ-ਲਕੀਰਾਂ ਦੀ ਹੱਦਾਂ ਨੂੰ ਵਧਾਉਣ ਦਾ ਵਿਚਾਰ ਹੈ ਜੇਕਰ ਹੈ, ਤਾਂ ਕਦੋਂ ?

Original with;
Punjab Vidhan Sabha
Digitized by:
Panjab Digital Library

ਮਾਸਟਰ ਜਗੀਰ ਸਿੰਘ. (ੳ) ਰਾਜ ਦੇ ਬਹੁਤੇ ਹਿੱਸਿਆਂ ਵਿਚ ਦਿਹਾਤੀ ਆਬਾਦੀਆਂ ਦੀਆਂ ਲਾਲ ਲਕੀਰਾਂ ਸਾਲ 1889 ਅਤੇ 1912 ਦੇ ਦੌਰਾਨ ਮਿਥੀਆਂ ਗਈਆਂ ਸਨ। ਜਿਹੜੇ ਖੇਤਰ ਪੂਰਵਲੇ ਪੈਪਸੂ ਰਾਜ ਦੇ ਹਿੱਸੇ ਸਨ, ਉਹਨਾਂ ਵਿਚ ਇਹ ਲਕੀਰਾਂ ਵੱਖ-ਵੱਖ ਸਾਲਾਂ ਵਿੱਚ 1927-28 ਤੱਕ ਮਿਥੀਆਂ ਗਈਆਂ ਸਨ। ਬਟਾਲਾ ਤਹਿਸੀਲ ਵਿਚ ਇਹ ਸਾਲ 1963-64 ਵਿਚ ਹੋਇਆ ਸੀ ਅਤੇ ਰੋਪੜ ਤਹਿਸੀਲ ਵਿਚ ਇਹ ਲਕੀਰਾਂ ਸਾਲ 1965-66 ਵਿਚ ਮਿਥੀਆਂ ਗਈਆਂ ਸਨ।

(ਅ) ਨਹੀਂ ਜੀ।

ਸ੍ਰੀ ਬਲਦੇਵ ਸਿੰਘ ਬਲਮਗੜ੍ਹ. ਸਪੀਕਰ ਸਾਹਿਬ, 1965-66 ਤੋਂ ਬਾਅਦ ਪੰਜਾਬ ਵਿਚ ਕਿਸੇ ਥਾਂ ਵੀ ਇਹ ਜਿਹੜੀਆਂ ਲਾਲ ਲਕੀਰ ਦੀਆਂ ਹੱਦਾਂ ਹਨ, ਇਹ ਨਹੀਂ ਮਿਥੀਆ ਗਈਆਂ। ਮਿਉਂਸਿਪਲ ਕਮੇਟੀ ਜਦੋਂ ਚਾਹੇ, ਆਪਣੀ ਹੱਦ ਵਧਾ ਲੈਂਦੀ ਹੈ ਲੇਕਿਨ ਪਿੰਡਾਂ ਵਿਚ ਅੰਨਾ ਚਿਰ ਹੋ ਗਿਆ ਹੈ, ਇਹ ਲਾਲ ਲਕੀਰ ਦੀ ਹੱਦ ਨਹੀਂ ਵਧਾਈ ਗਈ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪਿੰਡਾਂ ਦੀਆਂ ਲਾਲ ਲਕੀਰ ਦੀਆਂ ਹੱਦਾਂ ਕਿਉਂ ਨਹੀਂ ਵਧਾਈਆਂ ਗਈਆਂ ਅਤੇ ਕੀ ਇਹ ਇਸ ਗੱਲ ਦੀ ਅਸ਼ੋਰੈਂਸ ਦੇਣਗੇ ਕਿ ਇਹ ਹੱਦਾਂ ਵਧਾਈਆਂ ਜਾਣਗੀਆਂ?

ਰਾਜ ਮੰਤਰੀ. ਸਪੀਕਰ ਸਾਹਿਬ, ਇਹ ਲਾਲ ਲਕੀਰ ਦੀਆਂ ਹੱਦਾਂ ਜਦੋਂ ਹਦਬਸਤ ਹੋਵੇ, ਉਦੋਂ ਵਧਦੀਆਂ ਹਨ। ਕਾਫੀ ਦੇਰ ਤੋਂ ਇਥੇ ਹਦਬਸਤ ਹੋਇਆ ਨਹੀਂ ਹੈ, ਇਸ ਕਰਕੇ ਇਹ ਹੱਦਾਂ ਵਧਾਈਆਂ ਨਹੀਂ ਜਾ ਸਕਦੀਆਂ।

ਸ੍ਰੀ ਬਲਦੇਵ ਸਿੰਘ ਬਲਮਗੜ੍ਹ. ਸਪੀਕਰ ਸਾਹਿਬ, ਪਿੰਡਾਂ ਵਿਚ ਆਬਾਦੀ ਬਹੁਤ ਵਧ ਗਈ ਹੈ ਲੇਕਿਨ 30 ਸਾਲ ਤੋਂ ਵੀ ਜ਼ਿਆਦਾ ਸਮਾਂ ਹੋ ਗਿਆ ਹੈ ਜਦ ਇਹ ਲਾਲ ਲਕੀਰਾਂ ਬਣੀਆਂ ਸਨ। ਦੂਸਰੀ ਗੱਲ ਇਹ ਹੈ ਕਿ ਇਨ੍ਹਾਂ ਦੇ ਆਪਣੇ ਮਹਿਕਮੇ ਨੇ ਹੀ ਜਦੋਂ ਮੁਰੱਬਾਬੰਦੀ ਕੀਤੀ ਸੀ, ਉਥੇ ਲੋਕਾਂ ਨੂੰ ਖਿੱਤੇ ਕੱਟ ਕੇ ਦਿੱਤੇ ਸਨ ਤੇ ਲਾਲ ਲਕੀਰ ਤੋਂ ਬਾਦ ਡੇਢ ਗੁਣਾ ਜ਼ਮੀਨ ਕੱਟ ਕੇ ਦਿੱਤੀ ਸੀ। ਉਥੇ ਲੋਕਾਂ ਨੇ ਆਬਾਦੀ ਕਰ ਲਈ ਲੇਕਿਨ ਲਾਲ ਲਕੀਰਾਂ ਵਧੀਆਂ ਨਹੀਂ ਜਿਸ ਕਰਕੇ ਲੋਕਾਂ ਨੂੰ ਬਹੁਤ ਤਕਲੀਫ ਹੁੰਦੀ ਹੈ। ਜਿਸ ਤਰਾਂ ਮੋਹਾਲੀ ਹੈ ਜਾਂ ਕਈ ਹੋਰ ਅਜਿਹੀਆਂ ਜਗ੍ਹਾ ਹਨ ਜਿਥੇ ਗੌਰਮਿੰਟ ਨੇ ਪਿੰਡਾਂ ਦੀ ਜ਼ਮੀਨ ਅੈਕਵਾਇਰ ਕੀਤੀ ਹੈ, ਉਥੇ ਬਹੁਤ ਪਰਾਣੀ ਲਾਲ ਲਕੀਰ ਤੋਂ ਬਾਹਰ ਜਿਹੜੀ ਆਬਾਦੀ ਹੋਈ ਹੈ, ਉਸ ਨੂੰ ਕਿਉਂਕਿ ਨਵੀਂ ਲਾਲ ਲਕੀਰ ਵਿਚ ਨਹੀਂ ਲਿਆਂਦਾ ਗਿਆ, ਇਸ ਕਰਕੇ ਉਨ੍ਹਾਂ ਲੋਕਾਂ ਦੇ ਘਰ ਢਹਿਣਗੇ ਅਤੇ ਉਨ੍ਹਾਂ ਦਾ ਨੁਕਸਾਨ ਹੋਵੇਗਾ। ਕੀ ਮੰਤਰੀ ਜੀ ਇਸ ਗੱਲ ਦੀ ਅਸ਼ੋਰੈਂਸ ਦੇਣਗੇ ਕਿ ਲਾਲ ਲਕੀਰ ਵਧਾਈ ਜਾਵੇਗੀ ਤਾਂ ਕਿ ਲੋਕਾਂ ਨੂੰ ਜਿਹੜੀ ਤਕਲੀਫ ਹੋ ਰਹੀ ਹੈ, ਉਹ ਦੂਰ ਹੋ ਸਕੇ?

ਰਾਜ ਮੰਤਰੀ: ਸਪੀਕਰ ਸਾਹਿਬ, ਲਾਲ ਲਕੀਰ ਦਾ ਸਿਰਫ ਇੰਨਾ ਹੀ ਫਰਕ ਹੈ, ਕਿ ਲਾਲ ਲਕੀਰ ਦੇ ਅੰਦਰ ਜ਼ਮੀਨ ਦਾ ਕੋਈ ਨੰਬਰ ਨਹੀਂ ਹੁੰਦਾ, ਉਹ ਜ਼ਮੀਨ ਸਾਂਝੀ ਹੁੰਦੀ ਹੈ। ਲਾਲ ਲਕੀਰ ਤੋਂ ਬਾਹਰ ਜਿਹੜੀ ਜ਼ਮੀਨ ਹੁੰਦੀ ਹੈ, ਉਸ ਦੀ ਰਜਿਸਟਰੀ ਕਰਾਉਣੀ ਪੈਂਦੀ ਹੈ ਅਤੇ ਉਸ ਦਾ ਇੰਤਕਾਲ ਚੜ੍ਹ ਜਾਂਦਾ ਹੈ।

Original with;
Punjab Vidhan Sabha
Digitized by;
Punjab Digital Library

ਲਾਲ ਲਕੀਰ ਤੋਂ ਬਾਹਰ ਮਾਲੀਆ ਲਗਦਾ ਹੈ, ਲਕੀਰ ਦੇ ਅੰਦਰ ਕੋਈ ਨਹੀਂ ਲੱਗਦਾ । ਪੰਜਾਬ ਦੇ ਅੰਦਰ 1948 ਤੋਂ ਬਾਦ ਚੱਕਬੰਦੀ ਹੋ ਚੁਕੀ ਹੈ ਅਤੇ ਚੱਕਬੰਦੀ ਦੇ ਵਿਚ ਬਹੁਤ ਵੱਡਾ ਕਮ ਹੋਇਆ ਸੀ । ਨਵੀਂ ਚੱਕਬੰਦੀ ਵਾਸਤੇ ਬਹੁਤ ਵੱਡਾ ਅਮਲਾ ਚਾਹੀਦਾ ਹੈ ਅਤੇ ਬਹੁਤ ਜ਼ਿਆਦਾ ਖਰਚਾ ਚਾਹੀਦਾ ਹੈ । ਪਹਿਲੀ ਚੱਕਬੰਦੀ ਦੇ ਅੰਦਰ ਹਰ ਚੀਜ਼ ਪੂਰੀ ਹੋ ਗਈ ਹੈ ਅਤੇ ਹੁਣ ਨਵੀਂ ਚੱਕੀਬੰਦੀ ਦੀ ਕੋਈ ਲੋੜ ਨਹੀਂ ਹੈ । ਕਿਸੇ ਨੂੰ ਕੋਈ ਤਕਲੀਫ ਨਹੀਂ ਹੈ ਕਿਉਂਕਿ 5 ਏਕੜ ਤੱਕ ਤਾਂ ਸਰਕਾਰ ਨੇ ਮਾਲੀਆ ਮੁਆਫ ਕਰ ਦਿੱਤਾ ਹੈ । ਇਨ੍ਹਾਂ ਗੱਲਾਂ ਕਰਕੇ ਲਾਲ ਲਕੀਰ ਨੂੰ ਵਧਾਉਣ ਜਾਂ ਘਟਾਉਣ ਦੀ ਕੋਈ ਲੋੜ ਨਹੀਂ ਹੈ ।

ਸ਼੍ਰੀਮਤੀ ਵਿਮਲਾ ਭਾਂਗ: ਸਪੀਕਰ ਸਾਹਿਬ, ਅੰਮ੍ਰਿਤਸਰ ਸ਼ਹਿਰ ਵਿਚ ਬਹੁਤ ਭਾਰੀਆ ਅਰਬਨ ਆਬਾਦੀਆਂ ਹਨ ਜਿਹੜੀਆਂ ਕਿ ਐਗਰੀਕਲਚਰ ਲੈਂਡ ਵਿਚ ਤਬਦੀਲ ਨਹੀਂ ਕੀਤੀਆਂ ਜਾਂਦੀਆਂ ਹਨ । ਮੁੱਖ ਮੰਤਰੀ ਜੀ ਨੂੰ ਇਸ ਸਬੰਧ ਵਿਚ 2-3 ਰਿਪਰਜੈਨਟੇਸ਼ਨਜ਼ ਗਈਆਂ ਹਨ, ਉਥੇ ਸਟੇਅ ਆਰਡਰ ਇਸ਼ੂ ਕੀਤਾ ਗਿਆ ਅਤੇ ਮਾਲੀਏ ਦੀ ਉਗਰਾਹੀ ਬੰਦ ਹੋਈ ਹੈ ਲੇਕਿਨ ਇਸ ਵਿਚ ਕੁਝ ਕਾਨੂੰਨੀ ਅੜਚਨਾਂ ਪੈ ਸਕਦੀਆਂ ਹਨ । ਇਸ ਕਰਕੇ ਲੋਕਾਂ ਦੀ ਇਹ ਮੰਗ ਠੀਕ ਹੈ । ਮੁੱਖ ਮੰਤਰੀ ਜੀ ਨੂੰ ਇਸ ਗੱਲ ਦਾ ਪਤਾ ਹੈ । ਇਹ ਜਿਹੜੀ 40 ਸਾਲ ਪੁਰਾਣੀ ਲਾਲ ਲਕੀਰ ਹੈ, ਇਹ ਰਿਵਾਈਜ਼ ਹੋਣੀ ਚਾਹੀਦੀ ਹੈ । ਕੀ ਮੰਤਰੀ ਜੀ ਇਸ ਨੂੰ ਰਿਵਾਈਜ਼ ਕਰਨ ਦਾ ਆਸ਼ਵਾਸਨ ਦੇਣਗੇ ?

ਸ਼੍ਰੀ ਸਪੀਕਰ ਉਨ੍ਹਾਂ ਨੇ ਦੱਸਿਆ ਹੈ ਕਿ ਲੋੜ ਨਹੀਂ । ਅਸੀਂ ਨਹੀਂ ਕਰਨਾ ।

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਚੱਕਬੰਦੀ ਹੋਣੀ ਹੈ । ਠੀਕ ਹੈ. ਚੱਕਬੰਦੀ ਹੋਈ ਹੈ ਅੋਰ ਜਿਹੜਾ ਸਵਾਲ ਕਾਮਰੇਡ ਬਲਦੇਵ ਸਿੰਘ ਬੱਲਮਗੜ੍ਹ ਦਾ ਸੀ, ਉਹ ਇਹ ਸੀ ਕਿ ਆਬਾਦੀ ਵਿਚ ਵਾਧੇ ਦੇ ਮੱਦੇ ਨਜ਼ਰ ਰਾਜ ਵਿਚ ਦਿਹਾਤੀ ਇਲਾਕਿਆਂ ਦੀਆਂ ਮੌਜੂਦਾ ਲਾਲ ਲਕੀਰਾਂ ਦੀ ਹੱਦ ਵਧਾਉਣ ਦਾ ਸਰਕਾਰ ਦਾ ਵਿਚਾਰ ਹੈ ਜਾਂ ਨਹੀਂ । ਸ਼ਾਇਦ ਮੰਤਰੀ ਜੀ ਨੂੰ ਇਸ ਗੱਲ ਦਾ ਪਤਾ ਨਹੀਂ, ਉਨ੍ਹਾਂ ਨੇ ਆਪਣਾ ਜਵਾਬ ਦਿੰਦੇ ਹੋਏ ਬੜਾ ਲੰਮਾ ਚੌੜਾ ਵਿਆਖਿਆਣ ਤਾਂ ਕਰ ਦਿੱਤਾ ਕਿ ਚੱਕਬੰਦੀ ਵਿਚ ਆਬਾਦੀ ਦੇ ਮੱਦੇ ਨਜ਼ਰ ਲਾਲ ਲਕੀਰ ਵਧਾਉਣ ਦਾ ਕੋਈ ਖਿਆਲ ਨਹੀਂ ਹੈ । ਲਾਲ ਲਕੀਰ ਤੋਂ ਬਾਹਰ ਆਬਾਦੀਆਂ ਵੀ ਕੱਟ ਕੇ ਦਿੱਤੀਆਂ ਗਈਆਂ ਹਨ, ਮੰਤਰੀ ਜੀ ਇਹ ਗੱਲ ਨੂੰ ਮੰਨਦੇ ਹਨ ਲੇਕਿਨ ਮੈਂ, ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਇਹ ਚੱਕਬੰਦੀ ਦਾ ਪ੍ਰਸ਼ਨ ਨਹੀਂ ਹੈ । ਲਾਲ ਲਕੀਰ ਵਧਾਕੇ ਇਸਦਾ ਬੰਦੋਬਸਤ ਦੁਬਾਰਾ ਕੀਤਾ ਜਾਵੇ because it will settle all disputes regarding abadis.

ਸ਼੍ਰੀ ਸਪੀਕਰ: ਮਿੱਤਲ ਸਾਹਿਬ, ਤੁਸੀਂ ਤਾਂ ਪਰਪੋਜ਼ਲਾਂ ਦੇ ਰਹੇ ਹ, ਤੁਸੀਂ ਸਵਾਲ ਪੁੱਛੋ ।

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਐਕਸਪਲੈਨੇਸ਼ਨ ਦਿੱਤਾ ਹੈ, ਉਸ ਨੂੰ ਦੱਸ ਕੇ ਹੀ ਸਵਾਲ ਕਰਾਂਗਾ । ਮੇਰੀ ਬੇਨਤੀ ਹੈ ਕਿ ਅਗਰ ਦੁਬਾਰਾ ਹਦਬਸਤ ਕੀਤੀ ਜਾਵੇ ਤਾਂ ਰੋਜ਼ ਦੀ ਰੋਜ਼ ਜਿਹੜ ਝਗੜੇ ਹੁੰਦੇ ਹਨ, ਕਚਹਿਰੀਆਂ ਦੇ ਵਿਚ ਕੇਸ ਚਲਦੇ ਹਨ, ਇਹ ਘਟ ਸਕਦੇ ਹਨ । ਕੀ ਮੰਤਰੀ ਜੀ ਇਸ ਗੱਲ ਦਾ ਭਰੋਸਾ ਦਿਵਾਉਣਗੇ ਕਿ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਜੋ 1849 ਤੋਂ 1852 ਤੱਕ ਹਦਬਸਤ ਹੋਇਆ, ਉਸ ਤੋਂ ਬਾਅਦ ਹਦਬਸਤ ਸਿਰਫ ਤਿੰਨ ਸ਼ਹਿਰਾਂ ਦਾ ਹੋਇਆ, ਬਟਾਲਾ ਅੌਰ ਰੋਪੜ ਤਹਿਸੀਲ ਦਾ ਹੋਇਆ ਹੈ । ਜ਼ਮੀਨ ਦਾ ਹੋਇਆ ਹੈ, ਆਬਾਦੀਆ ਦਾ ਨਹੀਂ ਹੋਇਆ । ਹੁਣ ਆਬਾਦੀ ਬਹੁਤ ਵਧ ਗਈ ਹੈ । ਇਸ ਕਰਕੇ ਕੀ ਮੰਤਰੀ ਜੀ ਆਬਾਦੀ ਨੂੰ ਮੁੱਖ ਰੱਖਦੇ ਹੋਏ ਦੁਬਾਰਾ ਹੱਦਬਸਤ ਕਰਵਾਉਣਗੇ ਜਾਂ ਨਹੀਂ ?

ਸ਼੍ਰੀ ਸਪੀਕਰ : ਉਨ੍ਹਾਂ ਨੇ ਜਵਾਬ ਵਿਚ ਕਿਹਾ ਹੈ ਕਿ ਨਹੀਂ ਕਰਾ ਰਹੇ ਅੌਰ ਲੋੜ ਨਹੀਂ ਹੈ । ਹੁਣ ਤੁਸੀਂ ਫਿਰ ਇਨਸਿਸਟ ਕਰ ਰਹੇ ਹੋ, ਤੁਸੀਂ ਪਰਪੋਜ਼ਲਾਂ ਦੇ ਰਹੇ ਹੋ । ਉਨ੍ਹਾਂ ਨੂੰ ਗੱਲ ਸਮਝ ਆ ਰਹੀ ਹੈ ਅੌਰ ਉਹ ਨਹੀਂ ਕਰਾ ਰਹੇ ਹਨ । ਤੁਸੀਂ ਅੈਵੇਂ ਹੀ ਆਰਗਮੈਂਟ ਕਰੀ ਜਾ ਰਹੇ ਹੋ ।

ਰਾਜ ਵਿਚ ਬੱਸਾਂ ਦੀ ਗਿਣਤੀ

*2500. **ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ** : ਕੀ ਟਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਦੀਆਂ ਸ਼੍ਰੇਣੀਵਾਰ ਅਜਿਹੀਆਂ ਬੱਸਾਂ, ਅਰਬਾਤ ਸਾਧਾਰਣ, ਡੀਲਕਸ ਬੱਸਾਂ ਅਤੇ ੲੈ. ਸੀ. ਕੋਚਿਜ਼ ਦੀ ਵੱਖ ਵੱਖ ਗਿਣਤੀ ਕਿੰਨੀ ਹੈ ਜਿਹੜੀਆਂ ਇਸ ਸਮੇਂ ਚਲਣਯੋਗ ਹਨ ;

(ਅ) ਰਾਜ ਸਰਕਾਰ ਅਤੇ ਪੀ. ਆਰ. ਟੀ. ਸੀ. ਦੁਆਰਾ ਸਾਲਾਂ 1992-93, 1993-94 ਅਤੇ 1994-95 (ਅੱਜ ਤੱਕ) ਦੌਰਾਨ ਖਰੀਦੀਆਂ ਗਈਆਂ ਬੱਸਾਂ ਦੀ ਸਾਲ-ਵਾਰ ਅਤੇ ਸ਼੍ਰੇਣੀ-ਵਾਰ ਗਿਣਤੀ ਕਿੰਨੀ-ਕਿੰਨੀ ਹੈ ?

ਸ਼੍ਰੀ ਮਹਿੰਦਰ ਸਿੰਘ ਕੇ. ਪੀ. : ਵਿਸਥਾਰ ਪੂਰਵਕ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:

ਸੂਚਨਾ

ਪੰਜਾਬ ਰੋਡਵੇਜ਼				ਪੀ. ਆਰ. ਟੀ. ਸੀ.			
(ੳ)	1. ਪੰਜਾਬ ਰੋਡਵੇਜ਼ ਦੀਆਂ ਬੱਸਾਂ ਦੀ ਕੁੱਲ ਗਿਣਤੀ	..	= 2360	(ੳ)	ਪੀ. ਆਰ. ਟੀ. ਸੀ. ਦੀਆਂ ਬੱਸਾਂ ਦੀ ਕੁੱਲ ਗਿਣਤੀ	..	= 1071
	ਸ਼੍ਰੇਣੀਵਾਰ ਬੱਸਾਂ ਦੀ ਗਿਣਤੀ:						
	1. ਸਾਧਾਰਣ ਬੱਸਾਂ	..	= 2304			..	= 1067
	2 ਐਕਸਪ੍ਰੈਸ ਬੱਸਾਂ	..	= 22			..	= —
	3. ਸੈਮੀ-ਡੀਲਕਸ ਬੱਸਾਂ	..	= 23			..	= —
	4. ਡੀਲਕਸ ਬੱਸਾਂ	..	= 11			..	= 0004
	5. ਏ. ਸੀ. ਸੀ. ਬੱਸਾਂ	..	= —			..	= —
	ਕੁੱਲ ਜੋੜ	..	= 2360		ਕੁੱਲ ਜੋੜ	..	= 1071

ਪੀ. ਆਰ. ਟੀ. ਸੀ. ਵਿਚ ਅਜਿਹੀਆਂ ਲਗਭੱਗ 15 ਬੱਸਾਂ ਹਨ ਜਿਹੜੀਆਂ ਚਾਲੂ ਹਾਲਤ ਵਿਚ ਨਹੀਂ ਹਨ ਅਤੇ ਇਹ ਬੱਸਾਂ ਮਾਰਚ, 1995 ਤੱਕ ਕੰਡਮ ਕਰ ਦਿੱਤੀਆਂ ਜਾਣਗੀਆਂ ।

ਪੰਜਾਬ ਰੋਡਵੇਜ਼				ਪੀ. ਆਰ. ਟੀ. ਸੀ.		
(ਅ) ਪੰਜਾਬ ਰੋਡਵੇਜ਼ ਵਲੋਂ ਖਰੀਦੀਆਂ ਗਈਆਂ ਬੱਸਾਂ ਦਾ ਸਾਲ-ਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ:				(ਅ) ਪੀ ਆਰ. ਟੀ. ਸੀ. ਵਲੋਂ ਖ੍ਰੀਦੀਆਂ ਗਈਆਂ ਬੱਸਾਂ ਦਾ ਸਾਲ-ਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ:—		
	1992-93	1993-94	1994-95	1992-93	1993-94	1994-95
ਸਾਧਾਰਣ ..	210	81	46 = 337	69	75	81
ਐਕਸਪ੍ਰੈਸ ..	—	—	42 = 042	—	—	—
ਸੈਮੀ ਡੀਲਕਸ	23	—	— = 023	—	—	—
ਡੀਲਕਸ ..	4	—	— = 004	—	—	—
ਏ. ਸੀ. ਸੀ. ..	—	—	— = —	—	—	—

31 ਮਾਰਚ, 1995 ਤੱਕ 30 ਹੋਰ ਬੱਸਾਂ ਖਰੀਦੀਆਂ ਜਾਣ ਦੀ ਸੰਭਾਵਨਾ ਹੈ ।

Digitized by: Original with: Punjab Vidhan Sabha Digital Library

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ, ਵਿਭਾਗ ਦਾ ਜਵਾਬ ਪੜ੍ਹ ਕੇ ਪਤਾ ਲੱਗਾ ਹੈ ਕਿ ਇਸ ਡਿਪਾਰਟਮੈਂਟ ਨੇ ਕਈ ਐਕਸਪਰੈਸ ਬੱਸਾਂ ਚਲਾਈਆਂ ਹਨ। ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਦੱਸਣਗੇ ਕਿ ਐਕਸਪਰੈਸ ਬੱਸਾਂ ਅਤੇ ਆਰਡੀਨਰੀ ਬੱਸਾਂ ਦੇ ਕਿਰਾਏ ਦੇ ਵਿਚ ਕਿੰਨਾਂ ਫਰਕ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, 25% ਜ਼ਿਆਦਾ ਹੈ ਜੀ।

ਸ਼੍ਰੀ ਹੰਸ ਰਾਜ ਜੋਸਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਦੇ ਵਿਚ ਕਈ ਮਨਾਪਲੀ ਰੂਟ ਹਨ। ਫਿਰੋਜ਼ਪੁਰ ਤੋਂ ਲੈ ਕੇ ਫਾਜ਼ਿਲਕਾ ਤੱਕ ਵੀ ਮਨਾਪਲੀ ਰੂਟ ਹੈ। ਕੀ ਮਾਨਯੋਗ ਮੰਤਰੀ ਜੀ ਯਕੀਨ ਦਿਵਾਉਣਗੇ ਕਿਉਂਕਿ ਉਥੇ ਲੋਕਾਂ ਨੂੰ ਬਹੁਤ ਦਿੱਕਤ ਹੈ, ਕੀ ਉਥੇ ਵੀ ਹੋਰ ਨਵੀਆਂ ਲੋਕਲ ਬੱਸਾਂ ਚਾਲੂ ਕਰਵਾ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮਨਾਪਲੀ ਰੂਟ ਤੇ ਜਿੱਥੇ ਜਿੱਥੇ ਵੀ ਲੋਕਾਂ ਨੂੰ ਦਿੱਕਤ ਹੈ ਉਥੇ ਬੱਸਾਂ ਚਲਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਜੀ।

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, ਲੁਧਿਆਣਾ, ਜਲੰਧਰ ਜ ਲੋਕਲ ਬੱਸ ਸੇਵਾ ਸੀ ਉਹ ਬੰਦ ਹੋ ਚੁੱਕੀ ਹੈ। ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਬੱਸ ਸੇਵਾ ਦੁਬਾਰਾ ਚਾਲੂ ਕਰ ਦਿੱਤੀ ਜਾਵੇਗੀ ? ਨਵੇਂ ਰੂਟ ਦੇਣ ਸਮੇਂ ਜਿਹੜੇ ਪੜ੍ਹੇ ਲਿਖੇ ਨੌਜਵਾਨ ਹਨ ਉਨ੍ਹਾਂ ਨੂੰ ਮਿੰਨੀ ਬੱਸਾਂ ਦੇ ਰੂਟ ਦੇ ਕੇ ਲੋਕਾਂ ਨੂੰ ਬੱਸ ਵਿਚ ਸੇਵਾ ਦਿੱਤੀ ਜਾਵੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਜੋ ਨਵੀਂ ਟਰਾਂਸਪੋਰਟ ਨੀਤੀ ਬਣਾਈ ਹੈ ਉਸ ਵਿਚ ਇਸ ਗੱਲ ਦਾ ਵੀ ਖਿਆਲ ਰੱਖਿਆ ਹੈ।

ਸ਼੍ਰੀ ਗੁਰਪਾਲ ਚੰਦ ਸਰੋਆ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਦੇ ਵਿਚ ਕਈ ਰੂਟ ਅਜਿਹੇ ਹਨ ਜਿੱਥੇ ਕਿ ਪੰਜਾਬ ਰੋਡਵੇਜ਼ ਦੀਆਂ ਬੱਸਾਂ ਪਹਿਲਾਂ ਚਲਦੀਆਂ ਸਨ ਪਰ ਹੁਣ ਉਹ ਨਹੀਂ ਚੱਲ ਰਹੀਆਂ ਬੰਦ ਹਨ, ਜਿਸ ਕਰਕੇ ਹੁਸ਼ਿਆਰਪੁਰ ਤੋਂ ਨਸਰਾਲਾ, ਰੁਹਾਨਾ ਆਦਿ ਪਿੰਡਾਂ ਦੇ ਲੋਕਾਂ ਨੂੰ ਬੱਸਾਂ ਨਾ ਹੋਣ ਕਰਕੇ ਬੜੀ ਮੁਸ਼ਕਿਲ ਪੇਸ਼ ਆ ਰਹੀ ਹੈ। ਕੀ ਮੰਤਰੀ ਜੀ ਯਕੀਨ ਦਿਵਾਉਣਗੇ ਕਿ ਇਨ੍ਹਾਂ ਪਿੰਡਾਂ ਦੇ ਲੋਕਾਂ ਵਾਸਤੇ ਬੱਸ ਸੇਵਾ ਚਾਲੂ ਕਰਵਾ ਦਿੱਤੀ ਜਾਵੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਪਿਛਲੇ ਸਾਲਾਂ ਵਿਚ ਪੰਜਾਬ ਦੇ ਹਾਲਾਤ ਬਹੁਤ ਖਰਾਬ ਸੀ ਅੱਤ ਕਰਕੇ ਬਹੁਤ ਸਾਰੀ ਬੱਸ ਸੇਵਾ ਇਸੇ ਕਰਕੇ ਬੰਦ ਪਈ ਸੀ। ਜਦੋਂ ਤੋਂ ਸਰਦਾਰ ਬੇਅੰਤ ਜੀ ਦੀ ਸਰਕਾਰ ਆਈ ਹੈ ਉਦੋਂ ਤੋਂ ਹਾਲਾਤ ਵੀ ਸੁਧਰੇ ਹਨ ਅਤੇ ਬੱਸਾਂ ਦੇ ਰੂਟ ਵੀ ਵਧੇ ਹਨ। ਜਿੱਥੇ ਲੋੜ ਹੁੰਦੀ ਹੈ ਅਸੀਂ ਬੱਸ ਸੇਵਾ ਦੇ ਰਹੇ ਹਾਂ।

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਵਜ਼ੀਰ ਸਾਹਿਬ, ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪੰਜਾਬ ਦੇ ਵਿਚ ਲਿੰਕ ਰੋਡਜ਼ ਹਨ ਉਥੇ ਪ੍ਰਾਈਵੇਟ ਬੱਸ ਸੇਵਾ ਚਲਦੀ ਹੈ ਅੱਤ ਉਹ ਪ੍ਰਾਈਵੇਟ ਹੋਣ ਕਰਕੇ ਸਵਾਰੀਆਂ ਤੋਂ ਜ਼ਿਆਦਾ ਪੈਸੇ ਚਾਰਜ ਕਰਦੇ ਹਨ। ਕੀ ਇਹ ਲਿੰਕ ਰੋਡਜ਼ ਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਲਗਾਉਣਗੇ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਜੋ ਫੈਅਰ ਬੱਸਾਂ ਦਾ ਬਣਦਾ ਹੈ, ਉਹ ਇਕੱਠਾ ਹੀ ਬਣਦਾ ਹੈ ਪ੍ਰਾਈਵੇਟ ਵਾਲੇ ਜ਼ਿਆਦਾ ਚਾਰਜ ਨਹੀਂ ਕਰ ਸਕਦੇ । ਪ੍ਰਾਈਵੇਟ ਅੰਤਰ ਪੰਜਾਬ ਰੋਡਵੇਜ਼ ਵਾਲੇ ਬਰਾਬਰ ਦਾ ਬੱਸ ਫੇਅਰ ਚਾਰਜ਼ ਕਰਦੇ ਹਨ ।

———

ਅਣ-ਅਧਿਕਾਰਤ ਆਗੂਆਂ ਅਤੇ ਅਧਿਕਾਰੀਆਂ ਵੱਲੋਂ ਗੱਡੀਆਂ ਤੇ ਰੈਡ ਲਾਈਟ ਅਤੇ ਹੂਟਰ ਲਗਾਉਣ ਤੇ ਰੋਕ ਲਗਾਉਣੀ

*2583. (1) **ਸਰਦਾਰ ਰਾਜ ਸਿੰਘ ਖੇੜੀ**

(2) **ਕਾਮਰੇਡ ਤਰਸੇਮ ਜੋਧਾਂ** } : ਕੀ ਟ੍ਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕਿਹੜੇ-ਕਿਹੜੇ ਅਧਿਕਾਰੀ ਅਤੇ ਹੋਰ ਵਿਅਕਤੀ ਆਪਣੀਆਂ ਗੱਡੀਆਂ ਤੇ ਲਾਲ ਬੱਤੀ (ਰੈਡ ਲਾਈਟ) ਅਤੇ ਹੂਟਰ ਲਾਉਣ ਦਾ ਅਧਿਕਾਰ ਰੱਖਦੇ ਹਨ ;

(ਅ) ਕੀ ਅਣਅਧਿਕਾਰਤ-ਅਧਿਕਾਰੀਆਂ ਅਤੇ ਹੋਰ ਵਿਅਕਤੀਆਂ ਵਲੋਂ ਆਪਣੀਆਂ ਗੱਡੀਆਂ ਤੇ ਲਾਲ ਬੱਤੀਆਂ ਅਤੇ ਹੂਟਰ ਲਗਾਉਣ ਨੂੰ ਰੋਕਣ ਬਾਰੇ ਕੋਈ ਕਦਮ ਚੁੱਕਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ ?

ਸ਼੍ਰੀ ਮਹਿੰਦਰ ਸਿੰਘ ਕੇ. ਪੀ. : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸਾਰਣੀ

(ੳ) ਪੰਜਾਬ ਮੋਟਰ ਗੱਡੀ 1989 ਦੇ ਰੂਲਾਂ ਦੇ ਤਹਿਤ ਰੂਲ 170 ਅਨੁਸਾਰ ਲਾਲ ਬੱਤੀਆਂ ਦੀ ਵਰਤੋਂ ਲਈ ਹੇਠ ਲਿਖੇ ਅਨੁਸਾਰ ਵਿਵਸਥਾ ਹੈ : —

''ਅਜਿਹੀ ਕੋਈ ਗੱਡੀ ਲਾਲ ਬੱਤੀ ਨਹੀਂ ਲਗਾ ਸਕਦੀ ਸਵਾਏ ਉਨ੍ਹਾਂ ਮੋਟਰ-ਕਾਰਾਂ ਦੇ ਜੋ ਉਚੇ ਪੱਦਅਧਿਕਾਰੀਆਂ ਨਾਲ ਤੈਨਾਤ ਹਨ ਜਿਨ੍ਹਾਂ ਨੂੰ ਆਪਣੀਆਂ ਕਾਰਾਂ ਤੇ ਭਾਰਤ ਸਰਕਾਰ ਵਲੋਂ ਫਲੈਗ ਕੋਡ ਦੇ ਤਹਿਤ ਵਿਸ਼ੇਸ਼ ਰਾਸ਼ਟਰੀ ਝੰਡੀ ਲਾਉਣ ਦੀ ਆਗਿਆ ਹੈ ਉਹ ਅਧਿਕਾਰੀ ਗੱਡੀ ਦੇ ਉਪਰਲੇ ਅਗਲੇ ਹਿੱਸੇ ਤੇ ਲਾਲ ਬੱਤੀ ਲਗਾ ਸਕਦੇ ਹਨ ਜਾਂ ਲਾਲ ਬੱਤੀ ਤੋਂ ਇਲਾਵਾ ਕੋਈ ਹੋਰ ਬੱਤੀ ਪਿਛਲੇ ਹਿੱਸੇ ਤੇ ਲਗਾ ਸਕਦੇ ਹਨ ।

''ਇਸ ਤੋਂ ਇਲਾਵਾ ਉਹ ਅਧਿਕਾਰੀ ਜੋ ਸੜਕ ਤੇ ਮੋਟਰ ਗੱਡੀਆਂ ਨੂੰ ਚੈਕ ਕਰਨ ਦੇ ਅਧਿਕਾਰ ਰੱਖਦੇ ਹਨ ਆਪਣੀਆਂ ਕਾਰਾਂ ਤੇ ਲਾਲ ਰੰਗ ਦੀ ਟਿਮ-ਟਿਮਾਉਂਦੀ ਬੱਤੀ ਲਗਾ ਸਕਦੇ ਹਨ'' ।

ਸੜਕ ਤੇ ਗੱਡੀਆਂ ਚੈਕ ਕਰਨ ਦਾ ਅਧਿਕਾਰ ਟਰਾਂਸਪੋਰਟ ਵਿਭਾਗ/ਪੁਲਿਸ ਵਿਭਾਗ/ਕਰ ਤੇ ਆਬਕਾਰੀ ਵਿਭਾਗ/ਖੁਰਾਕ ਤੇ ਫੂੰਡ ਵਿਭਾਗ ਦੇ ਅਧਿਕਾਰੀਆਂ ਨੂੰ ਹੈ ।

Original with;
Punjab Vidhan Sabha
Digitized by;
Panjab Digital Library

ਜਿੱਥੋਂ ਤੱਕ ਗੱਡੀਆਂ ਵਿਚ ਹੂਟਰ ਆਦਿ ਲਾਉਣ ਦਾ ਸਬੰਧ ਹੈ, ਪੰਜਾਬ ਮੋਟਰ ਗੱਡੀ 1989 ਦੇ ਰੂਲ 170 ਦੇ ਸਬ-ਰੂਲ-1 ਤਹਿਤ ਹੇਠ ਲਿਖੇ ਅਨੁਸਾਰ ਵਿਵਸਥਾ ਹੈ : —

"ਗੱਡੀ ਦਾ ਡਰਾਈਵਰ ਜਾਂ ਕੋਈ ਹੋਰ ਵਿਅਕਤੀ ਗੱਡੀ ਵਿਚ ਲੱਗਿਆ ਹਾਰਨ ਜਾਂ ਇਸੇ ਤਰ੍ਹਾਂ ਦੀ ਕੋਈ ਹੋਰ ਚੀਜ਼ ਦੀ ਆਵਾਜ਼ ਜੋ ਚਿਤਾਵਨੀ ਦੇ ਤੌਰ ਤੇ ਸੁਣਨ ਯੋਗ ਹੋਵੇ ਅਤੇ ਗੱਡੀ ਵਿਚ ਲੱਗੀ ਹੋਵੇ ਲਗਾਤਾਰ ਜਾਂ ਜ਼ਰੂਰਤ ਤੋਂ ਜ਼ਿਆਦਾ ਇਸਤੇਮਾਲ ਨਹੀਂ ਕਰੇਗਾ ।

ਸੈਂਟਰਲ ਮੋਟਰ ਗੱਡੀ 1989 ਦੇ ਰੂਲ 119 ਦੇ ਸਬ-ਰੂਲ-3 ਤਹਿਤ ਹੇਠ ਲਿਖੇ ਅਨੁਸਾਰ ਵਿਵਸਥਾ ਹੈ : —

"ਸਬ ਰੂਲ-2 ਵਿਚ ਜੋ ਕੁਝ ਵੀ ਸ਼ਾਮਿਲ ਨਹੀਂ ਕੀਤਾ ਗਿਆ, ਤੋਂ ਇਲਾਵਾ ਜੋ ਗੱਡੀਆਂ ਉਸ ਇਲਾਕੇ ਦੀਆਂ ਰਜਿਸਟਰਿੰਗ ਅਥਾਰਟੀਆਂ ਦੇ ਥੱਲੇ ਆਉਂਦੀਆਂ ਹਨ, ਜਿਸ ਤਰ੍ਹਾਂ ਕਿ ਐਂਬੂਲੈਂਸ ਜਾਂ ਅੱਗ ਬੁਝਾਉਣ ਵਾਲੀਆਂ ਗੱਡੀਆਂ ਜਾਂ ਹੋਰ ਗੱਡੀਆਂ ਜੋ ਕਿਸੇ ਤਰ੍ਹਾਂ ਦੇ ਬਚਾਉ ਦੇ ਸਾਧਨਾਂ ਲਈ ਵਰਤੀਆਂ ਜਾਂਦੀਆਂ ਹਨ ਜਾਂ ਪੁਲਿਸ ਵਿਭਾਗ, ਟਰਾਂਸਪੋਰਟ ਵਿਭਾਗ ਆਪਣੀਆਂ ਗੱਡੀਆਂ ਵਿਚ ਡਿਊਟੀ ਦੌਰਾਨ ਆਗਿਆ ਅਨੁਸਾਰ ਹੂਟਰ ਆਦਿ ਦੀ ਵਰਤੋਂ ਕਰ ਸਕਦੇ ਹਨ" ।

ਮੋਟਰ ਗੱਡੀ ਵਿਭਾਗ, ਪੰਜਾਬ ਵੱਲੋਂ ਹੂਟਰ ਆਦਿ ਕਿਸੇ ਵੀ ਗੱਡੀ ਦੇ ਵਰਤਣ ਲਈ ਕੋਈ ਖਾਸ ਹਦਾਇਤਾਂ ਜਾਰੀ ਨਹੀਂ ਕੀਤੀਆਂ ਗਈਆਂ ਹਨ ।

(ਅ) ਵਿਭਾਗ ਦੇ ਸਾਰੇ ਮੁਖੀਆਂ ਅਤੇ ਡਿਪਟੀ ਕਮਿਸ਼ਨਰਾਂ ਨੂੰ ਸਮੇਂ ਸਮੇਂ ਸਿਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਕਿ ਉਹ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਕੋਈ ਵੀ ਅਣ-ਅਧਿਕਾਰਤ ਵਿਅਕਤੀ ਅਜਿਹੀਆਂ ਬੱਤੀਆਂ ਦਾ ਇਸਤੇਮਾਲ ਨਾ ਕਰੇ ।

ਕਾਮਰੇਡ ਤਰਸੇਮ ਜੋਧਾਂ : ਮਾਨਯੋਗ ਸਪੀਕਰ ਸਾਹਿਬ, ਮੈਂ ਜੋ ਸਵਾਲ ਕੀਤਾ ਸੀ ਉਸਦਾ ਪੂਰਾ ਜਵਾਬ ਨਹੀਂ ਆਇਆ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੇ ਕਿਹੜੇ ਅਧਿਕਾਰੀ ਜਾਂ ਹੋਰ ਉਘੇ ਵਿਅਕਤੀ ਹਨ ਜਿਹੜੇ ਆਪਣੀਆਂ ਗੱਡੀਆਂ ਤੇ ਲਾਲ ਬੱਤੀ ਲਗਾ ਸਕਦੇ ਹਨ । ਮੈਂ ਉਨ੍ਹਾਂ ਦੀ ਲਿਸਟ ਮੰਗੀ ਸੀ ਪਰ ਇਨ੍ਹਾਂ ਨੇ ਰੂਲ ਕੋਟ ਕਰ ਦਿੱਤਾ ਹੈ । ਕੀ ਮੰਤਰੀ ਜੀ ਉਨ੍ਹਾਂ ਦੇ ਨਾਂ ਦੱਸਣਗੇ ਜਿਹੜੇ ਕਿ ਲਾਲ ਬੱਤੀਆਂ ਲਗਾ ਸਕਦੇ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਜੋ ਜਵਾਬ ਦਿੱਤਾ ਗਿਆ ਹੈ ਉਸ ਦੇ ਵਿਚ ਮੈਂ ਰੂਲ ਕੋਟ ਕੀਤਾ ਹੈ । ਜੇਕਰ ਇਜ਼ਾਜ਼ਤ ਹੋਵੇ ਤਾਂ ਮੈਂ ਇਥੇ ਪੜ੍ਹ ਕੇ ਸੁਣਾ ਦਿੰਦਾ ਹਾਂ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ ਤੁਸੀਂ ਤਾਂ ਸਿਰਫ ਰੂਲ ਕੱਟ ਕੀਤਾ ਹੈ । ਪਰ, ਇਹ ਪੁੱਛਦੇ ਹਨ ਕਿ ਕਿਹੜੇ ਕਿਹੜੇ ਅਧਿਕਾਰੀ ਲਾਲ ਬੱਤੀ ਲਗਾ ਸਕਦੇ ਹਨ । ਅੱਜ ਕੱਲ ਬਹੁਤ ਸਾਰੇ ਲਾਈ ਫਿਰਦੇ ਹਨ ਅੰਰ ਨਜਾਇਜ ਤੌਰ ਤੇ ਫਾਇਦਾ ਉਠਾ ਰਹੇ ਹਨ । ਤੁਸੀਂ ਪੂਰੀ ਜਾਣਕਾਰੀ ਦੇਵੋ ਤਾਂ ਸਾਰਿਆਂ ਨੂੰ ਪਤਾ ਲਗ ਸਕੇ ।

ਰਾਜ ਮੰਤਰੀ ਪਰੋਟੋਕੋਲ ਦੇ ਹਿਸਾਬ ਨਾਲ ਜਿਹੜੇ ਵਿਅਕਤੀ ਜਾਂ ਡਿਗਨਿਟ੍ਰੀਜ਼ ਲਾਲ ਬੱਤੀਆਂ ਲਗਾ ਸਕਦੇ ਹਨ, ਉਨ੍ਹਾਂ ਦੇ ਨਾਂ ਮੈਂ ਪੜ੍ਹ ਦਿੰਦਾ ਹਾਂ---- Cabinet Ministers in States. Deputy Ministers of the Union Govt. Deputy Chief whips in Rajya Sabha/Lok Sabha, Ministers of State in the States, Speakers of the Legislative Assemblies in the Union Territories, Ministers of the Union Territories, Deputy Chairmen/ Deputy Speakers of the State Legislatures, Deputy Ministers in the States, Deputy Speakers of Legislative Assemblies in Union Territories and Deputy Ministers of the Union Territories.

Mr. Speaker Very good.

ਕਾਮਰੇਡ ਤਲਸੇਮ ਜੋਧਾਂ ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸੈਂਕੜੇ ਲਾਲ ਬੱਤੀਆਂ ਵਾਲੀਆਂ ਗੱਡੀਆਂ ਅਣ-ਅਧਿਕਾਰਤ ਤੌਰ ਤੇ ਚਲਦੀਆਂ ਹਨ । ਥੱਲੇ ਤੱਕ ਚਲਦੀਆਂ ਹਨ, ਬਲਾਕ ਲੈਵਲ ਤੇ ਅਤੇ ਜ਼ਿਲ੍ਹਾ ਲੈਵਲ ਤੇ ਚਲਦੀਆਂ ਹਨ । ਕੀ ਮਾਨਯੋਗ ਮੰਤਰੀ ਜੀ ਇਸ ਗੱਲ ਦਾ ਵਿਸ਼ਵਾਸ ਦਿਲਾਣਗੇ ਕਿ ਜਿਹੜੇ ਲਾਲ ਬੱਤੀਆਂ ਵੀ ਗਲਤ ਵਰਤੋਂ ਕਰਦੇ ਹਨ ਉਨ੍ਹਾਂ ਤੇ ਸਰਕਾਰ ਵਲੋਂ ਚੈਕ ਕਰਕੇ ਉਨ੍ਹਾਂ ਨੂੰ ਰੋਕਿਆ ਜਾਵੇਗਾ ?

ਰਾਜ ਮੰਤਰੀ: ਸਪੀਕਰ ਸਾਹਿਬ, ਸਮੇਂ ਸਮੇਂ ਤੇ ਸਰਕਾਰ ਹਦਾਇਤਾਂ ਕਰਦੀ ਹੈ । ਜਿਹੜੇ ਮੈਂ ਨਾਂ ਉਪਰ ਲਏ ਹਨ ਕੇਵਲ ਉਹੀ ਲਾਲ ਬੱਤੀਆਂ ਲਗਾ ਸਕਦੇ ਹਨ ਹੋਰ ਕੋਈ ਨਹੀਂ ।

ਸ਼੍ਰੀ ਸਪੀਕਰ, ਕੇਵਲ ਹਦਾਇਤਾਂ ਜਾਰੀ ਨਾ ਕਰੋ । ਮੈਂਬਰ ਸਾਹਿਬ ਪੁੱਛ ਰਹੇ ਹਨ ਕਿ ਕੀ ਕੋਈ ਐਕਸ਼ਨ ਲਵੋਗੇ ਉਨ੍ਹਾਂ ਦੇ ਖਿਲਾਫ ਜਿਹੜੇ ਕਿ ਗਲਤ ਵਰਤੋਂ ਕਰਦੇ ਹਨ ।

ਰਾਜ ਮੰਤਰੀ: ਜਿਥੇ ਜਿਥੇ ਵੀ ਕੋਈ ਫੜਿਆ ਗਿਆ, ਉਸ ਦੇ ਖਿਲਾਫ ਐਕਸ਼ਨ ਹੋਵੇਗਾ ।

Mr. Speaker: Very good.

ਅਨੰਦਪੁਰ ਸਾਹਿਬ ਸਬ-ਡਿਵੀਜ਼ਨ ਵਿਚ ਉਠਾਵੀਂ ਸਿੰਜਾਈ ਲਈ ਸੈੱਟ ਲਗਾਉਣੇ

*2413. **ਸ਼੍ਰੀ ਮਦਨ ਮੋਹਨ ਮਿੱਤਲ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਅਨੰਦਪੁਰ ਸਾਹਿਬ ਸਬ-ਡਿਵੀਜ਼ਨ, ਜ਼ਿਲ੍ਹਾ ਰੋਪੜ ਵਿਚ ਉਠਾਵੀਂ ਸਿੰਜਾਈ ਪ੍ਰਾਜੈਕਟ ਚਾਲੂ ਕੀਤਾ ਗਿਆ ਹੈ;

Original with;
Punjab Vidhan Sabha
Digitized by;
Panjab Digital Library

(ਅ) ਜੇਕਰ ਉਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਇਹ ਪ੍ਰਾਜੈਕਟ ਕਿਸ ਮਿਤੀ ਨੂੰ ਚਾਲੂ ਕੀਤਾ ਗਿਆ ਸੀ ਅਤੇ ਇਸ ਪ੍ਰਾਜੈਕਟ ਤੋਂ ਕੁੱਲ ਕਿੰਨੇ ਏਕੜ ਜ਼ਮੀਨ ਸਿੰਜੇ ਜਾਣ ਦੀ ਸੰਭਾਵਨਾ ਹੈ;

(ਏ) ਇਸ ਪ੍ਰਾਜੈਕਟ ਤੇ ਕੁੱਲ ਕਿੰਨਾ ਖਰਚ ਕੀਤਾ ਗਿਆ ਅਤੇ ਕੀ ਇਹ ਚਾਲੂ ਹਾਲਤ ਵਿਚ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

ਸ਼੍ਰੀ ਸੱਜਨ ਕੁਮਾਰ ਜਾਖੜ (ਸਹਿਕਾਰਤਾ ਅਤੇ ਸਿੰਚਾਈ ਮੰਤਰੀ) :(ੳ) ਹਾਂ ਜੀ ।

(ਅ) ਸਾਲ 1989-90 ਅਤੇ 1994-95 ਦੌਰਾਨ ਦੋ ਉਠਾਵੀਆਂ ਸਿੰਚਾਈ ਸਕੀਮਾਂ ਚਾਲੂ ਕੀਤੀਆਂ ਗਈਆਂ । ਇਨ੍ਹਾਂ ਤੋਂ 2040 ਏਕੜ ਰਕਬੇ ਦੀ ਸਿੰਚਾਈ ਕੀਤੀ ਜਾਂਦੀ ਹੈ ;

(ਏ) ਇਨ੍ਹਾਂ ਸਕੀਮਾਂ ਤੇ ਕੁੱਲ 131.60 ਲੱਖ ਰੁਪਏ ਖਰਚ ਹੋਏ ਹਨ ਅਤੇ ਇਹ ਦੋਵੇਂ ਸਕੀਮਾਂ ਚਾਲੂ ਹਾਲਤ ਵਿੱਚ ਹਨ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹਾਂਗਾ ਕਿ ਇਹ ਸਕੀਮ ਜਿਹੜੀ ਪਿਛਲੇ ਸਾਲ ਵੀ ਇਸ ਸਦਨ ਵਿਚ ਦੱਸਿਆ ਗਿਆ ਸੀ ਕਿ ਕਮਿਸ਼ਨ ਹੋ ਚੱਕੀ ਹੈ, ਕਿਸ ਤਰੀਕ ਤੋਂ ਉਥੇ ਕਿਸਾਨਾਂ ਨੂੰ ਪਾਣੀ ਦੇਣਾ ਸ਼ੁਰੂ ਕੀਤਾ ਗਿਆ ਹੈ ?

ਸਹਿਕਾਰਤਾ ਅਤੇ ਸਿੰਚਾਈ ਮੰਤਰੀ : ਮਿਤੀ 24 ਫ਼ਰਵਰੀ, 1995 ਤੋਂ ਸ਼ੁਰੂ ਹੋਈ ਹੈ । ਇਹ ਦੂਜੀ ਸਕੀਮ ਦੀ ਤਰੀਕ ਹੈ ।

ਸ਼੍ਰੀ ਮਦਨ ਮੋਹਨ ਮਿੱਤਲ ਮੈਂ ਇਸ ਗੱਲ ਦਾ ਧੰਨਵਾਦੀ ਹਾਂ ਕਿ ਸਰਕਾਰ ਨੇ ਸਕੀਮ ਚਾਲੂ ਕਰ ਦਿੱਤੀ ਹੈ । ਚਲੋ, ਦੇਰ ਆਏ, ਦਰੁਸਤ ਆਏ । ਪਹਿਲਾਂ ਤਾਂ ਇਨ੍ਹਾਂ ਨੂੰ ਇਕ ਸਾਲ ਉਦਘਾਟਨ ਕਰਨ ਦਾ ਟਾਈਮ ਹੀ ਨਹੀਂ ਲੱਗਿਆ । ਖ਼ੈਰ, ਮੇਰਾ ਦੂਜਾ ਪ੍ਰਸ਼ਨ ਇਹ ਹੈ ਕਿ ਕੀ ਮੰਤਰੀ ਜੀ ਯਕੀਨ ਦਿਲਾਣਗੇ ਕਿ ਇਸ ਹਾਊਸ ਦੇ ਅੰਦਰ ਜਿਹੜੇ ਅੱਠ ਪਿੰਡਾਂ ਦੀ ਜ਼ਮੀਨ ਵਾਸਤੇ ਸਕੀਮ ਚਾਲੂ ਕੀਤੀ ਗਈ ਹੈ ਉਸ ਵਿਚ ਉਨ੍ਹਾਂ ਦੀ ਸਾਰੀ ਜ਼ਮੀਨ ਕਵਰ ਨਹੀਂ ਹੁੰਦੀ । ਕੀ ਜਿਹੜੀ ਉਨ੍ਹਾਂ ਦੀ ਬਾਕੀ ਰਹਿੰਦੀ ਜ਼ਮੀਨ ਹੈ, ਕੀ ਉਸ ਜ਼ਮੀਨ ਨੂੰ ਕਵਰ ਕਰਨਗੇ ।

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡ ਜ਼ਰੀਏ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸਕੀਮ 8 ਪਿੰਡਾਂ ਵਾਸਤੇ ਲਾਗੂ ਹੋਈ ਹੈ ਅਤੇ ਇਨ੍ਹਾਂ ਨੂੰ ਹੀ ਫੀਡ ਕਰੇਗੀ । ਬਾਕੀ ਕੋਈ ਨਵੀਂ ਸਕੀਮ ਹੈ ਤਾਂ ਪਹਿਲਾਂ ਉਸ ਦੀ ਪਰਪੋਜ਼ਲ ਬਣੇਗੀ, ਇਨਵੈਸਟੀਗੇਸ਼ਨ ਸਕੀਮ ਤਿਆਰ ਹੋਵੇਗੀ, ਉਸ ਤੋਂ ਬਾਅਦ ਸ਼ੁਰੂ ਹੋ ਜਾਵੇਗੀ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਮਦਨ ਮੋਹਨ ਮਿੱਤਲ: ਸਰ, ਮੇਰਾ ਸਪਲੀਮੈਂਟਰੀ....

ਸ਼੍ਰੀ ਸਪੀਕਰ: ਉਨ੍ਹਾਂ ਨੇ ਬੜਾ ਕਲੀਅਰ ਜਵਾਬ ਦੇ ਦਿੱਤਾ ਹੈ।

Mr. Madan Mohan Mittal: Not at all. ਸਪੀਕਰ ਸਾਹਿਬ, ਮੇਰਾ ਤਾਂ ਕੇਵਲ ਸਪਲੀਮੈਂਟਰੀ ਇੰਨਾ ਹੈ ਕਿ ਜਿਥੇ ਸਕੀਮ ਚਾਲੂ ਕੀਤੀ ਹੈ ਉਨ੍ਹਾਂ ਪਿੰਡਾਂ ਦੀ ਹੀ ਸਾਰੀ ਜ਼ਮੀਨ ਇਸ ਵਿਚ ਕਵਰ ਨਹੀਂ ਹੁੰਦੀ। ਮੈਂ ਕੋਈ ਨਵੇਂ ਪਿੰਡ ਜੋੜਨ ਬਾਰੇ ਨਹੀਂ ਕਹਿ ਰਿਹਾ। ਜਿਹੜੀ ਉਨ੍ਹਾਂ ਪਿੰਡਾਂ ਦੀ ਜ਼ਮੀਨ ਕਵਰ ਹੋਣੋਂ ਰਹਿ ਗਈ ਹੈ, ਉਸ ਦੇ ਬਾਰੇ ਜਾਣਨਾ ਚਾਹੁੰਦਾ ਹਾਂ।

ਮੰਤਰੀ: ਸਪੀਕਰ ਸਾਹਿਬ, ਮੈਂ ਮਾਨਯੋਗ ਐਮ.ਐਲ.ਏ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਸਤਾਰਾਂ ਸੌ ਏਕੜ ਰਕਬਾ ਫੀਡ ਕਰਦੇ ਹਾਂ ਅੱਗੇ ਫਾਲਤੂ ਰਕਬਾ ਫੀਡ ਨਹੀਂ ਕਰ ਸਕਦੇ। ਜਦੋਂ ਇਨ੍ਹਾਂ ਦੀ ਕਪੈਸਿਟੀ ਵਧੇਗੀ ਤਾਂ ਉਸ ਨੂੰ ਵੀ ਵਧਾ ਦੇਵਾਂਗੇ।

ਉੱਨਤ ਗ੍ਰਾਮ ਸਕੀਮ

*2435. **ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਉੱਨਤ ਗ੍ਰਾਮ ਸਕੀਮ ਅਧੀਨ ਹੁਣ ਤੱਕ ਆਏ ਪਿੰਡਾਂ ਦੀ ਗਿਣਤੀ ਕਿੰਨੀ ਹੈ;

(ਅ) ਵੱਖ ਵੱਖ ਸਾਲਾਂ 1993-94 ਅਤੇ 1994-95 ਦੌਰਾਨ, ਜ਼ਿਲ੍ਹੇਵਾਰ ਉੱਨਤ ਗ੍ਰਾਮ ਸਕੀਮ ਅਧੀਨ ਚੁਣੇ ਗਏ ਪਿੰਡਾਂ ਦੀ ਗਿਣਤੀ ਕਿੰਨੀ ਹੈ ?

Chief Parliamentary Secretary (Shri Santokh Singh Chaudhary)

(a) 10156 Villages.

(b) The Statement is laid on the Table of the House.

Original with;
Punjab Vidhan Sabha
Digitized by;
Panjab Digital Library

Statement

UNNAT GRAM SCHEME

Sr. No.	Name of District	Villages covered in 1993-94	Villages covered in 1994-95
1	2	3	4
1.	Amritsar ..	359	89
2.	Bathinda ..	163	22
3.	Faridkot .	500	52
4.	Fatehgarh Sahib ..	255	145
5.	Ferozepur ..	261	163
6.	Gurdaspur ..	789	512
7.	Hoshiarpur ..	568	897
8.	Jallandhar ..	263	321
9.	Kapurthala ..	327	120
10.	Ludhiana ..	291	81
11.	Mansa ..	87	5
12.	Patiala ..	635	277
13.	Ropar ..	169	162
14.	Sangrur ..	195	71
	Total ..	4,862	2,917

Original with;
Punjab Vidhan Sabha
Digitized by;
Punjab Digital Library

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਅਤੇ ਸੀ. ਪੀ. ਐਸ. ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਡਿਸਟ੍ਰਿਕਟ ਗੁਰਦਾਸਪੁਰ ਵਿੱਚ ਜ਼ਿਆਦਾ ਤੋਂ ਜ਼ਿਆਦਾ ਪਿੰਡ ਉਨਤ ਗਰਾਮ ਸਕੀਮ ਅਧੀਨ ਲਿਆਂਦੇ ਹਨ । ਇਸ ਦੇ ਨਾਲ ਹੀ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਪਿੰਡ ਬਕਾਇਆ ਹਨ ਜਿਨ੍ਹਾਂ ਪਿੰਡਾਂ ਦੇ ਐਸਟੀਮੇਟ ਗਲਤ ਬਣ ਗਏ ਹਨ, ਕੀ ਉਨ੍ਹਾਂ ਨੂੰ ਦਬਾਰਾ ਬਣਾਉਣਗੇ ?

ਮੁੱਖ ਸੰਸਦੀ ਸਕੱਤਰ ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਉਨਤ ਗਰਾਮ ਸਕੀਮ ਬਣਾਈ ਹੈ ਅੱਰ ਇਹ ਬੜੀ ਅੱਛੀ ਸਕੀਮ ਹੈ । ਪੰਜਾਬ ਦੇ 12,342 ਪਿੰਡਾਂ ਵਿੱਚੋਂ ਸਿਰਫ 1,115 ਪਿੰਡ ਉਨਤ ਗਰਾਮ ਸਕੀਮ ਹੇਠ ਆਉਣੇ ਰਹਿ ਗਏ ਹਨ ਅੱਰ 31 ਮਾਰਚ ਤੋਂ ਪਹਿਲੇ ਪਹਿਲੇ ਇਹ ਸਾਰੇ ਪਿੰਡ ਕੱਵਰ ਕਰ ਲਏ ਜਾਣਗੇ । ਜਿੱਥੋਂ ਤੱਕ ਮੈਂਬਰ ਸਾਹਿਬ ਨੇ ਐਸਟੀਮੇਟ ਦੀ ਗੱਲ ਕੀਤੀ ਹੈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਪੈਸਫਿਕ ਤੁੱਸ ਦੇਣ । ਅਸੀਂ ਐਗਜ਼ਾਮਿਨ ਕਰਕੇ ਰਿਵਾਈਜ਼ਡ ਕਰ ਦੇਵਾਂਗੇ ।

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, ਉਨਤ ਗਰਾਮ ਸਕੀਮ ਤਹਿਤ ਸੈਂਨੀਟੇਸ਼ਨ ਕੰਪੋਨੈਂਟ ਆਉਂਦਾ ਹੈ । ਜਿਸ ਤਰ੍ਹਾਂ ਜੰਗੀ ਪੱਧਰ ਤੇ ਪਿੰਡ ਉਨਤ ਗਰਾਮ ਸਕੀਮ ਹੇਠ ਲਿਆਂਦੇ ਹਨ ਅੱਰ ਸਿਰਫ 1,115 ਪਿੰਡ ਬਾਕੀ ਰਹਿ ਗਏ ਹਨ, ਕੀ ਉਸੀ ਤਰ੍ਹਾਂ ਜੰਗੀ ਪੱਧਰ ਤੇ ਸੈਨੀਟੇਸ਼ਨ ਕੰਪੋਨੈਂਟ ਦਾ ਕੰਮ ਸ਼ੁਰੂ ਕਰਨਗੇ ਅਤੇ ਤਾਰੀਖ ਨਿਸ਼ਚਿਤ ਕਰਨਗੇ ?

ਮੁਖ ਸੰਸਦੀ ਸਕੱਤਰ ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਜੀ ਨੇ ਸੈਨੀਟੇਸ਼ਨ ਦਾ ਪੰਜਵਾਂ ਕੰਪੋਨੈਂਟ ਐਡ ਕੀਤਾ ਹੈ । ਚਾਲੂ ਸਾਲ ਦੌਰਾਨ ਇਸ ਵਾਸਤੇ ਵੀਹ ਕਰੋੜ ਰੁਪਿਆ ਰੱਖਿਆ ਗਿਆ ਹੈ ਅੱਰ ਪੰਜਾਹ ਹਜ਼ਾਰ ਯੂਨਿਟ ਇਸ ਚਾਲੂ ਸਾਲ ਦੌਰਾਨ ਮੁਹੱਈਆ ਕਰਾਂਗੇ ।

ਮਾਹਰ ਡਾਕਟਰਾਂ ਨੂੰ ਦਿਹਾਤੀ ਡਿਸਪੈਂਸਰੀਆਂ ਵਿਖੇ ਨਿਯਤ ਦਿਨਾਂ ਤੇ ਭੇਜਣਾ

*2434. **ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ** . ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਰਾਜ ਦੇ ਦਿਹਾਤੀ ਇਲਾਕਿਆਂ ਵਿਚ ਸਥਿਤ ਡਿਸਪੈਂਸਰੀਆਂ ਵਿਚ ਮਾਹਰਾਂ ਨੂੰ ਜਿਵੇਂ ਕਿ ਅੱਖਾਂ ਦੇ ਮਾਹਰ, ਈ.ਐਨ.ਟੀ. ਮਾਹਰਾਂ ਅਤੇ ਹੱਡੀਆਂ ਦੇ ਸਰਜਨਾਂ ਆਦਿ ਨੂੰ ਨਿਸ਼ਚਿਤ ਦਿਨਾਂ ਤੇ ਭੇਜੇ ਜਾਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ?

Sardar Harcharan Singh Brar : No such proposal is under consideration please.

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ ਸਪੀਕਰ ਸਾਹਿਬ, ਸਰਕਾਰ ਨੇ ਪਿੰਡਾਂ ਵਿੱਚ ਜੋ ਡਿਸਪੈਂਸਰੀਆਂ ਖੋਲੀਆਂ ਹਨ, ਉਥੇ ਡਾਕਟਰਾਂ ਦੀ ਅਟੈਂਡੈਂਸ ਪਰਾਪਰ ਨਹੀਂ ਹੈ । ਕੀ ਮੰਤਰੀ ਜੀ ਡੇਟ ਫਿਕਸ ਕਰਨਗੇ ਕਿ ਉਥੇ ਡਾਕਟਰ ਭੇਜ ਦਿੱਤੇ ਜਾਣਗੇ ਤਾਂ ਕਿ ਲੋਕਾਂ ਨੂੰ ਮੈਡੀਸਨ ਠੀਕ ਤਰ੍ਹਾਂ ਪਹੁੰਚ ਸਕੇ ?

Original with;
Punjab Vidhan Sabha
Digitized by;
Punjab Digital Library

ਮੰਤਰੀ: ਸਪੀਕਰ ਸਾਹਿਬ, ਅਸੀਂ ਆਈਜ਼ ਵਾਸਤੇ ਟੀਮਾਂ ਬਣਾਈਆਂ ਹਨ ਅਤੇ ਆਰਗੇਨਾਈਜ਼ੇਸ਼ਨਾਂ ਵੀ ਹਨ ਜੋ ਪਿੰਡਾਂ ਵਿੱਚ ਜਾਂਦੀਆਂ ਹਨ । ਜਦੋਂ ਉਨ੍ਹਾਂ ਦਾ ਕਮ ਖਤਮ ਹੋ ਜਾਂਦਾ ਹੈ ਤਾਂ ਵਾਪਸ ਆ ਜਾਂਦੀਆਂ ਹਨ ।

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਸਾਰੀਆਂ ਪ੍ਰਾਈਵੇਟ ਸੰਸਥਾਵਾਂ ਹਨ ਅੰਰ ਚੈਰੀਟੇਬਲ ਵਾਲੇ ਡਾਕਟਰ ਨੂੰ ਰੀਕੁਐਸਟ ਕਰਕੇ ਲਿਆਉਂਦੇ ਹਨ ਅੰਰ ਕੈਂਪਸ ਲਗਾਉਂਦੇ ਹਨ । ਗੌਰਮਿੰਟ ਲੈਵਲ ਤੇ ਨਾ ਤਾਂ ਕੋਈ ਆਈਜ਼ ਦਾ ਕੈਂਪ ਲਗਾਇਆ ਜਾਂਦਾ ਹੈ ਅਤੇ ਨਾ ਹੀ ਕਈ ਹੋਰ । ਕੀ ਇਹ ਗੌਰਮਿੰਟ ਲੈਵਲ ਤੇ ਡਾਕਟਰ ਮੁਹੱਈਆ ਕਰਨਗੇ, ਕਿਉਂਕਿ ਗੌਰਮਿੰਟ ਲੈਵਲ ਤੇ ਕੈਂਪ ਚਾਹੀਦਾ ਹੈ ?

ਸ਼੍ਰੀ ਸਪੀਕਰ. ਤੁਸੀਂ ਕਝ ਪੁੱਛਿਆ ਤਾਂ ਹੈ ਨਹੀਂ । ਸਿਰਫ ਇਹ ਕਹਿ ਰਹੇ ਹੋ ਕਿ 'ਚਾਹੀਦਾ ਹੈ ।'

ਰਾਜ ਵਿਚ ਆਯੁਰਵੈਦਿਕ ਕਾਲਜ

*2607. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਜਿਹੇ ਪ੍ਰਾਈਵੇਟ ਕਾਲਜਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਦਵਾਈਆਂ ਦੀ ਆਯੁਰਵੈਦਿਕ ਪ੍ਰਣਾਲੀ ਦੇ ਅਧਿਐਨ ਲਈ ਕੋਰਸ ਚਲਾਉਂਦੇ ਹਨ ਅਤੇ ਇਹ ਕਿਸ ਕਿਸ ਥਾਂ ਤੇ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕਾਲਜਾਂ ਵਿਚੋਂ ਅਜਿਹੇ ਕਾਲਜਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨਾਲ ਹਸਪਤਾਲ ਸਬੰਧਤ ਹਨ;

(ੲ) ਕੀ ਕੋਈ ਅਜਿਹੇ ਕਾਲਜ ਹਨ ਜਿਨ੍ਹਾਂ ਨਾਲ ਹਸਪਤਾਲ ਸਬੰਧਤ ਨਹੀਂ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਸਥਿਤੀ ਵਿਚ ਸੁਧਾਰ ਲਿਆਉਣ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ?

Sardar Harcharan Singh Brar: (a) At present there are three Private Colleges in the State which offer courses for the study of Ayurvedic System of Medicine and they are located at the following places :—

1. S.S.M.D. Ayurvedic College, Moga, District Faridkot.
2. Daya Nand Ayurvedic College, Jalandhar (Proper).

Original with;
Punjab Vidhan Sabha
Digitized by;
Panjab Digital Library

[Health and Family Welfare Minster]

3. Shri Laxmi Narayan Ayurvedic College, Amritsar (Proper).

(b) All the above three Colleges have Hospitals attached to them.

(c) There is no such College which does not have an attached Hospital.

Mr. Speaker Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਦੂਜੇ ਕੰਮਾਂ ਤੇ ਲਗਾਏ ਗਏ ਅਧਿਆਪਕਾਂ ਦੇ ਬਦਲਵੇਂ ਸਿੱਖਿਅਕ ਅਮਲੇ ਦਾ ਪ੍ਰਬੰਧ

*2608. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**, ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਵਿਚ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਅਤੇ ਲੈਕਚਰਾਰਾਂ ਨੂੰ ਕਈ ਵਾਰ ਪੜ੍ਹਾਉਣ ਤੋਂ ਇਲਾਵਾ ਦੂਜੇ ਕੰਮਾਂ ਤੇ ਲਗਾਇਆ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਦੂਜੇ ਕੰਮਾਂ ਲਈ ਅਜਿਹੇ ਸਿੱਖਿਅਕ ਅਮਲੇ ਨੂੰ ਇਕ ਸਾਲ ਵਿਚ ਕਿੰਨੇ ਦਿਨ ਸਕੂਲਾਂ ਤੋਂ ਬਾਹਰ ਰਹਿਣਾ ਪੈਂਦਾ ਹੈ;

(ੲ) ਕੀ ਅਧਿਆਪਕਾਂ ਨੂੰ ਜਦੋਂ ਸਕੂਲਾਂ ਤੋਂ ਬਾਹਰ ਦੂਜੇ ਕੰਮ ਤੇ ਲਗਾਇਆ ਜਾਂਦਾ ਹੈ ਤਾਂ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਕੋਈ ਬਦਲਵੇਂ ਪ੍ਰਬੰਧ ਕੀਤੇ ਜਾਂਦੇ ਹਨ; ਜੇਕਰ ਅਜਿਹਾ ਹੈ, ਤਾਂ ਉਸਦੇ ਵੇਰਵੇ ਕੀ ਹਨ ?

ਸਰਦਾਰ ਲਖਮੀਰ ਸਿੰਘ ਰੰਧਾਵਾ : (ੳ) ਸਰਕਾਰੀ ਸਕੂਲਾਂ ਦੇ ਅਧਿਆਪਕਾਂ ਅਤੇ ਲੈਕਚਰਾਰਾਂ ਦੀ ਪੜ੍ਹਾਉਣ ਤੋਂ ਇਲਾਵਾ ਲੋਕ ਹਿੱਤ ਵਿੱਚ ਹੇਠ ਲਿਖੇ ਕੰਮਾਂ ਤੇ ਵੀ ਡਿਊਟੀ ਲਗਾਈ ਜਾਂਦੀ ਹੈ :-

1 ਜਨ-ਗਣਨਾ

2. ਚੋਣਾਂ

3. ਫਲੱਡ ਰਲੀਫ਼

4. ਵੋਟਰ ਸ਼ਨਾਖਤੀ ਕਾਰਡ

Original with;
Punjab Vidhan Sabha
Digitized by;
Punjab Digital Library

(ਅ) ਸਰਕਾਰੀ ਸਕੂਲਾਂ ਦੇ ਅਧਿਆਪਕਾਂ ਅਤੇ ਲੈਕਚਰਾਰਾਂ ਦੀਆਂ ਡਿਊਟੀਆਂ ਉਪਰੋਕਤ ਕੰਮਾਂ ਲਈ ਹਰ ਸਾਲ ਨਹੀਂ ਲਗਦੀਆਂ । ਜਨ-ਗਣਨਾ ਦਾ ਕੰਮ 10 ਸਾਲ ਬਾਅਦ ਹੁੰਦਾ ਹੈ । ਚੋਣਾਂ ਵਿੱਚ ਡਿਊਟੀ ਅਧਿਆਪਕਾਂ ਨੂੰ ਨਿਰਧਾਰਤ ਸਮੇਂ ਉਪਰੰਤ ਹੀ ਦੇਣੀ ਪੈਂਦੀ ਹੈ । ਇਸ ਸਾਲ ਰਾਜ ਵਿੱਚ ਹੜ੍ਹ ਨਹੀਂ ਆਏ । ਕੇਵਲ ਵੋਟਰ ਸ਼ਨਾਖਤੀ ਕਾਰਡ ਬਨਾਉਣ ਦਾ ਹੀ ਕੰਮ ਰਾਜ ਵਿੱਚ ਚੱਲ ਰਿਹਾ ਹੈ । ਸਾਲ ਵਿੱਚ ਕੁਝ ਅਧਿਆਪਕਾਂ ਨੂੰ ਪੜ੍ਹਾਉਣ ਤੋਂ ਇਲਾਵਾ ਹੋਰ ਡਿਊਟੀਆਂ ਤੇ ਸਾਲ ਵਿੱਚ ਲੱਗਭਗ 7-10 ਦਿਨਾਂ ਲਈ ਹੀ ਲਾਇਆ ਜਾਂਦਾ ਹੈ ।

(ਏ) ਇੱਕ ਕਲਾਸ ਦੇ ਸੈਕਸ਼ਨਾਂ ਨੂੰ ਇਕੱਠਾ ਕਰਨਾ, ਪੜ੍ਹਾਉਣ ਦਾ ਕੰਮ ਦੂਜੇ ਅਧਿਆਪਕਾਂ ਵਿੱਚ ਵੰਡ ਕੇ ਚਲਾਉਣਾ ਆਦਿਕ ਬਦਲਵੇਂ ਪ੍ਰਬੰਧ ਕੀਤੇ ਜਾਂਦੇ ਹਨ ਤਾਂ ਜੋ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ ।

ਅੱਤਵਾਦ ਤੋਂ ਪ੍ਰਭਾਵਤ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਸਿੱਖਿਆ ਦੇਣਾ

*2482. **ਸਰਦਾਰ ਧਨਵੰਤ ਸਿੰਘ** : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਅੱਤਵਾਦ ਤੋਂ ਪ੍ਰਭਾਵਤ ਪਰਿਵਾਰਾਂ ਦੇ ਬੱਚਿਆਂ ਨੂੰ ਕਾਲਜ ਪੱਧਰ ਤੱਕ ਮੁਫਤ ਸਿੱਖਿਆ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਨਹੀਂ ਤਾਂ ਉਸਦੇ ਕਾਰਣ ਕੀ ਹਨ ?

ਸਰਦਾਰ ਲਖਮੀਰ ਸਿੰਘ ਰੰਧਾਵਾ : ਅੱਤਵਾਦ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਬੱਚਿਆਂ ਨੂੰ ਯੂਨੀਵਰਸਿਟੀ ਪੱਧਰ ਤੱਕ ਰਾਜ ਵਿੱਚ ਮੁਫਤ ਸਿੱਖਿਆ ਪਹਿਲਾ ਹੀ ਦਿੱਤੀ ਜਾ ਰਹੀ ਹੈ ।

ਅੱਤਵਾਦ ਤੋਂ ਪ੍ਰਭਾਵਤ ਪਰਿਵਾਰਾਂ ਨੂੰ ਰਾਹਤ

*2481. **ਸਰਦਾਰ ਧਨਵੰਤ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਰਾਜ ਵਿਚ ਅੱਤਵਾਦ ਤੋਂ ਪ੍ਰਭਾਵਤ ਲੋਕਾਂ ਨੂੰ ਇਸ ਸਮੇਂ ਸਰਕਾਰ ਦੁਆਰਾ ਦਿੱਤੀ ਜਾ ਰਹੀ ਰਾਹਤ ਦੇ ਵੇਰਵੇ ਕੀ ਹਨ;

(ਅ) ਸਾਲਾਂ 1992-93, 1993-94 ਅਤੇ 1994-95 ਦੌਰਾਨ ਇਸ ਮੰਤਵ ਲਈ ਸਾਲ-ਵਾਰ ਕੁੱਲ ਕਿੰਨੀ ਰਕਮ ਖ਼ਰਚ ਕੀਤੀ ਗਈ ?

ਸਰਦਾਰ ਬੇਅੰਤ ਸਿੰਘ (ੳ) ਅਤੇ (ਅ) ਸਹਾਇਤਾ ਪੈਕੇਜ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

ਅਨੁਲੱਗ 1

ਅੱਤਵਾਦੀ ਹਿੰਸਾ ਤੋਂ ਪ੍ਰਭਾਵਿਤ ਹੋਏ ਵਿਅਕਤੀਆਂ ਦੀ ਸਹਾਇਤਾ ਦਾ ਪੈਕੇਜ਼

ਲੜੀ ਨੰ:	ਸਹਾਇਤਾ ਦੀ ਮੱਦ	ਇਸ ਸਮੇਂ ਦਿੱਤੀ ਜਾਂਦੀ ਸਹਾਇਤਾ ਰੁਪਏ
1	2	3
1.	**ਸਹਾਇਤਾ ਰਾਸ਼ੀ**	
	(ੳ) ਮੌਤ ਕਾਰਨ :—	
	(1) ਨਿਰਦੋਸ਼ ਨਾਗਰਿਕ	1,00,000/-
	(2) ਸਪੈਸ਼ਲ ਪੁਲਿਸ ਅਫਸਰ/ ਹੋਮ ਗਾਰਡਜ਼	2,00,000/-
	(ਅ) ਵਜ਼ੀਫੇ ਦੇ ਤੌਰ ਤੇ:—	
	(1) ਸਕੂਲ ਪੜ੍ਹਦੇ ਬੱਚੇ	300/- ਪ੍ਰਤੀ ਮਹੀਨਾ
	(2) ਕਾਲਜ ਪੜ੍ਹਦੇ ਬੱਚੇ	500/- ਪ੍ਰਤੀ ਮਹੀਨਾ
	(ੲ) ਜ਼ਖਮੀ ਵਿਅਕਤੀਆਂ ਦੀ ਸਹਾਇਤਾ :—	
	(1) ਜੇ ਨਕਾਰਾਪਨ ਸਦਾ ਲਈ 25 ਪ੍ਰਤੀਸ਼ਤ ਦੀ ਸੁਰਤ ਵਿਚ	5,000/-
	(2) ਜੇ ਨਕਾਰਾਪਨ ਸਦਾ ਲਈ 25 ਪ੍ਰਤੀਸ਼ਤ ਤੋਂ ਵੱਧ ਅਤੇ 50 ਪ੍ਰਤੀਸ਼ਤ ਤੱਕ ਹੋਵੇ	10,000/-
	(3) ਜੇ ਸਦਾ ਲਈ ਨਕਾਰਾਪਣ 50 ਪ੍ਰਤੀਸ਼ਤ ਤੋਂ ਵਧ ਹੋਵੇ ਅਤੇ 100 ਪ੍ਰਤੀਸ਼ਤ ਤੋਂ ਘੱਟ ਹੋਵੇ	20,000/-

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਸਹਾਇਤਾ ਦੀ ਮੱਦ	ਇਸ ਸਮੇਂ ਦਿੱਤੀ ਜਾਂਦੀ ਸਹਾਇਤਾ ਰੁਪਏ
1	2	3
	(4) ਸਦਾ ਲਈ 100 ਪ੍ਰਤੀਸ਼ਤ ਨਕਾਰਾਪਨ ..	50,000/-
	ਬਾਹਰੀ ਪ੍ਰਵਾਸੀਆਂ ਜੋ ਪੰਜਾਬ ਤੋਂ ਦਿੱਲੀ ਅਤੇ ਭਾਰਤ ਦੇ ਹੋਰ ਰਾਜਾਂ ਵਿਚ ਪ੍ਰਵਾਸ ਕਰਕੇ ਗਏ ਸਨ, ਦੀ ਵਾਪਿਸੀ ਖਾਤਿਰ	
	ਪ੍ਰਵਾਸ ਦਾ ਸਮਾਂ	
	(1) 1.1.1986 ਤੋਂ 30.4.1988 ਦੇ ਦੌਰਾਨ ..	5,000/-
	(2) 1.5.1988 ਤੋਂ ਅੱਗੇ ਤੱਕ ..	2,000/-
	(ਹ) ਅੰਦਰੂਨੀ ਪ੍ਰਵਾਸੀਆਂ ਨੂੰ ਸਹਾਇਤਾ ਰਾਸ਼ੀ ..	2,000/-
2.	**ਵਿਆਹੁਤਾ ਗਰਾਂਟ**	
	1. ਮ੍ਰਿਤਕ ਦੀ ਹਰੇਕ ਧੀ/ਆਸ਼ਰਿਤ ਭੈਣ ਦੀ ਸ਼ਾਦੀ ਦੇ ਮੌਕੇ ਤੇ ..	10,000/-
	2. ਸਦਾ ਲਈ 100 ਪ੍ਰਤੀਸ਼ਤ ਨਕਾਰਾ ਹੋਏ ਵਿਅਕਤੀਆਂ ਦੀ ਲੜਕੀ/ਆਸ਼ਰਿਤ ਭੈਣ ਦੀ ਸ਼ਾਦੀ ਦੇ ਮੌਕੇ ਤੇ ..	10,000/-
3.	**ਗੁਜ਼ਾਰਾ ਭੱਤਾ ਦੇ ਤੌਰ ਤੇ**	
	(1) ਵਿਧਵਾਵਾਂ ..	1,500/- ਪ੍ਰਤੀ ਮਹੀਨਾ
	(2) ਆਸ਼ਰਿਤ ਮਾਂ ਬਾਪ	
	ਜੇਕਰ ਉਨ੍ਹਾਂ ਦਾ ਇਕਲੌਤਾ ਪੁੱਤਰ ਜਾਂ ਸਾਰੇ ਪੁੱਤਰ ਮਾਰੇ ਜਾਣ ..	1,500/- ਪ੍ਰਤੀ ਮਹੀਨਾ
	ਅਤੇ	
	ਜੇਕਰ ਉਨ੍ਹਾਂ ਦਾ ਕੋਈ ਹੋਰ ਪੁੱਤਰ ਜਿਉਂਦਾ ਹੋਵੇ ..	300/- ਪ੍ਰਤੀ ਮਹੀਨਾ

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਸਹਾਇਤਾ ਦੀ ਮੱਦ	ਇਸ ਸਮੇਂ ਦਿੱਤੀ ਜਾਂਦੀ ਸਹਾਇਤਾ ਰੁਪਏ
1	2	3
	(3) ਯਤੀਮ/ਨਿਆਸਰਾ/ਸਦਾ ਲਈ 100 ਪ੍ਰਤੀਸ਼ਤ ਨਕਾਰਾ ਹੋਏ	.. 1,000/- ਪ੍ਰਤੀ ਮਹੀਨਾ
	(4) ਵਿਧਵਾ ਮਾਤਾ ਦੇ ਬੱਚੇ ਜੋ ਆਪਣੇ ਪਤੀ ਦੀ ਮੌਤ ਕਰਕੇ ਗੁਜ਼ਾਰਾ ਭੱਤਾ ਪ੍ਰਾਪਤ ਕਰ ਰਹੀ ਸੀ, ਦੀ ਕੁਦਰਤੀ ਮੌਤ ਹੋ ਜਾਣ ਤੇ	.. 1,000/- ਪ੍ਰਤੀ ਮਹੀਨਾ
	(5) ਵਿਧਵਾ ਵਲੋਂ ਦੁਬਾਰਾ ਸ਼ਾਦੀ ਕਰ ਲਏ ਜਾਣ ਤੇ ਜਾਂ ਹੋਰ ਕਾਰਨਾਂ ਕਰਕੇ ਬੱਚੇ ਛਡੇ ਜਾਣ ਦੀ ਸੂਰਤ ਵਿਚ ਬੱਚਿਆਂ ਨੂੰ	.. 1,000/- ਪ੍ਰਤੀ ਮਹੀਨਾ
4.	**ਕਿਰਾਇਆ ਭੱਤਾ**	
	(1) ਬਾਹਰੀ ਪ੍ਰਵਾਸੀ (ਪੰਜਾਬ ਵਾਪਿਸ ਆਉਂਦੇ ਤੇ)	.. 300/- ਪ੍ਰਤੀ ਮਹੀਨਾ
	(2) ਅੰਦਰੂਨੀ ਪ੍ਰਵਾਸੀ (ਪ੍ਰਵਾਸ ਕਰਨ ਤੇ)	.. 300/- ਪ੍ਰਤੀ ਮਹੀਨਾ
5.	**ਘਾਟਾ/ਨੁਕਸਾਨ ਦਾ ਮੁਆਵਜਾ**	
	(1) ਚੱਲ/ਅਚੱਲ ਜਾਇਦਾਦਾਂ ਦੇ ਨੁਕਸਾਨ ਦਾ 50 ਪ੍ਰਤੀਸ਼ਤ ਦੀ ਦਰ ਨਾਲ ਵੱਧ ਤੋਂ ਵੱਧ	.. 1,00,000/-
	(2) ਘਰੇਲੂ ਸਾਮਾਨ ਦੇ ਲਈ ਵੱਧ ਤੋਂ ਵੱਧ	.. 50,000/-
6.	**ਬੈਂਕ ਕਰਜ਼ੇ**	
	ਵਿਧਵਾਵਾਂ ਲਈ ਪਨਵੈਕ ਵਲੋਂ	.. 25,000/- ਤੱਕ ਸਮੇਤ ਆਂਸ਼ਿਕ ਸਬਸਿਡੀ 25 ਪ੍ਰਤੀਸ਼ਤ ਤੋਂ 40 ਪ੍ਰਤੀਸ਼ਤ ਦੀ ਦਰ ਨਾਲ ਜੋ ਰੁਪਏ 5,000/- ਤੀਕ ਹੈ।

Original with;
Punjab Vidhan Sabha
Digitized by;
Punjab Digital Library

ਲੜੀ ਨੰ:	ਸਹਾਇਤਾ ਦੀ ਮੱਦ	ਇਸ ਸਮੇਂ ਦਿੱਤੀ ਜਾਂਦੀ ਸਹਾਇਤਾ ਰਪਏ
1	2	3
7.	**ਰੋਜ਼ਗਾਰ**	
	(1) ਮ੍ਰਿਤਕ ਵਿਅਕਤੀ ਤੇ ਆਸ਼ਰਿਤ ਪਰਿਵਾਰ ਦੇ ਇਕ ਮੈਂਬਰ ਨੂੰ ਪਹਿਲ ਦੇ ਆਧਾਰ ਤੇ ਨੌਕਰੀ ਦਿੱਤੀ ਜਾਂਦੀ ਹੈ,	
	(2) 100 ਪ੍ਰਤੀਸ਼ਤ ਸਦਾ ਲਈ ਨਕਾਰਾ ਹੋਏ ਵਿਅਕਤੀਆਂ ਤੇ ਆਸ਼ਰਿਤ ਪਰਿਵਾਰ ਦੇ ਮੈਂਬਰ ਨੂੰ ਪਹਿਲ ਦੇ ਅਧਾਰ ਤੇ ਨੌਕਰੀ ਦਿੱਤੀ ਜਾਂਦੀ ਹੈ ।	
8.	**ਵਿਦਿਆ**	
	ਨਿਰਦੇਸ਼ ਵਿਅਕਤੀ ਦੇ ਮਾਰੇ ਜਾਣ ਤੇ/100 ਪ੍ਰਤੀਸ਼ਤ ਸਦਾ ਲਈ ਨਕਾਰਾ ਹੋਏ ਅਤੇ ਅੰਦਰੂਨੀ/ ਬਹਿਰੂਨੀ ਪ੍ਰਵਾਸੀਆਂ ਦੇ ਪ੍ਰੀਵਾਰਾਂ ਦੇ ਬੱਚਿਆਂ ਨੂੰ ਮੁਫਤ ਵਿਦਿਆ ਦਿੱਤੀ ਜਾਂਦੀ ਹੈ	ਯੂਨੀਵਰਸਿਟੀ ਪੱਧਰ ਤਕ
9.	**ਵਪਾਰਕ, ਤਕਨੀਕੀ ਅਤੇ ਮੈਡੀਕਲ ਕਾਲਿਜਾਂ ਵਿੱਚ ਸੀਟਾਂ ਦਾ ਰਾਖਵਾਂਕਰਨ**	
	ਨਿਰਦੇਸ਼ ਮਰੇ/100 ਪ੍ਰਤੀਸ਼ਤ ਸਦਾ ਲਈ ਨਕਾਰਾ ਹੋਏ ਅਤੇ ਅੰਦਰੂਨੀ/ਬਾਹਰੀ ਪ੍ਰਵਾਸੀ ਪਰਿਵਾਰਾਂ ਦੇ ਬੱਚਿਆਂ ਲਈ 2 ਪ੍ਰਤੀਸ਼ਤ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ ।	
10.	**ਮਕਾਨ ਉਸਾਰੀ ਬੋਰਡ ਵਲੋਂ ਪਲਾਟਾਂ ਦਾ ਰਾਖਵਾਂਕਰਨ**	
	ਮਾਰੇ ਗਏ ਨਿਰਦੇਸ਼ ਵਿਅਕਤੀਆਂ ਦੇ ਉਤਰਜੀਵੀ ਲਈ ..	6 ਪ੍ਰਤੀਸਤ

Original with;
Punjab Vidhan Sabha
Digitized by;
Panjab Digital Library

ਅਨੁਲੱਗ 2

ਕੁਲ ਰਕਮ ਜੋ ਅੱਤਵਾਦ ਤੋਂ ਪ੍ਰਭਾਵਿਤ ਲੋਕਾਂ ਤੇ ਸਾਲ 1992-93, 1993-94 ਅਤੇ 1994-95 ਦੌਰਾਨ ਖਰਚ ਕੀਤੀ ਗਈ

ਸਾਲ	ਰਕਮ ਰੁਪਏ
1	2
1992-93	21,84,81,863
1993-94	16,10,01,114
1994-95	10,08,44,042
	48,03,27,019

ਤਹਿਸੀਲ ਸਮਰਾਲਾ ਵਿਚ ਸਕੂਲ ਅਪਗਰੇਡ ਕਰਨੇ

*2560. **ਸਰਦਾਰ ਈਸ਼ਰ ਸਿੰਘ** ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਵਿਚ ਸਾਲਾਂ 1993-94 ਅਤੇ 1994-95 ਦੌਰਾਨ ਕਿੰਨੇ ਨਵੇਂ ਪ੍ਰਾਇਮਰੀ ਸਕੂਲ ਖੋਲ੍ਹੇ ਗਏ ਹਨ ਅਤੇ ਸਾਲ 1995-96 ਵਿਚ ਅਜਿਹੇ ਹੋਰ ਕਿੰਨੇ ਨਵੇਂ ਸਕੂਲ ਖੋਲ੍ਹਣ ਦੀ ਸਰਕਾਰ ਦੀ ਤਜਵੀਜ਼ ਹੈ;

(ਅ) ਇਸ ਤਹਿਸੀਲ ਵਿਚ ਸਾਲਾਂ 1993-94 ਅਤੇ 1994-95 ਦੌਰਾਨ ਕਿੰਨੇ ਪ੍ਰਾਇਮਰੀ ਸਕੂਲਾਂ ਨੂੰ ਅਪਗਰੇਡ ਕਰਕੇ ਮਿਡਲ, ਕਿੰਨੇ ਮਿਡਲ ਸਕੂਲਾਂ ਨੂੰ ਹਾਈ ਅਤੇ ਕਿੰਨੇ ਹਾਈ ਸਕੂਲਾਂ ਨੂੰ ਸੀਨੀਅਰ ਸੈਕੰਡਰੀ ਸਕੂਲ ਬਣਾਇਆ ਗਿਆ ਅਤੇ 1995-96 ਦੌਰਾਨ ਕਿੰਨੇ ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲਾਂ ਨੂੰ ਅਪਗ੍ਰੇਡ ਕਰਨ ਦੀ ਸਰਕਾਰ ਦੀ ਤਜਵੀਜ਼ ਹੈ; ਵੇਰਵੇ ਦਿੱਤੇ ਜਾਣ ?

Original with;
Punjab Vidhan Sabha
Digitized by;
Panjab Digital Library

ਸਰਦਾਰ ਲਖਮੀਰ ਸਿੰਘ ਰੰਧਾਵਾ : (ੳ) ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਵਿਚ 88 ਸਰਕਾਰੀ ਪ੍ਰਾਇਮਰੀ ਸਕੂਲ ਅਤੇ ਦੋ ਖ਼ਾਂਚ ਸਕੂਲ ਹਨ । ਤਹਿਸੀਲ ਸਮਰਾਲਾ ਵਿਚ ਸਾਲ 1993-94 ਅਤੇ 1994-95 ਦੌਰਾਨ ਕੋਈ ਨਵਾਂ ਪ੍ਰਾਇਮਰੀ ਸਕੂਲ ਨਹੀਂ ਖੋਲ੍ਹਿਆ ਗਿਆ ; ਸਾਲ 1995-96 ਦੌਰਾਨ ਰਾਜ ਵਿਚ 150 ਨਵੇਂ ਪ੍ਰਾਇਮਰੀ ਸਕੂਲ ਖੋਲ੍ਹਣ ਦੀ ਤਜਵੀਜ਼ ਹੈ । ਤਹਿਸੀਲ ਅਤੇ ਜ਼ਿਲ੍ਹਾਵਾਰ ਸਕੂਲਾਂ ਦੀ ਵੰਡ ਢੁਕਵੇਂ ਸਮੇਂ ਕੀਤੀ ਜਾਵੇਗੀ ।

(ਅ) ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਵਿਚ ਸਾਲ 1993-94, 1994-95 ਵਿਚ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਪੱਧਰ ਕਰਨ ਅਤੇ ਸਾਲ 1995-96 ਦੌਰਾਨ ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲਾਂ ਦਾ ਪੱਧਰ ਉਚਾ ਕਰਨ ਬਾਰੇ ਸੂਚਨਾ ਹੇਠ ਲਿਖੇ ਅਨੁਸਾਰ ਹੈ :—

ਸਕੂਲ ਦਾ ਪੱਧਰ		ਸਾਲ 1993-94
1		2
ਪ੍ਰਾਇਮਰੀ ਤੋਂ ਮਿਡਲ	..	5
ਮਿਡਲ ਤੋਂ ਹਾਈ	..	2
ਹਾਈ ਤੋਂ ਸੀਨੀਅਰ ਸੈਕੰਡਰੀ	..	1

ਸਾਲ 1994-95

ਸਕੂਲਾਂ ਦਾ ਪੱਧਰ ਉਚਾ ਕਰਨ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

ਸਾਲ 1995-96

ਤਹਿਸੀਲ/ਜ਼ਿਲ੍ਹੇਵਾਰ ਸਕੂਲਾਂ ਦਾ ਪੱਧਰ ਉਚਾ ਕਰਨ ਸਬੰਧੀ ਵੰਡ ਸਾਲ 1995-96 ਵਿਚ ਕੀਤੀ ਜਾਵੇਗੀ ।

Original with;
Punjab Vidhan Sabha
Digitized by;
Panjab Digital Library

UNSTARRED QUESTIONS AND ANSWERS

ਬਸੰਤ ਐਵੇਨਿਊ, ਅੰਮ੍ਰਿਤਸਰ ਵਿਖੇ ਚੌਕ ਦਾ ਨਾਂ ਸਵਰਗਵਾਸੀ ਐਸ.ਐਸ. ਗਿੱਲ ਦੇ ਨਾਂ ਤੇ ਰੱਖਣਾ

379. **ਸ਼੍ਰੀਮਤੀ ਵਿਮਲਾ ਡਾਂਗ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਾਲ 1973 ਦੇ ਦੌਰਾਨ ਇਮਪਰੂਵਮੈਂਟ ਟਰੱਸਟ, ਅੰਮ੍ਰਿਤਸਰ ਨੇ ਬਸੰਤ ਐਵੇਨਿਯੂ. ਅੰਮ੍ਰਿਤਸਰ ਵਿਖੇ ਚੌਂਕ ਦਾ ਨਾਂ ਸਵਰਗਵਾਸੀ ਐਸ.ਐਸ. ਗਿੱਲ ਜਿਨ੍ਹਾਂ ਦੀ ਦਸੰਬਰ, 1971 ਵਿਚ ਭਾਰਤ-ਪਾਕ ਲੜਾਈ ਦੌਰਾਨ ਮੌਤ ਹੋ ਗਈ ਸੀ ਦੇ ਨਾਂ ਤੇ ਰੱਖਣ ਦਾ ਫੈਸਲਾ ਕੀਤਾ ਸੀ; ਜੇਕਰ ਅਜਿਹਾ ਹੈ, ਤਾਂ ਕੀ ਉਹ ਫੈਸਲਾ ਅਮਲ ਵਿਚ ਲਿਆਂਦਾ ਗਿਆ ਹੈ; ਜੇਕਰ ਨਹੀਂ ਤਾਂ ਉਸ ਦੇ ਕਾਰਣ ਕੀ ਹਨ ?

ਡਾਕਟਰ ਕੇਵਲ ਕ੍ਰਿਸ਼ਨ : ਨਹੀਂ ਸ਼੍ਰੀਮਾਨ ਜੀ ।

ਫਿਰ ਵੀ, ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ ਦੇ ਸਾਲ 1973 ਵਿਚ ਟਰਸਟ ਦੀ ਬਸੰਤ ਐਵੀਨਿਊ ਵਿਕਾਸ ਸਕੀਮ ਵਿਚ ਪਲਾਟ ਨੰ. 489 ਨਾਲ ਲਗਦੀ ਸੜਕ (ਨਾ ਕਿ ਚੌਕ) ਦਾ ਨਾਂ "ਸ਼ਹੀਦ ਐਸ.ਐਸ. ਗਿੱਲ ਮਾਰਗ" ਰਖਣ ਦਾ ਮਤਾ ਪਾਸ ਕੀਤਾ ਸੀ । ਟਰਸਟ ਦਾ ਉਕਤ ਮਤਾ ਲਾਗੂ ਕੀਤਾ ਜਾ ਚੁੱਕਾ ਹੈ ।

ਗੋਇੰਦਵਾਲ ਵਿਖੇ ਉਦਯੋਗਿਕ ਇਕਾਈਆਂ ਸਥਾਪਤ ਕਰਨਾ

392 1. **ਸ਼੍ਰੀਮਤੀ ਵਿਮਲਾ ਡਾਂਗ**
2. **ਕਾਮਰੇਡ ਹਰਦੇਵ ਅਰਸ਼ੀ** } : ਕੀ ਮੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਅਜਿਹੇ ਵਿਅਕਤੀਆਂ, ਫਰਮਾਂ/ਕੰਪਨੀਆਂ ਦੇ ਨਾਂ ਅਤੇ ਪਤੇ ਕੀ ਕੀ ਹਨ ਜਿਨ੍ਹਾਂ ਨੂੰ ਗੋਇੰਦਵਾਲ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਉਦਯੋਗਿਕ ਇਕਾਈਆਂ ਲਗਾਉਣ ਲਈ ਗ੍ਰਾਂਟਾਂ/ਉਪਦਾਨ/ਸਹਾਇਤਾ ਦਿੱਤੀ ਗਈ ਸੀ, ਪਰ ਜਿਨ੍ਹਾਂ ਨੇ ਉਹ ਲਗਾਈਆਂ ਨਹੀਂ ਹਨ ;

(ਅ) ਹਰ ਇਕ ਕੇਸ ਵਿਚ ਕੀਤੀ ਗਈ ਕਾਰਵਾਈ ਦਾ ਵੇਰਵਾ ਕੀ ਹੈ ;

(ਇ) ਅਜਿਹੇ ਕੇਸਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਵਿਚ ਗ੍ਰਾਂਟਾਂ /ਉਪਦਾਨ/ਵਸੂਲ ਕਰ ਲਈਆਂ ਗਈਆਂ ਹਨ ?

ਸਰਦਾਰ ਬੇਅੰਤ ਸਿੰਘ : (ੳ) ਤੇ (ਅ) ਅਜਿਹਾ ਕਈ ਕੇਸ ਨਹੀਂ ਜਿਥੇ ਕਿ ਇਕਾਈ ਦੀ ਸਥਾਪਨਾ ਨਾ ਹੋਈ ਹੋਵੇ ।

(ਇ) ਜਿਸ ਯੂਨਿਟ ਨੂੰ ਜੋ ਸਬਸਿਡੀ/ਗਰਾਂਟ ਦਿੱਤੀ ਗਈ ਹੈ, ਉਸ ਦੀ ਹਾਲਾਂ ਤੀਕ ਵਸੂਲੀ ਨਹੀਂ ਕੀਤੀ ਗਈ । ਵਿਭਾਗ ਦੇ ਨੋਟਿਸ ਵਿਚ ਆਇਆ ਹੈ ਕਿ 29 ਇਕਾਈਆਂ ਅਜਿਹੀਆਂ ਹਨ ਜੋ ਕਿ ਬੰਦ ਹੋ ਗਈਆਂ ਹਨ ਜਾਂ ਕੰਮ ਨਹੀਂ ਕਰ ਰਹੀਆਂ । ਇਨ੍ਹਾਂ

Original with;
Punjab Vidhan Sabha
Digitized by;
Panjab Digital Library

ਇਕਾਈਆਂ ਤੋਂ ਵਸੂਲੀ, ਜੇ ਕੋਈ ਹੋਵੇ, ਕਰਨ ਲਈ ਇਨ੍ਹਾਂ ਨੂੰ ਆਪਣੀ ਸਥਿਤੀ ਸਪਸ਼ਟ ਕਰਨ ਲਈ ਮਿਤੀ 22 ਫਰਵਰੀ, 1995 ਨੂੰ ਰਜਿਸਟਰਡ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ ।

ਸੁਤੰਤਰਤਾ ਸੰਗਰਾਮੀ ਪੈਨਸ਼ਨਰਾਂ ਦੀ ਗਿਣਤੀ

379. **ਸ਼੍ਰੀਮਤੀ ਵਿਮਲਾ ਡਾਂਗ** : ਕੀ ਛਪਾਈ ਅਤੇ ਲਿੱਖਣ ਸਮੱਗਰੀ ਅਤੇ ਸੁਤੰਤਰਤਾ ਸੰਗਰਾਮੀਆਂ ਦੀ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਜਨਵਰੀ. 1995 ਨੂੰ ਰਾਜ ਸਰਕਾਰ ਤੋਂ ਪੈਨਸ਼ਨਾਂ ਲੈ ਰਹੇ ਸੁਤੰਤਰਤ ਸੰਗਰਾਮੀਆਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਕਿੰਨੀ ਸੀ ;

(ਅ) 1 ਜਨਵਰੀ, 1995 ਨੂੰ ਪੈਨਸ਼ਨ ਲੈ ਰਹੀਆਂ ਸੁਤੰਤਰਤਾ ਸੰਗਰਾਮੀਆਂ ਦੀਆਂ ਵਿਧਵਾਵਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਕਿੰਨੀ ਸੀ ;

(ੲ) ਅਜਿਹੇ ਸੁਤੰਤਰਤਾ ਸੰਗਰਾਮੀਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ ਜਿਨ੍ਹਾਂ ਦੀਆਂ ਪੈਨਸ਼ਨ ਲਈ ਅਰਜ਼ੀਆਂ 1 ਜਨਵਰੀ, 1995 ਨੂੰ ਪੈਂਡਿੰਗ ਪਈਆਂ ਸਨ ।

(ਸ) ਸੁਤੰਤਰਤਾ ਸੰਗਰਾਮੀਆਂ ਦੀਆਂ ਅਜਿਹੀਆਂ ਵਿਧਵਾਵਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਕਿੰਨੀ ਹੈ ਜਿਨ੍ਹਾਂ ਦੀਆਂ ਅਰਜ਼ੀਆਂ 1 ਜਨਵਰੀ, 1995 ਨੂੰ ਪੈਂਡਿੰਗ ਪਈਆਂ ਸਨ ?

Sardar Gurmej Singh : (a) The District-wise number of freedom fighters getting pension from the State Govt. as on 1st January, 1995 are as under .

Name of District	Number of Freedom Fighters
1	2
1. Jalandhar ..	249
2. Amritsar ..	588
3. Bhatinda ..	236
4. Ropar ..	306
5. Ludhiana ..	372

Original with;
Punjab Vidhan Sabha
Digitized by;
Punjab Digital Library

1		2
6. Kapurthala	..	131
7. Sangrur	..	185
8. Gurdaspur	..	181
9. Faridkot	..	186
10. Ferozepur	..	203
11. Hoshiarpur	..	412
12. Patiala	..	817
13. Out Side State	..	18
Total	..	4,164

(b) The District-wise number of widows of freedom fighters getting pension as on 1st January, 1995 are as under :-

Name of District		No. of widows of freedom fighters
1		2
1. Jalundhar	..	306
2. Amritsar	..	596
3. Bhatinda	..	142
4. Ropar	..	165
5. Ludhiana	..	362

Original with;
Punjab Vidhan Sabha
Digitized by;
Punjab Digital Library

1		2
6. Kapurthala	..	89
7. Sangrur	..	111
8. Gurdaspur	..	205
9. Faridkot	..	134
10. Ferozepur	..	145
11. Hoshiarpur	..	322
12. Patiala	..	339
13. Out Side State	..	15
Total		2.931

(c) The district-wise number of freedom fighters whose applications for pension were pending as on 1st January, 1995 are as under :-

Name of district		No. of freedom fighters whose applications were pendidg
1		2
1. Jalandhar	..	3
2. Amritsar	..	4
3. Bhatinda	..	1
4. Ropar	..	—
5. Ludhiana	..	3
6. Kapurthala	..	—
7. Sangrur	..	4
8. Gurdaspur	..	5
9. Faridkot	..	2
10. Ferozepur	..	1
11. Hoshiarpur	..	3
12. Patiala	..	6
13. Out Side State	..	2
Total	.	34

Original with;
Punjab Vidhan Sabha
Digitized by;
Punjab Digital Library

[Minister of State for Printing & Stationery & the Welfare of Freedom Fighters]

(d) The district-wise number of widows of freedom fighters whose applications were pending as on 1st January, 1995 are as under :-

Name of district	No. of widows of freedom fighters whose applications were pending
1	2
1. Jalandhar ..	9
2. Amritsar ..	16
3. Bhatinda ..	18
4. Ropar ..	2
5. Ludhiana ..	20
6. Kapurthala ..	6
7. Sangrur ..	8
8. Gurdaspur ..	5
9. Faridkot ..	10
10. Ferozepur ..	4
11. Hoshiarpur ..	13
12. Patiala ..	18
13. Out Side-State ..	2
Total ..	131

Original with;
Punjab Vidhan Sabha
Digitized by;
Punjab Digital Library

ਐਮ.ਐਲ.ਏ. ਦੀ ਸੁਰੱਖਿਆ ਤੇ ਖ਼ਰਚਾ

398. **ਸ਼੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲਾਂ 1992-93 1993-94 ਅੱਤੇ 1994-95 (ਮਿਤੀ ਅੰਤ ਤੱਕ) ਦੌਰਾਨ 10ਵੀਂ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਨੂੰ ਮੁਹੱਈਆਂ ਕੀਤੀ ਗਈ ਸੁਰੱਖਿਆ (ਪੁਲਿਸ) ਤੇ ਸੀਲ-ਵਾਰ ਕਿੰਨਾ ਕਿੰਨਾ ਖ਼ਰਚਾ ਕੀਤਾ ਗਿਆ;

(ਅ) 1 ਜਨਵਰੀ, 1995 ਨੂੰ ਹਰ ਇਕ ਮੈਂਬਰ ਨੂੰ ਮੁਹੱਈਆ ਕੀਤੇ ਗਏ ਸੁਰੱਖਿਆ ਅਮਲੇ ਦਾ ਵੇਰਵਾ ਕੀ ਹੈ ?

ਸਰਦਾਰ ਬੇਅੰਤ ਸਿੰਘ : 10ਵੀਂ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਨੂੰ ਸਾਲਾਂ 1992-93, 1993-94 ਅਤੇ 1994-95 (ਮਿਤੀ ਅੰਤ ਤੱਕ) ਮੁਹੱਈਆਂ ਕੀਤੀ ਸੁਰੱਖਿਆ (ਪੁਲਿਸ) ਤੇ ਕੀਤਾ ਸਾਲ ਵਾਰ ਖਰਚਾ ਹੇਠ ਲਿਖੇ ਅਨੁਸਾਰ ਹੈ :-

1992-93	..	6,49,04,230
1993-94	..	6,59,88,507
1994-95 (ਮਿਤੀ ਅੰਤ ਤੱਕ)	..	5,57,61,937

1 ਜਨਵਰੀ, 1995 ਨੂੰ ਹਰ ਇਕ ਮੈਂਬਰ ਨੂੰ ਮੁਹਈਆ ਕੀਤ ਸੁਰੱਖਿਆਂ ਅਮਲੇ ਦੇ ਵੇਰਵੇ ਨਾਲ ਨੱਥੀ ਕੀਤੇ ਜਾਂਦੇ ਹਨ ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:

The Details of Security Personnel provided to each member as on 1st January, 1995.

Name of the Member Legislative Assembly	Detail of Security Personnel										
	Punjab Police							PMF	SPO	PHG	Vehicle
	DIG	SP	DSP	Inspr.	NGO	HCs	Consts.				
1	2							3	4	5	6
1. Sh. Beant Singh, Chief Minister, Punjab ..	1	4	2	—	20	21	118	6 Sections	5	10	5 B.P. Car (with Drivers) 11 Gypsys (with Drivers)
District Patiala											
1. Sh. Lal Singh, Minister ..		1	—	—	4	2	Section	—	—	2	with Driver
2. Sh. Brahm Mohindra, M.L.A. ..		—	—	—	2	1	,,	—	—	1	,, ,,
3. Sh. Jasjit Singh, M.L.A. ..		—	—	1	2	1	,,	—	—	1	,, ,,
4. Capt. Amrinder Singh, M.L.A. ..		—	—	2	—	1	,,	—	—	2	,, ,,
5. Sh. Raj Kumar Khurana, M.L.A. ..		—	—	1	2	1	,,	—	—	1	,, ,,
6. Sh. Hamir Singh, M.L.A. ..		—	—	—	4	1	,,	3	—	1	,, ,,
7. Sh. Mohinder Singh, M.L.A. ..		—	—	—	2	—	,,	—	—	1	,, ,,
8. Sh. Romesh Kumar Singla, M.L.A. ..		—	—	1	9	—	,,	—	—	1	,, ,

Original with: Punjab Vidhan Sabha
Digitized by: Panjab Digital Library

District Barnala										
1. Sh. Manjit Singh, Bhattal, M.L.A. ..	—	—	1	1	1	Section	2	1	1	with Driver
2. Sh. Som Dutt, M.L.A. ..	—	—	—	—	1	,,	2	—	1	,, ,,
3. Sh. Raj Singh Kheri, M.L.A. ..	—	—	1	2	—	,,	4	2	1	,, ,,
4. Sh. Nirmal Singh, Nimma M.L.A. ..	—	—	1	2	—	,,	4	2	1	,, ,,
District Sangrur										
1. Smt. Rajinder Kaur Bhattal, Min. ..	1	—	5	16	2	Section	—	—	3	with Driver
2. Sh. Jasbir Singh, Minister ..	—	—	—	1	1	,,	2	—	1	,, ,,
3. Sh. Gurbachan Singh Dirba, M.L.A...	—	—	—	10	—	,,	—	—	1	,, ,,
4. Sh. Bhagwan Dass Arora, M.L.A. ..	—	—	—	9	—	,,	2	—	1	,, ,,
5. Sh. Dhanwant Singh Dhuri, M.L.A...	—	—	—	6	—	,,	1	—	1	,, ,,
6. Sh. Abdul Guffar, Parliamentary Secy.	—	—	—	7	—	,,	1	—	1	,, ,,
District Fatehgarh Sahib										
1. Sh. Sadhu Singh, M.L.A. ..	—	—	—	—	1	Section	—	—	1	with Driver
2. Sh. Harbans Lal, M.L.A. ..	—	—	—	—	1	,,	—	—	1	,, ,,
District Jalandhar										
1. Sh. Mohinder Singh, Kay Pee Minister. ..	1	3	3	2	2	Section	1	—	2	with Driver
2. Sh. Dilbag Singh Nawanahar, Minister. ..	1	1	3	4	3	,,	2	—	2	,, ,,
3. Sh. Santokh Singh, M.L.A. ..	—	—	—	5	1	,,	2	—	1	,, ,,
4. Sh. Jai Kishan Saini, M.L.A. ..	—	1	—	4	1	,,	—	4	1	,, ,,
5. Sh. Amarjit Singh Samra, M.L.A ..	—	—	1	6	1	,,	—	—	1	,, ,,

Original with: Punjab Vidhan Sabha
Digitized by:

Thl pre Details of Security Personneovided to each member as on 1st January, 1995

Name of the Member Legislative Assembly	Detail of Security Personnel							
	Punjab Police				P.M.F	SPo.	PHG.	Vehicles
	Inspr.	NGO.	HCs.	Cons				
1	2	3	4	5	6	7	8	9
District Jalandhar								
6. Sh. Avtar Henry, M.L.A. ..	—	—	1	6	1 Section	—	—	1 with Driver
7. Sh. Brij Bhupinder Singh, M.L.A. ..	—	—	2	—	1 ,,	4	6	1 ,, ,,
8. Sh. Gurwinder Singh Atwal, M.L.A. ..	—	—	—	4	1 ,,	—	—	1 ,, ,,
9. Sh. Satnam Singh, Kainth M.L.A. ..	—	—	—	2	1 ,,	—	2	1 ,, ,,
10. Sh. Rajinder Kumar, M.L.A. ..	—	—	1	1	2 ,,	3	—	1 ,, ,,
11. Ch. Jagjit Singh, Minister, Punjab ..	—	—	1	4	4 ,,	—	—	2 ,, ,,
District Hoshiarpur								
1. Dr. Kewal Krishan, F.M. ..	—	1	1	5	3 ,,	1	—	3 ,, ,,
2. Sh. Ramesh Dogra, Dy. Speaker ..	—	—	1	4	2 ,,	5	—	3 ,, ,,
3. Sh. Naresh Thakur, Minister ..	1	1	1	9	2 ,,	—	—	3 ,, ,,
4. Sh. Dharam Pal Sabharwal, Minister. ..	—	1	—	4	2 ,,	4	—	3 ,, ,,

Original with:
Punjab Vidhan Sabha
Digitized by:
Panjab Digital Library

5. Smt. Surjit Kaur Kalkat, Parliamentary Secretary. ..	—	—	1	3	1	,,	5	—	1	with	Driver
6. Sh. Hargopal Singh, M.L.A. ..	—	—	—	3	1	,,	3	—	1	,,	,,
7. Sh. Shingara Ram, M.L.A. ..	—	—	1	4	1	,,	—	—	1	,,	,,
8. Sh. Avtar Singh, M.L.A. ..	—	—	—	4	1	,,	3	—	1	,,	,,
9. Ch. Gurpal Chand, M.L.A. ..	—	—	1	—	1	,,	4	—	1	,,	,,
District Kapurthala											
1. Sh. Joginder Singh Mann, M.L.A. ..	—	—	1	3	1	Section	—	—	2	,,	,,
2. Sh. Gulzar Singh, M.L.A. ..	—	—	1	1	1	,,	1	1	1	,,	,,
3. Sh. Gurmail Singh Cheema, M.L.A. ..	—	1	—	1	1	,,	—	1	1	,,	,,
4. Sh. Jagtar Singh, M.L.A. ..	—	—	—	2	1	,,	—	—	1	,,	,,
District Amritsar											
1. Sh. Gurmej Singh, Minister. ..	1	—	—	1	3	Sections	5	—	2	With	Driver
2. Sh. M.S. Bitta, Minister. ..	—	1	—	12	5	,,	3	—	5	,,	,,
3, Sh. Faqir Chand, M.L.A. ..	—	—	—	—	—	,,	4	4	1	,,	,,
4. Smt. Vimla Dang, M.L.A. ..	—	—	1	10	1	,,	—	—	1	,,	,,
5. Smt. Laxmi Kanta Chawla, M.L.A. ..	—	—	1	3	1	,,	1	5	1	,,	,,
District Batala											
1. Sh. Lakhmir Singh Randhawa, Minister. ..	1	—	—	4	2	,,	—	—	3	,,	,,
2. Sh. Partap Singh Bajwa, Minister. ..	1	—	—	5	2	,,	—	—	1	,,	,,
3. Sh. Tripat Rajinder Singh Bajwa, M.L.A. ..	—	—	—	2	1	,,	2	—	1	,,	,,
4. Sh. Jagdish Sahni, M.L.A. ..	—	—	—	4	1	,,	—	—	1	,,	,,
5. Sh. Gurnam Singh Dhirowal M.L.A. ..	—	—	—	—	1	,,	4	—	1	,,	,,

Original with:
Punjab Vidhan Sabha
Digitized by:

The Details of Security Personnel Provided to each member as on 1st January, 1995

Name of the Member Legislative Assembly	Detail of Security Personnel								
	Punjab Police				P.M.F.	S.P.O.	PHG.	Vehicle	
	Inspr.	NGO.	HCs.	Consts.					
1	2	3	4	5	6	7	8	9	
District Gurdaspur									
1. Prof. Kumari Sushil Mahajan Min.	.. 1	—	2	3	3	Section	6	—	2 With Driver
2. Sh. Raghu Nath Sahai Puri Min :	.. —	—	1	2	2	,,	2	1	1 ,, ,,
3. Sh. Krishan Kumar, M.L.A.	.. —	—	—	3	1	,,	—	—	1 ,, ,,
4. Sh. Khushal Behal, M.L.A.	.. —	—	1	3	1	,,	—	—	1 ,, ,,
5. Sh. Kishan Chand M.L.A.	.. —	—	—	—	1	,,	2	—	1 ,, ,,
6. Sh. Raman Bhalla M.L.A.	.. —	—	1	6	—	,,	—	1	1 ,, ,,
District Majitha									
1. Sh. Sardool Singh, Minister	.. —	1	2	5	1	,,	2	1	1 ,, ,,
2. Sh. Veer Pawan Kumar, M.L.A.	.. —	—	—	1	1	,,	2	1	1 ,, ,,
3. Sh. Rattan Singh, M.L.A.	.. —	—	—	2	1	,,	2	1	1 ,, ,,
4. Sh. Ranjit Singh, M.L.A.	.. —	—	1	3	1	,,	—	2	1 ,, ,,
5. Sh. Perminder Singh, M.L.A.	.. —	—	—	2	1	,,	2	2	1 ,, ,,

Original with:
Punjab Vidhan Sabha
Digitized by:
Panjab Digital Library

District Tarn Tarn												
1. Sh. Gurchet Singh Bhullar, Minister ..	—	—	—	5	2	PMF	—	—	2	With	Driver
2. Master Jagir Singh, Minister. ..	1	1	1	9	2	,,	6	1	3	,,	,,
3. Sh. Sukhwinder Singh, M.L.A. ..	—	—	—	3	—	,,	5	4	1	,,	,,
4. Sh. Dilbag Singh Dalike, M.L.A. ..	—	—	—	1	1	Section	—	—	1	,,	,,
5. Sh. Sukhdev Singh, Shabajpuri, M.L.A. ..	—	—	—	1	1	,,	—	—	1	,,	,,
District Ropar												
1. Sh. Jagmohan Singh Kang, Minister ..	—	2	—	8	2	,,	2	1	2	,,	,,
2. Sh. Harnek Singh, M.L.A. ..	—	—	—	4	—	,,	1	—	1	,,	,,
3. Sh. Shamsher Singh Rai, M.L.A. ..	—	—	2	9	1	,,	—	—	1	,,	,,
4. Sh. Ramesh Dutt Sharma, M.L.A. ..	—	—	2	8	—	,,	—	—	1	,,	,,
5. Sh. M.M. Mittal, M.L.A. ..	—	—	3	18	1	,,	—	—	2	,,	,,
6. Sh. Ranjit Singh Chhajalwadi ..	—	—	—	7	—	,,	—	1	1	,,	,,
District Ludhiana												
1. Sh. Harnam Dass Johar, Speaker. ..	—	1	2	7	3	,,	2	—	2	,,	,,
2. Sh. Malkiet Singh Virmi, M.L.A. ..	—	—	2	4	1	,,	—	—	1	,,	,,
3. Sh. Rakesh Pandy, M.L.A. ..	—	—	—	6	—	,,	2	—	1	,,	,,
4. Sh. Isher Singh, M-L.A. ..	—	—	—	6	1	,,	1	—	1	,,	,,
5, Sh. Tarsem Singh Jodhan, M.L.A. ..	—	—	—	1	1	,,	8	4	1	,,	,,
6. Sh. Malkiat Singh Dakhan, M.L.A. ..	—	—	—	1	2	,,	—	—	1	,,	,,
7. Sh. Sat Pal Gusain, M.L.A. ..	—	—	—	3	1	,,	1	—	1	,,	,,

Original with: Punjab Vidhan Sabha
Digitized by:

The Details of Security Personnel Provided to each members as on 1st January, 1995

Name of the Member Legislative Assembly	Details of Security Personnel							
	Punjab Police				P.M.F.	SPO.	PHG.	Vehicles
	Inspr.	NGO.	HCs.	Consts.				
1	2	3	4	5	6	7	8	9
District Khanna								
1. Sh. Karam Singh Gill, Minister ..	1	—	4	3	2 Section	1	—	3 With Driver
2. Sh. Shamsher Singh Dullo, Minister ..	1	1	4	2	2 ,,	2	—	3 ,, ,,
3. Sh. Harnek Singh Mangewal, M.L.A. ..	—	—	1	2	1 ,,	—	—	1 ,, ,,
District Jagraon								
1. Sh. Nirmal Singh, M.L.A. ..	—	—	1	5	— ,,	1	4	1 ,, ,,
District Ferozepur								
1. Sh. Sajjan Kumar Jakhar, Minister	1	—	4	6	2 ,,	—	—	2 ,, ,,
2. Sh. Bal Mukand Sharma, Minister ..	1	1	2	7	3 ,,	2	1	2 ,, ,,
3. Sh. Babu Ram Chawla, M.L.A.	—	—	1	6	— ,,	—	3	1 ,, ,,
4 Sh. Mohinder Kumar, M.L.A.	—	—	2	5	— ,,	1	2	1 ,, ,,
5. Sh. Hans Raj, M.L.A.	—	—	1	8	— ,,	1	2	1 ,, ,,
6. Sh. Sajawar Singh, M.L.A.	—	—	1	5	— ,	—	—	1 ,, ,,
7. Sh. Ravinder Singh, M.L.A.	—	—	2	12	— ,,	—	1	1 , ,,
8. Sh. Inderjit Singh, M.L.A. ..	—	—	2	10	— ,,	—	—	1 ,, ,,
9. Sh. Baldev Singh, Bhatti ..	—	—	1	1	— ,,	1	2	1 ,, ,,

Original with:
Punjab Vidhan Sabha
Digitized by:
Panjab Digital Library

District Bathinda

1. Sh. Gulzar Singh, Minister	..	—	—	—	5	1	,,	2	—	3	,,	,,
2. Sh. Surinder Kapoor, Minister	..	1	—	1	5	2	,,	1	—	2	,,	,,
3. Sh. H. S. Sidhu, Minister	..	1	1	—	1	1	,,	—	3	2	,,	,,
4. Sh. Baldev Singh, M.L.A.	..	—	—	—	2	—	,,	2	—	1	,,	,,
5. Sh. Hardev Singh, M.L.A	..	—	—	1	—	1	,,	2	—	1	,,	,,
6. Sh. Harminder Singh	..	—	—	1	2	1	,,	2	—	1	,,	,,

District Mansa

1. Sh. Kirpal Singh Makha M.L.A.	..	—	—	—	—	1	,,	1	—	1	,,	,,
2. Sh. Sher Singh Gagowal M.L.A.	..	—	—	—	—	1	,,	—	—	1	,,	,,
3. Sh. Surjan Singh Joga	..	—	—	—	—	1	,,	2	—	1	,,	,,

District Faridkot

1. Sh. H.S. Brar, Minister	..	1	1	3	8	3	,,	—	—	2	,,	,,
2. Sh. Avtar Singh Brar, Minister	..	—	—	1	5	2	,,	—	—	1	,,	,,
3. Dr. Malti Thapar, Parliamentary Secretary.	..	—	1	3	2	1	,,	1	1	1	,,	,,
4. Sh. Baldev Singh Balamgarh, M.L.A.	..	—	—	1	5	—	,,	—	—	1	,,	,,
5. Sh. Raghbir Singh, M.L.A.	..	1	—	3	7	—	,,	—	2	1	,,	,,
6. Sh. Gurnam Singh Dhirowal M.L.A.	..	—	—	2	9	—	,,	—	—	1	,,	,,
7. Sh. Vijay Kumar Sathi M.L.A.	..	—	—	2	2	—	,,	—	3	1	,,	,,
8. Sh. Ajaib Singh, M.L.A.	..	—	—	—	2	—	,,	—	—	1	,,	,,
9. Sh. Darshan Singh, M.L.A.	..	—	—	2	1	—	,,	1	1	1	,,	,,
10. Sh. Gurcharan Singh, M.L.A.	..	—	—	2	9	—	,,	—	—	1	,,	,,
11. Sh. Upinder Sharma, M.L.A.	..	—	—	—	—	1	,,	2	—	1	,,	,,

ਬਲਾਕ ਸਹਿਣਾ ਵਿਚ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਦੇ ਮਕਾਨ

427. **ਸਰਦਾਰ ਨਿਰਮਲ ਸਿੰਘ ਨਿੰਮਾ** :ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਬਲਾਕ ਸਹਿਣਾ, ਜ਼ਿਲ੍ਹਾ ਸੰਗਰੂਰ ਵਿਚ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਨਾਲ ਸਬੰਧਤ ਰਿਹਾਇਸ਼ੀ ਮਕਾਨਾਂ ਦੀ ਗਿਣਤੀ ਕਿੰਨੀ ਹੈ ?

(ਅ) ਅਜਿਹੇ ਕਰਮਚਾਰੀ ਦੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ ਉਪਰੋਕਤ ਭਾਗ (ੳ) ਵਿਚ ਵਰਣਿਤ ਮਕਾਨ ਅਲਾਟ ਕੀਤੇ ਗਏ ਹਨ ।

(ੲ) ਉਕਤ ਮਕਾਨਾਂ ਦੀ ਉਸਾਰੀ ਕਿਸ ਮਿਤੀ ਨੂੰ ਕੀਤੀ ਗਈ ਅਤੇ ਉਨ੍ਹਾਂ ਦੀ ਹੁਣ ਤਕ ਮੁਰੰਮਤ ਕਿਸ ਕਿਸ ਮਿਤੀ ਨੂੰ ਕੀਤੀ ਗਈ ?

ਸਰਦਾਰਨੀ ਰਾਜਿੰਦਰ ਕੌਰ ਭੱਠਲ :(ੳ) ਪ੍ਰਸ਼ਨ ਅਧੀਨ ਬਲਾਕ ਵਿੱਚ 15 ਸਰਕਾਰੀ ਮਕਾਨ ਹਨ ।

(ਅ) ਪੈਰਾ (ੳ) ਵਿਚ ਦੱਸੇ ਸਰਕਾਰੀ ਮਕਾਨ ਹੇਠ ਲਿਖੇ ਮੁਲਾਜ਼ਮਾਂ ਨੂੰ ਅਲਾਟ ਕੀਤੇ ਗਏ ਹਨ :—

(1) ਸ਼੍ਰੀ ਪ੍ਰੀਤਮ ਸਿੰਘ, ਬਲਾਕ ਸਿੱਖਿਆ ਅਫਸਰ (ਪ੍ਰਾਇਮਰੀ)
(2) ਸ਼੍ਰੀ ਰਾਮ ਸਿੰਘ ਪੁੱਤਰ ਸ਼੍ਰੀ ਬਖਤਾਵਰ ਸਿਘ, ਸੇਵਾਦਾਰ, ਲੋਕ ਨਿਰਮਾਣ ਵਿਭਾਗ (ਭ ਤੇ ਮ)
(3) ਸ਼੍ਰੀਮਤੀ ਸੱਤਿਆ ਦੇਵੀ ਪੁੱਤਰੀ ਸ਼੍ਰੀ ਘਣਸ਼ਾਮ ਦਾਸ, ਸੇਵਾਦਾਰ, ਸਿੱਖਿਆ ਵਿਭਾਗ ।
(4) ਸਿਪਾਹੀ ਗੁਰਦੀਪ ਸਿੰਘ ।
(5) ਸ਼੍ਰੀਮਤੀ ਬਲਵੰਤ ਕੌਰ ਪਤਨੀ ਸ਼੍ਰੀ ਗੁਰਲਾਭ ਸਿੰਘ, ਕਰਾਫਟ ਟੀਚਰ, ਸਿੱਖਿਆ ਵਿਭਾਗ ।
(6) ਸ਼੍ਰੀ ਗੋਪਾਲ ਸਿੰਘ, ਸਹਾਇਕ ਸਬ ਇੰਸਪੈਕਟਰ ।
(7) ਹਵਾਲਦਾਰ ਅਮਰਜੀਤ ਸਿੰਘ ।
(8) ਸ਼੍ਰੀ ਚੰਦਰ ਸਿੰਘ, ਮਿਲਕ ਚਿੱਲਿੰਗ ਸੈਂਟਰ
(9) ਸ਼੍ਰੀ ਦਰਸ਼ਨ ਸਿੰਘ, ਉਹੀ
(10) ਸਹਾਇਕ ਸਬ ਇੰਸਪੈਕਟਰ ਸਰਦਾਰਾ ਸਿੰਘ ।

11 ਤੋਂ 15

(11) ਇਹ ਕੁਆਰਟਰ ਪੰਜਾਬ ਰਾਜ ਬਿਜਲੀ ਬੋਰਡ ਦੇ ਕਬਜ਼ੇ ਅਧੀਨ ਹਨ ।

(ੲ) ਸਰਕਾਰੀ ਮਕਾਨਾਂ ਦੀ ਉਸਾਰੀ ਸਾਲ 1976-77 ਵਿਚ ਕੀਤੀ ਗਈ ਸੀ ਅਤੇ ਇਨ੍ਹਾ ਮਕਾਨਾਂ ਦੀ ਸਲਾਨਾ ਮੁਰੰਮਤ ਸਫੈਦੀ ਅਤੇ ਰੰਗ ਰੋਗਨ ਆਦਿ ਦਾ ਕੰਮ ਮਾਰਚ, 1980 ਅਤੇ ਦਸੰਬਰ, 1992 ਵਿਚ ਕੀਤਾ ਗਿਆ ਸੀ ।

———

Original with;
Punjab Vidhan Sabha
Digitized by;
Punjab Digital Library

PRESENTATION OF BUDGET ESTIMATES FOR THE YEAR 1995-96

Mr. Speaker I would request the hon'ble Members not to raise any point of order during the speech of the Finance Minister as per our past practice. I would like to draw the attention of hon'ble Members to Rule 165 of the Rules of Procedure and Conduct of Business in the Punjab Vidhan Sabha which reads:

> "On the day fixed for the presentation of Budget Estimates no business other than the presentation of Budget and the asking of questions shall taken place."

Now, Finance Minister.

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸ਼੍ਰੀ ਮਾਨ ਜੀ,

ਮੇਰੇ ਲਈ ਇਹ ਬੜੇ ਫ਼ਖ਼ਰ ਵਾਲੀ ਗੱਲ ਹੈ ਕਿ ਮੈਂ ਸਾਲ 1995-96 ਲਈ ਪੰਜਾਬ ਦਾ ਬਜਟ ਪੇਸ਼ ਕਰ ਰਿਹਾ ਹਾਂ। ਸ. ਬੇਅੰਤ ਸਿੰਘ ਜੀ ਦੀ ਅਗਵਾਈ ਹੇਠ ਸਾਡੀ ਸਰਕਾਰ ਵੱਲੋਂ ਇਹ ਮੇਰਾ ਚੌਥਾ ਬਜਟ ਹੈ। (ਥੰਪਿੰਗ) ਮਾਰਚ, 1994 ਦੇ ਆਪਣੇ ਬਜਟ ਭਾਸ਼ਣ ਵਿਚ ਮੈਂ ਇਹ ਐਲਾਨ ਕੀਤਾ ਸੀ ਕਿ ਸਾਲ 1994-95 ਵਿਕਾਸ-ਵਰ੍ਹਾ ਹੋਵੇਗਾ। ਆਪ ਜੀ ਨੂੰ ਇਹ ਜਾਣਕਾਰੀ ਦਿੰਦਿਆਂ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਅਸੀਂ ਸਮੂਹ ਖੇਤਰਾਂ ਵਿਚ ਵਿਕਾਸ ਸਬੰਧੀ ਦਿਵਾਏ ਗਏ ਆਪਣੇ ਭਰੋਸਿਆਂ ਉਪਰ ਪੂਰੇ ਉਤਰੇ ਹਾਂ। ਸਾਡੀ ਸਰਕਾਰ ਨੇ ਆਪਣੇ ਕਾਰਜਭਾਰ ਦੇ ਪਹਿਲੇ ਸਾਲ 1992-93 ਦੌਰਾਨ ਰਾਜ ਨੂੰ ਦਹਿਸ਼ਤਵਾਦ ਦੀ ਗਰਿਫਤ ਤੋਂ ਛੁਟਕਾਰਾ ਦਿਵਾਇਆ, ਚਿਰਾਂ ਤੋਂ ਉਡੀਕੇ ਜਾ ਰਹੇ ਅਮਨ ਚੈਨ ਨੂੰ ਮੁੜ ਬਹਾਲ ਕੀਤਾ ਅਤੇ ਆਪਣੇ ਦਲੇਰ ਸ਼ਹਿਰੀਆਂ, ਜਿਨ੍ਹਾਂ ਨੇ ਵਿਘਟਨ-ਕਾਰੀ ਤੇ ਰਾਸ਼ਟਰ ਵਿਰੋਧੀ ਤਾਕਤਾਂ ਹੱਥੋਂ ਬੜੇ ਕਸ਼ਟ ਸਹੇ ਸਨ, ਅੰਦਰ ਮੁੜ ਵਿਸ਼ਵਾਸ ਪੈਦਾ ਕੀਤਾ। ਅਗਲੇ ਦੋ ਸਾਲ ਯਾਨੀ 1993-94 ਅਤੇ 1994-95 ਖ਼ਸਤਾਹਾਲ ਹੋਏ ਅਰਥਚਾਰੇ ਦੀ ਪੁਨਰ ਉਸਾਰੀ ਦੇ ਲੇਖੇ ਲੱਗੇ ਹਨ। ਸਾਡੀ ਸਰਕਾਰ ਨੇ ਸਾਡੇ ਕਰਮਸ਼ੀਲ ਮੁੱਖ ਮੰਤਰੀ ਸ. ਬੇਅੰਤ ਸਿੰਘ ਜੀ ਦੀ ਅਗਵਾਈ ਹੇਠ ਅਮਨ ਤੇ ਚੈਨ ਦੀ ਬਹਾਲੀ ਅਤੇ ਵਿਕਾਸ ਤੇ ਆਰਥਿਕ ਤਰੱਕੀ ਦੀ ਤੇਜ਼ ਰਫ਼ਤਾਰੀ ਦੇ ਦੋਹਾਂ ਮੁਹਾਜ਼ਾਂ ਉਤੇ ਜੋ ਸ਼ਾਨਦਾਰ ਕਾਮਯਾਬੀ ਹਾਸਲ ਕੀਤੀ ਹੈ, ਉਸ ਲਈ ਸੰਸਾਰ ਗਵਾਹੀ ਭਰਦਾ ਹੈ। ਦਰਅਸਲ, ਜਿਨ੍ਹਾਂ ਬੇ-ਸ਼ੁਮਾਰ ਰੁਕਾਵਟਾਂ ਦਾ ਸਾਨੂੰ ਸਾਹਮਣਾ ਕਰਨਾ ਪਿਆ ਹੈ, ਉਨ੍ਹਾਂ ਕਾਰਨ ਸਾਡੀ ਸਰਕਾਰ ਦੀ ਸ਼ਕਤੀ ਅਤੇ ਇਰਾਦੇ ਦੀ ਪਕਿਆਈ ਹੋਰ ਵੀ ਮਜ਼ਬੂਤ ਹੋਈ ਹੈ। ਸਾਡੀ ਹਾਲਤ ਮਸ਼ਹੂਰ ਸ਼ਾਇਰ ਇਕਬਾਲ ਦੀਆਂ ਇਨ੍ਹਾਂ ਲਾਈਨਾਂ ਵਿਚ ਦਰਸਾਏ ਅਨੁਸਾਰ ਉਸ ਪੰਛੀ ਵਰਗੀ ਹੈ ਜੋ ਹਵਾ ਦੇ ਉਲਟ ਰੁੱਖ ਵਲ ਉੱਡ ਰਿਹਾ ਹੋਵੇ :—

"ਬਾਦੇ ਮੁਖ਼ਾਲਿਫ਼ ਸੇ ਨਾ ਘਬਰਾ ਐ ਅਕਾਬ
ਯੋਗ ਤੋਂ ਆਤੀ ਹੈ ਤੁਝੇ ਔਰ ਊਚਾ ਉਠਾਨੇ ਕੇ ਲੀਏ।" (ਥੰਪਿੰਗ)

ਇਸ ਲਈ ਮੁਸ਼ਕਲ ਅਤੇ ਵੰਗਾਰ ਦੇ ਬਾਵਜੂਦ ਵੀ ਮੇਰੀ ਸਰਕਾਰ ਉਚੇਰੇ ਨਿਸ਼ਾਨਿਆਂ ਲਈ ਜ਼ੋਰਦਾਰ ਉਪਰਾਲੇ ਕਰ ਰਹੀ ਹੈ। ਮੇਰੇ ਰਾਜ ਦੇ ਲੋਕ ਸਮੂਹ ਖੇਤਰਾਂ ਵਿਚ ਆਪਣੀ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਚੰਗੇਰੀ ਸਾਖ ਸਦਕਾ ਬੜਾ ਨਾਮਣਾ ਖ਼ੱਟ ਰਹੇ ਹਨ । ਮੈਂ ਆਪਣੀ ਸਰਕਾਰ ਦਾ ਇਹ ਇਕ ਅਹਿਮ ਫਰਜ਼ ਸਮਝਦਾ ਹਾਂ ਕਿ ਸਾਡੇ ਲੋਕਾਂ ਦੀਆਂ ਆਸ਼ਾਵਾਂ ਦੀ ਪੂਰਤੀ ਲਈ ਭਰਪੂਰ ਉਪਰਾਲੇ ਕੀਤੇ ਜਾਣ । ਯੋਜਨਾ ਆਕਾਰ 1994-95 ਵਿਚ ਬਣਾਈ ਗਈ ਰੂਪ ਰੇਖਾ ਅਨੁਸਾਰ ਅਸੀਂ ਆਰਥਿਕ ਵਿਕਾਸ ਸਬੰਧੀ ਆਪਣੇ ਉਚੇਰੇ ਉਤਸ਼ਾਹਜਨਕ ਟੀਚਿਆਂ ਲਈ ਚੱਖੀਆਂ ਰਕਮਾਂ ਮੁਹੱਈਆ ਕਰਨ ਦੇ ਸਮਰੱਥ ਹੋ ਸਕੇ ਸੀ । ਅਸੀਂ ਦੋ ਸਾਲਾਂ 1992—94 ਦੇ ਅਰਸੇ ਦੌਰਾਨ ਰਾਜ ਵਿਚ ਵਸੀਲਿਆਂ ਦੀ ਹਾਲਤ ਅੰਦਰ ਸੁਧਾਰ ਲਿਆ ਕੇ ਇਨ੍ਹਾਂ ਨੂੰ 1,352 ਕਰੋੜ ਰੁਪਏ ਕਰ ਦਿੱਤਾ ਸੀ । ਸ਼੍ਰੀਮਾਨ ਜੀ, ਆਪ ਜੀ ਨੂੰ ਇਹ ਜਾਣਕਾਰੀ ਦੇਣ ਵਿਚ ਮੈਨੂੰ ਖੁਸ਼ੀ ਹੈ ਕਿ ਤੀਜੇ ਸਾਲ ਵਿਚ ਮੇਰੀ ਸਰਕਾਰ ਨੇ ਵਿਕਾਸ ਲਈ ਫੰਡ ਜੁਟਾਉਣ ਵਾਸਤੇ ਵਸੀਲਿਆਂ ਵਿਚ ਹੋਰ ਵੀ ਜ਼ਿਆਦਾ ਕਾਬਲੇ-ਜ਼ਿਕਰ ਸੁਧਾਰ ਲਿਆਂਦਾ ਹੈ । 1992 ਵਿਚ ਜਦੋਂ ਅਸੀਂ ਕਾਰਜਭਾਰ ਸੰਭਾਲਿਆ ਤਾਂ ਖ਼ਜ਼ਾਨਾ ਇਸ ਹੱਦ ਤੱਕ ਸੱਖਣਾ ਸੀ ਕਿ ਸਾਡੇ ਕੋਲ ਆਪਣੀ ਪਹਿਲੀ ਯੋਜਨਾ 1992-93 ਲਈ ਵਿੱਤ ਜਟਾਉਣ ਵਾਸਤੇ ਸਾਡੇ ਆਪਣੇ ਵਸੀਲੇ 812 ਕਰੋੜ ਰੁਪਏ ਦਾ ਮਨਫ਼ੀ ਬਕਾਇਆ ਦਰਸਾ ਰਹੇ ਸਨ । ਜਿਸ ਦਾ ਮਤਲਬ ਸੀ ਕਿ ਸਾਨੂੰ ਆਪਣੇ ਰੋਜ਼-ਮਰਾ ਗ਼ੈਰ ਯੋਜਨਾ ਖ਼ਰਚੇ ਨੂੰ ਪੂਰਾ ਕਰਨ ਲਈ ਵੀ ਉਧਾਰ ਲੈਣ ਉਤੇ ਨਿਰਭਰ ਹੋਣਾ ਪਿਆ ਸੀ । ਤਿੰਨਾਂ ਸਾਲਾਂ ਵਿਚ ਅਸੀਂ ਆਪਣੇ ਰਾਜ ਨੂੰ ਦੀਵਾਲੀਆਪਣ ਦੀ ਹਾਲਤ ਵਿਚੋਂ ਕੱਢ ਕੇ ਉਸ ਪੜਾਅ ਉਤੇ ਲੈ ਆਂਦਾ ਹੈ ਜਿਥੇ ਅਸੀਂ ਸਾਲਾਨਾ ਯੋਜਨਾ 1995-96 ਲਈ ਆਪਣੇ ਵਸੀਲਿਆਂ ਤੋਂ 875 ਕਰੋੜ ਰੁਪਏ ਮੁਹੱਈਆ ਕਰ ਰਹੇ ਹਾਂ । ਸਾਡੀ ਸਰਕਾਰ ਦੇ ਤਿੰਨ ਸਾਲਾਂ ਦੇ ਸਮੇਂ ਵਿਚ ਰਾਜ ਦੀ ਵਿੱਤੀ ਸਥਿਤੀ ਅੰਦਰ 1,687 ਕਰੋੜ ਰੁਪਏ (812 ਕਰੋੜ ਰੁਪਏ ਜਮ੍ਹਾਂ 875 ਕਰੋੜ ਰੁਪਏ) ਦਾ ਬੇਮਿਸਾਲ ਸੁਧਾਰ ਹੋਇਆ ਹੈ । ਵਿੱਤ ਸਬੰਧੀ ਇਸ ਸ਼ਾਨਦਾਰ ਰੁਝਾਨ ਦਾ ਸਿਹਰਾ ਸਾਡੀ ਸਰਕਾਰ ਦੇ ਨਾਲ ਨਾਲ ਰਾਜ ਦੇ ਲੋਕਾਂ ਦੇ ਸਿਰ ਵੀ ਬੱਝਦਾ ਹੈ ਜੋ ਪ੍ਰਗਤੀ ਵਿਚ ਸਰਗਰਮ ਭਾਈਵਾਲ ਰਹੇ ਹਨ ।

2. ਆਗਾਮੀ ਸਾਲ 1995-96 ਦੌਰਾਨ ਰਾਜ ਦਾ ਸਰਬਪੱਖੀ ਵਿਕਾਸ ਹੋਰ ਵੀ ਉਤਸ਼ਾਹ ਨਾਲ ਜਾਰੀ ਰਹੇਗਾ । ਸੰਵਿਧਾਨ ਦੀ 73ਵੀਂ ਅਤੇ 74ਵੀਂ ਤਰਮੀਮ ਦੀ ਪਾਲਣਾ ਕਰਦਿਆਂ ਇਸ ਮਹਾਨ ਸਦਨ ਨੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਹੇਠਲੇ ਪੱਧਰ ਤੱਕ ਮਜ਼ਬੂਤ ਕਰਨ ਲਈ ਪਹਿਲਾਂ ਹੀ ਪੰਜਾਬ ਪੰਚਾਇਤੀ ਰਾਜ ਐਕਟ, 1994 ਬਣਾ ਦਿੱਤਾ ਹੈ । ਇਹ ਐਕਟ ਇਖਤਿਆਰਾਂ ਦੇ ਉਚੇਰੇ ਵਿਕੇਂਦਰੀਕਰਣ ਅਤੇ ਸਥਾਨਕ ਲੀਡਰਸ਼ਿਪ ਵਿਚ ਔਰਤਾਂ ਅਤੇ ਅਨੂਸੂਚਿਤ ਜਾਤੀਆਂ ਦੇ ਵਿਅਕਤੀਆਂ ਦੀ ਭਾਈਵਾਲੀ ਲਈ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਵਿਚ ਉਹਨਾਂ ਲਈ ਰਾਖਵੀਆਂ ਪੁਜੀਸ਼ਨਾਂ ਰੱਖਣ ਦਾ ਉਪਬੰਧ ਕਰਦਾ ਹੈ। ਇਨ੍ਹਾਂ ਸੰਸਥਾਵਾਂ ਵਿਚ ਮਹਿਲਾਵਾਂ ਲਈ ਸੀਟਾਂ ਰਾਖਵੀਆਂ ਰੱਖਣ ਵਾਸਤੇ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ ਐਕਟ ਅਤੇ ਪੰਜਾਬ ਮਿਉਂਸਿਪਲ ਐਕਟ ਵਿਚ ਵੀ ਸੰਵਿਧਾਨਕ ਤਰਮੀਮਾਂ ਅਨੁਸਾਰ ਅਜਿਹੇ ਹੀ ਉਪਬੰਧ ਕੀਤੇ ਗਏ ਹਨ । ਸ਼੍ਰੀਮਾਨ ਜੀ, ਮੈਨੂੰ ਮਾਣ ਹੈ ਕਿ ਸਾਡਾ ਰਾਜ ਤਰਮੀਮਸ਼ੁਦਾ ਸੰਵਿਧਾਨ ਮੁਤਾਬਕ ਇਨ੍ਹਾਂ ਸਾਰੀਆਂ ਸੰਸਥਾਵਾਂ ਦੀਆਂ ਚੋਣਾਂ ਕਰਵਾਉਣ ਵਿਚ ਦੇਸ਼ ਭਰ ਵਿਚ ਸਭ ਤੋਂ ਮੋਹਰੀ ਹੈ । (ਥਪਿੰਗ) ਇਕ ਦਹਾਕੇ ਮਗਰੋਂ ਆਪਣੇ ਵੋਟ ਦੇ ਅਧਿਕਾਰ ਦੀ ਪਹਿਲੀ ਵਾਰ ਨਿਡਰ ਹੋ ਕੇ ਵਰਤੋ

Original with;
Punjab Vidhan Sabha
Digitized by;
Punjab Digital Library

ਕਰਦੇ ਹੋਇਆਂ ਪੰਜਾਬ ਦੇ ਲੋਕਾਂ ਨੇ ਸਾਡੀ ਸਰਕਾਰ ਦੀਆਂ ਪਾਲਿਸੀਆਂ ਦੇ ਸਮਰਥਨ ਵਿਚ ਆਪਣਾ ਜ਼ੋਰਦਾਰ ਫੈਸਲਾ ਦਿੱਤਾ ਹੈ। (ਥੰਪਿੰਗ) ਇਸ ਦੇ ਨਾਲ ਹੀ, ਇਸ ਸਦਨ ਦੁਆਰਾ ਪਰਵਾਨ ਕੀਤੇ ਗਏ ਇਕ ਹੋਰ ਅਧਿਨਿਯਮ ਅਨੁਸਾਰ ਰਾਜ ਸਰਕਾਰ ਵਲੋਂ ਦਿਹਾਤੀ ਅਤੇ ਸ਼ਹਿਰੀ ਲੋਕਤੰਤਰੀ ਸੰਸਥਾਵਾਂ ਯਾਨੀ ਪੰਚਾਇਤਾਂ ਤੇ ਨਗਰਪਾਲਿਕਾਵਾਂ ਦੋਵਾਂ ਨੂੰ ਫੰਡ ਸੌਂਪਣ ਬਾਰੇ ਸਿਫਾਰਸ਼ ਕਰਨ ਲਈ ਪੰਜਾਬ ਵਿੱਤ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਹੈ। ਦਿਹਾਤੀ ਅਤੇ ਸ਼ਹਿਰੀ ਖੇਤਰਾਂ ਵਿਚ ਆਰਥਿਕ ਵਿਕਾਸ ਅਤੇ ਭਲਾਈ ਕਾਰਜਾਂ ਲਈ ਲੋਕ-ਤੰਤਰੀ ਸੰਸਥਾਵਾਂ ਨੂੰ ਅਸਰਦਾਰ ਵਸੀਲਿਆਂ ਵਜੋਂ ਹੋਰ ਵੀ ਮਜ਼ਬੂਤ ਬਣਾਇਆ ਜਾਵੇਗਾ।

3. ਸਾਡੀਆਂ ਪਾਲਿਸੀਆਂ ਅਰਥਚਾਰੇ ਦੇ ਸਮੂਹ ਸੈਕਟਰਾਂ ਦੇ ਵਿਕਾਸ ਉਤੇ ਜ਼ੋਰ ਦਿੰਦੀਆਂ ਹਨ। ਸਾਲ 1994-95 ਦੌਰਾਨ ਆਪਣੀ ਸਰਕਾਰ ਦੀਆਂ ਕੁਝ ਅਹਿਮ ਪ੍ਰਾਪਤੀਆਂ ਨੂੰ ਮੈਂ ਉਜਾਗਰ ਕਰਨਾ ਚਾਹਾਂਗਾ।

ਸਾਲ 1994-95 ਵਿਚ ਕੁਝ ਅਹਿਮ ਪ੍ਰਾਪਤੀਆਂ

(1) ਵਿਕਾਸ ਸਬੰਧੀ ਵਸੀਲੇ

ਭਾਵੇਂ ਕੋਈ ਪਰਿਵਾਰ ਹੋਵੇ ਜਾਂ ਕੋਈ ਸਰਕਾਰ, ਕਿਸੇ ਵੀ ਨਿਸ਼ਾਨੇ ਦੀ ਪ੍ਰਾਪਤੀ ਲਈ ਵਸੀਲੇ ਮੁਢਲੀ ਲੋੜ ਹੁੰਦੇ ਹਨ। ਅਮਨ ਦੇ ਨਵੇਂ ਮਾਹੌਲ ਵਿਚ ਸਾਡੇ ਦੂਰ-ਅੰਦੇਸ਼ ਮੁੱਖ ਮੰਤਰੀ ਸ. ਬੇਅੰਤ ਸਿੰਘ ਜੀ ਦੀ ਅਗਵਾਈ ਹੇਠ, ਸਾਡੀ ਸਰਕਾਰ ਨੇ ਸਾਡੇ ਵਿੱਤੀ ਮੰਤਵ ਇਸ ਪ੍ਰਕਾਰ ਉਲੀਕੇ ਹਨ ਰਾਜ ਨੂੰ ਕਰਜ਼ਿਆਂ ਦੀ ਭਾਰੀ ਮੁਥਾਜੀ ਤੋਂ ਮੁਕਤ ਕਰਨਾ, ਰਾਜ ਅੰਦਰ ਹੀ ਵਸੀਲੇ ਪੈਦਾ ਕਰਨੇ, ਘਾਟਿਆਂ ਨੂੰ ਘਟਾਉਣਾ ਅਤੇ ਅਦਾਰਿਆਂ ਦੀ ਸਫਲਤਾ ਲਈ ਅਨੁਕੂਲ ਵਾਤਾਵਰਣ ਸਿਰਜਣਾ। ਵਿੱਤੀ ਪ੍ਰਬੰਧ ਸਬੰਧੀ 5-ਨੁਕਾਤੀ ਪ੍ਰੋਗਰਾਮ ਵਿਚ ਆਰਥਿਕ ਨੀਤੀ ਦੀ ਜੋ ਸੇਧ ਦਿੱਤੀ ਗਈ ਹੈ, ਉਸ ਦੀ ਜ਼ੋਰਦਾਰ ਪਾਲਣਾ ਮੇਰੀ ਸਰਕਾਰ ਨੇ ਕਾਰਜਭਾਰ ਸੰਭਾਲਣ ਤੋਂ ਲੈ ਕੇ ਹੁਣ ਤੱਕ ਕੀਤੀ ਹੈ। **ਇਹ ਪ੍ਰੋਗਰਾਮ ਸਰਕਾਰ ਅਤੇ ਲੋਕਾਂ ਦੀ ਖੁਲ੍ਹੇ ਤੌਰ ਤੇ ਮੂਲੀਅਤ ਨਾਲ ਸਬੰਧਤ ਹੈ ਅਤੇ ਇਸ ਵਿਚ ਖ਼ਰਚ ਵਿਚ ਕਿਫਾਇਤ, ਪ੍ਰਬੰਧਕੀ ਪੁਨਰਗਠਨ, ਸਰਕਾਰੀ ਅਦਾਰਿਆਂ ਦਾ ਸੰਗਠਨਾਤਮਕ ਸੁਧਾਰ, ਸਬਸਿਡੀਆਂ ਨੂੰ ਸਿਲਸਿਲੇਵਾਰ ਘਟਾਉਣਾ ਅਤੇ ਮੁਨਾਸਿਬ ਵਸੀਲੇ ਜੁਟਾਉਣਾ ਸ਼ਾਮਲ** ਹਨ। ਇਸ ਨੀਤੀ ਨੂੰ ਸਫਲਤਾ-ਪੂਰਵਕ ਅਮਲ ਵਿਚ ਲਿਆਉਂਦੇ ਹੋਏ ਸਰਕਾਰ ਨੇ ਆਪਣੇ ਸਮੂਹ ਪ੍ਰੋਗਰਾਮਾਂ ਲਈ ਉੱਚਿਤ ਵਸੀਲੇ ਯਕੀਨੀ ਬਣਾ ਦਿੱਤੇ ਹਨ। ਫੰਡਾਂ ਦੀ ਸੁਧਰੀ ਹੋਈ ਉਪਲਬਧਤਾ ਨਿਮਨ ਕੁਝ ਵਿਸ਼ੇਸ਼ ਉਪਰਾਲਿਆਂ ਸਦਕਾ ਸੰਭਵ ਹੋ ਸਕੀ ਹੈ:

(ੳ) **ਛੋਟੀਆਂ ਬੱਚਤ-ਸਕੀਮਾਂ ਵਿਚ ਲੋਕਾਂ ਵੱਲੋਂ ਵਧੇਰੇ ਪੂੰਜੀ-ਨਿਵੇਸ਼**. ਜਨਤਾ ਦੁਆਰਾ ਰਾਜ ਦੀਆਂ ਵੱਖ ਵੱਖ ਛੋਟੀਆਂ ਬੱਚਤਾਂ ਸਕੀਮਾਂ ਵਿਚ ਜਮ੍ਹਾਂ ਕੀਤੀ ਰਕਮ ਵਿਚੋਂ 75 ਫ਼ੀਸਦੀ ਰਕਮ ਰਾਜ ਨੂੰ ਆਸਾਨ ਮਿਆਦੀ ਕਰਜ਼ੇ ਦੇ ਰੂਪ ਵਿਚ ਵਾਪਸ ਮਿਲਦੀ ਹੈ। ਪੰਜਾਬ ਵਾਸਤੇ ਇ ਰਕਮ ਸਾਲਾਨਾ ਯੋਜਨਾ ਦੀ ਕੁਲ ਰਕਮ ਵਿਚੋਂ 30 ਫੀਸਦੀ ਰਕਮ ਜੁਟਾਉਣ ਹਿਤ ਇਕ ਬਜਟੀ ਵਸੀਲਾ ਬਣ ਜਾਂਦੀ ਹੈ। ਪੰਜਾਬ ਵਿਚ ਛੋਟੀਆਂ ਬੱਚਤਾਂ ਸਬੰਧੀ ਨਿਰੋਲ ਜਮ੍ਹਾਂ ਰਕਮਾਂ ਸਾਲ 1992-93 ਵਿਚ 336 ਕਰੋੜ ਰੁਪਏ ਤੋਂ ਵੱਧ ਕੇ 1993-94 ਵਿਚ 500 ਕਰੋੜ ਰੁਪਏ ਹੋ ਗਈਆਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਅਤੇ 1994-95 ਵਿਚ ਇਹ 660 ਕਰੋੜ ਰਪਏ ਦੀਆਂ ਹੋ ਜਾਣਗੀਆਂ। ਫ਼ੀਸਦੀ ਦੇ ਰੂਪ ਵਿਚ ਇਹ ਵਾਧਾ 1992-93 ਦੇ ਮੁਕਾਬਲੇ 1993-94 ਵਿਚ 50 ਫ਼ੀਸਦੀ ਸੀ ' ਅਤੇ ਪਿਛਲੇ ਸਾਲਾਂ ਦੇ ਅੰਕੜਿਆਂ ਦੇ ਮੁਕਾਬਲੇ ਸਾਲ 1994-95 ਵਿਚ ਇਸ ਵਿਚ 32 ਫ਼ੀਸਦੀ ਦਾ ਹੋਰ ਵੀ ਵਾਧਾ ਹੋ ਜਾਵੇਗਾ। ਇਨ੍ਹਾਂ ਦੋ ਸਾਲਾਂ ਦੌਰਾਨ 15 ਫ਼ੀਸਦੀ ਦੇ ਰਾਸ਼ਟਰੀ ਵਾਧੇ ਦੇ ਮੁਕਾਬਲੇ ਇਹ ਖ਼ਾਸ ਤੌਰ ਤੇ ਵੱਧ ਹੈ।ਇਹ ਨਾਟਕੀ ਵਾਧਾ ਸਾਡੀ ਸਰਕਾਰ ਦੀ ਛੋਟੀਆਂ ਬੱਚਤਾਂ ਮੁਹਿੰਮ ਵਿਚ 12,000 ਵਧੀਕ ਯੁਵਕਾਂ ਅਤੇ ਮਹਿਲਾਵਾਂ ਨੂੰ ਉਤਸ਼ਾਹ ਦੇ ਕੇ ਸ਼ਾਮਲ ਕਰਨ ਸਬੰਧੀ ਪਾਲਿਸੀ ਦੇ ਸਿੱਟੇ ਵਜੋਂ ਸੰਭਵ ਹੋ ਸਕਿਆ ਹੈ। ਮਹਿਲਾ ਅਤੇ ਦਿਹਾਤੀ ਖੁਸ਼ਹਾਲੀ ਪ੍ਰੋਗਰਾਮ (ਵੇਵ) ਸਕੀਮ, ਜਿਸ ਦਾ ਮੈਂ ਮਾਰਚ, 1994 ਦੇ ਆਪਣੇ ਬਜਟ ਭਾਸ਼ਣ ਵਿਚ ਐਲਾਨ ਕੀਤਾ ਸੀ, ਅਧੀਨ ਅਸੀਂ 10,000 ਮਹਿਲਾ ਏਜੰਟਾ ਨੂੰ ਨਿਯਕਤ ਕਰ ਚੁੱਕਾ ਹੈ। ਛੋਟੀਆਂ ਬੱਚਤਾਂ ਸਬੰਧੀ ਸਵੈ- ਰੋਜ਼ਗਾਰ ਵਿਚ ਲੱਗੇ ਹੋਏ ਏਜੰਟ ਆਪਣੇ ਰਾਹੀਂ ਜਮ੍ਹਾਂ ਕਰਵਾਈਆਂ ਗਈਆਂ ਲੋਕਾਂ ਦੀਆਂ ਰਕਮਾਂ ਉਪਰ ਔਸਤਨ 1500 ਰਪਏ ਮਾਹਵਾਰ ਕਮਿਸ਼ਨ ਕਮਾ ਰਹੇ ਹਨ।

(ਅ) **ਵਿਕਰੀ-ਕਰ ਅਤੇ ਆਬਕਾਰੀ ਸਬੰਧੀ ਵਸੂਲ ਕੀਤੀਆ ਰਕਮਾਂ ਵਿਚ ਵਾਧਾ :** ਆਪਣੇ ਪਿਛਲੇ ਬਜਟ ਭਾਸ਼ਣ ਵਿਚ ਮੈਂ ਇਹ ਵਾਅਦਾ ਕੀਤਾ ਸੀ ਕਿ ਕਰ ਪ੍ਰਬੰਧ ਵਿਚ ਸੁਧਾਰ ਲਿਆਉਣ ਲਈ ਕਾਰਜਵਿਧੀਆ ਨੂੰ ਸਰਲ ਬਣਾਇਆ ਜਾਵੇਗਾ, ਦਰਾਂ ਦੀ ਬਹੁਤਾਤ ਘਟਾਈ ਜਾਵੇਗੀ ਅਤੇ ਕਰ-ਪ੍ਰਬੰਧ ਵਿਚ ਵਧੇਰੇ ਸਪਸ਼ਟਤਾ ਲਿਆਂਦੀ ਜਾਵੇਗੀ। ਮੈਂ ਲੋਕਾਂ ਅਤੇ ਨਿਰਧਾਰਣ-ਪਾਤਰਾਂ (ਅਸੈਸੀਜ਼) ਲਈ ਬਿਹਤਰ ਸੇਵਾਵਾਂ ਮੁਹੱਈਆ ਕਰਾਉਣ ਦਾ ਵੀ ਵਾਅਦਾ ਕੀਤਾ ਸੀ। ਮੈਨੂੰ ਇਹ ਐਲਾਨ ਕਰਨ ਵਿਚ ਖੁਸ਼ੀ ਹੋ ਰਹੀ ਹੈ ਕਿ ਸਾਲ 1994-95 ਦੌਰਾਨ ਕਰ-ਢਾਂਚੇ ਦਾ ਆਧਾਰ ਮੋਕਲਾ ਕਰ ਦਿਤਾ ਗਿਆ ਹੈ ਅਤੇ ਕਰ ਦਰਾਂ ਤਰਕਸੰਗਤ ਬਣਾ ਕੇ ਉਨ੍ਹਾਂ ਨੂੰ ਪੁਨਰਗਠਿਤ ਕਰ ਦਿਤਾ ਗਿਆ ਹੈ। ਕਰ ਕਾਨੂੰਨਾਂ ਦੀ ਸਵੈ-ਇਛਾ ਨਾਲ ਪਾਲਣਾ ਕਰਨ ਉਤੇ ਜ਼ੋਰ ਦਿਤਾ ਗਿਆ ਹੈ। ਮੈਨੂੰ ਆਸ ਹੈ ਕਿ 1993-94 ਵਿਚ 1,727 ਕਰੋੜ ਰੁਪਏ ਦੀ ਵਸੂਲੀ ਦੇ ਮੁਕਾਬਲੇ ਅਸੀਂ ਵਿੱਤੀ ਸਾਲ 1994-95 ਦੇ ਅੰਤ ਤਕ 2,170 ਕਰੋੜ ਰੁਪਏ ਦੀ ਵਸੂਲੀ ਕਰਨ ਦੇ ਸਮਰਥ ਹੋਵਾਂਗੇ। (ਥੰਪਿੰਗ) ਇਹ ਵਾਧਾ ਸਾਲ ਦੇ ਸ਼ੁਰੂ ਵਿਚ 15 ਫ਼ੀਸਦੀ ਦੇ ਮਿਥੇ ਟੀਚੇ ਤੋਂ 10 ਫ਼ੀਸਦੀ ਵਧੇਰੇ ਹੈ, ਇਸ ਨਾਲ ਅਸਲ ਪ੍ਰਾਪਤੀ 25.63 ਫ਼ੀਸਦੀ ਬਣਦੀ ਹੈ।

(ਏ) **ਅਣਉਤਪਾਦਕ ਖਰਚ ਵਿਚ ਕਟੌਤੀ :** ਆਪਣੀ ਵਿਕਾਸ ਮੁਹਿੰਮ ਦੇ ਨਾਲ-ਨਾਲ ਅਸੀਂ ਸਾਰਿਆਂ ਖੇਤਰਾਂ ਵਿਚ ਟਾਲਣਯੋਗ ਖ਼ਰਚ ਨੂੰ ਘਟਾਉਣ ਪ੍ਰਤੀ ਵੀ ਪੂਰੀ ਤਰ੍ਹਾਂ ਚੇਤੰਨ ਹਾਂ। ਬਜਟ 1994-95 ਵਿਚ, ਇਹ ਤੈਅ ਕੀਤਾ ਗਿਆ ਸੀ ਕਿ ਸਾਲ 1993-94 ਦੇ ਗ਼ੈਰ-ਯੋਜਨਾ ਖ਼ਰਚ ਦੇ ਵਾਧੇ ਦੇ ਮੁਕਾਬਲੇ ਸਾਲ 1994-95 ਦੌਰਾਨ ਇਸ ਖ਼ਰਚ, ਜਿਸ ਵਿਚ ਵਿਆਜ ਅਦਾਇਗੀਆਂ ਸ਼ਾਮਲ ਨਹੀਂ ਹਨ, ਨੂੰ 7 ਫ਼ੀਸਦੀ ਤਕ ਸੀਮਤ ਰਖਿਆ ਜਾਵੇਗਾ। ਸ਼੍ਰੀ ਮਾਨ ਜੀ, ਸਦਨ ਨੂੰ ਇਹ ਜਾਣਕਾਰੀ ਦਿੰਦਿਆਂ ਮੈਨੂੰ ਖੁਸ਼ੀ ਹੈ ਕਿ ਅਸੀਂ ਖ਼ੁਦ ਆਪਣੇ ਤੇ

Original with;
Punjab Vidhan Sabha
Digitized by;
Punjab Digital Library

ਥੋਪੇ ਗਏ ਸਖ਼ਤ ਵਿੱਤੀ ਜ਼ਬਤ ਦੇ ਮਾਮਲੇ ਵਿਚ ਨਾ ਕੇਵਲ ਸਾਬਤ ਕਦਮ ਹੀ ਰਹੇ ਹਾਂ ਬਲਕਿ ਅਸੀਂ ਇਹਨਾਂ ਅੰਕੜਿਆਂ ਨੂੰ ਘਟ ਕਰਕੇ ਵਾਸੇ 6.76 ਫ਼ੀਸਦੀ ਤੱਕ ਲੈ ਆਦਾ ਹੈ । ਇਸ ਤੋਂ ਇਹ ਪਤਾ ਲਗਦਾ ਹੈ ਕਿ ਦੇਸ਼ ਵਿਚ ਮੁਦਰਾ ਪਸਾਰ, ਜੋ ਕਿ ਇਸ ਸਾਲ ਦੌਰਾਨ ਅੰਸਤੁਨ 10 ਫ਼ੀਸਦੀ ਸੀ, ਦੇ ਬਾਵਜੂਦ ਇਹ ਵਾਧਾ ਸੰਭਵ ਹੋਇਆ ਹੈ । ਮੈਂ ਇਸ ਗੱਲ ਨੂੰ ਦੁਹਰਾਉਂਦਾ ਹਾਂ ਕਿ ਸੁਰੱਖਿਆ ਜਾਂ ਵਿਕਾਸ ਸਬੰਧੀ ਲੋੜਾਂਦਾ ਖ਼ਰਚ ਘਟਾਏ ਬਗੈਰ ਹੀ ਗ਼ੈਰ-ਯੋਜਨਾ ਖ਼ਰਚ ਨੂੰ ਘਟਾਇਆ ਗਿਆ ਹੈ । ਸਾਡੀ ਸਰਕਾਰ ਆਪਣੇ ਸ਼ਹਿਰੀਆਂ ਦੇ ਜਾਨ ਅਤੇ ਮਾਲ ਨੂੰ ਹਰ ਕੀਮਤ ਉਤੇ ਸੁਰੱਖਿਅਤ ਅਤੇ ਹਿਫ਼ਾਜ਼ਤ ਨਾਲ ਰੱਖਣ ਨੂੰ ਅਗੇਤ ਦਿੰਦੀ ਰਹੇਗੀ ।

(ਸ) **ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਵਿਚ ਸੁਧਾਰ** : ਸਰਕਾਰੀ ਅਤੇ ਸਹਿਕਾਰੀ ਸੈਕਟਰਾਂ ਦੇ ਅਦਾਰਿਆਂ ਦੀ ਕਾਰਗੁਜ਼ਾਰੀ ਵਿਚ ਕੁਝ ਸੁਧਾਰ ਹੋਇਆ ਹੈ । ਸਾਡਾ ਅਨੁਮਾਨ ਹੈ ਕਿ ਸਾਲ 1994-95 ਦੌਰਾਨ ਇਹ ਅਦਾਰੇ ਸਰਕਾਰ ਨੂੰ 3.99 ਕਰੋੜ ਰੁਪਏ ਦੀ ਆਮਦਨ ਕਰਾਉਣਗੇ । ਇਹਨਾਂ ਸਾਰੇ ਪਬਲਿਕ ਅਦਾਰਿਆਂ ਅਤੇ ਸਹਿਕਾਰੀ ਸੰਸਥਾਵਾਂ ਦੁਆਰਾ ਕਰਵਾਈ ਗਈ ਆਮਦਨ 9.68 ਕਰੋੜ ਰਪਏ ਦੀ ਹੋਵੇਗੀ । ਮੈਂ ਇਹ ਮੰਨਦਾ ਹਾਂ ਕਿ ਅਸੀਂ ਅਜੇ ਵੀ ਸਾਰੇ ਅਦਾਰਿਆਂ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਹਾਂ ਕਿਉਂਜੋ ਕੁਝ ਅਦਾਰਿਆਂ ਨੇ ਸਰਕਾਰ ਦਆਰਾ ਲਗਾਏ ਗਏ ਸਰਮਾਏ ਦੀ ਘੱਟ ਤੋਂ ਘੱਟ 4 ਫ਼ੀਸਦੀ ਰਕਮ ਹੀ ਸਰਕਾਰ ਨੂੰ ਪਰਤਾਈ ਹੈ ਅਤੇ ਕਈ ਹੋਰ ਅਦਾਰੇ ਘਾਟੇ ਵਿਚ ਜਾ ਰਹੇ ਹਨ ਕਿਉਂਜੋ ਇਨ੍ਹਾਂ ਅਦਾਰਿਆਂ ਵਿਚ ਪਬਲਿਕ ਧਨ ਲਾਇਆ ਗਿਆ ਹੈ ਇਸ ਲਈ ਹਰੇਕ ਸੰਸਥਾ ਵਲੋਂ ਕੀਤੀ ਜਾ ਰਹੀ ਕਾਰਗੁਜ਼ਾਰੀ ਦੀ ਨਿਪੁੰਨਤਾ ਨੂੰ ਯਕੀਨੀ ਬਣਾਉਣ ਲਈ ਅਸੀਂ ਇਸ ਸੈਕਟਰ ਦੇ ਕੰਮ-ਕਾਜ ਨੂੰ ਬੜੇ ਨੇੜਿਉਂ ਵੇਖਾਂਗੇ ।

(2) **ਕਾਨੂੰਨ ਤੇ ਵਿਵਸਥਾ**

ਸਰਕਾਰ ਨੇ ਆਮ ਵਰਗੇ ਹਾਲਾਤ ਬਹਾਲ ਕਰਕੇ ਅਤੇ ਸੁਰੱਖਿਆ ਮਾਹੌਲ ਬਰਕਰਾਰ ਕਰਕੇ ਲੋਕਾਂ ਵਿਚ ਵਿਸ਼ਵਾਸ ਪੈਦਾ ਕੀਤਾ ਹੈ। ਦਹਿਸ਼ਤਵਾਦ ਦੀ ਵੰਗਾਰ ਦੇ ਮੁਕਾਬਲੇ ਲਈ ਪੁਲਿਸ ਵਿਭਾਗ ਨੂੰ ਪੂਰੀ ਤਰਾਂ ਤਿਆਰ ਕਰਨ ਵਾਸਤੇ ਸਾਲ 1994-95 ਵਿਚ 421.50 ਕਰੋੜ ਰੁਪਏ ਦੀਆਂ ਰਕਮਾਂ ਦਾ ਉਪਬੰਧ ਕੀਤਾ ਗਿਆ ਹੈ । ਵਿਗਿਆਨ ਸੰਚਾਰ ਪ੍ਰਣਾਲੀਆਂ ਅਤੇ ਕੰਪਿਊਟਰੀਕਰਨ ਨੂੰ ਅਪਣਾ ਕੇ ਅਤੇ ਪੁਲਿਸ ਦੀ ਕਾਰਗੁਜਾਰੀ ਤੇ ਤਫਤੀਸ਼ ਦੇ ਆਧੁਨਿਕ ਢੰਗ ਤਰੀਕੇ ਲਾਗੂ ਕਰਕੇ ਪੁਲਿਸ ਦੀ ਕਾਰਜਵਿਧੀ ਵਿਚ ਹੋਰ ਵੀ ਸੁਧਾਰ ਲਿਆਂਦਾ ਗਿਆ ਹੈ । ਇਸ ਨੀਤੀ ਦੀ ਸਫਲਤਾ ਇਸ ਤੱਥ ਤੋਂ ਸਾਬਤ ਹੁੰਦੀ ਹੈ ਕਿ ਦਹਿਸ਼ਤਗਰਦੀ ਦੀਆਂ ਵਾਰਦਾਤਾਂ 1992 ਵਿਚ 3,827 ਤੋਂ ਘੱਟ ਕੇ 1994 ਵਿਚ ਕੇਵਲ 308 ਰਹਿ ਗਈਆਂ । 1992 ਦੇ ਸ਼ੁਰੂ ਵਿਚ ਪੁਲਿਸ ਕਰਮੀਆਂ ਸਮੇਤ 1,504 ਸ਼ਹਿਰੀ ਦਹਿਸ਼ਤਵਾਦੀ ਹਿੰਸਾ ਦਾ ਸ਼ਿਕਾਰ ਹੋਏ ਸਨ । ਉਸ ਤੋਂ ਮਗਰੋਂ ਰਾਜ ਨੇ ਮੁਕੰਮਲ ਸ਼ਾਂਤੀ ਦਾ ਹੈਰਾਨੀਜਨਕ ਮੋੜ ਕਟਿਆ ਹੈ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(3) ਲੋਕ ਅਦਾਲਤਾਂ

ਲੋਕਾਂ ਦੇ ਘਰਾਂ ਦੇ ਨੇੜੇ ਹੀ ਕਾਨੂੰਨੀ ਝਗੜਿਆਂ ਦੇ ਤੁਰਤ ਨਿਪਟਾਰੇ ਅਤੇ ਨਿਆਂ ਨੂੰ ਯਕੀਨੀ ਬਣਾਉਣ ਲਈ, ਸਾਲ 1994 ਦੌਰਾਨ 2,213 ਵਿਅਕਤੀਆਂ ਨੂੰ ਕਾਨੂੰਨੀ ਸਹਾਇਤਾ ਦਿੱਤੀ ਗਈ ਸੀ। 1994-95 ਵਿਚ 14 ਰਾਜ ਪੱਧਰ ਦੀਆਂ ਅਤੇ 72 ਜ਼ਿਲ੍ਹਾ ਪੱਧਰ ਦੀਆਂ ਲੋਕ ਅਦਾਲਤਾਂ ਲਾਈਆਂ ਗਈਆਂ ਸਨ। ਇਨ੍ਹਾਂ ਲੋਕ ਅਦਾਲਤਾਂ ਵਿਚ 10.56 ਕਰੋੜ ਰੁਪਏ ਦੀ ਰਕਮ ਮੋਟਰ ਦੁਰਘਟਨਾਂ ਕਲੇਮ ਟ੍ਰਿਬਿਊਨਲਾਂ ਅਤੇ ਹੋਰਨਾਂ ਕੇਸਾਂ ਦੇ ਸਬੰਧ ਵਿਚ ਲਾਭਪਾਤਰਾਂ ਨੂੰ ਦਿੱਤੀ ਗਈ ਸੀ।

(4) ਰਾਹਤ ਤੇ ਮੁੜ ਵਸੇਬਾ

ਸਾਨੂੰ ਉਨ੍ਹਾਂ ਨਾਲ ਦਿਲੀ ਹਮਦਰਦੀ ਹੈ ਜਿਨ੍ਹਾਂ ਨੇ ਦਹਿਸ਼ਤਗਰਦੀ ਦੀਆਂ ਮੰਦਭਾਗੀਆਂ ਵਾਰਦਾਤਾਂ ਵਿਚ ਆਪਣੇ ਸਨੇਹੀ ਗੁਆ ਲਏ ਹਨ। ਇਹਨਾਂ ਵਿਚੋਂ ਬਹੁਤੀਆਂ ਵਾਰਦਾਤਾਂ ਸਾਡੀ ਸਰਕਾਰ ਦੁਆਰਾ ਕਾਰਜਭਾਰ ਸੰਭਾਲਣ ਤੋਂ ਪਹਿਲਾਂ ਦੇ ਸਮੇਂ ਦੀਆਂ ਹਨ। ਇਨ੍ਹਾਂ ਬਦਕਿਸਮਤ ਭੈਣ ਭਰਾਵਾਂ ਦੇ ਅੱਥਰੂ ਪੂੰਝਣ ਦੇ ਆਪਣੇ ਤੁੱਛ ਜਿਹੇ ਯਤਨ ਵਜੋਂ ਅਸੀਂ ਦਹਿਸ਼ਤਵਾਦੀ ਹਿੰਸਾ ਦੇ ਸ਼ਿਕਾਰ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪਿਛਲੇ ਤਿੰਨ ਸਾਲਾਂ ਦੌਰਾਨ ਵੱਖ-ਵੱਖ ਕਿਸਮ ਦੀ ਸਹਾਇਤਾ ਵਜੋਂ ਤਕਰੀਬਨ 60 ਕਰੋੜ ਰੁਪਏ ਦੀ ਰਕਮ ਦਿੱਤੀ ਹੈ। ਸਾਲ 1994-95 ਦੌਰਾਨ ਅਤਿਵਾਦੀਆਂ ਹੱਥੋਂ ਮਾਰੇ ਗਏ ਬੇਦੋਸ਼ੇ ਸ਼ਹਿਰੀਆਂ ਦੇ ਸਕੂਲ ਅਤੇ ਕਾਲਜ ਜਾਣ ਵਾਲੇ ਬੱਚਿਆਂ ਨੂੰ ਕ੍ਰਮਵਾਰ 300 ਰੁਪਏ ਅਤੇ 500 ਰੁਪਏ ਦੀ ਐਕਸ-ਗ੍ਰੇਸ਼ੀਆ ਮਾਸਕ ਅਦਾਇਗੀ ਕੀਤੀ ਜਾਣੀ ਆਰੰਭ ਕਰ ਦਿਤੀ ਗਈ ਹੈ। ਸਰਕਾਰ ਨੇ ਜਿਹੜੇ ਵਿਅਕਤੀ ਆਤੰਕਵਾਦੀ ਹਿੰਸਾ ਵਿਚ ਜਾਂ ਫਿਰਕੂ ਹਿੰਸਾ ਵਿਚ ਮਾਰੇ ਗਏ ਸਨ, ਉਨ੍ਹਾਂ ਦੇ ਆਸ਼ਰਿਤਾਂ ਲਈ ਐਕਸ-ਗ੍ਰੇਸ਼ੀਆ ਗ੍ਰਾਂਟ ਦੀ ਅਦਾਇਗੀ ਦੀ ਰਕਮ 50,000 ਰੁਪਏ ਤੋਂ ਵਧਾ ਕੇ ਇਕ ਲੱਖ ਰੁਪਏ ਅਤੇ ਗੁਜ਼ਾਰਾ ਭੱਤਾ 1,000 ਰੁਪਏ ਮਾਸਕ ਤੋਂ ਵਧਾ ਕੇ 1,500 ਰੁਪਏ ਮਾਸਕ ਕਰ ਦਿੱਤਾ ਹੈ। ਨਵੰਬਰ, 1994 ਤੱਕ 10,362 ਵਿਅਕਤੀਆਂ ਅਤੇ 5,627 ਵਿਧਵਾਵਾਂ ਨੂੰ ਐਕਸ-ਗ੍ਰੇਸ਼ੀਆ ਸਹਾਇਤਾ ਅਤੇ 290 ਆਸ਼ਰਿਤ ਵਾਲਦਾਇਨ ਨੂੰ ਗੁਜ਼ਾਰਾ ਭੱਤਾ ਮੁਹੱਈਆ ਕੀਤਾ ਗਿਆ ਸੀ। ਦਹਿਸ਼ਤਗਰਦੀ ਦੇ ਸ਼ਿਕਾਰ ਹੋਰ ਵੀ 1,606 ਪਰਿਵਾਰਾਂ ਨੂੰ ਰਾਜ ਸਰਕਾਰ ਅੰਦਰ ਪਹਿਲ ਦੇ ਅਧਾਰ ਉਤੇ ਰੋਜ਼ਗਾਰ ਦਿੱਤਾ ਗਿਆ ਹੈ।

(5) ਸ਼ਹਿਰੀ ਸਥਾਨਕ ਸੰਗਠਨਾਂ ਦੀ ਕਾਰਗੁਜ਼ਾਰੀ ਵਿੱਚ ਸੁਧਾਰ

ਸਾਡੀਆਂ ਮਿਉਂਸਿਪਲ ਕਾਰਪੋਰੇਸ਼ਨਾਂ, ਮਿਉਂਸਿਪਲ ਕਮੇਟੀਆਂ ਅਤੇ ਨਗਰ ਪੰਚਾਇਤਾਂ ਨੇ ਸਥਾਨਕ ਕਰ ਉਗਰਾਉਣ ਅਤੇ ਇਨ੍ਹਾਂ ਦੀ ਵਰਤੋਂ ਨਗਰ ਵਾਸੀਆਂ ਲਈ ਕਰਨ ਵੱਲ ਪਹਿਲਕਦਮੀ ਕੀਤੀ ਹੈ। ਅੰਦਰੂਨੀ ਵਸੀਲੇ ਜੁਟਾਉਣ ਦੀਆਂ ਨਵੀਆਂ ਪ੍ਰਣਾਲੀਆਂ, ਜਿਸ ਵਿਚ ਨਿੱਜੀਕਰਣ ਅਤੇ ਚੁਣੀਂਦਾ ਅਪ੍ਰੇਸ਼ਨਾਂ ਦੇ ਠੇਕੇ ਲੈਣਾ ਵੀ

Original with;
Punjab Vidhan Sabha
Digitized by;
Panjab Digital Library

ਸ਼ਾਮਲ ਹੈ, ਜਾਹੀਂ ਵੱਖ-ਵੱਖ ਸ਼ਹਿਰੀ ਸਥਾਨਕ ਸੰਗਠਨਾਂ ਨੇ ਪਿਛਲੇ ਸਾਲ ਦੇ ਅੰਕੜਿਆਂ ਦੇ ਮੁਕਾਬਲੇ ਆਪਣੀ ਆਮਦਨ 50 ਫ਼ੀਸਦੀ ਵਧਾ ਕੇ 100 ਫ਼ੀਸਦੀ ਕਰ ਲਈ ਹੈ । ਇਨ੍ਹਾਂ ਮਿਉਂਸਪਲ ਕਾਰਪੋਰੇਸ਼ਨਾਂ ਅਤੇ ਮਿਉਂਸਪਲ ਕਮੇਟੀਆਂ ਦੀ ਕੁਲ ਆਮਦਨ 1993-94 ਵਿਚ 278 ਕਰੋੜ ਰੁਪਏ ਤੋਂ ਵੱਧ ਕੇ ਸਾਲ 1994-95 ਵਿਚ 414 ਕਰੋੜ ਰੁਪਏ ਹੋ ਗਈ ਹੈ (ਥੰਪਿੰਗ) ਜੋ ਕੇਵਲ ਇਕੋ ਸਾਲ ਵਿਚ ਤਕਰੀਬਨ 50 ਫ਼ੀਸਦੀ ਦਾ ਵਾਧਾ ਦਰਸਾਂਦੀ ਹੈ । ਇਹਨਾਂ ਵਧੀਕ ਫੰਡਾਂ ਦੀ ਵਰਤੋਂ ਸ਼ਹਿਰੀ ਇਲਾਕਿਆਂ ਦੇ ਚੌਗਿਰਦੇ ਵਿਚ ਸੁਧਾਰ ਲਿਆਉਣ ਅਤੇ ਇਹਨਾਂ ਇਲਾਕਿਆਂ ਅੰਦਰ ਸਰਵਿਸ ਡਲਿਵਰੀ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਕੀਤੀ ਗਈ ਹੈ । ਮੁਕਾਬਲਤਨ ਗਰੀਬ ਮਕਾਨ ਮਾਲਕਾਂ ਨੂੰ ਸਹਾਇਤਾ ਦੇਣ ਦੇ ਉਪਰਾਲੇ ਵਜੋਂ, ਉਹਨਾਂ ਦੁਆਰਾ ਘਟੋ-ਘੱਟ 250 ਵਰਗ ਗਜ਼ ਰਕਬੇ ਅੰਦਰ ਉਸਾਰੇ ਗਏ, ਸਮੂਹ ਸਵੈ-ਕਬਜ਼ੇ ਵਾਲੇ ਮਕਾਨਾਂ ਨੂੰ ਮਕਾਨ-ਕਰ ਲੈਵੀ ਤੋਂ ਛੋਟ ਦਿੱਤੀ ਗਈ ਸੀ । ਸਾਲ ਦੌਰਾਨ 32,000 ਮਿਉਂਸਪਲ ਕਰਮਚਾਰੀਆਂ ਨੂੰ ਪਿਛਲੇ ਸਮੇਂ ਯਾਨੀ ਪਹਿਲੀ ਅਪ੍ਰੈਲ, 1990 ਤੋਂ ਪੈਨਸ਼ਨ ਲਈ ਪਾਤਰ ਬਣਾਇਆ ਗਿਆ ਸੀ । 5,000 ਮਿਉਂਸਪਲ ਕਰਮਚਾਰੀ, ਜੋ ਪਹਿਲਾਂ ਅਸਥਾਈ ਸਨ, ਦੀਆਂ ਸੇਵਾਵਾਂ ਨਿਯਮਤ ਕਰ ਦਿੱਤੀਆਂ ਗਈਆਂ ਹਨ । ਉਨ੍ਹਾਂ ਨੂੰ ਰੈਗੂਲਰ ਕੀਤਾ ਗਿਆ ਹੈ । ਪੇਸ਼ਾਵਰਾਨਾ ਏਜੰਸੀ ਦੀ ਸਹਾਇਤਾ ਨਾਲ ਪੰਜਾਬ ਮਿਉਂਪਿਸਲ ਐਕਟ ਵਿਚ ਸੋਧ ਕੀਤੀ ਜਾ ਰਹੀ ਹੈ ਤਾਂ ਜੋ ਸਥਾਨਕ ਸੰਗਠਨ ਬਦਲ ਰਹੇ ਸਮਾਜ-ਆਰਥਕ ਹਾਲਾਤ ਦੇ ਅਨੁਕੂਲ ਕੰਮ-ਕਾਜ ਕਰ ਸਕਣ ।

(6) ਪੇਂਡੂ ਚੌਂਕੀਦਾਰਾਂ ਨੂੰ ਲਾਭ

ਸਰਕਾਰ ਨੇ ਰਾਜ ਵਿਚ 10,485 ਪੇਂਡੂ ਚੌਕੀਦਾਰਾਂ ਦਾ ਸੇਵਾਫਲ 200 ਰੁਪਏ ਤੋਂ ਵਧਾ ਕੇ 300 ਰਪਏ ਮਾਸਕ ਕਰੋਨ ਦਾ ਫੈਸਲਾ ਕੀਤਾ ਹੈ। (ਥੰਪਿੰਗ) ਇਹ ਵਾਧਾ ਪੂਰਵਪ੍ਰਭਾਵੀ ਤੌਰ ਤੇ ਪਹਿਲੀ ਅਪ੍ਰੈਲ, 1993 ਤੋਂ ਕੀਤਾ ਗਿਆ ਹੈ । ਸਾਲ 1994-95 ਦੌਰਾਨ ਦਿਹਾਤੀ ਪ੍ਰਸ਼ਾਸਨ ਦੇ ਇਸ ਮੁਸਤੈਹਿਕ ਪ੍ਰਮੁੱਖ ਵਿਅਕਤੀ ਨੂੰ 5.03 ਕਰੋੜ ਰੁਪਏ ਦੀ ਰਕਮ ਦਿੱਤੀ ਜਾ ਚੁੱਕੀ ਹੈ ।

(7) ਖ਼ਜ਼ਾਨਿਆਂ ਤੇ ਲੇਖਾ ਪ੍ਰਣਾਲੀ ਦਾ ਆਧੁਨਿਕੀਕਰਣ ਅਤੇ ਕੰਪਿਊਟਰੀਕਰਣ

ਆਪਣੇ ਪਿਛਲੇ ਬਜਟ ਭਾਸ਼ਣ ਵਿਚ ਮੈਂ ਐਲਾਨ ਕੀਤਾ ਸੀ ਕਿ ਰਾਜ ਦੇ ਖ਼ਜ਼ਾਨੇ, ਜੋ ਗਿਣਤੀ ਵਿਚ ਜਨਤਾ ਲਈ ਮਹੱਤਵਪੂਰਣ ਸੇਵਾ ਮੁਹੱਈਆ ਕਰਦੇ ਹਨ, ਦੀ ਕਾਰਜਵਿਧੀ ਨੂੰ ਸਰਲ ਬਣਾਇਆ ਜਾਵੇਗਾ । ਮੈਨੂੰ ਸਦਨ ਨੂੰ ਇਹ ਦੱਸਣ ਵਿਚ ਖੁਸ਼ੀ ਹੋ ਰਹੀ ਹੈ ਕਿ ਇਸ ਸਾਲ ਦੌਰਾਨ ਇਸ ਪ੍ਰਣਾਲੀ ਅਤੇ ਕਾਰਜ-ਵਿਧੀਆਂ ਵਿਚ ਕਾਫੀ ਸੁਧਾਰ ਲਿਆਂਦਾ ਗਿਆ ਹੈ ਅਤੇ ਇਹਨੂੰ ਹੋਰ ਵੀ ਸਪਸ਼ਟ ਬਣਾਇਆ ਗਿਆ ਹੈ । ਹੁਣ ਸਾਰੇ ਬਿਲ ਤੇ ਚੈਕ ਖਜ਼ਾਨੇ ਵਿਚ ਪੇਸ਼ ਕਰਨ ਦੀ ਮਿਤੀ ਤੋਂ ਚਾਰ ਦਿਨਾਂ ਦੇ ਅੰਦਰ-ਅੰਦਰ ਤੇਜ਼ੀ ਨਾਲ ਨਿਪਟਾਏ ਜਾਣ ਨੂੰ ਖਜ਼ਾਨਿਆਂ ਦੁਆਰਾ ਯਕੀਨੀ ਬਣਾਇਆ ਜਾ ਰਿਹਾ ਹੈ । ਲੋਕ ਹਿਤ ਨੂੰ ਮੁੱਖ ਰੱਖਦੇ ਹੋਏ ਸਾਰੇ ਖਜ਼ਾਨਿਆਂ ਵਿਚ ਸ਼ਿਕਾਇਤ ਬਕਸੇ ਰੱਖ ਦਿੱਤੇ ਗਏ ਹਨ । ਸਾਲ 1994 ਦੇ ਆਪਣੇ ਬਜਟ ਭਾਸ਼ਣ

Original with;
Punjab Vidhan Sabha
Digitized by;
Punjab Digital Library

[ਵਿੱਤ ਮੰਤਰੀ]

ਵਿੱਚ ਮੈਂ ਇਹ ਹੋਰ ਵੀ ਯਕੀਨੀ ਬਣਾਇਆ ਸੀ ਕਿ ਵਿਗਿਆਨਕ ਪ੍ਰਣਾਲੀਆਂ ਜਿਹਨਾਂ ਵਿਚ ਵਧੇਰੇ ਵਿੱਤੀ ਕੰਟਰੋਲ ਤੇ ਬਜਟੀ ਪ੍ਰਬੰਧ ਲਈ ਕੰਪਿਊਟਰੀਕਰਨ ਵਿਧੀ ਸ਼ਾਮਲ ਹੋਵੇ, ਆਰੰਭ ਕੀਤੀਆਂ ਜਾਣ । ਉਕਤ ਭਰੋਸੇ ਦੀ ਪੂਰਤੀ ਵਜੋਂ ਲੇਖੇ ਦੇ ਕੰਪਿਊਟਰੀਕਰਨ ਦਾ ਪ੍ਰਾਜੈਕਟ, ਟਾਟਾ ਸਲਾਹਕਾਰ ਸੇਵਾ, ਜੋ ਦੇਸ਼ ਦੀਆਂ ਸੈ੍ਰਸ਼ਟ ਮਾਹਰ ਸੰਸਥਾਵਾਂ ਵਿਚੋਂ ਇਕ ਹੈ, ਦੀ ਸਹਾਇਤਾ ਨਾਲ ਹੱਥ ਵਿਚ ਲਿਆ ਗਿਆ ਹੈ । ਕੰਪਿਊਟਰੀਕਰਨ ਦੇ ਪਹਿਲੇ ਪੜਾਅ ਵਿਚ ਚਾਰ ਪ੍ਰਮੁੱਖ ਵਿਭਾਗ ਅਰਥਾਤ ਵਿੱਤ, ਲੋਕ ਨਿਰਮਾਣ,ਖੁਰਾਕ ਤੇ ਸਪਲਾਈ ਅਤੇ ਟਰਾਂਸਪੋਰਟ ਸਬੰਧੀ ਕੰਮ ਹੱਥ ਵਿਚ ਲਿਆ ਗਿਆ ਹੈ । ਇਸ ਦੇ ਨਾਲ ਹੀ ਰਾਜ ਸਰਕਾਰ ਨੇ ਗਵਰਨਰ, ਰੀਜ਼ਰਵ ਬੈਂਕ ਆਫ ਇੰਡੀਆ ਨੂੰ ਰਾਜ ਦਾ ਵਿੱਤੀ ਲੈਣ ਦੇਣ, ਰਾਜ ਵਿਚਲੇ ਵੱਡੀ ਗਿਣਤੀ ਦੇ ਵਪਾਰਕ ਬੈਂਕਾਂ ਰਾਹੀਂ ਕੀਤੇ ਜਾਣ ਦੀ ਇਜਾਜ਼ਤ ਦੇਣ ਲਈ ਬੇਨਤੀ ਕੀਤੀ ਹੈ । ਇਹ ਵਪਾਰਕ ਬੈਂਕ ਸਰਕਾਰ ਨਾਲ ਸਬੰਧਤ ਸਾਰੇ ਲੈਣ ਦੇਣ ਸਬੰਧੀ ਸ਼ੀਘਰ ਅਤੇ ਕੰਪਿਊਟਰੀ ਜਾਣਕਾਰੀ ਸਪਲਾਈ ਕਰਨਗੇ । ਆਮਦਨ ਤੇ ਖ਼ਰਚ ਸਬੰਧੀ ਅਪ-ਟੂ-ਡੇਟ ਜਾਣਕਾਰੀ, ਸਰਕਾਰ ਨੂੰ ਬਿਹਤਰ ਵਿੱਤੀ ਕੰਟਰੋਲ ਅਤੇ ਪ੍ਰਬੰਧ ਵਾਸਤੇ ਆਪਣੀ ਆਮਦਨ ਦਾ ਨੇੜਿਉਂ ਨਿਰੀਖਣ ਕਰਨ ਦੇ ਸਮਰੱਥ ਬਣਾਏਗੀ ।

ਤੇਜ਼ੀ ਨਾਲ ਬਦਲ ਰਹੀ ਤਕਨਾਲੋਜੀ ਦੇ ਇਸ ਦੌਰ ਵਿਚ ਸਰਕਾਰ ਨੂੰ ਚੁਨੌਤੀਆਂ ਨਾਲ ਹਮਕਦਮ ਹੋ ਕੇ ਤੁਰਨ ਲਈ ਆਪਣੀਆਂ ਪ੍ਰਣਾਲੀਆਂ ਨੂੰ ਅਵੱਸ਼ ਅੱਪ-ਗਰੇਡ ਕਰਨਾ ਚਾਹੀਦਾ ਹੈ । ਸ਼੍ਰੀਮਾਨ ਜੀ, ਆਪ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਪੰਜਾਬ ਸਰਕਾਰ ਕੰਪਿਊਟਰੀ-ਦੌਰ ਵਿਚ ਦਾਖਲ ਹੋ ਗਈ ਹੈ । ਪੰਜਾਬੀ ਅਤੇ ਅੰਗਰੇਜ਼ੀ ਦੋ ਜ਼ੁਬਾਨਾਂ ਵਿਚ ਆਪ ਨੂੰ ਸਪਲਾਈ ਕੀਤੇ ਗਏ ਇਹ ਬਜਟ ਦਸਤਾਵੇਜ਼ ਅਤੇ ਸਮੱਗਰੀ ਸਾਡੇ ਆਪਣੇ ਕੰਪਿਊਟਰਾਂ ਦੀ ਦੇਣ ਹੈ ।

ਕੌਮਾਂਤਰੀ ਆਰਥਿਕ ਵਾਤਾਵਰਣ

4. ਮੌਜੂਦਾ ਸਰਕਾਰ ਨੇ ਕੇਂਦਰ ਵਿਖੇ ਜਦੋਂ ਜੂਨ, 1991 ਵਿਚ ਕਾਰਜਭਾਰ ਸੰਭਾਲਿਆ ਤਾਂ ਇਸ ਨੂੰ ਬੇਮਿਸਾਲ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪਿਆ । ਉਸ ਸਮੇਂ ਉਚੇਰੀ ਮੁਦਰਾ-ਪਸਾਰ, ਵਧ ਰਹੀ ਬੇਰੁਜ਼ਗਾਰੀ, ਉਤਪਾਦਨ ਵਿਚ ਕਮੀ, ਵਿਦੇਸ਼ੀ ਸਿੱਕੇ ਦੀ ਬੜੀ ਮਾਮੂਲੀ ਪੱਧਰ ਅਤੇ ਵੱਧ ਰਹੇ ਬਜਟੀ ਘਾਟੇ ਵਰਗੀਆਂ ਕਈ ਸਮੱਸਿਆਵਾਂ ਸਨ । ਕਾਂਗਰਸ ਸਰਕਾਰ ਨੇ ਅਰਥਚਾਰੇ ਦਾ ਬੁਨਿਆਦੀ ਤਵਾਜ਼ਨ ਕਾਇਮ ਰੱਖਣ ਦੇ ਸਬੰਧ ਵਿਚ ਉਪਰਾਲੇ ਆਰੰਭ ਕਰਨ ਲਈ ਬੜੇ ਦਲੇਰਾਨਾ ਅਤੇ ਤੇਜ਼ ਕਦਮ ਉਠਾਏ । ਵਪਾਰ ਤੇ ਉਦਯੋਗ ਨੂੰ ਕਮਜ਼ੋਰ ਕਰ ਰਹੇ ਬੇਲੋੜੇ ਕੰਟਰੋਲਾਂ ਤੋਂ ਇਹਨੂੰ ਹੌਲੀ-ਹੌਲੀ ਆਜ਼ਾਦ ਕੀਤਾ ਗਿਆ । ਸਵੈ-ਇੱਛਾ ਨਾਲ ਨਿਯਮਾਂ ਦੀ ਪਾਲਣਾ ਕਰਨ ਲਈ ਕਰ-ਢਾਂਚੇ ਨੂੰ ਬਾਕਾਇਦਾ ਓਵਰਹਾਲ ਕੀਤਾ ਗਿਆ ਅਤੇ ਪੂੰਜੀ ਦੇ ਬੇਰੋਕ ਪਸਾਰ ਨੂੰ ਉਤਸ਼ਾਹਿਤ ਕਰਨ ਲਈ ਦਰਾਮਦ ਬਰਾਮਦ ਪਾਲਿਸੀਆਂ ਨੂੰ ਨਰਮ ਬਣਾਇਆ ਗਿਆ । ਇਹਨਾਂ ਤਬਦੀਲੀਆਂ ਸਦਕਾ ਛੇਤੀ ਹੀ ਬੜੇ ਸ਼ਾਨਦਾਰ ਨਤੀਜੇ ਨਿਕਲੇ ਯਾਨੀ ਇਹਨਾਂ ਕਾਰਣ ਮਦਰਾ-ਪਸਾਰ ਵਿਚ ਗਿਰਾਵਟ ਆਈ, ਵਿਦੇਸ਼ੀ ਸਿੱਕੇ ਦੀ ਵਟਾਂਦਰਾ-ਦਰ ਵਿਚ ਵਾਧਾ ਹੋਇਆ, ਭਾਰਤੀ ਅਰਥ-ਚਾਰੇ ਵਿਚ ਅੰਤਰਰਾਸ਼ਟਰੀ ਭਰੋਸੇ ਦੀ ਬਹਾਲੀ ਹੋਣ ਦੇ ਨਾਲ-ਨਾਲ ਅੱਛਾ ਵਿਦੇਸ਼ੀ ਪੂੰਜੀ ਨਿਵੇਸ਼ ਵੀ ਹੋਇਆ ।

Original with;
Punjab Vidhan Sabha
Digitized by;
Panjab Digital Library

5. ਸਮੁੱਚੇ ਘਰੇਲੂ ਉਤਪਾਦਨ ਦਾ ਚਾਲੂ ਵਿੱਤੀ ਘਾਟਾ ਜੋ 1990-91 ਵਿਚ 2 ਫ਼ੀਸਦੀ ਤੋਂ ਜ਼ਿਆਦਾ ਬਣਦਾ ਸੀ, ਸਾਲ 1994-95 ਵਿਚ ਹੋਰ ਵੀ ਘੱਟ ਕੇ ਕੇਵਲ 0.5 ਫ਼ੀਸਦੀ ਰਹਿ ਗਿਆ ਹੈ । ਨਵੀਂ ਆਰਥਿਕ ਪਾਲਿਸੀ ਦੇ ਸ਼ੁਰੂ ਹੋਣ ਨਾਲ ਬਦੇਸ਼ੀ ਕਰਜ਼ਾ ਸਮੁੱਚੇ ਘਰੇਲੂ ਉਤਪਾਦਨ (ਜੀ. ਡੀ. ਪੀ.) ਦੇ 35 ਫ਼ੀਸਦੀ ਤਕ ਘਟ ਗਿਆ ਹੈ ਜਦਕਿ ਇਸ ਦੇ ਮੁਕਾਬਲੇ ਸਾਲ 1990-91 ਵਿਚ ਇਹ 40 ਫ਼ੀਸਦੀ ਸੀ । ਸਾਲ 1994-95 ਦੌਰਾਨ ਅਰਥਚਾਰੇ ਅੰਦਰ 5 ਫ਼ੀਸਦੀ ਦੀ ਦਰ ਨਾਲ ਵਾਧਾ ਹੋਣ ਦੀ ਆਸ ਹੈ ਜਦੋਂਕਿ ਪਿਛਲੇ ਸਾਲ ਇਹ ਵਾਧਾ 4 ਫ਼ੀਸਦੀ ਸੀ । ਸਨਅਤੀ ਸੈਕਟਰ ਵਿਚ ਬੇਹੱਦ ਉਤਸ਼ਾਹ ਪਾਏ ਜਾਣ ਕਰਕੇ, ਚਾਲੂ ਸਾਲ ਵਿਚ ਸਨਅਤੀ ਵਿਕਾਸ ਦਰ ਤਕਰੀਬਨ 8 ਫ਼ੀਸਦੀ ਹੋਵੇਗੀ । ਪੰਜਾਬ ਵਿਚ ਰਾਜ ਪੱਧਰ ਤੇ ਚਲ ਰਹੀ ਆਰਥਿਕ ਪੁਨਰਗਠਨ ਲਈ ਜ਼ੋਰਦਾਰ ਮੁਹਿੰਮ, ਜਿਸ ਦਾ ਜ਼ਿਕਰ ਮੈਂ ਪਹਿਲਾਂ ਕਰ ਚੁੱਕਾ ਹਾਂ, ਰਾਸ਼ਟਰੀ ਪੱਧਰ ਤੇ ਹੋ ਰਹੀਆਂ ਵਿਆਪਕ ਤਬਦੀਲੀਆਂ ਦੇ ਅਨੁਰੂਪ ਹੈ ।

ਪੰਜਾਬ ਦੇ ਅਰਥਚਾਰੇ ਉਤੇ ਇਕ ਝਾਤ

6. ਰਾਜ ਦੀ ਜੀਅ ਪ੍ਰਤੀ ਆਮਦਨ ਦਾ 1993-94 ਵਿਚ 4,055 ਰੁਪਏ ਅਨੁਮਾਨ ਲਗਾਇਆ ਗਿਆ ਹੈ ਜਦੋਂਕਿ ਇਸ ਦੇ ਮੁਕਾਬਲੇ 1992-93 ਵਿਚ ਇਹ 3,952 ਰੁਪਏ ਸੀ, ਇਸ ਤਰ੍ਹਾਂ ਇਹ 2.6 ਫ਼ੀਸਦੀ ਦਾ ਵਾਧਾ ਦਰਸਾਂਦੀ ਹੈ । 1993-94 ਵਿਚ ਸਰਬ ਭਾਰਤੀ ਜੀਅ ਪ੍ਰਤੀ ਆਮਦਨ ਅਨੁਮਾਨ 2,282 ਰੁਪਏ ਰਿਹਾ ਜਦੋਂਕਿ 1992-93 ਵਿਚ ਇਹ 2,226 ਰੁਪਏ ਸੀ । ਇਹ ਅੰਕੜੇ ਦਰਸਾਂਦੇ ਹਨ ਕਿ ਪੰਜਾਬ ਰਾਜ ਸਮੂਹ ਰਾਜਾਂ ਵਿਚੋਂ, ਸਿਵਾਏ ਗੋਆ ਦੇ, ਸਥਿਰ ਕੀਮਤਾਂ ਪੱਖੋਂ ਜੀਅ ਪ੍ਰਤੀ ਆਮਦਨ ਵਿਚ ਲਗਾਤਾਰ ਸਭ ਤੋਂ ਉਪਰ ਰਿਹਾ ਹੈ, ਅਜਿਹਾ ਸਾਡੇ ਲੋਕਾਂ ਦੀ ਸਖ਼ਤ ਮਿਹਨਤ ਅਤੇ ਦ੍ਰਿਸ਼ਟੀਕੋਣ ਸਦਕਾ ਹੈ । ਸਾਲ 1993-94 ਦੌਰਾਨ ਚਾਲੂ ਕੀਮਤਾਂ ਦੇ ਆਧਾਰ ਤੇ ਪੰਜਾਬ ਦੀ ਜੀਅ ਪ੍ਰਤੀ ਆਮਦਨ 12,319 ਰੁਪਏ ਸੀ ਜਦਕਿ ਰਾਸ਼ਟਰੀ ਪੱਧਰ ਤੇ ਇਹ 6,929 ਰੁਪਏ ਸੀ ।

7. ਸਥਿਰ ਕੀਮਤਾਂ (1980-81) ਦੇ ਆਧਾਰ ਉਤੇ ਪੰਜਾਬ ਰਾਜ ਦਾ ਘਰੇਲੂ ਉਤਪਾਦਨ (ਜੀ.ਐਸ.ਡੀ.ਪੀ.) ਜੋ 1993-94 ਵਿਚ 9,598.86 ਕਰੋੜ ਰੁਪਏ ਸੀ, 1994-95 ਵਿਚ ਵੱਧ ਕੇ 10,048.76 ਕਰੋੜ ਰੁਪਏ ਹੋ ਜਾਣ ਦੀ ਆਸ ਹੈ ਅਤੇ ਇਸ ਤਰ੍ਹਾਂ ਇਹ 4.69 ਫ਼ੀਸਦੀ ਦੀ ਵਿਕਾਸ ਦਰ ਦਰਸਾਂਦਾ ਹੈ । ਉਤਪਾਦਨ ਟੀਚਿਆਂ ਦੇ ਆਧਾਰ ਉਤੇ ਰਾਜ ਦੇ ਅਰਥਚਾਰੇ ਦੀ 1995-96 ਵਿਚ 4.80 ਫ਼ੀਸਦੀ ਦੇ ਵਾਧੇ ਨੂੰ ਪ੍ਰਾਪਤ ਕਰ ਲੈਣ ਦੀ ਆਸ ਹੈ ।

8. ਜ਼ਰਾਇਤੀ ਸੈਕਟਰ ਜੋ ਸਮੁੱਚੇ ਰਾਜ ਦੇ ਘਰੇਲੂ ਉਤਪਾਦਨ (ਜੀ.ਐਸ.ਡੀ.ਪੀ.) ਦਾ 30 ਫ਼ੀਸਦੀ ਬਣਦਾ ਹੈ, ਦੀ ਕਾਰਗੁਜ਼ਾਰੀ ਦਾ ਰਾਜ ਦੇ ਅਰਥਚਾਰੇ ਉਤੇ ਅਹਿਮ ਪ੍ਰਭਾਵ ਹੈ । ਅਨੁਮਾਨਾਂ ਅਨੁਸਾਰ ਸਥਿਰ ਕੀਮਤਾਂ 1980-81 ਦੇ ਆਧਾਰ ਉਤੇ ਰਾਜ ਵਿਚ ਖੇਤੀਬਾੜੀ ਤੋਂ ਕੁਲ ਘਰੇਲੂ ਉਤਪਾਦਨ ਜੋ 1992-93 ਵਿਚ 2,897.58 ਕਰੋੜ ਰੁਪਏ ਸੀ, 1994-95 ਵਿਚ ਵੱਧ ਕੇ 2,950.72 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ । ਪਸ਼ੂ-ਪਾਲਣ ਖੇਤਰ ਦਾ ਰਾਜ ਦੇ ਅਰਥਚਾਰੇ ਵਿਚ ਤਕਰੀਬਨ 16 ਫ਼ੀਸਦੀ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਹਿੱਸਾ ਹੈ । ਇਹ ਖੇਤਰ 1994-95 ਦੌਰਾਨ 6.64 ਫ਼ੀਸਦੀ ਦੀ ਵਿਕਾਸ ਦਰ ਦਰਸਾਉਂਦਾ ਹੈ । ਰਾਜ ਅੰਦਰ ਆਮ ਵਰਗੇ ਹਾਲਾਤ ਬਹਾਲ ਹੋ ਜਾਣ ਨਾਲ ਅਤੇ ਉੱਦਮੀਆਂ ਅੰਦਰ ਭਰੋਸਾ ਪੈਦਾ ਹੋਣ ਕਰਕੇ ਉਦਯੋਗਿਕ ਸੈਕਟਰ ਨੇ ਸ਼ਾਨਦਾਰ ਤਰੱਕੀ ਕੀਤੀ ਹੈ । 1994-95 ਵਿਚ ਸਨਅਤੀ ਸੈਕਟਰ ਵੱਲੋਂ ਤਕਰੀਬਨ 7.5 ਫੀਸਦੀ ਦੀ ਵਿਕਾਸ ਦਰ ਦਰਸਾਈ ਗਈ ਹੈ ।

ਰਾਜ ਸਰਕਾਰ ਦੀ ਦੇਣਦਾਰੀ

9. ਸਾਲ 1978 ਤੋਂ ਬਾਅਦ ਰਾਜ ਦਹਿਸ਼ਤਗਰਦੀ ਅਤੇ ਅੱਤਵਾਦ ਦੀਆਂ ਬੇਮਿਸਾਲ ਸਮੱਸਿਆਵਾਂ ਦਾ ਸਾਹਮਣਾ ਕਰਦਾ ਰਿਹਾ । 1982 ਤੋਂ 1992 ਦੇ ਸਮੇਂ ਦੌਰਾਨ ਸਿਵਾਏ $1\frac{1}{2}$ ਸਾਲ ਦੇ ਥੋੜ੍ਹੇ ਜਿਹੇ ਅਰਸੇ ਦੇ, ਤਕਰੀਬਨ ਲਗਾਤਾਰ ਹੀ ਰਾਸ਼ਟਰਪਤੀ ਰਾਜ ਦਾ ਦੌਰ ਰਿਹਾ ਅਤੇ ਇਸ ਸਮੇਂ ਵਿਚ ਵਸੀਲੇ ਜੁਟਾਉਣ ਲਈ ਕੋਈ ਕੋਸ਼ਿਸ਼ ਨਹੀਂ ਕੀਤੀ ਗਈ । ਫਲਸਰੂਪ, ਰਾਜ ਨੂੰ ਨਾ ਸਿਰਫ ਆਪਣੇ ਯੋਜਨਾ (ਪਲਾਨ) ਖਰਚ ਲਈ ਹੀ ਸਗੋਂ ਕੁਝ ਹੱਦ ਤਕ ਆਪਣੇ ਗੈਰ-ਯੋਜਨਾ (ਨਾਨ-ਪਲਾਨ) ਖਰਚ ਨੂੰ ਪੂਰਿਆਂ ਕਰਨ ਲਈ ਵੀ ਕਾਫ਼ੀ ਹੱਦ ਤਕ ਕੇਂਦਰੀ ਸਹਾਇਤਾ ਉਪਰ ਨਿਰਭਰ ਰਹਿਣਾ ਪਿਆ । ਦਹਿਸ਼ਤਗਰਦੀ ਵਿਰੁੱਧ ਲੜਾਈ ਲੜਣ ਲਈ ਕਾਨੂੰਨ ਤੇ ਵਿਵਸਥਾ ਅਤੇ ਸੁਰੱਖਿਆ ਪ੍ਰਬੰਧਾਂ ਵਾਸਤੇ ਵਧੇਰੇ ਖਰਚ ਦੀ ਲੋੜ ਸੀ । ਦਹਿਸ਼ਤਗਰਦੀ ਦੇ ਸ਼ਿਕਾਰ ਹੋਏ ਲੋਕਾਂ ਦੇ ਰਾਹਤ ਤੇ ਪੁਨਰਵਾਸ ਸਬੰਧੀ ਉਪਰਾਲਿਆਂ ਉਤੇ ਵੀ ਚੋਖੇ ਫੰਡ ਖਰਚ ਕਰਨੇ ਪਏ ਸਨ ।

10. ਭਾਰਤ ਸਰਕਾਰ ਦੁਆਰਾ ਰਾਜ ਨੂੰ ਵਿਸ਼ੇਸ਼ ਮਿਆਦੀ ਕਰਜ਼ੇ ਦੇ ਕੇ ਇਹ ਵਿੱਤੀ ਸੰਕਟ ਆਰਜ਼ੀ ਤੌਰ ਤੇ ਘਟਾਇਆ ਗਿਆ ਸੀ । 1984 ਤੋਂ ਬਾਅਦ ਰਾਜ ਸਰਕਾਰ ਨੂੰ 300 ਕਰੋੜ ਰੁਪਏ ਤੋਂ 900 ਕਰੋੜ ਰੁਪਏ ਸਾਲਾਨਾ ਤਕ ਚੋਖੇ ਫੰਡ ਦਿਤੇ ਗਏ । ਭਾਵੇਂ ਇਹਨਾਂ ਨਾਲ ਰਾਜ ਨੂੰ ਆਪਣੀਆਂ ਡੂੰਘੀ ਵਿੱਤੀ ਸਮੱਸਿਆਵਾਂ ਉਪਰ ਕਾਬੂ ਪਾਣ ਵਿਚ ਮਦਦ ਮਿਲੀ ਹੈ ਪਰ ਇਹ ਦੇਣਦਾਰੀ 31 ਮਾਰਚ, 1995 ਤਕ 5,858 ਕਰੋੜ ਰੁਪਏ ਦੀ ਇਕ ਭਾਰੀ ਰਕਮ ਬਣ ਗਈ ਹੈ । ਪਿਛਲੇ ਦੋ ਸਾਲਾਂ ਵਿਚ ਰਾਜ ਸਰਕਾਰ ਨੂੰ ਆਪਣੀ ਬਣਦੀ ਰਕਮ ਦਾ ਬਹੁਤ ਵੱਡਾ ਹਿੱਸਾ ਮੁੜ ਅਦਾਇਗੀ ਲਈ ਐਲੋਕੇਟ ਕਰਨਾ ਪਿਆ ਹੈ । 1993-94 ਵਿਚ 801 ਕਰੋੜ ਰੁਪਏ ਦੀ ਰਕਮ ਦੀ ਮੁੜ ਅਦਾਇਗੀ ਕੀਤੀ ਗਈ ਅਤੇ 1994-95 ਵਿਚ 915 ਕਰੋੜ ਰੁਪਏ ਦੀ ਰਕਮ ਵਾਪਸ ਮੋੜੀ ਗਈ । 1995-96 ਦੌਰਾਨ ਮੁੜ ਅਦਾਇਗੀਯੋਗ ਦੇਣਦਾਰੀ 977 ਕਰੋੜ ਰੁਪਏ ਦੀ ਹੈ । ਇਹਨਾਂ ਦੇਣਦਾਰੀਆਂ ਕਾਰਨ ਰਾਜ ਦੇ ਵਿਕਾਸ ਕਾਰਜਾਂ ਨੂੰ ਨਕਸਾਨ ਪੁੱਜਿਆ ਹੈ। ਰਾਜ ਸਰਕਾਰ, ਇਨ੍ਹਾਂ ਵਿਸ਼ੇਸ਼ ਮਿਆਦੀ ਕਰਜ਼ਿਆਂ ਦੀ ਵਸੂਲੀ ਨੂੰ ਮੁਆਫ਼ ਕਰਨ ਜਾਂ ਮੁੜ ਅਨਸੂਚਿਤ ਕਰਨ ਸਬੰਧੀ ਭਾਰਤ ਸਰਕਾਰ ਪਾਸ ਲਗਾਤਾਰ ਰਸਾਈ ਕਰ ਰਹੀ ਹੈ । ਸਾਡੇ ਮੁੱਖ ਮੰਤਰੀ ਸ. ਬੇਅੰਤ ਸਿੰਘ ਜੀ ਨੇ ਪ੍ਰਧਾਨ ਮੰਤਰੀ ਜੀ ਅਤੇ ਕੇਂਦਰੀ ਵਿੱਤ ਮੰਤਰੀ ਜੀ ਨੂੰ, ਖੁਦ ਇਹ ਲਿਖਿਆ ਹੈ ਕਿ ਇਹ ਵਿਸ਼ੇਸ਼ ਮਿਆਦੀ ਕਰਜ਼ੇ ਰਾਸ਼ਟਰੀ ਏਕਤਾ ਅਤੇ ਅਖੰਡਤਾ ਨੂੰ ਮਹਿਫੂਜ਼ ਰੱਖਣ ਦੇ ਸਬੰਧ ਵਿਚ ਲਏ ਗਏ ਸਨ । ਜੇਕਰ ਰਾਜ ਅੰਦਰ ਦਹਿਸ਼ਤਵਾਦ ਨਾ ਹੁੰਦਾ ਤਾਂ ਰਾਜ ਸਰਕਾਰ ਨੂੰ ਕਦੇ ਵੀ ਇਸ ਕਿਸਮ ਦੇ ਕਰਜ਼ੇ ਲੈਣ ਦੇ ਰਾਹ ਉਤੇ ਨਹੀਂ

Original with;
Punjab Vidhan Sabha
Digitized by;
Punjab Digital Library

ਸੀ ਤੁਰਨਾ ਪੈਣਾ । ਵਿਸ਼ੇਸ਼ ਮਿਆਦੀ ਕਰਜ਼ਿਆਂ ਦੀ ਲੋੜ ਗ਼ੈਰ-ਮਾਮੂਲੀ ਸੂਰਤੇਹਾਲ ਕਰਕੇ ਪਈ ਸੀ, ਜਿਸ ਨੇ ਨਾ ਸਿਰਫ਼ ਪੰਜਾਬ ਰਾਜ ਲਈ ਹੀ ਸਗੋਂ ਸਮੁੱਚੇ ਦੇਸ਼ ਲਈ ਵੀ ਖ਼ਤਰਾ ਪੈਦਾ ਕਰ ਦਿਤਾ ਸੀ । ਸ੍ਰੀਮਾਨ ਜੀ, ਇਸ ਮਹਾਨ ਸਦਨ ਦੇ ਜ਼ਰੀਏ ਮੈਂ, ਕੇਂਦਰ ਸਰਕਾਰ ਨੂੰ ਇਹ ਅਪੀਲ ਕਰਦਾ ਹਾਂ ਕਿ ਉਹ ਰਾਜ ਨੂੰ ਇਸ ਰਿਣ-ਚੱਕਰਵਿਊ ਤੋਂ ਬਾਹਰ ਕੱਢ ਦੇਵੇ । ਮਿਸਾਲ ਵਜੋਂ ਕੀ ਇਹ ਹੈਰਾਨੀਜਨਕ ਗੱਲ ਨਹੀਂ ਹੈ ਕਿ ਸਾਲ 1995-96 ਦੌਰਾਨ ਰਾਜ ਵਿਸ਼ੇਸ਼ ਮਿਆਦੀ ਕਰਜ਼ਿਆਂ ਦੀ ਆਪਣੀ ਪੁਰਾਣੀ ਦੇਣਦਾਰੀ ਦੇ ਸਬੰਧ ਵਿਚ 977 ਕਰੋੜ ਰੁਪਏ ਦੀ ਰਕਮ ਅਦਾ ਕਰਦਾ ਹੈ ਅਤੇ ਉਸ ਸਮੇਂ ਦੁਬਾਰਾ ਵਿਸ਼ੇਸ਼ ਮਿਆਦੀ ਕਰਜ਼ ਵਜੋਂ 600 ਕਰੋੜ ਰੁਪਏ ਦੀ ਵਧੀਕ ਰਕਮ ਉਧਾਰ ਲੈ ਕੇ ਮੁੜ ਕਰਜ਼ੇ ਦੇ ਭਾਰ ਹੇਠ ਦੱਬ ਜਾਂਦਾ ਹੈ ? ਰਾਜ ਸਰਕਾਰ ਦੀਆਂ ਅਣਥੱਕ ਕੋਸ਼ਿਸ਼ਾਂ ਅਤੇ ਸਾਡੇ ਰਾਜ ਦੇ ਬਹਾਦਰ ਨਾਗਰਿਕਾਂ ਦੇ ਦ੍ਰਿੜ੍ਹ ਸਮਰਥਨ ਸਦਕਾ ਅਸੀਂ ਦਹਿਸ਼ਤਵਾਦ, ਜਿਸ ਨੇ ਪੂਰਬਲੇ ਦਹਾਕੇ ਵਿਚ ਹਜ਼ਾਰਾਂ ਜਾਨਾਂ ਲਈਆਂ ਸਨ, ਦੀ ਜਕੜ ਤੋੜ ਦਿੱਤੀ ਹੈ । ਰਾਜ ਅੰਦਰ ਆਮ ਵਰਗੇ ਹਾਲਾਤ ਬਹਾਲ ਕਰਨ ਦਾ ਸਿਹਰਾ ਰਾਜ ਸਰਕਾਰ ਦੇ ਸਿਰ ਬੰਨ੍ਹਿਆ ਜਾਣਾ ਚਾਹੀਦਾ ਹੈ । ਮੈਨੂੰ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ 10ਵੇਂ ਵਿੱਤ ਕਮਿਸ਼ਨ ਨੇ ਵੀ ਪੰਜਾਬ ਲਈ ਰਿਣ ਸਹਾਇਤਾ ਸਬੰਧੀ ਕੁਝ ਸਿਫਾਰਸ਼ਾਂ ਕੀਤੀਆਂ ਹਨ । ਮੈਂ ਭਾਰਤ ਸਰਕਾਰ ਨੂੰ ਇਹ ਅਨਰੋਧ ਕਰਨਾ ਚਾਹਾਂਗਾ ਕਿ ਉਹ ਇਸ ਬਹਾਦਰ ਰਾਜ ਨੂੰ ਇਸ ਭਾਰੀ ਨਿਕੰਮੀ ਰਿਣ ਦੇਣਦਾਰੀ ਤੋਂ ਮੁਕਤ ਕਰਨ ਦੀ ਕਿਰਪਾ ਕਰੇ । ਮੈਂ ਇਹ ਜਾਣਕਾਰੀ ਦੇਣਾ ਚਾਹਾਂਗਾ ਕਿ ਪੰਜ ਸੌ ਕਰੋੜ ਰੁਪਏ ਬਾਰੇ ਦਸਵੇਂ ਵਿੱਤ ਕਮਿਸ਼ਨ ਵੱਲੋਂ ਸਿਫਾਰਸ਼ ਹੈ ਕਿ 100 ਕਰੋੜ ਰੁਪਏ ਹਰ ਸਾਲ ਦੇ ਤੌਰ ਤੇ ਕਰਜ਼ੇ ਵਿਚੋਂ ਘਟਾਇਆ ਜਾਣਾ ਹੈ, ਸਮੁੱਚੇ ਕਰਜ਼ੇ ਨੂੰ ਮੁਆਫ਼ ਕਰਨ ਦਾ ਫੈਸਲਾ ਨਹੀਂ ਹੈ ਅੇਰ ਨਾ ਹੀ ਪੰਜ ਸੌ ਕਰੋੜ ਰੁਪਏ ਇਸ ਸਾਲ ਦੇਣ ਦੀ ਗੱਲ ਹੈ ।

ਸਾਲਾਨਾ ਯੋਜਨਾ 1995-96 ਲਈ ਵਸੀਲੇ

11. ਸਾਲਾਨਾ ਯੋਜਨਾ 1995-96 ਜੋ 1,675 ਕਰੋੜ ਰੁਪਏ ਦੀ ਨਿਰਧਾਰਤ ਕੀਤੀ ਗਈ ਹੈ, ਉਸ ਵਿਚ ਰਾਜ ਦੇ ਆਪਣੇ ਵਸੀਲਿਆਂ ਅਤੇ ਭਾਰਤ ਸਰਕਾਰ ਤੋਂ ਸਹਾਇਤਾ ਰਾਹੀਂ ਵਿੱਤ ਲਗਾਇਆ ਜਾਵੇਗਾ । ਇਕ ਉਦਾਰ ਉਪਾਅ ਵਜੋਂ, ਭਾਰਤ ਸਰਕਾਰ 600 ਕਰੋੜ ਰੁਪਏ ਬਤੌਰ ਵਿਸ਼ੇਸ਼ ਮਿਆਦੀ ਕਰਜ਼ੇ, 150 ਕਰੋੜ ਰੁਪਏ ਵਧੀਕ ਮੰਡੀ ਉਧਾਰ ਅਤੇ 50 ਕਰੋੜ ਰੁਪਏ ਯੋਜਨਾ ਕਮਿਸ਼ਨ ਦੇ ਅਖ਼ਤਿਆਰੀ ਫੰਡ 'ਚੋਂ ਕੇਂਦਰੀ ਸਹਾਇਤਾ ਵਜੋਂ ਮਹੱਈਆ ਕਰਾਉਣ ਲਈ ਸਹਿਮਤ ਹੋ ਗਈ ਹੈ । ਇਸੇ ਤਰ੍ਹਾਂ, ਭਾਰਤ ਸਰਕਾਰ, ਸਾਲਾਨਾ ਯੋਜਨਾ 1995-96 ਤੇ ਪੂੰਜੀ ਲਾਉਣ ਲਈ ਪੰਜਾਬ ਰਾਜ ਵੱਲ ਬਣਦੇ ਫੰਡਾਂ ਸਬੰਧੀ ਆਮ ਦਿੱਤੀ ਜਾਣ ਵਾਲੀ ਰਕਮ ਤੋਂ ਇਲਾਵਾ ਹੋਰ 800 ਕਰੋੜ ਰੁਪਏ ਮੁਹੱਈਆ ਕਰਵਾਏਗੀ । 875 ਕਰੋੜ ਰੁਪਏ ਦੀ ਬਕਾਇਆ ਰਕਮ ਰਾਜ ਦੇ ਆਪਣੇ ਵਸੀਲਿਆਂ ਵਿਚੋਂ ਮੁਹੱਈਆ ਕਰਵਾਈ ਜਾਵੇਗੀ । 875 ਕਰੋੜ ਰੁਪਏ ਦੀ ਇਸ ਰਕਮ ਵਿਚ ਨਾਨ-ਪਲਾਨ ਖਰਚਿਆਂ ਦੀ ਪੂਰਤੀ ਮਗਰੋਂ 317 ਕਰੋੜ ਰੁਪਏ ਦਾ ਵਾਫ਼ਰ ਮਾਲੀਆ ਵੀ ਸ਼ਾਮਲ ਹੈ ਅਤੇ ਸਾਲ 1995-96 ਦੌਰਾਨ ਵਧੀਕ ਵਸੀਲੇ ਵਜੋਂ 558 ਕਰੋੜ ਰੁਪਏ ਦੀ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਰਕਮ ਜੁਟਾਈ ਜਾਣੀ ਹੈ । ਇਸ ਲਈ 1995-96 ਲਈ ਯੋਜਨਾ ਵਿਚ 1,675 ਕਰੋੜ ਰਪਏ ਦੇ ਫੰਡ ਨਿਮਨ ਅਨੁਸਾਰ ਹੋਣਗੇ :—

ਰਾਜ ਸਰਕਾਰ ਦੇ ਵਸੀਲੇ

ਵਾਫ਼ਰ ਮਾਲੀਆ	..	317 ਕਰੋੜ ਰੁਪਏ
1995-96 ਦੌਰਾਨ ਜੁਟਾਏ ਜਾਣ ਵਾਲੇ ਵਧੀਕ ਵਸੀਲੇ	..	558 ਕਰੋੜ ਰੁਪਏ
ਜੋੜ	..	875 ਕਰੋੜ ਰੁਪਏ

ਭਾਰਤ ਸਰਕਾਰ ਪਾਸੋਂ ਸਹਾਇਤਾ

ਵਿਸ਼ੇਸ਼ ਮਿਆਦੀ ਕਰਜ਼ੇ	..	600 ਕਰੋੜ ਰੁਪਏ
ਯੋਜਨਾ ਕਮਿਸ਼ਨ ਦੇ ਅਖ਼ਤਿਆਰੀ ਫੰਡ ਵਿਚੋਂ ਕੇਂਦਰੀ ਸਹਾਇਤਾ	..	50 ਕਰੋੜ ਰਪਏ
ਜੋੜ	..	650 ਕਰੋੜ ਰੁਪਏ
ਵਧੀਕ ਮੰਡੀ ਉਧਾਰ	..	**150 ਕਰੋੜ ਰੁਪਏ**
ਸਾਲਾਨਾ ਯੋਜਨਾ 1995-96 ਲਈ ਕੁਲ ਵਸੀਲੇ	..	**1,675 ਕਰੋੜ ਰੁਪਏ**

12. ਬਜਟ ਅਨੁਮਾਨ 1995-96 ਵਿਚ ਮਿਥੇ ਗਏ ਟੀਚਿਆਂ ਤੋਂ ਇਲਾਵਾ ਰਾਜ 558 ਕਰੋੜ ਰੁਪਏ ਦੇ ਜੋ ਹੋਰ ਵਧੀਕ ਵਸੀਲੇ ਜੁਟਾਏਗਾ, ਉਹ ਨਿਮਨ ਅਨੁਸਾਰ ਹਨ :—

ਕ੍ਰਮ ਨੰ	ਮੱਦ	ਰਕਮ (ਰੁਪਏ ਕਰੋੜਾਂ ਵਿਚ)
1	2	3
1.	ਟੈਕਸ ਮਾਲੀਆ ਦੀ ਵਧੀਕ ਉਗਰਾਹੀ	.. 160.00
2.	ਟੈਕਸ ਅਤੇ ਨਾਨ-ਟੈਕਸ ਆਮਦਨ ਢਾਂਚੇ ਨੂੰ ਤਰਕਸੰਗਤ ਬਣਾਕੇ	.. 75.00
3.	ਛੋਟੀਆਂ ਬੱਚਤਾਂ ਅਧੀਨ ਵੱਧ ਤੋਂ ਵੱਧ ਜਮ੍ਹਾਂ ਹੋਈਆਂ ਰਕਮਾਂ ਉਤੇ ਵਧੇਰੇ ਕਰਜ਼ੇ ਲੈ ਕੇ	.. 70.00

Original with;
Punjab Vidhan Sabha
Digitized by;
Punjab Digital Library

ਕ੍ਰਮ ਨੰ	ਮੱਦ	ਰਕਮ (ਰੁਪਏ ਕਰੋੜਾਂ ਵਿਚ)
4.	ਨਾਨ-ਪਲਾਨ ਖਰਚੇ ਘਟਾ ਕੇ	40.00
5.	ਪੰਜਾਬ ਰਾਜ ਬਿਜਲੀ ਬੋਰਡ ਦੀ ਕਾਰਗੁਜ਼ਾਰੀ ਵਿਚ ਸੁਧਾਰ ਲਿਆਕੇ (ਜ਼ੀਰੋ ਕੈਸ਼ ਘਾਟੇ ਦੇ ਟੀਚੇ ਦੀ ਪ੍ਰਾਪਤੀ ਦਆਰਾ)	200.00
6.	ਹੋਰਨਾਂ ਪਬਲਿਕ ਸੈਕਟਰ ਦੇ ਅਦਾਰਿਆਂ ਦੁਆਰਾ ਅੰਸ਼ਦਾਨ	15.00
	ਜੋੜ	560.00

ਸੋਧੇ ਅਨੁਮਾਨ 1994-95

13. 1994-95 ਦੇ ਬਜਟ ਅਨੁਮਾਨਾਂ ਅਨੁਸਾਰ ਇਸ ਸਾਲ 61.80 ਕਰੋੜ ਰੁਪਏ ਦੇ ਘਾਟੇ ਨਾਲ ਖਤਮ ਹੋਣ ਦੀ ਆਸ ਹੈ। ਹੁਣ ਸੋਧੇ ਅਨੁਮਾਨਾਂ ਅਨੁਸਾਰ ਇਹ ਘਾਟਾ 64.37 ਕਰੋੜ ਰੁਪਏ ਦਾ ਹੋਵੇਗਾ। ਕਾਨੂੰਨ ਤੇ ਵਿਵਸਥਾ ਮਸ਼ੀਨਰੀ ਨੂੰ ਮਜ਼ਬੂਤ ਬਣਾਉਣ, ਮਹਿੰਗਾਈ ਭੱਤਾ ਦੇਣ ਅਤੇ ਪੈਟਰੋਲ, ਤੇਲ, ਗਰੀਸ ਦੀਆਂ ਕੀਮਤਾਂ ਵਿਚ ਹੋਏ ਭਾਰੀ ਵਾਧੇ ਦੇ ਕਾਰਨ ਰਾਜ ਸਰਕਾਰ ਦੁਆਰਾ ਕੀਤੇ ਗਏ ਵਧੀਕ ਖਰਚ ਦੇ ਬਾਵਜੂਦ ਵੀ ਸਾਲ ਦੌਰਾਨ ਘਾਟੇ ਉਤੇ ਕਾਬੂ ਪਾ ਲਿਆ ਗਿਆ ਹੈ।

ਬਜਟ ਅਨੁਮਾਨ 1995-96

14. ਸਾਲ ਦੌਰਾਨ ਬਜਟੀ ਵਿਉਂਤਬੰਦੀ ਦੇ ਵੇਰਵੇ ਨਿਮਨ ਅਨਸਾਰ ਹਨ :—

	ਸੰਚਿਤ ਫੰਡ	(ਰਪਏ ਕਰੋੜਾਂ ਵਿਚ)
1.	ਆਮਦਨ ਖਾਤਾ	
	ਪ੍ਰਾਪਤੀਆਂ ..	7263.47
	ਖ਼ਰਚੇ ..	7507.64
	ਨਿਰੋਲ ..	(—) 244.17
2.	ਪੂੰਜੀਗਤ ਖ਼ਰਚ ..	450.42
3.	ਸਰਕਾਰੀ ਰਿਣ	
	ਖ਼ਰਚ ਕੀਤਾ ਗਿਆ ਰਿਣ ..	3441.56
	ਅਦਾਇਗੀਆਂ ..	2305.56
	ਨਿਰੋਲ ..	1136.00

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

	ਸੰਚਿਤ ਫੰਡ		(ਰੁਪਏ ਕਰੋੜਾਂ ਵਿਚ)
4.	ਕਰਜ਼ੇ ਅਤੇ ਪੇਸ਼ਗੀਆਂ		
	ਪੇਸ਼ਗੀਆਂ	..	715.43
	ਵਸੂਲੀਆਂ	..	41.85
	ਨਿਰੋਲ	..	673.58
5.	ਕਲ ਸੰਚਿਤ ਫੰਡ (ਨਿਰੋਲ) (ਉਪਰੋਕਤ ਨੰ 1 ਤੋਂ 4)	..	(—) 232.17
6.	ਸਰਕਾਰੀ ਲੇਖਾ (ਨਿਰੋਲ)		(+) 232.17
7.	ਕੁਲ ਲੈਣ ਦੇਣ	..	—
8.	ਮੁੱਢਲੀ ਬਾਕੀ	..	(—) 64.37
9.	ਅੰਤਮ ਬਾਕੀ	..	(—) 64.37

15. 1994-95 ਵਿਚ 410.92 ਕਰੋੜ ਰੁਪਏ ਦੇ ਵਿੱਤੀ ਘਾਟੇ ਨੂੰ ਘਟਾ ਕੇ ਸਾਲ 1995-96 ਦੌਰਾਨ 244.17 ਕਰੋੜ ਰੁਪਏ ਤੱਕ ਕੀਤਾ ਜਾ ਚੁੱਕਾ ਹੈ । ਪਿਛਲੇ ਸਾਲਾਂ ਵਾਂਗ ਘਾਟੇ ਨੂੰ ਕੇਂਦਰ ਸਰਕਾਰ ਦੁਆਰਾ ਦਿੱਤੀ ਸਹਾਇਤਾ ਰਾਹੀਂ ਪੂਰਿਆ ਜਾਵੇਗਾ। ਪੂੰਜੀ ਲੇਖੇ ਅਤੇ ਸਰਕਾਰੀ ਲੇਖਿਆਂ ਦੇ ਸਮੇਤ ਸਮੁੱਚਾ ਬਜਟ ਘਾਟਾ ਕੇਵਲ 64.37 ਕਰੋੜ ਰੁਪਏ ਦਾ ਹੋਵੇਗਾ ।

1995-96 ਵਿਚ ਵਿੱਤੀ ਪ੍ਰਬੰਧ ਲਈ ਨੀਤੀ

16. ਮੇਰੀ ਸਰਕਾਰ ਇਹ ਮਹਿਸੂਸ ਕਰਦੀ ਹੈ ਕਿ ਉਹ ਲੋਕਾਂ ਵੱਲੋਂ ਚੁਣੇ ਹੋਏ ਉਹਨਾਂ ਨੁਮਾਇੰਦਿਆਂ ਵਜੋਂ ਸਰਕਾਰੀ ਕਾਰਜਭਾਰ ਸੰਭਾਲ ਰਹੀ ਹੈ । ਲੋਕ, ਜੋ ਸਹੀ ਅਰਥਾਂ ਵਿਚ ਸ਼ਾਸਕ ਹਨ, ਪ੍ਰਤੀ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਨ੍ਹਾਂ ਦੇ ਸਵੈ-ਇੱਛਤ ਸਹਿਯੋਗ ਨਾਲ ਵਸੀਲੇ ਜੁਟਾਏ ਜਾਣ ਅਤੇ ਜਿਹਨਾਂ ਦੀ ਬੜੀ ਸਿਆਣਪ ਨਾਲ ਅਤੇ ਲੋਕ ਹਿਤ ਲਈ ਵਰਤੋਂ ਕੀਤੀ ਜਾਵੇ । ਵਿੱਤੀ-ਪ੍ਰਬੰਧ ਦੇ ਸਾਡੇ 5-ਨੁਕਾਤੀ ਪ੍ਰੋਗਰਾਮ ਨੂੰ ਪਿਛਲੇ ਤਿੰਨ ਸਾਲਾਂ ਵਿਚ ਉਤਸ਼ਾਹਪੂਰਵਕ ਅਤੇ ਸਫਲਤਾਪੂਰਵਕ ਜਾਰੀ ਰੱਖਿਆ ਗਿਆ ਹੈ । ਸਾਲ 1995-96 ਦੌਰਾਨ ਅਸੀਂ ਆਪਣਾ ਇਹੋ ਪ੍ਰੋਗਰਾਮ ਹੋਰ ਵਧੇਰੇ ਉਤਸ਼ਾਹ ਨਾਲ ਜਾਰੀ ਰੱਖਾਂਗੇ, ਜੋ ਪੂਰੀ ਤਰ੍ਹਾਂ ਕੇਂਦਰੀ ਸਰਕਾਰ ਦੀ ਨੀਤੀ ਦੇ ਅਨੁਰੂਪ ਹੈ ਅਤੇ ਜਿਸ ਨੂੰ ਸਾਡੇ ਰਾਜ ਦੇ ਲੋਕਾਂ ਨੇ ਅਪਣਾਇਆ ਹੋਇਆ ਹੈ । ਸਾਲ 1995-96 ਵਿਚ ਵਿੱਤੀ-ਪ੍ਰਬੰਧ ਲਈ ਸਾਡੇ ਪ੍ਰੋਗਰਾਮ ਦੀਆਂ ਵਿਸ਼ੇਸ਼ਤਾਵਾਂ ਨਿਮਨ ਅਨੁਸਾਰ ਹਨ :—

(ੳ) **ਖ਼ਰਚ ਵਿਚ ਕਿਫਾਇਤ**: ਸਾਡੇ ਵਸੀਲੇ ਲੋਕਾਂ ਦੀ ਭਲਾਈ ਲਈ ਹਨ, ਇਸ ਲਈ ਫ਼ਜ਼ੂਲ ਅਤੇ ਗ਼ੈਰਲੋੜੂ ਖਰਚ ਕਰਨ ਵਿਚ ਸੰਕੋਚ ਤੋਂ ਕੰਮ ਲਿਆ

Original with;
Punjab Vidhan Sabha
Digitized by;
Panjab Digital Library

ਜਾਣਾ ਚਾਹੀਦਾ ਹੈ। ਸਾਡੀ ਸਰਕਾਰ ਗਾਂਧੀ ਜੀ ਦੇ ਆਦਰਸ਼ਾਂ ਉਤੇ ਚੱਲਦੇ ਹੋਇਆਂ ਸਰਕਾਰੀ ਫ਼ਜ਼ੂਲ ਖ਼ਰਚੀ ਵਿਚ ਸੰਜਮ ਅਪਨਾਏਗੀ। ਅਸੀਂ ਸਰਕਾਰ ਦੇ ਸਿੱਧੇ ਕੰਟਰੋਲ ਅਧੀਨ ਅਤੇ ਸਰਕਾਰ ਨਾਲ ਸੰਬੰਧਤ ਸੰਸਥਾਵਾਂ ਵਿਚਲੇ ਸਮੂਹ ਖੇਤਰਾਂ ਵਿਚ ਟਾਲਣਯੋਗ ਖਰਚੇ ਰੋਕਣ ਲਈ ਵਿਸ਼ੇਸ਼ ਮੁਹਿੰਮ ਚਲਾਵਾਂਗੇ।

(ਅ) **ਸਾਧਨ ਸਮਰੱਥਾ ਦੀ ਬਹੁਲਤਾ** : ਸ੍ਰੀਮਾਨ ਜੀ, ਸਾਡੇ ਰਾਜ ਨੂੰ ਵੀ ਰਾਸ਼ਟਰੀ ਅਰਥਚਾਰੇ ਦੀ ਉਦਾਰੀਕਰਣ ਪ੍ਰਕਿਰਿਆ ਅਤੇ ਆਰਥਕ ਸੁਧਾਰਾਂ ਦੀ ਨੀਤੀ ਅਪਨਾਉਣ ਦੀ ਜ਼ਰੂਰਤ ਹੈ। ਕਿਸੇ ਵੀ ਕਲਿਆਣਕਾਰੀ ਰਾਜ ਵਿਚ ਜਨਤਾ ਦੀਆਂ ਘਟੋ ਘੱਟ ਮੁਢਲੀਆਂ ਲੋੜਾਂ ਲਈ ਅਤੇ ਮਨੁੱਖੀ ਸਾਧਨਾਂ ਦੇ ਵਿਕਾਸ ਲਈ ਉਚਿਤ ਫੰਡ ਮੁਹੱਈਆ ਕਰਨੇ ਸਰਕਾਰ ਦੀ ਜ਼ਿੰਮੇਵਾਰੀ ਹੈ। ਸਰਕਾਰ ਦੇ ਵਧੇਰੇ ਧਿਆਨ ਦੀ ਮੰਗ ਕਰਨ ਵਾਲੇ ਕਾਰਜ ਹਨ : ਸਿੱਖਿਆ, ਸਿਹਤ ਸੰਭਾਲ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਭਲਾਈ। ਅਜਿਹੇ ਕਾਰਜਾਂ ਲਈ ਸਰਕਾਰ ਦੁਆਰਾ ਸਿੱਧੇ ਰੂਪ ਵਿਚ ਫੰਡ ਦੇਣ ਦੀ ਜ਼ਰੂਰਤ ਹੈ ਅਤੇ ਸਾਡੀ ਸਰਕਾਰ ਉਨ੍ਹਾਂ ਲਈ ਵੱਧ ਤੋਂ ਵੱਧ ਫੰਡਾਂ ਦੀ ਵਿਵਸਥਾ ਕਰਨੀ ਚਾਹੁੰਦੀ ਹੈ। ਅਸੀਂ ਰਾਸ਼ਟਰੀ ਨੀਤੀ ਦਾ ਪੂਰੀ ਤਰ੍ਹਾਂ ਸਮਰਥਨ ਕਰਦੇ ਹਾਂ ਕਿ ਕਈ ਵਿਕਾਸ ਪ੍ਰਾਜੈਕਟਾਂ ਲਈ ਫੰਡ, ਜਿਵੇਂ ਕਿ ਉਹਨਾਂ ਦੇ ਬੁਨਿਆਦੀ ਢਾਂਚੇ ਸਬੰਧੀ, ਹੋਰਨਾਂ ਗ਼ੈਰ ਸਰਕਾਰੀ ਸੰਸਥਾਵਾਂ ਦੁਆਰਾ ਵੀ ਲਗਾਏ ਜਾ ਸਕਦੇ ਹਨ। ਸਾਡੀ ਸਰਕਾਰ ਬਨਿਆਦੀ ਢਾਂਚੇ ਲਈ ਬਾਹਰੀ ਪੂੰਜੀ ਨਿਵੇਸ਼ ਨੂੰ ਉਤਸ਼ਾਹ ਦੇਣਾ ਚਾਹੇਗੀ ਅਤੇ ਇਸ ਤਰੀਕੇ ਨਾਲ ਬਚਾਏ ਗਏ ਫੰਡਾਂ ਦੀ ਵਰਤੋਂ ਬੁਨਿਆਦੀ ਸੇਵਾਵਾਂ ਅਤੇ ਭਲਾਈ ਕਾਰਜਾਂ ਲਈ ਕੀਤੀ ਜਾਵੇਗੀ। ਪੰਜਾਬ ਮੰਡੀਕਰਣ ਬੋਰਡ ਦੇ ਫੰਡ ਅਤੇ ਦਿਹਾਤੀ ਵਿਕਾਸ ਫੰਡ ਵਿਚੋਂ ਕੁੱਝ ਫੰਡ ਜਿਹੜੇ ਦਿਹਾਤੀ ਬੁਨਿਆਦੀ ਲੋੜਾਂ ਅਤੇ ਖੇਤੀਬਾੜੀ ਦੀ ਤਰੱਕੀ ਲਈ ਰੱਖੇ ਗਏ ਹਨ, ਉਹਨਾਂ ਦਾ ਪਹਿਲਾਂ ਹੀ ਇਹਨਾਂ ਕਾਰਜਾਂ ਲਈ ਪੂੰਜੀ ਨਿਵੇਸ਼ ਕੀਤਾ ਜਾ ਰਿਹਾ ਹੈ। ਅਸੀਂ ਸੜਕਾਂ, ਪੁਲਾਂ ਅਤੇ ਬਿਜਲੀ ਪ੍ਰਾਜੈਕਟਾਂ ਆਦਿ ਵਰਗੇ ਸ਼ਨਾਖਤ ਕੀਤੇ ਗਏ ਬੁਨਿਆਦੀ ਕਾਰਜਾਂ ਵਿਚ ਪੂੰਜੀ ਨਿਵੇਸ਼ ਲਈ ਦੇਸ਼ ਅਤੇ ਵਿਦੇਸ਼ ਦੀਆਂ ਪ੍ਰਸਿੱਧ ਸੰਸਥਾਵਾਂ ਨੂੰ ਸੱਦਾ ਦੇ ਰਹੇ ਹਾਂ। ਸਾਡੇ ਰਾਜ ਵਿਚ ਅਜਿਹੇ ਪ੍ਰਾਜੈਕਟ ਲਾਉਣ ਵਾਲੀਆਂ ਏਜੰਸੀਆਂ ਨੂੰ ਸਰਕਾਰ ਵੱਧ ਤੋਂ ਵੱਧ ਉਤਸ਼ਾਹ ਦੇਵੇਗੀ।

(ਏ) **ਸਰਕਾਰੀ ਅਦਾਰੇ** : ਹੁਣ ਇਹ ਵਿਸ਼ਵ ਪੱਧਰ ਤੇ ਸਵੀਕਾਰ ਕੀਤਾ ਗਿਆ ਹੈ ਕਿ ਸਰਕਾਰੀ ਅਦਾਰਿਆਂ ਨੂੰ ਕੇਵਲ ਉਸੇ ਸੂਰਤ ਵਿਚ ਹੀ ਕੰਮ ਕਰਨ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ ਜੇਕਰ ਉਹ ਕੇਵਲ ਪੇਸ਼ਾਵਰਾਨਾ ਅਤੇ ਵਿਗਿਆਨਕ ਕਾਰਜ ਵਿਧੀ ਦੇ ਅਧਾਰ ਉਤੇ ਕੰਮ ਕਰਦੇ ਹੋਏ ਵਪਾਰਕ ਚਲਣਸ਼ੀਲਤਾ ਦੀ ਪਰਖ ਉਤੇ ਕਾਇਮ ਰਹਿਣ। ਪਬਲਿਕ ਅਦਾਰਿਆਂ ਦੇ ਰਾਜ ਉਤੇ ਵਿਅਰਥ ਭਾਰ ਨਾ ਬਣਨ ਨੂੰ ਯਕੀਨੀ ਬਣਾਉਣਾ ਹਰ ਅਦਾ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕਰਨ ਵਾਲੀ ਜਨਤਾ ਪ੍ਰਤੀ ਸਾਡਾ ਕਰਤੱਵ ਹੈ । ਅਸੀਂ ਇਹ ਮੰਨਦੇ ਹਾਂ ਕਿ ਸਾਡੇ ਰਾਜ ਅੰਦਰ ਬਹੁਤ ਸਾਰੇ ਪਬਲਿਕ ਅਦਾਰੇ ਘਾਟੇ ਵਿਚ ਜਾ ਰਹੇ ਹਨ ਅਤੇ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਅਜੇ ਤੱਕ ਸਰਕਾਰ ਦੁਆਰਾ ਕੀਤੇ ਗਏ ਪੂੰਜੀ ਨਿਵੇਸ਼ ਉਤੇ ਪੂਰਵ ਅਨਮਾਨ ਅਨੁਸਾਰ ਘੱਟੋ ਘੱਟ ਆਮਦਨੀ ਵੀ ਸਰਕਾਰ ਨੂੰ ਦੇਣੀ ਸ਼ੁਰੂ ਨਹੀਂ ਕੀਤੀ । ਸਾਲ 1995-96 ਦੌਰਾਨ ਸਾਡੀ ਇਹ ਕੋਸ਼ਿਸ਼ ਹੋਵੇਗੀ ਕਿ ਪਬਲਿਕ ਅਦਾਰਿਆਂ ਅਤੇ ਸਹਿਕਾਰੀ ਸੰਸਥਾਵਾਂ ਦੇ ਪ੍ਰਬੰਧ ਤੇ ਪ੍ਰਸ਼ਾਸਨ ਨੂੰ ਉਸ ਠੋਸ ਆਧਾਰ ਉਤੇ ਲਿਆਂਦਾ ਜਾਵੇ ਜਿਨ੍ਹਾਂ ਉਦੇਸ਼ਾਂ ਲਈ ਇਹ ਅਸਲ ਵਿਚ ਸਥਾਪਤ ਕੀਤੇ ਗਏ ਸਨ । ਜਿਹਨਾਂ ਅਦਾਰਿਆਂ ਦੇ ਕੰਮ ਵਪਾਰਕ ਪੱਖੋਂ ਬਿਲਕੁਲ ਲਾਹੇਵੰਦ ਨਹੀਂ ਹਨ, ਉਹਨਾਂ ਨੂੰ ਬੰਦ ਕਰ ਦਿਤਾ ਜਾਵੇਗਾ ਅਤੇ ਜਿਹੜੇ ਅਦਾਰੇ ਘੱਟੋ ਘੱਟ ਯੋਗਤਾ ਮਾਪ-ਦੰਡਾਂ ਉਤੇ ਪੂਰੇ ਨਹੀਂ ਉਤਰਦੇ ਉਨ੍ਹਾਂ ਦੇ ਪੁਨਰਗਠਨ ਲਈ ਅਤੇ ਜੇ ਸੰਭਵ ਹੋਇਆ ਤਾਂ ਸਮਾਪਤੀ ਲਈ ਕਦਮ ਚੁੱਕੇ ਜਾਣਗੇ । ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਜਾਂਚ ਲਈ ਇਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ । ਜੇਕਰ ਸਰਕਾਰ ਨੂੰ ਇਹਨਾਂ ਅਦਾਰਿਆਂ ਵਿਚ ਪੂੰਜੀ ਨਿਵੇਸ਼ ਤੋਂ ਕੋਈ ਲਾਭ ਦੀ ਉਮੀਦ ਨਹੀਂ ਤਾਂ ਉਹ ਉਨ੍ਹਾਂ ਅਦਾਰਿਆਂ ਨੂੰ ਹੋਰ ਹਿੱਸਾ ਪੂੰਜੀ ਦੇਣਾ ਬੰਦ ਕਰ ਦੇਵੇਗੀ । ਬਲਕਿ ਇਨ੍ਹਾਂ ਅਦਾਰਿਆਂ ਨੂੰ ਆਪਣੇ ਵਾਫ਼ਰ ਫ਼ੰਡ ਵਿਚੋਂ ਕਈ ਹੋਰ ਨਵੇਂ ਪ੍ਰਾਜੈਕਟਾਂ ਵਿਚ ਪੂੰਜੀ ਨਾ ਲਾਉਣ ਤੋਂ ਬਚੀ ਰਕਮ ਵਿਚੋਂ ਪੂੰਜੀ ਨਿਵੇਸ਼ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ । ਇਨ੍ਹਾਂ ਅਦਾਰਿਆਂ ਦੇ ਕਰਮਚਾਰੀਆਂ ਦੇ ਹਿੱਤਾਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੋਣ ਕਾਰਣ, ਅਸੀਂ ਪੰਜਾਬ ਰਾਜ ਨਵੀਨੀਕਰਣ ਫ਼ੰਡ ਸਥਾਪਤ ਕੀਤਾ ਹੈ ਜਿਸ ਲਈ 50 ਕਰੋੜ ਰੁਪਏ ਅੱਲੋਕੇਟ ਕੀਤੇ ਗਏ ਹਨ । ਫੰਡ 'ਚੋਂ' ਭੁਗਤਾਨ ਕੀਤੀ ਰਕਮ ਦੁਆਰਾ ਪਬਲਿਕ ਅਦਾਰਿਆਂ ਦੇ ਸਾਬਕਾ ਮੁਲਾਜ਼ਮਾਂ ਅਤੇ ਕਾਮਿਆਂ ਨੂੰ ਖ਼ੁਦ ਉਦਮੀ ਬਣਨ ਜਾਂ ਆਪਣਾ ਕਾਰੋਬਾਰ ਸ਼ੁਰੂ ਕਰਨ ਵਿਚ ਸਹਾਇਤਾ ਮਿਲੇਗੀ ।

(ਸ) **ਪੰਜਾਬ ਰਾਜ ਬਿਜਲੀ ਬੋਰਡ** : ਪੰਜਾਬ ਰਾਜ ਬਿਜਲੀ ਸਪਲਾਈ ਐਕਟ, 1948 ਦੀਆਂ ਧਾਰਾਵਾਂ ਅਨੁਸਾਰ ਪੰਜਾਬ ਰਾਜ ਬਿਜਲੀ ਬੋਰਡ ਨੂੰ ਆਪਣੀਆਂ ਨਿਸ਼ਚਿਤ ਸੰਪਤੀਆਂ ਉਤੇ ਘੱਟੋ-ਘੱਟ 3 ਫੀਸਦੀ ਵਾਫ਼ਰ ਆਮਦਨ ਦਾ ਵਾਧਾ ਕਰਨਾ ਪੈਣਾ ਹੈ। ਅੱਪਰ, ਜ਼ਰਾਇਤੀ ਸੈਕਟਰ ਨੂੰ ਬਿਜਲੀ ਦੀ ਸਪਲਾਈ ਰਿਆਇਤੀ ਦਰ ਉਤੇ ਕਰਨ ਕਰਕੇ ਇਹ ਵਾਫ਼ਰ ਆਮਦਨ ਹੋਣੀ ਸੰਭਵ ਨਹੀਂ ਹੋ ਸਕੀ । ਇਸ ਤੋਂ ਇਲਾਵਾ, ਭਾਵੇਂ ਅਪ੍ਰੈਲ, 1994 ਵਿਚ ਕੋਲੇ, ਤੇਲ ਦੀ ਕੀਮਤ ਵਧ ਗਈ ਸੀ ਅਤੇ ਰੇਲਵੇ ਕਿਰਾਏ ਵਿਚ ਵੀ ਵਾਧਾ ਹੋ ਗਿਆ ਸੀ, ਫਿਰ ਵੀ ਬਿਜਲੀ ਦੀਆਂ ਦਰਾਂ ਕੇਵਲ 25 ਅਕਤੂਬਰ, 1994 ਤੋਂ ਹੀ ਸੋਧੀਆਂ ਗਈਆਂ ਸਨ । ਸ੍ਰੀਮਾਨ ਜੀ, ਮੈਂ ਆਪ ਜੀ ਨੂੰ ਮਾਰਚ, 1994 ਦੇ ਆਪਣੇ ਬਜਟ ਭਾਸ਼ਣ ਵਿਚ ਵਿਸ਼ਵਾਸ ਦੁਆਇਆ ਸੀ ਕਿ ਪੰਜਾਬ ਰਾਜ ਬਿਜਲੀ ਬੋਰਡ ਸਾਲ 1994-95 ਵਿਚ ਜ਼ੀਰੋ ਕੈਸ਼ ਹਾਨੀ ਦਾ

Original with;
Punjab Vidhan Sabha
Digitized by;
Punjab Digital Library

ਟੀਚਾ ਪੂਰਾ ਕਰੇਗਾ । ਮੈਨੂੰ ਆਪ ਜੀ ਨੂੰ ਇਹ ਦੱਸਣ ਵਿਚ ਖੁਸ਼ੀ ਹੋ ਰਹੀ ਹੈ ਕਿ ਇਹ ਵਾਇਦਾ ਪੂਰਾ ਹੋ ਚੁੱਕਾ ਹੈ । (ਥੰਪਿੰਗ) ਪੰਜਾਬ ਰਾਜ ਬਿਜਲੀ ਬੋਰਡ ਨਿਰਸੰਦੇਹ ਸਾਲ 1994-95 ਦੌਰਾਨ ਜ਼ੀਰੋ ਕੈਸ਼ ਤੱਕ ਪੁੱਜ ਚੁੱਕਾ ਹੈ । ਅਜਿਹਾ ਵਧੇਰੇ ਕਾਰਜ ਸੰਚਾਲਨ ਸਬੰਧੀ ਕੁਸ਼ਲਤਾ ਅਤੇ ਮਾਲੀਏ ਤੋਂ ਵੱਧ ਤੋਂ ਵੱਧ ਆਮਦਨ ਸਦਕਾ ਸੰਭਵ ਹੋਇਆ ਹੈ । ਸਾਨੂੰ ਉਮੀਦ ਹੈ ਕਿ ਬੋਰਡ ਅਗਲੇ ਸਾਲ 1995-96 ਦੌਰਾਨ ਇਸ ਤੋਂ ਵੀ ਬਿਹਤਰ ਕਾਰਗੁਜ਼ਾਰੀ ਦਿਖਾਵੇਗਾ । ਰਾਜ ਅੰਦਰ ਬਿਜਲੀ ਦੀ ਸਪਲਾਈ ਤਸੱਲੀਬਖਸ਼ ਰਹੀ ਹੈ ਅਤੇ ਵੱਡੇ ਪੱਧਰ ਤੇ ਕੋਈ ਵੀ ਬਿਜਲੀ ਕੱਟ ਨਹੀਂ ਲਗਾਉਣਾ ਪਿਆ । ਰਾਜ ਵਿਚ ਬਿਜਲੀ ਦੀ ਦਿਨੋਂ ਦਿਨ ਤੇਜ਼ੀ ਨਾਲ ਵੱਧ ਰਹੀ ਮੰਗ ਨੂੰ ਪੂਰਾ ਕਰਨ ਲਈ ਰਾਜ ਦੀ ਮੌਜੂਦਾ ਬਿਜਲੀ ਉਤਪਾਦਨ ਸਮਰੱਥਾ ਵਿਚ ਵਾਧਾ ਕਰਨਾ ਲਾਜ਼ਮੀ ਹੈ । ਇਸ ਮੰਤਵ ਲਈ ਪੰਜਾਬ ਸਰਕਾਰ ਰਾਜ ਵਿਚ ਬਿਜਲੀ ਪ੍ਰਾਜੈਕਟ ਲਗਾਉਣ ਲਈ ਪ੍ਰਾਈਵੇਟ ਪਾਰਟੀਆਂ ਨੂੰ ਪ੍ਰੇਰਿਤ ਕਰਨ ਦੇ ਯਤਨ ਕਰ ਰਹੀ ਹੈ । ਦੋ ਤਾਪ ਬਿਜਲੀ ਪ੍ਰਾਜੈਕਟ ਅਰਥਾਤ ਗੋਇੰਦਵਾਲ ਸਾਹਿਬ ਤਾਪ ਬਿਜਲੀ ਪ੍ਰਾਜੈਕਟ ਅਤੇ ਗੁਰੂ ਨਾਨਕ ਦੇਵ ਤਾਪ ਬਿਜਲੀ ਪ੍ਰਾਜੈਕਟ ਬਠਿੰਡਾ ਅਤੇ ਸ਼ਾਹਪੁਰ ਕੰਡੀ ਪਣ-ਬਿਜਲੀ ਪ੍ਰਾਜੈਕਟ ਪ੍ਰਾਈਵੇਟ ਪਾਰਟੀਆਂ ਦੀ ਭਾਈਵਾਲੀ ਨਾਲ ਨੇਪਰੇ ਚਾੜ੍ਹੇ ਜਾਣ ਦੀ ਤਜਵੀਜ਼ ਹੈ । ਪੰਜਾਬ ਵਿਚ ਕਿਸਾਨਾਂ ਦੀ ਭੂਮਿਕਾ ਦੀ ਸ਼ਲਾਘਾ ਕਰਦੇ ਹੋਇਆਂ ਸਾਡੀ ਜਰਾਇਤੀ ਸੈਕਟਰ ਲਈ ਰਿਆਇਤੀ ਦਰਾਂ ਉਤੇ ਬਿਜਲੀ ਦੀ ਸਪਲਾਈ ਜਾਰੀ ਰੱਖਣ ਦੀ ਤਜਵੀਜ਼ ਹੈ । ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਸਪਲਾਈ ਕੀਤੀ ਜਾਂਦੀ ਬਿਜਲੀ ਦੀ ਲਾਗਤ 164.80 ਪੈਸੇ ਪ੍ਰਤੀ ਯੂਨਿਟ ਹੈ ਪਰੰਤੂ ਜ਼ਰਾਇਤੀ ਸੈਕਟਰ ਕੇਵਲ 31.20 ਪੈਸੇ ਪ੍ਰਤੀ ਯੂਨਿਟ ਅਦਾ ਕਰ ਰਿਹਾ ਹੈ । (ਥੰਪਿੰਗ) ਸਾਲ 1995-96 ਵਿਚ ਭਾਵੇਂ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਜ਼ੀਰੋ ਕੈਸ਼ ਹਾਨੀ ਦਰਸਾਈ ਜਾਣੀ ਹੈ, ਫਿਰ ਵੀ ਸਰਕਾਰ ਜ਼ਰਾਇਤੀ ਸੈਕਟਰ ਲਈ 960 ਕਰੋੜ ਰੁਪਏ ਤੱਕ ਰਿਆਇਤੀ ਦਰਾਂ ਉਪਰ ਬਿਜਲੀ ਸਪਲਾਈ ਕਰੇਗੀ । (ਥੰਪਿੰਗ)

(ਹ) **ਲਾਟਰੀਆਂ :** ਇਕ ਵਿਚਾਰ ਇਹ ਹੈ ਕਿ ਲਾਟਰੀਆਂ ਨਾਲ ਜਨਤਾ ਦੇ ਸਮੇਂ ਅਤੇ ਪੈਸੇ ਦੀ ਬਰਬਾਦੀ ਹੁੰਦੀ ਹੈ ਅਤੇ ਇਹਨਾਂ ਕਾਰਣ ਸਮਾਜਿਕ ਮੁਸ਼ਕਿਲਾਂ ਵੀ ਵਧਦੀਆਂ ਹਨ । ਲਾਟਰੀਆਂ ਤੇ ਪਾਬੰਦੀ ਲਾਉਣ ਲਈ ਕੁਝ ਮੰਗਾਂ ਕੀਤੀਆਂ ਗਈਆਂ ਹਨ । ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਮੱਦ ਨੰ: 40 ਮੁਤਾਬਿਕ ਲਾਟਰੀਆਂ ਕੇਂਦਰੀ ਸੂਚੀ ਦਾ ਵਿਸ਼ਾ ਹੈ । ਫਲਸਰੂਪ, ਸਮੁੱਚੇ ਦੇਸ਼ ਵਿਚ ਲਾਟਰੀਆਂ ਉਤੇ ਪਾਬੰਦੀ ਕੇਵਲ ਭਾਰਤ ਸਰਕਾਰ ਦੁਆਰਾ ਹੀ ਲਗਾਈ ਜਾ ਸਕਦੀ ਹੈ । ਭਾਰਤ ਦੀ ਮਾਨਯੋਗ ਸੁਪਰੀਮ ਕੋਰਟ ਦੇ ਇਕ ਤਾਜ਼ਾ ਨਿਰਣੇ ਅਨੁਸਾਰ ਕੋਈ ਵੀ ਰਾਜ ਸਰਕਾਰ ਆਪਣੇ ਰਾਜ ਵਿਚ ਕਿਸੇ ਦੂਜੇ ਰਾਜ ਦੁਆਰਾ ਚਲਾਈਆਂ ਜਾਂਦੀਆਂ ਲਾਟਰੀਆਂ ਤੇ ਪਾਬੰਦੀ ਨਹੀਂ ਲਗਾ ਸਕਦੀ । ਸੁਪਰੀਮ ਕੋਰਟ ਦੇ ਉਕਤ ਨਿਰਣੇ ਦੀਆਂ ਲੀਹਾਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਅਨੁਸਾਰ ਹੀ ਪੰਜਾਬ ਰਾਜ ਅੰਦਰ ਲਾਟਰੀਆਂ ਚਲਾਈਆਂ ਜਾ ਰਹੀਆਂ ਹਨ । ਜਿਥੋਂ ਤੱਕ ਲਾਟਰੀਆਂ ਦੇ ਸਮਾਜਿਕ ਪ੍ਰਭਾਵ ਦਾ ਸਬੰਧ ਹੈ, ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਜੇਕਰ ਬਾਜ਼ਾਰ ਵਿਚ ਰਾਜ ਦੁਆਰਾ ਜਾਇਜ਼ ਢੰਗ ਨਾਲ ਚਲਾਈਆਂ ਜਾ ਰਹੀਆਂ ਲਾਟਰੀਆਂ ਦੇ ਟਿਕਟ ਉਪਲਬਧ ਨਹੀਂ ਹੋਣਗੇ ਤਾਂ ਜੂਏ ਦੇ ਦੂਜੇ ਗੈਰ ਕਾਨੂੰਨੀ ਢੰਗ ਜਿਵੇਂ ਸੱਟਾ, ਮਟਕਾ ਆਦਿ ਇਹਨਾਂ ਲਾਟਰੀਆਂ ਦੀ ਥਾਂ ਲੈ ਲੈਣਗੇ । ਅਜਿਹਾ ਇਲਾਜ ਬੀਮਾਰੀ ਨਾਲੋਂ ਵੀ ਬੁਰਾ ਹੋਵੇਗਾ । ਫਿਰ ਵੀ ਸਾਡੀ ਸਰਕਾਰ ਇਕਹਿਰੇ ਨੰਬਰ ਵਾਲੀਆਂ ਰੋਜ਼ਾਨਾ ਲਾਟਰੀਆਂ ਦੀਆਂ ਸਮਾਜਿਕ ਮੁਸ਼ਕਲਾਂ ਪ੍ਰਤੀ ਜਾਗਰੂਕ ਹੈ । ਕਾਨੂੰਨੀ ਜ਼ਰੂਰਤਾਂ ਮੁਤਾਬਿਕ ਅਸੀਂ ਵਿੱਤੀ ਸਾਲ 1995-96 ਵਿਚ ਇਕਹਿਰੇ ਨੰਬਰ ਦੀਆਂ ਲਾਟਰੀਆਂ ਨੂੰ ਜਲਦੀ ਤੋਂ ਜਲਦੀ ਖਤਮ ਕਰਨ ਲਈ ਦ੍ਰਿੜ੍ਹ ਸੰਕਲਪ ਹਾਂ । (ਥੰਪਿੰਗ) ।

(ਕ) **ਛੋਟੇ ਕਰਜ਼ਦਾਰਾਂ ਲਈ ਬਿਹਤਰ ਸੇਵਾਵਾਂ** : ਸਾਡੇ ਰਾਜ ਦੇ ਪਿੰਡਾਂ ਅਤੇ ਸ਼ਹਿਰਾਂ-ਦੋਹਾਂ ਦੇ ਛੋਟੇ ਕਰਜ਼ਦਾਰ ਵੱਖ ਵੱਖ ਕਾਰਜਾਂ, ਜਿਹਨਾਂ ਵਿਚ ਕੇਂਦਰ ਸਰਕਾਰ ਤੇ ਰਾਜ ਸਰਕਾਰ ਦੁਆਰਾ ਸਹਾਇਤਾ ਪ੍ਰਾਪਤ ਸਕੀਮਾਂ ਵੀ ਸ਼ਾਮਲ ਹਨ, ਲਈ ਸੰਸਥਾਵੀ ਵਿੱਤ ਪ੍ਰਾਪਤ ਕਰਦੇ ਹਨ । ਇਨ੍ਹਾਂ ਲਾਭ-ਪਾਤਰਾਂ, ਵਿਸ਼ੇਸ਼ ਕਰਕੇ ਦਿਹਾਤੀ ਖੇਤਰਾਂ ਦੀਆਂ ਸਕੀਮਾਂ ਫਾਲਿਆਂ ਨੂੰ, ਕਈ ਵਾਰ ਕਰਜ਼ਿਆਂ ਦੇ ਭੁਗਤਾਨ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਬਹੁਤ ਸਾਰੇ ਕਰਜ਼ਦਾਰ ਬੈਂਕਾਂ ਦੇ ਲੈਣ-ਦੇਣ ਦੀਆਂ ਰਸਮੀ ਕਾਰਵਾਈਆਂ ਤੋਂ ਜਾਣੂ ਨਹੀਂ ਹੁੰਦੇ ਨਤੀਜੇ ਵਜੋਂ, ਕਈ ਭੁਗਤਾਨਾਂ ਵਿਚ ਬੇ-ਲੋੜੀ ਦੇਰ ਹੋ ਜਾਂਦੀ ਹੈ । ਇਹ ਮੇਰੀ ਤੀਬਰ ਇੱਛਾ ਹੈ ਕਿ ਛੋਟੇ ਕਰਜ਼ਦਾਰਾਂ ਲਈ ਕਰਜ਼ਿਆਂ ਦਾ ਭੁਗਤਾਨ ਫੌਰੀ ਤੌਰ ਤੇ ਕੀਤਾ ਜਾਣਾ ਚਾਹੀਦਾ ਹੈ । ਖੇਤਰ ਪੱਧਰ ਤੇ ਤਾਲਮੇਲ ਨੂੰ ਬਿਹਤਰ ਬਣਾਉਣ ਲਈ ਤਾਲਮੇਲ ਕਮੇਟੀਆਂ, ਜਿਹਨਾਂ ਵਿਚ ਜ਼ਿਲ੍ਹਾ ਅਫਸਰ ਅਤੇ ਜ਼ਿਲ੍ਹਾ ਪੱਧਰ ਤੇ ਉਪ ਮੰਡਲ ਪੱਧਰ ਦੇ ਬੈਂਕਰ ਸ਼ਾਮਲ ਹੋਣਗੇ, ਕਰਜ਼ਿਆਂ ਦੇ ਬਾਕਾਇਦਾ ਨਿਪਟਾਰੇ ਦੇ ਕੰਮ-ਕਾਜ਼ ਦਾ ਨਿਰੀਖਣ ਕਰਨਗੀਆਂ । ਵਿਭਾਗਾਂ ਦੇ ਕਰਮਚਾਰੀ ਕਰਜ਼ਦਾਰਾਂ ਦੀਆਂ ਸਾਰੀਆਂ ਕਰਜ਼ਾ-ਕਾਰਵਾਈਆਂ ਫੌਰੀ ਤੌਰ ਤੇ ਮੁਕੰਮਲ ਕਰਾਉਣ ਵਿਚ ਉਹਨਾਂ ਦੀ ਸਹਾਇਤਾ ਕਰਨਗੇ । ਰਾਜ ਦੀ ਸਮੁੱਚੀ ਪ੍ਰਗਤੀ ਦਾ ਰਾਜ ਪੱਧਰ ਦੀ ਬੈਂਕਰ ਕਮੇਟੀ ਵਿਚ ਜਾਇਜ਼ਾ ਲਿਆ ਜਾਵੇਗਾ । ਮੈਨੂੰ ਵਿਸ਼ਵਾਸ ਹੈ ਕਿ ਇਹ ਪ੍ਰਬੰਧ ਛੋਟੇ ਅਤੇ ਲੋੜਵੰਦ ਕਰਜ਼ਦਾਰਾਂ ਨੂੰ ਸੰਸਥਾਈ ਵਿੱਤ ਦੇਣ ਦੇ ਕੰਮ ਵਿਚ ਤੇਜ਼ੀ ਲਿਆਉਣਗੇ ।

ਸਾਲਾਨਾ ਯੋਜਨਾ 1995-96

17. ਜਿਵੇਂ ਕਿ ਇਸ ਮਾਨਯੋਗ ਸਦਨ ਨੂੰ ਪੈਂਤਾ ਹੈ, ਭਾਵੇਂ 8ਵੀਂ ਪੰਜ ਸਾਲਾ ਯੋਜਨਾਗੜਬੜੀ ਵਾਲੇ ਹਾਲਾਤ ਦੇ ਪਿਛੋਕੜ ਵਿਚ ਆਰੰਭ ਕੀਤੀ ਗਈ ਸੀ ਪਰ ਇਹ

Original with;
Punjab Vidhan Sabha
Digitized by;
Panjab Digital Library

ਅਮਨ ਅਤੇ ਸਥਿਰਤਾ ਦੇ ਮਾਹੌਲ ਵਿਚ ਪ੍ਰਗਤੀ ਕਰਦੇ ਹੋਇਆਂ ਤੇਜ਼ ਰਫ਼ਤਾਰ ਵਾਲੇ ਵਿਕਾਸ ਯੁੱਗ ਵਿਚ ਪ੍ਰਵੇਸ਼ ਹੋ ਰਹੀ ਹੈ । 8ਵੀਂ ਪੰਜ ਸਾਲਾ ਯੋਜਨਾ (1992-97) ਲਈ 6,570.00 ਕਰੋੜ ਰੁਪਏ ਦੀ ਰਕਮ ਪਰਵਾਨ ਕੀਤੀ ਗਈ ਸੀ ਜੋ ਕਿ 3,285.00 ਕਰੋੜ ਰੁਪਏ ਦੀ 7ਵੀਂ ਯੋਜਨਾ (1985-90) ਤੇ 100 ਫ਼ੀਸਦੀ ਦਾ ਵਾਧਾ ਦਰਸਾਉਂਦੀ ਹੈ । ਸਾਲਾਨਾ ਯੋਜਨਾ 1992-93 ਲਈ ਪ੍ਰਵਾਨਤ ਲਾਗਤ 1,150.00 ਕਰੋੜ ਰੁਪਏ, ਸਾਲਾਨਾ ਯੋਜਨਾ 1993-94 ਲਈ 1,250.00 ਕਰੋੜ ਰੁਪਏ ਅਤੇ ਸਾਲਾਨਾ ਯੋਜਨਾ 1994-95 ਲਈ 1,450.00 ਕਰੋੜ ਰੁਪਏ ਦੀ ਸੀ । ਹੋਰਨਾਂ ਵਸੀਲਿਆਂ ਤੋਂ 8,448.38 ਕਰੋੜ ਰੁਪਏ ਦੀ ਰਕਮ ਨਾਲ ਇਨ੍ਹਾਂ ਲਗਾਤਾਂ ਵਿਚ ਹੋਰ ਵਾਧਾ ਕੀਤਾ ਗਿਆ ਹੈ ਅਤੇ ਇਸ ਤਰ੍ਹਾਂ ਅੱਠਵੀਂ ਯੋਜਨਾ ਦੇ ਪਹਿਲੇ ਤਿੰਨ ਸਾਲਾਂ ਦੌਰਾਨ ਵਿਕਾਸ ਕਾਰਜਾਂ ਵਿਚ 12,298.38 ਕਰੋੜ ਰੁਪਏ ਦੀ ਸਰਕਾਰੀ ਸਰਮਾਇਆਕਾਰੀ ਕੀਤੀ ਗਈ ।

ਵਿਕਾਸ ਖਰਚ —1995-96

18. ਯੋਜਨਾ ਦੇ ਪਿਛਲੇ ਤਿੰਨ ਸਾਲਾਂ ਦੇ ਲਾਭਾਂ ਨੂੰ ਠੋਸ ਬਣਾਉਣ ਲਈ ਸਾਲਾਨਾ ਯੋਜਨਾ 1995-96 ਲਈ ਪ੍ਰਵਾਨਤ ਲਾਗਤ 1,675.00 ਕਰੋੜ ਰਪਏ ਨਿਸ਼ਚਿਤ ਕੀਤੀ ਗਈ ਹੈ । ਇਸ ਲਾਗਤ ਵਿਚ ਨਿਮਨਲਿਖਤ ਵਸੀਲਿਆਂ ਤੋਂ 4,677.93 ਕਰੋੜ ਰੁਪਏ ਦੀ ਰਕਮ ਨਾਲ ਹੋਰ ਵਾਧਾ ਕੀਤਾ ਜਾਵੇਗਾ —

		(ਰੁਪਏ ਕਰੋੜਾਂ ਵਿਚ)
(i)	ਦਿਹਾਤੀ ਵਿਕਾਸ ਫੰਡ ..	72.00
(ii)	ਖੇਤੀਬਾੜੀ ਮੰਡੀਕਰਣ ਬੋਰਡ ਅਤੇ ਮਾਰਕੀਟ ਕਮੇਟੀਆਂ ..	111.00
(iii)	ਕੇਂਦਰੀ ਸਹਾਇਤਾ ਪ੍ਰਾਪਤ ਸਕੀਮਾਂ ਦਾ ਕੇਂਦਰੀ ਹਿੱਸਾ ..	213.63
(iv)	ਪਬਲਿਕ ਸੈਕਟਰ ਦੇ ਅਦਾਰਿਆਂ ਅਤੇ ਸਹਿਕਾਰੀ ਸੰਸਥਾਵਾਂ ਦਆਰਾ ਇਕੱਤਰ ਕੀਤਾ ਜਾਣ ਵਾਲਾ ਸੰਸਥਾਵੀ ਵਿੱਤ ..	4056.03
(v)	ਨਗਰ ਨਿਗਮਾਂ/ਨਗਰ ਪਾਲਕਾ ਕਮੇਟੀਆਂ ਅਤੇ ਨਗਰ ਪੰਚਾਇਤਾਂ ਦੁਆਰਾ ਆਪਣੇ ਨਿੱਜੀ ਵਸੀਲਿਆਂ ਤੋਂ ਕੀਤਾ ਜਾਣ ਵਾਲਾ ਖਰਚ ..	225.27
	ਜੋੜ	**4677.93**

19. ਇਸ ਪ੍ਰਕਾਰ 1995-96 ਦੌਰਾਨ 6,352.93 ਕਰੋੜ ਰੁਪਏ ਦਾ ਵਿਕਾਸ ਖ਼ਰਚ ਪਿਛਲੇ ਸਾਰੇ ਸਮੇਂ ਤੋਂ ਵੱਧ ਹੋਵੇਗਾ । ਸਿਰਫ ਇਕੋ ਸਾਲ ਵਿਚ ਰਾਜ ਸਰਕਾਰ ਦੀ ਸਰਮਾਇਆਕਾਰੀ ਅੱਠਵੀਂ ਯੋਜਨਾ ਨੂੰ ਸਮੁੱਚੇ ਖ਼ਰਚ ਨੂੰ ਅੱਪੜ ਜਾਵੇਗੀ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਵਿਕਾਸ ਸਬੰਧੀ ਨੀਤੀ

20. ਸਾਲਾਨਾ ਯੋਜਨਾ 1995-96 ਨਾਲ ਰਾਜ 8ਵੀਂ ਪੰਜ ਸਾਲਾ ਯੋਜਨਾ ਦੇ ਚੌਥੇ ਸਾਲ ਵਿਚ ਦਾਖਲ ਹੁੰਦਾ ਹੈ । ਇਸ ਲਈ ਯੋਜਨਾ ਖਰਚ ਦਾ 69.98 ਫ਼ੀਸਦੀ (1,172.19 ਕਰੋੜ ਰਪਏ) ਚਲ ਰਹੀਆਂ ਸਕੀਮਾਂ ਉਤੇ ਖਰਚ ਕੀਤਾ ਜਾਵੇਗਾ, 13.63 ਫ਼ੀਸਦੀ (228.23 ਕਰੋੜ ਰੁਪਏ) ਪ੍ਰਤੀਬੱਧ ਸਕੀਮਾਂ ਉਤੇ, 9.91 ਫ਼ੀਸਦੀ (165.95 ਕਰੋੜ ਰਪਏ) ਵਿਸ਼ਵ ਬੈਂਕ ਪ੍ਰਾਜੈਕਟਾਂ ਉਤੇ, 3.02 ਫ਼ੀਸਦੀ (50.57 ਕਰੋੜ ਰਪਏ) ਕੇਂਦਰੀ ਸਪਾਂਸਰਡ ਸਕੀਮਾਂ ਵਿਚ ਰਾਜ ਦੇ ਹਿੱਸੇ ਉਤੇ 2.18 ਫ਼ੀਸਦੀ (36.58 ਕਰੋੜ ਰੁਪਏ) ਕਾਰਪੋਰੇਸ਼ਨਾਂ ਅਤੇ ਸਹਿਕਾਰੀ ਫੈਡਰੇਸ਼ਨਾਂ ਉਤੇ ਅਤੇ 1.28 ਫ਼ੀਸਦੀ (21.48 ਕਰੋੜ ਰੁਪਏ) ਨਵੀਆਂ ਸਕੀਮਾਂ ਉਤੇ ਖਰਚ ਕੀਤਾ ਜਾਵੇਗਾ ।

21. ਅੰਪਰ ਯੋਜਨਾਬੰਦੀ ਕੇਵਲ ਅੰਕੜਿਆਂ ਅਤੇ ਐਲੋਕੇਸ਼ਨਾਂ ਦਾ ਹੀ ਮਾਮਲਾ ਨਹੀਂ ਹੈ । ਉਪਰੋਕਤ ਅੰਕੜੇ ਲੋਕਾਂ ਦੀਆਂ ਆਸ਼ਾਵਾਂ ਦੇ ਅਨੁਕੂਲ ਕਰਨ ਲਈ ਸਰਕਾਰ ਭਰਪੂਰ ਉਪਰਾਲਾ ਕਰ ਰਹੀ ਹੈ । ਇਸ ਕਾਰਣ ਸਾਡੀ ਵਿਕਾਸ ਨੀਤੀ ਦਾ ਮੰਤਵ ਇਹਨਾਂ ਆਸ਼ਾਵਾਂ ਨੂੰ ਸਾਕਾਰ ਕਰਨਾ ਹੈ । ਸਾਰਿਆਂ ਲਈ ਰੋਜ਼ਗਾਰ ਦੇ ਅਹਿਮ ਮੌਕੇ ਪੈਦਾ ਕਰਨ ਲਈ ਰਾਜ ਸਰਕਾਰ ਵਲੋਂ ਕੀਤੀਆਂ ਗਈਆਂ ਕਈ ਪਹਿਲਕਦਮੀਆਂ ਰਾਹੀਂ ਰਾਜ ਦੇ ਅਰਥਚਾਰੇ ਵਿਚ ਤਬਦੀਲੀ ਲਿਆਉਣ ਦਾ ਯਤਨ ਕੀਤਾ ਜਾਵੇਗਾ । ਸਰਕਾਰ ਰਾਜ ਦੇ ਸਮੁੱਚੇ ਘਰੇਲੂ ਉਤਪਾਦਨ ਵਿਚ ਨਿਰਮਾਣਕਾਰੀ ਤੇ ਤੀਜੇ ਦਰਜੇ ਦੇ ਸੈਕਟਰਾਂ ਦੇ ਯੋਗਦਾਨ ਵਿਚ ਵਾਧਾ ਕਰਨਾ ਚਾਹੁੰਦੀ ਹੈ । ਇਹ ਗਰੀਬੀ ਦਾ ਖਾਤਮਾ ਕਰਨ, ਅਗਿਆਨਤਾ ਦੂਰ ਕਰਨ ਅਤੇ ਬਿਮਾਰੀਆਂ ਦੀ ਰੋਕਥਾਮ ਕਰਨਾ ਚਾਹੁੰਦੀ ਹੈ । ਇਹ ਬੁਨਿਆਦੀ ਢਾਂਚੇ ਦੇ ਉਪਬੰਧ ਅਤੇ ਆਧੁਨਿਕੀਕਰਣ ਲਈ ਤਕਨਾਲੋਜੀ ਆਧਾਰਤ ਵਿਕਾਸ ਅਤੇ ਮਨੁਖੀ ਵਿਕਾਸ ਸਾਧਨਾਂ ਨੂੰ ਉਤਸ਼ਾਹਤ ਕਰਨ ਉਤੇ ਜ਼ੋਰ ਦੇ ਕੇ ਇਨ੍ਹਾਂ ਮੰਤਵਾਂ ਦੀ ਪ੍ਰਾਪਤੀ ਕਰਨਾ ਚਾਹੁੰਦੀ ਹੈ । ਇਹ ਸਮਾਜ ਦੇ ਸਮੂਹ ਤਬਕਿਆਂ ਲਈ ਬੁਨਿਆਦੀ ਨਿਰਬਾਹ ਹਾਲਤਾਂ ਮੁਹੱਈਆ ਕਰਨ ਦਾ ਉਪਰਾਲਾ ਕਰ ਰਹੀ ਹੈ ਅਤੇ ਸਰਬੱਤ ਦੇ ਭਲੇ ਲਈ ਵਾਤਾਵਰਣੀ ਸਮੱਸਿਆਵਾਂ ਤੇ ਧਿਆਨ ਕੇਂਦਰਿਤ ਕਰ ਰਹੀ ਹੈ । ਸਭ ਤੋਂ ਵੱਧ, ਇਹ ਦਿਹਾਤੀ ਅਤੇ ਸ਼ਹਿਰੀ ਖੇਤਰਾਂ ਵਿਚ ਲੋਕਾਂ ਦੇ ਜੀਵਨ ਮਿਆਰ ਵਿਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ ।

ਰੋਜ਼ਗਾਰ

22. 8ਵੀਂ ਪੰਜ ਸਾਲਾ ਯੋਜਨਾ ਦੌਰਾਨ ਰਾਜ ਦੇ ਵਿਕਾਸ ਏਜੰਡੇ ਵਿਚ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਨੂੰ ਪਰਮ ਅਗੇਤ ਦਿਤੀ ਗਈ ਅਤੇ ਭਵਿੱਖ ਵਿਚ ਵੀ ਦਿਤੀ ਜਾ ਰਹੀ ਹੈ । ਅਜਿਹਾ ਅਮਨ ਅਤੇ ਸਥਿਰਤਾ ਕਾਇਮ ਰੱਖਣ ਅਤੇ ਨੌਜੁਆਨਾਂ ਨੂੰ ਲਾਹੇਵੰਦਾ ਰੋਜ਼ਗਾਰ ਦੇਣ ਲਈ ਅਤਿਅੰਤ ਜ਼ਰੂਰੀ ਹੈ । ਭਾਵੇਂ ਇਸ ਸਬੰਧ ਵਿਚ ਪਿਛਲੇ ਤਿੰਨ ਸਾਲਾਂ ਦੌਰਾਨ ਬਹੁਤ ਕੁਝ ਪ੍ਰਾਪਤ ਕਰ ਲਿਆ ਗਿਆ ਹੈ ਪਰ ਫਿਰ ਵੀ ਬਹੁਤ ਕੁਝ ਕਰਨਾ ਬਾਕੀ ਹੈ । ਇਸ ਸਮੇਂ ਪੰਜਾਬ ਅੰਦਰ 15---59 ਸਾਲਾਂ ਦੇ ਦਰਮਿਆਨ ਦੀ ਉਮਰ ਦੇ ਕਿਰਤੀਆਂ ਵਿਚੋਂ 10.6 ਫੀਸਦੀ ਲੋਕ ਬੇਰੋਜ਼ਗਾਰ ਹਨ । 58 ਫ਼ੀਸਦੀ ਬੇਰੋਜ਼ਗਾਰ ਵਿਅਕਤੀ

Original with;
Punjab Vidhan Sabha
Digitized by;
Panjab Digital Library

ਦਿਹਾਤੀ ਇਲਾਕਿਆਂ ਅੰਦਰ ਹਨ ਅਤੇ 62 ਫ਼ੀਸਦੀ ਵਿਅਕਤੀ ਪੜ੍ਹੇ ਲਿਖੇ ਬੇਰੋਜ਼ਗਾਰ ਹਨ। ਰੋਜ਼ਗਾਰ ਦੀ ਤਲਾਸ਼ ਵਿਚ ਪੜ੍ਹੇ ਲਿਖੇ ਅਤੇ ਅਨਪੜ੍ਹ ਵਿਅਕਤੀਆਂ ਦੀ ਗਿਣਤੀ ਪਿਛਲੇ ਤਿੰਨ ਸਾਲਾਂ ਵਿਚ 7.51 ਲੱਖ ਤੋਂ ਘੱਟ ਕੇ ਅਰਥਾਤ 31 ਮਾਰਚ, 1992 ਤੋਂ ਅੱਜ ਤਕ 5.58 ਲੱਖ ਰਹਿ ਗਈ ਹੈ।

23. ਵੱਖ ਵੱਖ ਸੈਕਟਰਾਂ ਨੂੰ ਯੋਜਨਾ ਫੰਡ ਇਸ ਪ੍ਰਕਾਰ ਐਲੋਕੇਟ ਕੀਤੇ ਗਏ ਹਨ ਕਿ ਸਵੈ-ਰੋਜ਼ਗਾਰ, ਉਜਰਤ-ਰੋਜ਼ਗਾਰ ਅਤੇ ਪ੍ਰਾਈਵੇਟ ਸੈਕਟਰ ਵਿਚ ਰੋਜ਼ਗਾਰ ਪੈਦਾ ਹੋ ਸਕੇ। ਸਾਲ 1992-95 ਦੌਰਾਨ ਇਹ ਅਨੁਮਾਨ ਹੈ ਕਿ 770.00 ਕਰੋੜ ਰੁਪਏ ਦਾ ਖ਼ਰਚ ਕਰਕੇ ਯੋਜਨਾ ਅਧੀਨ 4.80 ਲੱਖ ਵਿਅਕਤੀਆਂ ਲਈ ਰੋਜ਼ਗਾਰ ਪੈਦਾ ਕੀਤਾ ਗਿਆ ਸੀ। 1995-96 ਵਿਚ 305.00 ਕਰੋੜ ਰੁਪਏ ਖ਼ਰਚ ਕਰਕੇ 2.65 ਲੱਖ ਵਿਅਕਤੀਆਂ ਲਈ ਰੋਜ਼ਗਾਰ ਪੈਦਾ ਕੀਤੇ ਜਾਣ ਦੀ ਸੰਭਾਵਨਾ ਹੈ। ਮੁਹੱਈਆ ਕੀਤੇ ਗਏ ਅਤੇ ਕੀਤੇ ਜਾਣ ਵਾਲੇ ਰੋਜ਼ਗਾਰ ਦੀ ਸੈਕਟਰ-ਵਾਰ ਤਫ਼ਸੀਲ ਨਿਮਨ ਅਨੁਸਾਰ ਹੈ :—

ਸੈਕਟਰ		ਪੈਦਾ ਕੀਤਾ ਗਿਆ ਰੋਜ਼ਗਾਰ	
		1992-95 (000 ਵਿਅਕਤੀ)	1995-96 (000 ਵਿਅਕਤੀ)
1		2	3
1. ਗ਼ਰੀਬੀ ਨਿਵਾਰਨ ਪਰੋਗਰਾਮ			
(ੳ) ਸੰਗਠਿਤ ਦਿਹਾਤੀ ਵਿਕਾਸ ਪ੍ਰੋਗਰਾਮ	..	63.98	16.00
(ਅ) ਟ੍ਰਾਈਸੇਮ	..	8.58	3.60
(ਇ) ਡੀ. ਡਬਲਿਊ. ਸੀ. ਆਰ. ਏ	..	17.71	7.50
(ਸ) ਜਵਾਹਰ ਰੋਜ਼ਗਾਰ ਯੋਜਨਾ	..	34.74	10.81
(ਹ) ਨਹਿਰੂ ਰੋਜ਼ਗਾਰ ਯੋਜਨਾ	..	24.58	2.51
(ਕ) ਸਮੂਹਕ ਵਿਕਾਸ ਅਤੇ ਪੰਚਾਇਤਾਂ	..	39.02	20.31
ਉਪ ਜੋੜ (ੳ ਤੋਂ ਕ)	..	188.61	60.73
2. ਪ੍ਰਧਾਨ ਮੰਤਰੀ ਦੀ ਰੋਜ਼ਗਾਰ ਯੋਜਨਾ	..	3.00	4.90
3. ਪੰਜਾਬ ਦੇ ਯੁਵਕਾਂ ਲਈ ਸਿਖਲਾਈ ਅਤੇ ਰੋਜ਼ਗਾਰ ਕੇਂਦਰ	..	11.21	7.00
4. ਸਵੈ-ਰੋਜ਼ਗਾਰ	..	110.92	57.70
5. ਉਜਰਤ ਰੋਜ਼ਗਾਰ	..	0.84	20.39
6. ਸਰਕਾਰੀ ਸੈਕਟਰ ਵਿਚ ਰੋਜ਼ਗਾਰ	..	11.24	6.03
7. ਨਿੱਜੀ ਸੈਕਟਰ ਵਿਚ ਰੋਜ਼ਗਾਰ	..	91.58	66.21
8. ਅਸਿੱਧਾ ਰੋਜ਼ਗਾਰ	..	62.68	42.28
ਕੁਲ ਜੋੜ	..	480.08	265.24

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

24. ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ, ਪੰਜਾਬ ਰਾਜ ਇਲੈਕਟ੍ਰਾਨਿਕਸ ਵਿਕਾਸ ਤੇ ਉਤਪਾਦਨ ਕਾਰਪੋਰੇਸ਼ਨ ਅਤੇ ਪੰਜਾਬ ਅੰਗਰੋ ਇੰਡਸਟ੍ਰੀਜ਼ ਕਾਰਪੋਰੇਸ਼ਨ, ਨੇ 1992-95 ਦੌਰਾਨ 1,017.68 ਕਰੋੜ ਰੁਪਏ ਦੀ ਲਾਗਤ ਨਾਲ 60 ਪ੍ਰਾਜੈਕਟ ਸਥਾਪਤ ਕੀਤੇ ਜਿਨ੍ਹਾਂ ਸਦਕਾ 71,156 ਵਿਅਕਤੀਆਂ ਨੂੰ ਸਿੱਧੇ ਅਤੇ ਅਸਿੱਧੇ ਤੌਰ ਤੇ ਰੋਜ਼ਗਾਰ ਮੁਹੱਈਆ ਕੀਤਾ ਗਿਆ । ਪ੍ਰਾਜੈਕਟਾਂ ਦਾ ਵੇਰਵਾ ਹੇਠਾਂ ਦਿਤੇ ਅਨੁਸਾਰ ਹੈ :—

ਲੜੀ ਨੰ:	ਕਾਰਪੋਰੇਸ਼ਨ/ਪ੍ਰਾਜੈਕਟ ਦਾ ਨਾਂ	ਪੂੰਜੀ ਨਿਵੇਸ਼ (ਲੱਖਾਂ ਵਿਚ)	ਪੈਦਾ ਕੀਤਾ ਗਿਆ ਰੋਜ਼ਗਾਰ	
			ਸਿੱਧੇ ਤੌਰ ਤੇ	ਅਸਿੱਧੇ ਤੌਰ ਤੇ
1	2	3	4	5
ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ				
1.	ਕੈਪੀਟਲ ਓਪਟੀਮਾਈਜੇਸ਼ਨ ਪ੍ਰਾਜੈਕਟ ਆਫ. ਪੀ. ਏ. ਸੀ. ਐਲ, ਫੇਜ਼-II, ਨਇਆ ਨੰਗਲ, ਜ਼ਿਲ੍ਹਾ ਰੋਪੜ	.. 805.00	50	500
2.	ਕੈਪੀਟਲ ਓਪਟੀਮਾਈਜੇਸ਼ਨ ਪ੍ਰਾਜੈਕਟ ਆਫ ਪੀ. ਏ. ਸੀ. ਐਲ. ਫੇਜ਼-III, ਨਇਆ ਨੰਗਲ, ਜ਼ਿਲਾ ਰੋਪੜ	.. 185.00	15	150
3.	ਸੋਡੀਅਮ ਹਾਈਪੋਕਲੋਰਾਈਟ ਆਫ, ਪੀ. ਏ. ਸੀ. ਐਲ. ਪ੍ਰਾਜੈਕਟ, ਨਇਆ ਨੰਗਲ, ਜ਼ਿਲ੍ਹਾ ਰੋਪੜ	.. 50.00	20	200
4.	ਇੰਡੀਅਨ ਐਕਰੈਲਿਕਸ ਲਿਮਿਟਿਡ, ਜ਼ਿਲ੍ਹਾ ਸੰਗਰੂਰ	.. 23183.00	500	2500
5.	ਅਭਿਸ਼ੇਕ ਇੰਡਸਟ੍ਰੀਜ਼ ਲਿਮਿਟਿਡ, ਜ਼ਿਲ੍ਹਾ ਸੰਗਰੂਰ	.. 3700.00	600	3000
6.	ਅਰੀਹਾਂਤ ਕਾਟਜ਼ਿਨ ਲਿਮਿਟਿਡ (ਐਕਸਪੋਰਟ ਯੂਨਿਟ) ਜ਼ਿਲ੍ਹਾ ਸੰਗਰੂਰ	.. 1794.00	250	1250
7.	ਅਰੀਹਾਂਤ ਕਾਟਜ਼ਿਨ ਲਿਮਿਟਿਡ (ਰਿੰਗ ਸਪਿਨਿੰਗ ਯੂਨਿਟ) ਜ਼ਿਲ੍ਹਾ ਸੰਗਰੂਰ	.. 1968.00	250	1250

Original with;
Punjab Vidhan Sabha
Digitized by;
Panjab Digital Library

ਲੜੀ ਨੰ	ਕਾਰਪੋਰੇਸ਼ਨ/ਪ੍ਰਾਜੈਕਟ ਦਾ ਨਾਂ	ਪੂੰਜੀ ਨਿਵੇਸ਼ (ਲੱਖਾਂ ਵਿਚ)	ਪੈਦਾ ਕੀਤਾ ਗਿਆ ਰੋਜ਼ਗਾਰ	
			ਸਿੱਧੇ ਤੌਰ ਤੇ	ਅਸਿੱਧੇ ਤੌਰ ਤੇ
1	2	3	4	5
8.	ਵੀ. ਕੇ. ਫਾਇਬਰਜ਼ ਲਿਮਿਟਡ, (ਐਕਸਪੈਨਸ਼ਨ) ਜ਼ਿਲ੍ਹਾ ਸੰਗਰੂਰ	.. 1698.00	111	666
9.	ਐਚ. ਪੀ. ਐਲ. ਕੈਮੀਕਲਜ਼ ਲਿਮਟਿਡ, ਡੇਰਾ ਬੱਸੀ, ਜ਼ਿਲ੍ਹਾ ਪਟਿਆਲਾ	.. 747.00	200	1000
10.	ਸੋਹਰਾਬ ਸਪੀਨਿੰਗ ਮਿਲਜ਼ ਲਿਮਟਿਡ, ਪਿੰਡ ,ਉਪਲ ਖੇੜੀ, ਨਾਭਾ ਰੋਡ, ਜ਼ਿਲ੍ਹਾ ਸੰਗਰੂਰ	.. 198 00	90	630
11.	ਵਿਨਸਨ ਯਾਰਨ ਲਿਮਟਿਡ, ਡੇਰਾ ਬੱਸੀ, ਪਟਿਆਲਾ	.. 5136.00	600	3000
12.	ਸਕੇਨੋਮੈਕਸ ਇੰਡੀਆ ਲਿਮਟਿਡ, (ਐਕਸਪੋਰਟ/ਡਾਇਵਰਸ) ਪਿੰਡ ਚੰਨੋ, ਜ਼ਿਲ੍ਹਾ ਸੰਗਰੂਰ	.. 650.00	150	750
13.	ਕੈਪਸੂਜਲ ਇੰਡੀਆ ਲਿਮਟਿਡ, (ਐਕਸਪੋਰਟ ਪ੍ਰਾਜੈਕਟ) ਪਿੰਡ ਫਤਹਿਪੁਰ, ਜ਼ਿਲ੍ਹਾ ਹਸ਼ਿਆਰਪੁਰ	.. 205.00	15	150
14.	ਐਸ. ਆਰ. ਇੰਡਸਟਰੀਜ਼ ਲਿਮਟਿਡ, ਪਿੰਡ ਕੁੜਾਂਵਾਲਾ, ਡੇਰਾ ਬੱਸੀ, ਪਟਿਆਲਾ	.. 1710.00	227	1135
15.	ਕਿਸਾਨ ਦੁੱਧ ਉਦਯੋਗ ਲਿਮਟਿਡ, ਪਿੰਡ ਥੀਰੀਵਾਲ, ਜ਼ਿਲ੍ਹਾ ਗੁਰਦਾਸਪੁਰ	.. 467.00	135	810
16.	ਸਿਲਵਰ ਸਕ੍ਰੀਨ ਮੈਗਨ ਡਾਇਅਗ-ਨੋਸਾਟਿਕ ਲਿਮਟਿਡ ਐਸ.ਏ.ਐਸ. ਨਗਰ, ਰੋਪੜ	.. 398.00	15	150
17.	ਗੀਤਾ ਥਰੈਡਜ਼ ਲਿਮਟਿਡ, ਹੰਡਿਆਇਆ ਰੋਡ, ਬਰਨਾਲਾ	.. 481.00	116	812

Original with;
Punjab Vidhan Sabha
Digitized by;
Punjab Digital Library

[ਵਿੱਤ ਮੰਤਰੀ]

ਲੜੀ ਨੰ:	ਕਾਰਪੋਰੇਸ਼ਨ/ਪ੍ਰਾਜੈਕਟ ਦਾ ਨਾਂ	ਪੂੰਜੀ ਨਿਵੇਸ਼ (ਲੱਖਾਂ ਵਿਚ)	ਪੈਦਾ ਕੀਤਾ ਗਿਆ ਰੋਜ਼ਗਾਰ	
			ਸਿੱਧੇ ਤੌਰ ਤੇ	ਅਸਿੱਧੇ ਤੌਰ ਤੇ
1	2	3	4	5
18.	ਕੋਰ ਓਰਗੈਨਿਕਸ ਲਿਮਟਿਡ, ਡੇਰਾ ਬੱਸੀ, ਪਟਿਆਲਾ	.. 600.00	100	600.00
19.	ਐਲਟਾਸ ਓਰਗੈਨਿਕਸ ਲਿਮਟਿਡ, ਡੇਰਾ ਬੱਸੀ, ਪਟਿਆਲਾ	.. 386.00	100	700
20.	ਐਮ. ਬੀ. ਐਸ. ਇੰਡੀਆ ਲਿਮਟਿਡ ਡੇਰਾ ਬੱਸੀ, ਪਟਿਆਲਾ	.. 401.20	201	1005
21.	ਡਾਇਮੰਡ ਐਗਰੋ ਇੰਡਸਟਰੀਜ਼ ਲਿਮਟਿਡ, ਪਿੰਡ ਨਾਲੁੰਗ, ਜ਼ਿਲ੍ਹਾ ਗੁਰਦਾਸਪਰ	.. 1887.00	150	1050
22.	ਗੁਰੂ ਨਾਨਕ ਪੇਪਰ ਮਿਲਜ਼ ਲਿਮਟਿਡ. (ਐਕਸ) ਜ਼ਿਲ੍ਹਾ ਰੋਪੜ	.. 635.00	100	800
23.	ਦੀਪਕ ਪਾਈਪਰ ਇੰਡੀਆ ਲਿਮਟਿਡ, ਜ਼ਿਲ੍ਹਾ ਪਟਿਆਲਾ	.. 225.00	163	978
24.	ਜੇ. ਐਨ. ਕਾਸਟਿੰਗਸ, ਲਿਮਟਿਡ, ਜ਼ਿਲ੍ਹਾ ਪਟਿਆਲਾ	.. 197.00	162	1134
25.	ਏ. ਪੀ. ਐਨਜ਼ਾਈਮਜ਼ ਲਿਮਟਿਡ, (ਡਾਈਵਰਜ਼ਨ) ਡੇਰਾ ਬੱਸੀ, ਜ਼ਿਲ੍ਹਾ ਪਟਿਆਲਾ	.. 258.00	94	752
26.	ਵਰਿੰਦਰ ਐਗਰੋ ਐਂਡ ਕੈਮੀਕਲਜ਼ ਲਿਮਟਿਡ (ਪੇਪਰ ਪ੍ਰਾਜੈਕਟ) ਬਰਨਾਲਾ, ਜ਼ਿਲ੍ਹਾ ਸੰਗਰੂਰ ।	.. 5580.00	800	4,000
27.	ਕੁਡੋਜ਼ ਕੈਮੀਕਲਜ਼ ਲਿਮਟਿਡ, ਡੇਰਾ ਬੱਸੀ, ਜ਼ਿਲ੍ਹਾ ਪਟਿਆਲਾ	.. 288.00	100	700
28.	ਸੀਮਾ ਇੰਡਸਟ੍ਰੀਜ਼ ਲਿਮਟਿਡ, (ਬੈਕਵਾਰਡ) ਜ਼ਿਲ੍ਹਾ ਬਠਿੰਡਾ ।	.. 300.00	40	400

Original with;
Punjab Vidhan Sabha
Digitized by;
Panjab Digital Library

ਲੜੀ ਨੰ.	ਕਾਰਪੋਰੇਸ਼ਨ/ਪ੍ਰਾਜੈਕਟ ਦਾ ਨਾਂ	ਪੂੰਜੀ ਨਿਵੇਸ਼ (ਲੱਖਾਂ ਵਿਚ)	ਪੈਦਾ ਕੀਤਾ ਗਿਆ ਰੋਜ਼ਗਾਰ	
			ਸਿੱਧੇ ਤੌਰ ਤੇ	ਅਸਿੱਧੇ ਤੌਰ ਤੇ
1	2	3	4	5
29.	ਤੇਜ਼ ਐਨਰਜਾਇਜ (ਪੀ) ਲਿਮਟਿਡ, ਜ਼ਿਲ੍ਹਾ ਅੰਮ੍ਰਿਤਸਰ ।	.. 200.00	63	567
30.	ਕੰਟੂਰ ਆਟੋ-ਮੋਟਿਵ ਪ੍ਰੋਡਕਸ਼ਨ (ਪੀ) ਲਿਮਟਿਡ, ਡੇਰਾ ਬੱਸੀ, ਪਟਿਆਲਾ ।	.. 237.80	192	960
31.	ਨਿਧੀ ਪਾਈਪਸ ਲਿਮਟਿਡ, ਡੇਰਾ ਬੱਸੀ, ਪਟਿਆਲਾ ।	.. 75.85	78	546
32.	ਕੇ. ਸੀ. ਸੈਲਵੈਂਟ ਐਕਸਟ੍ਰੈਕ ਸ਼ਨਜ਼ (ਪੀ) ਲਿਮਟਿਡ, ਜ਼ਿਲ੍ਹਾ ਫਿਰੋਜ਼ਪੁਰ ।	.. 270.00	93	744
33.	ਆਰ. ਸੀ. ਵਨਸਪਤੀ ਲਿਮਟਿਡ ਪਿੰਡ ਨਾਗਲੀ, ਫਤਿਹਗੜ੍ਹ ਰੋਡ, ਅੰਮ੍ਰਿਤਸਰ ।	.. 485.00	103	824
34.	ਪ੍ਰਾਈਮ ਪ੍ਰੋਟੀਨਜ਼ ਲਿਮਟਿਡ, ਪਿੰਡ ਗੋਬਿੰਦਗੜ੍ਹ ਜ਼ਿਲ੍ਹਾ ਫਿਰੋਜ਼ਪੁਰ ।	.. 700.00	150	750
35.	ਵਾਟਿਕਾ ਸਪੀਨਿੰਗ ਮਿਲਜ਼ ਲਿਮਟਿਡ, ਪਿੰਡ ਸ਼ੈਦਪੁਰ, ਡੇਰਾ ਬੱਸੀ, ਜ਼ਿਲ੍ਹਾ ਪਟਿਆਲਾ ।	482.00	120	840
36.	ਸੁਪਰ ਪੋਲੀ ਫਾਈਬਰਜ਼ ਲਿਮਟਿਡ (ਡਵੀਜ਼ਨਲ ਪ੍ਰਾਜੈਕਟ) ਏਅਰ-ਪੋਰਟ ਰੋਡ, ਸਾਹਨੇਵਾਲ, ਲੁਧਿਆਣਾ ।	.. 214.00	104	728
37.	ਖੂਡੋਸ ਕੈਮੀਕਲ ਲਿਮਟਿਡ, (ਐਕਸਪੈਨਸ਼ਨ ਪ੍ਰਾਜੈਕਟ) ਪਿੰਡ ਕੁੜਾਂਵਾਲਾ, ਡੇਰਾ ਬੱਸੀ, ਜ਼ਿਲ੍ਹਾ ਪਟਿਆਲਾ ।	.. 87.00	10	100

Original with;
Punjab Vidhan Sabha
Digitized by;
Punjab Digital Library

[ਵਿੱਤ ਮੰਤਰੀ]

ਲੜੀ ਨੰ	ਕਾਰਪੋਰੇਸ਼ਨ/ਪ੍ਰਾਜੈਕਟ ਦਾ ਨਾਂ	ਪੂੰਜੀ ਨਿਵੇਸ਼ (ਲੱਖਾਂ ਵਿਚ)	ਪੈਦਾ ਕੀਤਾ ਗਿਆ ਰੋਜ਼ਗਾਰ	
			ਸਿੱਧੇ ਤੌਰ ਤੇ	ਅਸਿੱਧੇ ਤੌਰ ਤੇ
1	2	3	4	5
38.	ਮੈਜੇਸਟਿਕ ਹੋਟਲਜ਼ ਲਿਮਟਿਡ, ਫਿਰੋਜ਼ਪਰ ਰੋਡ, ਜ਼ਿਲਾ ਲੁਧਿਆਣਾ ।	1400.00	200	1000
39.	ਅਲਫਾ ਡਰੱਗਜ਼ ਇੰਡੀਆ ਲਿਮਟਿਡ, (ਡਾਇਵਰਸੀਫੀਕੇਸ਼ਨ) ਡੇਰਾ ਬੱਸੀ, ਪਟਿਆਲਾ ।	100.00	10	100
40.	ਮਿਨੀ ਫਾਰਮ ਐਂਡ ਪੇਪਰ ਮਿਲਜ਼ ਲਿਮਟਿਡ, 971/7, ਸਾਹਮਣੇ ਐਸ. ਬੀ. ਆਈ. ਡੁਗਰੀ ਰੋਡ, ਲੁਧਿਆਣਾ।	372.00	100	600
41.	ਹਰਮਨ ਮਿਲਕ ਫੂਡਜ਼ ਲਿਮਟਿਡ, ਐਸ. ਸੀ. ਓ. 96-97, ਸੈਕਟਰ 34-ਏ, ਚੰਡੀਗੜ੍ਹ ।	1483.00	200	1000
42.	ਸਟੈਲਕੋ ਸਟ੍ਰਿਪਸ ਲਿਮਟਿਡ, ਡੀ-122-ਏ ਫੇਜ਼-5, ਫੋਕਲ ਪੁਆਇੰਟ, ਲੁਧਿਆਣਾ ।	430.00	77	539
43.	ਤ੍ਰਿਵੇਣੀ ਯਾਰਨਜ਼ ਲਿਮਟਿਡ, ਡੀ-122-ਏ, ਫੇਜ਼-5, ਫੋਕਲ ਪੁਆਇੰਟ, ਲੁਧਿਆਣਾ ।	157.00	59	413
44.	ਨਾਹਰ ਸ਼ੂਗਰ ਐਂਡ ਐਲਾਇਡ ਇੰਡਸਟ੍ਰੀਜ਼ ਲਿਮਟਿਡ, ਮਾਰਫਤ ਪੰਜਾਬ ਕਨਕਾਸਟ ਸਟੀਲਜ਼ ਲਿਮਟਿਡ, ਫੋਕਲ ਪੁਆਇੰਟ, ਲੁਧਿਆਣਾ ।	4400.00	800	4000

Original with;
Punjab Vidhan Sabha
Digitized by;
Panjab Digital Library

ਲੜੀ ਨੰ.	ਕਾਰਪੋਰੇਸ਼ਨ/ਪ੍ਰਾਜੈਕਟ ਦਾ ਨਾਂ	ਪੂੰਜੀ ਨਿਵੇਸ਼ (ਲੱਖਾਂ ਵਿਚ)	ਪੈਦਾ ਕੀਤਾ ਗਿਆ ਰੋਜ਼ਗਾਰ	
			ਸਿੱਧੇ ਤੌਰ ਤੇ	ਅਸਿੱਧੇ ਤੌਰ ਤੇ
1	2	3	4	5
45.	ਮਿਲਕ ਸਪੈਸ਼ਲਿਟੀਜ਼ ਲਿਮਟਿਡ, ਡੇਰਾ ਬੱਸੀ, ਜ਼ਿਲ੍ਹਾ ਪਟਿਆਲਾ ।	1465.00	200	1,000
46.	ਪੀਕਾਡਿਲੀ ਸ਼ੁਗਰ ਐਂਡ ਐਲਾਇਡ ਇੰਡਸਟ੍ਰੀਜ਼ ਲਿਮਟਿਡ, ਪਾਤੜਾਂ, ਜ਼ਿਲ੍ਹਾ ਪਟਿਆਲਾ ।	3880.00	800	4,000
47.	ਨੋਰਥਲੈਂਡ ਸ਼ੂਗਰ ਕੰਪਲੈਕਸ ਲਿਮਟਿਡ, ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ।	4065.00	800	4,000
48.	ਅਲਫਾ ਡ੍ਰੱਗਜ਼ (1) ਲਿਮਟਿਡ, (ਐਕਸਪ.) ਲਾਲੜੂ, ਜ਼ਿਲ੍ਹਾ ਪਟਿਆਲਾ ।	300,00	30	300
49.	ਇੰਡੀਅਨ ਐਕਰੇਲਿਕਸ ਲਿਮਟਿਡ, (ਐਕਸਪੈਨਸ਼ਨ)	800.00	30	300
50.	ਫਿਨੋਰਗ ਕੈਮੀਕਲਜ਼ ਲਿਮਟਿਡ, ਫਿਨੋਰਗ ਕੰਪਲੈਕਸ, ਪਿੰਡ ਬੰਨ੍ਹ-ਮਾਜਰਾ, ਕੁਰਾਲੀ, ਜ਼ਿਲ੍ਹਾ ਰੋਪੜ ।	20.00	20	200
51.	ਪੰਜਾਬ ਟ੍ਰੈਕਟਰਜ਼ ਲਿਮਟਿਡ (ਐਕਸ-ਪੈਨਸ਼ਨ) ਐਸ. ਏ. ਐਸ. ਨਗਰ, ਰੋਪੜ ।	2180.00	100	700
	ਜੋੜ : (ਪੀ.ਐਸ.ਆਈ.ਡੀ.ਸੀ.)	77935.85	9693	54.283

Original with;
Punjab Vidhan Sabha
Digitized by;
Punjab Digital Library

[ਵਿੱਤ ਮੰਤਰੀ]

ਲੜੀ ਨੰ	ਕਾਰਪੋਰੇਸ਼ਨ/ਪ੍ਰਾਜੈਕਟ ਦਾ ਨਾਂ	ਪੂੰਜੀ ਨਿਵੇਸ਼ (ਲੱਖਾਂ ਵਿਚ)	ਪੈਦਾ ਕੀਤਾ ਗਿਆ ਰੋਜ਼ਗਾਰ	
			ਸਿੱਧੇ ਤੌਰ ਤੇ	ਅਸਿੱਧੇ ਤੌਰ ਤੇ
1	2	3	4	5
	ਪੰਜਾਬ ਰਾਜ ਇਲੈਕਟ੍ਰਾਨਿਕਸ ਵਿਕਾਸ ਅਤੇ ਉਤਪਾਦਨ ਕਾਰਪਰੇਸ਼ਨ			
52.	ਮੇਨ ਆਟੋਮੈਟਿਕ ਅੱਕਸਚੇਂਜ (ਮੈਕਸ) ਪੰਜਾਬ ਕਮੂਨੀਕੇਸ਼ਨ ਲਿਮਟਿਡ, ਪੀ. ਸੀ. ਐਲ. ਦੁਆਰਾ	1500.00	150	100
53.	ਓਪਟੀਕਲ ਲਾਈਨ ਟਰਮੀਨਲ ਇਕਵਿਪਮੈਂਟ ਪੀ. ਸੀ. ਐਲ. ਦੁਆਰਾ	1750.00	50	50
54.	ਸੋਫਟ ਏਅਰ ਡਿਵੈਲਪਮੈਂਟ ਪੀ. ਸੀ. ਐਲ. ਦੁਆਰਾ	650.00	50	50
55.	ਲਾਰਜ ਡਿਜਿਟਲ ਸਵਿਚਿੰਗ ਸਿਸਟਮਜ਼ ਫਸੂਜਿਤਸੋ ਇੰਡੀਆ ਟੈਲੀਕਮ ਲਿਮਟਿਡ, (ਫਾਈਟੇਲ) ਦੁਆਰਾ	12000.00	700	500
56.	ਮਾਇਕਰੋਵੇਵ ਟ੍ਰਾਂਸਮਿਸ਼ਨ ਪੀ. ਸੀ. ਐਲ. ਦੁਆਰਾ	600.00	100	50
57.	ਸ਼ੀਟ ਮੈਟਲਜ਼ ਪ੍ਰੋਡਕਟਸ ਸੈਂਚਰੀ ਸ਼ੀਟ ਮੈਟਲਜ਼ ਇੰਡੀਆ ਲਿਮਟਿਡ, ਦੁਆਰਾ	700.00	100	100
	ਜੋੜ : (ਪੀ.ਐਸ.ਈ.ਡੀ.ਪੀ.ਸੀ.)	17200.00	1150	850

Original with;
Punjab Vidhan Sabha
Digitized by;
Panjab Digital Library

ਲੜੀ ਨੰ	ਕਾਰਪੋਰੇਸ਼ਨ/ਪ੍ਰਾਜੈਕਟ ਦਾ ਨਾਂ	ਪੂੰਜੀ ਨਿਵੇਸ਼ (ਲੱਖਾਂ ਵਿਚ)	ਪੈਦਾ ਕੀਤਾ ਗਿਆ ਰੋਜ਼ਗਾਰ	
			ਸਿੱਧੇ ਤੌਰ ਤੇ	ਅਸਿੱਧੇ ਤੌਰ ਤੇ
1	2	3	4	5
	ਪੰਜਾਬ ਐਗਰੋ ਇੰਡਸਟ੍ਰੀਜ਼ ਕਾਰਪੋਰੇਸ਼ਨ			
58.	ਸ਼ੂਗਰ ਮਿਲ, ਅੰਮ੍ਰਿਤਸਰ । ..	3955.00	600	1200
59.	ਐਗਰੋ ਡੱਚ ਫੂਡਜ਼ ਲਿਮਟਿਡ, (ਖੁੰਬ ਡਿੱਬਾਬੰਦੀ) ..	2350.00	1100	2,000
60.	ਕਲਟੀਵੇਸ਼ਨ ਤੇ ਪ੍ਰਾਸੈਸਿੰਗ ਮੈਡੀਸੀਨਲ/ਐਰੋਮੈਟਿਕ ਪਲਾਂਟਸ ..	327.00	70	210
	ਜੋੜ . (ਪੀ. ਏ. ਆਈ. ਸੀ) ..	6632.00	1,770	3,410
	ਕੁੱਲ ਜੋੜ ..	101767.85	12813	58,543

25. ਇਨ੍ਹਾਂ ਕਾਰਪੋਰੇਸ਼ਨਾਂ ਦੀ ਸਾਲ 1995-96 ਦੌਰਾਨ 1,133.52 ਕਰੋੜ ਰੁਪਏ ਦੀ ਲਾਗਤ ਨਾਲ 43 ਪ੍ਰਾਜੈਕਟਾਂ ਨੂੰ ਸਥਾਪਤ ਕਰਨ ਦੀ ਤਜਵੀਜ਼ ਹੈ ਤਾਂ ਜੋ 50,060 ਵਿਅਕਤੀਆਂ ਨੂੰ ਸਿੱਧਾ/ਅਸਿੱਧਾ ਰੋਜ਼ਗਾਰ ਮੁਹੱਈਆ ਕੀਤਾ ਜਾ ਸਕੇ ।

26. ਪੰਜਾਬ ਅਨੁਸੂਚਿਤ ਜਾਤੀਆਂ ਭੋਂ-ਵਿਕਾਸ ਤੇ ਵਿੱਤ ਕਾਰਪੋਰੇਸ਼ਨ, ਪੰਜਾਬ ਪੱਛੜੀਆਂ ਸ਼੍ਰੇਣੀਆਂ ਭੋਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਅਤੇ ਪੰਜਾਬ ਸਾਬਕਾ ਫੌਜੀ

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:

ਕਾਰਪੋਰੇਸ਼ਨ ਅਤੇ ਸਹਿਕਾਰੀ ਸੈਕਟਰ ਨੇ ਨਿਮਨ ਅਨੁਸਾਰ ਸਬਸਿਡੀ ਅਤੇ ਕਰਜ਼ੇ ਵੰਡੇ ਹਨ :—

ਲੜੀ ਨ:	ਕਾਰਪੋਰੇਸ਼ਨ ਦਾ ਨਾਂ	ਸਬਸਿਡੀ (ਕਰੋੜਾਂ ਵਿਚ)		ਕਰਜ਼ੇ ਦੀ ਰਕਮ (ਕਰੋੜਾਂ ਵਿਚ)		ਲਾਭਪਾਤਰ (ਲੱਖਾਂ ਵਿਚ)	
		1992-1995 ਦੌਰਾਨ ਮੁਹੱਈਆ ਕੀਤੀ ਗਈ	1995-1996 ਦੌਰਾਨ ਮੁਹੱਈਆ ਕੀਤੀ ਜਾਣ ਵਾਲੀ	1992-1995 ਦੌਰਾਨ ਬੈਂਕਾਂ ਤੋਂ ਲਿਆ ਗਿਆ	1995-96 ਦੌਰਾਨ ਲਿਆ ਜਾਣ ਵਾਲਾ	1992-95 ਦੌਰਾਨ ਕਵਰ ਕੀਤੇ ਗਏ	1995-96 ਦੌਰਾਨ ਕਵਰ ਕੀਤੇ ਜਾਣ ਵਾਲੇ
1	2	3	4	5	6	7	8
1.	ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ ।	30.69	20.76	71.94	27.77	0.75	0.25
2.	ਪੰਜਾਬ ਪੱਛੜੀਆਂ ਸ਼੍ਰੇਣੀਆਂ ਭੋਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ ।	0.50	0.85	13.92	22.92	0.09	0.05
3.	ਪੰਜਾਬ ਸਾਬਕਾ ਫੌਜੀ ਕਾਰਪੋਰੇਸ਼ਨ	0.70	0.97	6.92	9.54	0.02	0.02
4.	ਸਹਿਕਾਰੀ ਸੈਕਟਰ ਦੁਆਰਾ ਦਿੱਤਾ ਗਿਆ ਕਰਜ਼ਾ (ਅਲਪਕਾਲੀ/ਦੀਰਘਕਾਲੀ)	—	—	2571.44	1053.50	30.55	12.22
	ਜੋੜ	31.89	22.58	2664.22	1113.73	31.41	12.54

27. 1992-95 ਦੌਰਾਨ ਕਵਰ ਕੀਤੇ ਗਏ ਲਾਭ ਪਾਤਰਾਂ ਦੀ ਗਿਣਤੀ 31.41 ਲੱਖ ਹੈ । 1995-96 ਦੌਰਾਨ 12.54 ਲੱਖ ਲਾਭ ਹੋਰ ਪਾਤਰਾਂ ਨੂੰ ਕਵਰ ਕੀਤੇ ਜਾਣ ਦੀ ਸੰਭਾਵਨਾ ਹੈ ।

ਬਿਜਲੀ :

28. ਵਿਕਾਸ ਕਾਰਜਾਂ ਲਈ ਬਿਜਲੀ ਇਕ ਬਨਿਆਦੀ ਲੋੜ ਹੈ । ਸਮੁੱਚੀ ਯੋਜਨਾ ਲਾਗਤ ਦਾ 42.04 ਫ਼ੀਸਦੀ ਬਿਜਲੀ ਸੈਕਟਰ ਲਈ ਐਲੋਕੇਟ ਕੀਤਾ ਗਿਆ ਹੈ । 1994-95 ਦੌਰਾਨ ਇਸ ਉਪ-ਮਦ ਲਈ ਮੁਹੱਈਆ ਕੀਤੇ ਗਏ, 425.15 ਕਰੋੜ ਰੁਪਏ ਦੇ ਮੁਕਾਬਲੇ 1995-96 ਲਈ 704.22 ਕਰੋੜ ਰੁਪਏ ਮਖਸੂਸ ਲਈ ਕੀਤੇ ਗਏ ਹਨ । ਇਹ ਵਧਾਇਆ ਗਿਆ ਪੂੰਜੀ-ਨਿਵੇਸ਼ ਮੁੱਖ ਤੌਰ ਤੇ ਰਣਜੀਤ ਸਾਗਰ ਡੈਮ ਲਈ ਲੋੜੀਦੇ 400.00 ਕਰੋੜ ਰੁਪਏ ਦੇ ਕਾਰਨ ਹੈ । ਇਸ ਪ੍ਰਾਜੈਕਟ ਲਈ ਲਾਗਤ ਦਾ ਅਨੁਮਾਨ ਯੋਜਨਾ ਕਮਿਸ਼ਨ ਦੁਆਰਾ ਪਹਿਲੀ ਵਾਰ 1977 ਵਿਚ 263.16 ਕਰੋੜ ਰੁਪਏ ਪਰਵਾਨ ਕੀਤਾ ਗਿਆ ਸੀ ਫਿਰ ਇਸ ਨੂੰ ਸੋਧ ਕੇ ਮਈ, 1986 ਵਿਚ 760.00 ਕਰੋੜ ਰੁਪਏ ਅਤੇ ਅਕਤੂਬਰ, 1990 ਵਿਚ 1,687.00 ਕਰੋੜ ਰੁਪਏ ਕਰ ਦਿਤਾ ਗਿਆ ਸੀ । ਹੁਣ ਤਾਜ਼ਾਤਰੀਨ ਲਾਗਤ ਅਨੁਮਾਨ 2,189.55 ਕਰੋੜ ਰੁਪਏ ਦੇ ਹਨ ਜਿਨ੍ਹਾਂ ਵਿਚੋਂ 1,488.63 ਕਰੋੜ ਰੁਪਏ 31 ਮਾਰਚ, 1995 ਤੱਕ ਖਰਚ ਕਰ ਲਏ ਗਏ ਹਨ । 1992-95 ਦੌਰਾਨ ਕੇਵਲ ਇਸ ਸਰਕਾਰ ਦੁਆਰਾ 616.82 ਕਰੋੜ ਰੁਪਏ ਦਾ ਖਰਚ ਕੀਤਾ ਗਿਆ ਹੈ ਅਤੇ 8ਵੀਂ ਪੰਜ ਸਾਲਾ ਯੋਜਨਾ ਦੇ ਅੰਤ ਤਕ ਹੋਰ 800.00 ਕਰੋੜ ਰੁਪਏ ਖਰਚ ਕੀਤੇ ਜਾਣਗੇ । ਡੈਮ ਦਾ 70 ਫ਼ੀਸਦੀ ਨਿਰਮਾਣ ਕਾਰਜ ਪਹਿਲਾਂ ਹੀ ਮੁਕੰਮਲ ਕੀਤਾ ਜਾ ਚੁੱਕਾ ਹੈ । ਇਹ ਸਰਕਾਰ ਇਸ ਵਿਸ਼ਾਲ ਪ੍ਰਾਜੈਕਟ ਨੂੰ 7 ਨਵੰਬਰ, 1996 ਨੂੰ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸਮੇਂ ਚਾਲੂ ਕਰ ਦੇਣ ਲਈ ਦ੍ਰਿੜ ਸੰਕਲਪ ਹੈ । (ਥੰਪਿੰਗ) ਇਸ ਪ੍ਰਾਜੈਕਟ ਦੇ ਨਿਰਧਾਰਤ ਸਮੇਂ ਅੰਦਰ ਮੁਕੰਮਲ ਹੋਣ ਦੀ ਖੁਸ਼ੀ ਵਿਚ ਇਸ ਤੇ ਕੰਮ ਕਰ ਰਹੇ ਕਰਮਚਾਰੀਆਂ ਨੂੰ ਪੁਰਸਕਾਰ ਵਜੋਂ ਇਕ ਸਾਲ ਦੀ ਤਨਖਾਹ ਦਿਤੀ ਜਾਵੇਗੀ । ਜਿਵੇਂ ਮਾਨਯੋਗ ਮੁੱਖ ਮੰਤਰੀ ਜੀ, ਪੰਜਾਬ, ਦੁਆਰਾ ਪਹਿਲਾਂ ਐਲਾਨ ਕੀਤਾ ਜਾ ਚੁੱਕਾ ਹੈ । (ਥੰਪਿੰਗ) ਇਸ ਪ੍ਰਾਜੈਕਟ ਸਦਕਾ ਰਾਜ ਵਿਚ ਬਿਜਲੀ ਦੀ ਸਥਾਪਤ ਸਮੱਰਥਾ 3,510 ਮੈਗਾਵਾਟ ਤੋਂ ਵੱਧ ਕੇ 4162 ਮੈਗਾਵਾਟ ਹੋ ਜਾਵੇਗੀ । ਜੋ 19 ਫ਼ੀਸਦੀ ਦਾ ਵਾਧਾ ਦਰਸਾਏਗੀ (ਥੰਪਿੰਗ) । ਇਸ ਡੈਮ ਦੇ ਮੁਕੰਮਲ ਹੋਣ ਨਾਲ ਰਾਜ ਵਿਚ ਵਿਕਾਸ ਸਰਗਰਮੀਆਂ ਨੂੰ ਹੁਲਾਰਾ ਮਿਲੇਗਾ ਅਤੇ ਪੰਜਾਬ ਦੇ ਨਕਸ਼-ਨੁਹਾਰ ਵਿਚ ਨਿਖਾਰ ਆਵੇਗਾ ।

29. ਸੰਚਾਰ ਅਤੇ ਵੰਡ ਘਾਟਿਆਂ ਨੂੰ ਘਟਾਉਣ ਲਈ 1994-95 ਲਈ 70.00 ਕਰੋੜ ਰੁਪਏ ਦੇ ਖਰਚ ਦਾ ਉਪਬੰਧ ਕੀਤਾ ਗਿਆ ਸੀ । 1995-96 ਦੌਰਾਨ ਇਸ ਮੰਤਵ ਲਈ 100.00 ਕਰੋੜ ਰੁਪਏ ਦੀ ਰਕਮ ਮਖਸੂਸ ਕੀਤੀ ਗਈ ਹੈ ।

30. ਰਾਜ ਵਿਚ ਪਿੰਡਾਂ ਨੂੰ ਖੁਦਮੁਖਤਾਰ ਬਿਜਲੀ ਫੀਡਰਾਂ ਰਾਹੀਂ ਬਿਜਲੀ ਦੀ ਨਿਰਵਿਘਨ ਸਪਲਾਈ ਦਾ ਪ੍ਰਬੰਧ ਕਰਾਉਣ ਲਈ 5.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ । 3,214 ਪਿੰਡਾਂ, ਜਿਨ੍ਹਾਂ ਨੇ ਇਸ ਸਕੀਮ ਲਈ ਆਪਸ਼ਨ ਦਿਤੀ ਹੈ, ਨੂੰ 1995-96 ਦੌਰਾਨ ਕਵਰ ਕੀਤਾ ਜਾਵੇਗਾ । 8ਵੀਂ ਯੋਜਨਾ ਦੇ ਅੰਤ ਤੱਕ ਰਾਜ ਦੇ ਬਾਕੀ ਸਾਰੇ ਪਿੰਡ ਕਵਰ ਕਰ ਲਏ ਜਾਣਗੇ ।

31. ਪੰਜਾਬ ਊਰਜਾ ਵਿਕਾਸ ਏਜੰਸੀ 18.62 ਕਰੋੜ ਰੁਪਏ ਦੀ ਲਾਗਤ ਨਾਲ ਅਬੋਹਰ ਅਤੇ ਬਠਿੰਡਾ ਨਹਿਰਾਂ ਤੇ ਮਾਈਕਰੋਹਾਈਡਲ ਪ੍ਰਾਜੈਕਟ , ਲਗਾ ਰਹੀ ਹੈ ਜਿਸ ਨਾਲ 9.4 ਮੈਗਾਵਾਟ ਵਧੀਕ ਬਿਜਲੀ ਪੈਦਾ ਹੋ ਸਕੇਗੀ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਿੰਚਾਈ ਅਤੇ ਹੜ੍ਹ ਕੰਟਰੋਲ

32. 1992-95 ਦੌਰਾਨ 1.04 ਲੱਖ ਹੈਕਟੇਅਰ ਵਧੀਕ ਰਕਬਾ ਸਿੰਚਾਈ ਅਧੀਨ ਲਿਆਂਦਾ ਗਿਆ ਜਿਸ ਨਾਲ ਕੁਲ ਸੇਂਜੂ ਰਕਬਾ ਵਧਕੇ 40.50 ਲੱਖ ਹੈਕਟੇਅਰ ਹੋ ਗਿਆ। ਇਸ ਸਮੇਂ ਰਾਜ ਵਿਚ ਕੁਲ ਕਾਸ਼ਤਯੋਗ ਰਕਬਾ 42.30 ਲੱਖ ਹੈਕਟੇਅਰ ਹੈ। ਇਸ ਰਕਬੇ ਵਿਚੋਂ ਕੇਵਲ 1.80 ਲੱਖ ਹੈਕਟੇਅਰ ਰਕਬਾ ਸਿੰਜਾਈ ਅਧੀਨ ਲਿਆਉਣਾ ਰਹਿੰਦਾ ਹੈ। ਇਹ ਰਕਬਾ ਵੀ ਤੁਬਕਾ ਸਿੰਜਾਈ, ਫੁਹਾਰਾ ਸਿੰਜਾਈ, ਛੋਟੇ ਡੈਮਾਂ ਦੀ ਉਸਾਰੀ, ਨਹਿਰਾਂ ਦੇ ਨਵਰੂਪਣ ਅਤੇ ਡੂੰਘੇ ਟਿਊਬਵੈਲਾਂ ਦੀ ਉਸਾਰੀ ਰਾਹੀਂ ਸਿੰਜਾਈ ਅਧੀਨ ਲਿਆਂਦਾ ਜਾਵੇਗਾ ਅਤੇ 8ਵੀਂ ਯੋਜਨਾ ਦੇ ਅੰਤ ਤੱਕ 100 ਫ਼ੀਸਦੀ ਕਾਸ਼ਤਯੋਗ ਰਕਬਾ ਸਿੰਜਾਈ ਅਧੀਨ ਲੈ ਆਂਦਾ ਜਾਵੇਗਾ।

33. 1994.95 ਵਿਚ ਇਸ ਉਪਮੱਦ ਅਧੀਨ 135.40 ਕਰੋੜ ਰੁਪਏ ਦੇ ਮੁਕਾਬਲੇ 1995-96 ਵਿਚ 151.43 ਕਰੋੜ ਰੁਪਏ ਦਾ ਬਿਹਤਰ ਜਲ-ਪ੍ਰਬੰਧ ਮੌਜੂਦਾ ਸਿੰਜਾਈ ਪ੍ਰਣਾਲੀ ਦੇ ਆਧੁਨਿਕੀਕਰਨ, ਛੋਟੇ ਡੈਮਾਂ ਅਤੇ ਕੰਡੀ ਨਹਿਰ ਦੀ ਉਸਾਰੀ ਅਤੇ ਡੂੰਘੇ ਟਿਊਬਵੈਲਾਂ ਦੀ ਸਥਾਪਨਾ ਲਈ ਉਪਬੰਧ ਕੀਤਾ ਜਾ ਰਿਹਾ ਹੈ। ਇਨ੍ਹਾਂ ਸਕੀਮਾਂ ਸਦਕਾ 1994-95 ਵਿਚ 51,000 ਹੈਕਟੇਅਰ ਦੀ ਵਧੀਕ ਸਿੰਜਾਈ ਸਮੱਰਥਾ ਪੈਦਾ ਹੋ ਜਾਣ ਦੀ ਆਸ ਹੈ ਜੋ 1995-96 ਦੌਰਾਨ 57,339 ਤੱਕ ਪੁੱਜ ਜਾਵੇਗੀ।

34. 1995-96 ਦੌਰਾਨ ਕੰਡੀ ਨਹਿਰ ਦੀ 59.5 ਕਿਲੋਮੀਟਰ (ਸਟੇਜ-1) ਤੱਕ ਦੀ ਉਸਾਰੀ ਦਾ ਕੰਮ ਇਸ ਦੇ ਡਿਸਟ੍ਰੀਬਿਊਸ਼ਨ ਸਿਸਟਮ ਦੇ ਵਿਕਾਸ ਦੇ ਨਾਲ ਨਾਲ ਹੁਸ਼ਿਆਰਪੁਰ ਤੱਕ ਮੁਕੰਮਲ ਕਰ ਲੈਣ ਦੀ ਤਜਵੀਜ਼ ਹੈ। ਇਸ ਪ੍ਰਾਜੈਕਟ ਦੇ ਮੁੰਕਮਲ ਹੋਣ ਨਾਲ 22,600 ਹੈਕਟੇਅਰ ਰਕਬੇ ਦੀ ਸਿੰਜਾਈ ਹੋ ਸਕੇਗੀ। ਫੇਜ਼-II ਵਿਚ, ਇਸ ਨਹਿਰ ਦੀ ਉਸਾਰੀ ਦਾ ਕੰਮ ਬਲਾਚੌਰ ਤੱਕ ਮੁਕੰਮਲ ਕਰ ਲਿਆ ਜਾਵੇਗਾ।

35. ਭੋਂ ਸੁਰੱਖਿਆ ਸੈਕਟਰ ਵਿਚ, ਰਾਜ ਅਤੇ ਕੇਂਦਰੀ ਸਕੀਮਾਂ ਅਧੀਨ ਵਾਟਰਸ਼ੈਡ ਆਧਾਰ ਉਤੇ ਖੇਤਰ ਦੇ ਸੰਗਠਿਤ ਵਿਕਾਸ ਵੱਲ ਧਿਆਨ ਕੇਂਦਰਿਤ ਕੀਤਾ ਗਿਆ ਹੈ ਤਾਂ ਜੋ ਬਰਸਾਤੀ ਪਾਣੀ ਨੂੰ ਸੰਜੋਅ ਕੇ ਪਹਾੜੀ ਇਲਾਕਿਆਂ ਵਿਚ ਸਿੰਜਾਈ ਸਹੂਲਤਾਂ ਮੁਹੱਈਆ ਕੀਤੀਆਂ ਜਾ ਸਕਣ ਅਤੇ ਜ਼ਮੀਨ ਦੋਜ਼ ਪਾਣੀ ਨੂੰ ਰੀਚਾਰਜ ਕੀਤਾ ਜਾ ਸਕੇ। 1992-95 ਦੌਰਾਨ ਬਹੁਤ ਸਾਰੇ (ਵਾਟਰ ਹਾਰਵੈਸਟਿੰਗ, ਲਿਫਟ ਸਿੰਜਾਈ, ਡੂੰਘੇ ਟਿਊਬਵੈਲ) ਉਪਾਵਾਂ ਅਧੀਨ ਕਵਰ ਕੀਤੇ ਗਏ 3,800 ਹੈਕਟੇਅਰ ਰਕਬੇ ਦੇ ਮੁਕਾਬਲੇ 1995-96 ਦੌਰਾਨ 1,000 ਹੈਕਟੇਅਰ ਰਕਬਾ ਕਵਰ ਕੀਤੇ ਜਾਣ ਦਾ ਟੀਚਾ ਹੈ।

ਦਿਹਾਤੀ ਵਿਕਾਸ

36. ਦਿਹਾਤੀ ਸੈਕਟਰ ਨੂੰ ਪਰਮ ਅਗੇਤ ਦਿੱਤੀ ਗਈ ਹੈ ਅਤੇ ਸਾਲਾਨਾ ਯੋਜਨਾ 1995-96 ਵਿਚ ਕੁਲ ਯੋਜਨਾ ਲਾਗਤ ਦਾ 58.68 ਫ਼ੀਸਦੀ ਇਸ ਖੇਤਰ ਲਈ ਰਖਿਆ ਗਿਆ ਹੈ। 1994-95 ਦੌਰਾਨ 225.00 ਕਰੋੜ ਰੁਪਏ ਦੇ ਮੁਕਾਬਲੇ 1995-96 ਦੌਰਾਨ

Original with;
Punjab Vidhan Sabha
Digitized by
Panjab Digital Library

ਰਾਜ ਵਿਚ ਦਿਹਾਤੀ ਵਿਕਾਸ ਤੇ 261.42 ਕਰੋੜ ਰੁਪਏ ਖਰਚ ਕੀਤੇ ਜਾਣਗੇ । (ਬੰਪਿੰਗ) 1995-96 ਵਿਚ ਉਨੱਤ ਗਰਾਮ ਸਕੀਮ ਤੇ ਵਿਸ਼ੇਸ਼ ਤਵੱਜੋ ਜਾਰੀ ਰਹੇਗੀ । ਇਸ ਪ੍ਰੋਗਰਾਮ ਉਤੇ 1995-96 ਦੌਰਾਨ 100.00 ਕਰੋੜ ਰੁਪਏ ਖਰਚ ਕੀਤੇ ਜਾਣਗੇ।(ਬੰਪਿੰਗ) ਰਾਜ ਵਿਚਲੇ ਕੁਲ 12,342 ਪਿੰਡਾਂ ਵਿਚੋਂ 1994-95 ਤੱਕ 9,912 ਪਿੰਡਾਂ ਸਬੰਧੀ ਕੰਮ ਇਸ ਪ੍ਰੋਗਰਾਮ ਅਧੀਨ ਹੱਥ ਵਿਚ ਲਿਆ ਗਿਆ ਹੈ । ਰਹਿੰਦੇ ਪਿੰਡਾਂ ਨੂੰ 1995-96 ਵਿਚ ਕਵਰ ਕਰਨ ਅਤੇ 8ਵੀਂ ਪੰਜ ਸਾਲਾ ਯੋਜਨਾ ਦੇ ਅਖੀਰਲੇ ਦੋ ਸਾਲਾਂ ਦੌਰਾਨ ਰਾਜ ਵਿਚ ਉਨੱਤ ਪ੍ਰੋਗਰਾਮ ਅਧੀਨ 50 ਫ਼ੀਸਦੀ ਅਰਥਾਤ 6,171 ਪਿੰਡਾਂ ਸਬੰਧੀ ਕੰਮ ਹਰ ਤਰ੍ਹਾਂ ਨਾਲ ਮੁਕੰਮਲ ਕਰਨ ਲਈ ਵੀ ਉਪਰਾਲੇ ਕੀਤੇ ਜਾਣਗੇ । (ਬੰਪਿੰਗ)

37. 1992-95 ਦੌਰਾਨ, 6.38 ਕਰੋੜ ਰੁਪਏ ਦੀ ਕੁਲ ਲਾਗਤ ਨਾਲ 1,410 ਪੰਚਾਇਤ ਘਰਾਂ ਦੀ ਉਸਾਰੀ ਕੀਤੀ ਗਈ ਹੈ । 1995-96 ਅਤੇ ਇਸ ਤੋਂ ਬਾਅਦ ਹਰੇਕ ਬਲਾਕ ਵਿਚ ਇਕ ਸਮੂਹਕ ਕੇਂਦਰ ਦੀ ਉਸਾਰੀ ਵੀ ਕੀਤੀ ਜਾਵੇਗੀ । ਇਹ ਸਮੂਹਕ ਕੇਂਦਰ ਉਨ੍ਹਾਂ ਪਿੰਡਾਂ ਵਿਚ ਉਸਾਰੇ ਜਾਣਗੇ ਜਿਨ੍ਹਾਂ ਵਿਚ ਪਹਿਲਾਂ ਪੰਚਾਇਤ ਘਰ ਨਹੀਂ ਹਨ । ਦਿਹਾਤੀ ਵਿਕਾਸ ਨਾਲ ਸਬੰਧ ਰੱਖਣ ਵਾਲੀਆਂ ਸਰਗਰਮੀਆਂ ਇਨ੍ਹਾਂ ਕੇਂਦਰਾਂ ਵਿਖੇ ਹੱਥ ਵਿਚ ਲਈਆਂ ਜਾਣਗੀਆਂ । 1995-96 ਵਿਚ ਰਾਜ ਵਿਚ ਨਵੇਂ ਪੰਚਾਇਤ ਘਰਾਂ ਅਤੇ ਸਮੂਹਕ ਕੇਂਦਰਾਂ ਲਈ 5.00 ਕਰੋੜ ਰੁਪਏ ਦੀ ਐਲੋਕੇਸ਼ਨ ਦਾ ਉਪਬੰਧ ਕੀਤਾ ਗਿਆ ਹੈ । ਸਮੇਂ ਦੇ ਨਾਲ ਮੌਜੂਦਾ ਪੰਚਾਇਤ ਘਰਾਂ ਦਾ ਦਰਜਾ ਵਧਾ ਕੇ ਇਹਨਾਂ ਨੂੰ ਸਮੂਹਕ ਕੇਂਦਰ ਬਣਾ ਦਿਤਾ ਜਾਵੇਗਾ ।

38. ਉਪਰੋਕਤ ਤੋਂ ਇਲਾਵਾ, 1992-95 ਦੌਰਾਨ ਮੰਡੀ ਬੋਰਡ ਅਤੇ ਮਾਰਕੀਟ ਕਮੇਟੀਆਂ ਦੁਆਰਾ 3,533 ਕਿਲੋਮੀਟਰ ਲਿੰਕ ਸੜਕਾਂ ਦੀ ਉਸਾਰੀ ਅਤੇ ਮੁਰੰਮਤ ਲਈ 157.81 ਕਰੋੜ ਰੁਪਏ ਖਰਚ ਕੀਤੇ ਗਏ ਸਨ । 1995-96 ਵਿਚ 7,400 ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਲਈ 111.00 ਕਰੋੜ ਰੁਪਏ ਤਜਵੀਜ਼ ਕੀਤੇ ਗਏ ਹਨ । ਇਸੇ ਤਰ੍ਹਾਂ 1994-95 ਵਿਚ 18.53 ਕਰੋੜ ਰੁਪਏ ਦੇ ਖਰਚ ਦੇ ਮੁਕਾਬਲੇ ਸਾਲ 1995-96 ਵਿਚ ਪਿੰਡਾਂ ਦੀਆਂ ਫਿਰਨੀਆਂ ਦੇ ਕੰਮ ਨੂੰ ਮੁਕੰਮਲ ਕਰਨ ਉਪਰ 20.00 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਜਾਵੇਗੀ । (ਬੰਪਿੰਗ)

ਸ਼ਹਿਰੀ ਵਿਕਾਸ

39. 1993-95 ਦੌਰਾਨ 20,000 ਤੋਂ ਘੱਟ ਆਬਾਦੀ ਵਾਲੇ ਨਗਰਾਂ ਲਈ ਹੁਡਕੋ ਸਹਾਇਤਾ ਪ੍ਰਾਪਤ ਜਲ-ਸਪਲਾਈ ਪ੍ਰਾਜੈਕਟ ਅਧੀਨ 44 ਨਗਰਾਂ ਨੂੰ ਕਵਰ ਕੀਤਾ ਗਿਆ ਹੈ । 1995-96 ਦੌਰਾਨ ਹੁਡਕੋ ਸਹਾਇਤਾ ਪ੍ਰਾਪਤ ਸਕੀਮ ਅਧੀਨ 22 ਨਗਰਾਂ ਨੂੰ ਪੀਣ-ਯੋਗ ਜਲ-ਸਪਲਾਈ ਮੁਹੱਈਆ ਕਰਨ ਦੀ ਤਜਵੀਜ਼ ਹੈ ਅਤੇ 1994-95 ਦੌਰਾਨ ਹੁਡਕੋ ਤੋਂ ਕਰਜ਼ੇ ਦੀ ਸ਼ਕਲ ਵਿਚ 12.00 ਕਰੋੜ ਰੁਪਏ ਪ੍ਰਾਪਤ ਕੀਤੇ ਜਾ ਚੁੱਕੇ ਹਨ । 1995-96 ਦੌਰਾਨ ਰਾਜ ਸਰਕਾਰ ਦੀ 20,000 ਤੋਂ ਇਕ ਲੱਖ ਦੇ ਦਰਮਿਆਨ ਦੀ ਆਬਾਦੀ ਵਾਲੇ ਨਗਰਾਂ ਨੂੰ ਜਲ ਸਪਲਾਈ ਅਤੇ ਮਲ-ਨਿਕਾਸ ਸਹੂਲਤਾਂ ਮੁਹੱਈਆ ਕਰਾਉਣ ਲਈ ਇਕ ਨਵੀਂ ਸਕੀਮ ਚਾਲੂ ਕਰਨ ਦੀ ਵੀ ਤਜਵੀਜ਼ ਹੈ । ਅਜਿਹੇ 45 ਨਗਰਾਂ ਨੂੰ ਕਵਰ ਕਰਨ ਦਾ ਕੁਲ ਪ੍ਰਾਜੈਕਟ 596.00 ਕਰੋੜ ਰੁਪਏ ਦਾ ਹੈ । 1995-96 ਦੌਰਾਨ 8 ਨਗਰਾਂ ਸੰਬੰਧੀ

Original with;
Punjab Vidhan Sabha
Digitized by;

[ਵਿੱਤ ਮੰਤਰੀ]

ਕੰਮ ਨੂੰ ਹੱਥ ਵਿਚ ਲਿਆ ਜਾਵੇਗਾ, ਜਿਸ ਵਿਚ 8.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਇਸ ਪ੍ਰੋਗਰਾਮ ਲਈ ਫੰਡ ਦੇਣ ਦਾ ਪੈਟਰਨ ਹੁਡਕੋ ਅਤੇ ਰਾਜ ਸਰਕਾਰ ਦਰਮਿਆਨ, 70: 30 ਦੇ ਅਨੁਪਾਤ ਅਨੁਸਾਰ ਹੋਵੇਗਾ । 1995-96 ਦੌਰਾਨ ਇਸ ਪ੍ਰਾਜੈਕਟ ਲਈ ਹੁਡਕੋ ਕਰਜ਼ੇ ਦੇ ਰੂਪ ਵਿਚ 18.67 ਕਰੋੜ ਰੁਪਏ ਦੀ ਰਕਮ ਦੇ ਫੰਡ ਮੁਹੱਈਆ ਕਰੇਗੀ । ਰਾਜ ਸਰਕਾਰ ਦੀ ਸਮੂਹ ਨਗਰਾਂ ਵਿਚ ਪਹਿਲਾਂ ਨਿਪਟਾਰਾ ਕੀਤੇ ਜਾਣ ਵਾਲੇ ਕਾਰਜਾਂ ਨੂੰ ਆਰੰਭ ਕਰਨ ਦੀ ਤਜਵੀਜ਼ ਹੈ ਅਤੇ ਬਾਅਦ ਵਿਚ ਸਮੂਹ ਮਿਉਂਸਪਲ ਨਗਰਾਂ ਵਿਚ ਜਲ ਸਪਲਾਈ ਅਤੇ ਮਲ-ਨਿਕਾਸ ਸਬੰਧੀ ਕੰਮ ਹੱਥ ਵਿਚ ਲਿਆ ਜਾਵੇਗਾ । ਸਾਰੇ ਮਿਉਂਸਪਲ ਨਗਰਾਂ ਅੰਦਰ ਸੀਵਰੇਜ ਡਿਸਪੋਜ਼ਲ ਟ੍ਰੀਟਮੈਂਟ ਸਥਾਪਤ ਕਰਨ ਦੀ ਵੀ ਤਜਵੀਜ਼ ਹੈ । ਸ਼ਹਿਰੀ ਖੇਤਰਾਂ ਲਈ ਜਲ-ਸਪਲਾਈ ਅਤੇ ਸੀਵਰੇਜ ਪ੍ਰਾਜੈਕਟ ਵਾਸਤੇ ਵਿਸ਼ਵ ਬੈਂਕ ਸਹਾਇਤਾ ਮੰਗੀ ਜਾ ਰਹੀ ਹੈ । ਜਿਸ ਲਈ ਕੁਲ ਖ਼ਰਚ 462.50 ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ । ਰਾਜ ਸਰਕਾਰ ਇਸ ਸਕੀਮ ਅਧੀਨ ਇਸ ਉਪਬੰਧ ਨੂੰ ਸਾਲ 1995-66 ਦੌਰਾਨ ਪਰਵਾਨਗੀ ਦੀ ਪੱਧਰ ਤੱਕ ਵਧਾਏਗੀ ।

40. ਸਾਲ 1995-96 ਦੌਰਾਨ ਸ਼ਹਿਰੀ ਵਿਕਾਸ ਲਈ 59.75 ਕਰੋੜ ਰੁਪਏ ਦੀ ਲਾਗਤ ਦਾ ਉਪਬੰਧ ਕੀਤਾ ਗਿਆ ਹੈ । ਇਸ ਲਾਗਤ ਵਿਚ ਗੰਗਾ ਐਕਸ਼ਨ ਪਲਾਨ ਦੀਆਂ ਲੀਹਾਂ ਉਤੇ ਸਤਲੁਜ ਦਰਿਆ ਦੇ ਪ੍ਰਦੂਸ਼ਣ ਦੀ ਰੋਕਥਾਮ ਲਈ 10.00 ਕਰੋੜ ਰੁਪਏ ਸ਼ਾਮਲ ਹਨ । ਪ੍ਰਾਜੈਕਟ ਦੀ ਲਾਗਤ 457.17 ਕਰੋੜ ਰੁਪਏ ਹੈ ਅਤੇ ਇਸ ਨੂੰ 3 ਪੜਾਵਾਂ ਅੰਦਰ ਹੱਥ ਵਿਚ ਲਿਆ ਜਾਵੇਗਾ । ਆਰੰਭ ਵਿਚ, 1995-96 ਦੌਰਾਨ ਇਸ ਪ੍ਰਾਜੈਕਟ ਤੇ 20.00 ਕਰੋੜ ਰੁਪਏ ਖ਼ਰਚ ਕੀਤੇ ਜਾਣ ਦੀ ਸੰਭਾਵਨਾ ਹੈ ।

41. ਮਿਉਂਸਪਲ ਸੜਕਾਂ ਨੂੰ ਮੁੜ ਬਣਾਉਣ ਤੇ ਉਨ੍ਹਾਂ ਦੀ ਮੁਰੰਮਤ ਕਰਨ ਲਈ ਇਕ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਗਿਆ ਹੈ । 1994-95 ਦੌਰਾਨ ਤਕਰੀਬਨ 1600 ਕਿਲੋਮੀਟਰ ਸੜਕਾਂ ਦੀ ਮੁਰੰਮਤ 60.00 ਕਰੋੜ ਰੁਪਏ ਦੀ ਲਾਗਤ ਨਾਲ ਕੀਤੀ ਜਾਵੇਗੀ, ਜੋ ਜ਼ਿਆਦਾ ਕਰਕੇ ਮਿਉਂਸਪਲ ਕਮੇਟੀਆਂ ਦੇ ਅੰਦਰੂਨੀ ਵਸੀਲਿਆਂ ਤੋਂ ਪੂਰੀ ਕੀਤੀ ਜਾਵੇਗੀ। 1995-96 ਦੌਰਾਨ ਤਕਰੀਬਨ 2,000 ਕਿਲੋਮੀਟਰ ਸੜਕਾਂ ਦੀ ਮੁਰੰਮਤ ਦਾ ਕੰਮ 80.00 ਕਰੋੜ ਰੁਪਏ ਦੀ ਲਾਗਤ ਨਾਲ ਹੱਥ ਵਿਚ ਲਿਆ ਜਾਵੇਗਾ ਜੋਕਿ ਨਗਰ ਪਾਲਿਕਾਵਾਂ ਦੇ ਅੰਦਰੂਨੀ ਵਸੀਲਿਆਂ ਤੋਂ ਹੀ ਪੂਰੀ ਕੀਤੀ ਜਾਵੇਗੀ । ਰਾਜ ਸਰਕਾਰ ਨੇ ਮਿਉਂਸਪਲ ਹੱਦਾਂ ਅੰਦਰ ਆਉਦੀਆਂ ਪੀ. ਡਬਲਯੂ. ਡੀ. ਸੜਕਾਂ ਦੀ ਉਸਾਰੀ, ਸੰਭਾਲ ਅਤੇ ਮੁਰੰਮਤ ਦਾ ਕੰਮ ਮਿਉਂਸਪਲ ਕਾਰਪੋਰੇਸ਼ਨਾਂ ਨੂੰ ਟਰਾਂਸਫਰ ਕਰਨ ਦਾ ਫ਼ੈਸਲਾ ਕੀਤਾ ਹੈ । ਮਿਉਂਸਪਲ ਕਾਰਪੋਰੇਸ਼ਨਾਂ ਵੀ ਇਸ ਮੰਤਵ ਲਈ ਸਮੁੱਚਾ ਖ਼ਰਚ ਆਪਣੇ ਨਿਜੀ ਵਸੀਲਿਆਂ ਤੋਂ ਕਰਨ ਲਈ ਰਜ਼ਾਮੰਦ ਹੋ ਗਈਆਂ ਹਨ । ਰਾਜ ਸਰਕਾਰ ਨੇ ਪੰਜਾਬ ਦੇ ਨਗਰਾਂ ਨੂੰ ਗੰਦਗੀ ਤੇ ਬਿਮਾਰੀ ਤੋਂ ਰਹਿਤ ਕਰਨ ਨੂੰ ਵਿਸ਼ੇਸ਼ ਅਹਿਮੀਅਤ ਦਿੱਤੀ ਹੈ । ਇਸ ਮੰਤਵ ਲਈ ਕੂੜਾ ਕਰਕਟ ਹਟਾਉਣ ਅਤੇ ਉਚਿਤ ਸਫ਼ਾਈ ਤੇ ਮਲੀਨ ਸੇਵਾਵਾਂ ਸਬੰਧੀ ਕੰਮ ਨੂੰ ਪਰਮ-ਅਗੇਤ ਦਿੱਤੀ ਗਈ ਹੈ ਅਤੇ ਸਮੂਹ ਨਗਰਪਾਲਿਕਾਵਾਂ ਨੇ ਪੰਜਾਬ ਦੇ ਨਗਰਾਂ ਨੂੰ ਗੰਦਗੀ ਰਹਿਤ ਕਰਨ ਲਈ ਇਕ ਵਿਸ਼ਾਲ ਪ੍ਰੋਗਰਾਮ ਉਲੀਕਿਆ ਹੈ । ਇਸ ਤਰ੍ਹਾਂ 61

Original with;
Punjab Vidhan Sabha
Digitized by;
Punjab Digital Library

ਨਗਰਾਂ ਵਿਚ ਘਟ ਲਾਗਤ ਸਫ਼ਾਈ ਪ੍ਰੋਗਰਾਮ ਹੱਥ ਵਿਚ ਲਿਆ ਜਾਵੇਗਾ ਜਿਥੇ ਤਕਰੀਬਨ 105.00 ਕਰੋੜ ਰੁਪਏ ਦੀ ਲਾਗਤ ਨਾਲ 5.00 ਲੱਖ ਡਬਲਯੂ. ਸੀ. ਕੁਨੈਕਸ਼ਨ ਲਗਾਏ ਜਾਣਗੇ ਤਾਂਜੋ ਸਮੁੱਚੇ ਰਾਜ ਨੂੰ ਗੰਦਗੀ ਰਹਿਤ ਕੀਤਾ ਜਾ ਸਕੇ ਅਤੇ ਸਦੀਆਂ ਤੋਂ ਚਲੀ ਆ ਰਹੀ ਸਿਰ ਉਤੇ ਗੰਦਗੀ ਢੋਣ ਦੀ ਪ੍ਰਥਾ ਨੂੰ ਖ਼ਤਮ ਕੀਤਾ ਜਾ ਸਕੇ । 1994-95 ਦੇ ਅੰਤ ਤਕ ਤਕਰੀਬਨ 1.00 ਲੱਖ ਡਬਲਯੂ. ਸੀ. ਕੁਨੈਕਸ਼ਨ ਦਿਤੇ ਜਾਣਗੇ ਅਡੇ ਰਹਿੰਦੇ 4.00 ਲੱਖ ਕੁਨੈਕਸ਼ਨ ਆਉਂਦੇ ਦੋ ਸਾਲਾਂ ਵਿਚ ਦਿਤੇ ਜਾਣਗੇ ।

42. ਸ਼ਹਿਰੀ ਵੱਸੋਂ ਨੂੰ ਬੁਨਿਆਦੀ ਸ਼ਹਿਰੀ ਸਹੂਲਤਾਂ ਮੁਹੱਈਆ ਕਰਨ ਲਈ ਸ਼ਹਿਰੀ ਲੋਕਲ ਬਾਡੀਆਂ ਨੂੰ ਸਹਾਇਤਾ ਗ੍ਰਾਂਟ ਵਜੋਂ ਦੇਣ ਲਈ 1994-95 ਦੌਰਾਨ 25.15 ਕਰੋੜ ਰੁਪਏ ਦੀ ਲਾਗਤ ਵਧਾ ਕੇ ਸਾਲ 1995-96 ਦੌਰਾਨ 30.00 ਕਰੋੜ ਰੁਪਏ ਕਰ ਦਿਤੀ ਜਾਵੇਗੀ ।

ਖੇਤੀਬਾੜੀ

43. ਅਨਾਜ ਦੀ ਪੈਦਾਵਾਰ ਅਤੇ ਕੇਂਦਰੀ ਅਨਾਜ ਭੰਡਾਰ ਵਿਚ ਆਪਣੇ ਯੋਗਦਾਨ ਸਦਕਾ ਪੰਜਾਬ ਨੇ ਸਮੁਚੇ ਦੇਸ਼ ਵਿਚ ਆਪਣਾ ਮਾਣ-ਮੱਤਾ ਸਥਾਨ ਬਰਕਰਾਰ ਰਖਿਆ ਹੋਇਆ ਹੈ । ਕੇਂਦਰੀ ਭੰਡਾਰ ਵਿਚ ਪੰਜਾਬ ਦੁਆਰਾ ਕਣਕ ਦਾ ਯੋਗਦਾਨ 1993-94 ਵਿਚ 64.95 ਲੱਖ ਮੀਟਰਿਕ ਟਨ ਤੋਂ ਵੱਧ ਕੇ 1994-95 ਵਿਚ 72.85 ਲੱਖ ਮੀਟਰਿਕ ਟਨ ਹੋ ਗਿਆ । ਇਸੇ ਤਰ੍ਹਾਂ ਇਸ ਦਾ ਚਾਵਲਾਂ ਦਾ ਯੋਗਦਾਨ 1993-94 ਵਿਚ 54.86 ਲੱਖ ਮੀਟਰਿਕ ਟਨ ਤੋਂ ਵੱਧ ਕੇ 1994-95 ਵਿਚ 57.25 ਲੱਖ ਮੀਟਰਿਕ ਟਨ ਹੋ ਗਿਆ ਹੈ । 1993-94 ਦੌਰਾਨ ਅਨਾਜ ਉਤਪਾਦਨ 210.91 ਲੱਖ ਮੀਟਰਿਕ ਟਨ ਹੋਇਆ ਜੋ ਪਿਛਲੇ ਸਾਲਾਂ ਦੇ ਮੁਕਾਬਲੇ ਸਭ ਤੋਂ ਵੱਧ ਹੈ । 1994-95 ਤੇ 1995-96 ਦੌਰਾਨ ਜੇਕਰ ਇਸ ਤੋਂ ਵੱਧ ਨਹੀਂ ਤਾਂ ਇਹ ਪੱਧਰ ਬਰਕਰਾਰ ਰਖੇ ਜਾਣ ਦੀ ਆਸ ਹੈ । ਜਿਥੋਂ ਤੱਕ ਤੇਲ ਬੀਜਾਂ, ਗੰਨਾ ਅਤੇ ਕਪਾਹ ਦਾ ਸਬੰਧ ਹੈ, 1993-94 ਦੌਰਾਨ 2,55,57.60 ਲੱਖ ਮੀਟਰਿਕ ਟਨ ਅਤੇ 17.27 ਲੱਖ ਗੱਠਾਂ ਦੇ ਮੁਕਾਬਲੇ 1994-95 ਦੌਰਾਨ ਵਧੇਰੇ ਉਤਪਾਦਨ ਦੀ ਉਮੀਦ ਹੈ ਅਤੇ 1995-96 ਲਈ ਟੀਚਾ ਕ੍ਰਮਵਾਰ 3.11,80.00 ਲੱਖ ਮੀਟਰਿਕ ਟਨ ਅਤੇ 24.25 ਲੱਖ ਗੱਠਾਂ ਰਖਿਆ ਗਿਆ ਹੈ ।

44. 1994-95 ਦੌਰਾਨ 20.26 ਕਰੋੜ ਰੁਪਏ ਦੇ ਖ਼ਰਚ ਦੇ ਮੁਕਾਬਲੇ 1995-96 ਲਈ ' ਕਰਾਪ ਹਸਬੈਂਡਰੀ' ਉਪਮੱਦ ਅਧੀਨ 27.02 ਕਰੋੜ ਰੁਪਏ ਦੀ ਵਧੀ ਲਾਗਤ ਤਜਵੀਜ਼ ਕੀਤੀ ਗਈ ਹੈ । ਵਧੇਰੇ ਪਾਣੀ ਦੀ ਲੋੜ ਵਾਲੀਆਂ ਅਤੇ ਵਾਤਾਵਰਣਕ ਪ੍ਰਸਿਥਤੀ ਵਜੋਂ ਨਿਘਾਰ ਵਾਲੀਆਂ ਫ਼ਸਲਾਂ ਤੋਂ ਨਕਦੀ ਫਸਲਾਂ ਜਿਨ੍ਹਾਂ ਵਿਚ ਤੇਲ-ਬੀਜ, ਦਾਲਾਂ, ਫਲ ਤੇ ਸਬਜ਼ੀਆਂ ਸ਼ਾਮਲ ਹਨ, ਵਿਚ ਵੰਨ-ਸਵੰਨਤਾ ਲਿਆਉਣ ਸਬੰਧੀ ਵੱਡੇ ਪ੍ਰੋਗਰਾਮ ਅਧੀਨ 1995-96 ਦੌਰਾਨ 11,000 ਲਾਭ ਪਾਤਰਾਂ, ਖ਼ਾਸ ਕਰਕੇ ਛੋਟੇ ਤੇ ਸੀਮਾਤੀਂ ਕਿਸਾਨਾਂ ਨੂੰ 2.29 ਕਰੋੜ ਰੁਪਏ ਮੁੱਲ ਦੇ ਪ੍ਰੋਤਸਾਹਣ ਦੇਣ ਦਾ ਟੀਚਾ ਹੈ, ਜਦੋਂਕਿ ਇਸ ਦੇ ਮੁਕਾਬਲੇ 1992-95 ਦੌਰਾਨ ਪ੍ਰਤੀ ਲਾਭਪਾਤਰ ਨੂੰ 2,000 ਰੁਪਏ ਦੇ ਹਿਸਾਬ 30,000 ਕਿਸਾਨਾਂ ਨੂੰ 5.96 ਕਰੋੜ ਰੁਪਏ ਦਿੱਤੇ ਗਏ ਸਨ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

45. ਰਾਜ ਦੀ ਸੀਮਾਵਰਤੀ ਪੱਟੀ ਵਿਚ ਖੇਤੀਬਾੜੀ ਸਿੱਖਿਆ ਲਈ ਵਧੀਕ ਸਹੂਲਤਾਂ ਮੁਹੱਈਆ ਕਰਨ ਲਈ ਗੁਰਦਾਸਪੁਰ ਵਿਖੇ 1994-95 ਦੌਰਾਨ ਖੇਤੀਬਾੜੀ ਇਨਸਟੀਚਿਊਟ ਸਥਾਪਿਤ ਕੀਤਾ ਗਿਆ ਹੈ ਅਤੇ ਉਸ ਨੂੰ ਕੰਮ ਕਰਨ ਯੋਗ ਬਣਾ ਦਿਤਾ ਗਿਆ ਹੈ ।

ਭੋਂ-ਸੰਭਾਲ, ਵਣ ਅਤੇ ਵਾਤਾਵਰਣ

46. 1994-95 ਦੌਰਾਨ ਭੋਂ-ਸੰਭਾਲ ਉਪ-ਮੱਦ ਅਧੀਨ, ਵੱਖ-ਵੱਖ ਭੋਂ ਤੇ ਜਲ-ਸੰਭਾਲ ਅਤੇ ਭੋਂ ਸੁਧਾਰ ਉਪਾਵਾਂ ਅਧੀਨ ਤਕਰੀਬਨ 32,790 ਹੈਕਟੇਅਰ ਰਕਬੇ ਦੀ ਟ੍ਰੀਟਮੈਂਟ ਉਤੇ 9.19 ਕਰੋੜ ਰੁਪਏ ਖ਼ਰਚ ਕੀਤੇ ਗਏ ਹਨ । 1995-96 ਦੌਰਾਨ 33,115 ਹੈਕਟੇਅਰ ਰਕਬੇ ਨੂੰ ਜ਼ਰਖੇਜ਼ ਬਣਾਉਣ ਲਈ 10.40 ਕਰੋੜ ਰੁਪਏ ਦੇ ਖ਼ਰਚ ਦੀ ਤਜਵੀਜ਼ ਕੀਤੀ ਗਈ ਹੈ ।

47. ਪਰਿਸਥਿਤੀ ਵਿਗਿਆਨ ਸਬੰਧੀ ਗਿਰਾਵਟ ਨੂੰ ਰੋਕਣ ਲਈ ਵਣਰੋਪਣ ਪ੍ਰੋਗਰਾਮ ਤੇਜ਼ ਕੀਤਾ ਗਿਆ ਹੈ । 1994-95 ਵਿਚ 7.33 ਕਰੋੜ ਰੁਪਏ ਦੀ ਐਲੋਕੇਸ਼ਨ ਦੇ ਮੁਕਾਬਲੇ, 1995-96 ਦੌਰਾਨ 12.70 ਕਰੋੜ ਰੁਪਏ ਦੀ ਲਾਗਤ ਦਾ ਉਪਬੰਧ ਕੀਤਾ ਗਿਆ ਹੈ, ਜੋ 73.21 ਫ਼ੀਸਦੀ ਦਾ ਅਹਿਮ ਵਾਧਾ ਦਰਸਾਉਂਦਾ ਹੈ । ਇਹ ਰਾਸ਼ਟਰੀ ਵਣ ਪਾਲਸੀ ਦੇ ਅਨੁਕੂਲ ਹੈ । 1994-95 ਲਈ 10.98 ਹਜ਼ਾਰ ਹੈਕਟੇਅਰ ਦੇ ਟੀਚੇ ਦੇ ਮੁਕਾਬਲੇ 1995-96 ਵਿਚ 13.60 ਹਜ਼ਾਰ ਹੈਕਟੇਅਰ ਵਧੀਕ ਰਕਬਾ ਵਣ-ਕਵਰ ਅਧੀਨ ਲਿਆਂਦਾ ਜਾਵੇਗਾ । 1994-95 ਵਿਚ 45 ਲੱਖ ਬੂਟਿਆਂ ਦੀ ਪੌਦ ਦੇ ਮੁਕਾਬਲੇ 1995-96 ਵਿਚ ਲੋਕਾਂ ਨੂੰ 75 ਲੱਖ ਬੂਟਿਆਂ ਦੀ ਪੌਦ ਵੰਡੀ ਜਾਵੇਗੀ । ਮੈਂ ਇਸ ਮਾਨਯੋਗ ਸਦਨ ਨੂੰ ਅਪੀਲ ਕਰਦਾ ਹਾਂ ਕਿ ਰਾਜ ਵਿਚ, ਖ਼ਾਸ ਕਰਕੇ ਵਾਤਾਵਰਣਕ ਪਰਿਸਥਿਤੀ ਅੰਦਰ ਗਿਰਾਵਟ ਵਾਲੇ ਇਲਾਕਿਆਂ ਦੀ ਬਿਹਤਰੀ ਲਈ, ਰੁੱਖਾਂ ਦੇ ਵਿਕਾਸ ਵਿਚ ਵਾਧਾ ਕਰਨ ਲਈ ਇਹ ਭਰਪੂਰ ਯਤਨ ਕਰੇ । ਲੋਕਾਂ ਦੇ ਸਰਗਰਮ ਸਹਿਯੋਗ ਤੋਂ ਬਿਨਾਂ ਇਸ ਮੰਤਵ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ ।

48. ਰਾਜ ਵਿਚ ਜਲ, ਹਵਾ ਤੇ ਸ਼ੋਰ ਗੁਲ ਪ੍ਰਦੂਸ਼ਣ ਨੂੰ ਰੋਕਣ ਲਈ, 1995-96 ਵਿਚ 5.11 ਕਰੋੜ ਰੁਪਏ ਦਾ ਖ਼ਰਚ ਮਖਸੂਸ ਕੀਤਾ ਗਿਆ ਹੈ । ਉਦਯੋਗਿਕ ਨਗਰਾਂ ਵਿਚ ਉਦਯੋਗਿਕ ਯੂਨਿਟਾਂ ਦੁਆਰਾ ਛੱਡੇ ਜਾਂਦੇ ਖ਼ਤਰਨਾਕ ਧੂੰਏ ਨੂੰ ਰੋਕਣ ਲਈ 2.00 ਕਰੋੜ ਰੁਪਏ ਦੀ ਲਾਗਤ ਨਾਲ ਚਾਰ ਨਵੇਂ ਐਫਲੂਐਂਟ ਟ੍ਰੀਟਮੈਂਟ ਪਲਾਂਟ ਸਥਾਪਿਤ ਕੀਤੇ ਜਾਣਗੇ ।

ਸੰਗਠਤ ਵਾਟਰਸ਼ੈੱਡ ਵਿਕਾਸ ਪ੍ਰਾਜੈਕਟ (ਪਹਾੜੀਆਂ) ਪੰਜਾਬ

49. ਰੋਪੜ ਅਤੇ ਹੁਸ਼ਿਆਰਪੁਰ ਦੇ ਕੰਡੀ ਖੇਤਰ ਵਿਚ ਇਸ ਵਿਸ਼ਵ ਬੈਂਕ ਪ੍ਰਾਜੈਕਟ ਅਧੀਨ ਹਾਲ ਹੀ ਵਿਚ 53.21 ਕਰੋੜ ਰੁਪਏ ਤੋਂ 64.72 ਕਰੋੜ ਰੁਪਏ ਦੀ ਸੋਧੀ ਗਈ ਕੁਲ ਪ੍ਰਾਜੈਕਟ ਲਾਗਤ ਵਿਚੋਂ 1994-95 ਦੌਰਾਨ 13.50 ਕਰੋੜ ਰੁਪਏ ਦਾ ਖ਼ਰਚ ਕੀਤਾ ਜਾਵੇਗਾ । 1995-96 ਲਈ 13.76 ਕਰੋੜ ਰੁਪਏ ਦੀ ਲਾਗਤ ਦਾ ਉਪਬੰਧ ਕੀਤਾ ਗਿਆ ਹੈ । 1992-95

Original with;
Punjab Vidhan Sabha
Digitized by;
Punjab Digital Library

ਦੌਰਾਨ ਜੰਗਲਾਤ ਅਤੇ ਭੋਂ ਸੰਭਾਲ ਅਧੀਨ ਕਵਰ ਕੀਤੇ ਗਏ 17,448 ਤੋਂ 4,170 ਹੈਕਟੇਅਰ ਰਕਬੇ ਦੇ ਮੁਕਾਬਲੇ, 1995-96 ਦੌਰਾਨ ਕ੍ਰਮਵਾਰ 4,266 ਹੈਕਟਰ ਅਤੇ 1,958 ਹੈਕਟੇਅਰ ਵਧੀਕ ਰਕਬਾ ਕਵਰ ਕੀਤਾ ਜਾਵੇਗਾ ।

ਜ਼ਰਾਇਤੀ ਵਿੱਤੀ ਸੰਸਥਾਵਾਂ

50. ਡੀਬੈਂਚਰ ਓਰੀਐਂਟਿਡ ਪ੍ਰੋਗਰਾਮ ਅਧੀਨ 1994-95 ਦੌਰਾਨ 8.12 ਕਰੋੜ ਰੁਪਏ ਦੇ ਖ਼ਰਚ ਦੇ ਮੁਕਾਬਲੇ 1995-96 ਲਈ ਉਪਬੰਧ ਵਿਚ 9.00 ਕਰੋੜ ਦਾ ਵਾਧਾ ਕੀਤਾ ਗਿਆ ਹੈ । ਇਸੇ ਤਰ੍ਹਾਂ 1995-96 ਦੌਰਾਨ 2,800 ਟਿਊਬਵੈਲਾਂ, 4,200 ਟ੍ਰੈਕਟਰਾਂ ਅਤੇ 15,150 ਡੇਅਰੀ, ਮੁਰਗੀਪਾਲਣ, ਸੂਰਪਾਲਣ, ਅਤੇ ਮੱਛੀ ਪਾਲਣ ਦੀਆਂ ਯੂਨਿਟਾਂ ਵਿਚ ਵਿੱਤ ਲਾਉਣ ਲਈ 135.50 ਕਰੋੜ ਰੁਪਏ ਦੇ ਕਰਜ਼ੇ ਦੇਣ ਦੇ ਟੀਚੇ ਦੇ ਮੁਕਾਬਲੇ ਪੰਜਾਬ ਰਾਜ ਸਹਿਕਾਰੀ ਜ਼ਰਾਇਤੀ ਵਿਕਾਸ ਬੈਂਕ 1993-95 ਦੌਰਾਨ 7,149 ਟਿਊਬਵੈਲਾਂ, 8,846 ਟ੍ਰੈਕਟਰਾਂ ਤੇ 24,425 ਡੇਅਰੀ, ਮੁਰਗੀ ਪਾਲਣ, ਸੂਰ ਪਾਲਣ ਤੇ ਮੱਛੀ ਪਾਲਣ ਯੂਨਿਟਾਂ ਵਿਚ ਵਿੱਤ ਲਗਾਉਣ ਲਈ 300.33 ਕਰੋੜ ਰੁਪਏ ਤਕ ਦੇ ਕਰਜ਼ੇ ਦੇਵੇਗਾ ।

ਸਹਿਕਾਰਤਾ

51. 1994-95 ਦੌਰਾਨ ਸਹਿਕਾਰਤਾ ਵਿਭਾਗ ਦੀ ਲਾਗਤ ਲਈ ਕੀਤਾ ਗਿਆ 10.29 ਕਰੋੜ ਰੁਪਏ ਦਾ ਉਪਬੰਧ ਵਧਾ ਕੇ 1995-96 ਵਿਚ 13.19 ਕਰੋੜ ਰੁਪਏ ਕਰ ਦਿੱਤਾ ਗਿਆ ਹੈ । 1995-96 ਵਿਚ ਰਾਸ਼ਟਰੀ ਸਹਿਕਾਰੀ ਵਿਕਾਸ ਕਾਰਪੋਰੇਸ਼ਨ ਦੀ ਸਹਾਇਤਾ ਨਾਲ ਨਵੇਂ ਪ੍ਰਾਸੈਸਿੰਗ ਯੂਨਿਟ ਸਥਾਪਤ ਕਰਨ ਨੂੰ ਸੁਖੈਣ ਬਣਾਉਣ ਹਿੱਤ ਮਾਰਕਫੈੱਡ ਨੂੰ 40.00 ਲੱਖ ਰੁਪਏ ਦੇਣ ਦੀ ਤਜਵੀਜ਼ ਕੀਤੀ ਗਈ ਹੈ । ਮਿਲਕਫੈੱਡ ਲਈ ਵੀ 1994-95 ਵਿਚ 1.00 ਕਰੋੜ ਰੁਪਏ ਦੀ ਕੀਤੀ ਗਈ ਐਲੋਕੇਸ਼ਨ ਨੂੰ ਵਧਾਕੇ 1995-96 ਲਈ 2.25 ਕਰੋੜ ਰੁਪਏ ਕਰ ਦਿੱਤੀ ਗਈ ਹੈ ।

ਪਸ਼ੂ ਪਾਲਣ

52. 1992-95 ਦੌਰਾਨ 15 ਨਵੇਂ ਪਸ਼ੂ-ਚਿਕਤਸਾ ਹਸਪਤਾਲ, 500 ਨਵੀਆਂ ਪਸ਼ੂ ਚਿਕਿਤਸਾ ਡਿਸਪੈਂਸਰੀਆਂ ਪਹਿਲਾਂ ਹੀ ਕਾਇਮ ਕੀਤੀਆਂ ਜਾ ਚੁੱਕੀਆਂ ਹਨ ਅਤੇ 180 ਪਸ਼ੂ ਚਕਿਤਸਾ ਡਿਸਪੈਂਸਰੀਆਂ ਅਪਗ੍ਰੇਡ ਕੀਤੀਆਂ ਜਾ ਚੁੱਕੀਆਂ ਹਨ । 1994-95 ਦੌਰਾਨ 14.48 ਕਰੋੜ ਰੁਪਏ ਦੇ ਖਰਚ ਦੇ ਮੁਕਾਬਲੇ 1995-96 ਲਈ 18.00 ਕਰੋੜ ਰੁਪਏ ਦੀ ਐਲੋਕੇਸ਼ਨ ਕੀਤੀ ਗਈ ਹੈ । 1995-96 ਦੇ ਅੰਤ ਤੱਕ 7,975 ਜਾਨਵਰਾਂ ਦੇ ਪਿਛੇ ਇਕ ਪਸ਼ੂ-ਚਿਕਿਤਸਕ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ 5 ਨਵੇਂ ਪਸ਼ੂ ਹਸਪਤਾਲ, 300 ਨਵੀਆਂ ਪਸ਼ੂ ਇਲਾਜ ਡਿਸਪੈਂਸਰੀਆਂ ਅਤੇ 10 ਨਵੀਆਂ ਪ੍ਰਾਈਵੇਟ ਕਲੀਨਕਾਂ ਸਥਾਪਤ ਕੀਤੀਆਂ ਜਾਣਗੀਆਂ । ਇਸ ਤੋਂ ਇਲਾਵਾ, 30 ਪਸ਼ੂ ਇਲਾਜ ਡਿਸਪੈਂਸਰੀਆਂ ਨੂੰ ਅਪਗ੍ਰੇਡ ਕਰਕੇ 30 ਪਸ਼ੂ-ਇਲਾਜ ਹਸਪਤਾਲ ਬਣਾ ਦਿਤਾ ਜਾਵੇਗਾ । ਰਾਜ ਦੇ ਜ਼ਿਲ੍ਹਾ ਹੈਡ ਕੁਆਟਰਾਂ ਤੇ ਬਹੁ-ਮੰਤਵੀ ਸੇਵਾਵਾਂ ਮੁਹੱਈਆ ਕਰਵਾਉਣ ਲਈ 6 ਪੋਲੀਕਲੀਨਿਕ ਪਹਿਲਾਂ ਹੀ ਕਾਇਮ ਕੀਤੇ ਜਾ ਚੁੱਕੇ ਹਨ । 8ਵੀਂ ਪੰਜ ਸਾਲਾ ਯੋਜਨਾ ਦੇ ਅਖ਼ੀਰਲੇ 2 ਸਾਲਾਂ ਵਿਚ 4 ਹੋਰ ਅਜਿਹੇ ਪੋਲੀਕਲੀ-

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਨਿਕ ਵੀ ਕੰਮ ਕਰਨਾ ਸ਼ੁਰੂ ਕਰ ਦੇਣਗੇ । ਰਾਜ ਦੀਆਂ ਸਮੂਹ ਸਬ-ਡਵੀਜਨਾਂ ਵਿਚ ਸਿਹਤ ਸੰਭਾਲ ਸਬੰਧੀ ਮੋਬਾਇਲ ਸਿਹਤ ਸੰਭਾਲ ਯੂਨਿਟਾਂ ਦੀਆਂ ਸਹੂਲਤਾਂ ਪਹਿਲਾਂ ਹੀ ਮੁਹੱਈਆ ਕੀਤੀਆਂ ਜਾ ਚੁੱਕੀਆਂ ਹਨ ਅਤੇ ਮੋਬਾਇਲ ਸਿਹਤ ਸੰਭਾਲ ਸਹੂਲਤਾਂ ਵਿਚ ਬਲਾਕ ਪੱਧਰ ਤੱਕ ਹੋਰ ਵਿਸਤਾਰ ਕਰ ਦਿਤਾ ਜਾਵੇਗਾ ।

53. ਰਾਜ ਵਿਚ ਪਸ਼ੂਆਂ ਦੀ ਨਸਲ ਸੁਧਾਰਨ ਲਈ, ਬਠਿੰਡਾ ਵਿਖੇ ਇਕ ਨਵਾਂ ਵੀਰਜ ਬੈਂਕ-ਕਮ-ਬੁਲ ਸਟੇਸ਼ਨ ਕਾਇਮ ਕੀਤਾ ਜਾਵੇਗਾ । ਇਕ ਲੱਖ ਫਰੋਜ਼ਨ ਸੀਮਨ ਡੋਜ਼ ਬਰਾਮਦ ਕੀਤੇ ਜਾਣਗੇ ਅਤੇ 1995-96 ਵਿਚ ਭਰੂਣ ਟ੍ਰਾਂਸਫਰ ਤਕਨੀਕਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ । 1995-96 ਵਿਚ ਅਬੋਹਰ ਵਿਖੇ 46.00 ਲੱਖ ਰੁਪਏ ਦੀ ਲਾਗਤ ਨਾਲ ਇਕ ਨਵਾਂ ਖੇਤਰੀ ਡੇਅਰੀ ਸਿਖਲਾਈ ਕੇਂਦਰ ਸਥਾਪਤ ਕੀਤਾ ਜਾਵੇਗਾ । 1995-96 ਦੌਰਾਨ ਰਾਮਪੁਰਾ ਫੂਲ, ਬਠਿੰਡਾ ਵਿਖੇ ਇਕ ਨਵੇਂ ਪਸ਼ੂ ਚਕਿਤਸਾ ਕਾਲਜ ਲਈ ਵੀ 3.40 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਵੀ ਕੀਤਾ ਗਿਆ ਹੈ ।

ਮੱਛੀ ਪਾਲਣ

54. ਪੰਜਾਬ ਹਰਾ ਤੇ ਚਿੱਟਾ ਇਨਕਲਾਬ ਲਿਆਉਣ ਵਿਚ ਕਾਮਯਾਬੀ ਹਾਸਲ ਕਰਨ ਤੋਂ ਬਾਅਦ, ਨੀਲੇ ਇਨਕਲਾਬ ਦੀ ਦਹਿਲੀਜ਼ ਤੇ ਖੜ੍ਹਾ ਹੈ । 1992-95 ਦੌਰਾਨ ਰਾਜ ਵਿਚ 2,292 ਹੈਕਟੇਅਰ ਦਾ ਵਧੀਕ ਰਕਬਾ ਮੱਛੀ ਪਾਲਣ ਅਧੀਨ ਲਿਆਂਦਾ ਗਿਆ ਸੀ । 1995-96 ਵਿਚ 800 ਹੈਕਟੇਅਰ ਦਾ ਹੋਰ ਰਕਬਾ ਮੱਛੀ ਪਾਲਣ ਅਧੀਨ ਲਿਆਉਣ ਦੀ ਤਜਵੀਜ਼ ਹੈ । ਫਲਸਰੂਪ, ਰਾਜ ਵਿਚ ਮੱਛੀ ਉਤਪਾਦਨ 7ਵੀਂ ਯੋਜਨਾ ਦੇ ਅੰਤ ਤਕ 8.50 ਹਜ਼ਾਰ ਮੀਟਰਿਕ ਟਨ ਤੋਂ ਵੱਧ ਕੇ 1995-96 ਤਕ 25.00 ਹਜ਼ਾਰ ਮੀਟਰਿਕ ਟਨ ਤ ਹੋ ਜਾਵੇਗਾ । 1994-95 ਦੌਰਾਨ 2.26 ਕਰੜ ਰੁਪਏ ਦੇ ਖ਼ਰਚ ਦੇ ਮੁਕਾਬਲੇ 1995-96 ਵਿਚ ਮੱਛੀ ਪਾਲਣ ਵਿਭਾਗ ਦੀਆਂ ਯੋਜਨਾਂ ਸਕੀਮਾਂ ਲਈ 3.04 ਕਰੋੜ ਰੁਪਏ ਦੀ ਐਲੋਕੇਸ਼ਨ ਕੀਤੇ ਜਾਣ ਦੀ ਤਜਵੀਜ਼ ਹੈ । ਇਸ ਸਮੇਂ ਰਾਜ ਵਿਚ 10 ਮੱਛੀ ਪੂੰਗ ਫਾਰਮ, ਜਿਨ੍ਹਾਂ ਵਿਚ ਦੋ 10 ਹੈਕਟੇਅਰ ਮੱਛੀ ਪੂੰਗ ਹੈਚਰੀਜ਼ ਸ਼ਾਮਲ ਹਨ, ਕੰਮ ਕਰ ਰਹੀਆਂ ਹਨ ਅਤੇ 1994-95 ਦੇ ਅੰਤ ਤੱਕ ਫਿਰਜ਼ਪੁਰ ਵਿਖੇ ਇਕ ਨਵਾਂ ਮੱਛੀ ਪੂੰਗ ਫਾਰਮ ਸ਼ੁਰੂ ਕੀਤਾ ਜਾਵੇਗਾ। ਅਜਿਹਾ ਇਕ ਹੋਰ ਫਾਰਮ 1995-96 ਦੇ ਅੰਤ ਤੱਕ ਕੰਮ ਕਰਨ ਲਗ ਪਵੇਗਾ ।

ਸੜਕਾਂ ਤੇ ਪੁਲ

55. ਰਾਜ ਵਿਚ ਸੜਕਾਂ ਤੇ ਪੁਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਵਿਚਾਰ ਨਾਲ 1994-95 ਦੌਰਾਨ 35.83 ਕਰੋੜ ਰੁਪਏ ਦੀ ਲਾਗਤ ਦਾ ਉਪਬੰਧ ਕੀਤਾ ਗਿਆ ਹੈ । ਇਹ ਉਪਬੰਧ ਵਧਾ ਕੇ 1995-96 ਦੀ ਸਲਾਨਾ ਯੋਜਨਾ ਵਿਚ 47.10 ਕਰੋੜ ਰੁਪਏ ਕਰ ਦਿਤਾ ਗਿਆ ਹੈ ।

56. ਸਰਹੰਦ ਤੋਂ ਜਲੰਧਰ ਤੱਕ 91.10 ਕਿਲੋਮੀਟਰ ਲੰਮੇ ਰਾਸ਼ਟਰੀ ਸ਼ਾਹ ਮਾਰਗ ਨੰ: 1 ਉਤੇ ਚਾਰ ਲਾਂਘਿਆਂ ਵਾਲਾ Four lines ਪ੍ਰਾਜੈਕਟ ਜੋ ਵਿਸ਼ਵ ਬੈਂਕ ਦੀ ਸਹਾਇਤਾ

Original with;
Punjab Vidhan Sabha
Digitized by;
Panjab Digital Library

ਨਾਲ ਸ਼ੁਰੂ ਕੀਤਾ ਗਿਆ ਸੀ, ਉਸ ਦਾ ਵੱਡਾ ਭਾਗ ਮੁਕੰਮਲ ਹੋ ਚੁੱਕਾ ਹੈ । ਸ਼ੰਭੂ ਤੋਂ ਸਰਹਿੰਦ ਤਕ ਰਾਸ਼ਟਰੀ ਸ਼ਾਹ ਮਾਰਗ ਉਤੇ ਚਾਰ ਲਾਂਘਿਆਂ ਵਾਲਾ ਪ੍ਰਾਜੈਕਟ ਵੀ 172.00 ਕਰੋੜ ਰੁਪਏ ਦੀ ਲਾਗਤ ਨਾਲ ਆਰੰਭ ਕੀਤਾ ਜਾ ਚੁੱਕਾ ਹੈ । 1995-96 ਦੌਰਾਨ ਕੋਟਕਪੂਰਾ ਦਮੋਰੀਆ (ਜਲੰਧਰ), ਕੁਰਾਲੀ ਤੇ ਰਾਮਾ ਮੰਡੀ (ਜਲੰਧਰ ਛਾਉਨੀ) ਵਿਖੇ ਓਵਰ ਬ੍ਰਿਜਾਂ ਦੀ ਉਸਾਰੀ ਦੇ ਕੰਮ ਨੂੰ ਹੱਥ ਵਿਚ ਲਿਆ ਜਾਵੇਗਾ । ਇਸ ਮਾਮਲੇ ਤੇ ਰੇਲਵੇ ਬੋਰਡ ਨਾਲ ਗੱਲਬਾਤ ਜਾਰੀ ਹੈ ।

ਸੜਕ ਟਰਾਂਸਪੋਰਟ

57. 1992-95 ਦੌਰਾਨ, 1,621 ਰੂਟ ਪਰਮਿਟ ਪ੍ਰਾਈਵੇਟ ਓਪਰੇਟਰਾਂ, ਬੇਰੋਜ਼ਗਾਰ ਯੁਵਕਾਂ ਨੂੰ ਰੋਜ਼ਗਾਰ ਮੁਹੱਈਆ ਕਰਨ ਲਈ ਦਿਤੇ ਗਏ ਸਨ ।

58. ਰਾਜ ਸਰਕਾਰ ਬੱਸ ਅੱਡਿਆਂ ਵਿਖੇ ਸਹੂਲਤਾਂ ਨੂੰ ਹੋਰ ਚੰਗੇਰਾ ਬਣਾਉਣ ਲਈ ਚਰੁਸਤਕਾਰੀ ਉਪਾਅ ਵੀ ਕਰ ਰਹੀ ਹੈ । 1994-95 ਦੀ ਸਲਾਨਾ ਯੋਜਨਾ ਵਿਚ 11.44 ਕਰੋੜ ਰੁਪਏ ਦੀ ਲਾਗਤ ਦਾ ਉਪਬੰਧ ਕੀਤਾ ਗਿਆ ਹੈ ਜੋ 1995-96 ਵਿਚ ਵਧਾ ਕੇ 13.40 ਕਰੋੜ ਰੁਪਏ ਕਰ ਦਿਤਾ ਗਿਆ ਹੈ । ਇਸ ਸਮੇਂ ਦੌਰਾਨ 3 ਨਵੇਂ ਬੱਸ ਅੱਡਿਆਂ ਦੀ ਉਸਾਰੀ ਦਾ ਕੰਮ ਮੁਕੰਮਲ ਹੋ ਚੁੱਕਿਆ ਹੈ ਅਤੇ ਮੌਜੂਦਾ 7 ਅੱਡਿਆਂ ਵਿਚ ਸਹੂਲਤਾਂ ਪੱਖੋਂ ਸੁਧਾਰ ਲਿਆਂਦੇ ਗਏ ਹਨ । ਦੋ ਨਵੇਂ ਬੱਸ ਅੱਡਿਆਂ ਦੀ ਉਸਾਰੀ ਦਾ ਕੰਮ ਵੀ ਸ਼ੁਰੂ ਕੀਤਾ ਗਿਆ ਹੈ ।

59. 1994-95 ਦੌਰਾਨ 88 ਬੱਸਾਂ ਬਦਲਣ ਲਈ 5.50 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ । 150 ਬੱਸਾਂ ਬਦਲਣ ਲਈ ਇਹ ਉਪਬੰਧ 1995-96 ਦੀ ਸਲਾਨਾ ਯੋਜਨਾ ਵਿਚ ਵਧਾ ਕੇ 9.00 ਕਰੋੜ ਰੁਪਏ ਕਰ ਦਿੱਤਾ ਗਿਆ ਹੈ ।

ਸਿੱਖਿਆ

60. ਰਾਜ ਵਿਚ ਸਿੱਖਿਆ ਵੱਲ ਨਿਰੰਤਰ ਯੋਗ ਤਵੱਜੋ ਦਿਤੀ ਜਾਂਦੀ ਰਹੀ ਹੈ । ਰਾਜ ਵਿਚ ਸਿੱਖਿਆ ਪ੍ਰਣਾਲੀ ਵਿਚ ਗੁਣਾਤਮਕ ਸੁਧਾਰ ਲਿਆਉਣ ਲਈ ਸਿੱਖਿਆ ਸਬੰਧੀ ਸਹੂਲਤਾਂ ਵਿਚ ਵਾਧਾ ਕੀਤਾ ਗਿਆ ਹੈ ਅਤੇ ਇਨ੍ਹਾਂ ਦਾ ਪੱਧਰ ਵੀ ਉਚਾ ਚੁੱਕਿਆ ਜਾ ਰਿਹਾ ਹੈ । ਸਰਕਾਰ ਦੀ ਇਹ ਤਜਵੀਜ਼ ਹੈ ਕਿ ਪੜਾਅਵਾਰ ਢੰਗ ਨਾਲ 1,000 ਪ੍ਰਾਇਮਰੀ ਸਕੂਲਾਂ ਨੂੰ ਮਿਡਲ ਸਕੂਲ, 120 ਮਿਡਲ ਸਕੂਲਾਂ ਨੂੰ ਹਾਈ ਸਕੂਲ ਅਤੇ 120 ਹਾਈ ਸਕੂਲਾਂ ਨੂੰ +2 ਪੱਧਰ ਤੱਕ ਅਪ ਗਰੇਡ ਕੀਤਾ ਜਾਵੇ ਅਤੇ ਇਨ੍ਹਾਂ ਸਕੂਲਾਂ ਲਈ 11.000 ਨਵੇਂ ਅਧਿਆਪਕ ਨਿਯੁਕਤ ਕੀਤੇ ਜਾਣ । 1994-95 ਦੌਰਾਨ 54.28 ਕਰੋੜ ਰੁਪਏ ਦੀ ਲਾਗਤ ਦਾ ਉਪਬੰਧ ਕੀਤਾ ਗਿਆ ਜਿਸ ਨੂੰ 1995-96 ਦੌਰਾਨ ਵਧਾ ਕੇ 57.13 ਕਰੋੜ ਰੁਪਏ ਕਰ ਦਿੱਤਾ ਗਿਆ ਹੈ ।

61. ਰਾਜ ਵਿਚਲੇ 345 ਸੀਨੀਅਰ ਸੈਕੰਡਰੀ ਸਕੂਲਾਂ ਵਿਚ ਕਿੱਤਾਵਰਾਨਾ ਸਿੱਖਿਆ ਸ਼ੁਰੂ ਕੀਤੀ ਗਈ ਹੈ । 1995-96 ਦੇ ਅੰਤ ਤੱਕ 100 ਹੋਰ ਸਕੂਲਾਂ ਨੂੰ ਕਵਰ ਕੀਤਾ ਜਾਵੇਗਾ । ਅੱਠਵੀਂ ਯੋਜਨਾ ਦੇ ਅੰਤ ਤੱਕ ਸਾਰੇ ਸੈਕੰਡਰੀ ਸਕੂਲਾਂ ਵਿਚ ਕਿੱਤਾਵਰਾਨਾ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਿੱਖਿਆ ਸ਼ੁਰੂ ਕੀਤੇ ਜਾਣ ਦੀ ਸਰਕਾਰ ਦੀ ਕੋਸ਼ਿਸ਼ ਹੈ । ਰਾਜ ਦੀਆਂ ਸਾਰੀਆਂ ਤਿੰਨ ਯੂਨੀਵਰਸਿਟੀਆਂ ਵਿਚ ਕਿੱਤਾਵਰਾਨਾ ਕੋਰਸ ਸ਼ੁਰੂ ਕਰ ਦਿਤੇ ਗਏ ਹਨ ।

62. ਤਕਰੀਬਨ ਇਕ ਲੱਖ ਸਕੂਲ ਜਾਣ ਵਾਲੇ ਵਿਦਿਆਰਥੀਆਂ ਨੂੰ, ਉਨ੍ਹਾਂ ਦੀ ਸਕੂਲ ਸਿਖਿਆ ਮੁਕੰਮਲ ਹੋਣ ਉਪਰੰਤ ਕਿੱਤਾ-ਕੇਂਦਰਿਤ ਪੇਸ਼ਾਵਰਾਨਾ ਅਗਵਾਈ ਦਿੱਤੀ ਗਈ ਹੈ ।

63. ਰਾਜ ਵਿਚ 15-45 ਸਾਲਾਂ ਦੇ ਉਮਰ-ਗਰੁੱਪਾਂ ਵਿਚੋਂ ਅਨਪੜ੍ਹਤਾ ਖ਼ਤਮ ਕਰਨ ਲਈ, 1994-95 ਦੌਰਾਨ ਹੁਸ਼ਿਆਰਪੁਰ ਅਤੇ ਫ਼ਰੀਦਕੋਟ ਜ਼ਿਲ੍ਹਿਆਂ ਵਿਚ ਇਕ ਪ੍ਰੋਗਰਾਮ ਆਰੰਭ ਕੀਤਾ ਗਿਆ ਹੈ । 1995-96 ਦੌਰਾਨ 3 ਹੋਰ ਜ਼ਿਲ੍ਹਿਆਂ ਨੂੰ ਕਵਰ ਕੀਤੇ ਜਾਣ ਦੀ ਤਜਵੀਜ਼ ਹੈ ਅਤੇ ਬਾਕੀ ਜ਼ਿਲ੍ਹੇ 1996-97 ਦੌਰਾਨ ਕਵਰ ਕੀਤੇ ਜਾਣਗੇ । ਮਾਨਸਾ ਅਤੇ ਫਤਿਹਗੜ੍ਹ ਸਾਹਿਬ ਦੇ ਨਵੇਂ ਬਣੇ ਜ਼ਿਲ੍ਹਿਆਂ ਵਿਚ 2.60 ਲੱਖ ਰੁਪਏ ਦੀ ਲਾਗਤ ਨਾਲ ਜ਼ਿਲ੍ਹਾ ਲਾਇਬ੍ਰੇਰੀਆਂ ਕਾਇਮ ਕੀਤੀਆਂ ਗਈਆਂ ਹਨ ਅਤੇ ਹੁਣ ਰਾਜ ਦੇ ਸਮੂਹ ਜ਼ਿਲ੍ਹਿਆਂ ਵਿਚ ਲਾਇਬ੍ਰੇਰੀਆਂ ਕਾਇਮ ਹੋ ਗਈਆਂ ਹਨ ।

64. ਉਰਦੂ ਭਾਸ਼ਾ ਦੇ ਵਿਕਾਸ ਲਈ ਮਲੇਰਕੋਟਲਾ ਵਿਖੇ 20.00 ਲੱਖ ਰੁਪਏ ਦੀ ਲਾਗਤ ਨਾਲ ਇਕ ਉਰਦੂ ਅਕਾਦਮੀ ਕਾਇਮ ਕੀਤੀ ਜਾਵੇਗੀ । (ਥੰਪਿੰਗ)

65. ਨਹਿਰੂ ਮੈਮੋਰੀਅਲ ਪੋਸਟ ਗ੍ਰੈਜੂਏਟ ਕਾਲਜ, ਮਾਨਸਾ ਸਰਕਾਰ ਨੇ ਆਪਣੇ ਅਧਿਕਾਰ ਵਿਚ ਲੈ ਲਿਆ ਹੈ । ਅਗਲੇ ਅਕਾਦਮਿਕ ਸੈਸ਼ਨ ਵਿਚ ਸ਼ਿਵਾਲਕ ਕਾਲਜ, ਨਿਆ ਨੰਗਲ ਤੇ ਸ਼ਹੀਦ ਭਗਤ ਸਿੰਘ ਕਾਲਜ, ਕੋਟਕਪੂਰਾ ਨੂੰ ਅਧਿਕਾਰ ਵਿਚ ਲਏ ਜਾਣ ਦਾ ਫ਼ੈਸਲਾ ਵੀ ਕਰ ਲਿਆ ਗਿਆ ਹੈ । (ਥੰਪਿੰਗ)

66. ਰਾਜ ਸਰਕਾਰ ਨੇ ਮਹਾਂਰਿਸ਼ੀ ਬਾਲਮੀਕ ਜੀ ਦੀ ਯਾਦ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਅਤੇ ਸੰਤ ਕਬੀਰ, ਭਗਤ ਨਾਮਦੇਵ ਤੇ ਡਾ. ਬੀ. ਆਰ. ਅੰਬੇਦਕਰ ਜੀ ਦੀ ਯਾਦ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਇਕ-ਇਕ ਚੇਅਰ ਕਾਇਮ ਕੀਤੇ ਜਾਣ ਦਾ ਵੀ ਫ਼ੈਸਲਾ ਕੀਤਾ ਹੈ । (ਥੰਪਿੰਗ)

ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ

67. 8ਵੀਂ ਯੋਜਨਾ ਦੇ ਸ਼ੁਰੂ ਹੋਣ ਸਮੇਂ ਰਾਜ ਵਿਚ 4 ਇੰਜੀਨੀਅਰੀ ਕਾਲਜ, 17 ਪੋਲੀਟੈਕਨਿਕ ਤੇ 108 ਆਈ. ਟੀ. ਆਈ. ਸੰਸਥਾਵਾਂ ਹਨ । ਰਾਜ ਨੇ 1992-95 ਦੌਰਾਨ ਇਸ ਅਣਗੌਲੇ ਪਏ ਖੇਤਰ ਵਿਚ ਮਹੱਤਵਪੂਰਣ ਪੁਲਾਂਘਾਂ ਪੁਟੀਆਂ ਹਨ । 1994-95 ਦੌਰਾਨ 52.36 ਕਰੋੜ ਰੁਪਏ ਦੇ ਖ਼ਰਚ ਦੇ ਮੁਕਾਬਲੇ 1995-96 ਦੀ ਸਲਾਨਾ ਯੋਜਨਾ ਵਿਚ ਇਸ ਉਪ-ਮੱਦ ਅਧੀਨ 68.60 ਕਰੋੜ ਰੁਪਏ ਦੀ ਐਲੋਕੇਸ਼ਨ ਕੀਤੀ ਗਈ ਹੈ । ਰਾਜ ਵਿਚ ਤਕਨੀਕੀ ਸਿਖਿਆ ਤੇ ਉਦਯੋਗਿਕ ਸਿਖਲਾਈ ਦੇ ਆਧੁਨਿਕੀਕਰਣ ਮਜ਼ਬੂਤੀਕਰਨ ਅਤੇ ਇਸਦੇ ਵਿਸਤਾਰ ਲਈ 112.33 ਕਰੋੜ ਰੁਪਏ ਦੀ ਕੁਲ ਲਾਗਤ ਨਾਲ ਦੋ ਵਿਸ਼ਵ ਬੈਂਕ ਪ੍ਰਾਜੈਕਟ ਚਾਲੂ ਕੀਤੇ ਜਾ ਰਹੇ ਹਨ । 1992-95

Original with;
Punjab Vidhan Sabha
Digitized by;
Panjab Digital Library

ਦੌਰਾਨ ਇਕ ਪ੍ਰਾਈਵੇਟ ਇੰਜੀਨੀਅਰੀ ਕਾਲਜ, ਵਿਸ਼ਵ ਬੈਂਕ ਪ੍ਰਾਜੈਕਟ ਅਧੀਨ ਮਹਿਲਾਵਾਂ ਲਈ 3 ਪੋਲੀਟੈਕਨਿਕ ਅਤੇ 9 ਆਈ. ਟੀ. ਆਈ. ਕਾਇਮ ਕੀਤੇ ਗਏ ਸਨ । ਇਸ ਤੋਂ ਇਲਾਵਾ, ਪ੍ਰਾਈਵੇਟ ਸੈਕਟਰ ਵਿਚ 4 ਫਾਰਮੇਸੀ ਕਾਲਜਾਂ ਨੂੰ ਬਹੁ ਮੰਤਵੀ ਸਿੱਖਿਆ ਸੰਸਥਾਵਾਂ ਵਿਚ ਤਬਦੀਲ ਕੀਤਾ ਗਿਆ ਹੈ । 1994-95 ਦੌਰਾਨ ਵੱਡੇ ਪ੍ਰੋਗਰਾਮ ਸ਼ੁਰੂ ਕੀਤੇ ਗਏ ਸਨ ਜਿਨ੍ਹਾਂ ਵਿਚ ਪਬਲਿਕ ਸੈਕਟਰ ਵਿਚ 2 ਇੰਜੀਨੀਅਰੀ ਕਾਲਜ ਵਿਸ਼ਵ ਬੈਂਕ ਪ੍ਰਾਜੈਕਟ ਅਧੀਨ ਮਹਿਲਾਵਾਂ ਲਈ 3 ਪੋਲੀਟੈਕਨਿਕਸ, ਰਾਜ ਯੋਜਨਾ ਅਧੀਨ 4 ਸਹਿ-ਸਿੱਖਿਆ ਸਬੰਧੀ ਪੋਲੀਟੈਕਨਿਕਾਂ, ਸਰਹੱਦੀ ਇਲਾਕਾ ਵਿਕਾਸ ਪ੍ਰੋਗਰਾਮ ਅਧੀਨ ਇਕ ਪੋਲੀਟੈਕਨਿਕ ਤੇ 4 ਆਈ. ਟੀ. ਆਈਜ਼ ਨੂੰ ਕਾਇਮ ਕਰਨਾ ਸ਼ਾਮਲ ਹੈ । ਇਹ ਆਸ ਕੀਤੀ ਜਾਂਦੀ ਹੈ ਕਿ 1995-96 ਦੌਰਾਨ 4 ਹੋਰ ਆਈ. ਟੀ. ਆਈ. ਕੰਮ ਕਰਨਾ ਸ਼ੁਰੂ ਕਰ ਦੇਣਗੇ ਅਤੇ 1995-96 ਦੌਰਾਨ ਕੁਰਾਲੀ, ਮੁਕੇਰੀਆਂ, ਸ਼ਾਹਕੋਟ, ਦਿੜ੍ਹਬਾ, ਕਾਹਨੂੰਵਾਨ, ਮਕਸੂਦਪੁਰ, ਅਬੋਹਰ, ਪਾਇਲ, ਨਥਾਨਾ, ਸਵੱਦੀ ਅਤੇ ਜ਼ੀਰਾ ਵਿਖੇ 11 ਹੋਰ ਆਈ ਟੀ. ਆਈ. ਸਥਾਪਤ ਕਰਨ ਦਾ ਕੰਮ ਸ਼ੁਰੂ ਕਰ ਦਿਤਾ ਜਾਵੇਗਾ । (ਥੰਪਿੰਗ) ਮੌਜੂਦਾ ਸੰਸਥਾਵਾਂ ਵਿਚ ਆਧੁਨਿਕ ਉਦਯੋਗ ਦੀਆਂ ਲੋੜਾਂ ਪੂਰੀਆਂ ਕਰਨ ਵਾਲੇ ਨਵੇਂ ਕੋਰਸ ਵੀ ਚਾਲੂ ਕੀਤੇ ਜਾ ਰਹੇ ਹਨ । 1993-94 ਵਿਚ ਇਕ ਪ੍ਰਾਈਵੇਟ ਸੰਸਥਾ ਬਾਬਾ ਬੰਦਾ ਸਿੰਘ ਇੰਜੀਨੀਅਰਿੰਗ ਕਾਲਜ ਫਤਿਹਗੜ੍ਹ ਸਾਹਿਬ ਵਿਚ ਡਿਗਰੀ ਕੋਰਸਾਂ ਵਿਚ ਦਾਖਲਾ ਵੀ ਕਰ ਲਿਆ ਗਿਆ ਹੈ । ਇਸ ਤਰ੍ਹਾਂ 1995-96 ਦੇ ਅੰਤ ਤਕ, ਰਾਜ ਵਿਚ 8 ਇੰਜੀਨੀਅਰਿੰਗ ਕਾਲਜ, 23 ਪੋਲੀਟੈਕਨਿਕਸ ਅਤੇ 123 ਆਈ. ਟੀ. ਆਈ. ਸੰਸਥਾਵਾਂ 26,000 ਯੁੱਵਕਾਂ ਨੂੰ ਤਕਨੀਕੀ ਅਤੇ ਉਦਯੋਗਿਕ ਸਿਖਲਾਈ ਦੇਣ ਲਈ ਹੋਣਗੀਆਂ । (ਥੰਪਿੰਗ)

68. ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਰਾਜ ਬੋਰਡ, ਜਿਸ ਨੂੰ 1993 ਵਿਚ ਖੁਦ-ਮੁਖਤਾਰ ਦਰਜਾ ਦਿਤਾ ਗਿਆ ਸੀ, ਉਸਨੇ ਸੁਤੰਤਰ ਤੌਰ ਤੇ ਕੰਮ ਕਰਨਾ ਸ਼ੁਰੂ ਕਰ ਜੱਤਾ ਹੈ । ਇਕ ਅਪੈਕਸ ਇਨਸਟੀਚਿਊਟ ਆਫ਼ ਐਂਟਰਪ੍ਰਿਨਿਊਰਸ਼ਿਪ ਐਂਡ ਬਿਜਨੈਸ ਡਿਵੈਲਪਮੈਂਟ ਜਿਸਨੇ ਚੰਡੀਗੜ੍ਹ ਵਿਖੇ ਹੈਡਕੁਆਟਰ ਤੇ 1994-95 ਦੌਰਾਨ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ, ਉਸਨੂੰ 1995-96 ਦੌਰਾਨ ਮਜ਼ਬੂਤ ਬਣਾਇਆ ਅਤੇ ਵਧਾਇਆ ਜਾਵੇਗਾ ।

ਉਦਯੋਗ :

69. ਰਾਜ ਵਿਚ ਅਮਨ ਬਹਾਲ ਹੋਣ ਨਾਲ ਪਿਛਲੇ ਤਿੰਨ ਸਾਲਾਂ ਤੋਂ ਰਾਜ ਦੀ ਉਦਯੋਗਿਕ ਸਥਿਤੀ ਵਿਚ ਭਾਰੀ ਤਬਦੀਲੀ ਆਈ ਹੈ । ਸਨੱਅਤ ਨੂੰ ਉਤਸ਼ਾਹਤ ਕਰਨ ਲਈ ਸਰਕਾਰ ਨੇ ਨਿਮਨ ਉਪਰਾਲੇ ਕੀਤੇ ਹਨ :

(i) ਬੁਨਿਆਦੀ ਢਾਂਚੇ ਦਾ ਵਿਕਾਸ;

(ii) ਤਕਨਾਲੋਜੀ ਨੂੰ ਅੱਪਗਰੇਡ ਕਰਨਾ;

(iii) ਪਬਲਿਕ ਸੈਕਟਰ ਵਿਚ ਅਪ-ਨਿਵੇਸ਼;

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(iv) ਪ੍ਰਾਈਵੇਟ ਸੈਕਟਰ ਨੂੰ ਉਤਸ਼ਾਹਤ ਕਰਨਾ;

(v) ਮੌਜੂਦਾ ਕਾਰਜ-ਵਿਧੀਆਂ ਦੀ ਜਾਂਚ ਕਰਨੀ ਅਤੇ ਇਨ੍ਹਾਂ ਨੂੰ ਸਰਲ ਬਣਾਉਣਾ

(Vi) ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਯੁਵਕਾਂ ਲਈ ਲਾਹੇਵੰਦ ਰੋਜ਼ਗਾਰ ਸਬੰਧੀ ਸਵੈ-ਰੋਜ਼ਗਾਰ ਦੇ ਮੌਕਿਆਂ ਵਿਚ ਵਾਧਾ ਕਰਨ ਵਾਸਤੇ ਛੋਟੀਆਂ ਸੱਨਅਤਾਂ ਨੂੰ ਵਿਕਸਤ ਕਰਨਾ;

(vii) ਜ਼ਰਾਇਤੀ ਵਾਫ਼ਰ ਅਤੇ ਰਹਿੰਦ-ਖੂੰਹਦ ਦੀ ਵਰਤੋਂ ਲਈ ਖੇਤੀ ਆਧਾਰਤ ਉਦਯੋਗ ਦਾ ਵਿਕਾਸ;

70. ਸਾਲ 1994-95 ਲਈ 51.07 ਕਰੋੜ ਰੁਪਏ ਦੇ ਖਰਚ ਦਾ ਉਪਬੰਧ ਕੀਤਾ ਗਿਆ ਸੀ । 1995-96 ਲਈ ਇਹ ਖਰਚ ਵਧਾ ਕੇ 65.65 ਕਰੋੜ ਰੁਪਏ ਕਰ ਦਿਤਾ ਗਿਆ ਹੈ । ਸਲਾਨਾ ਯੋਜਨਾ 1995-96 ਲਈ ਘਰੇਲੂ ਤੇ ਛੋਟੇ ਪੈਮਾਨੇ ਦੀਆਂ ਸੱਨਅਤਾਂ ਲਈ 16.00 ਕਰੋੜ ਰੁਪਏ ਮਖਸੂਸ ਕੀਤੇ ਗਏ ਹਨ ਜਦੋਂਕਿ ਵੱਡੇ ਅਤੇ ਦਰਮਿਆਨੇ ਉਦਯੋਗਾਂ ਲਈ 49.65 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ।

71. ਛੋਟੇ ਪੈਮਾਨੇ ਦੀਆਂ ਯੂਨਿਟਾਂ ਨੂੰ ਸਹੂਲਤਾਂ ਮੁਹੱਈਆ ਕਰਨ ਲਈ ਯੂ. ਐਨ. ਡੀ. ਪੀ. ਦੀ ਸਹਾਇਤਾ ਨਾਲ ਬਾਈਸਾਈਕਲਾਂ, ਮਸ਼ੀਨ ਟੂਲਜ਼, ਆਟੋਮੋਟਿਵ ਪੁਰਜ਼ੇ, ਰਬੜ ਦੀਆਂ ਵਸਤਾਂ ਅਤੇ ਸਟੀਲ ਰੀ-ਰੋਲਿੰਗ ਉਦਯੋਗਾਂ ਦੇ ਖੇਤਰ ਵਿਚ ਰਾਜ ਅੰਦਰ ਖੋਜ ਅਤੇ ਵਿਕਾਸ ਕੇਂਦਰ ਕਾਇਮ ਕੀਤੇ ਜਾਣ ਦੀ ਤਜਵੀਜ਼ ਹੈ ।

72. ਰਾਜ ਵਿਚ ਸੱਨਅਤਾਂ ਲਾਉਣ ਲਈ ਪ੍ਰੇਰਨ ਵਾਸਤੇ ਮੁਢਲੇ ਢਾਂਚੇ ਦੇ ਵਿਕਾਸ ਵਲ ਵਿਸ਼ੇਸ ਜ਼ੋਰ ਦਿਤਾ ਜਾ ਰਿਹਾ ਹੈ । ਚਾਰ ਨਵੇਂ ਫੋਕਲ ਪੁਆਇੰਟ ਅਤੇ ਇਕ ਮਿੰਨੀ ਵਿਕਾਸ ਕੇਂਦਰ ਕਾਇਮ ਕੀਤਾ ਜਾ ਰਿਹਾ ਹੈ ਜਦੋਂਕਿ ਪਹਿਲਾਂ ਤੋਂ ਹੀ ਸ਼ੁਰੂ ਕੀਤੇ ਤਿੰਨ ਫੋਕਲ ਪੁਆਇੰਟਾਂ ਸਬੰਧੀ ਕੰਮ ਮੁਕੰਮਲ ਕਰ ਲਿਆ ਜਾਵੇਗਾ । ਵਿਉਂਤੇ ਗਏ ਪ੍ਰੋਗਰਾਮ ਨੂੰ 1995-96 ਵਿਚ 7.00 ਕਰੋੜ ਰੁਪਏ ਦੇ ਖਰਚ ਨਾਲ ਅਮਲੀ ਰੂਪ ਦਿਤਾ ਜਾਵੇਗਾ । ਕੇਂਦਰੀ ਸਹਾਇਤਾ ਨਾਲ ਲੁਧਿਆਣਾ ਵਿਖੇ ਇਕ ਬਰਾਮਦ ਵਿਕਾਸ ਉਦਯੋਗਿਕ ਪਾਰਕ ਸਥਾਪਤ ਕੀਤੇ ਜਾਣ ਦੀ ਤਜਵੀਜ਼ ਹੈ ।

73. ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ (ਪੀ.ਐੱਸ.ਆਈ.ਡੀ.ਸੀ) ਉਤਸਾਹਕ ਸੰਸਥਾ ਅਤੇ ਵਿੱਤੀ ਸੰਸਥਾ ਦਾ ਸਾਂਝਾ ਕਿਰਦਾਰ ਨਿਭਾਉਂਦੇ ਹੋਇਆਂ ਪ੍ਰਧਾਨ ਸੰਸਥਾ ਵਜੋਂ ਆਪਣਾ ਕੰਮ ਕਰ ਰਹੀ ਹੈ । ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਪੰਜਾਬ ਰਾਜ ਇਲੈਕਟ੍ਰਾਨਿਕ ਵਿਕਾਸ ਕਾਰਪੋਰੇਸ਼ਨ ਅਤੇ ਪੰਜਾਬ ਐਗਰੋ-ਇੰਡਸਟਰੀਜ਼

Original with;
Punjab Vidhan Sabha
Digitized by;
Panjab Digital Library

ਕਾਰਪੋਰੇਸ਼ਨ ਦੁਆਰਾ ਸੰਯੁਕਤ ਅਤੇ ਸਹਾਇਤਾ-ਪ੍ਰਾਪਤ ਸੈਕਟਰਾਂ ਅਧੀਨ 1992-95 ਦੌਰਾਨ ਸ਼ੁਰੂ ਕੀਤੇ ਗਏ ਪ੍ਰਾਜੈਕਟਾਂ ਅਤੇ 1995-96 ਵਿਚ ਆਰੰਭ ਕੀਤੇ ਜਾਣ ਵਾਲੇ ਸੰਭਾਵੀ ਪ੍ਰਾਜੈਕਟਾਂ ਦੀ ਤਫ਼ਸੀਲ ਨਿਮਨ ਅਨੁਸਾਰ ਦਰਸਾਈ ਗਈ ਹੈ :—

ਕਾਰਪੋਰੇਸ਼ਨ ਦਾ ਨਾਂ	1992-95				1995-96			
	ਸ਼ੁਰੂ ਕੀਤੇ ਗਏ ਪ੍ਰਾਜੈਕਟ (ਗਿਣਤੀ)	ਪੂੰਜੀ ਨਿਵੇਸ਼ (ਰੁਪਏ ਕਰੋੜਾਂ ਵਿਚ)	ਪੈਦਾ ਕੀਤੇ ਗਏ ਰੋਜ਼ਗਾਰ		ਸ਼ੁਰੂ ਕੀਤੇ ਜਾਣ ਵਾਲੇ ਸੰਭਾਵੀ ਪ੍ਰਾਜੈਕਟ (ਗਿਣਤੀ)	ਪੂੰਜੀ ਨਿਵੇਸ਼ (ਰੁਪਏ ਕਰੋੜਾਂ ਵਿਚ)	ਪੈਦਾ ਕੀਤੇ ਗਏ ਰੋਜ਼ਗਾਰ	
			ਸਿੱਧੇ	ਅਸਿੱਧੇ			ਸਿੱਧੇ	ਅਸਿੱਧੇ
1	2	3	4	5	6	7	8	9
1. ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ	51	779.36	9693	54283	27	496.89	5980	35880
2. ਪੰਜਾਬ ਰਾਜ ਇਲੈਕਟ੍ਰਾਨਿਕ ਵਿਕਾਸ ਤੇ ਉਤਪਾਦਨ ਕਾਰਪੋਰੇਸ਼ਨ	6	172.00	1150	850	2	31.50	400	300
3. ਪੰਜਾਬ ਐਗਰੋ-ਇੰਡਸਟ੍ਰੀਜ਼ ਕਾਰਪੋਰੇਸ਼ਨ	3	66.32	1770	3410	14	605.13	2525	4975
ਜੋੜ .	60	1017.68	12613	58543	43	1133.52	8905	41155

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

74. 1992-95 ਦੌਰਾਨ ਤਿੰਨਾਂ ਕਾਰਪੋਰੇਸ਼ਨਾਂ ਨੇ ਸੰਯੁਕਤ ਅਤੇ ਸਹਾਇਤਾ-ਪ੍ਰਾਪਤ ਸੈਕਟਰਾਂ ਦੇ ਤਹਿਤ 1,017.68 ਕਰੋੜ ਰੁਪਏ ਦੀ ਸਰਮਾਇਆਕਾਰੀ ਨਾਲ 60 ਪ੍ਰਾਜੈਕਟ ਸ਼ੁਰੂ ਕੀਤੇ ਸਨ ਜਿਨ੍ਹਾਂ ਨਾਲ 71,156 ਵਿਅਕਤੀਆਂ ਨੂੰ ਸਿੱਧਾ ਅਤੇ ਅਸਿੱਧਾ ਰੋਜ਼ਗਾਰ ਮਿਲਿਆ ਸੀ । 1995-96 ਦੌਰਾਨ ਉਨ੍ਹਾਂ ਵਲੋਂ 1,133.52 ਕਰੋੜ ਰੁਪਏ ਦੇ ਖ਼ਰਚੇ ਨਾਲ 43 ਪ੍ਰਾਜੈਕਟ ਕਾਇਮ ਕੀਤੇ ਜਾਣ ਦੀ ਸੰਭਾਵਨਾ ਹੈ ਜਿਨ੍ਹਾਂ ਨਾਲ 50,060 ਵਿਅਕਤੀਆਂ ਨੂੰ ਸਿੱਧਾ ਅਤੇ ਅਸਿੱਧਾ ਰੋਜ਼ਗਾਰ ਮਿਲੇਗਾ ।

75. ਰਾਜ ਸਰਕਾਰ ਦੁਆਰਾ ਕੀਤੇ ਗਏ ਵਿਕਾਸ ਉਪਰਾਲਿਆਂ ਸਦਕਾ, ਰਾਜ ਵਿਚਾਲੀਆਂ ਉਦਯੋਗਿਕ ਸਰਗਰਮੀਆਂ ਅੰਦਰ ਵਾਧਾ ਹੋਇਆ ਹੈ । ਪ੍ਰਾਈਵੇਟ ਸੈਕਟਰ ਵਿਚ 1992-95 ਦੌਰਾਨ ਸਥਾਪਤ ਕੀਤੇ ਗਏ ਅਤੇ 1995-96 ਵਿਚ ਸਥਾਪਤ ਕੀਤੇ ਜਾਣ ਵਾਲੇ ਛੋਟੇ/ਦਰਮਿਆਨੇ/ਵੱਡੇ ਪੈਮਾਨੇ ਦੀਆਂ ਯੂਨਿਟਾਂ ਦੀ ਗਿਣਤੀ ਅਤੇ ਵਸਤਾਂ ਦੀ ਬਰਾਮਦ ਸਬੰਧੀ ਵੇਰਵਾ ਨਿਮਨ ਅਨੁਸਾਰ ਦਿੱਤਾ ਜਾਂਦਾ ਹੈ :—

ਸੈਕਟਰ ਦਾ ਨਾਂ		1992-95	1995-96
1		2	3
1. ਛੋਟੇ ਪੈਮਾਨੇ ਦੇ ਉਦਯੋਗ			
(i)	ਯੂਨਿਟਾਂ ਦੀ ਗਿਣਤੀ ..	10,763	4000
(ii)	ਪੂੰਜੀਨਿਵੇਸ਼ (ਕਰੋੜਾਂ ਵਿਚ) ..	357.94	268.00
(iii)	ਰੋਜ਼ਗਾਰ (ਵਿਅਕਤੀਆਂ ਦੀ ਗਿਣਤੀ) ..	55,519	26,540
2. ਵੱਡੇ ਤੇ ਦਰਮਿਆਨੇ ਪੈਮਾਨੇ ਦੇ ਉਦਯੋਗ			
(i)	ਯੂਨਿਟਾਂ ਦੀ ਗਿਣਤੀ ..	76	30
(ii)	ਪੂੰਜੀ ਨਿਵੇਸ਼ (ਕਰੋੜਾਂ ਵਿਚ) ..	978.08	536.00
(iii)	ਰੋਜ਼ਗਾਰ (ਵਿਅਕਤੀਆਂ ਦੀ ਗਿਣਤੀ) ..	12,057	4500
3.	ਛੋਟੇ/ਦਰਮਿਆਨੇ/ਵੱਡੇ ਉਦਯੋਗ ਦੁਆਰਾ ਬਰਾਮਦ ਵਾਸਤਾਂ (ਕਰੋੜਾਂ ਵਿਚ) ..	5,130,00	2,400.00

Original with;
Punjab Vidhan Sabha
Digitized by;
Panjab Digital Library

76. 1992-95 ਦੌਰਾਨ ਛੋਟੇ, ਦਰਮਿਆਨੇ ਅਤੇ ਵੱਡੇ ਪੈਮਾਨੇ ਦੇ ਸੈਕਟਰਾਂ ਵਿਚ 1,336.00 ਕਰੋੜ ਰੁਪਏ ਦਾ ਨਿਯਤ ਪੂੰਜੀਨਿਵੇਸ਼ ਕੀਤਾ ਗਿਆ ਸੀ ਜਿਸ ਨਾਲ 67,576 ਵਿਅਕਤੀਆਂ ਨੂੰ ਰੋਜ਼ਗਾਰ ਮਿਲਿਆ ਸੀ । ਇਹ ਮਾਅਰਕੇ ਦੀ ਗੱਲ ਹੈ ਕਿ ਸਿਰਫ਼ 1995-96 ਦੌਰਾਨ ਹੀ ਇਨ੍ਹਾਂ ਸੈਕਟਰਾਂ ਵਿਚ 804.00 ਕਰੋੜ ਰੁਪਏ ਦਾ ਪੂੰਜੀ ਨਿਵੇਸ਼ ਕੀਤਾ ਜਾਵੇਗਾ, ਜਿਸ ਨਾਲ 31,040 ਵਿਅਕਤੀਆਂ ਨੂੰ ਰੋਜ਼ਗਾਰ ਮਿਲੇਗਾ । ਇਸੇ ਤਰ੍ਹਾਂ, 1992-95 ਦੌਰਾਨ 5,130.00 ਕਰੋੜ ਰੁਪਏ ਦੀ ਵਸਤਾਂ ਬਰਾਮਦ ਕੀਤੀਆਂ ਗਈਆਂ ਸਨ ਜਦੋਂ ਕਿ ਸਿਰਫ਼ ਸਾਲ 1995-96 ਲਈ ਹੀ 2,400.00 ਕਰੋੜ ਰੁਪਏ ਦੀਆਂ ਵਸਤਾਂ ਬਰਾਮਦ ਕਰਨ ਦਾ ਟੀਚਾ ਪੂਰਾ ਕਰ ਲਿਆ ਜਾਵੇਗਾ ।

ਖੇਡਾਂ ਤੇ ਯੁਵਕ ਸੇਵਾਵਾਂ

77. ਰਾਜ ਸਰਕਾਰ ਦੁਆਰਾ ਖੇਡਾਂ ਲਈ ਪ੍ਰੋਤਸਾਹਨ ਅਤੇ ਇਹਨਾਂ ਦੇ ਵਿਕਾਸ ਨੂੰ ਪਹਿਲ ਦਿੱਤੀ ਜਾ ਰਹੀ ਹੈ । ਇਸ ਮੰਤਵ ਲਈ 1994-95 ਦੌਰਾਨ 13.39 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਜਦੋਂਕਿ 1995-96 ਲਈ 13.67 ਕਰੋੜ ਰੁਪਏ ਦੇ ਖ਼ਰਚ ਦਾ ਉਪਬੰਧ ਕੀਤਾ ਗਿਆ ਹੈ । ਸਰਕਾਰ ਦਾ ਇਹ ਯਤਨ ਹੈ ਕਿ ਰਾਜ ਦੇ ਸਾਰੇ ਬਲਾਕਾਂ ਵਿਚ ਪੜਾਅ-ਵਾਰ ਢੰਗ ਨਾਲ ਖੇਡ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ । ਬਲਾਕ ਪੱਧਰ ਵਿਖੇ ਇਕ ਸਟੇਡੀਅਮ ਦੀ ਉਸਾਰੀ ਦੀ ਲਾਗਤ 25.00 ਲੱਖ ਰੁਪਏ ਹੈ । 1992-95 ਤੱਕ 15 ਬਲਾਕ ਕਵਰ ਕੀਤੇ ਗਏ ਹਨ ਅਤੇ 1995-96 ਦੌਰਾਨ 15 ਹੋਰ ਬਲਾਕ ਕਵਰ ਕੀਤੇ ਜਾਣਗੇ । ਗੁਰਦਾਸਪੁਰ, ਮਾਨਸਾ ਅਤੇ ਫਤਿਹਗੜ੍ਹ ਸਾਹਿਬ ਦੇ ਜ਼ਿਲਾ ਸਦਰ-ਮੁਕਾਮਾਂ ਵਿਖੇ 1.00 ਕਰੋੜ ਰੁਪਏ ਦੀ ਕੁਲ ਲਾਗਤ ਨਾਲ ਖੇਡ ਕੰਪਲੈਕਸ ਦੀ ਉਸਾਰੀ ਕੀਤੀ ਜਾ ਰਹੀ ਹੈ । 1995-96 ਦੌਰਾਨ ਜ਼ਿਲ੍ਹਾ ਸਦਰ ਮੁਕਾਮਾਂ ਵਿਖੇ ਦੋ ਹੋਰ ਸਟੇਡੀਅਮਾਂ ਦਾ ਨਿਰਮਾਣ ਕਾਰਜ ਹੱਥ ਵਿਚ ਲਿਆ ਜਾਵੇਗਾ ।

ਮਕਾਨ ਉਸਾਰੀ

78. 1994-95 ਦੌਰਾਨ ਉਪਬੰਧਿਤ 67.12 ਕਰੋੜ ਰੁਪਏ ਦੇ ਖ਼ਰਚ ਨੂੰ 1995-96 ਵਿਚ ਵਧਾ ਕੇ 71.38 ਕਰੋੜ ਰੁਪਏ ਕਰ ਦਿਤਾ ਗਿਆ ਹੈ । 1995-96 ਦੌਰਾਨ ਪੰਜਾਬ ਵਿਚ ਸ਼ਹਿਰੀ ਮਿਲਖਾਂ ਲਈ ਭੋਂ ਪ੍ਰਾਪਤ ਕਰਨ ਵਾਸਤੇ 8.00 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ । 1995-96 ਦੌਰਾਨ ਦਿਹਾਤੀ ਮਕਾਨ ਉਸਾਰੀ ਪ੍ਰੋਗਰਾਮ ਤਹਿਤ ਰਿਹਾਇਸ਼ੀ ਸਥਾਨਾਂ ਲਈ 1 00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ਅਤੇ ਇਸ ਤੋਂ ਇਲਾਵਾ ਪੰਜਾਬ ਸਰਕਾਰ ਮਕਾਨ ਉਸਾਰੀ ਵਿਕਾਸ ਬੋਰਡ ਦੁਆਰਾ ਆਪਣੇ ਵਸੀਲਿਆਂ ਵਿਚੋਂ ਹੀ 1992-93, 1993-94 ਅਤੇ 1994-95 ਵਿਚ ਕ੍ਰਮਵਾਰ 3,041,921 ਅਤੇ 5,944 ਮਕਾਨਾਂ ਦੇ ਮੁਕਾਬਲੇ ਆਰਥਕ ਤੌਰ ਤੇ ਕਮਜ਼ੋਰ ਵਰਗਾਂ ਲਈ 1995-96 ਦੌਰਾਨ 4000 ਮਕਾਨ ਉਸਾਰੇ ਜਾਣਗੇ ।

79. ਦਿਹਾਤੀ ਅਤੇ ਸ਼ਹਿਰੀ ਦੋਹਾਂ ਇਲਾਕਿਆਂ ਦੇ ਲੋੜਵੰਦ ਵਿਅਕਤੀਆਂ ਨੂੰ ਰਿਹਾਇਸ਼ੀ ਮਕਾਨ ਮੁਹੱਈਆ ਕਰਾਉਣ ਦੇ ਵਿਚਾਰ ਨਾਲ ਹਾਊਸਫੈੱਡ ਨੂੰ 30.00 ਕਰੋੜ ਰੁਪਏ ਤਕ ਸੰਸਥਾਵੀ ਵਿੱਤ ਜਟਾਉਣ ਦੇ ਸਮਰੱਥ ਬਣਾਉਣ ਵਾਸਤੇ ਇਸ ਲਈ 1.50

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕਰੋੜ ਦਾ ਇਕੁਇਟੀ ਸ਼ੇਅਰ ਤਜਵੀਜ਼ ਕੀਤਾ ਗਿਆ ਹੈ। 1992-95 ਦੇ ਸਮੇਂ ਦੌਰਾਨ ਰਿਹਾਇਸ਼ੀ ਮਕਾਨਾਂ ਦੀ ਉਸਾਰੀ ਦੇ ਸਬੰਧ ਵਿਚ 9755 ਵਿਅਕਤੀਆਂ ਦੀ ਸਹਾਇਤਾ ਕੀਤੀ ਗਈ ਸੀ ਜਦੋਂਕਿ 1995-96 ਵਿਚ ਹੋਰ 1,800 ਵਿਅਕਤੀਆਂ ਦੀ ਸਹਾਇਤਾ ਕੀਤੀ ਜਾਵੇਗੀ।

80. ਦਿਹਾਤੀ ਇਲਾਕਿਆਂ ਦੇ 2,000 ਬੇਜ਼ਮੀਨੇ/ਬੇਘਰੇ ਵਿਅਕਤੀਆਂ ਨੂੰ ਰਾਜ ਸਰਕਾਰ ਦੁਆਰਾ ਅਲਾਟ ਕੀਤੀ ਗਈ ਜ਼ਮੀਨ ਉਤੇ ਦਿਹਾਤੀ ਮਕਾਨ ਉਸਾਰੀ ਪ੍ਰੋਗਰਾਮ ਦੇ ਤਹਿਤ ਮਕਾਨ ਉਸਾਰਨ ਵਿਚ ਸਹਾਇਤਾ ਦੇਣ ਵਜੋਂ ਹਾਊਸਫੈਡ ਵਾਸਤੇ ਹੋਰ 1.00 ਕਰੋੜ ਰੁਪਏ ਮੁਹੱਈਆ ਕੀਤੇ ਜਾਣਗੇ।

ਮੈਡੀਕਲ ਤੇ ਜਨ ਸਿਹਤ

81. 1994-95 ਦੌਰਾਨ 38.79 ਕਰੜ ਰੁਪਏ ਦੇ ਖ਼ਰਚ ਦੇ ਮੁਕਾਬਲੇ ਸਾਲ 1995-96 ਲਈ ਮੈਡੀਕਲ ਤੇ ਜਨ ਸਿਹਤ ਵਾਸਤੇ 46.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

82. ਸਾਲ 1994-95 ਦੌਰਾਨ ਇਕ ਸੰਸਥਾ ਪੰਜਾਬ ਰਾਜ ਮੈਡੀਕਲ ਸਾਇੰਸ ਸੁਸਾਇਟੀ (ਪੰਜਾਬ ਸਟੇਟ ਇਨਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਸੁਸਾਇਟੀ), ਜਲੰਧਰ, ਨੂੰ ਜਲੰਧਰ ਵਿਖੇ ਇਕ ਮੈਡੀਕਲ ਕਾਲਜ ਸਥਾਪਤ ਕਰਨ ਚੇ ਸਮਰੱਥ ਬਣਾਉਣ ਹਿਤ ਇਕ ਸਮੇਂ ਲਈ 3.00 ਕਰੋੜ ਰੁਪਏ ਦੀ ਸਹਾਇਤਾ ਗ੍ਰਾਂਟ ਦਿਤੀ ਗਈ ਹੈ। ਰਾਜ ਵਿਚਲੇ ਸਰਕਾਰੀ ਮੈਡੀਕਲ ਅਤੇ ਡੈਂਟਲ ਕਾਲਜਾਂ ਵਿਚ ਸੁਧਾਰ ਵਾਸਤੇ 5.40 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ। 1994-95 ਦੌਰਾਨ ਰਾਜ ਦੇ ਗੰਦੀ ਬਸਤੀਆਂ ਵਾਲੇ ਸ਼ਹਿਰੀ ਇਲਾਕਿਆਂ ਵਿਚ 8 ਨਵੀਆਂ ਡਿਸਪੈਂਸਰੀਆਂ ਬਣਾਈਆਂ ਗਈਆਂ ਹਨ। 1995-96 ਦੌਰਾਨ 20 ਪ੍ਰਾਇਮਰੀ ਸਿਹਤ ਕੇਂਦਰ, 10 ਸਮੂਹਕ ਸਿਹਤ ਕੇਂਦਰ, ਅਤੇ ਗੰਦੀ ਬਸਤੀਆਂ ਵਾਲੇ ਸ਼ਹਿਰੀ ਇਲਾਕਿਆਂ ਵਿਚ 8 ਡਿਸਪੈਂਸਰੀਆਂ ਬਣਾਈਆਂ ਜਾਣਗੀਆਂ। 50 ਬਿਸਤਰਿਆਂ ਵਾਲੇ ਦੋ ਹਸਪਤਾਲਾਂ ਨੂੰ ਵੀ ਅੱਪਗਰੇਡ ਕਰਕੇ 100 ਬਿਸਤਰਿਆਂ ਵਾਲੇ ਹਸਪਤਾਲਾਂ ਵਿਚ ਤਬਦੀਲ ਕਰ ਦਿੱਤਾ ਜਾਵੇਗਾ। ਸਾਲ 1994-95 ਦੌਰਾਨ ਰਾਜ ਦੀਆਂ ਮੈਡੀਕਲ ਸੰਸਥਾਵਾਂ ਲਈ ਦਵਾਈਆਂ ਦੀ ਸਪਲਾਈ ਲਈ ਉਪਬੰਧ ਕੀਤੇ ਗਏ 2.86 ਕਰੋੜ ਰੁਪਏ ਦੇ ਮੁਕਾਬਲੇ ਸਾਲ 1995-96 ਲਈ 3.56 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

83. ਰਾਜ ਅੰਦਰ 2,852 ਉਪ ਕੇਂਦਰਾਂ 1,462 ਡਿਸਪੈਂਸੀਆਂ, 484 ਪ੍ਰਾਇਮਰੀ ਸਿਹਤ ਕੇਂਦਰਾਂ, 104 ਸਮੂਹਕ ਸਿਹਤ ਕੇਂਦਰਾਂ, 50-50 ਬਿਸਤਰਿਆਂ ਵਾਲੇ 43 ਹਸਪਤਾਲਾਂ 100-100 ਬਿਸਤਰਿਆਂ ਵਾਲੇ 27 ਹਸਪਤਾਲਾਂ, 200-200 ਬਿਸਤਰਿਆਂ ਵਾਲੇ 7 ਹਸਪਤਾਲਾਂ 400 ਅਤੇ 400 ਤੋਂ ਵੱਧ ਬਿਸਤਰਿਆਂ ਵਾਲੇ 7 ਹਸਪਤਾਲਾਂ ਰਾਹੀਂ ਜਨਤਾ ਨੂੰ ਸਿਹਤ-ਸੰਭਾਲ ਸਹੂਲਤਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਇਸ ਯੋਜਨਾ ਦਾ ਮੁਖ

Original with;
Punjab Vidhan Sabha
Digitized by;
Punjab Digital Library

ਜ਼ੋਰ ਐਲੋਪੈਥੀ, ਆਯੁਰਵੈਦਿਕ ਅਤੇ ਹੋਮਿਓਪੈਥੀ ਦੇ ਖੇਤਰਾਂ ਵਿਚਲੀਆਂ ਮੌਜੂਦਾ ਮੈਡੀਕਲ ਸੰਸਥਾਵਾਂ ਨੂੰ ਮਜ਼ਬੂਤ ਕਰਨ ਉਤੇ ਹੋਵੇਗਾ ।

ਦਿਹਾਤੀ ਜਲ ਸਪਲਾਈ

84. 1992-95 ਦੇ ਦੌਰਾਨ ਸਰਕਾਰ ਨੇ 1,598 ਪਿੰਡਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕੀਤਾ ਸੀ । 1995-96 ਦੌਰਾਨ 85.00 ਕਰੋੜ ਰੁਪਏ ਦੀ ਲਾਗਤ ਨਾਲ 1,045 ਪਿੰਡਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਾਉਣ ਦੀ ਤਜਵੀਜ਼ ਹੈ । ਇਸ ਰਕਮ ਵਿਚੋਂ 45.49 ਕਰੋੜ ਰੁਪਏ ਰਾਜ ਸਰਕਾਰ ਦੁਆਰਾ ਮੁਹੱਈਆ ਕੀਤੇ ਗਏ ਹਨ ਅਤੇ ਬਾਕੀ ਦੇ 39.51 ਕਰੋੜ ਰੁਪਏ ਭਾਰਤ ਸਰਕਾਰ ਦੁਆਰਾ ਉਸ ਦੇ ਬਣਦੇ ਆਪਣੇ ਹਿੱਸੇ ਵਜੋਂ ਮੁਹੱਈਆ ਕੀਤੇ ਜਾਣਗੇ । 8ਵੀਂ ਯੋਜਨਾ ਦੇ ਅੰਤ ਤਕ ਬਾਕੀ ਰਹਿੰਦੇ 1,182 ਪੀਣ ਵਾਲੇ ਪਾਣੀ ਦੀ ਸਮੱਸਿਆ ਵਾਲੇ ਪਿੰਡ ਵੀ ਕਵਰ ਕਰ ਲਏ ਜਾਣਗੇ । ਇਸ ਖ਼ਰਚੇ ਵਿਚ 1995-96 ਵਿਚ ਰਾਜੀਵ ਗਾਂਧੀ ਰਾਸ਼ਟਰੀ ਪੀਣਯੋਗ ਜਲ ਮਿਸ਼ਨ ਅਧੀਨ ਅੰਮ੍ਰਿਤਸਰ, ਲੁਧਿਆਣਾ, ਫ਼ਿਰੋਜ਼ਪੁਰ ਅਤੇ ਪਟਿਆਲਾ ਜ਼ਿਲ੍ਹਿਆਂ ਦੇ ਕਵਰ ਕੀਤੇ ਜਾਣ ਵਾਲੇ ਫਲੋਰਾਈਡ ਪ੍ਰਭਾਵਿਤ 194 ਪਿੰਡ ਸ਼ਾਮਲ ਹਨ ।

85. 817.44 ਕਰੋੜ ਰਪਏ ਦੀ ਲਾਗਤ ਵਾਲਾ 'ਏਕੀਕ੍ਰਿਤ ਦਿਹਾਤੀ ਜਲ ਸਪਲਾਈ ਅਤੇ ਵਾਤਾਵਰਣ ਸਫ਼ਾਈ' ਵਿਸ਼ਵ ਬੈਂਕ ਪ੍ਰਾਜੈਕਟ ਛੇ ਸਾਲਾਂ ਲਈ ਬਠਿੰਡਾ, ਮਾਨਸਾ, ਫ਼ਰੀਦਕੋਟ, ਰੋਪੜ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ, ਜਿਥੇ ਜ਼ਮੀਨਦੋਜ਼ ਪਾਣੀ ਵਿਚ ਫਲੋਰਾਈਡ ਅਤੇ ਹਾਨੀਕਾਰਕ ਰਸਾਇਣਿਕ ਪਦਾਰਥਾਂ ਦੀ ਵਧੇਰੇ ਮਿਕਦਾਰ ਹੈ, ਵਾਸਤੇ ਤਜਵੀਜ਼ ਕੀਤਾ ਗਿਆ ਹੈ । ਸਾਲ 1995-96 ਦੌਰਾਨ ਵਿਸ਼ਵ ਬੈਂਕ ਪ੍ਰਾਜੈਕਟ ਲਈ ਕੀਤੇ ਗਏ ਉਪਬੰਧ ਵਿਚ ਪਰਵਾਨਗੀ ਅਨੁਸਾਰ ਵਾਧਾ ਕੀਤਾ ਜਾਵੇਗਾ । ਕੰਡੀ ਖੇਤਰ ਅਤੇ ਸਮੱਸਿਆ ਵਾਲੇ ਹੋਰ ਖੇਤਰਾਂ ਦੇ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ, 1995-96 ਦੌਰਾਨ ਪੁਰਾਣੀਆਂ ਦਿਹਾਤੀ ਜਲ ਸਪਲਾਈ ਸਕੀਮਾਂ ਵਿਚ ਵਾਧਾ ਕਰਨ ਲਈ 6.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ , ਜਿਨ੍ਹਾਂ ਵਿਚੋਂ 2.50 ਕਰੋੜ ਰਪਏ ਸਿਰਫ ਕੰਡੀ ਖੇਤਰ ਵਾਸਤੇ ਹੀ ਖ਼ਰਚ ਕੀਤੇ ਜਾਣਗੇ ।

86. ਸਰਕਾਰ ਦਿਹਾਤੀ ਇਲਾਕਿਆਂ ਵਿਚ ਬਾਕਾਇਦਾ ਜਲ ਸਪਲਾਈ ਯਕੀਨੀ ਬਣਾਉਣ ਲਈ ਵਚਨਬੱਧ ਹੈ । ਜਨ ਸਿਹਤ ਵਿਭਾਗ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਸਮਾਂ ਦਿਹਾਤੀ ਇਲਾਕਿਆਂ ਦੇ ਲੋਕਾਂ ਦੀ ਸਹੂਲੀਅਤ ਮੁਤਾਬਕ ਨਿਸ਼ਚਿਤ ਕਰਨ ਵਾਸਤੇ ਕਿਹਾ ਜਾਵੇਗਾ । ਇਸ ਮੰਤਵ ਲਈ ਪਾਣੀ ਦੀ ਸਪਲਾਈ ਬਰਕਰਾਰ ਰੱਖਣ ਵਾਸਤੇ ਬਿਜਲੀ ਦੀ ਸਪਲਾਈ ਫੇਲ੍ਹ ਹੋ ਜਾਣ ਦੀ ਸੂਰਤ ਵਿਚ ਡੀਜ਼ਲ ਪੰਪ ਸੈਟਾਂ ਦਾ ਬੰਦੋਬਸਤ ਕੀਤਾ ਜਾਵੇਗਾ । ਸਰਕਾਰ ਅਗਲੇ ਦੋ ਸਾਲਾਂ ਵਿਚ 50 ਫ਼ੀਸਦੀ ਦਿਹਾਤੀ ਆਬਾਦੀ ਨੂੰ ਸੀਵਰੇਜ ਸਹੂਲਤਾਂ ਮੁਹੱਈਆਂ ਕਰਨ ਸਬੰਧੀ ਯਤਨ ਕਰੇਗੀ । (ਥੰਪਿੰਗ)

ਸਮਾਜ ਭਲਾਈ:

87. 1994-95 ਵਿਚ 26.41 ਕਰੋੜ ਰੁਪਏ ਦੇ ਖ਼ਰਚੇ ਦੇ ਮੁਕਾਬਲੇ 1995-96 ਦੌਰਾਨ ਸਮਾਜ ਭਲਾਈ ਸੈਕਟਰ ਵਾਸਤੇ 28.58 ਕਰੋੜ ਰੁਪਏ ਦਾ ਉਪਬੰਧ ਕੀਤਾ

Original with;
Punjab Vidhan Sabha
Digitized by;
Punjab Digital Library

[ਵਿੱਤ ਮੰਤਰੀ]

ਗਿਆ ਹੈ । ਜਿਵੇਂ ਕਿ ਇਸ ਸਦਨ ਦੇ ਮਾਣਯੋਗ ਮੈਂਬਰ ਸਹਿਬਾਨ ਜਾਣਦੇ ਹਨ ਕਿ ਸਰਕਾਰ ਨੇ ਪਹਿਲੀ ਅਕਤੂਬਰ, 1992 ਤੋਂ ਆਪਣੀਆਂ ਸਮਾਜਕ ਸੁਰੱਖਿਆ ਸਕੀਮਾਂ ਯਾਨੀ ਬੁਢਾਪਾ ਪੈਨਸ਼ਨ ਸਕੀਮ, ਆਸ਼ਰਿਤ ਬੱਚਿਆਂ, ਸਰੀਰਕ ਤੌਰ ਤੇ ਨਕਾਰਾ ਵਿਅਕਤੀਆਂ, ਵਿਧਵਾਵਾਂ ਅਤੇ ਮੁਥਾਜ ਮਹਿਲਾਵਾਂ ਲਈ ਵਿੱਤੀ ਸਹਾਇਤਾ ਵਜੋਂ ਦਿਤੀ ਜਾਂਦੀ ਮਾਹਵਾਰ ਪੈਨਸ਼ਨ ਦੀ ਦਰ 100 ਰੁਪਏ ਤੋਂ ਵਧਾ ਕੇ 150 ਰੁਪਏ ਕਰ ਦਿੱਤੀ ਹੈ । 1994-95 ਦੌਰਾਨ ਵੱਖ-ਵੱਖ ਸਕੀਮਾਂ ਤਹਿਤ ਕਵਰ ਹੋਏ ਲਾਭ-ਪਾਤਰਾਂ ਅਤੇ 1995-96 ਲਈ ਨਿਸ਼ਚਿਤ ਕੀਤੇ ਟੀਚਿਆਂ ਦੀ ਤਫ਼ਸੀਲ ਨਿਮਨ ਅਨੁਸਾਰ ਦਿੱਤੀ ਗਈ ਹੈ :—

ਸਕੀਮ ਦਾ ਨਾਂ	ਲਾਭ-ਪਾਤਰ (ਲੱਖਾਂ ਵਿਚ)		ਰਕਮ (ਰੁਪਏ ਕਰੋੜਾਂ ਵਿਚ)	
	1994-95	1995-96 ਟੀਚਾ	1994-95	1995-96
1	2	3	4	5
1. ਬੁਢਾਪਾ ਪੈਨਸ਼ਨ . .	1.23	1.50	17.44	19.67
2. ਨਿਮਨ ਨੂੰ ਵਿਤੀ ਸਹਾਇਤਾ —				
(ੳ) ਵਿਧਵਾਵਾਂ ਅਤੇ ਮੁਥਾਜ ਮਹਿਲਾਵਾਂ . .	0.28	0.34	4.28	5.12
(ਅ) ਆਸ਼ਰਿਤ ਬੱਚੇ . .	0.14	0.16	0.77	0.83
(ੲ) ਸਰੀਰਕ ਤੌਰ ਤੇ ਨਕਾਰਾ ਵਿਅਕਤੀ . .	0.13	0.15	1.84	2.16
ਜੋੜ . .	1.78	2.15	24.33	27.78

Original with;
Punjab Vidhan Sabha
Digitized by;
Panjab Digital Library

88. 1994-95 ਦੌਰਾਨ 1.78 ਲੱਖ ਲਾਭ-ਪਾਤਰਾਂ ਨੂੰ ਕਵਰ ਕਰਨ ਵਾਸਤੇ 24.33 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਗਈ ਹੈ । 1995-96 ਦੌਰਾਨ 2.15 ਲੱਖ ਲਾਭ-ਪਾਤਰਾਂ ਨੂੰ ਕਵਰ ਕਰਨ ਲਈ 27.78 ਕਰੋੜ ਰੁਪਏ ਦੀ ਰਕਮ ਤਜਵੀਜ਼ ਕੀਤੀ ਗਈ ਹੈ ।

89. ਪੰਜਾਬ ਰਾਜ, 2.39 ਕਰੋੜ ਰੁਪਏ ਦੀ ਲਾਗਤ ਨਾਲ ਲੁਧਿਆਣਾ ਵਿਖੇ ਨੇਤਰਹੀਣ ਵਿਦਿਆਰਥੀਆਂ ਵਾਸਤੇ ਬਰੇਲ ਪ੍ਰੈਸ ਸਹਿਤ ਇਕ ਆਡੀਓ ਲਬਾਟਰੀ, ਇਕ ਲਾਇਬ੍ਰੇਰੀ ਅਤੇ ਇਕ ਔਡੀਟੋਰੀਅਮ ਮੁਹੱਈਆ ਕਰਨ ਵਾਲਾ, ਉਤਰੀ ਰਾਜਾਂ ਵਿਚੋਂ ਪਹਿਲਾ ਰਾਜ ਹੈ । (ਥੰਪਿੰਗ)

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ :

90. ਇਹ ਗੱਲ ਵਰਨਣ ਯੋਗ ਹੈ ਕਿ ਰਾਜ ਸਰਕਾਰ ਦੁਆਰਾ ਵਿਸ਼ੇਸ਼ ਕੰਪੋਨੈਂਟ ਯੋਜਨਾ ਸਬੰਧੀ ਉਪਬੰਧਿਤ 170.03 ਕਰੋੜ ਰੁਪਏ ਦੀ ਐਲੋਕੇਸ਼ਨ, ਊਰਜਾ ਸੈਕਟਰ ਤੋਂ ਛੁੱਟ ਹੋਰ ਸਾਰੇ ਸੈਕਟਰਾਂ ਅਤੇ ਵਿਕਾਸ ਦੀਆਂ ਉਪ-ਮੱਦਾਂ ਲਈ ਕੀਤੀ ਐਲੋਕੇਸ਼ਨ ਤੋਂ ਜ਼ਿਆਦਾ ਹੈ । ਵਿਸ਼ੇਸ਼ ਕੰਪੋਨੈਂਟ ਯੋਜਨਾ ਵੱਖ-ਵੱਖ ਵਿਭਾਗਾਂ ਦੁਆਰਾ ਅਮਲ ਵਿਚ ਲਿਆਂਦੀਆਂ ਗਈਆਂ ਸਕੀਮਾਂ ਦਾ ਸਮੂਹ ਹੈ, ਜਿਸ ਦੇ ਲਾਭ ਪਾਤਰ ਰਾਜ ਦੇ ਅਨੁਸੂਚਿਤ ਜਾਤਾਂ ਦੇ ਲੋਕ ਹਨ । ਇਹ ਗੱਲ ਯਕੀਨੀ ਬਣਾਉਣ ਵੱਲ ਖ਼ਾਸ ਧਿਆਨ ਰੱਖਿਆ ਗਿਆ ਹੈ ਕਿ ਚੋਣਵੀਆਂ ਸਕੀਮਾਂ ਤਹਿਤ ਲਾਭ ਸਿਧਾਂਤਕ ਕਿਸਮ ਦੇ ਹੀ ਨਾ ਹੋਣ ਸਗੋਂ ਵਿਵਹਾਰਕ ਰੂਪ ਵਿਚ ਸਿੱਧੇ ਅਨੁਸੂਚਿਤ ਜਾਤਾਂ ਦੇ ਲੋਕਾਂ ਨੂੰ ਮਿਲਣ । 1995-96 ਦੌਰਾਨ ਯੋਜਨਾਬੰਦੀ ਕਮਿਸ਼ਨ ਦੁਆਰਾ ਪਰਵਾਨਿਤ 8ਵੀਂ ਪੰਜ ਸਾਲਾ ਯੋਜਨਾ ਤਹਿਤ ਮੂਲ ਰੂਪ ਵਿਚ ਅਨੁਮਾਨ ਲਗਾਈ ਗਈ 4.72 ਫ਼ੀਸਦੀ ਰਕਮ ਦੇ ਮੁਕਾਬਲੇ ਕੁਲ ਯੋਜਨਾ ਖ਼ਰਚ ਦੀ 10.15 ਫ਼ੀਸਦੀ ਰਕਮ ਦੀ ਵਰਤੋਂ ਅਨੁਸੂਚਿਤ ਜਾਤਾਂ ਦੇ ਲੋਕਾਂ ਦੀ ਭਲਾਈ ਵਾਸਤੇ ਕੀਤੀ ਜਾਵੇਗੀ । (ਥੰਪਿੰਗ)

91. ਗਰੀਬੀ ਹਟਾਉ ਸਕੀਮਾਂ ਲਈ ਐਲੋਕੇਟ ਕੀਤੀ ਗਈ 55 ਫ਼ੀਸਦੀ ਰਕਮ (10.95 ਕਰੋੜ ਰੁਪਏ) ਦੀ ਵਰਤੋਂ ਸਿਰਫ਼ ਅਨੁਸੂਚਿਤ ਜਾਤਾਂ ਦੇ ਲੋਕਾਂ ਦੀ ਭਲਾਈ ਲਈ ਕੀਤੀ ਜਾਵੇਗੀ ਕਿਉਂਜੋ ਪੰਜਾਬ ਵਿਚ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ 55 ਫ਼ੀਸਦੀ ਆਬਾਦੀ ਅਨੁਸੂਚਿਤ ਜਾਤਾਂ ਦੇ ਲੋਕਾਂ ਦੀ ਹੈ । ਵੰਡਣਯੋਗ ਕਿਸਮ ਦੀਆਂ ਲਾਭ-ਪਾਤਰ ਮੁੱਖੀ ਯੋਜਨਾ ਸਕੀਮਾਂ ਤਹਿਤ ਫੰਡਾਂ ਦੀ ਘਟ ਤੋਂ ਘਟ 28.31 ਫ਼ੀਸਦੀ ਰਕਮ (70.87 ਕਰੋੜ ਰੁਪਏ) ਅਤੇ ਜ਼ਿਲ੍ਹਾ ਯੋਜਨਾ ਦੀਆਂ ਬੁਨਿਆਦੀ ਢਾਂਚੇ ਸਬੰਧੀ ਸਕੀਮਾਂ ਦੇ ਦਿਹਾਤੀ ਕੰਪੋਨੈਂਟ ਦੀ 49.42 ਕਰੋੜ ਰੁਪਏ ਦੀ ਹੋਰ ਰਕਮ ਅਨੁਸੂਚਿਤ ਜਾਤਾਂ ਦੇ ਲੋਕਾਂ ਦੀ 50 ਫ਼ੀਸਦੀ ਤੋਂ ਵਧੇਰੇ ਆਬਾਦੀ ਵਾਲੇ ਬਲਾਕਾਂ ਨੂੰ ਐਲੋਕੇਟ ਕੀਤੀ ਜਾਵੇਗੀ ਇਸ ਤੋਂ ਇਲਾਵਾ, 1994-95 ਦੌਰਾਨ ਭਲਾਈ ਵਿਭਾਗ ਦੁਆਰਾ ਅਮਲ ਵਿਚ ਲਿਆਈਆਂ ਜਾਣ ਵਾਲੀਆਂ ਸਕੀਮਾਂ ਲਈ ਉਪਬੰਧਿਤ 34.17 ਕਰੋੜ ਰੁਪਏ ਦੀ ਰਕਮ 1995-96 ਵਿਚ ਵਧਾ ਕੇ 38.79 ਕਰੋੜ ਰੁਪਏ ਕਰ ਦਿੱਤੀ ਗਈ ਹੈ । 1994-95 ਦੌਰਾਨ ਭਲਾਈ ਵਿਭਾਗ ਨੂੰ ਵਿਸ਼ੇਸ਼ ਕੇਂਦਰੀ ਸਹਾਇਤਾ ਫੰਡ ਵਿਚੋਂ ਵਿੱਤ ਵਿਭਾਗ ਦੁਆਰਾ 9.00 ਕਰੋੜ ਰੁਪਏ ਦੀ ਰਕਮ ਵੀ ਹੁਣੇ ਦਿੱਤੀ ਹੈ ।

Original with;
Punjab Vidhan Sabha
Digitized by;
Punjab Digital Library

[ਵਿੱਤ ਮੰਤਰੀ]

92. 1994-95 ਦੌਰਾਨ ਭਲਾਈ ਵਿਭਾਗ ਦੀਆਂ ਮੁੱਖ ਸਕੀਮਾਂ ਤਹਿਤ ਅਨੁਸੂਚਿਤ ਜਾਤਾਂ ਦੇ ਲੋਕਾਂ ਵਲੋਂ ਪ੍ਰਾਪਤ ਕੀਤੇ ਗਏ ਲਾਭਾਂ ਅਤੇ 1995-96 ਲਈ ਟੀਚਿਆਂ ਦੀ ਤਫ਼ਸੀਲ ਨਿਮਨ ਦਿੱਤੀ ਗਈ ਹੈ : –

(ਰੁਪਏ ਕਰੋੜਾਂ ਵਿਚ)

ਸਕੀਮ ਦਾ ਨਾਂ	ਯੂਨਿਟ	ਲਾਭ-ਪਾਤਰ		ਰਕਮ	
		1994-95	1995-96 ਟੀਚਾ	1994-95	1995-96
1	2	3	4	5	6
1 ਚੌਗਿਰਦੇ ਦੇ ਸੁਧਾਰ ਸਬੰਧੀ ਸਕੀਮਾਂ					
(ੳ) ਅਨੁਸੂਚਿਤ ਜਾਤਾਂ ਦੇ ਲੋਕਾਂ ਦੀਆਂ ਬਸਤੀਆਂ ਦਾ ਸੁਧਾਰ	ਬਸਤੀਆਂ ਦੀ ਗਿਣਤੀ	65	75	0.77	0.90
(ਅ) ਅਨੁਸੂਚਿਤ ਜਾਤਾਂ ਦੀਆਂ ਧਰਮਸ਼ਾਲਾਵਾਂ					
(1) ਉਸਾਰੀ	ਗਿਣਤੀ	200	200	1.00	1.00
(2) ਮੁਰੰਮਤ	ਗਿਣਤੀ	660	660	1.00	1.00
(ਏ) ਵਿਅਕਤੀਗਤ					
(1) ਫਲੱਸ਼ ਲੈਟਰੀਨਾਂ	ਗਿਣਤੀ	6,000	6,000	1.63	1.63
(2) ਅਨੁਸੂਚਿਤ ਜਾਤਾਂ ਦੇ ਲੋਕਾਂ ਲਈ ਦਿਹਾਤੀ ਮਕਾਨ ਉਸਾਰੀ ਸਕੀਮਾਂ	ਗਿਣਤੀ	4,040	4,933	3.03	3.70
3. (ੳ) ਅਨੁਸੂਚਿਤ ਜਾਤੀਆਂ ਦੀਆਂ ਪ੍ਰਾਇਮਰੀ ਜਮਾਤਾਂ ਦੀਆਂ ਵਿਦਿਆਰਥਣਾਂ ਨੂੰ 30 ਰੁਪਏ ਮਾਹਵਾਰ ਦੇ ਹਿਸਾਬ ਨਾਲ ਵਜੀਫੇ	ਗਿਣਤੀ ਲੱਖਾਂ ਵਿਚ	2.76	2.86	8.30	8.50

Original with;
Punjab Vidhan Sabha
Digitized by;
Punjab Digital Library

(ਰੁਪਏ ਕਰੋੜਾਂ ਵਿਚ)

ਸਕੀਮ ਦਾ ਨਾਂ	ਯੂਨਿਟ	ਲਾਭ-ਪਾਤਰ		ਰਕਮ	
		1994-95	1995-96 ਟੀਚਾ	1994-95	1995-96
1	2	3	4	5	6
(ਅ) ਇੰਜੀਨੀਅਰਿੰਗ ਅਤੇ ਮੈਡੀਕਲ ਦੇ ਵਿਦਿਆਰਥੀਆਂ ਨੂੰ ਗ੍ਰਾਂਟ	ਗਿਣਤੀ	316	390	0.12	0.12
(ਏ) ਸਟੈਨੋਗ੍ਰਾਫੀ ਦੇ ਵਿਦਿਆਰਥੀਆਂ ਨੂੰ ਕੋਚਿੰਗ	ਗਿਣਤੀ	216	230	0.57	0.70
4. ਅਨੁਸੂਚਿਤ ਜਾਤਾਂ ਦੇ ਵਿਦਿਆਰਥੀਆਂ ਨੂੰ ਮਫਤ ਕਿਤਾਬਾਂ	ਗਿਣਤੀ	1,092	1,176	7.00	7.20
5. ਖ਼ਿੱਤਾ ਸਿਖਲਾਈ ਤੇ ਰੋਜ਼ਗਾਰ ਗਾਰੰਟੀ	ਗਿਣਤੀ	833	833	0.50	0.50

93. 1994-95 ਦੌਰਾਨ ਰਾਜ ਸਰਕਾਰ ਨੇ ਆਪਣੀਆਂ ਲਾਭ-ਪਾਤਰ ਮੁਖੀ ਸਕੀਮਾਂ ਦੇ ਤਹਿਤ 24.00 ਕਰੋੜ ਰੁਪਏ ਦੇ ਖ਼ਰਚ ਨਾਲ 13.80 ਲੱਖ ਵਿਅਕਤੀਆਂ ਨੂੰ ਲਾਭ ਪਹੁੰਚਾਇਆ ਹੈ ਜਦੋਂ ਕਿ 1995-96 ਦੌਰਾਨ 26.00 ਕਰੋੜ ਰੁਪਏ ਦੇ ਖ਼ਰਚ ਨਾਲ 14.75 ਲੱਖ ਵਿਅਕਤੀਆਂ ਨੂੰ ਲਾਭ ਪਹੁੰਚਾਇਆ ਜਾਵੇਗਾ ।

94. ਮਾਣਯੋਗ ਮੁੱਖ ਮੰਤਰੀ ਜੀ ਦੀ ਪਹਿਲ ਕਦਮੀ ਨਾਲ ਰਾਜ ਸਰਕਾਰ ਨੇ ਅਨੁਸੂਚਿਤ ਜਾਤੀਆਂ ਦੇ ਲਾਭ ਹਿਤ ਵੱਖ ਵੱਖ ਸਕੀਮਾਂ ਅਰਥਾਤ ਰੂੜੀਆਂ ਲਈ ਟੋਇਆਂ ਦਾ ਬਣਾਉਣਾ, ਚੌਗਿਰਦੇ ਦਾ ਸੁਧਾਰ, ਦਿਹਾਤੀ ਬੇਘਰ ਵਿਅਕਤੀਆਂ ਲਈ ਮਕਾਨ, ਅਨੁਸੂਚਿਤ ਜਾਤੀਆਂ ਦੀਆਂ ਵਿਦਿਆਰਥਣਾਂ ਲਈ ਹਾਜ਼ਰੀ-ਵਜ਼ੀਫਾ ਅਤੇ ਜ਼ਿਲ੍ਹਾ ਸਦਰ ਮਕਾਮਾਂ ਵਿਖੇ ਡਾ. ਬੀ. ਆਰ. ਅੰਬੇਦਕਰ ਭਵਨਾਂ ਦੀ ਉਸਾਰੀ ਦੇ ਤਹਿਤ ਸੋਧੇ ਅਨੁਮਾਨਾਂ ਤੋਂ ਵੱਧ 11.36 ਕਰੋੜ ਰੁਪਏ ਦੀ ਵਧੀਕ ਰਕਮ ਦਿੱਤੀ ਹੈ । (ਥੰਪਿੰਗ)

95. ਇਕ ਬਿਜਲੀ ਪੁਆਇੰਟ ਕੁਨੈਕਸ਼ਨ ਪ੍ਰੋਗਰਾਮ ਤਹਿਤ ਹੁਣ ਤੱਕ ਅਨੁਸੂਚਿਤ ਜਾਤਾਂ ਦੇ ਲੋਕਾਂ ਦੀਆਂ 12,226 ਧਰਮਸ਼ਾਲਾਵਾਂ ਨੂੰ ਬਿਜਲੀ ਦੇ ਕੁਨੈਕਸ਼ਨ ਦਿਤੇ ਜਾ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਚੁੱਕੇ ਹਨ ਅਤੇ 1995-96 ਦੌਰਾਨ ਹੋਰ 2,667 ਧਰਮਸ਼ਾਲਾਵਾਂ ਨੂੰ ਬਿਜਲੀ ਕੁਨੈਕਸ਼ਨ ਦੇ ਦਿਤੇ ਜਾਣਗੇ । ਇਹ ਫ਼ੈਸਲਾ ਕੀਤਾ ਗਿਆ ਹੈ ਕਿ ਜ਼ਿਲ੍ਹਾ ਯੋਜਨਬੰਦੀ ਤੇ ਵਿਕਾਸ ਬੋਰਡ ਆਪਣੇ ਪੱਧਰ ਉਤੇ ਹੀ ਬਿਜਲੀ ਕਨੈਕਸ਼ਨਾਂ ਸਬੰਧੀ ਅਨੁਮਾਨਾ ਦੀ ਪਰਵਾਨਗੀ ਦੇਣ ।

96. 8ਵੀਂ ਯੋਜਨਾ ਦੇ ਸ਼ੁਰੂ ਵਿਚ ਰਾਜ ਵਿਚ ਅਨਸੂਚਿਤ ਜ਼ਾਤਾਂ ਦੇ ਲਕਾਂ ਦੀਆਂ 16,504 ਧਰਮਸ਼ਾਲਾਵਾਂ ਸਨ ਜਦੋਂ ਕਿ 835 ਪਿੰਡ ਕਵਰ ਕਰਨੇ ਬਾਕੀ ਸਨ । 1993-94 ਅਤੇ 1994-95 ਦੌਰਾਨ 400 ਨਵੇਂ ਪਿੰਡ ਕਵਰ ਕੀਤੇ ਗਏ ਸਨ । 1995-96 ਦੌਰਾਨ 1.00 ਕਰੋੜ ਰੁਪਏ ਦੀ ਰਕਮ ਨਾਲ ਹੋਰ 200 ਪਿੰਡਾਂ ਨੂੰ ਕਵਰ ਕੀਤੇ ਜਾਣ ਦਾ ਟੀਚਾ ਹੈ । ਬਾਕੀ ਰਹਿੰਦੇ 235 ਪਿੰਡ 8ਵੀਂ ਪੰਜ ਸਾਲਾ ਯੋਜਨਾ ਦੇ ਅੰਤ ਤਕ ਕਵਰ ਕਰ ਲਏ ਜਾਣਗੇ ।

97. ਬੈਂਕ ਟਾਈ-ਅੱਪ ਕਰਜ਼ਾ ਪ੍ਰੋਗਰਾਮਾਂ ਤਹਿਤ, 1992-95 ਦੌਰਾਨ ਅਨੁਸੂਚਿਤ ਜ਼ਾਤਾਂ ਦੇ 75,122 ਵਿਅਕਤੀਆਂ ਨੂੰ ਪੰਜਾਬ ਅਨੁਸੂਚਿਤ ਜਾਤੀ ਭੁੰ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਦੁਆਰਾ ਲਾਭ ਪਹੁੰਚਾਇਆ ਗਿਆ , 1995-96 ਦੌਰਾਨ ਅਨੁਸੂਚਿਤ ਜ਼ਾਤਾਂ ਦੇ 25,000 ਲਾਭਪਾਤਰਾਂ ਨੂੰ ਸਹਾਇਤਾ ਦੇਣ ਦਾ ਟੀਚਾ ਮਿਥਿਆ ਗਿਆ ਹੈ ।

98. ਆਈ. ਏ. ਐਸ., ਪੀ. ਸੀ. ਐਸ. ਅਤੇ ਹੋਰਨਾਂ ਸੰਬੰਧਤ ਪ੍ਰੀਖਿਆਵਾਂ ਲਈ ਲਈ ਅਨੁਸੂਚਿਤ ਜ਼ਾਤਾਂ ਦੇ ਵਿਦਿਆਰਥੀਆਂ ਨੂੰ ਕੋਚਿੰਗ ਸਹੂਲਤਾਂ ਮੁਹੱਈਆ ਕਰਾਉਣ ਵਾਸਤੇ ਮੁਹਾਲੀ ਵਿਖੇ ਡਾ. ਬੀ. ਆਰ. ਅੰਬੇਦਕਰ ਸੰਸਥਾ ਦੀ ਉਸਾਰੀ ਦਾ ਕੰਮ ਮੁਕੰਮਲ ਹੋਣ ਵਾਲਾ ਹੈ । ਬਿਖਰੇ (ਸਪਿੱਲਓਵਰ) ਕੰਮਾਂ ਨੂੰ ਮੁਕੰਮਲ ਕਰਨ ਲਈ 30.00 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਜਾ ਰਿਹਾ ਹੈ ।

99. ਹਰੇਕ ਜ਼ਿਲ੍ਹਾ ਸਦਰ ਮਕਾਮ ਵਿਖੇ ਡਾ. ਬੀ. ਆਰ. ਅੰਬੇਦਕਰ ਭਵਨ ਦਾ ਨਿਰਮਾਣ ਕਾਰਜ ਸਾਲ 1991-92 ਵਿਚ ਸ਼ੁਰੂ ਕੀਤਾ ਗਿਆ ਸੀ। (ਥੰਪਿੰਗ) ਇਸ ਸਕੀਮ ਦੇ ਸ਼ੁਰੂ ਹੋਣ ਭੁੰ ਲੈ ਕੇ 4.00 ਕਰੋੜ ਰੁਪਏ ਦੀ ਰਕਮ ਖ਼ਰਚ ਹੋ ਚੁੱਕੀ ਹੈ । ਰੋਪੜ ਵਿਖੇ ਅਜਿਹਾ ਇਕ ਭਵਨ ਮੁਕੰਮਲ ਕਰ ਲਿਆ ਗਿਆ ਹੈ। ਪਟਿਆਲਾ, ਗੁਰਦਾਸਪੁਰ, ਫ਼ਿਰੋਜ਼ਪੁਰ, ਬਠਿੰਡਾ, ਫ਼ਰੀਦਕੋਟ ਅਤੇ ਸੰਗਰੂਰ ਵਿਖੇ ਡਾ. ਬੀ. ਆਰ. ਅੰਬੇਦਕਰ ਭਵਨਾਂ ਦਾ ਨਿਰਮਾਣ ਕਾਰਜ ਅਗੇਰੇ ਪੜਾਅ ਉਤੇ ਹੈ ਅਤੇ ਅਨੁਮਾਨ ਹੈ ਕਿ ਇਹ ਕੰਮ ਅਗਲੇ ਵਿੱਤੀ ਸਾਲ ਵਿਚ ਮੁਕੰਮਲ ਹੋ ਜਾਵੇਗਾ । ਇਸ ਮੰਤਵ ਲਈ 2.00 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਜਾ ਰਿਹਾ ਹੈ । ਇਸ ਸਕੀਮ ਤਹਿਤ ਬਾਕੀ ਰਹਿੰਦੇ ਜ਼ਿਲ੍ਹੇ 8ਵੀਂ ਪੰਜ ਸਾਲਾ ਯੋਜਨਾ ਦੇ ਅੰਤ ਤਕ ਕਵਰ ਕਰ ਲਏ ਜਾਣਗੇ ।

ਰੱਖਿਆ ਸੇਵਾਵਾਂ ਭਲਾਈ

100. 1994-95 ਦੌਰਾਨ 1.83 ਕਰੋੜ ਰੁਪਏ ਦੇ ਖ਼ਰਚ ਦੇ ਮੁਕਾਬਲੇ ਸਾਲ 1995-96 ਲਈ ਰੱਖਿਆ ਸੇਵਾਵਾਂ ਭਲਾਈ ਵਾਸਤੇ 2.13 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਜਾ ਰਿਹਾ ਹੈ ।

Original with;
Punjab Vidhan Sabha
Digitized by;
Punjab Digital Library

101. ਲੁਧਿਆਣਾ ਵਿਖੇ ਜੰਗੀ ਨਾਇਕਾਂ ਸਬੰਧੀ ਅਜਾਇਬ ਘਰ (ਮਿਊਜ਼ੀਅਮ ਵਾਰ-ਵਾਰ ਹੀਰੋਜ਼) ਦੀ ਉਸਾਰੀ ਦਾ ਕੰਮ ਮੁਕੰਮਲ ਹੋਣ ਦੇ ਨੇੜੇ ਹੈ। 1994-95 ਦੌਰਾਨ 1.07 ਕਰੋੜ ਰੁਪਏ ਦੇ ਸੰਭਾਵੀ ਖਰਚੇ ਦੇ ਮੁਕਾਬਲੇ 1995-96 ਦੀ ਸਾਲਾਨਾ ਯੋਜਨਾ ਵਿਚ ਚੱਲ ਰਹੇ ਕਾਰਜਾਂ ਦੇ ਸਬੰਧ ਵਿਚ 47.00 ਲੱਖ ਰੁਪਏ ਦੀ ਰਕਮ ਤਜਵੀਜ਼ ਕੀਤੀ ਗਈ ਹੈ।

ਕਲਾ ਅਤੇ ਸਭਿਆਚਾਰ

102. ਪੰਜਾਬੀ ਸਭਿਆਚਾਰ ਨੂੰ ਪ੍ਰਫੱਲਤ ਕਰਨ ਲਈ 1994-95 ਦੌਰਾਨ 3.30 ਕਰੋੜ ਰੁਪਏ ਦੇ ਖ਼ਰਚ ਦੀ ਰਕਮ ਦਾ ਉਪਬੰਧ ਕੀਤਾ ਗਿਆ ਸੀ। ਅੱਪਰ, ਸਾਲਾਨਾ ਯੋਜਨਾ 1995-96 ਵਿਚ ਇਹ ਉਪਬੰਧ ਵਧਾ ਕੇ 5.02 ਕਰੋੜ ਰੁਪਏ ਕਰ ਦਿਤਾ ਗਿਆ ਹੈ। ਜ਼ਿਲ੍ਹਾ ਪੱਧਰ ਉਤੇ ਸਭਿਆਚਾਰ ਸਰਗਰਮੀਆਂ ਵਧਾਉਣ ਲਈ ਜ਼ਿਲ੍ਹਾ ਸਭਿਆਚਾਰਕ ਸਭਾਵਾਂ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ ਜਿਹਨਾਂ ਲਈ 50 ਫ਼ੀਸਦੀ ਵਿੱਤ ਦਾ ਉਪਬੰਧ ਰਾਜ ਸਰਕਾਰ ਦੁਆਰਾ ਕੀਤਾ ਜਾਵੇਗਾ ਅਤੇ 50 ਫ਼ੀਸਦੀ ਵਿੱਤ ਸਭਾਵਾਂ ਖ਼ੁਦ ਜੁਟਾਉਣਗੀਆਂ। ਲੁਧਿਆਣਾ ਵਿਖੇ ਸਾਹਿਰ ਲੁਧਿਆਣਵੀ ਸਭਿਆਚਾਰ ਕੇਂਦਰ ਕਾਇਮ ਕਰਨ ਲਈ ਇਕ ਸਭਾ ਰਜਿਸਟਰ ਕਰ ਲਈ ਗਈ ਹੈ। ਇਨ੍ਹਾਂ ਤੋਂ ਇਲਾਵਾ 1995-96 ਦੌਰਾਨ ਪੰਜਾਬੀ ਫ਼ਿਲਮਾਂ ਅਤੇ ਟੈਲੀ ਫ਼ਿਲਮਾਂ ਨੂੰ ਉਤਸ਼ਾਹਿਤ ਕਰਨ, ਪਟਿਆਲਾ ਸੰਗੀਤ ਘਰਾਣਾ ਅਕਾਦਮੀ ਕਾਇਮ ਕਰਨ ਅਤੇ ਪਟਿਆਲਾ ਵਿਖੇ ਕਿਲਾ ਮੁਬਾਰਕ ਕੰਪਲੈਕਸ ਦੀ ਸਾਂਭ-ਸੰਭਾਲ ਕਰਨ ਵਰਗੀਆਂ ਨਵੀਆਂ ਸਕੀਮਾਂ ਨੂੰ ਵੀ ਅਮਲ ਵਿਚ ਲਿਆਂਦਾ ਜਾਵੇਗਾ।

ਸੈਲ-ਸਪਾਟਾ

103. 8ਵੀਂ ਪੰਜ ਸਾਲਾ ਯਜਨਾ ਦੇ ਸ਼ੁਰੂ ਵਿਚ ਰਾਜ ਵਿਚ ਕਾਨੂੰਨ ਤੇ ਵਿਵਸਥਾ ਦੀ ਮਾੜੀ ਹਾਲਤ ਹੋਣ ਕਰਕੇ ਪੰਜਾਬ ਵਿਚ ਸੈਲ-ਸਪਾਟੇ ਨੂੰ ਆਰਜ਼ੀ ਤੌਰ ਤੇ ਧੱਕਾ ਲਗਾ ਸੀ। ਰਾਜ ਵਿਚ ਆਮ ਵਰਗੇ ਹਾਲਾਤ ਮੁੜ ਤੋਂ ਬਹਾਲ ਹੋਣ ਨਾਲ ਸੈਲਾਨੀਆਂ ਦੀ ਗਿਣਤੀ, ਜੋ 1992 ਦੌਰਾਨ 2.05 ਲੱਖ ਸੀ, ਵਧਕੇ 1994 ਦੌਰਾਨ 3.28 ਲੱਖ ਹੋ ਗਈ। ਰਾਜ ਵਿਚ ਆਉਣ ਵਾਲੇ ਸੈਲਾਨੀਆਂ ਨੂੰ ਸਹੂਲਤਾਂ ਮੁਹੱਈਆ ਕਰਾਉਣ ਲਈ ਸੈਲ-ਸਪਾਟੇ ਨੂੰ ਇਕ ਸਨੱਅਤ ਵਜੋਂ ਐਲਾਨਿਆ ਗਿਆ ਹੈ ਅਤੇ 1992-95 ਦੌਰਾਨ ਚਾਰ ਨਵੇਂ ਟੂਰਿਸਟ ਕੰਪਲੈਕਸ ਸਥਾਪਤ ਕੀਤੇ ਗਏ ਹਨ। ਇਸ ਤੋਂ ਇਲਾਵਾ, ਤਿੰਨ ਸਾਲਾ ਡਿਗਰੀ ਕੋਰਸ ਦੁਆਰਾ ਹੋਟਲ ਮੈਨੇਜਮੈਂਟ ਸਬੰਧੀ ਸਿਖਲਾਈ ਦੇਣ ਲਈ ਗੁਰਦਾਸਪੁਰ ਵਿਖੇ ਇਕ ਹੋਟਲ ਮੈਨੇਜਮੈਂਟ, ਕੇਟਰਿੰਗ ਤੇ ਨਿਊਟ੍ਰੀਸ਼ਨ ਸੰਸਥਾ ਕਾਇਮ ਕੀਤੀ ਗਈ ਹੈ। ਪੰਜਾਬ ਰਾਜ ਸੈਲ-ਸਪਾਟਾ ਵਿਕਾਸ ਕਾਰਪੋਰੇਸ਼ਨ ਨੇ ਹੁਸ਼ਿਆਰਪੁਰ, ਮੋਗਾ, ਨਿਦਾਮਪੁਰ, ਮਾਧੋਪੁਰ ਅਤੇ ਸ਼ੰਭੂ ਵਿਖੇ ਆਪਣੇ ਮੌਜੂਦਾ ਟੂਰਿਸਟ ਕੰਪਲੈਕਸਾਂ ਵਿਚ ਪੈਟਰੋਲ ਪੰਪਾਂ ਦਾ ਵੀ ਬੰਦੋਬਸਤ ਕੀਤਾ ਹੈ। ਸੈਲਾਨੀਆਂ ਨੂੰ ਵੱਡੀ ਗਿਣਤੀ ਵਿਚ ਆਕ੍ਰਸ਼ਿਤ ਕਰਨ ਲਈ ਰਾਜ ਵਿਚ ਧਾਰਮਿਕ ਸਥਾਨਾਂ ਉਤੇ ਸਹੂਲਤਾਂ ਮੁਹੱਈਆ ਕਰਾਉਣ ਵਾਸਤੇ ਇਕ ਪ੍ਰਾਜੈਕਟ ਤਿਆਰੀ ਅਧੀਨ ਹੈ। 1994-95 ਦੌਰਾਨ ਰਾਜ ਵਿਚ ਸੈਲ-ਸਪਾਟੇ ਦੇ ਵਿਕਾਸ ਲਈ 82.00 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ। ਸਲਾਨਾ ਯੋਜਨਾ 1995-96 ਵਿਚ ਇਹ ਖ਼ਰਚਾ ਵਧਾ ਕੇ 86.00 ਲੱਖ ਰੁਪਏ ਕਰ ਦਿੱਤਾ ਗਿਆ ਹੈ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਵਿਕੇਂਦਰੀਕ੍ਰਿਤ ਯੋਜਨਾਬੰਦੀ

104. ਹੇਠਲੇ ਪੱਧਰ ਤੱਕ ਸਥਾਨਕ ਲੋੜਾਂ ਪ੍ਰਭਾਵਸ਼ਾਲੀ ਢੰਗ ਨਾਲ ਪੂਰੀਆਂ ਕਰਨ ਲਈ ਕੁਝ ਸਕੀਮਾਂ ਦੀ ਯੋਜਨਾਬੰਦੀ ਅਤੇ ਤਾਮੀਲ, ਸਥਾਨਕ ਸ਼ਾਸਨ ਪ੍ਰਦਾਨ ਕਰਕੇ ਕੀਤੀ ਗਈ ਹੈ। ਜ਼ਿਲ੍ਹਾ ਪੱਧਰ ਉਤੇ ਇਨ੍ਹਾਂ ਯੋਜਨਾ ਸਕੀਮਾਂ ਦੀ ਨਿਗਰਾਨੀ ਅਤੇ ਨਿਰੀਖਣ ਜ਼ਿਲ੍ਹਾ ਯੋਜਨਾਬੰਦੀ ਤੇ ਵਿਕਾਸ ਬੋਰਡਾਂ ਦੀ ਨਿਗਰਾਨੀ ਹੇਠ ਕੀਤਾ ਜਾਂਦਾ ਹੈ, ਜਿਨ੍ਹਾਂ ਦੇ ਪ੍ਰਧਾਨ ਕੈਬਿਨਿਟ/ਰਾਜ ਮੰਤਰੀ ਹੁੰਦੇ ਹਨ। ਜ਼ਿਲ੍ਹਾ ਯੋਜਨਾਬੰਦੀ ਤੇ ਵਿਕਾਸ ਬੋਰਡ ਰਾਜ ਵਿਚ ਬਹੁਤ ਚੰਗੀ ਤਰ੍ਹਾਂ ਕੰਮ ਕਰ ਰਹੇ ਹਨ ਅਤੇ ਇਨ੍ਹਾਂ ਦੇ ਮੈਂਬਰਾਂ ਦੁਆਰਾ ਸਕੀਮਾਂ ਨੂੰ ਤਿਆਰ ਕਰਨ ਸਮੇਂ ਅਪਣਾਈ ਸਪਸ਼ਟ ਨੀਤੀ ਸਦਕਾ ਇਨ੍ਹਾਂ ਅਧੀਨ ਵੱਖ ਵੱਖ ਸਕੀਮਾਂ ਨੂੰ ਅਮਲੀ ਰੂਪ ਦੇਣ ਵਿਚ ਜ਼ਬਰਦਸਤ ਸੁਧਾਰ ਹੋਇਆ ਹੈ। ਇਸ ਲਈ ਸਰਕਾਰ ਨੇ ਰਾਜ ਦੇ ਹਰੇਕ ਜ਼ਿਲ੍ਹੇ ਵਿਚ ਇਨ੍ਹਾਂ ਜ਼ਿਲ੍ਹਾ ਯੋਜਨਾਬੰਦੀ ਤੇ ਵਿਕਾਸ ਬੋਰਡਾਂ ਨੂੰ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। (ਥੰਪਿੰਗ) 1992—95 ਦੌਰਾਨ ਵਿਕੇਂਦਰੀਕ੍ਰਿਤ ਯੋਜਨਾਬੰਦੀ ਤਹਿਤ ਕੀਤੇ ਗਏ ਖਰਚ ਅਤੇ 1995-96 ਦੌਰਾਨ ਇਸ ਮੰਤਵ ਲਈ ਉਪਬੰਧਤ ਖਰਚ ਸਬੰਧੀ ਤਫ਼ਸੀਲ ਨਿਮਨ ਅਨੁਸਾਰ ਦਰਸਾਈ ਗਈ ਹੈ :—

(ਰੁਪਏ ਕਰੋੜਾਂ ਵਿਚ)

ਖਰਚ	ਜ਼ਿਲ੍ਹਾ ਯੋਜਨਾ ਸਕੀਮਾਂ	ਸੰਯੁਕਤ ਫੰਡ	ਕੁਲ ਜ਼ਿਲ੍ਹਾ ਯੋਜਨਾ
1992-95 (ਸੰਭਾਵੀ ਖਰਚ)	659.05	48.71	707.76
1995-96 (ਖਰਚ)	247.55	35.00	282.55 (ਥੰਪਿੰਗ)

105. ਜਿਥੇ ਕਿਧਰੇ ਵੀ ਜ਼ਰੂਰੀ ਤੇ ਲੋੜੀਂਦਾ ਹੋਵੇ, ਯੋਜਨਾਬੰਦੀ ਵਿਚਲੇ ਖੱਪਿਆਂ ਨੂੰ ਪੂਰਨ ਲਈ ਜ਼ਿਲ੍ਹਾ ਯੋਜਨਾਬੰਦੀ ਤੇ ਵਿਕਾਸ ਬੋਰਡਾਂ ਨੂੰ ਸੰਯੁਕਤ ਫੰਡ ਮੁਹੱਈਆ ਕੀਤੇ ਜਾਂਦੇ ਹਨ। ਇਨ੍ਹਾਂ ਫੰਡਾਂ ਨਾਲ ਬੋਰਡ, ਲੋਕ ਹਿਤਾਂ ਨੂੰ ਵੇਖਦੇ ਹੋਏ ਬੁਨਿਆਦੀ ਢਾਂਚੇ ਸਬੰਧੀ ਕੋਈ ਵੀ ਜ਼ਰੂਰੀ ਵਿਕਾਸ ਕਾਰਜ ਹੱਥ ਵਿਚ ਲੈਣ ਦੇ ਸਮਰੱਥ ਹੋ ਜਾਂਦੇ ਹਨ। 1994-95 ਦੌਰਾਨ ਜ਼ਿਲ੍ਹਾ ਯੋਜਨਾਬੰਦੀ ਤੇ ਵਿਕਾਸ ਬੋਰਡਾਂ ਨੇ ਦਿਹਾਤੀ ਵਿਕਾਸ ਫੰਡ ਅਤੇ ਜ਼ਰਾਇਤੀ ਮੰਡੀਕਰਣ ਬੋਰਡ ਫੰਡਾਂ ਵਿਚੋਂ ਵਿਕਾਸ ਕਾਰਜਾਂ ਉਤੇ ਖਰਚ ਕੀਤੇ ਗਏ 124.52 ਕਰੋੜ ਰੁਪਏ ਦੀ ਵਧੀਕ ਰਕਮ ਦੀ ਵਰਤੋਂ ਬਾਰੇ ਵੀ ਨਿਗਰਾਨੀ ਅਤੇ ਨਿਰੀਖਣ ਕੀਤਾ ਸੀ। ਇਸੇ ਤਰ੍ਹਾਂ 1995-96 ਦੌਰਾਨ ਵੀ ਇਹ 183.00 ਕਰੋੜ ਰੁਪਏ ਦੀ ਰਕਮ ਦੀ ਵਰਤੋਂ ਬਾਰੇ ਨਿਗਰਾਨੀ ਕਰਨਗੇ।

Original with;
Punjab Vidhan Sabha
Digitized by;
Punjab Digital Library

106. 74ਵੀਂ ਸੰਵਿਧਾਨਕ ਤਰਮੀਮ, 1992 ਦੀ ਪਾਲਣਾ ਕਰਦੇ ਹੋਏ, ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਅਤੇ ਮਹਾਂਨਗਰ ਯੋਜਨਾਬੰਦੀ ਕਮੇਟੀਆਂ ਸਥਾਨਕ ਸ਼ਾਸਨ ਲਈ ਯੋਜਨਾਬੰਦੀ ਕਾਰਜਵਿਧੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਵੀ ਬਣਾਈਆਂ ਜਾਣੀਆਂ ਹਨ । ਬਹੁਤ ਛੇਤੀ ਹੀ ਮਾਣਯੋਗ ਸਦਨ ਸਾਹਮਣੇ ਇਸ ਸਬੰਧ ਵਿਚ ਵਿਧਾਨ ਪੇਸ਼ ਕੀਤਾ ਜਾਵੇਗਾ ।

ਕਾਰਪੋਰੇਸ਼ਨਾਂ

107.1992—95 ਦੌਰਾਨ 59.32 ਕਰੋੜ ਰੁਪਏ ਦੇ ਮੁਕਾਬਲੇ ਸਾਲਾਨਾ ਯੋਜਨਾ 1995-96 ਦੇ ਤਹਿਤ 36.58 ਕਰੋੜ ਰੁਪਏ ਦੀ ਰਕਮ ਰਾਜ ਕਾਰਪੋਰੇਸ਼ਨਾਂ ਅਤੇ ਸਹਿਕਾਰੀ ਫੈਡਰੇਸ਼ਨਾਂ ਲਈ ਐਲੋਕੇਟ ਕੀਤੀ ਗਈ ਹੈ । ਇਹ ਐਲੋਕੇਸ਼ਨ ਰਾਜ ਵਿਚ ਹੋਰ ਵਿਕਾਸ ਨੂੰ ਸੰਭਵ ਬਣਾਉਣ ਲਈ ਇਕ ਉਤਪ੍ਰੇਰਕ (ਨੈਂਟਲਿਸਟ) ਵਜੋਂ ਕੰਮ ਕਰੇਗੀ । 1992—95 ਦੌਰਾਨ 2976.97 ਕਰੋੜ ਰੁਪਏ ਦੇ ਮੁਕਾਬਲੇ 1995-96 ਵਿਚ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ, ਪੰਜਾਬ ਵਿੱਤ ਕਾਰਪੋਰੇਸ਼ਨ, ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ, ਪੰਜਾਬ ਪੱਛੜੀਆਂ ਸ਼੍ਰੇਣੀਆਂ ਤੇ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਪੰਜਾਬ ਸਾਬਕਾ ਫੌਜੀ ਕਾਰਪੋਰੇਸ਼ਨ, ਹਾਊਸਫੈੱਡ, ਪੰਜਾਬ ਰਾਜ ਸਹਿਕਾਰੀ ਜਰਾਇਤੀ ਵਿਕਾਸ ਬੈਂਕ ਅਤੇ ਪੰਜਾਬ ਸਹਿਕਾਰੀ ਬੈਂਕ ਅਤੇ ਜ਼ਰਾਇਤੀ ਸੁਸਾਇਟੀਆਂ ਦੁਆਰਾ 1009.43 ਕਰੋੜ ਰੁਪਏ ਦੀ ਰਕਮ ਕਰਜ਼ਾ ਸਹਾਇਤਾ ਵਜੋਂ ਦਿਤੀ ਜਾਵੇਗੀ ।

ਸਿਖਲਾਈ

108. ਤੇਜ਼ੀ ਨਾਲ ਬਦਲ ਰਹੇ ਆਰਥਕ ਵਾਤਾਵਰਣ ਵਿਚ ਸਮੂਹ ਸ਼੍ਰੇਣੀਆਂ ਦੇ ਸੀਨੀਅਰ ਕਰਮਚਾਰੀਆਂ ਅਤੇ ਮੈਨੇਜਰਾਂ ਲਈ ਸਿਖਲਾਈ ਦੀ ਅਹਿਮੀਅਤ ਉਪਰ ਵਧੇਰੇ ਜੋਰ ਨਹੀਂ ਦਿਤਾ ਜਾ ਸਕਦਾ । ਰਾਜ ਸਰਕਾਰ ਨੇ ਪੰਜਾਬ ਰਾਜ ਲੋਕ ਪ੍ਰਸ਼ਾਸਨ ਸੰਸਥਾ (ਪੀ.ਐਸ.ਆਈ.ਪੀ.ਏ.) ਨੂੰ ਅਪਗਰੇਡ ਕਰਨ ਅਤੇ ਇਸ ਅੰਦਰ ਆਧੁਨਿਕ ਸਹੂਲਤਾਂ ਮੁਹੱਈਆ ਕਰਾਉਣ ਦਾ ਫ਼ੈਸਲਾ ਕੀਤਾ ਹੈ । ਚੰਡੀਗੜ੍ਹ ਵਿਖੇ 13 ਏਕੜ ਭੋਂ ਉਤੇ ਬੁਨਿਆਦੀ ਢਾਂਚੇ ਸਬੰਧੀ ਤਾਜ਼ਾਤਰੀਨ ਸਹੂਲਤਾਂ ਸਹਿਤ ਇਕ ਆਧੁਨਿਕ ਇਮਾਰਤ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਅਤੇ ਇਸ ਕੰਮ ਵਾਸਤੇ ਸਾਲ 1995-96 ਵਿਚ ਇਸ ਸੰਸਥਾ ਲਈ 550 ਲੱਖ ਰੁਪਏ ਦੀ ਰਕਮ ਐਲੋਕੇਟ ਕੀਤੀ ਗਈ ਹੈ । ਅਸੀਂ ਪੰਜਾਬ ਰਾਜ ਲੋਕ ਪ੍ਰਸ਼ਾਸਨ ਸੰਸਥਾ ਦਾ ਨਾਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੇ ਨਾਂ ਉਤੇ ਰੱਖਣ ਦਾ ਫ਼ੈਸਲਾ ਕੀਤਾ ਹੈ । (ਥੰਪਿੰਗ) ਇਹ ਸੰਸਥਾ ਆਪਣੇ ਰਿਹਾਇਸ਼ੀ ਕੈਂਪਸ ਵਿਖੇ ਰਾਜ ਸਰਕਾਰ ਦੀਆਂ ਸਾਰੀਆਂ ਸੇਵਾਵਾਂ ਅਰਥਾਤ ਆਈ.ਏ.ਐਸ., ਪੀ.ਸੀ.ਐਸ, ਅਤੇ ਸੰਬੰਧਤ ਸੇਵਾਵਾਂ, ਵਿਸ਼ੇਸ਼ ਕਰਕੇ ਕੰਪਿਊਟਰੀਕਰਣ ਸਮੇਤ ਆਰਥਕ ਸੁਧਾਰ ਅਤੇ ਮੈਨੇਜਮੈਂਟ ਤਕਨੀਕਾਂ ਸਬੰਧੀ ਮਾਹਿਰਾਨਾ ਸਿਖਲਾਈ ਪ੍ਰਦਾਨ ਕਰੇਗੀ ।

ਕੁਝ ਸ਼੍ਰੇਣੀਆਂ ਨੂੰ ਲਾਭ

109. ਕਿਸੇ ਵੀ ਆਰਥਿਕ ਨੀਤੀ ਦੀ ਸਫ਼ਲਤਾ ਸਮਾਜ ਦੇ ਬਹੁਤੇ ਵਰਗਾਂ ਵਲੋਂ ਮਿਲੇ ਸਹਿਯੋਗ ਉਪਰ ਨਿਰਭਰ ਕਰਦੀ ਹੈ । ਸਰਕਾਰ ਅਜਿਹੀਆਂ ਸਥਿਤੀਆਂ ਪੈਦਾ ਕਰਨ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਦੀ ਚਾਹਵਾਨ ਹੈ ਜਿਹਨਾਂ ਸਦਕਾ ਸਮਾਜ ਦੇ ਸਮੂਹ ਵਰਗ ਪ੍ਰਗਤੀ ਵਿਚ ਭਾਈਵਾਲ ਹੋਣ । ਇਸ ਮਕਸਦ ਲਈ ਕੁਝ ਪਾਤਰ ਸ਼੍ਰੇਣੀਆਂ ਨੂੰ ਖਾਸ ਲਾਭ ਦੇਣ ਦੀ ਪੇਸ਼ਕਸ਼ ਨਿਮਨ ਅਨੁਸਾਰ ਕੀਤੀ ਹੈ ਤਾਂ ਜੋ ਉਹ ਪੂਰੀ ਤਰ੍ਹਾਂ ਵਿਕਾਸ ਉਪਰਾਲਿਆਂ ਵਿਚ ਸ਼ਿਰਕਤ ਕਰ ਸਕਣ :—

(1) ਵਪਾਰ

ਸਾਡੀ ਸਰਕਾਰ ਦੇ ਕਾਰਜਭਾਰ ਸੰਭਾਲਣ ਤੋਂ ਬਾਅਦ ਵਪਾਰ ਤੇ ਵਣਜ ਜਿਹੜਾ ਪਿਛਲੇ ਸਾਲਾਂ ਵਿਚ ਲਗਭਗ ਠੱਪ ਹੀ ਹੋ ਗਿਆ ਸੀ, ਵਿਚ ਮੁੜ ਸਰਗਰਮੀ ਆਈ ਹੈ । ਭਾਰੀ ਵਪਾਰਕ ਲੈਣ ਦੇਣ ਸਾਡੇ ਨਾਗਰਿਕਾਂ ਲਈ ਧਨ ਅਤੇ ਰੋਜ਼ਗਾਰ ਪੈਦਾ ਕਰਦਾ ਹੈ । ਸਾਡੀ ਆਪਣੀ ਕਰ-ਸੁਧਾਰ ਦੀ ਨੀਤੀ, ਵਿਸ਼ੇਸ਼ ਕਰਕੇ ਵਿਕਰੀ ਕਰ ਢਾਂਚੇ ਨੂੰ ਤਰਕਸੰਗਤ ਬਣਾਉਣਾ, ਜਾਰੀ ਰੱਖਣ ਦੀ ਤਜਵੀਜ਼ ਹੈ । ਕਰਬੰਦੀ ਦੀ ਘਟ ਦਰ ਕਰ-ਪ੍ਰਾਪਤੀਆਂ ਸਬੰਧੀ ਉਤਾਰ-ਚੜ੍ਹਾਅ ਨੂੰ ਤਾਂ ਹੀ ਪੂਰਿਤ ਕਰ ਸਕਦੀ ਹੈ ਜੇਕਰ ਕਾਰੋਬਾਰੀ ਤਬਕਾ ਕਰ ਕਾਨੂੰਨਾਂ ਦੀ ਸਵੈ-ਇਛਤ ਪਾਲਣਾ ਦੁਆਰਾ ਸਰਕਾਰ ਦੀ ਉਦਾਰਤਾ ਦਾ ਹੁੰਗਾਰਾ ਭਰੇ । ਕਰ-ਢਾਂਚੇ ਨੂੰ ਨਿਮਨ ਅਨੁਸਾਰ ਪੁਨਰਗਠਤ ਕੀਤਾ ਜਾਵੇਗਾ ।

(ੳ) ਛੋਟੇ ਵਪਾਰੀਆਂ ਨੂੰ ਰਾਹਤ ਦੇਣ ਦੇ ਉਪਾਅ ਵਜੋਂ; ਕੇਵਲ 5 ਲੱਖ ਰੁਪਏ ਸਾਲਾਨਾ ਤੋਂ ਵੱਧ ਦੀ ਆਮਦਨ ਵਾਲੇ ਵਪਾਰੀਆਂ ਨੂੰ ਆਮ ਵਪਾਰੀਆਂ ਵਜੋਂ ਦਰਜ ਕਰਨ ਦੀ ਜ਼ਰੂਰਤ ਹੋਵੇਗੀ । (ਥੰਪਿੰਗ) ਪਹਿਲਾਂ, ਰਜਿਸਟ੍ਰੇਸ਼ਨ ਲਈ ਹੇਠਲੀ ਸੀਮਾ 3 ਲੱਖ ਰੁਪਏ ਸਾਲਾਨਾ ਆਮਦਨ ਤਕ ਸੀ । ਨਿਰਮਾਤਾਵਾਂ, ਹੋਟਲਾਂ ਅਤੇ ਰੈਸਟੋਰੈਂਟ ਡੀਲਰਾਂ ਦੀ ਸੂਰਤ ਵਿਚ ਸਾਲਾਨਾ ਆਮਦਨ 40,000 ਰੁਪਏ ਤੋਂ ਵਧਾ ਕੇ ਇਕ ਲੱਖ ਰੁਪਏ ਕਰ ਦਿੱਤੀ ਗਈ ਹੈ । (ਥੰਪਿੰਗ) ਵਪਾਰੀਆਂ ਦੀ ਰਜਿਸਟ੍ਰੇਸ਼ਨ ਵੇਲੇ ਦਿਤੀ ਜਾਣ ਵਾਲੀ ਜ਼ਮਾਨਤ ਦੀ ਰਕਮ 50,000 ਰੁਪਏ ਤੋਂ ਘਟਾ ਕੇ 15,000 ਰੁਪਏ ਕਰ ਦਿੱਤੀ ਗਈ ਹੈ । (ਥੰਪਿੰਗ)

(ਅ) ਵਿਕਰੀ-ਕਰ ਫਾਰਮ-22 ਨੂੰ ਸਮਾਪਤ ਕਰਨ ਲਈ ਸਰਕਾਰ ਨੂੰ ਵਪਾਰੀਆਂ ਵਲੋਂ ਬਾਰ ਬਾਰ ਬੇਨਤੀਆਂ ਪ੍ਰਾਪਤ ਹੁੰਦੀਆਂ ਰਹੀਆਂ ਹਨ । ਸਾਲ 1995-96 ਦੌਰਾਨ ਇਹ ਫਾਰਮ ਸਮਾਪਤ ਕਰ ਦਿੱਤਾ ਜਾਵੇਗਾ । (ਥੰਪਿੰਗ) ਜਿਵੇਂ ਕਿ ਮੁੱਖ ਮੰਤਰੀ ਜੀ ਦੁਆਰਾ ਇਸ ਸਬੰਧੀ ਪਹਿਲਾਂ ਹੀ ਐਲਾਨ ਕੀਤਾ ਜਾ ਚੁਕਿਆ ਹੈ ।

(ੲ) 1993 ਵਿਚ ਲਾਗੂ ਕੀਤੀ ਗਈ "ਫਾਈਲ ਐਂਡ ਸਮਾਈਲ" ਸਕੀਮ ਜਾਰੀ ਰਹੇਗੀ । ਇਸ ਸਕੀਮ ਅਧੀਨ ਨਿਰਧਾਰਿਤ ਕੀਤੀ ਗਈ ਮਾਇਕ ਸੀਮਾਂ ਸਬੰਧੀ ਪਾਤਰਤਾ 5 ਲੱਖ ਰੁਪਏ ਤੋਂ ਵਧਾਕੇ 10 ਲੱਖ ਰੁਪਏ ਕਰ ਦਿੱਤੀ ਗਈ ਹੈ (ਥੰਪਿੰਗ)

Original with;
Punjab Vidhan Sabha
Digitized by;
Panjab Digital Library

(ਸ) ਜਿਵੇਂ ਕਿ ਮੈਂ ਪਹਿਲਾਂ ਜ਼ਿਕਰ ਕੀਤਾ ਹੈ, ਰਕਮਾ ਇਕੱਤਰ ਕਰਨ ਨੂੰ ਵਧਾਉਣ ਲਈ ਸੂਚਨਾ ਦੇਣ ਵਾਲਿਆਂ ਅਤੇ ਵਿਭਾਗ ਦੇ ਅਫ਼ਸਰਾਂ ਦੋਹਾਂ ਲਈ ਪ੍ਰੋਤਸਾਹਨ ਯੋਜਨਾ ਸ਼ੁਰੂ ਕੀਤੀ ਜਾਵੇਗੀ ।

(ਹ) ਇਸ ਗੱਲ ਦੀ ਆਲੋਚਨਾ ਹੁੰਦੀ ਰਹੀ ਹੈ ਕਿ ਵਿਕਰੀ-ਕਰ ਚੁੰਗੀ-ਫਾਟਕਾਂ ਕਾਰਨ ਦੇਰੀ ਅਤੇ ਪਰੇਸ਼ਾਨੀ ਹੁੰਦੀ ਹੈ । ਜਿਵੇਂ ਕਿ ਸਾਡੇ ਮੁੱਖ ਮੰਤਰੀ ਜੀ ਨੇ ਐਲਾਨ ਕੀਤਾ ਹੈ ਕਿ ਰਾਜ ਸਰਕਾਰ ਪਹਿਲੀ ਅਪ੍ਰੈਲ, 1995 ਤੋਂ ਰਾਜ ਵਿਚਲੇ ਸਾਰੇ ਵਿਕਰੀ-ਕਰ ਸਬੰਧੀ ਸਮੂਹ ਚੁੰਗੀ ਨਾਕਿਆਂ ਨੂੰ ਖ਼ਤਮ ਕਰ ਦੇਵੇਗੀ । (ਥੰਪਿੰਗ)

(ਕ) ਸਾਲ 1994-95 ਦੌਰਾਨ ਅਸੀਂ ਕੁੱਝ ਵਸਤਾਂ ਤੇ ਵਿਕਰੀ ਕਰ ਘਟਾ ਦਿੱਤਾ ਸੀ । ਸਟੇਨਲੈਸ ਸਟੀਲ ਦੇ ਬਰਤਨਾਂ ਅਤੇ ਫੋਟੋਗ੍ਰਾਫੀ ਦੀਆਂ ਵਸਤਾਂ ਤੇ ਵਿਕਰੀ ਕਰ ਘਟਾ ਕੇ 12 ਫ਼ੀਸਦੀ ਤੋਂ 10 ਫ਼ੀਸਦੀ ਅਤੇ ਬਿਜਲੀ-ਪੱਖਿਆਂ ਅਤੇ ਬਿਜਲੀ ਦੇ ਸਮਾਨ ਤੇ 12 ਫ਼ੀਸਦੀ ਤੋਂ 8 ਫ਼ੀਸਦੀ ਕਰ ਦਿੱਤਾ ਗਿਆ ਸੀ । ਅਸੀਂ ਫੈਸਲਾ ਕੀਤਾ ਹੈ ਕਿ ਪਹਿਲੀ ਅਪ੍ਰੈਲ, 1995 ਤੋਂ ਕਈ ਹੋਰ ਵਸਤਾਂ ਦੇ ਸਬੰਧ ਵਿਚ ਕਰ-ਦਰਾਂ ਨੂੰ ਘੱਟ ਕੀਤਾ ਜਾਵੇ ਅਤੇ ਕਰ-ਪ੍ਰਣਾਲੀ ਦਾ ਪੁਨਰਗਠਨ ਕੀਤਾ ਜਾਵੇ । ਨਵੀਆਂ ਰਿਆਇਤਾਂ ਨਿਮਨ ਅਨੁਸਾਰ ਹੋਣਗੀਆਂ :—

(i) ਚੂੜੀਆਂ ਅਤੇ ਸਮੂਹ ਪ੍ਰਕਾਰ ਦੀ ਫਾਈਬਰ ਰਹਿੰਦ-ਖੂੰਹਦ, ਕੱਚਰ ਨਿਰੱਥਕ, ਹੱਥ ਖੱਡੀ ਦੀਆਂ ਦਰ ਆਂ, ਬ੍ਰੈਂਡ, ਝੋਨੇ ਦੀ ਫੱਕ, ਚਾਵਲਾਂ ਦਾ ਚੋਕਰ, ਡੀ-ਆਇਲਡ ਚਾਵਲਾਂ ਦੇ ਚੋਕਰ ਨੂੰ ਵਿਕਰੀ-ਕਰ ਤੋਂ ਛੋਟ ਦਿਤੀ ਗਈ ਹੈ । (ਥੰਪਿੰਗ)

(ii) ਸਕੂਲੀ ਬੱਚਿਆਂ ਲਈ ਆਮ ਵਰਤੋਂ ਦੀਆਂ ਸਟੇਸ਼ਨਰੀ ਵਸਤਾਂ ਜਿਵੇਂ ਕਿ ਜਾਮੈਟਰੀ ਬਾਕਸ, ਹਥੜਾਂ, ਬਲੈਕ ਬੋਰਡ ਪੈਂਨਸਲ ਤਰਾਸ਼ ਆਦਿ ਨੂੰ ਵਿਕਰੀ ਕਰ ਤੋਂ ਛੋਟ ਦਿਤੀ ਗਈ ਹੈ । (ਥੰਪਿੰਗ) ਮੈਨੂੰ ਆਸ ਹੈ ਕਿ ਅੱਗੇ ਤੋਂ ਸਾਡੇ ਬੱਚੇ ਸਖਤ ਮਿਹਨਤ ਕਰਕੇ ਅਗੇ ਵਧਣਗੇ ।

(iii) ਇਲੈਕਟ੍ਰੋਨਿਕ ਦੀਆਂ ਵਸਤਾਂ ਤੇ ਵਿਕਰੀ-ਕਰ ਘਟਾ ਕੇ 12 ਫ਼ੀਸਦੀ ਤੋਂ 10 ਫ਼ੀਸਦੀ ਅਤੇ ਸਟੇਸ਼ਨਰੀ ਤੇ 8 ਫ਼ੀਸਦੀ ਤੋਂ 6 ਫ਼ੀਸਦੀ ਕੀਤਾ ਜਾਵੇਗਾ । (ਥੰਪਿੰਗ)

(iv) ਬਨਾਸਪਤੀ ਘਿਉ, ਮਾਚਸ ਦੀਆਂ ਡੱਬੀਆਂ ਅਤੇ ਅਲੂਮੀਨੀਅਮ ਦੇ ਸਮਾਨ ਤੇ ਵਿਕਰੀ ਕਰ ਘਟਾ ਕੇ 8 ਫ਼ੀਸਦੀ ਤੋਂ 4 ਫ਼ੀਸਦੀ (ਥੰਪਿੰਗ) ਅਤੇ ਹੇਜ਼ਰੀ, ਤੇਲ ਦੇ ਬੀਜਾਂ, ਸੋਨੇ ਦੇ ਗਹਿਣਿਆਂ ਅਤੇ ਵੇਸਣ ਤੇ 4 ਫ਼ੀਸਦੀ ਤੋਂ 2 ਫ਼ੀਸਦੀ ਕੀਤਾ ਗਿਆ ਹੈ । (ਥੰਪਿੰਗ) ਇਸ ਨਾਲ ਸਾਡੀਆਂ ਭੈਣਾਂ ਅਤੇ ਗ੍ਰਹਿਣੀਆਂ ਨੂੰ ਖ਼ੁਸ਼ੀ ਹੋਵੇਗੀ ।

Original with;
Punjab Vidhan Sabha
Digitized by;
Panjab Digital Library

(v) ਡਰਾਈ ਬੈਟਰੀ ਸੈਲਾਂ, ਸਾਬਣ, ਡਿਟਰਜੈਂਟਾਂ, ਟੂਥ ਪੇਸਟਾਂ, ਟੂਥ-ਬ੍ਰੱਸ਼, ਦਵਾਈਆਂ, ਖਾਣ ਦੇ ਤੇਲ ਅਤੇ ਕਰਿਆਨੇ ਦੀਆਂ ਵਸਤਾਂ ਤੇ ਵਿਕਰੀ-ਕਰ ਘਟਾ ਕੇ 8 ਫ਼ੀਸਦੀ ਤੋਂ 6 ਫ਼ੀਸਦੀ ਕੀਤਾ ਗਿਆ ਹੈ । (ਥੰਪਿੰਗ)

(vi) ਦੁਪਹੀਆਂ ਗੱਡੀਆਂ ਤੇ ਵਿਕਰੀ-ਕਰ ਘਟਾ ਕੇ 10 ਫ਼ੀਸਦੀ ਤੋਂ 3 ਫ਼ੀਸਦੀ ਕੀਤਾ ਗਿਆ ਹੈ । (ਥੰਪਿੰਗ)

(vii) ਪੰਜਾਬੀਆਂ ਨੂੰ ਸੱਭ ਪਾਸੇ ਮਿਠਾਸ ਵੰਡਣ ਲਈ ਉਤਸ਼ਾਹਿਤ ਕਰਨ ਹਿਤ ਸ਼ਹਿਦ, ਸਬੰਧਤ ਸਾਜ਼-ਸਾਮਾਨ ਸਹਿਤ ਮਖੀਰ ਬਕਸੇ, ਮਖੀਰ ਮੋਮ ਅਤੇ ਪਰਾਗ ਨੂੰ ਵਿਕਰੀ-ਕਰ ਤੋਂ ਛੋਟ ਦਿੱਤੀ ਜਾਵੇਗੀ ।

(viii) ਜ਼ਮੀਨਦੋਜ਼ ਸਿੰਚਾਈ ਮੰਤਵਾਂ ਲਈ ਵਰਤੀਆਂ ਜਾਣ ਵਾਲੀਆਂ ਆਰ.ਸੀ.ਸੀ. ਅਤੇ ਪੀ.ਵੀ.ਸੀ. ਪਾਈਪਾਂ ਤੇ ਵਿਕਰੀ-ਕਰ ਘਟਾ ਕੇ 8 ਫ਼ੀਸਦੀ ਤੋਂ 4 ਫ਼ੀਸਦੀ ਕੀਤਾ ਗਿਆ ਹੈ । (ਥੰਪਿੰਗ)

(ix) ਰਾਜ ਤੋਂ ਬਾਹਰ ਕਾਗਜ਼ ਨਿਰਯਾਤ ਕਰਨ ਵਾਲੇ ਕਾਗਜ਼ ਉਤਪਾਦਕਾਂ ਦੇ ਸਬੰਧ ਵਿਚ ਵਿਕਰੀ-ਕਰ ਘਟਾ ਕੇ 4 ਫ਼ੀਸਦੀ ਤੋਂ 1 ਫ਼ੀਸਦੀ ਕੀਤਾ ਗਿਆ ਹੈ । (ਥੰਪਿੰਗ)

(x) ਟੈਕਸਟਾਈਲ ਪ੍ਰਾਸੈਸਿੰਗ ਯੂਨਿਟਾਂ ਨੂੰ ਵਿਕਰੀ-ਕਰ ਤੋਂ ਸਥਾਈ ਛੋਟ ਦਿੱਤੀ ਜਾਵੇਗੀ । (ਥੰਪਿੰਗ)

(xi) ਰਾਜ ਵਿਚ ਤਿਆਰ ਕੀਤੇ ਜਾਣ ਵਾਲੇ ਜ਼ਰਾਇਤੀ ਸੰਦਾਂ, ਜਿਨ੍ਹਾਂ ਨੂੰ ਮੌਜੂਦਾ ਸਮੇਂ ਵਿਕਰੀ-ਕਰ ਦੇਣ ਤੋਂ ਛੋਟ ਦਿੱਤੀ ਗਈ ਹੈ, ਦੀ ਸੂਚੀ ਨੂੰ ਹਰਿਆਣਾ ਰਾਜ ਦੇ ਪੈਟਰਨ ਤੇ ਵਧਾਇਆ ਜਾਵੇਗਾ । (ਥੰਪਿੰਗ)

(xii) ਲੋਹੇ ਦੇ ਸਟੀਲ ਅਤੇ ਬਨਾਸਪਤੀ ਉਤੇ ਕੇਂਦਰੀ ਵਿਕਰੀ ਕਰ ਘਟਾ ਕੇ 4 ਫ਼ੀਸਦੀ ਤੋਂ 2 ਫ਼ੀਸਦੀ ਕੀਤਾ ਜਾਵੇਗਾ । (ਥੰਪਿੰਗ)

ਉਕਤ ਸਾਰੀਆਂ ਛੋਟਾਂ ਪਹਿਲੀ ਅਪ੍ਰੈਲ, 1995 ਤੋਂ ਲਾਗੂ ਹੋਣਗੀਆਂ । ਮੈਂ ਆਸ ਕਰਦਾ ਹਾਂ ਕਿ ਮੇਰੇ ਵਪਾਰੀ ਮਿੱਤਰ ਇਹ ਰਿਆਇਤਾਂ ਮਿਲ ਜਾਣ ਉਪਰੰਤ ਰਾਜ ਦੇ ਖਜ਼ਾਨਿਆਂ ਵਿਚ ਵਧੀਕ ਕਰ ਆਮਦਨ ਦੁਆਰਾ ਵਾਧਾ ਕਰਨਾ ਯਕੀਨੀ ਬਣਾਉਣਗੇ । (ਥੰਪਿੰਗ)

(2) **ਕਰਮਚਾਰੀ**

ਸ਼੍ਰੀ ਮਾਨ ਜੀ, ਆਪ ਜੀ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸਾਡੀ ਸਰਕਾਰ ਦੇ ਕਰਮਚਾਰੀ ਦੇਸ਼ ਵਿਚ ਸਭ ਤੋਂ ਵੱਧ ਤਨਖਾਹ ਵਾਲੇ ਕਰਮਚਾਰੀ ਹਨ । ਰਾਜ

Original with;
Punjab Vidhan Sabha
Digitized by;
Panjab Digital Library

ਦਾ 60 ਫ਼ੀਸਦੀ ਮਾਲ-ਖ਼ਰਚ ਸਰਕਾਰੀ ਕਰਮਚਾਰੀਆਂ ਅਤੇ ਪੈਨਸ਼ਨਰਾਂ ਦੀਆਂ ਤਨਖ਼ਾਹਾਂ ਅਤੇ ਭੱਤਿਆਂ ਤੇ ਲੱਗ ਜਾਂਦਾ ਹੈ । ਸਾਲ 1986 ਵਿਚ ਸਾਡੀ ਸਰਕਾਰ ਨੇ ਸਾਡੇ ਕਰਮਚਾਰੀਆਂ ਦੇ ਤਨਖ਼ਾਹ ਸਕੇਲਾਂ ਵਿਚ ਸੋਧ ਕਰਨ ਵਾਸਤੇ ਤੀਜਾ ਤਨਖ਼ਾਹ ਕਮਿਸ਼ਨ ਬਿਠਾਇਆ ਸੀ । ਤੀਜੇ ਤਨਖ਼ਾਹ ਕਮਿਸ਼ਨ ਅਤੇ ਅਨੋਮਲੀ ਕਮੇਟੀ ਦੀ ਰਿਪੋਰਟ ਦੇ ਪ੍ਰਵਾਨ ਕਰ ਲਏ ਜਾਣ ਨਾਲ ਰਾਜ ਸਰਕਾਰ ਹਰ ਸਾਲ 1992 ਤੋਂ ਤਕਰੀਬਨ 130 ਕਰੋੜ ਰੁਪਏ ਦਾ ਵਧੀਕ ਖ਼ਰਚ ਉਠਾਉਂਦੀ ਰਹੀ ਹੈ । ਭਾਰਤ ਸਰਕਾਰ ਦੁਆਰਾ ਕੇਂਦਰੀ ਸਰਕਾਰ ਮੁਲਾਜ਼ਮਾਂ ਲਈ ਪੰਜਵਾਂ ਤਨਖ਼ਾਹ ਕਮਿਸ਼ਨ ਕਾਇਮ ਕਰ ਦਿੱਤੇ ਜਾਣ ਉਪਰੰਤ, ਪੰਜਾਬ ਦੇਸ਼ ਵਿਚ ਪਹਿਲਾ ਰਾਜ ਸੀ ਜਿਸ ਨੇ ਅਗਸਤ, 1994 ਵਿਚ ਰਾਜ ਦੇ ਕਰਮਚਾਰੀਆਂ ਲਈ ਤਨਖ਼ਾਹ ਕਮਿਸ਼ਨ ਕਾਇਮ ਕਰ ਦਿੱਤਾ । (ਥੰਪਿੰਗ) ਇਸ ਕਮਿਸ਼ਨ ਦੇ ਮੁੱਖੀ ਪਟਨਾ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਮਿ. ਜਸਟਿਸ ਸੰਧਾਵਾਲੀਆ ਹਨ ਅਤੇ ਇਸ ਵਿਚ ਭਾਰਤ ਸਰਕਾਰ ਦੇ ਸੇਵਾ-ਨਿਵਰਤ ਸਕੱਤਰ ਅਤੇ ਸ਼੍ਰੀ ਬੀ. ਬੀ. ਮਹਾਜਨ ਸੀਨੀਅਰ ਮੈਂਬਰ ਵੱਜੋਂ ਸ਼ਾਮਲ ਹਨ । ਤਨਖ਼ਾਹ ਕਮਿਸ਼ਨ, ਤਨਖ਼ਾਹ ਸਕੇਲਾਂ ਵਿਚ ਸੋਧਾਂ ਸਬੰਧੀ ਤਜਵੀਜ਼ਾਂ ਦੇ ਸਾਰਿਆਂ ਪਹਿਲੂਆਂ ਤੇ ਵਿਚਾਰ ਕਰ ਰਿਹਾ ਹੈ ਅਤੇ ਜਲਦੀ ਹੀ ਆਪਣੀ ਰਿਪੋਰਟ ਪੇਸ਼ ਕਰ ਦੇਵੇਗਾ । ਸ੍ਰੀ ਮਾਨ ਜੀ, ਮੈਨੂੰ ਇਹ ਐਲਾਨ ਕਰਨ ਵਿਚ ਖੁਸ਼ੀ ਹੈ ਕਿ ਸਾਨੂੰ ਹੁਣੇ-ਹੁਣੇ ਪ੍ਰਾਪਤ ਹੋਈਆਂ ਤਨਖਾਹ ਕਮਿਸ਼ਨ ਦੀਆਂ ਅੰਤਰਿਮ ਸਿਫਾਰਸ਼ਾਂ ਤੇ ਵਿਚਾਰ ਕਰਨ ਉਪਰੰਤ ਰਾਜ ਸਰਕਾਰ ਨੇ 3500 ਰੁਪਏ ਤੋਂ ਘਟ ਮੂਲ ਤਨਖਾਹ ਪ੍ਰਾਪਤ ਕਰਨ ਵਾਲੇ ਕਰਮਚਾਰੀ ਨੂੰ 150 ਰੁਪਏ ਮਾਸਕ ਦਾ ਅੰਤਰਿਮ ਰਾਹਤ ਦੇਣ ਕੀਤਾ ਹੈ । (ਥੰਪਿੰਗ) । ਉਨ੍ਹਾਂ ਕਰਮਚਾਰੀਆਂ ਲਈ ਜਿਹੜੇ 3500 ਰਪਏ ਅਤੇ ਵੱਧ ਤਨਖ਼ਾਹ ਲੈ ਰਹੇ ਹਨ, ਨੂੰ 200 ਰਪਏ ਮਾਸਕ ਅੰਤਰਿਮ ਰਾਹਤ ਦਿਤੀ ਜਾਵੇਗੀ । (ਥੰਪਿੰਗ) ਕਰਮਚਾਰੀਆਂ ਨੂੰ ਅੰਤਰਿਮ ਰਾਹਤ ਅਪ੍ਰੈਲ, 1995 ਤੋਂ ਉਨ੍ਹਾਂ ਦੀਆਂ ਤਨਖ਼ਾਹਾਂ ਨਾਲ ਨਕਦ ਮਿਲੇਗੀ । (ਥੰਪਿੰਗ) ਪੰਜਾਬ ਸਰਕਾਰ ਦੁਆਰਾ ਦਿੱਤੀ ਜਾਣ ਵਾਲੀ ਅੰਤਰਿਮ ਰਾਹਤ ਦੀ ਮਾਤਰਾ ਕੇਂਦਰ ਸਰਕਾਰ ਅਤੇ ਦੇਸ਼ ਦੀਆਂ ਹੋਰਨਾਂ ਰਾਜ ਸਰਕਾਰਾਂ ਵੱਲੋਂ ਦਿਤੀ ਜਾਂਦੀ ਅੰਤਰਿਮ ਰਾਹਤ ਤੋਂ ਉਚੇਰੀ ਹੈ । ਇਸ ਨਾਲ, ਸਾਲ ਦੌਰਾਨ ਦਿੱਤੀ ਜਾਣ ਵਾਲੀ ਕੇਵਲ ਅੰਤਰਿਮ ਰਾਹਤ ਕਾਰਨ ਹੀ ਰਾਜ ਦੇ ਖਜ਼ਾਨੇ ਤੇ 65 ਕਰੋੜ ਰੁਪਏ ਦਾ ਵਧੀਕ ਵਿੱਤੀ ਬੋਝ ਪਵੇਗਾ । ਇਹ ਰਾਜ ਦੇ ਆਪਣੇ ਵਸੀਲਿਆਂ, ਜੋ ਸਾਲਾਨਾ ਯੋਜਨਾ 1995-96 ਲਈ ਫੰਡ ਮੁਹੱਈਆ ਕਰਨ ਵਾਸਤੇ ਰਾਜ ਸਰਕਾਰ ਪਾਸ ਉਪਲਬਧ ਹਨ, ਦਾ 8 ਫ਼ੀਸਦੀ (875 ਕਰੋੜ ਰੁਪਏ ਬਣਦਾ) ਹੈ । ਸਾਲ 1995-96 ਦੌਰਾਨ ਰਾਜ ਸਰਕਾਰ ਇਸ ਵਧੀਕ ਵਿੱਤੀ-ਬੋਝ ਨੂੰ ਬਰਦਾਸ਼ਤ ਕਰਨ ਲਈ ਸਾਰਿਆਂ ਵਸੀਲਿਆਂ ਤੋਂ ਵਿੱਤ ਜੁਟਾਉਣ ਦੀ ਕੋਸ਼ਿਸ਼ ਕਰੇਗੀ । ਮੈਂ ਸਰਕਾਰੀ ਕਰਮਚਾਰੀਆਂ ਨੂੰ ਇਹ ਯਕੀਨ ਵੀ ਦਿਵਾਉਣਾ ਚਾਹਾਂਗਾ ਕਿ ਜਦੋਂ ਸਾਨੂੰ ਤਨਖ਼ਾਹ ਕਮਿਸ਼ਨ ਦੀ ਅੰਤਮ ਰਿਪੋਰਟ ਪ੍ਰਾਪਤ ਹੋ ਜਾਵੇਗੀ ਉਸ ਦੇ ਆਧਾਰ ਤੇ ਉਹ ਹੋਰ ਵੀ ਵਧੇਰੇ ਵਿੱਤੀ ਲਾਭ ਪ੍ਰਾਪਤ ਕਰ ਸਕਣ ਦੀ ਉਮੀਦ ਰੱਖ ਸਕਦੇ ਹਨ ।' (ਥੰਪਿੰਗ)

ਸੇਵਾ ਕਰ ਰਹੇ ਐਡਹਾਕ ਕਰਮਚਾਰੀਆਂ ਦੇ ਸਬੰਧ ਵਿਚ, ਮੈਂ ਆਪਜੀ ਨੂੰ ਇਹ ਦੱਸਣਾ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਚਾਹੁੰਗਾ ਕਿ ਅਸੀਂ ਉਨ੍ਹਾਂ ਸਮੂਹ ਅੰਡਹਾਕ/ਆਰਜ਼ੀ ਕਰਮਚਾਰੀਆਂ (ਦਰਜਾ III ਅਤੇ IV) ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨ/ਰੈਗੂਲਰ ਕਰਨ ਦਾ ਫ਼ੈਸਲਾ ਕੀਤਾ ਹੈ (ਥੰਪਿੰਗ) ਜਿਨ੍ਹਾਂ ਨੇ 31 ਦਸੰਬਰ, 1994 ਨੂੰ ਘੱਟੋ ਘੱਟ 240 ਦਿਨਾਂ ਦੀ ਸੇਵਾ ਦੀ ਮਿਆਦ ਪੂਰੀ ਕਰ ਲਈ ਹੈ। ਉਨ੍ਹਾਂ ਨੂੰ ਰੈਗੂਲਰ ਕਰ ਦਿੱਤਾ ਜਾਵੇਗਾ। (ਥੰਪਿੰਗ)

ਸਾਡੀ ਸਰਕਾਰ ਨੇ ਸਰਕਾਰੀ ਕਰਮਚਾਰੀਆਂ ਨੂੰ ਮਕਾਨ-ਉਸਾਰੀ ਕਰਜ਼ੇ ਦੇਣ ਦੀ ਹੱਕਦਾਰੀ 2.50 ਲੱਖ ਰੁਪਏ ਤੋਂ ਵਧਾ ਕੇ 3.50 ਲੱਖ ਰੁਪਏ ਕਰ ਦਿੱਤੀ ਹੈ। (ਥੰਪਿੰਗ) ਨਾਲ ਹੀ ਜੇਕਰ ਜੀਵਨ ਸਾਥੀ ਵੀ ਸਰਕਾਰੀ ਨੌਕਰੀ ਵਿਚ ਹੋਵੇ, ਤਾਂ ਵੀ ਸਰਕਾਰੀ ਕਰਮਚਾਰੀ ਮਕਾਨ ਉਸਾਰੀ ਕਰਜ਼ਾ ਲੈਣ ਦਾ ਹੱਕਦਾਰ ਹੋਵੇਗਾ। ਪਰ ਸ਼ਰਤ ਇਹ ਹੈ ਕਿ ਪਤੀ-ਪਤਨੀ ਦੋਨਾਂ ਲਈ ਅਜਿਹੇ ਕਰਜ਼ੇ ਦੀ ਸੀਮਾ ਪੰਜ ਲੱਖ ਰੁਪਏ ਤਕ ਹੋਵੇਗੀ। (ਥੰਪਿੰਗ)

ਸਰਕਾਰੀ ਕਰਮਚਾਰੀਆਂ ਨੂੰ ਆਧੁਨਿਕ ਤਕਨਾਲੋਜੀ ਵਿਚ ਪ੍ਰਵੇਸ਼ ਕਰਨ ਲਈ ਉਤਸ਼ਾਹਤ ਕਰਨ ਹਿਤ ਅਸੀਂ ਸਰਕਾਰੀ ਕਰਮਚਾਰੀਆਂ ਨੂੰ ਕੰਪਿਊਟਰ ਖਰੀਦਣ ਲਈ ਕਰਜ਼ੇ ਦੇਣ ਵਾਸਤੇ ਦੋ ਕਰੋੜ ਰੁਪਏ ਦੀ ਰਕਮ ਇਕ ਪਾਸੇ ਰੱਖ ਲੈਣ ਦਾ ਫ਼ੈਸਲਾ ਕੀਤਾ ਹੈ। ਮੈਂ ਉਮੀਦ ਕਰਦਾ ਹਾਂ ਕਿ ਕਰਮਚਾਰੀ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਮੈਂਬਰ ਕੰਪਿਊਟਰ ਦੇ ਜਾਣਕਾਰ ਬਣਨਗੇ ਅਤੇ ਇਸ ਸਦਕਾ ਦੇਸ਼ ਦੇ ਉਤਪਾਦਨ ਮਨੱਖੀ ਸਾਧਨਾਂ ਵਿਚ ਵਾਧਾ ਕਰਨਗੇ।

ਅਸੀਂ ਵਿਸ਼ੇਸ਼ ਕਰਕੇ ਆਪਣੇ ਮਹਿਲਾ ਕਰਮਚਾਰੀਆਂ ਦੀ ਭਲਾਈ ਲਈ ਉਤਸੁਕ ਹਾਂ। ਰੈਗੂਲਰ ਮਹਿਲਾ ਕਰਮਚਾਰੀਆਂ ਨੂੰ ਕੁਝ ਸਮੇਂ ਲਈ ਅੰਸ਼ਕਾਲੀ ਆਧਾਰ ਤੇ ਕੰਮ ਕਰ ਸਕਣ ਦੇ ਯੋਗ ਬਣਾਉਣ ਲਈ, ਰਾਜ ਸਰਕਾਰ ਨੇ ਸੇਵਾ ਨਿਯਮਾਂ ਵਿਚ ਸੋਧ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਉਹ ਆਪਣੇ ਛੋਟੇ ਬੱਚਿਆਂ ਦੀ ਦੇਖ ਭਾਲ ਕਰ ਸਕਣ। ਜਿਸ ਸਮੇਂ ਦੌਰਾਨ ਅਜਿਹੇ ਕਰਮਚਾਰੀ ਅੰਸ਼ਕਾਲੀ ਆਧਾਰ ਤੇ ਕੰਮ ਕਰਨਗੇ, ਉਨ੍ਹਾਂ ਨੂੰ ਉਸ ਸਮੇਂ ਦੌਰਾਨ ਅਨੁਪਾਤਕ ਤਨਖਾਹ ਦਿਤੀ ਜਾਵੇਗੀ। ਪਰੰਤੂ ਉਨ੍ਹਾਂ ਦੀ ਸੇਵਾ ਸੁਰੱਖਿਅਤ ਰਹੇਗੀ। (ਥੰਪਿੰਗ)

ਮਹਿਲਾ ਕਰਮਚਾਰੀਆਂ ਦੇ ਨੁਮਾਇੰਦਿਆਂ ਨਾਲ ਸਲਾਹ ਕਰਕੇ ਸਰਕਾਰ ਦੁਆਰਾ ਇਸ ਸਕੀਮ ਦੀ ਤਜਵੀਜ਼ ਨੂੰ ਅੰਤਮ ਰੂਪ ਦਿੱਤਾ ਜਾਵੇਗਾ। ਮਹਿਲਾ ਕਰਮਚਾਰੀਆਂ ਨੂੰ ਆਪ ਵੀ ਡਿਊਟੀਆਂ ਨਿਭਾਉਣ ਵਿਚ ਦਰਪੇਸ਼ ਕਿਸੇ ਵੀ ਵਿਸ਼ੇਸ਼ ਸਮੱਸਿਆ ਤੇ ਵਿਚਾਰ ਕਰਨ ਲਈ, ਅਸੀਂ ਰਾਜ ਸਰਕਾਰ ਦੀ ਇਕ ਸੀਨੀਅਰ ਮਹਿਲਾ ਕਰਮਚਾਰੀ ਨੂੰ ਨਾਮਜ਼ਦ ਕਰਨ ਦਾ ਫ਼ੈਸਲਾ ਵੀ ਕੀਤਾ ਹੈ।

(3) **ਸਰਕਾਰੀ ਸਹਾਇਤਾ-ਪ੍ਰਾਪਤ ਪ੍ਰਾਈਵੇਟ ਕਾਲਜਾਂ ਦੇ ਅਧਿਆਪਕਾਂ ਲਈ ਪੈਨਸ਼ਨ** :— ਰਾਜ ਵਿਚਲੇ ਸਰਕਾਰੀ ਸਹਾਇਤਾ-ਪ੍ਰਾਪਤ ਪ੍ਰਾਈਵੇਟ ਕਾਲਜਾਂ ਦੇ ਅਧਿਆਪਕਾਂ ਸਰਕਾਰੀ ਕਾਲਜਾਂ ਵਿਚ ਕੰਮ ਕਰਦੇ ਅਧਿਆਪਕਾਂ ਨੂੰ ਦਿੱਤੇ ਜਾ ਰਹੇ ਪੈਨਸ਼ਨ ਲਾਭਾਂ ਦੇ

Original with;
Punjab Vidhan Sabha
Digitized by;
Punjab Digital Library

ਬਰਾਬਰ ਲਾਭ ਦਿੱਤੇ ਜਾਣ ਲਈ ਮੰਗ ਕਰਦੇ ਹਨ । ਸਪੱਸ਼ਟ ਤੌਰ ਤੇ ਕਿਹਾ ਜਾਵੇ ਤਾਂ ਪ੍ਰਾਈਵੇਟ ਸੰਸਥਾਵਾਂ ਵਿਚਲੇ ਕਰਮਚਾਰੀਆਂ ਦੀਆਂ ਸੇਵਾ-ਸ਼ਰਤਾਂ ਸਰਕਾਰੀ ਕਰਮਚਾਰੀਆਂ ਦੀਆਂ ਸੇਵਾ-ਸ਼ਰਤਾਂ ਦੇ ਬਰਾਬਰ ਨਹੀਂ ਹਨ । ਅੱਪਰ, ਵਿਸ਼ੇਸ਼ ਕਾਰਜ ਵਜੋਂ ਰਾਜ ਸਰਕਾਰ ਨੇ ਇਨ੍ਹਾਂ ਕਾਲਜਾਂ ਦੇ ਅਧਿਆਪਨ ਅਮਲੇ ਲਈ ਪੈਨਸ਼ਨ ਸਕੀਮ ਲਾਗੂ ਕਰਨ ਦਾ ਫ਼ੈਸਲਾ ਕਰ ਦਿਤਾ ਹੈ । (ਥੰਪਿੰਗ) ਇਨ੍ਹਾਂ ਕਰਮਚਾਰੀਆਂ ਦੇ ਅੰਸ਼ਦਾਈ ਪ੍ਰਾਵੀਡੈਂਟ ਫੰਡ ਦੇ (ਸੀ. ਪੀ. ਅੱਫ.) ਹਿੱਸੇ ਵਿਚੋਂ ਮੂਲ ਰਕਮ ਦੀ ਵਿਵਸਥਾ ਕੀਤੀ ਜਾਵੇਗੀ । ਇਨ੍ਹਾਂ ਕਾਲਜਾਂ ਦੇ ਰਿਟਾਇਰ ਹੋ ਰਹੇ ਕਰਮਚਾਰੀਆਂ ਦੀ ਪੈਨਸ਼ਨ ਦੇਣਦਾਰੀ ਲਈ ਮੂਲ ਰਕਮ ਦਾ ਫੰਡ ਹੀ ਕਾਫ਼ੀ ਹੋਣਾ ਚਾਹੀਦਾ ਹੈ ।

(4) ਅਲਪਤਮ ਉਜਰਤ

ਰਾਜ ਸਰਕਾਰ ਨੇ ਰਾਜ ਵਿਚ ਕਾਮਿਆਂ ਲਈ ਅਲਪਤਮ ਉਜਰਤਾਂ ਦੀ ਅਦਾਇਗੀ ਯਕੀਨੀ ਬਣਾਈ ਹੈ । ਪੰਜਾਬ ਦੇਸ਼ ਵਿਚ ਪਹਿਲਾ ਰਾਜ ਹੈ ਜਿਸ ਨੇ ਅਲਪਤਮ ਉਜਰਤਾਂ ਨੂੰ ਖ਼ਪਤਕਾਰ ਕੀਮਤ ਸੂਚੀ ਅੰਕ ਨਾਲ ਜੋੜਿਆ ਹੈ ਅਤੇ ਸਮੇਂ ਸਮੇਂ ਅਲਪਤਮ ਉਜਰਤਾਂ ਵਿਚ ਸੋਧ ਕੀਤੀ ਜਾਂਦੀ ਹੈ । ਅਸੀਂ ਅਕੁਸ਼ਲ ਕਾਮਿਆਂ ਦੀਆਂ ਅਲਪਤਮ ਉਜਰਤਾਂ ਵਧਾਕੇ 1193.90 ਤੋਂ 1350 ਰੁਪਏ ਮਾਸਕ ਕੀਤੀਆਂ ਹਨ (ਥੰਪਿੰਗ) ਜੋ ਦਿੱਲੀ ਰਾਜ ਤੋਂ ਛੁਟ, ਦੇਸ਼ ਵਿਚ ਸੱਭ ਤੋਂ ਜ਼ਿਆਦਾ ਹਨ ।

(ਥੰਪਿੰਗ)

(5) ਨੇਤਰਹੀਣਾਂ ਲਈ ਸਹਾਇਤਾ

ਸਾਨੂੰ ਸਾਡੇ ਉਨ੍ਹਾਂ ਭਰਾਵਾਂ ਅਤੇ ਭੈਣਾਂ ਨਾਲ ਹਮਦਰਦੀ ਹੈ ਜਿਹੜੇ ਕਿ ਵੇਖਣ ਪੱਖੋਂ ਅਪੰਗ ਹਨ । ਸਰਕਾਰ ਨੇ ਨੇਤਰਹੀਣਾਂ ਨੂੰ ਹੇਠ ਲਿਖੀਆਂ ਵਿਸ਼ੇਸ਼ ਸਹੂਲਤਾਂ ਦੇਣ ਦਾ ਨਿਰਣਾ ਕੀਤਾ ਹੈ ।

(i) ਸਰਕਾਰੀ ਸੇਵਾਵਾਂ ਵਿਚ ਨੇਤਰਹੀਣ ਵਿਅਕਤੀਆਂ ਦੀ ਰਿਟਾਇਰਮੈਂਟ ਵਿਚ ਉਮਰ ਦੀ ਹੱਦ 58 ਸਾਲ ਤੋਂ ਵਧਾ ਕੇ 60 ਸਾਲ ਕਰ ਦਿੱਤੀ ਹੈ । (ਥੰਪਿੰਗ)

(ii) ਸਰਕਾਰੀ ਅਦਾਰਿਆਂ ਵਿਚ ਵਰਗ-3 ਅਤੇ ਵਰਗ-4 ਵਿਚ ਅਪੰਗ ਵਿਅਕਤੀਆਂ ਦੀ ਸਿੱਧੀ ਭਰਤੀ ਦੀਆਂ 2 ਫ਼ੀਸਦੀ ਰਾਖਵੀਆਂ ਆਸਾਮੀਆਂ ਵਿਚੋਂ 50 ਫ਼ੀਸਦੀ ਅਰਥਾਤ ਕੁਲ ਆਸਾਮੀਆਂ ਦਾ 1 ਫ਼ੀਸਦੀ, ਨੇਤਰਹੀਣ ਵਿਅਕਤੀਆਂ ਲਈ ਰਾਖਵਾਂ ਰੱਖ ਦਿੱਤਾ ਗਿਆ ਹੈ ।

(6) ਰਾਹਤ ਅਤੇ ਮੁੜ ਵਸੇਬਾ

ਸਰਕਾਰ ਨੇ ਅਤਿਵਾਦੀ ਹਿੰਸਾ ਦੌਰਾਨ ਮਾਰੇ ਗਏ ਵਿਅਕਤੀਆਂ ਦੇ ਆਸ਼ਰਿਤਾਂ ਲਈ ਐਕਸ-ਗ੍ਰੇਸ਼ੀਆ ਗ੍ਰਾਂਟ ਦੀ ਰਕਮ 50,000 ਰੁਪਏ ਤੋਂ ਵਧਾ ਕੇ ਇਕ ਲੱਖ ਰੁਪਏ ਕਰ ਦਿੱਤੀ ਹੈ । (ਥੰਪਿੰਗ) ਫ਼ਰਵਰੀ, 1992 ਵਿਚ ਸਾਡੀ ਸਰਕਾਰ ਵੱਲੋਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕਾਰਜ-ਭਾਰ ਸੰਭਾਲਣ ਤੋਂ ਬਾਅਦ ਜਿਹੜੇ ਵਿਅਕਤੀ ਅਤਿਵਾਦੀ ਹਿੰਸਾ ਦਾ ਸ਼ਿਕਾਰ ਹੋਏ ਹਨ, ਉਹਨਾਂ ਦੇ ਆਸ਼ਰਿਤਾਂ ਨੂੰ ਵੀ ਇਹ ਸਹਾਇਤਾ ਰਕਮ ਦਿੱਤੀ ਜਾਵੇਗੀ। ਸਾਲ 1995-96 ਦੌਰਾਨ ਸਰਕਾਰ ਉਨ੍ਹਾਂ ਵਿਅਕਤੀਆਂ, ਜੋ 1982 ਅਤੇ ਫ਼ਰਵਰੀ, 1992 ਦੇ ਅਰਸੇ ਦੌਰਾਨ ਦਹਿਸ਼ਤਗਰਦੀ ਦਾ ਸ਼ਿਕਾਰ ਹੋਏ, ਦੇ ਆਸ਼ਰਿਤਾਂ ਨੂੰ ਵੀ ਇਸ ਸਹਾਇਤਾ ਰਕਮ ਦਾ ਲਾਭ ਪਹੁੰਚਾਏਗੀ। ਜਿੱਥੋਂ ਤਕ ਅਤਿਵਾਦੀ ਹਿੰਸਾ ਦਾ ਸ਼ਿਕਾਰ ਵਿਅਕਤੀਆਂ ਦੇ ਸਕੂਲ ਅਤੇ ਕਾਲਜ ਪੜ੍ਹਦੇ ਬੱਚਿਆਂ ਲਈ 300 ਰੁਪਏ ਅਤੇ 500 ਰੁਪਏ ਦੀ ਐਕਸ-ਗ੍ਰੇਸ਼ੀਆ ਗ੍ਰਾਂਟ ਦੀ ਰਕਮ ਦੀ ਅਦਾਇਗੀ ਦਾ ਸਬੰਧ ਹੈ ਇਹ ਉਹਨਾਂ ਸਰਕਾਰੀ ਕਰਮਚਾਰੀਆਂ, ਜੋ ਬਦਕਿਸਮਤੀ ਨਾਲ ਅੱਤਵਾਦ ਦਾ ਸ਼ਿਕਾਰ ਹੋਏ, ਦੇ ਬੱਚਿਆਂ ਨੂੰ ਵੀ ਇਸੇ ਹਿਸਾਬ ਨਾਲ ਦਿੱਤੀ ਜਾਵੇਗੀ। (ਥੰਪਿੰਗ) ਅਸੀਂ ਇਹ ਵੀ ਫ਼ੈਸਲਾ ਕੀਤਾ ਹੈ ਕਿ 1984 ਦੇ ਦੰਗਿਆਂ ਦੌਰਾਨ ਮਾਰੇ ਗਏ ਵਿਅਕਤੀਆਂ ਦੀਆਂ ਵਿਧਵਾਵਾਂ ਦੀ ਪੈਨਸ਼ਨ ਪਹਿਲੀ ਅਪ੍ਰੈਲ, 1995 ਤੋਂ 1000 ਰੁਪਏ ਮਾਹਵਾਰ ਤੋਂ ਵਧਾ ਕੇ 1,500 ਰੁਪਏ ਮਾਹਵਾਰ ਕਰ ਦਿੱਤੀ ਜਾਵੇ। (ਥੰਪਿੰਗ) ਇਸ ਤਰ੍ਹਾਂ ਉਨ੍ਹਾਂ ਦੀਆਂ ਪੈਨਸ਼ਨਾਂ, ਦਹਿਸ਼ਤਗਰਦੀ ਦੇ ਸ਼ਿਕਾਰ ਵਿਅਕਤੀਆਂ ਦੀਆਂ ਵਿਧਵਾਵਾਂ ਨੂੰ ਮਿਲ ਰਹੀ ਪੈਨਸ਼ਨ ਦੇ ਬਰਾਬਰ ਹੋ ਜਾਣਗੀਆਂ।

(7) ਆਜ਼ਾਦੀ ਘੁਲਾਟੀਏ

ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਆਜ਼ਾਦੀ ਘੁਲਾਟੀਆਂ ਵਲੋਂ ਕੀਤੀਆਂ ਗਈਆਂ ਕੁਰਬਾਨੀਆਂ ਨੂੰ ਸਾਡਾ ਰਾਜ ਹਮੇਸ਼ਾ ਯਾਦ ਰੱਖਦਾ ਹੈ। ਪਹਿਲੀ ਅਪ੍ਰੈਲ, 1993 ਤੋਂ ਅਸੀਂ ਸੁਤੰਤਰਤਾ ਸੰਗਰਾਮੀਆਂ ਦੀ ਪੈਨਸ਼ਨ ਦੀ ਦਰ 400 ਰੁਪਏ ਤੋਂ ਵਧਾ ਕੇ 500 ਰੁਪਏ ਮਾਹਵਾਰ ਕਰ ਦਿਤੀ ਸੀ। ਪਹਿਲੀ ਅਪ੍ਰੈਲ, 1995 ਤੋਂ ਅਸੀਂ ਇਹ ਪੈਨਸ਼ਨ ਦੀ ਦਰ ਹੁਣ ਫੇਰ 500 ਰਪਏ ਤੋਂ ਵਧਾ ਕੇ 600 ਰੁਪਏ ਮਾਹਵਾਰ ਕਰਨ ਦਾ ਫ਼ੈਸਲਾ ਕੀਤਾ ਹੈ। (ਥੰਪਿੰਗ)

(8) ਬੁੱਢਾਪਾ ਪੈਨਸ਼ਨਾਂ

ਪਹਿਲੀ ਅਪ੍ਰੈਲ, 1995 ਤੋਂ ਬਜ਼ੁਰਗਾਂ, ਵਧਵਾਵਾਂ ਅਤੇ ਮੁਥਾਜ ਔਰਤਾਂ, ਅਪਾਹਜ ਅਤੇ ਸਰੀਰਕ ਤੌਰ ਤੇ ਨਕਾਰਾ ਵਿਅਕਤੀਆਂ ਲਈ ਪੈਨਸ਼ਨ ਦੀ ਦਰ 150 ਰੁਪਏ ਮਾਹਵਾਰ ਤੋਂ ਵਧਾ ਕੇ 200 ਰਪਏ ਮਾਹਵਾਰ ਕਰ ਦੇਣ ਦਾ ਫ਼ੈਸਲਾ ਕੀਤਾ ਹੈ।

(9) ਕਾਰਪੋਰੇਸ਼ਨ-ਕਸਬਿਆਂ ਲਈ ਵਿਸ਼ੇਸ਼ ਐਲੋਕੇਸ਼ਨ

ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਦੇ ਤਿੰਨ ਪ੍ਰਮੁੱਖ ਕਸਬਿਆਂ ਵਿਚ ਬੁਨਿਆਦੀ ਸਹੂਲਤਾਂ ਦੇ ਵਾਧੇ ਲਈ ਸਾਲ 1994-95 ਦੌਰਾਨ 6 ਕਰੋੜ ਰੁਪਏ (ਹਰੇਕ ਸ਼ਹਿਰ ਲਈ 2 ਕਰੋੜ ਰੁਪਏ) ਦੀ ਰਕਮ (ਓ) ਦਮੋਰੀਆਂ ਪੁਲ

Original with;
Punjab Vidhan Sabha
Digitized by;
Panjab Digital Library

ਲੁਧਿਆਣਾ ਅਤੇ (ਅ) ਦਮੋਰੀਆ ਪੁਲ, ਜਲੰਧਰ ਨੂੰ ਚੌੜਾ ਕਰਨ ਅਤੇ (ਏ) ਅੰਮ੍ਰਿਤਸਰ ਵਿਚ ਬਰਸਾਤੀ ਪਾਣੀ ਦੇ ਨਿਕਾਸ ਅੰਮ੍ਰਿਤਸਰ 'ਨਾਲਾ' ਅਤੇ ਸੰਕਟਕਾਲੀ ਸੀਵਰੇਜ ਕਾਰਜਾਂ ਦੇ ਸੁਧਾਰ ਹਿਤ ਦਿੱਤੀ ਜਾ ਰਹੀ ਹੈ ।

ਅੰਮ੍ਰਿਤਸਰ ਵਿਖੇ ਪਵਿੱਤਰ ਹਰਿਮੰਦਰ ਸਾਹਿਬ ਦੁਆਲੇ ਗਲਿਆਰਾ ਬਣਾਉਣ ਦੀ ਜੋ ਸਕੀਮ ਬਣਾਈ ਗਈ ਸੀ, ਉਸ ਨੂੰ ਹਰ ਪਾਸਿਉਂ ਸਰਬ-ਸੰਮਤੀ ਨਾਲ ਪਰਵਾਨ ਕੀਤਾ ਗਿਆ ਹੈ । ਇਹ ਸੁੰਦਰ ਸਕੀਮ, ਜਿਸ ਲਈ 1995-96 ਦੇ ਬਜਟ ਵਿਚ 17 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ, ਨੂੰ ਇਸ ਸਾਲ ਦੇ ਦੌਰਾਨ ਮੁਕੰਮਲ ਕਰ ਲਿਆ ਜਾਵੇਗਾ । (ਥੰਪਿੰਗ)

ਤਿੰਨ ਨਗਰ ਨਿਗਮਾਂ ਦੇ ਪ੍ਰਬੰਧ ਨੂੰ ਹੋਰ ਮਜ਼ਬੂਤ ਕਰਨ ਲਈ ਮੇਅਰਾਂ ਨੂੰ ਰਾਜ ਦੇ ਹੋਰਨਾਂ ਕਸਬਿਆਂ ਵਿਚਲੇ ਨਗਰ ਪਾਲਿਕਾਵਾਂ ਦੇ ਪ੍ਰਧਾਨਾਂ ਦੁਆਰਾ ਵਰਤੇ ਜਾਂਦੇ ਇਖਤਿਆਰਾਂ ਦੇ ਬਰਾਬਰ ਹੀ ਪ੍ਰਬੰਧਕੀ ਅਤੇ ਵਿੱਤੀ ਇਖਤਿਆਰ ਦਿੱਤੇ ਜਾ ਰਹੇ ਹਨ । ਇਸ ਦੇ ਨਾਲ ਹੀ ਇਨ੍ਹਾਂ ਸਾਰੇ ਤਿੰਨ ਨਗਰ-ਨਿਗਮ ਕਸਬਿਆਂ ਦੇ ਚੁਣੇ ਗਏ ਕੌਂਸਲਰਾਂ ਨੂੰ ਅਸਰਦਾਰ ਢੰਗ ਨਾਲ ਜਨਤਾ ਦੀ ਸੇਵਾ ਕਰਨ ਅਤੇ ਜਨਤਾ ਨਾਲ ਸੰਪਰਕ ਕਾਇਮ ਕਰਨ ਦੇ ਸਮਰੱਥ ਬਣਾਉਣ ਹਿੱਤ ਇਹਨਾਂ ਲਈ 2,000 (ਦੋ ਹਜ਼ਾਰ) ਰੁਪਏ ਮਾਹਵਾਰ ਹਲਕਾ ਭੱਤਾ ਪ੍ਰਵਾਨ ਕੀਤਾ ਜਾ ਰਿਹਾ ਹੈ । (ਥੰਪਿੰਗ) ਇਹ ਖ਼ਰਚਾ ਸਬੰਧਤ ਨਗਰ ਨਿਗਮ ਦੁਆਰਾ ਕੀਤਾ ਜਾਵੇਗਾ ।

(10) ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਦੀਆਂ ਬਸਤੀਆਂ ਦੇ ਚੌਗਿਰਦੇ ਅੰਦਰ ਸੁਧਾਰ

ਪਿੰਡਾਂ ਵਿਚ ਰਹਿ ਰਹੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੋਕਾਂ ਵਲੋਂ ਕੂੜਾ ਕਰਕਟ ਸੁੱਟਣ ਵਾਸਤੇ ਵਰਤੀਆਂ ਜਾਂਦੀਆਂ ਰੂੜੀਆਂ ਲਈ ਟੋਏ ਬਣਾਉਣ ਸਬੰਧੀ ਜ਼ਮੀਨ ਲਈ 1,000 ਪ੍ਰਤੀ ਮਰਲਾ ਰਕਮ ਪ੍ਰਵਾਨ ਕੀਤੀ ਗਈ ਹੈ । ਜ਼ਮੀਨ ਦੇ ਦੇ ਵਧ ਰਹੇ ਭਾਅ ਕਾਰਣ ਪਹਿਲੀ ਅਪ੍ਰੈਲ, 1995 ਤੋਂ ਇਹ ਰਕਮ 1,000 ਰੁਪਏ ਤੋਂ ਵਧਾ ਕੇ 5,000 ਰੁਪਏ ਪ੍ਰਤੀ ਮਰਲਾ ਕਰ ਦਿੱਤੀ ਗਈ ਹੈ ।

(11) ਸਰਕਾਰੀ ਹਸਪਤਾਲਾਂ ਲਈ ਦਵਾਈ

ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਸਾਡੇ ਹਸਪਤਾਲਾਂ ਵਿਚ ਗਰੀਬਾਂ ਅਤੇ ਲੋੜਵੰਦਾਂ ਨੂੰ ਡਾਕਟਰੀ ਸੇਵਾਵਾਂ ਦੀ ਜ਼ਰੂਰਤ ਅਨੁਸਾਰ ਦਵਾਈਆਂ ਦੀ ਸਪਲਾਈ ਬੜੀ ਘੱਟ ਹੈ । ਦਵਾਈਆਂ ਦੀ ਕੀਮਤ ਵੀ ਵਧ ਗਈ ਹੈ । ਇਸ ਲਈ ਮੇਰੀ ਤਜਵੀਜ਼ ਹੈ ਕਿ ਸਰਕਾਰੀ ਹਸਪਤਾਲਾਂ ਨੂੰ ਸਪਲਾਈ ਕੀਤੀਆਂ ਜਾਣ ਵਾਲੀਆਂ ਦਵਾਈਆਂ ਲਈ ਐਲੋਕੇਸ਼ਨ, ਜੋ 1994-95 ਵਿਚ 3.90 ਕਰੋੜ ਰੁਪਏ ਸੀ, ਨੂੰ 1995-96 ਵਿਚ ਦੁਗਣਾ ਕਰਕੇ 8 ਕਰੋੜ ਰੁਪਏ ਕਰ ਦਿੱਤਾ ਜਾਵੇ । ਇਸ ਤਰ੍ਹਾਂ ਐਲੋਕੇਸ਼ਨ ਦਾ ਇਹ ਵਾਧਾ 100 ਫ਼ੀਸਦੀ ਤੋਂ ਵੀ ਜ਼ਿਆਦਾ ਦਾ ਹੋਵੇਗਾ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(12) ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਦੇ ਕਰਜ਼ੇ ਵੱਟੇ-ਖਾਤੇ ਪਾਣਾ

ਸਾਡੀ ਸਰਕਾਰ ਨੇ ਵੱਖ ਵੱਖ ਵਿਕਾਸ ਮੰਤਵਾਂ ਲਈ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਦੁਆਰਾ ਲਏ ਗਏ 5,000 ਰੁਪਏ ਤੋਂ ਘੱਟ ਦੇ ਕਰਜ਼ਿਆਂ ਨੂੰ ਵੱਟੇ-ਖਾਤੇ ਪਾਉਣ ਦਾ ਫੈਸਲਾ ਕੀਤਾ ਹੈ । ਸਰਕਾਰ ਨੇ ਸਭ ਤੋਂ ਪਹਿਲਾਂ ਉਨ੍ਹਾਂ ਕਰਜ਼ਿਆਂ ਨੂੰ ਵੱਟੇ ਖਾਤੇ ਪਾਇਆ ਜੋ ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ, ਪੰਜਾਬ ਮਹਿਲਾ ਤੇ ਬਾਲ ਵਿਕਾਸ ਕਾਰਪੋਰੇਸ਼ਨ, ਪੰਜਾਬ ਪੱਛੜੀਆਂ ਸ਼੍ਰੇਣੀਆਂ ਭੋਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਤੋਂ ਲਏ ਗਏ ਸਨ । ਤਕਰੀਬਨ 4 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਸੀ ਅਨੁਸੂਚਿਤ ਜਾਤੀਆਂ ਦੁਆਰਾ ਸਹਿਕਾਰੀ ਬੈਂਕਾਂ ਤੋਂ ਲਏ ਗਏ ਬਾਕੀ ਦੇ ਕਰਜ਼ਿਆਂ ਨੂੰ ਵ ਵੱਟੇ-ਖਾਤੇ ਪਾ ਦਿਤਾ ਜਾਵੇਗਾ । ਮੁਆਫ ਕਰਨਾ ਇਹ ਕੋਆਪਰੇਟਿਵ ਦੇ ਜਿਹੜੇ ਕਰਜ਼ੇ ਲਏ ਹਨ, ਉਨ੍ਹਾਂ ਵਾਸਤੇ ਹੈ, ਸਰਕਾਰੀ ਵਾਸਤੇ ਨਹੀਂ । ਇਸ ਮੰਤਵ ਲਈ 55.72 ਕਰੋੜ ਰੁਪਏ ਦੀ ਰਕਮ ਲੋੜੀਂਦੀ ਹੋਵੇਗੀ । ਇਸ ਵਾਅਦੇ ਨੂੰ ਪੂਰਾ ਕਰਨ ਲਈ ਸਾਲ 1995-96 ਦੌਰਾਨ ਅਸੀਂ ਵਸੀਲਿਆਂ ਨੂੰ ਵਧਾਉਣ ਦੀ ਕੋਸਿਸ਼ ਕਰਾਂਗੇ । (ਥੰਪਿੰਗ)

(13) ਉਦਯੋਗਿਕ ਪ੍ਰੋਤਸਾਹਨ

ਉਦਯੋਗਿਕ ਨੀਤੀ ਅਧੀਨ ਚਾਲੂ ਵਿੱਤੀ ਸਾਲ ਦੌਰਾਨ ਅਸੀਂ ਰਾਜ ਵਿਚ ਸਨੱਅਤਕਾਰਾਂ ਨੂੰ ਭੋਂ ਸਬਸਿਡੀ, ਪੂੰਜੀ ਸਬਸਿਡੀ, ਜਨਰੇਟਿੰਗ ਸੈਟ ਸਬਸਿਡੀ, ਚੁੰਗੀ ਪ੍ਰਤਿਪੂਰਤੀ ਤੇ ਵਿਆਜ ਰਹਿਤ ਕਰਜ਼ੇ ਦੇ ਰੂਪ ਵਿਚ ਪ੍ਰੋਤਸਾਹਨ ਦੇਣ ਲਈ 24.82 ਕਰੋੜ ਰਪਏ ਦੀ ਰਕਮ ਦੇ ਫੰਡ ਜਾਰੀ ਕੀਤੇ ਹਨ । ਇਹ ਰਕ ਉਹਨਾਂ ਪ੍ਰੋਤਸਾਹਨਾਂ ਨਾਲ ਸਬੰਧਤ ਹੈ ਜੋ ਮਈ, 1994 ਤੋਂ ਪਹਿਲਾਂ ਮਨਜ਼ੂਰ ਕੀਤੇ ਗਏ ਸਨ ।

(14) ਪਛੜੀਆਂ ਸ਼੍ਰੇਣੀਆਂ ਲਈ ਰੀਜ਼ਰਵੇਸ਼ਨ

ਸੁਪਰੀਮ ਕੋਰਟ ਆਫ ਇੰਡੀਆ ਦੇ ਫ਼ੈਸਲੇ ਤੇ ਸਰਕਾਰੀ ਸੇਵਾ ਵਿਚ ਪੱਛੜੀਆਂ ਸ਼੍ਰੇਣੀਆਂ ਦੇ ਮੈਂਬਰਾਂ ਲਈ ਰੀਜ਼ਰਵੇਸ਼ਨ ਸਬੰਧੀ ਭਾਰਤ ਸਰਕਾਰ ਦੀਆਂ ਲਗਾਤਾਰ ਹਦਾਇਤਾਂ ਅਨੁਸਾਰ ਰਾਜ ਸਰਕਾਰ ਨੇ ਰਾਜ ਵਿਚ ਵੱਖ ਵੱਖ ਪੱਛੜੀਆਂ ਸ਼੍ਰੇਣੀਆਂ ਦੀ ਸ਼ਨਾਖ਼ਤ ਕਰਨ ਲਈ, ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸਾਬਕਾ ਜੱਜ ਸ਼੍ਰੀ ਐਚ. ਆਰ. ਸੋਢੀ (ਸੇਵਾ-ਨਿਵਰਤ) ਦੀ ਪ੍ਰਧਾਨਗੀ ਹੇਠ ਇਕ ਪੱਛੜੀਆ ਸ਼੍ਰੇਣੀਆਂ ਕਮਿਸ਼ਨ ਸਥਾਪਤ ਕੀਤਾ ਸੀ । ਅਸੀਂ ਫ਼ੈਸਲਾ ਕੀਤਾ ਹੈ ਕਿ ਇਹਨਾਂ ਸ਼੍ਰੇਣੀਆਂ ਦੀ ਸ਼ਨਾਖਤ ਕਰਨ ਅਤੇ ਇਨ੍ਹਾਂ ਦੀ ਵਸੋਂ ਅਤੇ ਵਰਗਾਂ ਦੀ ਤਸਦੀਕ ਕਰਨ ਮਗਰੋਂ ਰਾਜ ਸਰਕਾਰੀ ਸੇਵਾਵਾਂ ਵਿਚ ਪੱਛੜੀਆ ਸ਼੍ਰੇਣੀਆਂ ਲਈ ਰੀਜ਼ਰਵੇਸ਼ਨ ਦੀ ਪੱਧਰ, ਜੋ ਅੱਜ ਕੱਲ੍ਹ ਸਾਡੇ ਰਾਜ ਵਿਚ 5 ਫ਼ੀਸਦੀ ਹੈ, ਵਿਚ ਉਚਿਤ ਵਾਧਾ ਕਰੇਗਾ ।

Original with;
Punjab Vidhan Sabha
Digitized by;
Punjab Digital Library

110. ਸ਼੍ਰੀਮਾਨ ਜੀ, ਤੁਹਾਨੂੰ ਇਹ ਜਾਣਕੇ ਅਤਿਅੰਤ ਪ੍ਰਸੰਨਤਾ ਹੋਵੇਗੀ ਕਿ ਸਾਡੇ ਸਮਾਜ ਦੇ ਉਪਰੋਕਤ ਪਾਤਰ ਵਰਗ ਨੂੰ ਕਈ ਰਿਆਇਤਾਂ ਤੇ ਲਾਭ ਦੇਣ ਮਗਰੋਂ ਵੀ ਸਾਡੀ ਸਰਕਾਰ ਨੂੰ ਵਿਕਾਸ ਲਈ ਪੂਰੀ ਰਕਮ ਮੁਹੱਈਆ ਕੀਤੇ ਜਾਣ ਦਾ ਭਰੋਸਾ ਹੈ। ਜਿਸ ਸਬੰਧੀ ਉਪਬੰਧ ਬਜ਼ਟ ਵਿਚ ਕੀਤਾ ਗਿਆ ਹੈ। ਇਹ ਸਾਡੀ ਸਰਕਾਰ ਦੀਆਂ ਵਿੱਤੀ ਪ੍ਰਬੰਧ ਸਬੰਧੀ ਠੋਸ ਨੀਤੀਆਂ ਦਾ ਹੀ ਪ੍ਰਮਾਣ ਹੈ ਕਿ ਅਜ ਮੈਂ ਸਾਲ 1995-96 ਲਈ ਇਕ ਕਰ-ਮੁਕਤ ਬਜਟ ਪੇਸ਼ ਕਰ ਰਿਹਾ ਹਾਂ। (ਥੰਪਿੰਗ)

ਸਿੱਟਾ

111. ਸ੍ਰੀ ਮਾਨ ਜੀ, ਮੈਨੂੰ ਰਾਜ ਦੇ ਵਿਕਾਸਮੁੱਖੀ ਕਾਰਜਾ ਅਤੇ ਆਪਣੀ ਸਰਕਾਰ ਦੀਆਂ ਨੀਤੀਆ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦੇਣ ਦਾ ਇਹ ਜੋ ਸੁਭਾਗ ਅਵਸਰ ਆਪ ਨੇ ਪ੍ਰਦਾਨ ਕੀਤਾ ਹੈ, ਉਸ ਲਈ ਮੈਂ ਆਪ ਜੀ ਦਾ ਧੰਨਵਾਦੀ ਹਾਂ। ਮੈਂ ਇਹ ਗਲ ਫਿਰ ਦੁਹਰਾਉਣਾ ਚਾਹਾਂਗਾ ਕਿ ਰਾਜ ਦਾ ਸਰਬਪੱਖੀ ਵਿਕਾਸ ਕਰਨਾ ਸਰਕਾਰ ਦਾ ਪਰਮ ਕਰੱਤਵ ਹੈ। ਜਨਤਾ ਨੇ ਆਪਣੀਆਂ ਆਸ਼ਾਵਾ ਅਤੇ ਅਭਿਲਾਸ਼ਾਵਾਂ ਪੂਰੀਆਂ ਕਰਾਉਣ ਲਈ ਸਾਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ। ਬਜਟ ਨਾ ਸਿਰਫ਼ ਆਮਦਨ ਅਤੇ ਖ਼ਰਚ ਸਬੰਧੀ ਹੀ ਇਕ ਦਸਤਾਵੇਜ਼ ਹੁੰਦਾ ਹੈ ਸਗੋਂ ਇਹ ਵਸੀਲੇ ਜੁਟਾਉਣ ਅਤੇ ਇਹਨਾਂ ਦੀ ਉਚਿੱਤ ਵਰਤੋਂ ਕਰਨ ਸਬੰਧੀ ਵੀ ਰਾਜ ਦੀ ਪ੍ਰਗਤੀਸ਼ੀਲ ਨੀਤੀ ਦਾ ਪ੍ਰਗਟਾਵਾ ਹੁੰਦਾ ਹੈ। ਪੰਜਾਬ ਵਿਚ ਰਹਿਣ ਵਾਲੇ ਹਰੇਕ ਵਿਅਕਤੀ ਨੂੰ ਖੁਸ਼ਹਾਲ ਬਣਾਉਣਾ ਸਾਡੀ ਜ਼ਿੰਮੇਵਾਰੀ ਹੈ। ਗੁਰਬਾਣੀ ਦੇ ਮਹਾਂਵਾਕ 'ਸਰਬੱਤ ਦਾ ਭਲਾ'' 'ਤੇ ਅਮਲ ਕਰਦੇ ਹੋਇਆਂ ਸਾਡੇ ਮਾਨਯੋਗ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਕਾਰਜਭਾਰ ਸੰਭਾਲਣ ਤੋਂ ਬਾਅਦ ਸਭ ਤੋਂ ਪਹਿਲਾਂ ਰਾਜ ਅੰਦਰ ਆਮ ਵਰਗੇ ਹਾਲਾਤ ਬਹਾਲ ਕੀਤੇ ਅਤੇ ਫਿਰ ਰਾਜ ਨੂੰ ਤੇਜ਼ ਆਰਥਕ ਵਿਕਾਸ ਦੇ ਰਾਹ ਉਤੇ ਤੋਰਿਆ। ਸਾਰੇ ਕਾਰਜਾਂ ਲਈ ਫੰਡ ਮੁਹੱਈਆ ਕਰਨੇ ਯਕੀਨੀ ਬਣਾਉਂਦੇ ਸਮੇਂ ਸਾਨੂੰ ਵੱਖ-ਵੱਖ ਵਰਗਾਂ ਦੀਆਂ ਪ੍ਰਤੀਯੋਗੀ ਅਤੇ ਕਈ ਵਾਰ ਮੁਖਾਲਿਫ਼ ਜ਼ਰੂਰਤਾਂ ਦਰਮਿਆਨ ਵੀ ਤਵਾਜ਼ਨ ਰੱਖਣਾ ਪੈਂਦਾ ਹੈ। ਅਸੀਂ ਹਮੇਸ਼ਾਂ ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹਾਂ ਕਿ ਲੋਕਾਂ ਦੀ ਸਖ਼ਤ ਮਿਹਨਤ ਅਤੇ ਖ਼ੂਨ-ਪਸੀਨੇ ਦੀ ਕਮਾਈ ਨਾਲ ਜੁਟਾਏ ਗਏ ਵਸੀਲਿਆਂ ਦੀ ਵੱਧ ਤੋਂ ਵੱਧ ਉਚਿੱਤ ਵਰਤੋਂ ਕੀਤੀ ਜਾਵੇ। ਸਾਡੀ ਸਰਕਾਰ ਦਾ ਸਮਾਜ ਦੇ ਲਾਭ-ਵਿਹੂਣੇ ਵਰਗਾਂ ਦੀ ਭਲਾਈ ਕਰਨ ਵੱਲ ਸਭ ਤੋਂ ਪਹਿਲਾਂ ਫ਼ਰਜ਼ ਬਣਦਾ ਹੈ ਅਤੇ ਸਾਡੀ ਆਰਥਕ ਨੀਤੀ ਇਸੇ ਅਨੁਸਾਰ ਹੀ ਉਲੀਕੀ ਗਈ ਹੈ। ਮੈਂ ਆਪ ਜੀ ਦੇ ਜ਼ਰੀਏ, ਪੰਜਾਬ ਦੇ ਲੋਕਾਂ ਨੂੰ ਇਹ ਅਪੀਲ ਕਰਨੀ ਚਾਹਾਂਗਾ ਕਿ ਮੌਜੂਦਾ ਸਰਕਾਰ ਜਿਸ ਨੇ ਲੋਕਾਂ ਦੀਆਂ ਗੁਆਚੀਆਂ ਮੁਸਕਾਨਾਂ ਮੋੜ ਲਿਆਂਦੀਆਂ ਹਨ, ਨੂੰ ਉਹ ਆਪਣਾ ਭਰਪੂਰ ਸਮਰੱਥਨ ਦੇਣ। ਸਾਨੂੰ ਰਲ-ਮਿਲ ਕੇ ਹੀ ਆਪਣੇ ਪਿਆਰੇ ਰਾਜ ਦੀ ਖੁਸ਼ਹਾਲੀ ਅਤੇ ਬਿਹਤਰੀ ਲਈ ਕੰਮ ਕਰਨ ਵਾਸਤੇ ਅੱਗੇ ਵਧਦੇ ਰਹਿਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

"ਬੜੇ ਚਲਨਾ, ਬੜੇ ਚਲਨਾ ਹੀ ਦਲੀਲੇ ਕਾਮਰਾਨੀ ਹੈ,
ਜੋ ਥੱਕ ਕਰ ਬੈਠ ਜਾਤੇ ਹੈਂ ਵੁਹ ਮੰਜ਼ਿਲ ਪਾ ਨਹੀਂ ਸਕਤੇ ।" (ਥੰਪਿੰਗ)

ਇਨ੍ਹਾਂ ਸ਼ਬਦਾਂ ਨਾਲ ਮੈਂ ਸਾਲ 1995-96 ਦਾ ਕਰ ਰਹਿਤ ਬਜਟ ਆਪ ਜੀ ਦੇ ਵਿਚਾਰ ਹਿਤ ਪੇਸ਼ ਕਰਦਾ ਹਾਂ ।

ਧੰਨਵਾਦ,

ਜੈ ਹਿੰਦ । (ਥੰਪਿੰਗ)

Mr. Speaker: The House stands adjourned till 2.00 P.M. on Monday, the 20th March, 1995.

*12.02 P.M. | *(The Sabha then adjourned* till 2.00 P.M. on Monday, the 20th March, 1995)*

1486—12-7-95—305—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1995

Published under the authority of the Punjab Vidhan Sabha and printed by the Controller, Printing & Stationery, Punjab at the Govt. Press, Patiala.

Original with;
Punjab Vidhan Sabha
Digitized by;
Punjab Digital Library

12

PUNJAB VIDHAN SABHA

DEBATES

20th March, 1995

Vol. IX -No. 12

OFFICIAL REPORT

CONTENTS

Monday, the 20th March, 1995

		PAGE
Starred Questions and Answers	..	(12) 1
Unstarred Questions and Answers	..	(12)34
Papers laid on the Table	..	(12)54
Presentation of Reports	..	(12)55
Walk—Out	..	(12)55
General Discussion on the Budget Estimates for the year 1995-96	..	(12)56
Announcement by the Speaker	..	(12)59
General Discussion on the Budget Estimates for the year 1995-96 (*Resumption*)	..	(12)61
Appendix	..	(i)

Punjab Vidhan Sabha Secretariat, Chandigarh.

Price: Rs.....

Original with;
Punjab Vidhan Sabha
Digitized by;
Digital Library

Original with;
Punjab Vidhan Sabha
Digitized by;

PUNJAB VIDHAN SABHA

Monday, the 20th March, 1995

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 2.00 P. M. Mr. Speaker (Shri Harnam Das Johar) in the Chair.

STARRED QUESTIONS AND ANSWERS

ਸਹਿਕਾਰੀ ਖੇਤੀਬਾੜੀ ਸੇਵਾ ਸੁਸਾਇਟੀ, ਚੁਖਿਆਰਾ

*2612. **ਸ਼੍ਰੀ ਰਾਜਿੰਦਰ ਕੁਮਾਰ** ਕੀ ਸਹਿਕਾਰਤਾ ਅਤੇ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਸਹਿਕਾਰੀ ਖੇਤੀਬਾੜੀ ਸੇਵਾ ਸੁਸਾਇਟੀ ਚੁਖਿਆਰਾ, ਜ਼ਿਲ੍ਹਾ ਜਲੰਧਰ ਕਿਸ ਮਿਤੀ ਨੂੰ ਕਾਇਮ ਕੀਤੀ ਗਈ ਸੀ ਅਤੇ ਉਸ ਨੂੰ ਕਾਇਮ ਕੀਤੇ ਜਾਣ ਸਮੇਂ ਉਸਦੇ ਹਿੱਸੇਦਾਰਾਂ ਦੀ ਗਿਣਤੀ ਕਿੰਨੀ ਕਿੰਨੀ ਸੀ ;

(ਅ) ਉਕਤ ਸੁਸਾਇਟੀ ਨੂੰ ਹੁਣ ਤੱਕ ਹੋਏ ਮੁਨਾਫੇ/ਪਏ ਘਾਟਿਆਂ ਦੇ ਸਾਲਵਾਰ ਵੇਰਵੇ ਕੀ ਕੀ ਹਨ ?

ਸ਼੍ਰੀ ਸੱਜਨ ਕੁਮਾਰ ਜਾਖੜ : (ੳ) ਦੀ ਚੁਖਿਆਰਾ ਘੜਿਆਲ ਕੋਆਪਰੇਟਿਵ ਐਗਰੀ-ਕਲਚਰਲ ਸਰਵਿਸ ਸੁਸਾਇਟੀ ਲਿਮ: ਚੁਖਿਆਰਾ, ਡਾਕਖਾਨਾ ਘੜਿਆਲ ਤਹਿ. ਅਤੇ ਜ਼ਿਲ੍ਹਾ ਜਲੰਧਰ ਮਿਤੀ 29-10-87 ਨੂੰ 1717 ਰਜਿਸਟਰਡ ਨੰਬਰ ਨਾਲ ਰਜਿਸਟਰਡ (ਸੰਗਠਿਤ) ਕੀਤੀ ਗਈ ਸੀ। ਰਜਿਸਟਰੇਸ਼ਨ (ਸੰਗਠਿਤ) ਸਮੇਂ ਇਸ ਸਭਾ ਦੇ ਹਿੱਸੇਦਾਰਾਂ ਦੀ ਗਿਣਤੀ 1,080 ਸੀ।

(ਅ) ਸਾਲਵਾਰ ਮੁਨਾਫੇ ਅਤੇ ਘਾਟੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ: —

ਸਾਲ	ਕੁੱਲ ਲਾਭ	ਘਾਟਾ
30-6-88	32,816-07	—
31-3-89	35,454-96	—
31-3-90	40,339-52	—
31-3-91	45,754-05	—
31-3-92	51,939-87	—
31-3-93	79,534-08	—
31-3-94	84,918-71	—

Original with;
Punjab Vidhan Sabha
Digitized by;
Panjab Digital Library

ਸ਼੍ਰੀ ਰਾਜਿੰਦਰ ਕੁਮਾਰ : ਸਪੀਕਰ ਸਾਹਿਬ, ਜੋ ਮੇਰਾ ਸਵਾਲ ਸੀ, ਉਹ ਇਕੱਲਾ ਚੁਖਿਆਰਾ ਕੋਆਪਰੇਟਿਵ ਸੋਸਾਇਟੀ ਨਾਲ ਸਬੰਧਤ ਸੀ, ਜਿਸ ਦੀ ਸਥਾਪਨਾ 1957-58 ਵਿੱਚ ਕੀਤੀ ਗਈ ਸੀ, ਉਸ ਸਬੰਧ ਵਿੱਚ ਮੈਨੂੰ ਜਵਾਬ ਨਹੀਂ ਮਿਲਿਆ ਜਿਹੜੀ ਸੋਸਾਇਟੀ ਘਾਟੇ ਦੇ ਕਾਰਣ ਟੁੱਟ ਕੇ ਚੁਖਿਆਰਾ ਵਿੱਚ ਤਬਦੀਲੀ ਕੀਤੀ ਗਈ ਹੈ, ਉਸ ਦਾ ਜਵਾਬ ਦਿੱਤਾ ਗਿਆ ਹੈ । ਮੈਂ ਤੁਹਾਡੇ ਦੁਆਰਾ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸੋਸਾਇਟੀ ਨੂੰ ਜੋ ਮੁਨਾਫ਼ਾ ਹੋਇਆ ਸੀ, ਉਹ ਕਿਨ੍ਹਾਂ ਮਿਤੀਆਂ ਨੂੰ ਵੰਡਿਆ ਗਿਆ ਅਤੇ ਨਾਲ ਨਾਲ ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਜੋ ਪਿਛਲੇ ਸਮੇਂ ਵਿੱਚ, ਇਸ ਵਿੱਚ ਫਰਾਡ ਹੋਇਆ ਸੀ, ਕੀ ਉਸ ਦੀ ਜਾਣਕਾਰੀ ਮਨਿਸਟਰ ਸਾਹਿਬ ਪਾਸ ਹੈ ?

ਸ਼੍ਰੀ ਸਪੀਕਰ : ਕਿਹੜਾ ਫਰਾਡ ? ਤੁਸੀਂ ਉਸ ਦਾ ਕੋਈ ਜ਼ਿਕਰ ਨਹੀਂ ਕੀਤਾ ।

ਮੰਤਰੀ: ਸਪੀਕਰ ਸਾਹਿਬ, ਮੈਂ ਆਪ ਦੇ ਦੁਆਰਾ ਐਮ. ਐਲ. ਏ ਸਾਹਿਬ, ਨੂੰ ਦੱਸਣਾ ਚਾਹੁੰਦਾ ਹਾਂ ਜੋ ਇਨ੍ਹਾਂ ਨੇ ਪੁਛਿਆ ਹੈ ਕਿ ਇਹ ਸੋਸਾਇਟੀ 1987 ਵਿੱਚ ਇਸ ਨਾਮ ਦੀ ਬਣੀ ਸੀ, ਇਸ ਤੋਂ ਪਹਿਲਾਂ ਇਹ ਕਿਸੇ ਹੋਰ ਨਾਮ ਤੇ ਸੋਸਾਇਟੀ ਸੀ । ਪਹਿਲਾਂ ਇਹ ਸੋਸਾਇਟੀ ਚੁਖਿਆਰਾ ਮਾਣਕ ਦੇ ਨਾਮ ਤੇ ਸੀ ਅੱਜ ਫਿਰ ਬਾਈਫਰਕੇਟ ਹੋ ਕੇ ਅਲਹਿਦਾ ਅਲਹਿਦਾ ਸੋਸਾਇਟੀਆਂ ਬਣ ਗਈਆਂ । ਇਹ ਸੋਸਾਇਟੀ 1987 ਵਿੱਚ ਬਣੀ ਸੀ ।

ਸ਼੍ਰੀ ਰਾਜਿੰਦਰ ਕੁਮਾਰ: ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਇਹ ਇਕੱਲੀ ਚੁਖਿਆਰਾ ਨਾਮ ਤੇ ਸੀ ਅੱਜ ਮੈਂ ਸਵਾਲ ਕੀਤਾ ਸੀ ਕਿ ਉਸ ਦੌਰਾਨ ਕਿੰਨਾ ਘਾਟਾ ਅਤੇ ਕਿੰਨਾ ਮੁਨਾਫ਼ਾ ਹੋਇਆ ਹੈ ਪਰ ਉਸ ਦਾ ਜਵਾਬ ਨਹੀਂ ਦਿੱਤਾ ਗਿਆ ।

ਮੰਤਰੀ: ਸਪੀਕਰ ਸਾਹਿਬ, ਘਾਟੇ ਅੱਜ ਮੁਨਾਫ਼ੇ ਦਾ ਸਾਰਾ ਵੇਰਵਾ ਦਿੱਤਾ ਗਿਆ ਹੈ ਫਿਰ ਵੀ ਜੇ ਮੈਂਬਰ ਸਾਹਿਬ ਦੀ ਸੈਟਿਸਫੈਕਸ਼ਨ ਨਹੀਂ ਹੋਈ ਤਾਂ ਇਹ ਮੇਰੇ ਪਾਸ ਚੈਂਬਰ ਵਿੱਚ ਆ ਜਾਣ, ਮੈਂ ਇਨ੍ਹਾਂ ਦੀ ਤਸੱਲੀ ਕਰਵਾ ਦਿਆਂਗਾ ।

ਸ਼੍ਰੀ ਸਤਨਾਮ ਸਿੰਘ ਕੈਂਥ : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ, ਨੇ ਪੁੱਛਿਆ ਸੀ ਕਿ ਜਿਸ ਵੇਲੇ ਪਹਿਲਾਂ ਇਹ ਸੋਸਾਇਟੀ ਬਣੀ ਸੀ, ਉਸ ਸਮੇਂ ਦੌਰਾਨ ਕੋਈ ਫਰਾਡ ਹੋਇਆ ਸੀ ? ਜੇ ਫਰਾਡ ਹੋਇਆ ਸੀ ਤਾਂ ਕੀ ਇਹ ਇਨ੍ਹਾਂ ਦੇ ਨੋਟਿਸ ਵਿੱਚ ਹੈ ; ਜੇ ਹੈ ਤਾਂ ਕੀ ਐਕਸ਼ਨ ਲਿਆ ਗਿਆ ਹੈ ਅਤੇ ਜੇ ਐਕਸ਼ਨ ਨਹੀਂ ਲਿਆ ਗਿਆ ਤਾਂ ਜਿਨ੍ਹਾਂ ਦੋਸ਼ੀਆਂ ਨੇ ਘਪਲੇਬਾਜ਼ੀ ਕੀਤੀ ਹੈ, ਕੀ ਇਹ ਉਨ੍ਹਾਂ ਦੇ ਖ਼ਿਲਾਫ਼ ਐਕਸ਼ਨ ਲੈਣਗੇ ?

ਮੰਤਰੀ: ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜੋ ਪੁਰਾਣੀ ਸੋਸਾਇਟੀ ਸੀ, ਉਸ ਦੇ ਵਿੱਚ ਜੇਕਰ ਘਪਲੇਬਾਜ਼ੀ ਹੋਈ ਹੈ, ਉਸ ਦੇ ਬਾਰੇ ਤਾਂ ਮੈਂ ਇਸ ਵੇਲੇ ਕਹਿ ਨਹੀਂ ਸਕਦਾ ਪਰ ਜੋ ਨਵੀਂ ਸੋਸਾਇਟੀ ਬਣੀ ਹੈ ਉਸ ਦੇ ਵਿੱਚ 3 ਆਦਮੀ ਇਨਵਾਲਵਡ ਸਨ ਸੈਕਟਰੀ, ਕੈਸ਼ੀਅਰ ਅਤੇ ਸੇਲਜ਼ਮੈਨ । ਇਕ ਦਾ ਤਾਂ ਪਤਾ ਨਹੀਂ, ਛੱਡ ਕੇ ਕਿਥੇ ਦੌੜ ਗਿਆ ਹੈ । ਉਹ ਟੈਰੋਰਿਸਟ ਸੀ ਜਾਂ ਪਤਾ ਨਹੀਂ ਕੀ ਸੀ । ਦੂਸਰਾ ਸੋਹਣ ਲਾਲ ਸੀ, ਜਿਸ ਨੂੰ ਡਿਸਮਿਸ ਕਰ ਦਿੱਤਾ ਗਿਆ ਹੈ ਅੱਜ ਤੀਸਰਾ ਗੁਲਜ਼ਾਰ ਸਿੰਘ ਸੀ ਜਿਸ ਨੂੰ ਨੌਕਰੀ ਤੋਂ ਕੱਢਿਆ ਗਿਆ ਹੈ ।

Original with;
Punjab Vidhan Sabha
Digitized by;
Punjab Digital Library

ਸ਼੍ਰੀ ਸਤਨਾਮ ਸਿੰਘ ਕੈਂਥ: ਮਾਨਯੋਗ ਸਪੀਕਰ ਸਾਹਿਬ, ਗੌਰਮਿੰਟ ਨੇ ਰੀਸੈਂਟਲੀ, ਕਿਹਾ ਹੈ ਕਿ ਕੋਆਪਰੇਟਿਵ ਬੈਂਕਾਂ ਦੇ ਕਰਜ਼ੇ ਮਾਫ ਕਰ ਦਿੱਤੇ ਜਾਣਗੇ ਪਰ ਕੋਆਪਰੇਟਿਵ ਬੈਂਕਾਂ ਤੋਂ ਇਲਾਵਾ ਬਹੁਤ ਸਾਰੀਆ ਕੋਆਪਰੇਟਿਵ ਸੋਸਾਇਟੀਆਂ ਵੀ ਹਨ । ਮੈਂ ਤੁਹਾਡੇ ਰਾਹੀਂ-ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਕੋਆਪਰੇਟਿੰਵ ਸੋਸਾਇਟੀਆਂ ਤੋਂ ਲੋਨ ਲਿਆ ਹੈ, ਕੀ ਉਨ੍ਹਾਂ ਦੇ ਲੋਨ ਵੀ ਮੁਆਫ਼ ਕਰਨ ਦਾ ਵਿਚਾਰ ਸਰਕਾਰ ਰਖਦੀ ਹੈ ?

ਸ਼੍ਰੀ ਸਪੀਕਰ : ਇਹ ਤੁਹਾਡਾ ਸਵਾਲ ਰੈਲੇਵੈਂਸੀ ਨਹੀਂ ਰੱਖਦਾ । ਅਗਲਾ ਸਵਾਲ ।

ਜ਼ਿਲ੍ਹਾ ਜਲੰਧਰ ਵਿਚ ਸਕੂਲਾਂ ਨੂੰ ਅਪਗ੍ਰੇਡ ਕਰਨਾ

*2611. **ਸ਼੍ਰੀ ਰਾਜਿੰਦਰ ਕੁਮਾਰ**. ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ਿਲ੍ਹਾ ਜਲੰਧਰ ਵਿੱਚ ਵੱਖ-ਵੱਖ ਸਾਲਾਂ 1993-94 ਅਤੇ 1994-95 (ਮਿਤੀ ਅੰਤ ਤੱਕ) ਦੇ ਦੌਰਾਨ ਕਿੰਨੇ ਸਕੂਲ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਪੱਧਰ ਤੱਕ ਅਪਗ੍ਰੇਡ ਕੀਤੇ ਗਏ ਅਤੇ ਅਜਿਹੇ ਕਿੰਨੇ ਸਕੂਲਾਂ ਨੂੰ ਸਾਲ 1995-96 ਦੇ ਦੌਰਾਨ ਅਪਗ੍ਰੇਡ ਕੀਤੇ ਜਾਣ ਦੀ ਤਜਵੀਜ਼ ਹੈ;

(ਅ) ਉਕਤ ਸਕੂਲਾਂ ਨੂੰ ਅਪਗਰੇਡ ਕਰਨ ਲਈ ਕੀ ਕਸੌਟੀ ਅਪਣਾਈ ਗਈ ਹੈ ?

ਸਰਦਾਰ ਲਖਮੀਰ ਸਿੰਘ ਝੰਧਾਵਾ: (ੳ) ਜ਼ਿਲ੍ਹਾ ਜਲੰਧਰ ਵਿੱਚ ਸਾਲ 1993-94 ਦੌਰਾਨ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਅਪਗ੍ਰੇਡ ਕੀਤੇ ਗਏ ਸਕੂਲਾਂ ਦੀ ਗਿਣਤੀ ਕ੍ਰਮਵਾਰ 24,14 ਅਤੇ 18 ਹੈ । ਸਾਲ 1994-95 ਵਿੱਚ ਸਕੂਲਾਂ ਦਾ ਦਰਜਾ ਵਧਾਉਣ ਬਾਰੇ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । ਸਾਲ 1995-96 ਵਿੱਚ ਸਕੂਲਾਂ ਦਾ ਦਰਜਾ ਵਧਾਉਣ ਬਾਰੇ ਤਜਵੀਜ਼/ਟੀਚਾ ਹੇਠ ਲਿਖੇ ਅਨੁਸਾਰ ਹੈ :—

(1)	ਪ੍ਰਾਇਮਰੀ ਤੋਂ ਮਿਡਲ	.. 1,000
(2)	ਮਿਡਲ ਤੋਂ ਹਾਈ	.. 120
(3)	ਹਾਈ ਤੋਂ ਸੀਨੀਅਰ ਸੈਕੰਡਰੀ	.. 120

(ਅ) ਰਾਜ ਸਰਕਾਰ ਵਲੋਂ ਸਕੂਲਾਂ ਦਾ ਦਰਜਾ ਵਧਾਉਣ ਲਈ ਅਪਣਾਈ ਕਸੌਟੀ ਦਰਸਾਉਂਦੀ ਵਿਵਰਣ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਵਿਵਰਣ

1. ਸਰਕਾਰੀ ਸਕੂਲਾਂ ਦਾ ਪੱਧਰ ਉਚਾ ਕਰਨ ਸਬੰਧੀ ਸ਼ਰਤਾਂ

ਪ੍ਰਾਇਮਰੀ ਤੋਂ ਮਿਡਲ ਅਪਗ੍ਰੇਡ ਕਰਨ ਲਈ	ਮਿਡਲ ਤੋਂ ਹਾਈ ਅਪਗ੍ਰੇਡ ਕਰਨ ਲਈ
(1) ਵਿਦਿਆਰਥੀਆਂ ਦੀ ਗਿਣਤੀ ਘੱਟੋ ਘੱਟ 150 ਪਹਿਲੀ ਤੋਂ ਪੰਜਵੀਂ ਤੱਕ ਅੱਧ-ਪਹਾੜੀ/ਬਾਰਡਰ/ਬੇਟ ਪੱਛੜੇ ਇਲਾਕੇ ਦੇ ਸਕੂਲਾਂ ਲਈ 120 ਭਾਵ 20% ਘੱਟ ।	1. ਵਿਦਿਆਰਥੀਆਂ ਦੀ ਗਿਣਤੀ ਘੱਟੋ ਘੱਟ 250 ਪਹਿਲੀ ਤੋਂ ਅੱਠਵੀਂ ਤੱਕ। ਅੱਧ-ਪਹਾੜੀ/ਬਾਰਡਰ/ਬੇਟ/ਪੱਛੜੇ ਇਲਾਕੇ ਦੇ ਸਕੂਲ ਲਈ 200 ਭਾਵ 20% ਘੱਟ ।
(2) ਦਿਹਾਤੀ ਇਲਾਕੇ ਵਿੱਚ 3 ਕਿਲੋ-ਮੀਟਰ ਦੇ ਘੇਰੇ ਵਿੱਚ ਕੋਈ ਮਿਡਲ ਸਕੂਲ ਪਹਿਲਾਂ ਨਾ ਚਲਦਾ ਹੋਵੇ।	2. ਦਿਹਾਤੀ ਇਲਾਕੇ ਵਿੱਚ 5 ਕਿਲੋਮੀਟਰ ਦੇ ਘੇਰੇ ਵਿੱਚ ਕੋਈ ਹਾਈ/ਹਾਇਰ ਸੈਕੰਡਰੀ ਸਕੂਲ ਪਹਿਲਾਂ ਨਾ ਚਲਦਾ ਹੋਵੇ ।
(3) ਖੇਡਾਂ ਦਾ ਮੈਦਾਨ ਦਿਹਾਤੀ ਇਲਾਕੇ ਵਿੱਚ ਪ੍ਰਾਇਮਰੀ ਤੋਂ ਮਿਡਲ ਲਈ ਦੋ ਏਕੜ ਸ਼ਹਿਰੀ ਇਲਾਕੇ ਵਿੱਚ ਪ੍ਰਾਇਮਰੀ ਤੋਂ ਮਿਡਲ ਲਈ ਇੱਕ ਏਕੜ ।	3. ਖੇਡਾਂ ਦਾ ਮੈਦਾਨ ਦਿਹਾਤੀ ਇਲਾਕੇ ਵਿੱਚ ਮਿਡਲ ਤੋਂ ਹਾਈ ਲਈ 4 ਏਕੜ ਸ਼ਹਿਰੀ ਇਲਾਕੇ ਵਿੱਚ ਮਿਡਲ ਤੋਂ ਹਾਈ ਲਈ ਦੋ ਏਕੜ
(4) ਹੋਰ ਕਮਰਿਆਂ ਤੋਂ ਇਲਾਵਾ ਘੱਟੋ ਘੱਟ ਅੱਠ ਕਲਾਸ ਰੂਮ ।	4. ਹੋਰ ਕਮਰਿਆਂ ਤੋਂ ਇਲਾਵਾ ਘੱਟੋ ਘੱਟ 10 ਕਲਾਸ ਰੂਮ ।

ਇਹ ਵੀ ਤਸੱਲੀ ਕਰ ਲਈ ਜਾਵੇ ਕਿ ਸਬੰਧਤ ਪਿੰਡ ਦੇ ਵਸਨੀਕਾਂ ਨੇ ਆਪਣੇ ਖਰਚੇ ਤੇ ਸਕੂਲ ਦੀ ਯੋਗ ਇਮਾਰਤ ਦੀ ਉਸਾਰੀ ਕਰ ਲਈ ਹੈ ।

2. ਹਾਈ ਤੋਂ ਸੀਨੀਅਰ ਸੈਕੰਡਰੀ ਅਪਗਰੇਡ ਕਰਨ ਲਈ ਸ਼ਰਤਾਂ :

(1) ਅਪਗਰੇਡੇਸ਼ਨ ਹਾਈ ਸਕੂਲ ਸਮੇਂ ਦੀਆਂ 9ਵੀਂ ਅਤੇ 10ਵੀਂ ਜਮਾਤ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟੋ ਘੱਟ 100 ਹੋਣੀ ਚਾਹੀਦੀ ਹੈ । ਬਾਰਡਰ/ਬੇਟ/ਪਹਾੜੀ ਇਲਾਕੇ ਵਿੱਚ ਇਹ ਗਿਣਤੀ 80 ਵਿਦਿਆਰਥੀ ਹੋਣੀ ਚਾਹੀਦੀ ਹੈ ਭਾਵ 20% ਘੱਟ ।

ਜਾਂ

10 ਕਿਲੋਮੀਟਰ ਦੇ ਘੇਰੇ ਵਿੱਚ ਘੱਟ ਤੋਂ ਘੱਟ 4 ਫੀਡਰ ਸਕੂਲ ਹੋਣੇ ਚਾਹੀਦੇ ਹਨ ।

Original with;
Punjab Vidhan Sabha
Digitized by;
Panjab Digital Library

(2) ਤਜਵੀਜ਼ੇ ਸਕੂਲਾਂ ਦੇ 10 ਕਿਲੋਮੀਟਰ ਦੇ ਘੇਰੇ ਵਿੱਚ ਕੋਈ ਹੋਰ ਸੀਨੀਅਰ ਸੈਕੰਡਰੀ ਸਕੂਲ ਨਾ ਹੋਵੇ । ਇਹ ਸ਼ਰਤ ਉਹਨਾਂ ਥਾਵਾਂ ਤੇ ਲਾਗੂ ਨਹੀਂ ਹੋਵੇਗੀ ਜਿਨ੍ਹਾਂ ਥਾਵਾਂ ਤੇ ਕੇਵਲ ਲੜਕੀਆਂ ਦਾ ਸਕੂਲ ਅਪਗ੍ਰੇਡ ਕੀਤਾ ਜਾਂਦਾ ਹੈ ਅਤੇ ਲੜਕਿਆਂ ਲਈ ਸਕੂਲ ਅਪਗ੍ਰੇਡ ਕਰਨ ਲਈ ਵਿਚਾਰਿਆ ਜਾਣਾ ਹੈ ਜਾਂ ਵਾਇਸ ਵਰਸਾ ।

(3) ਕਿਉਂ ਜੋ ਕਾਲਜਾਂ ਵਿੱਚੋਂ +2 ਦੀਆਂ ਜਮਾਤਾਂ ਫੈਜ਼ਡ ਮੈਨਰ ਵਿੱਚ ਕੱਢ ਕੇ ਸਕੂਲਾਂ ਵਿੱਚ ਲਿਜਾਣੀਆਂ ਹਨ, ਇਸ ਲਈ ਉਹਨਾਂ ਥਾਵਾਂ ਤੇ ਹਾਈ ਸਕੂਲਾਂ ਨੂੰ +2 ਪੱਧਰ ਤੇ ਅਪਗ੍ਰੇਡ ਕਰਨ ਲਈ ਪਹਿਲ ਦਿੱਤੀ ਜਾਣੀ ਹੈ ।

(4) ਉਹਨਾਂ ਸਕੂਲਾਂ ਨੂੰ ਪਹਿਲ ਦਿੱਤੀ ਜਾਵੇ ਜਿੱਥੇ ਵਿਦਿਆਰਥੀ ਅਸਾਨੀ ਨਾਲ ਪਹੁੰਚ ਸਕਣ ।

(5) ਉਹਨਾਂ ਥਾਵਾਂ ਨੂੰ ਵੀ ਪਹਿਲ ਦਿੱਤੀ ਜਾਣੀ ਹੈ ਜਿੱਥੇ ਦੀ ਲੋਕਲ ਵਸੋਂ ਸਕੂਲ ਲਈ ਜ਼ਮੀਨ, ਬਿਲਡਿੰਗ ਫੰਡਜ਼ ਆਦਿ ਦੇਣ ਲਈ ਤਿਆਰ ਹੋਵੇ ।

(6) ਖੇਡ ਦੇ ਮੈਦਾਨ ਲਾਇਬਰੇਰੀ ਤੋਂ ਇਲਾਵਾ 14 ਕਲਾਸ ਰੂਮ ਬਨਾਉਣ ਲਈ ਕਾਫੀ ਜਗ੍ਹਾ ਉਪਲੱਬਧ ਹੋਵੇ ।

(7) ਖੇਡ ਮੈਦਾਨਾਂ ਲਈ ਪੇਂਡੂ ਇਲਾਕੇ ਵਿੱਚ 4 ਤੋਂ 5 ਏਕੜ ਅਤੇ ਸ਼ਹਿਰੀ ਇਲਾਕੇ ਵਿੱਚ 2 ਤੋਂ 3 ਏਕੜ ਭੂਮੀ ਉਪਲੱਬਧ ਹੋਵੇ ।

(8) ਅਪਗ੍ਰੇਡ ਹੋਣ ਵਾਲੇ ਸਕੂਲਾਂ ਵਿੱਚੋ ਘੱਟ ਤੋਂ ਘੱਟ 30% ਸਕੂਲ ਗਰਲਜ਼ ਦੇ ਹੋਣ ।

(9) ਜਿਨ੍ਹਾਂ ਸਕੂਲਾਂ ਵਿੱਚ ਦੋ ਸਾਇੰਸ ਪ੍ਰਯੋਗਸ਼ਾਲਾ ਉਪਲੱਬਧ ਹੋਣ, ਉਹਨਾਂ ਸਕੂਲਾਂ ਨੂੰ ਸਾਇੰਸ ਗਰੁੱਪ ਅਲਾਟ ਕਰਨ ਲਈ ਪਹਿਲ ਦਿੱਤੀ ਜਾਵੇਗੀ ।

ਸ਼੍ਰੀ ਰਾਜਿੰਦਰ ਕੁਮਾਰ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਲ 1993-94 ਵਿਚ ਜਿਹੜੇ ਸਕੂਲ ਅਪਗ੍ਰੇਡ ਕੀਤੇ ਗਏ ਸਨ, ਕੀ ਉਹ ਜਿਹੜੀ ਕਸੌਟੀ ਅਪਗਰੇਡਸ਼ਨ ਕਰਨ ਦੀ ਬਣਾਈ ਗਈ ਹੈ, ਉਸ ਆਧਾਰ ਤੇ ਹੀ ਅਪਗਰੇਡ ਕੀਤੇ ਗਏ ਸਨ ?

ਮੰਤਰੀ: ਹਾਂ ਜੀ ।

ਰਿਟਾਇਰ ਹੋਏ ਬੀ. ਪੀ. ਈ. ਓਜ਼. ਨੂੰ ਪੈਨਸ਼ਨਾਂ ਦੇਣਾ

*2630. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ : --

(ੳ) ਰਾਜ ਵਿਚ ਅਜਿਹੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਜਨਵਰੀ, 1993 ਤੋਂ ਦਸੰਬਰ, 1994 ਤੱਕ ਦੇ ਸਮੇਂ ਦੌਰਾਨ ਸੇਵਾ ਤੋਂ ਰਿਟਾਇਰ ਹੋਏ ;

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਉਨ੍ਹਾਂ ਰਿਟਾਇਰ ਹੋਏ ਅਫ਼ਸਰਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਪੈਨਸ਼ਨ ਮਨਜ਼ੂਰ ਕੀਤੀ ਗਈ ਹੈ ਅਤੇ ਅਜਿਹੇ ਰਿਟਾਇਰ ਹੋਏ ਅਫ਼ਸਰਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਅਜੇ ਤੱਕ ਪੈਨਸ਼ਨ ਮਨਜ਼ੂਰ ਨਹੀਂ ਕੀਤੀ ਗਈ ਹੈ ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਰਿਟਾਇਰ ਹੋਏ ਅਫ਼ਸਰਾਂ ਵਿੱਚੋਂ ਉਨ੍ਹਾਂ ਅਫ਼ਸਰਾਂ ਵਿਚੋਂ ਉਨ੍ਹਾਂ ਅਫ਼ਸਰਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਜ਼ਿਲ੍ਹਾ ਫਿਰੋਜ਼ਪੁਰ ਨਾਲ ਸਬੰਧਤ ਹਨ ?

ਸਰਦਾਰ ਲਖਮੀਰ ਸਿੰਘ ਰੰਧਾਵਾ (ੳ) 137 ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਜਨਵਰੀ, 1993 ਤੋਂ ਦਸੰਬਰ, 1994 ਤੱਕ ਰਿਟਾਇਰ ਹੋਏ ।

(ਅ) 137 ਵਿਚੋਂ 129 ਰਿਟਾਇਰੀਜ਼ ਨੂੰ ਪੈਨਸ਼ਨ ਮਨਜ਼ੂਰ ਕੀਤੀ ਜਾ ਚੁੱਕੀ ਹੈ, ਪ੍ਰੰਤੂ ਬਾਕੀ ਅੱਠਾਂ ਰਿਟਾਇਰੀਜ਼ ਨੂੰ ਹਾਲਾਂ ਤੱਕ ਮਨਜ਼ੂਰ ਨਹੀਂ ਕੀਤੀ ਗਈ ਹੈ ।

(ੲ) ਉਪਰੋਕਤ ਪੈਰ੍ਹਾ-ਬੀ ਵਿਚ ਦਿੱਤੇ ਹੋਏ 8 ਰਿਟਾਇਰੀਜ਼ ਵਿਚੋਂ ਕੇਵਲ ਇਕ ਰਿਟਾਇਰੀ ਹੀ ਫਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧ ਰੱਖਦਾ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਜਵਾਬ ਵਿਚ ਦਸਿਆ ਹੈ ਕਿ 137 ਪ੍ਰਾਇਮਰੀ ਸਿੱਖਿਆ ਅਫ਼ਸਰਾਂ ਵਿਚੋਂ 129 ਨੂੰ ਪੈਨਸ਼ਨ ਮੰਜ਼ੂਰ ਕਰ ਦਿੱਤੀ ਹੈ ਪਰ ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 8 ਰਹਿ ਗਏ ਹਨ, ਉਨ੍ਹਾਂ ਨੂੰ ਮੰਜ਼ੂਰੀ ਕਿਉਂ ਨਹੀਂ ਦਿੱਤੀ ਗਈ ?

ਮੰਤਰੀ ਸਪੀਕਰ ਸਾਹਿਬ, ਜਿਹੜੇ 8 ਆਦਮੀ ਰਹਿ ਗਏ ਹਨ, ਉਨ੍ਹਾਂ ਦੇ ਖਿਲਾਫ਼ ਅੱਡ ਅੱਡ ਕਿਸਮ ਦੇ ਕੇਸ ਪੈਂਡਿੰਗ ਪਏ ਹਨ । ਕਿਉਂਕਿ ਉਹ ਆਪਣੇ ਕੇਸ ਕਲੀਅਰ ਨਹੀਂ ਕਰਵਾ ਸਕੇ, ਇਸ ਕਰਕੇ ਉਨ੍ਹਾਂ ਨੂੰ ਪੈਨਸ਼ਨ ਮੰਜ਼ੂਰ ਨਹੀਂ ਕੀਤੀ ਗਈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਫਿਰੋਜ਼ਪੁਰ ਦਾ ਜਿਹੜਾ ਕੇਸ ਪੈਂਡਿੰਗ ਰੱਖਿਆ ਹੈ, ਉਸ ਦੀ ਪੈਨਸ਼ਨ ਮੰਜ਼ੂਰ ਕਿਉਂ ਨਹੀਂ ਕੀਤੀ ਗਈ ?

ਮੰਤਰੀ ਸਪੀਕਰ ਸਾਹਿਬ, ਫਿਰੋਜਪੁਰ ਦਾ ਸ਼੍ਰੀ ਕਠਪਾਲ ਸਿੰਘ 30-6-1994 ਨੂੰ ਰਿਟਾਇਰ ਹੋਇਆ ਸੀ । ਉਸ ਨੇ ਹੁਣ ਤਕ ਕੈਸ਼ ਦਾ ਚਾਰਜ ਨਹੀਂ ਦਿੱਤਾ ਅੌਰ ਇਸ ਤੋਂ ਇਲਾਵਾ ਉਸ ਦੇ ਖਿਲਾਫ਼ 19,485 ਰੁਪਏ ਦੀ ਰਿਕਵਰੀ ਵੀ ਰਹਿੰਦੀ ਹੈ ।

ਜਵਾਹਰ ਰੋਜ਼ਗਾਰ ਯੋਜਨਾ ਅਧੀਨ ਖ਼ਰਚਾ

*2626. **ਸਰਦਾਰ ਹਰਨੇਕ ਸਿੰਘ ਮਾਂਗੇਵਾਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 1992-93, 1993-94 ਅਤੇ 1994-95 (ਮਿਤੀ ਅੰਤ ਤੱਕ) ਦੇ ਦੌਰਾਨ ਰਾਜ ਵਿਚ ਜਵਾਹਰ ਰੋਜ਼ਗਾਰ ਯੋਜਨਾ ਅਧੀਨ ਸਾਲਵਾਰ ਕਿੰਨਾ ਖਰਚ ਕੀਤਾ ਗਿਆ ਅਤੇ ਅਜਿਹੇ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਇਨ੍ਹਾਂ ਸਾਲਾਂ ਦੇ ਦੌਰਾਨ ਇਸ ਯੋਜਨਾ ਤੋਂ ਲਾਭ ਹੋਇਆ ?

Original with;
Punjab Vidhan Sabha
Digitized by;
Panjab Digital Library

ਮੁੱਖ ਸੰਸਦੀ ਸਕੱਤਰ (ਚੌਧਰੀ ਸੰਤੋਖ ਸਿੰਘ): ਫੇਰਵਾ ਹੇਠ ਲਿਖੇ ਅਨੁਸਾਰ ਹੈ :—

(ਲੱਖ ਰੁ: ਵਿੱਚ)
(ਦਿਹਾੜੀਆਂ ਲੱਖਾਂ ਵਿੱਚ)

1992-93		1993-94		1994-95 (ਫਰਵਰੀ 1995 ਤੱਕ)	
ਖਰਚਾ	ਦਿਹਾੜੀਆਂ	ਖਰਚਾ	ਦਿਹਾੜੀਆਂ	ਖਰਚਾ	ਦਿਹਾੜੀਆਂ
2590.84	31.78	1922.31	38.57	860.40	14.41

ਸਰਦਾਰ ਹਰਨੇਕ ਸਿੰਘ ਮਾਂਗੇਵਾਲ, ਕੀ ਮੰਤਰੀ ਸਾਹਿਬ, ਕ੍ਰਿਪਾ ਕਰਕੇ ਦੱਸਣਗੇ ਕਿ ਇਹ ਜੋ ਯੋਜਨਾ ਬਣਾਈ ਗਈ ਹੈ, ਇਸ ਦੇ ਤਹਿਤ ਜਿਹੜੀਆਂ ਗਰਾਂਟਸ ਦਿੱਤੀਆਂ ਜਾਂਦੀਆਂ ਹਨ, ਕੀ ਉਹ ਸਹੀ ਬੰਦਿਆਂ ਨੂੰ ਹੀ ਮਿਲਦੀਆਂ ਹਨ ?

ਮੁੱਖ ਸੰਸਦੀ ਸਕੱਤਰ ਹਾਂ ਜੀ, ਸਹੀ ਬੰਦਿਆਂ ਨੂੰ ਹੀ ਗਰਾਂਟ ਦਿੱਤੀ ਜਾਂਦੀ ਹੈ ।

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਜਵਾਹਰ ਰੋਜ਼ਗਾਰ ਯੋਜਨਾ ਅਧੀਨ ਜਿਹੜੇ ਸਰਕਾਰ ਨੇ ਕੇਸ਼ਿਜ਼ ਕੀਤੇ, ਉਨ੍ਹਾਂ ਦੇ ਵਿਚ ਘਪਲੇਬਾਜ਼ੀ ਹੋਈ ਹੈ ਅਤੇ ਕੇਸ਼ਿਜ਼ ਦਰਜ਼ ਵੀ ਹੋਏ ਹਨ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਉਤੇ ਕਦੋਂ ਤੱਕ ਫੈਸਲਾ ਹੋ ਜਾਵੇਗਾ ਜਿਹੜੇ ਕੇਸਿਜ਼ ਸਰਕਾਰ ਦੇ ਨੋਟਿਸ ਵਿਚ ਆਏ ਹਨ ?

ਸ਼੍ਰੀ ਸਪੀਕਰ : ਕੋਈ ਸਾਲਿਡ ਗੱਲ ਕਰਿਆ ਕਰੋ । ਇਹ ਜਨਰਲ ਜਿਹਾ ਸਵਾਲ ਹੈ ।

ਸਰਦਾਰ ਹਰਨੇਕ ਸਿੰਘ ਮਾਂਗੇਵਾਲ: ਸਪੀਕਰ ਸਾਹਿਬ ਇਹ ਜਿਹੜੀ ਗ੍ਰਾਂਟ ਇਸ ਯੋਜਨਾ ਅਧੀਨ ਦਿੱਤੀ ਜਾਂਦੀ ਹੈ, ਉਸ ਦਾ ਕਰਾਈਟੇਰੀਆ ਕੀ ਹੈ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ, ਕਿ ਇਹ ਪੇਂਡੂ ਖੇਤਰ ਵਿਚ ਨੌਕਾਂ ਨੂੰ ਰੋਜ਼ਗਾਰ ਦੇਣ ਵਾਸਤੇ ਸਕੀਮ ਬਣਾਈ ਗਈ ਹੈ ਅੱਰ ਪਿੰਡਾਂ ਦੇ ਵਾਤਾਵਰਣ ਨੂੰ ਠੀਕ ਕਰਨ ਵਾਸਤੇ ਇਹ ਸਕੀਮ ਹੈ । ਇਸ ਸਕੀਮ ਅਧੀਨ 60% ਪੈਸਾ ਮਜ਼ਦੂਰੀ ਉਤੇ ਖਰਚ ਕੀਤਾ ਜਾਂਦਾ ਹੈ ਅਤੇ 40% ਇਸ ਨੂੰ ਠੀਕ ਕਰਨ ਅਤੇ ਨਿਗਰਾਨੀ ਲਈ ਖਰਚ ਕੀਤਾ ਜਾਂਦਾ ਹੈ । ਇਹ ਇਸ ਦੀ ਦਰ ਹੈ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ: ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਇਹ ਗ੍ਰਾਂਟ ਪਿੰਡਾਂ ਵਾਸਤੇ ਦਿੱਤੀ ਜਾਂਦੀ ਹੈ ਪਰ ਇਹ ਵੀ ਦੱਸਿਆ ਜਾਵੇ ਕਿ ਇਹ ਗ੍ਰਾਂਟ ਦੇਣ ਦਾ ਕਰਾਈਟੇਰੀਆ ਕੀ ਹੈ ਅਤੇ ਇਸ ਵਿਚ ਪ੍ਰਾਇਰਟੀ ਕਿਸ ਤਰ੍ਹਾਂ ਫਿਕਸ ਕੀਤੀ ਜਾਂਦੀ ਹੈ ?

Original with;
Punjab Vidhan Sabha
Digitized by;
Panjab Digital Library

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਇਹ ਪਿੰਡਾਂ ਦੀ ਪਾਪੂਲੇਸ਼ਨ ਦੇ ਆਧਾਰ ਤੇ ਵੰਡੀ ਜਾਂਦੀ ਹੈ ।

ਸਰਦਾਰ ਹਰਗੋਪਾਲ ਸਿੰਘ, ਸਪੀਕਰ ਸਾਹਿਬ, ਇਹ ਜਿਹੜੀ ਗ੍ਰਾਂਟ ਇਸ ਸਕੀਮ ਅਧੀਨ ਦਿੱਤੀ ਜਾਂਦੀ ਹੈ, ਪਹਿਲੇ ਇਸ ਦਾ ਆਡਿਟ ਨਹੀਂ ਕੀਤਾ ਜਾਂਦਾ ਸੀ । ਕੀ ਸਰਕਾਰ ਇਸ ਦਾ ਆਡਿਟ ਹੁਣ ਕਰਵਾਉਂਦੀ ਹੈ ?

ਸ਼੍ਰੀ ਸਪੀਕਰ: ਕੀ ਇਸ ਦਾ ਆਡਿਟ ਹੁੰਦਾ ਹੈ ਜਾਂ ਨਹੀਂ ?

ਮੁੱਖ ਸੰਸਦੀ ਸਕੱਤਰ. ਸਪੀਕਰ ਸਾਹਿਬ, ਆਡਿਟ ਹੁੰਦਾ ਹੈ ਜੀ ।

ਰਾਜ ਦੇ ਕਿਸਾਨਾਂ ਨੂੰ ਦੂਜੇ ਰਾਜਾਂ ਵਿਚ ਵਸਾਉਣਾ

* 2321. **ਕਾਮਰੇਡ ਤਰਸੇਮ ਜੋਧਾਂ:** ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਦੀ ਪੰਜਾਬ ਦੇ ਮਿਹਨਤੀ ਕਿਸਾਨਾਂ ਨੂੰ ਦੂਸਰੇ ਰਾਜਾਂ ਵਿਚ ਜ਼ਮੀਨ ਦਿਵਾ ਕੇ ਵਸਾਉਣ ਦੀ ਕੋਈ ਤਜਵੀਜ਼ ਹੈ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ (ਖੇਤੀ ਬਾੜੀ ਅਤੇ ਵਣ ਮੰਤਰੀ): ਨਹੀਂ ਜੀ ।

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਸਰਕਾਰ ਨੇ ਕਿਸਾਨਾਂ ਦੀ ਬਹੁਤ ਸਾਰੀ ਜ਼ਮੀਨ ਇੰਡਸਟਰੀ ਦੀ ਖਾਤਰ ਐਕਵਾਇਰ ਕਰ ਲਈ ਹੈ ਅਤੇ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਸਰਕਾਰ ਵਲੋਂ ਮੁਆਵਜ਼ਾ ਵੀ ਘੱਟ ਦਿੱਤਾ ਗਿਆ ਹੈ । ਕੀ ਮਨਿਸਟਰ ਸਾਹਿਬ ਇਸ ਹਾਊਸ ਵਿਚ ਇਹ ਆਸ਼ਵਾਸਨ ਦੇਣਗੇ ਕਿ ਜਿਨ੍ਹਾਂ ਲੋਕਾਂ ਦੀ ਜ਼ਮੀਨ ਸਰਕਾਰ ਨੇ ਸਨਅੱਤ ਦੇ ਲਈ ਐਕਵਾਇਅਰ ਕੀਤੀ ਹੈ, ਕੀ ਉਨ੍ਹਾਂ ਲੋਕਾਂ ਨੂੰ ਬਾਹਰਲੇ ਸੂਬਿਆਂ ਦੇ ਵਿਚ ਸੈਟਲ ਕਰਨ ਲਈ ਜ਼ਮੀਨ ਦਿਵਾਉਣਗੇ ?

ਮੰਤਰੀ. ਸਪੀਕਰ ਸਾਹਿਬ, ਇਨ੍ਹਾਂ ਨੇ ਸਵਾਲ ਕੀਤਾ ਹੈ ਕਿ ਕੀ ਦੂਜਿਆਂ ਸੂਬਿਆਂ ਦੇ ਵਿਚ ਜ਼ਮੀਨ ਪੰਜਾਬ ਸਰਕਾਰ ਦਿਵਾਵੇਗੀ ? ਮੇਰੀ ਸਰਕਾਰ ਦੂਜਿਆਂ ਸੂਬਿਆਂ ਦੇ ਵਿਚ ਜ਼ਮੀਨ ਅਲਾਟ ਨਹੀਂ ਕਰਵਾ ਸਕਦੀ । ਅਗਰ ਇਹ ਕਹਿਣ ਤਾਂ ਅਸੀਂ ਬੰਗਾਲ ਵਿਚ ਭੇਜ ਦਿੰਦੇ ਹਾਂ । ਸਾਡੀ ਪੰਜਾਬ ਸਰਕਾਰ ਕਿਸ ਤਰ੍ਹਾਂ ਜ਼ਮੀਨ ਅਲਾਟ ਕਰਵਾ ਸਕਦੀ ਹੈ ।

ਸ਼੍ਰੀ ਸਪੀਕਰ: ਬਾਹਰਲੇ ਸੂਬਿਆਂ ਦੇ ਵਿਚ ਪੰਜਾਬ ਸਰਕਾਰ ਕਿਸ ਤਰ੍ਹਾਂ ਜ਼ਮੀਨਾਂ ਅਲਾਟ ਕਰਵਾ ਸਕਦੀ ਹੈ । ਜਿਹੜਾ ਦੂਜੇ ਸੂਬਿਆਂ ਵਿਚ ਰਹਿਣਾ ਚਾਹੁੰਦਾ ਹੈ, ਉਹ ਉਥੇ ਜ਼ਮੀਨ ਖਰੀਦ ਕੇ ਸੈਟਲ ਹੋ ਸਕਦਾ ਹੈ ।

ਅਣਅਧਿਕਾਰਤ ਵਿਅਕਤੀਆਂ ਦੁਆਰਾ ਗੱਡੀਆਂ ਤੇ ਲਾਲ ਬੱਤੀ ਦੀ ਵਰਤੋਂ ਤੇ ਰੋਕ ਲਗਾਉਣਾ

*2633. **ਸਰਦਾਰ ਹਰਗੋਪਾਲ ਸਿੰਘ:** ਕੀ ਟ੍ਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਅਫ਼ਸਰਾਂ/ਅਤਿ ਵਿਸ਼ੇਸ਼ ਵਿਅਕਤੀਆਂ ਦੁਆਰਾ ਆਪਣੀਆਂ ਗੱਡੀਆਂ ਤੇ ਕੀਤੀ ਜਾ ਰਹੀ ਲਾਲ ਬੱਤੀ ਦੀ ਕਥਿਤ ਵਰਤੋਂ ਬਾਰੇ ਕੋਈ ਸ਼ਿਕਾਇਤਾਂ ਪ੍ਰਾਪਤ

Original with;
Punjab Vidhan Sabha
Digitized by;
Panjab Digital Library

ਹੋਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧ ਵਿਚ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸ਼੍ਰੀ ਮਹਿੰਦਰ ਸਿੰਘ ਕੇ. ਪੀ.: ਨਹੀਂ ਜੀ । ਇਸ ਬਾਰੇ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ ਹੈ ਜੀ ।

ਸਰਦਾਰ ਹਰਗੋਪਾਲ ਸਿੰਘ ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ ਜ਼ਿਲ੍ਹਾ ਅਧਿਕਾਰੀ ਹੀ ਲਾਲ ਬੱਤੀ ਦਾ ਇਸਤੇਮਾਲ ਕਰ ਸਕਦੇ ਹਨ ਪਰ ਕਰ ਆਨਆਬੇਹਾਈਜ਼ਡ ਲੋਕ ਵੀ ਲਾਲ ਬੱਤੀ ਦਾ ਇਸਤੇਮਾਲ ਕਰਦੇ ਹਨ ਜਿਸ ਤਰ੍ਹਾਂ ਕਿ ਮੇਰੇ ਬਲਾਕ ਦਾ ਇਕ ਕਾਂਗਰਸ ਵਰਕਰ ਆਪਣੀ ਕਾਰ ਉਤੇ ਲਾਲ ਬੱਤੀ ਲਗਾ ਕੇ ਘੁੰਮਦਾ ਫਿਰਦਾ ਹੈ । ਉਸ ਦੀ ਕਾਰ ਦਾ ਨੰਬਰ ਹੈ ਸੀ. ਐਚ. ਜ਼ੀਰੋ ਵਨ ਸੀ-8019. ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਸ ਦੇ ਕਹਿਣ ਤੇ ਇਹ ਲਾਲ ਬੱਤੀ ਲਗਾਈ ਗਈ ਹੈ ? ਜੇਕਰ ਗੌਰਮਿੰਟ ਦੇ ਕਹਿਣ ਤੇ ਲਗਾਈ ਗਈ ਹੈ ਤਾਂ ਠੀਕ ਹੈ ਪਰ ਜੇਕਰ ਗਲਤ ਲਗਾਈ ਗਈ ਹੈ ਤਾਂ ਕੀ ਸਰਕਾਰ ਉਸ ਨੂੰ ਲਾਹੁਣ ਦਾ ਕੋਈ ਉਪਰਾਲਾ ਕਰੇਗੀ ?

ਸ਼੍ਰੀ ਸਪੀਕਰ : ਜਿਹੜੀਆਂ ਸ਼ਿਕਾਇਤਾਂ ਆਈਆਂ ਹਨ, ਉਸਤੇ ਇਹ ਐਕਸ਼ਨ ਲੈਣਗੇ । ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕੋਈ ਸਿਕਾਇਤ ਨਹੀਂ ਆਈ ।

ਰਾਜ ਮੰਤਰੀ: ਸਾਡੇ ਕੋਲ ਕੋਈ ਸ਼ਿਕਾਇਤ ਨਹੀਂ ਹੈ । ਜੇਕਰ ਮੈਂਬਰ ਸਾਹਿਬ ਕੋਲ ਕੋਈ ਸਪੈਸੇਫਿਕ ਸ਼ਿਕਾਇਤ ਹੈ ਤਾਂ ਦੱਸ ਦੇਣ, ਕਾਰਵਾਈ ਕਰਾਂਗੇ ।

श्रीमती लक्ष्मी कांता चावला: अध्यक्ष महोदय, मन्त्री जी ने कहा है कि कोई शिकायत नहीं आई परन्तु अखबारों में भी यह खबर बहुत आई है कि एक लड़की का तरनतारन से अपहरण हुआ है और अपहरणकर्ता बाबा जिस कार में भागा वह कंटैसा कार थी और उस पर लाल बत्ती लगी हुई थी । क्या उस बाबे के विरूद्ध मन्त्री जी की तरफ से कोई कार्यवाई की गई ? अगर कोई कार्यवाई हुई है तो क्या उस के बारे में मन्त्री जी बतायेंगे ?

ਸ਼੍ਰੀ ਸਪੀਕਰ: ਮੰਤਰੀ ਜੀ ਨੇ ਕਿਹਾ ਹੈ ਕਿ ਕੋਈ ਸ਼ਿਕਾਇਤ ਨਹੀਂ ਆਈ ।

ਸਰਦਾਰ ਹਰਗੋਪਾਲ ਸਿੰਘ, ਸਪੀਕਰ ਸਾਹਿਬ, ਉਸ ਮਾਰੂਤੀ ਕਾਰ ਦਾ ਨੰ: ਸੀ. ਐਚ. ਜ਼ੀਰੋ ਵਨ ਸੀ-8019 ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਲਾਲ ਬੱਤੀ ਕਿਸੇ ਕਾਂਗਰਸ ਦੇ ਅਫਸਰ ਦੇ ਕਹਿਣ ਤੇ ਲਗਾਈ ਗਈ ਸੀ ਜਾਂ ਕਿਸੇ ਹੋਰ ਉਚ ਅਧਿਕਾਰੀ ਨੇ ਕਿਹਾ ਸੀ ? ਜੇਕਰ ਕਾਂਗਰਸ ਦੇ ਕਿਸੇ ਵੱਡੇ ਅਫਸਰ ਦੇ ਕਹਿਣ ਤੇ ਲਗਾਈ ਗਈ ਹੈ ਤਾਂ ਠੀਕ ਹੈ ਕਿਉਂਕਿ ਸਰਕਾਰ ਇਨ੍ਹਾਂ ਦੀ ਹੈ ਪਰ ਜੇਕਰ ਲਾਲ ਬੱਤੀ ਗਲਤ ਤੌਰ ਤੇ ਲਗਾਈ ਗਈ ਹੈ ਤਾਂ ਸਰਕਾਰ ਉਸ ਨੂੰ ਲਾਹੁਣ ਲਈ ਕੀ ਉਪਰਾਲੇ ਕਰੇਗੀ ?

ਸ਼੍ਰੀ ਸਪੀਕਰ, ਸਰਕਾਰ ਕਾਨੂੰਨ ਦੇ ਮੁਤਾਬਿਕ ਹੀ ਕੰਮ ਕਰਦੀ ਹੈ ਅਤੇ ਕਿਸੇ ਨੂੰ ਗਲਤ ਇਜ਼ਾਜ਼ਤ ਨਹੀਂ ਦਿਤੀ ਜਾ ਸਕਦੀ ।

Original with;
Punjab Vidhan Sabha
Digitized by
Panjab Digital Library

ਰਾਜ ਮੰਤਰੀ: ਸਪੀਕਰ ਸਾਹਿਬ, ਪਿਛਲੇ ਦਿਨਾਂ ਵਿਚ ਵੀ ਲਾਲ ਬੱਤੀ ਦਾ ਸਵਾਲ ਆਇਆ ਸੀ ਅੰਰ ਉਸ ਸਵਾਲ ਦਾ ਜਵਾਬ ਦਿੱਤਾ ਗਿਆ ਸੀ । ਲਾਲ ਬੱਤੀ ਦੀ ਵਰਤੋਂ ਕੁਝ ਡਿਪਾਰਟਮੈਂਟਸ ਕਰ ਸਕਦੇ ਹਨ । ਜਿਨ੍ਹਾਂ ਨੂੰ ਲਾਲ ਬੱਤੀ ਲਗਾਉਣ ਦੀ ਅਥਾਰਟੀ ਹੈ ਉਹੀ ਲਗਾ ਸਕਦੇ ਹਨ । ਜਿਹੜੇ ਡਿਪਾਰਟਮੈਂਟ ਚੈਕਿੰਗ ਕਰਦੇ ਹਨ. ਪੁਲਿਸ ਦੇ ਖਾਸ ਆਫੀਸਰਜ਼ ਹਨ ਜਾਂ ਵੀ. ਆਈ. ਪੀਜ਼. ਹਨ, ਐਨਫੋਰਸਮੈਂਟ ਹੈ, ਉਨ੍ਹਾਂ ਨੂੰ ਅਲਾਊਡ ਹੈ ਬਾਕੀ ਕਿਸੇ ਬੰਦੇ ਨੂੰ ਅਥਾਰਿਟੀ ਨਹੀਂ ਹੈ ।

ਸ੍ਰੀ ਸਪੀਕਰ: ਮੰਤਰੀ ਜੀ, ਮੈਂਬਰ ਸਾਹਿਬ, ਨੇ ਜੋ ਕਾਰ ਦਾ ਨੰਬਰ ਦਸਿਆ ਹੈ, ਉਸ ਦੀ ਇਨਕੁਆਇਰੀ ਕਰਾਉਗੇ ?

ਰਾਜ ਮੰਤਰੀ: ਅਸੀਂ ਇਸ ਦੀ ਇਨਕੁਆਇਰੀ ਕਰਾ ਲੈਂਦੇ ਹਾਂ ।

ਸ੍ਰੀ ਜਗਦੀਸ਼ ਸਾਹਨੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਸਾਡੇ ਕੋਲ ਕੋਈ ਸ਼ਿਕਾਇਤ ਨਹੀਂ ਹੈ । ਮੇਰੀ ਇਕ ਪਰਸਨਲ ਕੰਪਲੇਂਟ ਹੈ । ਮੈਂ ਚੰਡੀਗੜ੍ਹ ਸੀ ਪਰ ਪੁਲਿਸ ਨੇ ਲਾਲ ਬੱਤੀ ਲਾਹੁਣ ਦੀ ਕੋਸ਼ਿਸ਼ ਕੀਤੀ । ਮੈਂ ਇਸ ਬਾਰੇ ਕੰਪਲੇਂਟ ਕੀਤੀ । ਮੇਰੀ ਕੰਪਲੇਂਟ ਐਸ. ਐਸ. ਪੀ. ਕੋਲ ਵੀ ਹੈ, ਪੁਲਿਸ ਥਾਣੇ ਵਿਚ ਵੀ ਹੈ ਅਤੇ ਤੁਹਾਡੇ ਕੋਲ ਵੀ ਹੋਵੇਗੀ । ਚਾਰ ਪੰਜ ਦਫਾ ਅਖਬਾਰਾਂ ਵਿਚ ਵੀ ਇਸ ਦਾ ਜ਼ਿਕਰ ਆ ਚੁੱਕਾ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਬਾਰੇ ਕੀ ਕਾਰਵਾਈ ਕੀਤੀ ਗਈ ਹੈ ਅਤੇ ਕੀ ਇਕ ਐਮ. ਐਲ. ਏ. ਲਾਲ ਬੱਤੀ ਨਹੀਂ ਲਗਾ ਸਕਦਾ ? ਇਸ ਕੰਪਲੇਂਟ ਦਾ ਕੀ ਬਣਿਆ ?

ਸ੍ਰੀ ਸਪੀਕਰ ਤੁਹਾਡਾ ਸਵਾਲ ਉਲਟਾ ਹੈ । ਮੰਤਰੀ ਜੀ ਕਹਿੰਦੇ ਹਨ ਕਿ ਕੋਈ ਸ਼ਿਕਾਇਤ ਨਹੀਂ ਆਈ । You are not authorised. You can't use it. M.L.A. is not allowed.

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਜਗਦੀਸ਼ ਸਾਹਨੀ ਜੀ ਨੇ ਰਸਨਲ ਕੰਪਲੇਂਟ ਰੱਖੀ ਹੈ । ਕੀ ਮੰਤਰੀ ਜੀ ਦਸਣਗੇ ਕਿ ਕੋਈ ਕੰਪਲੇਂਟ ਨਹੀਂ ਆਈ ? ਕਾ ਇਕ ਐਮ. ਐਲ. ਏ. ਨੂੰ ਅਥਾਰਟੀ ਹੈ ਕਿ ਉਹ ਲਾਲ ਬੱਤੀ ਲਗਾ ਸਕਦਾ ਹੈ ਜਾ ਨਹੀਂ ? ਕੀ ਮੰਤਰੀ ਜੀ ਹਾਊਸ ਨੂੰ ਕੋਈ ਭਰੋਸਾ ਇਸ ਬਾਰੇ ਦੇਣਗੇ ? ਕੀ ਇਸ ਬਾਰੇ ਸਪੈਸੇਫਿਕ ਇੰਸਟਰੱਕਸ਼ਜ ਜਾਰੀ ਕਰਨਗੇ ਤਾਂ ਜੋ ਜਿਹੜੀਆਂ ਕੈਟੇਗਰੀਜ਼ ਲਾਲ ਬੱਤੀ ਲਾਉਣ ਲਈ ਐਨਟਾਈਟਲਡ ਹਨ, ਉਹੀ ਲਾਉਣ ? ਇਨ੍ਹਾਂ ਦਾ ਸਟਾਫ ਇਸ ਗੱਲ ਨੂੰ ਚੈਕ ਕਰੇ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਜਾਣਕਾਰੀ ਦੇਣਾ ਚਾਹੁੰਦਾ ਹਾਂ ਜਿਵੇਂ ਸਾਹਨੀ ਸਾਹਿਬ ਨੇ ਕਿਹਾ ਹੈ ਕਿ ਇਨ੍ਹਾਂ ਦੀ ਲਾਲ ਬੱਤੀ ਲਾਹੀ ਹੈ, ਇਹ ਲਾਲ-ਬੱਤੀ ਲਾਉਣ ਦੇ ਐਨਟਾਈਟਲਡ ਨਹੀਂ ਹਨ, ਲਾ ਨਹੀਂ ਸਕਦੇ ।

ਸ੍ਰੀ ਸਪੀਕਰ: ਮਿੱਤਲ ਸਾਹਿਬ ਨੇ ਪੁੱਛਿਆ ਹੈ ਕਿ ਕੀ ਤੁਸੀਂ ਇੰਸਟ੍ਰਕਸ਼ਨਜ ਜਾਰੀ ਕਰ ਦਿਉਗੇ ਕਿ ਜਿਹੜੇ ਅਨ-ਆਥੋਰਾਈਜ਼ਡ ਹਨ, ਉਹ ਲਾਲ-ਬੱਤੀ ਨਾ ਲਾਉਣ ।

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਇੰਸਟ੍ਰਕਸ਼ਨਜ਼ ਅਸੀਂ ਰੀਸੈਂਟਲੀ ਜਾਰੀ ਕੀਤੀਆਂ ਹਨ ਅਤੇ ਟਾਈਮ ਟੂ-ਟਾਈਮ ਇੰਸਟ੍ਰੱਕਸ਼ਨਜ਼ ਅਸੀਂ ਜਾਰੀ ਕਰਦੇ ਰਹਿੰਦੇ ਹਾਂ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਇਨ੍ਹਾਂ ਨੇ ਕਹਿ ਦਿਤਾ ਹੈ ਕਿ ਅਸੀਂ ਟਾਈਮ-ਟੂ-ਟਾਈਮ ਜਾਰੀ ਕਰਦੇ ਰਹਿੰਦੇ ਹਾਂ । ਮੈਂ ਪੁੱਛਿਆ ਹੈ ਕਿ ਕੀ ਇਹ ਅੱਜ ਤੋਂ ਜਾਰੀ ਕਰਨਗੇ ।

Mr. Speaker: He has clearly said.

Shri Madan Mohan Mittal: He has not said it clearly. I do not dispute it. He should make it clear whether the MLAs are entitled or not.

Mr. Speaker: They are not entitled and he will take action against those who use it unauthorisedly,

ਸ਼੍ਰੀ ਮਦਨ ਮੋਹਨ ਮਿੱਤਲ : ਇਨ੍ਹਾਂ ਨੇ ਕਿਹਾ ਹੈ ਕਿ ਇਹ ਇੰਸਟ੍ਰੱਕਸ਼ਨਜ਼ ਜਾਰੀ ਕਰਦੇ ਰਹਿੰਦੇ ਹਨ । ਕੀ ਇਹ ਅੱਜ ਤੋਂ ਜਾਰੀ ਕਰਨਗੇ ?

ਸ਼੍ਰੀ ਸਪੀਕਰ : ਮੰਤਰੀ ਜੀ, ਤੁਸੀਂ ਨਵੇਂ ਸਿਰੇ ਤੋਂ ਇੰਸਟ੍ਰੱਕਸ਼ਨਾਂ ਜਾਰੀ ਕਰ ਦਿਉ ।

ਰਾਜ ਮੰਤਰੀ : ਸਪੀਕਰ ਸਾਹਿਬ, ਇੰਸਟ੍ਰੱਕਸ਼ਨਾਂ ਅਸੀਂ ਪਹਿਲਾਂ ਹੀ ਜਾਰੀ ਕਰਦੇ ਰਹਿੰਦੇ ਹਾਂ, ਇਹ ਐਕਸ਼ਨ ਉਨ੍ਹਾਂ ਦੇ ਤਹਿਤ ਹੀ ਹੋਇਆ ਹੈ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਤੁਸੀਂ ਕਿਹਾ ਸੀ ਕਿ ਮੰਤਰੀ ਬਣਨ ਦਾ ਫ਼ਾਇਦਾ ਕੀ ਹੋਇਆ ਜੇ ਉਹ ਆਪਣੇ ਹਲਕੇ ਵਿਚ ਕੰਮ ਨਾ ਕਰਾਏ । ਫਿਰ ਤਾਂ ਐਮ. ਐਲ. ਏ. ਬਣਨ ਦਾ ਫ਼ਾਇਦਾ ਵੀ ਕੀ ਹੋਇਆ ਜੇ ਲਾਲ-ਬੱਤੀ ਨਾ ਲਗਾਈ ।

ਸ਼੍ਰੀ ਸਪੀਕਰ: ਐਮ. ਐਲ. ਏ. ਬਣਨ ਦਾ ਤਾਂ ਫ਼ਾਇਦਾ ਹੀ ਨਹੀਂ ਜੇ ਮੰਤਰੀ ਨਾ ਬਣੇ । (ਹਾਸਾ)

ਆਈ. ਪੀ. ਐਸ. ਅਧਿਕਾਰੀਆਂ ਦੇ ਸਰਕਾਰੀ ਵਿਦੇਸ਼ੀ ਦੌਰਿਆਂ ਤੇ ਖਰਚਾ

*2339. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਕ ਮਾਰਚ, 1992 ਤੋਂ ਲੈ ਕੇ 31 ਦਸੰਬਰ, 1994 ਤੱਕ ਪੰਜਾਬ ਦੇ ਕੌਣ ਕੌਣ ਆਈ. ਪੀ. ਐਸ. ਅਧਿਕਾਰੀ ਕਿਹੜੇ-ਕਿਹੜੇ ਦੇਸ਼ਾਂ ਦੇ ਸਰਕਾਰੀ ਦੌਰਿਆਂ ਤੇ ਵਿਦੇਸ਼ ਗਏ ?

(ਅ) ਭਾਗ (ੳ) ਵਿਚ ਵਰਣਿਤ ਸਰਕਾਰੀ ਦੌਰਿਆਂ ਵਿਚੋਂ ਹਰ ਇਕ ਦੌਰੇ ਤੇ ਕ੍ਰਮਵਾਰ ਕੁੱਲ ਕਿੰਨੀ ਰਾਸ਼ੀ ਖਰਚ ਹੋਈ ?

Original with;
Punjab Vidhan Sabha
Digitized by;
Punjab Digital Library

Sardar Beant Singh: (a) During the period from March, 1992 to 31st December, 1994 following IPS Officers of Punjab State went on Foreign tour on official duty in various Countries mentioned against their names :—

(i) Sh. O. P. Sharma, IPS .. U.S.A.

(ii) Sh. G. S. Aujla, IPS .. U.K.

(iii) Sh. C. Sita Rami Reddy, IPS. . HONG KONG,

(b) (i) Rs. 1, 34,965

(ii) Sh, G. S. Aujla, IPS went to attend Training Course in U.K, under Colombo Plan and the entire expenditure was borne by the concerned Country.

(iii) Rs. 37292/-

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਮੈਂ ਤਹਾਡੀ ਮਾਰਫਤ ਮਾਨਯੋਗ ਮੁੱਖ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਠੀਕ ਹੈ, ਇਕ ਆਈ. ਪੀ. ਐਸ. ਅਧਿਕਾਰੀ ਟਰੇਨਿੰਗ ਵਾਸਤੇ ਫਾਰੇਨ ਗਿਆ ਪਰ ਦੂਸਰੇ 2 ਅਧਿਕਾਰੀ ਜਿਹੜੇ ਗਏ, ਉਹ ਕਿਸ ਵਿਸ਼ੇਸ਼ ਕੇਸ ਦੀ ਇਨਵੈਸਟੀਗੇਸ਼ਨ ਵਾਸਤੇ ਗਏ ਸਨ ਅਤੇ ਕੀ ਉਸ ਇਨਵੈਸਟੀਗੇਸ਼ਨ ਦੇ ਕੋਈ ਫਰੂਟ ਫੁਲ ਰਿਜ਼ਲਟ ਨਿਕਲੇ ਹਨ ?

ਮੁੱਖ ਮੰਤਰੀ: ਇਹ ਮੈਂ ਇਸ ਵੇਲੇ ਦੱਸ ਨਹੀਂ ਸਕਦਾ । ਹਾਈਲੀ ਕਾਨਫੀਡੈਂਸ਼ਲ ਗੱਲਾਂ ਹਨ ।

ਸ਼੍ਰੀ ਸਪੀਕਰ: ਅਗਲੇ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਦਾ ਪੂਰੀ ਤਰ੍ਹਾਂ ਜਵਾਬ ਨਹੀਂ ਆਇਆ ।

ਸ਼੍ਰੀ ਸਪੀਕਰ: ਉਨ੍ਹਾਂ ਨੇ ਕਿਹਾ ਹੈ ਕਿ ਇਹ ਕਾਨਫੀਡੈਂਸ਼ਲ ਹੈ ।

ਕਾਮਰੇਡ ਹਰਦੇਵ ਅਰਸ਼ੀ: ਠੀਕ ਹੈ ਜੀ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2634*

ਸ਼੍ਰੀ ਸਪੀਕਰ: ਸਟਾਰਡ ਸਵਾਲ ਨੰਬਰ 2634 ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਦੇ ਦਿੱਤੀ ਹੈ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2599

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ ।)

---

*For Starred Question No. 2634 and reply there to, please see Punjab Vidhan Sabha Debates Dated 28 March, 1995. (M.S.)

Original with;
Punjab Vidhan Sabha
Digitized by;
Panjab Digital Library

ਸਿਵਲ ਹਸਪਤਾਲ ਅਜਨਾਲਾ ਲਈ ਜ਼ਮੀਨ ਦੀ ਪ੍ਰਾਪਤੀ

*2640. **ਡਾਕਟਰ ਰਤਨ ਸਿੰਘ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੀ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਸਿਵਲ ਹਸਪਤਾਲ ਦੀ ਉਸਾਰੀ ਲਈ ਜ਼ਮੀਨ ਪ੍ਰਾਪਤ ਕਰਨ ਦੀ ਕੋਈ ਤਜ਼ਵੀਜ਼ ਹੈ ? ਜੇਕਰ ਅਜਿਹਾ ਹੈ ਤਾਂ ਕਦੋਂ ਅਤੇ ਜ਼ਮੀਨ ਕਿਸ ਦਰ ਤੇ ਪ੍ਰਾਪਤ ਕੀਤੇ ਜਾਣ ਦੀ ਸੰਭਾਵਨਾ ਹੈ ?

Sardar Harcharan Singh Brar: Yes please, land measuring 62 Kanals 1 Marla is proposed to acquired at a total cost of Rs. 11,30,594. It will be acquired as soon as necessary procedural formalities are completed.

ਡਾਕਟਰ ਰਤਨ ਸਿੰਘ: ਸਰ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜ਼ਮੀਨ ਪ੍ਰਾਪਤ ਕਰਨ ਦੀ ਜਿਹੜੀ ਤਜ਼ਵੀਜ਼ ਹੈ, ਇਹ ਕਿਹੜੇ ਸਾਲ ਤੋਂ ਚਾਲੂ ਹੋਈ ਸੀ ?

ਮੰਤਰੀ: 1992 ਵਿਚ ।

ਡਾਕਟਰ ਰਤਨ ਸਿੰਘ: ਸਰ, ਇਸ ਤਜ਼ਵੀਜ਼ ਬਾਰੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ 1991 ਵਿਚ ਸਾਰੀਆਂ ਫਾਰਮੈਲਿਟੀਜ਼ ਪੂਰੀਆਂ ਹੋ ਚੁਕੀਆਂ ਸਨ ਅਤੇ ਇਹ ਤਜਵੀਜ਼ ਗਰੀਵੈਂਸਿਜ਼ ਕਮੇਟੀ ਅਤੇ ਪਲਾਨਿੰਗ ਬੋਰਡ ਵਿਚ ਕਾਫੀ ਵਾਰੀ ਰੱਖੀ ਗਈ ਹੈ ਪਰ ਇਹ ਤਜ਼ਵੀਜ਼ ਕੇਵਲ ਪੈਸਿਆਂ ਕਰਕੇ ਰਹਿ ਗਈ ਹੈ । ਕੀ ਮੰਤਰੀ ਜੀ ਇਸ ਵਾਸਤੇ ਪੈਸਿਆਂ ਦਾ ਪ੍ਰਬੰਧ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਇਹ ਕਾਰਸਪੌਂਡੈਂਸ ਸਿਵਲ ਸਰਜਨ ਔਰ ਡਾਇਰੈਕਟੋਰੇਟ ਦੇ ਦਰਮਿਆਨ ਬੜੀ ਦੇਰ ਚਲਦੀ ਰਹੀ । ਇਨ੍ਹਾਂ ਦਾ ਫੈਸਲਾ ਹੋ ਗਿਆ ਹੈ । ਜਦੋਂ ਪੈਸੇ ਮਿਲ ਜਾਣਗੇ, ਪੈਸੇ ਦੇ ਕੇ ਜ਼ਮੀਨ ਐਕੁਆਇਰ ਕਰ ਲਵਾਂਗੇ ।

ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੁਆਰਾ ਕਿੰਨੂਆਂ ਦੀ ਖਰੀਦ

*2384. 1. **ਕਾਮਰੇਡ ਹਰਦੇਵ ਅਰਸ਼ੀ** :
2. **ਸ਼੍ਰੀਮਤੀ ਵਿਮਲਾ ਡਾਂਗ** : } : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ---

(ੳ) ਕੀ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ (ਪੈਕ) ਨੇ ਸਾਲ 1994 ਦੌਰਾਨ ਕਿੰਨੂਆਂ ਦੀ ਖਰੀਦ ਕੀਤੀ; ਜੇਕਰ ਅਜਿਹਾ ਹੋਵੇ, ਤਾਂ ਉਸ ਦੀ ਮਾਤਰਾ ਕਿੰਨੀ ਸੀ ਅਤੇ ਕਿੰਨੂ ਕਿਸ ਭਾਅ ਤੇ ਖਰੀਦੇ ਗਏ ਸਨ;

(ਅ) ਕੀ ਇਸ ਤੋਂ ਪਹਿਲਾਂ ਦੇ ਕਿਸੇ ਸਾਲ ਵਿਚ ਵੀ ਉਕਤ ਕਾਰਪੋਰੇਸ਼ਨ ਦੁਆਰਾ ਕਿੰਨੂ ਖਰੀਦੇ ਗਏ ਸਨ, ਜੇਕਰ ਅਜਿਹਾ ਹੋਵੇ, ਤਾਂ ਕਿਸ ਸਾਲ ਅਤੇ ਉਸ ਸਮੇਂ ਇਹ ਕਿਸ ਭਾਅ ਤੇ ਖਰੀਦੇ ਗਏ ਸਨ ?

Original with;
Punjab Vidhan Sabha
Digitized by;

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ: ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖ ਜਾਂਦੀ ਹੈ ।

ਸਟੇਟਮੈਂਟ

(ੳ) ਹਾਂ ਜੀ । ਸਾਲ 1993-94 ਦੌਰਾਨ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਨੇ ਕਿੰਨੂਆਂ ਦੀ ਖਰੀਦ ਵਪਾਰਕ ਪੱਧਰ ਤੇ ਕੀਤੀ ਸੀ । ਕੁੱਲ ਲਗਭਗ 400 ਮੀ. ਟਨ ਕਿੰਨੂਆਂ ਦੀ ਖਰੀਦ ਕੀਤੀ ਗਈ ਸੀ ਤੇ ਕਿਸਾਨਾਂ ਨੂੰ ਇਸ ਦੀ ਕੀਮਤ 2.70 ਰੁਪਏ ਪ੍ਰਤੀ ਕਿਲੋ ਦਿੱਤੀ ਗਈ ਸੀ । ਸਾਲ 1994-95 ਦੌਰਾਨ ਲਗਭਗ 220 ਮੀ. ਟਨ ਕਿੰਨੂ ਖਰੀਦੇ ਗਏ ਅਤੇ ਇਹ ਖਰੀਦ 3 ਰੁਪਏ ਪ੍ਰਤੀ ਕਿਲੋ ਹੈ ।

(ਅ) ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਹੀ ਪਹਿਲੇ ਸਾਲਾਂ ਵਿਚ ਇਕ ਅਜਿਹਾ ਅਦਾਰਾ ਸੀ ਜਿਸਨੇ ਕਿੰਨੂਆਂ ਦਾ ਮੰਡੀਕਰਨ ਭਾਰਤ ਸਰਕਾਰ ਦੀ ਸਕੀਮ ਮਾਰਕਿਟ ਇਨਟਰਵੈਂਸ਼ਨ ਸਕੀਮ ਅਧੀਨ ਕੀਤਾ । ਇਸ ਸਕੀਮ ਦੇ ਅਧੀਨ ਜੋ ਵੀ ਘਾਟਾ ਹੋਇਆ, ਉਸ ਨੂੰ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਦੁਆਰਾ 50:50 ਦੀ ਮਿਕਦਾਰ ਵਿਚ ਵੰਡਿਆ ਗਿਆ । ਇਸ ਸਕੀਮ ਅਧੀਨ ਤਿੰਨ ਸਾਲਾਂ ਦੀ ਖਰੀਦ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

	ਗਰੇਡ-ਏ	ਗਰੇਡ-ਬੀ	ਗਰੇਡ-ਸੀ	(ਰੁਪਏ ਪ੍ਰਤੀ ਕਿਲੋ)
1990-91 ..	3.00	2.50	—	
1991-92 ..	3.25	2.75	—	
1992-93 ..	3.25	2.75	2.25	

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਮੰਤਰੀ ਜੀ ਨੂੰ ਪਤਾ ਹੈ ਕਿ ਇਸ ਵਾਰ ਕਿੰਨੂਆਂ ਦੀ ਫਸਲ ਬਹੁਤ ਅੱਛੀ ਹੋਈ ਹੈ ਲੇਕਿਨ ਉਸ ਦਾ ਭਾਅ ਐਨਾ ਘਟ ਸੀ ਕਿ ਉਹ ਇਕ ਰੁਪਏ ਕਿਲੋ ਵਿਕਦਾ ਰਿਹਾ ਅਤੇ ਮੰਡੀਆਂ ਵਿਚ ਰੁਲਦਾ ਰਿਹਾ । ਮੈਨੂੰ ਸ਼ੱਕ ਹੈ ਕਿ ਕਾਰਪੋਰੇਸ਼ਨ ਮੰਡੀਆਂ ਵਿਚ ਬਹੁਤ ਦੇਰੀ ਨਾਲ ਗਈ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਨੇ ਕਿਹੜੀਆਂ ਕਿਹੜੀਆਂ ਮੰਡੀਆਂ ਵਿਚ ਐਂਟਰ ਕੀਤਾ ਅਤੇ ਕਿਸ ਕਿਸ ਮਿਤੀ ਨੂੰ ਐਂਟਰ ਕੀਤਾ ?

ਮੰਤਰੀ: ਸਪੀਕਰ ਸਾਹਿਬ, ਜੋ ਇਹ ਫੁਰਮਾ ਰਹੇ ਹਨ, ਉਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਜਿਹੜਾ ਕਿੰਨੂ ਸੀ, ਉਹ ਜ਼ਰੂਰਤ ਤੋਂ ਜ਼ਿਆਦਾ ਸੀ । ਬਾਹਰ ਦਾ ਵਪਾਰ ਅੱਤਵਾਦ ਤੋਂ ਡਰਦਾ ਇਥੇ ਆਉਂਦਾ ਨਹੀਂ ਸੀ । ਇਸੇ ਡਰ ਕਰਕੇ

Original with;
Punjab Vidhan Sabha
Digitized by;
Punjab Digital Library

ਬਾਹਰ ਦੇ ਵਪਾਰੀ ਦੇ ਇਥੇ ਨਾ ਆਉਣ ਕਾਰਣ ਮੰਡੀਆਂ ਵਿਚ ਕਿੰਨੂਆਂ ਦਾ ਫਲੱਡ ਆ ਗਿਆ ਸੀ । ਜਿਸ ਕਰਕੇ ਲੋਕਾਂ ਨੇ ਕਿੰਨੂਆਂ ਦੇ ਬਾਗ ਪੁੱਟਣੇ ਸ਼ੁਰੂ ਕਰ ਦਿੱਤੇ । ਕਿੰਨੂਆਂ ਦਾ ਠੀਕ ਭਾਅ ਦੇਣ ਵਾਸਤੇ ਅਤੇ ਇਸ ਸਮੱਸਿਆ ਦੇ ਸਮਾਧਾਨ ਵਾਸਤੇ ਭਾਰਤ ਸਰਕਾਰ ਨੇ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਅਤੇ ਨੈਫੈੱਡ ਨਾਲ ਮਿਲ ਕੇ ਇਕ ਸਕੀਮ ਤਿਆਰ ਕੀਤੀ ਅਤੇ ਇਨ੍ਹਾਂ ਨੂੰ ਕਿਹਾ ਕਿ ਕਿੰਨੂ ਖਰੀਦੋ, ਕਿਸੇ ਵੀ ਭਾਅ ਤੇ ਖਰੀਦੋ-ਬੇਸ਼ੱਕ ਸਾਨੂੰ ਘਾਟਾ ਵੀ ਪੈ ਜਾਵੇ, ਤਾਂ ਜੋ ਜ਼ਿਮੀਦਾਰਾਂ ਨੂੰ ਨੁਕਸਾਨ ਤੋਂ ਬਚਾਇਆ ਜਾ ਸਕੇ । ਇਸ ਸਕੀਮ ਅਧੀਨ 1991-92 ਵਿਚ 4535 ਮੀਟ੍ਰਿਕ ਟਨ ਕਿੰਨੂ ਖਰੀਦਿਆ ਗਿਆ-ਗਰੇਡ 'ਏ' ਰੁ. 3.25 ਅਤੇ ਗਰੇਡ 'ਬੀ' ਰੁ. 2.75 ਦੇ ਹਿਸਾਬ ਨਾਲ । ਇਸੇ ਤਰ੍ਹਾਂ 1992-93 ਵਿਚ 3090 ਮੀਟ੍ਰਿਕ ਟਨ ਕਿੰਨੂ ਖਰੀਦਿਆ ਗਿਆ-ਗਰੇਡ 'ਏ' ਰੁ. 3.25 ਅਤੇ ਗਰੇਡ 'ਬੀ' ਰੁ. 2.75 ਦੇ ਹਿਸਾਬ ਨਾਲ । ਇਸ ਖਰੀਦ ਨਾਲ ਜਿਹੜਾ ਸਾਨੂੰ ਘਾਟਾ ਪਿਆ, ਉਹ ਇਸ ਤਰ੍ਹਾਂ ਸੀ-1991-92 ਵਿਚ 52 ਲੱਖ 40 ਹਜ਼ਾਰ ਰੁਪਏ ਅਤੇ 1992-93 ਵਿਚ 42 ਲੱਖ 48 ਹਜ਼ਾਰ ਰੁਪਏ । ਇਸ ਤੋਂ ਬਾਦ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਆ ਗਈ । ਉਹ ਜਿਹੜਾ ਘਾਟਾ/ਨੁਕਸਾਨ ਹੋ ਰਿਹਾ ਸੀ, ਉਸ ਤੋਂ ਹੁਣ ਬਚਾ ਕਰ ਰਹੇ ਹਾਂ ਅਤੇ ਕਿਸਾਨਾਂ ਨੂੰ ਹੋਰ ਵੀ ਚੰਗੇ ਭਾਅ ਮਿਲ ਸਕਣ, ਇਸ ਦੇ ਲਈ ਯਤਨ ਕਰ ਰਹੇ ਹਾਂ ।

ਸ਼੍ਰੀ ਸਪੀਕਰ: ਮੰਤਰੀ ਜੀ, ਉਨ੍ਹਾਂ ਨੇ ਤਾਂ ਇਹ ਪੁੱਛਿਆ ਸੀ ਕਿ ਐਗਰੋ ਕਾਰਪੋਰੇਸ਼ਨ ਮੰਡੀਆਂ ਵਿਚ ਲੇਟ ਕਿਉਂ ਦਾਖਲ ਹੋਈ ਅਤੇ ਕਿਹੜੀਆਂ ਕਿਹੜੀਆਂ ਮੰਡੀਆਂ ਵਿਚ ਹੋਈ ?

ਮੰਤਰੀ: ਸਪੀਕਰ ਸਾਹਿਬ, ਸਾਡੀ ਸਰਕਾਰ ਬਣਨ ਤੋਂ ਪਹਿਲਾਂ ਇਥੇ ਕੋਈ ਵਪਾਰੀ ਆਉਂਦਾ ਹੀ ਨਹੀਂ ਸੀ ਜਿਸ ਕਰਕੇ ਇਹ ਨੁਕਸਾਨ ਹੋਇਆ । ਇਸੇ ਗੱਲ ਨੂੰ ਧਿਆਨ ਵਿਚ ਰਖਦਿਆਂ ਸੈਂਟਰ ਦੀ ਸਰਕਾਰ ਨੇ ਫੈਸਲਾ ਕੀਤਾ ਅਤੇ ਨੈਫੈੱਡ ਅਤੇ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਨੂੰ ਇਹ ਕਿੰਨੂ ਖਰੀਦਣ ਵਾਸਤੇ ਕਿਹਾ, ਬੇਸ਼ਕ ਘਾਟਾ ਹੀ ਪੈ ਜਾਏ । ਸਾਡੀ ਸਰਕਾਰ ਤਾਂ ਉਸ ਤੋਂ ਬਾਦ ਆਈ ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਮੈਂ ਆਪਣੀ ਸਪਲੀਮੈਂਟਰੀ ਬੜੇ ਸਾਫ ਸ਼ਬਦਾਂ ਵਿਚ ਪੁੱਛੀ ਸੀ ਲੇਕਿਨ ਉਸ ਦਾ ਉਤਰ ਮੈਨੂੰ ਨਹੀਂ ਮਿਲਿਆ । ਇਨ੍ਹਾਂ ਨੇ ਆਪਣੇ ਲਿਖਤੀ ਜਵਾਬ ਵਿਚ ਦਸਿਆ ਹੈ ਕਿ 1993-94 ਵਿਚ ਇਨ੍ਹਾਂ ਨੇ 400 ਮੀਟ੍ਰਿਕ ਟਨ ਦੀ ਪ੍ਰਚੇਜ਼ ਕੀਤੀ ਅਤੇ 1994-95 ਵਿਚ ਪਿਛਲੇ ਸਾਲ ਦੇ ਮੁਕਾਬਲੇ ਸਿਰਫ 200 ਮੀਟ੍ਰਿਕ ਟਨ ਦੀ ਪ੍ਰਚੇਜ਼ ਕੀਤੀ । ਮੈਂ ਇਨ੍ਹਾਂ ਨੂੰ ਪੁੱਛਿਆ ਸੀ ਕਿ ਤੁਸੀਂ ਕਿੰਨੀਆਂ ਮੰਡੀਆਂ ਵਿਚ ਪ੍ਰਚੇਜ਼ ਕੀਤੀ ਅਤੇ ਕਿਸ ਡੇਟ ਤੋਂ ਪ੍ਰਚੇਜ਼ ਕੀਤੀ ? ਅਗਲਾ ਪ੍ਰਸ਼ਨ ਤਾਂ ਮੈਂ ਤਾਂ ਹੀ ਪੁੱਛ ਸਕਦਾ ਹਾਂ ਜੇਕਰ ਮੇਰੇ ਪਹਿਲੇ ਪ੍ਰਸ਼ਨ ਦਾ ਜਵਾਬ ਆ ਜਾਵੇ ।

ਸ਼੍ਰੀ ਸਪੀਕਰ: ਮੰਤਰੀ ਜੀ ਇਨ੍ਹਾਂ ਨੇ ਪੁੱਛਿਆ ਹੈ ਕਿ ਕਿਹੜੀ ਕਿਹੜੀ ਮੰਡੀ ਵਿਚ ਤੁਸੀਂ ਪ੍ਰਚੇਜ਼ ਕੀਤੀ ਅਤੇ ਕਿਸ ਕਿਸ ਤਰੀਕ ਨੂੰ ਕੀਤੀ ? ਲਗਦਾ ਹੈ ਇਸ ਦਾ ਜਵਾਬ ਤੁਹਾਡੇ ਕੋਲ ਤਿਆਰ ਨਹੀਂ ਹੈ ।

Original with;
Punjab Vidhan Sabha
Digitized by;
Panjab Digital Library

ਮੰਤਰੀ: ਡੇਟ ਆਫ ਐਂਟਰੀ ਤਾਂ ਇਸ ਵੇਲੇ ਮੇਰੇ ਕੋਲ ਨਹੀਂ ਹੈ ਜੀ ।

ਕਾਮਰੇਡ ਹਰਦੇਵ ਅਰਸ਼ੀ: ਚਲੋ, ਮੈਂ ਦੂਸਰਾ ਪ੍ਰਸ਼ਨ ਪੁੱਛ ਲੈਂਦਾ ਹਾਂ ਹਾਲਾਂ ਕਿ ਮੈਂ ਇਨ੍ਹਾਂ ਦੇ ਪਹਿਲੇ ਜਵਾਬ ਤੋਂ ਹੀ ਸੰਤਿਸਫਾਈ ਨਹੀਂ ਹਾਂ ਕਿਉਂਕਿ ਇਨ੍ਹਾਂ ਦੀ ਪੂਰੀ ਤਿਆਰੀ ਨਹੀਂ ਹੈ । ਮੰਤਰੀ ਜੀ ਨੇ ਆਪਣੇ ਲਿਖਤੀ ਜਵਾਬ ਵਿਚ ਦਸਿਆ ਹੈ ਕਿ ਪਹਿਲਾਂ ਸੈਂਟਰ ਗੌਰਮਿੰਟ ਦੀ ਕਿੰਨੂ ਖਰੀਦਣ ਦੀ ਕੋਈ ਸਕੀਮ ਸੀ ਜਿਸ ਵਿਚ 50 : 50 ਦੇ ਹਿਸਾਬ ਨਾਲ ਘਾਟਾ ਬਰਦਾਸ਼ਤ ਇਨ੍ਹਾਂ ਨੇ ਕਰਨਾ ਸੀ । ਹੁਣ ਉਹ ਸਕੀਮ ਸੈਂਟਰ ਨੇ ਡਰਾਪ ਕਰ ਲਈ ਹੈ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸਕੀਮ ਸੈਂਟਰ ਨੇ ਆਪਣੇ ਤੌਰ ਤੇ ਡਰਾਪ ਕਰ ਲਈ ਹੈ ਜਾਂ ਸੂਬਾਈ ਸਰਕਾਰ ਨੇ ਅਵੇਲ ਨਹੀਂ ਕੀਤੀ। ਦੂਸਰੇ ਕਿੰਨੂ ਉਤਪਾਦਕਾਂ ਦੇ ਇੰਟਰੈਸਟ ਨੂੰ ਧਿਆਨ ਵਿਚ ਰਖਦਿਆਂ ਕੀ ਇਸ ਸਕੀਮ ਨੂੰ ਕੰਟੀਨਿਊ ਕਰਨ ਲਈ ਤੁਸੀਂ ਕੇਂਦਰ ਕੋਲ ਪਹੁੰਚ ਕੀਤੀ ਜਾਂ ਦਬਾਅ ਪਾਇਆ ?

ਮੰਤਰੀ: ਸਪੀਕਰ ਸਾਹਿਬ, ਬੜਾ ਸਾਫ ਜਵਾਬ ਦੇ ਦਿੱਤਾ ਹੈ । ਜਿਸ ਵੇਲੇ ਕੋਈ ਖਰੀਦਦਾਰ ਨਹੀਂ ਸੀ, ਉਸ ਵੇਲੇ ਦੀ ਇਹ ਗੱਲ ਕਰਦੇ ਹਨ । ਹੁਣ ਤਾਂ ਸੈਂਟਰ ਅੌਰ ਪੰਜਾਬ ਦੋਨੋਂ ਖਰੀਦਦਾਰ ਹਨ । ਦੁਬਾਰਾ 1993-94 ਵਿੱਚ ਅੰਗਰੇ ਇੰਡਸਟਰੀਜ਼ ਨੇ ਆਪਣੇ ਤੌਰ ਤੇ ਖਰੀਦ ਕੀਤੀ, ਮੁਨਾਫਾ ਕਮਾਉਣ ਵਾਸਤੇ ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਮੇਰੀਆਂ ਦੋਨੋਂ ਸਪਲੀਮੈਂਟਰੀਜ਼ ਦਾ ਜਵਾਬ ਨਹੀਂ ਆਇਆ ਹੈ ਜੀ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਸੈਂਟਰ ਨੇ ਸਕੀਮ ਡਰਾਪ ਕਰ ਦਿੱਤੀ ਤਾਂ ਤੁਸੀਂ ਕੀ ਐਫੋਰਟਸ ਕੀਤੀਆਂ ? ਅੌਰ ਜੇਕਰ ਸੈਂਟਰ ਨੇ ਕੁਝ ਨਹੀਂ ਕੀਤਾ ਤਾਂ ਤੁਸੀਂ ਸੈਂਟਰ ਨੂੰ ਪਰੈਸ਼ਰ ਪਾਉਣ ਵਾਸਤੇ ਅਪੀਲ ਦੇ ਰੂਪ ਵਿੱਚ ਕੀ ਐਫਰਟਸ ਕੀਤੀਆਂ ?

ਮੰਤਰੀ : ਸਪੀਕਰ ਸਾਹਿਬ, ਇਹ ਸਕੀਮ ਉਸ ਵੇਲੇ ਸੀ ਜਿਸ ਵੇਲੇ ਕੋਈ ਖਰੀਦਦਾਰ ਨਹੀਂ ਸੀ । ਹੁਣ ਇਸ ਦੇ ਖਰੀਦਦਾਰ ਹਨ ਅੌਰ ਭਾਅ ਵਿੱਚ ਟਿਕਾਅ ਵੀ ਹੈ । ਹੁਣ ਕੋਈ ਅਜਿਹਾ ਮਸਲਾ ਨਹੀਂ ਹੈ ਜਿਹੜਾ ਪਹਿਲਾਂ ਅੱਤਵਾਦ ਦੇ ਟਾਈਮ ਸੀ ।

ਨਦੀਨ ਨਾਸ਼ਕ ਅਤੇ ਕੀਟ ਨਾਸ਼ਕ ਦਵਾਈਆਂ ਵਿਚ ਮਿਲਾਵਟ ਨੂੰ ਰੋਕਣ ਲਈ ਕਦਮ

*2527. 1. **ਕਾਮਰੇਡ ਅਜੈਬ ਸਿੰਘ ਰੌਂਤਾ**
2. **ਸ੍ਰੀਮਤੀ ਵਿਮਲਾ ਡਾਂਗ** } : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਨਦੀਨਨਾਸ਼ਕ ਅਤੇ ਕੀਟਨਾਸ਼ਕ ਦਵਾਈਆਂ ਵਿਚ ਮਿਲਾਵਟ ਨੂੰ ਰੋਕਣ ਲਈ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮਾਂ ਦੇ ਵੇਰਵੇ ਕੀ ਹਨ ?

Original with;
Punjab Vidhan Sabha
Digitized by;
Panjab Digital Library

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ: ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ

ਸਟੇਟਮੈਂਟ

ਨਦੀਨ ਨਾਸ਼ਕ ਅਤੇ ਕੀੜੇਮਾਰ ਦਵਾਈਆਂ ਦੀ ਮਿਲਾਵਟ ਨੂੰ ਰੋਕਣ ਲਈ ਸਰਕਾਰ ਵਲੋਂ ਹੇਠ ਲਿਖੇ ਮਹੱਤਵਪੂਰਣ ਕਦਮ ਚੁੱਕੇ ਗਏ ਹਨ :—

(ੳ) ਰਾਜ ਵਿਚ ਵੇਚੀਆਂ ਜਾਣ ਵਾਲੀਆਂ ਨਦੀਨ ਨਾਸ਼ਕ ਅਤੇ ਕੀੜੇਮਾਰ ਦਵਾਈਆਂ ਦੇ ਸੈਂਪਲ ਲਏ ਜਾਂਦੇ ਹਨ ਅਤੇ ਇਨ੍ਹਾਂ ਨੂੰ ਵਿਸ਼ਲੇਸ਼ਣ ਲਈ ਲੈਬਾਰਟਰੀਆਂ ਨੂੰ ਭੇਜਿਆ ਜਾਂਦਾ ਹੈ ।

(ਅ) ਰਾਜ ਵਿੱਚ ਕੀੜੇਮਾਰ ਦਵਾਈਆਂ ਦੀ ਵਿਕਰੀ ਨੂੰ ਚੈਕ ਕਰਨ ਲਈ ਸੰਯੁਕਤ ਡਾਇਰੈਕਟਰ ਖੇਤੀਬਾੜੀ (ਪੌਦ ਸੁਰੱਖਿਆ) ਦੇ ਕੰਟਰੋਲ ਅਧੀਨ ਫਲਾਇੰਗ ਸਕੁਐਡ ਦੀ ਸਥਾਪਨਾ ਕੀਤੀ ਗਈ ਹੈ ।

(ਏ) ਜਿਨ੍ਹਾਂ ਕੰਪਨੀਆਂ ਦੇ ਪ੍ਰੋਡਕਟਸ ਰਾਜ ਵਿੱਚ ਵੇਚੇ ਜਾਂਦੇ ਹਨ, ਉਨ੍ਹਾਂ ਨੂੰ ਆਪਣਾ ਨਾਮ ਡਾਇਰੈਕਟਰ ਖੇਤੀਬਾੜੀ ਪੰਜਾਬ ਪਾਸ ਰਜਿਸਟਰ ਕਰਾਉਣਾ ਲਾਜ਼ਮੀ ਬਣਾਇਆ ਗਿਆ ਹੈ ।

(ਸ) ਇਨਸੈਕਟੀਸਾਈਡਜ਼ ਐਕਟ, 1968 ਅਧੀਨ ਜੁਰਮ, ਜਿਸ ਵਿੱਚ ਸਬਸਟੈਂਡਰਡ ਅਤੇ ਮਿਲਾਵਟੀ ਦਵਾਈਆਂ ਦੀ ਵਿਕਰੀ ਆਦਿ ਵੀ ਸ਼ਾਮਲ ਹੈ, ਤੇ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾਂਦੀ ਹੈ । ਅਦਾਲਤ ਵਲੋਂ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਕਾਨੂੰਨ ਵਿੱਚ ਜੁਰਮਾਨੇ ਅਤੇ ਕੈਦ ਦਾ ਉਪਬੰਧ ਹੈ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਕੀੜੇ ਮਾਰ ਦਵਾਈਆਂ ਦੇ ਵਿੱਚ ਮਿਲਾਵਟ ਨੂੰ ਰੋਕਣ ਵਾਸਤੇ ਰਾਜ ਵਿੱਚ ਜਿਹੜੇ ਕੀੜੇ ਮਾਰ ਦਵਾਈਆਂ ਵੇਚਦੇ ਹਨ, ਉਨ੍ਹਾਂ ਦੇ ਸੈਂਪਲ ਲਏ ਜਾਂਦੇ ਹਨ ਔਰ ਉਹ ਅਨੈਲੇਸਿਜ਼ ਵਾਸਤੇ ਲੈਬਾਹਟਰੀਜ਼ ਦੇ ਵਿੱਚ ਭੇਜੇ ਜਾਂਦੇ ਹਨ । ਮੇਰੀ ਮੰਤਰੀ ਜੀ ਅੱਗੇ ਬੇਨਤੀ ਹੈ ਕਿ ਜਿਹੜੀ ਵੱਡੀ ਪੱਧਰ ਤੇ ਐਡੱਲਟਰੇਸ਼ਨ ਸੀ, ਉਸ ਕਾਰਣ ਕਿਸਾਨਾਂ ਦਾ ਕਿੰਨਾ ਨੁਕਸਾਨ ਹੋਇਆ ਹੈ, ਉਸ ਬਾਰੇ ਜ਼ਿਲ੍ਹੇਵਾਰ ਦੱਸਿਆ ਜਾਵੇ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਪੁੱਛਿਆ ਸੀ ਕਿ ਕੀ ਕਦਮ ਚੁੱਕੇ ਹਨ, ਉਹ ਮੈਂ ਦੱਸ ਦਿੱਤਾ ਹੈ ਕਿ ਸੈਂਪਲ ਭਰ ਕੇ, ਫਲਾਇੰਗ ਸੁਕਐਡ ਬਣਾ ਕੇ ਐਡੱਲਟਰੇਸ਼ਨ ਨੂੰ ਰੋਕਿਆ ਜਾਂਦਾ ਹੈ । ਜਿਹੜੇ ਦਵਾਈਆਂ ਵੇਚਣ ਵਾਲੇ ਹਨ, ਉਨ੍ਹਾਂ ਦੀ ਰਜਿਸਟਰੇਸ਼ਨ ਲਾਜ਼ਮੀ ਕੀਤੀ ਹੋਈ ਹੈ ਔਰ ਸੈਂਪਲ ਫੇਲ੍ਹ ਹੋਣ ਦੀ ਸੂਰਤ ਦੇ ਵਿੱਚ ਅਦਾਲਤਾਂ ਦੇ ਵਿੱਚ ਕੇਸ ਵੀ ਦਿੱਤੇ ਜਾਂਦੇ ਹਨ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਸਾਲ 1993-94 ਅਤੇ 1994-95 ਵਿੱਚ ਕਿੰਨੇ ਕੇਸ ਪਕੜੇ ਗਏ, ਕਿੰਨੇ ਕੇਸਾਂ ਵਿਚ ਮੁਕੱਦਮੇ ਦਰਜ ਕੀਤੇ ਗਏ ਔਰ ਕਿੰਨਿਆਂ ਨੂੰ ਸਜ਼ਾਵਾਂ ਹੋਈਆਂ ? ਕੀ ਕੋਈ ਅਜਿਹਾ ਅਫ਼ਸਰ ਵੀ ਹੈ ਜਿਸ ਦੀ ਮਿਲੀਭੁਗਤ ਕਾਰਨ

Original with;
Punjab Vidhan Sabha
Digitized by;
Punjab Digital Library

[ਕਾਮਰੇਡ ਅਜੈਬ ਸਿੰਘ ਰੌਂਤਾ]
ਅਜਿਹੇ ਕੇਸ ਹੋਏ ਅੱਰ ਉਹ ਪਕੜਿਆ ਗਿਆ ਹੋਵੇ ? ਜੇਕਰ ਹੈ, ਤਾਂ ਸਰਕਾਰ ਨੇ ਉਸ ਪ੍ਰਤੀ ਕੀ ਠੋਸ ਕਦਮ ਚੁੱਕੇ ਹਨ ?

ਮੰਤਰੀ : ਸਪੀਕਰ ਸਾਹਿਬ, 1992-93 ਵਿੱਚ 179 ਲਾਇਸੈਂਸ ਕੈਂਸਲ ਹੋਏ ਹਨ ਅਤੇ 209 ਮੁਕੱਦਮੇ ਚਲਾਏ ਗਏ । 1993-94 ਵਿੱਚ 167 ਲਾਇਸੈਂਸ ਕੈਂਸਲ ਕੀਤੇ ਗਏ ਅਤੇ 135 ਮੁਕੱਦਮੇ ਚਲਾਏ ਗਏ । 1994-95 ਵਿੱਚ 35 ਲਾਇਸੈਂਸ ਕੈਂਸਲ ਕੀਤੇ ਅਤੇ 167 ਦੇ ਵਿਰੁੱਧ ਕੇਸ ਚੱਲੇ ਹਨ । 1992-93 ਵਿੱਚ 1761 ਟੈਸਟ ਵਾਸਤੇ ਨਮੂਨੇ ਭਰੇ ਗਏ, 257 ਸਬ-ਸਟੈਂਡਰਡ ਨਿਕਲੇ । ਜਿਹੜੀ ਪ੍ਰਸੈਂਟੇਜ ਸੀ, ਉਹ 14.5 ਸੀ । ਇਸੇ ਤਰ੍ਹਾਂ 1993-94 ਵਿੱਚ 2969 ਨਮੂਨੇ ਭਰੇ ਗਏ ਜਿਨ੍ਹਾਂ ਵਿਚੋਂ 255 ਸਬ-ਸਟੈਂਡਰਡ ਨਿਕਲੇ ਇਹ ਪ੍ਰਸੈਂਟੇਜ 9.50 ਸੀ । ਇਸ ਤੋਂ ਇਲਾਵਾ 1994-95 ਵਿੱਚ 2650 ਨਮੂਨੇ ਭਰੇ ਗਏ ਅੱਰ 156 ਸਬ-ਸਟੈਂਡਰਡ ਨਿਕਲੇ । ਇਸ ਦੀ ਪ੍ਰਸੈਂਟੇਜ 5.8 ਸੀ । ਸਪੀਕਰ ਸਾਹਿਬ, ਇਹ ਸੂਚਨਾ 31 ਜਨਵਰੀ ਤਕ ਦੀ ਹੈ ਜੀ ।

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਨਮੂਨੇ ਭਰੇ ਗਏ ਅੱਰ ਸਬ-ਸਟੈਂਡਰਡ ਨਿਕਲੇ ਅੱਰ ਜਿਨ੍ਹਾਂ ਦੇ ਲਾਇਸੈਂਸ ਕੈਂਸਲ ਕੀਤੇ ਗਏ, ਉਨ੍ਹਾਂ ਵਿਚੋਂ ਮੈਨੂਫੈਕਚਰਰਜ਼ ਕਿੰਨੇ ਸਨ ਅੱਰ ਡੀਲਰਜ਼ ਕਿੰਨੇ ਸਨ ?

ਮੰਤਰੀ : ਸਪੀਕਰ ਸਾਹਿਬ, ਸੈਂਪਲ ਡੀਲਰਾਂ ਦੇ ਫੇਲ੍ਹ ਹੋਏ ਹਨ । ਮੈਨੂਫੈਕਚਰਰਜ਼ ਦਾ ਕੋਈ ਸੈਂਪਲ ਫੇਲ੍ਹ ਨਹੀਂ ਹੋਇਆ । ਬਾਹਰਲੀਆਂ ਕੰਪਨੀਆਂ ਦੇ ਲੇਬਲ ਲਾ ਕੇ ਜਿਹੜੇ ਡੀਲਰ ਦਵਾਈਆਂ ਵੇਚਦੇ ਹਨ, ਉਨ੍ਹਾਂ ਦੇ ਫੇਲ੍ਹ ਹੋਏ ਹਨ ਅਤੇ ਉਨ੍ਹਾਂ ਬਾਰੇ ਦੱਸ ਦਿੱਤਾ ਹੈ । ਜਿਹੜੇ ਪੰਜਾਬ ਦੇ ਬਣਾਉਂਦੇ ਸਨ, ਉਨ੍ਹਾਂ ਦਾ ਕੋਈ ਫੇਲ੍ਹ ਨਹੀਂ ਹੋਇਆ ।

ਨਿਸ਼ਾਨ ਵਾਲਾ ਪ੍ਰਸ਼ਨ ਨੰ : 2598

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ)

ਸਰਕਾਰੀ ਇੰਜੀਨੀਅਰਿੰਗ ਕਾਲਜਾਂ ਵਿਚ ਫੀਸ ਵਿਚ ਰਿਆਇਤ

*2638. **ਸਰਦਾਰ ਹਰਨੇਕ ਸਿੰਘ ਮਾਂਗੇਵਾਲ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਦੇ ਸਰਕਾਰੀ ਇੰਜੀਨੀਅਰਿੰਗ ਕਾਲਜਾਂ ਵਿਚ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਫੀਸ ਵਿਚ ਕੋਈ ਰਿਆਇਤ ਦਿੱਤੀ ਜਾ ਰਹੀ ਹੈ; ਜੇਕਰ ਅਜਿਹਾ ਹੈ, ਤਾਂ ਉਸਦੇ ਵੇਰਵੇ ਕੀ ਹਨ ਅਤੇ ਇਸ ਲਈ ਕੀ ਕਸੌਟੀ ਅਪਣਾਈ ਗਈ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

Original with;
Punjab Vidhan Sabha
Digitized by;
Panjab Digital Library

ਸਰਦਾਰਨੀ ਰਾਜਿੰਦਰ ਕੌਰ ਭੱਠਲ : ਇਸ ਸਮੇਂ ਵਿਭਾਗ ਵਿਚ ਅਜਿਹੀ ਕੋਈ ਸਕੀਮ ਨਹੀਂ ਹੈ ।

ਸਰਦਾਰ ਹਰਨੇਕ ਸਿੰਘ ਮਾਂਗੇਵਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੌਲੀਟੈਕਨਿਕ ਜਾਂ ਜਿਹੜੇ ਨਵੇਂ ਕਾਲਜ ਖੁਲ੍ਹਣਗੇ, ਉਨ੍ਹਾਂ ਵਿੱਚ ਪੱਛੜੀਆਂ ਸ੍ਰੇਣੀਆਂ ਦੇ ਬੱਚਿਆਂ ਅਤੇ ਬੈਕਵਰਡ ਕਲਾਸਿਜ਼ ਦੇ ਬੱਚਿਆਂ ਨੂੰ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ ਜਾਂ ਨਹੀਂ । ਇਨ੍ਹਾਂ ਨੇ ਤਾਂ ਇਕ ਲਾਈਨ ਵਿੱਚ ਹੀ ਜਵਾਬ ਦੇ ਦਿੱਤਾ ਹੈ ਕਿ ਕੋਈ ਵਿਚਾਰ ਅਧੀਨ ਨਹੀਂ ਹੈ । ਜਦੋਂ ਹੋਰ ਦੂਸਰੇ ਵਿਦਿਅਕ ਅਦਾਰਿਆਂ ਵਿੱਚ ਉਨ੍ਹਾਂ ਨੂੰ ਸਹੂਲਤਾਂ ਮਿਲਦੀਆਂ ਹਨ ਤਾਂ ਇਨ੍ਹਾਂ ਵਿੱਚ ਕਿਉਂ ਨਹੀਂ ?

ਸ੍ਰੀ ਸਪੀਕਰ : ਤੁਸੀਂ ਪਛੜੀਆਂ ਸ੍ਰੇਣੀਆਂ ਦੇ ਬਾਰੇ ਪੁੱਛਿਆ ਹੀ ਨਹੀਂ । ਤੁਸੀਂ ਇਕਨਾਮੀਕਲੀ ਵੀਕਰ ਸੈਕਸ਼ਨਜ਼ ਬਾਰੇ ਪੁੱਛਿਆ ਹੈ ਅਤੇ ਉਸ ਦਾ ਜਵਾਬ ਮੰਤਰੀ ਸਾਹਿਬਾ ਨੇ ਦੇ ਦਿੱਤਾ ਹੈ ।

ਸਰਦਾਰ ਹਰਨੇਕ ਸਿੰਘ ਮਾਂਗੇਵਾਲ : ਸਰ, ਮੈਂ ਤਾਂ ਪੁੱਛਿਆ ਹੈ ਕਿ ਕੀ ਸਵਰਨ ਜਾਤੀਆਂ ਦੇ ਇਕਨਾਮੀਕਲੀ ਬੈਕਵਰਡ ਕਲਾਸਿਜ਼ ਦੇ ਬੱਚਿਆਂ ਨੂੰ ਰਿਆਇਤ ਦੇਣ ਲਈ ਕੋਈ ਤਜਵੀਜ਼ ਵਿਚਾਰ ਅਧੀਨ ਹੈ ?

ਸ੍ਰੀ ਸਪੀਕਰ : ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਕੋਈ ਵਿਚਾਰ ਅਧੀਨ ਨਹੀਂ ਹੈ । ਤੁਸੀਂ ਅੱਗੇ ਪੁੱਛੋ ਕਿ ਅੱਗੇ ਲਈ ਕੋਈ ਸਲਾਹ ਹੈ ।

ਸਰਦਾਰ ਹਰਨੇਕ ਸਿੰਘ ਮਾਂਗੇਵਾਲ : ਸਪੀਕਰ ਸਾਹਿਬ, ਮੰਤਰੀ ਸਾਹਿਬਾ ਇਹ ਦੱਸ ਦੇਣ ਕਿ ਕੀ ਉਨ੍ਹਾਂ ਬਾਰੇ ਹਮਦਰਦੀ ਨਾਲ ਵਿਚਾਰ ਕੀਤਾ ਜਾਵੇਗਾ ?

ਮੰਤਰੀ : ਪ੍ਰੈਜ਼ੈਂਟਲੀ ਤਾਂ ਕੋਈ ਨਹੀਂ । ਇਹ ਕਹਿੰਦੇ ਹਨ ਤਾਂ ਅਸੀਂ ਜ਼ਰੂਰ ਹਮਦਰਦੀ ਨਾਲ ਵਿਚਾਰ ਕਰਾਂਗੇ ।

ਉਦਯੋਗਿਕ ਇਕਾਈਆਂ ਸਥਾਪਤ ਕਰਨਾ

*2629. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਜਨਵਰੀ, 1992 ਤੋਂ ਹੁਣ ਤਕ ਦੇ ਸਮੇਂ ਦੌਰਾਨ ਰਾਜ ਵਿਚ ਸਥਾਪਤ ਕੀਤੀਆਂ ਗਈਆਂ ਉਦਯੋਗਿਕ ਇਕਾਈਆਂ ਦੀ ਕਸਬਾਵਾਰ ਗਿਣਤੀ ਕਿੰਨੀ ਹੈ;

(ਅ) ਅਜਿਹੀਆਂ ਉਦਯੋਗਿਕ ਇਕਾਈਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਉਕਤ ਸਮੇਂ ਦੌਰਾਨ ਸਬਸਿਡੀ ਮਨਜ਼ੂਰ ਅਤੇ ਜਾਰੀ ਕੀਤੀ ਗਈ ਅਤੇ ਉਨ੍ਹਾਂ ਇਕਾਈਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਸਬਸਿਡੀ ਅਜੇ ਜਾਰੀ ਕੀਤੀ ਜਾਣੀ ਹੈ ?

ਸਰਦਾਰ ਕਰਮ ਸਿੰਘ ਗਿੱਲ (ਰਾਜ ਮੰਤਰੀ, ਉਦਯੋਗ) : (ੳ) ਅਤੇ (ਅ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

ਉਦਯੋਗਿਕ ਇਕਾਈਆਂ ਸਥਾਪਤ ਕਰਨਾ

ਅਜਿਹੀਆਂ ਉਦਯੋਗਿਕ ਇਕਾਈਆਂ ਦੀ ਗਿਣਤੀ ਜਿਨ੍ਹਾਂ ਨੂੰ ਸਬਸਿਡੀ ਮਨਜ਼ੂਰ/ਜਾਰੀ ਕੀਤੀ ਗਈ/ਜਾਰੀ ਕੀਤੀ ਜਾਣੀ ਹੈ

(ੳ) ਜਿਨ੍ਹਾਂ ਨੂੰ ਮਨਜ਼ੂਰ ਕੀਤੀ ਗਈ, (ਅ) ਜਿਨ੍ਹਾਂ ਨੂੰ ਜਾਰੀ ਕੀਤੀ ਗਈ, (ਏ) ਜਿਨ੍ਹਾਂ ਨੂੰ ਅਜੇ ਜਾਰੀ ਕੀਤੀ ਜਾਣੀ ਹੈ ।

ਲੜੀ ਨੰ:	ਜ਼ਿਲ੍ਹਾ/ਕਸਬੇ ਦਾ ਨਾਂ	ਸਥਾਪਿਤ ਕੀਤੀਆਂ ਗਈਆਂ ਉਦਯੋਗਿਕ ਇਕਾਈਆਂ ਦੀ ਗਿਣਤੀ	ਕੈਪੀਟਲ ਉਪਦਾਨ			ਭੇਂ ਉਪਦਾਨ			ਜਨਰੇਟਿੰਗ ਸੈਟ ਉਪਦਾਨ			ਮਾਡਰਨਾਈਜ਼ੇਸ਼ਨ ਉਪਦਾਨ		
			(ੳ)	(ਅ)	(ਏ)	(ੳ)	(ਅ)	(ਏ)	(ੳ)	(ਅ)	(ਏ)	(ੳ)	(ਅ)	(ਏ)
1	2	3	4	5	6	7	8	9	10	11	12	13	14	15
1.	ਅੰਮ੍ਰਿਤਸਰ	1739	218	104	114	—	—	—	—	—	—	6	4	2
2.	ਪੱਟੀ ..	25	1	—	1	—	—	—	—	—	—	—	—	—
3.	ਮਜੀਠਾ ..	5	—	—	—	—	—	—	—	—	—	—	—	—
4.	ਜੰਡਿਆਲਾ ਗੁਰੂ ..	23	1	—	1	—	—	—	—	—	—	—	—	—
5.	ਰਈਆ ..	7	1	—	1	—	—	—	—	—	—	—	—	—
6.	ਤਰਨ ਤਾਰਨ ..	52	8	4	4	—	—	—	—	—	—	—	—	—
7.	ਅਜਨਾਲਾ ..	25	—	—	—	—	—	—	—	—	—	—	—	—
8.	ਭਿਖੀਵਿੰਡ ..	15	—	—	—	—	—	—	—	—	—	—	—	—

Original with:
Punjab Vidhan Sabha
Digitized by:

9.	ਖੇਮਕਰਨ	..	2	—	—	—	—	—	—	—	—	—	—	—
10.	ਰਾਮਦਾਸ	..	1	—	—	—	—	—	—	—	—	—	—	—
11.	ਸ਼੍ਰੀ ਗੋਇੰਦਵਾਲ ਸਾਹਿਬ	..	28	11	—	11	—	—	—	—	—	—	—	—
12.	ਬਠਿੰਡਾ	..	166	24	6	18	3	—	3	3	1	2	—	—
13.	ਰਾਮਪੁਰਾ	..	50	15	1	14	—	—	—	2	1	1	—	—
14.	ਗੋਨਿਆਣਾ	..	8	1	—	1	—	—	—	—	—	—	—	—
15.	ਸੰਗਤ	..	16	—	—	—	—	—	—	—	—	—	—	—
16.	ਭੁਚੋ	..	9	2	1	1	—	—	—	—	—	—	—	—
17.	ਰਾਮਾ	..	5	—	—	—	—	—	—	—	—	—	—	—
18.	ਮੌੜ	..	6	2	—	2	—	—	—	—	—	—	—	—
19.	ਨਥਾਨਾ	..	—	1	—	1	—	—	—	—	—	—	—	—
20.	ਫੂਲ	..	—	1	—	1	—	—	—	—	—	—	—	—
21.	ਫਰੀਦਕੋਟ	..	43	8	2	6	—	—	—	—	—	—	—	—
22.	ਜੈਤੋਂ	..	27	8	2	6	—	—	—	—	—	—	—	—
23.	ਬਾਘਾ ਪੁਰਾਣਾ	..	25	3	2	1	—	—	—	—	—	—	—	—

Original with:
Punjab Vidhan Sabha
Digitized by:
Panjab Digital Library

1	2	3	4	5	6	7	8	9	10	11	12	13	14	15
24.	ਗਿਦੜਬਾਹਾ ..	16	6	2	4	—	—	—	—	—	—	—	—	—
25.	ਮੋਗਾ ..	154	35	12	23	7	7	—	—	—	—	2	2	—
26.	ਕੋਟਕਪੂਰਾ .	61	35	12	23	10	8	2	—	—	—	—	—	—
27.	ਮੁਕਤਸਰ ..	86	53	15	38	—	—	—	5	3	2	—	—	—
28.	ਮਲੋਟ ..	112	57	23	34	—	—	—	—	—	—	—	—	—
29.	**ਫਤਿਹਗੜ੍ਹ ਸਾਹਿਬ** ..	—	—	—	—	—	—	—	—	—	—	—	—	—
30.	ਮੰਡੀ ਗੋਬਿੰਦਗੜ੍ਹ ..	177	20	—	20	—	—	—	—	—	—	4	2	2
31.	ਸਰਹਿੰਦ ..	46	4	—	4	—	—	—	—	—	—	—	—	—
32.	ਬੱਸੀ ਪਠਾਣਾ ..	15	1	—	1	—	—	—	—	—	—	—	—	—
33.	ਅਮਲੋਹ ..	14	1	—	1	—	—	—	—	—	—	—	—	—
34.	**ਫਿਰੋਜ਼ਪੁਰ** .	51	20	11	9	—	—	—	4	4	—	—	—	—
35.	ਫਾਜ਼ਿਲਕਾ ..	34	39	31	8	—	—	—	2	2	—	—	—	—
36.	ਜਲਾਲਾਬਾਦ ..	17	47	40	7	—	—	—	1	—	1	—	—	—
37.	ਗੁਰੂ ਹਰਸਹਾਏ ..	35	15	11	4	—	—	—	—	—	—	—	—	—
38.	ਅਬੋਹਰ ..	67	60	53	7	—	—	—	4	3	1	—	—	—

Original with:
Punjab Vidhan Sabha
Digitized by:
Panjab Digital Library

39.	ਜ਼ੀਰਾ	..	22	10	8	2	—	—	—	1	1	—	—	—	—
40.	ਧਰਮਕੋਟ	..	8	4	3	1	—	—	—	—	—	—	—	—	—
41.	ਮੱਖੂ	..	16	1	1	—	—	—	—	—	—	—	—	—	—
42.	ਤਲਵੰਡੀ ਭਾਈ	..	22	8	5	3	—	—	—	1	1	—	—	—	—
43.	ਗੁਰਦਾਸਪੁਰ	..	57	6	2	4	—	—	—	—	—	—	—	—	—
44.	ਬਟਾਲਾ	..	206	150	127	23	2	2	—	1	?	1	1	—	1
45.	ਦੀਨਾ ਨਗਰ	..	21	10	5	5	—	—	—	—	—	—	—	—	—
46.	ਪਠਾਨਕੋਟ	..	50	12	9	3	—	—	—	—	—	—	—	—	—
47.	ਫਤਿਹਗੜ੍ਹ ਚੂੜੀਆਂ	..	21	1	1	—	—	—	—	—	—	—	—	—	—
48.	ਡੇਰਾ ਬਾਬਾ ਨਾਨਕ	..	1	—	—	—	—	—	—	—	—	—	—	—	—
49.	ਕਾਦੀਆਂ	..	8	1	1	—	—	—	—	—	—	—	1	—	1
50.	ਸ਼੍ਰੀ ਹਰਗੋਬਿੰਦਪੁਰ	..	1	1	1	—	—	—	—	—	—	—	—	—	—
51.	ਧਾਰੀਵਾਲ	..	25	1	—	1	—	—	—	—	—	—	—	—	—
52.	ਸੁਜਾਨਪੁਰ	..	14	—	—	—	—	—	—	—	—	—	—	—	—
53.	ਹੁਸ਼ਿਆਰਪੁਰ	..	164	20	15	5	5	4	1	—	—	—	2	1	1
54.	ਹਰਿਆਣਾ	..	2	—	—	—	—	—	—	—	—	—	—	—	—

1	2	3	4	5	6	7	8	9	10	11	12	13	14	15
55.	ਗੜਦੀਵਾਲਾ ..	23	—	—	—	—	—	—	—	—	—	—	—	—
56.	ਦਸੂਹਾ ...	19	—	—	—	—	—	—	—	—	—	—	—	—
57.	ਟਾਂਡਾ ..	7	1	1	—	—	—	—	—	—	—	—	—	—
58.	ਮੁਕੇਰੀਆਂ ..	20	1	1	—	—	—	—	1	1	—	—	—	—
59.	ਸ਼ਾਮ ਚੌਰਾਸੀ ..	18	—	—	—	—	—	—	—	—	—	—	—	—
60.	ਮਾਹਲਪੁਰ ..	11	—	—	—	—	—	—	—	—	—	—	—	—
61.	ਗੜ੍ਹਸ਼ੰਕਰ ..	11	1	—	1	—	—	—	—	—	—	—	—	—
62.	ਬਲਾਚੌਰ ..	16	—	—	—	—	—	—	—	—	—	—	—	—
63.	ਜਲੰਧਰ ..	739	46	—	46	—	—	—	31	31	—	57	49	8
64.	ਨਕੋਦਰ ..	17	1	—	1	—	—	—	1	1	—	—	—	—
65.	ਗੋਰਾਇਆ ..	30	4	—	4	—	—	—	3	3	—	10	8	2
66.	ਬੰਗਾ ..	13	1	—	1	—	—	—	—	—	—	—	—	—
67.	ਨਵਾਂ ਸ਼ਹਿਰ ..	18	1	—	1	—	—	—	—	—	—	—	—	—
68.	ਫਿਲੌਰ ...	7	1	—	1	—	—	—	1	1	—	—	—	—
69.	ਕਰਤਾਰਪੁਰ ..	14	1	—	1	—	—	—	..	..	—	—	—	—

Original with: Punjab Vidhan Sabha
Digitized by:

Original with: Punjab Vidhan Sabha
Digitized by:

70.	ਜਲੰਧਰ ਛਾਉਣੀ	38	1	—	1	—	—	—	—	—	—	—	—	—
71.	ਸ਼ਾਹਕੋਟ	7	—	—	—	—	—	—	—	—	—	—	—	—
72.	ਅਲਾਵਲ ਪੁਰ	1	—	—	—	—	—	—	—	—	—	—	—	—
73.	ਨੂਰ ਮਹਿਲ	2	—	—	—	—	—	—	—	—	—	—	—	—
74.	ਭੋਗਪੁਰ	14	—	—	—	—	—	—	—	—	—	—	—	—
75.	ਆਦਮਪੁਰ	4	—	—	—	—	—	—	—	—	—	—	—	—
76.	ਰਾਹੋਂ	—	—	—	—	—	—	—	—	—	—	—	—	—
77.	**ਕਪੂਰਥਲਾ**	132	11	4	7	—	—	—	—	—	—	—	—	—
78.	ਫਗਵਾੜਾ	200	12	1	11	—	—	—	3	3	—	9	8	1
79.	ਸੁਲਤਾਨਪੁਰ	9	—	—	—	—	—	—	—	—	—	—	—	—
80	**ਲੁਧਿਆਣਾ**	3106	120	27	93	24	22	2	50	34	16	42	38	4
81.	ਪਾਇਲ	—	—	—	—	—	—	—	—	—	—	—	—	—
82.	ਦੁਰਾਹਾ	26	3	—	3	—	—	—	—	—	—	—	—	—
83.	ਰਾਏਕੋਟ	13	—	—	—	—	—	—	—	—	—	—	—	—
84.	ਮਾਛੀਵਾੜਾ	—	—	—	—	—	—	—	—	—	—	—	—	—
85.	ਸਮਰਾਲਾ	25	—	—	—	—	—	—	—	—	—	—	—	—

1	2	3	4	5	6	7	8	9	10	11	12	13	14	15
86.	ਖੰਨਾ ..	132	15	2	13	13	4	9	—	—	—	—	—	—
87.	ਜਗਰਾਉਂ ..	19	3	—	3	—	—	—	—	—	—	—	—	—
88.	ਮੁਲਾਂਪੁਰ ..	4	—	—	—	—	—	—	—	—	—	—	—	—
89.	ਸਾਹਨੇਵਾਲ ..	7	—	—	—	—	—	—	—	—	—	—	—	—
90.	ਮਾਨਸਾ ..	80	18	13	5	—	—	—	—	—	—	—	—	—
91.	ਬੁਢਲਾਡਾ ..	23	1	1	—	—	—	—	—	—	—	—	—	—
92.	ਭੀਖੀ ..	16	4	2	2	—	—	—	—	—	—	—	—	—
93.	ਬਰੇਟਾ ..	2	2	2	—	—	—	—	—	—	—	—	—	—
94.	ਸਰਦੂਲਗੜ੍ਹ ..	14	—	—	—	—	—	—	—	—	—	—	—	—
95.	ਪਟਿਆਲਾ ..	403	1	—	1	—	—	—	3	2	1	2	2	—
96.	ਡੇਰਾਬਸੀ ..	17	5	2	3	—	—	—	—	—	—	—	—	—
97.	ਰਾਜਪੁਰਾ ..	34	7	4	3	1	1	—	1	1	—	—	—	—
98.	ਨਾਭਾ ..	39	—	—	—	—	—	—	—	—	—	—	—	—
99.	ਸਮਾਣਾ ..	26	3	—	3	—	—	—	—	—	—	—	—	—
100.	ਬਨੂੜ ..	—	—	—	—	—	—	—	—	—	—	—	—	—
101.	ਸਨੌਰ ..	1	—	—	—	—	—	—	—	—	—	—	—	—
102.	ਪਾਤੜਾਂ ..	1	—	—	—	—	—	—	—	—	—	—	—	—

Original with:
Punjab Vidhan Sabha
Digitized by:
Panjab Digital Library

Original with:
Punjab Vidhan Sabha
Digitized by:
Panjab Digital Library

103. ਰੋਪੜ	..	19	1	—	1	—	—	—	—	—	—	—	—	—
104. ਮੋਹਾਲੀ	..	236	42	13	29	7	5	2	4	4	—	4	4	—
105. ਖਰੜ	..	20	—	—	—	—	—	—	—	—	—	—	—	—
106. ਮੋਰਿੰਡਾ	..	21	—	—	—	—	—	—	—	—	—	—	—	—
107. ਕੁਰਾਲੀ	..	28	11	3	8	—	—	—	1	1	—	—	—	—
108. ਅਨੰਦਪੁਰ ਸਾਹਿਬ	..	10	1	1	—	—	—	—	—	—	—	—	—	—
109. ਨੰਗਲ	..	6	3	3	—	—	—	—	—	—	—	—	—	—
110. ਸੰਗਰੂਰ	..	107	6	4	2	1	—	1	—	—	—	1	—	1
111. ਅਹਿਮਦਗੜ੍ਹ	..	28	2	1	1	—	—	—	—	—	—	—	—	—
112. ਬਰਨਾਲਾ	..	61	9	6	3	—	—	—	1	1	—	—	—	—
113. ਧਨੌਲਾ	..	27	—	—	—	—	—	—	—	—	—	—	—	—
114. ਭਵਾਨੀਗੜ੍ਹ	..	29	1	—	1	—	—	—	—	—	—	—	—	—
115. ਧੂਰੀ	..	54	9	5	4	—	—	—	—	—	—	—	—	—
116. ਲਹਿਰਾਗਾਗਾ	..	36	—	—	—	—	—	—	—	—	—	—	—	—
117 ਮਲੇਰਕੋਟਲਾ	..	153	13	7	6	1	1	—	4	4	—	—	—	—
118. ਸੁਨਾਮ	..	29	8	3	5	—	—	—	—	—	—	—	—	—
119. ਤਪਾ ਮੰਡੀ	..	13	—	—	—	—	—	—	—	—	—	—	—	—
120. ਭਦੌੜ	..	9	—	—	—	—	—	—	—	—	—	—	—	—
121. ਲੌਂਗੋਵਾਲ	..	48	—	—	—	—	—	—	—	—	—	—	—	—

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਸਾਲ 1992 ਤੋਂ ਲੈ ਕੇ ਹੁਣ ਤੱਕ ਬੜੀ ਭਾਰੀ ਗਿਣਤੀ ਵਿਚ ਹੀ ਨਹੀਂ ਬਲਕਿ ਹਜ਼ਾਰਾਂ ਦੀ ਗਿਣਤੀ ਵਿਚ ਉਦਯੋਗਿਕ ਯੂਨਿਟ ਲੱਗੇ ਹਨ ਪਰ ਜਿਹੜੀ ਉਨ੍ਹਾਂ ਨੂੰ ਸਬਸਿਡੀ ਦਿੱਤੀ ਜਾਂਦੀ ਹੈ, ਉਹ ਨਾ ਮਾਤਰ ਹੈ। ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੇ ਕੀ ਕਾਰਨ ਹਨ ?

ਰਾਜ ਮੰਤਰੀ : ਅਸੀਂ 24.82 ਕਰੋੜ ਰੁਪਏ ਦੀ ਕੈਪੀਟਲ ਸਬਸਿਡੀ ਰੀਲੀਜ਼ ਕੀਤੀ ਹੈ। ਇਹ ਸਬਸਿਡੀ ਸ਼ਾਹੀ ਇੰਡਸਟਰੀ ਵਿਚ ਚਾਰ ਤਰ੍ਹਾਂ ਦੀ ਦਿੱਤੀ ਜਾਂਦੀ ਹੈ। ਇਹ ਹੈ —ਕੈਪੀਟਲ ਸਬਸਿਡੀ, ਭੋਂ ਸਬਸਿਡੀ, ਜਨਰੇਟਿੰਗ ਸੈੱਟ ਸਬਸਿਡੀ ਅਤੇ ਮਾਡਰੇਨਾਈਜ਼ੇਸ਼ਨ ਸਬਸਿਡੀ, 24.82 ਕਰੋੜ ਦੀ ਰਿਲੀਜ਼ ਕੀਤੀ ਗਈ ਸਬਸਿਡੀ ਵਿਚ 31 ਮਾਰਚ, 1994 ਤੱਕ ਦੇ ਸਾਰੇ ਕੇਸਿਜ਼ ਆ ਚੁੱਕੇ ਹਨ। ਬਾਕੀ ਦੇ ਕੇਸਿਜ਼ ਲਈ 43.50 ਕਰੋੜ ਰੁਪਏ ਦਾ ਇਸ ਸਾਲ ਅੰਦਰ ਉਪਬੰਧ ਕੀਤਾ ਹੋਇਆ ਹੈ ਤਾਂ ਕਿ ਆਉਣ ਵਾਲੇ ਸਮੇਂ ਵਿਚ ਜਿੰਨੇ ਬੈਕਲਾਗ ਵਿਚ ਕੇਸਿਜ਼ ਪਏ ਹਨ, ਉਹ ਸਾਰੇ ਖ਼ਤਮ ਕਰ ਦਿੱਤੇ ਜਾਣ। (ਥੰਪਿੰਗ)

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਬਹੁਤ ਪੁਰਾਣੇ ਸਮੇਂ ਤੋਂ ਕਈ ਕੇਸ ਲਟਕਦੇ ਆ ਰਹੇ ਹਨ। ਇਸ ਦੇ ਨਾਲ ਬੜੀਆਂ ਮੁਸ਼ਕਲਾਂ ਆਉਂਦੀਆਂ ਹਨ, ਸਬਸਿਡੀ ਲੈਣ ਲਈ। ਕੀ ਮੰਤਰੀ ਜੀ ਦੇ ਵਿਚਾਰ ਵਿਚ ਕੋਈ ਇਸ ਤਰ੍ਹਾਂ ਦਾ ਤਰੀਕਾ ਹੈ ਕਿ ਜਦੋਂ ਕੋਈ ਉਦਯੋਗ ਚਾਲੂ ਹੋਵੇ, ਉਸ ਨੂੰ ਉਸੇ ਵਕਤ ਹੀ ਸਬਸਿਡੀ ਮਿਲ ਜਾਵੇ ? ਕਈ ਉਦਯੋਗਿਕ ਯੂਨਿਟ ਲੇਨ ਲੈਣ ਉਪ੍ਰੰਤ 1992 ਤੋਂ ਚਾਲੂ ਹਨ ਪਰ ਉਨ੍ਹਾਂ ਨੂੰ ਅਜੇ ਤੱਕ ਕੋਈ ਸਬਸਿਡੀ ਨਹੀਂ ਮਿਲੀ। ਕੀ ਸਰਕਾਰ ਇਸ ਤਰ੍ਹਾਂ ਕਰੇਗੀ ?

ਰਾਜ ਮੰਤਰੀ : ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਕੋਈ ਸਪੈਸੇਫਿਕ ਇੰਸੀਡੈਂਟ ਹੈ ਜਿਸ ਦੇ ਨਾਲ ਇਸ ਤਰ੍ਹਾਂ ਦਾ ਵਿਤਕਰਾ ਹੋ ਰਿਹਾ ਹੋਵੇ ਤਾਂ ਉਹ ਮੇਰੇ ਨੋਟਿਸ ਵਿਚ ਲਿਆਉਣ, ਮੈਂ ਉਸ ਨੂੰ ਠੀਕ ਕਰਵਾ ਦੇਵਾਂਗਾ। (ਥੰਪਿੰਗ)

ਸ਼ਰਦਾਰ ਹਰਗੋਪਾਲ ਸਿੰਘ : ਸਪੀਕਰ ਸਾਹਿਬ, ਕਿੰਨੀਆਂ ਹੀ ਉਦਯੋਗਿਕ ਇਕਾਈਆਂ ਪ੍ਰਾਈਵੇਟ ਖੇਤਰ ਵਿਚ ਲੱਗੀਆਂ ਹਨ ਜਾਂ ਸਰਕਾਰ ਨੇ ਉਨ੍ਹਾਂ ਨੂੰ ਲਾਇਸੰਸ ਦਿੱਤੇ ਹਨ। ਕੀ ਮੰਤਰੀ ਜੀ ਇਹ ਦੱਸਣਗੇ ਕਿ ਇਨ੍ਹਾਂ ਪ੍ਰਾਈਵੇਟ ਅਦਾਰਿਆਂ ਜਿਨ੍ਹਾਂ ਦੀ ਗਿਣਤੀ ਮੰਤਰੀ ਜੀ ਨੇ ਦੱਸੀ ਹੈ, ਵਿਚ ਕਿੰਨੇ ਸ਼ਡਿਊਲਡ ਕਾਸਟਾਂ ਨੂੰ ਲਾਇਸੰਸ ਦਿੱਤੇ ਹਨ ਜਾਂ ਅਥਾਰਟੀ ਲੈਟਰ ਦਿੱਤੇ ਹਨ ?

ਰਾਜ ਮੰਤਰੀ : ਮੈਂ ਮੈਂਬਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਉਹ ਸੈਪਰੇਟ ਸਵਾਲ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।(ਥੰਪਿੰਗ)

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪਲੀਮੈਂਟਰੀ. ਸਰ .....

ਸ਼੍ਰੀ ਸਪੀਕਰ : ਤੁਸੀਂ ਦੋ ਸਪਲੀਮੈਂਟਰੀ ਪੁੱਛ ਚੁੱਕੇ ਹੋ ਅਤੇ ਮੈਂ ਅਲਾਓ ਕੀਤੀਆਂ ਹਨ।

———

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰ. 2249*

ਸ਼੍ਰੀ ਸਪੀਕਰ : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਜੇ ਇਸ ਸੈਸ਼ਨ ਵਿਚ ਹੀ ਇਸ ਦਾ ਜਵਾਬ ਮਿਲ ਜਾਵੇ ਤਾਂ ਅਸੀਂ ਧੰਨਵਾਦੀ ਹੋਵਾਂਗੇ ।

ਨਿਸ਼ਾਨ ਵਾਲਾ ਪ੍ਰਸ਼ਨ ਨੰ. 2641**

ਸ਼੍ਰੀ ਸਪੀਕਰ : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ।

ਸਿਵਲ ਹਸਪਤਾਲ, ਅੰਮ੍ਰਿਤਸਰ

*2250. **ਸ਼੍ਰੀਮਤੀ ਵਿਮਲਾ ਡਾਂਗ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਿਵਲ ਹਸਪਤਾਲ, ਅੰਮ੍ਰਿਤਸਰ ਵਿਚ ਇਸ ਸਮੇਂ ਕਿੰਨੇ ਬੈੱਡਜ਼ ਹਨ;

(ਅ) ਕੀ ਮੂਲ ਤਜਵੀਜ਼ ਇਕ ਸੌ ਬੈੱਡਜ਼ ਦੀ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ 100 ਬੈੱਡਜ਼ ਵਾਲਾ ਹਸਪਤਾਲ ਅਪਗ੍ਰੇਡ ਕੀਤੇ ਜਾਣ ਦੀ ਤਜਵੀਜ਼ ਹੈ ?

Sardar Harcharan Singh Brar : (a) At present, there are 50 beds in the Civil Hospital, Amritsar.

(b) Yes, the original proposal was for starting of 100 bedded Civil Hospital at Amritsar. The sanction has been issued and steps are now a foot to provide the remaining beds.

ਸ਼੍ਰੀਮਤੀ ਵਿਮਲਾ ਡਾਂਗ : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੂੰ ਇਸ ਗੱਲ ਦਾ ਜ਼ਰੂਰ ਇਲਮ ਹੋਵੇਗਾ ਕਿ ਇਸ ਹੌਸਪਿਟਲ ਦੇ ਡਾਕਟਰ ਨੇ ਝੂਠੇ ਸਰਟੀਫਿਕੇਟ ਇਸ਼ੂ ਕੀਤੇ ਹਨ । ਇਸ ਬਾਰੇ ਟਾਈਮਜ਼ ਆਫ ਇੰਡੀਆ ਅੌਰ ਦੂਸਰੀਆਂ ਅਖਬਾਰਾਂ ਵਿਚ ਵੀ ਬੜਾ ਕੁਝ ਆਇਆ ਹੈ । ਅਸੀਂ ਰਿਟਨ ਕੰਪਲੇਂਟਸ ਵੀ ਭੇਜੀਆਂ ਹਨ ਲੇਕਿਨ ਜਵਾਬ ਨਹੀਂ ਆਇਆ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਇਸ ਸਬੰਧੀ ਤੁਰੰਤ ਕਾਰਵਾਈ ਕੀਤੀ ਜਾਏਗੀ ਜਾਂ ਜੋ ਪੜਤਾਲ ਹੋਈ ਹੈ ?

ਮੰਤਰੀ : ਕਰ ਰਹੇ ਹਾਂ ਜੀ । ਗਿਲਟੀ ਨੂੰ ਫਾਲੋ-ਅਪ ਕਰਾਂਗੇ ।

---

*For Starred Question No. 2249 and reply thereto, please see Punjab Vidhan Sabha Debates dated 4th April, 1995.

**For Starred Question No. 2641 and reply thereto, please see Punjab Vidhan Sabha Debates dated 28th March, 1995 (M.S.)

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰ. 2322*

ਸ਼੍ਰੀ ਸਪੀਕਰ : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਨੈ ।

ਕਾਮਰੇਡ ਤਰਸੇਮ ਜੋਧਾਂ : ਇਸ ਸਵਾਲ ਦੀ ਕਿੰਨੇ ਦਿਨਾਂ ਦੀ ਐਕਸਟੈਨਸ਼ਨ ਹੈ ਜੀ ?

ਸ਼੍ਰੀ ਸਪੀਕਰ : ਇਕ ਹਫਤੇ ਦੀ ।

ਪ੍ਰਦੂਸ਼ਣ ਲਈ ਫੈਕਟਰੀ ਵਿਰੁੱਧ ਸ਼ਿਕਾਇਤਾਂ

*2526. 1. ਕਾਮਰੇਡ ਅਜੈਬ ਸਿੰਘ ਰੌਂਤਾ,
2. ਸ਼੍ਰੀਮਤੀ ਵਿਮਲਾ ਡਾਂਗ } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੂੰ ਨਵੰਬਰ ਅਤੇ ਦਸੰਬਰ. 1994 ਦੇ ਮਹੀਨੇ ਦੌਰਾਨ ਅੰਮ੍ਰਿਤਸਰ ਅਤੇ ਫਰੀਦਕੋਟ ਜ਼ਿਲ੍ਹਿਆਂ ਵਿਚ ਫੈਕਟਰੀਆਂ ਦੁਆਰਾ ਬਹੁਤ ਹੀ ਭੈੜੀ ਤਰ੍ਹਾਂ ਦਾ ਪ੍ਰਦੂਸ਼ਣ ਫੈਲਾਉਣ ਅਤੇ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਣ ਵਿਰੁੱਧ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਫੈਕਟਰੀਆਂ ਦੇ ਨਾਂ ਅਤੇ ਪਤੇ ਕੀ ਕੀ ਹਨ;

(ਅ) ਕੀ ਇਨ੍ਹਾਂ ਸ਼ਿਕਾਇਤਾਂ ਦੇ ਆਧਾਰ ਤੇ ਕੋਈ ਕਾਰਵਾਈ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

Sardar Beant Singh : (a) Ten such complaints have been received by the Government/Punjab Pollution Control Board. Names and Addresses of the Factories mentioned in these complaints are given in the Statement placed on the Table of the House.

(b) Board has initiated action in 4 cases under Water Act/ Air Act, in one case action is being initiated under Air Act, in two cases Deputy Commissioner Amritsar, has been requested to take action U/S 133 Cr. P.C. etc. and in the balance 3 cases, the defaulters are being persuaded to upgrade Effluent Treatment Plant and their performance is being closely watched.

---

*For Starred Question No. 2322 and reply thereto, please see Punjab Vidhan Sabha Debates dated 28th March, 1995 (M·S.)

Original with;
Punjab Vidhan Sabha
Digitized by;

STATEMENT

Names and Addresses of the factories etc. mentioned in the complaints received in Amritsar and Faridkot Distt. during November and December, 1994.

Sr. No. of Complaints		Name & Address of the Factory
		District Amritsar
1.	..	M/s. Lord Chemical Works Kapur Castle, Islamabad, Amritsar.
2.	.. (i)	M/s. Charan Kamal Card Board & Paper Mills (P) Ltd., Tarn Taran Road, Amritsar.
	.. (ii)	M/s. Narinder Paper Mills Ltd. Tarn Taran Road, Amritsar.
	(iii)	M/s. Amritsar Paper Board M l Tarn Taran Road, Amritsar.
	(iv)	M/s. Jai Bharat Paper Mills, G. T. Road, Tarn Taran, Amritsar.
3.	.. (i)	M/s. Sewerage Board/Municipal Corporation.
	(ii)	M/s. Garison Engg., Amritsar.
4.		M/s. Badri Nath Subhash Chand, Haveli Jamadaran, Katra Dullo, Amritsar.
5.	..	Sh. Jeeta Kabaria, Saheed Udam Singh Nagar, Amritsar.
6.		M/s. Liberty Rice Mills & M/s. Simran Rice Mills, V.P.O. Raja Sansi, Amritsar.
		District Faridkot
1.	..	M/s. Swastic Foods Products, Gandhi Road, Moga.
2.	..	M/s. Aggarwal Rice Mills, Jalaleana Road, Kotakpura.
3.	..	M/s. Hira Lal Sat Paul Factory, at Bholuwala Road, Faridkot.
4.	..	M/s. Bharat Soap Works, Gali No. 5 Mahavir Nagri, Malout, District, Faridkot.

Original with;
Punjab Vidhan Sabha
Digitized by;
Panjab Digital Library

ਕਾਮਰੇਡ ਅਜੈਬ ਸਿੰਘ ਰੌਂਤਾ : ਸਤਿਕਾਰਯੋਗ ਸਪੀਕਰ ਸਾਹਿਬ, ਸਤਿਕਾਰਯੋਗ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਚਾਰ ਕੇਸਾਂ ਤੇ ਕਾਰਵਾਈ ਅਰੰਭ ਕੀਤੀ ਹੈ ਪਰ ਜਿਹੜੇ ਅੰਮ੍ਰਿਤਸਰ ਦ ਦੋ ਕੇਸ ਰਹਿੰਦੇ ਹਨ, ਉਹ ਕਿਹੜੇ ਹਨ ? ਕਿਸ ਨੇ ਸ਼ਿਕਾਇਤ ਕੀਤੀ, ਕਦੋਂ ਕੀਤੀ, ਕਿੰਨੇ ਸਾਲ ਹੋ ਗਏ ਹਨ ? ਕੀ ਡੀ.ਸੀ. ਸਾਹਿਬ ਨੇ ਕੋਈ ਕਾਰਵਾਈ ਕੀਤੀ ਹੈ ? ਜੇ ਨਹੀਂ ਕੀਤੀ ਤਾਂ ਕਿਉਂ ਨਹੀਂ ਕੀਤੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਡੇਟਸ ਬਾਰੇ ਤਾਂ ਲੰਬਾ ਚੌੜਾ ਸਵਾਲ ਬਣਦਾ ਹੈ । ਡੇਟਸ ਤਾਂ ਮੇਰੇ ਕੋਲ ਹੈ ਨਹੀਂ । ਇਹ ਸੈਪਰੇਟ ਸਵਾਲ ਦੇ ਦੇਣ ਪਰ ਡੀ.ਸੀ. ਨੇ ਕਿਹਾ ਹੈ ਕਿ ਜਲਦੀ ਤੋਂ ਜਲਦੀ ਐਕਸ਼ਨ ਲਿਆ ਜਾਵੇਗਾ ।

ਸ਼੍ਰੀਮਤੀ ਵਿਮਲਾ ਡਾਂਗ : ਮਾਨਯੋਗ ਸਪੀਕਰ ਸਾਹਿਬ, ਅੰਮ੍ਰਿਤਸਰ ਤਰਨਤਾਰਨ ਰੋਡ ਉਪਰ ਪੇਪਰ ਮਿੱਲ ਅਤੇ ਹੋਰ ਦੂਸਨੀਆਂ ਫੈਕਟਰੀਆਂ ਹਨ ਜਿਨ੍ਹਾਂ ਦੀ ਲਿਸਟ ਦਿੱਤੀ ਗਈ ਹੈ । ਇਨ੍ਹਾਂ ਅਦਰ ਪਾਣੀ ਨੂੰ ਰੀਸਾਇਕਲ (Recycle) ਕਰਨ ਦਾ ਕੋਈ ਪ੍ਰਬੰਧ ਨਹੀਂ ਹੈ । ਗੰਦਾ ਪਾਣੀ ਤੇ ਵੇਸਟ ਮਟੀਰੀਅਲ ਗੰਦੇ ਨਾਲੇ ਵਿਚ ਚਲਾ ਜਾਂਦਾ ਹੈ ਜਿਸ ਨੂੰ ਪੀਣ ਨਾਲ ਜਾਨਵਰ ਬੀਮਾਰ ਹੋ ਜਾਂਦੇ ਹਨ ਅਤੇ ਖੇਤਾਂ ਵਿਚ ਉਹ ਪਾਣੀ ਜਾਣ ਨਾਲ ਫ਼ਸਲਾਂ ਦਾ ਵੀ ਨੁਕਸਾਨ ਹੁੰਦਾ ਹੈ । ਕੀ ਪਾਲਿਊਸ਼ਨ ਬੋਰਡ ਜਾਂ ਡੀ.ਸੀ. ਸਾਹਿਬ ਨੇ ਕੋਈ ਕਾਰਵਾਈ ਕੀਤੀ ਹੈ ? ਇਸ ਨੂੰ ਐਕਸਪੀਡਾਈਟ ਕਰਨ ਦਾ ਯਤਨ ਕਰੋਗੇ ਜੀ ?

ਮੁੱਖ ਮੰਤਰੀ : ਮੈਂ ਇਨ੍ਹਾਂ ਦੀ ਭਾਵਨਾ ਨੂੰ ਸਮਝਦਾ ਹਾਂ ਅੌਰ ਡੀ.ਸੀ. ਨੂੰ ਹਦਾਇਤ ਕਰਾਂਗਾ ਕਿ ਜਲਦੀ ਤੋਂ ਜਲਦੀ ਐਕਸ਼ਨ ਲਿਆ ਜਾਵੇ ।

ਸਰਦਾਰ ਹਰਗੋਪਾਲ ਸਿੰਘ : ਸਪੀਕਰ ਸਾਹਿਬ ਸੈਲਾ ਅੰਦਰ ਪਾਣੀ ਲੋਕਾਂ ਦੇ ਖੇਤਾਂ ਵਿਚ ਚਲਾ ਜਾਂਦਾ ਹੈ । ਵੈਸੇ ਤਾਂ ਉਥੇ ਗੰਦਾ ਨਾਲਾ ਹੈ ਪਰ ਫਿਰ ਵੀ ਫਸਲਾਂ ਖਰਾਬ ਹੋ ਜਾਂਦੀਆਂ ਹਨ । ਦੂਸਰੇ ਨੰਬਰ ਤੇ ਰੋਪੜ ਤੋਂ ਬਲਾਚੌਰ ਜਦੋਂ ਜਾਈਦਾ ਹੈ ਤਾਂ ਉਥੇ ਕੈਪਸੂਲ ਫੈਕਟਰੀ ਹੈ, ਉਸ ਦਾ ਸਾਰਾ ਪਾਣੀ ਉਥੇ ਪੈਂਦਾ ਹੈ ਅੌਰ ਬੜੀ ਬਦਬੂ ਆਉਂਦੀ ਹੈ । ਕੀ ਸਰਕਾਰ ਉਸ ਨੂੰ ਰੋਕਣ ਲਈ ਉਪਰਾਲੇ ਕਰੇਗੀ ?

ਮੁੱਖ ਮੰਤਰੀ : ਸਰਕਾਰ ਉਸ ਨੂੰ ਰੋਕਣ ਲਈ ਵਚਨਬੱਧ ਹੈ ਅੌਰ ਬੜੀ ਜਲਦੀ ਕਾਰਵਾਈ ਕਰੇਗੀ ਲੇਕਿਨ ਅਗਰ ਮਾਨਯੋਗ ਮੈਂਬਰ ਵੀ ਸਾਡੇ ਨਾਲ ਕੋਆਪ੍ਰੇਟ ਕਰੇ ਤਾਂ ਅਸੀਂ ਉਸ ਨੂੰ ਬੜੀ ਜਲਦੀ ਠੀਕ ਕਰਾਂਗੇ । (ਥੰਪਿੰਗ)

ਸਰਦਾਰ ਮਨਜੀਤ ਸਿੰਘ ਭੱਠਲ : ਸਪੀਕਰ ਸਾਹਿਬ, ਜਿਸ ਤਰ੍ਹਾਂ ਲੁਧਿਆਣੇ ਦੀ ਗੱਲ ਚੱਲ ਰਹੀ ਹੈ, ਮੇਰੇ ਹਲਕੇ ਵਿਚ ਵੀ ਦੋ ਨਾਲੇ ਧੌਲੇ ਅੌਰ ਤਪੇ ਵਾਲੀ ਸੜਕ ਤੇ ਹਨ ਜੋ ਬਰਨਾਲੇ ਵੱਲ ਕਰਾਸ ਕਰਦੀ ਹੈ । ਇਹ ਤਾਂ ਕਹਿੰਦੇ ਹਨ ਕਿ ਬਦਬੂ ਆਉਂਦੀ ਹੈ ਪਰ ਉਥੇ ਤਾਂ ਤਿੰਨ-ਤਿੰਨ ਮੀਲ ਵਿਚ ਸਾਹ ਨਹੀਂ ਲਿਆ ਜਾਂਦਾ । ਕੀ ਮੁੱਖ ਮੰਤਰੀ ਜੀ ਕਿਰਪਾ ਕਰਨਗੇ ਅਤੇ ਇਸ ਗੰਦਗੀ ਨੂੰ ਦੂਰ ਕਰਨ ਦੀ ਅੌਸ਼ੋਰੈਂਸ ਦੇਣਗੇ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਸਪੀਕਰ ਸਾਹਿਬ, ਗੱਲ ਲੁਧਿਆਣੇ ਦੀ ਨਹੀਂ ਅੰਮ੍ਰਿਤਸਰ ਦੀ ਚੱਲ ਰਹੀ ਸੀ । ਇਹ ਜੋ ਇਨ੍ਹਾਂ ਨੇ ਗੱਲ ਕੀਤੀ ਹੈ, ਜਿਥੋਂ ਪਾਣੀ ਆਉਂਦਾ ਹੈ, ਮੇਰੇ ਧਿਆਨ ਅੰਦਰ ਹੈ । ਅਸੀਂ ਉਸ ਨੂੰ ਕਈ ਨੋਟਿਸ ਭੇਜ ਚੁੱਕੇ ਹਾਂ ਅੱਤ ਹੁਣ ਆਖਰੀ ਨੋਟਿਸ ਹੈ, ਅਗਰ ਉਹ ਪਾਣੀ ਨਹੀਂ ਬੰਦ ਕਰਨਗੇ ਤਾਂ ਐਕਸ਼ਨ ਲਿਆ ਜਾਵੇਗਾ ।

ਸ਼੍ਰੀ ਸਤਨਾਮ ਸਿੰਘ ਕੈਂਥ : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਨੇ ਕਾਫੀ ਕੁਝ ਦੱਸਿਆ ਹੈ ਲੇਕਿਨ ਪ੍ਰਦੂਸ਼ਣ ਦੀ ਬੜੀ ਭਾਰੀ ਪ੍ਰਾਬਲਮ ਹੈ । ਸਾਰੇ ਪੰਜਾਬ ਵਿਚ ਬੜੇ ਭਾਰੀ ਕੰਮ ਕਰਨ ਦੀ ਜ਼ਰੂਰਤ ਹੈ । ਸਾਡੀ ਤਹਿਸੀਲ ਨਵਾਂ ਸ਼ਹਿਰ ਵਿਚ ਗੰਨਾਂ ਮਿੱਲ ਹੈ, ਉਸ ਦਾ ਏਨਾ ਧੂੰਆਂ ਉਠਦਾ ਹੈ ਕਿ ਸਾਰੇ ਨਵੇਂ ਸ਼ਹਿਰ ਦੇ ਲੋਕਾਂ ਦੇ ਸਿਰਾਂ ਵਿਚ ਪੈਂਦਾ ਰਹਿੰਦਾ ਹੈ, ਸਾਰੇ ਮੂੰਹ ਸਿਰ ਕਾਲੇ ਹੋ ਜਾਂਦੇ ਹਨ । ਕੀ ਸਰਕਾਰ ਇਹੋ ਜਿਹੇ ਕੰਮਾਂ ਲਈ ਮਾਸਟਰ ਪਲੈਨ ਤਿਆਰ ਕਰ ਰਹੀ ਹੈ ਤਾਂ ਕਿ ਜੋ ਸਾਰੇ ਪ੍ਰਦੂਸ਼ਨ ਫੈਲਾਉਣ ਵਾਲੇ ਯੂਨਿਟ ਹਨ ਉਨ੍ਹਾਂ ਨੂੰ ਪ੍ਰਦੂਸ਼ਣ ਰਹਿਤ ਕੀਤਾ ਜਾਏ ?

ਮੁੱਖ ਮੰਤਰੀ : ਸਰਕਾਰ ਕੋਈ ਮਾਸਟਰ ਪਲੈਨ ਤਾਂ ਤਿਆਰ ਨਹੀਂ ਕਰ ਰਹੀ ਲੇਕਿਨ ਇਕ ਗੱਲ ਜ਼ਰੂਰ ਹੈ ਕਿ ਜੋ ਵੀ ਫੈਕਟਰੀਆਂ ਹਨ, ਜਿਨ੍ਹਾਂ ਦਾ ਧੂੰਆਂ ਕਾਲਾ ਹੈ, ਜੋ ਇਨਸਾਨ ਦੀ ਸਿਹਤ ਲਈ ਨੁਕਸਾਨ ਦੇਹ ਹਨ ਕਿਉਂਕਿ ਇਨਸਾਨ ਦੀ ਸਿਹਤ ਬੜੀ ਜ਼ਰੂਰੀ ਹੈ, ਅਗਰ ਉਸ ਦੀ ਸਿਹਤ ਖਰਾਬ ਹੁੰਦੀ ਹੈ ਤਾਂ ਉਨ੍ਹਾਂ ਦੇ ਖਿਲਾਫ ਅਸੀਂ ਐਕਸ਼ਨ ਲਿਆ ਹੈ । ਮੈਂ ਮਾਨਯੋਗ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਕੋਈ ਐਸੀ ਫੈਕਟਰੀ ਹੈ ਜਿਸ ਤਰ੍ਹਾਂ ਨਵਾਂ ਸ਼ਹਿਰ ਸ਼ੂਗਰ ਮਿੱਲ ਹੈ ਅਤੇ ਜਿਸ ਦਾ ਧੂੰਆਂ ਹਾਨੀਕਾਰਕ ਹੈ, ਅਗਰ ਇਹ ਗੱਲ ਦਰੁੱਸਤ ਹੈ ਤਾਂ ਉਸ ਦੇ ਖਿਲਾਫ ਵੀ ਐਕਸ਼ਨ ਲਵਾਂਗੇ ਅੱਤ ਉਸ ਨੂੰ ਦਰੁਸਤ ਕਰਾਂਗੇ ।

(ਇਸ ਸਮੇਂ ਕੁਝ ਮਾਨਯੋਗ ਮੈਂਬਰਜ਼ ਸਪਲੀਮੈਂਟਰੀ ਦੀ ਡਿਮਾਂਡ ਕਰ ਰਹੇ ਸਨ ।)

ਸ਼੍ਰੀ ਸਪੀਕਰ ਸਪਲੀਮੈਂਟਰੀਜ਼ ਤਾਂ ਬੜੀਆਂ ਹੋ ਗਈਆਂ ਹਨ । ਹੁਣ, ਲਕਸ਼ਮੀ ਕਾਂਤਾ ਜੀ ਖੜ੍ਹੇ ਹੋ ਗਏ ਹਨ, ਇਨ੍ਹਾਂ ਨੂੰ ਅਸੀਂ ਨਾਂਹ ਨਹੀਂ ਕਰ ਸਕਦੇ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਬਹੁਤ, ਬਹੁਤ ਧੰਨਵਾਦ, ਸਪੀਕਰ ਸਾਹਿਬ । ਅੱਜ ਤਾਂ ਬੜੀ ਕਿਰਪਾ ਹੋ ਰਹੀ ਹੈ। ਮੇਰਾ ਮੁੱਖ ਮੰਤਰੀ ਜੀ ਅੱਗੇ ਪ੍ਰਸ਼ਨ ਹੈ, ਕਿਉਂਕਿ ਅੰਮ੍ਰਿਤਸਰ ਦੀ ਗੱਲ ਚੱਲ ਰਹੀ ਸੀ । ਅੰਮ੍ਰਿਤਸਰ ਸ਼ਹਿਰ ਵਿੱਚ ਇਹੋ ਜਿਹੇ ਚਾਰ ਕੇਂਦਰ ਹਨ ਜਿਥੇ ਪਸ਼ੂਆਂ ਦੀ ਖੱਲ ਵਗੈਰਾ ਲਾਹੁੰਦੇ ਹਨ ਅੱਤ ਸ਼ਹਿਰ ਦੇ ਵਿਚ ਬੜੀ ਬਦਬੂ ਆਉਂਦੀ ਹੈ । ਕੀ ਮੁੱਖ ਮੰਤਰੀ ਜੀ ਅੱਸੋਰੈਂਸ ਦੇਣਗੇ ਕਿ ਉਨ੍ਹਾਂ ਨੂੰ ਸ਼ਹਿਰ ਦੇ ਵਿਚੋਂ ਚੁਕਾ ਕੇ ਸ਼ਹਿਰ ਤੋਂ ਦੂਰ ਲੈ ਲਾਇਆ ਜਾਵੇਗਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਸਪੈਸ਼ਲ ਆਖਿਆ ਹੈ, ਇਸੇ ਕਰਕੇ ਇਹ ਵਾਅਦਾ ਕਰਦੇ ਹਾਂ ਕਿ ਉਹ ਬਾਹਰ ਲੈ ਜਾਵਾਂਗੇ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਵੈਰੀ ਗੁੱਡ । ਅਰਸ਼ੀ ਜੀ, ਮੈਡਮ ਨੂੰ ਟਾਈਮ ਦਿੱਤਾ ਹੈ ਤਾਂ ਤੁਹਾਨੂੰ ਵੀ ਨਾਂਹ ਨਹੀਂ ਕਹਿ ਸਕਦੇ, ਉਸ ਤੋਂ ਬਾਅਦ ਕੋਈ ਨਾ ਉਠੇ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਨੂੰ ਸੁਣਿਆ ਨਹੀਂ ਤੁਸੀਂ ਕੀ ਕਿਹਾ ਹੈ ।

ਸ਼੍ਰੀ ਸਪੀਕਰ : ਤੁਹਾਡਾ ਇਨ੍ਹਾਂ ਨਾਲ ਮੁਕਾਬਲਾ ਹੈ ?

ਕਾਮਰੇਡ ਹਰਦੇਵ ਅਰਸ਼ੀ : ਸਵਾਲ ਵੜਾ ਇੰਪਾਰਟੈਂਟ ਹੈ ਅਤੇ ਸੀਰੀਅਸ ਪ੍ਰਾਬਲਮ ਹੈ ਸਾਰੇ ਪੰਜਾਬ ਵਿੱਚ । ਮੈਨੂੰ ਪੱਕਾ ਵਿਸ਼ਵਾਸ ਹੈ ਕਿ ਤੁਹਾਡੇ ਨੋਟਿਸ ਵਿਚ ਵੀ ਹੋਵੇਗਾ ਕਿ ਬਠਿੰਡੇ ਵਿੱਚ ਕਈ ਸਾਲਾਂ ਤੋਂ ਲਗਾਤਾਰ ਗੱਤਾ ਮਿੱਲ ਦੇ ਕੈਮੀਕਲ ਅੱਜ ਵੀ ਉਸੇ ਤਰ੍ਹਾਂ ਪੈ ਰਹੇ ਹਨ ਜਿਹੜੇ ਕਿ ਸਿਹਤ ਵਾਸਤੇ ਬੜੇ ਹਾਨੀਕਾਰਕ ਹਨ ਅਤੇ ਇਸ ਦੀ ਬੜੀ ਚਰਚਾ ਹੈ । ਇਸ ਨੂੰ ਹਾਲੇ ਤੱਕ ਰੋਕਣ ਦਾ ਪ੍ਰਬੰਧ ਨਹੀਂ ਕੀਤਾ ਗਿਆ । ਕੀ ਮੁੱਖ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਜਿਹੜਾ ਪਾਣੀ ਪੈ ਰਿਹਾ ਹੈ ਗੱਤਾ ਫੈਕਟਰੀ ਦਾ, ਉਸ ਨੂੰ ਰੋਕਣ ਵਾਸਤੇ ਪੱਕੇ ਸਟੈੱਪ ਚੁੱਕੇ ਜਾਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹੀ ਸਵਾਲ ਮਾਨਯੋਗ ਮੈਂਬਰ ਮਨਜੀਤ ਸਿੰਘ ਦਾ ਸੀ, ਮੈਂ ਉਸ ਦਾ ਜਵਾਬ ਦੇ ਚੁੱਕਿਆ ਹਾਂ ।

Mr. Speaker: Questions are over.

UNSTARRED QUESTIONS AND ANSWERS

ਰਿਜਨਲ ਆਈ ਇੰਸਟੀਚੂਟ ਦੀ ਸਥਾਪਨਾ ਕਰਨਾ

399. **ਸ਼੍ਰੀਮਤੀ ਵਿਮਲਾ ਭਾਂਗ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ''ਅੰਮ੍ਰਿਤਸਰ ਵਿਖੇ ਇਕ ਰਿਜਨਲ ਆਈ ਇੰਸਟੀਟਿਊਸ਼ਨ ਸਥਾਪਤ ਕਰਨ'' ਸਬੰਧੀ 29 ਦਸੰਬਰ, 1993 ਲਈ ਬਿਨਾਂ ਨਿਸ਼ਾਨ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਬਿਨਾਂ ਨਿਸ਼ਾਨ ਪ੍ਰਸ਼ਨ ਨੰ: 165 ਦੇ ਆਪਣੇ ਉਤਰ ਦੇ ਹਵਾਲੇ ਨਾਲ ਕਿਰਪਾ ਕਰਕੇ ਦੱਸਣਗੇ ਕਿ ਸੰਸਥਾ ਨੂੰ ਸਥਾਪਤ ਕਰਨ ਦੇ ਮਾਮਲੇ ਵਿਚ ਹੋਈ ਪ੍ਰਗਤੀ ਦੇ ਵੇਰਵੇ ਕੀ ਹਨ ?

ਸਰਦਾਰ ਹਰਚਰਨ ਸਿੰਘ ਬਰਾੜ : ਭਾਰਤ ਸਰਕਾਰ ਦੀ ਰਾਜ ਦੇ ਮੈਡੀਕਲ ਕਾਲਜਾਂ ਵਿਚ ਅੱਖਾਂ ਦੀ ਖੇਤਰੀ ਸੰਸਥਾ ਸਥਾਪਤ ਕਰਨ ਹਿੱਤ 100% ਕੇਂਦਰੀ ਸਹਾਇਤਾ ਦੇਣ ਦੀ ਸਕੀਮ ਹੈ । ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ ਅੱਖਾਂ ਦੀ ਖੇਤਰੀ ਸੰਸਥਾ ਸਥਾਪਿਤ ਕਰਨ ਦਾ ਮਾਮਲਾ ਵਿਚਾਰ ਅਧੀਨ ਹੈ ।

Original with;
Punjab Vidhan Sabha
Digitized by;
Panjab Digital Library

ਉਦਯੋਗਿਕ ਅਦਾਰਿਆਂ ਵਿਚ ਹੜਤਾਲਾਂ/ਤਾਲਾਬੰਦੀਆਂ

400. **ਸ਼੍ਰੀਮਤੀ ਵਿਮਲਾ ਡਾਂਗ** : ਕੀ ਕਿਰਤ ਅਤੇ ਰੁਜ਼ਗਾਰ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1994 ਦੌਰਾਨ ਤਾਲਾਬੰਦੀਆਂ/ਹੜਤਾਲਾਂ ਦੇ ਸਿੱਟੇ ਵਜੋਂ ਰਾਜ ਦੇ ਉਦਯੋਗਿਕ ਅਦਾਰਿਆਂ ਵਿਚ ਸਾਲ-ਵਾਰ ਕਿੰਨੇ ਕਿੰਨੇ ਮਜ਼ਦੂਰ ਦਿਹਾੜੀਆਂ ਦਾ ਨੁਕਸਾਨ ਹੋਇਆ ?

ਸਰਦਾਰ ਗੁਲਜ਼ਾਰ ਸਿੰਘ :

ਸਾਲ	ਤਾਲਾਬੰਦੀਆਂ/ਹੜਤਾਲਾਂ ਕਰਕੇ ਜਿੰਨੀਆਂ ਦਿਹਾੜੀਆਂ ਦਾ ਨੁਕਸਾਨ ਹੋਇਆ, ਦੀ ਗਿਣਤੀ
1994	2,68,553 (ਪ੍ਰੋਵੀਜ਼ਨਲ)

ਰੈੱਡ ਕਰਾਸ ਦੁਆਰਾ ਚਲਾਈਆਂ ਜਾ ਰਹੀਆਂ ਕੈਮਿਸਟਾਂ ਦੀਆਂ ਦੁਕਾਨਾਂ

401. **ਸ਼੍ਰੀਮਤੀ ਵਿਮਲਾ ਡਾਂਗ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਸਰਕਾਰ ਨੇ ਰੈੱਡ ਕਰਾਸ ਸੁਸਾਇਟੀ ਨੂੰ ਵੱਖ ਵੱਖ ਸਰਕਾਰੀ ਹਸਪਤਾਲਾਂ ਦੇ ਅਹਾਤਿਆਂ ਅੰਦਰ ਕੈਮਿਸਟ ਦੀਆਂ ਦੁਕਾਨਾਂ ਚਲਾਉਣ ਦੀ ਆਗਿਆ ਦਿੱਤੀ ਹੈ ;

(ਅ) ਜੇਕਰ ਅਜਿਹਾ ਹੋਵੇ ਤਾਂ ਇਸ ਮੰਤਵ ਲਈ ਰੈਡ ਕਰਾਸ ਸੁਸਾਇਟੀ ਨੂੰ ਦਿੱਤੀਆਂ ਗਈਆਂ ਸਹੂਲਤਾਂ/ਰਿਆਇਤਾਂ ਦਾ ਵੇਰਵਾ ਕੀ ਹੈ;

(ੲ) ਰਾਜ ਵਿਚ ਅਜਿਹੀਆਂ ਦੁਕਾਨਾਂ ਦੀ ਗਿਣਤੀ ਕਿੰਨੀ ਹੈ ਜਿਹੜੀਆਂ ਸਰਕਾਰੀ ਹਸਪਤਾਲਾਂ ਵਿਚ ਪਹਿਲਾਂ ਹੀ ਖੁਲ੍ਹੀਆਂ ਹੋਈਆਂ ਹਨ;

(ਸ) ਉਪ੍ਰੋਕਤ ਭਾਗ (ੲ) ਵਿਚ ਵਰਣਿਤ ਦੁਕਾਨਾਂ ਵਿਚੋਂ ਕਿੰਨੀਆਂ ਦੁਕਾਨਾਂ ਰੈਡ ਕਰਾਸ ਸੁਸਾਇਟੀ ਦੁਆਰਾ ਖੁਦ ਚਲਾਈਆਂ ਜਾ ਰਹੀਆਂ ਹਨ ਅਤੇ ਕਿੰਨੀਆਂ ਨਿਜੀ ਠੇਕੇਦਾਰਾਂ/ਪੱਟੇਦਾਰਾਂ ਦੁਆਰਾ ਚਲਾਈਆਂ ਜਾ ਰਹੀਆਂ ਹਨ ?

ਸਰਦਾਰ ਹਰਚਰਨ ਸਿੰਘ ਬਰਾੜ : (ੳ) ਨਹੀਂ ਜੀ । ਪਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨੇ ਬੀਤੇ ਸਮੇਂ ਵਿਚ ਰੈਡ ਕਰਾਸ ਦੀਆਂ ਭਲਾਈ ਗਤੀਵਿਧੀਆਂ ਨੂੰ ਮੁੱਖ ਰੱਖਦੇ ਹੋਏ, ਉਨ੍ਹਾਂ ਵਲੋਂ ਗਰੀਬ ਅਤੇ ਲੋੜਵੰਦ ਮਰੀਜ਼ਾਂ ਦੀ ਸਹੂਲਤ ਲਈ ਹਸਪਤਾਲਾਂ ਵਿਚ ਅਜਿਹੀਆਂ ਦੁਕਾਨਾਂ ਉਸਾਰਨ ਅਤੇ ਚਲਾਉਣ ਬਾਰੇ ਇਤਰਾਜ਼ ਨਹੀਂ ਸੀ ਕੀਤਾ । ਸਰਕਾਰ ਨੇ ਹੁਣ ਇਸ ਪ੍ਰਥਾ ਨੂੰ ਬੰਦ ਕਰਨ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ, ਕਿਉਂਜੋ ਇਹ ਰਿਪੋਰਟਾਂ ਮਿਲੀਆਂ ਸਨ ਕਿ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਦੁਕਾਨਾਂ ਪ੍ਰਾਈਵੇਟ ਪਾਰਟੀਆਂ ਨੂੰ ਠੇਕੇ ਤੇ ਦੇ ਦਿੱਤੀਆਂ ਹੋਈਆਂ ਸਨ ।

Original with;
Punjab Vidhan Sabha
Digitized by:
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

(ਅ) ਦੁਕਾਨ ਜਾਂ ਦੁਕਾਨਾਂ ਲਈ ਥਾਂ ਤੋਂ ਇਲਾਵਾ ਕੋਈ ਸਹੂਲਤਾਂ/ਰਿਆਇਤਾਂ ਨਹੀਂ ਦਿੱਤੀਆਂ ਜਾਂਦੀਆਂ ।

(ਏ) 53.

(ਸ) 13 ਦੁਕਾਨਾਂ ਰੈੱਡ ਕਰਾਸ ਸੁਸਾਇਟੀਆਂ ਵਲੋਂ ਉਨ੍ਹਾਂ ਦੇ ਮੈਂਬਰਾਂ ਰਾਹੀਂ ਅਤੇ ਬਾਕੀ ਦੀਆਂ 40 ਦੁਕਾਨਾਂ ਪ੍ਰਾਈਵੇਟ ਪਾਰਟੀਆਂ ਵਲੋਂ ਚਲਾਈਆਂ ਜਾ ਰਹੀਆਂ ਹਨ ।

ਰਾਜ ਵਿਚ ਦਹੇਜ ਕਾਰਣ ਹੋਈਆਂ ਮੌਤਾਂ

402. **ਸ੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਾਲਾਂ 1991, 1992, 1993 ਅਤੇ 1994 ਦੌਰਾਨ ਦਹੇਜ ਕਾਰਣ ਹੋਈਆਂ ਮੌਤਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ ?

ਸਰਦਾਰ ਬੇਅੰਤ ਸਿੰਘ: ਦਹੇਜ ਸਬੰਧੀ ਮੌਤਾਂ ਬਾਰੇ ਸਾਲਵਾਰ ਦਰਜ ਕੇਸਾਂ ਦੀ ਸੂਚਨਾ ਹੇਠ ਲਿਖੇ ਅਨੁਸਾਰ ਹੈ : —

ਸਾਲ	1991	..	50 ਕੇਸ
ਸਾਲ	1992	..	104 ਕੇਸ
ਸਾਲ	1993	..	128 ਕੇਸ
ਸਾਲ	1994	..	104 ਕੇਸ

ਜ਼ਿਲ੍ਹਾ ਬਠਿੰਡਾ ਵਿਚ ਪੁਲਿਸ ਮੁਕਾਬਲੇ ਵਿਚ ਮੌਤਾਂ

429. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੁਲਿਸ ਜ਼ਿਲ੍ਹਾ ਬਠਿੰਡਾ ਵਿਚ ਸਾਲ 1994 ਦੌਰਾਨ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਖਾੜਕੂਆਂ ਦੇ ਨਾਂ ਅਤੇ ਪਤੇ ਕੀ ਕੀ ਹਨ ਅਤੇ ਉਨ੍ਹਾਂ ਪਾਸੋਂ ਬਰਾਮਦ ਹਥਿਆਰਾਂ/ਅਸਲੇ ਦੇ ਵੇਰਵੇ ਕੀ ਕੀ ਹਨ ?

ਸਰਦਾਰ ਬੇਅੰਤ ਸਿੰਘ: ਕੋਈ ਵੀ ਨਹੀਂ ਜੀ ।

1984 ਦੇ ਦੰਗਿਆਂ ਤੋਂ ਪ੍ਰਭਾਵਿਤ ਹੋਏ ਪਰਿਵਾਰਾਂ ਨੂੰ ਮੁੜ ਵਸਾਉਣਾ

430. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1984 ਦੇ ਦੰਗਿਆਂ ਤੋਂ ਪ੍ਰਭਾਵਿਤ ਹੋਏ ਅਜਿਹੇ ਪਰਿਵਾਰਾਂ ਦੀ ਕੁਲ ਗਿਣਤੀ ਕਿੰਨੀ ਹੈ ਜਿਹੜੇ ਦੇਸ਼ ਦੇ ਦੂਜੇ ਹਿੱਸਿਆਂ ਤੋਂ ਪੰਜਾਬ ਵਿਚ ਹੁਣ ਤੱਕ ਹਿਜ਼ਰਤ ਕਰਕੇ ਆਏ ਹਨ;

Original with;
Punjab Vidhan Sabha
Digitized by;
Panjab Digital Library

(ਅ) ਉਕਤ ਭਾਗ (ਉ) ਵਿਚ ਵਰਣਿਤ ਪਰਿਵਾਰਾਂ ਦੇ ਮੁੜ ਵਸੇਬੇ ਲਈ ਸਰਕਾਰ ਦੁਆਰਾ ਹੁਣ ਤਕ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ਅਤੇ ਇਸ ਤੇ ਕੁੱਲ ਕਿੰਨਾ ਖ਼ਰਚ ਕੀਤਾ ਗਿਆ ?

ਸਰਦਾਰ ਬੇਅੰਤ ਸਿੰਘ : (ਉ) ਨਵੰਬਰ, 1984 ਵਿਚ ਦਿੱਲੀ ਅਤੇ ਦੇਸ਼ ਦੇ ਦੂਸਰੇ ਹਿੱਸਿਆਂ ਵਿਚ ਫੈਲੇ ਗੜਬੜ ਕਾਰਣ 26926 ਦੰਗਾ ਪ੍ਰਭਾਵਿਤ ਪਰਿਵਾਰਾਂ ਨੇ ਪੰਜਾਬ ਪ੍ਰਵਾਸ ਕੀਤਾ;

(ਅ) ਸੂਚਨਾ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

ਅਨੁਲੱਗ —1

ਨਵੰਬਰ, 1984 ਦੇ ਦੰਗਾਂ ਪ੍ਰਭਾਵਿਤ ਸਿੱਖ ਪ੍ਰਵਾਸੀਆਂ ਲਈ ਰਾਹਤ ਪੈਕੇਜ

ਪੰਜਾਬ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਸਾਰੇ ਸਿੱਖ ਪਰਿਵਾਰ ਜੋ 1 ਨਵੰਬਰ, 1984 ਤੋਂ 11 ਦਸੰਬਰ, 1985 ਦੌਰਾਨ ਪੰਜਾਬ ਪ੍ਰਵਾਸ ਕਰਕੇ ਆਏ ਸਨ, ਨੂੰ ਜਿਥੇ ਉਹਨਾਂ ਰਿਹਾਇਸ਼ ਰੱਖੀ ਹੈ, ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਮਿਤੀ 15 ਜਨਵਰੀ, 1986 ਤੱਕ ਰਜਿਸਟਰਡ ਕਰਨਗੇ ਜੋ ਕਿ ਵਧਾ ਕੇ 14 ਫ਼ਰਵਰੀ, 1986 ਕਰ ਦਿਤੀ ਸੀ । ਇਸ ਉਪਰੰਤ ਡਿਪਟੀ ਕਮਿਸ਼ਨਰ ਆਪਣੇ ਜ਼ਿਲ੍ਹਿਆ ਵਿਚ ਸਥਾਪਿਤ ਹੋ ਚੁੱਕੇ ਸ਼ਿੱਖ ਪ੍ਰਵਾਸੀਆਂ ਨੂੰ ਰਜਿਸਟਰਡ ਕਰਕੇ ਸ਼ਨਾਖਤੀ ਕਾਰਡ ਜਾਰੀ ਕਰਨਗੇ । ਸ਼ਨਾਖਤੀ ਕਾਰਡ ਪੇਸ਼ ਕਰਨ ਤੇ ਸਿੱਖ ਪ੍ਰਵਾਸੀ ਪਰਿਵਾਰਾਂ ਨੂੰ ਪੰਜਾਬ ਸਰਕਾਰ ਨੇ ਅਨੇਕ ਸਹੂਲਤਾਂ/ਰਿਆਇਤਾਂ ਮੁਹੱਈਆ ਕਰਾਉਣ ਦਾ ਐਲਾਨ ਕੀਤਾ ।

ਫਲਸਰੂਪ ਪੰਜਾਬ ਸਰਕਾਰ ਨੇ ਹੇਠਾਂ ਦਰਸਾਈ ਸਹਾਇਤਾ ਸਿੱਖ ਪ੍ਰਵਾਸੀ ਪਰਿਵਾਰਾਂ ਨੂੰ ਦਿੱਤੀ :

1 ਗੁਜ਼ਾਰਾ ਭੱਤੇ ਦਾ ਅਨੁਦਾਨ

ਮਿਤੀ 1 ਮਈ, 1990 ਤੋਂ ਗੁਜ਼ਾਰਾ ਭੱਤਾ 250/-ਰੁਪਏ ਤੋਂ ਵਧਾ ਕੇ 1,000/- ਰੁਪੈ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ । ਇਹ ਗੁਜ਼ਾਰਾ ਭੱਤਾ ਹੇਠ ਲਿਖੀਆਂ ਸ਼ਰੇਣੀਆਂ ਦੇ ਵਿਅਕਤੀਆਂ ਨੂੰ ਮਿਲਣਯੋਗ ਹੋਵੇਗਾ : —

(ਉ) ਸਿੱਖ ਪ੍ਰਵਾਸੀ ਯਤੀਮ ਜਿਹਨਾਂ ਦੀ ਇਮਦਾਦ ਲਈ ਕੋਈ ਕਮਾਊ ਮੈਂਬਰ ਨਹੀਂ ਅਤੇ ਰੋਜ਼ੀ ਦਾ ਕੋਈ ਵਸੀਲਾ ਨਹੀਂ;

(ਅ) ਸਿੱਖ ਪ੍ਰਵਾਸੀ ਨਿਆਸਰੇ ਜਿਨ੍ਹਾਂ ਦਾ ਕੋਈ ਕਮਾਊ ਮੈਂਬਰ ਨਹੀਂ ਅਤੇ ਰੋਜ਼ੀ ਦਾ ਕੋਈ ਵਸੀਲਾ ਨਹੀ;

(ਏ) 100 ਪ੍ਰਤੀਸ਼ਤ ਸਦਾ ਲਈ ਨਕਾਰਾ ਸਿੱਖ ਪ੍ਰਵਾਸੀ ਜਿਨ੍ਹਾਂ ਦੇ ਸਰੀਰਕ ਨਕਾਰਾਪਨ ਨੇ ਰੋਜ਼ੀ ਕਮਾਉਣ ਦੇ ਅਸਮਰਥ ਕਰ ਦਿੱਤਾ ਹੋਵੇ;

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ਸ) ਸਿੱਖ ਪ੍ਰਵਾਸੀ ਵਿਧਵਾਵਾਂ ਜਿਨ੍ਹਾਂ ਦੇ ਰੋਟੀ ਕਮਾਉਣ ਵਾਲੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਕਤਲ ਕਾਰਨ ਮਿਤੀ 31 ਅਕਤੂਬਰ, 1984 ਤੋਂ 7 ਨਵੰਬਰ, 1984 ਦੌਰਾਨ ਮਾਰੇ ਗਏ ।

ਨਵੰਬਰ, 1984 ਦੇ ਦੰਗਿਆਂ ਦੌਰਾਨ ਮਾਰੇ ਗਏ ਵਿਆਹੁਤਾ ਬੱਚਿਆਂ ਦੇ ਆਸ਼ਰਿਤ ਮਾਪੇ ਵੀ 100/- ਰੁਪਏ ਪ੍ਰਤੀ ਮਹੀਨਾ ਗੁਜ਼ਾਰਾ ਭੱਤਾ ਲੈਣ ਦੇ ਹੱਕਦਾਰ ਹਨ । ਇਹ ਵਿਧਵਾ ਨੂੰ ਦਿੱਤੇ ਜਾਣ ਵਾਲੇ ਗੁਜ਼ਾਰਾ ਭੱਤੇ ਤੋਂ ਇਲਾਵਾ ਹੋਵੇਗਾ ।

2. ਸ਼ਾਦੀ ਵਾਸਤੇ ਸਹਾਇਤਾ

ਮ੍ਰਿਤਕ ਦੀ ਲੜਕੀ/ਆਸ਼ਰਿਤ ਭੈਣ ਦੀ ਸ਼ਾਦੀ ਲਈ ਵਿਆਹੁਤਾ ਗਰਾਂਟ ਮਿਤੀ 1 ਮਈ, 1990 ਤੋਂ 5,000/-ਰੁਪੈ ਤੋਂ ਵਧਾ ਕੇ 10,000/-ਰੁਪਏ ਕਰ ਦਿੱਤੀ ਗਈ ਹੈ ।

3. ਅਗੇਤ ਸ਼ਰੇਣੀ ਨੰ: 1 ਅਧੀਨ ਨੌਕਰੀ ਦੇਣਾ

1984 ਦੇ ਦੰਗਾ ਪੀੜਤਾਂ ਦੇ ਪਰਿਵਾਰ ਦੇ ਇਕ ਜੀਅ ਨੂੰ ਜਿਨ੍ਹਾਂ ਦਾ ਕਮਾਊ ਜੀਅ ਮਾਰਿਆ ਗਿਆ ਹੋਵੇ ਜਾਂ 100 ਪ੍ਰਤੀਸ਼ਤ ਸਰੀਰਕ ਤੌਰ ਤੇ ਨਕਾਰਾ ਹੋ ਚੁੱਕਿਆ ਹੋਵੇ, ਨੂੰ ਕੈਟਾਗਿਰੀ 1 ਅਧੀਨ ਨੌਕਰੀ ਦਿੱਤੀ ਜਾਂਦੀ ਹੈ ।

4. ਮੁਫਤ ਵਿਦਿਆ ਦੇਣਾ

ਨਵੰਬਰ, 1984 ਦੇ ਦੰਗਿਆਂ ਵਿੱਚ ਮਾਰੇ ਗਏ ਵਿਅਕਤੀਆਂ ਅਤੇ ਸਿੱਖ ਪ੍ਰਵਾਸੀਆਂ ਦੇ ਬੱਚੇ ਯੂਨੀਵਰਸਿਟੀ ਪੱਧਰ ਤੱਕ ਰਾਜ ਦੇ ਮੈਡੀਕਲ, ਤਕਨੀਕੀ, ਵਪਾਰਕ, ਆਰਟ, ਸਾਇੰਸ ਸੰਸਥਾਵਾਂ ਵਿੱਚ ਵਿਦਿਆ ਲੈ ਸਕਣਗੇ । ਦੰਗਿਆਂ ਤੋਂ ਪ੍ਰਭਾਵਿਤ 100% ਸਰੀਰਕ ਨਕਾਰਾ, ਵਿਅਕਤੀਆਂ ਦੇ ਬੱਚੇ ਵੀ ਇਹ ਸਹੂਲਤ ਪ੍ਰਾਪਤ ਕਰ ਸਕਣਗੇ ।

5. ਸੀਟਾਂ ਦਾ ਰਾਖਵਾਂਕਰਨ

ਨਵੰਬਰ, 1984 ਦੇ ਦੰਗਿਆਂ ਵਿੱਚ ਮਾਰੇ ਗਏ ਵਿਅਕਤੀਆਂ ਦੇ ਬੱਚਿਆਂ ਸਿੱਖ ਪ੍ਰਵਾਸੀਆਂ ਦੇ ਬੱਚਿਆਂ ਅਤੇ ਦੰਗਿਆਂ ਤੋਂ ਪ੍ਰਭਾਵਿਤ 100% ਨਕਾਰਾ ਵਿਅਕਤੀਆਂ ਦੇ ਬੱਚਿਆਂ ਲਈ ਪੇਸ਼ਾਵਾਰ ਤਕਨੀਕੀ, ਮੈਡੀਕਲ ਕਾਲਜਾਂ ਵਿਚ ਮੌਜੂਦਾ ਪ੍ਰਣਾਲੀ ਦੀ ਵਿਵਸਥਾ ਅਨੁਸਾਰ ਜਾਂ ਹੋਰ ਤਰੀਕਿਆਂ ਰਾਹੀਂ 2 ਪ੍ਰਤੀਸ਼ਤ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ ਬਸ਼ਰਤੇ ਰਾਖਵਾਂਕਰਨ 50 ਪ੍ਰਤੀਸ਼ਤ ਤੋਂ ਨਾ ਵਧੇ ।

6. ਸਹਾਇਤਾ ਰਾਸ਼ੀ

ਨਵੰਬਰ, 1984 ਦੇ ਦੰਗਿਆਂ ਤੋਂ ਪ੍ਰਭਾਵਿਤ ਵਿਧਵਾਵਾਂ, ਨਿਆਸਰਿਆਂ ਨੂੰ 5,000/-ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

7. ਪਨਵੈਕ ਵਲੋਂ ਕਰਜ਼ੇ

ਨਵੰਬਰ, 1984 ਦੇ ਦੰਗਿਆਂ ਕਾਰਨ ਮਾਰੇ ਗਏ ਵਿਅਕਤੀਆ ਦੀਆਂ ਵਿਧਵਾਵਾਂ ਨੂੰ ਪਨਵੈਕ ਵਲੋਂ ਵਿਆਜ ਰਹਿਤ ਕਰਜ਼ੇ ਹੇਠਾਂ ਦੱਸੀ ਸਬਸਿਡੀ ਦੇ ਰੇਟ ਅਨੁਸਾਰ ਦਿੱਤੇ ਜਾਂਦੇ ਹਨ —

(ੳ) ਜੇਕਰ 5,000/- ਰੁਪੈ ਦੇ ਕਰਜ਼ੇ ਦੀ ਸਕੀਮ ਹੈ .. 50% ਸਬਸਿਡੀ

(ਅ) ਜੇਕਰ 5,001 ਤੋਂ 10,000/-ਰੁਪੈ ਤੱਕ ਦੇ ਕਰਜ਼ੇ ਦੀ ਸਕੀਮ ਹੈ । .. 40% ਸਬਸਿਡੀ

(ੲ) ਜੇਕਰ 10,001 ਤੋਂ 20,000/- ਰੁਪੈ ਤੱਕ ਦੇ ਕਰਜ਼ੇ ਦੀ ਸਕੀਮ ਹੈ । .. 25% ਸਬਸਿਡੀ

5,000/- ਰੁਪਏ ਤੱਕ (ਜਿਸ ਵਿੱਚ ਕੈਪੀਟਲ ਸਬਸਿਡੀ ਸ਼ਾਮਿਲ ਹੈ) ਦੇ ਕਰਜ਼ੇ ਲਈ ਕਿਸੇ ਜ਼ਾਮਨ ਦੀ ਲੋੜ ਨਹੀਂ । ਕਰਜ਼ਾ ਪੰਜ ਸਾਲਾਂ ਵਿੱਚ ਤਿਮਾਹੀ ਕਿਸ਼ਤਾਂ ਵਿਚ ਮੋੜਨਯੋਗ ਹੋਵੇਗਾ ।

8. ਐਲ. ਆਈ. ਜੀ. ਮਕਾਨ/ਰਿਹਾਇਸ਼ੀ ਪਲਾਟ/ਵਪਾਰਿਕ ਪਲਾਟ ਦੀ ਅਲਾਟਮੈਂਟ

2% ਐਲ. ਆਈ. ਜੀ. ਮਕਾਨ, ਰਿਹਾਇਸ਼ੀ ਪਲਾਟ, ਵਪਾਰਿਕ ਪਲਾਟ ਦੁਕਾਨਾਂ ਅਤੇ 10% ਬੂਥ ਰਾਖਵੇਂ ਰੱਖ ਕੇ ਰਿਆਇਤੀ ਕੀਮਤ ਤੇ ਸਧਾਰਣ ਸ਼ਰਤਾਂ ਤੇ ਪ੍ਰਤੀਬੰਧਾਂ ਤੇ ਹੇਠ ਦਰਸਾਈਆਂ ਸ਼੍ਰੇਣੀਆਂ ਵਿਚ ਅਲਾਟ ਕੀਤੇ ਜਾਂਦੇ ਹਨ :—

(ੳ) ਨਵੰਬਰ, 1984 ਦੇ ਦੰਗਾ ਪ੍ਰਭਾਵਿਤ ਵਿਧਵਾਵਾਂ,

(ਅ) ਨਵੰਬਰ, 1984 ਦੇ ਦੰਗਾ ਪ੍ਰਭਾਵਿਤ ਯਤੀਮ,

(ੲ) ਨਵੰਬਰ, 1984 ਦੇ ਦੰਗਿਆਂ ਦੌਰਾਨ ਨਿਆਸਰੇ ਹੋਏ,

(ਸ) ਨਵੰਬਰ, 1984 ਦੇ ਦੰਗਿਆਂ ਕਾਰਨ 100% ਸਰੀਰਕ ਨਕਾਰਾ ਵਿਅਕਤੀ,

(ਹ) ਸਿੱਖ ਪ੍ਰਵਾਸੀਆਂ ।

9. ਇਨ੍ਹਾਂ ਪਰਿਵਾਰਾਂ ਨੂੰ ਪੀਲੇ ਕਾਰਡ ਜਾਰੀ ਕੀਤੇ ਜਾਂਦੇ ਹਨ ਤਾਂ ਜੋ ਉਸ ਦੁਆਰਾ ਮਿਲਣ ਵਾਲੀਆਂ ਸਹੂਲਤਾਂ ਦਾ ਉਹ ਲਾਭ ਉਠਾ ਸਕਣ ਜਿਵੇਂ ਕਿ 10,000/- ਰੁਪਏ ਕੈਪੀਟਲ ਸਬਸਿਡੀ ਸਮੇਤ ਤੱਕ ਦਾ ਵਿਆਜ ਮੁਕਤ ਕਰਜ਼ਾ ।

10. ਛੋਟੀਆਂ ਬੱਸਾਂ ਚਲਾਉਣ ਲਈ ਬਸ ਪਰਮਿੱਟ ਦੇਣਾ ।

11. ਸਸਤੇ ਸਮਾਨ ਦੀਆਂ ਦੁਕਾਨਾਂ ਅਲਾਟ ਕਰਨਾ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਅਨੁਲੱਗ —2

ਸਿੱਖ ਪ੍ਰਵਾਸੀ ਪਰਿਵਾਰਾਂ ਨੂੰ ਮਿਤੀ 31 ਜਨਵਰੀ, 1995 ਤਕ ਦਿੱਤੀ ਗਈ ਸਹਾਇਤਾ ਦਾ ਵੇਰਵਾ

1.	ਪਰਵਾਸੀ ਪਰਿਵਾਰਾਂ ਦੀ ਗਿਣਤੀ ਜਿਨ੍ਹਾਂ ਨੇ ਰਜਿਸਟਰੇਸ਼ਨ ਅਤੇ ਲਾਲ ਕਾਰਡ ਜਾਰੀ ਕਰਨ ਲਈ ਪ੍ਰਤੀਬੇਨਤੀ ਕੀਤੀ ।	..	26,926
2.	ਦਰਜ ਕੀਤੇ ਅਤੇ ਲਾਲ ਕਾਰਡ ਜਾਰੀ ਕੀਤੇ ਗਏ ਪਰਿਵਾਰਾਂ ਦੀ ਗਿਣਤੀ ।	..	21,093
3.	ਆਯੋਗ ਪਾਏ ਜਾਣ ਕਰਕੇ ਨਾ ਮਨਜ਼ੂਰ ਕੇਸਾਂ ਦੀ ਗਿਣਤੀ	.	5,833
4.	ਇਸ ਸਮੇਂ ਪੰਜਾਬ ਵਿਚ ਰਹਿ ਰਹੇ ਪਰਿਵਾਰਾਂ ਦੀ ਗਿਣਤੀ	..	11,158

ਲੜੀ ਨੰ :		ਵਸਤੂਗਤ ਕੇਸ	ਵਿੱਤੀ (ਰੁਪਈਆਂ ਵਿਚ)
1		2	3
ਸਿੱਖ ਪ੍ਰਵਾਸੀਆਂ ਨੂੰ ਨਕਦ ਦਿੱਤੀ ਗਈ ਸਹਾਇਤਾ			
1.	ਵਿਧਵਾਵਾਂ, ਨਿਆਸਰੇ, ਨਕਾਰਾ, ਯਤੀਮਾਂ ਨੂੰ 1,000/-ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਗੁਜ਼ਾਰਾ ਭੱਤਾ ਦਿਤਾ ਜਾ ਰਿਹਾ ਹੈ	.. 466	2,65,62,000
2.	ਵਿਧਵਾਵਾਂ, ਨਿਆਸਰੇ, ਨਕਾਰਾ, ਯਤੀਮਾਂ ਦੀ ਗਿਣਤੀ ਜਿਨ੍ਹਾਂ ਨੂੰ 5,000/-ਰੁਪਏ ਦੀ ਸਹਾਇਤਾ ਰਾਸ਼ੀ ਦਿਤੀ ਗਈ	.. 835	41,85,000
3.	ਪਰਿਵਾਰਾਂ ਦੀ ਗਿਣਤੀ ਜਿਨ੍ਹਾਂ ਨੂੰ ਕਰਜ਼ੇ ਤੇ ਸਬਸਿਡੀ ਦਿੱਤੀ ਗਈ	.. 5,393	2,06,00,000
4.	ਪਰਿਵਾਰਾਂ ਦੀ ਗਿਣਤੀ ਜਿਨ੍ਹਾਂ ਨੂੰ 1,000/- ਰੁਪਏ ਦੀ ਸਹਾਇਤਾ ਗਰਮ ਕਪੜੇ ਖਰੀਦਣ ਲਈ ਦਿਤੀ	.. 6,856	68,56,000
5.	(1) ਵਿਧਵਾਵਾਂ ਦੀ ਗਿਣਤੀ ਜਿਨ੍ਹਾਂ ਨੂੰ ਪਨਵੈਕ ਨੇ ਕਰਜ਼ੇ ਦਿੱਤੇ/ਰਕਮ	. 248	31,39,000
	(2) ਕਰਜ਼ੇ ਤੇ ਸਬਸਿਡੀ	ਉਕਤ	8,40,000
6.	ਪਰਿਵਾਰਾਂ ਦੀ ਗਿਣਤੀ ਜਿਨ੍ਹਾਂ ਨੂੰ ਮੁੱਖ ਮੰਤਰੀ ਵਲੋਂ ਸਪੈਸ਼ਲ ਸਹਾਇਤਾ ਦਿਤੀ	.. 2	1,00,000

Original with;
Punjab Vidhan Sabha
Digitized by;
Panjab Digital Library

1		2	3
7. ਸ਼ਰਨਾਰਥੀ ਪਰਿਵਾਰਾਂ ਦੀ ਗਿਣਤੀ ਜਿਨ੍ਹਾਂ ਦੀਆਂ ਲੜਕੀਆਂ/ਆਸ਼ਰਿਤ ਭੈਣਾਂ ਦੀ ਸ਼ਾਦੀ ਲਈ ਸਹਾਇਤਾ ਦਿਤੀ ।	..	111	7,60,000
	ਜੋੜ ..		6,30,42,000
ਸਹਾਇਤਾ ਦਾ ਵੇਰਵਾ			
8. ਐਲ. ਆਈ. ਜੀ. ਮਕਾਨਾਂ ਦੀ ਗਿਣਤੀ ਜੋ ਬਿਨਾਂ ਕਿਸੇ ਮੁੱਲ ਦੇ ਵਿਧਵਾਵਾਂ, ਨਿਆਸਰੇ, ਨਕਾਰਾ ਅਤੇ ਯਤੀਮਾਂ ਨੂੰ ਅਲਾਟ ਕੀਤੇ ਗਏ	..	736	—
9. ਐਲ. ਆਈ. ਜੀ. ਮਕਾਨਾਂ ਦੀ ਗਿਣਤੀ ਜੋ ਰਿਆਇਤੀ ਸ਼ਰਤਾਂ ਤੇ ਅਲਾਟ ਕੀਤੇ ਗਏ	..	1,266	—
10. ਐਮ.ਆਈ. ਜੀ. ਮਕਾਨ ਜੋ ਰਿਆਇਤੀ ਸ਼ਰਤਾਂ ਤੇ ਦਿੱਤੇ ਗਏ	..	375	—
11. ਅਲਾਟ ਕੀਤੇ ਗਏ ਰਿਹਾਇਸ਼ੀ ਪਲਾਟਾਂ ਦੀ ਗਿਣਤੀ	..	410	—
12. ਰਾਖਵੀਂ ਕੀਮਤ ਤੇ ਅਲਾਟ ਕੀਤੇ ਗਏ ਵਪਾਰਕ ਪਲਾਟਾਂ ਦੀ ਗਿਣਤੀ ਬਜਾਏ ਖੁਲ੍ਹੀ ਬੋਲੀ ਰਾਹੀਂ ਦੇਣ ਦੇ	..	608	—
13. ਖੁਲ੍ਹੀ ਬੋਲੀ ਰਾਹੀਂ ਦੇਣ ਦੀ ਬਜਾਏ ਰਾਖਵੀਂ ਕੀਮਤ ਤੇ ਉਸਾਰੇ ਹੋਏ ਬੂਥ/ ਦੁਕਾਨਾਂ ਅਲਾਟ ਕੀਤੇ ਗਏ	..	678	—
14. ਪ੍ਰਵਾਸੀ ਬੱਚਿਆਂ ਦੀ ਗਿਣਤੀ ਜਿਨ੍ਹਾਂ ਨੂੰ ਧਰਮਾਰਥ ਫੰਡ ਵਿਚੋਂ ਸਹਾਇਤਾ ਦਿੱਤੀ ਗਈ	..	2,016	—
15. ਨਵੰਬਰ, 1984 ਦੇ ਦੰਗਿਆਂ ਵਿਚ ਮਰਨ ਵਾਲੇ ਵਿਅਕਤੀਆਂ ਦੇ ਆਸ਼ਰਿਤ ਦੇ ਮੈਂਬਰਾਂ ਦੀ ਗਿਣਤੀ ਜਿਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਨੌਕਰੀ ਦਿੱਤੀ ਗਈ	..	117	—
16. ਪ੍ਰਭਾਵਿਤਾਂ ਦੀ ਗਿਣਤੀ ਜਿਨ੍ਹਾਂ ਨੂੰ ਮਿਨੀ ਬਸ ਰੂਟ ਪਰਮਿਟ ਦਿਤੇ ਗਏ	..	117	—
17. ਪ੍ਰਭਾਵਿਤ ਸਿੱਖ ਪਰਵਾਸੀ ਜਿਨ੍ਹਾਂ ਨੂੰ ਤਕਨੀਕੀ ਸੰਸਥਾਵਾਂ ਵਿਚ 2 ਪ੍ਰਤੀਸ਼ਤ ਰਾਖਵਾਂਕਰਨ ਵਿਰੁੱਧ ਦਾਖਲਾ ਦਿਤਾ ਗਿਆ	..	78	—

Original with;
Punjab Vidhan Sabha
Digitized by;
Panjab Digital Library

Unstarred Question No. 431

(Extension has been asked for in respect of Unstarred Question No. 431).

The answer to Assembly Question No. 431 appearing in the list of Unstarred Questions on the 20th March, 1995 in the name of Shri Hardev Arshi-, M.L.A. is not ready.

The reply will be submitted as soon as the relevant information has been collected.

Chief Minister, Punjab

The Secretary,
Punjab Vidhan Sabha.

U. O. No. 4/16/95-2HIV/975 Dated, 16/3/95

ਸਕੂਲਾਂ ਨੂੰ ਅਪਗ੍ਰੇਡ ਕਰਨਾ

432. (1) **ਸਰਦਾਰ ਰਾਜ ਸਿੰਘ ਖੇੜੀ**

(2) **ਕਾਮਰੇਡ ਤਰਸੇਮ ਜੋਧਾਂ** : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੱਖੋਵਾਲ, ਜ਼ਿਲ੍ਹਾ ਲੁਧਿਆਣਾ ਅਤੇ ਸਰਕਾਰੀ ਮਿਡਲ ਸਕੂਲ, ਬੜਹੀ, ਜ਼ਿਲ੍ਹਾ ਸੰਗਰੂਰ ਕ੍ਰਮਵਾਰ ਕਿਸ ਤਰੀਕ ਤੋਂ ਅਪਗ੍ਰੇਡ ਕੀਤੇ ਗਏ ਸਨ;

(ਅ) ਉਪਰੋਕਤ ਸਕੂਲਾਂ ਵਿਚ ਉਨ੍ਹਾਂ ਨੂੰ ਅਪਗਰੇਡ ਕਰਨ ਤੋਂ ਬਾਅਦ ਲੋੜੀਂਦਾ ਅਮਲਾ ਕ੍ਰਮਵਾਰ ਕਿਸ ਤਰੀਕ (ਤਰੀਕਾਂ) ਨੂੰ ਲਗਾਇਆ ਗਿਆ ਸੀ ।

ਸਰਦਾਰ ਲਖਮੀਰ ਸਿੰਘ ਰੰਧਾਵਾ : (ੳ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੱਖੋਵਾਲ, ਜ਼ਿਲ੍ਹਾ ਲੁਧਿਆਣਾ ਅਤੇ ਸਰਕਾਰੀ ਮਿਡਲ ਸਕੂਲ ਬੜ੍ਹੀ, ਜ਼ਿਲ੍ਹਾ ਸੰਗਰੂਰ ਕ੍ਰਮਵਾਰ ਮਿਤੀ 19 ਮਾਰਚ, 1991 ਅਤੇ ਮਿਤੀ 7 ਫਰਵਰੀ, 1994 ਨੂੰ ਅਪਗ੍ਰੇਡ ਕੀਤੇ ਗਏ ਸਨ ।

(ਅ) ਉਪਰੋਕਤ ਸਕੂਲਾਂ ਵਿਚ ਉਹਨਾਂ ਨੂੰ ਅਪਗ੍ਰੇਡ ਕਰਨ ਤੋਂ ਬਾਅਦ ਲੋੜੀਂਦਾ ਅਮਲਾ ਤਾਇਨਾਤ ਕਰਨ ਦੀਆਂ ਮਿਤੀਆਂ ਦਰਸਾਉਂਦਾ ਹੋਇਆ ਵਿਵਰਣ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

ਵਿਵਰਣ

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਖੋਵਾਲ, ਜ਼ਿਲ੍ਹਾ ਲੁਧਿਆਣਾ ਤੇ ਸਰਕਾਰੀ ਹਾਈ ਸਕੂਲ ਬੜ ਹੀ, ਜ਼ਿਲ੍ਹਾ ਸੰਗਰੂਰ ਵਿਚ ਲੋੜੀਂਦਾ ਅਮਲਾ ਉਹਨਾਂ ਵਿਰੁੱਧ ਦਰਸਾਈਆਂ ਮਿਤੀਆਂ ਨੂੰ ਤਾਇਨਾਤ ਕੀਤਾ ਗਿਆ :—

ਲੜੀ ਨੰ:	ਪੋਸਟ ਦਾ ਨਾਂ	ਤਾਇਨਾਤ ਕਰਨ ਦੀ ਮਿਤੀ
1	2	3
1.	**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੱਖੋਵਾਲ, ਜ਼ਿਲ੍ਹਾ ਲੁਧਿਆਣਾ**	
1.	ਪ੍ਰਿੰਸੀਪਲ	16 ਅੱਕਤੂਬਰ, 1991 (ਹੁਣ ਖਾਲੀ)
2.	ਲੈਕਚਰਾਰ ਕਮਿਸਟਰੀ	16 ਜੁਲਾਈ, 1991

Original with;
Punjab Vidhan Sabha
Digitized by;
Panjab Digital Library

1	2		3
3.	ਲੈਕਚਰਾਰ ਅਕਨਾਮਿਕਸ	..	11 ਸਤੰਬਰ, 1991
4.	,, ਹਿਸਾਬ		3 ਮਾਰਚ, 1993
5.	,, ਬਾਈਓਲੋਜੀ	..	18 ਨਵੰਬਰ, 1991
6.	, ਹਿਸਟਰੀ		18 ਨਵੰਬਰ, 1991
7,	,, ਅੰਗਰੇਜ਼ੀ	..	24 ਅਕਤੂਬਰ, 1994
8.	,, ਫਿਜ਼ੀਕਲ ਐਜੂਕੇਸ਼ਨ	..	1 ਫ਼ਰਵਰੀ, 1995
9.	,, ਪੋਲਿਟਿਕਲ ਸਾਇੰਸ	..	18 ਜੁਲਾਈ, 1991
10.	,, ਫਿਜ਼ਿਕਸ	..	ਖਾਲੀ
11.	,, ਕਮਰਸ	..	25 ਅਕਤੂਬਰ, 1994
12.	,, ਕਮਰਸ	..	ਖਾਲੀ
13.	,, ਪੰਜਾਬੀ	..	18 ਜੁਲਾਈ, 1991
14.	ਸੀਨੀਅਰ ਲੈਬਾਟਰੀ ਸਹਾਇਕ	..	8 ਮਈ, 1992
15.	ਸੀਨੀਅਰ ਲੈਬਾਟਰੀ ਸਹਾਇਕ	..	2 ਜੁਲਾਈ, 1992
16.	ਸੀਨੀਅਰ ਲੈਬਾਟਰੀ ਸਹਾਇਕ	..	1 ਜੁਲਾਈ, 1992
2.	**ਸਰਕਾਰੀ ਹਾਈ ਸਕੂਲ ਬੜ੍ਹੀ ਜ਼ਿਲ੍ਹਾ ਸੰਗਰੂਰ**		
1.	ਸੋਸ਼ਲ ਸਟੱਡੀਜ਼ ਮਾਸਟਰ	..	8 ਦਸੰਬਰ, 1994
2.	ਸਾਇੰਸ ਮਾਸਟਰ	..	5 ਅਗਸਤ, 1994
3.	ਪੀ. ਟੀ. ਆਈ.	..	30 ਦਸੰਬਰ, 1994
4.	ਹਿੰਦੀ ਟੀਚਰ	..	14 ਸਤੰਬਰ, 1994
5.	ਪੰਜਾਬੀ ਟੀਚਰ	..	ਪਹਿਲੇ ਪੰਜਾਬੀ ਟੀਚਰ ਦੀ ਬਦਲੀ ਹੋ ਚੁੱਕੀ ਹੈ । ਨਵੇਂ ਟੀਚਰ ਨੇ ਹਾਲੇ ਤੀਕ ਜੁਆਇਨ ਨਹੀਂ ਕੀਤਾ ।

ਰਾਜ ਵਿਚ ਰੁਜ਼ਗਾਰ ਕੇਂਦਰਾਂ ਵਿਚ ਦਰਜ ਕੀਤੇ ਗਏ ਵਿਅਕਤੀਆਂ ਦੀ ਗਿਣਤੀ

433. **ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਕੀ ਕਿਰਤ ਅਤੇ ਰੁਜ਼ਗਾਰ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਦੇ ਰੁਜ਼ਗਾਰ ਕੇਂਦਰਾਂ ਵਿਚ ਇਸ ਸਮੇਂ ਦਰਜ ਗ਼ੈਰ-ਤਕਨੀਕੀ ਵਰਗਾਂ ਨਾਲ ਸਬੰਧਤ ਵਿਅਕਤੀਆਂ (ਜਿਨ੍ਹਾਂ ਦੀਆਂ ਯੋਗਤਾਵਾਂ ਮੈਟਿਕ ਤੋਂ ਪੋਸਟ ਗਰੇਜੂਏਟ ਪੱਧਰ ਤਕ ਹਨ) ਅਤੇ ਤਕਨੀਕੀ ਵਰਗ ਦੇ ਵਿਅਕਤੀਆਂ (ਅਰਥਾਤ ਆਈ. ਟੀ. ਆਈ. ਯੋਗਤਾ ਪ੍ਰਾਪਤ ਡਿਪਲੋਮਾ ਅਤੇ ਡਿਗਰੀ ਹੋਲਡਰ) ਅਤੇ ਡਾਕਟਰਾਂ ਆਦਿ ਦੀ ਸ਼੍ਰੇਣੀਵਾਰ ਗਿਣਤੀ ਕਿੰਨੀ ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਬੇਰੁਜ਼ਗਾਰ ਵਿਅਕਤੀਆਂ ਨੂੰ ਦਿੱਤੇ ਜਾ ਰਹੇ ਬੇਰੁਜ਼ਗਾਰੀ ਭੱਤੇ ਦੇ ਸ਼੍ਰੇਣੀਵਾਰ ਵੇਹਵੇ ਕੀ ਹਨ ?

Original with;
Punjab Vidhan Sabha
Digitized by
Panjab Digital Library

ਸਰਦਾਰ ਗੁਲਜ਼ਾਰ ਸਿੰਘ : (ੳ) ਮਿਤੀ 31 ਦਸੰਬਰ, 1994 ਨੂੰ ਪੰਜਾਬ ਰਾਜ ਦੇ ਰੋਜ਼ਗਾਰ ਦਫਤਰਾਂ ਵਿੱਖੇ ਦਰਜ਼ ਪੜ੍ਹੇ ਲਿਖੇ ਬੇਰੁਜ਼ਗਾਰ ਵਿਅਕਤੀਆਂ ਦਾ ਵੇਰਵਾ ਹੇਠ ਅਨੁਸਾਰ ਹੈ :—

1	**ਗੈਰ ਤਕਨੀਕੀ**		
	(ੳ) ਦਸਵੀਂ ਪਾਸ ਅਤੇ ਬੀ. ਏ. ਪਾਸ ਤੋਂ ਘੱਟ	..	2,19,356
	(ਅ) ਬੀ. ਏ. ਪਾਸ ਅਤੇ ਵੱਧ ਯੋਗਤਾ ਵਾਲੇ	..	44,668
2.	**ਤਕਨੀਕੀ**		
	(ੳ) ਆਈ. ਟੀ. ਆਈ. ਪਾਸ	..	34,141
	(ਅ) ਡਿਪਲੋਮਾ ਹੋਲਡਰ	..	8,415
	(ੲ) ਡਿਗਰੀ ਹੋਲਡਰ	..	998
3.	**ਡਾਕਟਰ ਅਤੇ ਪੈਰਾ ਮੈਡੀਕਲ**		
	(ੳ) ਡਾਕਟਰ	..	785
	(ਅ) ਪੈਰਾ ਮੈਡੀਕਲ	..	5,147
4.	ਅਧਿਆਪਕ	..	44,176
5.	ਹੋਰ ਪੜ੍ਹੇ ਲਿਖੇ	..	33,446
6,	ਕੁੱਲ (ਪੜ੍ਹੇ ਲਿਖੇ)	..	3,91,152

(ਅ) 1. ਬੇਕਾਰੀ ਭੱਤੇ ਦੀ ਅਦਾਇਗੀ ਤਕਨੀਕੀ ਜਾਂ ਗੈਰ-ਤਕਨੀਕੀ ਯੋਗਤਾ ਦੇ ਆਧਾਰ ਤੇ ਨਹੀਂ ਕੀਤੀ ਜਾਂਦੀ । ਸਗੋਂ ਇਹ ਅਦਾਇਗੀ ਵਿਦਿਅਕ ਯੋਗਤਾ ਦੇ ਪੱਧਰ ਦੇ ਆਧਾਰ ਤੇ ਕੀਤੀ ਜਾਂਦੀ ਹੈ ਇਸੇ ਕਰਕੇ ਸ਼੍ਰੇਣੀਵਾਰ ਵੰਡ ਦਾ ਹਿਸਾਬ ਨਹੀਂ ਰੱਖਿਆ ਜਾਂਦਾ । ਇਸ ਵੇਲੇ ਦਸਵੀਂ ਪਾਸ ਪਰ ਬੀ. ਏ. ਤੋਂ ਘੱਟ ਪੜ੍ਹੇ ਲਿਖੇ ਬੇਰੋਜ਼ਗਾਰ ਵਿਅਕਤੀਆਂ ਨੂੰ 80/- ਰੁਪਏ ਪ੍ਰਤੀ ਮਹੀਨਾ ਅਤੇ ਬੀ. ਏ ਪਾਸ ਜਾਂ ਉਸ ਤੋਂ ਵੱਧ ਯੋਗਤਾ ਵਾਲੇ ਉਮੀਦਵਾਰਾਂ ਨੂੰ 100/- ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਬੇਕਾਰੀ ਭੱਤੇ ਦੀ ਅਦਾਇਗੀ ਕੀਤੀ ਜਾ ਰਹੀ ਹੈ । ਮਿਤੀ 1 ਅਪ੍ਰੈਲ, 1995 ਤੋਂ ਬੇਕਾਰੀ ਭੱਤੇ ਦੀ ਦਰ 80/- ਰੁਪਏ ਪ੍ਰਤੀ ਮਹੀਨਾ ਅਤੇ 100/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ ਕ੍ਰਮਵਾਰ 150/- ਰੁਪਏ ਅਤੇ 200/- ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ ।

2. ਸਾਲ, 1994-95 ਦੌਰਾਨ 31 ਦਸੰਬਰ, 1994 ਤੱਕ ਮੈਟ੍ਰਿਕ ਪਾਸ ਪਰ ਬੀ. ਏ. ਪਾਸ ਤੋਂ ਘੱਟ ਯੋਗਤਾ ਵਾਲੇ 3808 ਉਮੀਦਵਾਰਾਂ ਨੂੰ 18.84 ਲੱਖ ਰੁਪਏ ਦੀ ਰਾਸ਼ੀ ਅਤੇ ਬੀ. ਏ. ਪਾਸ ਜਾਂ ਵੱਧ ਯੋਗਤਾ ਵਾਲੇ 192 ਉਮੀਦਵਾਰਾਂ ਨੂੰ 1.06 ਲੱਖ ਰੁਪਏ ਦੀ ਰਾਸ਼ੀ ਬਤੌਰ ਬੇਕਾਰੀ ਭੱਤਾ ਵੰਡੀ ਗਈ ।

Unstarred Question No. 434

(Extension has been asked for in respect of Unstarred Question No. 434)

Original with;
Punjab Vidhan Sabha
Digitized by;
Panjab Digital Library

ਪੰਜਾਬ ਸਰਕਾਰ

ਸਿੰਚਾਈ ਅਤੇ ਬਿਜਲੀ ਵਿਭਾਗ

ਵਿਸ਼ਾ : ਬਿਨਾਂ ਤਾਰਾ ਅੰਕਿਤ ਪ੍ਰਸ਼ਨ ਨੰ 434 ਜੋ ਕਿ ਸ੍ਰੀ ਅਵਤਾਰ ਸਿੰਘ ਕਰੀਮਪੁਰੀ, ਐਮ.ਐਲ.ਏ. ਵਲੋਂ ਉਠਾਇਆ ਗਿਆ ।

ਸਕੱਤਰ, ਪੰਜਾਬ ਵਿਧਾਨ ਸਭਾ, ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨ ।

2. ਬਿਨਾਂ ਤਾਰਾਂ-ਚਿੰਨ੍ਹ ਅੰਕਿਤ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਪ੍ਰਸ਼ਨ ਨੰ 434 ਜੋ ਕਿ ਸ੍ਰ. ਅਵਤਾਰ ਸਿੰਘ ਕਰੀਮਪੁਰੀ, ਐਮ. ਐਲ. ਏ. ਦੇ ਨਾਂ ਹੈ, ਦਾ ਉੱਤਰ ਤਿਆਰ ਨਹੀਂ ਹੈ ।

ਸਬੰਧਤ ਜਾਣਕਾਰੀ ਇਕੱਤਰ ਕਰ ਲੈਣ ਉਪਰੰਤ ਤੁਰੰਤ ਉਤਰ ਭੇਜ ਦਿੱਤਾ ਜਾਵੇਗਾ ।

ਸ਼ਿਕਾਰਤਾ ਅਤੇ ਸਿੰਜਾਈ ਮੰਤਰੀ, ਪੰਜਾਬ

ਸਕੱਤਰ,
ਪੰਜਾਬ ਵਿਧਾਨ ਸਭਾ,
ਐ. ਵਿ. ਪੱ. ਨੰ: 5/7/95-1 ਪੀ.ਪੀ.ਜੇ(1)/ ਮਿਤੀ, ਚੰਡੀਗੜ੍ਹ 15 ਮਾਰਚ 1995

ਪੰਜ ਹਾਰਸ ਪਾਵਰ ਤੋਂ ਘੱਟ ਮੋਟਰਾਂ ਲਈ ਬਿਜਲੀ ਦੇ ਕੁਨੈਕਸ਼ਨ

435. **ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਪੰਜ (5) ਹਾਰਸ ਪਾਵਰ ਸਮਰੱਥਾ ਤੋਂ ਘੱਟ ਮੋਟਰਾਂ ਲਗਾਉਣ ਲਈ ਕੁਨੈਕਸ਼ਨ ਲੈਣ ਲਈ ਕਿਸਾਨਾਂ ਤੇ ਕੋਈ ਰੋਕ ਲਗਾਉਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੈ, ਤਾਂ ਇਸ ਦੇ ਕੀ ਕਾਰਣ ਹਨ ?

ਸਰਦਾਰ ਬੇਅੰਤ ਸਿੰਘ : ਨਹੀਂ ਜੀ ।

Unstarred Question No. 436**

(Extension has been asked for in respect of Unstarred Question No. 436)

ਰਾਜ ਵਿਚ ਮਹਿਲਾ ਮੰਡਲਾਂ ਦੀ ਗਿਣਤੀ

439. **ਸਰਦਾਰ ਹਰਨੇਕ ਸਿੰਘ ਮਾਂਗੇਵਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਇਸ ਸਮੇਂ ਦਰਜ ਮਹਿਲਾ ਮੰਡਲਾਂ ਦੀ ਜ਼ਿਲ੍ਹਾ-ਵਾਰ ਕੁੱਲ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਦੇ ਮੁੱਖ ਕੰਮਾਂ ਦੇ ਵੇਰਵੇ ਕੀ ਹਨ ;

**For Unstarred Question No. 436 and reply there to, please see Appendix to this Debate.

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਨੇਕ ਸਿੰਘ ਮਾਂਗੇਵਾਲ]

(ਅ) ਸਾਲਾਂ 1992-93, 1993-94 ਅਤੇ 1994-95 (ਹੁਣ ਤੱਕ) ਦੌਰਾਨ ਉਕਤ ਹਰ ਇਕ ਮਹਿਲਾ ਮੰਡਲਾਂ ਨੂੰ ਗਰਾਂਟ ਵਜੋਂ ਸਾਲ-ਵਾਰ ਕੁੱਲ ਕਿੰਨੀ-ਕਿੰਨੀ ਰਕਮ ਦੀ ਗ੍ਰਾਂਟ ਦਿੱਤੀ ਗਈ ?

ਸਰਦਾਰ ਬੇਅੰਤ ਸਿੰਘ: (ਉ) ਅਤੇ (ਅ) ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਉ) ਪੰਜਾਬ ਰਾਜ ਵਿਚ ਇਸ ਸਮੇਂ ਰਜਿਸਟਰਡ ਮਹਿਲਾ ਮੰਡਲਾਂ ਦੀ ਜ਼ਿਲ੍ਹਾ-ਵਾਰ ਗਿਣਤੀ ਨਿਮਨ ਅਨੁਸਾਰ ਹੈ :—

ਜ਼ਿਲ੍ਹੇ ਦਾ ਨਾਂ		ਰਜਿਸਟਰਡ ਮਹਿਲਾ ਮੰਡਲਾਂ ਦੀ ਗਿਣਤੀ
1		2
1.	ਪਟਿਆਲਾ	1,028
2.	ਸੰਗਰੂਰ	685
3.	ਰੋਪੜ	633
4.	ਲੁਧਿਆਣਾ	781
5	ਫਤਿਹਗੜ੍ਹ ਸਾਹਿਬ	346
6.	ਜਲੰਧਰ	965
7.	ਅੰਮ੍ਰਿਤਸਰ	927
8.	ਗੁਰਦਾਸਪੁਰ	1,160
9.	ਕਪੂਰਥਲਾ	307
10.	ਹੁਸ਼ਿਆਰਪੁਰ	1,205
11.	ਫਿਰੋਜ਼ਪੁਰ	885
12.	ਫਰੀਦਕੋਟ	393
13.	ਬਠਿੰਡਾ	277
14.	ਮਾਨਸਾ	241
	ਕੁੱਲ	9,833

ਮਹਿਲਾ ਮੰਡਲ ਪਿੰਡਾਂ ਵਿਚ ਬੜੇ ਮਹੱਤਵਪੂਰਨ ਸਮਾਜਿਕ ਅਤੇ ਆਰਥਿਕ ਕੰਮਾਂ ਵਿਚ ਉਸਾਰੂ ਰੋਲ ਅਦਾ ਕਰ ਰਹੇ ਹਨ, ਮਹਿਲਾ ਮੰਡਲਾਂ ਨੂੰ ਸੀਡ ਮਨੀ ਗਰਾਂਟ ਦਿੱਤੀ ਜਾਂਦੀ ਹੈ ਜਿਸ ਦੇ ਬਰਾਬਰ ਦਾ ਹਿੱਸਾ ਮਹਿਲਾ ਮੰਡਲਾਂ ਵਲੋਂ ਪਾਇਆ ਜਾਂਦਾ ਹੈ । ਸੀਡ ਮਨੀ ਲਈ ਗਰਾਂਟ ਅਤੇ ਉਨ੍ਹਾਂ ਦਾ ਆਪਣਾ ਹਿੱਸਾ ਅਤੇ ਕਰਜ਼ਾ ਜਿਸ ਦਾ ਉਹ ਪ੍ਰਬੰਧ ਕਰਨ, ਮਹਿਲਾ ਮੰਡਲਾਂ ਦੇ ਮੈਂਬਰਾਂ ਦੀ ਆਮਦਨ ਵਧਾਉਣ ਲਈ ਸਵੈ-ਰੋਜ਼ਗਾਰ ਰਾਹੀਂ ਇਨ੍ਹਾਂ ਸਰਗਰਮੀਆਂ ਤੇ ਸੀਡ ਮਨੀ ਦੀ ਗਰਾਂਟ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਨਾਲ ਮਹਿਲਾ ਮੰਡਲ ਸ਼ਾਮਿਆਨੇ, ਕਨਾਤਾਂ, ਬਰਤਨ ਅਤੇ ਫਰਨੀਚਰ ਖਰੀਦ ਕੇ ਇਸ ਨੂੰ ਕਿਰਾਏ ਤੇ ਦੇ ਕੇ ਧਨ ਕਮਾਉਂਦੇ ਹਨ । ਇਸ ਤੋਂ ਇਲਾਵਾ ਮਹਿਲਾ ਮੰਡਲ

Original with;
Punjab Vidhan Sabha
Digitized by;
Punjab Digital Library

ਅਚਾਰ, ਚਟਨੀਆਂ, ਮੁਰੱਬੇ, ਪਾਪੜ, ਵੜੀਆਂ, ਸੇਵੀਆਂ, ਸਿਰਕਾ, ਕਢਾਈ, ਗਲੀਚੇ ਬੁਣਨੇ, ਗਾਰਮੈਂਟਸ ਅਤੇ ਵਾਸ਼ਿੰਗ ਪਾਊਡਰ ਆਦਿ ਤਿਆਰ ਕਰਦੇ ਹਨ । ਕੁਝ ਔਕਟਿਵ ਮਹਿਲਾ ਮੰਡਲਾਂ ਨੇ ਕਿਚਨ ਗਾਰਡਨ, ਕਰੈੱਚ, ਪੋਲਟਰੀ ਫਾਰਮ, ਡਾਇਰੀ ਯੂਨਿਟ, ਰੇਸ਼ਮ ਦੇ ਕੀੜੇ ਪਾਲਣਾ ਅਤੇ ਮੱਧੂ ਮੱਖੀਆਂ ਪਾਲਣ ਦਾ ਕੰਮ ਸ਼ੁਰੂ ਕੀਤਾ ਹੈ । ਇਨ੍ਹਾਂ ਸਾਧਨਾਂ ਰਾਹੀਂ ਮਹਿਲਾ ਮੰਡਲਾਂ ਵਲੋਂ ਦਾਜ ਪ੍ਰਥਾ, ਅਨਪੜ੍ਹਤਾ ਅਤੇ ਲੜਕੇ ਅਤੇ ਲੜਕੀ ਵਿਚ ਵਿਤਕਰੇ ਵਰਗੀਆਂ ਸਮਾਜਿਕ ਬੁਰਾਈਆਂ ਨੂੰ ਵੀ ਦੂਰ ਕਰਨ ਦੇ ਉਪਰਾਲੇ ਸ਼ੁਰੂ ਕੀਤੇ ਹੋਏ ਹਨ ।

(ਅ) ਮਹਿਲਾ ਮੰਡਲਾਂ ਨੂੰ ਵੱਖ-ਵੱਖ ਆਰਥਿਕ ਕਾਰਜ ਕਰਨ ਲਈ 15,000/- ਰੁਪਏ (ਹੁਣ ਸਾਲ 1994-95 ਵਿਚ 25,000/-) ਪ੍ਰਤੀ ਮਹਿਲਾ ਮੰਡਲ 118 ਮਹਿਲਾ ਮੰਡਲਾਂ ਨੂੰ (ਇਕ ਮਹਿਲਾ ਮੰਡਲ ਪ੍ਰਤੀ ਬਲਾਕ) ਸੀਡ ਮਨੀ ਗਰਾਂਟ ਦਿੱਤੀ ਜਾਂਦੀ ਹੈ । ਇਹ ਗਰਾਂਟ ਇਕ ਮਹਿਲਾ ਮੰਡਲ ਨੂੰ ਇਕ ਵਾਰ ਦਿੱਤੀ ਜਾਂਦੀ ਹੈ ਤਾਂ ਜੋ ਸਾਰੇ ਮਹਿਲਾ ਮੰਡਲਾਂ ਨੂੰ ਵਾਰੀ-ਵਾਰੀ ਮਾਲੀ ਸਹਾਇਤਾ ਦਿੱਤੀ ਜਾ ਸਕੇ । ਸਾਲ 1992-93, 1993-94 ਅਤੇ 1994-95 ਵਿਚ 15,000/- (ਸਾਲ 1994-95 ਵਿਚ 25,000/-) ਪ੍ਰਤੀ ਮਹਿਲਾ ਮੰਡਲ 118 ਮਹਿਲਾ ਮੰਡਲਾਂ ਨੂੰ (ਇਕ ਮਹਿਲਾ ਮੰਡਲ ਪ੍ਰਤੀ ਬਲਾਕ) ਦੇ ਹਿਸਾਬ ਨਾਲ ਕੁੱਲ 354 ਮਹਿਲਾ ਮੰਡਲਾਂ ਨੂੰ ਸੀਡ ਮਨੀ ਗਰਾਂਟ ਦਿੱਤੀ ਗਈ ਹੈ । ਇਸ ਗਰਾਂਟ ਦਾ ਸਾਲ-ਵਾਰ ਵੇਰਵਾ ਨਿਮਨ ਅਨੁਸਾਰ ਹੈ :--

ਸਾਲ	ਰਕਮ
1992-93	21.15 ਲੱਖ
1993-94	20.78 ਲੱਖ
1994-95	30.98 ਲੱਖ

ਪਿੰਡ ਜੋਧਾਂ ਵਿਚ ਜ਼ਮੀਨ ਦੀ ਪ੍ਰਾਪਤੀ

440. (1) **ਕਾਮਰੇਡ ਤਰਸੇਮ ਜੋਧਾਂ**
(2) **ਸਰਦਾਰ ਰਾਜ ਸਿੰਘ ਖੇੜੀ** } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਮੈਸਰਜ਼ ਰਿਸ਼ਬ ਸਪਿਨਿੰਗ ਮਿਲਜ਼ ਲਈ ਪਿੰਡ ਜੋਧਾਂ, ਜ਼ਿਲ੍ਹਾ ਲੁਧਿਆਣਾ ਵਿਚ ਜ਼ਮੀਨ ਦੀ ਪ੍ਰਾਪਤੀ ਸਬੰਧੀ ਨਵੰਬਰ, 1994 ਦੇ ਮਹੀਨੇ ਵਿਚ ਕੋਈ ਅਧਿਸੂਚਨਾ ਜਾਰੀ ਕੀਤੀ ; ਜੇਕਰ ਅਜਿਹਾ ਹੋਵੇ, ਤਾਂ ਉਕਤ ਜ਼ਮੀਨ ਕਿਸ ਦਰ ਤੇ ਪ੍ਰਾਪਤ ਕੀਤੀ ਗਈ/ਕੀਤੀ ਜਾ ਰਹੀ ਹੈ ?

ਸਰਦਾਰ ਬੇਅੰਤ ਸਿੰਘ : ਹਾਂ ਜੀ । ਭੂੰ ਪ੍ਰਾਪਤੀ ਐਕਟ, 1894 ਦੀ ਧਾਰਾ 4 ਅਧੀਨ ਮਿਤੀ 11 ਨਵੰਬਰ, 1994 ਨੂੰ ਮੈਸਰਜ਼ ਰਿਸ਼ਬ ਸਪਿਨਿੰਗ ਮਿਲਜ਼, ਪਿੰਡ ਜੋਧਾਂ, ਜ਼ਿਲ੍ਹਾ ਲੁਧਿਆਣਾ ਦੇ ਵਿਸਥਾਰ ਪ੍ਰੋਗਰਾਮ ਲਈ ਜ਼ਮੀਨ ਪ੍ਰਾਪਤੀ ਸਬੰਧੀ ਅਧਿਸੂਚਨਾ ਜਾਰੀ ਕੀਤੀ ਗਈ ਸੀ । ਉਕਤ ਜ਼ਮੀਨ ਦੀ ਪ੍ਰਾਪਤੀ ਲਈ ਅਜੇ ਤੱਕ ਜ਼ਮੀਨ ਦੀ ਦਰ ਤਹਿ ਕਰਨ ਸਬੰਧੀ ਅੰਤਿਮ ਫੈਸਲਾ ਨਹੀਂ ਹੋਇਆ ।

Original with;
Punjab Vidhan Sabha
Digitized by;
Panjab Digital Library

ਜ਼ਿਲ੍ਹਾ ਮਾਨਸਾ ਵਿਚ ਰਿਟਾਇਰ ਹੋਏ ਮਾਸਟਰਾਂ/ਲੈਕਚਰਾਰਾਂ ਨੂੰ ਜੀ. ਪੀ. ਫੰਡ ਦੀ ਅਦਾਇਗੀ ਨਾ ਕਰਨਾ

443. **ਕਾਮਰੇਡ ਹਰਦੇਵ ਅਰਸ਼ੀ** : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਜ਼ਿਲ੍ਹਾ ਮਾਨਸਾ ਵਿਚ ਕੋਈ ਅਜਿਹੇ ਮਾਸਟਰ ਅਤੇ ਲੈਕਚਰਾਰ ਹਨ ਜਿਹੜੇ 31 ਅਕਤੂਬਰ, 1994 ਨੂੰ ਸੇਵਾ ਤੋਂ ਰਿਟਾਇਰ ਹੋਏ ਸਨ ਪਰੰਤੂ ਉਨ੍ਹਾਂ ਨੂੰ ਜੀ.ਪੀ. ਫੰਡ ਦੀ ਅਦਾਇਗੀ ਵਿਆਜ ਸਮੇਤ ਇਸ ਗੱਲ ਦੇ ਬਾਵਜੂਦ ਕਿ ਉਨ੍ਹਾਂ ਦੇ ਅੰਤਮ ਅਦਾਇਗੀ ਦੇ ਕੇਸਾਂ ਤੇ ਕੋਈ ਇਤਰਾਜ਼ ਨਹੀਂ ਸੀ ਲਗਾਇਆ ਗਿਆ, ਸਮੇਂ ਸਿਰ ਨਹੀਂ ਕੀਤੀ ਗਈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਨਾਂ ਕੀ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਉਨ੍ਹਾਂ ਮਾਸਟਰਾਂ ਅਤੇ ਲੈਕਚਰਾਰਾਂ ਵਿਚੋਂ ਅਜਿਹੇ ਮਾਸਟਰਾਂ ਅਤੇ ਲੈਕਚਰਾਰਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਨੇ ਵਿਆਜ ਸਮੇਤ ਜੀ. ਪੀ. ਫੰਡ ਦੀ ਅਦਾਇਗੀ ਲਈ ਜ਼ਾਬਤਾ ਦੀਵਾਨੀ ਦੀ ਧਾਰਾ 80 ਅਧੀਨ ਨੋਟਿਸ ਦਿੱਤੇ ਹਨ ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਨੋਟਿਸ ਦੇਣ ਦੇ ਬਾਵਜੂਦ ਵੀ ਸਮੇਂ ਸਿਰ ਜੀ. ਪੀ. ਫੰਡ ਦੀ ਅਦਾਇਗੀ ਨਾ ਕੀਤੇ ਜਾਣ ਲਈ ਜ਼ਿੰਮੇਵਾਰ ਪਾਏ ਗਏ ਅਫਸਰਾਂ/ਕਰਮਚਾਰੀਆਂ ਦੇ ਨਾਂ ਕੀ ਕੀ ਹਨ ਅਤੇ ਇਸ ਸਬੰਧ ਵਿਚ ਕੀ ਕਾਰਵਾਈ ਕੀਤੀ ਗਈ ?

ਸਰਦਾਰ ਲਖਮੀਰ ਸਿੰਘ ਰੰਧਾਵਾ : (ੳ) ਮਾਨਸਾ ਜ਼ਿਲ੍ਹੇ ਵਿਚੋਂ ਕੇਵਲ ਇਕ ਮਾਸਟਰ ਅਤੇ 2 ਲੈਕਚਰਾਰ ਮਿਤੀ 31 ਅਕਤੂਬਰ, 1994 ਨੂੰ ਸੇਵਾ ਨਵਿਰਤ ਹੋਏ। ਜੀ. ਪੀ. ਫੰਡ ਦੀ ਅੰਤਮ ਅਦਾਇਗੀ ਦੇ ਲੈਕਚਰਾਰ ਸਰਵ/ਸ਼੍ਰੀ ਦੇਸਰਾਜ ਅਤੇ ਜਗਨ ਨਾਥ ਨੂੰ ਬਣਦੇ ਵਿਆਜ ਸਹਿਤ ਕੀਤੀ ਜਾ ਚੁੱਕੀ ਹੈ। ਸ਼੍ਰੀ ਹਰਚਰਨ ਸਿੰਘ, ਸੇਵਾ-ਨਵਿਰਤ ਅਧਿਆਪਕ ਨੂੰ ਅੰਤਮ ਅਦਾਇਗੀ ਸਮੇਂ ਸਿਰ ਨਹੀਂ ਕੀਤੀ ਜਾ ਸਕੀ।

(ਅ) ਤੇ (ੲ) ਕੇਵਲ ਸ਼੍ਰੀ ਹਰਚਰਨ ਸਿੰਘ, ਸੇਵਾ ਨਵਿਰਤ ਮਾਸਟਰ ਵਲੋਂ 80 ਸੀ. ਪੀ. ਸੀ. ਦਾ ਨੋਟਿਸ ਦਿੱਤਾ ਗਿਆ। ਇਨ੍ਹਾਂ ਦੇ ਕੇਸ ਵਿਚ ਅੰਤਮ ਅਦਾਇਗੀ ਦੀ ਮਨਜ਼ੂਰੀ ਮਿਤੀ 28 ਨਵੰਬਰ, 1994 ਨੂੰ ਕੀਤੀ ਗਈ ਸੀ। ਪਰੰਤੂ, ਸਬੰਧਤ ਸਕੂਲ ਦੇ ਪ੍ਰਿੰਸੀਪਲ ਵਲੋਂ ਮਿਤੀ 9 ਫਰਵਰੀ, 1995 ਨੂੰ ਸੂਚਿਤ ਕੀਤਾ ਗਿਆ ਕਿ ਮਨਜ਼ੂਰੀ ਦੀ ਕਾਪੀ ਖਜ਼ਾਨਾ ਦਫ਼ਤਰ, ਮਾਨਸਾ ਨੂੰ ਪ੍ਰਾਪਤ ਨਹੀਂ ਹੋਈ। ਇਸ ਲਈ ਮਨਜ਼ੂਰੀ ਮਿਤੀ 9 ਮਾਰਚ, 1995 ਨੂੰ ਨਵੇਂ ਸਿਰਿਓਂ ਜਾਰੀ ਕੀਤੀ ਗਈ ਅਤੇ ਸ਼੍ਰੀ ਹਰਚਰਨ ਸਿਘ ਨੂੰ ਅਦਾਇਗੀ ਕੀਤੀ ਜਾ ਚੁੱਕੀ ਹੈ। ਇਸ ਤਰ੍ਹਾਂ ਕਰਕੇ ਦੇਰੀ ਕੇਵਲ ਦਫ਼ਤਰੀ ਕਾਰਵਾਈ ਵਿਚ ਹੀ ਹੋਈ ਹੈ ਅਤੇ ਕੋਈ ਅਧਿਕਾਰੀ/ਕਰਮਚਾਰੀ ਦੇਰੀ ਲਈ ਜ਼ੁਮੇਂਵਾਰ ਨਹੀਂ ਹੈ। ਫਿਰ ਵੀ ਸਬੰਧਤ ਕਰਮਚਾਰੀਆਂ ਨੂੰ ਭਵਿੱਖ ਵਿਚ ਅਜਿਹੇ ਕੇਸਾਂ ਵਿਚ ਡੋਲ ਕਰਨ ਵਿਚ ਹੋਰ ਤੇਜ਼ੀ ਲਿਆਉਣ ਲਈ ਕਿਹਾ ਜਾ ਰਿਹਾ ਹੈ।

———

Original with;
Punjab Vidhan Sabha
Digitized by;
Panjab Digital Library

ਨੋਟੀਫਾਈਡ ਏਰੀਆ ਕਮੇਟੀ ਚੋਹਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਦੀ ਬਣਤਰ

446. **ਸਰਦਾਰ ਰਣਜੀਤ ਸਿੰਘ ਛੱਜਲਵੱਡੀ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਚੋਹਲਾ ਸਾਹਿਬ, ਬਲਾਕ ਖਡੂਰ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਨੂੰ ਕਿਸ ਮਿਤੀ ਤੋਂ ਨੋਟੀਫਾਈਡ ਏਰੀਆ ਕਮੇਟੀ ਵਜੋਂ ਐਲਾਨ ਕੀਤਾ ਗਿਆ ਅਤੇ ਉਕਤ ਨਗਰ ਦੀ ਨੋਟੀਫਾਈਡ ਏਰੀਆ ਕਮੇਟੀ ਦੇ ਮੈਂਬਰਾਂ ਦੀ ਗਿਣਤੀ ਕਿੰਨੀ ਹੈ;

(ਅ) ਕੀ ਉਕਤ ਕਮੇਟੀ ਨੂੰ ਅਧਿਲੰਘਤ ਕੀਤੇ ਜਾਣ ਸਬੰਧੀ ਕਿਸੇ ਅਦਾਲਤ ਵਿਚ ਕੋਈ ਕੇਸ ਦਾਇਰ ਕੀਤਾ ਗਿਆ ਸੀ;

(ੲ) ਕੀ ਉਕਤ ਨੋਟੀਫਾਈਡ ਏਰੀਆ ਕਮੇਟੀ ਅਜੇ ਵੀ ਕੰਮ ਕਰ ਰਹੀ ਹੈ ?

ਡਾਕਟਰ ਕੇਵਲ ਕ੍ਰਿਸ਼ਨ : (ੳ) ਚੋਹਲਾ ਸਾਹਿਬ, ਬਲਾਕ ਖਡੂਰ ਸਾਹਿਬ. ਜ਼ਿਲ੍ਹਾ ਅੰਮ੍ਰਿਤਸਰ ਮਿਤੀ 2 ਮਈ, 1977 ਨੂੰ ਨੋਟੀਫਾਈਡ ਏਰੀਆ ਕਮੇਟੀ ਘੋਸ਼ਿਤ ਕੀਤਾ ਗਿਆ ਸੀ ਅਤੇ ਇਸ ਵਿਚ 11 ਮੈਂਬਰ ਨਾਮਜ਼ਦ ਕੀਤੇ ਗਏ ਸਨ ।

(ਅ) ਚੋਹਲਾ ਸਾਹਿਬ, ਨੋਟੀਫਾਈਡ ਏਰੀਆ ਕਮੇਟੀ ਸਰਕਾਰ ਵਲੋਂ ਸਾਲ 1978 ਵਿਚ ਡੀ-ਨੋਟੀਫਾਈ ਕੀਤੀ ਗਈ ਸੀ । ਸਰਕਾਰ ਦਾ ਇਹ ਫੈਸਲਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਸਿਵਲ ਰਿਟ ਪਟੀਸ਼ਨ ਨੰ: 520 ਆਫ 1978 ਰਾਹੀਂ ਵੰਗਾਰਿਆ ਗਿਆ ਸੀ ਜੋ ਕਿ ਡਿਸਮਿਸ ਹੋ ਗਈ ਸੀ ।

(ੲ) ਨਹੀਂ ਜੀ ।

ਸਰਪੰਚ ਵਿਰੁੱਧ ਫੌਜਦਾਰੀ ਮੁਕੱਦਮਾ

447. **ਸਰਦਾਰ ਰਣਜੀਤ ਸਿੰਘ ਛੱਜਲਵੱਡੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਹ ਸਰਕਾਰ ਦੇ ਧਿਆਨ ਵਿਚ ਆਇਆ ਕਿ ਗ੍ਰਾਮ ਪੰਚਾਇਤ ਧੌਤਾ, ਬਲਾਕ ਖਡੂਰ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਦੇ ਸਰਪੰਚ ਸ੍ਰੀ ਬਹਾਦਰ ਸਿੰਘ ਵਿਰੁੱਧ ਅਦਾਲਤ ਵਿਚ ਭਾਰਤੀ ਦੰਡ ਸੰਹਿਤਾ ਦੀਆਂ ਧਾਰਾਵਾਂ 467, 468, 471, 474, 109 ਅਧੀਨ ਕੋਈ ਫੌਜਦਾਰੀ ਮੁਕੱਦਮਾ ਪੈਂਡਿੰਗ ਪਿਆ ਹੈ ; ਜੇਕਰ ਅਜਿਹਾ ਹੋਵੇ, ਤਾਂ ਉਕਤ ਤੱਥ ਸਰਕਾਰ ਦੇ ਧਿਆਨ ਵਿਚ ਕਿਸ ਮਿਤੀ ਨੂੰ ਆਇਆ ਅਤੇ ਸਰਪੰਚ ਵਿਰੁੱਧ ਕੀ ਕਾਰਵਾਈ ਕੀਤੀ ਗਈ ਅਤੇ ਕੇਸ ਦੀ ਤਾਜ਼ਾ ਸਥਿਤੀ ਕੀ ਹੈ ?

ਸਰਦਾਰ ਬੇਅੰਤ ਸਿੰਘ : ਹਾਂ ਜੀ, ਮਿਤੀ 7 ਸਤੰਬਰ, 1994 ਨੂੰ ਸਰਪੰਚ ਵਿਰੁੱਧ ਵਿਭਾਗੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ ।

Original with;
Punjab Vidhan Sabha
Digitized by;
Punjab Digital Library

ਕੁਲਾਹੜ-ਝੱਮਟ ਸੜਕ ਦੀ ਉਸਾਰੀ

455. (1) ਡਾਕਟਰ ਰਤਨ ਸਿੰਘ
(2) ਕਾਮਰੇਡ ਤਰਸੇਮ ਜੋਧਾਂ } : ਕੀ ਤਕਨੀਕੀ ਸਿੱਖਿਆ ਅਤੇ ਉਦ-

ਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਜ਼ਿਲ੍ਹਾ ਲੁਧਿਆਣਾ ਵਿਚ ਪਿੰਡ ਕੁਲਾਹੜ ਤੋਂ ਪਿੰਡ ਝੱਮਟ ਤਕ ਸੜਕ ਬਣਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਸੜਕ ਦੇ ਕਦੋਂ ਤਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ?

ਸਰਦਾਰਨੀ ਰਾਜਿੰਦਰ ਕੌਰ ਭੱਠਲ : ਨਹੀਂ ਜੀ । ਇਸ ਲਈ ਕੋਈ ਤਾਰੀਖ ਨਿਸਚਿਤ ਨਹੀਂ ਕੀਤੀ ਜਾ ਸਕਦੀ ।

ਪੀ. ਐਡ. ਸੀ. ਦੁਆਰਾ ਨਵੇਂ ਯੂਨਿਟਾਂ ਲਈ ਗ੍ਰਾਂਟਾਂ

460. **ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ** : ਕੀ ਮੁੱਖ ਮੰਤਰੀ ਕਿਰਪਾ ਦੱਸਣਗੇ ਕਿ:—

(ੳ) ਜਨਵਰੀ, 1990 ਤੋਂ 1993 ਤੱਕ ਦੇ ਸਮੇਂ ਦੌਰਾਨ ਪੰਜਾਬ ਵਿੱਤ ਕਾਰਪੋਰੇਸ਼ਨ ਨੇ ਕਿੰਨੇ ਨਵੇਂ ਯੂਨਿਟਾਂ ਲਈ ਕਰਜ਼ੇ ਦਿੱਤੇ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਯੂਨਿਟਾਂ ਵਿੱਚੋਂ ਉਨ੍ਹਾਂ ਯੂਨਿਟਾਂ ਦੀ ਗਿਣਤੀ ਕਿੰਨੀ ਹੈ ਜੋ ਕਿ ਉਕਤ ਸਮੇਂ ਦੌਰਾਨ ਚਾਲੂ ਕੀਤੇ ਗਏ ਅਤੇ ਉਨ੍ਹਾਂ ਯੂਨਿਟਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਕਰਜ਼ੇ ਲੈਣ ਤੋਂ ਬਾਅਦ ਬੰਦ ਕਰ ਦਿੱਤੇ ਗਏ ਅਤੇ ਅਜਿਹੇ ਯੂਨਿਟਾਂ ਵਿਰੁੱਧ ਕਾਰਪੋਰੇਸ਼ਨ ਦੁਆਰਾ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਕੀ ਹਨ ?

ਸਰਦਾਰ ਬੇਅੰਤ ਸਿੰਘ. (ੳ) ਜਨਵਰੀ, 1990 ਤੋਂ 1993 ਤਕ ਦੇ ਸਮੇਂ ਦੌਰਾਨ ਪੰਜਾਬ ਵਿਤੀ ਨਿਗਮ ਨੇ 4,082 ਇਕਾਈਆਂ ਲਈ ਕਰਜ਼ੇ ਮਨਜ਼ੂਰ ਕੀਤੇ ;

(ਅ) ਉਪਰੋਕਤ ਸਮੇਂ ਦੌਰਾਨ 4,082 ਇਕਾਈਆਂ ਵਿਚੋਂ 3,890 ਇਕਾਈਆਂ ਚਾਲੂ ਹੋਈਆਂ ਅਤੇ 412 ਇਕਾਈਆਂ ਬੰਦ ਹੋ ਗਈਆਂ । ਪੰਜਾਬ ਵਿੱਤੀ ਨਿਗਮ ਨੇ 412 ਇਕਾਇਆਂ ਵਿਚੋਂ 171 ਇਕਾਈਆਂ ਧਾਰਾ 29 ਦੇ ਤਹਿਤ ਆਪਣੇ ਕਬਜ਼ੇ ਵਿਚ ਲਈਆਂ ਜਿਨ੍ਹਾਂ ਵਿਚੋਂ 54 ਇਕਾਈਆਂ ਨੇ ਮੁੜ ਉਤਪਾਦਨ ਸ਼ੁਰੂ ਕਰ ਦਿੱਤਾ । 241 ਇਕਾਈਆਂ ਦੇ ਮਾਲਕਾਂ ਦੇ ਵਿਰੁੱਧ ਨਿਗਮ ਦੇ ਕਰਜ਼ੇ ਦੀ ਵਸੂਲੀ ਲਈ ਵੱਖ ਵੱਖ ਤਰ੍ਹਾਂ ਦੀ ਕਾਰਵਾਈ ਕੀਤੀ ਜਾ ਰਹੀ ਹੈ ਜਿਵੇਂ ਕਿ ਨੋਟਿਸ ਜਾਰੀ ਕੀਤੇ ਜਾਣ, ਕਾਨੂੰਨੀ ਚਾਰਾਜੋਈ ਆਦਿ ।

Original with;
Punjab Vidhan Sabha
Digitized by;
Punjab Digital Library

ਕਬਜੇ ਦੇ ਆਧਾਰ ਤੇ ਵਾਧੂ ਨਿਕਾਸੀ ਭੂਮੀ ਦੀ ਹੱਥ ਬਦਲੀ

461. **ਸ਼੍ਰੀ ਵਿਜੇ ਕੁਮਾਰ ਸ਼ਾਂਥੀ**: ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਦੱਸਣਗੇ ਕਿ: —

(ੳ) 1 ਜਨਵਰੀ, 1993 ਤੋਂ ਹੁਣ ਤੱਕ ਦੇ ਸਮੇਂ ਦੌਰਾਨ ਤਹਿਸੀਲ ਖਰੜ, ਜ਼ਿਲ੍ਹਾ ਰੋਪੜ ਵਿਚ ਕਬਜ਼ੇ ਦੇ ਆਧਾਰ ਤੇ ਹੱਥ-ਬਦਲ ਕੀਤੀ ਗਈ ਵਾਧੂ ਨਿਕਾਸੀ ਭੂਮੀ ਦਾ ਕੁੱਲ ਰਕਬਾ ਕਿੰਨਾ ਹੈ ਅਤੇ ਖੁਲ੍ਹੀਆਂ ਅਤੇ ਸੀਮਤ ਨਿਲਾਮੀਆਂ ਰਾਹੀਂ ਕਿੰਨੇ ਏਕੜ ਜ਼ਮੀਨ ਅਲਾਟ ਕੀਤੀ ਗਈ;

(ਅ) ਇਸ ਸਮੇਂ ਤਹਿਸੀਲ ਖਰੜ ਵਿਚ ਉਪਰੋਕਤ ਭਾਗ (ੳ) ਵਿਚ ਵਰਣਿਤ ਵਾਧੂ ਪਈ ਭੂਮੀ ਦੇ ਪਿੰਡ-ਵਾਰ ਵੇਰਵੇ ਕੀ ਹਨ ?

ਮਾਸਟਰ ਜਾਗੀਰ ਸਿੰਘ: (ੳ) 4 ਏਕੜ 2 ਕਨਾਲ 11 ਮਰਲੇ ਵਾਧੂ ਨਿਕਾਸੀ ਭੋਂ ਕਬਜ਼ੇ ਦੇ ਆਧਾਰ ਤੇ ਟਰਾਂਸਫਰ ਕੀਤੀ ਅਤੇ 20 ਏਕੜ ਜ਼ਮੀਨ ਖੁਲ੍ਹੀ ਅਤੇ ਸੀਮਤ ਬੋਲੀ ਵਿਚ ਤਹਿਸੀਲ ਖਰੜ, ਜਿਲ੍ਹਾ ਰੋਪੜ ਵਿਚ ਮਿਤੀ 1 ਜਨਵਰੀ, 1993 ਤੋ ਅੱਜ ਤੱਕ ਵੇਚੀ ਗਈ ਹੈ ।

(ਅ) ਇਸ ਸਮੇਂ ਤਹਿਸੀਲ ਖਰੜ ਵਿਚ ਵਾਧੂ ਨਿਕਾਸੀ ਭੋਂ ਜੋ ਨਿਪਟਾਰੇ ਲਈ ਬਾਕੀ ਹੈ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ : —

ਲੜੀ ਨੰ.	ਪਿੰਡ ਦਾ ਨਾ	ਰਕਬਾ ਏ. ਕਨਾਲ ਮਰਲੇ
1	2	3
1.	ਨਬੀਪੁਰ	2—0—0
2.	ਸਿਆਲਬਾ	2—0 0
3.	ਖਰੜ	7—0—0
4.	ਮੁੰਡੀ ਖਰੜ	4—0—0

ਕਬਜ਼ੇ ਦੇ ਅਧਾਰ ਤੇ ਵਾਧੂ ਭੂਮੀ ਦੀ ਹੱਥ ਬਦਲੀ

462. **ਸਰਦਾਰ ਹਰਗੋਪਾਲ ਸਿੰਘ** : ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) 1 ਜਨਵਰੀ, 1993 ਤੋਂ ਹੁਣ ਤਕ ਦੇ ਸਮੇਂ ਦੌਰਾਨ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਵਿਚ ਅਨੁਸੂਚਿਤ ਜਾਤੀਆਂ ਅਤੇ ਹੋਰਨਾਂ ਜਾਤੀਆਂ ਦੇ ਵਿਅਕਤੀਆਂ ਦੇ ਨਾਵਾਂ ਤੇ ਕਬਜ਼ੇ ਦੇ ਆਧਾਰ ਤੇ ਹੱਥ-ਬਦਲ ਕੀਤੀ ਗਈ ਵਾਧੂ ਨਿਕਾਸੀ ਜ਼ਮੀਨ ਦਾ ਰਕਬਾ ਕਿੰਨਾ ਹੈ ਅਤੇ ਸੀਮਤ ਖੁਲ੍ਹੀਆਂ ਨਿਲਾਮੀਆਂ ਰਾਹੀਂ ਕਿੰਨੇ ਏਕੜ ਜ਼ਮੀਨ ਅਲਾਟ ਕੀਤੀ ਗਈ;

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਗੋਪਾਲ ਸਿੰਘ]

(ਅ) ਉਕਤ ਤਹਿਸੀਲ ਵਿਚ ਅਜੇ ਵੀ ਅਲਾਟ ਹੋਣੋਂ ਰਹਿੰਦੀ ਵਾਧੂ ਨਿਕਾਸੀ ਭੂਮੀ ਦੇ ਪਿੰਡ-ਵਾਰ ਵੇਰਵੇ ਕੀ ਹਨ ?

ਮਾਸਟਰ ਜਾਗੀਰ ਸਿੰਘ: (ੳ) ਤਹਿਸੀਲ, ਰਾਜਪੁਰਾ, ਜ਼ਿਲ੍ਹਾ ਪਟਿਆਲਾ ਵਿਚ ਮਿਤੀ 1 ਜਨਵਰੀ, 1993 ਤੋਂ ਅੱਜ ਤੱਕ ਕਿਸੇ ਨੂੰ ਵੀ ਕੋਈ ਵੀ ਨਿਕਾਸੀ ਭੋਂ ਕਬਜ਼ੇ ਦੇ ਆਧਾਰ ਤੇ ਜਾਂ ਸੀਮਤ ਜਾਂ ਖੁੱਲ੍ਹੀ ਬੋਲੀ ਰਾਹੀਂ ਟਰਾਂਸਫਰ ਨਹੀਂ ਕੀਤੀ ਗਈ ਹੈ ।

(ਅ) ਤਹਿਸੀਲ ਰਾਜਪੁਰਾ ਵਿਚ ਜੋ ਵਾਧੂ ਨਿਕਾਸੀ ਭੋਂ ਨਿਪਟਾਰੇ ਯੋਗ ਹੈ, ਉਸ ਦਾ ਪਿੰਡ-ਵਾਰ ਵੇਰਵਾ ਅਨੁਲੱਗ ਵਿਚ ਦਿੱਤਾ ਹੈ ।

ਅਨੁਲੱਗ

ਤਹਿਸੀਲ ਰਾਜਪੁਰਾ ਜ਼ਿਲ੍ਹਾ ਪਟਿਆਲਾ ਵਿਚ ਨਿਪਟਾਰੇਯੋਗ ਬਕਾਇਆ ਵਾਧੂ ਨਿਕਾਸੀ ਭੋਂ ਦਾ ਪਿੰਡਵਾਰ ਵੇਰਵਾ ।

ਲੜੀ ਨੰ	ਪਿੰਡ ਦਾ ਨਾਂ	ਰਕਬਾ ਸਧਾਰਨ ਏਕੜਾਂ ਵਿਚ
1	2	3
1.	ਖਡੋਲੀ	.. 6 — 4 — 14
2.	ਗਾਜ਼ੀਪੁਰ	.. 0 — 0 — 15
3.	ਖੇੜਾ ਗੋਂਜੂ	.. 0 — 1 — 15
4.	ਲੈਹਲਾਂ	.. 1 — 3 — 13
5.	ਉਰਨਾਂ	.. 1 — 0 — 19
6.	ਸ਼ੰਭੂ ਕਲਾਂ	.. 0 — 6 — 14
7.	ਡਾਹਰੀਆਂ	.. 0 — 3 — 1
8.	ਨੌਸ਼ਿਹਰਾ	.. 0 — 1 — 6
9.	ਕਬੂਲਪੁਰ	.. 0 — 2 — 3
10.	ਸਲੇਮਪੁਰ ਸੇਖਾਂ	.. 4 — 1 — 4
11.	ਸਰਾਏ ਬੰਨਜਾਰਾ	.. 0 — 2 — 7
12.	ਝੰਜੋਂ	.. 13 — 7 — 1
13.	ਮਾਜਰੀ ਫਕੀਰਾਂ	.. 0 — 7 — 7
14.	ਅਲੀ ਮਾਜਰਾ	.. 0 — 2 — 5
15.	ਕਟਲੈਹਰ	.. 4 — 0 — 5
16.	ਸੇਖਪੁਰ ਖੁਰਦ	.. 2 — 1 — 19

Original with;
Punjab Vidhan Sabha
Digitized by;
Panjab Digital Library

ਸ਼ਰਦਾਰ ਹਰਗੋਪਾਲ ਸਿੰਘ : ** ** **

ਸ਼੍ਰੀ ਸਪੀਕਰ: ਇਹ ਨਾਰਮਲ ਕੇਸ ਹੈ, ਨਾਰਮਲ ਵੇਅ ਨਾਲ ਟਰੀਟ ਹੋਵਗਾ । This is no Point of Order. Please resume your seat.

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ** ** **

Mr. Speaker: No Point of Order. (Interruption)

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇਕ ਅਹਿਮ ਮਸਲੇ ਵੱਲ ਦੁਆਉਣਾ ਚਾਹੁੰਦਾ ਹਾਂ ।

ਸ਼੍ਰੀ ਸਪੀਕਰ: ਬਜਟ ਤੇ ਸਪੀਚਾਂ ਹੋਣੀਆਂ ਹਨ, ਤੁਸੀਂ ਆਪਣਾ ਜੋ ਕੁਝ ਬੋਲਣਾ ਚਾਹੁੰਦੇ ਹੋ, ਉਹ ਬੋਲ ਸਕਦੇ ਹੋ । ਤੁਸੀਂ ਆਪਣਾ ਟਾਈਮ ਆਪ ਹੀ ਜ਼ਾਇਆ ਨਾ ਕਰੋ ।

ਸ਼੍ਰੀ ਵਿਜੇ ਕੁਮਾਰ ਸਾਥੀ: ** ** **

Mr. Speaker: I have already written about it. No Point of Order. ਮੈਂ ਇਸ ਕੇਸ ਵਿਚ ਆਲਰੇਡੀ ਹੋਮ ਸੈਕਟਰੀ ਨੂੰ ਲਿਖਿਆ ਹੈ, ਜਦੋਂ ਉਸ ਦਾ ਜਵਾਬ ਆਏਗਾ, ਉਸ ਤੇ ਫੈਸਲਾ ਦਿੱਤਾ ਜਾਏਗਾ । What he is speaking without my permission is not to be recorded.

(ਇਸ ਵੇਲੇ ਮਾਨਯੋਗ ਮੈਂਬਰ ਸ਼੍ਰੀ ਵਿਜੇ ਕੁਮਾਰ ਸਾਥੀ ਪੇਪਰ ਲਹਿਰਾਉਂਦੇ ਹੋਏ ਕੁਝ ਬੋਲ ਰਹੇ ਸਨ ਜੋ ਮਾਈਕ ਬੰਦ ਹੋਣ ਕਾਰਨ ਸੁਣਾਈ ਨਹੀਂ ਸੀ ਦੇ ਰਿਹਾ ** **)

Mr. Speaker: Sathi Ji, please resume your seat. Not to be recorded. (Interruption....)

ਜੋ ਪ੍ਰਿਵੇਲਜ ਮੋਸ਼ਨ ਆਈ ਹੈ, ਮੈਂ ਉਸ ਦੇ ਮੁਤਾਬਿਕ ਹੋਮ ਸੈਕਟਰੀ ਨੂੰ ਲਿਖਿਆ ਹੈ । ਜੋ ਜਵਾਬ ਆਏਗਾ, ਉਸ ਦੇ ਮੁਤਾਬਿਕ ਫੈਸਲਾ ਹੋਵੇਗਾ ।

(ਇਸ ਵਕਤ ਵਿਰੋਧੀ ਧਿਰ ਵਲੋਂ ਕੁਝ ਮਾਨਯੋਗ ਮੈਂਬਰ ਸਾਹਿਬਾਨ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ)

Mr. Speaker: When I have said No Point of Order, then why all of you are standing ? Sathi Ji, please resume your seat. I have given the reply.

ਡਾਕਟਰ ਹਰਬੰਸ ਲਾਲ : ** ** **

Mr Speaker: No Point of Order. Please resume your seat.

(ਇਸ ਵੇਲੇ ਸ਼੍ਰੀ ਵਿਜੇ ਕੁਮਾਰ ਸਾਥੀ ਅਤੇ ਕਾਮਰੇਡ ਤਰਸੇਮ ਜੋਧਾਂ ਬਾਰ ਬਾਰ ਪੁਆਇੰਟ ਆਫ਼ ਆਰਡਰ ਤੇ ਬੋਲਣ ਲਈ ਜ਼ੋਰ ਦੇ ਰਹੇ ਸਨ ।)

**Expunged not recorded as ordered by the Chair.

Original with;
Punjab Vidhan Sabha
Digitized by;
Punjab Digital Library

ਕਾਮਰੇਡ ਤਰਸੇਮ ਜੋਧਾਂ: ** ** **

Mr. Speaker: No Point of Order. Please resume your seats. I am telling every body to resume his seat- I am on my legs. Please resume your seats. I am allowing Comrade Gurnam Singh, if he has any Point of Order.

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ: ਸਪੀਕਰ ਸਾਹਿਬ, ਮੈਂ ਇਕ ਲੋਕ ਮਹੱਤਤਾ ਦਾ ਮਸਲਾ ਉਠਾਇਆ ਸੀ ਔਰ ਉਸ ਸਬੰਧ ਵਿਚ ਕਾਲ ਅਟੈਨਸ਼ਨ ਨੋਟਿਸ ਵੀ ਦਿਤਾ ਸੀ । ਉਸ ਤੇ ਮੇਰੇ 5 ਹੋਰਾਂ ਸਾਥੀਆਂ ਦੇ ਵੀ ਦਸਖਤ ਸਨ ਉਹ ਇਹ ਸੀ ਕਿ ਅਨੁਸੂਚਿਤ ਜਾਤੀਆਂ ਔਰ ਪੱਛੜੀਆਂ ਸ਼ੈਣੀਆਂ ਦੇ ਲੋਕਾਂ ਨੂੰ ਜੋ ਬੁਢਾਪਾ ਔਰ ਵਿਧਵਾ ਪੈਨਸ਼ਨਾਂ ਬੰਦ ਕੀਤੀਆਂ ਹਨ (ਵਿਘਨ) ਉਸ ਸਬੰਧ ਵਿਚ ਹਦਾਇਤ ਹੋਈ ਹੈ ਕਿ ਉਸ ਅਧਾਰ ਤੇ.....।

ਸ਼੍ਰੀ ਸਪੀਕਰ: ਮੈਂ ਆਪਣੀ ਰੂਲਿੰਗ ਪਹਿਲਾਂ ਹੀ ਦੇ ਦਿੱਤੀ ਹੈ । You can not discuss my ruling. What is the use of wasting the time.

PAPERS LAID ON THE TABLE

Chief Parliamentary Secretary (Chaudhary Santokh Singh): Sir, I beg to lay on the Table—

1. The Consumer Protection (Punjab) Rules, 1987 alongwith its amendments dated 12th December, 1991, 30th June, 1992, 23rd September, 1992 and 2nd August, 1993, as required under section 31 of the Consumer Protection Act, 1986.

2. The Annual Statement of Accounts of the Punjab Housing Developement Board for the year 1993-1994, as required under Section 68 of the Punjab Housing Development Board Act, 1972.

3. The Ninth Annual Report of the Punjab State Handloom & Textiles Development Corporation Ltd. for the year 1984-85 as required under Section 619-A of the Companies Act. 1956.

(At this stage hon. Members Shri Vijay Kumar Sathi and Comrade Tarsem Jodhan were speaking without permission of the Chair, which was ordered not to be recorded).

Mr. Speaker: F. M. to lay the papers.

Finance Minister (Doctor Kewal Krishan): Sir, I beg to lay on the Table—

1. Government of Punjab Finances Accounts, 1993-94;

2. Government of Punjab Appropriation Accounts, 1993-94;

**Expunged as ordered by the Chair.

Original with;
Punjab Vidhan Sabha
Digitized by;
Punjab Digital Library

3. Report of the Comptroller & Auditor General of India for the year 1993-94 (Civil);

4. Report of the Comptroller & Auditor General of India for the year 1993-94 (Commercial) and

5. Report of the Comptroller & Auditor General of India for the year 1993-94 (Revenue Receipts) as required under Article 151(2) of the Constitution of India.

(At this stage, Hon. Member Sardar Inderjit Singh Zira was asking for the time).

Mr Speaker: Zira Ji, you will get time, please.

PRESENTATION OF REPORTS

Chairman, Committee on Public Undertakings (Shri Madan Mohan Mittal): Sir, I beg to present the—

(i) 46th Report of the Committee on Public Undertakings for the year 1994-95, on the Audit paras appearing in the Reports of the Comptroller and Auditor General of India for the years 1985-86, 1987-88 and 1988-89 (Commercial) relating to the Punjab Financial Corporation; and

(ii) 47th Report of the Committee on Public Undertakings for the year 1994-95, on the Audit paras appearing in the Reports of the Comptroller and Auditor General of India for the years 1986-87 and 1988-89 (Commercial relating to the Punjab Communication Limited, Goindwal Industrial and Investment Corporation of Punjab Limited, Punjab State Seeds Corporation Limited and Punjab Tourism Development Corporation Limited.

WALK-OUT

(At this stage Sardar Inderjit Singh Zira SAD (K) and Comrade Tarsem Jodhan, CPI (M) staged a walk-out. While going out of the House, they were raising slogans ** **)

Mr Speaker: Slogans are not to be recorded.

Not recorded as ordered by the Chair.

Original with;
Punjab Vidhan Sabha
Digitized by;
Punjab Digital Library

GENERAL DISCUSSION ON THE BUDGET ESTIMATES FOR THE YEAR 1995-96

Mr. Speaker Now there will be general discussion on the Budget Estimates for the year 1995-96. Sardar Hargopal Singh Ji.

ਸਰਦਾਰ ਹਰਗੋਪਾਲ ਸਿੰਘ(ਬਲਾਚੌਰ): ਸਪੀਕਰ ਸਾਹਿਬ, ਇਸ ਹਾਊਸ ਦੇ ਅੰਦਰ ਸਾਡੇ ਖਜਾਨਾ ਮੰਤਰੀ ਸਾਹਿਬ ਵਲੋਂ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ, ਉਸ ਨਾਲ ਅਸੀਂ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ ਕਿਉਂਕਿ ਇਸ ਬਜਟ ਦੇ ਅੰਦਰ ਕੋਈ ਵੀ ਅੈਸੀ ਸਪੈਸ਼ਲ ਚੀਜ਼ ਨਹੀਂ ਹੈ ਜਿਹੜੀ ਹਰ ਡਿਪਾਰਟਮੈਂਟ ਦੇ ਭਲੇ ਲਈ ਹੋਵੇ। ਇਨ੍ਹਾਂ ਨੇ ਹਰ ਮਹਿਕਮੇ ਵਿਚ ਬਜਟ ਦੀ ਅੈਲੋਕੇਸ਼ਨ ਕੀਤੀ ਹੈ ਪਰ ਉਸ ਦੇ ਵਿਚ ਫੰਡਜ਼ ਬਹੁਤ ਘੱਟ ਰੱਖੇ ਹਨ। ਸਮੇਂ ਦੀ ਲੋੜ ਅਨੁਸਾਰ ਫੰਡਜ਼ ਘੱਟ ਅੈਲੋਕੇਟ ਕੀਤੇ ਗਏ ਹਨ। ਅੈਜੂਕੇਸ਼ਨ ਮਹਿਕਮੇ ਵਿਚ ਭਲਾਈ ਤਦ ਹੀ ਹੋ ਸਕਦੀ ਹੈ ਜੇਕਰ ਉਸ ਦੇ ਲਈ ਫੰਡਜ਼ ਜ਼ਿਆਦਾ ਤੋਂ ਜ਼ਿਆਦਾ ਰੱਖੇ ਜਾਣ। ਸਾਡੇ ਦੇਸ਼ ਦੇ ਅੰਦਰ ਅੈਜੂਕੇਸ਼ਨ ਦੀ ਬਹੁਤ ਘਾਟ ਹੋਣ ਦੇ ਕਾਰਣ ਲੋਕਤੰਤਰ ਚੰਗੀ ਤਰ੍ਹਾਂ ਨਾਲ ਪ੍ਰਫੁੱਲਤ ਨਹੀਂ ਹੋ ਸਕਦਾ। ਅੈਜੂਕੇਸ਼ਨ ਦੀ ਘਾਟ ਦੇ ਕਾਰਣ ਲੋਕਾਂ ਨੂੰ ਮਹਿਕਮੇ ਦੇ ਕੰਮ ਕਾਰ ਬਾਰੇ ਪੂਰੀ ਜਾਣਕਾਰੀ ਨਹੀਂ ਹੈ ਅਤੇ ਉਹ ਹਰ ਮਹਿਕਮੇ ਨੂੰ ਚੰਗੀ ਤਰ੍ਹਾਂ ਦੇ ਨਾਲ ਸਮਝ ਨਹੀਂ ਸਕਦੇ। ਇਸ ਲਈ ਅੈਜੂਕੇਸ਼ਨ ਦੇ ਅਦਾਰੇ ਨੂੰ ਵਧਾਉਣਾ ਚਾਹੀਦਾ ਹੈ ਅਤੇ ਇਹ ਇਕ ਵਾਈਟਲ ਪੁਅਾਇੰਟ ਹੋਣਾ ਚਾਹੀਦਾ ਹੈ। ਵਿਦਿਆ ਬੇਸ਼ਕ ਸਾਇੰਸ ਦੇ ਖੇਤਰ ਵਿਚ ਹੋਵੇ ਜਾਂ ਟੈਕਨੋਲਾਜੀ ਦੇ ਖੇਤਰ ਵਿਚ ਹੋਵੇ ਜਾਂ ਫੇਰ ਕੋਈ ਹੋਰ ਵਿਦਿਆ ਹੋਵੇ, ਇਸ ਦਾ ਵਿਕਾਸ ਹੋਣਾ ਚਾਹੀਦਾ ਹੈ। ਅਗਰ ਕਿਸੇ ਰਾਸ਼ਟਰ ਦੀ ਅੈਜੂਕੇਸ਼ਨ ਤਰੱਕੀ ਤੇ ਹੋਵੇਗੀ, ਉਸ ਦੇਸ਼ ਦੀ ਤਰੱਕੀ ਹਰ ਇਕ ਨੂੰ ਨਜ਼ਰ ਆਵੇਗੀ। ਮੈਂ ਪਿਛਲੀ ਵਾਰ ਵੀ ਇਸ ਗੱਲ ਤੇ ਜੋਰ ਦਿੱਤਾ ਸੀ ਕਿ ਸਾਡੇ ਦੇਸ਼ ਵਿਚ ਯੂਨੀਫਾਰਮਿਟੀ ਆਫ ਅੈਜੂਕੇਸ਼ਨ ਕਰਨੀ ਚਾਹੀਦੀ ਹੈ। ਜਿਹੜੇ ਮਾਡਲ ਸਕੂਲਜ਼ ਪ੍ਰਾਈਵੇਟ ਲੋਕਾਂ ਨੇ ਖੋਲ੍ਹੇ ਹੋਏ ਹਨ, ਉਨ੍ਹਾਂ ਸਕੂਲਾਂ ਦੇ ਵਿਚ ਕੇਵਲ ਅਮੀਰ ਅਫਸਰਾਂ ਜਾਂ ਅਮੀਰ ਲੋਕਾਂ ਦੇ ਬੱਚੇ ਹੀ ਪੜ੍ਹ ਸਕਦੇ ਹਨ। ਅਮੀਰ ਲੋਕਾਂ ਦੇ ਬੱਚੇ ਡੇਹਰਾਦੂਨ ਅਤੇ ਡਲਹੌਜ਼ੀ ਦੇ ਪਬਲਿਕ ਸਕੂਲਾਂ ਦੇ ਵਿਚ ਪੜ੍ਹਦੇ ਹਨ ਜਦ ਕਿ ਸਾਡੇ ਗਰੀਬ ਲੋਕਾਂ ਦੇ ਬੱਚਿਆ ਨੂੰ ਸਕੂਲਾਂ ਦੇ ਵਿਚ ਟੀਚਰਜ਼ ਨਹੀਂ ਮਿਲਦੇ। ਜੇ ਸਕੂਲ ਵਿਚ ਟੀਚਰਜ਼ ਮਿਲਦੇ ਹਨ ਤਾਂ ਉਥੇ ਬਿਲਡਿੰਗ ਨਹੀਂ ਹੁੰਦੀ। ਬਾਰਸ਼ ਅਜੇ 2 ਮੀਲ ਦੂਰ ਹੁੰਦੀ ਹੈ ਪਰ ਸਕੂਲ ਦਾ ਮਾਸਟਰ ਬੱਚਿਆਂ ਨੂੰ ਪਹਿਲੇ ਹੀ ਛੁੱਟੀ ਕਰ ਦਿੰਦਾ ਹੈ ਤਾਂ ਕਿ ਕਿਧਰੇ ਬਾਰਸ਼ ਦੇ ਨਾਲ ਸਕੂਲ ਦੀ ਬਿਲਡਿੰਗ ਨਾ ਗਿਰ ਜਾਵੇ। ਉਹ ਆਪਣੀ ਜ਼ਿੰਮੇਵਾਰੀ ਤੋਂ ਬਚਣ ਲਈ ਸਕੂਲ ਵਿਚ ਪਹਿਲੇ ਹੀ ਛੁੱਟੀ ਕਰ ਦਿੰਦਾ ਹੈ। ਇਸ ਅੈਜੂਕੇਸ਼ਨ ਸਿਸਟਮ ਨੂੰ ਸਟਰੀਮਲਾਈਨ ਕਰਨ ਦੀ ਲੋੜ ਹੈ। ਅਗਰ ਸਾਡੇ ਸਕੂਲਾਂ ਦੀਆਂ ਨੀਹਾਂ ਪੱਕੀਆਂ ਹੋਣਗੀਆਂ, ਫੇਰ ਸਾਡੇ ਬੱਚਿਆਂ ਦੀ ਨੀਹਾਂ ਵੀ ਪੱਕੀਆਂ ਹੋਣਗੀਆਂ। ਸਰਕਾਰ ਨੂੰ ਪ੍ਰਾਈਵੇਟ ਸਕੂਲਾਂ ਨੂੰ ਰਿਕਗਨੀਸ਼ਨ ਨਹੀਂ ਦੇਣੀ ਚਾਹੀਦੀ ਅਤੇ ਪ੍ਰਾਈਵੇਟ ਸਕੂਲ ਬੰਦ ਕਰ ਦੇਣੇ ਚਾਹੀਦੇ ਹਨ। ਸਰਕਾਰ ਨੂੰ ਆਪਣੇ ਸਕੂਲਾਂ ਦਾ ਮਿਆਰ ਉੱਚਾ ਕਰਨਾ ਚਾਹੀਦਾ ਹੈ। ਦੂਜਾ ਜਿਹੜਾ ਸਰਕਾਰ ਨੇ ਹੁਣ ਇਹ ਫੈਸਲਾ ਕਰਕੇ ਪ੍ਰੀ ਅੈਂਟਰੈਂਸ ਟੈਸਟ ਨੂੰ ਬੰਦ ਕਰ ਦਿੱਤਾ ਹੈ, ਇਹ ਸਰਕਾਰ ਨੇ ਗਲਤ ਕੰਮ ਕੀਤਾ ਹੈ। ਮੈਡੀਕਲ ਅਤੇ ਇੰਜਨੀਅਰਿੰਗ ਕਲਾਸਿਜ਼ ਦੇ ਲਈ ਪ੍ਰੀ ਅੈਂਟਰੈਂਸ ਟੈਸਟ ਨੂੰ ਸਰਕਾਰ ਨੇ ਬੰਦ ਕਰਕੇ ਠੀਕ ਨਹੀਂ ਕੀਤਾ

Original with;
Punjab Vidhan Sabha
Digitized by;
Panjab Digital Library

ਹੈ । ਇਸ ਤਰੀਕੇ ਨਾਲ ਸਰਕਾਰ ਅਫਸਰ ਅਤੇ ਮਨਿਸਟਰਜ਼ ਆਪਣੇ ਬੱਚਿਆਂ ਨੂੰ ਨਕਲਾਂ ਕਰਵਾ ਕੇ ਬੋਰਡ ਦੇ ਵਿਚ ਮੈਰਿਟ ਲੈ ਕੇ ਕਾਲਜਾਂ ਦੇ ਵਿਚ ਦਾਖਲਾ ਦਿਵਾ ਸਕਣਗੇ ਅਤੇ ਜਿਹੜੇ ਬੱਚੇ ਸਹੀ ਮੈਰਿਟ ਤੇ ਆਉਣ ਵਾਲੇ ਹੋਣਗੇ, ਉਨ੍ਹਾਂ ਨੂੰ ਇਗਨੋਰ ਕੀਤਾ ਜਾਵੇਗਾ ਅਤੇ ਉਨ੍ਹਾਂ ਦੇ ਹੱਕਾਂ ਨੂੰ ਖੋਹ ਲਿਆ ਜਾਵੇਗਾ । ਹੁਣ ਗਲਤ ਤਰੀਕੇ ਨਾਲ ਅਫਸਰ ਅਤੇ ਮਨਿਸਟਰਜ਼ ਆਪਣੇ ਬੱਚਿਆਂ ਨੂੰ ਕਾਲਜਾਂ ਦੇ ਵਿਚ ਦਾਖਲਾ ਦਿਵਾਉਣਗੇ । ਇਸ ਫਾਰਮੂਲੇ ਨੂੰ ਮੇਰੀ ਪਾਰਟੀ ਕੰਡੇਮ ਕਰਦੀ ਹੈ ਅਤੇ ਇਹ ਫੈਸਲਾ ਸਰਕਾਰ ਨੂੰ ਵਾਪਿਸ ਲੈਣਾ ਚਾਹੀਦਾ ਹੈ । ਇਸ ਦੇ ਨਾਲ ਬੱਚਿਆਂ ਦਾ ਭਵਿੱਖ ਖਤਰੇ ਵਿਚ ਹੈ ।

1947 ਤੋਂ ਬਾਅਦ ਪੰਜਾਬ ਵਿਚ ਕਈ ਸਰਕਾਰਾਂ ਆਈਆਂ ਅਤੇ ਸਰਕਾਰਾਂ ਵਲੋਂ 3-4 ਵਾਰ ਹਾਊਸ ਦੇ ਵਿਚ ਆਸ਼ਵਾਸਨ ਵੀ ਦਿੱਤਾ ਗਿਆ ਕਿ ਸਰਕਾਰ ਰਿਜ਼ਰਵੇਸ਼ਨ ਐਕਟ ਪੰਜਾਬ ਦੀ ਅਸੈਂਬਲੀ ਵਿਚ ਲਿਆਵੇਗੀ ਅਤੇ ਸਰਕਾਰ ਨੇ ਵਾਅਦਾ ਵੀ ਕੀਤਾ ਸੀ ਕਿ ਇਸੇ ਸਾਲ ਇਸ ਸੈਸ਼ਨ ਵਿਚ ਰਿਜ਼ਰਵੇਸ਼ਨ ਐਕਟ ਲਿਆਦਾ ਜਾਵੇਗਾ । ਰਿਜ਼ਰਵੇਸ਼ਨ ਦੇਣ ਲਈ ਕਾਂਗਰਸ ਪਾਰਟੀ ਲੋਕਾਂ ਦੀਆਂ ਵੋਟਾਂ ਲੈਂਦੀ ਰਹੀ ਹੈ । ਇਸ ਲਈ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਵਾਅਦਾ ਪੂਰਾ ਕਰੇ, ਹਾਊਸ ਦੇ ਵਿਚ ਰਿਜ਼ਰਵੇਸ਼ਨ ਐਕਟ ਨੂੰ ਲਿਆ ਕੇ ਪਾਸ ਕਰੇ, ਲਾਗੂ ਕਰੇ ਅਤੇ ਸ਼ਡਿਊਲਡ ਕਾਸਟ ਲੋਕਾਂ ਦੀ ਵੈਲਫੇਅਰ ਵਾਸਤੇ ਕੰਮ ਕਰੇ । ਪਿਛੇ ਅਕਾਲੀ ਪਾਰਟੀ ਦੇ ਲੀਡਰ ਅਤੇ ਮਨਿਸਟਰ ਪਾਂਧੀ ਸਾਹਿਬ ਨੇ ਐਕਟ ਨੂੰ ਬਣਾ ਕੇ ਹਾਊਸ ਦੀ ਟੇਬਲ ਉਤੇ ਰੱਖਿਆ ਸੀ ਪਰ ਉਹ ਹਾਲੇ ਤੱਕ ਪਾਸ ਨਹੀਂ ਹੋਇਆ । ਇਹ ਸਰਕਾਰ ਪਿਛਲੇ 3 ਸਾਲਾਂ ਤੋ ਪੰਜਾਬ ਵਿਚ ਬਜਟ ਪੇਸ਼ ਕਰਦੀ ਰਹੀ ਹੈ ਪਰ ਵਾਰ ਵਾਰ ਲੋਕਾਂ ਨਾਲ ਰਿਜ਼ਰਵੇਸ਼ਨ ਐਕਟ ਉਤੇ ਧੋਖਾ ਕੀਤਾ ਜਾ ਰਿਹਾ ਹੈ । ਸਪੀਕਰ ਸਾਹਿਬ, ਸ਼ਡਿਊਲਡ ਕਾਸਟ ਮੁਲਾਜ਼ਮਾਂ ਦੀ ਪਰੋਮੋਸ਼ਨ ਇਸ ਕਰਕੇ ਰੋਕੀ ਜਾ ਰਹੀ ਹੈ ਕਿਉਂਕਿ ਉਨ੍ਹਾਂ ਦੀ ਏ. ਸੀ. ਆਰ, ਦੋ ਸਾਲ ਪਹਿਲਾਂ ਖਰਾਬ ਕਰ ਦਿੱਤੀ ਜਾਂਦੀ ਹੈ । ਇਹ ਏ. ਸੀ. ਆਰ. ਦੋ ਸਾਲ ਪਹਿਲਾਂ ਇਸ ਲਈ ਖਰਾਬ ਕੀਤੀ ਜਾਂਦੀ ਹੈ ਤਾਂ ਕਿ ਸ਼ਡਿਊਲਡ ਕਾਸਟ ਅਫਸਰ ਪਰੋਮੋਸ਼ਨ ਨਾ ਲੈ ਸਕੇ । ਸਰਕਾਰ ਦੀ ਸ਼ਡਿਊਲਡ ਕਾਸਟ ਅਫਸਰਾਂ ਬਾਰੇ ਗਲਤ ਨੀਤੀ ਹੈ । ਵੈਲਫੇਅਰ ਡਿਪਾਰਟਮੈਂਟ ਠੀਕ ਤਰੀਕੇ ਦੇ ਨਾਲ ਕੰਮ ਨਹੀਂ ਕਰਦਾ । ਮੈਂਬਰਾਂ ਦੀ ਇਕ ਕਮੇਟੀ ਬਣਾਉਣੀ ਚਾਹੀਦੀ ਹੈ ਤਾਂ ਕਿ ਉਹ ਕਮੇਟੀ ਹਰ ਡਿਪਾਰਟਮੈਂਟ ਨੂੰ ਘੋਖੇ ਅਤੇ ਦੇਖੇ ਕਿ ਕਿਤਨਾ ਬੈਕਲਾਗ ਪਰਾ ਹੋ ਚੁੱਕਾ ਹੈ ਅਤੇ ਕਿਤਨਾ ਬਾਕੀ ਰਹਿੰਦਾ ਹੈ । ਸ਼ਡਿਊਲਡ ਕਾਸਟ ਅਫਸਰਾਂ ਨੂੰ ਸਰਕਾਰ ਹੱਥ ਪਾਉਂਦੀ ਹੈ । ਸਰਕਾਰ ਇਨ੍ਹਾਂ ਦੇ ਨਾਲ ਇਮਾਨਦਾਰੀ ਦੇ ਨਾਲ ਕੰਮ ਨਹੀਂ ਕਰਦੀ। ਸਰਕਾਰ ਵਲੋਂ ਜੋ ਮੈਂਬਰਾਂ ਦੀ ਕਮੇਟੀ ਬਣਾਈ ਜਾਵੇ, ਉਸ ਨੂੰ ਪੂਰੀਆਂ ਪਾਵਰਾਂ ਦੇਣੀਆਂ ਚਾਹੀਦੀਆਂ ਹਨ । ਉਹ ਕਮੇਟੀ ਰਿਜ਼ਰਵੇਸ਼ਨ ਬਾਰੇ ਪਰਾ ਗੌਰ ਕਰੇ । ਇਹ ਲਾਰਾ ਖਾਸ ਕਰਕੇ ਤਿੰਨ ਸਾਲਾਂ ਤੋਂ ਚਲਿਆ ਆ ਰਿਹਾ ਹੈ । ਮੁੱਖ ਮੰਤਰੀ ਜੀ ਨੇ ਹਾਊਸ ਵਿਚ ਕਿਹਾ ਸੀ ਕਿ ਇਸ ਬਾਰੇ ਰਿਜ਼ਰਵੇਸ਼ਨ ਐਕਟ ਲਿਆਂਦਾ ਜਾਵੇਗਾ । ਚੰਗੀ ਗੱਲ ਹੈ ਜੇਕਰ ਇਹ ਰਿਜ਼ਰਵੇਸ਼ਨ ਐਕਟ ਲਿਆਉਣ । ਮੈਂ ਇਨ੍ਹਾਂ ਦਾ ਮਸ਼ਕੂਰ ਹੋਵਾਂਗਾ ਜੇਕਰ ਇਸੇ ਸੈਸ਼ਨ ਵਿਚ ਇਹ ਰਿਜ਼ਰਵੇਸ਼ਨ ਐਕਟ ਲਿਆਉਣ । ਵੈਲਫੇਅਰ ਡਿਪਾਰਟਮੈਂਟ ਸਾਰੇ ਵਿਭਾਗਾਂ ਤੇ ਕੰਟ੍ਰੋਲ ਕਰਦਾ ਹੈ । ਜਦੋਂ ਕੋਈ ਵੀ ਪੋਸਟ ਭਰੀ ਜਾਂਦੀ ਹੈ ਤਾਂ ਵੈਲਫੇਅਰ ਡਿਪਾਰਟਮੈਂਟ ਤੋਂ 'ਨੋ ਆਬਜੈਕਸ਼ਨ ਸਰਟੀਫਿਕੇਟ' ਨਹੀਂ ਲਿਆ ਜਾਂਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਜੋਪਾਲ ਸਿੰਘ]

ਅਤੇਬਾਅਦ ਵਿਚ ਕਹਿ ਦਿੰਦੇ ਹਨ ਕਿ ਇਹ ਪੋਸਟ ਡੀ-ਰਿਜ਼ਰਵ ਕੀਤੀ ਗਈ ਹੈ ਕਿਉਂਕਿ ਰਿਜ਼ਰਵੇਸ਼ਨ ਦਾ ਬੰਦਾ ਨਹੀਂ ਮਿਲਿਆ । ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸ਼ਡਿਊਲਡ ਕਾਸਟ ਅਫ਼ਸਰ ਦੀ ਪਰੋਮੋਸ਼ਨ ਦੀ ਵਾਰੀ ਆਉਂਦੀ ਹੈ ਤਾਂ ਉਸ ਦੇ ਖਿਲਾਫ਼ ਇਨਕੁਆਰੀ ਸ਼ੁਰੂ ਹੋ ਜਾਂਦੀ ਹੈ । ਜਦੋਂ ਕੋਈ ਪੋਸਟ ਇਨ੍ਹਾਂ ਨੂੰ ਦੇਣ ਲਈ ਭਰੀ ਜਾਣੀ ਹੁੰਦੀ ਹੈ ਤਾਂ ਮਹਿਕਮੇ ਵਲੋਂ ਪੋਸਟ ਨੂੰ ਡੀ-ਰਿਜ਼ਰਵ ਕੀਤਾ ਜਾਂਦਾ ਹੈ । ਇਹੋ ਜਿਹੀ ਘਿਨਾਉਣੀ ਹਾਲਤ ਹੋ ਜਾਂਦੀ ਹੈ ਅਤੇ ਬੰਦਾ ਦੁਖੀ ਹੋ ਜਾਂਦਾ ਹੈ । ਸ਼ਡਿਊਲਡ ਕਾਸਟਾਂ ਵਾਸਤੇ ਜੋ ਪਾਲਿਸੀਆਂ ਬਣਾਈਆਂ ਗਈਆਂ ਹਨ, ਉਨ੍ਹਾਂ ਤੇ ਵੀ ਸਰਕਾਰ ਵਲੋਂ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ ।

ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ । ਪੰਜਾਬ ਦੇ ਕਿਸਾਨਾਂ ਨੂੰ ਰਾਹਤ ਮਿਲਣੀ ਚਾਹੀਦੀ ਹੈ । ਪੰਜਾਬ ਦੇ ਅੰਦਰ ਬਿਜਲੀ ਕਿਸਾਨਾਂ ਨੂੰ 24 ਘੰਟੇ ਮਿਲਣੀ ਚਾਹੀਦੀ ਹੈ । ਕਿਸਾਨ ਸੋਚਦੇ ਹਨ ਕਿ ਸਾਡੀ ਫਸਲ ਸੁੱਕੀ ਨਾ ਰਹਿ ਜਾਵੇ । ਕਿਸਾਨਾਂ ਨੂੰ ਸਰਕਾਰ ਵਲੋਂ ਬਿਜਲੀ ਦੇਣ ਬਾਰੇ ਗਰੰਟੀ ਹੋਣੀ ਚਾਹੀਦੀ ਹੈ, ਤਾਂ ਕਿ ਉਹ ਕਿਸਾਨ ਠੀਕ ਫੈਸਲਾ ਕਰ ਲਵੇ । ਕਿਸਾਨਾਂ ਨੂੰ ਕਿਹਾ ਜਾ ਰਿਹਾ ਹੈ ਕਿ ਮੋਟਰਾਂ ਦੀ ਤਿਨ ਹਾਰਸ ਪਾਵਰ ਲੈਣ ਲਈ 5 ਹਾਰਸ ਪਾਵਰ ਦੀ ਸਿਕਿਉਰਿਟੀ ਭਾਰੋ । ਇਹ ਪੰਜਾਬ ਦੇ ਕਿਸਾਨਾਂ ਨਾਲ ਅਨਿਆ ਹੋ ਰਿਹਾ ਹੈ । ਕਿਸਾਨਾਂ ਨੂੰ ਜਿਣਸ ਦੇ ਰੇਟ ਵੀ ਠੀਕ ਨਹੀਂ ਮਿਲਦੇ । ਸਰਕਾਰ ਨੇ ਰੇਟ ਵਧਾਇਆ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਖੇਤ ਮਜ਼ਦੂਰ ਦਿਨ ਰਾਤ ਖੇਤਾਂ ਵਿਚ ਕੰਮ ਕਰਦੇ ਹਨ। ਖੇਤਾਂ ਵਿਚ ਮਿਹਨਤ ਕਰਕੇ ਜਿਣਸ ਲਿਆ ਕੇ ਕਿਸਾਨਾਂ ਨੂੰ ਦਿੰਦੇ ਹਨ । ਪਰ ਪੰਜਾਬ ਸਰਕਾਰ ਨੂੰ ਉਨ੍ਹਾਂ ਮਜ਼ਦੂਰਾਂ ਦੀ ਦਿਹਾੜੀ ਵਧਾਉਣ ਦਾ ਕੋਈ ਖਿਆਲ ਨਹੀਂ ਹੈ ।

ਸਪੀਕਰ ਸਾਹਿਬ, ਮੈਡੀਕਲ ਦੇ ਸਬੰਧ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਡਾਇਰੈਕਟਰ ਸਾਹਿਬ ਨੇ ਛਾਪਾ ਮਾਰਿਆ ਅਤੇ ਮੈਡੀਸਨ ਦੀ ਜਿਹੜੀ ਪਰਚੇਜ਼ ਸੀ, ਉਸ ਵਿਚ ਬੇਨਿਯਮੀਆਂ ਪਾਈਆਂ ਗਈਆਂ । ਕਈ ਅਫ਼ਸਰ ਇਸ ਦੇ ਸਿੱਟੇ ਵਜੋਂ ਸਸਪੈਂਡ ਕੀਤੇ ਗਏ । ਲੋਕਾਂ ਨੇ ਸ਼ੁਕਰੀਆ ਅਦਾ ਕੀਤਾ ਕਿ ਇਸ ਗੱਲ ਕਰਕੇ ਅਫ਼ਸਰ ਸਸਪੈਂਡ ਕੀਤੇ ਗਏ ਹਨ । ਪਰ ਕੁਝ ਹੀ ਦਿਨਾਂ ਮਗਰੋਂ ਉਨ੍ਹਾਂ ਨੂੰ ਫੇਰ ਬਹਾਲ ਕਰ ਦਿੱਤਾ ਗਿਆ । ਉਸ ਦੀ ਇਨਕੁਆਇਰੀ ਹਾਲੇ ਪੈਂਡਿੰਗ ਹੈ । ਸਪੀਕਰ ਸਾਹਿਬ, ਮੈਂ ਕਹਿਣਾ ਇਹ ਚਾਹੁੰਦਾ ਹਾਂ ਕਿ ਜ਼ਿਲ੍ਹਾ ਪੱਧਰ ਤੇ ਮੈਡੀਸਨ ਪਰਚੇਜ਼ ਕਰਨ ਲਈ ਜੋ ਸਰਕਾਰ ਪਰਚੇਜ਼ ਕਮੇਟੀਆਂ ਅਫ਼ਸਰਾਂ ਦੀਆਂ ਬਣਾਉਂਦੀ ਹੈ, ਉਨ੍ਹਾਂ ਵਿਚ ਇਕ ਪਬਲਿਕ ਦਾ ਨੁਮਾਇੰਦਾ ਵੀ ਹੋਣਾ ਚਾਹੀਦਾ ਹੈ । ਇਕੱਲੇ ਅਫ਼ਸਰ ਹੀ ਨਹੀਂ ਹੋਣੇ ਚਾਹੀਦੇ । ਕੋਈ ਵੀ ਪ੍ਰਾਈਵੇਟ ਨੁਮਾਇੰਦਾ ਹੋਵੇ, ਚਾਹੇ ਕੋਈ ਸੋਸ਼ਲ ਵਰਕਰ ਹੀ ਹੋਵੇ ਤਾਂ ਕਿ ਅਫ਼ਸਰਾਂ ਨੂੰ ਇਸ ਗੱਲ ਦਾ ਡਰ ਹੋਵੇ ਕਿ ਅਗਰ ਗਲਤ ਦਵਾਈਆਂ ਖਰੀਦੀਆਂ ਗਈਆਂ ਜਾਂ ਦਵਾਈਆਂ ਘੱਟ ਰੇਟ ਵਾਲੀਆਂ ਖਰੀਦੀਆਂ ਗਈਆਂ ਤਾਂ ਪਬਲਿਕ ਦਾ ਨੁਮਾਇੰਦਾ ਬਾਹਰ ਜਾ ਕੇ ਦੱਸੇਗਾ ਅਤੇ ਸਰਕਾਰ ਦੇ ਧਿਆਨ ਵਿਚ ਇਹ ਗੱਲ ਲਿਆ ਦੇਵੇਗਾ । ਸਰਕਾਰ ਦਾ ਜਿਹੜਾ ਧਨ ਲੋਕਾਂ ਲਈ ਦਵਾਈਆਂ ਖਰੀਦਣ ਵਾਸਤੇ ਖਰਚ ਹੋਣਾ ਚਾਹੀਦਾ ਹੈ, ਉਹ ਠੀਕ ਤਰੀਕੇ ਨਾਲ ਖਰਚ ਹੋਣਾ ਚਾਹੀਦਾ ਹੈ । ਮਗਰ ਪੰਜਾਬ ਦੇਅੰਦਰ ਸਰਕਾਰ ਜੋ ਦਵਾਈਆਂ

Original with;
Punjab Vidhan Sabha
Digitized by;
Punjab Digital Library

ਸਪਲਾਈ ਕਰਦੀ ਹੈ ਜਾਂ ਸਪਲਾਈ ਕਰਨ ਤੋਂ ਬਾਅਦ ਦੇਣ ਦਾ ਜਿਹੜਾ ਸਵਾਲ ਹੈ, ਇਹ ਹਾਲੇ ਤੱਕ ਵੀ ਸਰਕਾਰ ਦੇ ਨੋਟਿਸ ਵਿਚ ਨਹੀਂ ਆਇਆ । ਪੰਜਾਬ ਦਾ ਕੋਈ ਹਸਪਤਾਲ ਅਜਿਹਾ ਨਹੀਂ ਹੋਣਾ ਜਿਥੇ ਠੀਕ ਤਰੀਕੇ ਨਾਲ ਸਰਕਾਰ ਦੇ ਪੈਸਿਆਂ ਦੀਆਂ ਦਿੱਤੀਆਂ ਹੋਈਆਂ ਦਵਾਈਆਂ ਲੋਕਾਂ ਨੂੰ ਮਿਲਦੀਆਂ ਹੋਣ । ਸਪੀਕਰ ਸਾਹਿਬ, ਮੈਂ ਇਹੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਜ਼ਿਲ੍ਹਾ ਪੱਧਰ ਤੇ ਜਿਹੜੀਆਂ ਪਰਚੇਜ਼ ਕਮੇਟੀਆਂ ਅਫ਼ਸਰਾਂ ਦੀਆਂ ਬਣਾਈਆਂ ਜਾਂਦੀਆਂ ਹਨ, ਉਨ੍ਹਾਂ ਵਿਚ ਪਬਲਿਕ ਦਾ ਨਮਾਇੰਦਾ ਹੋਣਾ ਚਾਹੀਦਾ ਹੈ ।

ਦੂਜੇ ਪਾਸੇ ਇਹ ਕਿਹਾ ਜਾਂਦਾ ਹੈ ਕਿ ਸਰਕਾਰ ਹਰ ਡਿਪਾਰਟਮੈਂਟ ਲਈ ਸੋਚ ਰਹੀ ਹੈ । ਇਸ ਲਈ ਵੀ ਸਰਕਾਰ ਨੂੰ ਐਂਟੀ ਕੁਰੱਪਸ਼ਨ ਕਮੇਟੀਆਂ ਬਣਾਉਣੀਆਂ ਚਾਹੀਦੀਆਂ ਹਨ । ਤੁਸੀਂ ਵੀ ਪੜ੍ਹਿਆ ਹੋਣਾ ਹੈ ਕਈ ਅਖਬਾਰਾਂ ਵਿਚ ਆਇਆ ਹੈ, ਰਸਾਲਿਆਂ ਵਿਚ ਆਇਆ ਹੈ ਕਿ ਪੰਜਾਬ ਸਰਕਾਰ 1947 ਤੋਂ ਬਾਅਦ ਸਭ ਤੋਂ ਭ੍ਰਿਸ਼ਟ ਸਰਕਾਰ ਗਿਣੀ ਗਈ ਹੈ । ਅਗਰ ਸਰਕਾਰ ਸਹੀ ਤਰੀਕੇ ਨਾਲ ਪੈਸਾ ਖਰਚਣਾ ਚਾਹੁੰਦੀ ਹੈ ਤਾਂ ਐਂਟੀ ਕੁਰੱਪਸ਼ਨ ਕਮੇਟੀਆਂ ਜ਼ਿਲ੍ਹਾ ਪੱਧਰ ਤੇ ਬਣਾ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਅਫ਼ਸਰ ਡਰਦੇ ਰਹਿਣ ਕਿ ਕੁਰੱਪਸ਼ਨ ਕਰਾਂਗੇ ਤਾਂ ਪਬਲਿਕ ਦਾ ਨੁਮਾਇੰਦਾ ਜਾਂ ਜਿਹੜੇ ਵੀ ਇਕ ਦੋ ਨੁਮਾਇੰਦੇ ਹਨ, ਉਹ ਬਾਹਰ ਦੱਸ ਦੇਣਗੇ । ਇਨ੍ਹਾਂ ਕਮੇਟੀਆਂ ਵਿਚ ਪਬਲਿਕ ਨੂੰ ਪ੍ਰਤੀਨਿਧਤਾ ਦਿੱਤੀ ਜਾਵੇ ਤਾਂ ਹੀ ਸਰਕਾਰ ਦਾ ਸੁਧਾਰ ਹੋ ਸਕਦਾ ਹੈ । ਸ਼ਾਇਦ ਸਰਕਾਰ ਹੁਣ ਸੋਚਦੀ ਹੋਵੇਗੀ ਕਿ ਆਪੋਜ਼ੀਸ਼ਨ ਦਾ ਐਮ. ਐਲ. ਏ. ਹੈ, ਇਸ ਨੇ ਤਾਂ ਸਰਕਾਰ ਨੂੰ ਕੁਰੱਪਟ ਹੀ ਕਹਿਣਾ ਹੈ । ਮੈਂ ਇਹ ਪੁਆਇੰਟ ਲਿਆਉਣਾ ਚਾਹੁੰਦਾ ਹਾਂ ਕਿ ਜੇ ਕਿਸੇ ਕੰਮ ਤੇ ਸਰਕਾਰ ਲੱਖ ਰੁਪਿਆ ਖਰਚਦੀ ਹੈ ਤਾਂ ਸਰਕਾਰ ਦਾ ਇਹ ਵੀ ਫਰਜ਼ ਬਣਦਾ ਹੈ ਕਿ ਉਸ ਨੂੰ ਚੈੱਕ ਕਰੇ । ਜਦੋਂ ਜ਼ਿਲ੍ਹਾ ਪੱਧਰ ਤੇ ਪਲਾਨਿੰਗ ਬੋਰਡ ਜਾਂ ਗਰੀਵੈਂਸਿਜ਼ ਕਮੇਟੀਆਂ ਬਣਾਈਆਂ ਜਾਂਦੀਆਂ ਹਨ ਤਾਂ ਐਂਟੀ ਕੁਰੱਪਸ਼ਨ ਕਮੇਟੀਆਂ ਵੀ ਬਣਾਈਆਂ ਜਾਣੀਆਂ ਚਾਹੀਦੀਆਂ ਹਨ ਤਾਂ ਕਿ ਸਰਕਾਰ ਜੋ ਧਨ ਲੋਕਾਂ ਤੱਕ ਲਿਜਾਣਾ ਚਾਹੁੰਦੀ ਹੈ, ਦਵਾਈਆਂ ਖਰੀਦ ਕੇ ਦੇਣਾ ਚਾਹੁੰਦੀ ਹੈ, ਉਹ ਠੀਕ ਤਰੀਕੇ ਨਾਲ ਖਰਚ ਹੋਵੇ ਅਤੇ ਉਸ ਧਨ ਦੀ ਸਹੀ ਇੰਪਲੀਮੈਂਟੇਸ਼ਨ ਹੋਵੇ ।

ANNOUNCEMENT BY THE SPEAKER

ਸ਼੍ਰੀ ਸਪੀਕਰ: ਹਰਗੋਪਾਲ ਸਿੰਘ ਜੀ, ਇਕ ਮਿੰਟ ਤੁਸੀਂ ਬੈਠੋ ।

I have to make a very important announcement. ਕਿਸੇ ਵੇਲੇ ਕਿਸੇ ਮੈਂਬਰ ਸਾਹਿਬ ਨੂੰ ਗਲਤ ਫਹਿਮੀ ਵਿਚ ਬਹੁਤ ਟਾਈਮ ਦਿੱਤਾ ਗਿਆ, ਉਸ ਦੇ ਮੁਕਾਬਲੇ ਇਹ ਸਮਝਦੇ ਹਨ ਕਿ ਸਾਨੂੰ ਟਾਈਮ ਘੱਟ ਦਿੱਤਾ ਗਿਆ ਹੈ । ਇਹ ਫੇਰ ਪ੍ਰੋਟੈਸਟ ਕਰਦੇ ਹਨ । ਮੈਂ ਚਾਹੁੰਦਾ ਹਾਂ ਕਿ ਸਾਰਿਆਂ ਨਾਲ ਇਨਸਾਫ ਹੋਵੇ । ਇਸ ਕਰਕੇ ਤੁਹਾਨੂੰ ਟਾਈਮ ਦੱਸਿਆ ਜਾ ਰਿਹਾ ਹੈ ਕਿ ਹਰ ਪਾਰਟੀ ਦੇ ਹਿੱਸੇ ਵਿਚ ਕਿੰਨਾ ਟਾਈਮ ਆਉਂਦਾ ਹੈ ।

Original with;
Punjab Vidhan Sabha
Digitized by;

[ਸ਼੍ਰੀ ਸਪੀਕਰ]

ਇਸ ਲਈ ਕ੍ਰਿਪਾ ਕਰਕੇ ਆਪਣੇ ਆਪਣੇ ਗਰੁੱਪ ਦੇ ਸਾਰੇ ਲੀਡਰ ਸਾਹਿਬਾਨ ਇਸ ਗੱਲ ਦਾ ਖਿਆਲ ਰੱਖਣਗੇ ਕਿ ਉਨ੍ਹਾਂ ਦੇ ਮੈਂਬਰ ਆਪਣੇ ਸਮੇਂ ਦੇ ਅੰਦਰ ਹੀ ਬੋਲਣ । ਕਾਂਗਰਸ ਪਾਰਟੀ ਨੂੰ ਟੋਟਲ 9 ਘੰਟੇ 55 ਮਿੰਟ, ਬੀ. ਐਸ. ਪੀ. ਨੂੰ 1 ਘੰਟਾ 3 ਮਿੰਟ, ਬੀ. ਜੇ. ਪੀ. ਨੂੰ 28 ਮਿੰਟ, ਸੀ. ਪੀ. ਆਈ. ਨੂੰ 28 ਮਿੰਟ, ਸੀ. ਪੀ. ਆਈ. (ਐਮ) ਨੂੰ 7 ਮਿੰਟ, ਸ਼੍ਰੋਮਣੀ ਅਕਾਲੀ ਦਲ ਨੂੰ 21 ਮਿੰਟ, ਜਨਤਾ ਦਲ ਨੂੰ 7 ਮਿੰਟ ਅਤੇ ਇੰਡੀਪੈਂਡੈਂਟਸ ਨੂੰ 7 ਮਿੰਟ ਦੀਚ ਟਾਈਮ ਦਿੱਤਾ ਜਾਂਦਾ ਹੈ ।

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਜੇ 9 ਘੰਟੇ ਤੁਸੀਂ ਦੇ ਦਿੱਤੇ ਕਾਂਗਰਸ ਪਾਰਟੀ ਨੂੰ ਜਿਨ੍ਹਾਂ ਦਾ ਬਜਟ ਹੈ ਅਤੇ 28 ਮਿੰਟ ਸਾਨੂੰ ਦੇ ਦਿੱਤੇ ਤਾਂ ਤੁਸੀਂ ਵੈਸੇ ਹੀ ਬਜਟ ਪਾਸ ਕਰ ਲਓ । There is no need to speak. We do not want to comment on this Budget. At least my party would not participate. 28 ਮਿੰਟ ਵਿਚ ਪੂਰੀ ਗੱਲ ਨਹੀਂ ਕੀਤੀ ਜਾ ਸਕਦੀ । That will not be a Justice. 28 ਮਿੰਟ ਵਿਚ ਅਸੀਂ ਕਨਕਲੂਡ ਨਹੀਂ ਕਹ ਸਕਦੇ । ਅਗਰ ਤੁਸੀਂ ਚਾਹੁੰਦੇ ਹੋ ਤਾਂ ਅਸੀਂ ਆਪਣੀ ਗੱਲ 5 ਮਿੰਟ ਵਿਚ ਹੀ ਕਹਿ ਦਿਆਂਗੇ । ਹਾਂ, ਅਗਰ ਤੁਸੀਂ ਚਾਹੁੰਦੇ ਹੋ ਕਿ ਸਰਕਾਰ ਦੀਆਂ ਨੀਤੀਆਂ ਤੇ ਵਿਰੋਧੀ ਪਾਰਟੀਆਂ ਦਾ ਮਤ ਆਵੇ ਜੋ ਤੁਸੀਂ ਚਾਹੁੰਦੇ ਰਹੇ ਹੋ, ਸੀ ਐਮ. ਸਾਹਿਬ ਅਤੇ ਐਫ. ਐਮ. ਸਾਹਿਬ ਵੀ ਇਸ ਗੱਲ ਦਾ ਵੈਲਕਮ ਕਰਦੇ ਰਹੇ ਹਨ ਕਿ ਮਤ ਆਉਣਾ ਚਾਹੀਦਾ ਹੈ ਤਾਂ ਕਿ ਖਾਮੀਆਂ ਦੂਰ ਕੀਤੀਆਂ ਜਾ ਸਕਣ ਤਾਂ ਸਾਨੂੰ ਜ਼ਿਆਦਾ ਟਾਈਮ ਮਿਲਣਾ ਚਾਹੀਦਾ ਹੈ । ਬਾਕੀ ਜਿਥੋਂ ਤੱਕ ਵਾਕ-ਆਊਟ ਕਰਨ ਦਾ ਸਵਾਲ ਹੈ, ਮੈਂ ਐਸ਼ਿਓਰ ਕਰਦਾ ਹਾਂ ਕਿ ਸਾਡੇ ਮੈਂਬਰ ਤੁਹਾਨੂੰ ਕੋਆਪਰੇਟ ਕਰਨਗੇ ।

ਸ਼੍ਰੀ ਸਪੀਕਰ: ਇਸ ਗੱਲ ਦਾ ਸ਼ੁਕਰੀਆ ਕਿ ਤੁਸੀਂ ਐਸ਼ਿਓਰ ਕੀਤਾ ਹੈ । ਲੇਕਿਨ ਮੈਂ ਤੁਹਾਨੂੰ ਦੱਸਿਆ ਹੈ ਕਿ ਏਨਾ ਟਾਈਮ ਬਣਦਾ ਹੈ । ਕਿਉਂਕਿ ਲੀਡਰ ਆਫ ਦੀ ਹਾਊਸ ਦੀ ਆਪਣੀ ਪਾਰਟੀ ਦਾ ਟਾਈਮ ਜ਼ਿਆਦਾ ਹੈ, ਇਸ ਕਰਕੇ ਅਗਰ ਉਹ ਆਪਣੇ ਟਾਈਮ ਵਿਚੋਂ ਕੁਝ ਟਾਈਮ ਅਪੋਜ਼ੀਸ਼ਨ ਨੂੰ ਦੇਣਾ ਚਾਹੁਣ ਜਿਸ ਤਰ੍ਹਾਂ ਕਿ ਉਹ ਪਹਿਲਾਂ ਵੀ ਕਰਦੇ ਰਹੇ ਹਨ, ਤਾਂ ਮੈਂ ਡੈਫੀਨਿਟਲੀ ਉਸ ਦੇ ਮੁਤਾਬਿਕ ਆਪੋਜ਼ੀਸ਼ਨ ਨੂੰ ਕੁਝ ਟਾਈਮ ਜ਼ਿਆਦਾ ਦਿਆਂਗਾ । ਇਹ ਅਨਾਊਂਸਮੈਂਟ ਸਿਰਫ ਆਪੋਜ਼ੀਸ਼ਨ ਦੀ ਗਲਤ ਫਹਿਮੀ ਦੂਰ ਕਰਨ ਵਾਸਤੇ ਹੈ ਜੋ ਉਹ ਕਹਿੰਦੇ ਹਨ ਕਿ ਸਾਨੂੰ ਠੀਕ ਟਾਈਮ ਨਹੀਂ ਦਿੱਤਾ ਜਾ ਰਿਹਾ । ਉਨ੍ਹਾਂ ਨੂੰ ਟਾਈਮ ਹੁਣ ਵੀ ਦਿੱਤਾ ਜਾਵੇਗਾ ।

ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ): ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਇਥੇ ਇਹ ਗੱਲ ਪਹਿਲਾਂ ਵੀ ਦੱਸੀ ਸੀ ਕਿ ਜਿੰਨਾ ਟਾਈਮ ਇਨ੍ਹਾਂ ਦਾ ਮੁਕੱਰਰ ਹੋਇਆ ਹੈ, ਉਸ ਤੋਂ ਜ਼ਿਆਦਾ ਟਾਈਮ ਤੁਸੀਂ ਇਨ੍ਹਾਂ ਨੂੰ ਦਿੱਤਾ ਹੈ । ਸਾਨੂੰ ਇਸ ਤੇ ਕੋਈ ਆਬਜੈਕਸ਼ਨ ਨਹੀਂ ਹੈ ਕਿਉਂਕਿ ਅਗਰ ਕੋਈ ਹੈਲਦੀ ਕ੍ਰਿਟੀਸਿਜ਼ਮ ਇਥੇ ਆਉਂਦੀ ਹੈ ਤਾਂ ਅਸੀਂ ਹਮੇਸ਼ਾ ਉਸ ਦਾ ਵੈਲਕਮ ਕਰਦੇ ਰਹੇ ਹਾਂ ਅਤੇ ਕਰਦੇ ਰਹਾਂਗੇ ਲੇਕਿਨ ਬੀਤੇ ਦਿਨ ਆਪੋਜ਼ੀਸ਼ਨ ਦੇ ਕੁਝ ਮੈਂਬਰ ਸਾਹਿਬਾਨ ਇਹ ਗੱਲ ਕਹਿ ਕੇ ਵਾਕ-ਆਊਟ ਕਰ ਗਏ ਕਿ ਸਾਨੂੰ ਟਾਈਮ ਨਹੀਂ ਦਿੱਤਾ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪੋਜ਼ੀਸ਼ਨ ਨੂੰ

Original with;
Punjab Vidhan Sabha
Digitized by;
Panjab Digital Library

ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਇਸ ਤਰ੍ਹਾਂ ਛੋਟੀ ਛੋਟੀ ਗੱਲ ਤੇ ਵਾਕ-ਆਊਟ ਨਾ ਕਰਿਆ ਕਰਨ । ਇਹ ਮੇਰਾ ਸੁਝਾਉ ਹੈ । ਸਾਨੂੰ ਇਨ੍ਹਾਂ ਦੇ ਬੋਲਣ ਤੇ ਕੋਈ ਆਬਜੈਕਸ਼ਨ ਨਹੀਂ ਹੈ ਅਤੇ ਨਾ ਹੀ ਆਬਜੈਕਸ਼ਨ ਕਰਾਂਗੇ । ਅਗਰ ਇਹ ਹੈਲਦੀ ਕ੍ਰਿਟੀਸਿਜ਼ਮ ਕਰਨਗੇ ਤਾਂ ਜ਼ਿਆਦਾ ਸਮਾਂ ਲੈ ਲਿਆ ਕਰਨਗੇ । ਸਮੇਂ ਦਾ ਵੇਹਵਾ ਤਾਂ ਅੱਗੇ ਕਦੇ ਪਿਆ ਹੀ ਨਹੀਂ । ਸਪੀਕਰ ਸਾਹਿਬ, ਤੁਹਾਨੂੰ ਵੀ ਯਾਦ ਹੋਵਗਾ ਕਿ ਜਿਸ ਦਿਨ ਮੈਂ ਇਥੇ ਗਵਰਨਰ ਐਡਰੈੱਸ ਨੂੰ ਸਮਾਪਤ ਕਰ ਰਿਹਾ ਸੀ ਅੌਰ ਮੈਂ ਬੋਲਣਾ ਸੀ ਤਾਂ ਮੈਂ ਖੁਦ ਆਖਿਆ ਸੀ ਕਿ ਇਨ੍ਹਾਂ ਨੂੰ ਅੱਧਾ ਘੰਟਾ ਟਾਈਮ ਹੋਰ ਦਿਓ । ਇਸ ਕਰਕੇ ਮੈਂ ਇਨ੍ਹਾਂ ਦਾ ਸਤਿਕਾਰ ਕਰਦਾ ਹਾਂ ਲੇਕਿਨ ਇਨ੍ਹਾਂ ਨੂੰ ਵੀ ਚਾਹੀਦਾ ਹੈ ਜੋ ਹਾਊਸ ਦੀ ਮਰਿਆਦਾ ਹੈ, ਉਸ ਨੂੰ ਇਹ ਜ਼ਰੂਰ ਮੇਨਟੇਨ ਕਰਨ । ਇਹ ਮੇਰੀ ਬੇਨਤੀ ਹੈ ।

GENERAL DISCUSSION ON THE BUDGET ESTIMATES FOR THE YEAR 1995-96 (*Resumption*)

ਸਰਦਾਰ ਹਰਗੋਪਾਲ ਸਿੰਘ: ਸਪੀਕਰ ਸਾਹਿਬ, ਮੈਂ ਵੈਲਫੇਅਰ ਡਿਪਾਰਟਮੈਂਟ ਦੀ ਗੱਲ ਕਰ ਰਿਹਾ ਸੀ ਕਿ ਜਿਥੇ ਸਰਕਾਰ ਨੇ ਗਰੀਬ ਲੋਕਾਂ ਨੂੰ ਅਪਲਿਫਟ ਕਰਨ ਲਈ ਕਈ ਤਰ੍ਹਾਂ ਦੀਆਂ ਵਧੀਆ ਸਕੀਮਾਂ ਬਣਾਈਆਂ ਹਨ, ਉਥੇ ਹਰੇਕ ਪਿੰਡ ਵਿਚ ਇਕ ਧਰਮਸ਼ਾਲਾ ਬਣਾਉਣ ਦੀ ਸਕੀਮ ਵੀ ਠੀਕ ਚਲਾਈ ਹੈ । ਲੇਕਿਨ ਇਸ ਮਹਿੰਗਾਈ ਨੂੰ ਵੇਖਦੇ ਹੋਏ ਇਹ 30 ਹਜ਼ਾਰ ਰੁਪਏ ਦੀ ਗ੍ਰਾਂਟ ਨੂੰ ਵਧਾ ਕੇ 50 ਹਜ਼ਾਰ ਰੁਪਏ ਕਰਨਾ ਚਾਹੀਦਾ ਹੈ । ਇਸ ਦੇ ਨਾਲ ਹੀ ਰਿਪੇਅਰ ਦੀ ਗ੍ਰਾਂਟ ਨੂੰ ਵਧਾ ਕੇ 10 ਹਜ਼ਾਰ ਰੁਪਏ ਤੋਂ 20 ਹਜ਼ਾਰ ਰੁਪਏ ਕਰਨਾ ਚਾਹੀਦਾ ਹੈ । ਇਸੇ ਤਰ੍ਹਾਂ ਹੀ ਬੇਘਰੇ ਲੋਕਾਂ ਦੀ ਸਕੀਮ ਹੈ ਕਿ ਉਨ੍ਹਾਂ ਨੂੰ ਘਰ ਬਣਾਉਣ ਵਾਸਤੇ 7 ਹਜ਼ਾਰ ਰੁਪਿਆ ਸਰਕਾਰ ਦੇਵੇਗੀ ਅਤੇ ਢਾਈ ਹਜ਼ਾਰ ਜਾਂ ਤਿੰਨ ਹਜ਼ਾਰ ਰੁਪਿਆ ਉਹ ਆਦਮੀ ਆਪਣੇ ਕੋਲੋਂ ਪਾਵੇਗਾ ਲੇਕਿਨ ਮੇਰੀ ਬੇਨਤੀ ਹੈ ਕਿ ਜਿਹੜਾ ਬੰਦਾ ਪਹਿਲਾਂ ਹੀ ਬੇਘਰ ਹੈ, ਉਹ ਕੋਈ ਪੈਸਾ ਆਪਣੇ ਕੋਲੋਂ ਨਹੀਂ ਪਾ ਸਕਦਾ । ਜੇ ਉਸ ਵਿਚ ਇੰਨੀ ਕੁ ਹਿੰਮਤ ਹੁੰਦੀ ਤਾਂ ਫਿਰ ਉਹ ਆਪਣਾ ਘਰ ਆਪ ਹੀ ਬਣਾ ਸਕਦਾ ਸੀ, ਉਸ ਨੂੰ ਸਰਕਾਰ ਵੱਲ ਵੇਖਣ ਦੀ ਕੀ ਲੋੜ ਸੀ । ਮੇਰੀ ਸਰਕਾਰ ਅੱਗੇ ਬੇਨਤੀ ਹੈ ਕਿ ਇਸ ਗੱਲ ਨੂੰ ਧਿਆਨ ਵਿਚ ਰੱਖਿਆ ਜਾਵੇ ਅਤੇ ਉਨ੍ਹਾਂ ਲੋਕਾਂ ਨੂੰ ਆਪਣੇ ਕੋਲੋਂ ਕੋਈ ਪੈਸਾ ਪਾਉਣ ਵਾਸਤੇ ਨਾ ਕਿਹਾ ਜਾਵੇ । ਇਹ ਚੀਜ਼ ਖਤਮ ਕੀਤੀ ਜਾਵੇ ਅਤੇ ਸਾਰਾ ਪੈਸਾ ਸਰਕਾਰ ਹੀ ਲਾਵੇ । ਇਸ ਦੇ ਨਾਲ ਹੀ ਇਹ ਗ੍ਰਾਂਟ ਉਨ੍ਹਾਂ ਲੋਕਾਂ ਨੂੰ ਹੀ ਦਿੱਤੀ ਜਾਵੇ ਜਿਹੜੇ ਸਚਮੁੱਚ ਬੇਘਰੇ ਹਨ ਜਾਂ ਜਿਨ੍ਹਾਂ ਦੇ ਮਕਾਨ ਕੱਚੇ ਹਨ ।

ਪੈਨਸ਼ਨ ਸਕੀਮ ਬਾਰੇ ਦੱਸਿਆ ਗਿਆ ਹੈ ਕਿ ਇਹ 100 ਰੁਪਏ ਤੋਂ ਵਧਾ ਕੇ 200 ਰੁਪਏ ਕਰ ਦਿੱਤੀ ਹੈ । 200 ਰੁਪਏ ਮਹੀਨੇ ਦੇ ਹਿਸਾਬ ਨਾਲ ਇਕ ਦਿਨ ਦੇ ਸਾਢੇ ਛੇ ਰੁਪਏ ਬਣਦੇ ਹਨ । ਇੰਨੇ ਥੋੜ੍ਹੇ ਪੈਸੇ ਨਾਲ ਤਾਂ ਕੋਈ ਇਕ ਡੰਗ ਦੀ ਰੋਟੀ ਵੀ ਨਹੀਂ ਖਾ ਸਕਦਾ, ਤਿੰਨ ਟਾਈਮ ਦੀ ਰੋਟੀ ਖਾਣੀ ਤਾਂ ਬੜੀ ਦੂਰ ਦੀ ਗੱਲ ਹੈ । ਇਸ ਕਰਕੇ ਪੈਨਸ਼ਨ ਘਟੋ ਘਟ 300 ਰੁਪਏ ਮਹੀਨਾ ਕਰਨੀ ਚਾਹੀਦੀ ਹੈ ਕਿਉਂਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਗੋਪਾਲ ਸਿੰਘ]

ਕੋਈ ਵੀ ਉਲਡ ਏਜ ਆਦਮੀ ਹੈ ਜਾਂ ਵਿਧਵਾ ਹੈ, ਉਹ 6 ਰੁਪਏ ਦਿਹਾੜੀ ਨਾਲ ਗੁਜ਼ਾਰਾ ਨਹੀਂ ਕਰ ਸਕਦਾ । ਸੋ, ਬਿਹਤਰ ਤਾਂ ਇਹ ਹੈ ਕਿ ਇਸ ਨੂੰ ਵਧਾ ਕੇ 500 ਰੁਪਏ ਕਰ ਦਿੱਤਾ ਜਾਵੇ ਲੇਕਿਨ 300 ਰੁਪਏ ਜਾਂ 400 ਰੁਪਏ ਤਾਂ ਜ਼ਰੂਰ ਹੀ ਕਰ ਦੇਣਾ ਚਾਹੀਦਾ ਹੈ

ਜਿਥੋਂ ਤੱਕ ਫਰੀ ਐਜੂਕੇਸ਼ਨ ਦੇਣ ਦਾ ਸਵਾਲ ਹੈ, ਹਰਿਆਣਾ ਸਰਕਾਰ ਨੇ ਬੀ .ਏ. ਤੱਕ ਐਜੂਕੇਸ਼ਨ ਫਰੀ ਕੀਤੀ ਹੈ ਲੇਕਿਨ ਪੰਜਾਬ ਸਰਕਾਰ ਨੇ ਇਹ ਫਰੀ ਐਜੂਕੇਸ਼ਨ ਬੀ. ਏ. ਤੱਕ ਨਹੀਂ ਕੀਤੀ । ਜੇ ਅਸੀਂ ਆਪਣੀ ਐਜੂਕੇਸ਼ਨ ਦੇ ਮਿਆਰ ਨੂੰ ਉਚਾ ਚੁੱਕਣਾ ਹੈ ਤਾਂ ਸਾਨੂੰ ਇਸ ਵੱਲ ਵਧ ਤੋਂ ਵਧ ਧਿਆਨ ਦੇਣਾ ਚਾਹੀਦਾ ਹੈ । ਪੰਜਾਬ ਵਿਚ ਬੀ. ਏ. ਤੱਕ ਫਰੀ ਐਜੂਕੇਸ਼ਨ ਹੋਣੀ ਚਾਹੀਦੀ ਹੈ ਤਾਂ ਕਿ ਸਿੱਖਿਆ ਦੇ ਮਾਮਲੇ ਵਿਚ ਅਸੀਂ ਤਾਮਿਲਨਾਡੂ ਜਾਂ ਕੇਰਲਾ ਦਾ ਮੁਕਾਬਲਾ ਕਰ ਸਕੀਏ । ਇਸ ਤੋਂ ਇਲਾਵਾ ਇਹ ਜਿਹੜੀ ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ ਨੂੰ ਆਈ. ਏ. ਐਸ. ਜਾਂ ਪੀ. ਸੀ ਐਸ. ਵਾਸਤੇ ਕੋਚਿੰਗ ਦਿੱਤੀ ਜਾਂਦੀ ਹੈ, ਇਸ ਵਿਚ ਕੁਝ ਕਮੀਆਂ ਪਾਈਆਂ ਗਈਆਂ ਹਨ । ਮੈਂ ਵੀ ਬਟਾਲੇ ਵਿਚ ਕੋਚਿੰਗ ਲਈ ਹੈ । ਇਸ ਕੰਮ ਵਾਸਤੇ ਜਿਹੜੇ ਟੀਚਰ ਲਗਾਏ ਗਏ ਹਨ, ਉਹ ਟੈਂਪਰੇਰੀ ਰੱਖੇ ਜਾਂਦੇ ਹਨ । ਜਿਹੜੀ ਮੁਹਾਲੀ ਦੇ ਵਿੱਚ ਇਸੇ ਤਰ੍ਹਾਂ ਦੀ ਕੋਚਿੰਗ ਸ਼ੁਰੂ ਕੀਤੀ ਗਈ ਹੈ, ਉਥੇ ਵੀ ਟੈਂਪਰੇਰੀ ਟੀਚਰ ਰੱਖੇ ਹਨ । ਟੈਂਪਰੇਰੀ ਹੋਣ ਕਰਕੇ ਉਹ ਟੀਚਿੰਗ ਦੇ ਵਿੱਚ ਪੂਰੀ ਦਿਲਚਪਸੀ ਨਹੀਂ ਲੈਂਦੇ । ਇਸ ਲਈ ਮੇਰੀ ਸੁਜੈਸ਼ਨ ਹੈ ਕਿ ਜਿਹੜੇ ਇਹ ਲੈਕਚਰਾਰਜ਼ ਹਨ, ਉਹ ਪੱਕੇ ਤੌਰ ਤੇ ਭਰਤੀ ਕੀਤੇ ਜਾਣ ਤਾਂ ਕਿ ਉਨ੍ਹਾਂ ਨੂੰ ਪਤਾ ਹੋਵੇ ਕਿ ਉਨ੍ਹਾਂ ਨੇ ਕਿੰਨੀ ਪੜ੍ਹਾਈ ਕਰਾਉਣੀ ਹੈ ਅੱਰ ਉਨ੍ਹਾਂ ਦੀ ਪੜ੍ਹਾਈ ਦੇ ਵਿੱਚ ਦਿਲਚਸਪੀ ਵੀ ਹੋਵੇ । ਇਸ ਤੋਂ ਇਲਾਵਾ ਮੇਰੀ ਇਹ ਵੀ ਸੁਜੈਸ਼ਨ ਹੈ ਕਿ ਜਿੱਥੇ ਪੀ. ਸੀ. ਐਸ. ਅੱਰ ਆਈ. ਏ. ਐਸ. ਦੀ ਕੋਚਿੰਗ ਦਿੱਤੀ ਜਾਂਦੀ ਹੈ, ਉਥੇ ਕੈਂਡੀਡੇਟਸ ਦੇ ਵਧੀਆ ਖਾਣੇ ਦਾ ਵੀ ਪਰਬੰਧ ਕਰਨਾ ਚਾਹੀਦਾ ਹੈ ਅੱਰ ਜਿਹੜੇ ਟੀਚਰਜ਼ ਹਨ, ਉਹ ਪੱਕੇ ਤੌਰ ਤੇ ਲਾਉਣੇ ਚਾਹੀਦੇ ਹਨ ।

ਸਪੀਕਰ ਸਾਹਿਬ, ਜਿਥੋਂ ਤੱਕ ਕਰਜ਼ੇ ਦੀ ਮੁਆਫੀ ਦਾ ਸਵਾਲ ਹੈ, ਕੁਝ ਮਹਿਕਮਿਆਂ ਦੇ ਵਿੱਚੋ ਲੋਕਾਂ ਨੇ ਜਿਹੜੇ ਕਰਜ਼ੇ ਲਏ ਹਨ, ਉਹ ਕਰਜ਼ੇ ਮੁਆਫ ਕੀਤੇ ਹਨ । ਬਜਟ ਦੇ ਵਿੱਚ ਸਰਕਾਰ ਨੇ 55 ਕਰੋੜ ਰੁਪਏ ਮੁਆਫ ਕਰਨ ਦੀ ਗੱਲ ਕੀਤੀ ਹੈ । ਲੋਕਾਂ ਨੇ ਜਿਹੜੇ ਪਹਿਲਾਂ ਪੰਜ ਪੰਜ ਹਜ਼ਾਰ ਰੁਪਏ ਲੋਨ ਵਾਸਤੇ ਲਏ ਸਨ, ਹੁਣ ਤੱਕ ਤਾਂ ਉਹ ਰਕਮ ਅੱਠ ਦੱਸ ਹਜ਼ਾਰ ਰੁਪਏ ਹੋਣ ਵਾਲੀ ਹੈ । ਉਹ ਕਰਜ਼ੇ ਲਏ ਵੀ ਲੋਕਾਂ ਨੂੰ 3-4 ਸਾਲ ਹੋ ਚੁੱਕੇ ਹਨ ਜਿਸ ਕਾਰਨ ਹੁਣ ਉਹ ਰਕਮ ਲਗਭਗ ਦੁੱਗਣੀ ਹੋ ਚੁੱਕੀ ਹੈ, ਵਿਆਜ ਦੇ ਰੂਪ ਵਿੱਚ । ਜਿਹੜਾ ਲੋਕਾਂ ਨੇ ਪੰਜ ਹਜ਼ਾਰ ਰੁਪਏ ਦਾ ਲੋਨ ਲਿਆ ਸੀ, ਉਸ ਤੇ ਵਿਆਜ ਵੀ ਏਨਾ ਹੀ ਬਣ ਚੁੱਕਾ ਹੈ । ਸੋ, ਮੇਰੀ ਰਾਏ ਹੈ ਕਿ ਜਿੱਥੇ ਲੋਕਾਂ ਦੇ ਕਰਜ਼ੇ ਮੁਆਫ ਕੀਤੇ ਜਾਣੇ ਹਨ, ਉਥੇ ਲੋਕਾਂ ਦਾ ਵਿਆਜ ਵੀ ਮੁਆਫ ਹੋਣਾ ਚਾਹੀਦਾ ਹੈ ਕਿਉਂਕਿ ਇਹ ਵਿਆਜ ਦੀ ਰਕਮ ਸਰਕਾਰ ਦੇ ਲੇਟ ਫੈਸਲਾ ਲੈਣ ਕਾਰਨ ਦੁੱਗਣੀ ਹੋ ਗਈ ਹੈ । ਜੇਕਰ ਸਰਕਾਰ ਇਹ ਵਿਆਜ ਦੀ ਰਕਮ ਮੁਆਫ ਨਹੀਂ ਕਰਦੀ ਤਾਂ ਲੋਕਾਂ ਨੂੰ ਤਾਂ ਪੰਜ ਹਜ਼ਾਰ ਫਿਰ ਵੀ ਵਾਪਸ ਕਰਨਾ ਹੀ ਪਵੇਗਾ । ਜੋ ਸਰਕਾਰ ਦੀ ਲੋਕਾਂ ਦੇ ਪੰਜ ਪੰਜ ਹਜ਼ਾਰ ਰੁਪਏ

Original with;
Punjab Vidhan Sabha
Digitized by:
Panjab Digital Library

ਦੇ ਕਰਜ਼ੇ ਮੁਆਫ ਕਰਨ ਦੀ ਮਨਸ਼ਾ ਹੈ, ਇਹ ਲੋਕਾਂ ਵਿੱਚ ਤਾਂ ਹੀ ਜਾਵੇਗੀ ਜੇਕਰ ਉਨ੍ਹਾਂ ਦਾ ਬਣਦਾ ਵਿਆਜ ਵੀ ਨਾਲ ਹੀ ਮੁਆਫ਼ ਕੀਤਾ ਜਾਵੇ ।

ਸਪੀਕਰ ਸਾਹਿਬ, ਮੁਲਾਜ਼ਮਾਂ ਦਾ ਹਰ ਮਹਿਕਮੇ ਦੇ ਨਾਲ ਸਬੰਧ ਹੈ ਪਰ ਕਿਸੇ ਵੀ ਮਹਿਕਮੇ ਦੇ ਵਿੱਚ ਪੱਛੜੀਆਂ ਸ਼ੈਡਿਊਲਡ ਅਤੇ ਅਨੁਸੂਚਿਤ ਜਾਤੀਆਂ ਦੇ ਕਰਮਚਾਰੀਆਂ ਦਾ ਜਿਹੜਾ ਬੈਕਲਾਗ ਹੈ, ਉਹ ਪੂਰਾ ਨਹੀਂ ਹੈ । ਹਰ ਸਾਲ ਇਹ ਜਿਹੜਾ ਬੈਕਲਾਗ ਹੈ, ਉਹ ਵਧਦਾ ਹੀ ਜਾ ਰਿਹਾ ਹੈ । ਅਸੈਂਬਲੀ ਦੇ ਅੰਦਰ ਅਤੇ ਅਸੈਂਬਲੀ ਤੋਂ ਬਾਹਰ ਇਹ (ਟਰੈਜ਼ਰੀ ਬੈਂਚਾਂ ਵੱਲ ਇਸ਼ਾਰਾ) ਵਾਅਦੇ ਕਰਦੇ ਹਨ ਕਿ ਬੈਕਲਾਗ ਪੂਰਾ ਕੀਤਾ ਜਾਵੇਗਾ ਪਰ ਹਰ ਸਾਲ ਇਹ ਵਧਦਾ ਜਾ ਰਿਹਾ ਹੈ । ਸਪੀਕਰ ਸਾਹਿਬ, ਪਿਛਲੇ ਸਾਲ ਕਿਹਾ ਗਿਆ ਸੀ ਕਿ ਬੈਕਲਾਗ ਪੂਰਾ ਕਰਨ ਵਾਸਤੇ ਇਕ ਕਮੇਟੀ ਬਣਾਈ ਗਈ ਹੈ ਅੱਤ ਕੈਂਥ ਸਾਹਿਬ, ਉਸ ਦੇ ਮੈਂਬਰ ਸਨ ਪਰ ਉਸ ਦੀ ਕੋਈ ਵੀ ਮੀਟਿੰਗ ਨਹੀਂ ਬੁਲਾਈ ਗਈ । ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਗੱਲ ਸਰਕਾਰ ਨੇ ਕਰਨੀ ਹੈ, ਜੇਕਰ ਉਸ ਵਾਸਤੇ ਕਮੇਟੀ ਬਣਾ ਕੇ ਉਸ ਦੀ ਕੋਈ ਮੀਟਿੰਗ ਨਹੀਂ ਕਰਨੀ ਤਾਂ ਉਸ ਦਾ ਕੋਈ ਫਾਇਦਾ ਨਹੀਂ ਹੈ, ਉਹ ਤਾਂ ਐਵੇ ਹੀ ਟਾਈਮ ਖਰਾਬ ਕਰਨ ਵਾਲੀ ਗੱਲ ਹੈ । ਜੇਕਰ ਸਰਕਾਰ ਨੇ ਸਹੀ ਤੌਰ ਤੇ ਬੈਕਲਾਗ ਪੂਰਾ ਕਰਨਾ ਹੈ ਤਾਂ ਸਹੀ ਤੌਰ ਤੇ ਕਮੇਟੀ ਬਣਾਈ ਜਾਵੇ ਜਿਸ ਵਿਚ ਵਿਰੋਧੀ ਪਾਰਟੀਆਂ ਦੇ ਵੀ ਨੁਮਾਇੰਦੇ ਹੋਣੇ ਚਾਹੀਦੇ ਹਨ ਤਾਂ ਕਿ ਉਹ ਬਣਦਾ ਕ੍ਰਿਟੀਸਿਜ਼ਮ ਵੀ ਕਰ ਸਕਣ । ਇਹ ਜਿਹੜਾ ਬੈਕਲਾਗ ਹੈ, ਇਹ ਕਲਾਸ ਫੋਰ ਤੋਂ ਲੈ ਕੇ ਗਜ਼ਟਿਡ ਅਫਸਰ ਬਲਕਿ ਆਈ. ਏ. ਐਸ. ਤੱਕ ਜਿੰਨੇ ਵੀ ਕਾਡਰ ਆਉਂਦੇ ਹਨ, ਉਨ੍ਹਾਂ ਸਾਰਿਆਂ ਦੇ ਵਿੱਚ ਜਲਦੀ ਤੋਂ ਜਲਦੀ ਪੂਰਾ ਕਰਨਾ ਚਾਹੀਦਾ ਹੈ । ਹਾਊਸਿੰਗ ਬੋਰਡ ਦੇ ਵਿੱਚ ਕਲਾਸ ਫੋਰ, ਕਲਾਸ ਥਰੀ ਅੱਤ ਇੰਜੀਨੀਅਰਾਂ ਦੇ ਕਾਡਰ ਵਿੱਚ ਰਿਜ਼ਰਵੇਸ਼ਨ ਬਿਲਕੁਲ ਹੀ ਖਤਮ ਕਰ ਦਿੱਤੀ ਗਈ ਹੈ । ਸਰਕਾਰ ਨੂੰ ਇਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ । ਸਾਰੇ ਮਹਿਕਮਿਆਂ ਦੇ ਵਿੱਚ ਰਿਜ਼ਰਵੇਸ਼ਨ ਨੂੰ ਖਤਮ ਕਰਨ ਲਈ ਅਜਿਹੀ ਪਾਲਿਸੀ ਬਣਾਈ ਜਾਵੇ ਤਾਂ ਕਿ ਉਹ ਜਲਦੀ ਤੋਂ ਜਲਦੀ ਇੰਪਲੀਮੈਂਟ ਹੋ ਸਕੇ । ਹਰ ਡੀਪਾਰਟਮੈਂਟ ਨੂੰ ਘੋਖ ਕੇ ਉਸ ਦੀ ਇਕ ਪ੍ਰਾਈਵੇਟ ਕਮੇਟੀ ਬਣਾ ਕੇ ਬੈਕਲਾਗ ਨੂੰ ਪੂਰਾ ਕਰਵਾਇਆ ਜਾਵੇ ਤਾਂ ਹੀ ਸਰਕਾਰ ਦਾ ਜਿਹੜਾ ਮੈਨੀਫੈਸਟੋ ਹੈ, ਉਹ ਪੂਰਾ ਹੋ ਸਕੇਗਾ ।

ਇਸ ਤੋਂ ਇਲਾਵਾ, 1992 ਵਿੱਚ ਜਿੱਥੇ ਪੰਜਾਬ ਦੇ ਲੋਕਾਂ ਦੇ ਸਹਿਯੋਗ ਦੇ ਸਦਕਾ ਅੱਤ ਪੁਲਿਸ ਦੇ ਸਾਥ ਦੇ ਨਾਲ ਦਹਿਸ਼ਤਗਰਦੀ ਨੂੰ ਖਤਮ ਕੀਤਾ ਗਿਆ ਅੱਤ ਪੰਜਾਬ ਦੇ ਅੰਦਰ ਸ਼ਾਂਤੀ ਆਈ, ਉਥੇ ਪੰਜਾਬ ਦੇ ਵਿੱਚ ਅਸੈਂਬਲੀ ਦੇ ਵਿੱਚ ਦੂਸਰੀਆਂ ਪੁਲੀਟੀਕਲ ਪਾਰਟੀਆਂ ਨੇ ਵੀ ਆਪਣਾ ਰੋਲ ਅਦਾ ਕੀਤਾ ਹੈ ਅਤੇ ਉਨ੍ਹਾਂ ਦੇ ਸਹਿਯੋਗ ਨਾਲ ਪੰਜਾਬ ਦਾ ਅੱਤਵਾਦ ਖਤਮ ਹੋਇਆ ਹੈ । ਪੰਜਾਬ ਦੇ ਵਿੱਚ ਐਸ. ਪੀ. ਉਜ਼ ਅੱਤ ਹੋਮ ਗਾਰਡ ਦੇ ਨੌਜਵਾਨ ਭਰਤੀ ਕੀਤੇ ਗਏ ਹਨ । ਜਿੱਥੇ ਪੰਜਾਬ ਪੁਲਿਸ ਨੇ ਬਹਾਦਰੀ ਦਿਖਾਈ ਜਿਸ ਕਾਰਨ ਅਫਸਰਾਂ ਨੂੰ ਅੱਤ ਪੁਲਿਸ ਮੁਲਾਜ਼ਮਾਂ ਨੂੰ ਬੱਸਾਂ ਦੇ ਵਿੱਚ ਫਰੀ ਟਰੈਵਿਲ ਕਰਨ ਦੀ ਸਹੂਲਤ ਦਿੱਤੀ ਗਈ, ਉਥੇ ਇਨ੍ਹਾਂ ਐਸ. ਪੀ. ਉਜ਼ ਅੱਤ ਜਿਹੜੇ ਹੋਮ ਗਾਰਡ ਦੇ ਨੌਜਵਾਨ

Original with;
Punjab Vidhan Sabha
Digitized by;
Punjab Digital Library

[ਸਰਦਾਰ ਹਰਗੋਪਾਲ ਸਿੰਘ]

ਹਨ, ਉਨਾਂ ਨੇ ਵੀ ਇਸ ਪੁਲਿਸ ਦੇ ਨਾਲ ਰਲ ਕੇ ਅੱਛਾ ਕੰਮ ਕੀਤਾ ਹੈ, ਇਸ ਕਰਕੇ ਇਨ੍ਹਾਂ ਨੂੰ ਵੀ ਪੱਕੇ ਕਰਨਾ ਚਾਹੀਦਾ ਹੈ । ਇਨ੍ਹਾਂ ਨੂੰ ਕੱਚੇ ਕਹਿ ਕੇ ਇਗਨੋਰ ਨਹੀਂ ਕਰਨਾ ਚਾਹੀਦਾ, ਇਨ੍ਹਾਂ ਨੇ ਵੀ ਪੰਜਾਬ ਪੁਲਿਸ ਦੇ ਨਾਲ ਰਲ ਕੇ ਅੱਤਵਾਦ ਦੇ ਖਿਲਾਫ ਲੜਾਈ ਲੜੀ ਹੈ । ਇਹ ਵੀ ਉਸ ਲੜਾਈ ਦੇ ਵਿੱਚ ਭਾਈਵਾਲ ਸਨ । ਇਸ ਲਈ ਇਨ੍ਹਾਂ ਨੂੰ ਕੱਚੇ ਕਹਿ ਕੇ ਇਗਨੋਰ ਨਹੀਂ ਕੀਤਾ ਜਾਣਾ ਚਾਹੀਦਾ । ਇਨ੍ਹਾਂ ਨੇ 10 ਸਾਲ ਪੰਜਾਬ ਪੁਲਿਸ ਦਾ ਸਹਿਯੋਗ ਦਿੱਤਾ ਹੈ, ਇਸ ਲਈ ਇਨ੍ਹਾਂ ਨੂੰ ਪੱਕੇ ਕਰਨ ਬਾਰੇ ਸਰਕਾਰ ਨੂੰ ਵਿਚਾਰ ਕਰਨਾ ਚਾਹੀਦਾ ਹੈ । ਪੰਜਾਬ ਪੁਲਿਸ ਦੇ ਕਰਮਚਾਰੀਆਂ ਨੂੰ ਜੋ ਬੱਸਾਂ ਦੇ ਵਿੱਚ ਮੁਫਤ ਸਫ਼ਰ ਕਰਨ ਦੀ ਸਹੂਲਤਾਂ ਦਿੱਤੀ ਗਈ ਹੈ, ਉਹ ਪੰਜਾਬ ਦੇ ਹੋਮ ਗਾਰਡਜ਼ ਅਤੇ ਐਸ. ਪੀ. ਓਜ਼. ਨੂੰ ਵੀ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਉਹ ਵੀ 10 ਸਾਲ ਬੰਦੂਕਾਂ ਦੀ ਨੋਕ ਤੇ ਖੇਡਦੇ ਰਹੇ ਹਨ । ਇਸ ਦੇ ਨਾਲ ਜਿਹੜੇ ਲੋਕ ਅੱਤਵਾਦ ਤੋਂ ਤੰਗ ਹੋਏ ਹਨ ਜਾਂ ਜਿਹੜੇ ਪਰਿਵਾਰ ਅੱਤਵਾਦੀਆਂ ਹੱਥੋਂ ਤੰਗ ਹੋਏ ਹਨ, ਮਾਰੇ ਗਏ ਹਨ, ਉਨ੍ਹਾਂ ਨੂੰ ਦਿੱਤੀ ਜਾਣ ਵਾਲੀ ਗਰਾਂਟ ਸਰਕਾਰ ਨੇ ਵਧਾਈ ਹੈ । ਇਹ ਠੀਕ ਕਦਮ ਹੈ । ਪਰ ਸਮੇਂ ਦੇ ਲਿਹਾਜ਼ ਨਾਲ ਇਸ ਨੂੰ ਹੋਰ ਵੀ ਜ਼ਿਆਦਾ ਵਧਾਇਆ ਜਾਣਾ ਚਾਹੀਦਾ ਹੈ । ਇਸ ਦੇ ਨਾਲ ਹੀ ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਜਿਹੜੇ ਲੋਕ ਤਾਂ ਅੱਤਵਾਦ ਹੱਥੋਂ ਮਾਰੇ ਗਏ, ਉਹ ਤਾ ਸਪੱਸ਼ਟ ਲਾਈਨ ਤੇ ਆ ਗਏ ਪ੍ਰੰਤੂ ਜਿਹੜੇ ਲੋਕ ਪੁਲਿਸ ਦੇ ਹੱਥੋਂ ਗਲਤ ਮੁਕਾਬਲਿਆਂ ਵਿੱਚ ਮਾਰੇ ਗਏ ਹਨ, ਸਰਕਾਰ ਨੂੰ ਉਨ੍ਹਾਂ ਬਾਰੇ ਵੀ ਸੰਜੀਦਗੀ ਨਾਲ ਵਿਚਾਰ ਕਰਨਾ ਚਾਹੀਦਾ ਹੈ । ਇਹ ਤਾਂ ਠੀਕ ਹੈ ਕਿ ਪੰਜਾਬ ਵਿੱਚ ਅੱਤਵਾਦ ਟੈਰੋਰਿਸਟਾਂ ਨੇ ਫੈਲਾਇਆ ਅਤੇ ਪੁਲਿਸ ਨੇ ਉਸ ਨੂੰ ਖਤਮ ਕੀਤਾ ਪ੍ਰੰਤੂ ਜਿਹੜੇ ਲੋਕ ਪੁਲਿਸ ਦੀ ਕਸਟਡੀ ਵਿੱਚ, ਜਿਹੜੇ ਨੌਜਵਾਨ ਪੁਲਿਸ ਵੱਲੋਂ ਬੇਕਸੂਰ ਹੀ ਮਾਰੇ ਗਏ । ਉਨ੍ਹਾਂ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਅਗਰ ਉਹ ਆਈਡੈਂਟੀਫਾਈ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਵੀ ਇਹ ਗਰਾਂਟ ਜਿਹੜੀ 1984 ਤੋਂ ਲੈ ਕੇ 1992 ਤੱਕ ਦੇ ਪ੍ਰਭਾਵਿਤ ਪਰਿਵਾਰਾਂ ਨੂੰ ਦਿੱਤੀ ਗਈ, ਉਹ ਉਨ੍ਹਾਂ ਬੇਕਸੂਰ ਮਰਨ ਵਾਲੇ ਲੋਕਾਂ ਦੇ ਪਰਿਵਾਰਾਂ ਨੂੰ ਵੀ ਦੇਣੀ ਚਾਹੀਦੀ ਹੈ । ਠੀਕ ਹੈ, ਜੇਕਰ ਕੋਈ ਸ਼ਰਾਰਤੀ ਹੈ ਤਾਂ ਉਸ ਨੂੰ ਭਾਵੇਂ ਨਾ ਦਿੱਤੀ ਜਾਵੇ ਪਰ ਜਿਹੜੇ ਬੇਕਸੂਰ ਮਾਰੇ ਗਏ ਹਨ, ਉਨ੍ਹਾਂ ਨੂੰ ਇਹ ਸਹੂਲਤ ਜ਼ਰੂਰ ਦੇਣੀ ਚਾਹੀਦੀ ਹੈ ।

ਅੱਗੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿੰਡਾਂ ਦੀਆਂ ਪੰਚਾਇਤਾਂ ਬਾਰੇ ਸਰਕਾਰ ਨੇ ਸਾਲ 1981-82 ਵਿੱਚ ਇਕ ਸਰਕੂਲਰ ਕੱਢਿਆ ਸੀ ਕਿ ਕੋਈ ਵੀ ਪਿੰਡ ਦਾ ਪੰਚ ਜਾਂ ਸਰਪੰਚ ਜਦੋਂ ਥਾਣੇ ਜਾਂ ਐਸ ਐਸ. ਪੀ. ਦੇ ਦਫਤਰ ਜਾਵੇਗਾ ਤਾਂ ਅੱਗੋਂ ਥਾਣੇਦਾਰ ਜਾਂ ਐਸ. ਐਸ. ਪੀ. ਜਾਂ ਡੀ. ਸੀ. ਉਨ੍ਹਾਂ ਨੂੰ ਪੂਰੀ ਮਾਨਤਾ ਦੇਵੇਗਾ, ਰੈਸਪੈਕਟ ਦੇਵੇਗਾ । ਪ੍ਰੰਤੂ ਲਗਦਾ ਇੰਜ ਹੈ ਕਿ ਅਜੇ ਤੱਕ ਪੁਲਿਸ ਦੇ ਨੋਟਿਸ ਵਿੱਚ ਇਹ ਗੱਲ ਨਹੀਂ ਆਈ । 10 ਸਾਲਾਂ ਦੇ ਦਹਿਸ਼ਤਵਾਦ ਦੇ ਸਮੇਂ ਵਿੱਚ ਪੁਲਿਸ ਦਾ ਦਿਮਾਗ ਜਾਂ ਬਿਓਰੋਕਰੇਸੀ ਦਾ ਦਿਮਾਗ ਜਿਹੜਾ ਵਿਗੜਿਆ ਹੋਇਆ ਸੀ, ਉਹ ਲਗਦਾ ਹੈ ਅਜੇ ਵੀ ਠੀਕ ਨਹੀਂ ਹੋਇਆ, ਤਾਂ ਹੀ ਉਨ੍ਹਾਂ ਨੂੰ ਮਾਨਤਾ ਨਹੀਂ ਮਿਲੀ । ਜਦੋਂ ਪਿੰਡ ਦਾ ਸਰਪੰਚ ਥਾਣੇ ਜਾਂਦਾ ਹੈ

Original with;
Punjab Vidhan Sabha
Digitized by;
Panjab Digital Library

ਤਾਂ ਉਹ ਤਾਂ ਬਾਹਰ ਬੋਹੜ ਥੱਲੇ ਹੀ ਬੈਠਾ ਰਹਿੰਦਾ ਹੈ । ਜਦੋਂ ਮੁਨਸ਼ੀ ਨੂੰ ਪੁੱਛਦਾ ਹੈ ਕਿ ਇੰਸਪੈਕਟਰ ਸਾਹਿਬ ਕਿੱਥੇ ਹਨ ਤਾਂ ਅੱਗੋਂ ਜਵਾਬ ਮਿਲਦਾ ਹੈ ਕਿ ਉਹ ਤਾਂ ਕਿਤੇ ਗਏ ਹੋਏ ਹਨ । ਉਸ ਦੀ ਕੋਈ ਪੁੱਛ ਪ੍ਰਤੀਤ ਹੀ ਨਹੀਂ ਹੁੰਦੀ । ਮੈਂ ਕਹਿਣਾ ਚਾਹੁੰਦਾ ਹਾਂ ਕਿ ਚਾਹੇ ਪੰਚਾਇਤਾਂ ਦੇ ਪੰਚ, ਸਰਪੰਚ ਹੋਣ ਚਾਹੇ ਨਗਰ ਪਾਲਿਕਾਵਾਂ ਦੇ ਕਾਊਂਸਲਰ ਹੋਣ, ਉਨ੍ਹਾਂ ਨੂੰ ਪਰਾਪਰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ । ਜੇਕਰ ਸਰਕਾਰ ਉਨ੍ਹਾਂ ਨੂੰ ਮਾਨਤਾ ਦਿਵਾਉਣ ਦੀ ਕੋਸ਼ਿਸ਼ ਕਰੇਗੀ ਤਾਂ ਇਸ ਨਾਲ ਸਰਕਾਰ ਦਾ ਵੀ ਸੁਧਾਰ ਹੋਵੇਗਾ ਅਤੇ ਪੰਜਾਬ ਦੇ ਲੋਕਾਂ ਦਾ ਵੀ ਸੁਧਾਰ ਹੋਵੇਗਾ ।

ਕਰਜ਼ਿਆਂ ਦੀ ਗੱਲ ਕਰਦਾ ਹਾਂ । ਜਿਹੜੀ ਕਰਜ਼ੇ ਲੈਣ ਦੀ ਵਿਧੀ ਹੈ, ਚਾਹੇ ਉਹ ਉਦਯੋਗਿਕ ਮਹਿਕਮੇ ਦੇ ਕਰਜ਼ੇ ਹਨ, ਚਾਹੇ ਕਾਰਪੋਰੇਸ਼ਨ ਦੇ ਕਰਜ਼ੇ ਹਨ, ਇਹ ਵਿਧੀ ਕਾਫੀ ਔਖੀ ਹੈ । ਇਕ ਆਦਮੀ ਨੂੰ ਕਰਜ਼ਾ ਲੈਣ ਲਈ ਫਾਰਮੈਲਟੀਜ਼ ਪੂਰੀਆਂ ਕਰਨ ਵਾਸਤੇ ਹੀ ਮਹੀਨਾ-ਮਹੀਨਾ ਲੱਗ ਜਾਂਦਾ ਹੈ । ਇਸ ਵਿਧੀ ਨੂੰ ਸੌਖਾ ਬਣਾਇਆ ਜਾਣਾ ਚਾਹੀਦਾ ਹੈ ਅਤੇ ਕੋਈ ਸੌਖੀ ਪਾਲਿਸੀ ਬਣਾ ਕੇ ਲੋਕਾਂ ਨੂੰ ਦੇਣੀ ਚਾਹੀਦੀ ਹੈ । ਇਸੇ ਤਰ੍ਹਾਂ ਕੋਆਪਰੇਟਿਵ ਡਿਪਾਰਟਮੈਂਟ ਵਿੱਚ ਜਿਹੜੀਆਂ ਸਹਿਕਾਰੀ ਸੁਸਾਇਟੀਆਂ ਬਣੀਆਂ ਹੋਈਆਂ ਹਨ, ਉਨ੍ਹਾਂ ਦੇ ਨਾਨ-ਅੰਗਲੀਕਲਚਰਲ ਮੈਂਬਰ ਵੀ ਹਨ ਅਤੇ ਅੰਗਲੀਕਲਚਰਲ ਮੈਂਬਰ ਵੀ ਹਨ । ਜਿਹੜਾ ਖੇਤੀ ਕਰਨ ਵਾਲਾ ਹੈ, ਉਸ ਕੋਲੋਂ ਤਾਂ 12% ਵਿਆਜ ਲਿਆ ਜਾਂਦਾ ਅਤੇ ਜਿਹੜਾ ਖੇਤੀ ਕਰਨ ਵਾਲਾ ਨਹੀਂ, ਉਸ ਕੋਲੋਂ 18% ਵਿਆਜ ਲਿਆ ਜਾਂਦਾ ਹੈ । ਇਹ ਸਰਾਸਰ ਧੱਕਾ ਕੀਤਾ ਜਾ ਰਿਹਾ ਹੈ । ਜਿਹੜੇ ਬੇਜ਼ਮੀਨੇ ਹਨ, ਮਜ਼ਦੂਰ ਹਨ, ਉਨਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਕੀ ਸਰਕਾਰ ਇਸ ਵੱਲ ਧਿਆਨ ਦੇਵੇਗੀ? ਅੰਗਲੀਕਲਚਰਲ ਮੈਂਬਰ ਕੋਲੋਂ ਅਤੇ ਨਾਨ-ਅੰਗਲੀਕਲਚਰਲ ਮੈਂਬਰ ਕੋਲੋਂ, ਜਿਹੜੇ ਕਿ ਇਕੋ ਹੀ ਪਰਿਵਾਰ ਦੇ ਮੈਂਬਰ ਹਨ, ਵੱਖਰਾ ਵੱਖਰਾ ਵਿਆਜ ਲੈ ਕੇ ਦੋ ਤਰ੍ਹਾਂ ਦਾ ਸਲੂਕ ਕੀਤਾ ਜਾ ਰਿਹਾ ਹੈ । ਇਸ ਤੋਂ ਘਟੀਆ ਹੋਰ ਕਿਹੜੀ ਗੱਲ ਪੰਜਾਬ ਸਹਕਾਰ ਵਾਸਤੇ ਹੋ ਸਕਦੀ ਹੈ । ਤਿੰਨ ਸਾਲ ਹੋ ਗਏ ਹਨ, ਸਰਕਾਰ ਬਣੀ ਨੂੰ । ਮੈਂ ਕਹਿੰਦਾ ਹਾਂ ਕਿ ਇਸ ਕਰਜ਼ੇ ਦੀ ਵਿਆਜ ਦਰ ਇਕੋ ਜਿਹੀ ਹੋਣੀ ਚਾਹੀਦੀ ਹੈ, ਦੋ ਨਹੀਂ ਹੋਣੀਆਂ ਚਾਹੀਦੀਆਂ ।

ਸ਼੍ਰੀ ਸਪੀਕਰ: ਸਰਦਾਰ ਹਰਗੋਪਾਲ ਜੀ, ਤੁਸੀਂ ਅੱਧਾ ਘੰਟਾ ਬੋਲ ਚੁੱਕੇ ਹੋ । ਹੋਰ ਕਿੰਨਾ ਸਮਾਂ ਬੋਲੋਗੇ ?

ਸਰਦਾਰ ਹਰਗੋਪਾਲ ਸਿੰਘ: ਸਰ, ਮੈਂ ਪੰਜ ਮਿੰਟ ਹੀ ਹੋਰ ਲਵਾਂਗਾ ।

ਸ਼੍ਰੀ ਸਪੀਕਰ: ਜਲਦੀ ਵਾਈਂਡ ਅੱਪ ਕਰਨਾ ।

ਸਰਦਾਰ ਹਰਗੋਪਾਲ ਸਿੰਘ ਇਨ੍ਹਾਂ ਸਹਿਕਾਰੀ ਸੁਸਾਇਟੀਆਂ, ਜਿਹੜੀਆਂ ਛੋਟੀਆਂ ਛੋਟੀਆਂ ਹੁੰਦੀਆਂ ਹਨ ਅਤੇ ਉਥੇ ਹਰ ਇਕ ਨੂੰ ਵੋਟ ਦੇਣ ਦਾ ਬਰਾਬਰ ਅਧਿਕਾਰ ਹੈ, ਵਿਚ ਵਿਆਜ ਦੀ ਦਰ ਵੀ ਇਕੋ ਜਿਹੀ ਹੀ ਹੋਣੀ ਚਾਹੀਦੀ ਹੈ ।

ਜਿਥੋਂ ਤੱਕ ਸੁਪਰੀਮ ਕੋਰਟ ਦੇ ਫੈਸਲੇ ਦਾ ਸਬੰਧ ਹੈ, ਉਸ ਅਨੁਸਾਰ ਮੁਲਾਜ਼ਮਾਂ ਨੂੰ ਸੀਨੀਓਰਟੀ ਦੇ ਆਧਾਰ ਤੇ ਪਰੋਮੋਸ਼ਨ ਮਿਲਣੀ ਚਾਹੀਦੀ ਹੈ । ਇਸ ਨੂੰ ਸਰਕਾਰ ਨੂੰ ਜਲਦੀ ਤੋਂ ਜਲਦੀ ਲਾਗੂ ਕਰਨਾ ਚਾਹੀਦਾ ਹੈ । ਹਰ ਮਹਿਕਮੇ ਵਿੱਚ ਹਦਾਇਤਾਂ ਦਿੱਤੀਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਗੋਪਾਲ ਸਿੰਘ]

ਜਾਣ ਅਤੇ ਉਨ੍ਹਾਂ ਹਦਾਇਤਾਂ ਦੇ ਮੁਤਾਬਿਕ ਚਾਹੇ ਉਹ ਫੋਰਥ ਕਲਾਸ ਹੋਵੇ ਤੇ ਚਾਹੇ ਗਜ਼ਟਿਡ ਅਫਸਰ ਹੋਵੇ, ਹਰ ਕੇਡਰ ਅੰਦਰ ਸੀਨੀਆਰਟੀ ਦੇ ਆਧਾਰ ਤੇ.....(ਘੰਟੀ)।

ਸ਼੍ਰੀ ਸਪੀਕਰ: ਅਗਲਾ ਸਪੀਕਰ, ਸ਼੍ਰੀ ਅਵਤਾਰ ਹੈਨਰੀ।

ਸਰਦਾਰ ਹਰਗੋਪਾਲ ਸਿੰਘ ਇਹ ਬਜਟ ਨਿਰਾਸ਼ਾਜਨਕ ਹੈ ਅਤੇ ਲੋਕ ਹਿਤ ਵਿਚ ਨਹੀਂ ਹੈ। ਇਸ ਬਜਟ ਨਾਲ ਮੇਰੀ ਬੀ. ਐਸ. ਪੀ. ਪਾਰਟੀ ਸਹਿਮਤ ਨਹੀਂ ਹੈ। ਜੈ ਭੀਮ, ਜੈ ਭਾਰਤ।

ਸ਼੍ਰੀ ਅਵਤਾਰ ਹੈਨਰੀ (ਜਲੰਧਰ ਉੱਤਰੀ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦੀ ਹਾਂ ਕਿਉਂਕਿ ਤੁਸੀਂ ਮੈਨੂੰ ਇਸ ਸਦਨ ਵਿਚ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਜਿਹੜਾ ਬਜਟ ਡਾਕਟਰ ਕੇਵਲ ਕ੍ਰਿਸ਼ਨ, ਫਾਇਨਾਂਸ ਮਨਿਸਟਰ, ਪੰਜਾਬ ਨੇ 16 ਮਾਰਚ, 1995 ਨੂੰ ਸਦਨ ਵਿਚ ਰੱਖਿਆ ਹੈ, ਮੈਂ ਉਸ ਦੀ ਜ਼ੋਰਦਾਰ ਸ਼ਬਦਾਂ ਨਾਲ ਪ੍ਰੋੜਤਾ ਕਰਦਾ ਹਾਂ। ਡਾਕਟਰ ਕੇਵਲ ਕ੍ਰਿਸ਼ਨ ਜੀ ਵੱਲੋਂ ਚੌਥਾ ਬਜਟ ਇਸ ਵਿਧਾਨ ਸਭਾ ਵਿਚ ਰਖਿਆ ਗਿਆ ਹੈ। ਇਹ ਉਹ ਬਜਟ ਹੈ ਜਿਸ ਦੀ ਹਰ ਪਾਸੇ ਸ਼ਲਾਘਾ ਹੋਈ ਹੈ। ਚਾਹੇ ਉਹ ਪੇਂਡੂ ਵਰਗ ਹੈ, ਚਾਹੇ ਮਜ਼ਦੂਰ ਹੈ, ਚਾਹੇ ਵਪਾਰੀ ਹੈ, ਚਾਹੇ ਟਰਾਂਸਪੋਰਟਰ ਹੈ--ਕੋਈ ਵੀ ਵਰਗ ਹੈ, ਹਰੇਕ ਵਰਗ ਨੇ ਇਸ ਬਜਟ ਦੀ ਸ਼ਲਾਘਾ ਕੀਤੀ ਹੈ (ਥੰਪਿੰਗ)।

ਮੇਰੇ ਸਾਥੀ ਨੇ ਸਿੱਖਿਆ ਬਾਰੇ ਬੋਲਿਆ ਹੈ। ਮੈਂ ਕਹਾਂਗਾ ਕਿ ਸਿੱਖਿਆ ਵਿਚ ਤਿੰਨ ਸਾਲ ਪਹਿਲਾਂ ਸਕੂਲਾਂ ਵਿਚ ਮਾਸਟਰ ਨਹੀਂ ਸਨ, ਸਕੂਲ ਕੋਈ ਪੜ੍ਹਨ ਨਹੀਂ ਜਾਂਦਾ ਸੀ। ਸਾਰੇ ਅੱਤਵਾਦ, ਦਹਿਸ਼ਤਵਾਦ ਤੋਂ ਡਰਦੇ ਸਨ। ਅੱਜ ਇਹ ਵਕਤ ਹੈ--ਉਹੀ ਸਕੂਲ ਹਨ, ਉਹੀ ਮਾਸਟਰ ਹਨ ਅਤੇ ਉਹ ਬੇਖੌਫ ਸਕੂਲਾਂ ਵਿਚ ਜਾਂਦੇ ਹਨ। ਅੱਜ ਇਸ ਬਜਟ ਵਿਚ ਕਿਹਾ ਗਿਆ ਹੈ ਕਿ ਪੰਜਾਬ ਵਿਚ 1000 ਪ੍ਰਾਇਮਰੀ ਸਕੂਲ ਮਿਡਲ ਕੀਤੇ ਜਾਣਗੇ, 120 ਮਿਡਲ ਸਕੂਲ ਹਾਈ ਕੀਤੇ ਜਾਣਗੇ ਅੌਰ 120 ਹਾਈ ਸਕੂਲ +2 ਕੀਤੇ ਜਾਣਗੇ ਜਿਸ ਨਾਲ 5000 ਅਧਿਆਪਕਾਂ ਨੂੰ ਨੌਕਰੀ ਮਿਲੇਗੀ। ਇਹ ਉਹ ਬਜਟ ਹੈ ਜਿਸ ਨਾਲ ਪੰਜਾਬ ਵਿਚ ਸਿੱਖਿਆ ਨੂੰ ਹੋਰ ਉਤਸ਼ਾਹ ਮਿਲਿਆ ਹੈ। ਜਿੱਥੇ ਪੰਜਾਬ ਵਿਚ ਸ਼ਾਂਤੀ ਬਹਾਲ ਹੋਈ ਹੈ, ਉਥੇ ਪੰਜਾਬ ਵਿਚ ਐਜੂਕੇਸ਼ਨ ਦਾ ਮਿਆਰ ਵੀ ਉੱਚਾ ਹੋਇਆ ਹੈ। ਠੀਕ ਹੈ, ਟਾਈਮ ਲੱਗੇਗਾ ਪਰ ਦਸ-ਬਾਰਾਂ ਸਾਲ ਤੋਂ ਚਲਿਆ ਆ ਰਿਹਾ ਅੱਤਵਾਦ ਕੰਟਰੋਲ ਹੋਇਆ ਹੈ। ਪਿਛਲੇ ਬਜਟ ਵਿਚ ਸਾਡੇ ਫਾਇਨਾਂਸ ਮਨਿਸਟਰ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਕਿਹਾ ਸੀ ਕਿ ਆਉਣ ਵਾਲਾ ਬਜਟ ਇਕ ਐਸਾ ਬਜਟ ਹੋਵੇਗਾ ਜਿਸ ਨਾਲ ਡਿਵੈਲਪਮੈਂਟ ਆਏਗੀ। ਮੈਂ ਦੇਖਿਆ ਹੈ ਕਿ ਇਸ ਬਜਟ ਵਿਚ ਹਰ ਪੱਖੋਂ ਡਿਵੈਲਪਮੈਂਟ ਆਈ ਹੈ। ਜਿਥੇ ਲਾਸਟ ਬਜਟ 1450 ਕਰੋੜ ਰੁਪਏ ਸੀ, ਉਥੇ ਇਹ ਵੱਧ ਕੇ 1650 ਰੁਪਏ ਕਰੋੜ ਦਾ ਹੋ ਗਿਆ ਹੈ। ਅੱਜ ਤੋਂ ਪੰਜ ਸਾਲ ਪਹਿਲਾਂ ਪੁਲਿਸ ਵਾਸਤੇ ਬਜਟ ਘੱਟ ਕਰਨ ਦੀ ਕੋਸ਼ਿਸ਼ ਕੀਤੀ ਗਈ। ਪੰਜਾਬ ਵਿਚ ਪੁਲਿਸ ਵਾਲਿਆਂ ਨੇ ਜੋ ਕੁਰਬਾਨੀਆਂ ਕੀਤੀਆਂ, ਉਹ ਬਹੁਤ ਹੀ ਵਰਨਣਯੋਗ ਹਨ। ਵੱਡੇ ਤੋਂ ਵੱਡੇ ਅਫਸਰ ਸਾਹਿਬਾਨ ਡੀ.ਆਈ.ਜੀ., ਐਸ.ਐਸ.ਪੀ. ਤੋਂ ਲੈ ਕੇ ਹੇਠਾਂ ਤੱਕ ਜਿਨ੍ਹਾਂ ਨੇ ਵੀ ਕੁਰਬਾਨੀਆਂ ਕੀਤੀਆਂ, ਉਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ ਹੈ। ਉਨ੍ਹਾਂ ਦੀ ਬਦੌਲਤ ਅੌਰ ਸਰਦਾਰ ਬੇਅੰਤ

Original with;
Punjab Vidhan Sabha
Digitized by;
Panjab Digital Library

ਸਿੰਘ ਜੀ ਦੀ ਸਰਕਾਰ ਦੀ ਬਦੌਲਤ ਪੰਜਾਬ ਵਿਚ ਸ਼ਾਂਤੀ ਆਈ ਹੈ । ਇਸ ਸ਼ਾਂਤੀ ਦੇ ਬਦੌਲਤ ਹੀ ਪੰਜਾਬ ਵਿਚ ਤਰੱਕੀ ਹੋਈ ਹੈ । ਮੈਂ ਦੇਖਿਆ ਕਿ ਸੰਨ 1993-94 ਵਿਚ ਵਿਕਰੀ ਕਰ ਤੋਂ 17.27 ਕਰੋੜ ਰੁਪਏ ਦੀ ਵਸੂਲੀ ਹੋਈ । ਲਾਅ ਅੰਡ ਆਰਡਰ ਠੀਕ ਹੋਣ ਨਾਲ ਕਰ ਪ੍ਰਣਾਲੀ ਵਿਚ ਬਹੁਤ ਹੀ ਸੁਧਾਰ ਹੋਇਆ ਹੈ ਅੱਤ ਹੁਣ ਪੰਜਾਬ ਵਿਚ 21.70 ਕਰੋੜ ਰੁਪਏ ਦੀ ਕੁਲੈਕਸ਼ਨ ਹੋਈ ਹੈ । ਇਹ ਬੜਾ ਹੀ ਸ਼ਲਾਘਾਯੋਗ ਕਦਮ ਹੈ । ਇਸ ਹਾਊਸ ਵਿਚ ਕੁਰੱਪਸ਼ਨ ਦਾ ਬੜਾ ਰੌਲਾ ਪਿਆ । ਮੈਂ ਕਹਿਣਾ ਚਾਹੁੰਦਾ ਹਾਂ ਕਿ ਕੁਰੱਪਸ਼ਨ ਹੁੰਦੀ ਤਾਂ ਇਤਨਾ ਵਾਧਾ ਨਾ ਹੁੰਦਾ । ਮਿਉਂਸਪਲ ਕਾਰਪੋਰੇਸ਼ਨਾਂ ਅਤੇ ਕਮੇਟੀਆਂ ਦੀ ਆਮਦਨ 1993-94 ਵਿਚ 278 ਕਰੋੜ ਰੁਪਏ ਤੋਂ ਵਧ ਕੇ 1994-95 ਵਿਚ 414 ਕਰੋੜ ਰੁਪਏ ਹੋ ਗਈ ਹੈ । ਕੋਈ ਨਵਾਂ ਟੈਕਸ ਲਗਾਇਆ ਨਹੀਂ ਗਿਆ । ਟੈਕਸ ਲਾਉਣ ਤੋਂ ਬਗੈਰ ਵੀ ਮਿਉਂਸਪਲ ਕਾਰਪੋਰੇਸ਼ਨਾਂ ਹਰ ਪਾਸਿਉਂ ਤਰੱਕੀ ਕਰ ਰਹੀਆਂ ਹਨ । ਇਹ ਉਹ ਬਜਟ ਹੈ ਜਿਸ ਦੀ ਹਰ ਆਦਮੀ ਨੇ ਹਰ ਪਾਸਿਓਂ ਸ਼ਲਾਘਾ ਕੀਤੀ ਹੈ । ਸਾਡੇ ਪਿੰਡਾਂ ਦੇ ਵਿਚ ਚੌਕੀਦਾਰ ਵੀਰਾਂ ਨੂੰ ਬੜੀਆਂ ਮੁਸ਼ਕਲਾਤ ਦਾ ਸਾਹਮਣਾ ਕਰਨਾ ਪਿਆ ਹੈ । ਉਹ ਜਿਹੜੇ ਹਰ ਵਕਤ ਸਹਿਮੇ ਹੁੰਦੇ ਸੀ, ਅੱਜ ਉਨ੍ਹਾਂ ਨੂੰ 100 ਰੁਪਏ ਦੀ ਤਰੱਕੀ ਦਿੱਤੀ ਗਈ ਹੈ ।

ਪੰਜਾਬ ਰਾਜ ਬਿਜਲੀ ਬੋਰਡ ਉਹ ਹੈ ਜਿਸ ਤੋਂ ਬਿਨਾਂ ਸਾਡੇ ਰਾਜ ਦੀ ਤਰੱਕੀ ਨਹੀਂ ਹੋ ਸਕਦੀ । ਇਸ ਦੇ ਵਿਚ ਹਰੇਕ ਪਾਸਿਉਂ ਬਿਜਲੀ ਦੇ ਖੇਤਰ ਵਿਚ ਤਰੱਕੀ ਹੋਈ ਹੈ । ਬਿਜਲੀ ਦੇ ਨਾਲ ਹਰ ਇਕ ਚੀਜ਼ ਚਲਦੀ ਹੈ । ਸਾਡਾ ਗਵਾਂਢੀ ਦੇਸ਼ ਹੈ, ਸਾਡਾ ਗਵਾਂਢੀ ਮੁਲਕ ਹੈ, ਸਾਡਾ ਗਵਾਂਢੀ ਰਾਜ ਹੈ, ਜਿਨ੍ਹਾਂ ਦੇ ਵਿਚ ਅਲਟਰਨੇਟਿਵ ਤੌਰ ਤੇ ਬਿਜਲੀ ਆਉਂਦੀ ਹੈ ਲੇਕਿਨ ਸਾਡੇ ਪੰਜਾਬ ਵਿਚ ਬਿਜਲੀ ਦਾ ਕੱਟ ਨਹੀਂ ਲਗਦਾ, ਇਥੇ ਕਦੇ ਵੀ ਕੱਟ ਨਹੀਂ ਲੱਗਾ । ਇਸ ਦੇ ਨਾਲ ਇੰਡਸਟਰੀ ਅੱਤ ਖੇਤੀਬਾੜੀ ਦਾ ਉਤਪਾਦਨ ਵਧਿਆ ਹੈ । ਸਾਡਾ ਸੂਬਾ ਖੇਤੀਬਾੜੀ ਪ੍ਰਧਾਨ ਹੈ ਅੱਤ ਸਾਡੇ ਫਾਰਮਰਜ਼ ਨੇ ਪੰਜਾਬ ਦੇ ਅੰਦਰ ਬਹੁਤ ਜ਼ਿਆਦਾ ਅਨਾਜ ਪੈਦਾ ਕੀਤਾ ਹੈ ਅਤੇ ਜੋ ਸੈਂਟਰਲ ਪੂਲ ਵਿਚ ਹਿਸਾ ਪਾਇਆ ਹੈ, ਉਹ ਸ਼ਲਾਘਾਯੋਗ ਹੈ । ਕਦੇ ਪੰਜਾਬ ਦੇ ਦਿਹਾਤ ਦੇ ਵਿਚ ਉਹ ਟਾਈਮ ਸੀ ਜਦੋਂ ਕਿ ਰਾਤ ਨੂੰ ਮੋਟਰਾਂ ਚਲਦੀਆਂ ਸੀ ਅੱਤ ਅਗਰ ਬੰਦ ਹੋ ਜਾਂਦੀਆਂ ਸਨ ਤਾਂ ਕੋਈ ਜੁਰਅੱਤ ਨਹੀਂ ਕਰਦਾ ਸੀ ਕਿ ਮੈਂ ਜਾ ਕੇ ਮੋਟਰ ਚਲਾਵਾਂ । ਅੱਜ ਪੰਜਾਬ ਦੇ ਵਿਚ ਜੋ ਸ਼ਾਂਤੀ ਆਈ ਹੈ, ਉਸ ਦੇ ਨਾਲ ਉਤਪਾਦਨ ਹੋਰ ਵਧਿਆ ਹੈ । ਮੈਂ ਇਸ ਬਜਟ ਦੀ ਪੁਰਜ਼ੋਰ ਪ੍ਰੋੜਤਾ ਕਰਦਾ ਹਾਂ ।

ਜੋ ਰੁਜ਼ਗਾਰ ਵਿਚ ਕੀਤਾ ਗਿਆ, ਪਹਿਲਾਂ 51 ਫੀਸਦੀ ਲੋਕ ਵਿਹਲੇ ਸੀ, ਹੁਣ 62% ਲੋਕਾਂ ਨੂੰ ਰੋਜ਼ਗਾਰ ਦਿੱਤਾ ਗਿਆ ਹੈ । ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਰਾਜ ਵਿਚ ਬੜੇ-ਬੜੇ ਤਰੀਕੇ ਅਪਣਾਏ ਗਏ ਜਿਸ ਕਰਕੇ ਤੇਜ਼ੀ ਨਾਲ ਬੇਰੁਜ਼ਗਾਰੀ ਦੂਰ ਹੋਈ ਹੈ । ਮੈਂ ਇਕ ਗੱਲ ਆਖਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਜਿਹੜੇ ਪੜ੍ਹੇ ਲਿਖੇ ਬੇਰੁਜ਼ਗਾਰ ਵੀਰ ਹਨ, ਉਨ੍ਹਾਂ ਨੂੰ ਵਧ ਤੋਂ ਵਧ ਨੌਕਰੀਆਂ ਮਿਲਣਗੀਆਂ ਕਿਉਂਕਿ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਕਾਫੀ ਰੁਜ਼ਗਾਰ ਦੇ ਸਾਧਨ ਕਢੇ ਹਨ ਅੱਤ ਉਮੀਦ ਰੱਖਦੇ ਹਾਂ ਕਿ ਆਉਣ ਵਾਲੇ ਟਾਈਮ ਵਿਚ ਵਧ ਤੋਂ ਵਧ ਰੁਜ਼ਗਾਰ ਦਿੱਤਾ ਜਾਵੇਗਾ ।

Original with;
Punjab Vidhan Sabha
Digitized by:
Panjab Digital Library

[ਸ਼੍ਰੀ ਅਵਤਾਰ ਹੈਨਰੀ]

ਸ਼ਹਿਰੀ ਵਿਕਾਸ ਤੇ ਸੜਕਾਂ ਨੂੰ ਲਓ । ਸ਼ਹਿਰਾਂ ਦੇ ਵਿਚ ਉਹ ਸੜਕਾਂ ਵੀ ਸਨ ਜਿਹੜੀਆਂ 2-3 ਸਾਲ ਪਹਿਲਾਂ ਚੱਲਣ ਲਾਇਕ ਨਹੀਂ ਸਨ । ਮੇਨ ਸੜਕ ਜਿਹੜੀ ਸਰਹੰਦ ਤੋਂ ਲੈ ਕੇ ਜਲੰਧਰ ਤੱਕ 90 ਕਿਲੋਮੀਟਰ ਵਿਚ ਬਣੀ ਹੈ, ਇਹ ਪੰਜਾਬ ਹੀ ਨਹੀਂ ਬਲਕਿ ਹਿੰਦੁਸਤਾਨ ਵਿਚ ਐਸੀ ਸੜਕ ਹੈ ਜਿਹੜੀ ਅਗਰ ਏਸ਼ੀਆ ਦੇ ਮੁਲਕਾਂ ਨਾਲ ਕੰਪੇਅਰ ਕੀਤੀ ਜਾਵੇ ਤਾਂ ਕਿਸੇ ਤਰ੍ਹਾਂ ਵੀ ਕਮ ਨਹੀਂ ਹੈ । ਉਸ ਤੋਂ ਬਾਅਦ ਸੰਭੂ ਬਾਰਡਰ ਤੋਂ ਲੈ ਕੇ ਸਰਹਿੰਦ ਤਾਈਂ ਜਿਹੜੀ ਸੜਕ ਬਣਾਉਣ ਜਾ ਰਹੇ ਹਨ, ਜਿਸ ਤੇ 170 ਕਰੋੜ ਰੁਪਏ ਦੀ ਲਾਗਤ ਆਏਗੀ ਅਤੇ ਉਸ ਨਾਲ ਟਰੈਫਿਕ ਨੂੰ ਹੋਰ ਵੀ ਸਹੂਲਤ ਮਿਲੇਗੀ ।

ਇਸ ਦੇ ਨਾਲ ਹੀ 4 ਪੁਲ ਉਸਾਰੇ ਗਏ ਹਨ । ਚਾਰ ਪੁਲਾਂ ਦੀ ਪ੍ਰੋਵੀਜ਼ਨ ਬਜਟ ਵਿਚ ਸਾਡੇ ਵਿੱਤ ਮੰਤਰੀ ਜੀ ਨੇ ਰੱਖੀ ਹੈ—2 ਜਲੰਧਰ ਵਿਚ (ਦਮੋਰੀਆ ਪੁਲ ਅਤੇ ਰਾਮਾ ਮੰਡੀ ਦਾ ਪੁਲ), ਇਕ ਕੁਰਾਲੀ ਵਿਚ ਔਰ ਇਕ ਕੋਟਕਪੂਰੇ ਵਿਚ । ਇਹ ਚਾਰੇ ਪੁਲ ਫਲਾਈਓਵਰ ਬਣਨੇ ਚਾਹੀਦੇ ਹਨ । ਆਪਾਂ ਦੇਖਦੇ ਹਾਂ ਕਿ ਕੋਟਕਪੂਰੇ ਵਿਚ ਜਿਹੜਾ ਫਾਟਕ ਹੈ, ਉਹ ਘੰਟਾ-ਘੰਟਾ ਬੰਦ ਰਹਿੰਦਾ ਹੈ ਅਤੇ ਲੰਮੀਆਂ ਲੰਮੀਆਂ ਲਾਈਨਾਂ ਲੱਗ ਜਾਂਦੀਆਂ ਹਨ । ਇਹੋ ਹਾਲਤ ਕੁਰਾਲੀ ਦੀ ਹੈ । ਆਪਾਂ ਜਾਂਦੇ ਹਾਂ ਤਾਂ ਦੇਖਦੇ ਹਾਂ ਕਿ ਉਥੇ ਵੀ ਕਿਲੋਮੀਟਰ ਲੰਮੀਆਂ ਲਾਈਨਾਂ ਲੱਗਦੀਆਂ ਹਨ । ਰਾਮਾ ਮੰਡੀ ਜਲੰਧਰ ਛਾਉਣੀ ਵਿਚ ਪੈਂਦਾ ਹੈ । ਦਮੋਰੀਆ ਪੁਲ ਜਲੰਧਰ ਸ਼ਹਿਰ ਨੂੰ ਦੋ ਹਿੱਸਿਆਂ ਵਿਚ ਡਿਵਾਈਡ ਕਰਦਾ ਹੈ ।

*3.37 ਵਜੇ (ਬਾਅਦ ਦੁਪਹਿਰ)

*(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਜਦੋਂ ਬਾਰਸ਼ਾਂ ਆਉਂਦੀਆਂ ਸਨ ਤਾਂ ਸਾਰਾ ਪੁਲ ਪਾਣੀ ਨਾਲ ਭਰ ਜਾਂਦਾ ਸੀ ਅਤੇ ਸਾਰਾ ਸ਼ਹਿਰ ਕੱਟਿਆ ਜਾਂਦਾ ਸੀ । ਮੈਂ ਧੰਨਵਾਦੀ ਹਾਂ ਸ੍ਰੀ.ਐਮ. ਸਾਹਿਬ ਅਤੇ ਫਾਈਨੈਂਸ ਮਨਿਸਟਰ ਦਾ ਜਿਨ੍ਹਾਂ ਨੇ ਇਸ ਫਲਾਈਓਵਰ ਨੂੰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ । ਇਸ ਪੁਲ ਦੇ ਬਣਨ ਨਾਲ ਜਲੰਧਰ ਸ਼ਹਿਰ ਦੇ ਲੋਕਾਂ ਨੂੰ ਰਾਹਤ ਮਿਲੇਗੀ ਔਰ ਜਿਹੜਾ ਫਿਊਲ ਜ਼ਾਇਆ ਹੁੰਦਾ ਸੀ, ਉਹ ਬਚੇਗਾ ।

ਟੈਕਨੀਕਲ ਸਿੱਖਿਆ ਦੇ ਬਾਰੇ ਮੈਂ ਇਹ ਕਹਿਣਾ ਹੈ, ਕਿ । 1995-96 ਦੇ ਅੰਤ ਤੱਕ ਪੰਜਾਬ ਵਿਚ 8 ਇੰਜਨੀਅਰਿੰਗ ਕਾਲਜ, 23 ਪਾਲੀਟੈਕਨਿਕ ਕਾਲਜ ਅਤੇ 123 ਆਈ.ਟੀ.ਆਈ. ਹੋ ਜਾਣ ਦੀ ਆਸ ਹੈ ਜਿਸ ਨਾਲ 26 ਹਜ਼ਾਰ ਬੱਚਿਆਂ ਨੂੰ ਐਡਮਿਸ਼ਨ ਮਿਲੇਗੀ ਅਤੇ ਉਹ ਉਥੋਂ ਇੰਜਨੀਅਰ ਬਣਕੇ ਬਾਹਰ ਜਾ ਕੇ ਆਪਣਾ ਕੰਮ ਖੋਲ੍ਹ ਸਕਣਗੇ । ਕਿਉਂਕਿ ਇਸ ਵੇਲੇ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਬੱਚੇ ਟੈਕਨੀਕਲ ਹੈਂਡ ਹੋਣ । ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਲੋਕਾਂ ਦਾ ਟੈਕਨੀਕਲ ਹੈਂਡ ਹੋਣਾ ਜ਼ਰੂਰੀ ਹੋ ਗਿਆ ਹੈ । ਇਨ੍ਹਾਂ ਟੈਕਨੀਕਲ ਕਾਲਜਾਂ ਔਰ ਆਈ.ਟੀ.ਆਈਜ਼. ਦੇ ਖੁਲ੍ਹਣ ਨਾਲ ਇਹ ਹੋਇਆ ਹੈ ਕਿ ਹੁਣ ਬੱਚੇ ਜਦੋਂ ਇਥੋਂ ਬਾਹਰ ਨਿਕਲਣਗੇ ਤਾਂ ਉਹ ਆਪਣਾ ਕੋਈ ਕੰਮ ਖੋਲ੍ਹ ਸਕਣਗੇ । ਇਸ ਦੇ ਨਾਲ ਇਕ ਤਾਂ ਉਹ ਆਪ ਰੁਜ਼ਗਾਰ ਕਮਾ ਸਕਣਗੇ,

Original with;
Punjab Vidhan Sabha
Digitized by;
Panjab Digital Library

ਦੂਸਰਾ ਜਦੋਂ ਉਹ ਕੋਈ ਕੰਮ ਖੋਲ੍ਹਣਗੇ ਤਾਂ ਉਨ੍ਹਾਂ ਦੇ ਨਾਲ ਚਾਰ ਹੋਰ ਵਿਅਕਤੀ ਵੀ ਕੰਮ ਕਰਨਗੇ ਅਤੇ ਆਪਣਾ ਰੁਜ਼ਗਾਰ ਕਰ ਸਕਣਗੇ ਇਸ ਨਾਲ ਪੰਜਾਬ ਵਿਚੋਂ ਬੇਰੁਜ਼ਗਾਰੀ ਦੂਰ ਹੋਵੇਗੀ ।

ਇਸ ਤੋਂ ਅੱਗੇ, ਡਿਪਟੀ ਸਪੀਕਰ ਸਾਹਿਬ, ਮੈਂ ਖੇਡਾਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਅੱਜ ਤੋਂ 2-3 ਸਾਲ ਪਹਿਲਾਂ ਲੋਕੀਂ ਖੇਡਾਂ ਭੁੱਲ ਹੀ ਗਏ ਸਨ ਪਰ ਅੱਜ ਫਿਰ ਉਹ ਸਮਾਂ ਆਇਆ ਹੈ । ਤੁਸੀਂ ਪਿੰਡਾਂ ਵਿਚ ਜਾ ਕੇ ਦੇਖੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਖੇਡਾਂ ਦੇ ਵਿਚ ਹੁਣ ਲੋਕਾਂ ਨੂੰ ਫਿਰ ਕਿੰਨਾ ਉਤਸ਼ਾਹ ਪੈਦਾ ਹੋ ਗਿਆ ਹੈ । ਇਸ ਦੇ ਲਈ ਪਿਛਲੇ ਸਾਲ 13 ਕਰੋੜ 39 ਲੱਖ ਰੁਪਿਆ ਰੱਖਿਆ ਗਿਆ ਸੀ ਅਤੇ ਅੰਤਕੀਂ ਇਸ ਦੇ ਲਈ ਬਜਟ ਵਧਾ ਕੇ 13 ਕਰੋੜ 60 ਲੱਖ ਰੁਪਿਆ ਰੱਖਿਆ ਗਿਆ ਹੈ । ਇਸ ਦੇ ਨਾਲ ਮੈਨੂੰ ਉਮੀਦ ਹੈ ਕਿ ਸਾਡੇ ਬੱਚਿਆਂ ਦਾ ਉਤਸ਼ਾਹ ਹੋਰ ਵਧੇਗਾ । ਅੱਜ ਅਸੀਂ ਆਉਂਦੇ ਜਾਂਦੇ ਰਸਤਿਆਂ ਵਿਚ ਦੇਖਦੇ ਹਾਂ ਕਿ ਬੱਚੇ ਕਿਸ ਤਰ੍ਹਾਂ ਸਟੇਡੀਅਮਾਂ ਵਿਚ ਖੇਡਦੇ ਹਨ, ਸਕੂਲਾਂ ਵਿਚ ਖੇਡਦੇ ਹਨ । ਇਹ ਜਿਹੜਾ ਇਸ ਦੇ ਲਈ ਪੈਸਾ ਵਧਾਇਆ ਗਿਆ ਹੈ, ਇਸ ਦੇ ਨਾਲ ਹੋਰ ਸਟੇਡੀਅਮ ਬਣਨਗੇ ਅਤੇ ਪਿੰਡਾਂ ਵਿਚ ਵੀ ਬੱਚਿਆਂ ਨੂੰ ਖੇਡਾਂ ਵਿਚ ਉਤਸ਼ਾਹ ਮਿਲੇਗਾ । ਅੱਜ ਅਸੀਂ ਪਿੰਡਾਂ ਵਿਚ ਦੇਖਦੇ ਹਾਂ ਕਿ ਜਿਥੇ ਲੋਕੀਂ ਖੇਡਾਂ ਨੂੰ ਬਿਲਕੁਲ ਭੁੱਲ ਗਏ ਸਨ, ਅੱਤਵਾਦ ਦੀ ਵਜ੍ਹਾ ਕਰਕੇ, ਅੱਜ ਫਿਰ ਲੋਕਾਂ ਵਿਚ ਇਸ ਪਾਸੇ ਉਤਸ਼ਾਹ ਪੈਦਾ ਹੋਇਆ ਹੈ । ਅਸੀਂ ਦੇਖਿਆ ਹੈ ਕਿ ਜਿਥੇ ਪਿੰਡਾਂ ਵਿਚ ਲੋਕੀ ਦਿਨ ਨੂੰ ਘਰੋਂ ਬਾਹਰ ਅਤਿਵਾਦ ਕਰਕੇ ਨਿਕਲਣ ਤੋਂ ਡਰਦੇ ਸਨ, ਅੱਜ ਉਨ੍ਹਾਂ ਪਿੰਡਾਂ ਵਿਚ ਹੀ ਰਾਤ ਦੇ ਸੱਤ ਸੱਤ ਵਜੇ ਤੱਕ ਲੋਕੀਂ ਕਬੱਡੀ ਖੇਡਦੇ ਹਨ, ਫੁਟਬਾਲ ਖੇਡਦੇ ਹਨ ਅਤੇ ਇਸ ਤਰ੍ਹਾਂ ਹੋਰ ਕਈ ਖੇਡਾਂ ਖੇਡਦੇ ਹਨ । ਜਿਤਨਾ ਪੈਸਾ ਇਸ ਦੇ ਲਈ ਰੱਖਿਆ ਹੈ, ਭਾਵੇਂ ਅਸੀਂ ਇਸ ਦੇ ਨਾਲ ਸੈਟਿਸਫਾਈਡ ਹਾਂ ਪਰ ਜੇ ਇਹ ਹੋਰ ਵੱਧ ਹੋ ਜਾਂਦਾ ਤਾਂ ਇਸ ਦੇ ਨਾਲ ਖੇਡਾਂ ਦੇ ਵਿਚ ਹੋਰ ਉਤਸ਼ਾਹ ਮਿਲਦਾ, ਹੋਰ ਸਹੂਲਤਾਂ ਮਿਲਦੀਆਂ ।

ਡਿਪਟੀ ਸਪੀਕਰ ਸਾਹਿਬ, ਇਥੇ ਸਮਾਜ ਭਲਾਈ ਦੀ ਗੱਲ ਕੀਤੀ ਗਈ ਹੈ । ਸਮਾਜ ਭਲਾਈ ਲਈ ਪਹਿਲਾਂ 26 ਕਰੋੜ 45 ਲੱਖ ਰੁਪਿਆ ਸੀ ਜਿਹੜਾ ਇਸ ਸਾਲ ਦੇ ਬਜਟ ਵਿਚ ਵਧਾ ਕੇ 28 ਕਰੋੜ ਰੁਪਿਆ ਕੀਤਾ ਗਿਆ ਹੈ । ਜਿਤਨੇ ਇਸ ਵੇਲੇ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਵੇਲੇ ਸਮਾਜ ਭਲਾਈ ਦੇ ਕੰਮ ਹੋ ਰਹੇ ਹਨ, ਇਤਨੇ ਪਹਿਲਾਂ ਕੰਮ ਕਦੇ ਨਹੀਂ ਸੀ ਹੁੰਦੇ (ਥੰਪਿੰਗ) ਕਿਉਂਕਿ ਇਹ ਸਰਦਾਰ ਬੇਅੰਤ ਸਿੰਘ ਜੀ ਦੀ ਹੀ ਸਰਕਾਰ ਹੈ ਜਿਸ ਨੇ ਹਰ ਇਕ ਵਰਗ ਨੂੰ ਆਪਣੇ ਨਾਲ ਲਿਆ ਹੈ.— ਚਾਹੇ ਕੋਈ ਅਮੀਰ ਹੈ, ਚਾਹੇ ਕੋਈ ਗਰੀਬ ਹੈ, ਚਾਹੇ ਕੋਈ ਸ਼ਡਿਊਲਡ ਕਾਸਟ ਹੈ ਅਤੇ ਚਾਹੇ ਕੋਈ ਅਪਰ ਜਾਤੀ ਨਾਲ ਸਬੰਧ ਰਖਦਾ ਹੈ । ਸਾਰਿਆਂ ਵਰਗਾਂ ਨੂੰ ਆਪਣੇ ਨਾਲ ਲੈ ਕੇ ਇਹ ਸਰਕਾਰ ਚਲਦੀ ਹੈ । ਇਥੇ ਅਸੀਂ ਦੇਖਿਆ ਹੈ ਕਿ ਡਾਕਟਰ ਅੰਬੇਦਕਰ ਭਵਨ ਹਰ ਡਿਸਟ੍ਰਿਕਟ ਹੈਡਕੁਆਰਟਰ ਤੇ ਦਿੱਤਾ ਗਿਆ ਹੈ । ਇਥੇ ਧਰਮਸ਼ਾਲਾ ਦੀ ਵੀ ਗੱਲ ਆਈ ਹੈ, ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਨਵੀਂ ਧਰਮਸ਼ਾਲਾ ਲਈ 50 ਹਜ਼ਾਰ ਰੁਪਿਆ ਦਿੱਤਾ ਗਿਆ ਹੈ ਅਤੇ ਧਰਮਸ਼ਾਲਾ ਦੀ ਰਿਪੇਅਰ ਲਈ 15 ਹਜ਼ਾਰ ਰੁਪਿਆ ਦਿੱਤਾ ਗਿਆ ਹੈ । (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਇਹ ਬਜਟ ਪਰੋ-

Original with;
Punjab Vidhan Sabha
Digitized by;
Panjab Digital Library

[ਸ਼੍ਰੀ ਅਵਤਾਰ ਹੈਨਰੀ]

ਪੁਅਰਜ਼ ਹੈ । ਇਸ ਬਜਟ ਦੇ ਵਿਚ ਪੰਜਾਬ ਦੇ ਵਿਚ ਪਰ ਕੈਪੀਟਾ ਇਨਕਮ ਵਧਾਉਣ ਦੀ ਕੋਸ਼ਿਸ਼ ਕੀਤੀ ਗਈ ਹੈ । ਇਸ ਵੇਲੇ ਸਾਡਾ ਪੰਜਾਬ ਹਿੰਦੁਸਤਾਨ ਵਿਚ ਸਾਰਿਆਂ ਸੂਬਿਆਂ ਵਿਚ ਪਰ ਕੈਪੀਟਾ ਇਨਕਮ ਦੇ ਵਿਚ ਸੈਕੰਡ ਨੰਬਰ ਤੇ ਹੈ । ਗੋਆ ਤੋਂ ਬਾਅਦ ਸਾਡੇ ਪੰਜਾਬ ਦੀ ਪਰ ਕੈਪੀਟਾ ਇਨਕਮ ਜ਼ਿਆਦਾ ਹੈ । ਇਸ ਬਜਟ ਦੇ ਨਾਲ ਮੈਂ ਸੋਚਦਾ ਹਾਂ ਕਿ ਆਉਣ ਵਾਲੇ ਸਾਲਾਂ ਵਿਚ ਪੰਜਾਬ ਵਿਚ ਹਰ ਇਕ ਪਾਸੇ ਤਰੱਕੀ ਹੋਵੇਗੀ । ਚਾਹੇ ਉਹ ਸੜਕਾਂ ਹੋਣ, ਚਾਹੇ ਟਰਾਂਸਪੋਰਟ ਹੋਵੇ ਅਤੇ ਚਾਹੇ ਕੋਈ ਹੋਰ ਪਾਸਾ ਹੋਵੇ, ਸਾਰੇ ਪਾਸੇ ਤਰੱਕੀ ਹੋਵੇਗੀ । ਲਾਸਟ ਈਅਰ ਟਰਾਂਸਪੋਰਟ ਲਈ 5 ਕਰੋੜ 50 ਲੱਖ ਰੁਪਿਆ ਰੱਖਿਆ ਗਿਆ ਸੀ ਜਿਸ ਦੇ ਨਾਲ 88 ਬੱਸਾਂ ਰਿਪਲੇਸ ਕੀਤੀਆਂ ਗਈਆਂ ਸਨ, ਅੱਤਕੀਂ 9 ਕਰੋੜ ਰੁਪਿਆ ਰੱਖਿਆ ਗਿਆ ਹੈ ਜਿਸ ਦੇ ਨਾਲ 150 ਬੱਸਾਂ ਰਿਪਲੇਸ ਹੋਣਗੀਆਂ । ਇਸ ਦੇ ਨਾਲ ਇਹ ਹੋਵੇਗਾ ਕਿ ਰੋਡਵੇਜ਼ ਦੀ ਸਰਵਿਸ ਬਹੁਤ ਅੱਛੀ ਹੋਵੇਗੀ । ਜਿਥੇ ਪਹਿਲਾਂ ਰੋਡਵੇਜ਼ ਦੇ ਬਾਰੇ ਇਹ ਸ਼ੇਅਰ ਹਮੇਸ਼ਾ ਕਿਹਾ ਜਾਂਦਾ .ਸੀ--

ਰੋਡਵੇਜ਼ ਦੀਆਂ ਲਾਰੀਆਂ, ਨਾ ਬੂਹੇ ਨਾ ਬਾਰੀਆਂ ।

ਅੱਜ ਰੋਡਵੇਜ਼ ਦੀ ਇਹ ਹਾਲਤ ਹੈ ਕਿ ਤੁਹਾਨੂੰ ਰਸਤੇ ਵਿਚ ਕੋਈ ਵੀ ਰੋਡਵੇਜ਼ ਦੀ ਬੱਸ ਖੜ੍ਹੀ ਹੋਈ ਨਜ਼ਰ ਨਹੀਂ ਆਵੇਗੀ । ਚਾਹੇ ਪੰਜਾਬ ਵਿਚੋਂ ਤੁਸੀਂ ਕਿਧਰੋਂ ਚੱਲ ਪਓ, ਅੰਮ੍ਰਿਤਸਰ, ਫਿਰੋਜ਼ਪੁਰ, ਸੰਗਰੂਰ ਜਾਂ ਜਿਸ ਪਾਸੇ ਤੋਂ ਮਰਜ਼ੀ ਚਲੇ ਤੁਹਾਨੂੰ ਰਸਤੇ ਵਿਚ ਰੋਡਵੇਜ਼ ਦੀ ਕੋਈ ਗੱਡੀ ਖੜ੍ਹੀ ਨਜ਼ਰ ਨਹੀ ਆਵੇਗੀ । (ਥੰਪਿੰਗ) 3 ਸਾਲ ਪਹਿਲਾਂ ਜਦੋਂ ਇਥੇ ਗਵਰਨਰੀ ਰਾਜ ਸੀ ਤਾਂ ਮੈਂ ਜਦੋਂ ਕਿਸੇ ਵੀ ਸਾਈਡ ਤੇ ਜਾਂਦਾ ਸੀ ਤਾਂ ਗੱਡੀਆਂ ਰਸਤੇ ਵਿਚ ਖੜ੍ਹੀਆਂ ਨਜ਼ਰ ਆਉਂਦੀਆਂ ਸਨ ਪਰ ਅੱਜ ਭਾਵੇਂ ਤੁਸੀਂ ਕਿਸੇ ਵੀ ਸਾਈਡ ਤੇ ਚਲੇ ਜਾਓ, ਰਸਤੇ ਵਿਚ ਤੁਹਾਨੂੰ ਕੋਈ ਗੱਡੀ ਖੜ੍ਹੀ ਨਜ਼ਰ ਨਹੀਂ ਆਵੇਗੀ । (ਵਿਘਨ) ਮੇਰੇ ਸਾਥੀ ਸ੍ਰੀ ਜਗਦੀਸ਼ ਸਾਹਨੀ ਜੀ ਹੱਸ ਰਹੇ ਹਨ । ਤੁਸੀਂ ਆਉਂਦੇ ਜਾਂਦੇ ਆਪ ਵੀ ਵੇਖਿਆ ਹੋਣਾ ਹੈ ਕਿ ਕੋਈ ਵੀ ਗੱਡੀ ਰਸਤੇ ਵਿਚ ਖੜ੍ਹੀ ਨਜ਼ਰ ਨਹੀਂ ਆਉਂਦੀ, ਮੈਂ ਵੀ ਰੋਜ਼ ਆਉਂਦਾ ਹਾਂ, ਰੋਜ਼ ਜਾਂਦਾ ਹਾਂ । ਡਿਪਟੀ ਸਪੀਕਰ ਸਾਹਿਬ, ਜਿੰਨੀਆਂ ਸਹੂਲਤਾਂ ਇਸ ਵੇਲੇ ਪੈਸੰਜਰਜ਼ ਨੂੰ ਮਿਲ ਰਹੀਆਂ ਹਨ--ਚਾਹੇ ਉਹ ਆਰਡਨਰੀ ਬੱਸ ਵਿਚ ਸਫ਼ਰ ਕਰਨ ਵਾਲੇ ਹੋਣ, ਚਾਹੇ ਡੀਲਕਸ ਵਿਚ ਜਾਣ ਵਾਲੇ ਹੋਣ ਅੱਤੇ ਚਾਹੇ ਏਅਰ ਕੰਡੀਸ਼ਨਡ ਬੱਸਾਂ ਵਿਚ ਜਾਣ ਵਾਲੇ ਹੋਣ, ਇਤਨੀਆਂ ਸਹੂਲਤਾਂ ਇਸ ਸਰਕਾਰ ਦੇ ਆਉਣ ਤੋਂ ਪਹਿਲਾਂ ਕਦੇ ਨਹੀਂ ਸੀ ਮਿਲੀਆਂ । ਇਸ ਤੋਂ ਵੀ ਅੱਗੇ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਜਿਹੜੀ ਨਾਈਟ ਸਰਵਿਸ ਪਿਛਲੇ 12 ਸਾਲ ਤੋਂ ਬੰਦ ਪਈ ਸੀ, ਉਹ ਵੀ ਸਰਦਾਰ ਬੇਅੰਤ ਸਿੰਘ ਦੇ ਇਥੇ ਆਉਣ ਨਾਲ ਸ਼ੁਰੂ ਹੋ ਗਈ ਹੈ । ਰਾਤ ਨੂੰ ਨੌਂ-ਦਸ ਵਜੇ ਤਕ ਬੱਸਾਂ ਚਲਦੀਆਂ ਹਨ । ਇਹ ਸੱਭ ਸਰਦਾਰ ਬੇਅੰਤ ਸਿੰਘ ਜੀ ਦੀ ਹੀ ਦੇਣ ਹੈ ।

ਇਸ ਦੇ ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਸ਼ਾਂਤੀ ਆਉਣ ਨਾਲ ਹਰ ਇਕ ਪੱਖ ਤੋਂ ਵਿਕਾਸ ਹੋਇਆ ਹੈ । ਇੰਡਸਟਰੀ ਦਾ ਤਾਂ ਬਹੁਤ ਹੀ ਵਿਕਾਸ ਹੋਇਆ ਹੈ । ਘਰ ਘਰ ਵਿਚ ਇੰਡਸਟਰੀ ਚਲ ਰਹੀ ਹੈ । ਸਿਰਫ਼ ਪੰਜਾਬ ਦੇ ਲੋਕ ਹੀ ਨਹੀਂ ਇੰਡਸਟਰੀ ਲਾ ਰਹੇ, ਬਲਕਿ ਬਾਹਰਲੇ ਮੁਲਕਾਂ ਤੋਂ ਐਨ.ਆਰ.ਆਈਜ਼. ਵੀ ਇਥੇ ਆ ਰਹੇ ਹਨ । ਜਿਹੜੇ ਹੋਰ ਸਟੇਟਾਂ ਵਿਚ ਚਲੇ ਗਏ ਸਨ, ਉਹ ਵੀ ਵਾਪਸ ਆ ਰਹੇ

Original with;
Punjab Vidhan Sabha
Digitized by;
Panjab Digital Library

ਹਨ ਔਰ ਉਹ ਆਪਣੀ ਇੰਡਸਟਰੀ ਇਥੇ ਲਾਉਣ ਲਈ ਤਿਆਰ ਹਨ । ਹਰ ਵਰਕਰ ਇਥੇ ਇੰਡਸਟਰੀ ਵਿਚ ਕੰਮ ਕਰਨ ਨੂੰ ਤਿਆਰ ਹੈ ਔਰ ਇਸ ਤਰ੍ਹਾਂ ਨਾਲ ਇੰਡਸਟਰੀ ਦੇ ਪੱਖ ਤੋਂ ਪੰਜਾਬ ਵਿਚ ਬਹੁਤ ਵਿਕਾਸ ਹੋਇਆ ਹੈ

ਇਸ ਦੇ ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਚ ਪਿਛਲੇ ਸਾਲਾਂ ਵਿਚ ਕਾਫੀ ਅੱਤਵਾਦ ਹੋਣ ਕਾਰਣ ਅੱਤਵਾਦ ਦਾ ਮੁਕਾਬਲਾ ਕਰਨ ਲਈ ਬਹੁਤ ਖਰਚ ਕਰਨਾ ਪਿਆ ਔਰ ਉਹ ਜੋ ਖਰਚ ਸੈਂਟਰ ਸਰਕਾਰ ਨੇ ਦਿੱਤਾ, ਉਹ ਹੁਣ ਤੱਕ ਕੋਈ 5886 ਕਰੋੜ ਰੁਪਿਆ ਹੋ ਗਿਆ ਹੈ । ਹੁਣ ਜਿਹੜਾ ਉਹ ਸੈਂਟਰ ਦਾ ਪੈਸਾ ਵਾਪਸ ਕਰਨਾ ਪੈ ਰਿਹਾ ਹੈ, ਉਹ 800-900 ਕਰੋੜ ਰੁਪਿਆ ਹਰ ਸਾਲ ਦੇਣਾ ਪੈਂਦਾ ਹੈ । ਮੈਂ ਸਮਝਦਾ ਹਾਂ ਕਿ ਇਸ ਨਾਲ ਪੰਜਾਬ ਦਾ ਜਿਹੜਾ ਵਿਕਾਸ ਹੋ ਰਿਹਾ ਹੈ, ਉਹ ਘੱਟ ਜਾਵੇਗਾ । ਇਸ ਲਈ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਇਹ ਜਿਹੜਾ ਕਰਜ਼ਾ ਹੈ, ਇਹ ਮੁਆਫ਼ ਕਰਾਇਆ ਜਾਵੇ । ਇਹ ਜਿਹੜੀ ਅੱਤਵਾਦ ਦੇ ਖਿਲਾਫ਼ ਲੜਾਈ ਸੀ, ਇਹ ਸਿਰਫ਼ ਪੰਜਾਬ ਦੀ ਹੀ ਨਹੀਂ ਸੀ ਬਲਕਿ ਸਾਰੇ ਹਿੰਦੁਸਤਾਨ ਦੀ ਸੀ । ਇਸ ਲਈ ਇਹ ਕਰਜ਼ਾ ਜ਼ਰੂਰ ਵਾਪਸ ਹੋਣਾ ਚਾਹੀਦਾ ਹੈ । ਇਸ ਲਈ ਸਾਨੂੰ ਸਾਰਿਆਂ ਨੂੰ ਪ੍ਰਾਈਮ ਮਨਿਸਟਰ ਨੂੰ ਮਿਲ ਕੇ ਰਿਕੁਐਸਟ ਕਰਨੀ ਚਾਹੀਦੀ ਹੈ ਕਿ ਪੰਜਾਬ ਨੇ ਇਹ ਲੜਾਈ ਅੱਤਵਾਦ ਦੇ ਖਿਲਾਫ਼ ਲੜੀ ਹੈ ਜਿਹੜਾ ਕਿ ਹਿੰਦੁਸਤਾਨ ਵਿਚ ਫੈਲ ਰਿਹਾ ਸੀ ।

ਇਸ ਤੋਂ ਅੱਗੇ ਮੈਂ ਥੀਨ ਡੈਮ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ । ਇਨ੍ਹਾਂ ਨੇ ਦਸਿਆ ਹੈ ਕਿ ਨਵੰਬਰ, 1996 ਤੱਕ ਇਹ ਪਰੋਜੈਕਟ ਬਣ ਕੇ ਤਿਆਰ ਹੋ ਜਾਵੇਗਾ, ਗੁਰਪੂਰਬ ਵਾਲੇ ਦਿਨ ਇਹ ਪਰੋਜੈਕਟ ਚਾਲੂ ਹੋਵੇਗਾ ਔਰ ਇਸ ਦੇ ਲਈ 420 ਕਰੋੜ ਰੁਪਿਆ ਵੀ ਦਿੱਤਾ ਹੈ । ਜਦੋਂ ਇਹ ਬਣ ਕੇ ਤਿਆਰ ਹੋ ਜਾਵੇਗਾ ਤਾਂ ਪੰਜਾਬ ਵਿਚ ਬਿਜਲੀ ਸਰਪਲੱਸ ਹੋਵੇਗੀ ਔਰ ਪੰਜਾਬ ਦੇ ਲੋਕ ਇੰਡਸਟਰੀਅਲਿਸਟ ਖੁਸ਼ੀਆਂ ਮਨਾਉਣਗੇ । ਸਾਡੇ ਮੁੱਖ ਮੰਤਰੀ ਸਾਹਿਬ ਨੇ ਇਹ ਵੀ ਐਲਾਨ ਕੀਤਾ ਹੈ ਕਿ ਇਸ ਦੇ ਮੁਕੰਮਲ ਹੋਣ ਤੇ ਇਸ ਦੇ ਕਰਮਚਾਰੀਆਂ ਨੂੰ ਇਕ ਮਹੀਨੇ ਦੀ ਤਨਖ਼ਾਹ ਐਕਸਟਰਾ ਮਿਲੇਗੀ । ਇਹ ਬੜੀ ਸ਼ਲਾਘਾਯੋਗ ਗੱਲ ਹੈ । ਮੈਂ ਸਮਝਦਾ ਹਾਂ ਕਿ ਇਸ ਨਾਲ ਉਨ੍ਹਾਂ ਨੂੰ ਬੜਾ ਉਤਸ਼ਾਹ ਮਿਲੇਗਾ । ਇੰਡਸਟਰੀਅਲਿਸਟ ਨੂੰ ਵੀ ਉਤਸ਼ਾਹ ਮਿਲੇਗਾ ਕਿਉਂਕਿ ਬਿਜਲੀ ਹੋਵੇਗੀ ਤਾਂ ਇੰਡਸਟਰੀ ਆਏਗੀ । ਜਿਸ ਸੂਬੇ ਵਿਚ ਬਿਜਲੀ ਹੈ, ਉਥੇ ਇੰਡਸਟਰੀ ਜ਼ਰੂਰੀ ਆਉਂਦੀ ਹੈ, ਇੰਡਸਟਰੀ ਆਉਂਦੀ ਹੈ ਤਾਂ ਬੇਰੁਜ਼ਗਾਰੀ ਦੂਰ ਹੁੰਦੀ ਹੈ, ਬੇਰੁਜ਼ਗਾਰੀ ਦੂਰ ਹੁੰਦੀ ਹੈ ਤਾਂ ਸਟੇਟ ਦੇ ਲੋਕਾਂ ਦੀ ਪਰ ਕੈਪੀਟਾ ਇਨਕਮ ਵਧਦੀ ਹੈ । ਇਸ ਲਈ ਇਹ ਵੀ ਸਰਦਾਰ ਬੇਅੰਤ ਸਿੰਘ ਜੀ ਦੀ ਬੜੀ ਅੱਛੀ ਦੇਣ ਹੈ ।

ਇਸ ਤੋਂ ਇਲਾਵਾ ਪੰਜਾਬ ਵਿਚ ਸੜਕਾਂ ਦਾ ਵੀ ਬਹੁਤ ਵਿਕਾਸ ਕੀਤਾ ਗਿਆ ਹੈ । ਸਾਲ 1995-96 ਵਿਚ 2000 ਕਿਲੋਮੀਟਰ ਸੜਕਾਂ ਬਣਾਉਣ ਦਾ ਟੀਚਾ ਰੱਖਿਆ ਗਿਆ ਹੈ ਔਰ ਇਸ ਲਈ ਖਰਚਾ ਵੀ ਰੱਖਿਆ ਗਿਆ ਹੈ । ਇਸ ਵਿਚ ਜਿਹੜੀਆਂ ਲੋਕਲ ਸੜਕਾਂ ਹਨ, ਚਾਹੇ ਉਹ ਕਾਰਪੋਰੇਸ਼ਨ ਦੀਆਂ ਹਨ ਜਾਂ ਨਗਰਪਾਲਕਾਵਾਂ ਦੀਆਂ ਹਨ, ਉਹ ਇਸੇ 2000 ਕਿਲੋਮੀਟਰ ਵਿਚ ਬਣਾਈਆਂ ਜਾਣਗੀਆਂ ਇਹ ਪੈਸੇ ਦੀ

Original with;
Punjab Vidhan Sabha
Digitized by;
Punjab Digi...

[ਸ਼੍ਰੀ ਅਵਤਾਰ ਹੈਨਰੀ]

ਅਸਿਸਟੈਂਸ ਪੰਜਾਬ ਸਰਕਾਰ ਦੇਵੇਗੀ ਅਤੇ ਬਜਟ ਦੇ ਵਿਚ ਇਹ ਖਾਸ ਗੱਲ ਹੈ । ਪੰਜਾਬ ਸਰਕਾਰ ਮਿਉਂਸਪਲ ਕਮੇਟੀਜ਼ ਵਿਚ, ਨਗਰ ਪਾਲਿਕਾਵਾਂ ਦੇ ਵਿਚ, ਮਿਉਂਸਪਲ ਕਾਰਪੋਰੇਸ਼ਨਾਂ ਦੇ ਵਿਚ ਇਹ ਫੰਡਜ਼ ਦੇ ਕੇ ਉਥੇ ਸੀਵਰੇਜ ਸਿਸਟਮ ਨੂੰ ਲਾਗੂ ਕਰੇਗੀ, ਪੀਣ ਦੇ ਪਾਣੀ ਦਾ ਪ੍ਰਬੰਧ ਕਰੇਗੀ ਅੱਜ ਜਿਹੜੇ ਸ਼ਹਿਰੀ ਇਸ ਚੀਜ਼ ਤੋਂ ਵਾਂਝੇ ਹਨ, ਉਨ੍ਹਾਂ ਨੂੰ ਇਹ ਸਹੂਲਤ ਪ੍ਰਵਾਈਡ ਕੀਤੀ ਜਾਵੇਗੀ ਤਾਂ ਕਿ ਹਰ ਪੱਖ ਤੋਂ ਲੋਕਾਂ ਦਾ ਵਿਕਾਸ ਹੋ ਸਕੇ। ਇਸ ਬਜਟ ਦੇ ਬਾਰੇ ਮੈਂ ਹਰ ਇਕ ਬੰਦੇ ਨਾਲ ਗੱਲ ਕੀਤੀ ਹੈ ਅਤੇ ਕਿਸੇ ਨੇ ਵੀ ਇਸ ਬਜਟ ਨੂੰ ਕ੍ਰਿਟੀਸਾਈਜ਼ ਨਹੀਂ ਕੀਤਾ ਅਤੇ ਨਾ ਹੀ ਕਿਸੇ ਆਪੋਜ਼ੀਸ਼ਨ ਦੀ ਪੁਲੀਟੀਕਲ ਪਾਰਟੀਜ਼ ਨੇ ਇਸ ਨੂੰ ਕ੍ਰਿਟੀਸਾਈਜ਼ ਕੀਤਾ ਹੈ (ਤਾੜੀਆਂ) । ਇਸ ਤੋਂ ਪਹਿਲੇ ਜਿੰਨੇ ਵੀ ਬਜਟ ਪੇਸ਼ ਕੀਤੇ ਗਏ, ਉਨ੍ਹਾਂ ਬਾਰੇ ਲੋਕਾਂ ਦੇ ਵਿਚਾਰ ਲਏ ਜਾਂਦੇ ਸਨ ਅਤੇ ਆਪੋਜ਼ੀਸ਼ਨ ਪਾਰਟੀਜ਼ ਕ੍ਰਿਟੀਸਾਈਜ਼ ਕਰਦੀਆਂ ਸਨ ਪਰ ਇਸ ਬਜਟ ਵਿਚ ਡਾਕਟਰ ਸਾਹਿਬ ਨੇ ਲੋਕਾਂ ਨੂੰ ਇਤਨੀਆਂ ਛੋਟਾਂ ਦੇ ਦਿੱਤੀਆਂ ਹਨ ਕਿ ਇਸ ਦੇ ਨਾਲ ਇੰਡਸਟਰੀਅਲਿਸਟ, ਮਜ਼ਦੂਰ ਅਤੇ ਦਿਹਾੜੀਦਾਰ ਵੀ ਖੁਸ਼ ਹੈ । ਡਾਕਟਰ ਸਾਹਿਬ ਨੇ ਬਜਟ ਦੇ ਵਿਚ ਸੇਲਜ਼ ਟੈਕਸ 10% ਤੋਂ ਘਟਾ ਕੇ 3% ਕਰ ਦਿੱਤਾ ਹੈ । ਪਹਿਲੇ ਸਾਡੇ ਅੰਮ੍ਰਿਤਸਰ, ਜਲੰਧਰ ਅਤੇ ਹੁਸ਼ਿਆਰਪੁਰ ਦੇ ਲੋਕ ਸਕੂਟਰ ਲੈਣ ਲਈ ਗਗਰੇਟ (ਹਿਮਾਚਲ) ਜਾਂਦੇ ਸਨ । ਉਥੇ ਉਨ੍ਹਾਂ ਨੂੰ 1700 ਰੁਪਿਆ ਸਕੂਟਰ ਸਸਤਾ ਪੈਂਦਾ ਸੀ ਪਰ ਹੁਣ ਇਹ ਸੇਲਜ਼ ਟੈਕਸ ਵਿਚ ਛੋਟ ਦੇਣ ਨਾਲ ਲੋਕਾਂ ਨੂੰ ਜਲੰਧਰ ਵਿਚ ਹੀ 2500 ਰੁਪਿਆ ਸਕੂਟਰ ਸਸਤਾ ਪਵੇਗਾ । ਇਸ ਦੇ ਨਾਲ ਹੀ ਸਰਕਾਰ ਨੇ ਚੂੜੀਆਂ ਉਤੇ ਵੀ ਸੇਲਜ਼ ਟੈਕਸ ਨੂੰ ਖਤਮ ਕਰ ਦਿੱਤਾ ਹੈ । ਇਹ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਕੀਤਾ ਹੈ ਅਤੇ ਹੁਣ ਅਸੀਂ ਚੂੜੀਆਂ ਟੁੱਟਣ ਨਹੀਂ ਦੇਵਾਂਗੇ । ਪਹਿਲਾਂ 3 ਸਾਲਾਂ ਵਿਚ 25,000 ਲੋਕਾਂ ਨੂੰ ਅੱਤਵਾਦੀਆਂ ਨੇ ਮਾਰ ਦਿੱਤਾ ਸੀ ਪਰ 1994-95 ਵਿਚ ਇਕ ਵੀ ਬੰਦਾ ਅੱਤਵਾਦੀਆਂ ਦਾ ਸ਼ਿਕਾਰ ਨਹੀਂ ਹੋਣ ਦਿੱਤਾ ਗਿਆ । ਇਹ ਬੜਾ ਸ਼ਲਾਘਾਯੋਗ ਕਦਮ ਹੈ । ਪਹਿਲੇ ਕਿਹਾ ਕਰਦੇ ਸਨ ਕਿ ਪੰਜਾਬ ਵਿਚ ਦੁੱਧ ਦੀਆਂ ਨਦੀਆਂ ਵਗਦੀਆਂ ਹਨ ਪਰ ਅੱਤਵਾਦ ਨੇ ਇਥੇ ਪੰਜਾਬ ਵਿਚ ਖੂਨ ਦੀਆਂ ਨਦੀਆਂ ਵਗਾ ਦਿੱਤੀਆਂ ਸਨ । ਉਸ ਨੂੰ ਸਰਦਾਰ ਬੇਅੰਤ ਸਿੰਘ ਨੇ ਆਪਣੀ ਸਿਆਣਪ ਨਾਲ ਖਤਮ ਕੀਤਾ ਅਤੇ ਪੰਜਾਬ ਵਿਚ ਫਿਰ ਦੁੱਧ ਦੀਆਂ ਨਦੀਆਂ ਵਹਾ ਦਿੱਤੀਆਂ ਹਨ । 3 ਸਾਲ ਪਹਿਲੇ ਇਥੇ ਪੰਜਾਬ ਵਿਚ ਸਿੱਖਿਆ ਦੇ ਖੇਤਰ ਵਿਚ ਅਤੇ ਸਕੂਲਾਂ ਦੇ ਵਿਚ ਕੋਡ ਆਫ ਕੰਡਕਟ ਅੱਤਵਾਦੀਆਂ ਦਾ ਚਲਦਾ ਸੀ ਅਤੇ ਉਹ ਹੁਕਮ ਦਿੰਦੇ ਸਨ ਕਿ ਸਕੂਲਾਂ ਦੇ ਵਿਚ ਪਗੜੀਆਂ ਖੱਟੇ ਕਲਰ ਦੀਆਂ ਹੋਣਗੀਆਂ ਅਤੇ ਦੁਪੱਟੇ ਖੱਟੇ ਕਲਰ ਦੇ ਹੋਣਗੇ । ਸਕੂਲਾਂ ਦੀ ਯੂਨੀਫਾਰਮ ਤੱਕ ਚੇਂਜ ਕਰ ਦਿੱਤੀ ਗਈ ਸੀ ਪਰ ਹੁਣ ਸਿਖਿਆ ਦੇ ਖੇਤਰ ਵਿਚ ਸਕੂਲਾਂ ਦੇ ਵਿਚ ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਦਾ ਕੋਡ ਆਫ ਕੰਡਕਟ ਚਲਦਾ ਹੈ, ਸਰਦਾਰ ਬੇਅੰਤ ਸਿੰਘ ਦਾ ਚਲਦਾ ਹੈ ਅਤੇ ਹੁਣ ਇਕੋ ਯੂਨੀਫਾਰਮਿਟੀ ਰੱਖੀ ਗਈ ਹੈ । ਸਾਰੇ ਪੰਜਾਬ ਵਿਚ ਹਾਲਾਤ ਵਿਚ ਸੁਧਾਰ ਲਿਆਂਦਾ ਹੈ ਅਤੇ ਹਰ ਪੱਖੋਂ ਤਰੱਕੀ ਵੀ ਕੀਤੀ ਹੈ । ਸਾਡੇ ਪੰਜਾਬ ਵਿਚ ਪਰ ਕੈਪੀਟਾ ਇਨਕਮ ਸਾਰੇ ਦੇਸ਼ ਨਾਲੋਂ ਵਧ ਹੈ ਅਤੇ ਇਸ ਨੂੰ ਹੋਰ ਵਧਾਉਣ ਲਈ ਸਰਦਾਰ ਬੇਅੰਤ ਸਿੰਘ ਅਤੇ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਬਜਟ ਵਿਚ ਪ੍ਰਬੰਧ ਕੀਤਾ ਹੈ ਅਤੇ ਉਸ ਦੀ ਪ੍ਰੋੜਤਾ ਵੀ ਮੈਂ ਕਰਦਾ ਹਾਂ । ਇਸ ਗੱਲ ਲਈ ਇਹ ਮੁਬਾਰਕਬਾਦ ਦੇ ਹੱਕਦਾਰ ਵੀ ਹਨ ।

Original with;
Punjab Vidhan Sabha
Digitized by;
Digital Library

ਇਸ ਬਜਟ ਦੇ ਰਾਹੀਂ ਹਰ ਵਰਗ ਨੂੰ ਫਾਇਦਾ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਰਿਆਇਤਾਂ ਦੇਣ ਵੱਲ ਖਾਸ ਧਿਆਨ ਦਿੱਤਾ ਗਿਆ ਹੈ । ਇਹ ਹੀ ਕਾਰਣ ਹੈ ਕਿ ਇਸ ਬਜਟ ਨੂੰ ਕਿਸੇ ਨੇ ਕ੍ਰਿਟੀਸਾਈਜ਼ ਨਹੀਂ ਕੀਤਾ ਹੈ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ।

ਸਰਦਾਰ ਗੁਲਜ਼ਾਰ ਸਿੰਘ (ਕਪੂਰਥਲਾ). ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਉਤੇ ਜਿਹੜਾ ਡਾਕਟਰ ਸਾਹਿਬ ਨੇ ਇਸ ਹਾਊਸ ਵਿਚ ਪੇਸ਼ ਕੀਤਾ ਹੈ, ਬੋਲਣ ਲਈ ਮੌਕਾ ਦਿੱਤਾ ਹੈ । ਮੈਂ ਅੱਜ ਤੋਂ ਪਿਛਲੇ 3 ਸਾਲ ਵੱਲ ਧਿਆਨ ਲਿਜਾਣਾ ਚਾਹੁੰਦਾ ਹਾਂ ਜਦ ਸਾਨੂੰ ਹਰ ਪਾਸੇ ਲੋਕਾਂ ਦੀਆਂ ਚੀਕਾਂ ਅਤੇ ਹਾਉਕੇ ਹੀ ਨਜ਼ਰ ਆਉਂਦੇ ਸਨ । ਫਿਰ ਸਰਦਾਰ ਬੇਅੰਤ ਸਿੰਘ ਲੋਕਾਂ ਦੇ ਮਸੀਹਾ ਬਣਕੇ ਪੰਜਾਬ ਵਿੱਚ ਆਏ, ਅੱਤਵਾਦ ਨੂੰ ਪੰਜਾਬ ਵਿਚੋਂ ਖਤਮ ਕੀਤਾ ਅਤੇ ਅੱਤਵਾਦ ਦੇ ਬੋਲਬਾਲੇ ਨੂੰ ਪੂਰੀ ਤਰ੍ਹਾਂ ਖਤਮ ਕੀਤਾ । ਇਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ''ਐ ਕਿਸ਼ਤੀ ਮੁਝੇ ਮੰਝਦਾਰ ਮੇਂ ਲੇ ਚਲ, ਭਰਾ ਸਕਤੀ ਨਹੀਂ ਡੂਬੇ ਹੂਏ ਕੀ ਦਾਸ਼ਤਾਨ ਮੁਝ ਕੋ'' । ਉਨ੍ਹਾਂ ਨੇ ਆਪਣੀ ਪੁਲੀਟੀਕਲ ਵਿੱਲ ਦੇ ਨਾਲ ਪੰਜਾਬ ਦੀ ਵਾਗਡੋਰ ਸੰਭਾਲੀ ਅਤੇ 3 ਸਾਲਾਂ ਦੇ ਵਿਚ ਅੱਤਵਾਦ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ।

ਡਿਪਟੀ ਸਪੀਕਰ ਸਾਹਿਬ, ਪਹਿਲਾਂ 800 ਕਰੋੜ ਰੁਪਏ ਦਾ ਬਜਟ ਸੀ । 1993-94 ਵਿਚ 1250 ਕਰੋੜ ਰੁਪਏ ਦਾ ਬਜਟ ਸੀ । 1994-95 ਵਿਚ 1450 ਕਰੋੜ ਰੁਪਏ ਦਾ ਬਜਟ ਸੀ ਪਰ ਹੁਣ 1995-96 ਵਿਚ 1675 ਕਰੋੜ ਰੁਪਏ ਦਾ ਹੈ ਜਿਹੜਾ ਆਪਣੇ ਆਪ ਵਿਚ ਰਿਕਾਰਡ ਹੈ । ਅਸੀਂ ਦੇਖਦੇ ਰਹੇ ਹਾਂ ਕਿ ਸਾਡੀ ਸਰਕਾਰ ਆਉਣ ਤੋਂ ਪਹਿਲਾਂ 800 ਕਰੋੜ ਰੁਪਏ ਦਾ ਬਜਟ ਹੁੰਦਾ ਸੀ ਅਤੇ 600 ਕਰੋੜ ਰੁਪਿਆ ਇਸ ਵਿਚੋਂ ਖਰਚਿਆ ਜਾਂਦਾ ਸੀ । ਹੁਣ ਪੂਰੇ ਦਾ ਪੂਰਾ ਬਜਟ ਖਰਚਿਆ ਜਾਂਦਾ ਹੈ ਇਥੇ ਹਾਊਸ ਵਿਚ ਬੋਲਦਿਆਂ ਸਰਦਾਰ ਹਰਗੋਪਾਲ ਸਿੰਘ ਜੀ ਨੇ ਕਿੰਤੂ ਕੀਤਾ ਸੀ । ਉਸ ਵੱਲ ਮੈਂ ਜ਼ਿਆਦਾ ਧਿਆਨ ਨਹੀਂ ਦੇਣਾ ਚਾਹੁੰਦਾ । ਬਿਜਲੀ ਬਾਰੇ ਉਨ੍ਹਾਂ ਨੂੰ ਚਿੰਤਾ ਹੈ ਕਿ ਕਿਸਾਨਾਂ ਨੂੰ ਬਿਜਲੀ ਮਹਿੰਗੀ ਮਿਲ ਰਹੀ ਹੈ ਅਤੇ ਉਨ੍ਹਾਂ ਨੇ ਤਿੰਨ ਹੁਾਰਸ ਪਾਵਰ ਅਤੇ ਪੰਜ ਹਾਰਸ ਪਾਵਰ ਦੀ ਗੱਲ ਕੀਤੀ ਸੀ । ਡਿਪਟੀ ਸਪੀਕਰ ਸਾਹਿਬ, 960 ਕਰੋੜ ਰੁਪਿਆ ਬਿਜਲੀ ਬੋਰਡ ਨੂੰ ਦਿੱਤਾ ਹੈ ਤਾਂਕਿ ਜ਼ਿਮੀਂਦਾਰਾਂ ਨੂੰ ਸਬਸਿਡਾਈਜ਼ ਰੇਟ ਤੇ ਬਿਜਲੀ ਦਿੱਤੀ ਜਾ ਸਕੇ । ਇਸੇ ਤਰ੍ਹਾਂ ਉਨ੍ਹਾਂ ਨੂੰ ਯਾਦ ਨਹੀਂ ਕਿ ਧਰਮਸ਼ਾਲਾਵਾਂ ਲਈ 50,000/- ਰੁਪਿਆ ਮਿਲਦਾ ਹੈ, ਉਨ੍ਹਾਂ ਦਾ ਖਿਆਲ ਸੀ ਕਿ 30,000/- ਰੁਪਿਆ ਮਿਲਦਾ ਹੈ । ਰਿਪੇਅਰ ਵਾਸਤੇ 15,000/- ਰੁਪਿਆ ਮਿਲਦਾ ਹੈ । ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਵਿਧਵਾ ਪੈਨਸ਼ਨ 200/- ਰੁਪਏ ਕੀਤੀ ਹੈ । ਅਗਲੇ ਸਾਲ ਇਹ ਪੈਨਸ਼ਨ 300/- ਰੁਪਏ ਤੋਂ ਉਪਰ ਜਾਏਗੀ । ਇਥੇ ਹਾਊਸ ਵਿਚ ਬੜਾ ਸ਼ੋਰ ਹੁੰਦਾ ਸੀ ਅਤੇ ਸਰਕਾਰ ਨੇ ਇਲੈਕਸ਼ਨਾਂ ਵਿਚ ਕੋਈ ਵਾਅਦਾ ਵੀ ਨਹੀਂ ਕੀਤਾ ਸੀ ਪਰ ਗਰੀਬ ਕਿਸਾਨ, ਗਰੀਬ ਮਜ਼ਦੂਰ, ਗਰੀਬ ਵਰਗ ਦਾ ਕਰਜ਼ੇ ਦਾ ਸਵਾਲ ਸੀ ਕਿ 5,000/- ਰੁਪਏ ਤਕ ਦੇ ਕਰਜੇ ਗਰੀਬਾਂ ਦੇ ਮਾਫ਼ ਕਰ ਦਿਤੇ ਜਾਣ । ਸਹਕਾਰ ਨੇ ਉਨ੍ਹਾਂ ਗਰੀਬਾਂ ਦੇ 5,000/- ਰੁਪਏ ਤੱਕ ਦੇ ਕਰਜ਼ੇ ਮਾਫ਼ ਕੀਤੇ ਹਨ ਜੋ ਕੋਆਪਰੇਟਿਵ ਅਦਾਰਿਆਂ ਤੋਂ ਲਏ ਗਏ ਸਨ । ਹੁਣ ਉਨ੍ਹਾਂ ਨੂੰ ਕਿਸੇ ਗੱਲ ਦਾ ਗਿਲਾ ਨਹੀਂ ਹੋਣਾ ਚਾਹੀਦਾ (ਥੰਪਿੰਗ)

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਲਜ਼ਾਰ ਸਿੰਘ]

ਪੁਲਿਸ ਡਿਪਾਰਟਮੈਂਟ ਦੀ ਗੱਲ ਆਈ ਹੈ । ਪਲਿਸ ਡਿਪਾਰਟਮੈਂਟ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ everything is fair in love and war. ਪੁਲਿਸ ਨੇ 250 ਪਰਿਵਾਰਾਂ ਦੀ ਸ਼ਹਾਦਤ ਦਿਤੀ । ਹੁਣ ਕੀ ਹੋ ਰਿਹਾ ਹੈ ਕਿ ** ** **

ਸ਼੍ਰੀ ਡਿਪਟੀ ਸਪੀਕਰ ਇਹ ਕੋਰਟ ਦਾ ਆਪਣਾ ਮਸਲਾ ਹੈ । Let us not cast aspersions on what the Court says. We should not talk about that. So all these words about Courts are expunged.

ਸ਼੍ਰੀ ਮਦਨ ਮੋਹਨ ਮਿੱਤਲ ਜਿਹੜੀ ਇਨ੍ਹਾਂ ਨੇ ਕੋਰਟ ਬਾਰੇ ਗੱਲ ਕੀਤੀ ਹੈ, that should not be made part of the debate.

Mr. Deputy Speaker : I have already expunged that.

ਪੰਡਿਤ ਸੋਮ ਦੱਤ ਸ਼ਰਮਾ : ਡਿਪਟੀ ਸਪੀਕਰ ਸਾਹਿਬ, ਸਰਦਾਰ ਕਰਤਾਰ ਸਿੰਘ ਵੈਦ, ਹਾਊਸ ਦਾ ਐਮ. ਐਲ. ਏ. ਹੁੰਦਾ ਸੀ ਅਤੇ ਉਸ ਨੇ ਹਾਊਸ ਵਿਚ ਵਿਚ ਬੋਲਦਿਆਂ ਜੱਜਾਂ ਦੀ ਗੱਲ ਕਹੀ ਸੀ । ਜੇ ਉਹ ਸਦਨ ਵਿਚ ਕਹਿ ਸਕਦੇ ਹਨ ਤਾਂ ਅਸੀਂ ਵੀ ਇਸ ਹਾਊਸ ਵਿਚ ਸੁਪਰੀਮ ਕੋਰਟ ਬਾਰੇ, ਹਾਈ ਕੋਰਟ ਬਾਰੇ ਕਹਿ ਸਕਦੇ ਹਾਂ । ਇਥੇ ਸਾਨੂੰ ਹਾਊਸ ਵਿਚ ਕਹਿਣ ਦਾ ਹੱਕ ਹੈ । ਜੇਕਰ ਨਹੀਂ ਤਾਂ, ਡਿਪਟੀ ਸਪੀਕਰ ਸਾਹਿਬ, ਇਸ ਬਾਰੇ ਰੂਲਿੰਗ ਦੇ ਦਿਤੀ ਜਾਵੇ । ਤੁਸੀਂ ਉਹ ਲਫਜ਼ ਐਕਸਪੰਜ ਕੀਤੇ ਹਨ । ਸਰਦਾਰ ਕਰਤਾਰ ਸਿੰਘ ਵੈਦ ਨੇ ਜੱਜਾਂ ਦਾ ਨਾਂ ਲੈ ਕੇ ਕਿਹਾ ਸੀ ਕਿ ਉਹ ਕੁਰੱਪਟ ਹਨ ।

ਸ਼੍ਰੀ ਡਿਪਟੀ ਸਪੀਕਰ : ਚੰਗਾ ਹੋਵੇਗਾ ਜੇਕਰ ਅਸੀਂ ਉਨ੍ਹਾਂ ਦੀ ਫੰਕਸ਼ਨਿੰਗ ਬਾਰੇ ਹਾਊਸ ਵਿਚ ਇਥੇ ਗੱਲ ਨਾ ਕਰੀਏ ।

ਸਰਦਾਰ ਗੁਲਜ਼ਾਰ ਸਿੰਘ : ਡਿਪਟੀ ਸਪੀਕਰ ਸਾਹਿਬ, 30,000 ਬੰਦੇ ਅੱਤਵਾਦ ਦਾ ਸ਼ਿਕਾਰ ਹੋਏ । 30,000 ਬੰਦੇ ਅੱਤਵਾਦੀਆਂ ਹੱਥੋਂ ਕਤਲ ਕੀਤੇ ਗਏ । ਸੁਪਰੀਮ ਕੋਰਟ ਵਿਚ ਮੇਰਾ ਆਪਣਾ ਕੇਸ ਸੀ ਅਤੇ ਮੈਂ ਕੋਰਟ ਵਿਚ ਮੌਕੇ ਦੇ ਗਵਾਹ ਵੀ ਪੇਸ਼ ਕੀਤੇ । ਬਕਾਇਦਾ ਅਸਲਾ ਵੀ ਬਰਾਮਦ ਹੋਇਆ । ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਵਕਤ ਆ ਰਿਹਾ ਹੈ ਕਿ ਜੁਡੀਸ਼ੀਅਲ ਸਿਸਟਮ ਜਿਹੜਾ ਹੈ, ਉਸਨੂੰ ਵੀ ਚੈਨੇਲਾਈਜ਼ ਕਰਨ ਵਾਸਤੇ ਇਸ ਤੇ ਪਬਲਿਕ ਡਿਬੇਟ ਹੋਵੇ ਤਾਂ ਕਿ ਕੋਈ ਗੱਲ ਨਿੱਤਰੇ । ਇਹ ਪਬਲਿਕ ਇੰਟਰੈਸਟ ਵਿਚ ਹੈ, ਡੈਮੋਕਰੇਸੀ ਦੇ ਇੰਟਰੈਸਟ ਵਿਚ ਹੈ । ਏਸੇ ਤਰ੍ਹਾਂ ਹੀ ਹਾਹਤ ਅਤੇ ਵਸੇਬੇ ਲਈ ਪਿਛਲੇ ਤਿੰਨਾਂ ਸਾਲਾਂ ਵਿਚ 60 ਕਰੋੜ ਰੁਪਏ.....

ਸ਼੍ਰੀ ਡਿਪਟੀ ਸਪੀਕਰ : ਸਰਦਾਰ ਗੁਲਜ਼ਾਰ ਸਿੰਘ ਜੀ, ਜੁਡੀਸ਼ੀਅਲ ਸਿਸਟਮ ਨੂੰ ਠੀਕ ਕਰਨ ਵਾਸਤੇ ਤੁਸੀਂ ਸਿਰਫ ਸੁਜੈਸ਼ਨ ਦੇ ਸਕਦੇ ਹੋ । ਬਾਕੀ ਉਨ੍ਹਾਂ ਦੀ ਫੰਕਸ਼ਨਿੰਗ ਤੇ ਕੋਈ ਗੱਲ ਨਾ ਕਹੀਏ, ਏਨੀ ਗੱਲ ਹੈ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਲਜ਼ਾਰ ਸਿੰਘ ਡਿਪਟੀ ਸਪੀਕਰ ਸਾਹਿਬ, ਮੇਰੇ ਦਿਲ ਵਿਚ ਵਲਵਲਾ ਸੀ, ਮੈਂ ਕਹਿਣ ਦੀ ਕੋਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਦਾ ਹੀ ਵਲੁਵਲਾ ਮਿੱਤਲ ਸਾਹਿਬ ਬਾਰੇ ਕਹਿਣਾ ਚਾਹੁੰਦਾ ਹਾਂ ਕਿ—

ਇਸ ਬਾਤ ਕਾ ਤੋ ਗਮ ਨਹੀਂ ਮਜ਼ਹਬ ਕੀ ਆੜ ਮੇਂ
ਹਿੰਦੂ ਮਰਾ, ਸਿੱਖ ਮਰਾ ਜਾਂ ਮੁਸਲਮਾਨ ਮਰ ਗਿਆ,
ਅਫਸੋਸ ਤੋ ਯੇਹ ਹੈ ਕਿ ਇਸ ਮਜ਼ਹਬੀ ਜਨੂਨੀ ਦੌਰ ਮੇਂ
ਸ਼ੈਤਾਨ ਜ਼ਿੰਦਾ ਹੈ, ਇਨਸਾਨ ਮਰ ਗਿਆ ।

ਮੈਂ ਤਾਂ ਉਨ੍ਹਾਂ ਲੋਕਾਂ ਬਾਰੇ ਹੀ ਕਿਹਾ ਹੈ, ਮਿੱਤਲ ਸਾਹਿਬ, ਕਿ—

ਲੋਗ ਤੋ ਟੂਟ ਜਾਤੇ ਹੈਂ ਏਕ ਘਰ ਬਸਾਨੇ ਮੇਂ,
ਤੁਮ ਤਰਸ ਨਹੀਂ ਖਾਤੇ ਬਸਤੀਆਂ ਜਲਾਨੇ ਮੇਂ ।

ਅੱਗੇ, ਡਿਪਟੀ ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਦੀ ਗੱਲ ਕਰਦਾ ਹਾਂ । ਸਰਕਾਰ ਨੇ ਇਕ ਹਜ਼ਾਰ ਪ੍ਰਾਇਮਰੀ ਸਕੂਲਾਂ ਨੂੰ ਮਿਡਲ ਕਰਨਾ ਹੈ । 120 ਮਿਡਲ ਸਕੂਲ ਹਾਈ ਕਰਨੇ ਹਨ ਅਤੇ 120 ਸਕੂਲ ਹਾਈ ਤੋਂ ਪਲੱਸ-ਟੂ ਕਰਨੇ ਹਨ । ਇਸ ਲਈ ਐਜੂਕੇਸ਼ਨ ਮਨਿਸਟਰ ਸਾਹਿਬ ਵਧਾਈ ਦੇ ਪਾਤਰ ਹਨ । ਇਨ੍ਹਾਂ ਨੇ ਹਾਈਕੋਰਟ ਦੀ ਜਜਮੈਂਟ ਨੂੰ ਗੇੜਾ ਦੇ ਕੇ ਟੀਚਰ ਨੌਕਰੀ ਤੇ ਲੱਗੇ ਰਹਿਣ ਦਿੱਤੇ ਹਨ, ਇਹ ਬਹੁਤ ਵਧੀਆ ਗੱਲ ਹੋਈ ਹੈ । ਲੋਕਾਂ ਨੂੰ ਬੜਾ ਰਲੀਫ ਮਿਲਿਆ ਹੈ । ਉਨ੍ਹਾਂ ਲੋਕਾਂ ਨੂੰ ਹੀ ਨੌਕਰੀ ਤੇ ਕੰਟੀਨਿਊ ਰਖਿਆ ਹੈ ਅਤੇ 11000 ਨਵੇਂ ਟੀਚਰ ਹੋਰ ਭਰਤੀ ਕੀਤੇ ਜਾਣੇ ਹਨ । ਮੈਂ ਸਰਦਾਰ ਬੇਅੰਤ ਸਿੰਘ ਅਤੇ ਰੰਧਾਵਾ ਸਾਹਿਬ ਨੂੰ ਇਸ ਗੱਲ ਦੀ ਵੀ ਵਧਾਈ ਦੇਣੀ ਚਾਹਵਾਂਗਾ । ਇਕ ਹੋਰ ਗੱਲ ਵਿਸ਼ੇਸ਼ ਤੌਰ ਤੇ ਇਹ ਕਰਨ ਜਾ ਰਹੇ ਹਨ ਕਿ ਪ੍ਰਾਇਮਰੀ ਤੋਂ ਮਿਡਲ ਸਕੂਲ ਕਰ ਦੇਣੇ ਹਨ । ਇਨ੍ਹਾਂ ਨੇ ਹਰ ਪ੍ਰਾਇਮਰੀ ਸਕੂਲ 2 ਸਾਲਾਂ ਵਿਚ ਮਿਡਲ ਕਰ ਦੇਣਾ ਹੈ ।

ਅੱਗੇ, ਡਿਪਟੀ ਸਪੀਕਰ ਸਾਹਿਬ, ਮੈਂ ਸਪੋਰਟਸ ਸਬੰਧੀ ਗੱਲ ਕਰਨੀ ਚਾਹਵਾਂਗਾ । ਸਪੋਰਟਸ ਦਾ ਸਾਡੀ ਜ਼ਿੰਦਗੀ ਵਿਚ ਬੜਾ ਰੋਲ ਰਿਹਾ ਹੈ । ਪਿੱਛੇ ਜੋ ਕੁਝ ਵੀ ਵਾਪਰਦਾ ਰਿਹਾ ਹੈ, ਉਸ ਨੂੰ ਸਹੀ ਰਸਤੇ ਤੇ ਲਿਆਉਣ ਲਈ 1994-95 ਦੇ ਬਜਟ ਵਿਚ 13.39 ਕਰੋੜ ਰੁਪਿਆ ਸਪੋਰਟਸ ਲਈ ਰੱਖਿਆ ਸੀ ਜੋ ਹੁਣ 1995-96 ਵਿਚ 13.67 ਕਰੋੜ ਰੁਪਿਆ ਕਰ ਦਿੱਤਾ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਸਮਝਦਾ ਹਾਂ ਕਿ ਇਹ ਬਜਟ ਘੱਟ ਹੈ ਪਰ ਨਾਲ ਹੀ ਮੈਂ ਇਸ ਗੱਲ ਦੀ ਖੁਸ਼ੀ ਵੀ ਪ੍ਰਗਟ ਕਰਦਾ ਹਾਂ ਕਿ ਸਰਕਾਰ ਨੇ ਏਨੇ ਪੈਸੇ ਸਪੋਰਟਸ ਲਈ ਰੱਖੇ ਹਨ । ਮੈਂ ਸਪੋਰਟਸ ਨਾਲ ਆਪ ਸਬੰਧਤ ਹਾਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਰਕਮ ਹੋਰ ਵਧਾਉਣੀ ਚਾਹੀਦੀ ਹੈ ਤਾਂਕਿ ਸਾਡੇ ਮੁੰਡੇ ਅੱਤਵਾਦ ਵੱਲ ਹੋਰ ਨਾ ਜਾ ਸਕਣ । ਮੈਂ ਇਹ ਵੀ ਦੇਖਿਆ ਹੈ ਕਿ ਸਪੋਰਟਸ ਦੇ ਡਿਪਟੀ ਡਾਇਰੈਕਟਰ ਕੋਲ ਅਤੇ ਜੁਆਇੰਟ ਡਾਇਰੈਕਟਰ ਕੋਲ ਗੱਡੀ ਤੱਕ ਨਹੀਂ । ਇਹ ਠੀਕ ਹੈ ਕਿ ਸਰਦਾਰ ਅਵਤਾਰ ਸਿੰਘ ਬਰਾੜ ਨੂੰ ਖੇਡਾਂ ਦਾ ਮੰਤਰੀ ਬਣਾਇਆ ਹੈ, ਉਹ ਆਪ ਵੀ ਟ੍ਰੇਡ ਯੂਨੀਅਨਿਸਟ ਰਿਹਾ ਹੈ । ਪਰ ਉਸ ਕੋਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਲਜ਼ਾਰ ਸਿੰਘ]

ਮਹਿਕਮੇ ਵਿਚ ਕੋਈ ਪੈਸਾ ਨਹੀਂ । ਇਹੋ ਜਿਹੇ ਮਹਿਕਮੇ ਲਈ ਮੈਂ ਸਮਝਦਾ ਹਾਂ ਕਿ 30 ਕਰੋੜ ਰੁਪਿਆ ਰੱਖਿਆ ਜਾਣਾ ਚਾਹੀਦਾ ਸੀ । ਮੈਂ ਦੱਸਦਾ ਹਾਂ ਕਿ ਇੰਡੋਨੇਸ਼ੀਆ ਦੇ ਜਕਾਰਤਾ ਵਿਚ ਜਦੋਂ ਸਾਡੀ ਹਾਕੀ ਟੀਮ ਹਾਰੀ ਸੀ ਤਾਂ ਹਾਕੀ ਹੀਰੋ ਪ੍ਰਿਥੀਪਾਲ ਸਿੰਘ ਨੇ ਕਿਹਾ ਸੀ ਕਿ ਸਾਡੇ ਪਲੇਅਰਜ਼ ਅੰਡਰ ਨੌਰਿਸ਼ਡ ਹਨ । ਸਾਡੇ ਏਥੇ ਵੀ ਕਈ ਅੱਛੇ ਅੱਛੇ ਸਪੋਰਟਸਮੈਨ ਹਨ ਪਰ ਉਨ੍ਹਾਂ ਨੂੰ ਵੀ ਕੋਈ ਭੱਤਾ ਨਹੀਂ ਮਿਲਦਾ । 25 ਰੁਪਏ ਹੀ ਮਿਲਦੇ ਹਨ । ਉਨ੍ਹਾਂ ਦੀ ਖੁਰਾਕ ਡੇਅਲੀ 50 ਰੁਪਏ ਹੋਣੀ ਚਾਹੀਦੀ ਹੈ . ਮੈਂ ਚਾਹਵਾਂਗਾ ਕਿ ਸਰਕਾਰ ਵਲੋਂ ਇਸਤੇ ਜ਼ਰੂਰ ਵਿਚਾਰ ਕੀਤਾ ਜਾਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਡੀਕਲ ਅਤੇ ਜਨ ਸਿਹਤ ਦੇ ਬਜਟ ਵਿਚ ਬਹੁਤ ਵਾਧਾ ਕੀਤਾ ਗਿਆ ਹੈ । ਏਥੇ ਭੈਣ ਲਕਸ਼ਮੀ ਕਾਂਤਾ ਚਾਵਲਾ ਜੀ ਗੱਲ ਕਰਦੇ ਸਨ ਕਿ ਹਸਪਤਾਲਾਂ ਵਿਚ ਕੁਝ ਨਹੀਂ । ਹੁਣ ਤਕਰੀਬਨ ਡਬਲ ਦਵਾਈਆਂ ਮਿਲ ਸਕਣਗੀਆਂ । ਪਿਛਲੀ ਵਾਰੀ ਮੈਡੀਕਲ ਦਾ ਬਜਟ 3.90 ਕਰੋੜ ਦਾ ਸੀ ਜੋ ਹੁਣ ਵਧਾ ਕੇ 8 ਕਰੋੜ ਕਰ ਦਿੱਤਾ ਗਿਆ ਹੈ । ਸਰਕਾਰ ਨੇ ਦਿਹਾਤੀ ਵਿਕਾਸ ਵੱਲ ਵੀ ਉਚੇਚੇ ਤੌਰ ਤੇ ਧਿਆਨ ਦਿੱਤਾ ਹੈ । 1994-95 ਦੌਰਾਨ 225.00 ਕਰੋੜ ਰੁਪਏ ਦੇ ਮੁਕਾਬਲੇ 1995-96 ਦੌਰਾਨ ਰਾਜ ਵਿਚ ਦਿਹਾਤੀ ਵਿਕਾਸ ਤੇ 261.42 ਕਰੋੜ ਰੁਪਏ ਖਰਚ ਕੀਤੇ ਜਾਣਗੇ ਜੋ ਕਿ ਕੁੱਲ ਯੋਜਨਾ ਲਾਗਤ ਦਾ 58.68 ਫੀਸਦੀ ਬਣਦਾ ਹੈ । ਉਨਤ ਗ੍ਰਾਮ ਸਕੀਮ ਲਈ 100 ਕਰੋੜ ਰੁਪਿਆ ਰੱਖਿਆ ਗਿਆ ਹੈ ਅਤੇ ਫਿਰਨੀਆਂ ਲਈ 20 ਕਰੋੜ ਰੁਪਿਆ ਰੱਖਿਆ ਗਿਆ ਹੈ । ਇਹ ਚੰਗੀ ਗੱਲ ਹੈ । ਏਸੇ ਤਰ੍ਹਾਂ ਹੀ ਮੰਡੀ ਬੋਰਡ ਵੀ ਬੜਾ ਕੰਮ ਕਰ ਰਿਹਾ ਹੈ । ਇਹ ਖੁਸ਼ੀ ਦੀ ਗੱਲ ਹੈ ਕਿ ਮੰਡੀ ਬੋਰਡ ਦਾ ਪ੍ਰਧਾਨ ਜਿਹੜਾ ਹੈ, ਉਹ ਆਲ ਇੰਡੀਆ ਮੰਡੀ ਬੋਰਡ ਦਾ ਪ੍ਰਧਾਨ ਵੀ ਨਿਯੁਕਤ ਕੀਤਾ ਗਿਆ ਹੈ । ਇਹ ਪੰਜਾਬ ਲਈ ਮਾਣ ਵਾਲੀ ਗੱਲ ਹੈ । ਇਸ ਬੋਰਡ ਦੁਆਰਾ 1995-96 ਵਿਚ 74.00 ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਲਈ 111 ਕਰੋੜ ਰੁਪਏ ਰੱਖੇ ਗਏ ਹਨ । ਪਛੜੀਆਂ ਸ਼੍ਰੇਣੀਆਂ ਦੀ ਰਿਜ਼ਰਵੇਸ਼ਨ ਵਾਸਤੇ ਸਰਕਾਰ ਨੇ ਇਕ ਜੱਜ ਅਪਾਇੰਟ ਕੀਤਾ ਹੈ ।ਮੈਂ ਸਮਝਦਾ ਹਾਂ ਕਿ ਇਹ ਜਿਹੜੀ 5% ਰਿਜਰਵੇਸ਼ਨ ਉਨ੍ਹਾਂ ਲੋਕਾਂ ਵਾਸਤੇ ਰੱਖੀ ਹੋਈ ਹੈ, ਇਹ ਬਹੁਤ ਘਟ ਹੈ । ਇਸ ਕਮਿਸ਼ਨ ਦੀ ਰਿਪੋਰਟ ਅਜੇ ਆਉਣੀ ਹੈ । ਮੰਡਲ ਕਮਿਸ਼ਨ ਦੀ ਰਿਪੋਰਟ ਆ ਚੁੱਕੀ ਹੈ ਅਤੇ ਮੈਂ ਸਮਝਦਾ ਹਾਂ ਕਿ ਜੋ ਮੰਡਲ ਕਮਿਸ਼ਨ ਦੀ ਰਿਪੋਰਟ ਹੈ, ਉਸ ਨੂੰ ਇਨ ਟੋਟੋਂ ਲਾਗੂ ਕਰਨਾ ਚਾਹੀਦਾ ਹੈ ਅਤੇ ਪਛੜੀਆਂ ਸ਼੍ਰੇਣੀਆਂ ਨੂੰ 27% ਰਿਜਰਵੇਸ਼ਨ ਮਿਲਣੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਪਿਛੇ ਜਿਹੇ ਖਾਲਸਾ ਮਾਰਚ ਹੋਇਆ ਹੈ । ਇਥੇ ਪਹਿਲਾਂ ਵੀ ਮਾਰਚ ਹੁੰਦੇ ਰਹੇ ਹਨ ਅਤੇ ਧਰਨੇ ਲੱਗਦੇ ਰਹੇ ਹਨ । ਪੰਜਾਬ ਨੂੰ ਵਿਗਾੜਨ ਦੀਆਂ ਕੋਸ਼ਸ਼ਾਂ ਹੁੰਦੀਆਂ ਰਹੀਆਂ ਹਨ । ਮੈਂ ਸਮਝਦਾ ਹਾਂ ਕਿ ਕੁਝ ਲੋਕ ਆਪਣੀਆਂ ਉਹੀ ਪੁਰਾਣੀਆਂ ਆਦਤਾਂ ਫੇਰ ਦੁਹਰਾ ਰਹੇ ਹਨ । ਇਹ ਚੋਰ ਅਤੇ ਕੁੱਤੀ ਦੇ ਮਿਲਣ ਵਾਲੀ ਗੱਲ ਹੈ । ਕੁਝ ਉਪਰੋਂ ਵੀ ਸਾਜਸ਼ ਹੋ ਰਹੀ ਹੈ । ਜਿਹੜਾ ਨਿਰੰਕਾਰੀ ਬਾਬੇ ਦਾ ਕਾਤਲ ਹੈ ਅਤੇ ਜਿਸ ਨੂੰ ਅਕਾਲੀ ਭਰਾਵਾਂ ਨੇ ਅਕਾਲ ਤਖਤ ਸਾਹਿਬ ਦਾ

Original with;
Punjab Vidhan Sabha
Digitized by;
Panjab Digital Library

ਜਥੇਦਾਰ ਵੀ ਥਾਪ ਰੱਖਿਆ ਹੈ, ਦਿੱਲੀ ਦੀ ਸਰਕਾਰ ਉਸ ਨੂੰ ਰਿਹਾਅ ਕਰਨ ਦਾ ਵਿਚਾਰ ਵੀ ਬਣਾ ਰਹੀ ਹੈ । ਇਸ ਮਾਰਚ ਵਿਚ ਵੀ ਉਹੀ ਪਰਾਣੇ ਢੰਗ ਦੇ ਨਾਹਰੇ ਲਗਾਏ ਗਏ ਜੋ ਕਿ ਹੌਸਲਾ ਵਧਾਉਣ ਵਾਲੇ ਨਹੀਂ ਹਨ । ਸਰਦਾਰ ਬੇਅੰਤ ਸਿੰਘ ਨੇ ਠੀਕ ਹੀ ਆਪਣੀ ਗੱਲ ਠੋਕ ਵਜਾ ਕੇ ਕਹੀ ਕਿ ਅਗਰ ਕੋਈ ਇਸ ਮਾਰਚ ਵਿਚ ਗੜਬੜ ਹੋਈ ਤਾਂ ਅਸੀਂ ਇਸ ਨੂੰ ਬੰਦ ਕਰ ਦਿਆਂਗੇ । ਉਨ੍ਹਾਂ ਦੀ ਇਸ ਵਾਰਨਿੰਗ ਦਾ ਠੀਕ ਅਸਰ ਹੋਇਆ । ਇਹੋ ਜਿਹੇ ਗੜਬੜੀ ਵਾਲੇ ਮਾਹਚ ਬੰਦ ਕਰਨੇ ਹੀ ਚਾਹੀਦੇ ਹਨ ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਚੰਡੀਗੜ੍ਹ ਦਾ ਸਵਾਲ ਹੈ, ਅਕਾਲੀ ਭਰਾ ਇਸ ਦੇ ਵਾਸਤੇ ਸੀਰੀਅਸ ਨਹੀਂ ਹਨ । ਅਕਾਲੀ ਦਲ ਦੇ ਮੈਂਬਰ ਸਾਹਿਬਾਨ ਇਸ ਵੇਲੇ ਇਥੇ ਬੈਠੇ ਨਹੀਂ ਹਨ । ਮਹਾਰਾਜਾ ਪਟਿਆਲਾ ਜ਼ਿਸ ਵੇਲੇ ਸੈਂਟਰ ਅਤੇ ਅਕਾਲੀਆਂ ਵਿਚ ਵਿਚੋਲਗੀ ਕਰ ਰਿਹਾ ਸੀ ਤਾਂ ਉਸ ਵੇਲੇ ਇਕ ਤਜਵੀਜ਼ ਇਹ ਵੀ ਸੀ ਕਿ ਚੰਡੀਗੜ੍ਹ ਨੂੰ 60:40 ਦੀ ਰੇਸ਼ੋ ਨਾਲ ਪੰਜਾਬ ਅਤੇ ਹਰਿਆਣਾ ਵਿਚਕਾਰ ਵੰਡ ਦਿੱਤਾ ਜਾਵੇ । ਇਹ ਅਕਾਲੀ ਵੀਰ ਉਦੋਂ ਇਸ ਤਜਵੀਜ਼ ਨੂੰ ਮੰਨ ਗਏ ਸਨ ਅਤੇ ਇਨ੍ਹਾਂ ਨੇ ਕਿਹਾ ਸੀ ਕਿ ਤੁਸੀਂ ਇਹ ਡਿਵੀਜ਼ਨ ਕਰ ਦਿਓ ਲੇਕਿਨ ਅਸੀਂ ਇਸ ਤੇ ਦਸਤਖਤ ਨਹੀਂ ਕਰਾਂਗੇ । ਅਕਾਲੀ ਦਲ ਵਾਲੇ ਇਹ ਤਜਵੀਜ਼ ਕਿਉਂ ਮੰਨ ਗਏ ? ਕਿਉਂਕਿ ਇਨ੍ਹਾਂ ਸਾਰਿਆਂ ਦੀਆਂ ਇਥੇ ਚੰਡੀਗੜ੍ਹ ਵਿਚ ਕੋਠੀਆਂ ਹਨ । ਬਾਦਲ ਸਾਹਿਬ ਦੀ ਇਥੇ ਬਹੁਤ ਜ਼ਿਆਦਾ ਜ਼ਮੀਨ ਹੈ । ਉਹ ਨਹੀਂ ਚਾਹੁੰਦੇ ਕਿ ਚੰਡੀਗੜ੍ਹ ਇਕ ਪਾਸੇ ਚਲਾ ਜਾਵੇ ਅਤੇ ਉਨ੍ਹਾਂ ਦੀ ਜ਼ਮੀਨ ਦੀ ਕੀਮਤ ਘਟੇ ।

ਡਿਪਟੀ ਸਪੀਕਰ ਸਾਹੀਬ, ਮੈਂ ਸਰਦਾਰ ਬੇਅੰਤ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਚੰਗੀਆਂ ਕੋਸ਼ਸ਼ਾਂ ਸਦਕਾ ਇੰਡਸਟਰੀ ਦੇ ਖੇਤਰ ਵਿਚ ਪੰਜਾਬ ਅੱਜ 13ਵੇਂ ਸਥਾਨ ਤੋਂ ਤੀਸਰੇ ਸਥਾਨ ਤੇ ਆ ਗਿਆ ਹੈ । ਇਸੇ ਤਰ੍ਹਾਂ ਹੀ ਗੋਆ ਨੂੰ ਛੱਡ ਕੇ ਪਰ ਕੈਪੀਟਾ ਇਨਕਮ ਦੇ ਹਿਸਾਬ ਨਾਲ ਵੀ ਪੰਜਾਬ ਸਭ ਤੋਂ ਅੱਗੇ ਹੋ ਗਿਆ ਹੈ ।

ਹੁਣ ਮੈਂ ਕੁਝ ਆਪਣੇ ਹਲਕੇ ਬਾਰੇ ਕਹਿਣਾ ਚਾਹੁੰਦਾ ਹਾਂ । ਮੇਰਾ ਏਰੀਆ ਫ਼ਲੱਡ ਪਰੋਨਡ ਏਰੀਆ ਹੈ । ਉਥੇ ਦਰਿਆ ਬਿਆਸ ਵਗਦਾ ਹੈ । ਇਸ ਏਰੀਏ ਵਿਚ ਹੜ੍ਹ ਬਹੁਤ ਆਉਂਦੇ ਹਨ । ਸਾਡੀ ਮੰਗ ਸੀ ਕਿ ਇਸ ਏਰੀਏ ਵਿਚ ਅਡਵਾਂਸ ਧੁੱਸੀ ਬੰਨ੍ਹ ਬਣਨਾ ਚਾਹੀਦਾ ਹੈ ਅਤੇ ਸਰਦਾਰ ਬੇਅੰਤ ਸਿੰਘ ਜੀ ਨੇ ਕਿਹਾ ਵੀ ਸੀ ਕਿ ਅਸੀਂ ਬਾਈ ਪਾਰਟਸ ਇਸ ਬੰਨ੍ਹ ਨੂੰ ਬਣਾਵਾਂਗੇ । ਮੇਰੀ ਬੇਨਤੀ ਹੈ ਕਿ ਉਹ ਬੰਨ੍ਹ ਜ਼ਰੂਰ ਬਣਨਾ ਚਾਹੀਦਾ ਹੈ ਕਿਉਂਕਿ ਹਰ ਸਾਲ ਅਸੀਂ 10 ਕਰੋੜ ਰੁਪਿਆ ਲੋਕਾਂ ਨੂੰ ਹੜ੍ਹਾਂ ਦੀ ਕੰਪਨਸੇਸ਼ਨ ਦੇ ਤੌਰ ਤੇ ਦਿੰਦੇ ਹਾਂ ਜਦਕਿ ਇਸ ਬੰਨ੍ਹ ਦਾ ਸਾਰਾ ਖਰਚਾ 12 ਕਰੋੜ ਰੁਪਏ ਦੇ ਕਰੀਬ ਹੈ । ਲੋਕੀ ਆਪਣੇ ਤੌਰ ਤੇ ਵੀ ਇਸ ਬੰਨ੍ਹ ਦੇ ਬਨਾਉਣ ਵਾਸਤੇ ਕੋਸ਼ਿਸ਼ ਕਰ ਰਹੇ ਹਨ ਲੇਕਿਨ ਇਹ ਸਰਕਾਰ ਵਾਸਤੇ ਸ਼ੋਭਾ ਵਾਲੀ ਗੱਲ ਨਹੀਂ ਹੋਵੇਗੀ । ਇਸ ਕਰਕੇ ਮੇਰੀ ਸਰਕਾਰ ਅੱਗੇ ਬੇਨਤੀ ਹੈ ਕਿ ਇਹ ਬੰਨ੍ਹ ਬਾਈ ਪਾਰਟਸ ਜ਼ਰੂਰ ਬਣਨਾ ਚਾਹੀਦਾ ਹੈ ।

ਇਸੇ ਤਰ੍ਹਾਂ ਹੀ ਮੇਰੇ ਹਲਕੇ ਦਾ ਇਕ ਹੋਰ ਬਹੁਤ ਭਖਵਾਂ ਮਸਲਾ ਹੈ । ਉਹ ਮਸਲਾ ਨਜ਼ੂਲ ਲੈਂਡ ਦਾ ਹੈ । ਇਹ ਲੈਂਡ 1954-55 ਵਿਚ ਗਰੀਬ ਹਰੀਜਨ ਭਰਾਵਾਂ ਨੂੰ ਦਿੱਤੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਲਜ਼ਾਰ ਸਿੰਘ]

ਗਈ ਸੀ। ਉਨ੍ਹਾਂ ਨੇ ਇਹ ਜ਼ਮੀਨ ਕਿਸ਼ਤਾਂ ਤੇ ਲਈ ਸੀ। ਉਨ੍ਹਾਂ ਨੇ ਇਸ ਉੱਚੀ ਨੀਵੀਂ ਥਾਂ ਨੂੰ ਠੀਕ ਕੀਤਾ ਲੇਕਿਨ ਲਗਦਾ ਹੈ ਕਿ ਹੁਣ ਕੋਈ ਇਸ ਤਰ੍ਹਾਂ ਦਾ ਕਾਨੂੰਨ ਬਣ ਰਿਹਾ ਹੈ ਕਿ ਉਨ੍ਹਾਂ ਨੂੰ ਬੇਦਖਲ ਕਰ ਦਿੱਤਾ ਜਾਵੇ। ਮੇਰੀ ਬੇਨਤੀ ਹੈ ਕਿ ਉਹ ਜ਼ਮੀਨ ਹਰੀਜਨ ਭਰਾਵਾਂ ਨੂੰ ਹੀ ਦਿੱਤੀ ਜਾਣੀ ਚਾਹੀਦੀ ਹੈ। ਅਤੇ ਜੇ ਇਸ ਸਬੰਧੀ ਕੈਬਨਿਟ ਨੇ ਕੋਈ ਡਿਸੀਜ਼ਨ ਲੈਣਾ ਹੈ ਤਾਂ ਉਹ ਜ਼ਰੂਰ ਲੈਣਾ ਚਾਹੀਦਾ ਹੈ। ਇੰਨੇ ਸ਼ਬਦ ਕਹਿੰਦਾ ਹੋਇਆ ਮੈਂ ਇਸ ਬਜਟ ਨੂੰ ਸਪੋਰਟ ਕਰਦਾ ਹਾਂ। ਇਸ ਦਾ ਸਮਰਥਨ ਕਰਦਾ ਹਾਂ।

ਸਰਦਾਰ ਜਸਜੀਤ ਸਿੰਘ ਰੰਧਾਵਾ (ਘਨੌਰ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਤਹਿ ਦਿਲੋਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਉੱਚੇ ਤੇ ਪਵਿੱਤਰ ਸਦਨ ਦੇ ਵਿੱਚ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਡਾਕਟਰ ਕੇਵਲ ਕ੍ਰਿਸ਼ਨ ਜੀ, ਸਾਡੇ ਆਨਰੇਬਲ ਫਾਇਨੈਂਸ ਮਨਿਸਟਰ ਸਾਹਿਬ ਨੇ 16 ਮਾਰਚ, 1995 ਨੂੰ ਬਜਟ ਪੇਸ਼ ਕੀਤਾ ਸੀ। ਜਦੋਂ ਤੋਂ ਸ਼ਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਹੋਂਦ ਵਿੱਚ ਆਈ ਹੈ, ਉਦੋਂ ਤੋਂ ਲੈ ਕੇ ਹੁਣ ਤੱਕ ਇਹ ਚੌਥਾ ਬਜਟ ਹੈ। ਮੈਂ ਸਮਝਦਾ ਹਾਂ ਕਿ ਅੱਜ ਤੱਕ ਜਿੰਨੇ ਵੀ ਬਜਟ ਪੇਸ਼ ਹੋਏ ਹਨ, ਉਹ ਸਾਰੇ ਹੀ ਬੜੇ ਅੱਛੇ ਬਜਟ ਸਨ, ਗਰੀਬਾਂ ਪੱਖੇ, ਮਜ਼ਦੂਰਾਂ ਪੱਖੇ ਬੜੇ ਵਧੀਆਂ ਬਜਟ ਸਨ। ਖਾਸ ਤੌਰ ਤੇ ਇਸ ਸਾਲ ਜਿਹੜਾ ਬਜਟ ਪੇਸ਼ ਹੋਇਆ ਹੈ, ਉਸ ਬਾਰੇ ਮੇਰੇ ਤੋਂ ਪਹਿਲਾਂ ਮੇਰੇ ਸਾਥੀ ਸ਼੍ਰੀ ਅਵਤਾਰ ਹੈਨਰੀ ਜੀ ਨੇ ਵੀ ਕਿਹਾ ਸੀ ਕਿ ਅਸਲ ਵਿੱਚ ਕਿਸੇ ਵੀ ਪੁਲੀਟੀਕਲ ਪਾਰਟੀ ਨੇ, ਕਿਸੇ ਵੀ ਜਰਨਲਿਸਟ ਨੇ ਇਸ ਨੂੰ ਕੰਡੈਮ ਨਹੀਂ ਕੀਤਾ, ਸਗੋਂ ਹਰ ਇਕ ਨੇ ਇਸ ਬਜਟ ਨੂੰ ਅੱਪਰੀਸ਼ੀਏਟ ਹੀ ਕੀਤਾ ਹੈ ਕਿਉਂਕਿ ਇਹ ਟੈਕਸ ਰਹਿਤ ਬਜਟ ਹੈ। ਇਸ ਵਿਚ ਕਿਸੇ ਤਰ੍ਹਾਂ ਵੀ ਕੋਈ ਟੈਕਸ ਨਹੀਂ ਲਗਾਇਆ ਗਿਆ। ਕਿਸੇ ਵੀ ਮੁੱਦੇ ਤੇ ਕੋਈ ਟੈਕਸ ਨਹੀਂ ਲਾਇਆ ਸਗੋਂ ਬਹੁਤ ਭਾਰੀਆਂ ਛੋਟਾਂ ਦਿੱਤੀਆਂ ਗਈਆਂ ਹਨ। ਇਸ ਨੂੰ ਵਪਾਰੀਆਂ ਦਾ ਬਜਟ, ਮਜ਼ਦੂਰਾਂ ਦਾ ਬਜਟ, ਅੱਤ ਗਰੀਬਾਂ ਦਾ ਬਜਟ ਆਖਿਆ ਜਾ ਸਕਦਾ ਹੈ। ਇਸ ਨੂੰ ਟ੍ਰਾਂਸਪੋਰਟਰਾਂ ਅੱਤ ਮੁਲਾਜ਼ਮਾਂ ਦਾ ਬਜਟ ਆਖਿਆ ਜਾ ਸਕਦਾ ਹੈ।

ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਬਹਾਦਰ ਅੱਤ ਮਿਹਨਤੀ ਲੋਕਾਂ ਨੇ 25 ਫਰਵਰੀ, 1992 ਨੂੰ ਪੰਜਾਬ ਦੇ ਵਿਚ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਸਥਾਪਿਤ ਕੀਤੀ ਸੀ। ਤੁਹਾਨੂੰ ਉਹ ਦਿਨ ਵੀ ਯਾਦ ਹੋਣਗੇ ਜਦੋਂ ਪੰਜਾਬ ਦੇ ਵਿਚ ਬੜਾ ਭਾਰੀ ਦਹਿਸ਼ਤ ਦਾ ਮਾਹੌਲ ਸੀ। ਉਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਇਲੈਕਸ਼ਨ ਲੜਨਾ ਸੂਰਮਗਤੀ ਵਾਲੀ ਗੱਲ ਸੀ। ਅਸੀਂ ਸਾਰਿਆਂ ਨੇ ਹੀ ਆਪਣੀਆਂ ਜਾਨਾਂ ਖਤਰੇ ਵਿੱਚ ਪਾ ਕੇ ਚੋਣਾਂ ਲੜੀਆਂ ਅੱਤ ਸਾਡੀ ਸਰਕਾਰ ਏਥੇ ਹੋਂਦ ਵਿਚ ਆਈ। ਡਿਪਟੀ ਸਪੀਕਰ ਸਾਹਿਬ, ਜਦੋਂ ਇਹ ਸਰਕਾਰ ਹੋਂਦ ਵਿੱਚ ਆਈ ਤਾਂ ਤਿੰਨ ਗੱਲਾਂ ਦਾ ਖਿਆਲ ਰੱਖਣ ਬਾਰੇ ਸਾਡੇ ਹਰਮਨ ਪਿਆਰੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਕਿਹਾ। ਸੱਭ ਤੋਂ ਪਹਿਲੀ ਸੀ ਲਾਅ ਐਂਡ ਆਰਡਰ ਨੂੰ ਠੀਕ ਕਰਨਾ, ਟੈਰੋਰਿਜ਼ਮ ਨੂੰ ਖਤਮ ਕਰਨਾ। ਮੈਂ ਇਸ ਗੱਲ ਦੀ ਮੁੱਖ ਮੰਤਰੀ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ, ਅੱਤ ਮੈਂ ਸਮਝਦਾ ਹਾਂ ਕਿ ਇਹ ਗਿਨੀਜ਼ ਬੁੱਕ ਦੇ ਵਿੱਚ ਰਿਕਾਰਡ ਕਰਨ ਵਾਲੀ ਗੱਲ ਹੈ। ਦੁਨੀਆਂ ਦੇ ਵਿੱਚ ਕਿਧਰੇ ਵੀ ਨਜ਼ਰ ਮਾਰ ਕੇ

Original with;
Punjab Vidhan Sabha
Digitized by;
Panjab Digital Library

ਦੇਖ ਲਓ-ਆਇਰਲੈਂਡ ਦੇਖ ਲਓ ਜਾਂ ਕਿਤੇ ਹੋਰ ਦੇਖ ਲਓ, ਜਿੱਥੇ ਵੀ ਕਿਤੇ ਅੱਤਵਾਦ ਆਇਆ, ਉਹ 70-80 ਸਾਲ ਤੱਕ ਚੱਲਿਆ । ਪਰ ਡਿਪਟੀ ਸਪੀਕਰ ਸਾਹਿਬ, ਏਥੇ ਇਹ ਅੱਤਵਾਦ 1978-79 ਵਿੱਚ ਸ਼ੁਰੂ ਹੋਇਆ ਅਤੇ ਇਸ ਨੂੰ ਖਤਮ ਕਰਨ ਲਈ ਵੱਡੇ ਵੱਡੇ ਉਪਰਾਲੇ ਕੀਤੇ ਗਏ, ਵੱਡੇ ਵੱਡੇ ਵੱਡੇ ਗਵਰਨਰ ਸਾਹਿਬ ਏਥੇ ਆਏ, ਡੀ. ਜੀ. ਪੀ. ਵੀ ਆਏ ਪਰ ਕੋਈ ਵੀ ਅੱਤਵਾਦ ਤੇ ਕਾਬੂ ਨਹੀਂ ਪਾ ਸਕਿਆ । ਇਹ ਸਿਹਰਾ ਸਰਦਾਰ ਬੇਅੰਤ ਸਿੰਘ ਜੀ ਨੂੰ ਜਾਂਦਾ ਹੈ, ਜਿਨ੍ਹਾਂ ਨੇ ਫਰਵਰੀ, 1992 ਦੇ ਵਿੱਚ ਪੰਜਾਬ ਵਿੱਚ ਆਪਣੀ ਸਰਕਾਰ ਬਣਾਈ ਅੌਰ ਕੇਵਲ ਇਕ ਸਾਲ ਦੇ ਅਰਸੇ ਵਿੱਚ ਹੀ ਅੱਤਵਾਦ ਤੇ ਕੰਟਰੋਲ ਕੀਤਾ । ਇਸ ਗੱਲ ਦੀ ਮੈਂ ਸਾਰੇ ਹਾਊਸ ਵੱਲੋਂ ਇਨ੍ਹਾਂ ਨੂੰ ਮੁਬਾਰਕਬਾਦ ਵੀ ਦੇਵਾਂਗਾ ।

ਦੂਜੀ ਵੱਡੀ ਗੱਲ ਸੀ ਕਿ ਅਸੀਂ ਪੰਜਾਬ ਦੀ ਇਕਾਨਮੀ ਨੂੰ ਕਿਵੇਂ ਠੀਕ ਕਰਨਾ ਹੈ । ਕਿਉਂਕਿ ਪਿਛਲੇ ਸਾਲਾਂ ਵਿੱਚ ਜਦੋਂ ਬਜਟ ਪੇਸ਼ ਹੋਇਆ ਸੀ ਤਾਂ ਸਾਨੂੰ ਐਨੁਅਲ ਪਲਾਨ ਦੇ ਵਿੱਚ 812 ਕਰੋੜ ਰੁਪਏ ਦਾ ਘਾਟਾ ਸੀ । ਇਸ ਚੀਜ਼ ਦਾ ਬੜਾ ਭਾਰੀ ਫਿਕਰ ਸੀ ਕਿ ਇਕ ਪਾਸੇ ਘਾਟੇ ਦਾ ਬਜਟ ਸੀ, ਦੂਸਰੇ ਪਾਸੇ ਅੱਤਵਾਦ ਸਿਰ ਤੇ ਖੜ੍ਹਾ ਸੀ ਅੌਰ ਸਾਰਾ ਪੈਸਾ ਫੋਰਸਿਜ਼ ਤੇ ਲੱਗ ਰਿਹਾ ਸੀ । ਇਹ ਬੜੀ ਮੁਸ਼ਕਲ ਵਾਲੀ ਗੱਲ ਸੀ ਕਿ ਪੰਜਾਬ ਦੀ ਖੁਸ਼ਹਾਲੀ ਨੂੰ ਕਿਵੇਂ ਬਹਾਲ ਕੀਤਾ ਜਾਵੇ ਪਰ ਸਰਦਾਰ ਜੀ ਨੇ ਚਮਤਕਾਰ ਕਰਕੇ ਦਿਖਾਇਆ ਹੈ । ਸਾਡੇ ਪੰਜਾਬ ਨੂੰ ਮੰਦਹਾਲੀ ਵਿਚੋਂ ਕੱਢ ਕੇ ਪਹਿਲੇ ਦੋ ਸਾਲਾਂ ਦੇ ਵਿੱਚ ਹੀ ਬੜੀ ਅੱਛੀ ਹਾਲਤ ਦੇ ਵਿੱਚ ਪੰਜਾਬ ਦੀ ਇਕਨਾਮਿਕ ਹਾਲਤ ਲੈ ਆਂਦੀ ਹੈ । ਪੰਜਾਬ ਸਰਕਾਰ ਅੱਗੇ ਤੀਸਰਾ ਮੁੱਦਾ ਇਹ ਸੀ ਕਿ ਹਾਲਾਤ ਠੀਕ ਹੋ ਗਏ, ਇਕਨਾਮਿਕ ਪੁਜੀਸ਼ਨ ਠੀਕ ਹੋ ਗਈ, ਹੁਣ ਸਟੇਟ ਦੀ ਡੀਵੈਲਪਮੈਂਟ ਨੂੰ ਕਿਵੇਂ ਠੀਕ ਕਰਨਾ ਹੈ । ਸ਼ਹਿਰਾਂ ਦੀ ਡੀਵੈਲਪਮੈਂਟ, ਪਿੰਡਾਂ ਦੀ ਡੀਵੈਲਪਮੈਂਟ, ਸਮਾਜ ਦੇ ਵੱਖ ਵੱਖ ਵਰਗਾਂ ਦੀ ਡਿਵੈਲਪਮੈਂਟ ਬਾਰੇ ਸੋਚਣਾ, ਕਰਮਚਾਰੀਆਂ ਦੀ ਡੀਵੈਲਪਮੈਂਟ ਬਾਰੇ ਸੋਚਣਾ, ਮੈਂ ਸਮਝਦਾ ਹਾਂ ਕਿ ਸਰਕਾਰ ਨੇ ਸਾਰੇ ਪੱਖਾਂ ਤੋਂ ਬੜੇ ਭਾਰੀ ਉਪਰਾਲੇ ਕੀਤੇ । ਅੱਜ ਅਸੀਂ ਦੇਖਦੇ ਹਾਂ ਕਿ ਅੱਜ ਤੱਕ ਕਿਸੇ ਵੀ ਸਰਕਾਰ ਨੇ ਏਨੀ ਡੀਵੈਲਪਮੈਂਟ ਨਹੀਂ ਕੀਤੀ, ਜਿੰਨੀ ਤਿੰਨਾਂ ਸਾਲਾਂ ਦੇ ਵਿੱਚ ਇਸ ਸਰਕਾਰ ਵੇਲੇ ਹੋਈ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਜ਼ਿਕਰ ਕਰਨਾ ਚਾਹੁੰਦਾ ਹਾਂ 1995-96 ਦੇ ਬਜਟ ਦਾ । ਇਹ ਜਿਹੜਾ ਬਜਟ ਹੈ ਇਸ ਵਿੱਚ 1675 ਕਰੋੜ ਰਪਏ ਦੀ ਰਾਸ਼ੀ ਨਿਰਧਾਰਤ ਕੀਤੀ ਗਈ ਹੈ । ਇਸ ਵਿਚ ਕੁਝ ਰਾਜ ਦੇ ਆਪਣੇ ਵਸੀਲੇ ਹਨ ਅਤੇ ਕੁਝ ਭਾਰਤ ਸਰਕਾਰ ਤੋਂ ਸਹਾਇਤਾ ਵੀ ਲਈ ਗਈ ਹੈ । ਮਾਰਚ, 1994 ਵਿੱਚ ਜਦੋਂ ਸਾਡੇ ਵਿੱਤ ਮੰਤਰੀ ਜੀ ਨੇ ਬਜਟ ਲਿਆਂਦਾ ਸੀ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਸਾਡਾ ਇਹ ਵਰ੍ਹਾ ਭਾਵ 1994-95 ਦਾ ਵਰ੍ਹਾ ਡੀਵੈਲਪਮੈਂਟ ਦਾ ਵਰ੍ਹਾ ਹੋਵੇਗਾ । ਸੋ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਜੋ ਬਜਟ ਸੈਸ਼ਨ ਵਿੱਚ ਕਿਹਾ ਸੀ, ਉਸ ਤੇ ਉਹ ਪੂਰੇ ਉਤਰੇ ਹਨ । ਸੱਚਮੁੱਚ ਜੇ ਪੰਜਾਬ ਵੱਲ ਪਿੱਛੇ ਨਜ਼ਰ ਮਾਰੀਏ ਤਾਂ 4-5 ਦਹਾਕਿਆਂ ਦੇ ਵਿੱਚ ਵੀ ਇੰਨੀ ਡੀਵੈਲਪਮੈਂਟ ਨਹੀਂ ਹੋਈ ਜਿੰਨੀ ਕਿ ਇਨ੍ਹਾਂ ਦੇ ਤਿੰਨ ਵਰ੍ਹਿਆਂ ਦੇ ਵਿੱਚ ਹੋਈ ਹੈ । 3 ਸਾਲਾਂ ਵਿੱਚ ਬੇਸ਼ੁਮਾਰ ਸੁਧਾਰ ਹੋਇਆ ਹੈ । 1995-96 ਵਿੱਚ 875 ਕਰੋੜ ਰੁਪਏ ਮੁਹੱਈਆ ਕਰਵਾਏ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਜੀਤ ਸਿੰਘ ਰਧਾਵਾ]

ਪੰਜਾਬ ਸਰਕਾਰ ਨੇ । ਤਿੰਨਾਂ ਸਾਲਾਂ ਵਿੱਚ 812 ਕਰੋੜ ਰੁਪਏ ਦਾ ਘਾਟਾ ਸੀ ਪਰ ਹੁਣ 875 ਕਰੋੜ ਰੁਪਏ ਦਾ ਵਾਧਾ ਹੈ । ਇਸ ਤਰ੍ਹਾਂ 1687 ਕਰੋੜ ਰੁਪਏ ਦੀ ਸਥਿਤੀ ਸੁਧਾਰੀ ਹੈ । ਇਸ ਸ਼ਾਨਦਾਰ ਰੁਝਾਨ ਦਾ ਸਿਹਰਾ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਤੇ ਬੱਝਦਾ ਹੈ । ਇਸ ਦੇ ਨਾਲ ਪੰਜਾਬ ਦੇ ਬਹਾਦਰ ਅਤੇ ਮਿਹਨਤੀ ਲੋਕਾਂ ਨੇ ਵੀ ਆਪਣੇ ਆਪ ਨੂੰ ਹਰ ਤਰੀਕੇ ਨਾਲ ਸਰਕਾਰ ਨਾਲ ਐਸੋਸੀਏਟ ਕੀਤਾ ਅਤੇ ਭਾਈਵਾਲ ਰਹੇ । ਡਿਪਟੀ ਸਪੀਕਰ ਸਾਹਿਬ, ਮੈਂ ਇਕ ਕਿਸਾਨ ਹਾਂ ਅਤੇ ਪੁਸ਼ਤਾਂ ਤੋਂ ਸਾਡਾ ਖੇਤੀਬਾੜੀ ਦਾ ਕੰਮ ਹੈ । ਮੈਂ ਇਕ ਗੱਲ ਹਾਊਸ ਦੇ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ ਕਿ ਮੈਂ ਪੜ੍ਹਿਆ ਲਿਖਿਆ ਕਿਸਾਨ ਹਾਂ ਅਤੇ ਆਪਣੀ ਵਕਾਲਤ ਪਾਸ ਕਰਨ ਤੋਂ ਬਾਅਦ ਖੇਤੀਬਾੜੀ ਤੋਂ ਲੀਗਲ ਪ੍ਰੋਫੈਸ਼ਨ ਸ਼ੁਰੂ ਕੀਤਾ । ਖੇਤੀਬਾੜੀ ਦੀ ਪਹਿਲਾਂ ਬੜੀ ਅੱਛੀ ਪੁਜ਼ੀਸ਼ਨ ਹੁੰਦੀ ਸੀ ਪਰ ਬਦਕਿਸਮਤੀ ਦੀ ਗੱਲ ਹੈ ਕਿ ਅਕਾਲੀ ਸਰਕਾਰਾਂ ਰਹੀਆਂ ਅਤੇ ਉਨ੍ਹਾਂ ਦੇ ਵੇਲੇ ਪੱਲੇ ਕੁਝ ਨਹੀਂ ਸੀ ਪੈਂਦਾ । ਭਾਅ ਬੜੇ ਘੱਟ ਹੁੰਦੇ ਸਨ । ਅਕਾਲੀ ਸਰਕਾਰ ਆਪਣੇ ਆਪ ਨੂੰ ਕਿਸਾਨੀ ਦੀ ਚੈਂਪੀਅਨ ਕਹਿੰਦੀ ਸੀ । ਮੈਨੂੰ ਯਾਦ ਹਨ ਉਹ ਦਿਨ, ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ ਅਤੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਸੈਂਟਰ ਵਿਚ ਮਨਿਸਟਰ ਸਨ ਪਰ ਉਹ ਕਣਕ ਤੇ ਝੋਨੇ ਦਾ ਭਾਅ 2-3 ਰੁਪਏ ਹੀ ਵਧਾ ਸਕੇ ਸਨ । ਅਸੀਂ ਜਦੋਂ ਮੰਡੀ ਵਿੱਚ ਅਨਾਜ ਲਿਜਾਂਦੇ ਸਾਂ ਅਤੇ ਆੜ੍ਹਤੀ ਨਾਲ ਹਿਸਾਬ-ਕਿਤਾਬ ਕਰਦੇ ਸਾਂ ਤਾਂ ਵੀ ਪਿਛਲਾ ਬਕਾਇਆ ਅਜੇ ਖੜ੍ਹਾ ਰਹਿੰਦਾ ਸੀ । ਪਰ ਇਸ ਗੱਲ ਦਾ ਸਿਹਰਾ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੂੰ ਹੀ ਜਾਂਦਾ ਹੈ ਕਿ ਐਗਰੀਕਲਚਰਲ ਪਰੋਡਿਊਸ ਵਿੱਚ ਬੜਾ ਭਾਰੀ ਵਾਧਾ ਹੋਇਆ ਅਤੇ ਝੋਨੇ ਦਾ ਭਾਅ 340 ਰੁਪਏ, 360 ਰੁਪਏ ਅਤੇ 380 ਰੁਪਏ ਵਿਕਿਆ, ਕੁਆਲਟੀ ਦੇ ਹਿਸਾਬ ਨਾਲ । ਕਣਕ 350 ਰੁਪਏ ਵਿਕੀ । ਡਿਪਟੀ ਸਪੀਕਰ ਸਾਹਿਬ, ਗੰਨੇ ਦਾ ਭਾਅ 92 ਰੁਪਏ ਕੁਇੰਟਲ ਰਿਹਾ । ਭਾਵੇਂ ਕਿ ਸਰਕਾਰ ਦਾ ਭਾਅ ਘੱਟ ਸੀ ਪਰ ਪ੍ਰਾਈਵੇਟ ਸ਼ੂਗਰ ਮਿੱਲਾਂ ਨੇ ਗੰਨਾ 92 ਰੁਪਏ ਕੁਇੰਟਲ ਖਰੀਦਿਆ । ਇਕ ਏਕੜ ਵਿਚੋਂ 35-40 ਹਜ਼ਾਰ ਰੁਪਏ ਦਾ ਗੰਨਾ ਹੁੰਦਾ ਰਿਹਾ । ਇਸ ਗੱਲ ਦੀ ਮੁਬਾਰਕਬਾਦ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੂੰ ਜਾਂਦੀ ਹੈ । ਪਿਛਲੇ ਦਿਨੀਂ ਇਹ ਗੱਲ ਕੋਈ ਕਹਿ ਰਿਹਾ ਸੀ ਕਿ ਜਦੋਂ ਬਰਨਾਲਾ ਸਾਹਿਬ ਸੈਂਟਰ ਦੀ ਸਰਕਾਰ ਵਿੱਚ ਵਜ਼ੀਰ ਸਨ ਅਤੇ ਬਾਦਲ ਸਾਹਿਬ ਹੇਠਾਂ ਸੀ. ਐਮ. ਸਨ ਤਾਂ ਉਦੋਂ ਇਹ ਕਿਹਾ ਜਾਂਦਾ ਸੀ—"ਥੱਲੇ ਜੱਟ, ਉਤੇ ਜੱਟ ਤੇ ਨਰਮਾ ਵਿਕੇ 260" । ਪਰ ਹੁਣ ਸਾਡੇ ਸੀ. ਐਮ. ਸਾਹਿਬ ਵੀ ਜੱਟ ਹਨ ਤੇ ਸੈਂਟਰ ਵਿੱਚ ਬਲਰਾਮ ਜਾਖੜ ਜੀ ਐਗਰੀਕਲਚਰ ਮਨਿਸਟਰ ਵੀ ਜੱਟ ਹਨ ਤਾਂ ਲੋਕ ਕਹਿੰਦੇ ਹਨ ਕਿ ਉਤੇ ਜੱਟ, ਥੱਲੇ ਜੱਟ, ਨਰਮਾ ਵਿਕੇ 3360 । (ਥੰਪਿੰਗ) ਕਿਥੇ 260 ਅਤੇ ਕਿਥੇ 3360 । ਡਿਪਟੀ ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਪਿਛਲੀ ਦਿਨੀਂ ਕਾਟਨ ਗਰੋਇੰਗ ਬੈਲਟ ਵਿੱਚ ਗੇੜਾ ਮਾਰਿਆ ਤਾਂ ਕਿਸਾਨਾਂ ਨੇ ਕਿਹਾ ਕਿ ਉਹ ਹੁਣ ਏਡੇ ਖੁਸ਼ਹਾਲ ਹਨ ਕਿ ਨਰਮੇ ਦੀ ਇਕ ਟਰਾਲੀ ਮੰਡੀ ਵਿੱਚ ਲਿਜਾਂਦੇ ਹਨ ਤੇ ਇਕ ਲੱਖ ਰੁਪਿਆ ਬਣ ਜਾਂਦਾ ਹੈ । ਦੋ ਟਰਾਲੀਆਂ ਲੈ ਕੇ ਜਾਂਦੇ ਹਾਂ ਤਾਂ ਮਾਰੂਤੀ ਲੈ ਕੇ ਵਾਪਸ ਆਉਂਦੇ ਹਾਂ । ਉਥੇ ਵੱਡੇ ਵੱਡੇ ਜ਼ਿਮੀਂਦਾਰ ਹਨ । ਉਨ੍ਹਾਂ ਸਾਰਿਆਂ ਦੀਆਂ ਚੰਡੀਗੜ੍ਹ ਵਿੱਚ ਵੀ ਕੋਠੀਆਂ ਹਨ ਅਤੇ ਆਪਣੇ ਆਪਣੇ ਡਿਸਟ੍ਰਿਕਟ

Original with;
Punjab Vidhan Sabha
Digitized by;
Panjab Digital Library

ਹੈਡਕੁਆਟਰ ਤੇ ਵੀ ਕੋਠੀਆਂ ਹਨ । ਉਹ ਬੜਾ ਆਰਾਮ ਵਾਲਾ ਅਤੇ ਅਮਨ-ਅਮਾਨ ਵਾਲਾ ਜੀਵਨ ਬਤੀਤ ਕਰ ਰਹੇ ਹਨ । ਮੈਂ ਕਹਿੰਦਾ ਹਾਂ ਕਿ ਜਿਹੜੇ ਅਕਾਲੀ ਵੀਰ ਆਪਣੇ ਆਪ ਨੂੰ ਕਿਸਾਨਾਂ ਦੇ ਚੈਂਪੀਅਨ ਅਖਵਾਉਂਦੇ ਸਨ, ਉਨ੍ਹਾਂ ਨੇ ਤਾਂ ਕਿਸਾਨਾਂ ਦਾ ਭੱਠਾ ਬਿਠਾ ਦਿੱਤਾ । ਗੱਲਾਂ ਕਰਦੇ ਹਨ ਸਿੱਖ ਧਰਮ ਦੀਆਂ ! ਜਦੋਂ ਵੀ ਇਨ੍ਹਾਂ ਦੀ ਸਰਕਾਰ ਆਈ, ਟੁੱਟ ਗਈ । ਪੰਜ ਸਾਲ ਤਾਂ ਸਰਕਾਰ ਚਲਾਉਣਾ ਇਨ੍ਹਾਂ ਦੇ ਵੱਸ ਦੀ ਗੱਲ ਨਹੀਂ । ਕਦੀ 18 ਮਹੀਨੇ ਚੱਲੀ, ਕਦੇ ਡੇਢ ਸਾਲ ਜਾਂ ਦੋ ਸਾਲ । ਇਹ ਸਿੱਖ ਧਰਮ ਦੀਆਂ ਬੜੀਆਂ ਗੱਲਾਂ ਕਰਦੇ ਰਹੇ ਪਰ ਕੀਤਾ-ਕਰਾਇਆ ਕੁਝ ਵੀ ਨਹੀਂ । ਪਰ ਜਦੋਂ ਕਾਂਗਰਸ ਦੀ ਸਰਕਾਰ ਆਈ, ਗਿਆਨੀ ਜ਼ੈਲ ਸਿੰਘ ਦੀ ਸਰਕਾਰ ਆਈ ਤਾਂ ਉਸ ਸਰਕਾਰ ਨੇ ਗੁਰੂ ਗੋਬਿੰਦ ਸਿੰਘ ਮਾਰਗ ਬਣਵਾਇਆ ਜਿਹੜਾ ਸਿੱਖੀ ਦਾ ਰਾਹ ਹੈ । ਫਤਿਹਗੜ੍ਹ ਸਾਹਿਬ ਸ਼ਹੀਦਾਂ ਦੀ ਧਰਤੀ, ਜਿਸ ਨੂੰ ਅੱਜ ਤੱਕ ਕਿਸੇ ਨੇ ਵੀ ਯਾਦ ਨਹੀਂ ਸੀ ਕੀਤਾ, ਸਰਦਾਰ ਬੇਅੰਤ ਸਿੰਘ ਨੇ ਸਰਕਾਰ ਬਣਦਿਆਂ ਸਾਰ ਹੀ ਉਸ ਬਾਰੇ ਫੈਸਲਾ ਲੈ ਕੇ ਫਤਿਹਗੜ੍ਹ ਸਾਹਿਬ ਨੂੰ ਜ਼ਿਲ੍ਹਾ ਬਣਾਇਆ ਅਤੇ ਨਮੂਨੇ ਦਾ ਜ਼ਿਲ੍ਹਾ ਬਣਾਇਆ । ਇੱਡੀ ਵੱਡੀ ਸਿੱਖੀ ਨੂੰ ਦੇਣ ਸਰਦਾਰ ਬੇਅੰਤ ਸਿੰਘ ਜੀ ਦੀ ਹੈ । ਇਹ ਸੱਚੇ ਸਿੱਖ ਹਨ । ਪਰ ਅਕਾਲੀ ਲੀਡਰ . . . (ਵਿਘਨ)

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ** ** **

ਸ਼੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਜਸਜੀਤ ਸਿੰਘ ਰੰਧਾਵਾ : ਜ਼ੀਰਾ ਸਾਹਿਬ, ਮੈਂ ਜਵਾਬ ਦਿੰਦਾ ਹਾਂ ।

ਸ਼੍ਰੀ ਡਿਪਟੀ ਸਪੀਕਰ : ਨਹੀਂ, ਤੁਸੀਂ ਅੱਗੇ ਬੋਲੋ ।

ਸਰਦਾਰ ਜਸਜੀਤ ਸਿੰਘ ਰੰਧਾਵਾ : ਬਰਨਾਲਾ ਸਾਹਿਬ ਦੀ ਪੰਜਾਬ ਵਿਚ ਸਰਕਾਰ ਬਣੀ ਸੀ । ਸਾਡੇ ਮਾਨਯੋਗ ਗਵਰਨਰ ਸਾਹਿਬ ਨੇ ਸ਼੍ਰੀ ਰਾਜੀਵ ਗਾਂਧੀ ਜੋ ਉਸ ਸਮੇਂ ਪ੍ਰਾਈਮ ਮਨਿਸਟਰ ਸੀ, ਉਨ੍ਹਾਂ ਨੂੰ ਮਿਸ-ਗਾਈਡ ਕਰਕੇ, ਭੁਲੇਖੇ-ਭੁਲੇਖੇ ਪਾ ਕੇ ਪੰਜਾਬ ਵਿਚ ਅਕਾਲੀ ਸਰਕਾਰ ਬਣਾਈ ਸੀ । ਉਹ ਗੱਲ ਯਾਦ ਆਉਂਦੀ ਹੈ, ਡਿਪਟੀ ਸਪੀਕਰ ਸਾਹਿਬ . . .

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ** ** **

Mr. Deputy Speaker: No point of order. These are not respectable words. These are expunged.

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਜਿਹੜਾ ਸਾਡੇ ਸਵਰਗਵਾਸੀ ਪ੍ਰਧਾਨ ਮੰਤਰੀ ਲਈ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਭੁਲੇਖੇ-ਭਲੇਖੇ ਪਾਏ, ਇਸ ਨਾਲ ਇਹ ਰਾਜੀਵ ਗਾਂਧੀ ਦੀ ਸ਼ਾਨ ਦੇ ਖਿਲਾਫ ਕੰਮ ਕਰ ਰਹੇ ਹਨ ।

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਜਸਜੀਤ ਸਿੰਘ ਰੰਧਾਵਾ : ਉਹ ਸਾਡੇ ਪ੍ਰਾਈਮ ਮਨਿਸਟਰ ਸਨ, ਵੱਡੇ-ਵੱਡੇ ਇਨਸਾਨ ਤੋਂ ਛੋਟੀ-ਮੋਟੀ ਗਲਤੀ ਹੋ ਜਾਂਦੀ ਹੈ, ਇਹ ਕੋਈ ਗੱਲ ਨਹੀਂ ।

(ਇਸ ਸਮੇਂ ਮਾਨਯੋਗ ਮੈਂਬਰ ਸ਼੍ਰੀ ਵਿਜੈ ਕੁਮਾਰ ਸਾਥੀ ਖੜ੍ਹੇ ਸਨ ।)

ਸ਼੍ਰੀ ਡਿਪਟੀ ਸਪੀਕਰ : ਸਾਥੀ ਸਾਹਿਬ, ਪਲੀਜ਼ ਬੈਠ ਜਾਓ ।

ਸਰਦਾਰ ਜਸਜੀਤ ਸਿੰਘ ਰੰਧਾਵਾ : ਮੈਂ ਇਕ ਛੋਟੀ ਜਿਹੀ ਉਦਾਹਰਣ ਦੇਣ ਲੱਗਿਆ ਸੀ । ਇਥੇ ਸਾਡੀਆਂ ਭੈਣਾਂ ਬੈਠੀਆਂ ਹਨ, ਮੈਂ ਗੱਲ ਨਹੀਂ ਕਰਨੀ ਚਾਹੁੰਦਾ ਸੀ । ਰੂਹਲ, ਦਿਹਾਤ ਦੇ ਲੋਕ ਅਣਭੋਲ ਬੀਬੀਆਂ-ਭੈਣਾਂ ਨੂੰ ਬਹਿਕਾ ਕੇ ਕਈ ਦਫ਼ਾ ਗਲਤ ਰਸਤੇ ਪਾ ਲੈਂਦੇ ਹਨ, ਉਨ੍ਹਾਂ ਨੂੰ ਕਵਾਰੀਆਂ ਮਾਵਾਂ ਬਣਾ ਦਿੰਦੇ ਹਨ । ਉਨ੍ਹਾਂ ਦੇ ਬੱਚੇ ਜਿਹੜੇ ਹੁੰਦੇ ਹਨ, ਮੈਂ ਕਹਿਣਾ ਨਹੀਂ ਚਾਹੁੰਦਾ, ਪਰ, ਡਿਪਟੀ ਸਪੀਕਰ ਸਾਹਿਬ, ਫਿਰ ਵੀ ਕਹਿੰਦਾ ਹਾਂ ਕਿ ਉਨ੍ਹਾਂ ਦੇ ਬੱਚੇ ਨੂੰ ਲੋਕ ** ਦੱਸਦੇ ਹਨ, ਕੋਈ ** ਦੱਸਦਾ ਹੈ । ਅੰਗਰੇਜ਼ੀ ਵਿਚ ਉਨ੍ਹਾਂ ਨੂੰ ** ਕਹਿੰਦੇ ਹਨ । ਉਸ ਵੇਲੇ 1985 ਵਿਚ ** ਸਰਕਾਰ ਬਣਾਈ ਗਈ ਸੀ ।.....

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ (ਬੈਠੇ-ਬੈਠੇ) : ਕੋਈ ਨਹੀਂ, ਰਾਜੀਵ ਗਾਂਧੀ ਨੇ ਬਣਾਈ ਸੀ ।

ਸਰਦਾਰ ਜਸਜੀਤ ਸਿੰਘ ਰੰਧਾਵਾ : ਮੈਂ ਤਾਂ ਹੱਸਦਾ ਸੀ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਡਿਪਟੀ ਸਪੀਕਰ ਸਾਹਿਬ, ਰਾਜੀਵ ਗਾਂਧੀ ਦੀ ਦੁਰਗਤੀ ਨਾ ਕਰਵਾਉ । ਇਹ ਭਾਵੇਂ ਕਰ ਸਕਦੇ ਹਨ ਪਰ ਅਸੀਂ ਨਹੀਂ ਸਹਾਰ ਸਕਦੇ ।

ਸ਼੍ਰੀ ਡਿਪਟੀ ਸਪੀਕਰ : ** ਸ਼ਬਦ ਐਕਸਪੰਜ ਕਰਦੇ ਹਾਂ ।

ਸਰਦਾਰ ਜਸਜੀਤ ਸਿੰਘ ਰੰਧਾਵਾ : ਨੀਕ ਹੈ ਜੀ .... (ਵਿਘਨ) .. ..

Mr. Deputy Speaker. These are unparliamentary words, We should not speak such words in the House. The word** is expunged.

ਸਰਦਾਰ ਜਸਜੀਤ ਸਿੰਘ ਰੰਧਾਵਾ : ਮੈਂ ਗੱਲ ਕਹਿ ਰਿਹਾ ਸੀ, ਡਿਪਟੀ ਸਪੀਕਰ ਸਾਹਿਬ, ਕਿ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਤੋਂ ਪਹਿਲਾਂ ਗਰਾਸ ਰੂਟ ਤੱਕ ਡੈਮੋਕ੍ਰੇਸੀ ਬਹਾਲ ਨਹੀਂ ਸੀ ਹੋਈ । ਕੋਆਪ੍ਰੇਟਿਵ ਸੁਸਾਇਟੀਆਂ, ਪੰਚਾਇਤ ਸੰਮਤੀਆਂ ਇਥੇ ਬੜੀ ਦੇਰ ਤੋਂ ਚੱਲ ਰਹੀਆਂ ਸਨ । ਸਰਦਾਰ ਬੇਅੰਤ ਸਿੰਘ ਨੇ ਮਹਿਸੂਸ ਕੀਤਾ ਕਿ ਸਾਡੀ ਸਰਕਾਰ ਤਾਂ ਬਣ ਗਈ, ਹੁਣ ਗਰਾਸ ਰੂਟ ਤੱਕ ਡੈਮੋਕ੍ਰੇਸੀ ਬਹਾਲ ਹੋਣੀ ਚਾਹੀਦੀ ਹੈ । ਉਨ੍ਹਾਂ ਨੇ ਪਹਿਲਾਂ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਕਰਵਾਈਆਂ । ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਵਿਚ ਮੈਂ ਸਮਝਦਾ ਹਾਂ ਕਿ 70-80% ਲੋਕਾਂ ਨੇ ਹਿੱਸਾ ਲਿਆ । ਲੋਕਾਂ ਨੇ ਬੇਖੌਫ਼ ਹੋ ਕੇ ਇਨ੍ਹਾਂ ਵਿਚ ਪਾਰਟੀਸਿਪੇਟ ਕੀਤਾ ਅੱਤੇ ਇਸ ਗੱਲ ਦਾ ਸਿਹਰਾ ਸਰਦਾਰ ਬੇਅੰਤ ਸਿੰਘ ਨੂੰ ਜਾਂਦਾ ਹੈ । 90% ਤੋਂ ਜ਼ਿਆਦਾ ਮਿਉਂਸਪਲ ਕਮੇਟੀਆਂ ਤੇ ਕਾਂਗਰਸ ਪਾਰਟੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਦਾ ਕਬਜ਼ਾ ਹੈ । ਲੋਕਾਂ ਨੇ ਇਨ੍ਹਾਂ ਦੀਆਂ ਨੀਤੀਆਂ ਨੂੰ ਦੇਖ ਕੇ/ਜਾਣ ਕੇ ਕਾਮਯਾਬ ਕੀਤਾ । ਉਸ ਤੋਂ ਬਾਅਦ ਪੰਚਾਇਤਾਂ ਦੀਆਂ ਚੋਣਾਂ ਹੋਈਆਂ । ਜਿਹੜੀ 73 ਵੀਂ, 74ਵੀਂ ਅਮੈਂਡਮੈਂਟ ਹੋਈ, ਡਿਪਟੀ ਸਪੀਕਰ ਸਾਹਿਬ, ਉਸ ਦੇ ਵਿਚ ਬੜੀਆਂ ਭਾਰੀਆਂ ਪਾਵਰਜ਼ ਦਿੱਤੀਆਂ ਹਨ । ਆਲ ਇੰਡੀਆ ਪੰਚਾਇਤ ਐਕਟ ਬਣਾਇਆ । ਉਸ ਦੇ ਮੁਤਾਬਿਕ ਸੰਮਤੀਆਂ ਦੇ ਵਿਚ, ਜ਼ਿਲ੍ਹਾ ਪ੍ਰੀਸ਼ਦਾਂ ਦੇ ਵਿਚ ਜਿਥੇ ਸਰਪੰਚਾਂ ਨੇ ਵੋਟਾਂ ਪਾਈਆਂ, ਉਥੇ 40% ਸਿੱਧੀਆਂ ਵੋਟਾਂ ਵੀ ਪਈਆਂ । ਜ਼ਿਲ੍ਹਾ ਪ੍ਰੀਸ਼ਦ ਵਿਚ ਸਾਰੀਆਂ ਵੋਟਾਂ ਲੋਕਾਂ ਨੇ ਪਾਈਆਂ ਅਤੇ ਇਹ ਇਕ ਕਿਸਮ ਦੇ ਮਿੰਨੀ ਇਲੈਕਸ਼ਨ ਹੋ ਗਏ । ਲੋਕਾਂ ਨੇ ਪਿੰਡਾਂ ਵਿਚ 90-90% ਵੋਟਾਂ ਪਾਈਆਂ ਅੱਜ 90 ਤੋਂ ਜ਼ਿਆਦਾ ਪੰਚਾਇਤਾਂ ਤੇ ਕਾਂਗਰਸ ਦਾ ਦਬਦਬਾ ਹੈ, ਕਬਜ਼ਾ ਹੈ । ਇਸ ਤਰ੍ਹਾਂ ਪੰਚਾਇਤ ਸੰਮਤੀਆਂ ਵਿਚ 73 ਵੀਂ, 74 ਵੀਂ ਅਮੈਂਡਮੈਂਟ ਦੇ ਮੁਤਾਬਿਕ ਪੰਚਾਇਤ ਸੰਮਤੀਆਂ ਦੇ ਵਿਚ ਸੀਟਾਂ ਰਾਖਵੀਆਂ ਰੱਖੀਆਂ ਗਈਆਂ । 1/3 ਹਿੱਸਾ ਲੇਡੀਜ਼ ਲਈ ਰਿਜ਼ਰਵ ਕੀਤਾ ਗਿਆ । ਸ਼ੈਡਿਊਲਡ ਕਾਸਟਸ ਲਈ 25% ਰਿਜ਼ਰਵ ਕੀਤਾ ਗਿਆ, ਸ਼ੈਡਿਊਲਡ ਕਾਸਟ ਭੈਣਾਂ ਲਈ ਵੀ ਰਿਜ਼ਰਵ ਕੀਤਾ ਗਿਆ । ਜਿਥੇ ਬੈਕਵਰਡ ਕਲਾਸ ਜ਼ਿਆਦਾ ਸੀ, ਉਥੇ ਉਨ੍ਹਾਂ ਲਈ ਸੀਟਾਂ ਰਾਖਵੀਆਂ ਰੱਖੀਆਂ ਗਈਆਂ ।

ਇਹ ਸਿਹਰਾ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੂੰ ਜਾਂਦਾ ਹੈ ਜਿਨ੍ਹਾਂ ਨੇ ਪੰਚਾਇਤ ਸੰਮਤੀਆਂ ਬਣਾਈਆਂ, ਜ਼ਿਲ੍ਹਾ ਪ੍ਰੀਸ਼ਦਾਂ ਬਣਾਈਆਂ ਅੋਰ ਗਰਾਸ ਰੂਟ ਤੇ ਡੈਮੋਕਰੇਸੀ ਨੂੰ ਬਹਾਲ ਕੀਤਾ । ਜ਼ਿਲ੍ਹਾ ਪ੍ਰੀਸ਼ਦਾਂ ਦੇ ਚੈਅਰਮੈਨ ਚੁਣੇ ਗਏ, ਪੰਚਾਇਤ ਸੰਮਤੀਆਂ ਦੇ ਚੇਅਰਮੈਨ ਚੁਣੇ ਗਏ ਅਤੇ ਇਸ ਗੱਲ ਦਾ ਸਾਰਾ ਸਿਹਰਾ ਸਰਦਾਰ ਬੇਅੰਤ ਸਿੰਘ ਜੀ ਨੂੰ ਅਤੇ ਉਨ੍ਹਾਂ ਦੀ ਸਰਕਾਰ ਨੂੰ ਜਾਂਦਾ ਹੈ । ਆਪੋਜ਼ੀਸ਼ਨ ਵਾਲੇ ਭਲੇ ਹੀ ਇਸ ਗੱਲ ਨੂੰ ਨਾ ਮੰਨਣ ਪਰ 90% ਸੀਟਾਂ ਤੇ ਕਾਂਗਰਸ ਪਾਰਟੀ ਦਾ ਹੀ ਕਬਜ਼ਾ ਹੈ । (ਥੰਪਿੰਗ) ਇਹ ਸਾਰਾ ਕੁਝ ਇਸ ਕਰਕੇ ਹੋਇਆ ਹੈ ਕਿ ਸਰਦਾਰ ਬੇਅੰਤ ਸਿੰਘ ਜੀ ਦੀਆਂ, ਕਾਂਗਰਸ ਪਾਰਟੀਆਂ ਦੀਆਂ ਨੀਤੀਆਂ ਜੋ ਹਨ, ਉਹ ਬਹੁਤ ਅੱਛੀਆਂ ਹਨ ਅਤੇ ਉਨ੍ਹਾਂ ਦੀਆਂ ਅੱਛੀਆਂ ਨੀਤੀਆਂ ਦੇ ਕਾਰਨ ਹੀ ਅੱਜ ਇਨ੍ਹਾਂ ਤੇ 90% ਕਬਜ਼ਾ ਕਾਂਗਰਸ ਪਾਰਟੀ ਦਾ ਹੈ ।

ਡਿਪਟੀ ਸਪੀਕਰ ਸਾਹਿਬ, ਇਕ ਹੋਰ ਬੜੀ ਵੱਡੀ ਗੱਲ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਕੀਤੀ ਹੈ । ਪਹਿਲਾਂ ਬੜੇ ਹੈਫਹੈਜ਼ਰਡ ਤਰੀਕੇ ਨਾਲ ਫੰਡਜ਼ ਦਾ ਐਲੋਕੇਸ਼ਨ ਕੀਤੀ ਜਾਂਦੀ ਸੀ । ਮਿਊਂਸਪੈਲਟੀਆਂ ਨੂੰ, ਪੰਚਾਇਤ ਸੰਮਤੀਆਂ ਨੂੰ ਜੋ ਫੰਡਜ਼ ਦਿੱਤੇ ਜਾਂਦੇ ਸਨ, ਉਹ ਬੜੇ ਹੈਫਹੈਜ਼ਰਡ ਤਰੀਕੇ ਨਾਲ ਦਿੱਤੇ ਜਾਂਦੇ ਸਨ ਪਰ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਫਾਈਨਾਸ ਕਮਿਸ਼ਨ ਬਣਾਇਆ ਹੈ ਕਿ ਇਤਨੇ ਪਰਸੈਂਟ ਪੰਚਾਇਤ ਸੰਮਤੀਆਂ ਫੰਡਜ਼ ਨੂੰ ਅਲਾਟ ਕਰਨੇ ਹਨ, ਇਤਨੇ ਪਰਸੈਂਟ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਅਤੇ ਇਤਨੇ ਪਰਸੈਂਟ ਮਿਊਂਸਪਲ ਕਮੇਟੀਆਂ ਨੂੰ ਫੰਡਜ਼ ਅਲਾਟ ਕੀਤੇ ਜਾਣ । ਇਹ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਇਕ ਬਹੁਤ ਵੱਡਾ ਕੰਮ ਕੀਤਾ ਹੈ ਅੋਰ ਪੰਜਾਬ ਫਾਈਨਾਂਸ ਕਮਿਸ਼ਨ ਬਣਾ ਕੇ ਪੰਜਾਬ ਨੂੰ ਤਰੱਕੀ ਦੇ ਰਾਹ ਤੇ ਲਿਜਾਣ ਦਾ ਉਦਮ ਕੀਤਾ ਹੈ । ਪੰਚਾਇਤ ਸੰਮਤੀਆਂ ਜਾਂ ਹੋਰ ਦੂਸਰੇ ਜਿਹੜੇ ਇਲੈਕਟਿਡ ਅਦਾਰੇ ਹਨ, ਉਨ੍ਹਾਂ ਸਾਰਿਆਂ ਨੂੰ ਬੜੀਆਂ ਭਰਵੀਆਂ ਪਾਵਰਾਂ ਦਿੱਤੀਆਂ ਗਈਆਂ ਹਨ । ਭਾਵੇਂ ਜ਼ਿਲ੍ਹਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਜੀਤ ਸਿੰਘ ਰੰਧਾਵਾ]
ਪਲੈਨਿੰਗ ਬੋਰਡ ਵੀ ਪਹਿਲਾਂ ਦੀ ਤਰ੍ਹਾਂ ਕੰਮ ਕਰਦੇ ਹਨ, ਉਨ੍ਹਾਂ ਦਾ ਵੀ ਪ੍ਰਭਾਵਸ਼ਾਲੀ ਕੰਮ ਹੈ, ਉਨ੍ਹਾਂ ਦੇ ਬਾਰੇ ਕਿਹਾ ਗਿਆ ਹੈ ਕਿ ਉਹ ਭੰਗ ਨਹੀਂ ਕੀਤੇ ਜਾਣਗੇ, ਸਾਈਮਲਟੇਨੀਅਸਲੀ ਕੰਮ ਕਰਦੇ ਰਹਿਣਗੇ ਪਰ ਪੰਚਾਇਤ ਸੰਮਤੀਆਂ ਦਾ ਆਪਣਾ ਹੀ ਵੱਖਰਾ ਖੇਤਰ ਬਣਾਇਆ ਗਿਆ ਹੈ ਅਤੇ ਉਨ੍ਹਾਂ ਦੇ ਚੇਅਰਮੈਨਾਂ ਨੂੰ ਆਪਣਾ ਸਟੇਟਸ ਦਿੱਤਾ ਗਿਆ ਹੈ । ਮੈਂ ਲੋਕਾਂ ਤੋਂ ਸੁਣਿਆ ਹੈ ਕਿ ਉਨ੍ਹਾਂ ਨੂੰ ਸੱਚਮੁੱਚ ਮਨਿਸਟਰ ਦੇ ਬਰਾਬਰ ਦਾ ਸਟੇਟਸ ਦਿੱਤਾ ਗਿਆ ਹੈ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ** ** **

Mr. Deputy Speaker: This is no Point of order. You can speak it in your speech.

ਸਰਦਾਰ ਜਸਜੀਤ ਸਿੰਘ ਰੰਧਾਵਾ : ਡਿਪਟੀ ਸਪੀਕਰ ਸਾਹਿਬ, ਕੁਝ ਫਾਈਨਾਂਸ਼ੀਅਲ ਓਬਜੈਕਟਿਵਜ਼ ਲੈ ਕੇ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਆਪਣੇ ਸਾਧਨ ਜੁਟਾਉਣ ਦਾ ਫੈਸਲਾ ਲਿਆ ਹੈ । ਇਸ ਗੱਲ ਦੇ ਲਈ ਇਹ ਪਹਿਲੀ ਵਾਰ ਹੈ ਅਤੇ ਇਸੇ ਸਰਕਾਰ ਨੇ ਹੀ ਧਿਆਨ ਦਿੱਤਾ ਹੈ ਕਿ ਲੋਕਾਂ ਨੂੰ ਕਰਜ਼ਿਆਂ ਤੇ ਹੀ ਆਸ਼ਰਿਤ ਨਾ ਰੱਖਿਆ ਜਾਵੇ ਅਤੇ ਕਰਜ਼ਿਆਂ ਤੇ ਘੱਟ ਤੋਂ ਘੱਟ ਨਿਰਭਰ ਰੱਖਿਆ ਜਾਵੇ । ਆਪਣੇ ਵਸੀਲੇ ਜੁਟਾਏ ਜਾਣ ਲਈ ਇਸ ਸਰਕਾਰ ਨੇ ਆਪਣਾ ਪੂਰਾ ਧਿਆਨ ਦੇ ਕੇ ਹਿੱਸਾ ਪਾਇਆ ਹੈ ਅਤੇ ਹਰ ਪਾਸੇ ਇਮਪਰੂਵਮੈਂਟ ਲਿਆਉਣ ਦੇ ਲਈ ਆਪਣੀ ਪੂਰੀ ਕੋਸ਼ਿਸ਼ ਕੀਤੀ ਹੈ । (ਵਿਘਨ) ਪਹਿਲਾਂ ਅਸੀਂ ਦੇਖਦੇ ਸੀ ਕਿ ਪੰਜਾਬ ਦੇ ਵਿਚ ਜੋ ਬੋਰਡ ਅਤੇ ਕਾਰਪੋਰੇਸ਼ਨਾਂ ਫੰਕਸ਼ਨ ਕਰਦੀਆਂ ਸਨ, ਉਨ੍ਹਾਂ ਦੀ ਫੰਕਸ਼ਨਿੰਗ ਕੁਝ ਇਸ ਕਿਸਮ ਦੀ ਸੀ ਕਿ ਉਹ ਪੈਸੇ ਵਾਪਸ ਨਹੀਂ ਸੀ ਕਰਦੀਆਂ । ਉਹ ਸਰਕਾਰ ਦੇਖ ਰਹੀ ਹੈ ।ਇਨ੍ਹਾਂ ਵਿਚ ਜੋ ਅੱਛਾ ਕੰਮ ਕਰਨ ਵਾਲੇ ਅਦਾਰੇ ਹਨ, ਉਨ੍ਹਾਂ ਦੀ ਇਨਕਰੇਜਮੈਂਟ ਕੀਤੀ ਜਾ ਰਹੀ ਹੈ ਤਾਂਕਿ ਆਉਣ ਵਾਲੇ ਸਮੇਂ ਵਿਚ ਉਹ ਹੋਰ ਚੰਗਾ ਕੰਮ ਕਰ ਸਕਣ ਅਤੇ ਆਪਣੇ ਕੰਮ ਵਿਚ ਤਰੱਕੀ ਅਤੇ ਵਾਧਾ ਦਿਖਾਉਣ । ਜਿਨ੍ਹਾਂ ਦਾ ਕੰਮ ਅੱਛਾ ਨਹੀਂ ਸੀ, ਉਨ੍ਹਾਂ ਵਿਚੋਂ ਕੁਝ ਕੁ ਨੂੰ ਵਾਈਂਡ ਅੱਪ ਕਰਨ ਦੀ ਵੀ ਕੋਸ਼ਿਸ਼ ਕੀਤੀ ਹੈ ।

ਸਬਸਿਡੀ ਦੇ ਬਾਰੇ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਸਰਕਾਰ ਵਲੋਂ ਕੋਈ ਸਬਸਿਡੀ ਦਿੱਤੀ ਜਾਂਦੀ ਹੈ, ਉਸ ਤੇ ਵੀ ਪੂਰੀ ਦੇਖ ਰੇਖ ਰੱਖੀ ਹੋਈ ਹੈ । ਜੋ ਪਹਿਲਾਂ ਸਬਸਿਡੀ ਦਿੱਤੀ ਜਾਂਦੀ ਸੀ, ਉਹ ਥੱਲੇ ਆਮ ਆਦਮੀ ਤੱਕ ਨਹੀਂ ਸੀ ਪਹੁੰਚਦੀ । ਕੁਝ ਲੋਕਾਂ ਵਿਚਾਲੇ ਹੀ ਉਸ ਦੀ ਵੰਡ ਹੋ ਜਾਂਦੀ ਸੀ ਅਤੇ ਉਹ ਆਪ ਹੀ ਖਾ ਜਾਂਦੇ ਸਨ । ਹਾਲਾਂ ਕਿ ਸਰਕਾਰ ਨੇ ਹੁਣ ਸਬਸਿਡੀਜ਼ ਘਟਾ ਦਿੱਤੀਆਂ ਹਨ ਤਾਂ ਕਿ ਲੋਕ ਆਪਣੇ ਰਿਸੋਰਸਿਜ਼ ਮੋਬਲਾਈਜ਼ ਕਰਨ ਪਰ ਜਿੰਨੀ ਵੀ ਸਬਸਿਡੀ ਦਿੱਤੀ ਜਾਂਦੀ ਹੈ, ਉਸ ਦੇ ਵਾਸਤੇ ਸਰਕਾਰ ਦੀ ਇਹ ਹਰ ਕੋਸ਼ਿਸ਼ ਹੈ ਕਿ ਉਹ ਜੁਡੀਸ਼ੀਅਲੀ ਦਿੱਤੀ ਜਾਵੇ । (ਵਿਘਨ)

**Expunged as ordered by the Chair,

Original with;
Punjab Vidhan Sabha
Digitized by;
Panjab Digital Library

ਸਮਾਲ ਸੇਵਿੰਗਜ਼ ਦਾ, ਡਿਪਟੀ ਸਪੀਕਰ ਸਾਹਿਬ, ਜ਼ਿਕਰ ਕੀਤਾ ਗਿਆ ਹੈ। ਟੋਟਲ ਸਮਾਲ ਸੇਵਿੰਗਜ਼ ਸਕੀਮ ਦਾ 75% ਸ਼ਾਰਟ ਲੋਨ ਦੇ ਤੌਰ ਤੇ ਵਰਤਿਆ ਜਾਂਦਾ ਹੈ। ਇਸ ਦੇ ਲਈ 10 ਹਜ਼ਾਰ ਭੈਣਾਂ ਨੂੰ ਏਜੰਟਸ ਦੇ ਤੌਰ ਤੇ ਰੱਖਿਆ ਗਿਆ ਸੀ। ਉਨ੍ਹਾਂ ਨੇ ਪਿੰਡਾਂ ਅਤੇ ਸ਼ਹਿਰਾਂ ਵਿਚ ਜਿਹੜਾ ਕੰਮ ਕੀਤਾ ਹੈ, ਉਸ ਦੇ ਕਮਿਸ਼ਨ ਦੇ ਤੌਰ ਤੇ ਉਨ੍ਹਾਂ ਨੂੰ ਕੋਈ 1500/- ਰੁਪਿਆ ਹਰ ਮਹੀਨੇ ਮਿਲਦਾ ਰਿਹਾ ਹੈ। ਸੋ ਮੈਂ ਸਮਝਦਾ ਹਾਂ ਕਿ 10 ਹਜ਼ਾਰ ਭੈਣਾਂ ਨੂੰ ਕੰਮ ਦੇਣਾ, ਇਹ ਵੀ ਪੰਜਾਬ ਸਰਕਾਰ ਦਾ ਬੜਾ ਵੱਡਾ ਉਦਮ ਸੀ।

ਇਸ ਤੋਂ ਅੱਗੇ ਮੈਂ ਇਹ ਵੀ ਦੱਸਣਾ ਚਾਹੁੰਦਾ ਸਾਂ ਕਿ ਨਾਨ-ਪਰੋਡਕਟਿਵ ਐਕਸਪੈਂਡੀਚਰ ਨੂੰ ਵੀ ਸਰਕਾਰ ਨੇ ਘਟਾਉਣ ਦੀ ਕੋਸ਼ਿਸ਼ ਕੀਤੀ ਹੈ ਅੱਰ ਹਾਲੇ ਹੋਰ ਵੀ ਘਟਾਇਆ ਜਾਵੇਗਾ। ਇਸ ਤੋਂ ਇਲਾਵਾ ਮੈਂ ਪਬਲਿਕ ਡਰਟੇਕਿੰਗਜ਼ ਦੇ ਬਾਰੇ ਪਹਿਲਾਂ ਹੀ ਦੱਸ ਚੁੱਕਾ ਹਾਂ ਇਸ ਪਾਸੇ ਵੀ ਸਹਦਾਰ ਬੇਅੰਤ ਸਿੰਘ ਜੀ ਨੇ ਬਹੁਤ ਧਿਆਨ ਦਿੱਤਾ ਹੈ।

ਫਿਰ ਤੁਸੀਂ ਜਾਣਦੇ ਹੋ ਕਿ ਪੰਜਾਬ ਵਿਚ ਲਾਅ ਐਂਡ ਆਰਡਰ ਦੀ ਹਾਲਤ ਕਿਤਨੀ ਖਰਾਬ ਰਹੀ ਹੈ। ਹੁਣ ਇਸ ਸਰਕਾਰ ਦੇ ਆਉਣ ਤੇ ਇਸ ਦਿਚ ਸੁਧਾਰ ਆਇਆ ਹੈ। ਮੈਂ ਸਮਝਦਾ ਹਾਂ ਕਿ ਸਾਨੂੰ ਇਸ ਵਿਚ ਹੁਣ ਅਵੇਸਲੇ ਨਹੀਂ ਹੋ ਜਾਣਾ ਚਾਹੀਦਾ ਤਾਂਕਿ ਕਿਤੇ ਮੁੜ ਕੇ ਟੈਰੋਰਿਜ਼ਮ ਕ੍ਰਿਏਟ ਨਾ ਹੋ ਜਾਵੇ। ਇਸ ਲਈ ਇਸ ਤੇ ਕਾਬੂ ਰੱਖਣਾ ਚਾਹੀਦਾ ਹੈ। ਹੁਣ ਇਹ ਜਿਹੜੇ ਅਕਾਲੀ ਕੋਸ਼ਿਸ਼ਾਂ ਕਰ ਰਹੇ ਹਨ, ਕਿਤੇ ਧਰਮ ਯੁੱਧ ਮੋਰਚਾ ਲਾਉਂਦੇ ਹਨ ਅਤੇ ਕਿਤੇ ਹੋਰ ਮੋਹਚੇ ਲਾਉਂਦੇ ਹਨ, ਮੈਂ ਸਮਝਦਾ ਹਾਂ ਕਿ ਇਹ ਠੀਕ ਨਹੀਂ ਹੈ। ਸਾਡੀ ਸਰਕਾਰ ਸਾਰੇ ਧਰਮ ਨੂੰ ਇਕੋ ਜਿਹਾ ਸਤਿਕਾਰ ਦਿੰਦੀ ਹੈ। ਸਿੱਖ ਧਰਮ ਨੂੰ ਵੀ ਉਤਨਾ ਹੀ ਸਤਿਕਾਰ ਦਿੰਦੀ ਹੈ ਜਿਤਨਾ ਹੋਰ ਧਰਮਾਂ ਨੂੰ ਮਿਲਦਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਕੋਈ ਧਰਮਾਂ ਯੁੱਧ ਮੋਰਚਾ ਨਹੀਂ, ਇਹ ਤਾਂ ਕੁਰਸੀ ਹਥਿਆਉਣ ਯੁੱਧ ਮੋਹਚਾ ਹੈ। ਪਿਛੇ ਵੀ ਇਹ ਇਸ ਤਰ੍ਹਾਂ ਦੇ ਮੋਰਚੇ ਲਾਉਂਦੇ ਰਹੇ ਹਨ। ਬੀ. ਜੇ. ਪੀ. ਨਾਲ ਭਾਵੇਂ ਟਿਨ੍ਹਾਂ ਦੀ ਬਿਲਕੁਲ ਆਈਡੀਆਲੋਜੀ ਨਹੀਂ ਮਿਲਦੀ ਪਰ ਫਿਰ ਵੀ ਕੁਰਸੀ ਦੀ ਖਾਤਰ ਇਹ ਉਨ੍ਹਾਂ ਨਾਲ ਗਲਵੱਕੜੀਆਂ ਪਾਉਂਦੇ ਰਹਿੰਦੇ ਹਨ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਡਿਪਟੀ ਸਪੀਕਰ ਸਾਹਿਬ, ਮੈਨੂੰ ਜਾਣਕਾਰੀ ਮਿਲੀ ਸੀ ਕਿ ਕਨਸਟ੍ਰੱਕਟਿਵ ਸੁਝਾਵ ਦੇਣੇ ਹਨ। ਪਰ ਇਥੇ ਜਿਹੜੇ ਆਰੋਪ ਲਾਏ ਜਾਂਦੇ ਹਨ, ਇਹ ਸਿਰਫ ਭਾਸ਼ਣ ਨੂੰ ਵਧਾਉਣ ਵਾਸਤੇ ਲਾਏ ਜਾਂਦੇ ਹਨ। ਜਾਂ ਤਾਂ ਇਨ੍ਹਾਂ ਨੂੰ ਇਹ ਸਾਬਤ ਕਰਨ। ਇਹ ਠੀਕ ਨਹੀਂ ਹੈ।

ਸ੍ਰੀ ਡਿਪਟੀ ਸਪੀਕਰ: ਠੀਕ ਹੈ, ਕੋਈ ਐਸੀ ਗੱਲ ਨਹੀਂ ਹੈ।

ਸਰਦਾਰ ਜਸਜੀਤ ਸਿੰਘ ਰੰਧਾਵਾ : ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਕਈ ਨਵੀਆਂ ਸਕੀਮਾਂ ਚਲਾਈਆਂ ਹਨ ਜਿਹੜੀਆਂ ਕੰਪਿਊਟ੍ਰਾਈਜ਼ੇਸ਼ਨ ਤੇ ਆਧਾਰਤ ਹਨ ਅੱਰ ਇਨਵੈਸਟਮੈਂਟ ਵਾਸਤੇ ਨਵੇ-ਨਵੇਂ ਮੈਥਡਜ਼ ਅਡਾਪਟ ਕੀਤੇ ਜਾ ਰਹੇ ਹਨ।

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਜੀਤ ਸਿੰਘ ਰੰਧਾਵਾ]

ਸਿਰਫ ਵੱਡੇ ਕੰਮਾਂ ਵੱਲ ਹੀ ਨਹੀਂ ਇਸ ਸਰਕਾਰ ਨੇ ਪੰਜਾਬ ਦੇ ਸ਼ੱਭ ਤੋਂ ਛੋਟੇ ਮੁਲਾਜ਼ਮ ਵੱਲ ਵੀ ਧਿਆਨ ਦਿੱਤਾ ਹੈ । ਪੰਜਾਬ ਦੇ ਪਿੰਡਾਂ ਵਿਚ ਜਿਹੜੇ ਚੌਕੀਦਾਰ ਹਨ, ਇਹ ਇਸ ਵੇਲੇ 10,485 ਹਨ । ਇਨ੍ਹਾਂ ਨੂੰ ਪਹਿਲੇ ਜਿਹੜੀ ਤਨਖਾਹ 200 ਰੁਪਏ ਮਿਲਦੀ ਸੀ, ਉਹ ਹੁਣ 300 ਰੁਪਏ ਕਰ ਦਿੱਤੀ ਹੈ ਕਿਉਂਕਿ ਇਸ ਦਾ ਕੰਮ ਬਹੁਤ ਜ਼ਿਆਦਾ ਹੈ । ਕੋਈ ਵੀ ਅਫ਼ਸਰ ਪਿੰਡ ਵਿਚ ਆਵੇ, ਇਸ ਨੂੰ ਹੀ ਸਾਰਾ ਕੁਝ ਕਰਨਾ ਪੈਂਦਾ ਹੈ । ਸਾਡੀ ਸਰਕਾਰ ਨੇ ਇਨ੍ਹਾਂ ਦੀ ਤਨਖਾਹ ਵੀ ਡਿਊਡੀ ਕਰ ਦਿੱਤੀ ਹੈ । ਇਹ ਤਨਖਾਹ ਵੀ ਉਨ੍ਹਾਂ ਨੂੰ ਇਕ ਅਪ੍ਰੈਲ, 1993 ਤੋਂ ਮਿਲਣੀ ਹੈ, ਜਿਸ ਨਾਲ ਸਰਕਾਰ ਤੇ 5 ਕਰੋੜ 3 ਲੱਖ ਦਾ ਖਰਚ ਆਉਣਾ ਹੈ । ਇਹ ਬਹੁਤ ਚੰਗੀ ਗੱਲ ਹੈ । ਸਰਕਾਰ ਦੀਆਂ ਚੰਗੀਆਂ ਸਕੀਮਾਂ ਕਾਰਣ ਸਾਡੀ ਪਰ ਕੈਪੀਟਾ ਇਨਕਮ ਵੀ ਵਧ ਰਹੀ ਹੈ । ਇਹ ਗੋਆ ਨੂੰ ਛੱਡ ਕੇ ਸਾਰੇ ਹਿੰਦੁਸਤਾਨ ਵਿਚ ਸ਼ੱਭ ਤੋਂ ਜ਼ਿਆਦਾ ਹੈ ।

ਇਸ ਤੋਂ ਇਲਾਵਾ ਸਾਲ 1995-96 ਲਈ ਸਾਡੀ ਸਰਕਾਰ ਨੇ ਕੁੱਲ ਐਨੂਅਲ ਪਲਾਨ ਤੇ 1675 ਕਰੋੜ ਰੁਪਏ ਦੀ ਰਾਸ਼ੀ ਰੱਖੀ ਹੈ । ਇਸ ਵਿਚ ਰਿਸੋਰਸਿਜ਼ ਆਫ਼ ਦੀ ਸਟੇਟ ਗੌਰਮਿੰਟ 875 ਕਰੋੜ ਹੈ ਅਤੇ ਸਪੋਰਟ ਫਰਾਮ ਗੌਰਮਿੰਟ ਆਫ਼ ਇੰਡੀਆ 650 ਕਰੋੜ ਹੈ । ਇਸ ਵਿਚ ਸਪੈਸ਼ਲ ਟਰਮ ਲੋਨ ਅਤੇ ਪਲਾਨਿੰਗ ਕਮਿਸ਼ਨ ਵਲੋਂ ਜਿਹੜੀ 50 ਕਰੋੜ ਦੀ ਅਸਿਸਟੈਂਸ ਮਿਲੀ ਹੈ, ਉਹ ਵੀ ਸ਼ਾਮਲ ਹੈ । ਇਸ ਤੋਂ ਇਲਾਵਾ ਅਡੀਸ਼ਨਲ ਮਾਰਕਿਟ ਬਾਰੋਇੰਗ ਦਾ 150 ਕਰੋੜ ਰੁਪਿਆ ਹੈ ਅੌਰ ਇਹ ਟੋਟਲ ਸਾਲ 1995-96 ਲਈ 1675 ਕਰੋੜ ਰੁਪਏ ਦੀ ਰਾਸ਼ੀ ਬਣਦੀ ਹੈ ਜਿਹੜੀ ਕਿ ਪੰਜਾਬ ਦੀ ਡਿਵੈਲਪਮੈਂਟ ਦੇ ਕੰਮਾਂ ਤੇ ਖਰਚ ਹੋਣੀ ਹੈ । ਫਾਈਨਾਂਸ਼ੀਅਲ ਮੈਨੇਜਮੈਂਟ ਵਾਸਤੇ ਪੰਜਾਬ ਸਰਕਾਰ ਨੇ 5 ਪੁਆਇੰਟ ਰੱਖੇ ਹਨ । ਪਬਲਿਕ ਲਈ ਫੰਡਜ਼ ਪ੍ਰੋਵਾਈਡ ਕੀਤੇ ਜਾਣਗੇ ਅਤੇ ਜਿਹੜੇ ਗੌਰਮਿੰਟ ਦੇ ਆਪਣੇ ਮੇਜਰ ਅਦਾਰੇ ਹਨ, ਉਨ੍ਹਾਂ ਉਤੇ ਜਿਹੜਾ ਵੇਸਟਫੁੱਲ ਅੈਕਸ-ਪੈਂਡੀਚਰ ਹੁੰਦਾ ਹੈ, ਉਸ ਨੂੰ ਬੰਦ ਕੀਤਾ ਜਾਵੇਗਾ । ਸਰਕਾਰ ਨੇ ਆਪਣੀ ਇਕਨਾਮਿਕ ਪਾਲਿਸੀ ਨੂੰ ਲਿਬਰੇਲਾਈਜ਼ ਕੀਤਾ ਹੈ । ਜਿਸ ਤਰ੍ਹਾਂ ਸੈਂਟਰ ਵਿਚ ਡਾਕਟਰ ਮਨਮੋਹਨ ਸਿੰਘ ਨੇ ਕੀਤਾ ਹੈ, ਪੰਜਾਬ ਸਰਕਾਰ ਵੀ ਉਸੇ ਤਰ੍ਹਾਂ ਹੀ ਕਰ ਰਹੀ ਹੈ ਅਤੇ ਆਪਣੇ ਪਲਾਨ ਉਤੇ ਮੇਜਰ ਖਰਚਾ ਕਰ ਰਹੀ ਹੈ । ਜਿਸ ਤਰ੍ਹਾਂ ਸੈਂਟਰਲ ਗੌਰਮਿੰਟ ਪ੍ਰਾਈਵੇਟਾਈਜ਼ੇਸ਼ਨ ਨੂੰ ਬੜ੍ਹਾਵਾ ਦੇ ਰਹੀ ਹੈ, ਉਸੇ ਤਰ੍ਹਾਂ ਪੰਜਾਬ ਸਰਕਾਰ ਵੀ ਕਰ ਰਹੀ ਹੈ । ਇਸ ਦੇ ਨਾਲ ਹੀ ਪੰਜਾਬ ਵਿਚ ਅੈਜੂਕੇਸ਼ਨ ਦੇ ਵਿਚ ਅਤੇ ਹੈਲਥ ਕੇਅਰ ਵਿਚ ਡਿਸਅੈਡਵੈਨਟਿਜਸ ਸੋਸਾਇਟੀ ਦੇ ਲੋਕ ਜਿਹੜੇ ਕਿ ਇਨ੍ਹਾਂ ਸਹੂਲਤਾਂ ਤੋਂ ਵਾਂਝੇ ਰਹੇ ਸਨ, ਉਨ੍ਹਾਂ ਦਾ ਮੇਜਰ ਧਿਆਨ ਇਸ ਸਰਕਾਰ ਨੇ ਕੀਤਾ ਹੈ ।

ਬਿਜਲੀ ਬੋਰਡ ਦੀ ਇਥੇ ਗੱਲ ਕੀਤੀ ਗਈ । 1948 ਦੇ ਬਿਜਲੀ ਬੋਰਡ ਦੇ ਅੈਕਟ ਮੁਤਾਬਿਕ ਫਿਕਸਡ ਅਸੈਟਸ ਉਤੇ 3% ਗਰੋਥ ਹੋਣੀ ਚਾਹੀਦੀ ਸੀ ਜਿਹੜੀ ਪੰਜਾਬ ਸਰਕਾਰ ਪੂਰੀ ਨਹੀਂ ਕਰ ਸਕੀ । ਇਸ ਦਾ ਮੇਜਰ ਕਾਰਣ ਇਹ ਹੈ ਕਿ ਸਾਨੂੰ ਪੰਜਾਬ ਵਿਚ ਅੈਗਰੀਕਲਚਰਲ ਸੈਕਟਰ ਵਿਚ ਪਾਵਰ ਸਪਲਾਈ ਸਬਸਿਡੀ ਤੇ ਦੇਣੀ ਪੈਂਦੀ ਹੈ

Original with;
Punjab Vidhan Sabha
Digitized by;
Panjab Digital Library

ਅੱਰ ਇਹ ਹਿੰਦੁਸਤਾਨ ਦੇ ਹਰ ਸੂਬੇ ਨਾਲੋਂ ਘੱਟ ਰੇਟ ਤੇ ਸਪਲਾਈ ਕੀਤੀ ਜਾ ਰਹੀ ਹੈ। ਪਿੱਛੇ ਕੋਲੇ ਤੇਲ ਅਤੇ ਰੇਲ ਦੇ ਕਿਰਾਏ ਵਿਚ ਵਾਧਾ ਹੋਣ ਕਰਕੇ ਪੰਜਾਬ ਸਰਕਾਰ ਉਤੇ ਕਾਫੀ ਬੋਝ ਪਿਆ ਸੀ ਜਿਸ ਦਾ ਬੋਝ ਲੋਕਾਂ ਉਤੇ ਨਹੀਂ ਪਾਇਆ ਗਿਆ। ਇਸ ਦਾ ਅਸਰ ਸਾਡੇ ਥਰਮਲ ਪਲਾਟਾਂ ਉਤੇ ਪਿਆ ਜਿਸ ਕਰਕੇ ਸਰਕਾਰ ਨੇ 24 ਅਕਤੂਬਰ, 1994 ਵਿਚ ਬਿਜਲੀ ਬੋਰਡ ਦੇ ਟੈਰਿਫ ਰੇਟ ਵਿਚ ਵਾਧਾ ਕੀਤਾ। ਬਿਜਲੀ ਬੋਰਡ ਦਾ ਪਿਛਲੇ ਸਾਲ 1994-95 ਵਿਚ ਜ਼ੀਰੋ ਕੈਸ਼ ਲਾਸ ਸੀ। ਮੈਂ ਸਮਝਦਾ ਹਾਂ ਕਿ ਆਉਣ ਵਾਲੇ ਸਾਲ ਵਿਚ ਅਸੀਂ ਬੈਟਰ ਪਰਫਾਰਮੈਂਸ ਸ਼ੋ ਕਰਾਂਗੇ ਅਤੇ ਪਿੰਡਾਂ ਦੇ ਵਿਚ ਅਨਇਨਟਰੱਪਟਿੱਡ ਸਪਲਾਈ ਮਿਲੇਗੀ। ਗੋਇੰਦਵਾਲ ਸਾਹਿਬ ਪ੍ਰਾਜੈਕਟ, ਸ਼ਾਹਪੁਰ ਕੰਡੀ ਹਾਈਡਲ ਪ੍ਰਾਜੈਕਟ ਅਤੇ ਥੀਨ ਡੈਮ ਦੇ ਕੰਪਲੀਟ ਹੋ ਜਾਣ ਦੇ ਨਾਲ ਪੰਜਾਬ ਵਿਚ ਪਾਵਰ ਦੀ ਕੋਈ ਕਮੀ ਨਹੀਂ ਰਹੇਗੀ। ਇਸ ਦੇ ਵਿਚ ਪ੍ਰਾਈਵੇਟ ਪਾਰਟੀਆਂ ਨੂੰ ਭਾਈਵਾਲ ਬਣਾਇਆ ਜਾ ਰਿਹਾ ਹੈ। ਪੰਜਾਬ ਵਿਚ ਬਿਜਲੀ ਦੀ ਕਾਸਟ ਪਰ ਯੂਨਿਟ ਬਿਜਲੀ ਬੋਰਡ ਨੂੰ 164.80 ਪੈਸੇ ਪੈ ਰਹੀ ਹੈ ਪਰ ਅਸੀਂ 31 ਪੈਸੇ ਦੀ ਐਗਰੀਕਲਚਰ ਸੈਕਟਰ ਨੂੰ ਸਪਲਾਈ ਕਰ ਰਹੇ ਹਾਂ। ਜਿਹੜਾ ਲਾਸ ਇਸ ਦੇ ਨਾਲ ਪੰਜਾਬ ਸਰਕਾਰ ਨੂੰ ਹੋ ਰਿਹਾ ਹੈ, ਉਹ ਪੰਜਾਬ ਦੀ ਸਰਕਾਰ ਹੋਰ ਕਿਸੇ ਪਾਸੇ ਪੂਰਾ ਕਰੇਗੀ ਪਰ ਕਿਸਾਨਾਂ ਨੂੰ ਸਬਸਿਡੀ ਤੇ ਬਿਜਲੀ ਦੀ ਸਪਲਾਈ ਦੇਵੇਗੀ ਅਤੇ ਇਹ ਅਨਇੰਟਰੱਪਟਿਡ ਮਿਲੇਗੀ। ਸਸਤੇ ਰੇਟ ਵਿਚ ਬਿਜਲੀ ਸਪਲਾਈ ਕਰਕੇ ਭਾਵੇਂ ਬਿਜਲੀ ਬੋਰਡ ਨੂੰ ਘਾਟਾ ਪੈ ਰਿਹਾ ਹੈ ਅਤੇ ਇਹ ਆਪਣੇ ਗਰੱਥ ਰੇਟਾਂਵਿਚ ਪੂਰਾ ਨਹੀਂ ਪਹੁੰਚਿਆ, ਫੇਰ ਵੀ ਸਾਡੇ ਵਿੱਤ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਅਸੀਂ ਜ਼ੀਰੋ ਕੈਸ਼ ਲਾਸ ਤੇ ਪਹੁੰਚਾਂਗੇ ਅਤੇ ਕਿਸਾਨਾਂ ਨੂੰ ਇਹ ਸਬਸਿਡੀ ਜਾਰੀ ਰੱਖੇਗੀ।

ਲਾਟਰੀ ਇਕ ਸੋਸ਼ਲ ਈਵਲ ਹੈ ਅਤੇ ਇਸ ਦੇ ਵਿਚ ਲੋਕਾਂ ਦਾ ਕਾਫੀ ਪੈਸਾ ਬਰਬਾਦ ਹੁੰਦਾ ਹੈ। ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਉਹ ਇਸ ਸਾਲ ਸਿੰਗਲ ਡਿਜਟ ਵਾਲੀ ਲਾਟਰੀ ਬੰਦ ਕਰ ਦੇਵੇਗੀ। ਸੁਪਰੀਮ ਕੋਰਟ ਦੇ ਫੈਸਲੇ ਮੁਤਾਬਿਕ ਜਿਹੜੀ ਲਾਟਰੀ ਹੈ, ਉਸ ਨੂੰ ਬੰਦ ਕਰਨ ਲਈ ਸਟੇਟ ਗੌਰਮਿੰਟ ਨੂੰ ਸੈਂਟਰਲ ਗੌਰਮਿੰਟ ਦੀ ਇਜ਼ਾਜ਼ਤ ਲੈਣੀ ਪੈਂਦੀ ਹੈ। ਇਸ ਕਰਕੇ ਪੰਜਾਬ ਸਰਕਾਰ ਖੁਦ ਲਾਟਰੀ ਸਿਸਟਮ ਨੂੰ ਬੰਦ ਨਹੀਂ ਕਰ ਸਕਦੀ। ਪੰਜਾਬ ਵਿਚ ਅਗਰ ਸਿੱਕਮ ਲਾਟਰੀ, ਹਰਿਆਣਾ ਸਟੇਟ ਲਾਟਰੀ ਚਲਦੀ ਹੈ ਤਾਂ ਉਸ ਨੂੰ ਉਹ ਬੰਦ ਨਹੀਂ ਕਰ ਸਕਦੀ ਪਰ ਫੇਰ ਵੀ ਸਹਕਾਰ ਇਸ ਬੁਰਾਈ ਨੂੰ ਖਤਮ ਕਰਨ ਲਈ ਕਦਮ ਚੁਕ ਰਹੀ ਹੈ ਅੱਰ ਸਿੰਗਲ ਡਿਜਟ ਵਾਲੀ ਲਾਟਰੀ ਬੰਦ ਕਰ ਰਹੀ ਹੈ।

ਐਨਰਜੀ ਦੇ ਨਾਲ ਸਟੇਟ ਦੀ ਡਿਵੈਲਪਮੈਂਟ ਹੁੰਦੀ ਹੈ। ਅਗਰ ਪਾਵਰ ਨਹੀਂ ਹੈ ਤਾਂ ਫੇਰ ਸਟੇਟ ਦੀ ਤਰੱਕੀ ਨਹੀਂ ਹੋ ਸਕਦੀ ਹੈ। ਇਸ ਐਨਰਜੀ ਦੇ ਨਾਲ ਫੈਕਟਰੀਆਂ ਚਲਦੀਆਂ ਹਨ। ਮਲਟੀਨੈਸ਼ਨਲ ਕੰਪਨੀਆਂ ਪੰਜਾਬ ਵਿਚ ਆ ਰਹੀਆਂ ਹਨ ਅਤੇ ਇਥੇ ਆਪਣੀ ਇੰਡਸਟਰੀ ਲਗਾ ਰਹੀਆਂ ਹਨ, ਜਿਸ ਤਰ੍ਹਾਂ ਕਿ ਪੰਜਾਬ ਪੈਟਰੋ ਕੈਮੀਕਲ ਪਲਾਂਟ ਲੱਗ ਰਿਹਾ ਹੈ। ਇਹ 700 ਕਰੋੜ ਰੁਪਏ ਦਾ ਪਲਾਂਟ ਹੈ। ਇਸ ਪਲਟ ਦੇ ਲੱਗਣ ਨਾਲ ਪੰਜਾਬ ਦੇ ਲੋਕਾਂ ਦਾ ਫਾਇਦਾ ਹੋਵੇਗਾ, ਰੁਜ਼ਗਾਰ ਦੇ ਸਾਧਨ

Original with;
Punjab Vidhan Sabha
Digitized by;

[ਸਰਦਾਰ ਜਸਜੀਤ ਸਿੰਘ ਰੰਧਾਵਾ]

ਪੈਦਾ ਹੋਣਗੇ, ਕਾਫ਼ੀ ਲੋਕਾਂ ਨੂੰ ਪੰਜਾਬ ਵਿਚ ਰੁਜ਼ਗਾਰ ਮਿਲੇਗਾ ਅਤੇ ਪੰਜਾਬ ਵਿਚ ਲੋਕਾਂ ਦੀ ਤਰੱਕੀ ਹੋਵੇਗੀ ਪਰ ਇਸ ਬਾਰੇ ਆਪੋਜ਼ੀਸ਼ਨ ਵਲੋਂ ਕਾਫੀ ਰੌਲਾ ਪਾਇਆ ਗਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀ ਲਗਾਉਣ ਲਈ ਸਰਕਾਰ ਨੂੰ ਵੇਸਟ ਲੈਂਡ ਉਤੇ ਇੰਡਸਟਰੀ ਲਗਾਉਣ ਦੀ ਇਜ਼ਾਜਤ ਦੇਣੀ ਚਾਹੀਦੀ ਹੈ ਅਤੇ ਜਿਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਅੱਕਵਾਇਅਰ ਕਰ ਲਈਆਂ ਗਈਆਂ ਹਨ, ਉਨ੍ਹਾਂ ਨੂੰ ਮਾਰਕੀਟ ਰੇਟ ਉਤੇ ਕੰਪਨਸੇਸ਼ਨ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਲੋਕਾਂ ਦਾ ਕੋਈ ਨੁਕਸਾਨ ਨਾਂ ਹੋਵੇ। ਜਿਹੜੀ ਕੰਪੈਨਸੇਸ਼ਨ ਤੁਸੀਂ ਦਿੱਤੀ ਹੈ, ਉਹ ਥੋੜ੍ਹੀ ਹੈ। ਇਹ ਮਾਰਕੀਟ ਰੇਟ ਤੇ ਹੋਣੀ ਚਾਹੀਦੀ ਹੈ। ਪਾਵਰ ਸੈਕਟਰ ਵਾਸਤੇ 1994-95 ਦੇ 425.15 ਕਰੋੜ ਰੁਪਏ ਦੇ ਮੁਕਾਬਲੇ 1995-96 ਵਿਚ 704.22 ਕਰੋੜ ਰੁਪਿਆ ਰੱਖਿਆ ਗਿਆ ਹੈ। ਇਸ ਵਿਚੋਂ 400 ਕਰੋੜ ਰੁਪਿਆ ਰਣਜੀਤ ਸਾਗਰ ਡੈਮ ਤੇ ਖਰਚ ਕਰਨਾ ਹੈ। 1977 ਵਿਚ ਇਸ ਦਾ ਐਸਟੀਮੇਟ 263.16 ਕਰੋੜ ਰੁਪਏ ਦਾ ਸੀ ਪਰ ਰਣਜੀਤ ਸਾਗਰ ਡੈਮ ਤੇ ਕੰਮ ਸ਼ੁਰੂ ਨਹੀਂ ਹੋ ਸਕਿਆ। 1986 ਵਿਚ ਫਿਰ ਇਸਦਾ ਐਸਟੀਮੇਟ 760 ਕਰੋੜ ਰੁਪਏ ਦਾ ਹੋ ਗਿਆ। ਫਿਰ ਵੀ ਰਣਜੀਤ ਸਾਗਰ ਡੈਮ ਕੰਪਲੀਟ ਨਹੀਂ ਹੋਇਆ। ਫਿਰ 1990 ਵਿਚ ਰਿਵਾਈਜ਼ ਹੋ ਕੇ ਇਹ ਲੇਟੈਸਟ ਐਸਟੀਮੇਟ 1687 ਕਰੋੜ ਰੁਪਏ ਹੋ ਗਿਆ। ਡਿਪਟੀ ਸਪੀਕਰ ਸਾਹਿਬ, ਰਣਜੀਤ ਸਾਗਰ ਡੈਮ ਦਾ ਲੇਟੈਸਟ ਐਸਟੀਮੇਟ 2189.55 ਕਰੋੜ ਰੁਪਏ ਤੱਕ ਜਾ ਚੁੱਕਾ ਹੈ। ਇਸ ਵਿਚੋਂ 1488.63 ਕਰੋੜ ਰੁਪਿਆ 31 ਮਾਰਚ ਤਕ ਖਰਚ ਹੋ ਚੁਕਾ ਹੈ। 800 ਕਰੋੜ ਰੁਪਿਆ ਅੱਠਵੀਂ ਪੰਜ ਸਾਲਾ ਪਲਾਨ ਅੰਦਰ ਖਰਚ ਹੋ ਜਾਣਗੇ। ਰਣਜੀਤ ਸਾਗਰ ਡੈਮ ਦਾ 70% ਕੰਮ ਕੰਪਲੀਟ ਹੋ ਚੁੱਕਾ ਹੈ ਅਤੇ 7 ਨਵੰਬਰ, 1996 ਨੂੰ ਗੁਰੂ ਨਾਨਕ ਦੇਵ ਜੀ ਦੇ ਗੁਰਪੂਰਬ ਦੇ ਮੌਕੇ ਤੇ ਉਨ੍ਹਾਂ ਦੇ ਜਨਮ ਦਿਨ ਵੇਲੇ ਇਹ ਡੈਮ ਕੰਪਲੀਟ ਹੋ ਕੇ ਚਾਲੂ ਹੋਵੇਗਾ। ਇਹ ਪੰਜਾਬ ਸਰਕਾਰ ਦੀ ਪਰਪੋਜ਼ਲ ਹੈ ਅਤੇ ਮੈਨੂੰ ਪੂਰੀ ਉਮੀਦ ਹੈ ਕਿ ਰਣਜੀਤ ਸਾਗਰ ਡੈਮ ਦਾ ਕੰਮ ਟਾਈਮ ਸਿਰ ਕੰਪਲੀਟ ਹੋ ਜਾਵੇਗਾ। ਇਸ ਦੇ ਨਾਲ ਬਹੁਤ ਭਾਰੀ ਫਾਇਦਾ ਪੰਜਾਬ ਨੂੰ ਹੋਵੇਗਾ। ਜਿਹੜਾ ਰਾਵੀ ਦਾ ਪਾਣੀ ਪਾਕਿਸਤਾਨ ਨੂੰ ਜਾਂਦਾ ਸੀ, ਜਿਹੜਾ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਵਿਚ ਸੈਂਕੜੇ ਪਿੰਡਾਂ ਵਿਚ ਫਲੱਡ ਲੈ ਆਉਂਦਾ ਸੀ ਅਤੇ ਬਹੁਤ ਭਾਰੀ ਨੁਕਸਾਨ ਹੁੰਦਾ ਸੀ ਉਸ ਦਾ ਮੂੰਹ ਮੋੜ ਕੇ ਨਹਿਰ ਨਿਕਲ ਜਾਵੇਗੀ, ਜਿਸ ਨਾਲ ਸਿੰਚਾਈ ਵੱਧ ਹੋਵੇਗੀ ਅਤੇ ਕਿਸਾਨ ਖੁਸ਼ਹਾਲ ਹੋਵੇਗਾ। ਰਣਜੀਤ ਸਾਗਰ ਡੈਮ ਦੇ ਚਾਲੂ ਹੋ ਜਾਣ ਨਾਲ ਪੰਜਾਬ ਵਿਚ ਜਿਹੜੀ ਪਹਿਲਾਂ 3510 ਮੈਗਾਵਾਟ ਬਿਜਲੀ ਸੀ, ਉਹ ਵਧ ਕੇ 4162 ਮੈਗਾਵਾਟ ਹੋ ਜਾਵੇਗੀ। ਇਸ ਤਰ੍ਹਾਂ 19% ਬਿਜਲੀ ਇਨਕਰੀਜ਼ ਹੋ ਜਾਵੇਗੀ। ਇਨਸੈਂਟਿਵ ਦੇ ਤੌਰ ਤੇ ਉਥੇ ਡੈਮ ਤੇ ਕੰਮ ਕਰਦੇ ਇੰਜਨੀਅਰਜ਼ ਅਤੇ ਹੋਰ ਮੁਲਾਜ਼ਮਾਂ ਨੂੰ, ਜਿਸ ਤਰ੍ਹਾਂ ਕਿ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਐਲਾਨ ਕੀਤਾ ਸੀ, ਇਕ ਸਾਲ ਦੀ ਤਨਖਾਹ ਵਾਧੂ ਦਿੱਤੀ ਜਾਵੇਗੀ ਜੇਕਰ ਉਹ ਕਰਮਚਾਰੀ ਵਕਤ ਸਿਰ ਡੈਮ ਨੂੰ ਪੂਰਾ ਕਰ ਦੇਣਗੇ। ਪਹਿਲਾਂ ਪਿੰਡਾਂ ਅਤੇ ਸ਼ਹਿਰਾਂ ਵਿਚ ਬਿਜਲੀ ਦਾ ਬਹੁਤ ਫਰਕ ਸੀ। ਸ਼ਹਿਰਾਂ ਵਿਚ ਪਹਿਲਾਂ 24-24 ਘੰਟੇ ਬਿਜਲੀ ਦੀ ਸਪਲਾਈ ਹੁੰਦੀ ਸੀ ਜਬਕਿ ਪਿੰਡਾਂ ਵਿਚ 6-6, 8-8 ਘੰਟੇ ਬਿਜਲੀ ਦੀ ਸਪਲਾਈ ਹੁੰਦੀ ਸੀ ਪਰ ਸਾਡੀ ਸਰਕਾਰ ਨੇ ਅਜਿਹਾ ਪ੍ਰੋਗਰਾਮ ਬਣਾਇਆ ਹੈ ਕਿ ਪਿੰਡਾਂ ਅਤੇ ਸ਼ਹਿਰਾਂ ਵਿਚ ਬਿਜਲੀ ਦਾ ਕੋਈ ਫਰਕ ਨਹੀਂ ਰਹੇਗਾ। ਉਸ ਸਕੀਮ ਵਿਚ ਕੁਝ ਪੈਸਾ ਪਿੰਡਾਂ ਦੀਆਂ ਪੰਚਾਇਤਾਂ ਪਾਉਣਗੀਆਂ।

Original with;
Punjab Vidhan Sabha
Digitized by;
Panjab Digital Library

25 ਇੰਡੀਪੈਂਡੈਂਟ ਪਾਵਰ ਫੀਡਰ ਬਣਨੇ ਹਨ, ਜਿਸ ਨਾਲ ਪਿੰਡਾਂ ਵਿਚ 24-24 ਘੰਟੇ ਬਿਜਲੀ ਰਹੇਗੀ । ਪਿੰਡਾਂ ਅਤੇ ਸ਼ਹਿਰਾਂ ਵਿਚ ਬਿਜਲੀ ਦਾ ਕੋਈ ਅੰਤਰ ਨਹੀਂ ਰਹੇਗਾ ।

ਇਰੀਗੇਸ਼ਨ ਡਿਪਾਰਟਮੈਂਟ ਦੀ ਗੱਲ ਹੈ । ਡਿਪਟੀ ਸਪੀਕਰ ਸਾਹਿਬ, ਖੇਤੀਬਾੜੀ ਦੇ ਖੇਤਰ ਵਿਚ ਦੁਨੀਆਂ ਵਿਚ ਇਜ਼ਰਾਈਲ ਅਤੇ ਹਿੰਦੁਸਤਾਨ ਵਿਚ ਪੰਜਾਬ ਸੱਭ ਤੋਂ ਅੱਗੇ ਹੈ । ਇਹ ਇਸ ਕਰਕੇ ਹੈ ਕਿਉਂਕਿ ਪੰਜਾਬ ਵਿਚ ਇਰੀਗੇਸ਼ਨ ਦੀਆਂ ਪੂਰੀਆਂ ਫੈਸਿਲਿਟੀਜ਼ ਹਨ । ਕੰਡੀ ਏਰੀਆ ਵਿਚ ਟਿਊਬਵੈਲ ਕਾਰਪੋਰੇਸ਼ਨ ਅਤੇ ਐਗਰੀਕਲਚਰ ਡਿਪਾਰਟਮੈਂਟ ਵਲੋਂ ਡੂੰਘੇ ਟਿਊਬਵੈਲ ਇਨਸਟਾਲ ਕੀਤੇ ਗਏ ਹਨ, ਜਿਸ ਨਾਲ ਕਿਸਾਨਾਂ ਨੂੰ ਬਹੁਤ ਫਾਇਦਾ ਹੋਵੇਗਾ । ਕੰਡੀ ਕੈਨਾਲ ਦਾ ਜ਼ਿਕਰ ਵੀ ਇਥੇ ਕੀਤਾ ਗਿਆ ਹੈ । ਪਹਿਲਾਂ ਫਸਟ ਫੇਸ ਵਿਚ 59.5 ਕਿਲੋਮੀਟਰ ਕੰਡੀ ਕੈਨਾਲ ਬਨਾਉਣੀ ਹੈ, ਇਸ ਦੇ ਨਾਲ ਪੰਜਾਬ ਦੀ ਡਿਵੈਲਪਮੈਂਟ ਹੋਵੇਗੀ । ਸੈਕਿੰਡ ਫੇਸ ਵਿਚ ਕੰਡੀ ਕੈਨਾਲ ਬਲਾਚੌਰ ਤੱਕ ਐਕਸਟੈਂਡ ਕੀਤੀ ਜਾਵੇਗੀ । ਇਸ ਨਾਲ ਪਿੰਡਾਂ ਵਿਚ ਬਹੁਤ ਫਾਇਦਾ ਹੋਵੇਗਾ । ਪਿੰਡਾਂ ਵਿਚ ਰਹਿੰਦੇ ਕਿਸਾਨਾਂ ਨੂੰ ਬਹੁਤ ਫਾਇਦਾ ਹੋਵੇਗਾ ।

ਡਿਪਟੀ ਸਪੀਕਰ ਸਾਹਿਬ, ਫਿਰ ਰੂਰਲ ਡਿਵੈਲਪਮੈਂਟ ਦੀ ਗੱਲ ਹੈ । ਮੈਂ ਪੇਂਡੂ ਹਾਂ ਅਤੇ ਮੇਰਾ ਹਲਕਾ ਵੀ ਪੇਂਡੂ ਹੈ । ਮੇਰੇ ਹਲਕੇ ਵਿਚ ਕੋਈ ਸ਼ਹਿਰ ਹੈ ਹੀ ਨਹੀਂ ਰੂਰਲ ਡਿਵੈਲਪਮੈਂਟ ਵੱਲ ਧਿਆਨ ਦੇ ਕੇ ਸਰਦਾਰ ਬੇਅੰਤ ਸਿੰਘ ਨੇ ਪੇਂਡੂ ਲੋਕਾਂ ਦੀ ਨਬਜ਼ ਪਛਾਣੀ ਹੈ । ਦਿਹਾਤੀ ਵਿਕਾਸ ਵੱਲ ਜ਼ਿਆਦਾ ਧਿਆਨ ਦਿੱਤਾ ਗਿਆ ਹੈ ਕਿਉਂਕਿ ਪੇਂਡੂ ਲੋਕ ਕਈ ਸਹੂਲਤਾਂ ਨਾ ਹੋਣ ਕਰਕੇ ਬੜੇ ਔਖੇ ਰਹਿੰਦੇ ਸਨ । ਜਿਥੇ ਸ਼ਹਿਰਾਂ ਦੀ ਡਿਵੈਲਪਮੈਂਟ ਲਈ ਪੂਰੇ ਪੈਸੇ ਦਿੱਤੇ ਗਏ ਹਨ, ਉਥੇ ਪਿੰਡਾਂ ਨੂੰ ਵੀ ਦਿੱਤੇ ਗਏ ਹਨ । ਪਿਛਲੇ 40 ਸਾਲਾਂ ਵਿਚ ਵੀ ਅਗਰ ਦੇਖਿਆ ਜਾਵੇ ਤਾਂ ਪਿੰਡਾਂ ਨੂੰ ਏਨਾ ਪੈਸਾ ਨਹੀਂ ਮਿਲਿਆ ਹੋਣਾ, ਜਿੰਨਾ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਪਿਛਲੇ 3 ਸਾਲਾਂ ਵਿਚ ਦਿੱਤਾ ਹੈ । (ਥੰਪਿੰਗ) ਸਾਡੇ ਪਿੰਡਾਂ ਵਿਚ ਉੱਨਤ ਗ੍ਰਾਮ ਸਕੀਮ ਸ਼ੁਰੂ ਹੋਈ ਹੈ । 1995-96 ਵਿਚ ਰੂਰਲ ਡਿਵੈਲਪਮੈਂਟ ਲਈ ਕੁਲ ਯੋਜਨਾ ਲਾਗਤ ਦਾ 58.68 ਫੀ ਸਦੀ ਰੱਖਿਆ ਗਿਆ ਹੈ ਅਤੇ 1994-95 ਦੌਰਾਨ 225.00 ਕਰੋੜ ਰੁਪਏ ਦੇ ਮੁਕਾਬਲੇ 1995-96 ਦੌਰਾਨ ਦਿਹਾਤੀ ਵਿਕਾਸ ਤੇ 261.42 ਕਰੋੜ ਰੁਪਏ ਖਰਚਣ ਦਾ ਟੀਚਾ ਮਿਥਿਆ ਹੈ । ਉੱਨਤ ਗ੍ਰਾਮ ਸਕੀਮ ਤੇ 100 ਕਰੋੜ ਰੁਪਏ ਖਰਚਣ ਦੀ ਸਕੀਮ ਹੈ । ਹੁਣ ਤੱਕ 12,342 ਪਿੰਡਾਂ ਵਿਚੋਂ 9,912 ਪਿੰਡਾਂ ਵਿਚ ਉੱਨਤ ਗ੍ਰਾਮ ਸਕੀਮ ਲਾਗੂ ਹੋ ਚੁੱਕੀ ਹੈ । ਜਿਹੜੇ ਬਾਕੀ ਬਚਦੇ ਪਿੰਡ ਵੀ ਹਨ, ਉਨ੍ਹਾਂ ਬਾਰੇ ਡਾਕਟਰ ਕੇਵਲ ਕ੍ਰਿਸ਼ਨ ਨੇ ਬੋਲਦੇ ਹੋਏ ਅੰਸ਼ਿਓਰੈਂਸ ਦਿੱਤੀ ਸੀ ਕਿ ਏਸੇ ਸਾਲ ਵਿਚ ਇਹ ਬਚਦੇ ਪਿੰਡ ਵੀ ਉੱਨਤ ਗ੍ਰਾਮ ਸਕੀਮ ਵਿਚ ਲਏ ਜਾਣਗੇ ਅਤੇ ਅਗਲੇ ਸਾਲ 6,171 ਪਿੰਡਾਂ ਵਿਚ ਉੱਨਤ ਗ੍ਰਾਮ ਸਕੀਮ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ । ਕਿਸੇ ਪਿੰਡ ਨੂੰ 50,000 ਰੁਪਿਆ ਜਾਂ ਇਕ ਲੱਖ ਰੁਪਿਆ ਦੇ ਦਿਉ, ਤਾਂ ਕੋਈ ਗੱਲ ਨਹੀਂ ਬਣਦੀ । ਇਹ ਸਕੀਮ ਫਾਈਵ ਕੰਪੋਨੈਂਟਸ ਲਈ ਕੰਮ ਕਰਦੀ ਹੈ— ਪਿੰਡਾਂ ਦੀਆਂ ਗਲੀਆਂ ਪੱਕੀਆਂ ਕਰਨੀਆਂ, ਪਿੰਡਾਂ ਦੀਆਂ ਨਾਲੀਆਂ ਪੱਕੀਆਂ ਕਰਨੀਆਂ,

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਜੀਤ ਸਿੰਘ ਰੰਧਾਵਾ]

ਸੱਲਜ ਵਾਟਰ ਨੂੰ ਬਾਹਰ ਕੱਢਣਾ, ਫਿਰਨੀਆਂ ਪੱਕੀਆਂ ਕਰਨੀਆਂ ਅਤੇ ਸਾਡੇ ਸ਼ਡਿਊਲਡ ਕਾਸਟ ਭਰਾਵਾਂ ਨੂੰ ਘਰ ਘਰ ਵਿਚ ਲੈਟਰੀਨ ਪ੍ਰੋਵਾਈਡ ਕਰਨੀਆਂ । ਇਹ ਸਬਸੀਡਾਈਜ਼ਡ ਰੇਟਸ ਤੇ ਦਿੱਤੀਆਂ ਜਾਂਦੀਆਂ ਹਨ । ਇਸ ਵਿਚ ਖਰਚੇ ਦਾ 75% ਹਿੱਸਾ ਸਰਕਾਰ ਪਾਉਂਦੀ ਹੈ ਅਤੇ 25% ਖਰਚਾ ਉਹ ਆਪ ਕਰਦੇ ਹਨ । ਫਿਰਨੀਆਂ ਦੀ ਸਕੀਮ ਬੜੀ ਅੱਛੀ ਹੈ । ਮੇਰੇ ਕਹਿਣ ਦਾ ਭਾਵ ਸੀ ਕਿ ਪੰਜਾਬ ਸਰਕਾਰ ਨੇ ਬਹੁਤ ਜ਼ਿਆਦਾ ਧਿਆਨ ਦੇ ਕੇ ਜਿਹੜਾ ਪਿੰਡਾਂ ਅਤੇ ਸ਼ਹਿਰਾਂ ਦਾ ਪਾੜਾ ਸੀ, ਉਸ ਨੂੰ ਘਟਾਇਆ ਹੈ । ਪਿਛਲੇ ਸਾਲਾਂ ਵਿਚ ਲੋਕ ਪਿੰਡਾਂ ਨੂੰ ਛੱਡ ਛੱਡ ਕੇ ਸ਼ਹਿਰਾਂ ਵਿਚ ਜਾਣ ਲਗ ਪਏ ਸਨ । ਇਹ ਠੀਕ ਹੈ ਕਿ ਕੁਝ ਅੱਤਵਾਦ ਕਾਰਣ ਵੀ ਗਏ । ਪਰ ਪਿੰਡਾਂ ਵਿਚ ਕੋਈ ਸਹੂਲਤਾਂ ਵੀ ਨਹੀਂ ਸਨ । ਹੁਣ ਪਿੰਡਾਂ ਵਿਚ ਵੀ ਸ਼ਹਿਰਾਂ ਵਾਲੀਆਂ ਪੂਰੀਆਂ ਸਹੂਲਤਾਂ ਪ੍ਰੋਵਾਈਡ ਕਰ ਦਿੱਤੀਆਂ ਗਈਆਂ ਹਨ । ਸ਼ਹਿਰਾਂ ਵਿਚ ਪੱਕੀਆਂ ਸੜਕਾਂ ਹੁੰਦੀਆਂ ਹਨ, ਉਹ ਸੜਕਾਂ ਪਿੰਡਾਂ ਵਿਚ ਵੀ ਪੱਕੀਆਂ ਬਣ ਗਈਆਂ ਹਨ । ਸ਼ਹਿਰਾਂ ਵਿਚ ਪੀਣ ਵਾਲੇ ਪਾਣੀ ਦਾ ਅੱਛਾ ਪ੍ਰਬੰਧ ਹੁੰਦਾ ਹੈ, ਉਹ ਪ੍ਰਬੰਧ ਪਿੰਡਾਂ ਵਿਚ ਵੀ ਹੋ ਗਿਆ ਹੈ । ਪਿੰਡਾਂ ਵਿਚ ਵੀ ਡਿਸਪੈਂਸਰੀਆਂ ਖੁੱਲ੍ਹ ਗਈਆਂ ਹਨ, ਸਕੂਲ ਅਪਗ੍ਰੇਡ ਹੋ ਗਏ ਹਨ, ਅਤੇ ਕਈ ਜਗ੍ਹਾ ਤਾਂ ਹਸਪਤਾਲ ਬਣ ਰਹੇ ਹਨ । ਕਹਿਣ ਦਾ ਭਾਵ ਹੈ ਕਿ ਦਿਨ-ਬ-ਦਿਨ ਪਿੰਡਾਂ ਦਾ ਅਤੇ ਸ਼ਹਿਰਾਂ ਦਾ ਪਾੜਾ ਘਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਸਰਦਾਰ ਬੇਅੰਤ ਸਿੰਘ ਵਲੋਂ ਪੇਂਡੂ ਲੋਕਾਂ ਦਾ ਜੀਵਨ ਮਿਆਰ ਉਚਾ ਚੁੱਕਣ ਦੀ ਹੋਰ ਕੋਸ਼ਿਸ਼ ਕੀਤੀ ਜਾ ਰਹੀ ਹੈ ।

ਖੇਤੀ ਬਾੜੀ ਸਾਡੇ ਸੂਬੇ ਪੰਜਾਬ ਦਾ ਮੁੱਖ ਧੰਦਾ ਹੈ । 1993-94 ਵਿਚ ਸਾਡੇ ਪੰਜਾਬ ਦੀ ਪ੍ਰੋਡਕਸ਼ਨ ਆਲ ਟਾਈਮ ਹਾਈ ਸੀ । ਇਹ ਅਨਾਜ 210.91 ਲੱਖ ਟਨ ਸੀ, ਜਿਹੜਾ ਸੈਂਟਰਲ ਪੂਲ ਨੂੰ ਪੰਜਾਬ ਨੇ ਦਿੱਤਾ । ਇਸ ਨੂੰ ਅਗਲੇ ਸਾਲਾਂ ਵਿਚ ਵੀ ਮੇਨਟੇਨ ਰੱਖਿਆ ਜਾਵੇਗਾ । ਸਾਡੀ ਐਗਰੀਕਲਚਰ ਨੂੰ ਵਿਕਸਤ ਕਰਨ ਲਈ ਹਰ ਤਰ੍ਹਾਂ ਦੀਆਂ ਸਹੂਲਤਾਂ ਪੰਜਾਬ ਸਰਕਾਰ ਸਪਲਾਈ ਕਰਦੀ ਹੈ,—ਇਰੀਗੇਸ਼ਨ ਪ੍ਰੋਵਾਈਡ ਕਰਦੀ ਹੈ, ਬਿਜਲੀ ਸਪਲਾਈ ਕਰਦੀ ਹੈ, ਫ਼ਰਟੇਲਾਈਜ਼ਰ ਸਬਸੀਡਾਈਜ਼ਡ ਰੇਟਸ ਤੇ ਪ੍ਰੋਵਾਈਡ ਕਰਦੀ ਹੈ ਅਤੇ ਹਰ ਤਰ੍ਹਾਂ ਦਾ ਇਨਫਰਾਸਟਰੱਕਚਰ ਕਿਸਾਨਾਂ ਨੂੰ ਪ੍ਰੋਵਾਈਡ ਕਰਦੀ ਹੈ । ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਸੈਂਟਰਲ ਪੂਲ ਵਿਚ ਮੈਕਸੀਮਮ ਸ਼ੇਅਰ ਪੰਜਾਬ ਸਰਕਾਰ ਪਾਉਂਦੀ ਹੈ, ਸਾਡੇ ਪੰਜਾਬ ਦੇ ਕਿਸਾਨ ਪਾਉਂਦੇ ਹਨ । ਇਹ ਬੜੀ ਖੁਸ਼ੀ ਦੀ ਗੱਲ ਹੈ ਡਿਪਟੀ ਸਪੀਕਰ ਸਾਹਿਬ, ਕਿ ਪਿੱਛੇ ਸਾਡੇ ਕੋਲ ਅਨਾਜ ਦੀ ਸਟੋਰੇਜ ਕਰਨ ਲਈ ਗੋਡਾਊਨ ਨਹੀਂ ਰਹੇ, ਏਨਾ ਭਾਰਾ ਅਨਾਜ ਇਕੱਠਾ ਹੋ ਗਿਆ । ਬਾਹਰਲੇ ਸੂਬੇ ਲੈ ਨਹੀਂ ਸੀ ਰਹੇ । ਫੇਰ ਏਥੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਨੇ, ਪਨਸਪ ਅਤੇ ਹੋਰ ਪ੍ਰਾਈਵੇਟ ਏਜੰਸੀਆਂ ਨੇ ਵੀ ਗੋਡਾਊਨ ਬਣਾਏ ਅਤੇ ਅਨਾਜ ਦੀ ਸਟੋਰੇਜ ਵਿਚ ਯੋਗਦਾਨ ਪਾਇਆ । ਇਹ ਬੜੇ ਮਾਣ ਦੀ ਗੱਲ ਹੈ ਕਿ ਸਾਡੇ ਕੋਲ ਅਨਾਜ ਦੇ ਏਨੇ ਭਾਰੀ ਭੰਡਾਰ ਹਨ ਕਿ ਉਨ੍ਹਾਂ ਦੇ ਸਟੋਰੇਜ ਦੀ ਵੀ ਜਗ੍ਹਾ ਨਹੀਂ ਬਣ ਰਹੀ । ਮੈਂ ਸਰਕਾਰ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਹੁਣ ਅਉਣ ਵਾਲੀ ਫਸਲ ਤੋਂ ਪਹਿਲਾਂ ਪਹਿਲਾਂ ਇਸ ਗੱਲ ਦਾ ਉਚੇਚਾ ਧਿਆਨ ਰੱਖਿਆ ਜਾਵੇ ।

ਅੱਗੇ ਐਨੀਮਲ ਹਸਬੈਂਡਰੀ ਦੀ ਗੱਲ ਹੈ । ਇਸ ਲਈ 18 ਕਰੋੜ ਰੁਪਿਆ ਇਸ ਸਾਲ ਰੱਖਿਆ ਗਿਆ ਹੈ । ਇਹ ਡਿਪਾਰਟਮੈਂਟ ਬੜਾ ਐਵੇਂ ਜਿਹਾ ਹੀ ਲਗਦਾ ਹੈ ਪਰ

Original with;
Punjab Vidhan Sabha
Digitized by;
Panjab Digital Library

ਸਾਡੇ ਏਥੇ ਇਸ ਦੀ ਬੜੀ ਮਹੱਤਤਾ ਹੈ । ਪਸੂ ਸਾਡੇ ਪੰਜਾਬ ਦਾ ਬਹੁਤ ਵੱਡਾ ਧੰਨ ਹਨ, ਸਾਡੇ ਦੇਸ਼ ਦਾ ਵੀ ਧੰਨ ਹਨ । ਐਨੀਮਲ ਹਸਬੈਂਡਰੀ ਵਿਚ ਗਾਈਆਂ ਬਾਹਰੋਂ ਮੰਗਵਾਈਆਂ ਗਈਆਂ, ਸੀਮਨ ਬੈਂਕ ਖੋਲ੍ਹੇ ਗਏ, ਵੈਟਰਨਰੀ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਅਤੇ ਕਈ ਜਗ੍ਹਾ ਵੈਟਰਨਰੀ ਹਸਪਤਾਲ ਵੀ ਬਣਾਏ ਗਏ । ਪੌਲੀਕਲੀਨਿਕ ਕਈ ਜ਼ਿਲ੍ਹਿਆਂ ਵਿਚ ਖੋਲ੍ਹੇ ਜਾ ਚੁੱਕੇ ਹਨ । ਹੋਰ ਵੀ ਕਈ ਜ਼ਿਲ੍ਹਿਆਂ ਵਿਚ ਇਹ ਖੋਲ੍ਹਣ ਦੀ ਪ੍ਰੋਪੋਜ਼ਲ ਹੈ । ਇਸ ਸਬੰਧ ਵਿਚ ਬੜਾ ਭਾਰੀ ਵਿਕਾਸ ਹੋ ਰਿਹਾ ਹੈ । ਇਨ੍ਹਾਂ ਯਤਨਾਂ ਸਦਕਾ ਪੰਜਾਬ ਵਿਚ ਹੁਣ ਦੁਧ ਦੀਆਂ ਨਦੀਆਂ ਵਗਣਗੀਆਂ । ਪੰਜਾਬ ਵਿਚ ਪਹਿਲਾਂ ਜਿਥੇ ਖੂਨ ਦੀਆਂ ਨਦੀਆਂ ਵਹਿੰਦੀਆਂ ਸਨ, ਉਥੇ ਹੁਣ ਦੁੱਧ ਦੀਆਂ ਨਦੀਆਂ ਵਹਿਣੀਆਂ ਸ਼ੁਰੂ ਹੋ ਗਈਆਂ ਹਨ । ਦੁਧ ਦਾ ਜਿਹੜਾ ਭਾਅ ਪਹਿਲਾਂ ਗਰਮੀਆਂ ਵਿਚ ਮਿਲਦਾ ਸੀ, ਮਿਲਕਫੈੱਡ ਨੇ ਉਹ ਭਾਅ ਇਸ ਵਾਰ ਸਰਦੀਆਂ ਵਿਚ ਹੀ ਦੇ ਦਿੱਤਾ ਹੈ । ਪੰਜਾਬ ਵਿਚ ਪਹਿਲਾਂ ਹਰਾ ਇਨਕਲਾਬ ਆਇਆ, ਫਿਰ ਸਫੈਦ ਇਨਕਲਾਬ ਆਇਆ, ਉਸ ਤੋਂ ਬਾਅਦ ਇਥੇ ਨੀਲਾ ਇਨਕਲਾਬ ਆ ਰਿਹਾ ਹੈ । ਸਾਡੀ ਸਰਕਾਰ ਨੇ ਫਿਸ਼ਰੀ ਵੱਲ ਵੀ ਬੜਾ ਭਾਰੀ ਧਿਆਨ ਦਿੱਤਾ ਹੈ ਪੰਜਾਬ ਦੇ ਫਾਰਮਰਜ਼ ਇਸ ਖੇਤਰ ਵਿਚ ਵੀ ਬੜੀ ਭਾਰੀ ਡਿਵੈਲਪਮੈਂਟ ਕਰ ਰਹੇ ਹਨ । ਪਿੰਡਾਂ ਵਿਚ ਬਹੁਤ ਸਾਰੇ ਟੋਭੇ ਪਏ ਹਨ । ਲੋਕਾਂ ਨੇ ਉਨ੍ਹਾਂ ਟੋਭਿਆਂ ਨੂੰ ਅਤੇ ਕੁਝ ਆਪਣੇ ਪੌਂਡਜ਼ ਬਣਾ ਕੇ ਆਪਣੇ ਫਾਰਮ ਬਣਾ ਲਏ ਹਨ । ਫਿਸ਼ ਫਾਰਮ ਬਣਾਉਣ ਦੇ ਖੇਤਰ ਵਿਚ ਪੰਜਾਬ ਸਾਰੇ ਭਾਰਤ ਵਿਚ ਸ਼ੱਭ ਤੋਂ ਅੱਗੇ ਹੈ । ਮੈਂ ਇਸ ਗੱਲ ਦੀ ਵਧਾਈ ਪੰਜਾਬ ਸਰਕਾਰ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਦਿੰਦਾ ਹਾਂ ।

ਡਿਪਟੀ ਸਪੀਕਰ ਸਾਹਿਬ, ਸਾਨੂੰ ਪੰਜਾਬ ਵਿਚ ਕਣਕ ਅਤੇ ਝੋਨੇ ਦੇ ਪੈਟਰਨ ਨੂੰ ਬਦਲਣਾ ਪਵੇਗਾ । ਸਾਨੂੰ ਫਸਲਾਂ ਦੀ ਰੋਟੇਸ਼ਨ ਕਹਨੀ ਪਵੇਗੀ ਕਿਉਂਕਿ ਇਥੇ ਜ਼ਮੀਨ ਦਾ ਪਾਣੀ ਦਿਨੋ ਦਿਨ ਬਹੁਤ ਹੇਠਾਂ ਨੂੰ ਜਾ ਰਿਹਾ ਹੈ । ਇਸੇ ਵਜ੍ਹਾ ਕਰਕੇ ਲੋਕਾਂ ਦਾ ਜ਼ਿਆਦਾ ਧਿਆਨ ਗੰਨੇ ਵਾਲੇ ਪਾਸੇ ਗਿਆ ਹੈ । ਪੰਜਾਬ ਵਿਚ ਸਹਿਕਾਰੀ ਖੰਡ ਮਿਲਾਂ ਨੇ 92/- ਰੁਪਏ ਤੱਕ ਗੰਨੇ ਦਾ ਭਾਅ ਦਿੱਤਾ ਹੈ । ਇਸ ਕਰਕੇ ਲੋਕ ਇਸ ਪਾਸੇ ਵੱਲ ਜਾਣ ਲਈ ਉਤਸ਼ਾਹਿਤ ਹੋਏ ਹਨ । ਇਸ ਹਿਸਾਬ ਨਾਲ ਤੁਸੀਂ ਦੇਖੋਗੇ ਕਿ ਆਉਣ ਵਾਲੇ ਸਾਲਾਂ ਵਿਚ ਇਕ ਕਿੱਲਾ ਗੰਨੇ ਦਾ 35-35, 40-40 ਹਜ਼ਾਰ ਰੁਪਿਆ ਕਿਸਾਨਾਂ ਨੂੰ ਮਿਲੇਗਾ । ਪੰਜਾਬ ਦੇ ਕਿਸਾਨ ਬਹੁਤ ਖੁਸ਼ਹਾਲ ਹੋ ਜਾਣਗੇ ।

ਸੜਕਾਂ ਅਤੇ ਪੁਲਾਂ ਵਾਸਤੇ ਐਨੂਅਲ ਪਲਾਨ ਵਿਚ 47.10 ਕਰੋੜ ਰੁਪਏ ਰੱਖੇ ਗਏ ਹਨ । ਇਥੇ ਹੈਨਰੀ ਸਾਹਿਬ ਨੇ ਸੜਕਾਂ ਦੀ ਫੋਰ ਲੇਨਿੰਗ ਦੀ ਗੱਲ ਕੀਤੀ ਸੀ । ਇਸ ਸੜਕ ਦਾ 41.10 ਕਿਲੋਮੀਟਰ ਹਿੱਸਾ ਕੰਪਲੀਟ ਹੋ ਗਿਆ ਹੈ । ਮੈਂ ਸਮਝਦਾ ਹਾਂ ਕਿ ਏਸ਼ੀਆ ਦੀਆਂ ਵਧੀਆ ਤੋਂ ਵਧੀਆ ਸੜਕਾਂ ਨੂੰ ਵੇਖੀਏ ਅਤੇ ਉਨ੍ਹਾਂ ਨਾਲ ਸਾਡੀ ਇਸ ਸੜਕ ਨੂੰ ਕੰਪੇਅਰ ਕਰੀਏ ਤਾਂ ਇਹ ਸੜਕ ਕਿਸੇ ਗੱਲੋਂ ਵੀ ਉਨ੍ਹਾਂ ਨਾਲੋਂ ਘੱਟ ਨਹੀਂ ਹੋਵੇਗੀ । ਕੁਆਲਿਟੀ ਵਾਈਜ਼ ਇਹ ਕਿਸੇ ਗੱਲੋਂ ਵੀ ਘੱਟ ਨਹੀਂ । ਸ਼ੰਭੂ ਤੋਂ ਸਰਹਿੰਦ ਤੱਕ ਦਾ ਕੰਮ ਵੀ ਸ਼ੁਰੂ ਹੋ ਚੁਕਾ ਹੈ । ਸ਼ੰਭੂ ਮੇਰੇ ਹਲਕੇ ਵਿਚ ਪੈਂਦਾ ਹੈ । 172 ਕਰੋੜ ਰੁਪਏ ਦੀ ਲਾਗਤ ਨਾਲ ਇਹ ਕੰਮ ਸ਼ੁਰੂ ਹੋ ਚੁੱਕਾ ਹੈ । ਓਵਰ ਬ੍ਰਿਜਿਜ਼ ਵੀ ਪੰਜਾਬ ਵਿਚ ਬਹੁਤ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਜੀਤ ਸਿੰਘ ਰੰਧਾਵਾ]

ਬਣ ਰਹੇ ਹਨ । ਪਟਿਆਲੇ ਵੀ ਇਕ ਪੁਲ ਬਣ ਰਿਹਾ ਹੈ, ਉਮੀਦ ਹੈ ਕਿ ਇਹ ਅਗਲੇ 3-4 ਮਹੀਨਿਆਂ ਵਿਚ ਮੁਕੰਮਲ ਹੋ ਜਾਵੇਗਾ । ਕੋਟਕਪੂਰਾ, ਦਸੂਹੀਆ (ਜਲੰਧਰ), ਕੁਰਾਲੀ ਤੇ ਰਾਮਾ ਮੰਡੀ (ਜਲੰਧਰ ਡਾਉਨੀ) ਦੇ ਪੁਲਾਂ ਦੀ ਉਸਾਰੀ ਦਾ ਕੰਮ ਵੀ ਸ਼ੁਰੂ ਹੋ ਜਾਵੇਗਾ । ਇਨ੍ਹਾਂ ਪੁਲਾਂ ਵਾਸਤੇ ਰੇਲਵੇ ਬੋਰਡ ਨਾਲ ਸੰਪਰਕ ਚਲ ਰਿਹਾ ਹੈ ਅਤੇ ਜਲਦੀ ਹੀ ਪੈਸਾ ਸੈਂਕਸ਼ਨ ਹੋ ਕੇ ਇਨ੍ਹਾਂ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਜਾਵੇਗਾ ।

ਜਿਥੋਂ ਤੱਕ ਐਜੂਕੇਸ਼ਨ ਦਾ ਸਵਾਲ ਹੈ, ਹਰ ਮਾਂ ਪਿਤਾ ਚਾਹੁੰਦਾ ਹੈ ਕਿ ਮੇਰੇ ਬੱਚੇ ਪੜ੍ਹ ਲਿਖ ਕੇ ਖੁਸ਼ਹਾਲ ਹੋ ਸਕਣ । ਪੰਜਾਬ ਸਰਕਾਰ ਨੇ ਇਸ ਪਾਸੇ ਵੀ ਬਹੁਤ ਤਕੜੇ ਯਤਨ ਕੀਤੇ ਹਨ । ਪਹਿਲਾਂ ਇਥੇ ਨਕਲ ਦੀ ਪ੍ਰਥਾ ਬਹੁਤ ਚਲਦੀ ਰਹੀ ਹੈ । ਪੰਜਾਬ ਸਰਕਾਰ ਨੇ ਬਹੁਤ ਉਪਰਾਲਾ ਕਰਕੇ ਨਕਲ ਬੰਦ ਕਰਾਈ ਹੈ ਅਤੇ ਸਕੂਲਾਂ ਵਿਚ ਪੜ੍ਹਾਈ ਦੀ ਪੱਧਰ ਨੂੰ ਉੱਚਾ ਕੀਤਾ ਹੈ । 120 ਮਿਡਲ ਸਕੂਲ ਹਾਈ ਅਤੇ 120 ਹਾਈ ਸਕੂਲ ਸ਼ੀਨੀਅਰ ਸੈਕੰਡਰੀ ਸਕੂਲ ਬਣਾਏ ਜਾਣਗੇ । ਇਸੇ ਤਰ੍ਹਾਂ 1000 ਪ੍ਰਾਇਮਰੀ ਸਕੂਲਾਂ ਨੂੰ ਅਪਗਰੇਡ ਕਰਕੇ ਮਿਡਲ ਸਕੂਲ ਬਣਾਇਆ ਜਾਵੇਗਾ । 11,000 ਨਵੇਂ ਟੀਚਰ ਭਰਤੀ ਕੀਤੇ ਜਾਣਗੇ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਟੀਚਰ ਅਪੁਆਇੰਟ ਹੁੰਦੇ ਹਨ, ਉਹ ਸ਼ਹਿਰਾਂ ਵੱਲ ਹੀ ਭੱਜਦੇ ਹਨ । ਇਸ ਨਾਲ ਪੇਂਡੂ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ । ਇਸ ਕਰਕੇ ਕੋਈ ਇਹੋ ਜਿਹੀ ਪਾਲਿਸੀ ਜ਼ਰੂਰ ਬਣਾਈ ਜਾਵੇ ਕਿ ਉਹ ਟੀਚਰ ਆਪਣੀ ਸਰਵਿਸ ਦੇ ਘੱਟੋ ਘੱਟ 5-7 ਸਾਲ ਰੂਰਲ ਏਰੀਏ ਵਿਚ ਜ਼ਰੂਰ ਲਗਾਉਣ । ਪਿੰਡਾਂ ਵਿਚ ਉਹ ਟੀਚਰ ਜਾਂਦੇ ਹੀ ਨਹੀਂ । ਜੇ ਕਿਤੇ ਜ਼ੋਰ ਲਾ ਕੇ ਕਿਸੇ ਟੀਚਰ ਨੂੰ ਪਿੰਡ ਵਿਚ ਲਗਾ ਵੀ ਲਈਏ ਤਾਂ ਮਹੀਨੇ, ਦੋ ਮਹੀਨੇ ਬਾਦ ਉਹ ਫਿਰ ਸ਼ਹਿਰ ਵਿਚ ਜਾ ਵੜਦਾ ਹੈ । ਕਈ ਕਈ ਸਬਜੈਕਟਸ ਦੇ ਟੀਚਰ ਇਸੇ ਵਜ੍ਹਾ ਕਰਕੇ ਪਿੰਡਾਂ ਦੇ ਸਕੂਲਾਂ ਵਿਚ ਲਭਦੇ ਹੀ ਨਹੀਂ । ਇਸ ਦੇ ਨਤੀਜੇ ਦੇ ਤੌਰ ਤੇ ਪੇਂਡੂ ਬੱਚੇ ਪੜ੍ਹਾਈ ਵਿਚ ਪਛੜ ਜਾਂਦੇ ਹਨ । ਸੋ, ਮੇਰੀ ਬੇਨਤੀ ਹੈ ਕਿ ਪਿੰਡਾਂ ਵਿਚ ਪੜ੍ਹਾਈ ਦਾ ਪਰਾਪਰ ਇੰਤਜ਼ਾਮ ਹੋਣਾ ਚਾਹੀਦਾ ਹੈ

ਜਿਥੋਂ ਤੱਕ ਟੈਕਨੀਕਲ ਐਜੂਕੇਸ਼ਨ ਦਾ ਸਵਾਲ ਹੈ, ਬਹੁਤ ਸਾਰੇ ਨਵੇਂ ਆਈ.ਟੀ. ਆਈਜ਼. ਅਤੇ ਇੰਜੀਨੀਅਰਿੰਗ ਕਾਲਜ ਖੋਲ੍ਹੇ ਗਏ ਹਨ । ਕਈ ਹੋਰ ਵੀ ਖੋਲ੍ਹੇ ਜਾ ਰਹੇ ਹਨ । ਮੈਨੂੰ ਵੀ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਇਸ ਵਾਰੀ ਤੁਹਾਡੇ ਇਲਾਕੇ ਵਿਚ ਵੀ ਜ਼ਰੂਰ ਆਈ.ਟੀ.ਆਈ. ਖੋਲ੍ਹ ਦਿੱਤੀ ਜਾਵੇਗੀ ਕਿਉਂਕਿ ਘਨੌਰ ਇਹੋ ਜਿਹਾ ਕਸਬਾ ਹੈ ਕਿ ਉਥੇ 25-30 ਕਿਲੋਮੀਟਰ ਤੱਕ ਨੇੜੇ ਤੇੜੇ ਵੀ ਕੋਈ ਸ਼ਹਿਰ ਨਹੀਂ ਲਗਦਾ । 25-30 ਕਿਲੋਮੀਟਰ ਦੂਰ ਰਾਜਪੁਰਾ ਹੈ, ਏਨੀ ਹੀ ਦੂਰੀ ਤੇ ਅੰਬਾਲਾ ਔਰ ਪਟਿਆਲਾ ਪੈਂਦਾ ਹੈ । ਇਹ ਬਿਲਕੁਲ ਹੀ ਇਨਟੀਰੀਅਰ ਪੇਂਡੂ ਇਲਾਕਾ ਹੈ । ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਿਹੜਾ ਮੇਰੇ ਨਾਲ ਵਾਅਦਾ ਕੀਤਾ ਹੈ ਇਸ ਸਾਲ ਆਈ. ਟੀ. ਆਈ. ਖੋਲ੍ਹਣ ਦਾ, ਉਹ ਇਸ ਸਾਲ ਜ਼ਰੂਰ ਖੋਲ੍ਹੀ ਜਾਵੇ ਤਾਂ ਕਿ ਲੋਕੀਂ ਉਥੋਂ ਟ੍ਰੇਨਿੰਗ ਲੈ ਕੇ ਕੋਈ ਨਾ ਕੋਈ ਰੋਜ਼ਗਾਰ ਪ੍ਰਾਪਤ ਕਰ ਸਕਣ ।

ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਵਿੱਚ ਬਹੁਤ ਵੱਡੀ ਇੰਡਸਟਰੀ ਆ ਰਹੀ ਹੈ । ਸਾਡੇ ਰਾਜਪੁਰੇ ਦੇ ਨੇੜੇ ਸ਼੍ਰੀਰਾਮ ਔਰ ਅੰਬੂਜਾ ਵਾਲਿਆਂ ਦਾ ਗਰੁੱਪ ਆ ਗਿਆ ਹੈ ।

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੇ 1,200 ਏਕੜ ਜ਼ਮੀਨ ਵੀ ਲੈ ਲਈ ਹੈ । ਇਸ ਤੋਂ ਇਲਾਵਾ ਲਾਲੜੂ ਵਿੱਚ ਵੀ ਇਕ ਪੈਟਰੋ ਕੈਮੀਕਲਜ਼ ਦਾ ਪਲਾਂਟ ਲੱਗ ਰਿਹਾ ਹੈ, ਜਿਸ ਨਾਲ ਮੈਂ ਸਮਝਦਾ ਹਾਂ ਕਿ ਲੱਖਾਂ ਵੀਰਾਂ ਨੂੰ ਰੋਜ਼ਗਾਰ ਮਿਲੇਗਾ । ਪਿਛਲੇ 10-12 ਸਾਲਾਂ ਵਿੱਚ ਇੰਡਸਟਰੀਜ਼ ਨਾ ਲੱਗਣ ਕਰਕੇ ਸਾਡੇ ਰਾਜ ਦੇ ਵਿੱਚ ਬੇਰੋਜ਼ਗਾਰੀ ਦਾ ਬੜਾ ਵੱਡਾ ਖੱਪਾ ਪੈ ਗਿਆ ਹੈ, ਅਨਇੰਪਲਾਇਮੈਂਟ ਵੱਧ ਗਈ ਹੈ । ਜਿੰਨੀ ਵੀ ਹੁਣ ਨਵੀਂ ਇੰਡਸਟਰੀ ਲੱਗੇਗੀ, ਇਸ ਨਾਲ ਰੋਜ਼ਗਾਰ ਲੋਕਾਂ ਨੂੰ ਮਿਲੇਗਾ । ਪੰਜਾਬ ਸਰਕਾਰ ਦੀ ਇਹ ਬੜੀ ਭਾਰੀ ਕੋਸ਼ਿਸ਼ ਹੈ ਕਿ ਇਥੇ ਵੱਧ ਤੋਂ ਵੱਧ ਇੰਡਸਟਰੀ ਲੱਗੇ । ਇਨ੍ਹਾਂ ਕੋਸ਼ਿਸ਼ਾਂ ਦੇ ਫਲਸਰੂਪ ਹੀ ਜਿੱਥੇ ਅਸੀਂ ਇੰਡਸਟਰੀ ਦੇ ਖੇਤਰ ਵਿੱਚ ਪਹਿਲਾਂ ਮੁਲਕ ਵਿੱਚ 14ਵੇਂ ਨੰਬਰ ਤੇ ਸੀ ਉਥੇ ਹੁਣ ਅਸੀਂ ਤੀਜੇ, ਚੌਥੇ ਨੰਬਰ ਤੇ ਆ ਗਏ ਹਾਂ । ਜੇਕਰ ਇਸੇ ਤਰ੍ਹਾਂ ਹੀ ਚਲਦਾ ਰਿਹਾ ਤਾਂ ਆਉਣ ਵਾਲੇ ਦੋ ਤਿੰਨ ਸਾਲਾਂ ਵਿੱਚ ਅਸੀਂ ਇੰਡਸਟਰੀ ਵਿੱਚ ਪਹਿਲੀ ਕਤਾਰ ਵਿੱਚ ਹੋਵਾਂਗੇ ਅੱਤੇ ਜਿਹੜੀ ਸੂਬੇ ਦੀ ਅਨਇੰਪਲਾਇਮੈਂਟ ਦੀ ਪਰਾਬਲਮ ਹੈ, ਉਹ ਵੀ ਦੂਰ ਹੋ ਜਾਵੇਗੀ ।

ਰੂਰਲ ਵਾਟਰ ਸਪਲਾਈ ਦੀ ਜਿਹੜੀ ਸਕੀਮ ਹੈ, ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਠਿੰਡਾ, ਮਾਨਸਾ ਅਤੇ ਘਨੌਰ ਦੇ ਇਲਾਕਿਆਂ ਦੇ ਪਾਣੀ ਦੇ ਵਿੱਚ ਫਲੋਰਾਈਡ ਬਹੁਤ ਜ਼ਿਆਦਾ ਹੈ ਅੱਤੇ ਇਨ੍ਹਾਂ ਇਲਾਕਿਆਂ ਦਾ ਪਾਣੀ ਪੀਣ ਯੋਗ ਨਹੀਂ ਹੈ । ਜੇ ਲੋਕੀਂ ਆਪਣਾ ਹੈਂਡ ਪੰਪ ਲਗਵਾਉਂਦੇ ਹਨ ਤਾਂ ਉਸ ਨਾਲ ਲੋਕਾਂ ਦੇ ਦੰਦ ਅਤੇ ਹੱਡੀਆਂ ਖਰਾਬ ਹੁੰਦੀਆਂ ਹਨ । ਪੰਜਾਬ ਸਰਕਾਰ ਨੇ ਹੰਭਲਾ ਮਾਰ ਕੇ ਵਰਲਡ ਬੈਂਕ ਤੋਂ ਪੈਸੇ ਲਿਆਂਦੇ ਹਨ । ਮੈਂ ਬੇਨਤੀ ਕਰਾਂਗਾ ਕਿ ਕੰਡੀ ਏਰੀਆ ਵਾਂਗ ਹੀ ਸਾਡੇ ਇਨ੍ਹਾਂ ਇਲਾਕਿਆਂ ਦੇ ਵਿੱਚ ਵੀ ਡੀਪ ਟਿਊਬਵੈਲਜ਼ ਲਗਾ ਕੇ ਪਿੰਡਾਂ ਦੇ ਵਿੱਚ ਪੀਣ ਵਾਲਾ ਪਾਣੀ ਸਪਲਾਈ ਕੀਤਾ ਜਾਣਾ ਚਾਹੀਦਾ ਹੈ ।

ਸੋਸ਼ਲ ਵੈਲਫੇਅਰ ਡਿਪਾਰਟਮੈਂਟ ਨੇ ਇਸ ਸਾਲ ਓਲਡ ਏਜ ਪੈਨਸ਼ਨਾਂ ਅਤੇ ਡਿਸ-ਏਬਲ ਪੈਨਸ਼ਨਾਂ ਵਾਸਤੇ 28.52 ਕਰੋੜ ਰੁਪਿਆ ਖਰਚ ਕਰਨਾ ਹੈ । ਇਹ ਪੈਸਾ ਲੋਕਾਂ ਵਿੱਚ ਵੰਡਿਆ ਜਾਣਾ ਹੈ ਪਹਿਲਾਂ ਲੋਕਾਂ ਨੂੰ ਕੇਵਲ 100/- ਰੁਪਿਆ ਪੈਨਸ਼ਨ ਮਿਲਦੀ ਸੀ । ਇਸ ਸਾਲ ਸਰਕਾਰ ਨੇ ਇਹ ਵਧਾ ਕੇ ਡੇਢ ਸੌ ਰੁਪਿਆ ਕਰ ਦਿੱਤੀ ਹੈ । ਪਿਛਲੇ ਸਾਲ ਇਸ ਹੈੱਡ ਅਧੀਨ 26.48 ਕਰੋੜ ਰੁਪਏ ਖਰਚੇ ਗਏ ਸਨ । ਇਸ ਸਾਲ ਇਸ ਰਾਸ਼ੀ ਨੂੰ ਹੋਰ ਵਧਾ ਦਿੱਤਾ ਗਿਆ ਹੈ ਤਾਂ ਕਿ ਇਸ ਵਿੱਚ ਵੱਧ ਤੋਂ ਵੱਧ ਲੋਕ ਕਵਰ ਹੋ ਸਕਣ ਅੱਤੇ ਉਨ੍ਹਾਂ ਨੂੰ ਕੁਝ ਹੋਰ ਰਾਹਤ ਮਿਲ ਸਕੇ । ਸ਼ਡਿਊਲਡ ਕਾਸਟਸ ਅੱਤੇ ਬੈਕਵਰਡ ਕਲਾਸਿਜ਼ ਦੀ ਵੈਲਫੇਅਰ ਵਾਸਤੇ 170.73 ਕਰੋੜ ਰੁਪਏ ਇਸ ਕੰਪੋਨੈਂਟ ਵਾਸਤੇ ਰੱਖੇ ਗਏ ਹਨ । ਪੰਜਾਬ ਦੇ ਪਿੰਡਾਂ ਵਿੱਚ ਜਿਹੜੇ ਹੋਮਲੈੱਸ ਹਨ, ਉਨ੍ਹਾਂ ਲੋਕਾਂ ਨੂੰ ਮਕਾਨ ਬਨਾਉਣ ਵਾਸਤੇ 7500 ਰੁਪਏ ਦਿੱਤੇ ਜਾ ਰਹੇ ਹਨ ਜਦੋਂ ਕਿ ਪਹਿਲਾਂ ਕਿਸੇ ਸਰਕਾਰ ਨੇ ਵੀ 75/- ਰੁਪਏ ਤੱਕ ਨਹੀਂ ਦਿੱਤੇ ਸਨ । ਸਾਡੀ ਇਹ ਸਰਕਾਰ 7500/- ਰੁਪਏ ਦੇ ਕੇ ਸ਼ਡਿਊਲਡ ਕਾਸਟਸ ਦੀ ਮਦਦ ਕਰਨ ਦਾ ਬਹੁਤ ਵੱਡਾ ਉਪਰਾਲਾ ਕਰ ਰਹੀ ਹੈ । ਵਿਰੋਧੀ ਧਿਰ ਵਿੱਚ ਬੀ. ਐਸ. ਪੀ. ਵਾਲੇ ਵੀਰ ਹਨ, ਜਿਨ੍ਹਾਂ ਨੇ ਯੂ. ਪੀ ਦੇ ਵਿੱਚ ਆਪਣੀ ਸਰਕਾਰ ਬਣਾਈ ਹੈ, ਇਹ ਗੱਲੀਂ ਬਾਤੀਂ ਤਾਂ ਬਹੁਤ ਕੁਝ ਕਹਿੰਦੇ ਹਨ ਪਰ ਕਰਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਜੀਤ ਸਿੰਘ ਰੰਧਾਵਾ]

ਕਰਾਉਣ ਨੂੰ ਕੁਝ ਨਹੀਂ । ਯੂ. ਪੀ ਵਿੱਚ ਇਨ੍ਹਾਂ ਦੀ ਸਰਕਾਰ ਬਣੀ ਹੈ ਪਰ ਉਥੇ ਸ਼ਡਿਊਲਡ ਕਾਸਟਸ ਦੀ ਪਲਾਈਟ ਬਹੁਤ ਮਿਜ਼ਰੇਬਲ ਹੈ । ਪੰਜਾਬ ਦੇ ਵਿੱਚ ਇਨ੍ਹਾਂ ਦੀ ਸਰਕਾਰ ਬਣਨ ਦੇ ਨੇੜੇ ਤੇੜੇ ਵੀ ਨਾ ਆਵੇ ਤਾਂ ਕਿ ਕਿਤੇ ਏਥੇ ਵੀ ਉਹੀ ਹਾਲਤ ਨਾ ਹੋ ਜਾਵੇ.... ।

ਸਰਦਾਰ ਰਾਜ ਸਿੰਘ ਖੋਸੀ : ** ** **

Mr. Deputy Speaker. You can speak it in your speech. This is no Point of Order. Randhava Ji continue please.

ਸਰਦਾਰ ਜਸਜੀਤ ਸਿੰਘ ਰੰਧਾਵਾ : ਪਿੰਡਾਂ ਦੇ ਵਿੱਚ ਸ਼ਡਿਊਲਡ ਕਾਸਟਾਂ ਲਈ ਧਰਮਸ਼ਾਲਾਵਾਂ ਬਣਾਈਆਂ ਜਾ ਰਹੀਆਂ ਹਨ ਅੱਤੇ ਉਨ੍ਹਾਂ ਦੀ ਰਿਪੇਅਰ ਵੀ ਬਹੁਤ ਵੱਡੀ ਪੱਧਰ ਤੇ ਕੀਤੀ ਜਾ ਰਹੀ ਹੈ । ਹਰ ਇਕ ਜ਼ਿਲ੍ਹੇ ਵਿੱਚ ਡਾਕਟਰ ਅੰਬੇਦਕਰ ਭਵਨ ਬਨਾਉਣ ਦਾ ਪਲਾਨ ਹੈ । ਜਿਹੜੇ ਸਾਡੇ ਜੂਰਿਸਟ ਸਨ ਅੱਤੇ ਕਾਂਸਟੀਚਿਊਸ਼ਨ ਦੇ ਨਿਰਮਾਤਾ ਸਨ ਉਨ੍ਹਾਂ ਦੇ ਨਾਂ ਤੇ, ਉਨ੍ਹਾਂ ਦੀ ਯਾਦ ਵਿੱਚ ਕਈ ਜ਼ਿਲ੍ਹਿਆਂ ਦੇ ਵਿੱਚ ਇਹ ਡਾਕਟਰ ਅੰਬੇਦਕਰ ਭਵਨ ਬਣ ਚੁੱਕੇ ਹਨ ਅੱਤੇ ਕਈਆਂ ਦੇ ਵਿੱਚ ਬਣ ਰਹੇ ਹਨ । ਉਹ ਵੀ ਮੈਂ ਸਮਝਦਾ ਹਾਂ ਕਿ ਬਣ ਜਾਣਗੇ । ਇਹ ਗੌਰਮਿੰਟ ਦਾ ਬਹੁਤ ਵੱਡਾ ਸਟੈੱਪ ਹੈ । ਏਸੇ ਤਰ੍ਹਾਂ ਹੀ ਮੈਂ ਸਮਝਦਾ ਹਾਂ ਕਿ ਸਾਡੇ ਸ਼ਡਿਊਲਡ ਕਾਸਟਸ ਭੁਹਾ ਪੈਸੇ ਪੱਖੋਂ ਵੀਕਰ ਹੁੰਦੇ ਹਨ ਦੂਜਿਆਂ ਸੈਕਸ਼ਨਾਂ ਦੇ ਮੁਕਾਬਲੇ ਪਰ ਦੂਜੇ ਸੈਕਸ਼ਨਾਂ ਨਾਲੋਂ ਪੜ੍ਹਣ ਵਿੱਚ ਤਾਂ ਇਨ੍ਹਾਂ ਦਾ ਦਿਮਾਗ ਕਮਜ਼ੋਰ ਨਹੀਂ ਹੁੰਦਾ, ਉੱਚਾ ਹੀ ਹੁੰਦਾ ਹੈ । ਉਨ੍ਹਾਂ ਦੀ ਕੋਚਿੰਗ ਵਾਸਤੇ ਆਈ.ਏ.ਐਸ., ਪੀ. ਸੀ.ਐਸ. ਦੀ ਕੋਚਿੰਗ ਵਾਸਤੇ ਡਾ. ਬੀ.ਆਰ. ਅੰਬੇਦਕਰ ਇੰਸਟੀਚਿਊਟ ਮੋਹਾਲੀ ਵਿੱਚ ਬਣਾਇਆ ਜਾ ਰਿਹਾ ਹੈ. ਜਿਹੜਾ ਕਿ ਇਸੇ ਸਾਲ ਮੁਕੰਮਲ ਹੋ ਜਾਵੇਗਾ । ਉਥੋਂ ਮੇਰੇ ਐਸ. ਸੀ. ਭਰਾਵਾਂ ਨੂੰ ਫਾਇਦਾ ਹੋਵੇਗਾ । ਉਥੋਂ ਉਹ ਟ੍ਰੇਨਿੰਗ ਲੈ ਕੇ, ਕੋਚਿੰਗ ਲੈ ਕੇ ਕੰਪੀਟੀਸ਼ਨਜ਼ ਵਿਚ ਆ ਸਕਣਗੇ ।

ਡੀਸੈਂਟਰੇਲਾਈਜ਼ੇਸ਼ਨ ਪਲਾਨਿੰਗ ਬਾਰੇ ਮੈਂ ਗੱਲ ਕਰ ਚੁੱਕਾ ਹਾਂ । ਪੰਜਾਬ ਸਰਕਾਰ ਨੇ ਸਾਰੀ ਤਾਕਤ ਨੂੰ ਜੱਫਾ ਮਾਰ ਕੇ ਨਹੀਂ ਰੱਖਿਆ ਹੋਇਆ । ਉਸ ਨੇ ਹੇਠਲੇ ਪੱਧਰ ਤੇ ਪਾਵਰਜ਼ ਦਿੱਤੀਆਂ ਹੋਈਆਂ ਹਨ । ਪੰਚਾਇਤਾਂ, ਪੰਚਾਇਤ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਅਤੇ ਜ਼ਿਲ੍ਹਾ ਪਲਾਨਿੰਗ ਬੋਰਡਾਂ ਨੂੰ ਬੜੇ ਭਾਰੀ ਫੰਡ ਨਿਰਧਾਰਤ ਕੀਤੇ ਹੋਏ ਹਨ । ਡਿਸਟ੍ਰਿਕਟ ਪਲਾਨਿੰਗ ਬੋਰਡ ਦਾ ਚੇਅਰਮੈਨ ਕੈਬਨਿਟ ਮਨਿਸਟਰ ਹੁੰਦਾ ਹੈ । ਡਿਪਟੀ ਚੇਅਰਮੈਨ ਸਟੇਟ ਮਨਿਸਟਰ ਹੁੰਦਾ ਹੈ, ਐਮ. ਐਲ. ਏ. ਸਾਹਿਬਾਨ ਵੀ ਮੈਂਬਰ ਹੁੰਦੇ ਹਨ । ਹੋਰ ਵੀ ਪੁਲੀਟੀਕਲ ਪਾਰਟੀਆਂ ਦੇ ਵਿਅਕਤੀ ਮੈਂਬਰ ਹੁੰਦੇ ਹਨ । ਜਿਥੇ ਵੀ ਡਿਵੈਲਪਮੈਂਟ ਲਈ ਜ਼ਰੂਰਤ ਹੁੰਦੀ ਹੈ ਇਹ ਬੋਰਡ ਮੌਕੇ ਤੇ ਫੈਸਲਾ ਕਰਕੇ ਪੰਜਾਬ ਸਰਕਾਰ ਦੀਆਂ ਗਾਈਡਲਾਈਨਜ਼ ਅਨੁਸਾਰ ਪੈਸਾ ਦਿੰਦੇ ਹਨ । ਇਸ ਦੇ ਨਾਲ ਜ਼ਿਲ੍ਹਿਆਂ ਵਿੱਚ ਪਰਾਪਰ

**Expunged as ordered by the Chair.

Original with;
Punjab Vidhan Sabha
Digitized by;
Punjab Digital Library

ਡਿਵੈਲਪਮੈਂਟ ਹੁੰਦੀ ਹੈ, ਪਲਾਨਿੰਗ ਹੁੰਦੀ ਹੈ । ਪਿਛਲੇ ਚਿਨੀਂ ਜਿਹੜਾ ਡਾਕਟਰ ਸਾਹਿਬ ਨੇ ਬਜਟ ਪੇਸ਼ ਕੀਤਾ ਹੈ, ਉਸ ਦੀ ਹਰ ਵਰਗ ਦੇ ਲੋਕਾਂ ਨੇ ਐਪਰੀਸੀਏਸ਼ਨ ਕੀਤੀ ਹੈ । ਸਮੂਹ ਹਾਊਸ ਵੱਲੋਂ ਵੀ ਇਹ ਕੀਤੀ ਜਾਣੀ ਚਾਹੀਦੀ ਹੈ । ਪੰਜਾਬ ਦੇ ਵਪਾਰੀਆਂ ਤੇ ਬੜਾ ਭਾਰੀ ਵਿਸ਼ਵਾਸ ਪੰਜਾਬ ਸਰਕਾਰ ਨੇ ਕੀਤਾ ਹੈ । ਵਪਾਰੀ ਵੀਰ ਬੜੀਆਂ ਬੇਨਤੀਆਂ ਕਰ ਰਹੇ ਸਨ ਅਤੇ ਪੰਜਾਬ ਸਰਕਾਰ ਨੂੰ ਲਿਖ ਰਹੇ ਸਨ ਕਿ ਜਿਹੜੇ ਉਨ੍ਹਾਂ ਤੇ ਫਜ਼ੂਲ ਤਰੀਕੇ ਦੇ ਬੈਰੀਅਰ ਲੱਗੇ ਹੋਏ ਹਨ, ਉਸ ਮੁਸ਼ਕਲ ਨੂੰ ਹਟਾਇਆ ਜਾਣਾ ਚਾਹੀਦਾ ਹੈ । ਪੰਜਾਬ ਸਰਕਾਰ ਨੇ ਫੈਸਲਾ ਕਰਕੇ ਇਕ ਅਪਰੈਲ, 1995 ਤੋਂ ਸਾਰੇ ਟੈਕਸ ਬੈਰੀਅਰ ਹਟਾ ਦਿੱਤੇ ਹਨ । ਹੋਰ ਜਿਹੜੇ ਐਸ. ਟੀ. ਫਾਰਮ ਸਨ, ਉਹ ਵੀ ਖਤਮ ਕਰ ਦਿੱਤੇ ਹਨ । ਪੈਟੀ ਟਰੇਡਰਜ਼ ਦੀ ਪਹਿਲਾਂ ਰਜਿਸਟਰੇਸ਼ਨ ਤਿੰਨ ਲੱਖ ਰੁਪਏ ਦੀ ਸੀ ਪਰ ਹੁਣ ਪੰਜਾਬ ਸਰਕਾਰ ਨੇ ਇਹ ਹੱਦ ਪੰਜ ਲੱਖ ਰੁਪਏ ਕਰ ਦਿੱਤੀ ਹੈ । ਹੋਟਲਾਂ ਅਤੇ ਰੈਸਟੋਰੈਂਟਾਂ ਦੀ ਹੱਦ ਪਹਿਲਾਂ 40 ਹਜ਼ਾਰ ਰੁਪਏ ਸੀ, ਪਰ ਹੁਣ ਇਹ ਵਧਾ ਕੇ ਇਕ ਲੱਖ ਰੁਪਿਆ ਕਰ ਦਿੱਤੀ ਹੈ । ਉਨ੍ਹਾਂ ਦੀ ਰਜਿਸਟਰੇਸ਼ਨ ਪਹਿਲਾਂ 50 ਹਜ਼ਾਰ ਰੁਪਏ ਸੀ ਪਰ ਹੁਣ ਘਟਾ ਕੇ 15 ਹਜ਼ਾਰ ਰੁਪਏ ਕਰ ਦਿੱਤੀ ਹੈ । ਸੇਲਜ਼ ਟੈਕਸ ਫਾਰਮ 22 ਵੀ ਖਤਮ ਕਰ ਦਿੱਤਾ ਹੈ । 1963 ਵਿੱਚ ਸ਼ੁਰੂ ਕੀਤੀ ਸਕੀਮ 'ਡਾਈਲ ਐਂਡ ਸਮਾਈਲ' ਜਾਰੀ ਰਹੇਗੀ ਤੇ ਮਾਇਕ ਸੀਮਾ 5 ਲੱਖ ਰੁਪਏ ਤੋਂ ਵਧਾ ਕੇ 10 ਲੱਖ ਰੁਪਏ ਕਰ ਦਿੱਤੀ ਹੈ । ਇਸੇ ਤਰ੍ਹਾਂ ਹੋਰ ਬਹੁਤ ਸਾਰੀਆਂ ਚੀਜ਼ਾਂ ਨੂੰ ਸੇਲਜ਼ ਟੈਕਸ ਤੋਂ ਛੋਟ ਦਿੱਤੀ ਗਈ ਹੈ ਜਾ ਸੇਲਜ਼ ਟੈਕਸ ਖਤਮ ਕਰ ਦਿੱਤਾ ਗਿਆ ਹੈ । ਇਸ ਦੇ ਨਾਲ ਹਰ ਵਰਗ ਦੇ ਲੋਕਾਂ ਨੂੰ ਬੜਾ ਭਾਰੀ ਫਾਇਦਾ ਹੋਵੇਗਾ । ਕੀਮਤਾਂ ਘਟ ਹੋਣਗੀਆਂ ਅਤੇ ਆਮ ਲੋਕਾਂ ਨੂੰ ਚੀਜ਼ਾਂ ਘੱਟ ਰੇਟ ਤੇ ਮਿਲਣਗੀਆਂ । ਚੂੜੀਆਂ, ਫਾਈਬਰ, ਗਰਭ ਨਿਰੋਧਕ, ਹੱਥ ਖੱਡੀ ਦੀਆਂ ਦਰੀਆਂ, ਬ੍ਰੈਡ, ਝੋਨੇ ਦੀ ਫੱਕ, ਚਾਵਲਾਂ ਦਾ ਚੋਕਰ, ਡੀਆਇਲਡ ਚਾਵਲਾ ਦੇ ਚੋਕਰ ਨੂੰ ਵਿਕਰੀ ਕਰ ਤੋਂ ਪੂਰੀ ਛੋਟ ਦੇ ਦਿੱਤੀ ਗਈ ਹੈ । ਡਿਪਟੀ ਸਪੀਕਰ ਸਾਹਿਬ, ਇਹ ਚੂੜੀਆਂ 10-12 ਸਾਲ ਪਹਿਲਾਂ ਗਾਇਬ ਹੋ ਗਈਆਂ ਸਨ, ਸੰਧੂਰ ਖਤਮ ਹੋ ਗਏ ਸਨ । ਮੇਰੀ ਭੈਣ ਚਾਵਲਾ ਜੀ ਬੈਠੇ ਹਨ, ਉਹ ਥੋੜ੍ਹਾ ਜਿਹਾ ਧਿਆਨ ਦੇਣ । ਮੈਂ ਸਤਿਕਾਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਹੁਣ ਪੁਲਿਸ ਦੀਆਂ ਦੋ ਦੋ ਜਿਪਸੀਆਂ ਲਈਆਂ ਹੋਈਆਂ ਹਨ, ਪਹਿਲਾਂ ਉਹ ਬਹੁਤਾ ਸਮਾਂ ਚੰਡੀਗੜ੍ਹ ਵਿੱਚ ਹੀ ਰਹਿੰਦੇ ਸਨ ਜਾਂ ਘਰ ਵੜੇ ਰਹਿੰਦੇ ਸਨ ਪਰ ਹੁਣ ਉਹ ਵੀਰ ਚਾਵਲਾ ਜੀ ਨਾਲ ਭਾਵੇਂ ਸਾਈਕਲ ਉਤੇ ਜਾਣ, ਰਿਕਸ਼ਾ ਉਤੇ ਜਾਣ, ਭਾਵੇਂ ਹਾਲ ਬਜ਼ਾਰ ਘੁੰਮਣ ਅਤੇ ਭਾਵੇਂ ਜਲੇਬੀਆਂ ਖਾਣ (ਵਿਘਨ)

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਡਿਪਟੀ ਸਪੀਕਰ ਸਾਹਿਬ, ਮੇਰੀ ਪ੍ਰਾਰਥਨਾ ਹੈ ਕਿ (ਵਿਘਨ) ਰਾਜੀਵ ਗਾਂਧੀ ਦੇ ਸਲੋਕ ਕਹਿਣ ਤੋਂ ਲੈ ਕੇ ਇਹ ਕਿੱਥੇ ਚਲੇ ਜਾ ਰਹੇ ਹਨ । ਕੋਈ ਚੈੱਕ ਕਰੇ । (ਵਿਘਨ) Ask the M.L.A. to talk in M.L. As. like manner, What is he talking, he should know it.

Mr. Deputy Speaker : There is nothing bad.

Original with;
Punjab Vidhan Sabha
Digitized by;
Panjab Digital Library

Smt. Laxmi Kanta Chawla : I think he is reading only to waste the time. He is speaking like this. He cannot speak whatever he likes. Deputy Speaker Sahib, he should remember that his liberty ends from where my nose begins and he cannot do like this.

Mr. Deputy Speaker He was quite respectful.

ਸਰਦਾਰ ਜਸਜੀਤ ਸਿੰਘ ਰੰਧਾਵਾ : ਮੈਂ ਤਾਂ ਬੇਨਤੀ ਕਰ ਰਿਹਾ ਹਾਂ ਕਿ ਅੰਮ੍ਰਿਤਸਰ ਪੰਜਾਬ ਦਾ ਬੜਾ ਮਸ਼ਹੂਰ ਸ਼ਹਿਰ ਹੈ । ਉਥੋਂ ਦੀ ਹਾਸਪੀਟੈਲਿਟੀ ਸਾਰੇ ਹਿੰਦੁਸਤਾਨ ਵਿਚ ਬੜੀ ਮਸ਼ਹੂਰ ਹੈ (ਵਿਘਨ) ਅਸੀਂ ਵੀ ਅੰਮ੍ਰਿਤਸਰ ਜਾਈਦਾ ਹੈ । (ਵਿਘਨ) ਭਾਵੇਂ ਇਹ ਜਲੇਬੀਆਂ ਖਾਣ, ਹਸ ਮਲਾਈ ਖਾਣ ।

Mr. Deputy Speaker : Do not specifically talk about Behanji. Talk about the people of Punjab.

ਸਰਦਾਰ ਜਸਜੀਤ ਸਿੰਘ ਰੰਧਾਵਾ ਮੈਂ ਜਨਰਲ ਗੱਲ ਕਰ ਰਿਹਾ ਸੀ ।

ਸ੍ਰੀ ਡਿਪਟੀ ਸਪੀਕਰ: ਤੁਸੀਂ ਸਾਰੇ ਪੰਜਾਬੀਆਂ ਵਾਸਤੇ ਗੱਲ ਕਰੋ ।

ਸਰਦਾਰ ਜਸਜੀਤ ਸਿੰਘ ਰੰਧਾਵਾ: ਸਰਕਾਰ ਨੇ ਹੋਰ ਵੀ ਬੜੇ ਫੈਸਲੇ ਲਏ ਹਨ । ਸਕੂਲੀ ਬੱਚਿਆਂ ਦੇ ਜੁਮੈਟਰੀ ਬਾਕਸ, ਰਬੜਾਂ, ਬਲੈਕ ਬੋਰਡ, ਪੈਨਸਿਲ ਤਰਾਸ਼ ਆਦਿ ਸਾਰਿਆਂ ਤੇ ਛੋਟ ਦਿੱਤੀ ਗਈ ਹੈ । ਹੁਣ ਸਾਡੇ ਬੱਚੇ ਖੁਸ਼ ਕੇ ਪੜ੍ਹਾਈ ਕਰ ਸਕਦੇ ਹਨ ਕਿਉਂਕਿ ਉਨ੍ਹਾਂ ਨੂੰ ਇਹ ਚੀਜ਼ਾਂ ਮਹਿੰਗੀਆਂ ਨਹੀਂ ਲੈਣੀਆਂ ਪੈਣਗੀਆਂ । ਇਸ ਤਰ੍ਹਾਂ ਇਲੈਕਟ੍ਰਾਨਿਕ ਆਈਟਮਾਂ ਤੇ ਸੇਲਜ਼ ਟੈਕਸ ਘਟਾ ਕੇ 12 ਤੋਂ 10 ਪਰਸੈਂਟ ਕਰ ਦਿੱਤਾ ਗਿਆ ਹੈ । ਸਟੇਸ਼ਨਰੀ ਤੇ 8 ਤੋਂ 6 ਪਰਸੈਂਟ ਕਰ ਦਿੱਤਾ ਗਿਆ ਹੈ । ਬਨਾਸਪਤੀ ਘੀ, ਅਲਮੀਨੀਅਮ ਆਈਟਮਾਂ ਤੇ ਟੈਕਸ 8 ਪਰਸੈਂਟ ਤੋਂ ਰਿਡੀਊਸ ਕਰਕੇ ਚਾਰ ਪਰਸੈਂਟ ਕਰ ਦਿੱਤਾ ਗਿਆ ਹੈ । ਹੌਜ਼ਰੀ, ਆਇਲ ਸੀਡ, ਵੇਸਣ ਤੋਂ ਚਾਰ ਤੋਂ ਦੋ ਫੀਸਦੀ ਟੈਕਸ ਕਰ ਦਿੱਤਾ ਗਿਆ ਹੈ । ਅੱਜ ਟੈਕਸ ਵਧਾਇਆ ਨਹੀਂ ਬਲਕਿ ਘਟਾਇਆ ਗਿਆ ਹੈ । ਇਸ ਵਾਸਤੇ ਮੈਂ ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਅਤੇ ਖਾਸ ਕਰਕੇ ਫਾਇਨਾਂਸ ਮਨਿਸਟਰ ਸਾਹਿਬ ਤੇ ਅੱਕਸਾਈਜ਼ ਮਨਿਸਟਰ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ (ਬੰਪਿੰਗ) ਦੁਪਹੀਆਂ ਗੱਡੀਆਂ ਤੇ ਵਿਕਰੀ ਕਰ ਘਟਾ ਕੇ 10 ਫੀਸਦੀ ਤੋਂ 3 ਫੀਸਦੀ ਕਰ ਦਿਤਾ ਗਿਆ ਹੈ । ਆਮ ਆਦਮੀ ਦੋ ਪਹੀਆ ਗੱਡੀਆਂ ਦੀ ਸਵਾਰੀ ਕਰਦੇ ਹਨ । ਉਹ ਕਾਰਾਂ ਨਹੀਂ ਖਰੀਦ ਸਕਦੇ । ਇਹ ਬਹੁਤ ਹੀ ਅੰਪਰੀਸ਼ੀਏਬਲ ਗੱਲ ਹੈ ਕਿ ਸੱਤ ਪਰਸੈਂਟ ਘਟਾਇਆ ਗਿਆ ਹੈ । ਐਗਰੀਕਲਚਰ ਇਰੀਗੇਸ਼ਨ ਪਾਈਪਾਂ ਜਿਵੇਂ ਆਰ. ਸੀ. ਸੀ., ਪੀ. ਵੀ. ਸੀ., ਇਨ੍ਹਾਂ ਤੇ ਵਿਕਰੀ ਕਰ ਘਟਾ ਕੇ 8 ਤੋਂ 4 ਪਰਸੈਂਟ ਕਰ ਦਿੱਤਾ ਗਿਆ ਹੈ । ਇਸ ਨਾਲ ਕਿਸਾਨਾਂ ਨੂੰ ਰਾਹਤ ਮਿਲੇਗੀ । ਟੈਕਸਟਾਈਲ ਪ੍ਰਾਸੈਸਿੰਗ ਯੂਨਿਟਾਂ ਵਿਚ ਛੋਟ ਦਿੱਤੀ ਗਈ ਹੈ । ਕਾਗਜ਼ ਤੇ ਵਿਕਰੀ ਕਰ ਘਟਾ ਕੇ 4 ਤੋਂ 1 ਫੀਸਦੀ ਕਰ ਦਿੱਤਾ ਗਿਆ ਹੈ । ਐਗਰੀਕਲਚਰਲ ਇੰਪਲੀਮੈਂਟਸ ਤੇ ਹਰਿਆਣਾ ਪੈਟਰਨ ਤੇ ਛੋਟ ਦਿੱਤੀ ਗਈ ਹੈ । ਆਇਰਨ, ਸਟੀਲ ਤੇ ਵਿਕਰੀ ਕਰ ਚਾਰ ਤੋਂ ਦੋ ਪਰਸੈਂਟ ਕਰ ਦਿਤਾ ਗਿਆ ਹੈ । ਸਭ ਤੋਂ ਵਧੀਆ ਗੱਲ ਜਿਸ ਦੀ ਸਾਰੇ ਹਾਊਸ ਨੂੰ ਪ੍ਰਸ਼ੰਸਾ ਕਰਨੀ ਚਾਹੀਦੀ ਹੈ,

Original with;
Punjab Vidhan Sabha
Digitized by;
Punjab Digital Library

ਉਹ ਹੈ ਕਰਮਚਾਰੀਆਂ ਬਾਰੇ । ਗੌਰਮਿੰਟ ਇੰਪਲਾਈਜ਼ ਬੜੇ ਮਿਹਨਤੀ ਹਨ, ਬੜੀ ਲਗਨ ਨਾਲ ਕੰਮ ਕਰਦੇ ਹਨ । ਪੰਜਾਬ ਸਰਕਾਰ ਉਨ੍ਹਾਂ ਦੀ ਭਲਾਈ ਵਾਸਤੇ ਬਹੁਤ ਸੋਚਦੀ ਹੈ । ਟੋਟਲ ਖਰਚੇ ਦਾ 60 ਪਰਸੈਂਟ ਕਰਮਚਾਰੀਆਂ ਦੇ ਭੱਤਿਆਂ, ਪੈਨਸ਼ਨਾਂ ਅਤੇ ਤਨਖਾਹਾਂ ਵਿਚ ਖਰਚ ਹੋ ਜਾਂਦਾ ਹੈ । 1994 ਵਿਚ ਪੰਜਾਬ ਸਰਕਾਰ ਨੇ ਪੇ ਕਮਿਸ਼ਨ ਕਾਇਮ ਕੀਤਾ ਹੈ ਇਸ ਦੇ ਚੇਅਰਮੈਨ ਰਿਟਾਇਰਡ ਚੀਫ ਜਸਟਿਸ ਸ੍ਰੀ ਸੰਧਾਵਾਲੀਆ ਹਨ । ਗੌਰਮਿੰਟ ਆਫ ਇੰਡੀਆ ਦੇ ਬਹੁਤ ਹੀ ਨੇਬਲ ਅਧਿਕਾਰੀ ਰਿਟਾਇਰਡ ਸ੍ਰੀ ਬੀ. ਬੀ. ਮਹਾਜਨ ਸੀਨੀਅਰ ਮੈਂਬਰ ਹਨ । ਇਸ ਦੀ ਇੰਟੈਰਮ ਰਿਪੋਰਟ ਆ ਗਈ ਹੈ । ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ 3,500 ਰੁਪਏ ਤੱਕ ਤਨਖਾਹ ਲੈਂ ਰਹੇ ਕਰਮਚਾਰੀਆਂ ਨੂੰ 150 ਰੁਪਏ ਮਾਸਿਕ ਰਾਹਤ ਦੇਣੀ ਸ਼ੁਰੂ ਕੀਤੀ ਹੈ । ਜਿਨ੍ਹਾਂ ਨੂੰ 3500 ਰੁਪਏ ਤੋਂ ਵੱਧ ਤਨਖਾਹ ਮਿਲਦੀ ਹੈ, ਉਨ੍ਹਾਂ ਨੂੰ ਸਰਕਾਰ 200 ਰੁਪਏ ਅੰਤਰਿਮ ਰਾਹਤ ਦੇਵੇਗੀ । ਇਹ ਰਾਹਤਾਂ 1 ਅਪ੍ਰੈਲ, 1995 ਤੋਂ ਲਾਗੂ ਹੋ ਜਾਣਗੀਆਂ । ਬਾਕੀ ਜੋ ਰਿਕੁਮੈਂਡੇਸ਼ਨਜ਼ ਪੇ-ਕਮਿਸ਼ਨ ਦੀਆਂ ਆਉਣਗੀਆਂ, ਉਹ ਵੀ ਲਾਗੂ ਕੀਤੀਆਂ ਜਾਣਗੀਆਂ । ਇਸ ਦੇ ਨਾਲ ਸਾਡੇ ਪੰਜਾਬ ਦੇ ਕਰਮਚਾਰੀਆਂ ਨੂੰ ਬੜੀ ਭਾਰੀ ਰਾਹਤ ਮਿਲੇਗੀ । ਇਹ ਪੰਜਾਬ ਸਰਕਾਰ ਦਾ ਬੜਾ ਭਾਰੀ ਐਪ੍ਰੀਸ਼ੀਏਬਲ ਕੰਮ ਹੈ । ਜਿੰਨੇ ਐਡਹਾਕ ਤੇ ਜਾਂ ਆਰਜ਼ੀ ਕਰਮਚਾਰੀ ਦਰਜਾ-3 ਅਤੇ ਦਰਜਾ-4 ਦੇ ਸਨ ਉਨ੍ਹਾਂ ਦੀਆਂ ਸੇਵਾਵਾਂ ਪੰਜਾਬ ਸਰਕਾਰ ਨੇ ਨਿਯਮਤ ਕਰਨ ਦਾ ਫੈਸਲਾ ਲਿਆ ਹੈ । ਜਿਹੜੇ 31 ਦਸੰਬਰ, 1995 ਘੱਟੋ-ਘੱਟ 240 ਦਿਨ ਦੀ ਸੇਵਾ ਕਰ ਚੁੱਕੇ ਹਨ, ਉਨ੍ਹਾਂ ਦੀਆਂ ਸੇਵਾਵਾਂ ਨਿਯਮਤ ਕਰ ਦਿੱਤੀਆਂ ਗਈਆਂ ਹਨ ਇਹ ਵੀ ਪੰਜਾਬ ਸਰਕਾਰ ਦੀ ਬੜੀ ਭਾਰੀ ਐਪ੍ਰੀਸ਼ੀਏਬਲ ਕਾਰਵਾਈ ਹੈ ।

ਫਰੀਡਮ ਫਾਈਟਰਜ਼, ਜਿਨ੍ਹਾਂ ਦੇ ਸਦਕਾ ਅਸੀਂ ਅੱਜ ਇਸ ਸਦਨ ਵਿੱਚ ਬੈਠੇ ਹਾਂ, ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਬੜੀ ਭਾਰੀ ਘਾਲਣਾ ਘਾਲ ਕੇ ਸਾਡੇ ਦੇਸ਼ ਨੂੰ ਆਜ਼ਾਦ ਕਰਵਾਇਆ । ਅੱਜ ਦੁਨੀਆਂ ਦੇ ਵਿਚ ਹਿੰਦੋਸਤਾਨ ਵਿਚ ਬੜੀ ਵਡੀ ਡੈਮੋਕ੍ਰੇਸੀ ਹੈ । ਉਨ੍ਹਾਂ ਦੇ ਸਦਕਾ ਪੰਜਾਬ ਅਸੈਂਬਲੀ ਵਿੱਚ ਅਸੀਂ ਬੈਠੇ ਹਾਂ., ਪਾਰਲੀਮੈਂਟ ਵਿਚ ਸਾਡੇ ਵੀਰ ਬੈਠੇ ਹਨ । ਸਰਕਾਰ ਨੇ ਉਨ੍ਹਾਂ ਨੂੰ ਸਨਮਾਨ ਦਿੱਤਾ ਹੈ । ਪਹਿਲਾਂ ਪੰਜਾਬ ਸਰਕਾਰ 500/- ਰੁਪਏ ਪੈਨਸ਼ਨ ਦਿੰਦੀ ਸੀ । 1 ਅਪ੍ਰੈਲ, 1995 ਤੋਂ ਪੰਜਾਬ ਸਰਕਾਰ ਨੇ ਉਨ੍ਹਾਂ ਦਾ ਮਾਣ ਵਧਾਉਣ ਲਈ 600 ਰੁਪਏ ਮਹੀਨਾ ਪੈਨਸ਼ਨ ਕਰ ਦਿੱਤੀ ਹੈ । ਇਸ ਵਾਸਤੇ ਮੈਂ ਪੰਜਾਬ ਸਰਕਾਰ ਨੂੰ ਬੜੀ ਭਾਰੀ ਵਧਾਈ ਦਿੰਦਾ ਹਾਂ ਕਿ ਉਸ ਨੇ ਫਰੀਡਮ ਫਾਈਟਰਾਂ ਨੂੰ ਆਪਣੇ ਨਾਲ ਲਿਆ, ਉਨ੍ਹਾਂ ਨੂੰ ਸੀਨੇ ਨਾਲ ਲਾਇਆ । ਸਰਦਾਰ ਬੇਅੰਤ ਸਿੰਘ ਦੀ ਸਰਕਾਰ, ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਕ ਵਰਗ ਦੀ ਨਹੀਂ, ਇੱਕ ਜਾਤ ਦੀ ਨਹੀਂ, ਇਕ ਧਰਮ ਦੀ ਨਹੀਂ ਬਲਕਿ ਇਹ ਸਾਰਿਆਂ ਦਾ ਭਲਾ ਚਾਹੁੰਣ ਵਾਲੀ ਸਰਕਾਰ ਹੈ । ਅਸੀਂ ਸਾਰੇ ਧਰਮਾਂ ਦਾ, ਸਾਰੀਆਂ ਕਮਿਊਨਿਟੀਜ਼ ਦਾ, ਸਾਰੇ ਵਰਗਾਂ ਦਾ ਭਲਾ ਚਾਹੁੰਦੇ ਹਾਂ ਔਰ ਉਨ੍ਹਾਂ ਲਈ ਕੰਮ ਕਰਦੇ ਹਾਂ । ਬੜੀਆਂ ਭਾਰੀਆਂ ਪ੍ਰੋਪੋਜ਼ਲ ਹਨ, ਜਿਹੜੀਆਂ ਮੈਂ ਪੜ੍ਹਕੇ ਸੁਣਾਈਆਂ ਹਨ ।

ਡਿਪਟੀ ਸਪੀਕਰ ਸਾਹਿਬ, ਜਿਥੇ ਏਨੀਆਂ ਵੱਡੀਆਂ ਗੱਲਾਂ ਹੋਈਆਂ, ਉਥੇ ਮੇਰਾ ਹਲਕਾ ਘਨੌਰ, ਪਟਿਆਲਾ ਜ਼ਿਲ੍ਹੇ ਵਿੱਚ ਬੜਾ ਪਛੜਿਆ ਹੋਇਆ ਹੈ । ਮੈਂ ਉਸ ਦੀਆਂ ਮੁਸ਼ਕਲਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਜੀਤ ਸਿੰਘ ਰੰਧਾਵਾ]

ਦੀ ਗੱਲ ਕਰਨੀ ਚਾਹੁੰਦਾ ਹਾਂ, ਤੁਹਾਡੇ ਸਾਹਮਣੇ ਅੌਰ ਪੰਜਾਬ ਸਰਕਾਰ ਦੇ ਸਾਹਮਣੇ। ਮੇਰਾ ਹਲਕਾ ਬੜਾ ਫਲੱਡ ਪਰੋਨ ਏਰੀਆ ਹੈ। ਬਾਰਸ਼ਾਂ ਰੋਪੜ ਜਾਂ ਚੰਡੀਗੜ੍ਹ ਹੋ ਜਾਂਦੀਆਂ ਹਨ ਤੇ ਹੜ੍ਹ ਮੇਰੇ ਇਲਾਕੇ ਵਿਚ ਆ ਜਾਂਦੇ ਹਨ। ਆਏ ਦਿਨ ਬਾਰਸ਼ਾਂ ਨਾਲ ਪਿੰਡਾਂ ਦੇ ਪਿੰਡ ਇਨ੍ਹਾਂ ਦੀ ਮਾਰ ਹੇਠ ਆ ਜਾਂਦੇ ਹਨ। ਮੇਰੇ ਇਲਾਕੇ ਵਿਚ ਜਿਥੇ ਪਾਣੀ ਦੀ ਮਾਰ ਹੈ, ਉਥੇ ਸੋਕੇ ਦੀ ਵੀ ਬਹੁਤ ਮਾਰ ਹੈ। ਥੱਲੇ ਪਾਣੀ ਨਹੀਂ ਹੈ, ਇਸ ਕਰਕੇ ਫਸਲ ਨਹੀਂ ਹੁੰਦੀ। ਇਸ ਵੱਲ ਗੌਰਮਿੰਟ ਨੂੰ ਧਿਆਨ ਕਰਨਾ ਚਾਹੀਦਾ ਹੈ। ਸੋਕੇ ਨੂੰ ਦੂਰ ਕਰਨ ਵਾਸਤੇ ਇਥੇ ਡੂੰਘੇ ਟਿਊਬਵੈਲ ਲਾਉਣੇ ਚਾਹੀਦੇ ਹਨ। ਮੈਂ ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਉਸ ਨੇ ਇਕ ਕਰੋੜ ਰੁਪਿਆ ਘਨੌਰ ਇਲਾਕੇ ਵਿਚ ਡੂੰਘੇ ਟਿਊਬਵੈਲ ਲਾਉਣੇ ਲਈ ਸੈਂਕਸ਼ਨ ਕੀਤਾ। ਇਹ ਬੜੀ ਭਾਰੀ ਖੁਸ਼ੀ ਦੀ ਗੱਲ ਹੈ। ਇਸ ਵਿਚ ਕਿਹਾ ਗਿਆ ਹੈ ਕਿ ਛੋਟੇ ਛੋਟੇ ਕਿਸਾਨਾਂ ਦੀਆਂ ਕੋਆਪ੍ਰੇਟਿਵ ਸੋਸਾਇਟੀਆਂ ਬਣਾਵਾਂਗੇ, ਜਿਸ ਵਿਚ 75% ਸੋਇਲ ਕੰਜ਼ਰਵੇਸ਼ਨ ਅਤੇ ਅੌਗਰੀਕਲਚਰ ਮਹਿਕਮਾ ਅਤੇ 25% ਸਾਡੇ ਫਾਰਮਰਜ਼ ਕੰਟਰੀਬਿਊਟ ਕਰਨਗੇ। ਇਸ ਨਾਲ ਦੋ ਸੌ ਏਕੜ ਜ਼ਮੀਨ ਜਰਖੇਜ਼ ਹੋ ਜਾਵੇਗੀ ਅੌਰ ਬੜੀ ਭਾਰੀ ਫਸਲ ਹੋਏਗੀ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਪੈਸੇ ਨੂੰ ਜਲਦੀ ਤੋਂ ਜਲਦੀ ਰਿਲੀਜ ਕੀਤਾ ਜਾਵੇ ਤਾਂ ਕਿ ਇਸ ਦਾ ਫਾਇਦਾ ਛੇਤੀ ਤੋਂ ਛੇਤੀ ਲੈ ਸਕੀਏ। ਹੋਰ ਡਿਪਟੀ ਸਪੀਕਰ ਸਾਹਿਬ, ਮੈਂ ਗਲ ਕਹਦਾ ਹਾਂ ਕਿ ਇਹ ਫਲੱਡ ਪਰੋਨ ਏਰੀਆ ਹੈ। ਅਰਬਨ ਅੌਸਟੇਟ ਜਿਹੜਾ ਰਾਜਪੁਰੇ ਤੋਂ ਪਟਿਆਲਾ ਦੇ ਰਸਤੇ ਵਿਚ ਯੂਨੀਵਰਸਿਟੀ ਦੇ ਕੋਲ ਹੈ ਉਥੇ ਬੜਾ ਪਾਣੀ ਆ ਜਾਂਦਾ ਹੈ। ਜਦੋਂ 1993 ਵਿਚ ਬੜੇ ਭਾਰੀ ਹੜ੍ਹ ਆਏ ਸੀ ਤਾਂ ਉਦੋਂ ਪੰਡਿਤ ਬਾਲ ਮੁਕੰਦ ਸ਼ਰਮਾ, ਸਰਦਾਰ ਸ਼ਮਸ਼ੇਰ ਸਿੰਘ ਦੂਲੋਂ ਅਤੇ ਸਰਦਾਰ ਲਾਲ ਸਿੰਘ ਸਾਰਿਆਂ ਨੇ ਵਿਜ਼ਟ ਕੀਤਾ ਸੀ। ਉਨ੍ਹਾਂ ਦੇਖਿਆ ਸੀ ਕਿ 6-6 ਫੁੱਟ ਪਾਣੀ ਆ ਜਾਂਦਾ ਤਾਂ ਬੜਾ ਭਾਰੀ ਨੁਕਸਾਨ ਹੁੰਦਾ, ਜਾਨੀ ਵੀ ਅਤੇ ਮਾਲੀ ਵੀ। ਉਥੇ ਇਕ ਬਾਈ-ਪਾਸ ਬਣਾਉਣ ਲਗੇ ਹਨ, ਸਰਹਿੰਦ ਰੋਡ ਨੂੰ ਜਾਣ ਵਾਸਤੇ। ਪਤਾ ਨਹੀਂ ਪਰਾਪਰ ਪਲੈਨਿੰਗ ਨਹੀਂ ਹੋ ਸਕੀ. ਉਹ 6-7 ਫੁੱਟ ਉਚੀ ਚੁੱਕ ਕੇ ਬਣਾ ਦਿੱਤੀ ਗਈ ਹੈ। ਉਸ ਦੇ ਥੱਲੇ ਜਿਹੜੇ ਪੁਲ ਵਗੈਰਾ ਲੱਗਣੇ ਸੀ, ਉਨ੍ਹਾਂ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਪਿਛਲੇ ਸਾਲ ਸੀ. ਐਮ. ਸਾਹਿਬ ਨੇ ਅੈਸ਼ੋਅਰ ਕਰਵਾਇਆ ਸੀ ਕਿ ਲਗਾਵਾਂਗੇ। ਜੇਕਰ ਪਿਛਲੇ ਸਾਲ ਹੜ੍ਹਾਂ ਮੌਕੇ ਬੰਨ੍ਹ ਨਾ ਲਗਾਉਂਦੇ ਤਾਂ ਫਿਰ ਸਾਰਾ ਇਲਾਕਾ ਡੁੱਬ ਜਾਣਾ ਸੀ। ਮੇਰੀ ਪੰਜਾਬ ਸਰਕਾਰ ਨੂੰ ਬੇਨਤੀ ਹੈ ਕਿ ਬਰਸਾਤਾਂ ਤੋਂ ਪਹਿਲਾਂ ਪਹਿਲਾਂ ਉਥੇ ਪੁਲ ਵਗੈਰਾ ਬਣਾਇਆ ਜਾਵੇ ਤਾਂ ਕਿ ਜਿਹੜਾ ਪਾਣੀ ਇਕੱਠਾ ਹੋ ਜਾਂਦਾ ਹੈ, ਉਸ ਨੂੰ ਚੈਨੇਲਾਈਜ਼ ਕਰਕੇ ਪਟਿਆਲਾ ਸਿਟੀ ਨੂੰ ਅਤੇ ਸਾਰੇ ਇਲਾਕੇ ਨੂੰ ਹੜ੍ਹਾਂ ਤੋਂ ਬਚਾਇਆ ਜਾ ਸਕੇ। ਸਾਡੇ ਇਲਾਕੇ ਵਿੱਚ ਬਹੁਤ ਭਾਰੀ ਚੋਅ ਪੈਂਦੇ ਹਨ। ਉਹ ਫਾਰਮਰਜ਼ ਨੇ ਪਿਛਲੇ ਕਈ ਸਾਲਾਂ ਤੋਂ ਖਾਸ ਕਰਕੇ 2-3 ਸਾਲਾਂ ਤੋਂ ਖੇਤਾਂ ਵਿਚ ਰਲਾ ਲਏ। ਹੁਣ ਜਦੋਂ ਉਨ੍ਹਾਂ ਦਾ ਪਾਣੀ ਫੈਲ ਜਾਂਦਾ ਹੈ ਤਾਂ ਉਸ ਦੇ ਨਾਲ ਇਲਾਕੇ ਵਿਚ ਬੜਾ ਨੁਕਸਾਨ ਹੁੰਦਾ ਹੈ। ਇਸ ਕਰਕੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇੰਨਾਂ ਚੋਆਂ ਦੀ ਡੀਪਨਿੰਗ ਕੀਤੀ ਜਾਵੇ, ਬਰਾਡਨਿੰਗ ਕੀਤੀ ਜਾਵੇ. ਸਟਰੈਂਥਨਿੰਗ ਕੀਤੀ ਜਾਵੇ ਇਹ ਸਾਫ ਕੀਤੇ ਜਾਣ ਅਤੇ ਇਨ੍ਹਾਂ ਦੀ ਬ੍ਰਿਕ ਲਾਈਨਿੰਗ ਕੀਤੀ ਜਾਏ। ਇਸ ਪਾਸੇ ਵੱਲ ਸਰਕਾਰ ਵਲੋਂ ਆਪਣਾ ਧਿਆਨ ਦੇ ਕੇ ਲੋਕਾਂ ਨੂੰ ਨੁਕਸਾਨ ਤੋਂ ਬਚਾਇਆ ਜਾਵੇ। ਇਸੇ ਤਰ੍ਹਾਂ ਮੈਂ ਇਹ ਵੀ ਰਿਕੁਐਸਟ ਕਰਨਾ ਚਾਹੁੰਦਾ ਹਾਂ ਕਿ ਪਿੰਡ ਸਹਿਦੂਦ ਹੈ, ਮੰਡੋਲੀ

Original with;
Punjab Vidhan Sabha
Digitized by;
Panjab Digital Library

ਹੈ, ਖਾਨਪੁਰ ਕੰਡਿਆ ਹੈ, ਉਥੇ ਇਰੀਗੇਸ਼ਨ ਡੀਪਾਰਟਮੈਂਟ ਦੀ ਜ਼ਮੀਨ ਵੀ ਪਈ ਹੈ ਅਤੇ ਖ਼ਰਚਾ ਵੀ ਕੋਈ ਜ਼ਿਆਦਾ ਨਹੀਂ ਹੁੰਦਾ, ਪਿੰਡ ਵਾਲੇ ਵੀ ਜ਼ਮੀਨ ਦੇਣ ਨੂੰ ਤਿਆਰ ਹਨ ਉਥੇ ਇਕ ਡਰੇਨ ਬਨਾਉਣੀ ਚਾਹੀਦੀ ਹੈ ਤਾਂਕਿ ਉਸ ਇਲਾਕੇ ਨੂੰ ਨੁਕਸਾਨ ਤੋਂ ਬਚਾਇਆ ਜਾ ਸਕੇ । (ਵਿਘਨ) ਖਾਨਪੁਰ ਕੰਡਿਆ ਕੋਲ ਨਰਵਾਣਾ ਬਰਾਂਚ ਹੈ ਜਿਥੇ ਭਾਖੜਾ ਮੇਨ ਲਾਈਨ ਬਣੀ ਹੋਈ ਹੈ । ਜ਼ਮੀਨ ਤਾਂ ਸਾਡੇ ਇਲਾਕੇ ਵਿਚੋਂ ਫਾਰਮਰਜ਼ ਤੋਂ ਲੈ ਲਈ ਪਰ ਫਾਰਮਰਜ਼ ਨੂੰ ਉਸ ਦਾ ਕੋਈ ਫਾਇਦਾ ਨਹੀਂ ਹੋਇਆ । ਜਦੋਂ ਵੀ ਹੜ੍ਹ ਆਉਂਦੇ ਹਨ ਤਾਂ ਨਹਿਰ ਵਿਚ ਬਹੀਚਿਜ਼ ਆ ਜਾਂਦੇ ਹਨ ਜਿਸ ਦੇ ਨਾਲ ਕਾਫੀ ਨੁਕਸਾਨ ਹੁੰਦਾ ਹੈ ਅਤੇ ਪਿੰਡਾਂ ਦੇ ਪਿੰਡ ਰੁੜ੍ਹ ਜਾਂਦੇ ਹਨ । ਲੋਕਾਂ ਨੂੰ 15-20 ਪਿੰਡਾਂ ਤੋਂ ਘੁੰਮ ਕੇ ਜਾਣਾ ਪੈਂਦਾ ਹੈ । ਜਿਸ ਨਾਲ ਇਲਾਕੇ ਦੇ ਲੋਕਾਂ ਨੂੰ ਬੜੀ ਮੁਸ਼ਕਲ ਪੇਸ਼ ਆਉਂਦੀ ਹੈ । ਪਿੱਛੇ ਜਿਹੇ ਜਾਖੜ ਸਾਹਿਬ ਨੇ ਇਕ ਐਸ਼ੋਰੈਂਸ ਵੀ ਦਿੱਤੀ ਸੀ ਕਿ ਉਥੇ ਫੁਟ ਬਰਿਜ ਬਣਾ ਕੇ ਦਿੱਤਾ ਜਾਵੇਗਾ ਤਾਂ ਕਿ ਲੋਕਾਂ ਨੂੰ ਇਸ ਤੋਂ ਰਾਹਤ ਹੋ ਸਕੇ । ਇਸ ਦੇ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਲਦੀ ਹੀ ਇਸ ਦੇ ਲਈ ਕੋਈ ਪ੍ਰਬੰਧ ਕੀਤਾ ਜਾਵੇ । ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਜਿਵੇਂ ਮੈਂ ਦੱਸਿਆ ਹੈ ਕਿ ਮੇਰੇ ਇਲਾਕੇ ਵਿਚ ਹੜ੍ਹ ਬਹੁਤ ਆਉਂਦੇ ਹਨ ਅਤੇ ਹੜ੍ਹਾਂ ਦੀ ਵਜ੍ਹਾ ਕਰਕੇ ਸੜਕਾਂ ਦੀ ਕੰਡੀਸ਼ਨ ਬਹੁਤ ਮਾੜੀ ਹੈ । ਪੰਜਾਬ ਸਰਕਾਰ ਦਾ ਕੋਈ ਸਾਈਕਲ ਤੀਸਾਈਕਲ ਲਈ ਫੈਸਲਾ ਹੈ ਜਿਸ ਅਨੁਸਾਰ 6 ਸਾਲ ਬਾਅਦ ਸੜਕ ਬਣਦੀ ਹੈ । ਜਿਵੇਂ ਮੈਂ ਪਹਿਲੇ ਦੱਸਿਆ ਹੈ ਕਿ ਸਾਡੇ ਇਲਾਕੇ ਵਿਚ ਹੜ੍ਹ ਬਹੁਤ ਆਉਂਦੇ ਹਨ ਅਤੇ ਸਾਨੂੰ ਬਾਕੀ ਇਲਾਕਿਆਂ ਦੇ ਨਾਲ ਨਹੀਂ ਬੰਨ੍ਹਣਾ ਚਾਹੀਦਾ । ਮੈਂ ਤਾਂ ਕਹਿੰਦਾ ਹਾਂ ਕਿ ਜਿਸ ਤਰ੍ਹਾਂ ਇਥੇ ਹੜ੍ਹ ਆਉਂਦੇ ਹਨ, ਉਸ ਹਿਸਾਬ ਨਾਲ ਤਾਂ ਹਰ ਸਾਲ ਵੀ ਜੇ ਇਨ੍ਹਾਂ ਸੜਕਾਂ ਦੀ ਰਿਪੇਅਰ ਹੋਵੇ ਤਾਂ ਵੀ ਸੜਕਾਂ ਦੀ ਹਾਲਤ ਬਹੁਤ ਅੱਛੀ ਨਹੀਂ ਹੋ ਸਕਦੀ । ਮੈਂ ਬੀਬੀ ਭੱਠਲ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਸੜਕਾਂ ਦੇ ਮਾਮਲੇ ਵਿਚ ਸਾਡੇ ਤੇ ਕੋਈ ਰਹਿਮ ਕਰਨ ਅਤੇ ਇਹ ਜਿਹੜਾ 6 ਸਾਲ ਦਾ ਪੀਰੀਅਡ ਹੈ, ਇਸ ਨੂੰ ਘਟਾ ਕੇ 4 ਸਾਲ ਸਾਡੇ ਇਲਾਕੇ ਵਾਸਤੇ ਕਰ ਦੇਣ, ਤਾਂ ਹੀ ਸਾਡੇ ਇਲਾਕੇ ਦੀਆਂ ਸੜਕਾਂ ਮਾੜੀਆਂ ਮੋਟੀਆਂ ਰਿਪੇਅਰ ਜੋਗੀਆਂ ਹੋਣਗੀਆਂ । (ਇਕ ਆਵਾਜ਼ : 4 ਸਾਲ ਕਿਉਂ, ਹਰ ਸਾਲ) ਜੇ ਸਾਲ ਬਾਅਦ ਕਰ ਦੇਣ ਤਾਂ ਬੜੀ ਖੁਸ਼ੀ ਦੀ ਗੱਲ ਹੈ ਪਰ ਚਲੋ 4 ਸਾਲ ਬਾਅਦ ਹੀ ਕਰ ਦੇਣ ਤਾਂ ਵੀ ਇਨ੍ਹਾਂ ਦੀ ਮਿਹਰਬਾਨੀ । ਮੈਂ ਕਿਸੇ ਵੇਲੇ ਇਨ੍ਹਾਂ ਨੂੰ ਆਪਣੇ ਹਲਕੇ ਵਿਚ ਲੈ ਚਲਾਂਗਾ ਅਤੇ ਜੇ ਇਨ੍ਹਾਂ ਦੀ ਕਾਰ ਸਾਬਤ ਵਾਪਸ ਆ ਜਾਵੇ ਤਾਂ ਫਿਰ ਬੇਸ਼ਕ 6 ਸਾਲ ਬਾਅਦ ਹੀ ਰਹਿਣ ਦੇਣ. ਨਹੀਂ ਤਾਂ 4 ਸਾਲ ਬਾਅਦ ਜ਼ਰੂਰ ਕਰ ਦੇਣ ।

ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਅਤੇ ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ) ਮੰਤਰੀ (ਸ਼੍ਰੀਮਤੀ ਰਾਜਿੰਦਰ ਕੌਰ ਭੱਠਲ): ਡਿਪਟੀ ਸਪੀਕਰ ਸਾਹਿਬ, ਹਲਕੇ ਵਿਚ ਦਿਖਾਉਣ ਦੀ ਲੋੜ ਨਹੀਂ, ਮੇਰੇ ਹਲਕੇ ਵਿਚ ਇਸ ਤੋਂ ਵੀ ਮਾੜੀ ਹਾਲਤ ਹੈ। ਮੈਂ ਇਨ੍ਹਾਂ ਦਾ ਧਿਆਨ ਰੱਖ ਕੇ ਇਸ ਗੱਲ ਦਾ ਭਰੋਸਾ ਦਿਵਾਉਂਦੀ ਹਾਂ, ਐਸ਼ੋਰੈਂਸ ਦਿੰਦੀ ਹਾਂ ਕਿ ਜਿਥੇ ਜ਼ਿਆਦਾ ਹੜ੍ਹ ਆਉਂਦੇ ਹਨ ਜਾਂ ਜ਼ਿਆਦਾ ਬਾਰਸ਼ਾਂ ਕਾਰਨ ਨੁਕਸਾਨ ਹੁੰਦਾ ਹੈ, ਉਥੇ ਸਾਲਾਂ ਦੀ ਕੋਈ ਲਿਮਿਟ ਨਹੀਂ ਹੈ । (ਵਿਘਨ)

Original with;
Punjab Vidhan Sabha
Digitized by
Panjab Digital Library

Sardar Jasjit Singh Randhawa : Thank you, Madam.

ਸ਼੍ਰੀ ਜਗਦੀਸ ਸਾਹਨੀ : ਡਿਪਟੀ ਸਪੀਕਰ ਸਾਹਿਬ, ਮੈਨੂੰ ਹਾਸਾ ਆਉਂਦਾ ਹੈ, ਕਿ ਇਕ ਪਾਸੇ ਤਾਂ ਰੰਧਾਵਾ ਸਾਹਿਬ ਨੇ ਇਤਨੀ ਤਾਰੀਫ਼ ਸਰਕਾਰ ਦੀ ਕੀਤੀ ਹੈ ਅਤੇ ਦੂਸਰੇ ਪਾਸੇ ਆਪ ਹੀ ਕੰਟਰਾਡਿਕਸ਼ਨ ਕਰ ਰਹੇ ਹਨ ਕਿ ਸੜਕਾਂ ਦੀ ਹਾਲਤ ਇਤਨੀ ਮਾੜੀ ਹੈ । ਮਨਿਸਟਰ ਸਾਹਿਬ ਨੇ ਵੀ ਕਹਿ ਦਿੱਤਾ ਹੈ ਕਿ ਮੇਰੇ ਹਲਕੇ ਵਿਚ ਹਾਲਤ ਉਸ ਤੋਂ ਵੀ ਜ਼ਿਆਦਾ ਮਾੜੀ ਹੈ । ਰੰਧਾਵਾ ਸਾਹਿਬ ਕਹਿੰਦੇ ਹਨ ਕਿ ਇਤਨੇ ਵਿਕਾਸ ਦੇ ਕੰਮ ਹੋਏ ਹਨ । ਜੇ ਇਤਨੇ ਵਿਕਾਸ ਦੇ ਕੰਮ ਹੋਏ ਹਨ ਅੱਤ ਸੜਕਾਂ ਦੀ ਇਹ ਹਾਲਤ ਹੈ ਤਾਂ ਵਿਕਾਸ ਦੇ ਕੰਮ ਕਿਥੋਂ ਹੋ ਗਏ ? ਕਿਉਂ ਮੈਂਬਰ ਸਾਹਿਬ ਹਾਊਸ ਦਾ ਟਾਈਮ ਵੇਸਟ ਕਰ ਰਹੇ ਹਨ । (ਵਿਘਨ) ਇਨ੍ਹਾਂ ਨੂੰ ਫੈਕਟਸ ਐਂਡ ਫਿਗਰਜ਼ ਦੇ ਕੇ ਬੋਲਣਾ ਚਾਹੀਦਾ ਹੈ ।

ਸ਼੍ਰੀ ਡਿਪਟੀ ਸਪੀਕਰ : ਇਹ ਆਪਣੀ ਪਾਰਟੀ ਦੇ ਟਾਈਮ ਵਿਚ ਬੋਲ ਰਹੇ ਹਨ । You cannot object to it.

Shri Jagdish Sawhney: Being Ruling Party, they have got maximum time. They can use it but they cannot waste it.

Mr. Deputy Speaker: This is not wastage of time. You cannot object. Please resume your seat.

ਸਰਦਾਰ ਜਸਜੀਤ ਸਿੰਘ ਰੰਧਾਵਾ : ਡਿਪਟੀ ਸਪੀਕਰ ਸਾਹਿਬ, ਮੈਂ ਗੱਲ ਕਰ ਰਿਹਾ ਸੀ ਸੜਕਾਂ ਦੀ । ਕਈ ਥਾਵਾਂ ਤੇ ਜਿਵੇਂ ਲੁਧਿਆਣਾ, ਜਲੰਧਰ ਵਗੈਰਾ ਜੋ ਡਿਸਟ੍ਰਿਕਟ ਹਨ, ਉਨ੍ਹਾਂ ਵਿਚ ਜ਼ਿਆਦਾਤਰ ਪਿੰਡਾਂ ਵਿਚ ਫਸਟ ਲਿੰਕ ਬਣੇ ਹੋਏ ਹਨ ਅੱਤ ਉਥੇ ਸੜਕਾਂ ਦੀ ਹਾਲਤ ਵੀ ਅੱਛੀ ਹੈ ਪਰ ਮੇਰੇ ਇਲਾਕੇ ਵਿੱਚ ਸਰਵੇ ਕਰਵਾ ਕੇ ਦੇਖ ਲਓ, ਘਟੋ ਘੱਟ 1 ਹਜ਼ਾਰ ਕਿਲੋਮੀਟਰ ਸੜਕਾਂ ਐਸੀਆਂ ਹਨ, ਜਿਥੇ ਪਹਿਲੇ ਲਿੰਕ ਵੀ ਪ੍ਰਾਪਰਲੀ ਨਹੀਂ ਬਣੇ । ਇਸ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਦੇ ਬਾਰੇ ਸਰਵੇ ਕਰਵਾ ਲਿਆ ਜਾਵੇ ਅਤੇ ਫਸਟ ਲਿੰਕ ਜ਼ਰੂਰ ਬਣਾ ਦਿੱਤੇ ਜਾਣੇ ਚਾਹੀਦੇ ਹਨ ।

ਡਿਪਟੀ ਸਪੀਕਰ ਸਾਹਿਬ, ਇਕ ਬੜੀ ਅਜੀਬ ਗੱਲ ਹੈ ਕਿ ਪੰਜਾਬ ਵਿਚ ਇਸ ਵੇਲੇ ਸ਼ਾਇਦ ਹੀ ਕੋਈ ਐਸਾ ਪਿੰਡ ਹੋਵੇ ਜਿਥੇ ਸਕੂਲ ਨਾ ਹੋਵੇ ਪਰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਨਾਲੇ ਵੀ 13 ਪਿੰਡ ਐਸੇ ਹਨ, ਜਿੱਥੇ ਕੋਈ ਸਕੂਲ ਨਹੀਂ ਫਿਰ ਵੀ ਮੈਂ ਸਿੱਖਿਆ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਕਿ ਉਨਾਂ ਨੇ ਹੁਣ ਮੈਨੂੰ ਇਹ ਆਸ਼ਵਾਸ਼ਨ ਦਿੱਤਾ ਹੈ ਕਿ ਇਸ ਸਾਲ 5-6 ਸਕੂਲ ਜ਼ਰੂਰ ਉਸ ਹਲਕੇ ਵਿੱਚ ਖੋਲ੍ਹ ਦਿੱਤੇ ਜਾਣਗੇ ।

ਇਕ ਹੋਰ ਬੇਨਤੀ ਮੈਂ ਆਪਣੇ ਹਲਕੇ ਦੇ ਬਾਰੇ ਇਹ ਕਰਨੀ ਹੈ ਕਿ ਮੇਰੇ ਹਲਕੇ ਵਿੱਚ ਪੰਚਾਇਤ ਸੰਮਤੀ ਬਲਾਕ ਤਾਂ ਬਣ ਗਿਆ ਹੈ ਪਰ ਬੈਠਣ ਵਾਸਤੇ ਕੋਈ ਥਾਂ ਨਹੀਂ ਬਿਲਡਿੰਗ ਨਹੀਂ ਸਾਡੇ ਕੋਲ ਜਗ੍ਹਾ ਪਈ ਹੈ ਮੇਰੀ ਬੇਨਤੀ ਹੈ ਉਥੇ ਬਿਲਡਿੰਗ ਜ਼ਰੂਰ ਬਣਾ ਦਿਤੀ ਜਾਵੇ । ਮੈਂ ਪਹਿਲਾਂ ਬੇਨਤੀ ਕੀਤੀ ਹੈ ਕਿ ਮੇਰੇ ਹਲਕੇ ਵਿਚ 25-30 ਪਿੰਡ ਐਸੇ

Original with;
Punjab Vidhan Sabha
Digitized by;
Panjab Digital Library

ਹਨ, ਜਿਹੜੇ ਕਿ ਸ਼ਹਿਰ ਤੋਂ ਬਹੁਤ ਦੂਰ ਪੈਂਦੇ ਹਨ, ਉਥੋਂ ਦੇ ਬੱਚਿਆਂ ਨੂੰ ਦੂਰ ਦੂਰ ਜਾਣਾ ਪੈਂਦਾ ਹੈ । ਇਸ ਲਈ ਬੇਨਤੀ ਹੈ ਕਿ ਉਥੇ ਇਕ ਆਈ. ਟੀ. ਆਈ. ਅੌਰ ਇਕ ਕਾਲਜ ਜ਼ਰੂਰ ਬਣਾ ਦੇਣਾ ਚਾਹੀਦਾ ਹੈ ।

ਇਕ ਇਹ ਵੀ ਬੇਨਤੀ ਮੈਂ ਕਰਨੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਕੋਈ ਪਾਵਰ ਸਬ ਸਟੇਸ਼ਨ ਨਹੀਂ ਹੈ । ਬਾਰਸ਼ਾਂ ਦੇ ਦਿਨਾਂ ਵਿਚ ਸਾਡੇ ਹਲਕੇ ਵਿਚ ਬਹੁਤ ਘੱਟ ਵੋਲਟੇਜ ਹੁੰਦੀ ਹੈ ਅੌਰ ਬਰੇਕ ਡਾਊਨ ਵੀ ਬਹੁਤ ਹੁੰਦੀ ਹੈ । ਕਈ ਵਾਰ 2-2 ਘੰਟੇ ਬਿਜਲੀ ਨਹੀਂ ਆਉਂਦੀ । ਇਸ ਲਈ ਮੇਰੇ ਹਲਕੇ ਵਿਚ ਅਜਰੌਲ ਪਿੰਡ ਦੇ ਲਾਗੇ ਦੋ ਸਬ ਸਟੇਸ਼ਨ ਜ਼ਰੂਰ ਬਣਾ ਦੇਣੇ ਚਾਹੀਦੇ ਹਨ । ਮੈਂ ਪਹਿਲਾਂ ਦਸਿਆ ਹੈ ਕਿ ਪਾਣੀ ਦੀ ਕਮੀ ਹੋਣ ਕਾਰਣ ਉਥੇ ਖੇਤੀਬਾੜੀ ਵੀ ਜ਼ਿਆਦਾ ਨਹੀਂ ਹੋ ਸਕਦੀ । ਉਥੇ ਪਾਣੀ ਵਿਚ ਫਲੋਰਾਈਡ ਜ਼ਿਆਦਾ ਹੈ । ਇਹ ਲਈ ਮੇਰੀ ਬੇਨਤੀ ਹੈ ਕਿ ਸੰਘੂ ਦੇ ਲਾਗੇ ਕੋਈ ਹੈਵੀ ਇੰਡਸਟਰੀ ਸਰਕਾਰ ਨੂੰ ਲਾ ਦੇਣੀ ਚਾਹੀਦੀ ਹੈ ।

ਸ਼੍ਰੀ ਡਿਪਟੀ ਸਪੀਕਰ : ਰਿਪੀਟ ਨਾ ਕਰੋ ।

ਸਰਦਾਰ ਜਸਜੀਤ ਸਿੰਘ ਰੰਧਾਵਾ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਦਾ ਹਾਂ ਕਿ ਪਿੱਛੇ ਜਦੋਂ 1993 ਵਿਚ ਫਲੱਡ ਆਏ ਸੀ ਤਾਂ ਸਾਡੇ ਹਲਕੇ ਵਿਚ ਕਈ ਪਿੰਡ ਪਾਣੀ ਨਾਲ ਰੁੜ੍ਹ ਗਏ ਸਨ । ਉਸ ਵੇਲੇ ਜਦੋਂ ਪ੍ਰਾਈਮ ਮਨਿਸਟਰ ਸਾਹਿਬ ਨੇ ਸਾਡੇ ਮੁੱਖ ਮੰਤਰੀ ਨਾਲ ਹਵਾਈ ਸਰਵੇ ਕੀਤਾ ਸੀ ਤਾਂ ਕਿਹਾ ਗਿਆ ਸੀ ਕਿ ਇਥੇ ਪਿੰਡਾਂ ਵਿਚ ਸਪੱਰ ਪੈਸੇਜ ਬਣਾਏ ਜਾਣਗੇ । ਇਸ ਲਈ ਮੇਰੀ ਬੇਨਤੀ ਹੈ ਕਿ ਸਾਡੀ ਸਰਕਾਰ ਨੂੰ ਇਸ ਵੱਲ ਵੀ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ।

ਇਸ ਤੋਂ ਇਲਾਵਾ ਸਾਡੇ ਹਲਕੇ ਵਿਚ ਡਿਸਪੈਂਸਰੀਆਂ ਦੀ ਵੀ ਬਹੁਤ ਲੋੜ ਹੈ, ਉਹ ਵੀ ਜ਼ਰੂਰ ਬਣਾਈਆਂ ਜਾਣੀਆਂ ਚਾਹੀਦੀਆਂ ਹਨ । ਵੈਟਰਨਰੀ ਡਿਸਪੈਂਸਰੀਆਂ ਵੀ ਬਣਾਈਆਂ ਜਾਣੀਆਂ ਚਾਹੀਦੀਆਂ ਹਨ । ਸਕੂਲ ਅਪਗਰੇਡ ਕੀਤੇ ਜਾਣੇ ਚਾਹੀਦੇ ਹਨ, ਸ਼ਡਿਊਲਡ ਕਾਸਟਸ ਲਈ ਧਰਮਸ਼ਾਲਾਵਾਂ ਨਵੀਆਂ ਵੀ ਬਣਾਉਣੀਆਂ ਹਨ ਅਤੇ ਰਿਪੇਅਰ ਵਾਸਤੇ ਵੀ ਪੈਸਾ ਰੱਖਿਆ ਜਾਣਾ ਚਾਹੀਦਾ ਹੈ ।

ਇਕ ਗੱਲ ਦੀ ਹੋਰ ਮੈਂ ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਇਥੇ ਲੋਕ ਆਯੁਕਤ ਬਣਾਇਆ ਜਾਵੇਗਾ ਜਿਵੇਂ ਕਿ ਗਵਰਨਰ ਅੈਡਰੈਸ ਵਿਚ ਦਸਿਆ ਗਿਆ ਹੈ । ਇਸ ਨਾਲ ਇਹ ਜਿਹੜੇ ਇਥੇ ਕੁਰੱਪਸ਼ਨ ਦੀਆਂ ਗੱਲਾਂ ਕਰਦੇ ਹਨ, ਉਹ ਵੀ ਚੁਪ ਹੋ ਜਾਣਗੇ । ਉਸ ਲੋਕ ਆਯੁਕਤ ਦਾਇਰੇ ਵਿਚ ਅਸੀਂ ਸਾਰੇ ਅਤੇ ਹੋਰ ਅਧਿਕਾਰੀ ਵੀ ਆ ਜਾਣਗੇ ।

ਇਸ ਦੇ ਨਾਲ ਮੈਂ ਸਰਕਾਰ ਨੂੰ ਇਸ ਗੱਲ ਲਈ ਵੀ ਮੁਬਾਰਕਬਾਦ ਦਿੰਦਾ ਹਾਂ ਕਿ ਇਸ ਨੇ ਪੰਜਾਬ ਦੇ ਲੋਕਾਂ ਦੇ ਭਲੇ ਲਈ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ ਹਨ । ਇਸ ਲਈ ਮੈਂ ਸਾਰੇ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਹ ਬਜਟ ਬੜਾ ਅੱਛਾ ਬੱਜਟ ਹੈ ਇਸ ਨੂੰ ਸਰਬਸੰਮਤੀ ਨਾਲ ਇਥੇ ਪਾਸ ਕਰਨਾ ਚਾਹੀਦਾ ਹੈ, ਇਸ ਨਾਲ ਸਾਰੇ ਵਰਗਾਂ ਨੂੰ ਫਾਇਦਾ ਹੋਇਆ ਹੈ ।

Original with;
Punjab Vidhan Sabha
Digitized by;
Punjab Digital Library

ਸ਼੍ਰੀ ਡਿਪਟੀ ਸਪੀਕਰ: ਸਰਦਾਰ ਰਾਜ ਸਿੰਘ ਖੇੜੀ । (ਵਿਘਨ) ਸਰਦਾਰ ਰਾਜ ਸਿੰਘ ਜੀ, ਇਕ ਮਿੰਟ । ਸ਼੍ਰੀਮਤੀ ਵਿਮਲਾ ਡਾਂਗ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਖੜ੍ਹੇ ਹਨ ।

ਸ਼੍ਰੀਮਤੀ ਵਿਮਲਾ ਡਾਂਗ: ਡਿਪਟੀ ਸਪੀਕਰ ਸਾਹਿਬ, ਡਿਸਕਸ਼ਨ ਦਾ ਜਿਹੜਾ ਫੰਡਾਮੈਂਟਲ ਤਰੀਕਾ ਹੈ,ਤੁਸੀਂ ਉਹ ਵੀ ਛੱਡੀ ਜਾ ਰਹੇ ਹੋ....

ਸ਼੍ਰੀ ਡਿਪਟੀ ਸਪੀਕਰ: ਮਾਫ ਕਰਨਾ ਮੈਡਮ, ਤੁਹਾਡੀ ਗੱਲ ਸਾਫ ਸੁਣਾਈ ਨਹੀਂ ਦੇ ਰਹੀ । ਅਰਸ਼ੀ ਜੀ ਤੁਸੀ ਦੱਸ ਦਿਓ, ਇਹ ਕੀ ਕਹਿਣਾ ਚਾਹੁੰਦੇ ਹਨ ।

ਕਾਮਰੇਡ ਹਰਦੇਵ ਅਰਸ਼ੀ: ਮੈਡਮ ਇਸ ਗੱਲ ਤੇ ਇਤਰਾਜ਼ ਕਰ ਰਹੇ ਹਨ ਕਿ ਜਿਹੜਾ ਡਿਸਕਸ਼ਨ ਦਾ ਪਰੋਸੀਜਰ ਹੈ, ਉਹ ਤੁਸੀਂ ਹਾਊਸ ਨੂੰ ਕਨਫੀਡੈਂਸ ਵਿਚ ਲੈ, ਕੇ ਨਹੀਂ ਅਲਾਉ ਕਰ ਰਹੇ । ਪਹਿਲੇ ਤੁਸੀਂ ਸਾਰੇ ਉਧਰੋਂ ਇਕੋ ਹੀ ਪਾਰਟੀ ਦੇ ਬੋਲਣ ਲਈ ਕਹਿੰਦੇ ਰਹੇ ਹੋ । ਇਹ ਤਰੀਕਾ ਠੀਕ ਨਹੀਂ ।

ਸ਼੍ਰੀ ਡਿਪਟੀ ਸਪੀਕਰ: ਅਰਸ਼ੀ ਜੀ, ਮੇਰੇ ਕਲ ਤੁਹਾਡਾ ਕੋਈ ਨਾਂ ਨਹੀਂ ਆਇਆ । ਹੁਣ ਮੇਰੇ ਕੋਲ ਤੁਹਾਡਾ ਨਾਂ ਆਇਆ ਹੈ । I am sorry I did not see her. I am so sorry Madam ਮੈਂ ਤੁਹਾਨੂੰ ਨਹੀਂ ਦੇਖਿਆ । ਤੁਸੀਂ ਮੈਨੂੰ ਸਲਿਪ ਭੇਜ ਦਿੰਦੇ । I am sorry for that. Please take your seat,

ਸਰਦਾਰ ਰਾਜ ਸਿੰਘ ਖੇੜੀ (ਸ਼ੇਰਪੁਰ ਅੰਸ.ਸੀ.) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ । ਇਥੇ ਪੰਜਾਬ ਵਿਚ ਲੋਕ ਗੀਤ ਗਾਇਆ ਜਾਂਦਾ ਹੈ "ਅੱਖ ਨਾਲ ਗੱਲ ਕੋਰ ਗਈ, ਬੁੱਲ੍ਹਾਂ ਨਾਲ ਭੋਰ ਗਈ ਪਤਾਸੇ ।" ਇਸ ਹਾਊਸ ਵਿਚ ਵੇਖਣ ਵਿਚ ਆਇਆ ਹੈ ਕਿ ਕਿਸੇ ਤਰ੍ਹਾਂ ਰੂਲਿੰਗ ਪਾਰਟੀ ਦੇ ਮੈਂਬਰ ਸਾਹਿਬਾਨ ਸਰਕਾਰ ਦੇ ਗੁਣ ਗਾਇਣ ਕਰਦੇ ਹਨ ਅਤੇ ਸਚਾਈ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਹਨ । ਪਹਿਲੇ ਇਥੇ ਗਵਰਨਰ ਐਡਰੈੱਸ ਉਤੇ ਅਤੇ ਹੁਣ ਬਜਟ ਉਤੇ ਬੋਲਦੇ ਹੋਏ ਰੂਲਿੰਗ ਪਾਰਟੀ ਦੇ ਮੈਂਬਰ ਸਾਹਿਬਾਨ ਸਰਕਾਰ ਦੀ ਤਾਰੀਫ ਹੀ ਕਰੀ ਜਾਂਦੇ ਹਨ ਅਤੇ ਵਧ ਚੜ੍ਹ ਕੇ ਤਾਰੀਫ ਕਰਨ ਦੀ ਕੋਸ਼ਿਸ਼ ਇਥੇ ਕੀਤੀ ਜਾ ਰਹੀ ਹੈ । ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਪੰਜਾਬ ਵਿਚ ਜਿਹੜੇ ਸ਼ਡਿਊਲਡ ਕਾਸਟ ਲੋਕ ਹਨ, ਉਨ੍ਹਾਂ ਨੂੰ ਕਰਜ਼ੇ ਦੇਣ ਬਾਰੇ ਕਾਫੀ ਗੱਲਾਂ ਇਥੇ ਕੀਤੀਆਂ ਜਾਂਦੀਆਂ ਹਨ ਪਰ ਅਗਰ ਸਹੀ ਮਾਅਨਿਆਂ ਦੇ ਵਿਚ ਘੋਖ ਕੀਤੀ ਜਾਵੇ ਤਾਂ ਕਾਫੀ ਅਹਿਮ ਗੱਲਾਂ ਸਾਡੇ ਸਾਹਮਣੇ ਆਉਣਗੀਆਂ । ਜਿਵੇਂ ਕਿ ਖਾਦੀ ਬੋਰਡ ਤੋਂ ਕਿਸੇ ਨੇ ਕਰਜ਼ਾ ਲੈਣਾ ਹੋਵੇ ਤਾਂ ਉਹ ਪਹਿਲਾਂ ਕਹਿੰਦੇ ਹਨ ਕਿ ਕੋਈ ਸੋਸਾਇਟੀ ਬਣਾ ਲਵੋ ਉਸ ਉਤੇ ਅਸੀਂ ਤੁਹਾਨੂੰ 4% ਵਿਆਜ ਦੀ ਦਰ ਨਾਲ ਕਰਜ਼ਾ ਦੇਵਾਂਗੇ ਪਰ ਦੂਜੇ ਪਾਸੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਲਈ ਸ਼ਡਿਊਲਡ ਕਾਸਟ ਫਾਈਨੈਂਸ ਐਂਡ ਲੈਂਡ ਡਿਵੈਲਪਮੈਂਟ ਕਾਰਪੋਰੇਸ਼ਨ ਰਾਹੀਂ ਇਨ੍ਹਾਂ ਲੋਕਾਂ ਨੂੰ ਕਰਜ਼ਾ ਜ਼ਿਆਦਾ ਦਰ ਉਤੇ ਦਿੱਤਾ ਜਾਂਦਾ ਹੈ ਜਦ ਕਿ ਇਥੇ ਸਰਕਾਰ ਗਰੀਬੀ ਨੂੰ ਖਤਮ ਕਰਨ ਦਾ ਦਾਅਵਾ ਕਰਦੀ ਹੈ ਅਤੇ ਆਪਣੇ ਆਪ ਨੂੰ ਗਰੀਬ ਲੋਕਾਂ

Original with;
Punjab Vidhan Sabha
Digitized by:
Panjab Digital Library

ਦੀ ਹਿਮਾਇਤੀ ਕਹਿੰਦੀ ਹੈ । ਇਸ ਲਈ ਇਸ ਕਾਰਪੋਰੇਸ਼ਨ ਦੇ ਵਿਚੋਂ ਜਿਹੜੇ ਕਰਜ਼ੇ ਸ਼ਡਿਊਲਡ ਕਾਸਟ ਲੋਕਾਂ ਨੂੰ ਮਿਲਦੇ ਹਨ, ਉਸ ਉਤੇ ਕਰਜ਼ੇ ਦੀ ਦਰ ਘਟ ਕੀਤੀ ਜਾਵੇ । ਇਕ ਸਕੀਮ ਪੰਜਾਬ ਸਰਕਾਰ ਨੇ ਪਿੱਛੇ ਚਲਾਈ ਸੀ, ਕਿ ਗਰੀਬ ਲੋਕਾਂ ਨੂੰ ਪਿੰਡਾਂ ਦੇ ਵਿਚ ਸਿੰਗਲ ਪੁਆਇੰਟ ਬਲਬ ਦਿੱਤਾ ਜਾਵੇਗਾ ਪਰ 2 ਸਾਲ ਨਾਲੋਂ ਜ਼ਿਆਦਾ ਸਮਾਂ ਗੁਜ਼ਰ ਗਿਆ ਹੈ, ਹਾਲੇ ਤਕ ਲੋਕਾਂ ਨੂੰ ਬਿਜਲੀ ਦਾ ਇਕ ਪੁਆਇੰਟ ਨਹੀਂ ਮਿਲਿਆ ਹੈ । ਇਨ੍ਹਾਂ ਗਰੀਬ ਲੋਕਾਂ ਨੂੰ ਉਪਰ ਚੁੱਕਣ ਲਈ ਸਰਕਾਰ ਵਲੋਂ ਇਹ ਸਹਾਇਤਾ ਦਿੱਤੀ ਜਾਣੀ ਸੀ ਅਤੇ ਸਰਕਾਰ ਨੇ ਪ੍ਰਾਈਵੇਟ ਠੇਕੇਦਾਰ ਰਾਹੀਂ ਲੋਕਾਂ ਦੇ ਘਰਾਂ ਵਿਚ ਫੱਟੀਆਂ ਦੀ ਫਿਟਿੰਗ ਵੀ ਕਰਵਾ ਦਿੱਤੀ ਸੀ ਜਿਸ ਉਤੇ ਹੁਣ ਲੋਕ ਕਪੜੇ ਟੰਗਦੇ ਹਨ । ਬੱਚਿਆਂ ਨੇ ਫਿਟਿੰਗਜ਼ ਨੂੰ ਪੁੱਟ ਦਿੱਤਾ ਹੈ ਅੱਤੇ ਬਿਜਲੀ ਦਾ ਸਿੰਗਲ ਬਲਬ ਨਹੀਂ ਲੱਗਾ ਹੈ । 2-3 ਸਾਲ ਬੀਤ ਗਏ ਹਨ ਪਰ ਹਾਲੇ ਤੱਕ ਇਨ੍ਹਾਂ ਗਰੀਬ ਲੋਕਾਂ ਦੇ ਘਰਾਂ ਵਿਚ ਮੀਟਰ ਨਹੀਂ ਲੱਗੇ ਹਨ । ਪਹਿਲੇ ਬਿਜਲੀ ਬੋਰਡ ਵਲੋਂ 160 ਰੁਪਏ ਸਿਕਿਉਰਿਟੀ ਡਿਕਸ ਕੀਤੀ ਗਈ ਸੀ ਪ੍ਰਰ ਉਸ ਨੂੰ ਹੁਣ ਵਧਾ ਕੇ 320 ਰੁਪਏ ਕਰ ਦਿੱਤਾ ਗਿਆ ਹੈ । ਸਰਕਾਰ ਨੂੰ ਇਸ ਤੁਰਫ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਇਹ ਵੀ ਆਪਣੇ ਪਰਿਵਾਰ ਵਿਚ ਲਾਈਟ ਦਾ ਨਜ਼ਾਰਾ ਲੈ ਸਕਣ । ਇਹ ਲਾਈਟ ਲੋਕਾਂ ਨੂੰ ਜਲਦੀ ਤੋਂ ਜਲਦੀ ਪ੍ਰੋਵਾਈਡ ਕਰ ਦੇਣੀ ਚਾਹੀਦੀ ਹੈ । ਡਿਪਟੀ ਸਪੀਕਰ ਸਾਹਿਬ, ਜਿਹੜਾ ਬਜਟ ਹੈ, ਉਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਜ਼ਿਆਦਾ ਦਲਿਤ ਲੋਕਾਂ ਵਾਸਤੇ ਰੱਖਣਾ ਚਾਹੀਦਾ ਸੀ । ਸਰਕਾਰ ਦੀਆਂ ਸਕੀਮਾਂ ਅਨਾਊਂਸ ਹੁੰਦੀਆਂ ਹਨ ਅਤੇ ਪੇਪਰਾਂ ਵਿਚ ਬੜਾ ਕੁਝ ਆਉਂਦਾ ਹੈ ਪਰ ਸਹੀ ਮਾਅਨਿਆਂ ਵਿਚ ਉਹ ਸਕੀਮਾਂ ਲਾਗੂ ਨਹੀਂ ਹੁੰਦੀਆਂ ।

ਧਰਮਸ਼ਾਲਾਵਾਂ ਦੀ ਗੱਲ ਸਾਹਮਣੇ ਆਉਂਦੀ ਹੈ । ਉਨ੍ਹਾਂ ਦੀ ਬੜੀ ਤਰਸਯੋਗ ਹਾਲਤ ਹੈ । ਪਿੰਡਾਂ ਵਿਚ ਰਹਿਣ ਵਾਲੇ ਲੋਕ ਇਸ ਬਾਰੇ ਚੰਗੀ ਤਰ੍ਹਾਂ ਜਾਣਦੇ ਹਨ । 2-2 ਗਾਰਡਰ ਲਗਾ ਕੇ 12X12 ਫੁੱਟ ਦਾ ਇਕ ਕਮਰਾ ਬਣਾ ਦਿੱਤਾ ਜਾਂਦਾ ਹੈ । ਦਲਿਤ ਲੋਕਾਂ ਕੋਲ ਘਰ ਨਹੀਂ ਹੁੰਦੇ । ਠੀਕ ਹੈ ਕਿ 50,000/- ਰੁਪਿਆ ਗਰਾਂਟ ਦੇਣ ਦੀ ਸਰਕਾਰ ਦੀ ਯੋਜਨਾ ਹੈ ਪਰ 50,000/- ਰੁਪਏ ਨਾਲ ਉਨ੍ਹਾਂ ਦਾ ਕੁਝ ਨਹੀਂ ਬਣਦਾ, ਕੋਈ ਧਰਮਸ਼ਾਲਾ ਨਹੀਂ ਬਣਦੀ ਜਦੋਂ ਧਰਮਸ਼ਾਲਾ ਦੀ ਉਸਾਰੀ ਕੀਤੀ ਜਾਂਦੀ ਹੈ ਤਾਂ ਗਰੀਬ ਲੋਕ ਲੇਬਰ ਦਾ ਕੰਮ ਖੁਦ ਕਰਦੇ ਹਨ ਅੱਤੇ ਫਰੀ ਕਰਦੇ ਹਨ ਸਿਰਫ ਇਕ ਕਮਰਾ ਦੇ ਦੋ ਗਾਰਡਰ ਲਗਾ ਕੇ ਬਣਦਾ ਹੈ । ਸਰਕਾਰ ਵਲੋਂ ਕਮਿਉਨਿਟੀ ਸੈਂਟਰਾਂ ਤੇ 6-6, 8-8 ਲੱਖ ਰੁਪਿਆ ਲਗਾਇਆ ਜ਼ਾ ਰਿਹਾ ਹੈ ਪਰ ਦਲਿਤ ਲੋਕਾਂ ਵੱਲ ਇਹ ਧਿਆਨ ਨਹੀਂ ਦੇ ਰਹੀ, 50,000/- ਰੁਪਏ ਦੀ ਜਗ੍ਹਾ ਤੇ ਉਨ੍ਹਾਂ ਗਰੀਬਾਂ ਨੂੰ ਧਰਮਸ਼ਾਲਾਵਾਂ ਵਾਸਤੇ 2 ਲੱਖ ਰੁਪਿਆ ਦੇਣਾ ਚਾਹੀਦਾ ਹੈ (ਥੰਪਿੰਗ)।

ਜੇ ਅਸੀਂ ਪੰਜਾਬ ਦੇ ਕਿਸਾਨਾਂ ਤੇ ਨਜ਼ਰ ਮਾਰੀਏ ਤਾਂ ਸਹੀ ਮਾਅਨਿਆਂ ਵਿਚ ਪੰਜਾਬ ਦੇ ਕਿਸਾਨ ਰੁੰਦੇ ਕੁਰਲਾਂਦੇ ਅਤੇ ਬਹੁਤ ਦੁਖੀ ਨਜ਼ਰ ਆਉਣਗੇ । ਕਿਸਾਨਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਰਾਜ ਸਿੰਘ ਖੇੜੀ]

ਨੂੰ ਨਕਲੀ ਦਵਾਈਆਂ ਦਿਤੀਆਂ ਜਾਂਦੀਆਂ ਹਨ ਅਤੇ ਨਕਲੀ ਖਾਦਾਂ ਅਤੇ ਬੀਜ ਦਿੱਤੇ ਜਾਂਦੇ ਹਨ ਅੱਜ ਪੰਜਾਬ ਦਾ ਕਿਸਾਨ ਰੋਂਦਾ, ਕੁਰਲਾਂਦਾ ਅਤੇ ਦੁਖੀ ਨਜ਼ਰ ਆ ਰਿਹਾ ਹੈ ।

ਪਿੰਡਾਂ ਵਿਚ ਕਿਸਾਨਾਂ ਲਈ ਬਿਜਲੀ ਦਾ ਕੋਈ ਵਾਧਾ ਨਹੀਂ ਕੀਤਾ ਗਿਆ ਹੈ । ਬਿਜਲੀ ਦੇ ਰੇਟ, ਪਾਣੀ ਦੇ ਰੇਟ ਕਿਸਾਨਾਂ ਲਈ ਵਧਾ ਦਿੱਤੇ ਗਏ ਹਨ ਜਦੋਂ ਕਿ ਕਿਸਾਨ ਨੂੰ ਦੇਸ਼ ਦਾ ਅੰਨਦਾਤਾ ਕਿਹਾ ਜਾ ਰਿਹਾ ਹੈ ਅਤੇ ਉਸਨੂੰ ਬਹੁਤ ਉਚਾ ਅਹੁਦਾ ਦਿੱਤਾ ਜਾ ਰਿਹਾ ਹੈ । ਕਿਸਾਨਾਂ ਨੂੰ ਬਹੁਤ ਵੱਡੇ ਪੈਮਾਨੇ ਤੇ ਸਬਸਿਡੀ ਦੇਣੀ ਚਾਹੀਦੀ ਹੈ । ਕਿਸਾਨਾਂ ਨੂੰ ਸਬਸਿਡੀ ਦੇ ਕੇ ਵਧਣ ਫੁੱਲਣ ਦਾ ਪੂਰਾ ਮੌਕਾ ਸਰਕਾਰ ਨੂੰ ਦੇਣਾ ਚਾਹੀਦਾ ਹੈ । ਜੇਕਰ ਕਿਸਾਨ ਨੂੰ ਸਾਰੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ ਤਾਂ ਹੀ ਉਹ ਜਿਣਸ ਦੀ ਵਧ ਪੈਦਾਵਾਰ ਕਰ ਸਕੇਗਾ ।

ਸੜਕਾਂ ਦੀ ਗੱਲ ਹੈ । ਮੇਰਾ ਜ਼ਿਲ੍ਹਾ ਵੀ ਸੰਗਰੂਰ ਹੈ ਅਤੇ ਮੈਂ ਭੱਠਲ ਭੈਣ ਜੀ ਦਾ ਛੋਟਾ ਵੀਰ ਹਾਂ । ਖਾਸ ਤੌਰ ਤੇ ਸਾਡੇ ਜ਼ਿਲ੍ਹੇ ਵਿਚ ਸੜਕਾਂ ਦੀ ਬੁਰੀ ਹਾਲਤ ਹੈ । ਮੈਨੂੰ ਕਈ ਵਾਰ ਭੈਣ ਜੀ ਦੇ ਹਲਕੇ ਵਿਚ ਵੀ ਜਾਣ ਦਾ ਮੌਕਾ ਮਿਲਿਆ ਹੈ ਅਤੇ ਮੈਂ ਮਹਿਸੂਸ ਕੀਤਾ ਹੈ ਕਿ ਮੈਂ ਭੈਣ ਜੀ ਦੇ ਹਲਕੇ ਵਿਚ ਨਹੀਂ ਹਾਂ ਬਲਕਿ ਰਾਜਸਥਾਨ ਵਿਚ ਹਾਂ । (ਥੰਪਿੰਗ) ਸੜਕਾਂ ਦੀ ਖਸਤਾ ਹਾਲਤ ਹੈ ਅਤੇ ਸਾਰੇ ਪਿੰਡਾਂ ਦੀਆਂ ਸੜਕਾਂ ਦੀ ਬੁਰੀ ਹਾਲਤ ਨਜ਼ਰ ਆਉਂਦੀ ਹੈ । ਇਕ ਘਨੌਰੀ ਪਿੰਡ ਹੈ । ਮੈਨੂੰ ਉਸ ਪਿੰਡ ਵਿਚ ਜਾਣਾ ਪਿਆ, ਪਿੰਡ ਦੀਆਂ ਸੜਕਾਂ ਦੀ ਉਥੇ ਖਸਤਾ ਹਾਲਤ ਸੀ । ਡਿਪਟੀ ਸਪੀਕਰ ਸਾਹਿਬ ਕਲ੍ਹ ਪਰਸੋਂ ਦੀ ਗੱਲ ਹੈ । ਇਕ ਨੌਜਵਾਨ ਮੋਟਰ ਸਾਈਕਲ ਤੇ ਜਾ ਰਿਹਾ ਸੀ । ਉਹ ਸੜਕ ਉਪਰ ਚੜ੍ਹਨ ਲਗਿਆ, ਤਾਂ ਸੜਕ ਦਾ ਫੁੱਟ ਡੇਢ ਫੁੱਟ ਟੋਟਾ ਟੁੱਟਿਆ ਹੋਇਆ ਸੀ ਜਿਸ ਦੀ ਵਜ੍ਹਾ ਕਰਕੇ ਉਹ ਟਰੱਕ ਦੇ ਥੱਲੇ ਆ ਗਿਆ । ਉਹ ਦਲਿਤ ਸਮਾਜ ਦਾ ਬੱਚਾ ਜੋ ਆਪਣੇ ਬੁਢੇ ਮਾਂ-ਬਾਪ ਦੇ ਬੁਢਾਪੇ ਦੀ ਡੰਗੋਰੀ ਸੀ, ਉਹ ਜੋ ਚਾਰ ਪੈਸੇ ਕਮਾ ਕੇ ਆਪਣੇ ਮਾਂ-ਬਾਪ ਅਤੇ ਭਾਈ ਭੈਣਾਂ ਦੀ ਪਰਵਰਿਸ਼ ਕਰਦਾ ਸੀ, ਮੌਕੇ ਤੇ ਹੀ ਦਮ ਤੋੜ ਗਿਆ । ਡਿਪਟੀ ਸਪੀਕਰ ਸਾਹਿਬ, ਮੈਂ ਜ਼ੋਰ ਦੇ ਕੇ ਕਹਿਣਾ ਚਾਹਵਾਂਗਾ ਕਿ ਜਿਥੇ ਵਿਕਾਸ ਦੀਆਂ ਗੱਲਾਂ ਕੀਤੀਆਂ ਜਾਦੀਆਂ ਹਨ ਕਿ ਪੰਜਾਬ ਵਿਚ ਵਿਕਾਸ ਹੋ ਰਿਹਾ ਹੈ, ਸੜਕਾਂ ਬਣ ਰਹੀਆਂ ਹਨ, ਉਥੇ ਜਦੋਂ ਪ੍ਰੈਕਟੀਕਲੀ ਅਸੀਂ ਵੇਖਦੇ ਹਾਂ ਤਾਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਹੋ ਸਕਦਾ ਹੈ ਕਿ ਮੰਤਰੀ ਸਾਹਿਬਾਨ ਦੇ ਹਲਕਿਆਂ ਵਿਚ ਕਿਤੇ ਵਧ ਡਿਵੈਲਪਮੈਂਟ ਹੋਈ ਹੋਵੇ ਪਰ ਸਾਨੂੰ ਤਾਂ ਇਹ ਕਿਤੇ ਨਜ਼ਰ ਨਹੀਂ ਆਉਂਦੀ । ਸੜਕਾਂ ਵਲ ਸਰਕਾਰ ਨੂੰ ਖਾਸ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ । ਮੈਂ ਦੁਖੀ ਦਿਲ ਨਾਲ ਦੱਸਦਾ ਹਾਂ ਕਿ ਨੌਵੇ ਮਹੀਨੇ ਦੀ ਇਕ ਤਾਰੀਖ ਨੂੰ ਮੈਂ ਚੰਡੀਗੜ੍ਹ ਨੂੰ ਆ ਰਿਹਾ ਸੀ । ਮੇਰਾ ਮੇਰੇ ਆਪਣੇ ਹੀ ਹਲਕੇ ਦੀ ਸੜਕ ਤੇ ਐਕਸੀਡੈਂਟ ਹੋ ਗਿਆ ਜਿਸ ਦੇ ਦੌਰਾਨ ਮੇਰੇ ਪੂਜਨੀਕ ਪਿਤਾ ਜੀ ਦੀ ਅਤੇ ਮੇਰੇ ਦੋ ਸਾਲ ਦੇ ਲੜਕੇ ਦੀ ਆਨ ਦੀ ਸਪਾਟ ਡੈੱਥ ਹੋ ਗਈ ਅਤੇ ਮੈਨੂੰ ਆਪਣੀ ਮਾਤਾ ਜੀ, ਮਿਸਿਜ਼ ਅਤੇ ਹੋਰ ਭਾਈ ਭਾਨਜਿਆਂ ਨੂੰ ਸੀ.ਐਮ.ਸੀ. ਵਿਚ ਦਾਖਲ ਕਰਵਾਉਣਾ ਪਿਆ ਕਿਉਂਕਿ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਸਨ । ਸੋ, ਇਨ੍ਹਾਂ ਹਾਦਸਿਆਂ ਨੂੰ ਰੋਕਣ ਲਈ ਜੋ ਕਿ

Original with;
Punjab Vidhan Sabha
Digitized by;
Punjab Digital Library

ਸੜਕਾਂ ਦੀ ਮਾੜੀ ਹਾਲਤ ਹੋਣ ਕਾਰਣ ਵਾਪਰਦੇ ਹਨ, ਬਿਨਾਂ ਇਹ ਗੱਲ ਦੇਖੇ ਕਿ ਇਹ ਮੈਂਬਰ ਰੂਲਿੰਗ ਪਾਰਟੀ ਦਾ ਹੈ, ਜਾਂ ਆਪੋਜ਼ੀਸ਼ਨ ਦਾ ਹੈ, ਪੂਰੇ ਪੰਜਾਬ ਦੇ ਪਿੰਡਾਂ ਦੀਆਂ ਸੜਕਾਂ ਨੂੰ ਪਹਿਲ ਦੇ ਆਧਾਰ ਤੇ ਲੈਣਾ ਹੋਵੇਗਾ ਤਾਂਕਿ ਐਕਸੀਡੈਂਟਸ ਵਿਚ ਲੋਕਾਂ ਦੇ ਜਿਹੜੇ ਨੁਕਸਾਨ ਹੁੰਦੇ ਹਨ ਉਹ ਨਾ ਹੋਣ ਅਤੇ ਜਿਹੜੇ ਲੋਕ ਅਣਿਆਈ ਮੌਤ ਮਾਰੇ ਜਾਂਦੇ ਹਨ ਸਰਕਾਰ ਦੀ ਗਲਤੀ ਦੇ ਕਾਰਣ ਉਹ ਨਾ ਮਰਨ । ਇਸ ਨੂੰ ਰੋਕਣਾ ਚਾਹੀਦਾ ਹੈ ਅਤੇ ਸੜਕਾਂ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ । ਮੈਂ ਪੂਰਾ ਜ਼ੋਰ ਦੇ ਕੇ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਸੜਕਾਂ ਦੀ ਜਿਹੜੀ ਗੱਲ ਹੈ ਇਹ ਪਹਿਲ ਦੇ ਆਧਾਰ ਤੇ ਹੱਲ ਹੋਣੀ ਚਾਹੀਦੀ ਹੈ । ਇਹ ਨਹੀਂ ਹੋਣਾ ਚਾਹੀਦਾ ਕਿ ਸੜਕ ਬਣਾ ਦਿੱਤੀ ਅਤੇ ਮੁੜ ਕੇ ਦੇਖਿਆ ਤਕ ਨਹੀਂ, ਉਸ ਦੀ ਰਿਪੇਅਰ ਦਾ ਕੋਈ ਸਮਾਂ ਨਿਸ਼ਚਿਤ ਕਰ ਦਿੱਤਾ ਜਾਵੇ । ਮੈਂ ਕਹਿਣਾ ਚਾਹੁੰਦਾ ਹਾਂ ਕਿ ਕਈ ਸੜਕਾਂ ਤੇ ਟਰੈਫਿਕ ਘੱਟ ਹੁੰਦਾ ਹੈ ਅਤੇ ਕਈ ਸੜਕਾਂ ਲਿੰਕ ਰੋਡਜ਼ ਜਿਹੜੀਆਂ ਸ਼ਹਿਰਾਂ ਵੱਲ ਨੂੰ ਜਾਂਦੀਆਂ ਹਨ, ਉਨ੍ਹਾਂ ਤੇ ਟਰੈਫਿਕ ਦਾ ਕਾਫੀ ਜ਼ੋਰ ਹੁੰਦਾ ਹੈ ਅਤੇ ਵਾਹੋ-ਦਾਹ ਆਵਾਜਾਈ ਚਲਦੀ ਹੈ । ਉਹ ਸਮੇਂ ਤੋਂ ਪਹਿਲਾਂ ਹੀ ਟੁੱਟ ਜਾਂਦੀਆਂ ਹਨ । ਉਸ ਟੁੱਟ-ਫੁੱਟ ਨੂੰ ਦੇਖਦੇ ਹੋਏ ਕੋਈ ਟਾਈਮ ਨਿਸਚਿਤ ਨਹੀਂ ਹੋਣਾ ਚਾਹੀਦਾ ਅਤੇ ਪਰੀਮਿਕਸ, ਪੈਚ ਵਰਕ ਦਾ ਕੰਮ ਮਿਟੀ ਪਾਉਣ ਦਾ ਕੰਮ ਜਾਰੀ ਰੱਖਣਾ ਚਾਹੀਦਾ ਹੈ ।

ਇਕ ਗੱਲ ਹੋਰ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣੀ ਚਾਹੁੰਦਾ ਹਾਂ ਕਿ ਸਾਡੇ ਹਾਊਸ ਵਿਚ ਲਾਅ ਐਂਡ ਆਰਡਰ ਦੀ ਕਾਫੀ ਗੱਲ ਚਲਦੀ ਹੈ । ਮੈਨੂੰ ਇਕ ਗੱਲ ਯਾਦ ਆਉਂਦੀ ਹੈ, ਦੀਵਾਰ ਸੰਧੂ ਨੇ ਇਕ ਗੀਤ ਲਿਖਿਆ, ਉਹ ਆਪ ਦੁਨੀਆਂ ਵਿਚ ਨਹੀਂ ਰਹੇ, ਇਕ ਗੀਤ ਉਨ੍ਹਾਂ ਦਾ ਲਿਖਿਆ ਯਾਦ ਆਉਂਦਾ ਹੈ "ਹੁਣ ਤਾਂ ਠਾਣੇਦਾਰ ਵੀ ਦਫਤਰ ਵਿਚ ਧੂਫ ਜਲਾ ਕੇ ਬਹਿੰਦੇ ਨੇ" । ਅਸੀਂ ਜਦੋਂ ਲਾਅ ਐਂਡ ਆਰਡਰ ਦੀ ਗੱਲ ਕਰਦੇ ਹਾਂ ਕਿ ਪੁਲਿਸ ਨੇ ਬੜਾ ਚੰਗਾ ਰੋਲ ਕੀਤਾ ਹੈ । ਅਸੀਂ ਵੀ ਮੰਨਦੇ ਹਾਂ ਕਿ ਪੁਲਿਸ ਨੇ ਚੰਗਾ ਰੋਲ ਕੀਤਾ । ਪਰ ਮਾਹੌਲ ਸੁਖਾਵਾਂ ਕਰਨ ਵਿਚ ਜਿਹੜੀਆਂ ਪੁਲੀਟੀਕਲ ਪਾਰਟੀਆਂ ਹਨ ਜਿਵੇਂ ਬਹੁਜਨ ਸਮਾਜ ਪਾਰਟੀ ਹੈ, ਸੀ.ਪੀ.ਐਮ. ਅਤੇ ਭਾਰਤੀ ਜਨਤਾ ਪਾਰਟੀ ਹੈ, ਜਿਹੜੀਆਂ ਪਾਰਟੀਆਂ ਨੇ ਚੋਣਾਂ ਲੜੀਆਂ ਅਤੇ ਉਨ੍ਹਾਂ ਅੱਤਵਾਦੀਆਂ ਦਾ ਸਾਹਮਣਾ ਕੀਤਾ, ਉਨ੍ਹਾਂ ਨੇ ਵੀ ਰੋਲ ਅਦਾ ਕੀਤਾ ਹੈ । ਮੈਂ ਦੱਸਦਾ ਹਾਂ ਕਿ 19 ਫਰਵਰੀ ਨੂੰ ਜਿਸ ਦਿਨ ਵੋਟਿੰਗ ਹੋ ਰਹੀ ਸੀ, ਮੈਂ ਆਪਣੇ ਘਰ ਵਿਚ ਆਪਣੇ ਮਾਤਾ ਜੀ ਅਤੇ ਪਿਤਾ ਜੀ ਨੂੰ, ਰਿਸ਼ਤੇਦਾਰਾਂ ਮਿੱਤਰਾਂ ਨੂੰ ਘਰੋਂ ਇਹ ਕਹਿ ਕੇ ਸਵਾ ਸੱਤ ਸਾਢੇ ਸੱਤ ਵਜੇ ਚਲਿਆ ਸੀ ਕਿ ਮੇਰੇ ਵਾਸਤੇ ਆਟੇ ਵਿਚ ਪਾਣੀ ਨਾ ਪਾਇਓ, ਸ਼ਾਇਦ ਮੈਂ ਮੁੜ ਕੇ ਘਰ ਨਾ ਆਵਾਂ । ਸੋ, ਇਸ ਮਾਹੌਲ ਲਈ ਸਾਡੀ ਪਬਲਿਕ ਦਾ, ਸਾਡੇ ਲੋਕਾਂ ਦਾ ਬਹੁਤ ਵੱਡਾ ਹੱਥ ਹੈ । ਉਨ੍ਹਾਂ ਨੇ ਏਥੇ ਲਾਅ ਐਂਡ ਆਰਡਰ ਨੂੰ ਮੇਨਟੇਨ ਕਰਨ ਲਈ ਬਹੁਤ ਵੱਡੇ ਪੈਮਾਨੇ ਤੇ ਰੋਲ ਅਦਾ ਕੀਤਾ ਹੈ । ਜਿਥੇ ਪੁਲਿਸ ਦੇ ਮੁਲਾਜ਼ਮਾਂ ਨੇ ਪੰਜਾਬ ਦੇ ਮਾਹੌਲ ਨੂੰ ਵਧੀਆ ਬਣਾਉਣ ਵਿਚ ਕੋਸ਼ਿਸ਼ਾਂ ਕੀਤੀਆਂ ਅਤੇ ਬਣਾਇਆ ਵੀ, ਉਥੇ ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਅੱਤਵਾਦ ਦੇ ਤਹਿਤ, ਅੱਤਵਾਦ ਦੇ ਬੁਰਕੇ ਦੇ ਥੱਲੇ ਪੰਜਾਬ ਦੀ ਪੁਲਿਸ ਪੰਜਾਬ ਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਰਾਜ ਸਿੰਘ ਖੇੜੀ]

ਲੋਕਾਂ ਨੂੰ ਵੱਡੇ ਪੈਮਾਨੇ ਤੇ ਲੁੱਟ ਰਹੀ ਹੈ, ਠੱਗੀਆਂ ਮਾਰ ਰਹੀ ਹੈ । 2-4 ਦਿਨਾਂ ਦੀ ਗੱਲ ਹੈ, ਸਾਡੇ ਆਪੋਜੀਸ਼ਨ ਦੇ ਐਮ. ਐਲ. ਏ. ਸਾਹਿਬ ਕਾਮਰੇਡ ਤਹਸੇਮ ਸਿੰਘ ਜੋਧਾਂ ਬਾਰੇ ਕਿਹਾ ਗਿਆ ਹੈ ਕਿ ਇਨ੍ਹਾਂ ਦੇ ਖਿਲਾਫ ਇਨਕੁਆਰੀ ਕਰਵਾਈ ਜਾਵੇ, ਇਨ੍ਹਾਂ ਦਾ ਕਤਲ ਵਿਚ ਹੱਥ ਹੈ । ਡਿਪਟੀ ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਗੱਲ ਹੈ । ਜਿਥੋਂ ਤੱਕ ਪੁਲਿਸ ਦੀ ਚੰਗੀ ਕਾਰਗੁਜਾਰੀ ਦਾ ਸਬੰਧ ਹੈ, ਇਹ ਠੀਕ ਹੈ ਕਿ ਸਾਨੂੰ ਉਸ ਵੱਲ ਵੀ ਧਿਆਨ ਰੱਖਣਾ ਚਾਹੀਦਾ ਹੈ, ਉਨ੍ਹਾਂ ਨੂੰ ਹੌਸਲਾ ਦੇਣਾ ਚਾਹੀਦਾ ਹੈ ਕਿ ਤੁਸੀ ਅੱਤਵਾਦ ਨਾਲ ਲੜਾਈ ਕੀਤੀ ਹੈ, ਤੁਸੀ ਪੰਜਾਬ ਵਿਚ ਲਾਅ ਐਂਡ ਆਰਡਰ ਨੂੰ ਮੇਨਟੇਨ ਕੀਤਾ ਹੈ । ਲੇਕਿਨ ਇਸ ਦੇ ਨਾਲ ਨਾਲ ਉਨ੍ਹਾਂ ਦੀਆਂ ਗਲਤੀਆਂ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ । ਅੱਜ ਪੁਲਿਸ ਦੇ ਹੱਥੋਂ ਲੋਕਾਂ ਨਾਲ ਵਧੀਕੀਆਂ ਕੀਤੀਆਂ ਜਾ ਰਹੀਆਂ ਹਨ । ਥਾਣਿਆਂ ਵਿਚ ਸ਼ਰੇ-ਆਮ ਲੋਕਾਂ ਦੀਆਂ ਜੇਬਾਂ ਵਿਚੋਂ ਪੈਸੇ ਕਢੇ ਜਾ ਰਹੇ ਹਨ । ਗੁੰਡਾ ਟਾਈਪ ਲੋਕ ਜਿਨ੍ਹਾਂ ਨੂੰ ਆਮ ਭਾਸ਼ਾ ਵਿਚ ਘੜੰਮ ਚੌਧਰੀ ਕਿਹਾ ਜਾਂਦਾ ਹੈ, ਉਹ ਪੁਲਿਸ ਵਾਲਿਆਂ ਨਾਲ ਮਿਲ ਕੇ, ਥਾਣੇਦਾਰਾਂ ਨਾਲ ਮਿਲ ਕੇ ਕਦੇ ਕਿਸੇ ਨੂੰ ਫੜਾ ਦਿੰਦੇ ਹਨ ਅਤੇ ਕਦੇ ਕਿਸੇ ਨੂੰ ਫੜਾ ਦਿੰਦੇ ਹਨ । ਪੰਜਾਬ ਵਿਚ ਲਾਅ ਐਂਡ ਆਰਡਰ ਦੀ ਪ੍ਰਾਬਲਮ ਕਿਸ ਨੇ ਕਰੀਏਟ ਕੀਤੀ, ਇਹ ਬੜੀ ਲੰਮੀ ਗੱਲ ਹੈ । ਮੈਂ ਇਸ ਵਿਚ ਨਹੀਂ ਜਾਣਾ ਚਾਹੁੰਦਾ । ਪਰ ਪੁਲਿਸ ਦੀਆਂ ਗਲਤ ਕਾਰਵਾਈਆਂ ਉਤੇ ਸਰਕਾਰ ਨੂੰ ਨਿਗਾਹ ਰੱਖਣੀ ਚਾਹੀਦੀ ਹੈ ਤਾਂ ਕਿ ਲੋਕ ਇਸ ਗੱਲ ਨੂੰ ਮੰਨਣ ਕਿ ਪੁਲਿਸ ਸਾਡੇ ਭਲੇ ਵਾਸਤੇ ਕੰਮ ਕਰ ਰਹੀ ਹੈ । ਕੋਈ ਸਮਾਂ ਹੁੰਦਾ ਸੀ ਜਦੋਂ ਪਿੰਡਾਂ ਵਿਚ ਸਾਧੂ ਮਹਾਤਮਾ ਯੋਗ ਕਰਕੇ ਗਰੀਬ ਕੁੜੀਆਂ ਦੇ ਵਿਆਹ ਕਰਦੇ ਹੁੰਦੇ ਸਨ ਲੇਕਿਨ ਹੁਣ ਸੁਣਿਆ ਹੈ ਕਿ ਪੰਜਾਬ ਵਿਚ ਪੁਲਿਸ ਵਾਲੇ ਗਰੀਬਾਂ ਦੀਆਂ ਕੁੜੀਆਂ ਦਾ ਵਿਆਹ ਕਰਾ ਰਹੇ ਹਨ । ਇਹ ਚੰਗੀ ਗੱਲ ਹੈ ਲੇਕਿਨ ਇਸ ਦੇ ਦੂਸਰੇ ਪਾਸੇ ਜਦੋਂ ਉਹ ਗਰੀਬ ਲੋਕ ਇਨਸਾਫ ਮੰਗਦੇ ਹਨ ਤਾਂ ਉਨ੍ਹਾਂ ਨੂੰ ਪਟੇ ਮਾਰੇ ਜਾਂਦੇ ਹਨ, ਡਾਗਾਂ ਮਾਰੀਆਂ ਜਾਂਦੀਆਂ ਹਨ ਅਤੇ ਨੰਗਾ ਕੀਤਾ ਜਾਂਦਾ ਹੈ । ਜਿਨ੍ਹਾਂ ਲੋਕਾਂ ਨੇ ਇਸ ਸੂਬੇ ਵਿਚ ਦੂਸਰੀਆਂ ਪਾਰਟੀਆਂ ਨਾਲ ਮਿਲ ਕੇ ਸਮਤਾ ਅਤੇ ਸ਼ਮਾਨਤਾ ਨੂੰ ਮੇਨਟੇਨ ਕੀਤਾ, ਉਨ੍ਹਾਂ ਲੋਕਾਂ ਨੂੰ ਥਾਣਿਆਂ ਵਿਚ ਅਤੇ ਦੂਸਰੇ ਦਫਤਰਾਂ ਵਿਚ ਇਜ਼ਤ ਮਿਲਣੀ ਅਤਿ ਜ਼ਰੂਰੀ ਹੈ ।

ਜਿਥੋਂ ਤੱਕ ਸਿੰਚਾਈ ਦਾ ਸਬੰਧ ਹੈ ਇਸ ਵਿਚ ਕੋਈ ਸ਼ੱਕ ਨਹੀਂ ਅਤੇ ਸਾਇੰਸਦਾਨਾਂ ਨੇ ਵੀ ਰਿਸਰਚ ਕਰਕੇ ਇਹ ਦਸਿਆ ਹੈ ਕਿ ਧਰਤੀ ਹੇਠਲਾ ਪਾਣੀ ਦਿਨੋ ਦਿਨ ਹੋਰ ਹੇਠਾਂ ਨੂੰ ਜਾ ਰਿਹਾ ਹੈ । ਇਥੇ ਬਹੁਤ ਸਾਰੇ ਐਮ.ਐਲ.ਏ. ਸਾਹਿਬਾਨ ਪਿੰਡਾਂ ਨਾਲ ਸਬੰਧ ਰੱਖਦੇ ਹੋਣਗੇ ਅਤੇ ਉਨ੍ਹਾਂ ਨੂੰ ਪਤਾ ਹੋਵੇਗਾ ਕਿ ਪਿੰਡਾਂ ਵਿਚ ਪਹਿਲਾ 55-50, 60-60 ਫੁੱਟ ਖੂਹ ਪੁੱਟਣੇ ਪੈਂਦੇ ਹਨ ਅਤੇ ਉਸ ਤੋਂ ਬਾਅਦ ਉਨ੍ਹਾਂ ਵਿਚ ਬੋਰ ਕੀਤਾ ਜਾਂਦਾ ਹੈ । ਮੇਰਾ ਮਤਲਬ ਹੈ ਕਿ ਇਤਨਾ ਡੂੰਘਾ ਪਾਣੀ ਚਲਾ ਗਿਆ ਹੈ । ਪਾਣੀ ਦੀ ਸਤਾਹ ਇੰਨੀ ਡੂੰਘੀ ਹੋ ਗਈ ਹੈ ਕਿ ਧਰਤੀ ਹੇਠਲਾ ਪਾਣੀ ਬੜੀ ਔਖ ਨਾਲ ਨਸੀਬ ਹੁੰਦਾ ਹੈ ।

ਜੇ ਬਿਜਲੀ ਦੀ ਗੱਲ ਕਰੀਏ ਤਾਂ ਮੈਂ ਪਹਿਲਾਂ ਵੀ ਇਹ ਗੱਲ ਕਹੀ ਸੀ ਕਿ ਜਿਹੜੇ ਲੋਕ ਪਿੰਡਾਂ ਵਿਚ ਰਹਿੰਦੇ ਹਨ, ਉਨ੍ਹਾਂ ਨਾਲ ਬਿਜਲੀ ਦੇ ਮਾਮਲੇ ਵਿਚ ਬਹੁਤ

Original with;
Punjab Vidhan Sabha
Digitized by;
Panjab Digital Library

ਵੱਡਾ ਮਜ਼ਾਕ ਕੀਤਾ ਜਾਂਦਾ ਹੈ । ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਹਰੇਕ ਚੀਜ਼ ਜੂਠ ਦੇ ਰੂਪ ਵਿਚ ਮਿਲਦੀ ਹੈ । ਉਹ ਮੈਂ ਦੱਸਦਾ ਹਾਂ ਕਿ ਕਿਵੇਂ ਮਿਲਦੀ ਹੈ । ਵੱਡੇ-ਵੱਡੇ ਸ਼ਹਿਰਾਂ ਵਿਚ ਜਿਥੇ ਉਚ ਜਾਤੀਆਂ ਜਾਂ ਵੱਡੇ ਲੋਕਾਂ ਦੇ ਪਰਿਵਾਰ ਰਹਿੰਦੇ ਹਨ, ਉਨ੍ਹਾਂ ਨੂੰ 24-24 ਘੰਟੇ ਬਿਜਲੀ ਦੀ ਸਪਲਾਈ ਦਿੱਤੀ ਜਾਂਦੀ ਹੈ ਪਰ ਜਿਹੜੇ ਪਿੰਡਾਂ ਵਿਚ ਰਹਿਣ ਵਾਲੇ ਮਿਹਨਤਕਸ਼ ਲੋਕ ਹਨ, ਖੇਤਾਂ ਵਿਚ ਜਾਂ ਸੜਕਾਂ ਤੇ ਦਿਨ ਰਾਤ ਕੰਮ ਕਰਨ ਵਾਲੇ ਲੋਕ ਹਨ, ਜਿਹੜੇ 18-18 ਘੰਟੇ ਕੰਮ ਕਰਦੇ ਹਨ, ਉਨ੍ਹਾਂ ਨੂੰ ਜੂਠ ਦੇ ਰੂਪ ਵਿਚ 5-5, 6-6 ਘੰਟੇ ਬਿਜਲੀ ਦਿੱਤੀ ਜਾਂਦੀ ਹੈ । ਜੇ ਉਥੇ ਬਿਜਲੀ ਆਉਂਦੀ ਵੀ ਹੈ ਤਾਂ ਉਹ ਅੱਖ ਮਟੱਕੇ ਮਾਰਦੀ ਰਹਿੰਦੀ ਹੈ । ਪਿੰਡਾਂ ਦੇ ਲੋਕ ਬੜੀ ਔਖ ਵਾਲੇ ਦਿਨ ਬਤੀਤ ਕਰਦੇ ਹਨ । ਜਿਹੜੇ ਪਿੰਡਾਂ ਦੇ ਲੋਕ ਮਜ਼ਦੂਰੀ ਕਰਦੇ ਹਨ, ਅੰਨ ਪੈਦਾ ਕਰਦੇ ਹਨ, ਉਨ੍ਹਾਂ ਨੂੰ ਬਿਜਲੀ ਵੱਡੇ ਪੈਮਾਨੇ ਤੇ ਦਿੱਤੀ ਜਾਣੀ ਚਾਹੀਦੀ ਹੈ ।

ਪਿੰਡਾਂ ਦੇ ਲੋਕਾਂ ਨੂੰ ਦਿੱਤੀ ਜਾਂਦੀ ਜੂਠ ਦੀ ਮੈਂ ਇਕ ਹੋਰ ਮਿਸਾਲ ਦੇਣੀ ਚਾਹੁੰਦਾ ਹਾਂ । ਮੈਂ ਪਿੱਛੇ ਵੀ ਇਹ ਗੱਲ ਕਹੀ ਸੀ ਕਿ ਸ਼ਹਿਰਾਂ ਵਿਚ ਵਧੀਆ ਤੋਂ ਵਧੀਆ ਅਤੇ ਵੱਡੇ ਤੋਂ ਵੱਡੇ ਹਸਪਤਾਲ ਨਜ਼ਰ ਆਉਂਦੇ ਹਨ, ਤਜਰਬੇਕਾਰ ਡਾਕਟਰ ਅਤੇ ਅਫਸਰ ਨਜ਼ਰ ਆਉਂਦੇ ਹਨ । ਲੇਕਿਨ ਪਿੰਡਾਂ ਵਿਚ ਜਿਹੜੀਆਂ ਡਿਸਪੈਂਸਰੀਆਂ ਹਨ, ਉਨ੍ਹਾਂ ਵਿਚ ਅੰਣਸਿਖਿਅਤ ਡਾਕਟਰ ਲਾਏ ਜਾਂਦੇ ਹਨ । ਉਹ ਪੈਨਿਸਲੀਨ ਦਾ ਟੀਕਾ ਲਾ ਦਿੰਦੇ ਹਨ ਜਿਸ ਦੇ ਰਿਐਕਸ਼ਨ ਹੋ ਜਾਣ ਕਾਰਣ ਮੌਤਾਂ ਹੋ ਜਾਂਦੀਆਂ ਹਨ । ਇਹ ਸਹੂਲਤ ਵੀ ਪਿੰਡਾਂ ਨੂੰ ਜੂਠ ਦੇ ਰਪ ਦਿੱਤੀ ਜਾਂਦੀ ਹੈ । ਜਦੋਂ ਅਸੀਂ ਪਿੰਡਾਂ ਦੇ ਲੋਕਾਂ ਲਈ ਆਵਾਜਾਈ ਦੇ ਸਾਧਨ ਦੇਖਦੇ ਹਾਂ ਤਾਂ ਇਹ ਗੱਲ ਬਿਲਕੁਲ ਸਪਸ਼ਟ ਤਰੀਕੇ ਦੇ ਨਾਲ ਸਾਡੇ ਸਾਹਮਣੇ ਆਉਂਦੀ ਹੈ ਕਿ ਪਿੰਡਾਂ ਦੇ ਵਿਚ ਜਿਹੜੀਆਂ ਬੱਸਾਂ ਚਲਦੀਆਂ ਹਨ, ਉਨ੍ਹਾਂ ਦੀ ਹਾਲਤ ਬੜੀ ਮਾੜੀ ਹੁੰਦੀ ਹੈ । ਉਨ੍ਹਾਂ ਦਾ ਇਹ ਕੋਈ ਭਰੋਸਾ ਨਹੀਂ ਹੁੰਦਾ ਕਿ ਉਹ ਕਿਸੇ ਪਾਸੇ ਸਿਰੇ ਲਗਾਏਗੀ ਜਾਂ ਨਹੀਂ ਜਦੋਂ ਕਿ ਦੂਜੇ ਪਾਸੇ ਸ਼ਹਿਰਾਂ ਦੇ ਵਿਚ ਚੱਲਣ ਵਾਲੀਆਂ ਬੱਸਾਂ ਬਹੁਤ ਵਧੀਆਂ ਹੁੰਦੀਆਂ ਹਨ । ਦੋਨਾਂ ਦਾ ਆਪਸ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ, ਪੇਂਡੂ ਬੱਸਾਂ ਦੇ ਪਾਟੇ ਹੋਏ ਟਾਇਰ ਹੁੰਦੇ ਹਨ ਜਦਕਿ ਸ਼ਹਿਰਾਂ ਦੇ ਅੰਦਰ ਡੀਲੈਕਸ ਅੌਰ ਏ.ਸੀ. ਬੱਸਾਂ ਚਲਾਈਆਂ ਜਾਂਦੀਆਂ ਹਨ । ਇਨ੍ਹਾਂ ਪਿੰਡਾਂ ਨੂੰ ਘਟੀਆ ਦਰਜੇ ਦੇ ਡਰਾਈਵਰ, ਸ਼ਰਾਬੀ ਕਬਾਬੀ ਕੰਡੈਕਟਰ ਅੌਰ ਘਟੀਆ ਦਰਜੇ ਦੀਆਂ ਬੱਸਾਂ ਜੂਠ ਦੇ ਰੂਪ ਵਿੱਚ ਦਿੱਤੀਆਂ ਜਾਂਦੀਆਂ ਹਨ ।

Mr. Deputy Speaker: Try to wind up please.

ਸਰਦਾਰ ਰਾਜ ਸਿੰਘ ਖੇੜੀ: ਮੈਂ ਦੋ ਮਿੰਟ ਵਿੱਚ ਹੀ ਵਾਈਂਡ-ਅੱਪ ਕਰਦਾ ਹਾਂ ਜੀ । ਮੈਂ ਕਹਿਣਾ ਚਾਹੁੰਦਾ ਹਾਂ ਕਿ ਠੀਕ ਹੈ ਕਿ ਹਰ ਇਕ ਧਿਰ ਨੂੰ ਆਪੋ-ਆਪਣੀ ਗੱਲ ਕਰਨੀ ਚਾਹੀਦੀ ਹੈ ਅੌਰ ਸਾਡਾ ਵੀ ਆਪਣੀ ਗੱਲ ਕਹਿਣ ਦਾ ਫਰਜ਼ ਬਣਦਾ ਹੈ ਪਰ ਕਾਂਗਰਸ ਪਾਰਟੀ ਦੇ ਮੇਰੇ ਵੀਰ ਜਦੋਂ ਸਰਕਾਰ ਦੀ ਗੱਲ ਕਰਦੇ ਹਨ ਤਾਂ ਉਹ ਕੁਝ ਵਧਾ ਚੜ੍ਹਾ ਕੇ ਕਰਦੇ ਹਨ । ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ ਜੋ ਮੈਂ ਸਮਝਦਾ ਹਾਂ ਕਿ ਬੜੀ ਅਹਿਮ ਹੈ, ਕਿ ਜਿਹੜੇ ਦਲਿਤ ਲੋਕ ਹਨ, ਜਿਹੜੇ ਪਿੰਡਾਂ ਦੇ ਵਿੱਚ ਸ਼ਡਿਊਲਡ

Original with;
Punjab Vidhan Sabha
Digitized by;
Panjab Digital Library

[ਸਰਦਾਰ ਰਾਜ ਸਿੰਘ ਖੇੜੀ]

ਕਾਸਟ ਲੋਕ ਰਹਿ ਰਹੇ ਹਨ, ਉਨ੍ਹਾਂ ਨੂੰ ਜਿਹੜੀ ਸਬਸਿਡੀ ਹੈ ਉਹ ਬਹੁਤ ਹੀ ਘੱਟ ਦਿੱਤੀ ਜਾਂਦੀ ਹੈ, ਜਿਹੜੀ ਕਰਜ਼ਿਆ ਦੇ ਵਿੱਚ ਸਬਸਿਡੀ ਦਿੱਤੀ ਜਾਂਦੀ ਹੈ, ਉਹ ਵਧਾਉਣੀ ਚਾਹੀਦੀ ਹੈ ਤਾਂ ਕਿ ਉਹ ਗਰੀਬ ਲੋਕ ਵੀ ਦੂਸਰੇ ਲੋਕਾਂ ਦੀ ਤਰ੍ਹਾਂ ਆਪਣਾ ਵਧੀਆ ਜੀਵਨ ਬਿਤਾ ਸਕਣ । ਡਿਪਟੀ ਸਪੀਕਰ ਸਾਹਿਬ, ਜਦੋਂ 25 ਫਰਵਰੀ, 1992 ਤੋਂ ਪੰਜਾਬ ਦੀ ਸਰਕਾਰ ਹੋਂਦ ਵਿੱਚ ਆਈ, ਉਦੋਂ ਤੋਂ ਹੀ ਅਸੀਂ ਬੀ. ਐਸ. ਪੀ. ਦੇ ਮਾਧਿਅਮ ਤੋਂ ਇਕ ਗੱਲ ਬੜੇ ਜ਼ੋਰ-ਸ਼ੋਰ ਨਾਲ ਕਹਿੰਦੇ ਆ ਰਹੇ ਹਾਂ ਕਿ ਸਰਕਾਰ ਰਿਜ਼ਰਵੇਸ਼ਨ ਐਕਟ ਲੈ ਕੇ ਆਏ ਪਰ ਅੱਜ ਤੱਕ ਉਹ ਐਕਟ ਨਹੀਂ ਆਇਆ ਭਾਵੇਂ ਕਿ ਸਟੇਜਾਂ ਤੋਂ ਕੁਝ ਸਟੇਟਮੈਂਟਸ ਜਿੰਮੇਂਵਾਰ ਵਿਅਕਤੀਆਂ ਵਲੋਂ ਬਾਰ ਬਾਰ ਦਿੱਤੀਆਂ ਗਈਆਂ ਹਨ, ਪੇਪਰਾਂ ਦੇ ਵਿੱਚ ਵੀ ਸਟੇਟਮੈਂਟਾਂ ਆਈਆਂ, ਟੈਲੀਵੀਜ਼ਨ ਔਰ ਰੇਡੀਓ ਤੇ ਵੀ ਸੁਣਦੇ ਰਹੇ ਹਾਂ ਪਰ, ਡਿਪਟੀ ਸਪੀਕਰ ਸਾਹਿਬ, ਮੈਂ ਬੜਾ ਜ਼ੋਰ ਦੇ ਕੇ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਰਿਜ਼ਰਵੇਸ਼ਨ ਐਕਟ ਬਕਾਇਦਾ ਤੌਰ ਤੇ ਇਸ ਸੈਸ਼ਨ ਦੇ ਦੌਰਾਨ ਲਿਆਂਦਾ ਜਾਵੇ ਔਰ ਇਸ ਨੂੰ ਪਾਸ ਕੀਤਾ ਜਾਵੇ ਤਾਂ ਕਿ ਜਿਹੜੇ ਐਸ.ਸੀ. ਲੋਕ ਹਨ, ਉਨ੍ਹਾਂ ਦੇ ਹਿੱਤਾਂ ਦੀ ਰੱਖਿਆ ਹੋ ਸਕੇ ਅਤੇ ਜਿਹੜੇ ਲੋਕ ਵੱਡੇ ਪੈਮਾਨੇ ਤੇ ਪੜ੍ਹ ਲਿਖ ਕੇ ਬੇਰੋਜ਼ਗਾਰ ਫਿਰਦੇ ਹਨ, ਉਨ੍ਹਾਂ ਤੱਕਾਂ ਨੂੰ ਨੌਕਰੀਆਂ ਮਿਲ ਸਕਣ । (ਵਿਰੋਧੀ ਧਿਰਾਂ ਵਲੋਂ ਥੰਪਿੰਗ) । ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਗਰੀਬ ਲੋਕ ਹਨ, ਦਲਿਤ ਲੋਕ ਹਨ, ਉਨ੍ਹਾਂ ਲੋਕਾਂ ਦੀ ਪੜ੍ਹਾਈ ਦੇ ਜੀਵਨ ਵੱਲ ਜੇ ਨਜ਼ਰ ਮਾਰੀਏ ਤਾਂ ਪਤਾ ਲੱਗੇਗਾ ਕਿ ਉਨ੍ਹਾਂ ਦੀ ਹਾਲਤ ਕਿੰਨੀ ਮਾੜੀ ਹੈ । ਮੈਂ ਇਕ ਨਿੱਜੀ ਉਦਾਹਰਨ ਵੀ ਦੇ ਸਕਦਾ ਹਾਂ ਕਿ ਮੈਂ ਕੂੜਾ ਕਰਕਟ ਇਕੱਠਾ ਕਰਕੇ ਉਸ ਨੂੰ ਬਾਲ ਕੇ ਉਸ ਦੀ ਲਾਈਟ ਹੇਠਾਂ ਪੜ੍ਹਦਾ ਹੁੰਦਾ ਸੀ, ਇਹੋ ਜਿਹੇ ਹਾਲਾਤ ਵਿੱਚ ਮੈਂ ਪੜ੍ਹਿਆ ਹਾਂ । ਪਿੰਡਾਂ ਦੇ ਵਿੱਚ ਇਹੋ ਜਿਹੇ ਲੋਕ ਰਹਿੰਦੇ ਹਨ, ਜਿਨ੍ਹਾਂ ਕੋਲ ਮਿੱਟੀ ਦਾ ਤੇਲ ਖਰੀਦਣ ਦੀ ਵੀ ਹਿੰਮਤ ਨਹੀਂ ਹੈ । ਉਹ ਆਪਣੇ ਘਰਾਂ ਦੇ ਅੰਦਰ ਬਿਜਲੀ ਫਿੱਟ ਨਹੀਂ ਕਰ ਸਕਦੇ ਔਰ ਉਨ੍ਹਾਂ ਦੇ ਬੱਚੇ ਕੂੜਾ ਕਰਕਟ ਇਕੱਠਾ ਕਰਕੇ, ਦੀਵੇ ਦੀ ਲਾਈਟ ਹੇਠਾਂ ਪੜ੍ਹ ਕੇ ਵੱਡੇ ਹੁੰਦੇ ਹਨ, ਹਰ ਇਕ ਮਾਂ-ਪਿਓ ਨੂੰ ਆਪਣੇ ਬੱਚੇ ਤੋਂ ਆਸਾਂ ਹੁੰਦੀਆਂ ਹਨ, ਉਮੀਦਾਂ ਹੁੰਦੀਆਂ ਹਨ ਕਿ ਮੇਰਾ ਬੱਚਾ ਪੜ੍ਹ ਕੇ ਵੱਡਾ ਹੋ ਕੇ ਮੇਰੇ ਬੁਢਾਪੇ ਲਈ ਡੰਗੋਰੀ ਬਣੇਗਾ, ਨੌਕਰੀ ਤੇ ਲੱਗੇਗਾ । ਮੈਂ ਬਹੁਜਨ ਸਮਾਜ ਪਾਰਟੀ ਦੇ ਮਾਧਿਅਮ ਤੋਂ ਹਾਊਸ ਨੂੰ ਅਪੀਲ ਕਰਨਾ ਚਾਹੁੰਦਾ ਹਾਂ ਕਿ ਇਸ ਸੈਸ਼ਨ ਦੇ ਦੌਰਾਨ ਰਿਜ਼ਰਵੇਸ਼ਨ ਐਕਟ ਲਿਆਂਦਾ ਜਾਵੇ ਤਾਂ ਕਿ ਗਰੀਬ ਲੋਕਾਂ ਦੀ, ਦਲਿਤ ਵਰਗ ਦੇ ਲੋਕਾਂ ਦੀ ਗੱਲ ਹੋ ਸਕੇ ।

ਸ਼੍ਰੀ ਡਿਪਟੀ ਸਪੀਕਰ: ਵਾਈਂਡ ਅੱਪ ਕਰੋ ਜੀ ।

ਸਰਦਾਰ ਰਾਜ ਸਿੰਘ ਖੇੜੀ: ਡਿਪਟੀ ਸਪੀਕਰ ਸਾਹਿਬ, ਮੈਂ ਬੈਕਲਾਗ ਦੀ ਵੀ ਗੱਲ ਕਰਨੀ ਚਾਹੁੰਦਾ ਹਾਂ । ਇਸ ਦੇ ਵਾਸਤੇ ਇਕ ਕਮੇਟੀ ਬਣਾਈ ਗਈ ਸੀ, ਪਰ ਸ਼ਾਇਦ ਉਸ ਦੀ ਇਕ ਹੀ ਮੀਟਿੰਗ ਹੋਈ ਹੈ । ਉਸ ਮੀਟਿੰਗ ਦੇ ਵਿੱਚ ਡਾਕੂਮੈਂਟ ਪੂਰੇ ਨਾ ਹੋਣ ਕਰਕੇ ਉਸ ਦੀ ਕਈ ਕਾਰ-ਗੁਜ਼ਾਰੀ ਨਜ਼ਰ ਨਹੀਂ ਆਈ । ਮੈਂ ਇਸ ਗੱਲ

Original with;
Punjab Vidhan Sabha
Digitized by;
Panjab Digital Library

ਤੇ ਏਨਾ ਹੀ ਕਹਿਣਾ ਚਾਹਾਂਗਾ ਕਿ ਜਿਹੜਾ ਸਹਵਿਸਿਜ਼ ਦੇ ਵਿੱਚ ਬੈਕਲਾਗ ਹੈ, ਉਸਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਜਿਹੜੇ ਚਲਿਤ ਵਰਗ ਦੇ ਲੋਕ ਪੜ੍ਹ ਲਿਖ ਕੇ ਵਿਹਲੇ ਫਿਰਦੇ ਹਨ, ਉਨ੍ਹਾਂ ਨੂੰ ਨੌਕਰੀਆਂ ਮਿਲ ਸਕਣ ਅੌਰ ਉਨ੍ਹਾਂ ਲੋਕਾਂ ਦੀ ਸਮੱਸਿਆ ਹੱਲ ਹੋ ਸਕੇ । ਡਿਪਟੀ ਸਪੀਕਰ ਸਾਹਿਬ, ਅੰਤ ਵਿੱਚ ਮੈਂ ਦੋ ਗੱਲਾਂ ਆਪਣੇ ਇਲਾਕੇ ਦੇ ਬਾਰੇ ਵੀ ਕਹਿਣਾ ਚਾਹੁੰਦਾ ਹਾਂ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹਲਕਾ ਸ਼ੇਰਪੁਰ ਅਜਿਹਾ ਹਲਕਾ ਹੈ ਕਿ ਅੱਜ ਤੱਕ ਉਥੋਂ ਕਾਂਗਰਸ ਦੇ ਕੇਵਲ ਇਕ ਐਮ. ਐਲ. ਏ. ਸਰਦਾਰ ਲਹਿਣਾ ਸਿੰਘ ਹੀ ਜਿੱਤ ਕੇ ਆਏ ਸਨ । ਇਸ ਤੋਂ ਇਲਾਵਾ ਅੱਜ ਤੱਕ ਪੰਜਾਬ ਵਿਚ ਜਿੰਨੀਆਂ ਵੀ ਚੋਣਾਂ ਹੋਈਆਂ ਹਨ, ਇਹ ਹਲਕਾ ਵਿਰੋਧੀ ਧਿਰ ਦੇ ਹੱਥ ਵਿੱਚ ਹੀ ਰਿਹਾ ਹੈ ਜਿਸ ਕਰਕੇ ਇਸ ਹਲਕੇ ਨੂੰ ਵੱਡੇ ਪੈਮਾਨੇ ਤੇ ਇਗਨੋਰ ਕੀਤਾ ਜਾਂਦਾ ਰਿਹਾ ਹੈ ਜਦੋਂ ਕਿ ਸਰਕਾਰ ਦਾ ਫਰਜ਼ ਬਣਦਾ ਹੈ ਕਿ ਹਰ ਇਕ ਹਲਕੇ ਨੂੰ ਇਕ ਅੱਖ ਨਾਲ ਵੇਖਿਆ ਜਾਵੇ ਤਾਂ ਕਿ ਡੀਵੈਲਪਮੈਂਟ ਦੀ ਗੱਲ ਬਰਾਬਰ ਹੋ ਸਕ ਵੈਸੇ ਤਾਂ ਮੈਨੂੰ ਪੂਰੀ ਵੀ ਮਹਿਸੂਸ ਹੁੰਦੀ ਹੈ ਕਿ ਇਹ ਮਹਿਕਮਾ ਭੈਣ ਜੀ ਕੋਲ ਹੈ ਅੌਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਆਈ. ਟੀ. ਆਈ. ਵਗੈਰਾ ਖੋਲ੍ਹ ਦਿੱਤੀ ਜਾਵੇ ਤਾਂ ਕਿ ਪਿੰਡਾਂ ਵਿੱਚ ਰਹਿਣ ਵਾਲੇ ਲੋਕ ਟੈਕਨੀਕਲ ਹੈਂਡਜ ਬਣ ਸਕਣ ਅਤੇ ਕੰਮ ਸਿੱਖ ਸਕਣ . . .

ਸ਼੍ਰੀ ਡਿਪਟੀ ਸਪੀਕਰ ਪਲੀਜ਼, ਵਾਇੰਡ ਅੱਪ ਕਰੋ ਜੀ ।

ਸਰਦਾਰ ਰਾਜ ਸਿੰਘ ਖੇੜੀ ਬੱਸ ਜੀ, ਭਫ ਕੁ ਮਿੰਟ ਹੀ ਹੋਰ ਲਵਾਂਗਾ.... (ਵਿਘਨ)

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਨਿਰਮਾਣ ਵਿਭਾਗ (ਭਵਨ ਅਤੇ ਮਾਰਗ) **ਮੰਤਰੀ** ਡਿਪਟੀ ਸਪੀਕਰ ਸਾਹਿਬ, ਮੇਰੇ ਛੋਟੇ ਭਰਾ ਨੇ ਗੱਲ ਕਹੀ ਹੈ । ਇਹ ਉਨ੍ਹਾਂ ਦੀ ਡਿਮਾਂਡ ਤਾਂ ਜ਼ਰੂਰ ਹੈ, ਪਰ ਇਹ ਸਹੀ ਨਹੀਂ ਹੈ ਕਿ ਉਨਾਂ ਦੇ ਹਲਕੇ ਨੂੰ ਇਗਨੋਰ ਕੀਤਾ ਜਾ ਰਿਹਾ ਹੈ । ਇਨਾਂ ਦੇ ਹਲਕੇ ਵਿੱਚ ਬਲਾਕ ਬਣਾ ਕੇ ਦਿੱਤਾ ਹੈ, ਉਹ ਵੀ ਸਾਡੀ ਸਰਕਾਰ ਨੇ ਹੀ ਬਣਾ ਕੇ ਦਿੱਤਾ ਹੈ ।

ਸਰਦਾਰ ਰਾਜ ਸਿੰਘ ਖੇੜੀ ਭੈਣ ਜੀ, ਧੰਨਵਾਦ । ਪਰ ਮੈਂ ਤਾਂ ਆਈ.ਟੀ.ਆਈ. ਦੀ ਗੱਲ ਕਹਿ ਰਿਹਾ ਹਾਂ ਅਤੇ ਆਸ ਵੀ ਰੱਖਦਾ ਹਾਂ ਕਿ ਟੈਕਨੀਕਲ ਐਜੂਕੇਸ਼ਨ ਮੰਤਰੀ ਬਣਾਇਦਾ ਤੌਰ ਤੇ ਇਹ ਗੱਲ ਲਿਖਣਗੇ ਕਿ ਉਥੇ ਆਈ.ਟੀ.ਆਈ. ਜਲਦੀ ਬਣਾ ਦਿੱਤੀ ਜਾਵੇਗੀ । ਇਕ ਹੋਰ ਬੜੀ ਵੱਡੀ ਤਕਲੀਫ ਹੈ ਮੇਰੇ ਹਲਕੇ ਸ਼ੇਰਪੁਰ ਦੀ । ਸ਼ੇਰਪੁਰ ਇਕ ਟਾਊਨ ਹੈ, ਕਸਬਾ ਟਾਈਪ ਹੈ । ਉਥੇ ਪਿੰਡਾਂ ਵਿਚੋਂ ਲੋਕ ਚੀਜ਼ਾਂ ਵਸਤਾਂ ਖਰੀਦਣ ਆਉਂਦੇ ਹਨ । ਪਰ ਉਥੇ ਸ਼ੇਰਪੁਰ ਵਿੱਚ ਬੱਸ ਸਟੈਂਡ ਕੋਈ ਨਹੀਂ ਬਣ ਸਕਿਆ । ਜਿਥੇ ਬੱਸਾਂ ਰੁਕਦੀਆਂ ਹਨ ਬਜ਼ਾਰ ਵਿੱਚ, ਉਥੇ ਹੀ ਟੈਕਸੀਆਂ, ਰਿਕਸ਼ੇ ਖੜ੍ਹਦੇ ਹਨ, ਖੋਖੇ ਹਨ ਅਤੇ ਬੜਾ ਹੀ ਰਸ਼ ਰਹਿੰਦਾ ਹੈ । ਉਥੇ ਟੋਏ ਵੀ ਬੜੇ ਹਨ ਅਤੇ ਕਈ ਵਾਰ ਮੌਤਾਂ ਵੀ ਹੋ ਚੁੱਕੀਆਂ ਹਨ । ਮੈਂ ਕਹਿਣਾ ਚਾਹਾਂਗਾ ਕਿ ਉਥੇ ਬਸ ਸਟੈਂਡ ਛੇਤੀ ਬਣਾ ਦਿੱਤਾ ਜਾਵੇ ਤਾਂ ਕਿ ਲੋਕ ਆਉਣ ਜਾਣ ਲਈ ਬਿਨਾ ਕਿਸੇ ਘਟਨਾ ਦੇ ਆਪਣੇ ਟਿਕਾਣਿਆਂ ਤੇ ਪਹੁੰਚ ਸਕਣ। ਇੰਨਾ ਕੁਝ ਕਹਿੰਦਾ ਹੋਇਆ ਮੈਂ ਰਜ਼ਾ ਲੈਂਦਾ ਹਾਂ । ਜੈ ਭੀਮ, ਜੈ ਭਾਰਤ । ਮੈਂ ਇਕ ਗੱਲ ਭਾਂਵੇ ਥੋੜੀ ਭੁੱਲ ਹੀ ਗਿਆ ਕਿ ਮੈਂ ਇਸ ਬੱਜਟ ਦੇ ਨਾਲ ਅਸਿਹਮਤੀ ਪ੍ਰਗਟ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

ਸ਼੍ਰੀਮਤੀ ਵਿਮਲਾ ਡਾਂਗ (ਅੰਮ੍ਰਿਤਸਰ ਪੱਛਮੀ) : ਡਿਪਟੀ ਸਪੀਕਰ ਸਾਹਿਬ, ਸਾਰਿਆਂ ਤੋਂ ਪਹਿਲਾਂ ਮੈਂ ਇਹ ਗੱਲ ਕਹਿਣਾ ਚਾਹਾਂਗੀ ਕਿ ਇਹ ਇਸ ਅਸੈਂਬਲੀ ਦਾ ਨੌਵਾਂ ਸੈਸ਼ਨ ਹੋ ਰਿਹਾ ਹੈ । ਪਿਛਲੇ ਸੈਸ਼ਨ ਦੌਰਾਨ ਤੁਸੀਂ ਜਿਨੀਆਂ ਮੀਟਿੰਗਜ਼ ਕੀਤੀਆਂ ਉਸ ਵਿਚ ਇਹ ਕਦੇ ਵੀ ਅੱਗੇ ਨਹੀਂ ਹੋਇਆ ਇਸ ਤਰੀਕੇ ਨਾਲ ਕਿ ਬੀ.ਜੇ.ਪੀ. ਨੂੰ ਵੀ ਟੋਟਲ 28 ਮਿੰਟ ਅਤੇ ਸੀ.ਪੀ.ਆਈ. ਨੂੰ ਵੀ ਕੇਵਲ 28 ਮਿੰਟ ਮਿਲਣ । ਮਿੱਤਲ ਜੀ ਨੇ ਵੀ ਆਪਣੀ ਰਾਏ ਰੱਖੀ ਸੀ ਕਿ ਡਿਸਕਸ਼ਨ ਦੇ ਵਿਚ ਜੇਕਰ ਕੋਈ ਫੰਡਾਮੈਂਟਲ ਚੇਂਜ ਕੀਤੀ ਜਾਣੀ ਹੈ ਤਾਂ ਬਿਜਨੈਸ ਐਡਵਾਈਜ਼ਰੀ ਕਮੇਟੀ ਵਿਚ ਮਸਲਾ ਦੁਬਾਰਾ ਡਿਸੱਕਸ ਹੋਣਾ ਚਾਹੀਦਾ ਹੈ। ਦੋ ਘੰਟੇ ਲਗਾ ਕੇ ਵਿੱਤ ਮੰਤਰੀ ਜੀ ਨੇ ਬੱਜਟ ਪੇਸ਼ ਕੀਤਾ । ਵੱਡੀਆਂ ਵੱਡੀਆਂ, ਮੋਟੀਆਂ ਕਿਤਾਬਾਂ ਸਾਨੂੰ ਪੜ੍ਹਣ ਵਾਸਤੇ ਦਿੱਤੀਆਂ । ਇਤਨੇ ਥੋੜ੍ਹੇ ਸਮੇਂ ਵਿਚ ਜ਼ਿਆਦਾ ਡਿਸਕਸ਼ਨ ਨਹੀਂ ਹੋ ਸਕਦੀ । ਟਾਈਮ ਲਿਮਟ ਦੇ ਸਬੰਧ ਵਿਚ ਇਸ ਗੱਲ ਨੂੰ ਮੁੜ ਕੇ ਵਿਚਾਰ ਲੈਣਾ ਚਾਹੀਦਾ ਹੈ : ....। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਸੀ.ਐਮ. ਸਾਹਿਬ ਨੇ ਤੁਹਾਡੇ ਪ੍ਰਤੀ ਇਹ ਕਹਿ ਕੇ ਬੜੀ ਉਦਾਰਤਾ ਵਿਖਾਈ ਹੈ ਕਿ ਤੁਹਾਨੂੰ ਜ਼ਿਆਦਾ ਟਾਈਮ ਦਿੱਤਾ ਜਾਵੇ । ਤੁਸੀਂ ਬੋਲੋ ।

ਸ਼੍ਰੀਮਤੀ ਵਿਮਲਾ ਡਾਂਗ : ਇਸ ਬੱਜਟ ਵਿਚ ਕੁਝ ਵੈਲਕਮ ਅਤੇ ਪਾਜ਼ੇਟਿਵ ਫੀਚਰ ਹਨ। ਪਰ ਨਾਲ ਹੀ ਕੁਝ ਇਸ ਕਿਸਮ ਦੇ ਅੰਕੜੇ ਅਤੇ ਤੱਥ ਦਿੱਤੇ ਗਏ ਹੋਨ ਜਿਹੜੇ ਕਿ ਅਸਲੀਅਤ ਨੂੰ ਕੱਜ ਕੇ ਗਲਤ ਕਿਸਮ ਦੀ ਤਸਵੀਰ ਪੇਸ਼ ਕਰਦੇ ਹਨ । ਸਾਰਿਆਂ ਤੋਂ ਪਹਿਲਾਂ ਤਾਂ ਸਰਕਾਰ ਨੇ ਕਰੋੜਾਂ ਰੁਪਏ ਦਾ ਟੈਕਸਾਂ ਦਾ ਭਾਰ ਪਾ ਦਿੱਤਾ । ਬਿਜਲੀ, ਪਾਣੀ, ਸੀਵਰੇਜ਼ ਅਤੇ ਬੱਸਾਂ ਦੇ ਭਾੜੇ ਵਧਾ ਕੇ ਲੋਕਾਂ ਤੇ ਬੋਝ ਪਾ ਦਿੱਤਾ । ਅਸੀਂ ਇਸ ਗੱਲ ਦੇ ਧੰਨਵਾਦੀ ਹਾਂ ਕਿ ਇਸ ਬੱਜਟ ਵਿਚ ਕੋਈ ਨਵਾਂ ਟੈਕਸ ਨਹੀਂ ਲੱਗਿਆ । ਅਸੀਂ ਇਹ ਸਮਝਦੇ ਹਾਂ ਕਿ ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਅਤੇ ਦੂਸਰੀਆਂ ਸਟੇਟਾਂ ਵਿਚ ਚੋਣਾਂ ਹੋਈਆਂ ਹਨ, ਉਨ੍ਹਾਂ ਦੇ ਨਤੀਜੇ ਆਏ ਅਤੇ ਜਿਹੜੀ ਮਾਰ ਉਥੇ ਕਾਂਗਰਸ ਨੂੰ ਪਈ, ਉਹ ਵੀ ਇਕ ਫੈਕਟਰ ਹੈ ਕਿ ਜੋ ਬੱਜਟ ਪੇਸ਼ ਹੋਇਆ ਹੈ, ਉਸ ਵਿਚ ਨਵਾਂ ਟੈਕਸ ਨਹੀਂ ਲੱਗਾ ਜਿਹੜਾ ਕਿ ਚੰਗਾ ਅਤੇ ਪਾਜ਼ੇਟਿਵ ਫੀਚਰ ਹੈ ਇਸ ਬੱਜਟ ਦਾ । ਆਤੰਕ ਪੀੜਤਾਂ ਲਈ ਸਹੂਲਤਾਂ ਵੀ ਵਧਾਈਆਂ ਗਈਆਂ ਹਨ ਅਤੇ 1984 ਦੇ ਦੰਗਾ ਪੀੜਤਾਂ ਦੀਆਂ ਪੈਨਸ਼ਨਾਂ ਵੀ ਵਧਾਈਆਂ ਗਈਆਂ ਹਨ । ਬੜੀ ਚੰਗੀ ਗਲ ਹੈ ਪਰ ਹੋਰ ਵੀ ਸਾਰੇ ਬੈਨੀਫਿਟ ਉਨ੍ਹਾਂ ਨੂੰ ਮਿਲਣੇ ਚਾਹੀਦੇ ਹਨ । ਬੁਢਾਪਾ ਅਤੇ ਵਿਧਵਾ ਪੈਨਸ਼ਨ 150 ਤੋਂ ਵਧਾ ਕੇ 200 ਰੁਪਏ ਕੀਤੀ ਗਈ, ਇਹ ਵੀ ਇਕ ਚੰਗੀ ਗੱਲ ਹੈ ਭਾਵੇਂ ਇਸ ਰਕਮ ਦੀ ਮੰਗ ਪਹਿਲਾਂ ਵਧ ਸੀ । ਸਰਕਾਰੀ ਮੁਲਾਜ਼ਮਾਂ ਨੂੰ ਇੰਟੈਰਿਮ ਰਿਲੀਫ ਦਿੱਤਾ ਗਿਆ ਹੈ । ਮੈਂ ਕਹਿਣਾ ਚਾਹੁੰਦੀ ਹਾਂ ਕਿ ਸਰਕਾਰੀ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਮੰਗਾਂ ਤੇ ਪੂਰੀ ਤਰ੍ਹਾਂ ਅਮਲ ਨਹੀਂ ਕੀਤਾ ਗਿਆ । ਸਰਕਾਰੀ ਮੁਲਾਜ਼ਮਾਂ ਨੇ ਇਹ ਗੱਲ ਕਹੀ ਹੈ ਕਿ ਮਹਿੰਗਾਈ ਸੂਚਕ ਅੰਕ ਨਾਲ ਜੇ ਇੰਟੈਰਿਮ ਰਿਲੀਫ ਜੋੜਿਆ ਜਾਵੇ ਤਾਂ ਇਹ 256.57 ਰੁਪਏ ਦੇ ਕਰੀਬ ਬਣਦਾ ਹੈ ਅੌਰ ਇਸ ਦੇ ਇਲਾਵਾ ਉਨ੍ਹਾਂ ਨੂੰ ਬੋਨਸ ਅਤੇ ਮਕਾਨ ਕਿਰਾਇਆ ਅਲਾਊਂਸ ਵੀ ਨਹੀਂ ਦਿੱਤਾ ਗਿਆ । ਇਸ ਕਰਕੇ ਬੀ.ਐਸ.ਪੀ ਦੇ ਸਾਥੀਆਂ ਦੀ ਇਹ ਤਜਵੀਜ਼ ਕਿ ਉਨ੍ਹਾਂ ਨਾਲ ਮੁੜ ਕੇ ਬਰਿਸ-ਮੁਬਾਹਸੇ ਕੀਤੇ ਜਾਵੇ, ਅਸੀਂ ਉਸ ਨਾਲ ਸਹਿਮਤ ਹਾਂ । ਪ੍ਰਾਈਵੇਟ ਕਾਲਜਾਂ ਦੇ ਟੀਚਰਾਂ ਨੂੰ ਪੈਨਸ਼ਨ ਦਿੱਤੀ ਗਈ

Original with;
Punjab Vidhan Sabha
Digitized by;
Punjab Digital Library

ਹੈ, ਇਹ ਬੜੀ ਚੰਗੀ ਗੱਲ ਹੈ ਪਰ ਨਾਲ ਦੀ ਨਾਲ ਇਹ ਗੱਲ ਕਹੀ ਗਈ ਕਿ ਨਾਨ-ਟੀਚਿੰਗ ਸਟਾਫ ਨੂੰ ਪੈਨਸ਼ਨ ਨਹੀਂ ਮਿਲਣੀ, ਮੈਂ ਸਮਝਦੀ ਹਾਂ ਕਿ ਇਹ ਇਨਸਾਫ ਵਾਲੀ ਗੱਲ ਨਹੀਂ । ਇਸ ਨਾਲ ਉਨ੍ਹਾਂ ਵਿਚ ਡੀਜ਼ੈਂਟਮੈਂਟ ਕੰਟੀਨਿਊ ਰਹੇਗੀ । ਇਸ ਕਰਕੇ ਨਾਨ-ਟੀਚਿੰਗ ਸਟਾਫ ਨੂੰ ਵੀ ਪੈਨਸ਼ਨ ਮਿਲਣੀ ਚਾਹੀਦੀ ਹੈ । ਟਰੇਡਯੂਜ਼ ਨੂੰ ਜਿਹੜੀਆਂ ਰਿਆਇਤਾਂ ਦਿੱਤੀਆਂ ਗਈਆਂ ਹਨ, ਉਸ ਨੂੰ ਅਸੀਂ ਵੈਲਕਮ ਕਰਦੇ ਹਾਂ । ਫਰੀਡਮ ਫਾਈਟਰਜ਼ ਦੀਆਂ ਪੈਨਸ਼ਨਾਂ ਵਧਾਈਆਂ ਗਈਆਂ ਹਨ, ਅਸੀਂ ਉਸ ਨੂੰ ਵੀ ਵੈਲਕਮ ਕਰਦੇ ਹਾਂ । ਇਸੇ ਤਰ੍ਹਾਂ ਮੇਅਰਜ਼ ਦੀਆਂ ਪਾਵਰਜ਼ ਵਧਾ ਕੇ ਪ੍ਰੈਜ਼ੀਡੈਂਟ ਦੇ ਬਰਾਬਰ ਕੀਤੀਆਂ ਹਨ, ਇਹ ਠੀਕ ਹੈ ਬਸ਼ਰਤੇ ਕਿ ਮੇਅਰਜ਼ ਆਪਣੀਆਂ ਪਾਵਰਾਂ ਦੀ ਦੁਰਵਰਤੋਂ ਨਾ ਕਰਨ । ਪੰਜਾਬ ਵਿਚ ਜਿਹੜੀਆਂ ਤਿੰਨ ਕਾਰਪੋਰੇਸ਼ਨਾਂ ਹਨ---ਅੰਮ੍ਰਿਤਸਰ, ਲੁਧਿਆਣਾ ਅਤੇ ਜਲੰਧਰ ਉਨ੍ਹਾਂ ਦੇ ਕੌਂਸਲਰਾਂ ਦਾ ਦੋ ਹਜ਼ਾਰ ਰੁਪਿਆ ਮਾਸਿਕ ਭੱਤਾ ਰੱਖਿਆ ਗਿਆ ਹੈ । ਮੈਂ ਸਮਝਦੀ ਹਾਂ ਕਿ ਇਤਨਾ ਜ਼ਿਆਦਾ ਅਲਾਊਂਸ ਦੇਣਾ ਜਾਇਜ਼ ਨਹੀਂ । ਸੋਸ਼ਲ ਸਰਵਿਸ ਦੀ ਭਾਵਨਾ ਮਹਾਤਮਾ ਗਾਂਧੀ ਜੀ ਦੀ ਟਰੈਡੀਸ਼ਨ ਤੇ ਚਲਦੇ ਹੋਏ ਹੋਣੀ ਚਾਹੀਦੀ ਹੈ ਅੱਜ ਮਿਊਂਸਪਲ ਕਾਰਪੋਰੇਸ਼ਨ ਦਾ ਕੰਮ ਹੱਲ ਟਾਈਮ ਵੀ ਨਹੀਂ ਹੈ । ਟੈਲੀਫੂਨ ਦੇ ਅਲਾਊਂਸ ਵਿਚ ਵਾਧਾ ਕਰ ਦਿਓ ਪਰ ਦੋ-ਦੋ ਹਜ਼ਾਰ ਰੁਪਏ ਭੱਤਾ ਦੇਣਾ ਵਾਜਿਬ ਨਹੀਂ, ਮੀਟਿੰਗਾਂ ਦਾ ਅਲਾਊਂਸ ਉਹਨਾਂ ਨੂੰ ਪਹਿਲਾਂ ਹੀ ਮਿਲਦਾ ਹੈ । ਇਸ ਨਾਲ ਕਾਰਪੋਰੇਸ਼ਨਾਂ ਤੇ ਬੋਝ ਪਵੇਗਾ ਜੋ ਕਿ ਦਰੁਸਤ ਨਹੀਂ । ਇਸ ਦੇ ਮੁਕਾਬਲੇ ਹੋਮ ਗਾਰਡਜ਼ ਅਤੇ ਐਸ.ਪੀ.ਓਜ਼. ਜਿਨ੍ਹਾਂ ਨੂੰ ਕੇਵਲ ਚਾਲੀ ਰਪਏ ਦਿਹਾੜੀ ਮਿਲਦੀ ਹੈ ਅਤੇ ਜਿਹੜੇ ਆਪਣੀਆਂ ਜਾਨਾਂ ਵਾਰਦੇ ਹਨ, ਉਨ੍ਹਾਂ ਦੇ ਅਲਾਊਂਸ ਵਿਚ ਵਾਧਾ ਨਹੀਂ ਕੀਤਾ ਗਿਆ । ਮੈਂ ਸਮਝਦੀ ਹਾਂ ਕਿ ਇਹ ਗੱਲ ਠੀਕ ਨਹੀਂ । ਪੰਜ ਹਜ਼ਾਰ ਰੁਪਏ ਦੇ ਕਰਜ਼ੇ ਕੋਆਪ੍ਰੇਟਿਵ ਬੈਂਕਸ ਮਾਫ ਕਰਨਗੇ, ਇਸ ਦਾ ਐਲਾਨ ਹੋਇਆ । ਮੈਂ ਆਸ ਕਰਦੀ ਹਾਂ ਕਿ ਇਸ ਉਤੇ ਇੰਪਲੀਮੈਨਟੇਸ਼ਨ ਹੋਵੇਗੀ ਕਿਉਂਕਿ ਪਿਛਲੇ ਸੈਸ਼ਨ ਵਿਚ ਵੀ ਇਸ ਹਾਊਸ ਵਿਚ ਐਲਾਨ ਹੋਇਆ ਪਰ ਇੰਪਲੀਮੈਂਟੇਸ਼ਨ ਨਹੀਂ ਹੋਈ । ਮਿਨੀਮਮ ਵੇਜਿਜ਼ ਬਾਰੇ ਬਜਟ ਸਪੀਚ ਵਿਚ ਜੋ ਲਿਖਿਆ ਹੈ, ਅਸਲ ਵਿਚ ਉਹ ਹਕੀਕਤ ਨਹੀਂ । ਮਿਨੀਮਮ ਵੇਜਿਜ਼ ਨੂੰ ਮਹਿੰਗਾਈ ਦੇ ਸੂਚਕ ਅੰਕ ਨਾਲ ਜੋੜਿਆ ਨਹੀਂ ਗਿਆ । ਦਰਅਸਲ ਗੱਲ ਇਹ ਹੈ ਕਿ ਪਿਛਲੇ ਕਈ ਸਾਲਾਂ ਤੋਂ ਮਿਨੀਮਮ ਵੇਜਿਜ਼ ਰਿਵਾਈਜ਼ ਨਹੀਂ ਹੋਏ । ਇਹ ਵੀ ਗੱਲ ਠੀਕ ਨਹੀਂ ਹੈ ਕਿ ਮਿਨੀਮਮ ਵੇਜਿਜ਼ ਮੁਕੱਰਰ ਕਰ ਦਿੱਤੀਆਂ ਗਈਆਂ ਹਨ ਕਿਉਂਕਿ ਇਕ ਸ਼ਵਾਲ ਦੇ ਜਵਾਬ ਵਿਚ ਲੇਬਰ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਫਾਈਨਲ ਨੋਟੀਫਿਕੇਸ਼ਨ ਅਜੇ ਨਹੀਂ ਹੋਈ । ਇਸ ਲਈ ਜਿਹੜੇ ਮਿੱਲਾਂ ਦੇ ਮਾਲਕ ਹਨ, ਉਹ ਜਿਹੜੀ ਇਨਕਰੀਜ਼ ਹੋਈ ਹੈ, ਉਹ ਦੇਣ ਨੂੰ ਤਿਆਰ ਨਹੀਂ । ਇਸ ਬਾਰੇ ਸਰਕਾਰ ਉਪਰ ਕਾਫੀ ਜ਼ਿਆਦਾ ਦਬਾਓ ਹੈ । ਅਸੀਂ ਇਹ ਸਮਝਦੇ ਹਾਂ ਕਿ ਸਰਕਾਰ ਲੇਬਰ ਪਾਲਿਸੀ ਅਤੇ ਬਣਾਏ ਕਨੂੰਨ ਨੂੰ ਲਾਗੂ ਕਰਨ ਵਿਚ ਸੰਜੀਦਾ ਨਹੀਂ । ਬਠਿੰਡਾ ਔਰ ਗੰਗੂਵਾਲ ਦੇ ਮਜ਼ਦੂਰ ਸੰਘਰਸ਼ ਕਰ ਰਹੇ ਹਨ । ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਨਾਲ ਇਨਸਾਫ ਕਰੇ । ਇਸੇ ਤਰੀਕੇ ਨਾਲ ਜਿੱਥੋਂ ਤੱਕ ਨੇਤਰਹੀਨਾਂ ਦਾ ਸਬੰਧ ਹੈ, ਜਿਸ ਤਰ੍ਹਾਂ ਕਿ ਬਜਟ ਸਪੀਚ ਵਿਚ ਲਿਖਿਆ ਗਿਆ ਹੈ, ਉਹ ਠੀਕ ਨਹੀਂ । ਉਨ੍ਹਾਂ ਦੀ ਮੰਗ ਸਿਰਫ ਇਕ ਪਰਸੈਂਟ ਨੌਕਰੀਆਂ ਵਿਚ ਰਿਜ਼ਰਵੇਸ਼ਨ ਦੀ ਨਹੀਂ ਸੀ । ਉਨ੍ਹਾਂ ਦੀ ਮੰਗ ਸੀ ਕਿ ਜਿਵੇਂ ਹਰਿਆਣਾ ਗੌਰਮਿੰਟ ਨੇ ਬੈਕਲਾਗ ਪੂਰਾ ਕੀਤਾ ਹੈ, ਉਸੇ ਤਰੀਕੇ ਦੇ ਨਾਲ ਪੰਜਾਬ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਵਿਮਲਾ ਡਾਂਗ]

ਸਰਕਾਰ ਨੂੰ ਵੀ ਬੈਕਲਾਗ ਪੂਰਾ ਕਰਨਾ ਚਾਹੀਦਾ ਹੈ । ਦੂਸਰੀ ਉਨ੍ਹਾਂ ਦੀ ਮੰਗ ਸੀ ਕਿ ਉਨ੍ਹਾਂ ਦੀਆਂ ਜੋ ਪ੍ਰਾਈਵੇਟ ਇੰਸਟੀਚਿਊਸ਼ਨਜ਼ ਹਨ, ਉਨ੍ਹਾਂ ਨੂੰ 95% ਗਰਾਂਟਾਂ ਦੂਜੀਆਂ ਪ੍ਰਾਈਵੇਟ ਸੰਸਥਾਵਾਂ ਵਾਂਗ ਮਿਲਣੀਆਂ ਚਾਹੀਦੀਆਂ ਹਨ । ਉਨ੍ਹਾਂ ਦੀ ਇਹ ਗੱਲ ਵੀ ਪੂਰੀ ਨਹੀਂ ਹੋਈ । ਇਹ ਜਿਹੜੀ ਤੁਸੀਂ ਉਨ੍ਹਾਂ ਦੀ ਸੁਪਰਐਨੂਏਸ਼ਨ ਦੀ ਉਮਰ ਵਧਾਈ ਹੈ, ਇਹ ਚੰਗੀ ਗੱਲ ਹੈ ਵੈਲਕਮ ਗੱਲ ਹੈ ਪਰ ਉਨ੍ਹਾਂ ਦੀਆਂ ਦੂਸਰੀਆਂ ਡਿਮਾਂਡਜ਼ ਪੂਰੀਆਂ ਨਹੀਂ ਹੋਈਆਂ । ਮੈਂ ਇਹ ਗੱਲ ਕਹਿਣੀ ਚਾਹਾਂਗੀ ਕਿ ਸਾਰੀ ਬਜਟ ਸਪੀਚ ਦੇ ਵਿਚ ਵਿੱਤ ਮੰਤਰੀ ਜੀ ਨੇ ਜਿਹੜੀਆਂ ਨਰਸਿਮ੍ਹਾ ਰਾਓ ਦੀ ਕੇਂਦਰ ਦੀ ਗੌਰਮਿੰਟ ਦੀਆਂ ਬੁਨਿਆਦੀ ਪਾਲਿਸੀਆਂ ਹਨ --ਗਲੋਬਲਾਈਜੇਸ਼ਨ ਦੀਆਂ ਪ੍ਰਾਈਵੇਟਾਈਜੇਸ਼ਨ ਦੀਆਂ, ਲਿਬਰੇਲਾਈਜ਼ੇਸ਼ਨ ਦੀਆਂ, ਉਨ੍ਹਾਂ ਦੀ ਕਾਫੀ ਤਾਰੀਫ਼ ਕੀਤੀ ਹੈ । ਸਮਰਥਨ ਹੀ ਨਹੀਂ, ਉਨ੍ਹਾਂ ਨੂੰ ਕਾਫੀ ਪਰੇਜ਼ ਵੀ ਕੀਤਾ ਹੈ । ਅਸੀਂ ਇਹ ਸਮਝਦੇ ਹਾਂ ਕਿ ਇਨ੍ਹਾਂ ਦੀਆਂ ਜੋ ਬੇਸਿਕ ਚੇਂਜਜ਼ ਦੀਆਂ ਨੀਤੀਆਂ ਹਨ, ਉਨ੍ਹਾਂ ਨਾਲ ਦੇਸ਼ ਦੇ ਵਿਚ ਸਹੀ ਅਰਥਾਂ ਵਿਚ ਖੁਸ਼ਹਾਲੀ ਨਹੀਂ ਆ ਸਕਦੀ । ਅਸੀਂ ਇਹ ਕਹਿਣਾ ਚਾਹਾਂਗੇ ਕਿ ਇਹ ਅਸਲੀਅਤ ਨਹੀਂ ਹੈ ਕਿ ਸਾਡਾ ਦੇਸ਼ ਖੁਸ਼ਹਾਲੀ ਵੱਲ ਜਾ ਰਿਹਾ ਹੈ । ਗਰੀਬੀ ਦੀ ਰੇਖਾ ਦੇ ਥੱਲੇ ਜਿਹੜੇ ਲੋਕ ਹਨ, ਉਹ ਪਹਿਲਾਂ 40% ਸਨ, ਹੁਣ 42% ਹੋ ਗਏ ਹਨ । ਮਹਿੰਗਾਈ ਵਧ ਰਹੀ ਹੈ । ਸਿੱਕੇ ਦਾ ਪਸਾਰ ਜੋ ਹੈ, ਉਸ ਤੇ ਕੰਟਰੋਲ ਨਹੀਂ । ਮਨਮੋਹਨ ਸਿੰਘ ਜੀ ਨੇ ਇਹ ਗੱਲ ਕਹੀ ਸੀ ਕਿ ਅਸੀਂ ਇਨਫਲੇਸ਼ਨ ਦਾ ਰੇਟ 6% ਤੱਕ ਲੈ ਆਵਾਂਗੇ ਜਦ ਕਿ ਇਸ ਵੇਲੇ ਪ੍ਰੂਡੈਂਟ ਰੇਟ 11% ਹੈ । ਜਿਹੜੇ ਪ੍ਰਾਮੀਨੈਂਟ ਇਕਨੌਮਿਸਟ ਹਨ, ਜਿਸ ਤਰ੍ਹਾਂ ਡਾਕਟਰ ਭੱਟਾਚਾਰੀਆ ਦਿੱਲੀ ਵਿਚ ਹਨ, ਉਨ੍ਹਾਂ ਨੇ ਸਰਕਾਰ ਨੂੰ ਇਸ ਗੱਲ ਦੀ ਵਾਰਨਿੰਗ ਦਿੱਤੀ ਹੈ ਕਿ ਸਾਡੇ ਦੇਸ਼ ਵਿਚ ਛੇ ਮੌਨਸੂਨ ਬੜੀਆਂ ਚੰਗੀਆਂ ਹੋਈਆਂ, ਇਕ ਵੀ ਮੌਨਸੂਨ ਜੇ ਠੀਕ ਨਹੀਂ ਹੁੰਦੀ, ਚੰਗੀ ਨਹੀਂ ਹੁੰਦੀ ਤਾਂ ਇਨਫਲੇਸ਼ਨ ਦਾ ਰੇਟ 25% ਤੱਕ ਵਧ ਜਾਵੇਗਾ ਜਿਸ ਦੇ ਨਾਲ ਸਾਰੀ ਜਨਤਾ ਲਈ ਬੜੀ ਸੀਰੀਅਸ ਪ੍ਰਸਥਿਤੀ ਪੈਦਾ ਹੋ ਜਾਵੇਗੀ ।

ਪੰਚਾਇਤਾਂ ਦੇ ਬਾਰੇ ਕਾਂਗਰਸ ਪਾਰਟੀ ਦੇ ਸਪੀਕਰ ਬੋਲੇ ਹਨ, ਉਨ੍ਹਾਂ ਨੇ ਇਸ ਨੂੰ ਬੜਾ ਪਰੇਜ਼ ਕੀਤਾ ਹੈ । ਪੰਚਾਇਤੀ ਰਾਜ ਸਥਾਪਤ ਹੋਇਆ, ਬੜੀ ਚੰਗੀ ਗੱਲ ਹੈ । ਮੈਂ ਇਕ ਗੱਲ ਕਹਿਣੀ ਚਾਹਾਂਗੀ ਕਿ ਛੇ ਮਹੀਨੇ ਹੋ ਗਏ ਹਨ, ਪੰਚਾਇਤਾਂ ਨੂੰ ਅਧਿਕਾਰ ਨਹੀਂ ਦਿੱਤੇ ਗਏ । ਪਹਿਲਾਂ 29 ਡਿਪਾਰਟਮੈਂਟਾਂ ਦੀ ਗੱਲ ਸੀ, ਫਿਰ 20 ਡਿਪਾਰਟਮੈਂਟਾਂ ਦੀ ਗੱਲ ਹੋਈ, ਫਿਰ 11 ਡਿਪਾਰਟਮੈਂਟਾਂ ਦੀ ਗੱਲ ਹੋਈ ਲੇਕਿਨ ਪੰਜਾਬ ਗੌਰਮਿੰਟ ਨੇ ਇਸ ਸਬੰਧ ਦੇ ਵਿਚ ਅਜੇ ਤੱਕ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤੀ ਅੱਤੇ ਇਕ ਵੀ ਮਹਿਕਮਾ ਪੰਚਾਇਤਾਂ ਨੂੰ ਨਹੀਂ ਦਿੱਤਾ ਗਿਆ, ਇਹ ਹਕੀਕਤ ਹੈ ।

ਇਸ ਤੋਂ ਇਲਾਵਾ ਮੈਂ ਇਹ ਗੱਲ ਕਹਿਣੀ ਚਾਹਾਂਗੀ ਕਿ ਜਿਹੜੀ ਪੰਜਾਬ ਗੌਰਮਿੰਟ ਨੇ ਸਟੇਟ ਦੇ ਸ਼ੇਅਰ ਵਾਸਤੇ (ਵਿਘਨ) 81% ਤੋਂ ਵਧ ਕੇ 90% ਦੀ ਮੰਗ ਕੀਤੀ ਸੀ, ਉਹ ਡਿਮਾਂਡ ਘਟ ਕੇ 77%, 77.1/2% ਹੋ ਗਈ । ਇਸ ਦਾ ਮਤਲਬ ਇਹ ਹੈ ਕਿ ਸ਼ੇਅਰ ਘਟ ਜਾਵੇਗਾ ਅੱਤੇ ਅੰਦਾਜ਼ਾ ਜਿਹੜਾ ਹੈ, ਉਹ ਗਲਤ ਲਗਾਇਆ ਗਿਆ । ਹੁਣ ਮੈਂ ਡਿਪਟੀ ਸਪੀਕਰ ਸਾਹਿਬ, ਕੁਝ ਗੱਲਾਂ, ਕੁਝ ਫਿਗਰਜ਼ ਤੁਹਾਡੇ ਸਾਹਮਣੇ ਰੱਖ ਕਰਕੇ ਰੱਖਣਾ

Original with;
Punjab Vidhan Sabha
Digitized by;
Panjab Digital Library

ਚਾਹਾਂਗੀ । ਇਸ ਬਜਟ ਵਿਚ ਕਿਹਾ ਗਿਆ ਹੈ ਕਿ ਗੌਰਮਿੰਟ ਬੜੀ ਔਸਟੈਰਿਟੀ ਵਰਤ ਰਹੀ ਹੈ । ਇਕ ਫਿਗਰ ਤੁਸੀਂ ਦੇਖੋ ਕਿ ਕੌਂਸਲ ਆਫ਼ ਮਨਿਸਟਰਜ਼ ਦਾ ਟੋਟਲ ਖਰਚ 1993-94 ਵਿਚ 5 ਕਰੋੜ 23 ਲੱਖ 72 ਹਜ਼ਾਰ ਰੁਪਏ ਹੈ। 1994-95 ਵਿਚ 5 ਕਰੋੜ 85 ਲੱਖ 88 ਹਜ਼ਾਰ ਰੁਪਏ, 1995-96 ਦੇ ਵਿਚ ਜਿਹੜਾ ਹੁਣੇ ਆਥੋਰਾਈਜ਼ ਕੀਤਾ ਹੈ, ਉਹ 10 ਕਰੋੜ 28 ਲੱਖ 12 ਹਜ਼ਾਰ ਰੁਪਏ ਹੈ । ਜੋ ਟੋਟਲ ਆਰਗਨ ਆਫ਼ ਸਟੇਟ ਦਿਖਾਇਆ ਗਿਆ ਹੈ ਜਿਸ ਦੇ ਵਿਚ ਕੌਂਸਲ ਆਫ਼ ਮਨਿਸਟਰਜ਼ ਸਾਰੇ ਸ਼ਾਮਲ ਹਨ, ਉਹ ਟੋਟਲ ਖਰਚਾ ਐਕਸਪਲੇਨੇਸ਼ਨ ਮੈਮੋਰੰਡਮ ਪੇਜ ਨੰ 7 ਦੇ ਅਨੁਸਾਰ 1993-94 ਵਿਚ 34 ਕਰੋੜ 51 ਲੱਖ 68 ਹਜ਼ਾਰ ਰੁਪਏ, 1994-95 ਵਿਚ 39 ਕਰੋੜ 25 ਲੱਖ 94 ਹਜ਼ਾਰ ਰੁਪਏ ਅੇਤ 1995-96 ਵਿਚ 64 ਕਰੋੜ 23 ਲੱਖ 57 ਹਜ਼ਾਰ ਰੁਪਏ ਹੈ, ਇਹ ਔਸਟੈਰਿਟੀ ਮਾਲੂਮ ਨਹੀਂ ਹੁੰਦੀ । ਇਹ ਟੋਟਲ ਖਰਚਾ ਹੈ ਜਿਹੜਾ ਸਟੇਟ ਗੌਰਮਿੰਟ ਕੌਂਸਲ ਆਫ਼ ਮਨਿਸਟਰਜ਼ ਦੇ ਉਪਰ ਖਰਚ ਕਰ ਰਹੀ ਹੈ । ਇਸ ਦੇ ਮੁਕਾਬਲੇ ਵਿਚ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦੀ ਹਾਂ ਕਿ ਐਕਸਪਲੇਨੇਸ਼ਨ ਮੈਮੋਰੰਡਮ ਦੇ ਪੇਜ 146 ਅਨੁਸਾਰ ਅੇਗਰੀਕਲਚਰ ਐਂਡ ਅਲਾਈਡ ਐਕਟਿਵਟੀਜ਼ ਤੇ ਐਕਸਪੈਂਡੀਚਰ ਘਟਿਆ ਹੈ । ਸਾਲ 1992-93 ਵਿਚ 240 ਕਰੋੜ 23 ਲੱਖ ਰੁਪਏ, 1993-94 ਵਿਚ 220 ਕਰੋੜ 77 ਲੱਖ ਰੁਪਏ ਅਤੇ ਹੁਣ ਰੀਵਾਈਜ਼ਡ ਬਜਟ ਵਿਚ 218 ਕਰੋੜ 91 ਲੱਖ ਰੁਪਏ ਦੱਸਿਆ ਹੈ । ਉਸ ਦੇ ਬਾਅਦ ਰਿਵਾਈਜ਼ਡ ਬਜਟ ਵਿਚ ਫਿਰ 203 ਕਰੋੜ ਅਤੇ 86 ਲੱਖ ਰੁਪਏ ਅਤੇ ਹੁਣ 1995-96 ਵਿਚ 222 ਕਰੋੜ 91 ਲੱਖ ਰੁਪਿਆ ਪ੍ਰੋਵਾਈਡਡ ਹੈ ਜਿਹੜਾ 1992-93 ਦੇ 240 ਕਰੋੜ 23 ਲੱਖ ਨਾਲੋਂ ਘੱਟ ਹੈ । ਇਸ ਦਾ ਮਤਲਬ ਹੈ ਕਿ ਅੇਗਰੀਕਲਚਰ ਐਂਡ ਅਲਾਈਡ ਐਕਟਿਵਿਟੀਜ਼ ਤੇ ਖ਼ਰਚ ਲਗਾਤਾਰ ਘਟਿਆ ਹੈ । ਇਸੇ ਤਰ੍ਹਾਂ ਐਕਸਪਲੇਨੇਸ਼ਨ ਮੈਮੋਰੰਡਮ ਵਿਚ ਨਾਨ ਡੀਵੈਲਪਮੈਂਟ ਆਫ਼ ਰੈਵੇਨਿਊ ਅਕਾਊਂਟ ਪੇਜ ਨੰ. 147 ਤੇ ਹੈ । ਮੈਂ ਬੇਨਤੀ ਕਰਨੀ ਚਾਹੁੰਦੀ ਹਾਂ ਕਿ 1992-93 ਵਿਚ 1485 ਕਰੋੜ 80 ਲੱਖ ਰੁਪਏ, 1993-94 ਵਿਚ 1932 ਕਰੋੜ 47 ਲੱਖ ਰੁਪਏ, 1994-95 ਵਿਚ 2214 ਕਰੋੜ 6 ਲੱਖ ਰੁਪਏ, 1994-95 ਵਿਚ 3833 ਕਰੋੜ 26 ਲੱਖ ਰੁਪਏ ਅਤੇ ਹੁਣ 5178 ਕਰੋੜ 59 ਲੱਖ ਰੁਪਿਆ ਪ੍ਰੋਵਾਈਡ ਕੀਤਾ ਗਿਆ ਹੈ। ਇਸ ਦਾ ਮਤਲਬ ਹੈ ਕਿ ਨਾਨ ਡੀਵੈਲਪਮੈਂਟ ਆਫ਼ ਰੈਵਨਿਊ ਅਕਾਊਂਟ ਜੋ ਹੈ, ਉਸ ਦੇ ਵਿਚ ਕੰਟੀਨਿਊਅਸਲੀ ਵਾਧਾ ਹੋਇਆ ਹੈ । 1992-93 ਤੋਂ ਲੈ ਕੇ ਡਿਵੈਲਪਮੈਂਟ ਆਫ਼ ਰੈਵੇਨਿਊ ਅਕਾਊਂਟਸ ਅਨੁਸਾਰ ਡਿਵੈਲਪਮੈਂਟ ਐਕਸਪੈਂਡੀਚਰ ਵਿਚ ਹੁਣ ਤਕ 25% ਡੇਢ ਗੁਣਾਂ ਵਾਧਾ ਹੋਇਆ ਹੈ ਅੇਤ ਨਾਨ ਡੀਵੈਲਪਮੈਂਟ ਐਕਸਪੈਂਡੀਚਰ ਵਿਚ 1992-93 ਤੋਂ ਲੈ ਕੇ 1995-96 ਤਕ 350 ਪਰਸੈਂਟ ਯਾਨੀ ਸਾਢੇ ਤਿੰਨ ਗੁਣਾ ਵਾਧਾ ਹੋਇਆ ਹੈ ।ਇਸ ਤੋਂ ਪਤਾ ਲੱਗਦਾ ਹੈ ਕਿ ਇਹ ਕਿਸ ਤਰੀਕੇ ਨਾਲ ਅੇਰ ਕਿਥੇ ਖਰਚ ਕਰ ਰਹੇ ਹਨ। ਅੰਕੜੇ ਬਜਟ ਤਕਰੀਰ ਵਿਚ ਨਹੀਂ ਆਏ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਹੋਰ ਅੰਕੜੇ ਜਲਦੀ ਜਲਦੀ ਦੱਸਣਾ ਚਾਹੁੰਦੀ ਹਾਂ । ਇਹ ਇਕ ਕਿਤਾਬ ਪਲੈਨ ਸਕੀਮ ਦੀ ਹੈ, ਇਸ ਦੇ ਵਿਚ ਅੇਜੂਕੇਸ਼ਨ ਦੀ ਡੀਮਾਂਡ ਨੰਬਰ 5 ਦਾ 1994-95 ਦਾ ਬਜਟ ਅੰਸਟੀਮੇਟ 63 ਕਰੋੜ 50 ਲੱਖ 95 ਹਜ਼ਾਰ ਰੁਪਏ ਸੀ ਅਤੇ ਰੀਵਾਈਜਡ ਬਜਟ ਵਿਚ ਇਹ 57 ਕਰੋੜ 37 ਲੱਖ 52 ਹਜ਼ਾਰ ਰੁਪਏ ਹੈ । ਇਸ ਤਰੀਕੇ ਨਾਲ ਡੀਮਾਂਡਜ਼ ਦੀ ਜਿਹੜੀ ਕਿਤਾਬ ਹੈ, ਉਸ ਦੇ ਸਫ਼ਾ 153 ਤੇ ਡੀਮਾਂਡ ਨੰਬਰ 11 ਹੈ ਜੋ ਹੈਲਥ ਐਂਡ ਫੈਮਿਲੀ ਪਲੈਨਿੰਗ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਵਿਮਲਾ ਡਾਂਗ]

ਦੀ ਹੈ । ਉਸ ਦੇ ਵਾਸਤੇ ਬਜਟ ਪ੍ਰੋਵਾਈਡਿਡ ਹੈ—1994-95 ਵਿਚ 25 ਕਰੋੜ 91 ਲੱਖ 40 ਹਜ਼ਾਰ ਰੁਪਏ ਅਤੇ ਰਿਵਾਈਜ਼ਡ ਬਜਟ ਵਿਚ ਇਹ 24 ਕਰੋੜ 16 ਲੱਖ 26 ਹਜ਼ਾਰ ਰੁਪਏ ਹੈ । ਇਹ ਜੋ ਫਿਗਰਜ਼ ਮੈਂ ਕੋਟ ਕਰ ਰਹੀ ਹਾਂ, ਇਹ ਤੁਹਾਡੀਆਂ ਆਪਣੀਆਂ ਕਿਤਾਬਾਂ ਵਿਚ ਹਨ । ਡੀਮਾਂਡ ਨੰਬਰ 17 (ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ ਪੇਜ 393) ਵਾਸਤੇ 142 ਕਰੋੜ 25 ਲੱਖ 45 ਹਜ਼ਾਰ ਰੁਪਏ ਪਹਿਲੇ ਬਜਟ ਵਿਚ ਪ੍ਰੋਵਾਇਡਡ ਸੀ, ਹੁਣ ਰਿਵਾਈਜ਼ਡ ਬਜਟ ਵਿਚ ਇਹ 76 ਕਰੋੜ 78 ਲੱਖ 74 ਹਜ਼ਾਰ ਰੁਪਏ ਹੈ, ਯਾਨੀ 50% ਰਿਡਕਸ਼ਨ ਹੈ । ਟੈਕਨੀਕਲ ਐਜੂਕੇਸ਼ਨ ਲਈ ਇਸੇ ਤਰੀਕੇ ਨਾਲ ਫਿਗਰਜ਼ ਦਿੱਤੀਆਂ ਗਈਆਂ ਹਨ । ਮੇਰੇ ਕਹਿਣ ਦਾ ਮਤਲਬ ਹੈ ਕਿ ਜਿਹੜੀਆਂ ਤੁਸੀਂ ਕਿਤਾਬਾਂ ਸਰਕੂਲੇਟ ਕੀਤੀਆਂ ਹਨ ਅੰਦਰ ਡਾਕੂਮੈਂਟਸ ਸਰਕੂਲੇਟ ਕੀਤੇ ਹਨ, ਇਨ੍ਹਾਂ ਦੇ ਅੰਕੜੇ ਵੇਖਣ ਨਾਲ ਸਾਨੂੰ ਪਤਾ ਲਗਦਾ ਹੈ ਕਿ ਲੋਕਾਂ ਦੀਆਂ ਜਿਹੜੀਆਂ ਜ਼ਰੂਰੀ ਮੰਗਾਂ ਹਨ ਉਨ੍ਹਾਂ ਤੇ ਜਿਹੜਾ ਐਕਸਪੈਂਡੀਚਰ ਇਨਕਰਡ ਕੀਤਾ ਜਾ ਰਿਹਾ ਹੈ, ਉਹ ਘੱਟ ਹੈ ਅੰਦਰ ਜਿਹੜਾ ਨਾਨ-ਪਲਾਨ ਐਕਸਪੈਂਡੀਚਰ ਹੈ ਜਿਵੇਂ ਕਿ ਵਜ਼ੀਰਾਂ ਦੀਆਂ ਤਨਖਾਹਾਂ, ਟੈਲੀਫੂਨਾਂ ਦੇ ਬਿੱਲ ਅੰਦਰ ਇਨ੍ਹਾਂ ਦੀਆਂ ਹੋਰ ਸਹੂਲਤਾਂ ਵਾਸਤੇ ਜਿਹੜਾ ਪੈਸਾ ਖਰਚ ਹੋ ਰਿਹਾ ਹੈ, ਉਹ ਲਗਾਤਾਰ ਵਧਦਾ ਜਾ ਰਿਹਾ ਹੈ ਜਦ ਕਿ ਗਰੀਬ ਜਨਤਾ ਜਿਨ੍ਹਾਂ ਵਿਚ ਸਨਅੱਤੀ ਮਜ਼ਦੂਰ ਵੀ ਸ਼ਾਮਲ ਹਨ, ਖੇਤ ਮਜ਼ਦੂਰ ਵੀ ਸ਼ਾਮਲ ਹਨ ਇਨ੍ਹਾਂ ਦੀ ਭਲਾਈ ਤੇ ਸਰਕਾਰ ਵਲੋਂ ਬਹੁਤ ਘੱਟ ਖਰਚ ਕੀਤਾ ਜਾ ਰਿਹਾ ਹੈ । ਇਨ੍ਹਾਂ ਦੀ ਗਿਣਤੀ 40% ਤੋਂ ਉਪਰ ਹੈ ਇਨ੍ਹਾਂ ਵਿਚ ਸ਼ਡਿਊਲਡ ਕਾਸਟਸ ਅੰਦਰ ਬੈਕਵਰਡ ਕਲਾਸ ਦੇ ਲੋਕ ਵੀ ਆ ਜਾਂਦੇ ਹਨ ।

ਇਸ ਤੋਂ ਇਲਾਵਾ ਕੁਝ ਗੱਲਾਂ ਐਸੀਆਂ ਹਨ ਜਿਨ੍ਹਾਂ ਦਾ ਇਸ ਬਜਟ ਵਿਚ ਕਈ ਜ਼ਿਕਰ ਨਹੀਂ । ਜਿਵੇਂ ਕਾਮਰੇਡ ਹਰਦੇਵ ਸਿੰਘ ਅਰਸ਼ੀ ਜੀ ਨੇ ਇਥੇ ਇਕ ਰੈਜੋਲਿਊਸ਼ਨ ਮੂਵ ਕੀਤਾ ਸੀ ਕਿ ਜਿਹੜੇ ਆਤੰਕਵਾਦ ਦੇ ਵਿਕਟਿਮਜ਼ ਹਨ, ਉਨ੍ਹਾਂ ਵਾਸਤੇ ਕੋਈ ਮੈਮੋਰੀ-ਅਲ ਬਣਾਇਆ ਜਾਵੇ ਅੰਦਰ ਇਸ ਰੈਜੋਲਿਊਸ਼ਨ ਨਾਲ ਉਸ ਵੇਲੇ ਸਾਰੇ ਸਹਿਮਤ ਵੀ ਸਨ ਪਰ ਇਸ ਦਾ ਜ਼ਿਕਰ ਇਸ ਬਜਟ ਵਿਚ ਕੋਈ ਨਹੀਂ ਕੀਤਾ ਗਿਆ । ਮੇਰੀ ਭੈਣ ਮਿਸਿਜ਼ ਭੱਠਲ ਜੀ ਇਥੇ ਬੈਠੇ ਹਨ, ਇਨ੍ਹਾਂ ਨੇ ਕਿਹਾ ਸੀ ਕਿ ਔਰਤਾਂ ਵਾਸਤੇ ਆਈ.ਟੀ. ਆਈਜ਼. ਲਈ 75% ਗ੍ਰਾਂਟ ਕਰ ਦਿੱਤੀ ਜਾਵੇਗੀ । ਆਲ ਇੰਡੀਆ ਵਿਮੇਨ ਕਾਨਫਰੰਸ ਵਿਚ ਵੀ ਔਰਤਾਂ ਦੀ ਆਈ.ਟੀ.ਆਈਜ਼. ਵਾਸਤੇ ਮਿਸਿਜ਼ ਭੱਠਲ ਜੀ ਨੇ ਐਸ਼ਿਓਰੈਂਸ ਦਿੱਤੀ ਸੀ ਕਿ ਜਿਹੜਾ ਬਜਟ ਸੈਸ਼ਨ ਹੈ ਉਸ ਵਿਚ ਜ਼ਰੂਰ ਕੁਝ ਗ੍ਰਾਂਟ ਪਰੋਵਾਈਡ ਕੀਤੀ ਜਾਵੇਗੀ । ਇਸ ਲਈ ਮੈਂ ਅਰਜ਼ ਕਰਦੀ ਹਾਂ ਕਿ 75% ਗਰਾਂਟ ਦਾ ਜਿਹੜਾ ਵਾਅਦਾ ਹੈ, ਉਹ ਪੂਰਾ ਕੀਤਾ ਜਾਵੇ । ਜਿਹੜੀਆਂ ਟੈਕਨੀਕਲ ਐਜੂਕੇਸ਼ਨ ਵਿਚ ਅੰਦਰ ਆਈ.ਟੀ. ਆਈਜ਼. ਵਿਚ ਸਾਡੀਆਂ ਭੈਣਾਂ ਕੰਮ ਕਰਦੀਆਂ ਹਨ, ਉਨ੍ਹਾਂ ਵਾਸਤੇ ਸਾਡੇ ਐਜੂਕੇਸ਼ਨ ਮਨਿਸ਼ਟਰ ਸਾਹਿਬ ਨੇ ਵੀ ਕਿਹਾ ਸੀ ਕਿ ਉਨ੍ਹਾਂ ਦੀ ਸਹਾਇਤਾ ਵਾਸਤੇ 75% ਗਰਾਂਟ ਰੱਖੀ ਜਾਵੇਗੀ । ਇਸ ਲਈ ਮੇਰੀ ਬੇਨਤੀ ਹੈ ਕਿ ਇਹ 75% ਗਰਾਂਟ ਜ਼ਰੂਰ ਰੱਖੀ ਜਾਣੀ ਚਾਹੀਦੀ ਹੈ ।

Original with;
Punjab Vidhan Sabha
Digitized by;
Panjab Digital Library

ਇਸ ਤੋਂ ਇਲਾਵਾ ਔਰਤਾਂ ਵਾਸਤੇ ਇਸ ਸਰਕਾਰ ਨੇ ਕੁਝ ਸਹੂਲਤਾਂ ਰੱਖੀਆਂ ਹਨ, ਇਹ ਖੁਸ਼ੀ ਦੀ ਗੱਲ ਹੈ ਜਿਵੇਂ ਕਿ ਬੱਚਿਆਂ ਦੀ ਸੰਭਾਲ ਲਈ ਪ੍ਰਬੰਧ ਕੀਤਾ ਹੈ । ਔਰਤਾਂ ਪਾਰਟ ਟਾਈਮ ਵੀ ਕੰਮ ਕਰਦੀਆਂ ਹਨ, ਉਨ੍ਹਾਂ ਨੂੰ ਵੀ ਤਨਾਸਬ ਦੇ ਮੁਤਾਬਿਕ ਕੁਝ ਵੇਜਿਜ਼ ਮਿਲਣਗੇ । ਇਹ ਚੰਗੀ ਗੱਲ ਹੈ ਅਤੇ ਅਸੀਂ ਇਸ ਨੂੰ ਵੈਲਕਮ ਕਰਦੇ ਹਾਂ । ਮੈਂ ਆਸ ਕਰਦੀ ਹਾਂ ਕਿ ਇਹ ਵੇਜਿਜ਼ ਦੇਣ ਵਿਚ ਕਿਸੇ ਨਾਲ ਬੇਇਨਸਾਫੀ ਨਹੀਂ ਹੋਵੇਗੀ ।

ਇਸ ਤੋਂ ਇਲਾਵਾ ਕੁਝ ਗੱਲਾਂ ਵੱਲ ਜ਼ਰੂਰ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਰੂਲਿੰਗ ਪਾਰਟੀ ਵਿਚ ਜਿਹੜੀਆਂ ਔਰਤਾਂ ਐਮ.ਐਲ.ਏ. ਸਨ, ਉਹ ਸਾਰੀਆਂ ਹੀ ਮਨਿਸਟਰ ਬਣ ਗਈਆਂ ਹਨ । ਇਸ ਲਈ ਉਹ ਹੁਣ ਕੁਝ ਬੋਲਦੀਆਂ ਨਹੀਂ, ਪਰ ਪਹਿਲੇ ਇਥੇ ਇਨ੍ਹਾਂ ਸਭ ਨੇ ਇਹ ਸੁਝਾਓ ਦਿੱਤੇ ਸਨ ਕਿ ਔਰਤਾਂ ਵਾਸਤੇ ਕੁਝ ਸਪੈਸ਼ਲ ਐਲੋਕੇਸ਼ਨ ਰੱਖੀ ਜਾਣੀ ਚਾਹੀਦੀ ਹੈ । ਮੈਨੂੰ ਯਾਦ ਹੈ ਕਿ ਇਥੇ ਮਾਲਤੀ ਥਾਪਰ ਜੀ ਨੇ ਆਪਣੇ ਇਕ ਰੈਜ਼ੋਲਿਊਸ਼ਨ ਤੇ ਬੋਲਦਿਆਂ ਸਭ ਤੋਂ ਪਹਿਲਾਂ ਇਹ ਕਿਹਾ ਸੀ ਕਿ ਵਿਧਵਾ ਪੈਨਸ਼ਨ 500 ਰੁਪਏ ਮਹੀਨਾ ਜ਼ਰੂਰ ਕਰਨੀ ਚਾਹੀਦੀ ਹੈ ਪਰ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ । ਇਸ ਤੋਂ ਇਲਾਵਾ ਵੀ ਕੁਝ ਔਰਤਾਂ ਦੀਆਂ ਕਾਮਨ ਡਿਮਾਂਡਜ਼ ਹਨ । ਜਿਹੜਾ ਰਾਜ ਕਮਿਸ਼ਨ ਔਰਤਾਂ ਲਈ ਬਣਾਇਆ ਗਿਆ ਹੈ, ਉਹ ਨੈਸ਼ਨਲ ਕਮਿਸ਼ਨ ਫਾਰ ਵੂਮੈਨ ਐਕਟ ਅਧੀਨ ਸੰਵਿਧਾਨਕ ਅਧਿਕਾਰਾਂ ਵਾਲਾ ਬਣਾਇਆ ਜਾਣਾ ਚਾਹੀਦਾ ਸੀ ਜਿਹੜਾ ਕਿ ਬਣਾਇਆ ਨਹੀਂ ਗਿਆ । ਇਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਜਿਹੜੀਆਂ ਮਹਿਲਾਵਾਂ ਦੀ ਮੰਗ ਹੈ, ਉਹ ਪੂਰੀ ਹੋ ਸਕੇ । ਦੂਜਾ ਜਿਹੜਾ ਪਰਿਵਾਰਕ ਝਗੜੇ ਹਨ, ਉਨ੍ਹਾਂ ਨੂੰ ਹੱਲ ਕਰਨ ਲਈ ਸਰਕਾਰ ਵੱਲੋਂ ਸਪੈਸ਼ਲ ਕੋਰਟ ਬਣਾਏ ਜਾਣੇ ਚਾਹੀਦੇ ਹਨ ਪਰ ਇਸ ਦੀ ਪ੍ਰੋਵੀਜ਼ਨ ਇਸ ਬਜਟ ਵਿਚ ਨਹੀਂ ਕੀਤੀ ਗਈ । ਜਿਸ ਤਰ੍ਹਾਂ ਨਾਲ ਸਰਕਾਰ ਵਲੋਂ ਪੰਚਾਇਤਾਂ ਦੇ ਵਿਚ, ਮਿਊਂਸਪਲ ਕਮੇਟੀਜ਼ ਦੇ ਵਿਚ ਅਤੇ ਮਿਊਂਸਪਲ ਕਾਰਪੋਰੇਸ਼ਨਾਂ ਦੇ ਵਿਚ ਔਰਤਾਂ ਨੂੰ ਰਿਜ਼ਰਵੇਸ਼ਨ ਦਿੱਤੀ ਗਈ ਹੈ ਅਤੇ ਨਾਮੀਨੇਸ਼ਨਾਂ ਕੀਤੀਆਂ ਗਈਆਂ ਹਨ, ਇਸ ਦੇ ਨਾਲ ਦੇਸ਼ ਤਰੱਕੀ ਕਰੇਗਾ ਕਿਉਂਕਿ ਦੇਸ਼ ਦੀ ਤਰੱਕੀ ਵਿਚ ਔਰਤਾਂ ਦੀ ਬੜੀ ਕੰਟਰੀਬਿਊਸ਼ਨ ਰਹੀ ਹੈ ਅਤੇ ਆਜ਼ਾਦੀ ਲਹਿਰ ਦੇ ਵਿਚ ਵੀ ਔਰਤਾਂ ਦੀ ਕਾਫੀ ਕੰਟਰੀਬਿਊਸ਼ਨ ਰਹੀ ਹੈ । ਇਸ ਲਈ ਸਰਕਾਰ ਨੂੰ ਔਰਤਾਂ ਦੇ ਲਈ ਅਸੈਂਬਲੀ ਵਿਚ ਅਤੇ ਪਾਰਲੀਮੈਂਟ ਦੇ ਵਿਚ ਰਿਜ਼ਰਵੇਸ਼ਨ ਫਿਕਸ ਕਰ ਦੇਣੀ ਚਾਹੀਦੀ ਹੈ, ਤਾਂਕਿ ਔਰਤਾਂ ਰੂਰਲ ਅਤੇ ਅਰਬਨ ਬਾਡੀਜ਼ ਵਿਚ ਵੀ ਆਪਣਾ ਯੋਗਦਾਨ ਪਾ ਸਕਣ । ਐਸਾ ਕਰਨ ਨਾਲ ਔਰਤਾਂ ਦਾ ਵਿਕਾਸ ਹੋਵੇਗਾ ਅਤੇ ਦੇਸ਼ ਦੀ ਤਰੱਕੀ ਵੀ ਹੋਵੇਗੀ ।

ਸਭ ਨਾਲੋਂ ਇੰਪਾਰਟੈਂਟ ਮਸਲਾ ਕੁਰੱਪਸ਼ਨ ਦਾ ਹੈ ਜਿਹੜੀ ਪੰਜਾਬ ਦੇ ਵਿਚ ਬਹੁਤ ਵਧ ਰਹੀ ਹੈ । ਇਸ ਨੂੰ ਰੋਕਣ ਲਈ ਸਰਕਾਰ ਵਲੋਂ ਕੋਈ ਬਜਟ ਵਿਚ ਪ੍ਰੋਵੀਜ਼ਨ ਨਹੀਂ ਕੀਤੀ ਗਈ ਹੈ । ਐਂਟੀ ਕੁਰੱਪਸ਼ਨ ਟ੍ਰਿਬਿਊਨਲ ਨਹੀਂ ਬਣਾਇਆ ਗਿਆ ਅਤੇ ਨਾ ਹੀ ਕੁਰੱਪਸ਼ਨ ਬਾਰੇ ਕੋਈ ਜ਼ਿਕਰ ਕੀਤਾ ਗਿਆ ਹੈ । ਸਰਕਾਰ ਨੂੰ ਪੰਜਾਬ ਵਿਚ ਇਸੇ ਸੈਸ਼ਨ ਵਿਚ ਲੋਕ ਆਯੁਕਤ ਨਿਯੁਕਤ ਕਰ ਦੇਣਾ ਚਾਹੀਦਾ ਹੈ । ਪੰਜਾਬ ਅਤੇ ਹਰਿਆਣਾ ਹਾਈ

Original with;
Punjab Vidhan Sabha
Digitized by;
Panjab Digital

[ਸ਼੍ਰੀਮਤੀ ਵਿਮਲਾ ਡਾਂਗ]

ਕੋਰਟ ਨੇ ਕਾਫੀ ਫੈਸਲੇ ਪੰਜਾਬ ਸਰਕਾਰ ਦੇ ਖਿਲਾਫ ਕੀਤੇ ਹਨ ਅਤੇ ਪੰਜਾਬ ਸਰਕਾਰ ਦੇ ਫੈਸਲੇ ਰੱਦ ਕੀਤੇ ਹਨ । ਅਪੁਆਇੰਟਮੈਂਟ ਦੇਣ ਵਿਚ ਅਤੇ ਹੋਰ ਬਹੁਤ ਸਾਰੇ ਮਸਲਿਆ ਉਤੇ ਸਰਕਾਰ ਨੂੰ ਹਾਈ ਕੋਰਟ ਨੇ ਆਪਣੇ ਫੈਸਲੇ ਦਿੱਤੇ ਹਨ, ਉਨ੍ਹਾਂ ਨੂੰ ਮੈਂ ਇਥੇ ਰੀਪੀਟ ਨਹੀਂ ਕਰਨੀ ਚਾਹੁੰਦੀ । ਮੁੱਖ ਮੰਤਰੀ ਸਾਹਿਬ ਨੇ ਵਿਸ਼ਵਾਸ ਦਿਵਾਇਆ ਹੈ ਕਿ ਇਸੇ ਸੈਸ਼ਨ ਵਿਚ ਲੋਕ ਆਯੁਕਤ ਅਪਆਇੰਟ ਕਰ ਦਿੱਤਾ ਜਾਵੇਗਾ ਤਾਂ ਕਿ ਕੁਰੱਪਸ਼ਨ ਨੂੰ ਕਰੱਬ ਕੀਤਾ ਜਾ ਸਕੇ ਪਰ ਇਸ ਦੀ ਚਰਚਾ ਬਜਟ ਵਿਚ ਨਹੀਂ ਕੀਤੀ ਗਈ ।

ਮੇਰੀ ਪਾਰਟੀ ਇਸ ਗੱਲ ਦੀ ਹਮਾਇਤ ਕਰਦੀ ਹੈ ਕਿ ਜਿਹੜਾ ਸੈਂਟਰਲ ਲੋਨ ਪੰਜਾਬ ਉਤੇ 600 ਕਰੋੜ ਰੁਪਏ ਦਾ ਹੈ, ਉਹ ਮੁਆਫ ਹੋਣਾ ਚਾਹੀਦਾ ਹੈ ਕਿਉਂਕਿ ਇਹ ਜੰਗ ਅੱਤਵਾਦ ਦੇ ਖਿਲਾਫ ਪੰਜਾਬ ਸਰਕਾਰ ਨੇ ਅਤੇ ਪੰਜਾਬ ਦੇ ਲੋਕਾਂ ਨੇ ਪੰਜਾਬ ਦੀ ਖਾਤਿਰ ਹੀਂ ਨਹੀਂ ਬਲਕਿ ਸਾਰੇ ਹਿੰਦੁਸਤਾਨ ਦੀ ਖਾਤਿਰ ਲੜੀ ਹੈ ਅਤੇ ਇਸ ਅੱਤਵਾਦ ਨੂੰ ਕਰੱਬ ਕੀਤਾ ਹੈ । ਇਸ ਲਈ ਪੰਜਾਬ ਸਰਕਾਰ ਦੀ ਕੰਟਰੀਬਿਊਸ਼ਨ ਨੂੰ ਵੇਖਦੇ ਹੋਏ ਅਤੇ ਲੋਕਾਂ ਚੀਆਂ ਕੁਰਬਾਨੀਆਂ ਨੂੰ ਵੇਖਦੇ ਹੋਏ ਇਹ ਲੋਨ ਸੈਂਟਰਲ ਗੌਰਮਿੰਟ ਨੂੰ ਮੁਆਫ ਕਰ ਦੇਣਾ ਚਾਹੀਦਾ ਹੈ । ਪੰਜਾਬ ਦੇ ਲੋਕਾਂ ਨੇ ਹਿੰਦੁਸਤਾਨ ਦੀ ਰੱਖਿਆ ਕੀਤੀ ਹੈ । ਸਾਡੀ ਪਾਰਟੀ ਇਸ ਦੇ ਨਾਲ ਸਹਿਮਤ ਹੈ । ਮੈਂ ਆਖਿਰ ਵਿਚ ਪੰਜਾਬ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਭਾਵੇਂ ਖਜ਼ਾਨਾ ਮੰਤਰੀ ਜੀ ਨੇ ਬਜਟ ਦੇ ਵਿਚ ਵੱਖ ਵੱਖ ਵਰਗਾਂ ਦੇ ਲਈ ਰਿਆਇਤਾਂ ਦਾ ਐਲਾਨ ਕੀਤਾ ਹੈ ਅਤੇ ਅਲੱਗ ਅਲੱਗ ਵਰਗਾਂ ਦੇ ਲੋਕਾਂ ਲਈ ਸਰਕਾਰ ਵਲੋਂ ਕਦਮ ਚੁੱਕੇ ਜਾ ਰਹੇ ਹਨ ਪਰ ਖੇਤੀ ਬਾੜੀ ਦੇ ਮਜ਼ਦੂਰਾਂ ਦੇ ਲਈ, ਕਿਸਾਨਾਂ ਦੇ ਲਈ ਇਸ ਬਜਟ ਦੇ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ ਜਿਸ ਕਰਕੇ ਉਹ ਗਰੀਬ ਲੋਕ ਇਸ ਬਜਟ ਦੇ ਨਾਲ ਸੰਤੁਸ਼ਟ ਨਹੀਂ ਹਨ ਅਤੇ ਨਾ ਹੀ ਉਨ੍ਹਾਂ ਨੂੰ ਬਜਟ ਦੇ ਵਿਚ ਕੋਈ ਰਿਆਇਤਾਂ ਚਿੱਤ ਿਆਂ ਗਈਆਂ ਹਨ । ਚੂੰਕਿ ਜਿਹੜਾ ਮੈਨੂੰ ਟਾਈਮ ਤੁਸੀਂ ਅਲਾਟ ਕੀਤਾ ਸੀ, ਉਸਦੇ ਵਿਚ ਮੈਂ ਆਪਣੀਆਂ ਸਾਰੀਆਂ ਗੱਲਾਂ ਨਹੀਂ ਕਹਿ ਸਕਦੀ ਸੀ, ਇਸ ਲਈ ਮੈਂ ਜਿਹੜੀਆਂ ਕੰਸਟਰੱਕਟਿਵ ਪਰੋਪੋਜ਼ਲਾਂ ਦਿੱਤੀਆਂ ਹਨ, ਉਨ੍ਹਾਂ ਉਤੇ ਸਰਕਾਰ ਗੰਭੀਰਤਾ ਦੇ ਨਾਲ ਵਿਚਾਰ ਕਰਕੇ ਲੋਕਾਂ ਦੀ ਮਦਦ ਕਰੇ ਅਤੇ ਜਿਹੜਾ ਗਲਤ ਇੰਪ-ਰੈਸ਼ਨ ਲੋਕਾਂ ਦੇ ਦਿਲਾਂ ਵਿਚ ਸਰਕਾਰ ਬਾਰੇ ਹੈ, ਉਹ ਦੂਰ ਕਰੇ । ਕੁਝ ਫੈਕਟਸ ਐਂਡ ਤਿਗਰਜ਼ ਵੱਖ ਵੱਖ ਮਨਿਸਟਰੀ ਬਾਰੇ ਨੋਟ ਕੀਤੇ ਹਨ, ਉਨ੍ਹਾਂ ਉਤੇ ਸਰਕਾਰ ਗੌਰ ਕਰੇ ਅਤੇ ਹਾਊਸ ਵਿਚ ਜਵਾਬ ਦੇਵੇ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ।

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ (ਦੀਨਾ ਨਗਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਬੜਾ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਡਾਕਟਰ ਕੇਵਲ ਕ੍ਰਿਸ਼ਨ, ਵਿੱਤ ਮੰਤਰੀ ਜੀ ਨੇ ਜਿਹੜਾ ਚੌਥਾ ਬਜਟ 16 ਮਾਰਚ, 1995 ਨੂੰ ਹਾਊਸ ਵਿਚ ਰੱਖਿਆ ਹੈ, ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ । ਮੈਂ ਡਾਕਟਰ ਕੇਵਲ ਕ੍ਰਿਸ਼ਨ, ਵਿੱਤ ਮੰਤਰੀ ਅਤੇ ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਸਾਲ 1995-96 ਦਾ ਬਜਟ ਟੈਕਸ ਫਰੀ ਦਿੱਤਾ ਹੈ । ਜਿਹੜੇ ਟੈਕਸ ਪਹਿਲਾਂ ਲਗਾਏ ਹੋਏ ਸਨ, ਉਨ੍ਹਾਂ ਟੈਕਸਾਂ ਨੂੰ ਸਰਕਾਰ ਨੇ ਘਟਾਇਆ ਹੈ ਅਤੇ ਪੰਜਾਬ ਦੇ ਲੋਕਾਂ ਤੇ ਕੋਈ ਨਵਾਂ ਟੈਕਸ

Original with;
Punjab Vidhan Sabha
Digitized by;
Panjab Digital Library

ਨਹੀਂ ਲਗਾਇਆ । ਲੋਕਾਂ ਵਿਚ ਇਹ ਚਰਚਾ ਹੈ ਕਿ ਇਹ ਬਜਟ ਜੋ ਪੇਸ਼ ਕੀਤਾ ਗਿਆ ਹੈ, ਇਹ ਬਹੁਤ ਹੀ ਅੱਛਾ ਬਜਟ ਹੈ ਅਤੇ ਇਸ ਤੋਂ ਵਧੀਆ ਬਜਟ ਹੋਰ ਪੇਸ਼ ਨਹੀਂ ਹੋ ਸਕਦਾ । ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਗਰੀਬਾਂ ਅਤੇ ਕਿਸਾਨਾਂ ਦਾ ਪੂਰਾ ਖਿਆਲ ਇਸ ਬਜਟ ਵਿਚ ਰੱਖਿਆ ਹੈ । ਇਨ੍ਹਾਂ ਨੇ ਕਿਹਾ ਹੈ । (ਆਪੋਜ਼ੀਸ਼ਨ ਵੱਲ ਇਸ਼ਾਰਾ) ਕਿ ਸਰਕਾਰ ਕਿਸਾਨਾਂ ਦਾ ਖਿਆਲ ਨਹੀਂ ਰੱਖਦੀ ਪਰ ਸਰਕਾਰ ਨੇ ਇਨ੍ਹਾਂ ਦੀ ** ਕਰ ਦਿਤੀ ਹੈ ।

ਸ਼੍ਰੀ ਡਿਪਟੀ ਸਪੀਕਰ : ਇਹ ਲਫ਼ਜ਼ ਅੰਕਸਪੰਜ ਕੀਤਾ ਜਾਂਦਾ ਹੈ ।

ਸ਼੍ਰੀ ਵਿਜੇ ਕੁਮਾਰ ਸਾਥੀ : ਡਿਪਟੀ ਸਪੀਕਰ ਸਾਹਿਬ, ਡਾਕਟਰ ਹਰਬੰਸ ਲਾਲ ਜੀ ਆਪਣੀ ਸੀਟ ਛੱਡ ਕੇ ਕਿਤੇ ਹੋਰ ਬੈਠੇ ਹਨ ਉਨ੍ਹਾਂ ਨੂੰ ਕਹੋ ਕਿ ਉਹ ਆਪਣੀ ਸੀਟ ਤੇ ਜਾ ਕੇ ਗੱਲ ਕਰਨ । ਦੂਸਰਾ ਡਿਪਟੀ ਸਪੀਕਰ ਸਾਹਿਬ, ਆਫੀਸਰ ਗੈਲਰੀ ਸਾਰੀ ਖਾਲੀ ਪਈ ਹੈ ।

ਸ਼੍ਰੀ ਡਿਪਟੀ ਸਪੀਕਰ : ਤੁਹਾਨੂੰ ਸਲਾਹ ਦੇਣ ਦੀ ਕੋਈ ਜ਼ਰੂਰਤ ਹੀ ਨਹੀਂ ਅਤੇ ਤੁਸੀਂ ਕਿਰਪਾ ਕਰਕੇ ਬੈਠ ਜਾਉ । ਸਾਥੀ ਜੀ ਪਿਛਲੀ ਗੈਲਰੀ ਵਿਚ ਅਫਸਰ ਸਾਹਿਬਾਨ ਬੈਠੇ ਹਨ ਅਤੇ ਤੁਹਾਡੀਆਂ ਗੱਲਾਂ ਸੁਣ ਰਹੇ ਹਨ ।

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ : ਡਿਪਟੀ ਸਪੀਕਰ ਸਾਹਿਬ, ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਕਿਸਾਨਾਂ ਦੇ ਬਿਜਲੀ ਦੇ ਰੇਟ ਘਟਾਏ ਹਨ ਅਤੇ ਪੈਸਟੀ-ਸਾਈਡਜ਼ ਵਿਚ ਕਿਸਾਨਾਂ ਨੂੰ ਰਿਆਇਤਾਂ ਦਿੱਤੀਆਂ ਗਈਆਂ ਹਨ । 25 ਫਰਵਰੀ, 1992 ਨੂੰ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਪੰਜਾਬ ਦੀ ਵਾਂਗਡੋਰ ਸੰਭਾਲੀ ਸੀ । ਜਦੋਂ ਪੰਜਾਬ ਦੀ ਨਵੀਂ ਸਰਕਾਰ ਬਣੀ, ਉਸ ਵੇਲੇ ਪੰਜਾਬ ਦੇ ਹਾਲਾਤ ਬਹੁਤ ਮਾੜੇ ਸਨ । ਉਹ ਹਾਲਾਤ ਕਿਸੇ ਕੋਲੋਂ ਭੁੱਲੇ ਹੋਏ ਨਹੀਂ ਹਨ ਅਤੇ ਪੰਜਾਬ ਵਿਚ ਹਨੇਰਾ ਹੀ ਹਨੇਰਾ ਸੀ । ਪੰਜਾਬ ਸਰਕਾਰ ਉਸ ਵੇਲੇ ਕਰਜ਼ੇ ਥੱਲੇ ਦਬੀ ਹੋਈ ਸੀ । ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਹੌਸਲਾ ਕਰਕੇ ਹਾਲਾਤ ਠੀਕ ਕੀਤੇ । ਸਰਦਾਰ ਬੇਅੰਤ ਸਿੰਘ ਜੀ ਦਾ ਸਨ-ਇਨ-ਲਾਅ, ਗੁਲਜ਼ਾਰ ਸਿੰਘ ਜੀ ਦਾ ਭਰਾ, ਸ਼੍ਰੀ ਮਨਚੰਦਾ, ਐਕਸਾਈਜ਼ ਐਂਡ ਕਮਿਸ਼ਨਰ ਅਤੇ ਹੋਰ ਬਹੁਤ ਸਾਰੇ ਸਿਵਲੀਅਨਜ਼ ਨੂੰ ਅੱਤਵਾਦੀਆਂ ਨੇ ਮਾਰ ਦਿੱਤਾ ਸੀ । ਬਹੁਤ ਸਾਰੇ ਪੁਲਿਸ ਦੇ ਕਰਮਚਾਰੀ ਵੀ ਮਾਰੇ ਗਏ ਸਨ ।

ਸ਼੍ਰੀ ਜਗਦੀਸ਼ ਸਾਹਨੀ : ਕੀ ਇਹ ਰੈਪੀਟੀਸ਼ਨ ਨਹੀਂ ? ਡਿਪਟੀ ਸਪੀਕਰ ਸਾਹਿਬ, ਰੈਪੀਟੀਸ਼ਨ ਨਹੀਂ ਹੋਣੀ ਚਾਹੀਦੀ ਅਤੇ ਇਹ ਕੋਈ ਨਵੀਂ ਚੀਜ਼ ਕਹਿਣ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਉਨ੍ਹਾਂ ਨੂੰ ਬੋਲਣ ਦਿਉ । ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ ਜੀ ਤੁਸੀਂ ਬੋਲੋ ।

**Expunged as ordered by the Chair,

Original with;
Punjab Vidhan Sabha
Digitized by;
Panjab Digital Library

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ : ਇਹ ਸਰਦਾਰ ਬੇਅੰਤ ਸਿੰਘ ਦੀ ਮਰਦਾਨਗੀ ਹੈ, ਔਰ ਉਸ ਮਰਦ ਨੂੰ ਅਸੀਂ ਦੇਖਿਆ ਹੈ ਕਿ ਉਨ੍ਹਾਂ ਦਿਨਾਂ ਵਿਚ ਉਸ ਨੇ ਨਾ ਆਪਣੇ ਮਨਿਸਟਰਾਂ ਨੂੰ, ਨਾ ਆਪਣੇ ਐਮ. ਐਲ. ਏਜ਼ ਨੂੰ ਚਾਹੇ ਆਪੋਜ਼ੀਸ਼ਨ ਦੇ ਹੋਣ, ਸ਼ਹੀਦ ਨਹੀਂ ਹੋਣ ਦਿੱਤਾ। ਇਹ ਸਰਦਾਰ ਬੇਅੰਤ ਸਿੰਘ ਦੀ ਸ਼ੂਝ ਬੂਝ ਹੈ ਕਿ ਉਨ੍ਹਾਂ ਨੇ ਇਹੋ ਜਿਹਾ ਮਾਹੌਲ ਕਾਇਮ ਕੀਤਾ। ਅੱਜ ਅਮਨ-ਸ਼ਾਂਤੀ ਦਾ ਮਾਹੌਲ ਬਣਿਆ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪਹਿਲਾਂ ਮਾਸ ਰੈਲੀਜ਼ ਕੀਤੀਆਂ, ਲੋਕਾਂ ਨੂੰ ਆਪਣੇ ਨਾਲ ਲਿਆ ਅਤੇ ਹਾਲਾਤ ਠੀਕ ਕੀਤੇ। ਸਰਦਾਰ ਬੇਅੰਤ ਸਿੰਘ ਨੇ ਸੂਬੇ ਦੀ ਇਕਾਨਮੀ ਨੂੰ ਵਧਾਉਣ ਵਾਸਤੇ ਬਾਹਰ ਦੇ ਇੰਡਸਟਰੀਅਲਿਸਟਾਂ ਨੂੰ ਬੜ੍ਹਾਵਾ ਦਿੱਤਾ ਅਤੇ ਇਨਵਾਈਟ ਕੀਤਾ। ਇਹ ਹੁਣ ਉਨ੍ਹਾਂ ਨੂੰ ਸੇਲਜ਼ ਟੈਕਸ ਵਿਚ ਛੋਟ ਦੇ ਰਹੇ ਹਨ ਅਤੇ ਉਨ੍ਹਾਂ ਨੂੰ ਕੈਪੀਟਲ ਵਿਚ ਸਬਸਿਡੀ ਦੇ ਕੇ ਏਥੇ ਇੰਡਸਟਰੀ ਲਗਾਉਣ ਲਈ ਉਤਸ਼ਾਹਿਤ ਕਰ ਰਹੇ ਹਨ ਤਾਂਕਿ ਪੰਜਾਬ ਦੀ ਇੰਡਸਟਰੀ ਵਧੇ ਫੁੱਲੇ ਅਤੇ ਇਥੋਂ ਦੇ ਬੱਚਿਆਂ ਨੂੰ ਰੋਜ਼ਗਾਰ ਮੁਹੱਈਆ ਹੋ ਸਕੇ। ਅੱਤਵਾਦ ਦੇ ਦੌਰਾਨ ਜਿਹੜੇ ਲੋਕ ਘਰ ਛੱਡ ਗਏ ਸਨ, ਇੰਡਸਟਰੀ ਛੱਡ ਗਏ ਸਨ, ਉਹ ਮੁੜ ਕੇ ਆ ਕੇ ਵੱਸਣੇ ਸ਼ੁਰੂ ਹੋ ਗਏ ਹਨ। ਪੰਜਾਬ ਵਿਚ ਹਾਲਾਤ ਇਹ ਸਨ ਕਿ ਕੋਈ ਮੰਦਰਾਂ ਗੁਰਦੁਵਾਰਿਆ ਵਿਚ ਨਹੀਂ ਸੀ ਜਾਂਦਾ ਜਦਕਿ ਹੁਣ ਲੋਕ ਰੋਜ਼ ਮੰਦਰਾਂ ਗੁਰਦਵਾਰਿਆਂ ਵਿਚ ਮੱਥਾ ਟੇਕਣ ਜਾ ਰਹੇ ਹਨ ਅਤੇ ਰੋਜ਼ਮਰਾ ਦੀ ਜ਼ਿੰਦਗੀ ਕਾਇਮ ਹੋਈ ਹੈ। ਜਦੋਂ ਤੋਂ ਸਰਦਾਰ ਬੇਅੰਤ ਸਿੰਘ ਕੁਰਸੀ ਤੇ ਬੈਠੇ ਹਨ, ਉਦੋਂ ਤੋਂ ਹੀ ਉਹ ਮਾਹੌਲ ਠੀਕ ਬਣਾਉਣ ਤੇ ਲੱਗੇ ਰਹੇ ਹਨ। ਫੇਰ ਉਨ੍ਹਾਂ ਨੇ 95 ਮਿਉਨਿਸਿਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਕਰਾਈਆਂ।

ਸ਼੍ਰੀ ਜਗਦੀਸ਼ ਸਾਹਨੀ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ . . . . . .

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ : ਡਿਪਟੀ ਸਪੀਕਰ ਸਾਹਿਬ, ਇਹ ਹਰੇਕ ਪੁਆਇੰਟ ਤੇ ਪੁਆਇੰਟ ਆਫ ਆਰਡਰ ਤੇ ਬੋਲਣਗੇ।

ਸ਼੍ਰੀ ਜਗਦੀਸ਼ ਸਾਹਨੀ : ** ** **

Mr. Deputy Speaker: This is no Point of order.

Shri Jagdish Sawhney: Sir, this is a Point of Order. We are discussing the Budget. He is not mentioning about the budget.

Mr. Deputy Speaker: He is very much coming to the Budget. Please take your seat.

**Expunged as ordered by the Chair.

Original with;
Punjab Vidhan Sabha
Digitized by;

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ : ਸਰ, ਇਸ ਦੇ ਬਾਅਦ ਪੰਚਾਇਤ ਸੰਮਤੀਆਂ ਦੀਆਂ ਇਲੈਕਸ਼ਨਾਂ ਹੋਈਆਂ, ਜ਼ਿਲਾ ਪਰੀਸ਼ਦਾਂ ਦੀਆਂ ਇਲੈਕਸ਼ਨਾਂ ਕਰਾਈਆਂ ਗਈਆਂ ਅਤੇ ਉਨ੍ਹਾਂ ਵਿਚ ਸ਼ਡਿਊਲਡ ਕਾਸਟ ਅਤੇ ਔਰਤਾਂ ਵਾਸਤੇ ਸੀਟਾਂ ਰਾਖਵੀਆਂ ਰੱਖੀਆਂ ਗਈਆਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਡੈਮੋਕਰੇਟਿਕ ਸੈੱਟ-ਅਪ ਗਰਾਸ ਰੂਟ ਲੈਵਲ ਤੇ, ਸੈਕੂਲਰ ਲੈਵਲ ਤੇ ਕਾਇਮ ਕੀਤਾ ਹੈ । ਜਿਥੇ ਉਨ੍ਹਾਂ ਨੇ ਟੈਰੇਰਿਜ਼ਮ ਨੂੰ ਖਤਮ ਕੀਤਾ, ਉਥੇ ਉਸ ਦੇ ਨਾਲ ਨਾਲ ਵਿਕਾਸ ਦੇ ਕੰਮ ਵੀ ਕੀਤੇ । ਪਿੰਡਾਂ ਵਿਚ ਉੱਨਤ ਗ੍ਰਾਮ ਸਕੀਮ ਸ਼ੁਰੂ ਕੀਤੀ । ਗਲੀਆਂ ਨਾਲੀਆਂ ਪੱਕੀਆਂ ਕੀਤੀਆਂ ਗਈਆਂ । ਫਿਰਨੀਆਂ ਬਣ ਰਹੀਆਂ ਹਨ ਅੌਰ ਸੜਕਾਂ ਦੀ ਮੁਰੰਮਤ ਹੋ ਰਹੀ ਹੈ । ਨਵੀਆਂ ਸੜਕਾਂ ਵੀ ਬਣ ਰਹੀਆਂ ਹਨ । 12,342 ਪਿੰਡਾਂ ਵਿਚੋਂ 1994-95 ਵਿਚ 9912 ਪਿੰਡਾਂ ਵਿਚ ਇਹ ਸਕੀਮ ਮੁਕੰਮਲ ਹੋ ਚੁਕੀ ਹੈ ਅਤੇ 1995-96 ਵਿਚ ਰਿਮੇਨਿੰਗ ਵਿਲੇਜਜ਼ ਵੀ ਲੈ ਲਏ ਜਾਣਗੇ । ਅਸੀਂ ਧੰਨਵਾਦ ਕਰਦੇ ਹਾਂ ਸਰਦਾਰ ਬੇਅੰਤ ਸਿੰਘ ਦਾ ਅੌਰ ਡਾਕਟਰ ਕੇਵਲ ਕ੍ਰਿਸ਼ਨ ਜੀ ਦਾ ਜਿਨ੍ਹਾਂ ਨੇ ਇਹੋ ਜ਼ਿਹਾ ਬਜਟ ਪੇਸ਼ ਕੀਤਾ ਅਤੇ ਟੈਕਸ ਰਹੀ ਬਜਟ ਪੇਸ਼ ਕੀਤਾ ।

ਪੰਜਾਬ ਵਿਚ ਹਾਈਡਰੋ ਇਲੈਕਟ੍ਰਿਕ ਪ੍ਰਾਜੈਕਟਾਂ ਰਾਹੀਂ 1874 ਮੈਗਾਵਾਟ ਬਿਜਲੀ ਪੈਦਾ ਹੁੰਦੀ ਸੀ ਜਿਹੜੀ ਕਿ ਇਨਸਫੀਸੈਂਟ ਸੀ ਕਿਉਂਕਿ ਪੰਜਾਬ ਦੀ ਲੋੜ ਬਹੁਤ ਵੱਡੀ ਸੀ । ਪਿਛਲੀ ਵਾਰੀ ਇਨ੍ਹਾਂ ਨੇ 420 ਮੈਗਾਵਾਟ ਦੀ ਕਪੈਸਿਟੀ ਵਾਲਾ ਬਠਿੰਡਾ ਵਿਚ ਗੁਰੂ ਨਾਨਕ ਥਰਮਲ ਪਲਾਂਟ ਦਾ ਤੀਜਾ ਫੇਸ ਸ਼ੁਰੂ ਕਰਵਾਇਆ । ਰੋਪੜ ਥਰਮਲ ਪਲਾਂਟ ਵਿਖੇ ਹੁਣ 1260 ਮੈਗਾਵਾਟ ਬਿਜਲੀ ਪੈਦਾ ਹੋ ਰਹੀ ਹੈ । ਰਣਜੀਤ ਸਾਗਰ ਡੈਮ ਵੀ ਬੜੀ ਤੇਜ਼ੀ ਨਾਲ ਬਣ ਰਿਹਾ ਹੈ ਅਤੇ ਉਮੀਦ ਹੈ ਕਿ 1996-97 ਤੱਕ ਮੁਕੰਮਲ ਹੋ ਜਾਵੇਗਾ । (ਆਪੋਜ਼ੀਸ਼ਨ ਦੇ ਮੈਂਬਰਾਂ ਵਲੋਂ ਸ਼ੋਰ ਅਤੇ ਵਿਘਨ) ।

ਮੁੱਖ ਸੰਸਦੀ ਸਕੱਤਰ : ਡਿਪਟੀ ਸਪੀਕਰ ਸਾਹਿਬ, ਜਦੋਂ ਤਾਂ ਆਪੋਜ਼ੀਸ਼ਨ ਦੇ ਮਾਨਯੋਗ ਮੈਂਬਰ ਸਾਹਿਬ ਬੋਲ ਰਹੇ ਸਨ, ਟਰੈਜ਼ਰੀ ਬੈਂਚਿਜ਼ ਵਾਲੇ ਬੜੇ ਆਰਾਮ ਨਾਲ ਸੁਣ ਰਹੇ ਸਨ । ਹੁਣ ਇਨ੍ਹਾਂ ਨੂੰ ਵੀ ਆਰਾਮ ਨਾਲ ਸੁਣਨਾ ਚਾਹੀਦਾ ਹੈ ।

Mr. Deputy Speaker: Please ...., Shri Kaushal, you will continue tomorrow.

Mr. Deputy Speaker: The House stands adjourned till 9.00 A.M. on Tuesday, the 21st March, 1995.

*6.30 P. M. | *(The Sabha then adjourned* till 9.00 A.M., on Tuesday, the 21st March, 1995.)*

Original with;
Punjab Vidhan Sabha
Digitized by;
Punjab Digital Library

APPENDIX

To

PUNJAB VIDHAN SABHA DEBATES

Dated the 20th March, 1995

Vol. IX—No. 12

UNSTARRED QUESTION AND ANSWER

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣਾ

436. **ਸਰਦਾਰ ਅਵਤਾਰ ਸਿੰਘ ਕਰੀਮਪੁਰੀ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਸ਼੍ਰੋਮਣੀ ਗੁਰਦੁਆਰਾ ਪਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਕੋਈ ਤਜਵੀਜ਼ ਹੈ, ਜੇਕਰ ਹੈ, ਤਾਂ ਕਦੋਂ ?

ਸਰਦਾਰ ਬੇਅੰਤ ਸਿੰਘ: ਹਾਂ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਸਬੰਧੀ ਮਿਤੀ ਭਾਰਤ ਸਰਕਾਰ ਵਲੋਂ ਫ਼ਿਕਸ ਕੀਤੀ ਜਾਣੀ ਹੈ ।

1530—18-9-95—305—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Original with;
Punjab Vidhan Sabha
Digitized by;
Punjab Digital Library

ਕਰਕੇ

ਚੋਣਾਂ

ਦੀਆਂ

Original with;
Punjab Vidhan Sabha
Digitized by;
Panjab Digital Library

© 1995

Published under the authority of the Punjab Vidhan Sabha and printed by the Controller, Printing and Stationery, Punjab at the Govt. Press, Patiala.

Original with;
Punjab Vidhan Sabha
Digitized by;
Punjab Digital Library

13

PUNJAB VIDHAN SABHA

DEBATES

21st March, 1995

(Morning Sitting)

Vol. IX—No. 13

OFFICIAL REPORT

CONTENTS

Tuesday, the 21st March, 1995

(Morning Sitting)

		PAGES
Postponed Starred Questions and Answers	..	(13)1
Starred Questions and Answers	..	(13)37
Written Answers to Starred Questions laid on the Table of the House under Rule 38	..	(13)55
Unstarred Questions and Answers	..	(13)64
Presentation of Reports of the Committee on Public Undertakings	..	(13)126

Punjab Vidhan Sabha Secretariat, Chandigarh.

Price : Rs.————

Original with;
Punjab Vidhan Sabha
Digitized by;
Panjab Digital Library

		PAC
Dharna	..	(13)1
Removal of the Members from the House	..	(13)1
The Punjab Backward Classes and Development and Finance Corporation (Amendment) Bill, 1995 (*Introduced*)	..	(13)1
Statement by Chief Minister re. observance of Zero Hour in the strict sense	..	(13)1
General discussion on the Budget Estimates for the year 1995-96	..	(13)13
Statement by Chief Minister re. various issues raised by the Opposition.	...	(13)15
General discussion on the Budget Estimates for the Year 1995-96 (*Resumption*)	..	(13)1
Personal Explanation by Sardar Tripat Rajinder Singh Bajwa	..	(13)18

Original with;
Punjab Vidhan Sabha
Digitized by;

PAGE

(13)127

(13)127

PUNJAB VIDHAN SABHA

Tuesday, the 21st March, 1995

(Morning Sitting)

(13)12 *The Vidhan Sabha met in the Punjab Vidhan Sabha Hall, Vidhan Bhawan, Sector-1, Chandigarh, at 9.00 A.M. Mr. Speaker (Shri Harnam Das Johar) in the Chair.*

---

(13)12

POSTPONED STARRED QUESTIONS AND ANSWERS

ਨਿਸ਼ਾਨਵਾਲਾ ਪ੍ਰਸ਼ਨ ਨੰਬਰ 2300**

(13)130 ਸ਼੍ਰੀ ਸਪੀਕਰ : ਪੋਸਟਪੋਨਡ ਸਟਾਰਡ ਸਵਾਲ ਨੰ: 2300 ਦੀ ਐਕਸਟੈਨਸ਼ਨ ਮੰਗੀ ਗਈ । ਅਗਲਾ ਸਵਾਲ ।

(13)152 **ਨਿਸ਼ਾਨ ਵਾਲੇ ਪ੍ਰਸ਼ਨ ਨੰਬਰ** : 2409, 2303 ਅਤੇ 2289

(13)17 (ਸਬੰਧਤ ਮਾਨਯੋਗ ਮੈਂਬਰਜ਼ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਏ)

ਪਨਵੈਕ ਵਿਚ ਬੇਕਾਇਦਗੀਆਂ ਅਤੇ ਗਬਨ

(13)18 *2243. **ਸ਼੍ਰੀਮਤੀ ਵਿਮਲਾ ਡਾਂਗ** : ਕੀ ਸਮਾਜਿਕ ਸੁਰੱਖਿਆ ਅਤੇ ਮਹਿਲਾ ਅਤੇ ਬਾਲ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਾਲ 1993 ਜਾਂ 1994 ਦੇ ਦੌਰਾਨ ਪੰਜਾਬ ਮਹਿਲਾ ਅਤੇ ਬਾਲ ਵਿਕਾਸ ਕਾਰਪੋਰੇਸ਼ਨ (ਪਨਵੈਕ) ਦੇ ਮੈਨੇਜਿੰਗ ਡਾਇਰੈਕਟਰ ਦੁਆਰਾ ਕਾਰਪੋਰੇਸ਼ਨ ਵਿਚ ਕਥਿਤ ਬੇਕਾਇਦਗੀਆਂ ਅਤੇ ਗਬਨਾਂ ਸਬੰਧੀ ਕੋਈ ਰਿਪੋਰਟ ਸਰਕਾਰ ਨੂੰ ਪੇਸ਼ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਹ ਕਿਸ ਤਰੀਕ ਨੂੰ ਪੇਸ਼ ਕੀਤੀ ਗਈ ਸੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ 'ਹਾਂ' ਵਿਚ ਹੋਵੇ ਤਾਂ ਰਿਪੋਰਟ ਦੀ ਇਕ ਕਾਪੀ ਅਤੇ ਉਸ ਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਸਦਨ ਦੀ ਮੇਜ਼ ਤੇ ਰੱਖੇ ਜਾਣ ?

Chaudhary Jagjit Singh (a) Yes Sir, Report was submitted on 7.10.94.

(b) A copy of the report and details of the action taken on this report is placed on the Table of the House.

Details of action taken on the report of M.D, PUNWAC.

The Managing Director vide her letter dated 7.10.94 addressed to the Chief Secretary, Punjab sent a copy of report of Special audit conducted by Finance Department of two Production Centres of this Corporation which mentioned about financial and procedural irregularities and embezzlement of stocks. A copy of this report was sent by Chief Secretary, to Secretary Social Welfare. On the basis of this audit report, Manager, Project concerned was chargesheeted and regular enquiry conducted. Report of the enquiry is being examined.

**For Postponed Starred Question no. 2300 and reply there to, please see P.V.S. Debates, dated 4th April, 1995.

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

Annotation of Audit and Inspection Report on the accounts of Women and Children Development and Welfare Corporation

(Replies given by Rupinder Jit Singh, Senior Project Officer.)

Sr. No.	Findings of Audit Party	Reply given by Rupinder Jit Singh	Final Audit Comments
1	2	3	4
1.	Suspected Cases of Misappropriation Fictitious Payments :--	1. Suspected Cases of Misappropriation/ Fictitious Payments :-	1. According to the Raw material Register material for Jerseys
	(i) 8160 jerseys were prepared in5/94 and were priced at Rs. 117 a piece (average for all sizes). 7160 jerseys were shown issued against bills No. 20614 to 20640 dated 31-3-94 and 1000 pieces were shown issued without any bill number. The balance was struck as nil. Copies of bills issued were also lying in the files showing thereby that no stock was actually issued and no payment was received Raw. Material worth 13,34,731.48 was consumed and wages amounting to Rs. 71,400 were paid for the preparation of jersey's out of advance of Rs. 2,52,000 taken by the Senior Project Officer. Pattern of payment of wages indicated in Annexure 'a' showed that progress achieved by each worker was not physically possible. Thus the cost of Raw material and the amount of wages Rs. 13,34,731.48 and 71,400 appeared to have been misappropriated.	(i) Jerseys numbering 8160. Were stiched after purchasing hosiery cloth for police deptt. On account of shortage of funds and delay by the the police department hosiery cloth could be finalised on 25-3-94, The material was purchased on credit and jerseys got stiched through distributing to group leaders/small entrepreneurers who got the job done through other women workers. Jerseys have not been taken up by the Police deptt. and arelying in the preomises of the firm for 'finishing' since facility for this process is not available with the corporation. (Receipt attached Annexure 4) Bills were issued in advace as to be issued not later than 31-3-94. So that income of orders 93-94 could be accounted in the same year. This was done in the interest of the Corporation and with the approval of them CAO. Approval seen on	(i) was received on 25.3.94 but the bill No. 133 was issued by M/s Commercial Industries on 29-2-94. without the bill the goods could not have moved out of the premises of the firm. The firm has stated vide their letter addressed to the Managing Director PUNWAC on 23-8-94 (Flag 'A' that the Raw Material was handed over to them for fabrication and finishing on the same date. The facts as per record were also verfied in the office of the firm on 24-8-94. The order for Raw Material was placed vide PUNWAC letter No. Project/94/ 5056 dt. 11-2-94 but the Senior Project Officer appears to have asked the firm to supply the finished goods. The bill issued by the firm and accepted by the Senior Project Officer was therefore take. As the material was

Original with:
Punjab Vidhan Sabha
Digitized by:

Annexure 5.

(ii) (a) 35468 this vests were shown prepared with material worth Rs. 8,22,983.75 and wages amounting to Rs. 1,77,340 were paid as per details given in Annexure 'B' 20,000/- pieces were shown as prepared in 3/94 and the rest in 4 and 5/94 but the bills for entire quantity were issued in 3/94 and the balance was shown

only wages were paid to the women workers/enterpreneurers since they cannot wait for a long time. This charge of missappropriation is totally baseless. I would like to submitt herewith that the Corporation is likely to make a net profit of more than Rs. 14 lac in this order (See Annexure 6).

(ii) (a) The material for 35468 thin vests could be purchased on 15-3-94 for the same reasons as in para (i) above an amount of Rs. 2 lac only as against actual cost of Rs. 842983.75 not 822983 in the inspection note) has been paid to the supplier firm. Bills were issued

order received by the Senior Project Officer, the entries of payments shown as having seen made to workers amounting to Rs. 71,400/- were also fake. Apparently the amount was misappropriated by him out of the advance of Rs. 2,52,000/- he had drawn for wages.

The firm has huge stock of jerseys as they supply these items to the Departments of other Governments and in the market so they can supply 8160 jerseys immediately but it is not correct that the jerseys were got prepared in the Centre of PUNWAC and given to the firm for finishing.
Note :- No address of the workers to whom wages are shown to have been paid was given. Due to this no physical verification was possible by the Audit party, Actual fact can be varified through investigation by some independent agency).

(ii) (a) Bills to the Police Department were issued without finished goods being available with the Senior Project Officer and the total recovery against these bills has not been pointed out. It is a matter for detailed enquiry by some independent agency like the Vigilance Bureau whether

Original with:
Punjab Vidhan Sabha
Digitized by:
Panjab Digital Library

1	2	3	4
	as nill, Bills for 10552 vests costing Rs. 5,66,591.60 were still lying inrecord. It was also not possible to verify full recoveries against other bills. The manner in which wages were paid, material was issued and balances were reduced without making recoveries showed that the work was not got done in the centre and the raw material and amount of wages might have been misappropriated and whether articles were actually supplied were purchased from the Market.	in march 94 for reasons explained para (i) above. These were got manufacture through trained women in the similer manner as explained earlier. Police department accepted the stock after inspection. As for as I can recollect the entire stocks of thin vasts were despatched to the field units. An amount of Rs. 12 lac approximately has been received from the police department and credited to the accounts of Corporation. This can be verified from the record.	the raw material was actually received and wages were paid to genuine person. The findings recorded in the audit report are based on the record produced. Apparently grave irregularities were comitted.
	(b) 200 thin vests were shown as issued to Senior Superintendent Police Jalandhar vide bill No. 20384 which was cancelled. The vests costing Rs. 10,440 were reduced from balance but were not accounted for when the bill was cancelled and were thus misappropriated.	(b) As regards 200 thin vests supplied to SSP Jalandhar, the bill was inadvertantly cancelled by the technical Assistant. These vests have actually been supplied to the SSP Office, Thus there is no misappropriation involved in this case.	(b) The reply is not justified. If 200 vests were supplied to the senior, Superintendent Police, Jalandhar and the payment of Rs. 10,440 from that office needs to be pointed out. Management may verify whether the payment has been credited in the books of accounts.
	(c) Bill No. 20375 dated 31-3-94 was issued for 2000 vests and there were reduced from balance at P-24 of the Stock Issued Register. This bill was later cancelled and fresh bill for 1200 piece was issued vide No. 18945 but 800 pieces were not taken back in stock. The cost of 800 vests i. e. Rs. 41,000/- Misappropriated to have	(c) Police department placed order for 2000 vests. As for as I can recollect 1200 pieces were accepted by the police and so a bill for 1200 pieces was issued cancelling the previous. One for 2000. Another bill for 800 vests was to be issued. I can give the exact position after going through	(c) The actual position is that at present 800 vests costing Rs. 41,000/- stand excess debited in the Stock Register and the senior Project Officer has to justify why without effecting recovery or acceptance of stock by the Police Department vests were reduced

Original with:
Punjab Vidhan Sabha
Digitized by:

been misappropriated because the stock was shown as NIL.

(iii) Checking of account of pull overs to be supplied to the Police Department revealed following irregularites involving amount aggregating to Rs. 5,36,669 which might have been misappropriated The opening balance of pull overs from previous year was shown as 1716 and 578 together for pull over coasting Rs. 300/- Rs. 90/- actual classification could not be verified as the previous register was not available 2918 pull overs to be sold @ Rs. 90/- and 800 to be sold @Rs. 800 were purchaged during 1993-94. Out of total 6012 pieces, 5916 pull overs were sold but the balance was struck as 104 instead of 96.

(a) 100 pull overs were shown as sold vide bill No. 19020 dated 23.12.93 and the balance was reduced. Sale of these pull overs costing Rs. 30,000/-was not depicted in the Sales Returns submitted to Head Office and no payment was shown

the record or after taking to the concerned official. Statements not profit from this seen. On Annexure (7)

(iii) Most of the old stock was made by the women during training. This being sub standared quality was sold with difficulty to private firms and to Some Govt. Dopartments. Many a times items could not be prepared on order and so with the approval of officers these were bought from the market and supplied to the Govt. Deptts. In this case also 2918 pull overs of lesser value. Were purchased @ Rs. 86 per piece. These were to be supplied to the transport deptt. @ Rs. 90/- they have yet not lifted the supplied Remaining other 800 of fine quality have been purchased for jail deptt. @Rs. 200/- per piece. Thus the Corp. made a profit of Rs. 1,24,309.60 in the total supplies (pl. see Annexure-8) Mistake in writing of the balance is minor one which may kindly be ignored.

(a+b) Position has been explained above. In all 2918 pull overs were purchased for Rs. 250948 @ Rs.86 per piece. Bill were issued in advance as per practice Transport Deptt. has not lifted the stocks. Jerseys are lying in the centre

from balance in the stock Register.

(iii) The stock Register for the previous year was not made available and now the Senior Project Officer has stated that the old stock was prepared by women and was sub-standard. The figures do not reconcile properly. The projection of profit shown by the Senior Project Officer is also misleading as the payments against all the bills issued have not been collected and a large number of bills are still lying with the office of PUNWAC.

(iii) (a&b) sale of 100 pull overs for which bill No. 19020 dt.23.12.93 was issued for Rs. 30,000 was not depicted in the Sales return submitted to the Head office of PUNWAC. Even if the Pull overs are lying in stock, serious, irr-

Original with: Punjab Vidhan Sabha
Digitized by: Panjab Digital Library

1	2	3	4
	received against this Bill	and can be seen. So there is not misappropppropriation involved.	egularities were commtted. It is for the Management to verify actual availability of the stock as indicated by the official.
	(b) 2918 pull overs received for the Transport Department at a cost of Rs. 2,50,948/- were shown as issued on the same date these were purchased i. e. 15-3-94 and were not accounted for in the balance. No. payment was received against bills No. 20305 to 20327. It was stated that the stock was not lifted by the Transport Dapartment. This needs physical verification otherwise the case will be one of misappropriation of the articles costing Rs. 2,50,948/-		
	(c) 1137 Pull overs were shown as sold against three invoices @ Rs. 20/-per piece to whole sale dealers. These actually were pull overs prepared by trainees which has not been accounted for anywhere. After adjusting 8 pieces shown excess in the balance. Cost of 1129 pull overs Rs. 2,69,970/- appeared to have been misappropriated. As the pull overs prepared by trainees were also not accounted for and cost there of was not credited	As mentioned in the special audit 1137 pull overs prepared by the trainees which were obvuiously of inferior quality were disposed off to the whole sale dealer @ Rs. 20/- per piece. This has been reflected in the stock register, payment is yet to be received from the whole sale dealer. This practice is adopted even in other units as design and development centre. If there was intention of misappropriation items would not have been reflected in the stock register.	(iii) (c) Even if it is admitted 1137 Pull overs of inferior quality their price should have been got Fixed from the Managing Director and there whould have been issued after realising the cost from the wholesale dealer. If the practice is adopted in other Centres that is irregular. Exact position can be verified if the register for previous year is put up and the accounts regarding purchase of raw material and labour charges paid is properly compiled and put up for audit.

Original with:
Punjab Vidhan Sabha
Digitized by:

the cost for 1137 pieces @ 20/- per piece Rs. 22,740/- also appeared to have been misappropriated.

(d) 211 Pull overs got prepared from 125 Kgm cashmilon 2/32 as per wage Register and issue register of raw material were not accounted for in the finished Goods Register. Raw material costing Rs. 19312-50 was issued and wages paid aggregated to Rs. 3692-50. These amounts appeared to have been misappropriated.

(d) Charge is baseless. Pull overs were made by the trainees and the raw material purchased and stands entered in the stock register for training. Pull overs are still lying in the centre. So there is no misappropriation involved.

(iii) (d) No. entry to 221 pull overs in the Stock Register was shown and this is for the PUNWAC authorities to verify whether the pull overs were actually accounted for and their cost was deposited into the account to PUNWAC

(iv) 20442 thick vests were purchased from the market M/S commercial Industries, Ludhiana for supply to police Department for Rs. 7,23,210 @ Rs. 35/-per piece. The consignments were shown as received on 12-3-94 and 29-3-94. These stock were shown as issued to the concerned Department and the balance was shown as 'NIL' All the copies of bills issued for 15,172 vests for Rs. 9,64,603-92 were still lying in record and credit of any income was not pointed out. The balance was struck as 'NIL' in 3/94 itself, this indicates that either the goods were not received at all or were misappropriated.

I have already submitted in the beginning that bills were issued on or before 31-3-94 to credit the sale proceeds in the year 1993-94. Order was received from police Department for supply 20442 thin vests @ 50 per piece. Since PUNWAC does not have machine for making these vests these were brought from the market through a special purchase committee. Accordingly these were bought @ Rs. 35 per piece. Out of these 6,000 have been actually supplied to the police department and remaining have been sent back for removing minor defects. No payment has been made to the suppliers since we had no money. However, price of 6000 vests supplied to the police deptt. has been received and credited into the accounts of the Corporation (Pl. See Annexured 9) In the absence

(iv) Bills for entire quality of 20,442 thick vests were sent by the Senior Project Officer to the Head Office of the PUNWAC for payment and if these were returned some receipts should have been obtained from the suppliers. Instead the entire quantity of 20442 were shown as issued to the police Deptt. Now the firm has admitted vide letter at Flag 'a' that 14442 vests were not delivered by them and were sold in the market by them. Reply of the Senior Project officer is not justified.

Original with:
Punjab Vidhan Sabha
Digitized by:
Panjab Digital Library

1	2	3	4
		of record I can not say any thing how bills were lying in the office but there has been no element of misappopriation.	
	(v) 120 kgm yarn Navy Blue purchased at a cost of Rs. 18,886.56 on 27-1-94 was not accounted for in the register of Raw material. Thus the material was misappropriated.	(V) Navy Blue yarn was purchased for the training and it stands entered in the relevant stock register. There is not question of misappropriation.	(V) Stock entry was not shown to the audit party. If an entry actually exists it need to be pointed out and cons' umption of the material verified by some administrative authoriti- es.
	(vi) Two shinker machines were purchased from M/S Sainik Hosiery works, Ludhiana on 14-8-92 at a cost of Rs. 93,992. These were not entered in property Register as was shown by the entries in the Stock Register for 1993-94 when no balance was brought forward and fresh enteries were made perhaps because physical verification has been ordered. The machines were also found lying freshly packed as reported by the team deputed for physical verification.	(vi) It appears that correct picture was not given to the audit team. Corporation received amount from the District Planning Board in the 91-92 for the purchase of additional machinery i.e. some shinker machines and other machines was to be made after inspection by Sh. P.P. Bhandari the then General Manager of RMG unit after inspection of the machines. He conducted inspection of partial machinery for which payment was made and it stands entered in the stock register.	(vi) some evidence of machines having been hired out (Flag'B' was observed during audit and the para had according been incorporated. Actual facts can be verified only through enquiry by an agency like the Vigilance Bureau and responsibility fixed.
	It was also reported by the team deputed for physical verification that two Linking machines worth Rs.94,000 approximately were not present in the Centre on 19-7-94 but were produced on 20-7-94. A letter on the file with Development officer (H) from M/S Vipan Plastic Industeries, Ludhiana	There is no separate property register maintained by the office. However, Sh. Bhandari did not inspect the remaining machines despite a number of requests by me as well as the directions by the senior officers. The supplier left the machines in the office of Project officer. They did not take	

Original with:
Punjab Vidhan Sabha
Digitized by:
Panjab Digital Library

revealed that they had offered to pay hire charges for these two machines @2200/- against Rs. 2000/- charged earlier from other party. The case required detailed investigation as no income on this account was ever credited to the account of PUNWAC.

back the machines and no payment has been made so far these machines.

I cannot say who took away the machines on 19-7-94 and subsequently placed back on 20-7-94. I do not know any firm by the name of M/S Vipan Plastics industries, Ludhiana nor such Plastic firm should be in a position to utilise these machines meant to involve me falsely in unlawful acts. Reports of the visiting team should have been clear and specific. Moreover I have not been associated with such physical verification.

(vii) An amount of Rs. 38915-05 was adjusted vide Vr. No. 77 of March 1994 for Rs. 39469-05 on account of purchase of Silk from Delhi for Ready Made Garments Centre, Mohali as per details given below :—

Bill No.	13753 24-11-93	Rs. 3734-50	Voil 107-60 Metres @35/ Mt.
Bill No.	13756 24-11-93	Rs. 15256-80	Khadi Marka Silk 195-50 Metres @ Rs. 78 per metre.
Bill No	13759 24-11-93	Rs. 5512-00	Assam Silk 137-80 Metre @ 40/- per metre.
Bill No.	13758 24-11-93	Rs. 14411.75	Khadi Taisa Silk 169-55 Mt. @ Rs. 85/- per metre.

Purchases were made against single quotation from Delhi dated 24-11-93 which was not authenti-

(vii) Correct position does not appear to have been furnished in this case also to the audit party. These items were purchased for the purpose of a workshop. Organised with the help of National Institute of Ahmedabad. Services of a design worker obtained through National Institute of Design Office, Delhi for training the women in stitching high fashion garments. Accordingly varieties of cloths were purchased under the personal supervision of Managing Director through bigshop at Delhi. I was not at all associated with this purchase but the stock register Garments were prepared and out of this stock bills were adjusted. it is not understood why this objection has been raised by the audit party against me. It seems my name was given to the Audit Party by some mischievious elements hiding the relevant information.

(vii) As stated in the objection entries of the meterial were not pointed out during the audit. The objections in the audit. report submitted to the Government are not against any particular person and if the PUNWAC authorities find that appropriate stock entries and consumption of material purchased exist, these can be got checked.

Original with:
Punjab Vidhan Sabha
Digitized by:
Panjab Digital Library

1	2	3	4
	cated. The material was also not accounted for in the Stock Register. The amount appeared to have been misappropriated.		
2.	Excess Deposit of Sales Tax Amount of Rs. 3,52,661/- was paid vide Vr. No. 147 dated 29-4-94 on the basis of sales Returns for Rs. 40,15m 024 submitted by Senior Project officer Knitting Centre, Ludhiana. The following irregularties. were noticed.	2. Excess Payment of Sales Tax: I am not responsible for payment of sales tax etc. As stated earlier bills were issued against the confirmed orders before or on 31.3.94 while items were still under process of manufacturing or purchase. With approval of accounts department these bills were issued as above. Obviously sale tax was to be charged in respect of these bills. Position of individual order mentioned in the audit paras has already been explained to the best of my memory since I do not have record with me. There is no fault on my part. What ever action took was in the interest of the Corp. as submitted earlier.	2. The practice followed was irregular as the Senior Project Officer issued the bills without availability of finished goods and projected the sales in the sales return sent to the Headquarters office without sales having actually taken place. Obviously he was responsible for wrong projection of sales leading to irregular payments on account of Sales Tax.
	(a) Sehior Project Officer had cancelled bills for amounts aggregating to Rs. 25,89,714,29 and Stock were not issued. However as the details of how many of these bills were depicted in the Return and kept aside were not available the actual excess payment of sales Tax paid i.e, 1,09,145 could not be worked out.		
	(b) All copies of bills for Rs. 47, 24, 234-52 were still lying in record. Against these the Stock had been shown issued but these entries were doubtful. Sales Tax amounting of Rs. 1,97,097/- was paid irregularly in these cases because the sales were not affected.		
3.	**Purchase made without compliance of Fin. Regulation** —(a) Senior Project Officer reported on 7.1.94	3 (a) Position would be clear from the enclosed copy of my note. Tenders for the purchase of some items to be supplied to police	3. The irregularities the purchase have admitted by the Project Officer, reasonability

Original with:
Punjab Vidhan Sabha
Digitized by:

that the firms which were asked to supply a raw material after their quotations had approved on 27.7.93 and 6.8.93. Therefore he had obtained fresh quotations. These were approved by the Managing Director on the same day and aginst these goods Rs. 34.54 lacs were purchased. In the case of earlier quotations also the Senior Project Officer was the incharge of the purchase committee which included two Junior Officers viz Superintendend Projects and the Section Officer The provisions of Financial Regulations of the Corp. were not complied with.

(b) Part payment of Rs. 2,00,000 was made against supply of material worth Rs. 7,17,867-50 (including Sales Tax and E. Duty) vide No. 41 dated 13-5-94 The condition regarding payment of Excise duty was not stated by M/s Parveen Woolen and Textiles Mill in their original quotation but was later added with different ink in the quotation and the Comparative Statement. Thus an amount of Rs. 38237-50 was irregularly paid.

The firm did not supply the goods within the given time but penalty @ 2% amounting to Rs.

department were procured but could not be finalised on account of non-cooperation of police department. In the earlier order they have been associating with the purchase when-ever called. But this year they totally refused. As time was short and they were pressing for the supplies. A special purchase committee constituted by the management procured quotation from Ludhiana and purchases were made after approval by the Managing Director.

In the past also committees headed by project officer and with the association of official from accounts have been making purchases subject to the approval of M.D. (b) Hosiery goods were not subject to excise duty earlier. This was imposed by the Govt. of India later on after the prolonged strike by hosiery units this was withdrawn by the Govt. of India. Payments made in this regard shall be adjusted. As a matter of fact party has been given an amount of Rs. 2 lac only against the total value of Raw material amounting to Rs, 717867.50. Since major part of payment is yet to be made to the party amount of penalty can be deducted if any from the final payment.

of accepted can how be verified through independent enquiry keeping in view position indication in respect of para (1) i.e. stocks were not according to purchase procedure laid down in Regulation 8 of the Financial Regulations framed by PUNWAC on 4.2.1986, and the purchases from open market are required to be made after calling tenders/quotations. For purchases above Rs. 20,000/- at one time the purchase Committee is to consist of Managing Director, Administrative officer and the officer concerned of the Centre. Sub-clause (b) of clause of this regulation permits small emergent purchases without calling for tenders/quotations but purchase of goods worth Rs. 34.54 lacs under this clause by a purchase committee under the charge of the Senior Project Officer and Section Officer was irregular.

Excise duty was not payable in this case. The Senior Project Officer canrot escape responsibility for recommending excess payments on the ground that these can be adjusted out of payments still due to the firm.

1	2	3	4
	14357/- was not imposed. There was therefore an irregular payment of Rs. 52,594.50 in this case.		
(c)	Similarly there was no mention in the quotation of M/s Commercial Industries, Ludhiana regarding payment to Sales Tax. Yet an amount of Rs. 10416.56 was paid in their bills aggregating to Rs. 7,88,844-56. Penalty equal to 2% far late Supply was also not imposed. Thus there was an excess payment of Rs. 25984-56 in this case. Sale Tax was even otherwise not payable as the PUNWAC has also a sales Tax number for its Ludhiana Centre.	(c) I cannot comment without seeing the record, but if there has been excess payment for which penalty can be imposed it can be done even now. Since filed of the cases have not been shown to me I have prepared my comments from my memory and own notice. As it is clear from my reply. Special audit party was not given complete picture. Record was delebrately not shown to them that is why in most of the paras there is an element of doubt. I have clarified the position in respect of the Paras as would be clear I acted in accordance with the practice, procedure in the past history of the Corporation. There appears to be conspiracy by some mischievious elements	In case he wants to see the record he can approach PUNWAC Management. Position given by the Audit is based on the record shown to the Audit Party.

Original with:
Punjab Vidhan Sabha
Digitized by:

to involve me falsely in criminaly, departmental cases and that is why inadequate and inaccurate position was presented to the audit party. I could have been associated with the party so that I could explain the points which I have explained now. It is requested that the paras for which I have clearly given the replies may kindly be droped. Since special audit note is again to be discussed in special meeting of the BOD convented for 22-8-94. I request that I may kindly be given an apportunity to personally explain my position to the honourable members of the B.O.D.

Original with;
Punjab Vidhan Sabha
Digitized by;
Panjab Digital Library

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹਵਾਂਗੀ ਕਿ ਜਿਸ ਵਕਤ ਇਰਰੈਗੂਲੈਰਿਟੀਜ਼/ਅੰਮਬੈਜ਼ਲਮੈਂਟ ਦਾ ਮਿਸਐਪਰੋਪਰੀਏਸ਼ਨ ਦੀ ਰਿਪੋਰਟ ਪੇਸ਼ ਕੀਤੀ ਗਈ, ਉਸ ਵਕਤ ਕਾਰਪੋਰੇਸ਼ਨ ਦੇ ਐਮ. ਡੀ ਕੌਣ ਸਨ ? ਕੀ ਉਹ ਸੁਜਾਤਾ ਦਾਸ ਸਨ ?

ਰਾਜ ਮੰਤਰੀ : ਹਾਂ ਜੀ, ਸੁਜਾਤਾ ਦਾਸ ਹੀ ਸਨ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਇਹ ਵੀ ਪੁੱਛਣਾ ਚਾਹਵਾਂਗੀ ਕਿ ਉਹ ਕਦੋਂ ਐਮ. ਡੀ. ਲੱਗੇ ਸਨ ਅਤੇ ਉਨ੍ਹਾਂ ਦੀ ਬਦਲੀ ਕਿਉਂ ਕੀਤੀ ਗਈ ?

ਰਾਜ ਮੰਤਰੀ : ਸਪੀਕਰ ਸਾਹਿਬ, ਉਸ ਵੇਲੇ ਸੁਜਾਤਾ ਦਾਸ ਜੀ ਐਮ. ਡੀ. ਸਨ ਅਤੇ ਜਿਥੋਂ ਤੱਕ ਉਨ੍ਹਾਂ ਦੀ ਬਦਲੀ ਦਾ ਸਬੰਧ ਹੈ, ਬਦਲੀਆਂ ਤਾਂ ਰੁਟੀਨ ਵਿਚ ਹੁੰਦੀਆਂ ਹੀ ਰਹਿੰਦੀਆਂ ਹਨ । ਇਸ ਚੀਜ਼ ਦਾ ਇਸ ਸਵਾਲ ਨਾਲ ਕੀ ਤਾਅਲੁੱਕ ਹੈ ?

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਬਦਲੀਆਂ ਕਰਨਾ ਰੁਟੀਨ ਮੈਟਰ ਹੈ । ਦਲੋ, ਠੀਕ ਹੈ ਲੇਕਿਨ ਕੀ ਇਹ ਵੀ ਸੱਚ ਹੈ ਕਿ ਉਹ ਬੜਾ ਥੋੜ੍ਹਾ ਸਮਾਂ ਐਮ. ਡੀ. ਰਹੀ ਅਤੇ ਉਸ ਨੇ ਪਨਵੈਕ ਦੀ ਵੰਕਸ਼ਨਿੰਗ ਨੂੰ ਬੜਾ ਸੀਰੀਅਸਲੀ ਐਗਜ਼ਾਮਿਨ ਕੀਤਾ ? ਉਸ ਨੇ ਐਗਜ਼ਾਮਿਨ ਕਰਨ ਤੋਂ ਬਾਅਦ ਆਪਣੀ ਰਿਪੋਰਟ ਦਿੱਤੀ ਜੋ ਹਾਲੇ ਵੀ ਪੈਂਡਿੰਗ ਪਈ ਹੈ ਅਤੇ ਉਹ ਐਗਜ਼ਾਮਿਨ ਨਹੀਂ ਹੋਈ । ਉਸ ਅਦਾਰੇ ਵਿਚ ਕੁਨਬਾਪਰਵਰੀ ਅਤੇ ਹੋਰ ਕਈ ਕਿਸਮ ਦੀਆਂ ਹੇਰਾਫੇਰੀਆਂ ਨੂੰ, ਉਸ ਨੇ ਐਗਜ਼ਾਮਿਨ ਕੀਤਾ ਜਿਸ ਕਰਕੇ ਉਨ੍ਹਾਂ ਦੀ ਟ੍ਰਾਂਸਫਰ ਕੀਤੀ ਗਈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਇਨਕੁਆਇਰੀ ਰਿਪੋਰਟ ਜੋ ਹੁਣ ਤੱਕ ਪੈਂਡਿੰਗ ਪਈ ਰਹੀ ਹੈ, ਉਸ ਤੇ ਇਨ੍ਹਾਂ ਨੇ ਕੀ ਐਕਸ਼ਨ ਲਿਆ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਠੀਕ ਨਹੀਂ ਹੈ ਕਿ ਉਨ੍ਹਾਂ ਦੀ ਬਦਲੀ ਐਮਬੈਜ਼ਲਮੈਂਟ ਦੇ ਕੇਸ ਫੜਨ ਕਾਰਨ ਕੀਤੀ ਗਈ ਲੇਕਿਨ ਇਨ੍ਹਾਂ ਦੀ ਇਹ ਗੱਲ ਠੀਕ ਹੈ ਕਿ ਉਨ੍ਹਾਂ ਨੇ ਇਹ ਗੱਲ ਸਰਕਾਰ ਦੇ ਸਾਹਮਣੇ ਲਿਆਂਦੀ ਕਿ ਉਥੇ ਹੇਰਾਫੇਰੀ ਹੋਈ ਹੈ । ਉਨ੍ਹਾਂ ਵਲੋਂ ਇਨਕੁਆਇਰੀ ਕੀਤੀ ਗਈ ਸੀ । ਉਸ ਤੋਂ ਬਾਅਦ ਅਸੀਂ ਰੈਗੂਲਰ ਇਨਕੁਆਇਰੀ ਵੀ ਕਰਵਾ ਲਈ ਹੈ । ਉਸ ਰੈਗੂਲਰ ਇਨਕੁਆਇਰੀ ਦੀ ਰਿਪੋਰਟ ਸਰਕਾਰ ਪਾਸ ਆ ਗਈ ਹੈ ਅਤੇ ਉਹ ਵਿਚਾਰ ਅਧੀਨ ਹੈ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਲੁਧਿਆਣੇ ਵਿਚ ਇਕ ਅਫਸਰ ਤੇ 35 ਲੱਖ ਰੁਪਏ ਦੇ ਗਬਨ ਦਾ ਦੋਸ਼ ਸੀ, ਕੀ ਉਹ ਦੋਸ਼ ਵੀ ਉਸ ਐਮ. ਡੀ. ਦੀ ਰਿਪੋਰਟ ਵਿਚ ਆਇਆ ਹੈ ਜਾਂ ਨਹੀਂ ?

ਰਾਜ ਮਤਰੀ : ਸਪੀਕਰ ਸਾਹਿਬ, ਉਹ ਜੋ ਮੇਨ ਸਟਾਕ ਹੈ, ਉਸ ਦੇ ਮੁਤੱਲਿਕ ਐਮ. ਡੀ. ਨੇ ਕਿਹਾ ਸੀ । ਅਸੀਂ ਉਸ ਸਟਾਕ ਨੂੰ ਚੈੱਕ ਕਰਵਾਇਆ ਹੈ ਅਤੇ ਉਹ

Original with;
Punjab Vidhan Sabha
Digitized by;
Panjab Digital Library

ਠੀਕ ਨਿਕਲਿਆ ਹੈ । ਜਿਸ ਚੀਜ਼ ਨੂੰ ਲੈ ਕੇ ਕਿ ਉਸ ਅਫ਼ਸਰ ਦੇ ਖ਼ਿਲਾਫ਼ ਇਲਜ਼ਾਮ ਲੱਗਿਆ ਸੀ, ਉਸ ਦੇ ਆਧਾਰ ਤੇ ਅਸੀਂ ਉਸ ਨੂੰ ਸਸਪੈਂਡ ਕਰ ਦਿੱਤਾ ਸੀ ਲੇਕਿਨ ਉਹ ਹਾਈ ਕੋਰਟ ਵਿਚ ਚਲਾ ਗਿਆ ਅਤੇ ਹਾਈ ਕੋਰਟ ਨੇ ਉਸ ਨੂੰ ਰੀਇਨਸਟੇਟ ਕਰ ਦਿੱਤਾ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਹਾਈ ਕੋਰਟ ਨੇ ਉਸ ਨੂੰ ਬਹਾਲ ਕਰ ਦਿੱਤਾ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਹਾਈ ਕੋਰਟ ਨੇ ਉਸ ਨੂੰ ਬਹਾਲ ਕੀਤਾ ਹੈ ਜਾਂ ਪਨਵੈਕ ਨੇ ਹੀ ਉਸ ਅਫਸਰ ਦੇ ਖਿਲਾਫ਼ ਕੇਸ ਵਿਦਡਰਾਅ ਕਰ ਲਿਆ ਸੀ ਅਤੇ ਕੀ ਏ. ਜੀ. ਦਫ਼ਤਰ ਦੀ ਜਾਂਚ ਰਿਪੋਰਟ ਵਿਚ ਉਹ ਅਪਰਾਧੀ ਦੋਸ਼ੀ ਪਾਇਆ ਗਿਆ ਹੈ ਜਾਂ ਨਹੀਂ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਬੜਾ ਸਪੱਸ਼ਟ ਦੱਸਿਆ ਹੈ ਕਿ ਜਿੰਨਾ ਸਵਾਲ ਹੈ ਉਹ ਉਸ ਅਡਸਰ ਨਾਲ ਤੁਅੱਲਕ ਰੱਖਦਾ ਹੈ ਅੱਰ ਅਸੀਂ ਡਾਇਰੈਕਟਰ, ਸੋਸਲ ਵੈਲਫੇਅਰ ਡਿਪਾਰਟਮੈਂਟ ਕੋਲੋਂ ਇਸ ਦੀ ਇਨਕੁਆਇਰੀ ਵੀ ਕਰਵਾਈ ਹੈ ਜਿਸ ਦੀ ਰਿਪੋਰਟ ਸਾਡੇ ਕੋਲ੍ਹ ਆ ਗਈ ਹੈ । ਜੇਕਰ ਉਹ ਦੋਸ਼ੀ ਹੋਵੇਗਾ ਤਾਂ ਅਸੀਂ ਜ਼ਰੂਰ ਉਸ ਦੇ ਖਿਲਾਫ਼ ਐਕਸ਼ਨ ਲਵਾਂਗੇ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਮਾਨਯੋਗ ਮੰਤਰੀ ਜੀ ਪਾਸੋਂ ਜਾਣਨਾ ਚਾਹੁੰਦੀ ਹਾਂ ਕਿ ਇਨ੍ਹਾਂ ਨੇ, ਸਰਕਾਰ ਨੇ, ਕੇਸ ਵਾਪਸ ਲੈ ਲਿਆ ਹੈ ਜਾਂ ਹਾਈਕੋਰਟ ਨੇ ਉਨ੍ਹਾਂ ਨੂੰ ਬਾ-ਇਜ਼ਤ ਬਰੀ ਕਰਕੇ ਭੇਜਿਆ ਹੈ ?

ਰਾਜ ਮੰਤ੍ਰੀ : ਸਪੀਕਰ ਸਾਹਿਬ, ਅਸੀਂ ਕੋਈ ਕੇਸ ਵਾਪਸ ਨਹੀਂ ਲਿਆ ਹੈ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ : 2443

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।)

ਅੰਮ੍ਰਿਤਸਰ ਜ਼ਿਲ੍ਹੇ ਵਿਚ "ਉੱਨਤ ਗਰਾਮ ਸਕੀਮ" ਲਈ ਫੰਡ

*2418. **ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ਿਲ੍ਹਾ ਅੰਮ੍ਰਿਤਸਰ ਦੇ ਹਰ ਸਲਾਕ ਵਿਚ ਸਾਲ 1992-93, 1993-94 1994-95 (ਅੱਜ ਤੱਕ) ਜੋ ਕੁੱਲ ਸਰਕਾਰ ਨੇ ਉੱਨਤ ਗ੍ਰਾਮ ਸਕੀਮ ਅਧੀਨ

Original with
Punjab Vidhan Sabha
Digitized by;
Panjab Digital Library

[ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ]

ਦਿੱਤੇ ਸੀ ਉਨ੍ਹਾਂ ਵਿੱਚੋਂ ਹਰ ਬਲਾਕ ਵਿਚ ਕਿੰਨਾ ਪੈਸਾ ਕੰਟਨਜੈਂਸੀ ਫੰਡ ਲਈ ਰੱਖਿਆ ਗਿਆ;

(ਅ) ਇਹ ਕੰਟਨਜੈਂਸੀ ਫੰਡ ਕਿਸ ਅਧਾਰ ਤੇ ਜਾਂ ਕਿਸ ਅਫਸਰ ਨੇ ਕਿਸ ਮੰਤਵ ਲਈ ਖਰਚ ਕੀਤਾ, ਵੇਰਵੇ ਸਹਿਤ ਦੱਸਿਆ ਜਾਵੇ;

(ਏ) ਕੀ ਉਪਰੋਕਤ ਭਾਗ (ਓ) ਵਿਚ ਵਰਣਿਤ ਕੰਟਨਜੈਂਸੀ ਫੰਡ ਅੱਗੇ ਤੋਂ ਵੀ ਰੱਖਿਆ ਜਾਵੇਗਾ ?

ਸ਼੍ਰੀ ਸੰਤੋਖ ਸਿੰਘ ਚੌਧਰੀ (ਮੁੱਖ ਸੰਸਦੀ ਸਕੱਤਰ). (ਓ) ਤੇ (ਅ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਏ) ਹਾਂ ਜੀ ।

(ਓ) ਬਲਾਕਵਾਰ ਉੱਨਤ ਗਰਾਮ ਸਕੀਮ ਅਧੀਨ ਕੱਟੀ ਗਈ ਕੰਟਨਜੈਂਸੀ ਦਾ ਵੇਰਵਾ

ਲੜੀ ਨੰ	ਬਲਾਕ ਦਾ ਨਾਂ		ਸਾਲ 1992-93
1.	ਵੇਰਕਾ	..	1,60,380
2.	ਤਰਸਿੱਕਾ	..	1,36,548
3.	ਮਜੀਠਾ	..	1,47,450
4.	ਰਈਆ	..	1,48,044
5.	ਤਰਨਤਾਰਨ	..	1,48,500
6.	ਖਡੂਰ ਸਾਹਿਬ	..	1,23,930
7.	ਜੰਡਿਆਲਾ ਗੁਰੂ	..	1,28,790
8.	ਨੌਸ਼ਹਿਰਾ ਪੰਨੂਆਂ	..	1,09,890
9.	ਭਿੱਖੀਵਿੰਡ	..	1,40,520
10.	ਚੋਹਲਾ ਸਾਹਿਬ	..	1,11,150
11.	ਪੱਟੀ	..	1,89,060

Original with;
Punjab Vidhan Sabha
Digitized by;
Panjab Digital Library

ਲੜੀ ਨੰ.	ਬਲਾਕ ਦਾ ਨਾਂ		ਸਾਲ 1992-93
12.	ਵਲਟੋਹਾ	..	1,10,004
13.	ਖਡੂਰ ਸਾਹਿਬ	..	1,25,700
14.	ਪੱਟੀ	..	1,50,378
15.	ਅਜਨਾਲਾ	..	1,99,080
16	ਹਰਸ਼ਾ ਛੀਨਾ	..	—
	ਜੋੜ	..	21,29,424

(ਅ) 1992-93

ਲੜੀ ਨੰ	ਅਫਸਰ ਦਾ ਨਾਂ		ਵਰਤੀ ਰਕਮ
1.	ਕਾਰਜਕਾਰੀ ਇੰਜੀਨੀਅਰ ਪੰਚਾਇਤੀ ਰਾਜ ਲੋਕ ਨਿਰਮਾਣ ਮੰਡਲ ਅੰਮ੍ਰਿਤਸਰ 2%	..	14,19,616
2.	ਜ਼ਿਲ੍ਹਾ ਪ੍ਰੀਸ਼ਦ, ਅੰਮ੍ਰਿਤਸਰ, ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਅੰਮ੍ਰਿਤਸਰ ਅਤੇ ਡਵੀਜ਼ਨਲ ਡਿਪਟੀ ਡਾਇਰੈਕਟਰ ਪੰਚਾਇਤੀ ਰਾਜ ਜਲੰਧਰ 1/2	..	3,54,904
3.	ਨਿਗਰਾਨ ਇੰਜੀਨੀਅਰ ਪੰਚਾਇਤੀ ਰਾਜ ਲੋਕ ਨਿਰਮਾਣ ਸਰਕਲ. ਪੰਜਾਬ, ਚੰਡੀਗੜ੍ਹ 1/2%	..	3,54,904

ਮੰਤਵ

1. ਪੈਟਰੋਲ ਅਤੇ ਸਟੇਸ਼ਨਰੀ ਦੀ ਖਰੀਦ । ਵਰਕਚਾਰਜ ਕਾਮਿਆਂ ਦੀ ਤਨਖਾਹ ਅਤੇ ਸਰਵੇ ਆਦਿ ਔਜਾਰਾਂ ਦੀ ਖਰੀਦ ।

2. ਪੈਟਰੋਲ ਅਤੇ ਸਟੇਸ਼ਨਰੀ ਦੀ ਖਰੀਦ ਸਕੀਮਾਂ ਅਤੇ ਕੰਮ ਦੀ ਸੁਪਰਵੀਜ਼ਨ ।

Original with;
Punjab Vidhan Sabha
Digitized by;
Punjab Digital Library

[ਮੁੱਖ ਸੰਸਦੀ ਸਕੱਤਰ]

3. ਸਰਵੇ ਅੰਜਾਰਾਂ ਦੀ ਖਰੀਦ ਵਰਕਚਾਰਜ ਮਿਸਤਰੀ ਮੇਟ ਚੌਕੀਦਾਰ ਆਦਿ ਅਮਲੇ ਦੀਆਂ ਤਨਖਾਹਾਂ । ਉਸਾਰੀ ਦੇ ਕੰਮ ਦੀ ਸੁਪਰਵੀਜ਼ਨ ਲਈ ਪੈਟਰੋਲ ਆਦਿ ਦਾ ਖਰਚ । ਉਸਾਰੀ ਦੇ ਕੰਮ ਲਈ ਅਨੁਮਾਨ ਅਤੇ ਰਿਪੋਰਟਾਂ ਦੀ ਮੋਨੀਟਰੀਰਿੰਗ ਕਰਨ ਲਈ ਸਟੇਸ਼ਨਰੀ ਦੀ ਖਰੀਦ ਆਦਿ

(ੳ) 1993-94 ਅਤੇ 1994-95 ਵਿਚ ਰਿਜ਼ਰਵ ਰੱਖੀ ਕੈਟਨਜੈਂਸੀ ।

ਲੜੀ ਨ	ਬਲਾਕ ਦਾ ਨਾਂ		ਸਾਲ 1993-94	ਸਾਲ 1994-95
1.	ਵੇਰਕਾ	..	1,37,970	1,56,945
2.	ਤਰਸਿੱਕਾ	..	1,48,695	1,69 750
3.	ਮਜੀਠਾ	..	1.65,461	1,86,600
4.	ਰਈਆ	..	1.86,660	1,94,700
5.	ਤਰਨਤਾਰਨ	..	2,23 830	2,54 350
6.	ਗੰਡੀਵਿੰਡ	..	1,39,050	1,04 500
7.	ਜੰਡਿਆਲਾ ਗੁਰੂ	..	1,62,225	2,00,930
8.	ਨੌਸ਼ਹਿਰਾ ਪੰਨੂਆਂ	..	1,05 510	1.61,180
9.	ਭਿੱਖੀਵਿੰਡ	..	1.79,970	1.74,350
10.	ਚੋਹਲਾ ਸਾਹਿਬ	..	1 27,740	1 94 020
11.	ਚੋਗਾਵਾਂ	..	2,16 090	1,89,360
12.	ਵਲਟੋਹਾ	..	1,15 470	1 36,250
13.	ਖਡੂਰ ਸਾਹਿਬ	..	2,27,430	1,72.070
14.	ਪੱਟੀ	..	1,54,050	3.04,130
15.	ਅਜਨਾਲਾ	..	2,27,250	1,99,500
16.	ਹਰਸ਼ਾ ਛੀਨਾ	..	—	67.770
	ਜੋੜ	..	25,17.671	28.66,405

(ਅ) ਨਹੀਂ ।

ਸਵਾਲ ਨਹੀਂ ਉਠਦਾ ।

Original with;
Punjab Vidhan Sabha
Digitized by;
Panjab Digital Library

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਨਯੋਗ ਮੁੱਖ ਸੰਸਦੀ ਸਕੱਤਰ ਜੀ ਪਾਸੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸੇ ਸਦਨ ਦੇ ਵਿੱਚ ਪਿਛਲੇ ਸੈਸ਼ਨ ਵਿੱਚ ਪਹਿਲੇ ਸਾਬਕਾ ਮੰਤਰੀ ਸਾਹਿਬ ਜੋ ਕਿ ਇਸੇ ਮਹਿਕਮੇ ਦੇ ਸਨ, ਮਾਸਟਰ ਜਾਗੀਰ ਸਿੰਘ ਜੀ, ਉਨ੍ਹਾਂ ਨੇ ਕਿਹਾ ਸੀ ਕਿ ਫੰਡ ਬਿਲਕੁਲ ਨਹੀਂ ਕੱਟੇ ਜਾਇਆ ਕਰਨਗੇ ਅੱਤੇ ਇਹ ਜਿਹੜਾ ਹੁਣ ਇਨ੍ਹਾਂ ਨੇ ਦੱਸਿਆ ਹੈ ਕਿ ਦੋ ਪਰਸੈਂਟ ਅੱਧਾ-ਅੱਧਾ ਪਰਸੈਂਟ ਕੱਟਿਆ ਜਾਂਦਾ ਹੈ, ਇਹ ਕਿਉਂ ਕੱਟਿਆ ਜਾ ਰਿਹਾ ਹੈ, ਕ੍ਰਿਪਾ ਕਰਕੇ ਇਹ ਦੱਸਣ ਦੀ ਖੇਚਲ ਕਰਨਗੇ ?

ਮੁੱਖ ਸੰਸਦੀ ਸਕੱਤਰ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਵੱਖ-ਵੱਖ ਪਰਪਜ਼ ਵਾਸਤੇ ਇਹ ਖਰਚ ਕੀਤੇ ਜਾਂਦੇ ਹਨ । ਮੈਂ ਅਨੈਕਸਚਰ ਦੇ ਵਿੱਚ ਵੀ ਇਸ ਬਾਰੇ ਦੱਸ ਦਿੱਤਾ ਹੈ । ਪਹਿਲਾਂ 3% ਕੰਟੀਜੈਂਸੀ ਕੱਟਦੇ ਸੀ ਪਰ ਹੁਣ ਅਸੀਂ ਇਸ ਨੂੰ ਘਾਟਾ ਕੇ 1% ਕਰ ਦਿੱਤਾ ਹੈ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ: ਸਪੀਕਰ ਸਾਹਿਬ, ਬੇਨਤੀ ਹੈ ਕਿ ਪਿਛਲੀ ਵਾਰ ਵਜ਼ੀਰ ਸਾਹਿਬ ਨੇ ਕਿਹਾ ਸੀ ਕਿ ਬਿਲਕੁਲ ਨਹੀਂ ਕੱਟੇ ਜਾਇਆ ਕਰਨਗੇ । ਅੱਜ ਫਿਰ ਕਿਹਾ ਗਿਆ ਹੈ ਕਿ 1% ਕੱਟੇ ਜਾਇਆ ਕਰਨਗੇ ਜਦ ਕਿ ਇਸੇ ਸਦਨ ਦੇ ਵਿੱਚ ਪਹਿਲਾਂ ਮਾਸਟਰ ਜਾਗੀਰ ਸਿੰਘ ਜੀ ਨੇ ਕਿਹਾ ਸੀ ਕਿ ਬਿਲਕੁਲ ਨਹੀਂ ਕੱਟੇ ਜਾਇਆ ਕਰਨਗੇ । ਜੇਕਰ ਕੋਈ ਹੁਣ ਨਵੀਂ ਸਕੀਮ ਚਲਾਈ ਗਈ ਹੈ ਤਾਂ ਉਹ ਕੀ ਹੈ ਅੱਤੇ ਜਿਹੜੇ ਇਹ ਪੈਸੇ ਕੱਟੇ ਜਾਂਦੇ ਹਨ, ਮਹਿਕਮੇ ਵੱਲੋਂ ਇਹ ਕਿਸ ਤਰੀਕੇ ਦੇ ਨਾਲ ਇਨ੍ਹਾਂ ਨੂੰ ਵੰਡ ਕਰਕੇ ਆਪਸ ਵਿੱਚ ਕਿਸ ਵੈਲਫੇਅਰ ਵਾਸਤੇ ਲਗਾਉਂਦੇ ਹਨ ਜਾਂ ਕੀ ਉਹ ਇਸ ਪੈਸੇ ਦੇ ਨਾਲ ਆਪਣੇ ਹੀ ਖਰਚੇ ਪੂਰੇ ਕਰਦੇ ਹਨ ?

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਇਹ ਜਿਹੜਾ ਕੰਟਨਜੈਂਸੀ ਕੱਟਿਆ ਜਾਂਦਾ ਹੈ, ਇਸ ਦੇ ਨਾਲ ਪੈਟਰੋਲ ਦੇ ਖਰਚ, ਸਰਵੇ ਜਾਂ ਸਟੇਸ਼ਨਰੀ ਵਾਸਤੇ ਇਹ ਪੈਸੇ ਖਰਚੇ ਜਾਂਦੇ ਹਨ । ਪਹਿਲਾਂ ਇਹ 3% ਸੀ ਹੁਣ ਇਹ 1% ਕਰ ਦਿੱਤਾ ਹੈ । ਇਹ ਮਹਿਕਮੇ ਦੇ ਕੰਮ ਚਲਾਉਣ ਵਾਸਤੇ ਜ਼ਰੂਰੀ ਹੈ ਜੀ ।

ਸ਼੍ਰੀ ਰਮੇਸ਼ ਦੱਤ ਸ਼ਰਮਾ ਮਾਨਯੋਗ ਸਪੀਕਰ ਸਾਹਿਬ, ਕੀ ਮੁੱਖ ਸੰਸਦੀ ਸਕੱਤਰ ਸਾਹਿਬ ਦੱਸਣਗੇ ਕਿ ਇਹ ਜਿਹੜਾ 1% ਨਵਾਂ ਸਿਰੇ ਤੋਂ ਕੰਟਨਜੈਂਸੀ ਕੱਟਿਆ ਜਾ ਰਿਹਾ ਹੈ । ਕੀ ਇਸ ਵਿੱਚੋਂ ਡਿਸਟ੍ਰਿਕਟ ਲੈਵਲ ਤੇ, ਬਲਾਕ ਪੱਧਰ ਤੇ ਜਾਂ ਪੰਚਾਇਤਾਂ ਨੂੰ ਕੋਈ ਹਿੱਸਾ ਦਿੱਤਾ ਜਾ ਰਿਹਾ ਹੈ ?

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਇਹ ਵੱਖ-ਵੱਖ ਜਗ੍ਹਾ ਤੇ ਲਗਾਇਆ ਜਾਂਦਾ ਹੈ ਜਿਸ ਤਰ੍ਹਾਂ ਇੰਜੀਨੀਰਿੰਗ ਵਿੰਗ ਨੂੰ ਜਾਂ ਜ਼ਿਲ੍ਹਾ ਪਰੀਸ਼ਦਾਂ ਨੂੰ ਵੀ ਜਾਂਦਾ ਹੈ ਅੱਤੇ ਹੋਰ ਅਦਾਰਿਆਂ ਨੂੰ ਵੀ ਜਾਂਦਾ ਹੈ । ਵੈਸੇ ਅਸੀਂ ਇਸ ਨੂੰ ਫਿਰ ਅੰਗਜ਼ਾਮਿਨ ਕਰ ਲਵਾਂਗੇ ਅੱਤੇ ਦੇਖਾਂਗੇ ਜੇਕਰ ਇਸ ਤੋਂ ਬਗੈਰ ਹੀ ਕੰਮ ਚੱਲ ਸਕਦਾ ਹੋਇਆ ਤਾਂ ਚਲਾਉਣ ਦੀ ਕੋਸ਼ਿਸ਼ ਕਰਾਂਗੇ ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਤਨਾਮ ਸਿੰਘ ਕੈਂਥ: ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਕੰਟਨਜੈਂਸੀ ਫੰਡ ਕੱਟਿਆ ਜਾਂਦਾ ਹੈ । ਪਿਛਲੇ ਸੈਸ਼ਨ ਦੇ ਵਿੱਚ ਇਸ ਸਬੰਧੀ ਮੇਰਾ ਸਵਾਲ ਵੀ ਸੀ ਅੌਰ ਉਸ ਸਵਾਲ ਦੇ ਜਵਾਬ ਵਿੱਚ ਮਾਸਟਰ ਜਾਗੀਰ ਸਿੰਘ ਜੀ ਨੇ ਕਿਹਾ ਸੀ ਕਿ ਡਿਪਾਰਟਮੈਂਟ ਅੱਗੇ ਤੋਂ ਕੋਈ ਕੰਟਨਜੈਂਸੀ ਫੰਡ ਨਹੀਂ ਕੱਟਿਆ ਕਰੇਗਾ । ਹੁਣ ਇਨ੍ਹਾਂ ਨੇ ਫਿਰ ਕਿਹਾ ਹੈ ਕਿ 1% ਕੱਟਾਂਗੇ । ਇਕ ਹਾਊਸ ਦੇ ਅੰਦਰ ਹੀ ਦੋ ਸੈਲਫ ਕੰਟਰਾਡਿਕਟਰੀ ਸਟੇਟਮੈਂਟਸ ਦਿੱਤੀਆਂ ਗਈਆਂ ਹਨ। ਇਹ ਜਿਹੜਾ 1% ਕਟਿਆ ਗਿਆ ਹੈ ਇਹ ਕਿਹੜੀ ਤਾਰੀਖ ਤੋਂ ਕੱਟਿਆ ਜਾ ਰਿਹਾ ਹੈ ?

ਮੁੱਖ ਸੰਸਦੀ ਸਕੱਤਰ: ਇਹ, ਸਰ, 16 ਨਵੰਬਰ, 1994 ਤੋਂ 1% ਕਰ ਦਿੱਤਾ ਹੈ ਜੀ ।

ਅੰਮ੍ਰਿਤਸਰ ਜ਼ਿਲ੍ਹੇ ਵਿੱਚ ਕੈਟਲ ਫੇਅਰ ਫੰਡ ਦੀ ਵਰਤੋਂ

*2382. **ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ**: ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ :—

(ੳ) ਸਾਲਾਂ 1993-94 ਅਤੇ 1994-95 (ਅੱਜ ਤੱਕ) ਦੌਰਾਨ ਜ਼ਿਲ੍ਹਾ ਅੰਮ੍ਰਿਤਸਰ ਵਿਚ ਕੈਟਲ ਫੇਅਰ ਫੰਡ ਅਤੇ ਮੇਲਾ ਫੰਡ ਵਾਸਤੇ ਕਿਤਨਾ ਪੈਸਾ ਇਕੱਠਾ ਹੋਇਆ;

(ਅ) ਉਪਰੋਕਤ ਭਾਗ 'ੳ' ਵਿਚ ਵਰਣਿਤ ਫੰਡ ਵਿਚੋਂ ਬਲਾਕ ਵਾਰ ਕਿਸ-ਕਿਸ ਮੰਤਵ ਲਈ ਕਿਤਨਾ ਕਿਤਨਾ ਫੰਡ ਖਰਚ ਕੀਤਾ ਗਿਆ ?

ਸ਼੍ਰੀ ਸੰਤੋਖ ਸਿੰਘ ਚੌਧਰੀ (ਮੁੱਖ ਸੰਸਦੀ ਸਕੱਤਰ) : (ੳ) ਅੰਮ੍ਰਿਤਸਰ ਜ਼ਿਲ੍ਹੇ ਵਿੱਚ ਲਗੇ ਪਸ਼ੂ ਮੇਲਿਆਂ ਤੋਂ ਸਾਲ 1993-94 (31 ਮਾਰਚ 1994 ਤੱਕ) ਵਿੱਚ 14,95,319/- ਰੁਪਏ ਅਤੇ 1994-95 (31 ਜਨਵਰੀ, 1995) ਵਿੱਚ 14,47,539/- ਰੁਪਏ ਇਕੱਠੇ ਕਰਕੇ ਮੇਲਾ ਫੰਡ ਵਿਚ ਜਮ੍ਹਾਂ ਹੋਏ ।

(ਅ) ਸਾਲ 1993-94 ਵਿਚ 32,51,960/- ਰੁਪਏ ਖਰਚ ਕੀਤੇ ਗਏ ਜਦੋਂ ਕਿ ਸਾਲ 1994-95 ਵਿਚ ਅੰਮ੍ਰਿਤਸਰ ਜ਼ਿਲ੍ਹੇ ਲਈ 35,85,000/- ਰੁਪਏ ਦੀ ਰਾਸ਼ੀ ਖਰਚ ਕੀਤੀ ਗਈ । ਖਰਚ ਕੀਤੀ ਰਕਮ ਦਾ ਵੇਰਵਾ ਅਨੁਲੱਗ 'ੳ' ਤੇ ਦੇਖਿਆ ਜਾਵੇ ।

ਅਨੁਲੱਗ 'ੳ'

ਸਾਲ 1993-94 ਅਤੇ ਸਾਲ 1994-95 (ਹੁਣ ਤੱਕ) ਹੇਠ ਲਿੱਖੀਆਂ ਰਕਮਾਂ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਉਨ੍ਹਾਂ ਅੱਗੇ ਦਿੱਤੇ ਮੰਤਵਾਂ ਲਈ ਦਿੱਤੀਆਂ ਗਈਆਂ ਹਨ :—

ਸਾਲ 1993-94

		ਰੁਪਏ
ਆਈਟਮ ਨੰ. 1 ਵਿਚੋਂ :	ਪਸ਼ੂ ਮੇਲਾ ਗਰਾਊਂਡ ਅੰਮ੍ਰਿਤਸਰ ਦੀ ਚਾਰ ਦੀਵਾਰੀ ਅਤੇ ਹੋਰ ਉਸਾਰੀ ਦੇ ਕੰਮਾਂ ਲਈ (ਬਲਾਕ ਵੇਰਕਾ) ।	12,37,960/-

Original with;
Punjab Vidhan Sabha
Digitized by;
Panjab Digital Library

ਸਾਲ 1993-94 ਰੁਪਏ

ਆਈਟਮ ਨੰ. 2 ਵਿਚੋਂ :	ਪਸ਼ੂ ਹਸਪਤਾਲਾਂ/ਡਿਸਪੈਂਸਰੀਆਂ ਨੂੰ ਹੜ੍ਹ ਪ੍ਰਭਾਵਿਤ ਪਸ਼ੂਆਂ ਦੀਆਂ ਦਵਾਈਆਂ ਲਈ (ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਨੂੰ) ।	..5,00,000/-
ਆਈਟਮ ਨੰ. 3 ਵਿਚੋਂ :	ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਦਾ ਬਜਟ ਘਾਟਾ ਪੂਰਾ ਕਰਨ ਲਈ (ਸਕੱਤਰ ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਨੂੰ) ।	.13,59,000/-
ਆਈਟਮ ਨੰ. 5 ਤੇ 6 ਵਿਚੋਂ :	ਵਿਕਾਸ ਮੰਤਰੀ/ਐਸ.ਆਰ.ਡੀ.ਪੀ. ਲਈ ਜੋ ਰਕਮ ਰਿਜ਼ਰਵ ਰੱਖੀ ਗਈ ਸੀ, ਜਿਸ ਦਾ ਵੇਰਵਾ ਹੇਠਾਂ ਲਿਖੇ ਅਨੁਸਾਰ ਹੈ :—	1,55,000/-
(1)	ਗਰਾਮ ਪੰਚਾਇਤ ਮੂਲੇ ਚੱਕ ਬਲਾਕ ਵੇਰਕਾ ਦੇ ਜੱਜ ਘਰ ਦੀ ਮੁਰੰਮਤ ਲਈ ।	..10,000/-
(2)	ਪ੍ਰਿੰਸੀਪਲ ਨੈਸ਼ਨਲ ਮਾਰਸ਼ਲ ਮਾਡਲ ਸਕੂਲ, ਨਾਨਕਵਾੜਾ ਅੰਮ੍ਰਿਤਸਰ, ਬਲਾਕ ਵੇਰਕਾ ।	..25,000/-
(3)	ਇਨਚਾਰਜ ਗਊਸ਼ਾਲਾ, ਅੰਮ੍ਰਿਤਸਰ, ਬਲਾਕ ਵੇਰਕਾ ।	..25,000/-
(4)	ਗਰਾਮ ਪੰਚਾਇਤ, ਅਮਰਕੋਟ, ਬਲਾਕ ਜੰਡਿਆਲਾ ਦੀਆਂ ਗਲੀਆਂ-ਨਾਲੀਆਂ ਦੀ ਉਸਾਰੀ/ਮੁਰੰਮਤ ਲਈ ।	..10,000/-
(5)	ਗਰਾਮ ਪੰਚਾਇਤ ਮਾਨਾਂਵਾਲਾ ਬਲਾਕ ਜੰਡਿਆਲਾ ਦੀਆਂ ਗਲੀਆਂ-ਨਾਲੀਆਂ ਦੀ ਉਸਾਰੀ/ਮੁਰੰਮਤ ਲਈ ।	..10,000/-
(6)	ਗਰਾਮ ਪੰਚਾਇਤ ਰਾਮਤਪੁਰਾ, ਬਲਾਕ ਜੰਡਿਆਲਾ ਦੀਆਂ ਗਲੀਆਂ-ਨਾਲੀਆਂ ਦੀ ਉਸਾਰੀ/ਮੁਰੰਮਤ ਲਈ	..10,000/-
(7)	ਗਰਾਮ ਪੰਚਾਇਤ ਜੀਵਨ ਸਿੰਘ ਵਾਲਾ, ਬਲਾਕ ਜੰਡਿਆਲਾ ਦੀਆਂ ਗਲੀਆਂ-ਨਾਲੀਆਂ ਦੀ ਉਸਾਰੀ/ਮੁਰੰਮਤ ਲਈ ।	..10,000/-
(8)	ਗਰਾਮ ਪੰਚਾਇਤ ਰਾਮਪੁਰਾ, ਬਲਾਕ ਜੰਡਿਆਲਾ ਦੀਆਂ ਗਲੀਆਂ-ਨਾਲੀਆਂ ਦੀ ਉਸਾਰੀ/ਮੁਰੰਮਤ ਲਈ ।	..10,000/-
(9)	ਗਰਾਮ ਪੰਚਾਇਤ ਭੁੱਲਰ, ਬਲਾਕ ਚੌਗਾਵਾਂ ਦੀਆਂ ਗਲੀਆਂ-ਨਾਲੀਆਂ ਦੀ ਉਸਾਰੀ/ਮੁਰੰਮਤ ਲਈ ।	..5,000/-
(10)	ਗਰਾਮ ਪੰਚਾਇਤ ਜਨੇਲ ਬਲਾਕ ਗੇਰੀਵਿੰਡ ਦੀਆਂ ਗਲੀਆਂ-ਨਾਲ ਦੀ ਉਸਾਰੀ/ਮੁਰੰਮਤ ਲਈ ।	..5,000/-

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ]

ਸਾਲ 1993-94		ਰੁਪਏ
(11)	ਗਹਾਮ ਪੰਚਾਇਤ ਠਾਠ-ਖੁਰਦ, ਬਲਾਕ ਮਜੀਠਾ ਦੇ ਪੰਚਾਇਤ ਘਰ ਦੀ ਉਸਾਰੀ ਲਈ ।	.. 10,000/-
(12)	ਪਿੰਡ ਪੰਜਵੜ, ਬਲਾਕ ਤਰਨਤਾਰਨ ਵਿੱਚ ਨਵਾਂ ਗੇਟ ਬਣਾਉਣ ਲਈ ।	25,000/-
	ਜੋੜ	.. 32,51,960/-

ਸਾਲ 1994-95		ਰੁਪਏ
ਆਈਟਮ ਨੰ. 1 ਵਿੱਚੋਂ :	ਪਸ਼ੂ ਮੇਲਾ ਗਰਾਊਂਡ ਵੱਲਾ, ਜ਼ਿਲ੍ਹਾ ਅੰਮ੍ਰਿਤਸਰ, ਵੇਰਕਾ ਬਲਾਕ ।	.. 55,000/-
ਆਈਟਮ ਨੰ. 5 ਤੇ 6 ਵਿੱਚੋਂ :	ਵਿਕਾਸ ਤੇ ਪੰਚਾਇਤ ਮੰਤਰੀ/ਵਿੱਤੀ ਕਮਿਸ਼ਨਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਲਈ ਜੋ ਰਕਮ ਰਿਜ਼ਰਵ ਰੱਖੀ ਗਈ ਸੀ, ਜਿਸ ਦਾ ਵੇਰਵਾ ਹੇਠਾਂ ਲਿਖੇ ਅਨੁਸਾਰ ਹੈ :—	.. 35,30,000/-
(1)	ਖਡੂਰ ਸਾਹਿਬ ਦੇ ਡੰਗਰਾਂ ਦੇ ਹਸਪਤਾਲ ਦੇ ਲਈ (ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ) ।	10,00,000/-
(2)	ਗੁਰੂ ਗੋਬਿੰਦ ਸਿੰਘ ਕਾਲਜ ਸਰਹਾਲੀ, ਬਲਾਕ ਚੋਹਲਾ ਸਾਹਿਬ ਦੀ ਬਿਲਡਿੰਗ ਦੀ ਉਸਾਰੀ ਲਈ (ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਨੂੰ) ।	5,00,000/-
(3)	ਬਲਾਕ ਚੋਹਲਾ ਸਾਹਿਬ ਅਤੇ ਖਡੂਰ ਸਾਹਿਬ ਵਿੱਚ ਸੜਕਾਂ ਦੀ ਉਸਾਰੀ ਲਈ (ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਨੂੰ) ।	15,30,000/-
(4)	ਸਕੱਤਰ ਹਾਸ਼ਮ ਸ਼ਾਹ ਮੈਮੋਰੀਅਲ ਟਰੱਸਟ, ਜਗਦੇਵ ਕਲਾਂ, ਬਲਾਕ ਅਜਨਾਲਾ ਨੂੰ ਲਾਇਬਰੇਰੀ ਬਣਾਉਣ ਲਈ । (ਕਾਰਜ ਸਾਧਕ ਅਫਸਰ, ਪੰਚਾਇਤ ਸੰਮਤੀ ਅਜਨਾਲਾ ਨੂੰ) ।	.. 1,00,000/-
	ਜੋੜ	35,85,000/-

Original with;
Punjab Vidhan Sabha
Digitized by;
Panjab Digital Library

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੁੱਖ ਸੰਸਦੀ ਸਕੱਤਰ ਜੀ ਪਾਸੋਂ ਪੁੱਛਣਾ ਚਾਹੁੰਦਾ ਹਾਂ ਕਿ ਇਨਾਂ ਨੇ ਦੱਸਿਆ ਹੈ ਕਿ ਸਾਲ 1993-94 ਵਿੱਚ 14 ਲੱਖ 95 ਹਜ਼ਾਰ ਦੇ ਕਰੀਬ ਫੰਡ ਇਕੱਠਾ ਹੋਇਆ ਅਤੇ ਸਾਲ 1994-95 ਵਿੱਚ 14 ਲੱਖ 47 ਹਜ਼ਾਰ ਦੇ ਕਰੀਬ ਫੰਡ ਇਕੱਠਾ ਹੋਇਆ । ਇਕ ਪਾਸੇ ਤਾਂ ਸਰਕਾਰ ਕਹਿ ਰਹੀ ਹੈ ਕਿ ਹਾਲਾਤ ਬੜੇ ਸੁਧਰ ਗਏ ਹਨ ਅਤੇ ਮੇਲੇ ਲਗਣੇ ਸ਼ੁਰੂ ਹੋ ਗਏ ਹਨ ਪਰ ਜਦੋਂ ਹਾਲਾਤ ਮਾੜੇ ਸਨ ਉਸ ਵੇਲੇ ਤਾਂ ਕੈਟਲ ਫੇਅਰ ਫੰਡ ਜ਼ਿਆਦਾ ਇਕੱਠਾ ਹੋਇਆ ਹੈ ਅਤੇ 1994-95 ਵਿੱਚ ਘੱਟ ਇਕੱਠਾ ਹੋਇਆ ਹੈ । ਇਸ ਦੇ ਕੀ ਕਾਰਨ ਹਨ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਐਸੀ ਤਾਂ ਕੋਈ ਗੱਲ ਨਹੀਂ ਹੈ ਜੀ । ਪਿਛਲੇ ਸਾਲ 1993-94 ਵਿੱਚ 1 ਕਰੋੜ 81 ਲੱਖ ਰੁਪਿਆ ਇਕੱਠਾ ਹੋਇਆ ਸੀ ਅਤੇ ਹੁਣ 1994-95 ਵਿੱਚ 1 ਕਰੋੜ 88 ਲੱਖ ਰੁਪਿਆ ਇਕੱਠਾ ਹੋਇਆ । ਇਸ ਤੋਂ ਬਾਅਦ ਹੋਰ ਵੀ ਰਕਮ ਆਉਣੀ ਹੈ ਅਤੇ ਵਾਧਾ ਹੋ ਰਿਹਾ ਹੈ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਇਸੇ ਸੈਸ਼ਨ ਦੇ ਵਿੱਚ ਦੋ-ਤਿੰਨ ਦਿਨ ਪਹਿਲਾਂ ਮੇਰੇ ਪ੍ਰਸ਼ਨ ਨੰ: 2421 ਦਾ ਜਵਾਬ ਦਿੰਦੇ ਹੋਏ ਵਜ਼ੀਰ ਸਰਦਾਰ ਹਰਬੰਸ ਸਿੰਘ ਸਿੱਧੂ ਹੋਰਾਂ ਨੇ ਜਵਾਬ ਦਿੱਤਾ ਸੀ, ਅੰਮ੍ਰਿਤਸਰ ਜ਼ਿਲੇ ਵਿੱਚ ਕੋਈ ਵੀ ਵੈਟਰਨਰੀ ਹਸਪਤਾਲ ਨਹੀਂ ਖੋਲ੍ਹਿਆ ਗਿਆ । ਪਰ ਮੈਨੂੰ ਜਿਹੜਾ ਜਵਾਬ ਮਿਲਿਆ ਹੈ ਉਸ ਵਿੱਚ ਸਾਲ 1994-95 ਵਿੱਚ ਖਡੂਰ ਸਾਹਿਬ ਵਿਖੇ ਵੈਟਰਨਰੀ ਹਸਪਤਾਲ ਤੇ 10 ਲੱਖ ਰੁਪਿਆ ਖਰਚ ਕੀਤਾ ਹੈ । ਇਕ ਪਾਸੇ ਤਾ ਵਜ਼ੀਰ ਸਾਹਿਬ ਕਹਿੰਦੇ ਹਨ ਕਿ ਕੋਈ ਵੈਟਰਨਰੀ ਹਸਪਤਾਲ ਨਹੀਂ ਖੋਲ੍ਹਿਆ ਅਤੇ ਦੂਸਰੇ ਪਾਸੇ ਜਵਾਬ ਹੈ ਕਿ ਉਥੇ 10 ਲੱਖ ਰੁਪਿਆ ਹਸਪਤਾਲ ਤੇ ਲਗਾਇਆ ਹੈ । ਕੀ ਮੁੱਖ ਸੰਸਦੀ ਸਕੱਤਰ ਸਾਹਿਬ ਦੱਸਣਗੇ ਕਿ ਇਹ ਕਿਸ ਆਧਾਰ ਤੇ ਖੋਲ੍ਹਿਆ ਗਿਆ ਹੈ ?

ਮੁੱਖ ਸੰਸਦੀ ਸਕੱਤਰ : —ਸਪੀਕਰ ਸਾਹਿਬ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਨਵਾਂ ਹਸਪਤਾਲ ਨਹੀਂ ਖੋਲ੍ਹਿਆ ਗਿਆ । ਉਥੇ ਕੇਵਲ ਬਿਲਡਿੰਗ ਹੀ ਬਣਾਈ ਗਈ ਹੈ ਅਤੇ ਇਹ ਕੇਵਲ ਬਿਲਡਿੰਗ ਦੀ ਡਿਵੈਲਪਮੈਂਟ ਵਾਸਤੇ ਹੀ ਖਰਚ ਕੀਤਾ ਗਿਆ ਹੈ ।

ਸ਼੍ਰੀ ਸਪੀਕਰ : ਉਹ ਤਾਂ ਪੁੱਛ ਰਹੇ ਹਨ ਕਿ ਨਵਾਂ ਖੋਲ੍ਹਿਆ ਨੈ ਜਾਂ ਪੁਰਾਣੇ ਦੀ ਬਿਲਡਿੰਗ ਬਣਾਈ ਹੈ ।

ਮੁੱਖ ਸੰਸਦੀ ਸਕੱਤਰ : ਨਵਾਂ ਨਹੀਂ ਖੋਲ੍ਹਿਆ ਗਿਆ, ਕੇਵਲ ਪੁਰਾਣੇ ਹਸਪਤਾਲ ਦੀ ਬਿਲਡਿੰਗ ਹੀ ਬਣਾਈ ਗਈ ਹੈ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਇਹ ਜਿਹੜਾ ਕੈਟਲ ਫੇਅਰ ਫੰਡ ਇਕੱਠਾ ਹੋਇਆ ਸੀ ਉਸ ਵਿਚੋਂ 35 ਲੱਖ 85 ਹਜ਼ਾਰ ਰੁਪਿਆ ਤਾਂ ਕੇਵਲ ਇਕ ਹਜ਼ਾਰੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹੀ ਲਗਾ ਦਿੱਤਾ ਗਿਆ ਹੈ । ਇਸ ਦੇ ਕੀ ਕਾਰਨ ਹਨ ?

Original with;
Punjab Vidhan Sabha
Digitized by;
Panjab Digital Library

[ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ]

ਕੀ ਉਸ ਜ਼ਿਲ੍ਹੇ ਵਿੱਚ ਹੋਰ ਦੁਨੀਆਂ ਨਹੀਂ ਵੱਸਦੀ ਜਾਂ ਉਥੇ ਦੇ ਲੋਕਾਂ ਨੂੰ ਇਨ੍ਹਾਂ ਚੀਜ਼ਾਂ ਦੀ ਜ਼ਰੂਰਤ ਨਹੀਂ ਹੈ। 10 ਲੱਖ ਰੁਪਿਆ ਵੈਟਰਨਰੀ ਹਸਪਤਾਲ ਤੇ, 8 ਲੱਖ ਰੁਪਿਆ ਗੁਰੂ ਗੋਬਿੰਦ ਸਿੰਘ ਕਾਲਜ ਸਰਹਾਲੀ ਤੇ ਅਤੇ 19 ਲੱਖ ਰੁਪਿਆ ਕੰਸਟਰਕਸ਼ਨ ਆਫ਼ ਚੋਹਲਾ ਸਾਹਿਬ ਰੋਡ ਤੇ ਖਰਚ ਕਰ ਦਿੱਤਾ ਗਿਆ। ਇਹ ਪੈਸਾ ਕਿਸ ਨੇ ਰਿਲੀਜ਼ ਕੀਤਾ ਅਤੇ ਕੀ ਉਸ ਅਧਿਕਾਰੀ ਨੇ ਪੰਜਾਬ ਸਰਕਾਰ ਪਾਸੋਂ ਜਾਂ ਜ਼ਿਲ੍ਹਾ ਪਲਾਨਿੰਗ ਬੋਰਡ ਕੋਲੋਂ ਇਸ ਦੀ ਇਜ਼ਾਜਤ ਲਈ ਸੀ ਜਾਂ ਕਿ ਧੱਕੇਸ਼ਾਹੀ ਕਰਕੇ ਹੀ ਇਕ ਹਲਕੇ ਵਿੱਚ ਇਤਨਾ ਰੁਪਿਆ ਲਗਾ ਦਿੱਤਾ ਗਿਆ ?

ਮੁੱਖ ਸੰਸਦੀ ਸਕੱਤਰ : ਇਸ ਵਿੱਚ ਇਜ਼ਾਜਤ ਲੈਣ ਦੀ ਕੋਈ ਜ਼ਰੂਰਤ ਨਹੀਂ ਹੁੰਦੀ, ਜਿਥੇ ਜ਼ਰੂਰਤ ਹੁੰਦੀ ਹੈ, ਡਿਵੈਲਪਮੈਂਟ ਦੀ ਲੋੜ ਹੁੰਦੀ ਹੈ, ਉਸ ਦੇ ਮੁਤਾਬਿਕ ਹੀ ਪੈਸਾ ਖਰਚ ਕੀਤਾ ਜਾਂਦਾ ਹੈ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਇਹ ਤਾਂ ਕੋਈ ਗੱਲ ਨਹੀਂ ਕਿ ਉਹ ਆਪਣਿਆਂ ਹਲਕਿਆਂ ਵਿਚ ਹੀ ਪੈਸਾ ਲਗਾਈ ਜਾਣ। ਜਿਹੜੇ 27-28 ਗੁਰੂ ਕੇ ਲਾਲ ਹਨ ਇਨ੍ਹਾਂ ਦੇ (ਮੁੱਖ ਮੰਤਰੀ ਵੱਲ ਇਸ਼ਾਰਾ ਕਰਦੇ ਹੋਏ) ਆਪਣੇ ਹਲਕਿਆਂ ਵਿੱਚ ਹਸਪਤਾਲ ਖੋਲ੍ਹੀ ਜਾਣ ਅਤੇ ਦੂਸਰੇ ਐਮ. ਐਲ. ਏ. ਸਾਹਿਬਾਨ ਦੇ ਹਲਕਿਆਂ ਨੂੰ ਇਗਨੋਰ ਕੀਤਾ ਜਾ ਰਿਹਾ ਹੈ। ਕੀ ਅਸੀਂ ਦੁਬਾਰਾ ਇਲੈਕਸ਼ਨਾ ਨਹੀਂ ਲੜਨੀਆਂ ? (ਵਿਰੋਧੀ ਬੈਂਚਾਂ ਵੱਲੋਂ ਥੰਪਿੰਗ) ਸਰਦਾਰ ਬੇਅੰਤ ਸਿੰਘ ਜੀ ਸਾਡੇ ਸਰਪ੍ਰਸਤ ਹਨ। ਮੈਂ ਇਸ ਹਾਊਸ ਦੇ ਅੰਦਰ ਬੇਨਤੀ ਕਰਾਂਗਾ ਕਿ ਮੁੱਖ ਮੰਤਰੀ ਜੀ ਐਸ਼ਿਓਰੈਂਸ ਦੇਣ ਕਿਸੇ ਵੀ ਐਮ. ਐਲ. ਏ. ਦੇ ਹਲਕੇ ਵਿੱਚ ਧੱਕਾ ਨਹੀਂ ਹੋਵੇਗਾ।

ਸ਼੍ਰੀ ਸਪੀਕਰ : ਸੀ. ਐਮ. ਸਾਹਿਬ ਕੁਝ ਕਹਿਣਾ ਚਾਹੁੰਗੇ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਐਸ਼ੋਰੈਂਸ ਮੰਗੀ ਹੈ।

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਐਸੀ ਤਾਂ ਕੋਈ ਗੱਲ ਨਹੀਂ। ਜੇ ਮੇਰੇ ਮਾਨਯੋਗ ਮੈਂਬਰ ਸਾਹਿਬ ਦੀ ਜ਼ਰੂਰਤ ਹੈ ਤਾਂ ਇਹ ਸਾਨੂੰ ਲਿਖ ਕੇ ਦੇ ਦੇਣ। ਅਸੀਂ ਉਸ ਨੂੰ ਅੰਗਜ਼ਾਮਿਨ ਕਰਵਾ ਦਿਆਂਗੇ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਮੈਂ ਤਾਂ ਦੱਸ ਹੀ ਰਿਹਾ ਹਾਂ.... (ਵਿਘਨ)

ਸ਼੍ਰੀ ਸਪੀਕਰ : ਮੈਂ ਪਹਿਲਾਂ ਵੀ ਕਿਹਾ ਸੀ ਕਿ ਮੰਤਰੀ ਬਣਨ ਦਾ ਫਾਇਦਾ ਤਾਂ ਹੀ ਹੈ ਜੇ ਆਪਣੇ ਹਲਕੇ ਵਿੱਚ ਕੁਝ ਕਰ ਸਕਣ। ਲੇਕਿਨ ਸੀ. ਐਮ. ਸਾਹਿਬ ਨੇ ਸੁਣ ਲਿਆ ਹੈ। ਉਹ ਹਰ ਕਿਸੇ ਦਾ ਧਿਆਨ ਰੱਖਣਗੇ।

Original with;
Punjab Vidhan Sabha
Digitized by;
Punjab Digital Library

ਮੁੱਖ ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਜੋ ਗੱਲ ਆਖੀ ਹੈ ਉਹ ਬਿਲਕੁਲ ਗਲਤ ਹੈ । ਜੇ ਟਾਕਰਾ ਕੀਤਾ ਜਾਵੇ ਤਾਂ ਐਮ.ਐਲ. ਏ. ਸਾਹਿਬਾਨ ਦੀਆਂ ਕਸਟੀਚਿਊਐਂਸਿਜ ਵਿੱਚ ਜੋ ਕੰਮ ਹੋਏ ਹਨ, ਉਨ੍ਹਾਂ ਦਾ ਵੇਰਵਾ ਬੜਾ ਲੰਮਾ-ਚੌੜਾ ਬਣ ਜਾਂਦਾ ਹੈ । ਇਹ ਪਹਿਲੀ ਸਰਕਾਰ ਹੈ ਜਿਸ ਨੇ ਐਮ.ਐਲ. ਏ. ਸਾਹਿਬਾਨ ਨੂੰ ਉੱਨਤ ਗਰਾਮ ਬਣਾਉਣ ਵਾਸਤੇ ਚੈਕ ਦਿੱਤੇ । ਉਨ੍ਹਾਂ ਨੇ ਆਪ ਜਾ ਕੇ ਵੰਡੇ ਅਤੇ ਨੀਂਹ ਪੱਥਰ ਰੱਖੇ । ਕੱਲ ਦੀ ਹੀ ਗੱਲ ਹੈ ਕਿ ਸ਼੍ਰੀ ਮਦਨ ਮੋਹਨ ਮਿੱਤਲ ਸਾਹਿਬ ਅਤੇ ਕੈਂਥ ਸਾਹਿਬ ਮੈਨੂੰ ਮਿਲੇ । ਇਨ੍ਹਾਂ ਨੇ ਕਿਹਾ ਕਿ ਅਸੀਂ ਆਪਣੇ ਪਿੰਡਾਂ ਅੰਦਰ ਡਿਵੈਲਪਮੈਂਟ ਬੋਰਡ ਜਾਂ ਪਲਾਨਿੰਗ ਬੋਰਡ ਤੋਂ ਪੈਸਾ ਲੈ ਕੇ ਵੰਡਦੇ ਹਾਂ । ਇਨ੍ਹਾਂ ਨੂੰ ਸ਼ਿਕਾਇਤ ਆਈ ਹੈ ਅੋਰ ਮੈਂ ਕਿਹਾ ਕਿ ਖ਼ਤਮ ਕਰਵਾ ਦਿਆਂਗੇ । ਮੈਂ ਐਮ. ਐਲ. ਏ. ਸਾਹਿਬਾਨ ਦਾ ਆਪ ਖ਼ਿਆਲ ਰੱਖਦਾ ਹਾਂ ਕਿ ਕਿੰਨੀਆਂ ਡਿਸਪੈਂਸਰੀਆਂ ਬਣਾਉਣੀਆਂ ਹਨ, ਕਿੰਨੀਆਂ ਸੜਕਾਂ ਬਣਾਉਣੀਆਂ ਹਨ । ਜੇ ਵੇਰਵੇ ਦੇਖੀਏ ਤਾਂ ਮਨਿਸਟਰਾਂ ਨਾਲੋਂ ਇਨ੍ਹਾਂ ਦੇ ਕੰਮ ਜ਼ਿਆਦਾ ਹੋਏ ਹਨ ।

ਸਕੂਲਾਂ ਦੀਆਂ ਇਮਾਰਤਾਂ ਦੀ ਮੁਰੰਮਤ

* 2386. 1. ਸਰਦਾਰ ਸਾਧੂ ਸਿੰਘ
2. ਸ਼੍ਰੀ ਰਮਨ ਕੁਮਾਰ ਭੱਲਾ } ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਅਜਿਹੇ ਪ੍ਰਾਇਮਰੀ ਸਕੂਲਾਂ ਦੀ ਗਿਣਤੀ ਅਤੇ ਨਾਂ ਕੀ-ਕੀ ਹਨ ਜਿਨ੍ਹਾਂ ਦੀਆਂ ਇਮਾਰਤਾਂ ਖਸਤਾ ਹਾਲਤਾਂ ਵਿਚ ਹਨ ਅਤੇ ਇਨ੍ਹਾਂ ਦੀ ਮੁਰੰਮਤ ਲਈ ਕੀਤੇ ਗਏ/ਕੀਤੇ ਜਾਣ ਵਾਲੇ ਪ੍ਰਬੰਧਾਂ ਦੇ ਵੇਰਵੇ ਕੀ-ਕੀ ਹਨ ?

ਸਰਦਾਰ ਲਖਮੀਰ ਸਿੰਘ ਰੰਧਾਵਾ : 463 ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਖਸਤਾ ਹਾਲਤਾ ਵਿੱਚ ਹਨ; ਉਨ੍ਹਾਂ ਦੇ ਨਾਵਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸ਼ਹਰੀ ਇਲਾਕਾ ਵਿਕਾਸ ਸਕੀਮ ਅਧੀਨ 3 ਸਰਹੱਦੀ ਜ਼ਿਲ੍ਹਿਆਂ ਵਿੱਚ ਇਨ੍ਹਾਂ ਇਮਾਰਤਾਂ ਦੀ ਮੁਰੰਮਤ ਲਈ ਸਾਲ 1994-95 ਵਿੱਚ 50.00 ਲੱਖ ਰੁਪਏ ਰੱਖੇ ਗਏ ਹਨ । ਜ਼ਿਲ੍ਹਾ ਯੋਜਨਾ ਬੋਰਡਾਂ ਨੇ ਵੀ 22.20 ਲੱਖ ਰੁਪਏ ਇਨ੍ਹਾਂ ਦੀ ਮੁਰੰਮਤ ਲਈ ਦਿੱਤੇ ਹਨ ।

ਇਨ੍ਹਾਂ ਇਮਾਰਤਾਂ ਦੀ ਮੁਰੰਮਤ ਲਈ ਸਟੇਟ ਬਜਟ ਵਿੱਚ. ਜ਼ਿਲ੍ਹਾ ਯੋਜਨਾ ਬੋਰਡਾਂ ਦੇ ਅਨਟਾਈਡ ਫੰਡਜ਼ ਵਿੱਚ ਅਤੇ ਗਰਾਮ ਪੰਚਾਇਤਾਂ, ਮਾਪੇ ਅਧਿਆਪਕ ਸਗਠਨਾਂ, ਦਾਨੀ ਸੱਜਣਾਂ ਸਵੈ-ਇੱਛਕ ਜਥੇਬੰਦੀਆਂ ਰਾਹੀਂ ਧਨ ਜੁਟਾਉਣ ਦੇ ਪ੍ਰਬੰਧ ਵੀ ਕੀਤੇ ਜਾ ਰਹੇ ਹਨ ।

Original with;
Punjab Vidhan Sabha
Digitized by;
Punjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਉਨ੍ਹਾਂ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਨਾਂ ਜਿਨ੍ਹਾਂ ਦੀਆਂ ਇਮਾਰਤਾਂ ਖਸਤਾ ਹਾਲਤ ਵਿਚ ਹਨ ।

ਲੜੀ ਨੰ.	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
	ਜ਼ਿਲ੍ਹਾ ਅੰਮ੍ਰਿਤਸਰ	28.	ਹਰੀਆ
1.	ਕੋਟਲੀ ਨਸੀਰ ਖਾਂ	29.	ਸੂਰੇ ਪੱਡਾ
2.	ਸਾਘਣਾ	30.	ਚੱਨਣਕੇ
3.	ਅਲਗੋ ਖੁਰਦ	31.	ਬਾਕੀਪਰ
4.	ਭਾਈ ਲਧੂ	32.	ਨੂਰਦੀ
5.	ਮਾੜੀ ਮੇਘਾ (ਮੁੰਡੇ)	33.	ਅਲਾਦੀਨਪੁਰ
6.	ਬਨਵਾਲ ਪੁਰ	34.	ਕੈਰੋਂਵਾਲ
7.	ਸਰਹਾਲੀ ਖੁਰਦ	35.	ਸਫੀਪੁਰ
8.	ਖੋਜਕੀ ਪੁਰ	36.	ਪੰਡੋਰੀ ਸਿਧਵਾਂ
9.	ਧੁੰਨ ਢਾਏਵਾਲਾ	37.	ਭੂਰਾ ਕਰੀਮਪੁਰਾ
10.	ਅਲੀਵਾਲ ਕੋਟਲੀ	38	ਮਹਿਮੂਦਪੁਰਾ
11.	ਦੂਜੋਵਾਲ	39.	ਪੂਨੀਆਂ
12.	ਅਬੂ ਸਦ	40.	ਤੂਤ
13.	ਸੁਲਤਾਨ ਮਹਿਲ		**ਜ਼ਿਲ੍ਹਾ ਬਠਿੰਡਾ**
14.	ਤਲਵੰਡੀ ਰਾਏ ਦਾਦੂ	41,	ਬੁਰਜ ਮਾਨਸਾ
15.	ਭੁੱਚਰ ਸੋਹਲ	42.	ਬੁਰਜ
16.	ਨੌਸ਼ਹਿਰਾ	43.	ਗੋਨਿਆਣਾ ਕਲਾਂ
17.	ਰਾਜਾ ਤਾਲ	44.	ਜੱਸੀ ਪੌਵਾਲੀ
18.	ਬੁਰਜ ਗੱਡੀਵਿੰਡ	45.	ਕਟਾਰ ਸਿੰਘ ਵਾਲਾ
19.	ਤੂੜ	46.	ਸਰਦਾਰ ਗੜ੍ਹ
20.	ਕੱਕੜ ਕਲਾਂ	47,	ਬਾਰੇਜ਼ਾਤਰੀ
21.	ਧਾਰੀਵਾਲ ਬੱਗਾ	48.	ਕੋਠੇ ਨੱਥਾ ਸਿੰਘ
22.	ਸਠਿਆਲਾ (ਗ)	49	ਕੋਠੇ ਇੰਦਰ ਸਿੰਘ
23.	ਜਬੋਵਾਲ	50.	ਦਾਨ ਸਿੰਘ ਵਾਲਾ
24.	ਬੰਰੀਏਵਾਲ	51.	ਗੰਗਾ
25.	ਅਬਦਾਲ	52.	ਅਬਲੂ
26.	ਜਗਤਪੁਰ ਬਜਾਜ	53.	ਕੋਠੇ ਛੱਤਰੀ ਵਾਲਾ
27.	ਪਤਾਲਪੁਰੀ	54.	ਮਹਿਮਾ ਭਗਵਾਨਾ
		55.	ਬੁਚਲਾਡੇਵਾਲਾ

Original with;
Punjab Vidhan Sabha
Digitized by;
Punjab Digital Library

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ :	ਸਕੂਲ ਦਾ ਨਾਂ
56,	ਵਿਰਕ ਖੁਰਦ	82.	ਵਰ ਸੁਦਰਵਾਲਾ
57.	ਹਲੜ	83.	ਬੋਘੇਵਾਲਾ ਜਟਾਂ
58.	ਮਿਰਜੇਆਣਾ	84.	ਚੱਕਇਆ
59.	ਨੰਗਲਾ	85.	ਅਮੀਰ ਸ਼ਾਹ
60.	ਭੀਮ ਜੱਸਾ ਸਿੰਘ	86.	ਬਸਤੀ ਖੁਸ਼ਹਾਲ ਸਿੰਘ
61.	ਜੋਗੇਵਾਲਾ		ਜ਼ਿਲ੍ਹਾ ਰੋਪੜ
62.	ਜ਼ਾਟਵਾਲੀ	87.	ਸੋਹਾਣਾ
	ਜ਼ਿਲ੍ਹਾ ਫਰੀਦਕੋਟ	88.	ਗੋਪਾਲਪੁਰ
63.	ਕਾਨਿਆਂਵਲੀ	89.	ਰਾਮਗੜ੍ਹ ਮੰਡਾ
64.	ਸਿਮਰੇਵਾਲਾ	90.	ਕਕਰਾਲਾ
65.	ਖੱਖਰ	91.	ਚੰਦਪੁਰ ਡਕਾਲਾ
66.	ਜੰਦੜ	92.	ਬਿਕੋ
67.	ਜੋਨਿਆਣਾ	93.	ਪਡਿਆਲਾ
68.	ਚੰਨੂੰ	94.	ਬਹਿਰਾਮਪੁਰ
69.	ਫਿਤਾ ਖੇੜਾ		ਜ਼ਿਲ੍ਹਾ ਸੰਗਰੂਰ
	ਜ਼ਿਲ੍ਹਾ ਫਤਹਿਗੜ੍ਹ ਸਾਹਿਬ	95.	ਖਾਈ
70.	ਲਾਗੋ ਮਾਜਰੀ	96.	ਲਹਿਲਕਲਾਂ
71.	ਪਜੋਲੀ	97.	ਭਦੌੜ (ਕ)
72.	ਨਰੈਣਾ	98.	ਸੁਨਾਮ (ਮ)
73.	ਮਾਜਰੀ ਸੋਢੀਆਂ	99	ਜੈਦਪੱਤ ਲੋਗੋਂਵਾਲ
74.	ਮਾਜਰੀ ਕਿਸ਼ਨੇਵਾਲੀ	100	ਅਲਕੜਾ
75.	ਟਿੱਬੀ	101.	ਟੱਲੇਵਾਲਾ
76.	ਬੱਸੀ ਪਠਾਨਾ-2	102.	ਸੰਧੂਵਲਾਂ
77.	ਮਨੇਲਾ	103.	ਦੜਾਕਾ ਪਤੀ
78.	ਕਲੇਰ	104.	ਖੁਡੀ ਖੁਰਦ
79.	ਬਰਾਹਮਣ ਮਾਜਰਾ	105.	ਰੰਗੀਆ
	ਜ਼ਿਲ੍ਹਾ ਫਿਰੋਜ਼ਪੁਰ	106.	ਕਾਤਰੋਂ
80.	ਜ਼ੀਰਾ ਮੰਨੂ ਮਾਛੀ	107.	ਖੇੜੀ ਚਹਿਲਾਂ
81.	ਹਰਸਵਾਲਾ	108.	ਮਨਾਲ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਲੜੀ ਨੰ.	ਸਕੂਲ ਦਾ ਨਾਂ	ਲੜੀ ਨੰ	ਸਕੂਲ ਦਾ ਨਾਂ
109.	ਕੁੱਠਲਾਂ	133.	ਬਦੋਵਾਲ ਖੁਰਦ
110	ਭਰਥਲਾ ਮੰਡੇਰ	134.	ਜਕਰੋਰ
111.	ਸਰੋਦ	135.	ਅਲੀਖਾਨ
112.	ਕੁਬੇ	136.	ਰਤਨ ਗੜ੍ਹ
113.	ਕਹੁਰੀਆਂ	137.	ਖੁਸ਼ੀ ਨੰਗਲ
114.	ਲੇਹਾਖੇੜਾ	138.	ਜਕੜੀਆਂ
115.	ਸੇਰੋਂ	139.	ਕਾਸ਼ਤੀਵਾਲ
116.	ਮਹਿਲਾਂ	140.	ਭਗਤਾਲਾ ਤੁਲੀਆਂ
117.	ਭੱਟੀਵਾਲ ਖੁਰਦ	141.	ਸਮਰਾਏ
118.	ਘਨੋੜ ਜੱਟਾਂ	142.	ਜੋੜੀਆਂ ਕਲਾਂ
119.	ਦਿੜਬਾ	143.	ਸ਼ਿਕਾਰ ਮਾਛੀਆਂ
ਜ਼ਿਲ੍ਹਾ ਗੁਰਦਾਸਪੁਰ		144.	ਗਾਜੀ ਨੰਗਲ
120.	ਕੋਟ ਸੰਤੋਖ ਰਾਏ	145.	ਮਸਾਣੀਆਂ
121.	ਖਾਨੋਵਾਲ	146.	ਮੁਲੇਵਾਲ
122.	ਹਰਦੋ ਛੰਨੀ	147.	ਬਹਿਨੂਵਾਲ
123.	ਕਮਾਲਪੁਰ	148.	ਕੋਟਲੀ ਭਾਨ ਸਿੰਘ
124	ਅਗਵਾਨ	149.	ਤਲਵਡੀ ਝੁੰਗਲਾ
125.	ਘੋਕਲਾ	150.	ਮਲਕਪੁਰ
126.	ਧਾਰ ਖੁਰਦ	151.	ਹਰਸੀਆਂ
127.	ਭੰਗੋੜੀ	152.	ਗੋਸਪੁਰਾ
128.	ਧਾਰ ਕਲਾਂ	153.	ਰਗੜ ਨੰਗਲ
129,	ਫਗਤੋਲੀ	154.	ਜੈਤੋਂ ਸਰੀਆ
130.	ਭੰਗੜੋਤਾਂ	155.	ਗੁਰਦਾਸ ਨੰਗਲ
131.	ਥਰਿਆਲ	**ਜ਼ਿਲ੍ਹਾ ਹੁਸ਼ਿਆਰਪੁਰ**	
132.	ਮਾਲੇਵਾਲ	156.	ਕਾਟੀਆ
		157.	ਰਾਜਪੁਰ ਭਾਈਆਂ
		158.	ਹਰਸਏ
		159.	ਚੌਰੀ ਵਾਲ
		160.	ਚੰਢੰਹ

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਸਕੂਲ ਦਾ ਨਾਂ
161.	ਪਟਿਆਲ
162.	ਨੌਸ਼ਹਿਰਾ
163.	ਲਾਲਪੁਰ
164.	ਬਸੀਵਲੋ
165.	ਨੀਲਾਨਲਆ
166.	ਕੂਕਾ ਨੇਟ
167.	ਤਲਵੰਡੀ ਡਡੀਆਂ
168.	ਨਥਪੁਰ
169.	ਸਫੈਦਪੁਰ
170.	ਭੂਬਾ
171.	ਬੁਧਬਰਕਤ
172.	ਕੁਲੀਆ
173.	ਮਾਂਗਣ
174.	ਸਪੋਆ
175.	ਰਾਮਪੁਰ ਹਲੇੜ
176.	ਭਾਗੜਾਂ
177.	ਮੁਰਾਦਪੁਰ ਅਵਾਂ
178.	ਲਾਡਪੁਰ
179	ਮਹਿੰਦੀਪੁਰ
180.	ਮਹਿਤਾਬਪੁਰ
181.	ਪਸੀਕਰੜਾ
182.	ਸਵਾਤ
183.	ਭੇੜਾ
184.	ਟੂਟੇਮਾਜਰਾ
185.	ਰਹਲੀ
186.	ਮੁਖਮਾਜਰਾ
187.	ਬਾੜੀਆਂ ਕਲਾਂ (ਲ)
188,	ਬੀਰਮਪੁਰ
189.	ਨੰਗਲਾ
190.	ਗੰਗੋਆ
191.	ਚਣਕੋਆ
192.	ਅਸਲਾਮਬਾਦ
193.	ਡਾਡਾ
	ਜ਼ਿਲ੍ਹਾ ਜਲੰਧਰ
194.	ਬੰਗਾ (ਮੁੰਡੇ)
195.	ਅਲਾਵਲਪੁਰ
196.	ਮਲੀਆਂ
197.	ਫਤੇਜਲਾਲ
198.	ਰੂੜਕੀ
199.	ਕਿਸ਼ਨਪੁਰਾ
200.	ਦਿਆਲਪੁਰ
201.	ਦੁਸਾਂਝਖੁਰਦ
202.	ਕਟਾਰੀਆਂ
203.	ਲਾਦੀਆਂ
204.	ਭੈਰੋਮਾਜਰਾ
205.	ਚਾਚੋਵਾਲ
206.	ਮੁਚਰੇਵਾਲ
	ਜ਼ਿਲ੍ਹਾ ਕਪੂਰਥਲਾ
207.	ਕਾਹੀਆਂ
208.	ਭਲਾਣਾ
209.	ਵਰੀਆਦੋਨਾ
210.	ਦਮੂਲੀਆ
211.	ਘੋਗ
212.	ਰਾਵਾ
213.	ਰਣਬੀਰਪੁਰ
214.	ਮਡਾਲੀ
	ਜ਼ਿਲ੍ਹਾ ਲੁਧਿਆਣਾ
215.	ਲੱਧਾ
216.	ਅੰਡਾ ਰਾਏਕੋਟ
217.	ਬੇਸਿਕ ਸਕਲ ਜਗਰਾਂਓ

Original with;
Punjab Vidhan Sabha
Digitized by;
Punjab Digital Library

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
218.	ਕੱਛੇ ਸਮਸਤ	247.	ਕੋਟਰਾਏ
219.	ਰਾਮਗੜ੍ਹ ਭੁਲਰ	248.	ਪੰਜੇਟਾ
220.	ਰੂਪਾ ਪਤੀ	249.	ਢੋਲਣਵਾਲ
221.	ਮੋਹੀ	250.	ਪਾਇਲ
222.	ਭੈਣੀ ਚੋਰਾਂ	251.	ਜੁਲਮਗੜ੍ਹ
223.	ਬੁਰਜ ਲਿਟਾਂ	252.	ਦੁਗੜੀ
224	ਉਕਸੀ	253.	ਭਬੋਹ
225.	ਸਿਲੇਕਲਾਂ	ਜ਼ਿਲ੍ਹਾ ਮਾਨਸਾ	
226.	ਢੰਡਾਰੀ ਕਲਾਂ	254.	ਠੂਠਿਆਂਵਾਲੀ
227.	ਫਤਿਹਗੜ੍ਹ ਗੁਜਰਾਂ	255.	ਰੜ
228.	ਰਾਜੋਵਾਲ	256.	ਹਮੀਰਗੜ੍ਹ
229.	ਸੰਗਤਪੁਰਾ	257.	ਜੋਗਾ (ਗ)
230.	ਭਰਥਲਾ	258.	ਮਾਖਾ ਚਹਿਲਾਂ
231.	ਬਰਤਲਾ	259.	ਨੰਦਗੜ੍ਹ
232.	ਲਖੇਵਾਲ ਖੁਰਦ	260.	ਹਰੀਜ਼ਨ ਬਸਤੀ
233.	ਬੈਹਾਪੁਰ	261.	ਅਕਾਂਵਾਲੀ
234.	ਸਹੌਜੋਮਾਜਰਾ	262.	ਛਛੌਹਰ
235.	ਗਿਦੜੀ	263.	ਬੀਰੇਵਾਲ ਡੇਗਰਾ
536.	ਨਰਾਇਣਗੜ੍ਹ	264.	ਝੰਡਾਕਲਾਂ
237.	ਹਰਆਉਮਾਜਰਾ	265.	ਕੋ:ਕੋ: ਗੋੜ
238.	ਸਿੜਾ	266.	ਖਤਰੀ ਵਾਲਾ
239.	ਮਾਛੀਆਂ ਖੁਰਦ	267.	ਅਡਿਆਂਵਾਲੀ
240.	ਝੰਗੀਆ ਬੰਗਾ	268.	ਬਰੇਟਾ ਪਿੰਡ
241.	ਮੰਡ ਖਾਨਪੁਰ	ਜ਼ਿਲ੍ਹਾ ਪਟਿਆਲਾ	
242.	ਭੁਹਲਾ ਬੇਟ	269.	ਦਸਮੇਸ਼ ਨਗਰ
243.	ਬਿਰਮੀ	270.	ਮਹਿਮਦ ਪੁਰ
244	ਕੁਲੀਕਲਾਂ	271.	ਮਥਰਾ ਨਗਰ
245.	ਖਟੜਾ ਚੁਹਾਰਮ	272.	ਧਰਨੇੜੀ
246.	ਧਨਾਨਸ	273.	ਝਿਲ

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
274.	ਸਕਰਪੁਰ	304.	ਰਣਬੀਰਪੁਰ
275.	ਕੌਂਸਪਰ	305.	ਰੋਂਗਲਾ
276.	ਫਤਿਹਪੁਰ ਜਟਾਂ	306.	ਲੰਗ
277.	ਨੂਰਖੇੜੀਆਂ	307.	ਪਟਿਆਲਾ ਕੈਂਟ
278.	ਧਰੇੜੀ ਜਟਾਂ	308.	ਪਰਤਾਪਨਗਰ
279.	ਮੁਹਬਤਪੁਰ	309.	ਧਾਮੋਮਾਜਰਾ
280.	ਸਸੀ ਗੁਜਰਾਂ	310.	ਮਾਲੋਮਾਜਰਾ
281.	ਸਸੀ ਬਾਮਣਾ	311.	ਕਲਿਆਣ
282.	ਤਫਜਲਪੁਰ	312.	ਦਰਹੇੜਾ
283.	ਰਸੂਲਪੁਰ ਜੋੜਾ	313.	ਪੁਰਬੀਆਂ ਕਲੋਨੀ
284.	ਬਾਰਟ	314.	ਰਖੜਾ ਪੁਰਾਣਾ
285.	ਬਲਬੇੜਾ	315.	ਬੀਪੁਰ
286.	ਸ਼ੇਖਪੁਰਾ	316.	ਬਖਸੀਵਾਲਾ
287.	ਜਲਾਲਪੁਰ	317.	ਗੁਨਗਰਾਂ
283.	ਕਿਸ਼ਨਗੜ੍ਹ	318.	ਡੇਹਾ ਰਸੌਲੀ
289.	ਚੁਟਹਰਾ	319.	ਅਰਨੋਂ
299.	ਚੋਗਾਂ	320.	ਸੰਤ ਨਗਰ
291.	ਆਰੀਆ ਸੋਜ ਚੌਕ	321.	ਫਤਿਹਪੁਰ
292.	ਅਬਲੱਬਾਂਲ	322.	ਕੋਟਲਾ ਨਾਸਰੂ
293.	ਝੁਗੀਆਂ	323.	ਬਦਨਪੁਰ
294.	ਇੰਦਰਾ ਪੁਰੀ	324.	ਭਗਵਾਨਪੁਰ
295.	ਪਰੇਮ ਨਗਰ	325.	ਅਸਰਪੁਰ
296.	ਜਸੋਵਾਲ	326.	ਧਨੇਠਾ
297.	ਵਜੀਦ ਪੁਰ	327.	ਗਜੀ ਸਲਾਰ
298.	ਰਾਜਗੜ੍ਹ	328.	ਰਾਮਪੁਰ ਡਬਾਲ
299.	ਚੁਹੜਪੁਰ ਕਲਾਂ	329.	ਚੰਦਰਾ
300.	ਫਤਿਹਪੁਰ	330.	ਬਰੋਲੀ
301.	ਸੇਖਪੁਰ	331.	ਬੁਮਰੋਕ
302.	ਸੁਲਤਾਨਪੁਰ	332.	ਸਮਾਨਾ (ਰ)
303.	ਭੇੜਪਰ	333.	ਸਮਾਨਾ (ਮੰ)

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
334.	ਘੜਾਮ	359.	ਮਹਿਮਾ
335.	ਮਹਿਮਦਪੁਰ	360.	ਚਿੜਵਾ
336.	ਮੀਰਾਂਪੁਰ	361.	ਚਿੜਵੀ
337.	ਪਿਪਲਖੇੜੀ	362.	ਨਿਆਮਤਪੁਰ
338.	ਬਿਲਾਸਪੁਰ	363.	ਅਬਦਲਪੁਰ
339.	ਧਾਮੋਮਾਜ਼ਰਾ	364.	ਮੁਖਮੈਲਪੁਰ
340.	ਡਡੌਆ	365.	ਖਲੋੜ ਕਲਾਂ
341.	ਬੀਬੀਪੁਰ	366.	ਦਦਹੇੜੀਆ
342.	ਮੰਡੀ	367.	ਮੁਲਾਂਸਰਪੁਰ (ਗ)
343.	ਬੜਾ	368.	ਮੁਲਾਸਰਪੁਰ (ਮੁ)
344.	ਬਤੀ	369.	ਕਛਵਾ
345.	ਕਰਨਪੁਰ	370.	ਕਛਵੀ
346.	ਉਦੇਪੁਰ	371.	ਚਪਰਾਹਾੜ
347.	ਕੋਟਲਾ ਗੁਰੂ	372.	ਸਾਨੀਪੁਰ ਟਾਡਾਂ
348.	ਪਲਾਖਾ	373.	ਅੋਲਮਪੁਰ
349.	ਬਹਿਲ	374.	ਮਸੀਗਣ
350.	ਬਿਸ਼ਨਗੜ	375.	ਫਰੀਦਪੁਰ
351.	ਕਠਖੇੜੀ	376.	ਮੁਰਾਦਪੁਰ
352.	ਭੁਨਰਹੇੜੀ	377.	ਚੂਹਟ
353.	ਬੁਢਣਪੁਰ	378.	ਤਾਜਲਪੁਰ
354.	ਨਰੈਣਗੜ	379.	ਦੋਦੀਮਾਜਰਾ
355.	ਸਰਾਏਸਿੰਗਵਾਲਾ	380.	ਮਲਕਪੁਰ ਜਟਾਂ
356.	ਨਜਾਮਪੁਰ	381.	ਉਗਾਣਾ
357.	ਰੂੜਕੀ	382.	ਬਖਸੀਵਾਲਾ
358.	ਭੰਖੂਆ	383.	ਖੇੜਾ ਗਜੂ
		384.	ਫਰੀਦਪੁਰ ਜਟਾਂ
		385.	ਢੀਢਸਾ
		386.	ਮਟੋਲੀਗੁਜਰਾਂ
		387.	ਦਮਨਹੇੜੀ
		388.	ਦੇਵੀਨਗਰ

Original with;
Punjab Vidhan Sabha
Digitized.by;
Panjab Digital Library

ਲੜੀ ਨੰ:	ਸਕੂਲ ਦਾ ਨਾ	ਲੜੀ ਨੰ:	ਸਕੂਲ ਦਾ ਨਾਂ
389.	ਮੰਡਵਾਲ	418.	ਪਹਿਰ ਕਲਾਂ
390.	ਗੰਡਾਖੇੜੀ	419.	ਗੜਿਆਂ
391.	ਗੋਪਾਲਪੁਰ	420.	ਬਠੈਣੀਆਂ
392.	ਅਬਦਲਪੁਰ	421.	ਜਬੇਫਲ
393.	ਜਾਖੜਾ	422.	ਹਸਨਪੁਰ
394.	ਗਾਜੀਪੁਰ	423.	ਜਮੀਤਗੜ੍ਹ
395.	ਜੈਨਗਰ	424.	ਜਨਸੂਈ
396.	ਪਿਲਖਣੀ	425.	ਘੜਾਮਕਲਾਂ
397.	ਪੁਰਾਣਾ ਰਾਜਪੁਰਾ	426.	ਨੰਦਗੜ੍ਹ
398.	ਰਾਜਪੁਰਾ ਨੰ: 5	427.	ਬਲਮਾਜਰਾ
399.	ਰਾਜਪਰਾ ਨੰ:4	428.	ਕਾਲੇਮਾਜਜਰਾ
400.	ਪਨਵਾੜੀ	429.	ਝਾਂਸਲਾ
401.	ਭੇਡਵਾਲ	430.	ਛੱਤ
402.	ਉਕਸੀ	431.	ਰਾਮਪੁਰ ਕਲਾਂ
403.	ਉਕਸੀ ਜਟਾਂ	432.	ਅੱਡਾ ਝੁੰਗੀਆਂ
404.	ਕਾਲਕਾ ਰੋਡ ਰਾਜਪੁਰਾ	433.	ਬਾਸਨ
405.	ਰਾਜਪੁਰਾ ਸ਼ਹਿਰ	434.	ਝੰਝੋ
406.	ਅੰਨ:ਟੀ:ਸੀ: ਰਾਜਪੁਰਾ ਨੰ:1	435	ਬਨੂੜ (1)
407.	ਰਾਜਪੁਰਾ (ਟਾਊਨ)	436.	ਬਸੀ ਬਾਂਡਿਆ
408.	ਖੈਰਾਜਪੁਰ	437.	ਫੌਜੀ ਕਲੌਨੀ
409.	ਜਡੌਲੀ	438.	ਮਹੱਲਾ ਝੁਗਾ ਸਿੰਘ
410.	ਸੰਜਰਪੁਰ	439.	ਦਿਆਲਪੁਰ
411.	ਆਲਮਪੁਰ	440.	ਰਾਮਪੁਰ ਸੈਣੀਆਂ
412.	ਨੰਪਰਾ	441.	ਬੁਚਣਪੁਰ
413.	ਢਕਾਨਸੂ ਕਲਾਂ	442.	ਗੋਬਿੰਦਪੁਰਾ
414.	ਡਾਰੀਆਂ	443.	ਫਤਹਿਪੁਰ, ਗੜੀ
415.	ਸੰਭੂ ਖੁਰਦ	444.	ਝਾਂਸਲੀ
416.	ਮਿਰਜਾ ਪੁਰ	445.	ਪੁਲਾਣਾ
417.	ਪਹਿਰ ਖੁਰਦ	446.	ਸੋਗਲਪੁਰੇ
		447.	ਲਾਛੜੂ ਖੁਰਦ

Original with;
Punjab Vidhan Sabha
Digitized by;
Punjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
448.	ਸੇਖੂਪੁਰ ਰਾਜਪੂਤਾਂ	456.	ਗੁਜਰਹੇੜੀ
449.	ਨਾਨੋਵਾਲ	457.	ਭੜੇ
450.	ਅਜਨੇਦਾ ਕਲਾਂ	458.	ਕੋਟਲੀ
451.	ਪਾਲੀਆ	459.	ਪੁਰਾਣਾ ਹਾਈ ਕੋਰਟ
452.	ਖੋਖ	460.	ਸਬਜੀ ਮੰਡੀ ਨਾਭਾ
453.	ਬਾਬਰਪੁਰ	461.	ਪਹਾੜਪੁਰ ਕਲਾਂ
454.	ਅਨੇਤਾਂ	462.	ਪਹਾੜਪੁਰ ਖੁਰਦ
455.	ਬਮਲਾ	463.	ਰੋਹਨਾ

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਤਿੰਨ ਸਰਹੱਦੀ ਜ਼ਿਲ੍ਹਿਆਂ ਵਾਸਤੇ ਪੰਜਾਹ ਲੱਖ ਰੁਪਿਆ 1994-95 ਦੌਰਾਨ ਰਖਿਆ ਗਿਆ ਸੀ । ਇਨ੍ਹਾਂ ਤਿੰਨ ਸਰਹੱਦੀ ਜ਼ਿਲ੍ਹਿਆਂ ਨੂੰ ਛੱਡ ਕੇ ਬਾਕੀ ਪੰਜਾਬ ਦੇ ਜ਼ਿਲ੍ਹਿਆਂ ਵਿੱਚ ਵੀ ਸਕੂਲਾਂ ਦੀਆਂ ਇਮਾਰਤਾਂ ਬੜੀਆਂ ਖਸਤਾ ਹਨ । ਇਨ੍ਹਾਂ ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਵਿੱਚ ਗ਼ਰੀਬ ਲੋਕਾਂ ਦੇ ਬੱਚੇ ਪੜ੍ਹਦੇ ਹਨ ਅਤੇ ਗਰੀਬ ਕਿਸਾਨਾਂ ਦੇ ਬੱਚੇ ਪੜ੍ਹਦੇ ਹਨ । ਅਮੀਰ ਲੋਕਾਂ ਦੇ ਬੱਚੇ ਵੱਡੇ ਸਕੂਲਾਂ ਵਿੱਚ ਪੜ੍ਹਦੇ ਹਨ ।ਕੀ ਮੰਤਰੀ ਜੀ ਇਸ ਪਵਿੱਤਰ ਸਦਨ ਵਿੱਚ ਭਰੋਸਾ ਦੇਣਗੇ ਕਿ ਦਾਨੀ ਸੱਜਣਾਂ ਜਾਂ ਪੰਚਾਇਤਾਂ ਨੂੰ ਛੱਡ ਕੇ ਸਰਕਾਰ ਆਪਣੇ ਤੌਰ ਤੇ ਬਿਲਡਿੰਗਾਂ ਦੀ ਮੁਰੰਮਤ ਕਰਵਾਏਗੀ ?

ਮੰਤਰੀ: ਸਪੀਕਰ ਸਾਹਿਬ, ਵੈਸੇ ਤਾ ਪ੍ਰਾਇਮਰੀ ਸਕੂਲ ਨੂੰ ਬਿਲਡਿੰਗ ਦੇਣ ਅਤੇ ਇਸ ਦੀ ਮੇਂਟੀਨੈਂਸ ਦੀ ਜ਼ਿੰਮੇਵਾਰੀ ਪੰਚਾਇਤ ਦੀ ਹੁੰਦੀ ਹੈ । ਪੰਚਾਇਤ ਸਕੂਲ ਖੋਲ੍ਹਣ ਤੋਂ ਪਹਿਲਾਂ ਵੀ ਇਹ ਰੈਜੋਲਿਊਸ਼ਨ ਕਰਕੇ ਆਪਣੇ ਆਪ ਨੂੰ ਪਾਬੰਦ ਕਰਦੀ ਹੈ ਲੇਕਿਨ ਜਿੱਥੇ ਪੰਚਾਇਤਾਂ ਦੀ ਮਾਲੀ ਹਾਲਤ ਮਾੜੀ ਹੈ ਉਥੇ ਸਰਕਾਰ ਉਨ੍ਹਾਂ ਦੀ ਸੇਵਾ ਕਰਦੀ ਹੈ । ਇਸ ਸਾਲ ਉਚੇਚੇ ਤੌਰ ਤੇ ਪ੍ਰੋਗਰਾਮ ਬਣਾਏ ਗਏ ਹਨ ਕਿਉਂਕਿ ਪੰਚਾਇਤਾਂ ਨੂੰ ਫੰਡ ਸੈਂਟਰਲ ਗੌਰਮਿੰਟ ਵੱਲੋਂ ਆਉਂਦੇ ਹਨ ਅਤੇ ਸਾਰੀਆਂ ਪੰਚਾਇਤਾਂ ਨੂੰ ਪੈਸੇ ਮਿਲਦੇ ਹਨ ਅੰਰ ਇਹ ਫੈਸਲਾ ਕੀਤਾ ਹੈ ਕਿ ਉਹ ਇਹ ਫੰਡ ਸਕੂਲਾਂ ਦੀ ਮੁਰੰਮਤ ਤੇ ਲਗਾਉਣ । ਇਸੇ ਲਈ ਕਿਹਾ ਗਿਆ ਹੈ ਕਿ ਪੰਚਾਇਤ ਦੀ ਮੇਨ ਜ਼ਿੰਮੇਵਾਰੀ ਹੈ, ਸਰਕਾਰ ਵੀ ਮੱਦਦ ਕਰਦੀ ਹੈ ਅੰਰ ਦੂਸਰੀਆਂ ਸੰਸਥਾਵਾਂ ਵੱਲੋਂ ਵੀ ਮੱਦਦ ਲੈ ਕੇ ਦਿੱਤੀ ਜਾਂਦੀ ਹੈ ।

ਸਰਦਾਰ ਸਾਧੂ ਸਿੰਘ: ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹਾਂਗਾ ਕਿ ਇਨ੍ਹਾਂ ਨੇ ਕਿਹਾ ਕਿ ਸੈਂਟਰ ਵੱਲੋਂ ਜੋ ਪੈਸਾ ਆਉਂਦਾ ਹੈ, ਉਹ ਸਾਰਿਆਂ ਨੂੰ ਵੰਡ ਦਿੱਤਾ ਜਾਂਦਾ ਹੈ । ਸੈਂਟਰ ਵੱਲੋਂ ਤਾਂ ਪੈਸਾ ਆਉਣਾ ਹੀ ਹੈ ਕੀ ਪੰਜਾਬ ਸਰਕਾਰ ਇਨ੍ਹਾਂ ਸਕੂਲਾਂ ਵਾਸਤੇ ਆਪਣੇ ਕੋਲੋਂ ਫੰਡਜ਼ ਰੱਖ ਰਹੀ ਹੈ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਸੈਂਟਰ ਵੱਲੋਂ ਜੋ ਜਵਾਹਰ ਰੋਜ਼ਗਾਰ ਯੋਜਨਾ ਹੈ, ਉਸ ਦੇ ਥੱਲੇ ਫੰਡਜ਼ ਆਉਂਦੇ ਹਨ । ਇਸ ਸਾਲ ਮੁੱਖ ਮੰਤਰੀ, ਸਾਹਿਬ ਨੇ ਉਚੇਚੇ ਤੌਰ ਤੇ ਸਾਰਿਆਂ ਨੂੰ ਆਦੇਸ਼ ਦਿੱਤੇ ਹਨ ਕਿ ਉਹ ਪੈਸੇ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਦੀ ਮੁਰੰਮਤ ਤੇ ਹੀ ਲਾਏ ਜਾਣ ਲੇਕਿਨ ਨਾਲ ਦੀ ਨਾਲ ਹੀ ਪੰਜਾਬ ਸਰਕਾਰ ਵੀ ਮੁਰੰਮਤ ਵਾਸਤੇ ਫੰਡ ਰੱਖਦੀ ਹੈ ਅੋਰ ਉਸ ਫੰਡ ਵਿਚੋਂ ਉਨ੍ਹਾਂ ਨੂੰ ਹਿੱਸਾ ਦਿੱਤਾ ਜਾ ਰਿਹਾ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹਾਂਗਾ ਕਿ ਕੀ ਕੋਈ ਪ੍ਰਾਈਵੇਟ ਸਕੂਲ ਅਜਿਹੇ ਵੀ ਹਨ ਜਿਨ੍ਹਾਂ ਦੀਆਂ ਅਜੇ ਬਿਲਡਿੰਗਾਂ ਨਹੀਂ ਹਨ ?

ਸ਼੍ਰੀ ਸਪੀਕਰ : ਪ੍ਰਾਈਵੇਟ ਸਕੂਲ ਜਾਂ ਪ੍ਰਾਇਮਰੀ ਸਕੂਲ ?

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਪ੍ਰਾਇਮਰੀ ਸਕੂਲ ?

ਮੰਤਰੀ : ਸਪੀਕਰ ਸਾਹਿਬ, ਐਸੇ ਸਕੂਲ ਹਨ ਜਿਨ੍ਹਾਂ ਦੀਆਂ ਆਪਣੀਆਂ ਬਿਲਡਿੰਗਾਂ ਨਹੀਂ ਹਨ । ਪੰਚਾਇਤਾਂ ਨੇ ਕੁਝ ਬਦਲਵੇਂ ਪ੍ਰਬੰਧ ਕੀਤੇ ਸਨ ਲੇਕਿਨ 144 ਬਿਲਡਿੰਗ ਲੈਸ ਸਕੂਲ ਚੁਣੇ ਗਏ ਹਨ ਜਿਨ੍ਹਾਂ ਲਈ ਇਸੇ ਸਾਲ ਸਰਕਾਰੀ ਪੱਖ ਤੋਂ 144 ਨਵੀਆਂ ਬਿਲਡਿੰਗਾਂ ਬਣਾਈਆਂ ਜਾ ਰਹੀਆਂ ਹਨ ।

ਸ਼੍ਰੀ ਸਤਨਾਮ ਸਿੰਘ ਕੈਂਥ : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ 463 ਪ੍ਰਾਇਮਰੀ ਸਕੂਲ ਹਨ, ਜਿਨ੍ਹਾਂ ਦੀਆ ਇਮਾਰਤਾਂ ਦੀ ਕਸੋਟੀ ਠੀਕ ਨਹੀਂ ਅਤੇ 144 ਸਕੂਲ ਬਿਲਡਿੰਗ ਲੈਸ ਹਨ । ਇਹ ਬੜਾ ਸੀਰੀਅਸ ਮਾਮਲਾ ਹੈ ਕਿਉਂਕਿ ਪ੍ਰਾਇਮਰੀ ਐਜੂਕੇਸ਼ਨ ਹੀ ਬੇਸਿਕ ਐਜੂਕੇਸ਼ਨ ਹੈ । ਸਰਕਾਰ ਨੂੰ ਕੋਈ ਮਾਸਟਰ ਪਲੈਨ ਤਿਆਰ ਕਰਨੀ ਚਾਹੀਦੀ ਹੈ ਤਾਂ ਕਿ ਪਿੰਡ ਦੀਆਂ ਸਕੂਲਾਂ ਦੀਆਂ ਬਿਲਡਿਗਾਂ ਤੋਂ ਬੱਚੇ ਨਿਸਚਿੰਤ ਰਹਿਣ....

ਸ਼੍ਰੀ ਸਪੀਕਰ : ਤੁਸੀਂ ਸਵਾਲ ਪੁੱਛੋ ।

ਸ਼੍ਰੀ ਸਤਨਾਮ ਸਿੰਘ ਕੈਂਥ : ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਹੋ ਜਿਹੀ ਮਾਸਟਰ ਪਲੈਨ ਤਿਆਰ ਕਰਨੀ ਚਾਹੀਦੀ ਹੈ ਕਿ ਹਰ ਪਿੰਡ ਦਾ ਜੋ ਪ੍ਰਾਇਮਰੀ ਸਕੂਲ ਹੈ, ਉਸ ਦੀ ਬਿਲਡਿੰਗ ਦੀ ਜ਼ਿੰਮੇਵਾਰੀ ਸਰਕਾਰ ਆਪਣੇ ਤੇ ਲਵੇ ।

ਸ਼੍ਰੀ ਸਪੀਕਰ : ਤੁਸੀਂ ਤਾਂ ਸੁਜੇਸ਼ਨ ਦੇ ਰਹੇ ਹੋ ਜਦੋਂ ਤੁਸੀਂ ਬਜਟ ਤੇ ਬੋਲਣਾ ਹੈ ਉਸ ਵਕਤ ਇਹ ਕਹਿ ਲੈਣਾ ।

ਸ਼੍ਰੀ ਸਤਨਾਮ ਸਿੰਘ ਕੈਂਥ : ਜਿਸ ਤਰ੍ਹਾਂ ਇਹ ਕਹਿ ਰਹੇ ਹਨ ਕਿ ਸਰਕਾਰ ਇੰਨੇ ਸਕੂਲਾਂ ਨੂੰ ਅਪਗ੍ਰੇਡ ਕਰ ਰਹੀ ਹੈ । ਜੇਕਰ ਸਕੂਲਾਂ ਦੀਆਂ ਬਿਲਡਿੰਗਾਂ ਹੀ ਨਹੀਂ ਤਾਂ ਅਪਗ੍ਰੇਡ ਕਰਨ ਦਾ ਕੀ ਫ਼ਾਇਦਾ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ: ਪਲੀਜ਼, ਤੁਸੀਂ ਬੈਠੋ ।

ਸ਼੍ਰੀ ਮਦਨ ਮੋਹਨ ਮਿੱਤਲ: ਮਾਨਯੋਗ ਸਪੀਕਰ ਸਾਹਿਬ, ਸਿੱਖਿਆ ਮੰਤਰੀ ਜੀ ਨੇ ਦੱਸਿਆ ਕਿ ਮੁਖ਼ਤਲਫ਼ ਜ਼ਿਲ੍ਹਿਆਂ ਵਿੱਚ 463 ਸਕੂਲਾਂ ਦੀਆਂ ਬਿਲਡਿੰਗਾਂ ਦੀ ਕੰਡੀਸ਼ਨ ਮਾੜੀ ਹੈ । ਜੋ ਪੈਸੇ ਦੱਸੇ ਹਨ, ਉਹ ਬੜੇ ਥੋੜ੍ਹੇ ਦੱਸੇ ਹਨ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪ੍ਰਾਇਮਰੀ ਐਜੂਕੇਸ਼ਨ ਏਸਿਕ ਐਜੂਕੇਸ਼ਨ ਹੈ, ਜਿਸ ਵਿੱਚ ਬੱਚਿਆਂ ਦਾ ਭਵਿੱਖ ਬਣਨਾ ਹੈ ।

ਸ਼੍ਰੀ ਸਪੀਕਰ: ਤੁਸੀਂ ਸਵਾਲ ਪੁੱਛੋ ।

ਸ਼੍ਰੀ ਮਦਨ ਮੋਹਨ ਮਿੱਤਲ: ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਦੱਸਿਆ ਹੈ ਕਿ ਸੈਂਟਰ ਤੋਂ ਪੈਸੇ ਆਉਂਦੇ ਹਨ, ਉਹ ਕਿੰਨੇ ਆਉਂਦੇ ਹਨ, ਉਨ੍ਹਾਂ ਵਿੱਚੋਂ ਪਿਛਲੇ ਸਾਲ ਸਕੂਲਾਂ ਤੇ ਕਿੰਨੇ ਖਰਚ ਹੋਏ ਅਤੇ ਅੱਗੇ ਵਾਸਤੇ ਸਰਕਾਰ ਨੇ ਕਿੰਨੇ ਪੈਸੇ ਇਸ ਵਾਸਤੇ ਖਰਚ ਕਰਨੇ ਹਨ ?

ਸ਼੍ਰੀ ਸਪੀਕਰ: ਇੱਕ ਸਵਾਲ ਔਟ ਏ ਟਾਈਮ ਪੁੱਛੋ । ਮਨਿਸਟਰ ਸਾਹਿਬ, ਤੁਸੀਂ ਦੱਸੋ ਕਿ ਕਿੰਨਾਂ ਪੈਸਾ ਆਇਆ ਤੇ ਕਿੰਨਾ ਬਿਲਡਿੰਗਾਂ ਤੇ ਲੱਗਿਆ ?

ਮੰਤਰੀ: ਸਪੀਕਰ ਸਾਹਿਬ, ਵੈਸੇ ਮਾਨਯੋਗ ਮੈਂਬਰ ਸਾਹਿਬ ਜੇ ਦੇਖਣ ਤਾਂ ਸਾਢੇ ਬਾਰਾਂ ਹਜ਼ਾਰ ਪ੍ਰਾਇਮਰੀ ਸਕੂਲ ਹਨ ਔਰ ਸਿਰਫ਼ 463 ਸਕੂਲਾਂ ਦੀਆਂ ਬਿਲਡਿੰਗਾਂ ਪੁਰਾਣੀਆਂ ਹਨ ਜਿਨ੍ਹਾਂ ਨੂੰ ਸਪੈਸ਼ਲੀ ਰਿਪੇਅਰ ਦੀ ਲੋੜ ਹੈ, ਇਹ ਕੋਈ ਜ਼ਿਆਦਾ ਫੀਸਦੀ ਨਹੀਂ ਨਿਕਲਦੀ । ਇਨ੍ਹਾਂ ਨੇ ਬਦਲਵੇਂ ਪ੍ਰਬੰਧ ਕੀਤੇ ਹੋਏ ਹਨ ਔਰ ਪੰਚਾਇਤਾਂ ਦੀ ਜ਼ਿੰਮੇਵਾਰੀ ਹੈ । ਇਸ ਦੇ ਨਾਲ ਜੋ ਜਵਾਹਰ ਰੋਜ਼ਗਾਰ ਯੋਜਨਾ ਦਾ ਪੈਸਾ ਹੈ, ਉਹ ਜਿਨ੍ਹਾਂ ਪਿੰਡਾਂ ਨੂੰ ਮਿਲੇਗਾ ਸਰਕਾਰ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਸਾਰਾ ਪੈਸਾ ਇਨ੍ਹਾਂ ਦੀ ਮੁਰੰਮਤ ਤੇ ਖਰਚ ਕਰੋ । ਸਰਕਾਰ ਨੇ, ਜਿਸ ਤਰ੍ਹਾਂ ਦੱਸਿਆ ਗਿਆ ਕਿ 22.20 ਲੱਖ ਰੁਪਏ ਰੱਖੇ ਹਨ ਔਰ ਅਨ-ਟਾਈਡ ਫੰਡ ਵਿਚੋਂ ਮਾਨਯੋਗ ਮੁੱਖ ਮੰਤਰੀ ਜੀ ਨੇ ਹਦਾਇਤਾਂ ਦਿੱਤੀਆਂ ਹਨ ਕਿ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਦੀ ਮੁਰੰਮਤ ਵਾਸਤੇ ਉਚੇਚੇ ਤੌਰ ਤੇ ਇਸ ਸਾਲ ਧਿਆਨ ਦੇ ਕੇ ਉਧਰ ਪੈਸੇ ਦਿੱਤੇ ਜਾਣ ।

ਸ਼੍ਰੀ ਸਪੀਕਰ: ਇਨ੍ਹਾਂ ਨੇ ਤਾਂ ਪੁੱਛਿਆ ਕਿ ਸੈਂਟਰ ਵਿਚੋਂ ਕਿੰਨਾ ਪੈਸਾ ਆਇਆ ਤੇ ਉਸ ਵਿਚੋਂ ਸਕੂਲਾਂ ਦੀ ਰਿਪੇਅਰ ਵਾਸਤੇ ਕਿੰਨਾ ਲੱਗਿਆ ਹੈ ? ਇਹ ਇਨਫਰਮੇਸ਼ਨ ਕੀ ਤੁਹਾਡੇ ਕੋਲ ਹੈ ?

ਮੰਤਰੀ: ਸਪੀਕਰ ਸਾਹਿਬ ਸਪੈਸ਼ਲੀ ਫੰਡ ਮੈਂ ਅਰਜ ਕੀਤਾ ਕਿ ਨਹੀਂ ਆਏ । ਜਵਾਹਰ ਰੋਜ਼ਗਾਰ ਯੋਜਨਾ ਦੇ ਫੰਡ ਆਏ, ਉਹ ਹਰ ਪੰਚਾਇਤ ਨੂੰ ਜਾਂਦੇ ਹਨ । ਉਸ ਪਿੰਡ ਦੀ ਆਬਾਦੀ ਦੇ ਮੁਤਾਬਿਕ ਉਹ ਜਿੰਨੇ ਜਿੰਨੇ ਉਨ੍ਹਾਂ ਨੂੰ ਜਾਣਗੇ ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਪੈਸੇ ਪਿੰਡ ਦੇ ਪ੍ਰਾਇਮਰੀ ਸਕੂਲ ਦੀ ਬਿਲਡਿੰਗ ਦੀ ਰਿਪੇਅਰ ਤੇ ਲਾਏ ਜਾਣਗੇ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਜਿਹੜਾ ਇਹ ਪੈਸਾ ਆਉਂਦਾ ਹੈ ਉਹ ਆਮ ਤੌਰ ਤੇ ਗਲੀਆਂ, ਨਾਲੀਆਂ ਤੇ ਖਰਚ ਹੁੰਦਾ ਹੈ, ਮੈਂ ਜਾਣਨਾ ਚਾਹੁੰਦਾ ਹਾਂ ਕਿ how much of this money has been spent on primary education? That was my question.

ਸ਼੍ਰੀ ਸਪੀਕਰ: ਇਹ ਵੱਖਰਾ ਸਵਾਲ ਪੁੱਛ ਲਓ ? He can not give reply on every point about the Primary Education. (Interruption)

Shri Madan Mohan Mittal: Sir, it is doubtful whether this has been spent or not ?

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਉੱਤਰ ਵਿੱਚ ਦੱਸਿਆ ਹੈ ਕਿ ਡਿਸਟ੍ਰਿਕਟ ਪਲੈਨਿੰਗ ਬੋਰਡਾਂ ਦੇ ਅਨਟਾਈਡ ਫੰਡਜ਼ ਵਿਚੋਂ ਪ੍ਰਾਇਮਰੀ ਸਕੂਲਾਂ ਅਤੇ ਦੂਸਰੇ ਸਕੂਲਾਂ ਦੀਆਂ ਇਮਾਰਤਾਂ ਦੀ ਰਿਪੇਅਰ ਫਾਸਤੇ ਪੈਸਾ ਦਿੱਤਾ ਜਾਂਦਾ ਹੈ ਪ੍ਰੰਤੂ ਅਨਟਾਈਡ ਫੰਡਜ ਦੇਣੇ ਜਾਂ ਨਾ ਦੇਣੇ ਡਿਸਟ੍ਰਿਕਟ ਪਲੈਨਿੰਗ ਬੋਰਡਾਂ ਦੇ ਚੇਅਰਮੈਨ ਦੇ ਰਹਿਮ ਤੇ ਹੈ, ਕੀ ਮਨਿਸਟਰ ਸਾਹਿਬ ਇਸ ਗੱਲ ਦੀ ਐਸ਼ੋਰੈਂਸ ਦੇਣਗੇ ਕਿ ਜਿੰਨਾ ਪੈਸਾ ਅਨਟਾਈਡ ਫੰਡ ਲਈ ਆਵੇ ਉਸ ਵਿਚੋਂ 50% ਪ੍ਰਾਇਮਰੀ ਸਕੂਲਾਂ ਅਤੇ ਦੂਸਰੇ ਸਕੂਲਾਂ ਦੀ ਇਮਾਰਤਾਂ ਦੀ ਰਿਪੇਅਰ ਤੇ ਲਾਇਆ ਜਾਵੇਗਾ ?

ਮੰਤਰੀ: ਸਪੀਕਰ ਸਾਹਿਬ, ਇਹ ਐਸ਼ੋਰੈਂਸ ਨਹੀਂ ਦਿੱਤੀ ਜਾ ਸਕਦੀ । ਲੋੜ ਮੁਤਾਬਿਕ ਹਰ ਜ਼ਿਲ੍ਹੇ ਦੀ ਲੋੜ ਪੂਰੀ ਕੀਤੀ ਜਾਵੇਗੀ ।

ਸ਼੍ਰੀ ਸਪੀਕਰ : ਰੈਗੂਲਰ ਲਿਸਟ ਦੇ ਕੁਐਸਚਨਜ਼ ।

STARRED QUESTIONS AND ANSWERS

ਨਿਸ਼ਾਨਵਾਲਾ ਪ੍ਰਸ਼ਨ ਨੰਬਰ 2535

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ)

ਨਵੇਂ ਜੰਮੇ ਬੱਚੇ ਨੂੰ ਜੇਲ੍ਹ ਵਿਚੋਂ ਰਿਹਾਅ ਕਰਨਾ

*2614 **ਸਰਦਾਰ ਨਿਰਮਲ ਸਿੰਘ ਨਿੰਮਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਵਿਚ ਕਿਸੇ ਮਹਿਲਾ ਕੈਦੀ ਨੇ ਜਨਵਰੀ, 1995 ਦੇ ਮਹੀਨੇ ਦੇ ਦੌਰਾਨ ਜੇਲ੍ਹ ਵਿਚ ਹੀ ਕਿਸੇ ਬੱਚੇ ਨੂੰ ਜਨਮ ਦਿੱਤਾ ਸ੍ਹੀ;

Original with;
Punjab Vidhan Sabha
Digitized by;
Punjab Digital Library

[ਸਰਦਾਰ ਨਿਰਮਲ ਸਿੰਘ ਨਿੰਮਾ]

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਉਸ ਬੱਚੇ ਦਾ ਅਤੇ ਉਸਦੇ ਪਿਤਾ ਦਾ ਨਾਂ ਕੀ ਹੈ;

(ਏ). ਕੀ ਸਰਕਾਰ ਦੀ ਨਵੇਂ ਜੰਮੇ ਬੱਚੇ ਨੂੰ ਜੇਲ੍ਹ ਦੀ ਹਿਰਾਸਤ ਵਿਚੋਂ ਰਿਹਾਅ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਨਹੀਂ, ਤਾਂ ਕੀ ਸਰਕਾਰ ਉਕਤ ਬੱਚੇ ਦੀ ਸਿਹਤ ਸਬੰਧੀ ਦੇਖਭਾਲ ਨੂੰ ਯਕੀਨੀ ਬਣਾਵੇਗੀ ?

ਸਰਦਾਰ ਬੇਅੰਤ ਸਿੰਘ : (ੳ) ਇਕ ਹਵਾਲਾਤਨ ਜਿਸ ਦਾ ਨਾਂ ਜਗਰੂਪ ਕੌਰ ਹੈ ਜਿਹੜੀ ਕਿ ਜ਼ਨਾਨਾ ਜੇਲ੍ਹ, ਲੁਧਿਆਣਾ ਵਿਚ ਬੰਦ ਸੀ, ਨੇ ਮਿਤੀ 3-1-1995 ਨੂੰ ਸਿਵਲ ਹਸਪਤਾਲ, ਲੁਧਿਆਣਾ ਵਿਖੇ ਇਕ ਲੜਕੀ ਨੂੰ ਜਨਮ ਦਿੱਤਾ;

(ਅ) ਬੱਚੀ ਦਾ ਨਾਂ ਸੋਨੀ ਅਤੇ ਉਸਦੇ ਪਿਤਾ ਦਾ ਨਾਂ ਸ਼੍ਰੀ ਭਗਵੰਤ ਸਿੰਘ ਹੈ ।

(ਏ) ਬੱਚੀ ਦੀ ਮਾਤਾ ਨੂੰ ਮਿਤੀ 5-1-1995 ਨੂੰ ਜੇ. ਐਮ.ਆਈ.ਸੀ., ਜਗਰਾਓ ਦੇ ਹੁਕਮ ਮਿਤੀ 4-1-1995 ਅਨੁਸਾਰ ਜ਼ਮਾਨਤ ਤੇ ਛੱਡ ਦਿੱਤਾ ਗਿਆ ਸੀ ।

ਸਰਦਾਰ ਨਿਰਮਲ ਸਿੰਘ ਨਿੰਮਾ : ਮਾਨਯੋਗ ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਜਗਰੂਪ ਕੌਰ ਜੋ ਜੇਲ੍ਹ ਵਿੱਚ ਸੀ ਉਸ ਨੇ ਮਿਤੀ 3 ਜਨਵਰੀ, 1995 ਨੂੰ ਇਕ ਲੜਕੀ ਨੂੰ ਜਨਮ ਦਿੱਤਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਗਰੂਪ ਕੌਰ ਜੋ ਜੇਲ੍ਹ ਵਿੱਚ ਸੀ ਉਹ ਕਿਸ ਕਰਾਈਮ ਵਿੱਚ ਜੇਲ੍ਹ ਵਿੱਚ ਸੀ. ਕਿੰਨੀ ਤਾਰੀਖ ਨੂੰ ਭੇਜੀ ਗਈ ਅਤੇ ਕੀ ਉਸ ਦਾ ਪਤੀ ਜੋ ਹੈ ਉਹ ਵੀ ਉਸੇ ਕਰਾਈਮ ਵਿੱਚ ਸ਼ਾਮਲ ਸੀ ?

ਇਸ ਦੇ ਨਾਲ ਹੀ ਮੈਂ ਇਹ ਵੀ ਪੁੱਛਦਾ ਚਾਹੁੰਦਾ ਹਾਂ ਕਿ ਕੀ ਪੰਜਾਬ ਦੇ ਅੰਦਰ ਹੋਰ ਵੀ ਕਿਸੇ ਜੇਲ੍ਹ ਵਿੱਚ ਕਿਸੇ ਲੇਡੀ ਨੇ ਕਿਸੇ ਬੱਚੇ ਨੂੰ ਜਨਮ ਦਿੱਤਾ ਹੈ; ਜੇ ਦਿੱਤਾ ਹੈ ਤਾਂ ਉਸ ਦਾ ਨਾਮ ਤੇ ਵੇਰਵਾ ਦੱਸਿਆ ਜਾਵੇ ?

ਮੁੱਖ ਮੰਤਰੀ ਸਪੀਕਰ ਸਾਹਿਬ, ਉਹ ਲੜਕੀ ਜਗਰੂਪ ਕੌਰ 304 ਦੇ ਕੇਸ ਵਿੱਚ ਫੜੀ ਗਈ ਸੀ । ਇਹ ਅਲੈਂਜ ਕੀਤਾ ਜਾਂਦਾ ਹੈ ਕਿ ਉਸ ਨੇ ਤੇ ਉਸ ਦੀ ਮਾਂ ਨੇ ਆਪਣੀ ਭਰਜਾਈ ਨੂੰ ਕਤਲ ਕੀਤਾ ਸੀ ਅੋਰ ਉਸ ਨੂੰ ਜ਼ਮਾਨਤ ਤੇ ਰਿਹਾਅ ਕੀਤਾ ਗਿਆ । ਮੈਂ ਪਹਿਲਾਂ ਵੀ ਦੱਸਿਆ ਹੈ ਕਿ 5-1-1995 ਨੂੰ ਜੂਡੀਸ਼ੀਅਲ ਮੈਜਿਸਟਰੇਟ, ਜਗਰਾਉਂ ਦੇ 4-1-1995 ਦੇ ਹੁਕਮ ਮੁਤਾਬਿਕ ਉਸ ਨੂੰ ਜ਼ਮਾਨਤ ਤੇ ਛੱਡ ਦਿੱਤਾ ਗਿਆ ਸੀ । ਉਹ ਲੁਧਿਆਣਾ ਦੀ ਜ਼ਨਾਨਾ ਜੇਲ ਵਿੱਚ ਬੰਦ ਸੀ । ਦੂਸਰਾ, ਸਪੀਕਰ ਸਾਹਿਬ, ਇਨ੍ਹਾਂ ਨੇ ਕਿਸੇ ਹੋਰ ਜਗ੍ਹਾਂ ਬਾਰੇ ਪੁਛਿਆ ਹੈ ਕਿ ਕਿਸੇ ਹੋਰ ਜੇਲ੍ਹ ਵਿੱਚ ਕਿਸੇ ਨੇ ਕੋਈ ਬੱਚੇ ਨੂੰ ਜਨਮ ਦਿੱਤਾ ਹੈ ਇਸ ਦੇ ਬਾਰੇ ਇਹ ਸੈਪਰੇਟ ਸਵਾਲ ਦੇ ਦੇਣ । ਮੈਨੂੰ ਇਤਨਾ ਤਾਂ ਜ਼ਬਾਨੀ ਯਾਦ ਨਹੀਂ ਰਹਿ ਸਕਦਾ ਕਿ ਕਿੰਨੇ ਬੱਚੇ ਜੰਮੇ ਹਨ ।

ਸ਼੍ਰੀ ਸਪੀਕਰ : ਸਵੇਰੇ ਰੋਜ਼ ਟੀ.ਵੀ. ਤੇ ਦਿਖਾਉਂਦੇ ਹਨ ਕਿ ਹਰ ਸੈਕੰਡ ਵਿੱਚ ਇਕ ਬੱਚਾ ਜਨਮ ਲੈਂਦਾ ਹੈ । (ਵਿਘਨ) (ਹਾਸਾ)

Original with;
Punjab Vidhan Sabha
Digitized by;
Panjab Digital Library

ਸਰਦਾਰ ਨਿਰਮਲ ਸਿੰਘ ਨਿਮਾ: ਸਪੀਕਰ ਸਾਹਿਬ, ਮੈਂ ਜਿਹੜਾ ਕੁਐਸਚਨ ਕੀਤਾ ਸੀ ਉਸ ਦੇ ਬਾਰੇ ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਮੈਨੂੰ ਜ਼ਬਾਨੀ ਯਾਦ ਨਹੀਂ ਰਹਿ ਸਕਦਾ ਕਿ ਕਿੰਨੇ ਬੱਚੇ ਜੰਮਦੇ ਹਨ, ਮੈਂ ਸਾਰੇ ਪੰਜਾਬ ਦੇ ਬਾਰੇ ਨਹੀਂ ਸੀ ਪੁਛਿਆ ਮੈਂ ਤਾਂ ਸਿਰਫ ਇਤਨਾ ਪੁਛਿਆ ਸੀ ਕਿ ਕਿਸੇ ਹੋਰ ਜੇਲ੍ਹ ਵਿੱਚ ਵੀ ਕਿਸੇ ਨੇ ਕੋਈ ਬੱਚੇ ਨੂੰ ਜਨਮ ਦਿੱਤਾ ਹੈ ? ਜਿਸ ਤਰ੍ਹਾਂ ਇਹ ਘਟਨਾ ਵਾਪਰੀ ਹੈ, ਕੀ ਕੋਈ ਹੋਰ ਵੀ ਇਸ ਤਰ੍ਹਾਂ ਦੀ ਘਟਨਾ ਹੋਈ ਹੈ ਜਿੱਥੇ ਕਿਸੇ ਨੂੰ ਬੱਚੇ ਦੇ ਜਨਮ ਦੇ ਆਧਾਰ ਤੇ ਜਮਾਨਤ ਤੇ ਰਿਹਾਅ ਕੀਤਾ ਗਿਆ ਹੋਵੇ ?

ਸ੍ਰੀ ਸਪੀਕਰ : ਤੁਸੀਂ ਹੋਰ ਸਵਾਲ ਪੁੱਛ ਲਓ. ਸਾਰਾ ਕੁਝ ਤਾਂ ਉਨਾਂ ਨੂੰ ਜ਼ਬਾਨੀ ਨਹੀਂ ਯਾਦ ਰਹਿ ਸਕਦਾ ਜਬਾਨੀ ਯਾਦ ਤਾਂ ਹੋ ਵੀ ਨਹੀਂ ਸਕਦਾ । (ਵਿਘਨ)

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਕਰਕੇ ਉਸ ਨੂੰ ਰਿਹਾਅ ਨਹੀਂ ਸ਼ੀ ਕੀਤਾ ਗਿਆ, ਉਸ ਨੂੰ ਜੂਡੀਸ਼ੀਅਲ ਮੈਜਿਸਟ੍ਰੇਟ. ਜਗਰਾਉਂ ਦੇ ਹੁਕਮ ਮੁਤਾਬਿਕ ਛੱਡ ਦਿੱਤਾ ਗਿਆ ਸੀ ।ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਪੰਜਾਬ ਵਿਚ ਇਸਤਰੀਆਂ ਵਾਸਤੇ ਇਕ ਜੇਲ੍ਹ ਲੁਧਿਆਣਾ ਅੰਦਰ ਹੈ ਜਿਥੇ ਜਿਹੜੀਆਂ ਲੜਕੀਆਂ ਜੁਰਮ ਕਰਦੀਆਂ ਹਨ ਉਨ੍ਹਾਂ ਨੂੰ ਰਖਿਆ ਜਾਂਦਾ ਹੈ, ਜੇ ਜੇਲ੍ਹ ਵਿਚ ਕਿਸੇ ਬੱਚੇ ਦਾ ਜਨਮ ਹੋਵੇ ਤਾਂ ਉਸ ਦੀ ਸਿਹਤ ਲਈ ਪੂਰਾ ਧਿਆਨ ਰੱਖਿਆ ਜਾਂਦਾ ਹੈ ਅੌਰ ਪੂਰੀ ਮਦਦ ਕੀਤੀ ਜਾਂਦੀ ਹੈ । ਜਿਹੜੀ ਪਰੈਗਨੈਂਟ ਅੌਰਤ ਹੁੰਦੀ ਹੈ ਉਸ ਦਾ ਵੀ ਖਿਆਲ ਰਖਿਆ ਜਾਂਦਾ ਹੈ ਅੌਰ ਇਸ ਦੇ ਲਈ ਉਸ ਜੇਲ੍ਹ ਵਿਚ ਸਾਰਾ ਸਟਾਫ, ਸੁਪਰਡੰਟ ਲੈਵਲ ਤੱਕ ਦਾ, ਅੌਰਤਾਂ ਹੀ ਹਨ । ਇਸ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਉਸ ਜੇਲ੍ਹ ਵਿਚ ਅੌਰਤਾਂ ਦਾ ਪੂਰਾ ਖਿਆਲ ਰੱਖਿਆ ਜਾਂਦਾ ਹੈ ।

ਜ਼ਿਲ੍ਹਾ ਅੰਮ੍ਰਿਤਸਰ ਵਿਚ ਇੰਦਰਾ ਆਵਾਸ ਯੋਜਨਾ ਅਧੀਨ ਗਰਾਂਟ ਦੀ ਵੰਡ

*2425 **ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਜ਼ਿਲ੍ਹਾ ਅੰਮ੍ਰਿਤਸਰ ਵਿਚ ਬਲਾਕਵਾਰ ਸਾਲਾਂ 1993-94 ਅਤੇ 1994-95 (ਅੱਜ ਤੱਕ) ਦੌਰਾਨ ਇੰਦਰਾ ਆਵਾਸ ਯੋਜਨਾ ਅਧੀਨ ਕਿਤਨੀ ਗਰਾਂਟ ਜਿੱਤੀ ਗਈ;

(ਅ) ਇਸ ਸਕੀਮ ਅਧੀਨ ਹਰ ਬਲਾਕ ਨੂੰ ਕਿਤਨੇ ਪੈਸੇ ਜਿੱਤੇ ਗਏ ਹਨ;

(ੲ) ਇਸ ਸਮੇਂ ਦੌਰਾਨ ਬਲਾਕ ਵਾਈਆਂ ਵਿੱਚ ਪਿੰਡ-ਵਾਰ ਕਿੰਨੀ ਕਿੰਨੀ ਗਰਾਂਟ ਦਿੱਤੀ ਗਈ ਅਤੇ ਕਿਸ ਪਿੰਡ ਵਿਚ ਇੰਦਰਾ ਆਵਾਸ ਯੋਜਨਾ ਲਾਗੂ ਕੀਤੀ ਗਈ ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਸੰਤੋਖ ਸਿੰਘ ਚੌਧਰੀ (ਮੁੱਖ ਸੰਸਦੀ ਸ਼ੱਕਤਰ) : (ੳ) ਅਤੇ (ਅ) ਸਾਲ 1993-94 ਅਤੇ 1994-95 ਦੌਰਾਨ ਇੰਦਰਾ ਆਵਾਸ ਯੋਜਨਾ ਅਧੀਨ (ਬਲਾਕਵਾਰ) ਰਿਲੀਜ਼ ਕੀਤੀ ਗਈ ਗਰਾਂਟ ਦੀ ਸੂਚਨਾ ਸਦਨ ਦੀ ਮੇਜ ਤੇ ਰੱਖੀ ਜਾਂਦੀ ਹੈ ।

(ਏ) ਕਿਸੇ ਵੀ ਪਿੰਡ ਨੂੰ ਕੋਈ ਗਰਾਂਟ ਨਹੀਂ ਦਿੱਤੀ ਗਈ ।

ਇੰਦਰਾ ਆਵਾਸ ਯੋਜਨਾ ਅਧੀਨ ਉਪਬੰਧ/ਰਿਲੀਜ਼ ਕੀਤੀ ਗਰਾਂਟ ਦੀ ਰਕਮ

ਲੜੀ ਨੰ.	ਬਲਾਕ ਦਾ ਨਾ	1993-94	1994-95
1.	ਖਡੂਰ ਸਾਹਿਬ	13.25 ਲੱਖ	9.66 ਲੱਖ
2.	ਚੋਹਲਾ ਸਾਹਿਬ ..	9.14 ਲੱਖ	3.67 ਲੱਖ
3.	ਨੌਸ਼ਹਿਰਾ ਪੰਨੂਆਂ ..	9.97 ਲੱਖ	4.20 ਲੱਖ
4	ਜੰਡਿਆਲਾ ਗੁਰੂ ..	14.91 ਲੱਖ	13.33 ਲੱਖ
5.	ਵੇਰਕਾ ..	1.68 ਲੱਖ	0.94 ਲੱਖ
6.	ਤਰਨ ਤਾਰਨ ..	37.19 ਲੱਖ	17.75 ਲੱਖ
7.	ਗੰਡੀਵਿੰਡ ..	0.84 ਲੱਖ	1.58 ਲੱਖ
8.	ਮਜੀਠਾ ..	—	1.58 ਲੱਖ
9.	ਪੱਟੀ ..	—	7.88 ਲੱਖ
	ਜੋੜ ..	86.08 ਲੱਖ	60.37 ਲੱਖ

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਦੱਸਣਗੇ ਕਿ ਇਹ ਇੰਦਰਾ ਆਵਾਸ ਯੋਜਨਾ ਹੈ ਕੀ ? (ਹਾਸਾ)

ਸ਼੍ਰੀ ਸਪੀਕਰ : ਇਸ ਦੀ ਸਾਰੀ ਡੀਟੇਲ ਹੁਣ ਉਹ ਕੀ ਦੱਸਣਗੇ ? ਤੁਸੀਂ ਸਵਾਲ ਪੁਛੋ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਜੇ ਇਹ ਸਕੀਮ ਦੱਸਣਗੇ ਤਾਂ ਹੀ ਮੇਰਾ ਸਪਲੀਮੈਂਟਰੀ ਬਣੇਗਾ ।

Original with;
Punjab Vidhan Sabha
Digitized by;
Panjab Digital Library

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇੰਦਰਾ ਆਵਾਸ ਯੋਜਨਾ ਸਕੀਮ ਦੇ ਤਹਿਤ ਜਿਹੜੇ ਲੋਕ ਆਉਂਦੇ ਹਨ ਉਨ੍ਹਾਂ ਨੂੰ ਮਕਾਨ ਬਣਾ ਕੇ ਦਿੱਤੇ ਜਾਂਦੇ ਹਨ । ਇਸ ਸਕੀਮ ਦੇ ਤਹਿਤ 9,000 ਰੁਪਏ ਮਕਾਨ ਵਾਸਤੇ, 3,500 ਰੁਪਏ ਇਨਫਰਾਸਟਰੱਕਚਰ ਵਾਸਤੇ ਅੌਰ 1,500 ਰੁਪਏ ਚੁਲ੍ਹਾ-ਚੌਕਾ ਵਾਸਤੇ ਦਿੱਤੇ ਜਾਂਦੇ ਹਨ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਹੁਣ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਬਲਾਕ ਰਣੀਆ ਅਤੇ ਬਲਾਕ ਤਹਸਿਕਾ ਵਿਚ ਇਸ ਯੋਜਨਾ ਅਧੀਨ ਕਿਸੇ ਨੂੰ ਕੋਈ ਪੈਸਾ ਨਹੀਂ ਦਿੱਤਾ ਗਿਆ, ਇਸ ਦੇ ਕੀ ਕਾਰਣ ਹਨ ? ਮੇਹੀ ਵਾਰ ਵਾਰ ਦਰਖ਼ਾਸਤਾਂ ਦੇਣ ਤੇ ਵੀ ਇਸ ਇਲਾਕੇ ਨੂੰ ਇਗਨੋਰ ਕਿਉਂ ਕੀਤਾ ਗਿਆ ਹੈ ? ਕੀ ਉਥੇ ਗਰੀਬ ਨਹੀਂ ਵਸਦੇ ਜਾਂ ਇਸ ਯੋਜਨਾ ਦੇ ਤਹਿਤ ਉਹ ਬੰਦੇ ਆਉਂਦੇ ਨਹੀਂ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ ਹਦਾਇਤਾਂ ਅਨੁਸਾਰ ਕੰਪਲੀਟ ਕੇਸ ਬਣਾ ਕੇ ਮਿੱਥੇ ਸਮੇਂ ਤਕ ਮਹਿਕਮੇ ਨੂੰ ਭੇਜਣੇ ਹੁੰਦੇ ਹਨ । ਜਦੋਂ ਵਾਰ ਵਾਰ ਕਹਿਣ ਤੇ ਵੀ ਇਸ ਇਲਾਕੇ ਵਿਚੋਂ ਮਿੱਥੇ ਸਮੇਂ ਤੱਕ ਕੰਪਲੀਟ ਕੇਸ ਦੀ ਲਿਸਟ ਮਹਿਕਮੇ ਨੂੰ ਨਾ ਪਹੁੰਚੇ ਤਾਂ ਫਿਰ ਖਿਆਲ ਕਿਵੇਂ ਰੱਖਿਆ ਜਾ ਸਕਦਾ ਹੈ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਦੀ ਇਨਕੁਆਇਰੀ ਕਰਾਉਣਗੇ ਕਿ ਮੇਰੇ ਵਲੋਂ ਟਾਈਮ ਸਿਰ ਲਿਸਟ ਦਿੱਤੇ ਜਾਣ ਦੇ ਬਾਵਜੂਦ ਵੀ ਇਸ ਇਲਾਕੇ ਨੂੰ ਇਗਨੋਰ ਕੀਤਾ ਗਿਆ ਹੈ ? (ਅਪੋਜ਼ੀਸ਼ਨ ਵਲੋਂ ਥੰਪਿੰਗ) ਮੈਂ ਸਮਝਦਾ ਹਾਂ ਕਿ ਜੇ ਸਵਾਲਾਂ ਦੇ ਉੱਤਰ ਇਥੇ ਠੀਕ ਹੀ ਨਹੀਂ ਆਉਂਣੇ ਤਾਂ ਫਿਰ ਇਹ ਇਕ ਘੰਟਾ ਰੱਖਣ ਦਾ ਕੀ ਫਾਇਦਾ ਹੈ । (ਹਾਸਾ) ਜੇ ਸਵਾਲ ਦਿੱਤੇ ਜਾਂਦੇ ਹਨ ਘੱਟੋ ਘੱਟ ਉਨ੍ਹਾਂ ਦੇ ਜਵਾਬ ਤਾਂ ਇਥੇ ਠੀਕ ਆਉਣੇ ਚਾਹੀਦੇ ਹਨ । ਕੀ ਇਹ ਇਨਕੁਆਇਰੀ ਕਰਾਉਣਗੇ ? ਇਹ ਮੇਰੇ ਕੋਲ ਇਕ ਕੇਸ ਪਿਆ ਵੀ ਹੈ । ਕੇਸਿਜ਼ ਟਾਈਮ ਸਿਰ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਬੋਰਡ ਨੂੰ ਭੇਜੇ ਗਏ ਸਨ ਪਰ ਫੇਰ ਵੀ ਮੇਰੇ ਹਲਕੇ ਨੂੰ ਜਾਣ ਬੁਝ ਕੇ ਇਗਨੌਰ ਕੀਤਾ ਗਿਆ ਹੈ, ਕੀ ਇਸ ਦੀ ਇਹ ਇਨਕੁਆਇਰੀ ਕਰਵਾਉਣਗੇ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ ਮਾਨਯੋਗ ਮੈਂਬਰ ਸਾਹਿਬ ਸਾਨੂੰ ਦੂਜੇ ਕੰਮਾਂ ਵਾਸਤੇ ਮਿਲਦੇ ਰਹਿੰਦੇ ਹਨ । ਅਗਰ ਇਨ੍ਹਾਂ ਦੇ ਨੋਟਿਸ ਵਿਚ ਕੋਈ ਐਸਾ ਕੇਸ ਹੈ ਇਹ ਸਾਡੇ ਧਿਆਨ ਵਿਚ ਲਿਆਉਣ, ਅਸੀਂ ਉਸ ਨੂੰ ਐਗਜ਼ਾਮਿਨ ਕਰਵਾ ਲਵਾਂਗੇ । ਇਹ** ਕਹਿੰਦੇ ਹਨ ਕਿ ਇਨ੍ਹਾਂ ਨੂੰ ਅਸੀਂ ਨਜ਼ਰ-ਅੰਦਾਜ਼ ਕੀਤਾ ਹੈ । ਇਹ ਮੈਨੂੰ ਕੰਪਲੀਟ ਕੇਸ ਦੇਣ, ਅਸੀਂ ਉਸ ਨੂੰ ਐਗਜ਼ਾਮਿਨ ਕਰਵਾ ਲਵਾਂਗੇ ।

ਸ਼੍ਰੀ ਸਪੀਕਰ : **ਲਫਜ਼ ਐਕਸਪੰਜ ਕੀਤਾ ਜਾਂਦਾ ਹੈ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਮੇਰੇ ਨਾਲ ਹਰ ਮਹਿਕਮੇ ਵਿਚ ਧੱਕਾ ਕੀਤਾ ਜਾ ਰਿਹਾ ਹੈ । ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਦੀ

**Expunged as ordered by the chair.

Original with;
Punjab Vidhan Sabha
Digitized by;
Panjab Digital Library

[ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ]

ਛੋਟੇ ਰੋਜ਼ ਅਖਬਾਰ ਵਿਚ ਛਪਦੀ ਹੈ, ਇਹ ਮੇਰੇ ਹਲਕੇ ਵਿਚ ਵੀ ਕੋਈ ਨੀਂਹ ਪੱਥਰ ਰੱਖ ਦੇਣ ਕਿ ਉਥੇ ਇੰਦਰਾ ਆਵਾਸ ਯੋਜਨਾ ਅਧੀਨ ਲੋਕਾਂ ਨੂੰ ਮਕਾਨ ਮਿਲ ਸਕਣ ?

ਮੁਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਜੇ ਇਨ੍ਹਾਂ ਦੇ ਹਲਕੇ ਦੀ ਕੋਈ ਸਮੱਸਿਆ ਹੈ ਇਹ ਸਾਡੇ ਧਿਆਨ ਵਿਚ ਲਿਆਉਣ, ਅਸੀਂ ਉਸ ਨੂੰ ਐਗਜ਼ਾਮਿਨ ਕਰਵਾ ਲਵਾਂਗੇ ਅਤੇ ਇਨ੍ਹਾਂ ਦੇ ਹਲਕੇ ਵਿਚ ਵੀ ਜ਼ਰੂਰ ਜਾਵਾਂਗੇ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਜਿਸ ਤਰ੍ਹਾਂ ਵੀਰ ਪਵਨ ਕੁਮਾਰ ਨੇ ਦਸਿਆ ਹੈ ਕਿ ਉਨ੍ਹਾਂ ਦੇ ਲਿਖਣ ਦੇ ਬਾਵਜੂਦ ਵੀ ਸਰਕਾਰ ਵਲੋਂ ਕੰਮ ਨਹੀਂ ਕੀਤੇ ਜਾਂਦੇ, ਇਸੇ ਤਰ੍ਹਾਂ ਜ਼ਿਲ੍ਹਾ ਗੁਰਦਾਸਪੁਰ ਵਿਚ ਜਦੋਂ ਬਾਲ ਮੁਕੰਦ ਸ਼ਰਮਾ ਚੇਅਰਮੈਨ ਸਨ ਤਾਂ ਸੜਕਾਂ, ਫਿਰਨੀਆਂ, ਨਹਿਰਾਂ, ਗਲੀਆਂ ਅਤੇ ਨਾਲੀਆਂ ਦੇ ਕੰਮਾਂ ਨੂੰ ਪਹਿਲ ਦੇ ਆਧਾਰ ਤੇ ਕੀਤਾ ਜਾਂਦਾ ਸੀ ਅਤੇ ਐਮ.ਐਲ.ਏਜ਼ ਦੀ ਗੱਲ ਸੁਣੀ ਜਾਂਦੀ ਸੀ ਪਰ ਪਿਛਲੇ 21 ਮਹੀਨਿਆਂ ਤੋਂ ਵੈਲਫੇਅਰ ਮਨਿਸਟਰ ਸਾਹਿਬ ਵਲੋਂ ਕੋਈ ਕੰਮ ਨਹੀਂ ਕੀਤਾ ਗਿਆ ਜਦ ਕਿ 2-3 ਚਿੱਠੀਆਂ ਮੈਨੂੰ ਮੁੱਖ ਮੰਤਰੀ ਸਾਹਿਬ ਦੀਆਂ ਆ ਚੁੱਕੀਆਂ ਹਨ । ਕੀ ਇਹ ਐਮ.ਐਲ.ਏਜ਼. ਨੂੰ ਹਲਕੇ ਦੇ ਕੰਮਾਂ ਵਿਚ ਪਰਾਇਰਟੀ ਦੇਣਗੇ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਨ੍ਹਾਂ ਨੇ ਬੜਾ ਵੇਰਾ ਜਿਹਾ ਸਵਾਲ ਕੀਤਾ ਹੈ । ਇੰਦਰਾ ਆਵਾਸ ਯੋਜਨਾ ਜ਼ਿਲ੍ਹਾ ਪ੍ਰੀਸ਼ਦ ਰਾਹੀ, ਪੰਚਾਇਤਾਂ ਅਤੇ ਬਲਾਕ ਸੰਮਤੀਆ ਦੇ ਰਾਹੀਂ ਇੰਪਲੀਮੈਂਟ ਕੀਤੀ ਜਾਂਦੀ ਹੈ ।

ਆਰਥਿਕ ਤੌਰ ਤੇ ਕਮਜ਼ੋਰ ਵਰਗ ਦੇ ਵਿਦਿਆਰਥੀਆਂ ਨੂੰ ਫੀਸ ਵਿਚ ਰਿਆਇਤ ਦੇਣਾ

*2507 **ਸ਼੍ਰੀ ਰਮੇਸ਼ ਦੱਤ ਸ਼ਰਮਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ

(ਉ) ਕੀ ਰਾਜ ਦੇ ਸਰਕਾਰੀ ਮੈਡੀਕਲ ਕਾਲਜ਼ਾਂ ਵਿਚ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਫੀਸ ਵਿਚ ਕੋਈ ਰਿਆਇਤ ਦਿਤੀ ਜਾਂਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ਜੇਕਰ ਨਹੀਂ, ਤਾਂ ਉਸਦੇ ਕਾਰਣ ਕੀ ਹਨ ?

(ਅ) ਉਕਤ ਰਿਆਇਤ ਦੇਣ ਲਈ ਕੀ ਕਸੌਟੀ ਅਪਣਾਈ ਗਈ ਹੈ ?

Sardar Harcharan Singh Brar: (a) Yes. There is a provision of remission of full or half fee to students of economically weaker sections in the Medical Colleges whose parents annual income from all sources does not exceed Rs. 8000/- per annum.

Original with;
Punjab Vidhan Sabha
Digitized by;
Panjab Digital Library

[Health and Family Welfare Minister]

(b) The grant of such fee concession rests with the Principal of the College and depends upon the circumstances of the student and his/her general conduct and progress made in studies. Absence from or failure in a class of examination, breach of discipline and neglect or reprehensible conduct entails the withdrawl of this concession.

ਸ਼੍ਰੀ ਰਮੇਸ਼ ਦੱਤ ਸ਼ਰਮਾ : ਸਪੀਕਰ ਸਾਹਿਬ, ਇਕਨੋਮੀਕਲੀ ਵੀਕਰ ਸੈਕਸ਼ਨ ਲਈ ਆਮਦਨੀ ਦੀ ਹੱਦ 8 ਹਜ਼ਾਰ ਰੁਪਿਆ ਫਿਕਸ ਕੀਤੀ ਹੋਈ ਹੈ ਜਦ ਕਿ ਪੀਲੇਕਾਰਡ ਵਾਲੀਆਂ ਦੀ, ਸ਼ਡਿਊਡਲ ਕਾਸਟ ਅਤੇ ਬੈਕਵਰਡ ਕਲਾਸਿਜ ਦੇ ਲਈ ਸਰਕਾਰ ਨੇ 11 ਹਜਾਰ ਰੁਪਿਆ ਫਿਕਸ ਕੀਤੀ ਹੋਈ ਹੈ, ਕੀ ਮਨਿਸਟਰ ਸਾਹਿਬ ਇਨ੍ਹਾਂ ਇਕਨੋਮੀਕਲੀ ਵੀਕਰ ਸੈਕਸ਼ਨ ਜਿਸ ਦੇ ਵਿਚ ਹੋਰ ਲੋਕ ਜਿਹੜੇ ਗਰੀਬੀ ਦੀ ਰੇਖਾ ਤੋਂ ਥੱਲੇ ਦੇ ਆ ਜਾਦੇ ਹਨ ਉਨ੍ਹਾਂ ਦੀ ਆਮਦਨੀ ਦੀ ਰੇਖਾ 8 ਹਜ਼ਾਰ ਤੋਂ 25 ਹਜ਼ਾਰ ਰੁਪਿਆ ਫਿਕਸ ਕਰਨਗੇ ?

ਮੰਤਰੀ : ਸਪੀਕਰ ਸਾਹਿਬ, 25 ਹਜ਼ਾਰ ਫਿਕਸ ਨਹੀਂ ਕੀਤੀ ਬਲਕਿ ਅਸੀਂ 11 ਹਜਾਰ ਰੁਪਿਆ ਫਿਕਸ ਕੀਤੀ ਹੋਈ ਹੈ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਸਪੀਕਰ ਸਾਹਿਬ, ਬੀ.ਸੀਜ./ਐਸ.ਸੀਜ/ ਪੀਲੇ ਕਾਰਡ ਵਾਲਿਆਂ ਵਾਸਤੇ ਸਰਕਾਰ ਨੇ ਇਨਕਮ 11 ਹਜਾਰ ਰੁਪਿਆ ਫਿਕਸ ਕਰ ਦਿਤੀ ਹੈ, ਕੀ ਜਿਹੜੇ ਇਕਨੋਮੀਕਲੀ ਵੀਕਰ ਸੈਕਸਨ ਦੇ ਲੋਕ ਹਨ ਉਨ੍ਹਾਂ ਦੀ 25 ਹਜਾਰ ਰੁਪਿਆ ਫਿਕਸ ਕਰਨ ਲਈ ਇਹ ਤਿਆਰ ਹਨ ਜਾਂ ਕੋਈ ਪਰੋਪੋਜ਼ਲ ਇਨ੍ਹਾਂ ਦੇ ਵਿਚਾਰ ਅਧੀਨ ਹੈ ?

ਸ਼੍ਰੀ ਸਪੀਕਰ : ਇਸ ਬਾਰੇ ਉਨ੍ਹਾਂ ਨੇ ਦੱਸ ਦਿਤਾ ਹੈ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਕੀ ਮੰਤਰੀ ਜੀ ਪੀਲੇ ਕਾਰਡ ਵਾਲਿਆਂ ਦੀ ਹੱਦ ਵਧਾਉਣਗੇ ਅਤੇ ਇਨ੍ਹਾਂ ਦੀ ਹੱਦ 25,000/ ਰੁਪਏ ਤੱਕ ਕਰ ਦੇਣਗੇ ।

Mr. Speaker: He has given reply.

ਸ਼੍ਰੀ ਮਦਨ ਮੋਹਨ ਮਿੱਤਲ : ਫੀਸ ਮੁਆਫੀ ਲਈ ਮੰਤਰੀ ਜੀ ਨੇ ਕੁੱਝ ਕੰਡੀਸ਼ਨ ਦੱਸੀ ਹੈ। The Minister has also said that this grant given to the students can be discontinued. ਕੀ ਮੰਤਰੀ ਜੀ ਦੱਸਣਗੇ ਕਿ ਕਿਤਨੇ ਕੇਸਿਜ ਵਿਚ ਇਹ ਫੈਸੀਲਿਟੀ ਡਿਸਕੰਟੀਨਿਊ ਹੋ ਗਈ ਹੈ ਉਸ ਦੇ ਕੀ ਕਾਰਨ ਸਨ ?

ਮੰਤਰੀ : ਇਹ ਸੈਪਰੇਟ ਨੋਟਿਸ ਦੇ ਦਿਓ, ਦੱਸ ਦੇਵਾਂਗੇ ।

श्रीमती लक्ष्मी कांता चावला : अध्यक्ष महोदय, 8000/- रु. से 11000/- रु. की बात मन्त्री जी कर रहे हैं । 8000/- रु. किस तिथि से निश्चित हुआ है । 8000/- रुपया उस समय का चला आ रहा है जब आटा 1½ रु. किलो

Original with;
Punjab Vidhan Sabha
Digitized by;
Panjab Digital Library

[श्रीमती लक्ष्मी कांता चावला]

था अब 5½ रु. किलो आटा हो गया है। मेरा प्रश्न इतना है कि 8000/- रु. की सीमा कब से तह हुई थी ?

मंत्री : इह कुअेसचन तां इस विचों अराईज़ नहीं हुंदा।

श्री स्पीकर : चावला जी, तुसीं आपणी सीट ते बैठ जाउ। Next question.

चिकित्सा दी आयुरवेदिक प्रणाली नूं उतशाहत करना

*2579 सरदार धनवंत सिंघ : की सिहत अते परिवार भलाई मंत्री किरपा करके दसणगे कि की राज विच चिकितसा अते खोज दी आयुरवेदिक प्रणाली नूं उतशाहत करन दी कोई तजवीज़ सरकार दे विचार अधीन है: जेकर अजिहा होवे तां उसदे वेरवे की हन अते जेकर नहीं, तां उस दे कारन की हन ?

Sardar Harcharan Singh Brar: All out efforts are being made to encourage the Ayurvedic System of medicine. To encourage the Ayurvedic System of Medicine, the following Ayurvedic Institutions are functioning in the State :—

1.	106 bedded Government Ayurvedic Hospital;	—1	Patiala (Proper);
2.	10-bedded Government Ayurvedic Hospitals.	—5	i) Datarpur (Hoshiarpur ;
			ii) Bhail-Dhaiwal (Amritsar);
			iii) Jalandhar (Proper);
			iv) Ludhiana (Proper)
			v) Bathinda (Proper).
3.	Ayurvedic Swastha Kendras	—10	
4.	Government Ayurvedic/ Unani Dispensaries.	—514	

There is no proposal under consideration of the Goverment to establish a research institute to encourage the Ayurvedic System of Medicine as no funds have been provided for the purpose duriug the 8th Five Year Plan (1992-97).

Original with;
Punjab Vidhan Sabha
Digitized by;
Punjab Digital Library

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, 1992-93 ਵਿਚ ਫੰਡ ਨਹੀਂ ਰਖਿਆ ਗਿਆ ਪਰ ਮੈਨੂੰ ਇਹ ਹਾਊਸ ਨੂੰ ਦੱਸਣ ਵਿਚ ਖੁਸ਼ੀ ਹੈ ਕਿ ਆਯੁਰਵੈਦਿਕ ਪ੍ਰਣਾਲੀ ਨਾਲ ਮਰੀਜ਼ਾਂ ਦਾ ਕਿਡਨੀ ਅਤੇ ਡੈਮੇਜਡ ਲੀਵਰ ਦਾ ਇਲਾਜ ਹੋਇਆ ਹੈ । ਜਿਸ ਦਾ ਸੀ. ਐਮ. ਸੀ., ਡੀ. ਐਮ. ਸੀ. ਅਤੇ ਪੀ. ਜੀ. ਆਈ. ਵਲੋਂ ਕੋਈ ਇਲਾਜ ਨਹੀਂ ਹੈ । ਮੈਂ ਉਨ੍ਹਾਂ ਮਰੀਜ਼ਾਂ ਦੇ ਨਾਮ ਦੱਸ ਸਕਦਾ ਹਾਂ ਜਿਹੜੇ ਕਿ ਆਯੁਰਵੈਦਿਕ ਪ੍ਰਣਾਲੀ ਨਾਲ ਠੀਕ ਹੋਏ ਹਨ । ਕੀ ਮੰਤਰੀ ਜੀ ਵਿਸ਼ਵਾਸ਼ ਦਿਵਾਉਣਗੇ ਕਿ ਆਯੁਰਵੈਦਿਕ ਪ੍ਰਣਾਲੀ ਵਾਸਤੇ ਪੈਸਾ ਰਖਿਆ ਜਾਵੇਗਾ ?

ਮੰਤਰੀ : ਇਸ ਸਿਸਟਮ ਨੂੰ ਐਨਕਰਜ ਕਰਨ ਵਾਸਤੇ ਅਸੀਂ ਹਰ ਐਫਰਟਸ ਕਰ ਰਹੇ ਹਾਂ ।

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, 1992-93 ਤਕ ਪੈਸਾ ਨਹੀਂ ਰਖਿਆ ਗਿਆ ਅੱਰ ਕਈ ਵਾਰੀ ਐਸਾ ਹੋ ਜਾਂਦਾ ਹੈ । ਆਯੁਰਵੈਦਿਕ ਪ੍ਰਣਾਲੀ ਨੂੰ ਉਤਸ਼ਾਹਤ ਕਰਨ ਵਾਸਤੇ, ਜਿਸ ਵਿਚ ਇਕ ਨਵੀਂ ਰਿਸਰਚ ਵੀ ਨਿਕਲੀ ਹੈ, ਮਰੀਜ਼ਾਂ ਦਾ ਪੀ. ਜੀ. ਆਈ., ਸੀ. ਐਮ. ਸੀ. ਅਤੇ ਡੀ. ਐਮ. ਸੀ. ਵਿੱਚ ਇਲਾਜ ਨਹੀਂ ਹੋ ਰਿਹਾ ਪਰ ਇਹ ਆਯੁਰਵੈਦਿਕ ਪ੍ਰਣਾਲੀ ਕਰ ਰਹੀ ਹੈ । ਕੀ ਮੰਤਰੀ ਜੀ ਇਸ ਦੇ ਲਈ ਹੋਰ ਫੰਡਜ਼ ਰੱਖਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਅੱਰ ਅਸੀਂ ਫਖ਼ਰ ਮਹਿਸੂਸ ਕਰਦੇ ਹਾਂ । ਅਸੀਂ ਹਰ ਕੋਸ਼ਿਸ਼ ਕਰ ਰਹੇ ਹਾਂ ਜਿਸ ਵਿਚ ਫੰਡਜ਼ ਵੀ ਆ ਜਾਂਦੇ ਹਨ ।

ਬੱਸਾਂ ਰਾਹੀਂ ਕੀਤੀਆਂ ਜਾਂਦੀਆਂ ਯਾਤਰਾਵਾਂ ਲਈ ਐਲ. ਟੀ. ਸੀ. ਦੀ ਸਹੂਲਤ ਦਾ ਲਾਭ ਪ੍ਰਾਪਤ ਕਰਨ ਦੀ ਆਗਿਆ ਦੇਣਾ

*2414. **ਸ੍ਰੀ ਮਦਨ ਮੋਹਨ ਮਿੱਤਲ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਦੇ ਸਰਕਾਰੀ ਕਰਮਚਾਰੀਆਂ ਦੁਆਰਾ ਐਲ. ਟੀ. ਸੀ. ਦੀ ਸਹੂਲਤ ਹਾਸਲ ਕਰਨ ਲਈ ਚਾਰਟਿਡ ਬੱਸਾਂ ਰਾਹੀਂ ਯਾਤਰਾ ਕਰਨ ਤੇ ਪਾਬੰਦੀ ਲਗਾਈ ਹੋਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਣ ਕੀ ਹਨ;

(ਅ) ਕੀ ਸਰਕਾਰ ਆਪਣੇ ਕਰਮਚਾਰੀਆਂ ਨੂੰ ਭਾਰਤ ਸਰਕਾਰ/ਦੂਜੇ ਰਾਜਾਂ ਦੀ ਤਰ੍ਹਾਂ ਹੀ ਸਰਕਾਰ ਦੀ ਸੈਰ-ਸਪਾਟਾ ਵਿਕਾਸ ਕਾਰਪੋਰੇਸ਼ਨ ਵਲੋਂ ਚਲਾਈਆਂ ਜਾਂਦੀਆਂ ਪ੍ਰਾਈਵੇਟ ਚਾਰਟਰਡ ਬੱਸਾਂ ਰਾਹੀਂ ਉਕਤ ਸਹੂਲਤ ਹਾਸਲ ਕਰਨ ਦੀ ਆਗਿਆ ਦੇਣ ਦੀ ਕੋਈ ਤਜਵੀਜ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਬੇਅੰਤ ਸਿੰਘ (ਮੁੱਖ ਮੰਤਰੀ) : (ੳ) ਹਾਂ ਜੀ । ਕਿਉਂਕਿ ਪਿਛਲੇ ਕੁਝ ਸਮੇਂ ਤੋਂ ਸਰਕਾਰ ਕੋਲ ਸਰਕਾਰੀ ਕਰਮਚਾਰੀਆਂ ਦੁਆਰਾ ਚਾਰਟਰਡ ਬੱਸਾਂ ਰਾਹੀਂ ਐਲ. ਟੀ. ਸੀ. ਸਹੂਲਤ ਦੀ ਕੁਵਰਤੋਂ ਸਬੰਧੀ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ।

(ਅ) ਨਹੀਂ ਜੀ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਮਦਨ ਮੋਹਨ ਮਿੱਤਲ : ਸਪਲੀਮੈਂਟਰੀ, ਸਰ । ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਐਲ. ਟੀ. ਸੀ. ਦੀ ਫੈਸਿਲਿਟੀ ਨੂੰ ਚਾਰਟਰਡ ਬੱਸਾਂ ਵਿਚ ਮਿਸਯੂਜ਼ ਆਫ ਫੰਡਜ਼ ਹੋਣ ਕਰਕੇ ਕੁਝ ਸ਼ਿਕਾਇਤਾਂ ਦੇ ਆਧਾਰ ਤੇ ਬੰਦ ਕਰ ਦਿੱਤਾ ਹੈ । ਅਗਰ ਕੋਈ ਸ਼ਿਕਾਇਤਾਂ ਆਈਆਂ ਸਨ ਤਾਂ ਇਹ ਕਿੰਨੀਆਂ ਸਨ, ਉਨ੍ਹਾਂ ਵਿਚੋਂ ਕਿੰਨੇ ਕੇਸ ਡਿਟੈਕਟ ਹੋਏ, ਕੀ ਉਨ੍ਹਾਂ ਦੀ ਇਨਕੁਆਇਰੀ ਹੋਈ ਅਤੇ ਉਸ ਤੋਂ ਬਾਅਦ ਉਨ੍ਹਾਂ ਦੇ ਅਗੇਂਸਟ ਕੋਈ ਐਕਸ਼ਨ ਫਾਲੋ-ਅਪ ਹੋਇਆ ਕਿ ਨਹੀਂ ਹੋਇਆ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਕਿੰਨੀਆਂ ਇਨਕੁਆਇਰੀਆਂ ਹੋਈਆਂ, ਉਨ੍ਹਾਂ ਦਾ ਰਿਜ਼ਲਟ ਕੀ ਹੋਇਆ, ਇਸ ਦਾ ਸੈਪਰੇਟ ਸਵਾਲ ਦੇ ਦੇਣ, ਮੈਂ ਜਵਾਬ ਦੇ ਦਿਆਂਗਾ । ਬਾਕੀ ਮੈਂ ਜਨਰਲ ਤੌਰ ਤੇ ਆਖਿਆ ਹੈ ਕਿ ਕਿਉਂ ਬੰਦ ਹੋਇਆ । ਸ਼ਿਕਾਇਤਾਂ ਆਈਆਂ ਸਨ, ਇਸ ਕਰਕੇ ਬੰਦ ਕਰ ਦਿੱਤਾ ਹੈ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਇਹ ਕੁਅੰਸਚਨ ਆਟੋਮੈਟੀਕਲੀ ਅਰਾਈਜ਼ ਹੁੰਦਾ ਹੈ ਜਦੋਂ ਕਿ ਸਰਕਾਰ ਨੇ ਇਕ ਨਿਰਧਾਰਤ ਨੀਤੀ ਤੋਂ ਹੱਟ ਕੇ ਨਵੀਂ ਨੀਤੀ ਅਡਾਪਟ ਕੀਤੀ ਹੈ । ਚਾਰਟਰਡ ਬੱਸਾਂ ਪਹਿਲਾਂ ਵੀ ਜਾਂਦੀਆਂ ਸੀ । There must be good number of complaints and follow up action ਜਾਂ ਕਿ ਸਿੰਪਲੀ ਕੰਪਲੇਂਟ ਆ ਗਈ ਅਤੇ ਉਸ ਦੇ ਆਧਾਰ ਤੇ ਬੰਦ ਕਰ ਦਿੱਤਾ ।

ਇਸ ਦਾ ਜਵਾਬ ਦੇਣਾ ਚਾਹੀਦਾ ਹੈ । I request the Hon'ble Speaker to ask the Chief Minister to reply specifically how many complaints were received, how many cases were detected and what action was taken ?

ਮੁੱਖ ਮੰਤਰੀ : ਮੈਂ ਦਸਿਆ ਹੈ ਕਿ ਇਹ ਕੰਪਲੇਂਟਸ ਆਈਆਂ । ਸਵਾਲ ਸੀ ਕਿ ਕਿਉਂ ਬੰਦ ਕੀਤਾ ਗਿਆ, ਕੰਪਲੇਂਟਸ ਦੇ ਆਧਾਰ ਤੇ ਬੰਦ ਕੀਤਾ ਗਿਆ । ਬਾਕੀ ਜੇ ਸਪੈਸਿਫਿਕ ਸ਼ਿਕਾਇਤਾਂ ਬਾਰੇ ਇਨਾਂ ਪੁੱਛਣਾ ਹੈ ਤਾਂ ਸੈਪਰੇਟ ਸਵਾਲ ਦੇ ਦੇਣ, ਮੈਂ ਜਵਾਬ ਦੇ ਦਿਆਂਗਾ ।

ਸਰਦਾਰ ਸ਼ਮਸ਼ੇਰ ਸਿੰਘ ਰਾਏ : ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇੰਪਲਾਈਜ਼ ਐਲ. ਟੀ. ਸੀ. ਨਹੀਂ ਯੂਜ ਕਰਦੇ, ਬਾਹਰ ਨਹੀਂ ਜਾਂਦੇ, ਕੀ ਉਨ੍ਹਾਂ ਨੂੰ ਸਰਕਾਰ ਦੀ ਕੋਈ ਇਹੋ ਜਿਹੀ ਤਜਵੀਜ਼ ਹੈ ਕਿ ਉਸ ਦੇ ਇਵਜ਼ ਦੇ ਤੌਰ ਤੇ ਕੰਪਨਸੇਟ ਕੀਤਾ ਜਾ ਸਕੇ ?

ਮੁੱਖ ਮੰਤਰੀ : ਉਹ ਤਾਂ ਕਿਹਾ ਹੈ ਕਿ ਚਾਰਟਰਡ ਬੱਸਾਂ ਤੇ ਐਲ. ਟੀ. ਸੀ. ਯੂਜ ਕਰਨਾ ਬੰਦ ਕਰ ਦਿੱਤਾ ਹੈ ।

ਅਮਨ ਬਹਾਲੀ ਲਈ ਲਏ ਗਏ ਕਰਜ਼ੇ ਨੂੰ ਮੁਆਫ਼ ਕਰਨਾ

*2615. ਸਰਦਾਰ ਨਿਰਮਲ ਸਿੰਘ ਨਿੰਮਾ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

Original with;
Punjab Vidhan Sabha
Digitized by;
Panjab Digital Library

(ੳ) ਰਾਜ ਸਰਕਾਰ ਨੇ ਰਾਜ ਵਿਚ ਅਮਨ ਬਹਾਲ ਕਰਨ ਲਈ ਕੇਂਦਰ ਸਰਕਾਰ ਤੋਂ ਕੁੱਲ ਕਿੰਨੀ ਰਕਮ ਦਾ ਕਰਜ਼ਾ ਲਿਆ;

(ਅ) ਮੂਲਧਨ ਦੀ ਕੁੱਲ ਕਿੰਨੀ ਰਕਮ ਹੈ ਅਤੇ ਉਸ ਤੇ ਹੁਣ ਤੱਕ ਕਿੰਨੀ ਰਕਮ ਦਾ ਵਿਆਜ ਬਣਿਆ ਹੈ;

(ਏ) ਕੀ ਰਾਜ ਸਰਕਾਰ ਨੇ ਉਕਤ ਕਰਜ਼ੇ ਨੂੰ ਮੁਆਫ਼ ਕਰਨ ਲਈ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਸਿੱਟੇ ਕੀ ਹਨ ?

Doctor Kewal Krishan : (a) Rs. 6,362.72 crores upto 31-3-1995.

(b) Outstanding Special Term Loan is Rs. 5858 crores as on 31-3-1995. The State Govt. has repaid Rs. 504.92 crores as Principal and Rs. 1,211.60 crores as Interest upto 31-3-1995.

(c) Yes Sir. The matter is under consideration of Govt. of India.

ਸਰਦਾਰ ਨਿਰਮਲ ਸਿੰਘ ਕਾਹਮਾ : ਸਪੀਕਰ ਸਾਹਿਬ, ਇਨ੍ਹਾਂ ਨੇ ਕੁਐਸਚਨ ਦੇ ਜਵਾਬ ਵਿਚ ਦੱਸਿਆ ਹੈ ਕਿ 6,362.72 ਕਰੋੜ ਰੁਪਏ ਟੋਟਲ ਸੈਂਟਰਲ ਗੌਰਮਿਟ ਤੋਂ ਲਏ ਹਨ, 5,858 ਕਰੋੜ ਰੁਪਏ ਬਕਾਇਆ ਹਨ ਅਤੇ 504.92 ਕਰੋੜ ਰੁਪਏ ਦਾ ਮੂਲਧਨ ਜਿਹੜਾ ਹੈ ਉਹ ਸੈਂਟਰਲ ਗੌਰਮਿੰਟ ਨੂੰ ਵਾਪਸ ਕੀਤਾ ਹੈ ਅਤੇ ਇਸ ਦੇ ਨਾਲ ਹੀ 1,211.60 ਕਰੋੜ ਰੁਪਏ ਦੇ ਵਿਆਜ ਦੀ ਅਦਾਇਗੀ ਕੀਤੀ ਹੈ । ਜਿੰਨਾ ਵੀ ਸੈਂਟਰ ਤੋਂ ਪੰਜਾਬ ਦੀ ਬਹਾਲੀ ਲਈ ਪੈਸਾ ਲਿਆ ਗਿਆ ਸੀ, ਉਸ ਵਿਚੋਂ 504.92 ਕਰੋੜ ਰੁਪਏ ਮੂਲਧਨ ਵਿਚੋਂ ਵਾਪਸ ਕੀਤੇ ਗਏ ਹਨ ਅਤੇ 'ਏ' ਵਿਚ ਕਿਹਾ ਹੈ ਕਿ ਮਾਮਲਾ ਭਾਰਤ ਸਰਕਾਰ ਦੇ ਵਿਚਾਰ ਅਧੀਨ ਹੈ । ਜਦੋਂ ਪੰਜਾਬ ਸਰਕਾਰ ਜਿਹੜਾ ਪੈਸਾ ਹੈ ਉਹ ਵੀ ਵਾਪਸ ਕਰ ਰਹੀ ਹੈ ਤਾਂ ਵਿਚਾਰ ਅਧੀਨ ਜਿਹੜਾ ਮਾਮਲਾ ਹੈ ਕੀ ਉਸ ਸਬੰਧੀ ਸਰਕਾਰ ਦੇ ਅੰਤ ਤੋਂ ਬਾਅਦ ਫੈਸਲਾ ਕੀਤਾ ਜਾਵੇਗਾ ਜਾਂ ਸਰਕਾਰ ਆਪੋਜੀਸ਼ਨ ਪਾਰਟੀਆਂ ਨੂੰ ਨਾਲ ਸਹਿਮਤ ਕਰਕੇ, ਨਾਲ ਲੈ ਕੇ ਸੈਂਟਰ ਸਰਕਾਰ ਤੇ ਦਬਾਓ ਪਾਉਣ ਪ੍ਰਤੀ ਚੇਤਨ ਹੈ ?

ਮੰਤਰੀ : ਸਪੀਕਰ ਸਾਹਿਬ, ਸੈਂਟਰ ਦੀ ਸਰਕਾਰ ਪੰਜਾਬ ਨਾਲ ਬੜੀ ਸਿੰਪੈਥੈਟਿਕ ਹੈ । ਉਨ੍ਹਾਂ ਨੇ ਪਹਿਲੇ ਸਾਲ ਹੀ ਸੀ. ਐਮ. ਸਾਹਿਬ ਦੇ ਕਹਿਣ ਦੇ ਉਤੇ ਮੋਰੀਟੋਰੀਅਮ ਦੇ ਦਿੱਤਾ ਸੀ ਅਤੇ 1992-93 ਵਿਚ ਉਨ੍ਹਾਂ ਨੇ ਇੱਕ ਪੈਸਾ ਵੀ ਵਾਪਸ ਨਹੀਂ ਲਿਆ । 1993-94 ਵਿਚ ਕੁਝ ਵਾਪਸ ਕੀਤਾ ਹੈ ਅਤੇ ਜਿੰਨਾਂ ਵਾਪਸ ਕੀਤਾ ਹੈ ਉਨ੍ਹਾਂ ਹੀ ਪੈਸਾ ਉਨ੍ਹਾਂ ਨੇ ਪੰਜਾਬ ਵਾਸਤੇ ਸਾਨੂੰ ਦੇ ਦਿੱਤਾ । ਅਗਲੇ ਸਾਲ ਫਿਰ ਜੋ ਅਸੀਂ ਦਿੱਤਾ, ਸਾਨੂੰ ਵਾਪਸ ਦੇ ਦਿੱਤਾ । ਇਹ ਲਗਾਤਾਰ ਸੈਂਟਰਲ ਗਰਮਿੰਟ ਦੀ ਪੰਜਾਬ ਦੇ ਨਾਲ ਹਮਦਰਦੀ ਹੀ ਨਹੀਂ, ਮਿਹਰਬਾਨੀ ਨਾਲ ਪੰਜਾਬ ਅੱਜ ਤਰੱਕੀ ਕਰ ਰਿਹਾ ਹੈ । ਸੋ ਇਹ ਮਾਮਲਾ ਅੰਡਰ ਕਨਸਿਡਰੇਸ਼ਨ ਹੈ ਅਤੇ ਇਸ ਦਾ ਸਾਨੂੰ ਹੁਣੇ ਹੀ ਸਿਗਨਲ ਮਿਲਿਆ ਹੈ ਕਿ 10ਵੇਂ ਫਾਈਨਾਂਸ ਕਮਿਸ਼ਨ ਦੇ ਕਹਿਣ ਤੇ ਸਾਡਾ 500 ਕਰੋੜ ਰੁਪਿਆ ਹੋਰ ਘੱਟ ਕਰ ਦਿੱਤਾ ਗਿਆ ਹੈ । ਸੈਂਟਰਲ ਗੌਰਮਿੰਟ ਸਾਡਾ ਕਰਜ਼ਾ ਹੋਰ ਵੀ ਘੱਟ ਕਰੇਗੀ, ਇਸ ਦਾ ਸਾਨੂੰ ਪੂਰਾ ਵਿਸ਼ਵਾਸ਼ ਹੈ ।

Original with;
Punjab Vidhan Sabha
Digitized by;
Panjab Digital Library

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ . . .

ਸ੍ਰੀ ਸਪੀਕਰ : ਹੁਣ ਤਾਂ ਉਨ੍ਹਾਂ ਨੇ ਐਨਾ ਵਧੀਆ ਜਵਾਬ ਦੇ ਦਿੱਤਾ ਹੈ। ਹੁਣ ਤੁਸੀਂ ''ਵਾਲ ਦੀ ਖਾਲ'' ਕਿਉਂ ਉਤਾਰਦੇ ਹੋ ? ਅਗਲਾ ਸਵਾਲ।

ਜ਼ਿਲ੍ਹਾ ਅੰਮ੍ਰਿਤਸਰ ਵਿਚ ਸੜਕਾਂ ਦੀ ਮੁਰੰਮਤ

*2423. **ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਸਾਲਾਂ 1992-93, 1993-94 ਅਤੇ 1994-95 (ਅੱਜ ਤੱਕ) ਦੌਰਾਨ ਕਿਤਨੇ ਕਿਲੋਮੀਟਰ ਪੁਰਾਣੀ ਸੜਕਾਂ ਦੀ ਮੁਰੰਮਤ ਕੀਤੀ ਗਈ ਅਤੇ ਹਰ ਇਕ ਬਲਾਕ ਵਿਚ ਕਿਤਨੀ-ਕਿਤਨੀ ਕਿਲੋਮੀਟਰ ਸੜਕ ਮੁਰੰਮਤ ਹੋਈ ਅਤੇ ਉਸਤੇ ਕਿੰਨਾ ਖਰਚਾ ਆਇਆ ?

ਸਰਦਾਰਨੀ ਰਾਜਿੰਦਰ ਕੌਰ ਭੱਠਲ : ਅੰਮ੍ਰਿਤਸਰ ਜ਼ਿਲ੍ਹੇ ਵਿੱਚ ਜਿਨ੍ਹਾਂ ਪੁਰਾਣੀਆਂ ਸੜਕਾਂ ਦੀ ਸਬੰਧਤ ਸਾਲਾਂ ਵਿਚ ਮੁਰੰਮਤ ਕੀਤੀ ਗਈ ਹੈ ਉਸ ਦਾ ਵੇਰਵਾ ਇਸ ਪ੍ਰਕਾਰ ਹੈ :—

ਸਾਲ	ਮੁਰੰਮਤ ਕੀਤੀਆਂ ਸੜਕਾਂ ਦਾ ਵੇਰਵਾ (ਕਿ. ਮੀ. ਵਿਚ)	ਖਰਚ ਕੀਤੀ ਰਕਮ
1992-93 . .	242.55	317.80
1993-94 . .	242.15	441.85
1994-95 . .	121.26	270.54

ਮੁਰੰਮਤ ਕੀਤੀਆਂ ਗਈਆਂ ਸੜਕਾ ਦੀ ਲੰਬਾਈ ਅਤੇ ਉਸ ਤੇ ਆਏ ਖਰਚੇ ਦਾ ਬਲਾਕਵਾਰ ਵੇਰਵਾ, ਨਾਲ ਨੱਥੀ ਸੂਚੀ ਵਿੱਚ ਦਿੱਤਾ ਗਿਆ ਹੈ।

Original with;
Punjab Vidhan Sabha
Digitized by;
Punjab Digital Library

Original with:
Punjab Vidhan Sabha
Digitized by:
Panjab Digital Library

ਅੰਮ੍ਰਿਤਸਰ ਜ਼ਿਲ੍ਹੇ ਵਿੱਚ ਮੁਰੰਮਤ ਕੀਤੀਆਂ ਸੜਕਾਂ ਦਾ ਵੇਰਵਾ

ਲੜੀ ਨੰ:	ਮਾਰਕੀਟ ਕਮੇਟੀ ਦਾ ਨਾਂ	ਮੁਰੰਮਤ ਕੀਤੀਆਂ ਸੜਕਾਂ ਦੀ ਲੰਬਾਈ ਕਿਲੋਮੀਟਰ			ਖਰਚਾ (ਲੱਖਾਂ ਵਿੱਚ)		
		1992-93	1993-94	1994-95	1992-93	1993-94	1994-95
1	2	3	4	5	6	7	8
1.	ਅੰਮ੍ਰਿਤਸਰ ..	9.38	14.54	23.32	28.64	30.90	36.60
2.	ਅਟਾਰੀ ..	18.00	—	3.75	32.66	18.32	3.40
3.	ਅਜਨਾਲਾ ..	17.16	15.60	14.45	33.56	41.37	13.16
4.	ਗਹਿਰੀ ..	3.64	2.90	—	11.12	17.40	4.48
5.	ਝਬਾਲ ..	29.07	35.87	11.66	40.05	40.83	26.70
6.	ਤਰਨਤਾਰਨ ..	25.60	19.31	22.04	36.05	29.74	44.50
7.	ਨੌਸ਼ਹਿਰਾ ਪਨੂੰਆਂ ..	25.94	21.32	7.40	23.10	15.50	28.62
8.	ਭਿਖੀਵਿੰਡ ..	22.82	19.60	—	21.10	24.32	15.00

1	2	3	4	5	6	7	8
9.	ਰਈਆ	9.57	16.69	9.82	13.97	33.36	24.26
10.	ਖਡੂਰ ਸਾਹਿਬ	7.54	17.88	3.45	6.81	35.72	5.10
11.	ਖੇਮਕਰਨ	3.40	6.00	7.71	7.22	7.95	14.71
12.	ਚੌਗਾਵਾਂ	32.81	16.68	10.70	25.98	52.24	34.15
13.	ਮਜੀਠਾ	25.54	18.55	3.55	18.18	43.23	9.31
14.	ਮਹਿਤਾ	1.31	32.68	—	10.70	44.30	-
15.	ਪੱਟੀ	7.77	4.57	3.41	8.21	6.67	10.55
	ਜੋੜ	242.55	242.19	121.26	317.80	441.85	270.54

Original with: Punjab Vidhan Sabha
Digitized by: Panjab Digital Library

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਇਨ੍ਹਾਂ ਸਾਲਾਂ ਵਿਚ ਅਸੀਂ ਜਿੰਨੇ ਵੀ ਸਵਾਲ ਕੀਤੇ ਹਨ, ਮੈਂ ਸਮਝਦਾ ਹਾਂ ਕਿ ਕਿਸੇ ਮੈਂਬਰ ਦੇ ਪੱਲੇ ਵੀ ਕੁਝ ਨਹੀਂ ਪਿਆ। ਕਿਉਂਕਿ 4-5 ਲਫ਼ਜ਼ ਅੰਸੇ ਪੈੱਟ ਬਣ ਗਏ ਹਨ ਜਿਨ੍ਹਾ ਵਿਚ ਜਵਾਬ ਦਿੱਤਾ ਜਾਂਦਾ ਹੈ—'ਗੌਰ ਕਰ ਲਵਾਂਗੇ', 'ਨਹੀਂ ਜੀ', 'ਸਵਾਲ ਹੀ ਪੈਦਾ ਨਹੀਂ ਹੁੰਦਾ' ਅਤੇ 'ਨਵਾਂ ਸਵਾਲ ਕਰ ਦਿੱਤਾ ਜਾਵੇ', ਵਗੈਰਾ ਵਗੈਰਾ (ਹਾਸਾ) (ਅਪੋਜ਼ੀਸ਼ਨ ਵਲੋਂ ਬੰਪਿੰਗ਼)। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ ਮੇਰੇ ਹਲਕੇ ਵਿਚ ਪੈਂਦੀਆਂ ਹਨ, ਉਨ੍ਹਾਂ ਵੱਲ ਇਹ ਜ਼ਿਆਦਾ ਗੌਰ ਕਰਕੇ, ਅੱਗੇ ਤਾਂ ਇਹ ਨਿਰਾ ਗੌਰ ਹੀ ਕਰਦੇ ਹਨ, ਹੁਣ ਇਹ ਜ਼ਿਆਦਾ ਗੌਰ ਕਰਕੇ ਰਿਪੇਅਰ ਕਰਵਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਅਤਿਅੰਤ ਦੁਖੀ ਲਗਦੇ ਹਨ। ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦੀ ਹਾਂ ਕਿ ਬਹੁਤ ਬਹੁਤ ਗੌਰ ਕਰਕੇ ਬਲਕਿ ਜ਼ਿਆਦਾ ਗੌਰ ਕਰਕੇ ਇਨ੍ਹਾਂ ਦੇ ਹਲਕੇ ਦੀਆਂ ਸੜਕਾਂ ਦਾ ਧਿਆਨ ਰੱਖਿਆ ਜਾਵੇਗਾ।

ਸ਼੍ਰੀ ਗੁਰਪਾਲ ਚੰਦ ਸਭੇਆ : ਸਪੀਕਰ ਸਾਹਿਬ, ਜਿਸ ਤਰ੍ਹਾਂ ਪੂਰੇ ਪੰਜਾਬ ਵਿਚ ਹੈ, ਉਸੇ ਤਰ੍ਹਾਂ ਹੀ ਮੇਰੇ ਹਲਕੇ ਵਿਚ ਵੀ ਸਾਰੀਆਂ ਦੀਆਂ ਸਾਰੀਆਂ ਸੜਕਾਂ ਟੁੱਟੀਆਂ ਪਈਆਂ ਹਨ ਅਤੇ ਉਨ੍ਹਾਂ ਦੀ ਅਜੇ ਤੱਕ ਮੁਰੰਮਤ ਨਹੀਂ ਕੀਤੀ ਹੈ, ਨਾ ਹੀ ਕੋਈ ਨਵੀਂ ਸੜਕ ਬਣਾਈ ਹੈ। ਕੀ ਮੰਤਰੀ ਜੀ ਇਸ ਦੀ ਇਨਕੁਆਇਰੀ ਕਰਵਾਉਣਗੇ ਅਤੇ ਜਲਦੀ ਤੋਂ ਜਲਦੀ ਇਸੇ ਸਾਲ ਵਿਚ ਹੀ ਨਵੀਆਂ ਸੜਕਾਂ .....(ਵਿਘਨ)

ਸ਼੍ਰੀ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ ਹੈ। ਹੁਣ ਅਗਲਾ ਸਵਾਲ। ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਜੀ। ਬੜੀ ਖੁਸ਼ੀ ਦੀ ਗੱਲ ਹੈ ਕਿ ਸਵਾਲ ਕਰਨ ਅਤੇ ਜਵਾਬ ਦੇਣ ਵਾਲੀਆਂ ਦੋਨੋਂ ਲੇਡੀਜ਼ ਆਹਮੋ ਸਾਹਮਣੇ ਬੈਠੀਆਂ ਹਨ (ਹਾਸਾ)

ਮੰਤਰੀ : ਸਪੀਕਰ ਸਾਹਿਬ ਤੁਹਾਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿ ਇਸ ਹਾਊਸ ਵਿਚ ਲੇਡੀਜ਼ ਵੀ ਹਨ।

ਮੰਤਰੀਆਂ ਲਈ ਰਿਹਾਇਸ਼ੀ ਥਾਵਾਂ ਤੇ ਖਰਚਾ

*2401. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਫਰਵਰੀ 1992 ਤੋਂ 31 ਦਸੰਬਰ, 1994 ਤੱਕ ਦੇ ਸਮੇਂ ਦੌਰਾਨ ਚੰਡੀਗੜ੍ਹ ਵਿਖੇ ਮੰਤਰੀਆਂ ਅਤੇ ਰਾਜ ਮੰਤਰੀਆਂ ਨੂੰ ਰਿਹਾਇਸ਼ੀ ਥਾਂ ਉਪਲਬੱਧ ਕਰਵਾਉਣ ਲਈ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ;

Original with;
Punjab Vidhan Sabha
Digitized by;
Punjab Digital Library

[ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

(ਅ) ਉਪਰੋਕਤ ਭਾਗ (ਓ) ਵਿਚ ਵਰਣਿਤ ਸਮੇਂ ਦੌਰਾਨ ਉਕਤ ਹਰ ਇਕ ਮੰਤਰੀ ਅਤੇ ਰਾਜ ਮੰਤਰੀ ਨੂੰ ਕਿਰਾਏ ਤੇ ਥਾਂ ਉਪਲਬਧ ਕਰਵਾਉਣ ਲਈ ਕਿਰਾਏ ਵਜੋਂ ਕਿੰਨੀ-ਕਿੰਨੀ ਰਕਮ ਅਦਾ ਕੀਤੀ ਗਈ ?

ਸਰਦਾਰਨੀ ਰਾਜਿੰਦਰ ਕੌਰ ਭੱਠਲ: (ਓ) ਦਸੇ ਸਮੇਂ ਦੌਰਾਨ ਮੰਤਰੀਆਂ ਅਤੇ ਰਾਜ ਮੰਤਰੀਆਂ, ਨੂੰ ਰਿਹਾਇਸ਼ ਦੀ ਸਹੂਲਤ ਪ੍ਰਦਾਨ ਕਰਨ ਲਈ ਕੁਲ 265.05 ਲੱਖ ਰੁਪਏ ਦੀ ਰਾਸ਼ੀ ਖਰਚ ਕੀਤੀ ਗਈ ਹੈ ।

(ਅ) ਸੂਚਨਾ ਹੇਠ ਲਿਖੇ ਅਨੁਸਾਰ ਹੈ । :—

ਮੰਤਰੀ

1.	ਸ਼੍ਰੀ ਦਿਲਬਾਗ ਸਿੰਘ	..	ਰੁ: 4.95 ਲੱਖ
2.	ਸ਼੍ਰੀ ਸੱਜਣ ਕੁਮਾਰ	..	ਰੁ: 4.95 ਲੱਖ

ਰਾਜ ਮੰਤਰੀ

1.	ਚੌਧਰੀ ਜਗਜੀਤ ਸਿੰਘ	..	ਰੁ: 1.35 ਲੱਖ
2.	ਕੁਮਾਰੀ ਸੁਸ਼ੀਲ ਮਹਾਜਨ	..	ਰੁ: 1.26 ਲੱਖ
3.	ਸ਼੍ਰੀ ਨਰੇਸ਼ ਠਾਕੁਰ	..	ਰੁ: 1.74 ਲੱਖ
4.	ਸ਼੍ਰੀ ਗੁਲਜ਼ਾਰ ਸਿੰਘ	..	ਰੁ: 1.65 ਲੱਖ
5.	ਮਾਸਟਰ ਜਗੀਰ ਸਿੰਘ	..	ਰੁ 1.07 ਲੱਖ
6.	ਸ਼੍ਰੀ ਜਗਮੋਹਨ ਸਿੰਘ ਕੰਗ	..	ਰੁ: 0.17 ਲੱਖ
7.	ਸ਼੍ਰੀ ਜੋਗਿਦਰ ਸਿੰਘ ਮਾਨ	..	ਰੁ: 0.67 ਲੱਖ
	ਕੁਲ ਜੋੜ	..	ਰ: 17.81 ਲੱਖ

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਇਨ੍ਹਾ ਨੇ ਕਿਰਾਏ ਦੇ ਪੈਸੇ ਬਾਰੇ ਦੱਸਿਆ ਹੈ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੇ ਵਿਚਾਰੇ 9 ਮੰਤਰੀ ਹਾਲੇ ਵੀ ਕਿਰਾਏ ਤੇ ਰਹਿੰਦੇ ਹਨ ਉਹ ਜਿਨ੍ਹਾਂ ਕੋਠੀਆਂ ਵਿਚ ਕਿਰਾਏ ਤੇ ਰਹਿੰਦੇ ਹਨ ਕੀ ਉਹ ਕੋਠੀਆਂ ਦੂਸਰੇ ਵਿਅਕਤੀਆਂ ਤੋਂ ਕਿਰਾਏ ਤੇ ਲਈਆਂ ਹੋਈਆਂ ਹਨ ਜਾਂ ਉਹ ਇਨ੍ਹਾਂ ਦੀਆਂ ਆਪਣੀਆਂ ਹੀ ਹਨ ?

ਮੰਤਰੀ: ਸਪੀਕਰ ਸਾਹਿਬ, ਜਿਸ ਵੇਲੇ ਸਾਡੀ ਸਰਕਾਰ ਹੋਂਦ ਵਿਚ ਆਈ, ਸਾਰਿਆਂ ਨੂੰ ਪਤਾ ਹੈ ਕਿ ਉਸ ਵੇਲੇ ਹਾਲਾਤ ਬੜੇ ਖਰਾਬ ਸਨ । ਆਮ ਤੌਰ ਤੇ ਤਾਂ ਅਜਿਹੀ ਨੌਬਤ

Original with;
Punjab Vidhan Sabha
Digitized by;
Panjab Digital Library

ਨਹੀਂ ਆਉਂਦੀ ਪਰ ਫਿਰ ਵੀ ਅਜਿਹੀ ਨੌਬਤ ਆਈ । ਆਮ ਕਰਕੇ ਤਾਂ ਚੋਣਾਂ ਹੋਣ ਤੋਂ ਪਹਿਲਾਂ ਹੀ ਦਫ਼ਤਰਾਂ ਅਤੇ ਕੋਠੀਆਂ ਦਾ ਇੰਤਜ਼ਾਮ ਕੀਤਾ ਜਾਂਦਾ ਹੈ ਲੇਕਿਨ ਜਦੋਂ ਸਰਦਾਰ ਬੇਅੰਤ ਸਿੰਘ ਜੀ ਚੋਣਾਂ ਲੜਨ ਤੋਂ ਬਾਅਦ, ਵੱਡੇ ਘੋਲ ਤੋਂ ਬਾਅਦ ਆਏ ਪਹਿਲਾ ਤਾਂ ਅੱਧੇ ਪਚੱਧੇ ਲੋਕਾਂ ਨੂੰ ਤਾਂ ਇਹੀ ਸ਼ੱਕ ਸੀ ਕਿ ਪਤਾ ਨਹੀਂ ਚੋਣਾਂ ਹੋਣੀਆਂ ਵੀ ਹਨ ਜਾਂ ਨਹੀਂ ਲੇਕਿਨ ਚੋਣਾਂ ਬੜੇ ਸ਼ਾਂਤਮਈ ਢੰਗ ਨਾਲ ਹੋਈਆਂ ਅੱਤ ਇਹ, ਅਸੀਂ ਸਾਰੇ ਜਿੱਤ ਕੇ ਆਏ, ਲੋਕਾਂ ਨੂੰ ਇਹੀ ਇੰਮਪਰੈਸ਼ਨ ਸੀ ਕਿ ਮਨਿਸਟਰੀ ਬਣੇਗੀ ਜਾਂ ਨਹੀਂ, ਇਸ ਕਰਕੇ ਉਸ ਵੇਲੇ ਕੋਠੀਆਂ ਖਾਲੀ ਨਹੀਂ ਕਰਵਾਈਆਂ ਗਈਆਂ । ਲੇਕਿਨ ਮੈਂ ਹੈਰਾਨ ਹਾਂ ਕਿ ਕਈ ਮਹੀਨੇ ਤਾਂ ਮੁੱਖ ਮੰਤਰੀ ਸਾਹਿਬ ਖੁਦ ਕਾਂਗਰਸ ਭਵਨ ਦੇ ਇਕ ਛੋਟੇ ਜਿਹੇ ਕਮਰੇ ਦੇ ਵਿੱਚ ਰਹਿ ਕੇ ਕੰਮ ਕਰਦੇ ਰਹੇ । ਸਰਕਾਰੀ ਕੋਠੀਆਂ ਵੀ ਖਾਲੀ ਨਹੀਂ ਸਨ । ਕਿਸੇ ਕੋਠੀ ਵਿੱਚ ਕੋਈ ਸਾਬਕਾ ਮੁੱਖ ਮੰਤਰੀ, ਸਪੀਕਰ ਰਹਿੰਦੇ ਸਨ, ਕਈਆਂ ਦੇ ਵਿੱਚ ਮੰਤਰੀ ਰਹਿੰਦੇ ਸਨ । ਸਿਕਿਓਰਟੀ ਰੀਜ਼ਨਜ਼ ਕਰਕੇ ਵੀ ਕਈ ਕੋਠੀਆਂ ਅਫ਼ਸਰਾਂ ਕੋਲ ਸਨ । ਅਸੀਂ ਕਈ ਮਹੀਨਿਆਂ ਬਾਅਦ ਉਹ ਕੋਠੀਆਂ ਖਾਲੀ ਕਰਵਾਈਆਂ ਲੇਕਿਨ ਉਨ੍ਹਾਂ ਕੋਠੀਆਂ ਤੋਂ ਇਲਾਵਾ ਵੀ ਕੁਝ ਹੋਰ ਕੋਠੀਆਂ ਦੀ ਲੋੜ ਸੀ । ਇਸ ਲੋੜ ਨੂੰ ਮੱਦੇ ਨਜ਼ਰ ਰਖਦੇ ਹੋਏ ਅੱਤ ਸਿਕਿਓਰਟੀ ਪੱਖੋਂ ਵੀ ਤਾਂ ਕਿ ਲੋਕਾਂ ਨੂੰ ਕੋਈ ਤਕਲੀਫ ਨਾ ਹੋਵੇ ਅਸੀਂ ਪ੍ਰਾਈਵੇਟ ਕੋਠੀਆਂ ਦਾ ਇੰਤਜ਼ਾਮ ਕੀਤਾ । ਸਾਡੇ ਡਿਪਾਰਟਮੈਂਟ ਵੱਲੋਂ ਜੋ ਇੰਤਜ਼ਾਮ ਹੋ ਸਕਦਾ ਸੀ ਅਸੀਂ ਪ੍ਰਾਈਵੇਟ ਕੋਠੀਆਂ ਲੈ ਕੇ ਵੀ ਕੀਤਾ । ਹੁਣ ਅਸੀਂ 1993 ਤੋਂ ਬਾਅਦ ਕਿਰਾਏ ਵਾਲੀਆਂ ਕੋਠੀਆਂ ਛੱਡ ਦਿੱਤੀਆਂ ਹਨ ਅੱਤ ਸਾਰੇ ਆਪਣੀਆਂ ਸਰਕਾਰੀ ਕੋਠੀਆਂ ਦੇ ਵਿੱਚ ਆ ਗਏ ਹਨ ਲੇਕਿਨ ਦੋ ਮੰਤਰੀ ਸਰਦਾਰ ਦਿਲਬਾਗ ਸਿੰਘ ਅਤੇ ਸ਼੍ਰੀ ਸੱਜਣ ਕੁਮਾਰ ਜੀ ਆਪਣੀਆਂ ਕੋਠੀਆਂ ਦੇ ਵਿੱਚ ਰਹਿ ਰਹੇ ਹਨ ।

ਸ਼੍ਰੀ ਸਪੀਕਰ: ਜੋ ਸਵਾਲ ਇਨ੍ਹਾਂ ਨੇ ਪੁੱਛਿਆ ਸੀ ਉਸ ਦਾ ਉੱਤਰ ਤਾਂ ਤੁਸੀਂ ਆਖਿਰ ਵਿੱਚ ਜਾ ਕੇ ਦੱਸਿਆ ਹੈ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਮੇਰਾ ਪ੍ਰਸ਼ਨ ਅੱਤ ਨਿਵੇਦਨ ਇਹ ਹੈ ਕਿ ਮੈਂ ਆਪਣੇ ਸਪਲੀਮੈਂਟਰੀ ਦੇ ਵਿੱਚ ਪੁੱਛਿਆ ਸੀ ਕਿ ਹੁੱਲ ਕਿੰਨਾ ਖਰਚਾ ਕੀਤਾ ਗਿਆ ਅੱਤ ਜੋ ਖਰਚਾ ਕੀਤਾ ਗਿਆ ਕੋਠੀਆਂ ਦੇ ਪਰਦੇ, ਉਨ੍ਹਾਂ ਦੀ ਫਰਨਿਸ਼ਿੰਗ ਵਗੈਰਾ ਤੇ ਉਸ ਦਾ ਖਰਚਾ ਨਹੀਂ ਦੱਸਿਆ ਗਿਆ । ਦੂਜਾ ਇਹ ਪੁੱਛਿਆ ਸੀ ਕਿ ਜਿਹੜੇ ਮੰਤਰੀ ਆਪਣੀਆਂ ਪ੍ਰਾਈਵੇਟ ਕੋਠੀਆਂ ਦੇ ਵਿੱਚ ਰਹਿੰਦੇ ਹਨ ਉਨ੍ਹਾਂ ਦਾ ਕਿੰਨਾ ਕਿਰਾਇਆ ਮਹੀਨੇ ਦਾ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ ਅੱਤ ਉਹ ਕਿਰਾਇਆ ਮਿਥਣ ਵਾਸਤੇ ਕੀ ਕਸੌਟੀ ਹੈ ਕਿ ਕੋਠੀ ਦਾ ਕਿਰਾਇਆ ਇਨ੍ਹਾ ਹੋਣਾ ਚਾਹੀਦਾ ਹੈ ਜਾਂ ਕਿ ਕੀ ਉਹ ਜਿੰਨਾ ਦਸਦੇ ਹਨ ਉਨਾ ਹੀ ਦੇ ਦਿੱਤਾ ਜਾਂਦਾ ਹੈ ?

ਮੰਤਰੀ ਸਪੀਕਰ ਸਾਹਿਬ, ਜਿਹੜੇ ਮੰਤਰੀ ਪ੍ਰਾਈਵੇਟ ਕੋਠੀਆ ਦੇ ਵਿੱਚ ਰਹਿੰਦੇ ਹਨ ਉਨ੍ਹਾਂ ਨੂੰ ਕਿਰਾਇਆ ਕੋਈ ਜ਼ਿਆਦਾ ਨਹੀਂ ਦਿੱਤਾ ਗਿਆ । ਮਹਿਕਮੇ ਵਲੋਂ ਕਿਰਾਇਆ ਅਸੈਸ ਕਰਵਾਇਆ ਗਿਆ ਹੈ । ਮਰਜ਼ੀ ਨਾਲ ਨਹੀਂ ਦਿੱਤਾ ਜਾਂਦਾ । ਮਾਰਕੀਟ ਰੇਟ ਦੇ ਮੁਤਾਬਕ ਕਿਰਾਇਆ ਦਿੱਤਾ ਜਾਂਦਾ ਹੈ ਜਿਸ ਵਕਤ ਅਸੀਂ ਕਿਰਾਏ ਤੇ ਕੋਠੀਆਂ ਮੰਗੀਆਂ ਪਹਿਲਾਂ ਅਸੀਂ ਭੇ ਹਜ਼ਾਰ ਰੁਪਏ ਮਹੀਨੇ ਤੇ ਮੰਗੀ, ਜਾਨੂੰ ਕੋਈ ਕੋਠੀ ਨਹੀਂ ਮਿਲੀ ਫਿਰ ਉਸ ਤੋਂ ਬਾਅਦ ਅਸੀਂ ਅੱਠ ਹਜ਼ਾਰ ਰੁਪਏ ਕਿਰਾਏ

Original with;
Punjab Vidhan Sabha
Digitized by;

[ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ (ਭ ਤੇ ਮ) ਮੰਤਰੀ]

ਤੇ ਮੰਗੀ ਪਰ ਫਿਰ ਵੀ ਸਾਨੂੰ ਕੋਈ ਕੋਠੀ ਨਹੀਂ ਮਿਲੀ । ਫਿਰ ਪੰਦਰਾ ਹਜ਼ਾਰ ਰੁਪਏ ਪੀ. ਡਬਲਯੂ. ਡੀ. ਵਲੋਂ ਕਿਰਾਇਆ ਅਸੈਸ ਕੀਤਾ ਗਿਆ ਬਾਕੀ ਮੰਤਰੀਆਂ ਲਈ ਵੀ ਉਸ ਦੇ ਮੁਤਾਬਿਕ ਹੀ ਕਿਰਾਇਆ ਦਿੱਤਾ ਜਾ ਰਿਹਾ ਹੈ, ਜ਼ਿਆਦਾ ਨਹੀਂ ਹੈ ਜੀ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਜਿਹੜੇ ਮੰਤਰੀ ਆਪਣੇ ਘਰਾਂ ਦੇ ਵਿੱਚ ਰਹਿੰਦੇ ਹਨ ਜਿਹੜਾ ਰੈਂਟ ਉਹ ਸਰਕਾਰ ਕੋਲੋਂ ਲੈਂਦੇ ਹਨ ਕੀ ਸਰਕਾਰ ਦਾ ਉਸ ਦੀ ਫਰਨਿਸ਼ਿੰਗ ਦੇ ਉਤੇ ਵੀ ਕੋਈ ਖਰਚਾ ਆਉਂਦਾ ਹੈ ? ਜਦੋਂ ਉਹ ਆਪਣੀ ਕੋਠੀ ਵਿੱਚ ਰਹਿੰਦੇ ਹਨ ਤਾਂ ਉਥੇ ਉਨ੍ਹਾਂ ਦਾ ਆਪਣਾ ਪਰਸਨਲ ਫਰਨੀਚਰ ਵੀ ਇਸਤੇਮਾਲ ਹੁੰਦਾ ਹੈ । ਇਸ ਤੋਂ ਇਲਾਵਾ ਉਨ੍ਹਾਂ ਨੂੰ ਲੋੜ ਮੁਤਾਬਿਕ ਜੋ ਉਹ ਹੋਰ ਮੰਗਦੇ ਹਨ ਉਸ ਤੇ ਸਰਕਾਰ ਦਾ ਕਿੰਨਾ ਖਰਚਾ ਆਇਆ ?

ਮੰਤਰੀ : ਸਪੀਕਰ ਸਾਹਿਬ, ਜਿਹੜੇ ਮਨਿਸਟਰ ਆਪਣੀਆ ਕੋਠੀਆਂ ਦੇ ਵਿੱਚ ਰਹਿੰਦੇ ਹਨ ਉਨ੍ਹਾਂ ਕੋਲ ਆਪਣਾ ਫਰਨੀਚਰ ਵਗੈਰਾ ਵੀ ਹੁੰਦਾ ਹੈ ਜੋ ਕਿ ਪਹਿਲਾਂ ਹੀ ਉਥੇ ਇਨਸਟਾਲ ਹੁੰਦਾ ਹੈ ਉਹ ਸਾਡੇ ਕੋਲੋਂ ਕੋਠੀ ਦਾ ਕਿਰਾਇਆ ਲੈਂਦੇ ਹਨ ਲੇਕਿਨ ਫਰਨੀਚਰ ਵਗੈਰਾ ਦੇਣਾ ਸਾਡੀ ਜ਼ਿੰਮੇਵਾਰੀ ਹੈ । ਜਿੰਨਾ ਉਨ੍ਹਾਂ ਕੋਲ ਆਪਣਾ ਸਾਮਾਨ ਹੁੰਦਾ ਹੈ ਉਹ ਤਾਂ ਹੈ ਹੀ ਲੇਕਿਨ ਜਿੰਨ੍ਹਾ ਸਾਮਾਨ ਉਹ ਆਪਣੇ ਰੁਤਬੇ ਵਜੋਂ ਸਰਕਾਰੀ ਤੌਰ ਤੇ ਹੋਰ ਲੈ ਸਕਦੇ ਹਨ ਉਹ ਉਨ੍ਹਾਂ ਦੀ ਮੰਗ ਤੇ ਆਰਾਂ ਪਰੋਵਾਈਡ ਕਰਦੇ ਹਾਂ । ਕੁਝ ਉਹ ਆਪਣਾ ਵੀ ਯੂਜ ਕਰਦੇ ਹਨ ਹੁਣ ਤੱਕ ਟੋਟਲ 265.05 ਲੱਖ ਰੁਪਿਆ ਕੈਬਨਿਟ ਔਰ ਸਟੇਟ ਮੰਤਰੀਆਂ ਵਾਸਤੇ ਖਰਚ ਕੀਤਾ ਗਿਆ ਹੈ । ਇਸ ਸਮੇਂ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਜੀ ਬੈਠੇ ਬੈਠੇ ਹੀ ਸਪੀਕਰ ਸਾਹਿਬ ਦੀ ਆਗਿਆ ਤੋਂ ਬਗੈਰ, ਸਬੰਧਤ ਮੰਤਰੀ ਜੀ ਪਾਸੋਂ ਹੋਰ ਜਾਣਕਾਰੀ ਦੀ ਮੰਗ ਕਰ ਰਹੇ ਸਨ ।

ਸ਼੍ਰੀ ਸਪੀਕਰ : ਜੇਕਰ ਸਪੀਕਰ ਦੇ ਜ਼ਰੀਏ ਪੁੱਛਣ ਦੀ ਲੋੜ ਨਹੀਂ ਤਾਂ ਇਥੇ ਕਿਉਂ ਬੈਠੇ ਹੋ । ਤੁਸੀਂ ਮੇਰੇ ਕੋਲੋਂ ਪੁੱਛਦੇ ਨਹੀਂ, ਆਪਸ ਦੇ ਵਿੱਚ ਗੱਲਾਂ ਕਰੀ ਜਾਂਦੇ ਹੋ ।

ਸ਼੍ਰੀ ਮਲਕੀਤ ਸਿੰਘ ਬੀਰਮੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਮੰਤਰੀਆਂ ਨੂੰ, ਰਾਜ ਮੰਤਰੀਆਂ ਨੂੰ, ਚੇਅਰਮੈਨਾਂ ਨੂੰ ਹਾਊਸ ਪਰੋਵਾਇਡ ਕਰਦੀ ਹੈ, ਚਲੋ ਠੀਕ ਹੈ, ਲੇਕਿਨ ਜਿਹੜੀ ਸਰਕਾਰ ਬਣਦੀ ਹੈ ਉਹ ਐਮ. ਐਲ. ਏਜ਼ ਦੇ ਸਹਿਯੋਗ, ਉਨ੍ਹਾਂ ਦੇ ਯੋਗਦਾਨ ਦੇ ਨਾਲ ਬਣਦੀ ਹੈ ਕੀ ਉਨ੍ਹਾਂ ਨੂੰ ਅਕਾਮੋਡੇਸ਼ਨ ਦੇਣ ਵਾਸਤੇ ਸਰਕਾਰ ਦੇ ਧਿਆਨ ਵਿੱਚ ਹੈ ?

ਮੰਤਰੀ : ਸਪੀਕਰ ਸਾਹਿਬ, ਸਰਕਾਰ ਅਤੇ ਅਸੈਂਬਲੀ ਦੇ ਵੱਖਰੇ ਵੱਖਰੇ ਹੈਡਾਂ ਥੱਲੇ ਆਉਂਦੇ ਹਨ । ਮੰਤਰੀਆਂ ਆਦਿ ਦੀ ਅਕਾਮੋਡੇਸ਼ਨ ਦਾ ਪ੍ਰਬੰਧ ਸਰਕਾਰ ਕਰਦੀ ਹੈ ਔਰ ਦੂਜੇ ਦਾ ਸਪੀਕਰ ਸਾਹਿਬ ਕਰਦੇ ਹਨ ।

Mr. Speaker : Question Hour is over. The remaining questions shall be deemed to have been answered under Rule 38 of the Rules of procedure and Conduct of Business in the Punjab Vidhan Sabha.

Original with;
Punjab Vidhan Sabha
Digitized by;
Panjab Digital Library

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਤਹਿਸੀਲ ਮੋਗਾ ਵਿੱਚ ਨਵੇਂ ਰਾਸ਼ਨ ਕਾਰਡ ਬਣਾਉਣੇ

*2363. **ਸ੍ਰੀ ਵਿਜੇ ਕੁਮਾਰ ਸਾਥੀ:** ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1992, 1993, 1994 ਅਤੇ 1995 ਮਿੱਤੀ ਅੰਤ ਤੱਕ ਦੇ ਦੌਰਾਨ ਤਹਿਸੀਲ ਮੋਗਾ, ਜ਼ਿਲ੍ਹਾ ਫ਼ਰੀਦਕੋਟ ਵਿੱਚ ਦਿਹਾਤੀ ਇਲਾਕਿਆਂ ਵਿੱਚ ਕੁਲ ਕਿੰਨੇ ਨਵੇਂ ਰਾਸ਼ਨ ਕਾਰਡ ਬਣਾਏ ਗਏ ਹਨ ?

ਸਰਦਾਰ ਲਾਲ ਸਿੰਘ: ਤਹਿਸੀਲ ਮੋਗਾ, ਜ਼ਿਲ੍ਹਾ ਫ਼ਰੀਦਕੋਟ ਦੇ ਪੇਂਡੂ ਇਲਾਕਿਆਂ ਵਿੱਚ ਸਾਲ 1992, 1993, 1994 ਅਤੇ 1995 ਵਿੱਚ ਜੋ ਰਾਸ਼ਨ ਕਾਰਡ ਬਣਾਏ ਗਏ, ਉਨ੍ਹਾਂ ਦਾ ਵੇਰਵਾ ਹੇਠ ਦਿੱਤਾ ਜਾਂਦਾ ਹੈ :—

ਸਾਲ	ਤਿਆਰ ਕੀਤੇ ਰਾਸ਼ਨ ਕਾਰਡਾਂ ਦੀ ਗਿਣਤੀ
1992 ..	36,201
1993 ..	3,580
1994 ..	3,566
1995 ..	750
ਕੁੱਲ ਜੋੜ ..	44,097

ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਮਕਾਨਾਂ ਦੀ ਅਲਾਟਮੈਂਟ ਲਈ ਮੰਗ ਸਰਵੇਖਣ

*2571 **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ:** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਦੁਆਰਾ ਮੁਹਾਲੀ ਵਿਖੇ ਐਚ. ਆਈ. ਜੀ. ਦੇ ਮਕਾਨਾਂ ਦੀ ਅਲਾਟਮੈਂਟ ਲਈ ਮੰਗ ਸਰਵੇਖਣ ਕਰਨ ਲਈ ਸਤੰਬਰ, 1989 ਵਿੱਚ ਅਰਜ਼ੀਆਂ ਮੰਗੀਆਂ ਗਈਆਂ ਸਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ ਤਾਂ ਕੀ ਮੰਗ ਸਰਵੇਖਣ ਕਰ ਲਿਆ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਪ੍ਰਾਰਥੀਆਂ ਨੂੰ ਮਕਾਨ ਕਦੋਂ ਤਕ ਅਲਾਟ ਕੀਤੇ ਜਾਣ ਦੀ ਸੰਭਾਵਨਾ ਹੈ ;

ਸ੍ਰੀ ਬਾਲ ਮਕੰਦ ਸ਼ਰਮਾ (ੳ) ਹਾਂ ਜੀ

Original with;
Punjab Vidhan Sabha
Digitized by;
Panjab Digital Library

[ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ]

(ਅ) ਮੰਗ ਸਰਵੇਖਣ ਪੂਰਾ ਕਰ ਦਿੱਤਾ ਗਿਆ ਹੈ ਪਰੰਤੂ ਇਸ ਸਕੀਮ ਨੂੰ ਅਜੇ ਅੰਤਿਮ ਰੂਪ ਦਿੱਤਾ ਜਾਣਾ ਹੈ ।

ਨਵੀਆਂ ਸ਼ਹਿਰੀ ਮਿਲਖਾਂ ਦਾ ਵਿਕਾਸ

*2506 **ਸ਼੍ਰੀ ਰਮੇਸ਼ ਦੱਤ ਸ਼ਰਮਾ**: ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਨਿਕਟ ਭਵਿੱਖ ਵਿੱਚ ਰਾਜ ਕਿਸੇ ਨਵੀਂ ਸ਼ਹਿਰੀ ਮਿੱਲਖ ਦਾ ਵਿਕਾਸ ਕਰਨ ਦੀ ਕੋਈ ਤਜ਼ਵੀਜ਼ ਹੈ, ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ?

ਸ਼੍ਰੀ ਬਾਲ ਮੁਕੰਦ ਸ਼ਰਮਾ: ਹਾਂ ਜੀ, ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਰਾਜ ਵਿੱਚ ਹੇਠ ਲਿਖੇ ਅਨੁਸਾਰ ਸ਼ਹਿਰੀ ਮਿਲਖਾਂ ਦੀ ਸਥਾਪਨਾ ਕਰਨ ਲਈ ਵਿਚਾਰ ਕਰ ਰਿਹਾ ਹੈ :—

ਲੜੀ ਨੰ	ਸਥਾਨ
(1)	ਜਲੰਧਰ ਫੇਜ-III
(2)	ਕਪੂਰਥਲਾ
(3)	ਫਤਿਹਗੜ੍ਹ ਸਾਹਿਬ
(4)	ਅਬੋਹਰ
(5)	ਮਾਨਸਾ
(6)	ਰੂਪੜ
(7)	ਹੁਸ਼ਿਆਰਪੁਰ
(8)	ਫਿਰੋਜ਼ਪੁਰ
(9)	ਡੇਰਾ ਬਸੀ
(10)	ਨਵਾਂ ਸ਼ਹਿਰੀ ਮਿਲਖ ਨਜ਼ਦੀਕ ਚੰਡੀਗੜ੍ਹ

ਵਰੀਦਕੋਟ ਵਿਚ ਡੀ.ਏ.ਪੀ. ਦੀ ਵੰਡ

*2364. **ਸ਼੍ਰੀ ਵਿਜੇ ਕੁਮਾਰ ਸਾਬੀ**: ਕੀ ਸਹਿਕਾਰਤਾ ਅਤੇ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

Original with;
Punjab Vidhan Sabha
Digitized by;
Panjab Digital Library

(ੳ) 1 ਜੂਨ, 1994 ਤੋਂ 15 ਦਸੰਬਰ, 1994 ਤੱਕ ਦੇ ਸਮੇਂ ਦੌਰਾਨ ਜ਼ਿਲ੍ਹਾ ਫਰੀਦਕੋਟ ਵਿਚ ਸਹਿਕਾਰੀ ਸਭਾਵਾਂ ਦੀਆਂ ਕਿਹੜੀਆਂ-ਕਿਹੜੀਆਂ ਸੰਸਥਾਵਾਂ ਵਲੋਂ ਕਿਸਾਨਾਂ ਨੂੰ ਕਿੰਨਾ ਡੀ.ਏ.ਪੀ. ਖਾਦ ਵੰਡਿਆ ਗਿਆ;

(ਅ) ਉਕਤ ਅਰਸੇ ਦੌਰਾਨ ਬਲਾਕ ਬਾਘਾ ਪੁਰਾਣਾ ਅਤੇ ਬਲਾਕ ਮੋਗਾ ਦੇ ਕਿਸਾਨਾਂ ਵਲੋਂ ਉਕਤ ਸੰਸਥਾਵਾਂ ਰਾਹੀਂ ਡੀ.ਏ.ਪੀ. ਖਾਦ ਨਾ ਮਿਲਣ ਦੀਆਂ ਕਿੰਨੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਅਤੇ ਹਰ ਇਕ ਸ਼ਿਕਾਇਤ ਤੇ ਕੀਤੀ ਗਈ ਕਾਰਵਾਈ ਜੇਕਰ ਕੋਈ ਹੋਵੇ, ਦੇ ਵੇਰਵੇ ਕੀ ਹਨ ?

ਸ਼੍ਰੀ ਸੱਜਨ ਕੁਮਾਰ ਜਾਖੜ : (ੳ) ਇਕ ਜੂਨ, 1994 ਤੋਂ ਦਸੰਬਰ, 1994 ਦੌਰਾਨ ਜ਼ਿਲ੍ਹਾ ਫਰੀਦਕੋਟ ਵਿਚ ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਰਾਹੀਂ ਮਾਰਕਫੈਡ ਅਤੇ ਇਫੈਕੋ ਵਲੋਂ ਡੀ.ਏ.ਪੀ. ਖਾਦ ਵੰਡਿਆ ਗਿਆ । ਮਾਰਕਫੈਡ ਜ਼ਿਲ੍ਹਾ ਫਰੀਦਕੋਟ ਵਿਚ ਇਸ ਸਮੇਂ ਦੌਰਾਨ ਮਾਰਕਫੈਡ ਵਲੋਂ 18977 ਮੀਟ੍ਰਿਕ ਟਨ ਅਤੇ ਇਫਕੋ ਵਲੋਂ 4073 ਮੀਟ੍ਰਿਕ ਟਨ ਡੀ.ਏ.ਪੀ. ਖਾਦ ਵੰਡਿਆ ਗਿਆ ।

(ਅ) ਇਸ ਸਮੇਂ ਦੌਰਾਨ ਡੀ.ਏ.ਪੀ. ਖਾਦ ਦੀ ਘਾਟ ਬਾਰੇ 7 ਸ਼ਿਕਾਇਤਾਂ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ ਦੇ ਦਫਤਰ ਵਿਚ ਪ੍ਰਾਪਤ ਹੋਈਆਂ । ਸੰਬੰਧਤ ਏਜੰਸੀਆਂ ਨੂੰ ਮੰਗ ਦੇ ਮੁਕਾਬਲੇ ਆਈ ਘਾਟ ਨੂੰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ।

ਪਿੰਡ ਪੱਥਰਾਲਾ ਵਿਖੇ ਡਰੇਨ ਉਪਰ ਪੁੱਲ ਦੀ ਉਸਾਰੀ

*2659. **ਸਰਦਾਰ ਬਲਦੇਵ ਸਿੰਘ ਪੱਕਾ** : ਕੀ ਸਹਿਕਾਰਤਾ ਅਤੇ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਸਰਕਾਰ ਇਸ ਤੱਥ ਤੋਂ ਜਾਣੂੰ ਹੈ ਕਿ ਜ਼ਿਲ੍ਹਾ ਬਠਿੰਡਾ ਵਿਚ ਡੱਬਵਾਲੀ ਸੜਕ ਤੇ ਸਥਿਤ ਪਿੰਡ ਪੱਥਰਾਲਾ ਦਾ ਮੀਹਾਂ ਦੌਰਾਨ ਡਰੇਨ ਵਿਚ ਪਾਣੀ ਦੇ ਤੇਜ਼ ਵਹਾਅ ਕਰਕੇ ਅਤੇ ਉਸਤੇ ਕੋਈ ਪੁੱਲ ਨਾ ਹੋਣ ਕਰਕੇ ਸੰਪਰਕ ਟੁੱਟ ਜਾਂਦਾ ਹੈ,

(ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਭਾਗ (ੳ) ਵਿਚ ਡਰੇਨ ਪਿੰਡ ਡੂਮਵਲੀ ਵਿਖੇ ਜਾ ਕੇ ਖ਼ਤਮ ਹੁੰਦੀ ਹੈ ਅਤੇ ਜਲ-ਨਿਕਾਸ ਦੀ ਕੋਈ ਸਹੂਲਤ ਨਾ ਹੋਣ ਕਰਕੇ ਉਥੇ ਕਾਫੀ ਪਾਣੀ ਇਕੱਠਾ ਹੋ ਜਾਣ ਕਾਰਣ ਪਿੰਡਾਂ ਨੂੰ ਭਾਰੀ ਨੁਕਸਾਨ ਹੁੰਦਾ ਹੈ;

(ੲ) ਕੀ ਉਕਤ ਡਰੇਨ ਤੋਂ ਪਾਣੀ ਨੂੰ ਕੱਢਣ ਲਈ ਸਰਕਾਰ ਦੁਆਰਾ ਕੋਈ ਕਾਰਵਾਈ ਕੀਤੀ ਜਾ ਰਹੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਹ ਕਦੋਂ ਤੱਕ ਕਰ ਲਏ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਸੱਜਨ ਕੁਮਾਰ ਜਾਖੜ : (ੳ) ਹਾਂ ਜੀ ।

Original with;
Punjab Vidhan Sabha
Digitized by;
Panjab Digital Library

[ਸਹਿਕਾਰਤਾ ਅਤੇ ਸਿੰਚਾਈ ਮੰਤਰੀ]

(ਅ) ਹਾਂ ਜੀ ।

(ੲ) ਇਸ ਮੁਸ਼ਕਲ ਦਾ ਹੱਲ ਹਰਿਆਣਾ ਖੇਤਰ ਵਿੱਚ ਆਊਟ ਫਾਲ ਡਰੇਨ ਬਣਾਉਣ ਨਾਲ ਹੀ ਹੋ ਸਕਦਾ ਹੈ । ਇਸ ਬਾਰੇ ਮਾਮਲਾ ਹਰਿਆਣਾ ਸਰਕਾਰ ਨਾਲ ਵਿਚਾਰਿਆ ਜਾ ਰਿਹਾ ਹੈ ।

ਪੰਜਾਬ ਪੁਲਿਸ ਵਿਚ ਐਸ.ਪੀ.ਓਜ਼ ਨੂੰ ਲਗਾਉਣਾ

*2436. **ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵੱਖ-ਵੱਖ ਸਾਲਾਂ 1992-93, 1993-94 ਅਤੇ 1994-95 ਦੇ ਦੌਰਾਨ ਸਾਲ ਵਾਰ ਪੰਜਾਬ ਪੁਲਿਸ ਵਿਚ ਲਗਾਏ ਗਏ ਐਸ.ਪੀ.ਓਜ਼. ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ?

ਸਰਦਾਰ ਬੇਅੰਤ ਸਿੰਘ: ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸਾਲ 1992-93, 1993-94 ਅਤੇ 1994-95 ਦੇ ਦੌਰਾਨ ਸਾਲ ਵਾਰ ਪੁਲਿਸ ਵਿਭਾਗ ਵਿਚ ਖਪਤ ਕੀਤੇ ਗਏ ਐਸ.ਪੀ.ਓਜ਼ ਦੀ ਜ਼ਿਲ੍ਹਾਵਾਰ ਸੂਚੀ ਹੇਠ ਦਿੱਤੇ ਅਨੁਸਾਰ ਹੈ ਜੀ :-

ਜ਼ਿਲ੍ਹਾ	1992-93	1993-94	1994-95
ਰੇਲਵੇ ਪੁਲਿਸ	99	116	2
ਅੰਮ੍ਰਿਤਸਰ	474	441	15
ਗੁਰਦਾਸਪੁਰ	156	43	20
ਮਜੀਠਾ	389	137	294
ਤਰਨ ਤਰਨ	600	150	52
ਬਟਾਲਾ	434	16	2
ਜਲੰਧਰ	234	790	197
ਹੁਸ਼ਿਆਰਪੁਰ	317	68	52
ਕਪੂਰਥਲਾ	80	141	41

Original with;
Punjab Vidhan Sabha
Digitized by;
Punjab Digital Library

ਜ਼ਿਲ੍ਹਾ	1992-93	1993-94	1994-95
ਪਟਿਆਲਾ	488	78	18
ਫਤਿਹਗੜ੍ਹ ਸਾਹਿਬ	79	60	19
ਸੰਗਰੂਰ	95	35	10
ਬਰਨਾਲਾ	7	35	—
ਫਿਰੋਜ਼ਪੁਰ	181	38	70
ਫਰੀਦਕੋਟ	69	55	63
ਬਠਿੰਡਾ	276	130	52
ਮਾਨਸਾ	81	43	8
ਲੁਧਿਆਣਾ	514	49	108
ਰੋਪੜ	65	197	59
ਖੰਨਾ	21	58	13
ਜਗਰਾਓਂ	89	31	40
ਜੋੜ	4,748	2,711	1,135

ਟਿਊਬਵੈੱਲਾਂ ਲਈ ਬਿਜਲੀ ਦੇ ਕੁਨੈਕਸ਼ਨ ਦੇਣਾ

*2415. **ਸ਼੍ਰੀ ਮਦਨ ਮੋਹਨ ਮਿੱਤਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਫਰਵਰੀ, 1992 ਤੋਂ ਪੰਜਾਬ ਰਾਜ ਬਿਜਲੀ ਬੋਰਡ ਪਾਸ, ਟਿਊਬਵੈੱਲ ਕੁਨੈਕਸ਼ਨਾਂ ਲਈ ਪੈਂਡਿੰਗ ਪਈਆਂ ਅਰਜ਼ੀਆਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਅਤੇ ਇਹ ਕੁਨੈਕਸ਼ਨ ਕਦੋਂ ਤੱਕ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਬੇਅੰਤ ਸਿੰਘ : ਮੰਗੀ ਹੋਈ ਸੂਚਨਾ ਸਾਰਣੀ ਦੇ ਰੂਪ ਵਿੱਚ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸਾਰਣੀ

ਕ੍ਰਮ ਨੰ:	ਜ਼ਿਲ੍ਹੇ ਦਾ ਨਾ	1/92 ਤੱਕ ਰਜਿਸਟਰ ਕੀਤੇ ਗਏ ਅਨ-ਨਿਪਟਾਏ ਬਿਨੈ-ਪੱਤਰ	2/92 ਤੋਂ 1/95 ਤੱਕ ਰਜਿਸਟਰ ਕੀਤੇ ਅਨ-ਨਿਪਟਾਏ ਬਿਨੈ-ਪੱਤਰ
1.	ਅੰਮ੍ਰਿਤਸਰ	20,007	9,523
2.	ਬਠਿੰਡਾ	8,195	3,170

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕ੍ਰਮ ਨੰ:	ਜ਼ਿਲ੍ਹੇ ਦਾ ਨਾਂ	1/92 ਤੱਕ ਰਜਿਸਟਰ ਕੀਤੇ ਗਏ ਅਨ-ਨਿਪਟਾਏ ਬਿਨੈ-ਪੱਤਰ	2/92 ਤੋਂ 1/95 ਤੱਕ ਰਜਿਸਟਰ ਕੀਤੇ ਅਨ-ਨਿਪਟਾਏ ਬਿਨੈ-ਪੱਤਰ
3.	ਫਤਹਿਗੜ੍ਹ ਸਾਹਿਬ	6,505	1524
4.	ਫਰੀਦਕੋਟ	18,699	16,314
5.	ਫਿਰੋਜ਼ਪੁਰ	16,432	12,248
6.	ਗੁਰਦਾਸਪੁਰ	10,729	5,478
7.	ਹੁਸ਼ਿਆਰਪੁਰ	11,328	1,309
8.	ਜਲੰਧਰ	16,314	6,898
9.	ਕਪੂਰਥਲਾ	7,076	2,819
10.	ਲੁਧਿਆਣਾ	26,743	1,176
11.	ਮਾਨਸਾ	6,850	1500
12.	ਪਟਿਆਲਾ	20,799	6,882
13.	ਰੋਪੜ	7,243	(—) 646**
14.	ਸੰਗਰੂਰ	42,286	4,555
	ਜੋੜ	2,19,206	72,750

**ਰੋਪੜ ਜ਼ਿਲ੍ਹੇ ਦੇ ਪੁਨਰਗਠਨ ਮਗਰੋਂ ਬਿਨੈ-ਪੱਤਰਾਂ ਦੀ ਤਬਦੀਲੀ ਕਰਕੇ ।

ਚਲੰਤ ਸਾਲ ਦੌਰਾਨ, 1/95 ਦੇ ਅੰਤ ਤੱਕ 11,530 ਕੁਨੈਕਸ਼ਨ ਜਾਰੀ ਕਰ ਦਿੱਤੇ ਗਏ ਹਨ । 15,000 ਦਾ ਟੀਚਾ 31-3-1995 ਤੱਕ ਪ੍ਰਾਪਤ ਕੀਤੇ ਜਾਣ ਦੀ ਸੰਭਾਵਨਾ ਹੈ । ਬਾਕੀ ਰਹਿੰਦੇ ਬਿਨੈ-ਪੱਤਰਾਂ ਨੂੰ ਫੰਡਾਂ ਅਤੇ ਸਮਗਰੀ ਦੀ ਮਿਲਣਯੋਗਤਾ ਉਪਰ ਨਿਰਭਰ ਕਰਦਿਆਂ ਭਵਿੱਖੀ ਨੀਤੀ ਅਨੁਸਾਰ ਨਜਿਠਿਆ ਜਾਵੇਗਾ ।

ਅੰਤਰਿਮ ਸਹਾਇਤਾ

*2437. **ਸ਼੍ਰੀ ਕ੍ਰਿਸ਼ਨ ਕੁਮਾਰ ਕੌਂਸ਼ਲ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਨੇੜੇ ਦੇ ਭਵਿੱਖ ਵਿੱਚ ਕੇਂਦਰੀ ਪੈਟਰਨ ਤੇ ਆਪਣੇ ਕਰਮਚਾਰੀਆਂ ਨੂੰ ਕੋਈ ਅੰਤਰਿਮ ਸਹਾਇਤਾ ਦੇਣ ਦੀ ਤਜਵੀਜ਼ ਹੈ ; ਜੇ ਕਰ ਅਜਿਹਾ ਹੋਵੇ ਤਾਂ ਕਦੋਂ ?

ਡਾਕਟਰ ਕੇਵਲ ਕ੍ਰਿਸ਼ਨ : ਜੀ ਹਾਂ ।

Original with;
Punjab Vidhan Sabha
Digitized by;
Panjab Digital Library

ਪੰਜਾਬ ਸਰਕਾਰ ਨੇ ਪਹਿਲਾਂ ਹੀ ਅੰਤਰਿਮ ਸਹਾਇਤਾ ਦੇਣ ਦਾ ਫੈਸਲਾ ਲਿਆ ਹੈ ਕਿ 3500 ਰੁਪਏ ਤੋਂ ਘੱਟ ਤਨਖਾਹ ਪ੍ਰਾਪਤ ਕਰ ਰਹੇ ਕਰਮਚਾਰੀਆਂ ਨੂੰ 150 ਰੁਪਏ ਮਾਸਕ ਅਤੇ 3500 ਰੁਪਏ ਅਤੇ ਇਸ ਤੋਂ ਵੱਧ ਤਨਖਾਹ ਪ੍ਰਾਪਤ ਕਰ ਰਹੇ ਕਰਮਚਾਰੀਆਂ ਨੂੰ 200 ਰੁਪਏ ਮਾਸਿੱਕ ਅੰਤਰਿਮ ਸਹਾਇਤਾ ਦਿੱਤੀ ਜਾਵੇ । ਇਹ ਮਿਤੀ 1-4-95 ਤੋਂ ਲਾਗੂ ਹੋਵੇਗਾ ।

Starred Question No 2673*

(Reply to Starred Question No. 2573 has not received)

ਜ਼ਿਲ੍ਹਾ ਬਠਿੰਡਾ ਵਿੱਚ ਉਦਯੋਗਿਕ ਯੂਨਿਟਾਂ ਦੀ ਗਿਣਤੀ

*2660. **ਸਰਦਾਰ ਬਲਦੇਵ ਸਿੰਘ ਪੱਕਾ** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਜ਼ਿਲ੍ਹਾ ਬਠਿੰਡਾ ਵਿੱਚ ਚਲ ਰਹੇ ਉਦਯੋਗਿਕ ਯੂਨਿਟਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਹ ਕਿਥੇ-ਕਿਥੇ ਹਨ;

(ਅ) ਕੀ ਸਰਕਾਰ ਦਾ ਜ਼ਿਲ੍ਹਾ ਬਠਿੰਡਾ ਵਿਚ ਕੋਈ ਨਵੇਂ ਉਦਯੋਗਿਕ ਯੂਨਿਟ ਸਥਾਪਤ ਕਰਨ ਦੀ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ?

ਸਰਦਾਰ ਬੇਅੰਤ ਸਿੰਘ. (ੳ) ਮਿਤੀ 28-2-1995 ਤੱਕ ਜ਼ਿਲ੍ਹਾ ਬਠਿੰਡਾ ਵਿੱਚ 15 ਵੱਡੇ/ਦਰਮਿਆਨੇ ਦਰਜੇ ਦੇ ਯੂਨਿਟ ਅਤੇ 6028 ਛੋਟੇ ਪੈਮਾਨੇ ਦੇ ਯੂਨਿਟ ਕੰਮ ਕਰ ਰਹੇ ਹਨ ।

ਇਨ੍ਹਾਂ ਯੂਨਿਟ ਦੀ ਬਲਾਕਵਾਰ ਗਿਣਤੀ ਦਰਸਾਉਂਦੀ ਸੂਚੀ ਸਦਨ ਦੀ ਮੇਜ ਤੇ ਰੱਖੀ ਜਾਂਦੀ ਹੈ ।

(ਅ) ਜ਼ਿਲ੍ਹਾ ਬਠਿੰਡਾ ਵਿਖੇ ਕੋਈ ਯੂਨਿਟ ਪਬਲਿਕ ਸੈਕਟਰ ਵਿੱਚ ਸਥਾਪਤ ਕਰਨ ਦੀ ਸਰਕਾਰ ਦੀ ਤਜਵੀਜ਼ ਨਹੀਂ ਹੈ ।

ਜ਼ਿਲ੍ਹਾ ਬਠਿੰਡਾ ਵਿੱਚ ਮਿਤੀ 28-2-95 ਤੱਕ ਕੰਮ ਕਰ ਰਹੀਆਂ ਉਦਯੋਗਿਕ ਇਕਾਈਆਂ ਦੀ ਕੁੱਲ ਗਿਣਤੀ ਅਤੇ ਉਨ੍ਹਾਂ ਦੇ ਕੰਮ ਕਰਨ ਦੇ ਸਥਾਨ ਦੀ ਸੂਚੀ

(ੳ) ਵੱਡੇ/ਦਰਮਿਆਨੇ ਦਰਜੇ ਦੀਆਂ ਇਕਾਈਆਂ

ਕ੍ਰਮ ਨੰ.	ਬਲੱਾਕ-ਵਾਰ ਸਥਾਪਨ-ਸਥਾਨ	ਇਕਾਈਆਂ ਦੀ ਗਿਣਤੀ		
		ਸ਼ਹਿਰੀ	ਪੇਂਡੂ	ਜੋੜ
1.	ਬਠਿੰਡਾ ..	10	4	14
2.	ਸੰਗਤ ..	—	1	1
	ਜੋੜ ..	10	5	15

***For Starred Question No. 2673 and reply there to, please see P.V.S. Debates dated 28 th March, 1995 (Morning Sitting)*

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ਅ) ਛੋਟੇ ਦਰਜੇ ਦੀਆਂ ਇਕਾਈਆਂ

ਕ੍ਰਮ ਨੰ:	ਬਲਾਕ-ਵਾਰ ਸਥਾਪਨ-ਸਥਾਨ	ਇਕਾਈਆਂ ਦੀ ਗਿਣਤੀ		
		ਸ਼ਹਿਰੀ	ਪੇਂਡੂ	ਜੋੜ
1.	ਬਠਿੰਡਾ ..	1,430	915	2,345
2.	ਸੰਗਤ ...	36	102	138
3.	ਤਲਵੰਡੀ ਸਾਬੋ ..	82	255	337
4.	ਰਾਮਪੁਰਾ .	822	870	1,692
5.	ਨਥਾਣਾ ..	302	603	905
6.	ਫੂਲ ..	302	309	611
	ਜੋੜ ..	2,974	3,054	6,028

ਪ੍ਰਦੂਸ਼ਨ ਕੰਟਰੋਲ

*2456. 1. ਸ਼੍ਰੀ ਬਲਦੇਵ ਸਿੰਘ ਬਲਮਗੜ੍ਹ
2. ਸਰਦਾਰ ਬਲਦੇਵ ਸਿੰਘ ਪੱਕਾ } ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ —

(ੳ) ਸਾਲਾਂ 1993-94 ਤੇ 1994-95 ਦੌਰਾਨ ਰਾਜ ਦੇ ਉਦਯੋਗਿਕ ਕਸਬਿਆਂ ਵਿਚ ਹਵਾ ਅਤੇ ਪਾਣੀ ਦੇ ਪ੍ਰਦੂਸ਼ਨ ਨੂੰ ਰੋਕਣ ਲਈ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ;

(ਅ) ਉਕਤ ਸਮੇਂ ਦੌਰਾਨ ਪ੍ਰਦੂਸ਼ਨ ਕੰਟਰੋਲ ਐਕਟ ਅਧੀਨ ਰਾਜ ਵਿਚ ਜ਼ਿਲ੍ਹਾ-ਵਾਰ ਕੁੱਲ ਕਿੰਨੇ ਕੇਸ ਦਰਜ ਕੀਤੇ ਗਏ ?

ਸਰਦਾਰ ਬੇਅੰਤ ਸਿੰਘ : (ੳ) ਅਤੇ (ਅ) ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

(ਓ) ਸਰਕਾਰ ਨੇ ''ਦੀ ਵਾਟਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਪਲੂਸ਼ਨ) ਐਕਟ, 1974 ਅਤੇ ''ਦੀ ਏਅਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਪੋਲੂਸ਼ਨ) ਐਕਟ 1981 ਦੀਆਂ ਧਾਰਾਵਾਂ ਨੂੰ ਲਾਗੂ ਕਰਨ ਲਈ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੀ ਸਥਾਪਨਾ ਕੀਤੀ ਹੈ। ਬੋਰਡ ਨੇ ਰਾਜ ਦੇ ਉਦਯੋਗਿਕ ਸ਼ਹਿਰਾਂ ਵਿੱਚ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਦੀ ਰੋਕਥਾਮ ਕਰਨ ਲਈ ਕਦੀ ਕਦਮ ਚੁੱਕੇ ਹਨ ਜਿਨ੍ਹਾਂ ਵਿੱਚ ਐਕਟਾਂ ਅਧੀਨ ਕੰਸੈਂਟ ਦੇਣ ਦੇ ਢੰਗ ਨੂੰ ਆਸਾਨ ਤੇ ਵਿਸਥਾਰ ਪੂਰਵਕ ਬਣਾਉਣਾ, ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਉਦਯੋਗਾਂ ਨੂੰ ਵਿਸਥਾਰ ਨਾਲ ਸੂਚਨਾ ਦੇਣਾ, ਪ੍ਰਦੂਸ਼ਣ ਰੋਕਥਾਮ ਯੰਤਰ ਲਾਉਣ ਲਈ ਉਦਯੋਗਾਂ ਨੂੰ ਪ੍ਰੇਰਿਤ ਕਰਨਾ, ਐਕਟਾਂ ਦੀਆਂ ਧਾਰਾਵਾਂ ਦੀ ਪਾਲਣਾ ਕਰਾਉਣ ਹਿੱਤ ਉਦਯੋਗਿਕ ਇਕਾਈਆਂ ਦੀਆਂ ਇੰਸਪੈਕਸ਼ਨਾਂ ਕਰਨਾ ਅਤੇ ਕੁਤਾਹੀ ਕਰਨ ਵਾਲੀਆਂ ਇਕਾਈਆਂ ਵਿਰੁੱਧ ਕਾਨੂੰਨਾਂ ਤਹਿਤ ਕੇਸ ਦਰਜ ਕਰਨਾ, ਆਦਿ ਸ਼ਾਮਲ ਹੈ। ਬੋਰਡ ਨੇ ਛੋਟੀਆਂ ਉਦਯੋਗਿਕ ਇਕਾਈਆਂ ਲਈ ਘੱਟ ਖਰਚ ਆਉਣ ਵਾਲੀ ਪ੍ਰਦੂਸ਼ਣ ਕੰਟਰੋਲ ਤਕਨੀਕ ਉਨਤ ਕਰਨ ਲਈ ਪੈਸਾ ਦਿੱਤਾ ਹੈ। ਉਦਯੋਗਿਕ ਸ਼ਹਿਰਾਂ ਵਿੱਚ ਵਾਤਾਵਰਣ ਦੀ ਹਵਾ ਦੀ ਕੁਆਲਟੀ ਜਾਂਚਣ ਲਈ ਸਟੇਸ਼ਨ ਸਥਾਪਿਤ ਕੀਤੇ ਹਨ। ਸਰਕਾਰ ਨੇ ਜ਼ੀਰੀ ਦੀ ਫੱਕ ਨੂੰ ਬਤੌਰ ਬਾਲਣ ਵਰਤਣ ਲਈ ਮਾਰਚ, 95 ਤੋਂ ਬਾਅਦ ਪਾਬੰਦੀ ਲਗਾਈ ਹੈ। ਬੋਰਡ ਪ੍ਰਦੂਸ਼ਣ ਸਬੰਧੀ ਲੋਕਾਂ ਨੂੰ ਆਮ ਤੌਰ ਤੇ ਅਤੇ ਉਦਯੋਗਾਂ ਨੂੰ ਖਾਸ ਤੌਰ ਤੇ ਜਾਣਕਾਰੀ ਦੇਣ ਲਈ ਜਨ ਜਾਗਰਨ ਦਾ ਪ੍ਰੋਗਰਾਮ ਚਲਾਉਂਦਾ ਰਿਹਾ ਹੈ।

(ਅ) ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ''ਦੀ ਵਾਟਰ ਐਂਡ ਕੰਟਰੋਲ ਪ੍ਰੀਵੈਨਸ਼ਨ ਆਫ ਪੋਲੂਸ਼ਨ) ਐਕਟ, 1974, ''ਦੀ ਏਅਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਪੋਲੂਸ਼ਨ) ਐਕਟ, 1981 ਅਧੀਨ ਸਾਲ 1993-94 ਵਿੱਚ 88 ਅਤੇ 1994-95 ਵਿੱਚ 150 ਕੇਸ ਰਜਿਸਟਰ ਕੀਤੇ। ਇਨ੍ਹਾਂ ਕੇਸਾਂ ਦਾ ਜ਼ਿਲ੍ਹੇਵਾਰ ਵੇਰਵਾ ਅਨੁਲੱਗ ਵਿੱਚ ਦਿੱਤਾ ਗਿਆ ਹੈ।

ਅਨੁਲੱਗ

ਪ੍ਰਦੂਸਣ ਕੰਟਰੋਲ ਐਕਟਾਂ ਅਧੀਨ ਸਾਲ 1993-94 ਅਤੇ 1994-95 ਦੌਰਾਨ ਰਜਿਸਟਰਡ ਕੀਤੇ ਕੇਸਾਂ ਦੀ ਜ਼ਿਲ੍ਹੇਵਾਰ ਗਿਣਤੀ :—

ਲੜੀ ਨੰ:	ਜ਼ਿਲ੍ਹੇ ਦਾ ਨਾਂ	1993-94		1994-95	
		ਵਾਟਰ ਐਕਟ	ਏਅਰ ਐਕਟ	ਵਾਟਰ ਐਕਟ	ਏਅਰ ਐਕਟ
1.	ਪਟਿਆਲਾ ..	1	0	2	4

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਲੜੀ ਨੰ:	ਜ਼ਿਲ੍ਹੇ ਦਾ ਨਾਂ	1993-94		1994-95	
		ਵਾਟਰ ਐਕਟ	ਏਅਰ ਐਕਟ	ਵਾਟਰ ਐਕਟ	ਏਅਰ ਐਕਟ
2.	ਸੰਗਰੂਰ ..	4	2	6	8
3.	ਮਾਨਸਾ ..	0	0	0	0
4.	ਬਠਿੰਡਾ ..	0	0	1	3
5.	ਫਰੀਦਕੋਟ ..	2	0	3	3
6.	ਫ਼ਿਰੋਜ਼ਪੁਰ	9	1	13	12
7.	ਰੋਪੜ ..	5	0	1	1
8.	ਲੁਧਿਆਣਾ ..	24	13	24	32
9.	ਜਲੰਧਰ ..	2	3	10	9
10.	ਕਪੂਰਥਲਾ ..	0	2	0	2
11.	ਹੁਸ਼ਿਆਰਪੁਰ ..	1	0	0	1
12.	ਅੰਮ੍ਰਿਤਸਰ ..	7	2	4	2
13.	ਗੁਰਦਾਸਪੁਰ ..	0	1	0	0
14.	ਫ਼ਤਿਹਗੜ੍ਹ ਸਾਹਿਬ ..	6	3	2	1
	ਕੁੱਲ =	61	27	72	78
	=	88		= 150	

UNSTARRED QUESTIONS AND ANSWERS

ਛੇਹਰਟਾ ਨੂੰ ਡਰਾਈਪੋਰਟ ਵਜੋਂ ਐਲਾਨ ਕਰਨਾ

403. **ਸ਼੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਮਿਤੀ 6 ਅਪਰੈਲ, 1994 ਲਈ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਅਨੁਪੂਰਕ ਸੂਚੀ (ਸੀ.ਯੂ.) ਵਿਚ "ਛੇਹਰਟਾ ਨੂੰ ਦਰਾਮਦ ਅਤੇ ਬਰਾਮਦ ਲਈ ਡਰਾਈ ਪੋਰਟ ਵਜੋਂ ਐਲਾਨ ਕਰਨ" ਸਬੰਧੀ ਦਰਜ ਨਿਸ਼ਾਨ ਵਾਲੇ ਪ੍ਰਸ਼ਨ ਨੰ: 1388 ਦੇ ਉੱਤਰ ਦੇ ਹਵਾਲੇ ਵਿਚ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਸਰਕਾਰ ਨੂੰ ਭਾਰਤ ਸਰਕਾਰ ਪਾਸੋਂ ਛੇਹਰਟਾ (ਅੰਮ੍ਰਿਤਸਰ) ਨੂੰ ਧਾਰੀਆਂ ਵਸਤਾਂ ਲਈ ਡਰਾਈਪੋਰਟ ਵਜੋਂ ਅਧਿਸੂਚਿਤ ਕਰਨ ਸਬੰਧੀ ਇਸ ਦੀ ਬਿਨੈ ਸਬੰਧੀ ਕੋਈ ਉੱਤਰ ਪ੍ਰਾਪਤ ਹੋਇਆ ਹੈ;

(ਅ) ਜੇਕਰ ਨਹੀਂ, ਤਾਂ ਭਾਰਤ ਸਰਕਾਰ ਦੁਆਰਾ ਇਸ ਸਬੰਧੀ ਫੈਸਲਾ

Original with;
Punjab Vidhan Sabha
Digitized by;
Panjab Digital Library

ਛੇਤੀ ਕਰਵਾਉਣ ਲਈ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਬੇਅੰਤ ਸਿੰਘ : (ੳ) ਹੁਣ ਖੁਸ਼ਕ ਬੰਦਰਗਾਹ ਛੇਹਰਟਾ ਸਾਰੀਆਂ ਵਾਸਤੂਆਂ ਦੇ ਨਿਰਯਾਤ ਕਰਨ ਲਈ ਭਾਰਤ ਸਰਕਾਰ ਵਲੋਂ ਕੇਸ ਤੋਂ ਕੇਸ ਦੇ ਆਧਾਰ ਤੇ ਅਧਿਸੂਚਿਤ ਕਰ ਦਿੱਤੀ ਗਈ ਹੈ । ਆਯਾਤ ਬਾਰੇ ਅਜੇ ਪ੍ਰਵਾਨਗੀ ਨਹੀਂ ਦਿੱਤੀ ਗਈ ।

(ਅ) ਖੁਸ਼ਕ ਬੰਦਰਗਾਹ ਛੇਹਰਟਾ ਨੂੰ ਕੇਸ ਤੋਂ ਕੇਸ ਦੇ ਆਧਾਰ ਦੀ ਬਜਾਏ ਸਾਰੀਆਂ ਵਾਸਤੂਆਂ ਦੇ ਨਿਰਯਾਤ ਅਤੇ ਆਯਾਤ ਲਈ ਅਧਿਸੂਚਤ ਕਰਨ ਲਈ ਪਰਜ਼ੋਰ ਕੋਸ਼ਿਸ਼ ਕੀਤੀ ਜਾ ਰਹੀ ਹੈ ।

ਇਸਤਰੀਆਂ ਲਈ ਪੰਜਾਬ ਰਾਜ ਕਮਿਸ਼ਨ

405. **ਸ਼੍ਰੀਮਤੀ ਵਿਮਲਾ ਡਾਂਗ** : ਕੀ ਸਮਾਜਿਕ ਸੁਰੱਖਿਆ ਅਤੇ ਇਸਤਰੀਆਂ ਅਤੇ ਬੱਚਿਆਂ ਦੇ ਵਿਕਾਸ ਦੇ ਰਾਜ ਮੰਤਰੀ 6 ਸਤੰਬਰ, 1994 ਲਈ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਅਨੁਪੂਰਕ ਸੂਚੀ ਵਿਚ "ਇਸਤਰੀਆਂ ਲਈ ਪੰਜਾਬ ਰਾਜ਼ ਕਮਿਸ਼ਨ ਨੂੰ ਪ੍ਰਾਪਤ ਹੋਈਆਂ ਸ਼ਿਕਾਇਤਾਂ" ਸਬੰਧੀ ਦਰਜ ਨਿਸ਼ਾਨ ਵਾਲੇ ਪ੍ਰਸ਼ਨ ਨੰ: 2075 ਦੇ ਉੱਤਰ ਦੇ ਹਵਾਲੇ ਵਿਚ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਉੱਤਰ ਵਿੱਚ ਵਰਣਿਤ 9 ਸ਼ਿਕਾਇਤਾਂ ਵਿਚ ਕਿਸੇ ਸ਼ਿਕਾਇਤ ਤੇ ਕੋਈ ਅੰਤਿਮ ਕਾਰਵਾਈ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਕਾਰਵਾਈ ਦੀ ਮਿਤੀ (ਮਿਤੀਆਂ) ਕੀ ਹਨ ਅਤੇ ਹਰ ਇਕ ਕੇਸ ਵਿਚ ਅੰਤਮ ਸਿਟੇ ਕੀ ਨਿਕਲੇ;

(ਅ) ਹਰ ਇਕ ਪੈਂਡਿੰਗ ਕੇਸ ਦੀ ਤਾਜ਼ਾ ਸਥਿਤੀ ਕੀ ਹੈ;

(ੲ) ਕਮਿਸ਼ਨ ਨੂੰ 9 ਅਗਸਤ, 1994 ਤੋਂ ਬਾਅਦ ਹੁਣ ਤੱਕ ਕਿੰਨੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਅਤੇ ਹਰ ਇਕ ਕੇਸ ਵਿਚ ਸ਼ਿਕਾਇਤ ਕਰਤਾ ਦੇ ਨਾਂ, ਹਰ ਇਕ ਦੇ ਪ੍ਰਾਪਤ ਹੋਣ ਦੀ ਮਿਤੀ, ਕਿਸਮ ਅਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਕੀ ਹਨ ?

ਚੌਧਰੀ ਜਗਜੀਤ ਸਿੰਘ : (ੳ) ਅਤੇ (ਅ) 9 ਸ਼ਿਕਾਇਤਾਂ ਤੇ ਜੋ ਕਾਰਵਾਈ ਕੀਤੀ ਗਈ ਹੈ ਉਸ ਬਾਰੇ ਤਾਜ਼ਾ ਸਥਿਤੀ ਅਨੁਲੱਗ ਭਾਗ-ਉ ਤੇ ਰੱਖੀ ਗਈ ਹੈ ।

(ਅ) 9 ਅਗਸਤ, 1994 ਤੋਂ ਬਾਅਦ ਹੁਣ ਤੱਕ ਜੋ 22 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ਉਨ੍ਹਾਂ ਦਾ ਵਿਸ਼ਵਾਰ ਅਨੁੱਲਗ ਭਾਗ- 'ਅ' ਤੇ ਦਿੱਤਾ ਗਿਆ ਹੈ ।

Original with;
Punjab Vidhan Sabha
Digitized by;
Panjab Digital Library

Original with: Punjab Vidhan Sabha
Digitized by: Panjab Digital Library

ਅਨੁਲੱਗ ੳ

ਹੁਣ ਦੀ ਪੈਡਿੰਗ ਕੇਸਾਂ ਦੀ ਸਥਿਤੀ ਦਾ ਵੇਰਵਾ

ਲੜੀ ਨੰ:	ਸ਼ਿਕਾਇਤ ਕਰਤਾ ਦਾ ਨਾਂ	ਸ਼ਿਕਾਇਤ ਦੀ ਕਿਸਮ	ਕੀਤੀ ਗਈ ਕਾਰਵਾਈ ਦਾ ਵੇਰਵਾ ।
1.	ਸ਼੍ਰੀ ਐਸ. ਕੇ ਗੁਪਤਾ ਅਤੇ ਸ਼੍ਰੀਮਤੀ ਸਨੇਹ ਗੁਪਤਾ, ਸਿਵਲ ਲਾਈਨਜ਼, ਲੁਧਿਆਣਾ ।	ਇਹ ਸ਼ਿਕਾਇਤ ਇਕ ਮ੍ਰਿਤਕ ਲੜਕੀ ਜਿਹਾ ਨਾਂ ਸ਼੍ਰੀਮਤੀ ਬੰਧਨਾ ਸੀ ਦੇ ਮਾ-ਬਾਪ ਵਲੋਂ ਕੀਤੀ ਗਈ ਹੈ, ਇਸ ਅਨੁਸਾਰ ਇਹ ਦੋਸ਼ ਹੈ ਕਿ ਲੜਕੀ ਦੇ ਸਹੁਰਿਆਂ ਦੇ ਉਸ ਨੂੰ ਜ਼ਿੰਦਾ ਜਲਾ ਦਿੱਤਾ ਸੀ । ਦੋਸ਼ੀ ਅਨੁਸਾਰ ਇਸ ਮੌਤ ਦਾ ਕਾਰਨ ਦਹੇਜ਼ ਦੱਸਿਆ ਗਿਆ ਹੈ ।	ਕਮਿਸ਼ਨ ਨੇ ਸ਼ਿਕਾਇਤ ਤੇ ਗੌਰ ਕਰਦਿਆਂ ਸੰਬੰਧਤ ਪੁਲਿਸ ਅਧਿਕਾਰੀ ਨੂੰ ਲੋੜੀਂਦੀ ਕਾਰਵਾਈ ਕਰਨ ਲਈ ਲਿਖਿਆ ਸੀ । ਅਗੋਂ ਸ਼ਿਕਾਇਤ ਨਹੀਂ ਮਿਲੀ ।
2.	ਸ਼੍ਰੀਮਤੀ ਆਰਜੀਤ ਕੌਰ, ਮਾਰਫਤ ਮੇਜ਼ਰ ਪਰਮਜੀਤ ਕੌਰ, ਆਦਰਸ਼ ਕਲੋਨੀ, ਪਟਿਆਲਾ ।	ਸਿਕਾਇਤਕਰਤਾ ਨੇ ਦੋਸ਼ ਲਗਾਇਆ ਹੈ ਕਿ ਉਸ ਦਾ ਪਤੀ ਸ਼੍ਰੀ ਰੁਪਿੰਦਰ ਸਿੰਘ ਪੁੱਤਰ ਸ਼੍ਰੀ ਮਹਿੰਦਰ ਸਿੰਘ ਨੇ ਆਪਣੀ ਪਹਿਲੀ ਪਤਨੀ ਨੂੰ ਤਲਾਕ ਦਿੱਤੇ ਬਿਨਾ ਉਸ ਨਾਲ ਸ਼ਾਦੀ ਕੀਤੀ ਸੀ । ਬਾਅਦ ਵਿਚ ਉਸ ਨੂੰ ਇਸ ਕਥਿਤ ਗੈਰ-ਕਾਨੂੰਨੀ	ਕਾਰਵਾਈ ਕੀਤੀ ਗਈ ਅਤੇ ਸ਼ਿਕਾਇਤ-ਕਰਤਾ ਦੀ ਤਸੱਲੀ ਪਾਈ ਗਈ ।

Original with:
Punjab Vidhan Sabha
Digitized by:
Panjab Digital Library

ਧੋਖਾਧੜੀ ਦੀ ਗੱਲ ਦਾ ਪਤਾ ਲਗਿਆ, ਜਿਸ ਦੇ ਫਲਸਰੂਪ ਸ਼ਾਦੀ ਟੁੱਟ ਗਈ। ਸ਼ਿਕਾਇਤਕਰਤਾ ਨੇ ਬੇਨਤੀ ਕੀਤੀ ਹੈ ਕਿ ਉਸ ਨੂੰ ਜਾਇਦਾਦ ਦੇ ਹੱਕ ਅਤੇ ਇਸਤਰੀ ਧੰਨ ਦਿਵਾਏ ਜਾਣ ਅਤੇ ਉਸਦੇ ਪਤੀ ਅਤੇ ਸਹੁਰਿਆਂ ਵਿਰੁੱਧ ਲੋੜੀਂਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

3. ਸ੍ਰੀਮਤੀ ਅਮਰਜੀਤ ਕੌਰ, ਪਤਨੀ ਸ਼੍ਰੀ ਜਗਜੀਤ ਸਿੰਘ ਪਿੰਡ ਦਲਦੀ, ਤਹਿ: ਨਾਭਾ, ਜ਼ਿਲ੍ਹਾ ਪਟਿਆਲਾ।
ਸ਼੍ਰੀ ਜਗਜੀਤ ਸਿੰਘ, ਪੁੱਤਰ ਸ਼੍ਰੀ ਸੇਵਾ ਸਿੰਘ ਪਿੰਡ ਦੁਲਦੀ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ।
ਪਿੰਡ ਦੀ ਪੰਚਾਇਤ ਨੇ ਦੋਸ਼ ਲਾਉਣ ਵਾਲਿਆਂ ਦੀ ਅਰਜ਼ੀ ਤੇ ਜ਼ੋਰਦਾਰ ਹਮਾਇਤ ਅਤੇ ਸਿਫਾਰਸ਼ ਕੀਤੀ ਸੀ।

ਇਹ ਸ਼ਿਕਾਇਤ ਸ਼ਿਕਾਇਤਕਰਤਾ ਦੀ ਨੂੰਹ ਵਲੋਂ ਉਸ ਦੇ ਨਜ਼ਾਇਜ਼ ਸੰਬੰਧਾਂ ਵਾਲੇ ਆਦਮੀ ਨਾਲ ਮਿਲਕੇ ਫੌਜਦਾਰੀ ਨਿਯਤ ਨਾਲ ਬਦਸਲੂਕੀ ਕਰਨ ਨਾਲ ਸੰਬੰਧ ਰਖਦੀ ਹੈ। ਇਹ ਵੀ ਦੋਸ਼ ਲਗਾਇਆ ਹੈ ਕਿ ਸਥਾਨਕ ਪੁਲਿਸ ਅਤੇ ਜ਼ਿਲਾ ਵੂਮੈਨ ਪੁਲਿਸ ਸੈਲ ਦੀ ਸ਼ਿਕਾਇਤਕਰਤਾ ਪਾਰਟੀ ਨੂੰ ਪ੍ਰੇਸ਼ਾਨ ਕਰ ਰਿਹਾ ਹੈ, ਜਦੋਂ ਕਿ ਹੇਠਲੀ ਅਦਾਲਤ ਦੇ ਫੈਸਲੇ, ਜਿਸ ਅਨੁਸਾਰ ਕਿ ਸ਼ਿਕਾਇਤ ਕਰਤਾ ਦੇ ਹੱਕ ਵਿਚ ਫੈਸਲਾ ਹੋ ਗਿਆ ਹੈ, ਦੇ ਵਿਰੁੱਧ ਹਾਈ ਕੋਰਟ ਵਿਚ ਅਪੀਲ ਲੰਬਿਤ ਹੈ।

ਕਮਿਸ਼ਨਰ ਦੇ ਚੇਅਰਪਰਸ਼ਨ ਨੇ ਸ਼ਿਕਾਇਤ-ਕਰਤਾ ਨੂੰ ਮੌਕੇ ਤੇ ਜਾ ਕੇ ਸੁਣਵਾਈ ਕੀਤੀ ਕਿਉਂ ਜੋ ਉਹ ਅਪੰਗ ਹੋਣ ਕਾਰਣ ਕਮਿਸ਼ਨ ਦਫ਼ਤਰ ਵਿਚ ਨਹੀਂ ਆ ਸਕਦੀ ਸੀ। ਸ਼ਿਕਾਇਤਕਰਤਾ ਅਤੇ ਪੰਚਾਇਤ ਨਾਲ ਗੱਲਬਾਤ ਕਰਦਿਆਂ ਭਰੋਸਾ ਦਿਵਾਇਆ ਗਿਆ ਕਿ ਪੁਲਿਸ ਉਨ੍ਹਾਂ ਨੂੰ ਪ੍ਰੇਸ਼ਾਨ ਨਹੀਂ ਕਰੇਗੀ। ਇਸ ਸੰਬੰਧ ਵਿਚ ਪੁਲਿਸ ਵਿਭਾਗ ਨੂੰ ਲੋੜੀਂਦੀ ਹਦਾਇਤ ਕਰ ਦਿੱਤੀ ਗਈ। ਸ਼ਿਕਾਇਤਕਰਤਾ ਨੂੰ ਪੂਰੀ ਤਸੱਲੀ ਹੋ ਗਈ।

4. ਸ੍ਰੀਮਤੀ ਬਲਵਿੰਦਰ ਕੌਰ, ਵਿਧਵਾ ਸ਼੍ਰੀ ਗੁਰਜੰਟ ਸਿੰਘ, ਪੁਲਿਸ ਹੈਡ ਕਾਂਸਟੇਬਲ, ਪਿੰਡ ਰੁੜਕੀ

ਇਹ ਸ਼ਿਕਾਇਤ ਸ਼ਿਕਾਇਤ-ਕਰਤਾ ਦੇ ਸਹੁਰਿਆਂ ਵਲੋਂ ਕਥਿਤ ਜ਼ੁਲਮ ਬਾਰੇ

ਸਬੰਧਤ ਪੁਲਿਸ ਅਧਿਕਾਰੀ ਨੂੰ ਕਿਹਾ ਗਿਆ ਕਿ ਉਹ ਸ਼ਿਕਾਇਤ ਕਰਤਾ ਨੂੰ ਇਨਸਾਫ

ਲੜੀ ਨੰ:	ਸ਼ਿਕਾਇਤ ਕਰਤਾ ਦਾ ਨਾਂ	ਸ਼ਿਕਾਇਤ ਦੀ ਕਿਸਮ	ਕੀਤੀ ਗਈ ਸਾਰੀ ਕਾਰਵਾਈ ਦਾ ਵੇਰਵਾ ।
	ਕਲਾਂ, ਤਹਿਸੀਲ ਮਲੇਰਕੋਟਲਾ, ਹੁਣ ਵਾਸੀ ਅਜ਼ਾਦ ਨਗਰ, ਨੰਦੀ ਕਲੌਨੀ, ਖੰਨਾ ।	ਅਤੇ ਸਬੰਧਤ ਪੁਲਿਸ ਅਧਿਕਾਰੀਆਂ ਹਥੋਂ ਨਿਰਣਾ ਮਿਲਣ ਲਈ ਕੀਤੀ ਗਈ ਹੈ ।	ਦੇਣ ਅਤੇ ਕੇਸ ਸੰਬੰਧੀ ਲੋੜੀਂਦੀ ਕਾਰਵਾਈ ਕਰਦੇ ਹੋਏ ਉਸਨੂੰ ਪ੍ਰੇਸ਼ਾਨੀ ਤੋਂ ਮੁਕਤ ਕਰੇ ਅਤੇ ਸਹੁਰਿਆਂ ਤੋਂ ਜ਼ਾਇਦਾਦ ਅਤੇ ਪਤੀ ਦੀ ਮੌਤ ਕਾਰਣ ਸਰਕਾਰ ਪਾਸੋਂ ਸੇਵਾ ਸੰਬੰਧੀ ਵਿੱਤੀ ਲਾਭ ਪ੍ਰਾਪਤ ਕਰ ਸਕੇ । ਪੁਲਿਸ ਦੀ ਰਿਪੋਰਟ ਵਿਚ ਇਸ ਕੇਸ ਬਾਰੇ ਸ਼ਿਕਾਇਤਕਰਤਾ ਸਬੰਧੀ ਚਿੱਤੇ ਕਥਨ ਮੇਲ ਨਹੀਂ ਖਾ ਰਹੇ ਜੋ ਪੜਤਾਲ ਅਧੀਨ ਹਨ । ਸ਼ਿਕਾਇਤ-ਕਰਤਾ ਨੇ ਕਮਿਸ਼ਨ ਪਾਸ ਪਹੰਚ ਨਹੀਂ ਕੀਤੀ ।
5.	ਸ੍ਰੀ ਗੁਰਚਰਨ ਸਿੰਘ, ਪ੍ਰਧਾਨ, ਤਹਿਸੀਲ ਹਵੀਦਾਸ ਸਭਾ, ਨਾਭਾ ।	ਜ਼ਿਲ੍ਹਾ ਸਮਾਜ ਭਲਾਈ ਅਫਸਰ, ਪਟਿਆਲਾ ਦੇ ਵਿਰੁੱਧ ਉਸ ਦੇ ਵਤੀਰੇ ਅਤੇ ਆਚਹਣ ਵਿਰੁੱਧ ਇਕ ਲਿਖਤੀ ਸ਼ਿਕਾਇਤ ਪ੍ਰਾਪਤ ਹੋਈ ਹੈ । ਆਦਮੀ ਅਤੇ ਔਹਤਾਂ ਦਾ ਇਹ ਡੈਪੂਟੇਸ਼ਨ ਕਮਿਸਨ ਦੇ ਚੇਅਰਪਰਸ਼ਨ ਨੂੰ ਮਿਲਿਆ ।	ਕਮਿਸਨ ਦੇ ਚੇਅਰਪਹਸ਼ਨ ਨੇ ਦੋਹਾਂ ਧਿਰਾਂ ਨੂੰ ਸੁਣਿਆ ਅਤੇ ਉਨ੍ਹਾਂ ਦੀ ਪੂਰੀ ਤਸੱਲੀ ਹੋ ਗਈ । ਸਬੰਧਤ ਅਧਿਕਾਰੀ ਨੂੰ ਭਵਿਖ ਵਿਚ ਲੋੜਵੰਦ ਬਿਰਧ ਇਸਤ੍ਰੀਆਂ ਨਾਲ ਧਿਆਨ ਪੂਰਵਕ ਵਰਤਾਉ ਕਰਨ ਲਈ ਕਿਹਾ ਗਿਆ

Original with: Punjab Vidhan Sabha
Digitized by: Panjab Digital Library

Original with:
Punjab Vidhan Sabha
Digitized by:
Panjab Digital Library

			ਇਸ ਗਲ ਦੀ ਵੀ ਪੁਸ਼ਟੀ ਕੀਤੀ ਗਈ ਕਿ ਪੈਨਸ਼ਨ ਨਾਲ ਸੰਬੰਧਤ ਸਾਰੇ ਕੇਸਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ।
6.	ਸ੍ਰੀਮਤੀ ਕੰਚਨ ਚੌਪੜਾ, ਪਤਨੀ ਸ੍ਰੀ ਐਸ. ਕੇ. ਚੌਪੜਾ, ਕੈਟਰ-ਮਾਟਰ ਟੈਲਰਿੰਗ ਸੈਕਸ਼ਨ, ਪੰਜਾਬ ਵੂਮਨ ਐਂਡ ਚਾਈਲਡ ਡਿਵੈਲਪਮੈਂਟ ਕਾਰਪੋਰੇਸ਼ਨ ।	ਸ੍ਰੀਮਤੀ ਕੰਚਨ ਚੌਖਾ ਨੇ ਕਮਿਸ਼ਨ ਅੱਗੇ ਪੇਸ਼ ਹੋ ਕੇ ਲਿਖਤੀ ਰੂਪ ਵਿਚ ਸ਼ਿਕਾਇਤ ਕੀਤੀ ਕਿ ਉਸ ਦਾ ਪਤੀ ਸ਼ਰਾਬ ਦੇ ਨਸ਼ੇ ਵਿਚ ਉਸ ਨਾਲ ਅਤੇ ਉਸਦੇ ਬੱਚਿਆਂ ਨਾਲ ਬੇ-ਰਹਿਮੀ ਅਤੇ ਸਖਤੀ ਨਾਲ ਵਰਤਦਾ ਹੈ, ਜਿਸ ਕਾਰਣ ਉਨ੍ਹਾਂ ਦੀ ਜ਼ਿੰਦਗੀ ਖਤਰੇ ਵਿਚ ਹੈ ਅਤੇ ਉਸਦਾ ਭਵਿਖ ਵੀ ਸੁਰਖਿਅਤ ਨਹੀਂ ਹੈ ।	ਸ਼ਿਕਾਇਤ ਕਰਤਾ ਅਤੇ ਉਸ ਦੇ ਪਤੀ ਨਾਲ ਗਲਬਾਤ ਕਰਨ ਉਪਰੰਤ ਉਸ ਦੇ ਪਤੀ ਵਲੋਂ ਇਹ ਵਿਸ਼ਵਾਸ਼ ਦਿਵਾਉਣ ਤੇ ਕਿ ਉਹ ਅਗੋਂ ਤੋਂ ਕੋਈ ਮਾੜਾ ਵਿਵਹਾਰ ਨਹੀਂ ਕਰੇਗਾ । ਇਸ ਸਬੰਧੀ ਦੋਹਾਂ ਵਲੋਂ ਰਾਜ਼ੀਨਾਮਾ ਹੋਣ ਬਾਰੇ ਕਮਿਸ਼ਨ ਨੂੰ ਲਿਖਤੀ ਦੀ ਦਿੱਤਾ ਹੈ । ਇਸ ਕੇਸ ਵਿਚ ਦੋਵੇਂ ਧਿਰਾਂ ਦੀ ਦੀ ਤਸੱਲੀ ਹੋ ਗਈ ।
7.	ਸ੍ਰੀਮਤੀ ਪ੍ਰਕਾਸ਼ ਕੌਰ, ਸੋਸ਼ਲ ਵਰਕਰ, ਮੁਲਾਂਪੁਰ ਜ਼ਿਲ੍ਹਾ ਲੁਧਿਆਣਾ ।	ਇਹ ਸ਼ਿਕਾਇਤ ਸ੍ਰੀ ਰੁਪਿੰਦਰਜੀਤ ਸਿੰਘ, ਪ੍ਰੋਜੈਕਟ ਅਫਸਰ, ਪਨਵੈਕ, ਲੁਧਿਆਣਾ ਦੇ ਵਿਰੁਧ ਹੈ । ਸਿਕਾਇਤਕਰਤਾ ਨੇ ਇਹ ਦੋਸ਼ ਲਗਾਇਆ ਹੈ ਕਿ ਪ੍ਰੋਜੈਕਟ ਅਫਸਰ ਨੇ ਮੁਲਾਂਪੁਰ ਦਾਖਾਂ ਵਿਖੇ ਪਨਵੈਕ ਦੀਆਂ ਮਹਿਲਾਵਾਂ ਦੇ ਸਟਾਈਫੰਡ ਹੜਪ ਕਰ ਲਏ ਹਨ । ਪ੍ਰੋਜੈਕਟ ਅਫਸਰ ਨੇ ਕਾਰਪੋਰੇਸ਼ਨ ਦੀ ਮਸ਼ੀਨਰੀ ਆਪਣੇ ਵਿੱਤੀ ਲਾਭਾਂ ਵਾਸਤੇ	ਪ੍ਰਬੰਧਕ ਨਿਰਦੇਸ਼ਕ, ਪਨਵੈਕ ਨੂੰ ਚਿਤਾਵਨੀ ਪੱਤਰ ਮਿਤੀ 7.10.94 ਨੂੰ ਲਿਖਿਆ ਗਿਆ ਅਤੇ ਇਸ ਮਗਰੋਂ ਵੀ ਉਸ ਨੂੰ ਇਸ ਕੇਸ ਸੰਬਧੀ ਕੀਤੀ ਗਈ ਕਾਰਵਾਈ ਬਾਰੇ ਕਮਿਸ਼ਨ ਨੂੰ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਹੈ ।

ਲੜੀ ਨੰ:	ਸ਼ਿਕਾਇਤ ਕਰਤਾ ਦਾ ਨਾਂ	ਸ਼ਿਕਾਇਤ ਦੀ ਕਿਸਮ	ਕੀਤੀ ਗਈ ਕਾਰਵਾਈ ਦਾ ਵੇਰਵਾ ।
		ਕਿਰਾਏ ਤੇ ਦਿੱਤੀ ਹੋਈ ਹੈ । ਪੁਲਿਸ ਵਿਭਾਗ ਨੂੰ ਜਿਹੜੀਆਂ-ਜਰਸੀਆਂ ਸਪਲਾਈ, ਕੀਤੀਆਂ ਹਨ, ਉਹ ਵੀ ਯੋਗ ਨਹੀਂ ਹਨ ।	
8.	ਸਰਵਸ਼੍ਰੀ ਪੰਨਾ ਸਿੰਘ, ਪੰਨਾ ਸਿੰਘ ਮਕਾਨ ਨੰ: 29/2' ਪਿੰਡ ਗਿਲ, ਲੁਧਿਆਣਾ ।	ਇਹ ਸ਼ਿਕਾਇਤ ਸ਼੍ਰੀ ਰੁਪਿੰਦਰਜੀਤ ਸਿੰਘ, ਪ੍ਰੋਜੈਕਟ ਅਫਸਰ ਪਨਵੈਕ ਲੁਧਿਆਣਾ ਦੇ ਵਿਰੁੱਧ ਸ਼੍ਰੀਮਤੀ ਬਲਵੀਰ ਕੌਰ ਜੋ ਕਿ ਕਾਰਪੋਰੇਸ਼ਨ ਵਿਚ ਬਤੌਰ ਹੈਲਪਰ ਕੰਮ ਕਰਦੀ ਹੈ, ਦੇ ਨਾਲ ਬਦਸਲੂਕੀ ਕਰਨ ਦੇ ਸਬੰਧ ਵਿਚ ਹੈ ਪ੍ਰੋਜੈਕਟ ਅਫਸਰ ਦੀ ਵਿਰੁਧ ਰਿਸ਼ਵਤਖੋਰੀ ਅਤੇ ਆਪਣੀ ਤਾਕਤਾਂ ਦਾ ਦੁਰ-ਉਪਯੋਗ ਕਰਨ ਦੇ ਦੋਸ਼ ਵੀ ਹਨ ।	— ਉਕਤ—
9.	ਸ਼੍ਰੀਮਤੀ ਬਲਬੀਰ ਕੌਰ, ਵਿਧਵਾ ਸ਼੍ਰੀ ਜੋਗਿੰਦਰ ਸਿੰਘ, ਮਕਾਨ ਨੰ: ਐਲ. ਆਈ. ਸੀ. 417. ਹਾਊਸਿੰਗ ਬੋਰਡ ਕਲੋਨੀ, ਲੁਧਿਆਣਾ ।	ਇਹ ਸ਼ਿਕਾਇਤ ਸ਼੍ਰੀਮਤੀ ਬਲਬੀਰ ਕੌਰ ਜੋ ਮੁਲਾਂਪੁਰ ਦਾਖਾ ਵਿਖੇ ਪਨਵੈਕ ਦੇ ਟੈਲਰਿੰਗ ਸ਼ੈਕਸ਼ਨ ਵਿਚ ਬਤੌਰ ਹੈਲਪਰ ਕੰਮ ਕਰਦੀ ਹੈ, ਦੀਆਂ ਸੇਵਾਵਾਂ ਸਮਾਪਤ	ਪ੍ਰਬੰਧਕ ਨਿਰਦੇਸ਼ਕ, ਪਨਵੈਕ ਨੂੰ ਚਿਤਾਵਨੀ ਪੱਤਰ ਮਿਤੀ 7.10.94 ਨੂੰ ਲਿਖਿਆ ਗਿਆ ਅਤੇ ਇਸ ਮਗਰੋਂ ਵੀ ਉਸਨੂੰ ਇਸ ਕੇਸ ਸੰਬੰਧੀ ਕੀਤੀ ਗਈ ਕਾਰਵਾਈ

Original with: Punjab Vidhan Sabha
Digitized by: Panjab Digital Library

ਬਾਰੇ ਰਾਜ ਸਰਕਾਰ ਨੂੰ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਹੈ ।

ਕੀ ਇਹ ਸੱਚ ਹੈ ਕਿ ਸਿਕੰਦਰਾਬਾਦ ਤੋਂ ਫਿਰੋਜ਼ਪੁਰ ਤੱਕ ਚੱਲਣ ਵਾਲੀ ਰੇਲ ਗੱਡੀ ਨੰ: 4 ਡਾਊਨ ਨੂੰ ਫਿਰੋਜ਼ਪੁਰ ਛਾਉਣੀ ਵਿਖੇ ਰੋਕਣ ਲਈ ਕੋਈ ਸਟਾਪ ਨਹੀਂ ਹੈ ਅਤੇ ਇਸ ਕਾਰਨ ਫਿਰੋਜ਼ਪੁਰ ਛਾਉਣੀ ਦੇ ਯਾਤਰੀਆਂ ਨੂੰ ਬਹੁਤ ਮੁਸ਼ਕਲ ਆਉਂਦੀ ਹੈ ;

ਜੇਕਰ ਨਹੀਂ ਤਾਂ ਕੀ ਸਰਕਾਰ ਇਸ ਗੱਡੀ ਨੂੰ ਫਿਰੋਜ਼ਪੁਰ ਛਾਉਣੀ ਵਿਖੇ ਰੋਕਣ ਲਈ ਸਟਾਪ ਦੇਣ ਬਾਰੇ ਵਿਚਾਰ ਕਰੇਗੀ ?

ਸ੍ਰੀ ਦਰਸ਼ਨ ਸਿੰਘ, ਪ੍ਰਮੋਟਰ ਅਫਸਰ, ਪਾਰਟੀਆਂ ਨੂੰ ਵਿਚਾਰ ਦੇਣ ਲਈ ਕੀਤੇ ਗਏ ਪ੍ਰਬੰਧ :

ਕੀ ਮਾਣਯੋਗ ਮੰਤਰੀ ਇਹ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਉਨ੍ਹਾਂ ਨੇ ਆਪਣੇ ਵਿਭਾਗ ਦੀਆਂ ਕਿਹੜੀਆਂ ਸਕੀਮਾਂ ਬਾਰੇ ਵਿਚਾਰ ਦੇਣ ਲਈ ਪਾਰਟੀਆਂ ਨੂੰ ਸੱਦਾ ਪੱਤਰ ਭੇਜੇ ਹਨ ?

ਸ੍ਰੀ ਦਰਸ਼ਨ ਸਿੰਘ, ਪ੍ਰਮੋਟਰ ਅਫਸਰ, ਪਾਰਟੀਆਂ ਨੂੰ ਵਿਚਾਰ ਦੇਣ ਲਈ ਕੀਤੇ ਗਏ ਪ੍ਰਬੰਧ :

ਕੀ ਮਾਣਯੋਗ ਮੰਤਰੀ ਇਹ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਉਨ੍ਹਾਂ ਨੇ ਆਪਣੇ ਵਿਭਾਗ ਦੀਆਂ ਕਿਹੜੀਆਂ ਸਕੀਮਾਂ ਬਾਰੇ ਵਿਚਾਰ ਦੇਣ ਲਈ ਪਾਰਟੀਆਂ ਨੂੰ ਸੱਦਾ ਪੱਤਰ ਭੇਜੇ ਹਨ ?

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:

ਅਨੁਲਗ-ਅ

ਸ਼ਿਕਾਇਤਾਂ ਦੀ ਗਿਣਤੀ ਜਿਹੜੀਆਂ ਮਿਤੀ 9.8.94 ਤੋਂ ਬਾਅਦ ਕਮਿਸ਼ਨ ਵਿੱਚ ਪ੍ਰਾਪਤ ਹੋਈਆਂ ਅੱਜ ਤੱਕ

ਲੜੀ ਨੰ:	ਸ਼ਿਕਾਇਤ ਕਰਤਾ ਦਾ ਨਾਮ	ਪ੍ਰਾਪਤ ਹੋਣ ਦੀ ਮਿਤੀ	ਸ਼ਿਕਾਇਤ ਦੀ ਕਿਸਮ	ਕੀਤੀ ਗਈ ਕਾਰਵਾਈ
1.	ਮਿਸਜ਼ ਸੁਖਪਾਲ ਕੌਰ ਪਤਨੀ ਸੰਤ ਪੂਰਨ ਸਿੰਘ ਪਿੰਡ ਮੌਲੀ ਬੰਦਵਾਨ ਤਹਿਸੀਲ ਖਰੜ, ਜ਼ਿਲ੍ਹਾ ਰੋਪੜ ।	30-11-94	ਸ੍ਰੀ ਜਗਨ ਨਾਥ ਅਤੇ ਹੋਰਨਾਂ ਵਲੋਂ ਸ਼ਿਕਾਇਤ ਕਰਤਾ ਨਾਲ ਦੁਰ ਵਿਹਾਰ ਕਰਨ ਸਬੰਧੀ ।	ਸਬੰਧਤ ਐਸ. ਐਚ· ਓ. ਹਾਜ਼ਰ ਹੋਇਆ ਤੇ ਉਸ ਨੂੰ ਹਦਾਇਤ ਕੀਤੀ ਗਈ ਕਿ ਸ਼ਕਾਇਤ ਕਰਤਾ ਨੂੰ ਕਥਿਤ ਦੋਸ਼ੀਆਂ ਤੋਂ ਸੁਰਖਿਅਤਾ ਦਿਤੀ ਜਾਵੇ ਤੇ ਲੋੜੀਂਦੀ ਕਾਰਵਾਈ ਕੀਤੀ ਜਾਵੇ । ਇਸ ਤੇ ਸ਼ਿਕਾਇਤ ਕਰਤਾ ਨੇ ਤਸੱਲੀ ਪ੍ਰਗਟਾਈ । ਅੱਗੇ ਕੋਈ ਸ਼ਿਕਾਇਤ ਸਾਹਮਣੇ ਨਹੀਂ ਆਈ ।
2.	ਸ੍ਰੀਮਤੀ ਮਧੂ ਕਰਮਚਾਰੀ ਐਨ. ਐਸ. ਐਸ, ਚੰਡੀਗੜ੍ਹ ।	11/1994	ਸ਼ਿਕਾਇਤ ਕਰਤਾ ਨੇ ਦੱਸਿਆ ਕਿ ਉਸ ਦਾ ਪਤੀ ਜਿਹੜਾ ਮੈਡੀਕਲ ਆਫੀਸਰ ਹੈ ਨੇ ਉਸ ਨੂੰ ਘਰੋਂ ਕੱਢ ਦਿੱਤਾ ਹੈ ਅਤੇ ਉਸ ਨੇ ਹੋਰ ਪਤਨੀ ਰੱਖੀ ਹੋਈ ਹੈ ਤੇ ਉਸ ਨਾਲ ਬਦਸਲੂਕੀ ਤੇ	ਸ਼ਕਾਇਤ ਕਰਤਾ ਦੀ ਸੁਣਵਾਈ ਅਤੇ ਅਸਲੀਅਤ ਦੀ ਵੈਰੀਫੀਕੇਸ਼ਨ ਤੋਂ ਬਾਅਦ ਪੁਲਿਸ ਮੁੱਖੀ ਗੁਰਦਾਸਪੁਰ ਨੂੰ ਤੁਰੰਤ ਕਾਰਵਾਈ ਕਰਕੇ ਸ਼ਿਕਾਇਤ ਕਰਤਾ ਨੂੰ ਸੁਰਖਿਆ ਪ੍ਰਦਾਨ ਕੀਤੀ ਜਾਵੇ । ਕਾਰਵਾਈ ਕੀਤੀ ਜਾ ਰਹੀ ਹੈ ।

Original with:
Punjab Vidhan Sabha
Digitized by:

			ਨਾ ਸਮਾਜਿਕ ਸਲੂਕ ਕਰਦਾ ਹੈ ਉਸ ਨੇ ਬੇਨਤੀ ਕੀਤੀ ਹੈ ਕਿ ਉਸ ਨੂੰ ਅਤੇ ਉਸ ਤੇ ਬੱਚੇ ਨੂੰ ਭਵਿੱਖ ਵਿੱਚ ਸੁਰੱਖਿਅਤਾ ਪਰਦਾਨ ਕੀਤੀ ਜਾਵੇ ।	ਅਤੇ ਕੁਝ ਦੋਸ਼ੀ ਪਕੜੇ ਜਾਣ ਲਈ ਕਾਰਵਾਈ ਕੀਤੀ ਜਾ ਰਹੀ ਹੈ ।
3.	ਸ੍ਰੀਮਤੀ ਰਜਨੀ ਬਾਲਾ ਪੁੱਤਰੀ ਹੰਸ ਰਾਜ, ਮਹੱਲਾ ਕੁੰਗੜੀਆਂ ਵਾਲਾ ਸਾਹਮਣੇ ਅਗਰਵਾਲ ਧਰਮਸ਼ਾਲਾ, ਨਾਭਾ ਜ਼ਿਲ੍ਹਾ, ਪਟਿਆਲਾ ।	25-11-94	ਸ਼ਿਕਾਇਤ ਕਰਤਾ ਨੇ ਦੋਸ਼ ਲਗਾਇਆ ਹੈ ਕਿ ਉਸ ਦਾ ਪਤੀ, ਸੁਹਰਾ ਅਤੇ ਨਣਦਾਂ ਉਸ ਨੂੰ ਮਾਨਸਿਕ ਅਤੇ ਸਰੀਰਕ ਤੌਰ ਤੇ ਤੰਗ ਕਰ ਰਹੇ ਹਨ । ਉਸ ਨੇ ਸੁਰੱਖਿਆ ਮੰਗੀ ਹੈ ।	ਸ਼ਕਾਇਤ ਨੂੰ ਕਮਿਸ਼ਨ ਦਫਤਰ ਵਿਚ ਵਿਚਾਰਿਆ ਗਿਆ ਤੇ ਕਥਿਤ ਦੋਸ਼ੀਆਂ ਨੂੰ ਦੋ ਵਾਰ ਪੇਸ਼ੀ ਲਈ ਬੁਲਾਇਆ ਗਿਆ, ਪਰੰਤੂ ਉਹ ਪੇਸ਼ੀ ਤੇ ਨਹੀਂ ਆਏ ਫਲਸਰੂਪ ਹੁਣ 13.3.95 ਨੂੰ ਪੁਲਿਸ ਦੀ ਸਹਾਇਤਾ ਨਾਲ ਬੁਲਾਇਆ ਗਿਆ ਹੈ ।
4.	ਸ੍ਰੀਮਤੀ ਜਸਪਾਲ ਕੌਰ ਪੁੱਤਰੀ ਪ੍ਰੀਤਮ ਸਿੰਘ ਅਜ਼ਾਦ ਸਤਿਆ ਨਿਵਾਸ, ਸੈਂਟਰਲ ਟਾਊਨ, ਫਗਵਾੜਾ ਜ਼ਿਲਾ ਕਪੂਰਥੱਲਾ ।	20-12-94	ਸ਼ਕਾਇਤ ਕਰਤਾ ਨੇ ਕਮਿਸ਼ਨ ਨੂੰ ਲਿਖਤੀ ਰੂਪ ਵਿੱਚ ਸ਼ਕਾਇਤ ਕੀਤੀ ਹੈ ਕਿ ਉਸ ਦਾ ਪਤੀ ਅਤੇ ਦੋ ਨਣਦਾਂ ਤੰਗ ਕਰ ਰਹੀਆਂ ਹਨ । ਸ਼ਕਾਇਤ ਕਰਤਾ ਨੇ ਬੇਨਤੀ ਕੀਤੀ ਹੈ ਕਿ ਉਸ ਨੂੰ ਸੁਰੱਖਿਅਤ ਸ਼ਾਤੀ ਅਤੇ ਮਨੁੱਖੀ ਅਧਿਕਾਰਾਂ ਹੇਠ ਜਿਉਣ ਵਿੱਚ ਮਦੱਦ ਕੀਤੀ ਜਾਵੇ ।	ਸੀਨੀਅਰ ਸੁਪਰਡੰਟ ਆਫ ਪੁਲਿਸ ਕਪੂਰਥਲਾ ਨੂੰ ਕਿਹਾ ਗਿਆ ਹੈ ਕਿ ਸ਼ਕਾਇਤ ਕਰਤਾ ਨੂੰ ਪੂਰਨ ਸੁਰੱਖਿਆ ਦਿੱਤੀ ਜਾਵੇ ਅਤੇ ਲੋੜੀਂਦੀ ਕਾਰਵਾਈ ਕੀਤੀ ਜਾਵੇ ।

Original with:
Punjab Vidhan Sabha
Digitized by:
Panjab Digital Library

ਲੜੀ ਨੰ:	ਸ਼ਿਕਾਇਤ ਕਰਤਾ ਦਾ ਨਾਮ	ਪ੍ਰਾਪਤ ਹੋਣ ਦੀ ਮਿਤੀ	ਸ਼ਿਕਾਇਤ ਦੀ ਕਿਸਮ	ਕੀਤੀ ਗਈ ਕਾਰਵਾਈ
5.	ਸ਼੍ਰੀਮਤੀ ਕਰਿਸ਼ਨਾ ਕੁਮਾਰੀ ਸੈਣੀ ਪਤਨੀ ਸ਼੍ਰੀ ਹਰਿੰਦਰ ਪ੍ਰਕਾਸ਼, ਮਕਾਨ ਨੰ: ਐਕਸ. ਐਲ. ਆਈ/ 159. ਰਤਨ ਪੁਰਾ ਗਲੀ ਨੰ: 19, ਨਿਊ ਮਾਡਲ ਟਾਊਨ ਫਗਵਾੜਾ, ਜ਼ਿਲ੍ਹਾ ਕਪੂਰਥੱਲਾ ।	20-12-94	ਸ਼ਕਾਇਤ ਕਰਤਾ ਨੇ ਲਿਖਿਆ ਹੈ ਕਿ ਕੁਝ ਅਨਸਰਾਂ ਵਲੋਂ ਉਸ ਦੀ ਲੜਕੀ ਜਿਹੜੀ ਗ੍ਰੈਜੂਏਟ ਅਤੇ ਅਥਲੀਟ ਹੈ ਨੂੰ ਸੋਸ਼ਤ (ਅੈਕਸਪੋਲਾਇਟ) ਕੀਤਾ ਜਾ ਰਿਹਾ ਹੈ ।	ਕਮਿਸ਼ਨ ਇਸ ਸ਼ਕਾਇਤ ਸਬੰਧੀ ਅਗਲੀ ਪੁੱਛ ਪੜਤਾਲ ਕਰ ਰਿਹਾ ਹੈ ਅਤੇ ਲੋਕਲ ਪੁਲਿਸ ਨੂੰ ਅਗਲੀ ਕਾਰਵਾਈ ਲਈ ਕਿਹਾ ਗਿਆ ।
6.	ਰਾਜ ਸਿੰਘ ਸਾਬਕਾ ਬੀ. ਡੀ. ਓ. ਨੇੜੇ ਸਰਕਾਰੀ ਗਰਲਜ਼ ਸੀ. ਸੈਕੰਡਰੀ ਸਕੂਲ ਨਾਭਾ ਜ਼ਿਲ੍ਹਾ, ਪਟਿਆਲਾ ।	21-12-94	ਸ਼ਕਾਇਤ ਕਰਤਾ ਨੇ ਸ਼ਿਕਾਇਤ ਕੀਤੀ ਹੈ ਕਿ ਉਸ ਦੀ ਲੜਕੀ ਸੁਰਿੰਦਰ ਕੌਰ ਨੂੰ ਉਸ ਦੇ ਸੁਹਰਿਆਂ ਦੇ ਜਾਲਮਾਨਾ ਵਰਤਾਓ ਅਤੇ ਮਨੁੱਖੀ ਅਧਿਕਾਰ ਖੋਹ ਲੈਣ ਕਾਰਨ ਮਾਰ ਦਿੱਤਾ ਹੈ ।	ਚੇਅਰਪਰਸਨ ਨਿੱਜੀ ਤੌਰ ਤੇ ਸ਼ਕਾਇਤ ਸੁਨਣ ਲਈ ਗਏ ਕਿਉਂਕਿ ਸਕਾਇਤ ਕਰਤਾ ਬਜੁਰਗ ਅਤੇ ਹੈਂਡੀਕੈਪਡ ਹੋਣ ਕਰਕੇ ਆ ਨਹੀਂ ਸਕਦਾ ਪੁਛਤਾਛ ਜਾਰੀ ਹੈ ।
7.	ਸਤਨਾਮ ਸਿੰਘ ਝੈਲੀ ਪੁੱਤਰ ਸ਼੍ਰੀ ਨਿਹਾਲ ਸਿੰਘ ਝੈਲੀ ਪਿੰਡ ਤੇ ਡਾਕ ਘਰ ਬੋਪਾਰਾਏ ਕਲ੍ਹਾਂ ਜ਼ਿਲ੍ਹਾ ਲੁਧਿਆਣਾ ।	32-12-94	ਸ਼੍ਰੀ ਸਤਨਾਮ ਸਿੰਘ ਝੈਲੀ ਨੂੰ ਸਕਾਇਤ ਕੀਤੀ ਹੈ ਕਿ ਉਸ ਦੀ ਪਤਨੀ ਸਮਾਜਿਕ ਰੀਤੀ ਰਵਾਜ ਅਨੁਸਾਰ ਉਸ ਦੇ ਨਾਲ ਰਹੇ, ਪਰ ਉਸ ਦੀ ਪਤਨੀ ਸ਼੍ਰੀਮਤੀ	ਇਹ ਕੇਸ ਡਾਇਰੈਕਟਰ ਸਮਾਜ ਭਲਾਈ ਦੇ ਡਿਪਟੀ ਡਾਇਰੈਕਟਰ ਵਲੋਂ ਬਿਨਾਂ ਜਾਣ ਤੇ ਕੋਸ਼ਿਸ਼ ਕੀਤੇ ਕਿ ਕੇਸ ਕੀ ਹੈ, ਭੇਜਿਆ ਹੈ । ਕਮਿਸ਼ਨ ਸਿਰਫ ਉਨ੍ਹਾਂ ਕੇਸਾ ਤੇ ਵਿਚਾਰ ਕਰਦਾ ਹੈ ਜੋ

Original with:
Punjab Vidhan Sabha
Digitized by:

			ਜਤਿੰਦਰ ਕੌਰ ਨੇ ਬਾਅਦ ਵਿੱਚ ਅੱਡ ਹੋਣ/ਤਲਾਕ ਲਈ ਅਦਾਲਤ ਵਿਚ ਅਰਜ਼ੀ ਦਿੱਤੀ ਜੋ ਕਿ ਖਾਰਜ ਹੋ ਗਈ, ਕੋਰਟ ਦੇ ਫੈਸਲੇ ਨੂੰ ਮੁੱਖ ਰਖਕੇ ਕਮਿਸ਼ਨ ਇਸ ਬਾਰੇ ਦਖਲ ਨਹੀਂ ਦੇ ਸਕਦਾ ।	ਔਰਤ ਉਸ ਪਾਸ ਪਹੁੰਚ ਕਰਦੀ ਹੈ ਜਿਸ ਨਾਲ ਜੁਲਮ ਆਦਿ ਹੋਏ ਹੋਣ ਕੇਸ ਗਲਤ ਭੇਜਿਆ ਗਿਆ ਹੈ, ਜੋ ਵਾਪਸ ਜਾ ਰਿਹਾ ਹੈ ।
8.	ਸ੍ਰੀਮਤੀ ਕਾਂਤਾ ਦੇਵੀ (ਸੇਵਾਦਾਰਨੀ) ਰਾਹਦੁਆਰਾ ਮੁੰਸ਼ੀ ਮਹਿਲ ਕੀਰਤਪੁਰ ਸਾਹਿਬ ਜ਼ਿਲ੍ਹਾ ਰੋਪੜ ।	10-2-95	ਸ਼ਿਕਾਇਤ ਕਰਤਾ ਨੂੰ ਉਸ ਦੇ ਪਤੀ ਵਲੋਂ ਘਰ ਵਿਚੋਂ ਕੱਢਿਆ ਗਿਆ ਹੈ ਅਤੇ ਸ਼ਿਕਾਇਤ ਕਰਤਾ ਨੇ ਆਪਣੇ ਦੋਹਾਂ ਬੱਚਿਆਂ ਨੂੰ ਵਾਪਸ ਲੈਣ ਬਾਰੇ ਅਤੇ ਜਾਇਦਾਦ ਵਿਚੋਂ ਹਿਸੇ ਦੀ ਮੰਗ ਕੀਤੀ ਹੈ ।	ਜ਼ਿਲ੍ਹਾ ਸਮਾਜ ਭਲਾਈ ਅਫ਼ਸਰ, ਰੋਪੜ ਨੂੰ ਮੁਢਲੀ ਪੜਤਾਲ ਕਰਨ ਲਈ ਕਿਹਾ ਗਿਆ ਹੈ ਤਾਂ ਜੋ ਪ੍ਰਾਰਥੀ ਦੇ ਬੱਚੇ ਵਾਪਸ ਦਵਾਏ ਜਾ ਸਕਣ ਅਗਲੀ ਲੋੜੀਂਦੀ ਕਾਰਵਾਈ ਰਿਪੋਰਟ ਆਉਣ ਤੇ ਕੀਤੀ ਜਾਵੇਗੀ ।
9.	ਮਾਨੂੰ ਠਾਕੁਰ ਪੁੱਤਰੀ ਸ੍ਰੀ ਬੀਰਬਲ ਠਾਕੁਰ ਮਕਾਨ ਨੰ: 671 ਫੇਜ 1-ਮੋਹਾਲੀ ।	13-2-95	ਇਹ ਕੇਸ ਸ੍ਰੀ ਸੁੱਚਾ ਸਿੰਘ ਵਲੋਂ ਮੁਹਾਲੀ ਪੁਲਿਸ ਨਾਲ ਮਿਲ ਕੇ ਉਸ ਦੇ ਪਰਵਾਰ ਨੂੰ ਪਰੇਸ਼ਾਨ ਕਰਨ ਨਾਲ ਸਬੰਧਤ ਹੈ ।	ਇਹ ਅਦਾਲਤੀ ਮਸਲਾ ਹੈ । ਪ੍ਰਾਰਥੀ ਨੇ ਪਹਿਲਾਂ ਹੀ ਅਗਾਊ ਜ਼ਮਾਨਤ ਲਈ ਅਰਜ਼ੀ ਅਦਾਲਤ ਵਿੱਚ ਦਿੱਤੀ ਹੈ, ਪਰ ਫਿਰ ਵੀ ਪੁਲਿਸ ਨੂੰ ਕਿਹਾ ਗਿਆ ਹੈ ਕਿ ਉਕ ਉਸ ਨੂੰ ਤੰਗ ਨਾ ਕਰੇ ।
10.	ਡਾਕਟਰ ਮਿਸਿਜ਼ ਕੁਪਿੰਦਰ ਕੌਰ ਮੁਖੀ ਫੂਡ ਸਾਇੰਸ ਅਤੇ ਟੈਕਨੋਲੋਜੀ ਵਿਭਾਗ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲਧਿਆਣਾ	22-2-95	ਪ੍ਰਾਰਥੀ ਨੇ ਸ੍ਰੀ ਏ. ਐਸ. ਖਹਿਰਾ ਵਾਇਸ ਚਾਂਸਲਰ ਅਤੇ ਸ੍ਰੀ.ਜੇ. ਐਸ. ਔਖਲ, ਡਾਇਰੈਕਟਰ ਰਿਸਰਚ ਖੇਤੀਬਾੜੀ ਯੂਨੀਵਰਸਿਟੀ	ਇਸ ਸਬੰਧੀ ਪ੍ਰਾਰਥੀ ਨੂੰ ਕਮਿਸ਼ਨ ਸਨਮੁੱਖ ਮਿਤੀ 14 ਮਾਰਚ, 1995 ਨੂੰ ਲੋੜੀਂਦੇ ਦਸਤਾਵੇਜ ਲੈ ਕੇ ਨਿਜੀ ਤੌਰ ਤੇ ਆਉਣ ਲਈ ਕਿਹਾ ਹੈ ।

ਲੜੀ ਨੰ:	ਸ਼ਿਕਾਇਤ ਕਰਤਾ ਦਾ ਨਾਮ	ਪ੍ਰਾਪਤ ਹੋਣ ਦੀ ਮਿਤੀ	ਸ਼ਿਕਾਇਤ ਦੀ ਕਿਸਮ	ਕੀਤੀ ਗਈ ਕਾਰਵਾਈ
			ਲੁਧਿਆਣਾ ਵਲੋਂ ਅਣਸਮਾਜਕ ਵਰਤਾਉ ਅਤੇ ਪਰੇਸ਼ਾਨ ਕਰਨ ਸਬੰਧੀ ।	
11.	ਸ਼੍ਰੀਮਤੀ ਗੀਤਾ ਪਤਨੀ ਸ਼੍ਰੀ ਅਸ਼ਵਨੀ ਵਸ਼ਿਸਟ ਪੁੱਤਰੀ ਸ਼੍ਰੀ ਦਨੇਸ਼ ਕੁਮਾਰ ਸ਼ਰਮਾ ਮੌਜੂਦਾ 582, ਆਰੀਆਂ ਮੁਹਲਾ. ਲੁਧਿਆਣਾ ।	28-2-95	ਪ੍ਰਾਰਥੀ ਨੇ ਉਸ ਦੇ ਸੁਹਰਿਆਂ ਵਲੋਂ ਮਾੜਾ ਵਰਤਾਓ ਕਰਨ ਗੈਰ ਕਾਨੂੰਨੀ ਤਰੀਕੇ ਨਾਲ ਦਹੇਜ਼ ਦੀ ਮੰਗ ਕਰਨ ਸਬੰਧੀ ਸ਼ਕਾਇਤ ਕਰਦੇ ਹੋਏ ਬੇਨਤੀ ਕੀਤੀ ਹੈ ਕਿ ਉਸ ਨੂੰ ਇਸਤਰੀ ਧੰਨ ਦਿਵਾਇਆ ਜਾਵੇ ।	ਸਬੰਧਤ ਪੁਲਿਸ ਨੂੰ ਇਸ ਕੇਸ ਬਾਰੇ ਯੋਗ ਕਾਰਵਾਈ ਕਰਨ ਲਈ ਅਤੇ ਪੂਰਾ ਨਿਆਂ ਦੇਣ ਸਬੰਧੀ ਕਿਹਾ ਗਿਆ ਹੈ । ਜੇਕਰ ਇਸ ਕੇਸ ਵਿਚ ਇਲਜ਼ਾਮ ਸਾਬਤ ਹੁੰਦਾ ਹੋਵੇ ਤਾਂ ਦਫਾ 406 ਅਤੇ 498 ਏ. ਆਈ. ਪੀ. ਸੀ. ਅਧੀਨ ਕੇਸ ਦਰਜ ਕੀਤਾ ਜਾਵੇਗਾ ।
12.	ਸ਼੍ਰੀਮਤੀ ਸੀਮਾ ਪੁੱਤਰੀ ਸ਼੍ਰੀ ਕਰਿਸ਼ਨ ਲਾਲ ਮਹਿਤਾ ਨੇੜੇ ਲਕਸ਼ਮੀ ਨਰਾਇਣ ਮੰਦਿਰ, ਪਿੰਡ ਨਵੀਂ ਬਸਤੀ ਅਜ਼ਾਲਗੜ੍ਹ, ਲੁਧਿਆਣਾ ।	2੯-2-95	ਪ੍ਰਾਰਥੀ ਨੇ ਉਸ ਦੇ ਪਤੀ ਅਤੇ ਸੁਹਰਿਆਂ ਵਲੋਂ ਦਹੇਜ ਦੀ ਮੰਗ ਕਾਰਨ ਕੁਟਨਾ ਮਾਰਨਾ ਤੇ ਪਰੇਸ਼ਾਨ ਕਰਨਾ ਆਦਿ ਸਾਮਲ ਹੈ। ਸ਼ਕਾਇਤ ਕਰਤਾ ਆਪਣੇ ਪਤੀ ਤੋਂ ਵੱਖਰੇ ਤੌਰ ਤੇ ਆਪਣੇ ਮਾਤਾ ਪਿਤਾ	ਚੇਅਰਪਰਸਨ ਵਲੋਂ ਇਹ ਕੇਸ ਨਿਜੀ ਤੌਰ ਤੇ ਸੁਣਿਆ ਗਿਆ ਤੇ ਉਸ ਨੂੰ ਵਿਸ਼ਵਾਸ਼ ਦਿਵਾਇਆ ਕਿ ਲੋੜ ਅਨੁਸਾਰ ਮੁਫਤ ਕਾਨੂੰਨੀ ਸਹਾਇਤਾ ਦਿੱਤੀ ਜਾ ਸਕਦੀ ਹੈ । ਪੁਛ ਪੜਤਾਲ ਦੌਰਾਨ ਪ੍ਰਾਰਥੀ ਨੇ ਦੱਸਿਆ ਕਿ ਉਸ ਦਾ ਕੇਸ ਸਿਵਲ ਅਦਾਲਤ ਜਗਰਾਓ ਵਿੱਚ ਚਲ

Original with: Punjab Vidhan Sabha
Digitized by: Panjab Digital Library

Original with:
Punjab Vidhan Sabha
Digitized by:
Panjab Digital Library

			ਨਾਲ ਰਹਿ ਰਹੀ ਹੈ, ਉਸ ਨੂੰ ਡਰ ਹੈ ਕਿ ਉਸ ਦੇ ਸੁਹਰੇ ਉਸ ਦੇ ਬੱਚੇ ਨੂੰ ਖੋਹ ਨਾ ਲੈਣ ਦਾਜ ਦਹੇਜ਼ ਵਾਪਸ ਦੇਣ ਲਈ ਬੇਨਤੀ ਕੀਤੀ ਹੈ ।	ਰਿਹਾ ਹੈ । ਪਰ ਉਸ ਨੇ ਕਮਿਸ਼ਨ ਪਾਸ ਵਿਰੋਧੀ ਪਾਰਟੀ ਵਲੋਂ ਕੀਤੀ ਜਾਣ ਵਾਲੀ ਸ਼ਰਾਰਤ ਜਾਂ ਨੁਕਸਾਨ ਨਾ ਕਰਨ ਬਾਰੇ ਸੁਰੱਖਿਆ ਦੀ ਮੰਗ ਕੀਤੀ ਹੈ । ਪੁਛ ਪੜਤਾਲ ਜਾਰੀ ਹੈ ਅਤੇ ਲੋੜ ਅਨੁਸਾਰ ਕਾਰਵਾਈ ਪੁਲਿਸ ਵਲੋਂ ਕੀਤੀ ਜਾਵੇਗੀ ।
13.	ਸਰਦਾਰਾ ਪਤਨੀ ਸ਼੍ਰੀ ਕਾਕੁਦੀਨ ਪੁਤਰੀ ਸ਼੍ਰੀ ਸਾਦਕ ਖਾਂ ਮਕਾਨ ਨੰ: 172 ਮਹੱਲਾ ਅਜਾਦ ਨਗਰ ਨੇੜੇ ਕੋਨੀ ਛੋਣੀਆਂ ਵਾਲਾ ਨਗਰ ਜਾਗਰਣ ਰੋਡ, ਲੁਧਿਆਣਾ ।	28-2-95	ਇਹ ਸ਼ਿਕਾਇਤ ਪ੍ਰਾਰਥੀ ਵਲੋਂ ਉਸ ਦੇ ਸੁਹਰੇ ਤੇ ਨੰਦਿਓ ਵਲੋਂ ਉਸ ਦੀ ਲੜਕੀ ਤੇ ਜ਼ੁਲਮ ਕਰਨ ਬਾਰੇ ਦਿੱਤੀ ਹੈ ਤੇ ਬੇਨਤੀ ਕੀਤੀ ਹੈ ਕਿ ਉਸ ਦਾ ਮਕਾਨ ਵਾਪਸ ਦਵਾਇਆ ਜਾਵੇ ਤੇ ਕਥਿਤ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ ।	ਇਹ ਕੇਸ ਪੜਤਾਲ ਅਧੀਨ ਹੈ ਅਤੇ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ ।
14.	ਸ਼੍ਰੀ ਅਮਰ ਸਿੰਘ ਪੁੱਤਰ ਸ਼੍ਰੀ ਅਨੋਖ ਸਿੰਘ ਪਿੰਡ ਮਦਿਆਣੀ ਜਿਲ੍ਹਾ ਲੁਧਿਆਣਾ ।	23-2-95	ਇਹ ਸ਼ਿਕਾਇਤ ਮਿਰਤਕ ਦੇ ਪਿਤਾ ਨੇ ਆਪਣੀ ਲੜਕੀ ਸ਼੍ਰੀਮਤੀ ਬਲਵਿੰਦਰ ਕੌਰ ਨੂੰ ਉਸ ਦੇ ਪਤੀ ਵਲੋਂ ਅਤੇ ਉਸ ਦੇ ਸੁਹਰਿਆਂ ਵਲੋਂ ਦਹੇਜ ਦੀ	ਜ਼ਿਲ੍ਹਾ ਪੁਲਿਸ ਮੁੱਖੀ ਨੂੰ ਕਿਹਾ ਗਿਆ ਹੈ ਕਿ ਉਹ ਇਜਮਾਮ ਦੀ ਤੱਥਾ ਦੇ ਅਧਾਰ ਤੇ ਪੜਤਾਲ ਕਰੇ ਅਤੇ ਜੇਕਰ ਕਤਲ ਸਾਬਤ ਹੁੰਦਾ ਹੋਵੇ ਤਾਂ ਜੁਰਮ ਸਬੰਧੀ ਦਫਾ 302 ਆਈ

ਲੜੀ ਨੰ:	ਸ਼ਿਕਾਇਤ ਕਰਤਾ ਦਾ ਨਾਮ	ਪ੍ਰਾਪਤ ਹੋਣ ਦੀ ਮਿਤੀ	ਸ਼ਿਕਾਇਤ ਦੀ ਕਿਸਮ	ਕੀਤੀ ਗਈ ਕਾਰਵਾਈ
			ਮੰਗ ਕਰਦੇ ਹੋਏ, ਮਾਰਨ ਸਬੰਧੀ ਹੈ । ਲੋਕਲ ਪੁਲਿਸ ਵਲੋਂ ਇਸ ਕੇਸ ਵਿੱਚ ਕੇਸ ਦਰਜ ਕਰਨ ਵੇਲੇ ਇਨਸਾਫ ਨਹੀਂ ਕੀਤਾ ।	ਪੀ.ਸੀ. ਅਧੀਨ ਕਾਰਵਾਈ ਕੀਤੀ ਜਾਵੇ ।
15.	1. ਗੁਰਵਿੰਦਰ ਕੌਰ 2. ਬਾਬਾ ਜੀਵਨ ਸਿੰਘ ਟੈਕਸੀ ਸਟੈਂਡ, ਫਿਰੋਜ਼ਪੁਰ ਰੋਡ, ਮੋਗਾ । 3. ਸੁਸ਼ੀਲ ਥਾਪਰ, ਪ੍ਰਧਾਨ ਡੀਲਰਜ਼ ਮੋਗਾ । 4. ਪ੍ਰਧਾਨ ਰਾਇਸ ਹਾਊਸ ਅਤੇ ਫੀਟ ਯੂਨੀਅਨ 5. ਸੁਖਵਿੰਦਰ ਸਿੰਘ 6. ਜੋਗਿੰਦਰ ਸਿੰਘ ਪ੍ਰਧਾਨ ਪੰਜਾਬ ਪਲਾਟਰਜ਼ ਵਰਕਰ ਯੂਨੀਅਨ (ਰਜਿਸਟਰਡ) ਮੋਗਾ 7. ਪ੍ਰਧਾਨ ਆਈ.ਐਨ.ਟੀ.ਯੂ.ਸੀ.		ਸ੍ਰੀ ਰੂਪ ਲਾਲ ਸਾਥੀ ਸਾਬਕਾ ਐਮ.ਐਲ.ਏ., ਪ੍ਰਧਾਨ ਜਨਤਾ ਦਲ, ਪੰਜਾਬ ਨੇ ਸੰਸਦੀ ਸਕੱਤਰ ਡਾ: ਮਾਲਤੀ ਥਾਪਰ ਪ੍ਰਤੀ ਮਾੜਾ ਵਰਤਾਓ ਕਰਦੇ ਹੋਏ ਉਨ੍ਹਾਂ ਤੇ ਗਲਤ ਅਤੇ ਹਤਕ ਵਾਲਾ ਨੋਟ ਅਖਬਾਰਾਂ ਵਿੱਚ ਛਪਵਾਇਆ ਇਹ ਪ੍ਰੈਸ ਨੋਟ ਮਿਤੀ 17 ਦਸੰਬਰ, 94 ਨੂੰ ਜਾਗਰਣ ਵਿੱਚ ਛੱਪਿਆ ਕਿ'' ਸੰਸਦੀਆਂ ਵਿਚ ਡਾ: ਮਾਲਤੀ ਥਾਪਰ ਕੋ ਏਡਜ਼ ਹੋਣੇ ਕੀ ਬਾਤ ਕਹੀ ਹੈ'' ਚੜ੍ਹਦੀ ਕਲਾ ਵਿੱਚ	ਅਖਬਾਰਾਂ ਵਿੱਚ ਛਪੀਆਂ ਖਬਰਾਂ ਨੂੰ ਪੜ੍ਹਨ ਤੋਂ ਜੋ ਮਸੌਦਾ ਪਾਇਆ ਗਿਆ ਤੇ ਕਮਿਸ਼ਨ ਵਲੋਂ ਵਿਚਾਰ ਕੀਤੀ ਗਈ ਕਿ ਜੋ ਅਖਬਾਰਾਂ ਵਿੱਚ ਖਬਰ ਵਿੱਚ ਗੈਰ ਜਿੰਮੇਵਾਰਾਨਾ ਇਲਜ਼ਾਮ ਸ੍ਰੀ ਰੂਪ ਲਾਲ ਸਾਥੀ ਵਲੋਂ ਉਸ ਸ਼ਖਸ਼ੀਅਤ ਤੇ ਲਾਇਆ ਹੈ ਜੋ ਇਸ ਵੇਲੇ ਪੰਜਾਬ ਸਰਕਾਰ ਵਿੱਚ ਉਚੇ ਅਹੁਦੇ ਤੇ ਬਤੌਰ ਪਾਰਲੀਮੈਂਟਰੀ ਸਕੱਤਰ ਹਨ । ਇਸ ਤਰ੍ਹਾਂ ਦੀ ਕਾਰਵਾਈ ਲਈ ਸਖਤ ਸ਼ਬਦਾਂ ਵਿੱਚ ਨਿਦਣਯੋਗ ਹੈ ।

Original with: Punjab Vidhan Sabha
Digitized by: Panjab Digital Library

Original with:
Punjab Vidhan Sabha
Digitized by:
Panjab Digital Library

	ਸੀ.ਮੋਗਾ			
8.	ਹੰਸ ਹਾਜ		"ਸ਼੍ਰੀਮਤੀ ਥਾਪਰ ਨੂੰ ਲਾ-ਇਲਾਜ ਜਾਨ ਲੇਵਾ ਬਿਮਾਰੀ ਹੈ" ਸ਼ਿਕਾਇਤ ਕਰਤਾਵਾਂ ਨੇ ਬੇਨਤੀ ਕੀਤੀ ਹੈ ਕਿ ਗ਼ਲਤ ਕਹਿਣ ਵਾਲੇ ਵਿਰੁੱਧ ਸਖਤ ਕਾਰਵਾਈ ਕੀਤੀ ।	
16.	ਸ਼੍ਰੀਮਤੀ ਗੁਰਵਿੰਦਰ ਕੌਰ		ਉਕਤ ਅਨੁਸਾਰ	ਉਕਤ ਅਨੁਸਾਰ
17.	ਸ਼੍ਰੀਮਤੀ ਨਵਨੀ ਐਸ.ਏ.ਐਸ. ਨਗਰ, ਪੰਜਾਬ ।		ਸ਼ਕਾਇਤ ਕਰਤਾ ਨੇ ਆਪਣੇ ਪਤੀ ਅਤੇ ਸੁਹਰਿਆਂ ਵਲੋਂ ਉਨ੍ਹਾਂ ਦੇ ਮਾੜੇ ਵਿਹਾਰ ਸਬੰਧੀ ਅਰਜੀ ਦਿੱਤੀ ਹੈ ਅਤੇ ਬੇਨਤੀ ਕੀਤੀ ਹੈ ਕਿ ਉਸ ਨੂੰ ਬਣਦੇ ਕਾਨੂੰਨੀ ਹੱਕ ਇਨਸਾਫ ਕਰਦੇ ਹੋਏ ਦਿਵਾਏ ਜਾਣ ।	ਪੁਲਿਸ ਨੂੰ ਸਿਫਾਰਸ਼ ਕੀਤੀ ਗਈ ਹੈ ਕਿ ਉਹ ਸ਼ਿਕਾਇਤ ਕਰਤਾ ਪਤੀ ਲੋੜੀਂਦੀ ਕਾਰਵਾਈ ਕਰੇ ਅਤੇ ਹਿਫਾਜ਼ਤ ਵੀ ਕਰੇ ਚੇਅਰਪਰਸਨ ਵਲੋਂ ਪੁੱਛ ਗਿਛ ਦੌਰਾਨ ਇਹ ਨੋਟਿਸ ਵਿੱਚ ਆਇਆ ਕਿ ਪੁਲਿਸ ਨੇ ਕੇਸ ਪਹਿਲਾਂ ਹੀ ਦਰਜ ਕਰ ਲਿਆ ਹੈ ।
18.	ਸ਼੍ਰੀਮਤੀ ਬਿਮਲਾ ਦਿਆਲ, ਸਾਬਕਾ ਟੈਲੀਗਰਾਫਿਸਟ, ਮਕਾਨ ਨੰ: 39, ਸੈਕਟਰ 18ਏ ਚੰਡੀਗੜ੍ਹ ।	9-3-95	ਇਹ ਸ਼ਿਕਾਇਤ ਸਬੰਧਤ ਅਫਸਰ ਵਲੋਂ ਇਨਸਾਫ ਨਾ ਦੇਣ ਬਾਰੇ ਹੈ ਕਿਉਂ ਜੋ ਪ੍ਰਾਰਥਣ ਪਹਿਲਾਂ ਹੀ ਆਪਣੇ ਪਤੀ ਤੋਂ ਪ੍ਰੇਸ਼ਾਨ ਹੈ ਅਤੇ ਉਸ ਦੇ ਮਾਨਵ ਅਧਿਕਾਰਾਂ ਪ੍ਰਤੀ ਉਸ ਦੇ ਪਤੀ	ਇਹ ਮਾਮਲਾ ਪੜਤਾਲ ਅਧੀਨ ਹੈ ਅਤੇ ਲੋੜੀਂਦੀ ਕਾਰਵਾਈ ਉਸ ਅਨੁਸਾਰ ਕੀਤੀ ਜਾਵੇਗੀ ।

ਲੜੀ ਨੰ:	ਸ਼ਿਕਾਇਤ ਕਰਤਾ ਦਾ ਨਾਮ	ਪ੍ਰਾਪਤ ਹੋਣ ਦੀ ਮਿਤੀ	ਸ਼ਿਕਾਇਤ ਦੀ ਕਿਸਮ	ਕੀਤੀ ਗਈ ਕਾਰਵਾਈ
			ਅਤੇ ਸੇਵਾ ਦੌਰਾਨ ਇਨਸਾਫ ਨਾ ਦੇਣ ਬਾਰੇ ਹੈ ।	
19.	ਸ਼੍ਰੀਮਤੀ ਮਤਿੰਦਰ ਕੌਰ, ਲੈਕਚਰਾਰ ਕੋਠੀ ਨੰ: 159-ਬੀ. ਪੰਜਾਬੀ ਬਾਗ, ਪਟਿਆਲਾ ।	11-3-95	ਇਹ ਸ਼ਿਕਾਇਤ ਸ਼ਕਾਇਤ ਕਰਤਾ ਨੇ ਆਪਣੇ ਪਤੀ ਵਲੋਂ ਦੂਜੀ ਔਰਤ ਨਾਲ ਨਜ਼ਾਇਜ ਸਬੰਧ ਰੱਖਣ ਬਾਰੇ ਕੀਤੀ ਹੈ ।	ਸ਼ਿਕਾਇਤਕਰਤਾ ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਅਤੇ ਇਸ ਸਬੰਧੀ ਪੜਤਾਲ ਜਾਰੀ ਹੈ ਲੋੜੀਂਦੀ ਕਾਰਵਾਈ ਵਿਗਿਆਨਕ ਢੰਗ ਨਾਲ ਕੀਤੀ ਜਾਵੇਗੀ ।
20.	ਸ਼੍ਰੀ ਸੀ.ਐਲ. ਭਟਿਆਲ, ਪ੍ਰਬੰਧਕੀ ਅਫਸਰ (ਰਿਟਾਇਰਡ) ਦਫਤਰ ਡੀ.ਜੀ.ਪੀ., ਹਰਿਆਣਾ ।	11-3-95	ਸ਼ਿਕਾਇਤ ਸ਼੍ਰੀਮਤੀ ਨੀਲਮ ਕੁਮਾਰੀ ਦੇ ਪਿਤਾ ਵਲੋਂ ਕੀਤੀ ਗਈ ਕਿ ਉਸ ਦੇ ਪਤੀ ਸ਼੍ਰੀ ਰਮੇਸ਼ ਕੁਮਾਰ ਉਸ ਨਾਲ ਘੱਟ ਦਾਜ ਲਿਆਉਣ ਦੇ ਕਾਰਨ ਦੁਰ-ਵਿਹਾਰ ਅਤੇ ਤੰਗ ਕਰਨ ਦੇ ਸਬੰਧ ਵਿੱਚ ਹੈ।	ਇਹ ਸ਼ਿਕਾਇਤ ਹੁਣੇ ਹੀ ਕਮਿਸ਼ਨ ਵਿੱਚ ਪ੍ਰਾਪਤ ਹੋਈ ਹੈ । ਇਸ ਦੀ ਅਜੇ ਘੋਖ ਕੀਤੀ ਜਾਣੀ ਹੈ ।
21.	ਸ਼੍ਰੀਮਤੀ ਲੀਲਾ ਵੰਤੀ ਪਤਨੀ ਸ਼੍ਰੀ ਰਾਮ ਸਰੂਪ ਪੁੱਤਰ ਸ਼੍ਰੀ ਰਾਮਜੀਦਾਸ ਪਿੰਡ ਡਿੰਗੀ ਤਹਿਸੀਲ ਨਾਭਾ,	13-3-95	ਇਹ ਸ਼ਿਕਾਇਤ ਇੱਕ ਪੁਲਿਸ ਅਫਸਰ ਵਲੋਂ ਕੀਤੀ ਗਈ ਧਮਕੀ ਵਿਰੁੱਧ ਹੈ, ਜਿਸ ਨੇ ਆਪਣੀ	ਕਾਰਵਾਈ ਕੀਤੀ ਜਾ ਰਹੀ ਹੈ ।

Original with: Punjab Vidhan Sabha
Digitized by: Panjab Digital Library

Original with:
Punjab Vidhan Sabha
Digitized by:
Panjab Digital Library

	ਥਾਣਾ ਸਦਰ ਨਾਭਾ, ਜ਼ਿਲ੍ਹਾ ਪਟਿਆਲਾ ।		ਨਿਜੀ ਰੰਜਸ਼ ਕਾਰਨ ਸ਼ਿਕਾਇਤ-ਕਰਤਾ ਦੇ ਪਰਿਵਾਰ ਦੇ ਮੈਂਬਰ ਵਿਰੁੱਧ ਝੂਠਾ ਕੇਸ ਘੜ ਕੇ ਦਰਜ ਕੀਤਾ ।	
22.	ਸ੍ਰੀਮਤੀ ਜੀਵਨ ਲੱਤਾ ਪਤਨੀ ਸ੍ਰੀ ਸੁਰੇਸ਼ ਕੁਮਾਰ ਮੁਹੱਲਾ ਦੇਵਪੁਰੀ, ਖੇੜਾ ਰੋਡ ਫਗਵਾੜਾ ਜ਼ਿਲ੍ਹਾ ਕਪੂਰਥਲਾ ।	13-3-95	ਸ਼ਿਕਾਇਤ ਕਰਤਾ ਬਤੌਰ ਏਜੰਟ ਮਹਿਲਾ ਪ੍ਰਧਾਨ ਕਸ਼ੇਤਰੀਏ ਬਚਤ ਯੋਜਨਾ ਵਾਸਤੇ ਕੰਮ ਕਰ ਰਹੀ ਹੈ । ਉਸ ਵਲੋਂ ਜ਼ਿਲ੍ਹਾ ਬਚਤ ਅਫ਼ਸਰ ਕਪੂਰਥਲਾ ਵਲੋਂ ਉਸ ਨਾ ਕੀਤੀ ਖੇ ਇਨਸਾਫੀ ਸਬੰਧੀ ਸ਼ਕਾਇਤ ਕੀਤੀ ਹੈ ।	ਪੜਤਾਲ ਕਰਨ ਮਗਰੋਂ ਕਾਰਵਾਈ ਕੀਤੀ ਜਾਵੇਗੀ ।

ਮਿਉਂਸਪਲ ਕਾਰਪੋਰੇਸ਼ਨ ਦੀਆਂ ਹੱਦਾਂ ਵਿਚ ਪਿੰਡਾਂ/ਗ੍ਰਾਮ ਪੰਚਾਇਤਾਂ ਨੂੰ ਸ਼ਾਮਲ ਕਰਨਾ

406. **ਸ੍ਰੀਮਤੀ ਵਿਮਲਾ ਡਾਂਗ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਰਾਜ ਦੀਆਂ ਤਿੰਨ ਮਿਉਂਸਪਲ ਕਾਰਪੋਰੇਸ਼ਨਾਂ ਵਿਚੋਂ ਕਿਸੇ ਮਿਉਂਸਪਲ ਕਾਰਪੋਰੇਸ਼ਨ ਦੀਆਂ ਹੱਦਾਂ ਅੰਦਰ ਕੋਈ ਪਿੰਡ/ਗ੍ਰਾਮ ਪੰਚਾਇਤਾਂ ਸ਼ਾਮਲ ਕੀਤੀਆਂ ਗਈਆਂ ਹਨ; ਜੇਕਰ ਅਜਿਹਾ ਹੈ ਤਾਂ ਉਨਾਂ ਦੇ ਕਾਰਪੋਰੇਸ਼ਨ ਵਾਰ ਨਾਂ ਕੀ ਕੀ ਹਨ ਅਤੇ ਇਸ ਮੰਤਵ ਲਈ ਅਧਿਸੂਚਨਾ ਜਾਰੀ ਕੀਤੇ ਜਾਣ ਦੀ ਮਿਤੀ ਕੀ ਹੈ ਅਤੇ ਉਕਤ ਪਿੰਡਾਂ/ਗ੍ਰਾਮ ਪੰਚਾਇਤਾਂ ਨੂੰ ਸਬੰਧਤ ਮਿਉਂਸਪਲ ਕਾਰਪੋਰੇਸ਼ਨ ਵਿਚ ਅਸਲ ਵਿਚ ਕਿਸ ਕਿਸ ਮਿਤੀ ਨੂੰ ਸ਼ਾਮਲ ਕੀਤਾ ਗਿਆ ਹੈ,

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਪਿੰਡਾਂ/ਗ੍ਰਾਮ ਪੰਚਾਇਤਾਂ ਵਿਚੋਂ ਕਿਸੇ ਨੂੰ ਸਬੰਧਤ ਮਿਉਂਸਪਲ ਕਾਰਪੋਰੇਸ਼ਨ ਵਿਚ ਨਹੀਂ ਲਿਆਂਦਾ ਗਿਆ ਹੈ; ਜੇਕਰ ਅਜਿਹਾ ਹੈ ਤਾਂ ਇਸਦੇ ਕੀ ਕਾਰਣ ਹਨ ?

ਡਾਕਟਰ ਕੇਵਲ ਕ੍ਰਿਸ਼ਨ : (ੳ) ਅਨੁਲਗ-1 ਅਨੁਸਾਰ ।

(ਅ) ਭਾਗ (ੳ) ਵਿਚ ਦਰਸਾਏ ਪਿੰਡਾਂ ਵਿਚੋਂ ਸਿਰਫ ਪਿੰਡ ਬ੍ਰਾਹਮਣ ਮਾਜਰਾ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਲਗਾਈ ਰੋਕ ਕਾਰਨ ਹਾਲਾਂ ਤੱਕ, ਨਗਰ ਨਿਗਮ ਲੁਧਿਆਣਾ ਅਧੀਨ ਨਹੀਂ ਆਇਆ ਹੈ ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

ਅਨੁਲੱਗ 1

ਲੜੀ ਨੰ:	ਨਗਰ ਨਿਗਮ ਦਾ ਨਾਂ	ਨੋਟੀਫਿਕੇਸ਼ਨ ਦੀ ਮਿਤੀ	ਨਗਰ ਨਿਗਮਾਂ ਦੀਆਂ ਹੱਦਾਂ ਅੰਦਰ ਸ਼ਾਮਲ ਪਿੰਡਾਂ/ਗਰਾਮ ਪੰਚਾਇਤਾਂ ਦੀ ਗਿਣਤੀ	ਨਗਰ ਨਿਗਮਾਂ ਦੀਆਂ ਹੱਦਾਂ ਅੰਦਰ ਸ਼ਾਮਲ ਕੀਤੇ ਪਿੰਡਾਂ/ਗਰਾਮ ਪੰਚਾਇਤਾਂ ਦਾ ਨਾਂ	ਸ਼ਾਮਲ ਕਰਨ ਦੀ ਅਸਲ ਮਿਤੀ	ਕਥਨ
1	2	3	4	5	6	7
				ਲੁਧਿਆਣਾ		
1.	ਲੁਧਿਆਣਾ	26-11-79	18	1. ਬਾੜੇਵਾਲ 2. ਫਤਹਿਪੁਰ 3. ਸੁਨੇਤ 4. ਜਵੱਦੀ 5. ਡਾਬਾ 6. ਗਿਆਸਪੁਰਾ 7. ਚੰਦਾਰੀ ਕਲਾਂ 8. ਮੁਡੀਆਂ ਕਲਾਂ 9. ਕੁਲੀਏਵਾਲ 10. ਜਮਾਲਪੁਰ	26-11-79	ਲੜੀ ਨੰ: 14 ਤੋਂ 18 ਤੇ ਦਰਸਾਏ ਪੰਜ ਪਿੰਡਾਂ ਦਾ ਕੁਝ ਹਿੱਸਾ ਲੁਧਿਆਣਾ ਦੀ ਹਦੂਦ ਵਿਚ ਸ਼ਾਮਲ ਕੀਤਾ ਗਿਆ ਸੀ ।

	3	4	5	6	7
			11. ਸ਼ੇਰਖੁਰ ਕਲਾਂ 12. ਸ਼ੇਰਪੁਰ ਖੁਰਦ 13. ਹੈਬੋਵਾਲ ਕਲਾਂ 14. ਗਿੱਲ 15. ਜੱਸੀਆਂ 16. ਭੱਟੀਆਂ 17. ਕਾਕੋਵਾਲ 18. ਫੁਲਾਂਵਾਲ		
	26-7-94	13	1. ਚੰਢਾਰੀ ਖੁਰਦ 2. ਜੁਗਿਆਨਾ 3. ਦੁਗਰੀ 4. ਲੁਹਾਰਾ 5. ਬ੍ਰਾਹਮਣ ਮਾਜਰਾ 6. ਮੰਡੀਆਂ ਖੁਰਦ 7. ਭੋਲਾਪੁਰ 8. ਮੰਗਲੀ ਨਿਚੀ 9. ਗੋਬਿੰਦਗੜ੍ਹ 10. ਕੰਗਨਵਾਲ 11. ਗਿੱਲ 12. ਪਵਾਂ 13. ਜਸਪਾਲ ਬਾਂਗੜ	26-7-94 (ਲੜੀ ਨੰ 5 ਤੇ ਪਿੰਡ ਬ੍ਰਾਹਮਣ ਮਾਜਰਾ ਨੂੰ ਛੱਡਕੇ)	ਲੜੀ ਨੰ: 6 ਤੋਂ 13 ਤੱਕ ਦਰਸਾਏ 8 ਪਿੰਡਾਂ ਕੁਝ ਹਿੱਸੇ ਨੂੰ ਲੁਧਿਆਣਾ ਦੀ ਹਦੂਦ ਵਿੱਚ ਸ਼ਾਮਲ ਕੀਤਾ ਗਿਆ ਸੀ। ਪਿੰਡ ਬ੍ਰਾਹਮਣ ਮਾਜਰਾ ਨੂੰ ਛੱਡ ਕੇ ਨਗਰ ਨਿਗਮ, ਲੁਧਿਆਣਾ ਨੇ ਇਹਨਾਂ ਪਿੰਡਾਂ ਦਾ ਹਾਊਸ ਟੈਕਸ ਅਤੇ ਕੌਂਸ਼ ਬੁੱਕਾਂ ਨਾਲ ਸਬੰਧਤ ਰਿਕਾਰਡ ਆਦਿ 23-12-94 ਨੂੰ ਲੈ ਲਿਆ ਸੀ।

Original with: Punjab Vidhan Sabha
Digitized by: Punjab Digital Library

Original with:
Punjab Vidhan Sabha
Digitized by:

ਅੰਮ੍ਰਿਤਸਰ

2.	ਅੰਮ੍ਰਿਤਸਰ	22-12-76	22	1. ਘਾਨਪੁਰ 2. ਕਾਲਾ 3. ਰਖਸ਼ਿਤਾਰ ਗੜ੍ਹ 4. ਭੰਗਬਾਲਾ 5. ਤੋਗ ਪਾਈਂ 6. ਵੇਰਕਾ 7. ਵੱਲਾਅ 8. ਮਾਨਕੌਟ (ਪਾਰਟ) 9. ਮੱਲੂਚੱਕ (ਪਾਰਟ) 10. ਸੁਲਤਾਨ ਵਿੰਡ 11. ਦੁਬਰਜੀ 12. ਕੋਟ ਮੀਤ ਸਿੰਘ 13. ਭਚਾਝੀਵਾਲ 14. ਕੋਟ ਸਯੀਅਦ ਮੁਹੰਮਦ (ਕੋਟ ਖਾਲਸਾ) 15. ਫਤਿਪੁਰ 16. ਵਡਾਲੀ ਗੁਰੂ 17. ਤਰਪਾਈ	25-12-76	ਲੜੀ ਨੰ: ੪ ਅਤੇ 9 ਤੇ ਅੰਕਤ ਦੋ ਪਿੰਡਾਂ ਘਾਨਪੁਰ ਅਤੇ ਮੱਲੂ ਚੱਕ ਦਾ ਕੁਝ ਹਿੱਸਾ ਨਗਰ ਨਿਗਮ, ਅੰਮ੍ਰਿਤਸਰ ਦੀ ਹਦੂਦ ਵਿੱਚ ਸ਼ਾਮਲ ਕੀਤਾ ਗਿਆ ਸੀ ।

1	2	3	4	5	6	7
				18. ਵਿਜੇ ਨਗਰ 19. ਗੋਪਾਲ ਨਗਰ/ ਭਿਵਾਨੀ ਨਗਰ 20. ਮੁਸਤਫਾਬਾਦ 21. ਮਕਬਲਪੁਰਾ 22. ਮੋਹਕਮਪੁਰਾ		
		16-9-94	4	1. ਗਮਤਾਲਾ 2. ਮੱਲਾਂਵਾਲੀ 3. ਮਾਹਲ (ਪਾਰਟ) 4. ਖੈਰਾਬਾਦ (ਪਾਰਟ)	21-9-94	ਲੜੀ ਨੰ: 3 ਅਤੇ 4 ਤੇ ਅੰਕਤ ਪਿੰਡਾਂ ਦਾ ਕੁਝ ਹਿੱਸਾ ਅੰਮ੍ਰਿਤਸਰ ਦੀ ਹਦੂਦ ਵਿੱਚ ਸ਼ਾਮਲ ਕੀਤਾ ਗਿਆ ਸੀ
				ਜਲੰਧਰ		
3.	ਜਲੰਧਰ	4-8-79	10	1. ਸਲੀਮਪੁਰ ਮੁਸਲਮਾਨਾਂ 2. ਚੱਕ ਜਿੰਦਾ 3. ਦਕੋਹਾ 4. ਧੰਨੋਵਾਲੀ 5. ਰੇੜ 6. ਲਾਧੇਵਾਲੀ 7. ਕਾਕੀ ਪਿੰਡ 8. ਬੜਿੰਗ	4-8-79	

Original with: Punjab Vidhan Sabha
Digitized by: Panjab Digital Library

Original with:
Punjab Vidhan Sabha
Digitized by:

		9. ਪਰਾਗਪੁਰ	
		10. ਗੜ੍ਹਾ ਵਹਿੰਦਾ	
25-8-83	1	1. ਸੂਚੀ ਪਿੰਡ	25-8-83
16-4-93	10	1. ਨਾਗਰਾ	16-4-93
		2. ਕੋਟ ਸਦੀਕ	
		3. ਖੁਰਲਾ	
		4. ਕਿੰਗਰਾ	
		5. ਮਿਠਾਪੁਰ	
		6. ਸਾਬੋਵਾਲ	
		7. ਲੁਹਾਰ ਨੰਗਲ	
		8. ਚੋਹਕਾ	
		9. ਨੰਗਲ ਸ਼ਾਮਾਂ	
		10. ਢਿੱਲਵਾਂ	

ਸੈਂਟਰਲ ਸਹਿਕਾਰੀ ਬੈਂਕ, ਫਾਜ਼ਿਲਕਾ ਵਿਚ ਭਰਤੀ

407. ਸ਼੍ਰੀਮਤੀ ਵਿਮਲਾ ਡਾਂਗ : ਕੀ ਸਹਿਕਾਰਤਾ ਅਤੇ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) 1 ਅਪਰੈਲ, 1992 ਤੋਂ ਹੁਣ ਤੱਕ ਦੇ ਸਮੇਂ ਦੌਰਾਨ ਸੈਂਟਰਲ ਸਹਿਕਾਰੀ ਬੈਂਕ ਫਾਜ਼ਿਲਕਾ ਦੁਆਰਾ ਭਰਤੀ ਕੀਤੇ ਗਏ ਕਰਮਚਾਰੀਆਂ ਦੀ ਸ਼ਰੇਣੀਵਾਰ ਗਿਣਤੀ ਕਿੰਨੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਖਾਲੀ ਆਸਾਮੀਆਂ ਭਰਨ ਲਈ ਇਸ਼ਤਿਹਾਰ ਚਿੱਤੇ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਕੀ ਇਨ੍ਹਾਂ ਉਕਤ ਆਸਾਮੀਆਂ ਨੂੰ ਭਰਨ ਲਈ ਕੋਈ ਇੰਟਰਵਿਊ/ਟੈਸਟ ਲਿਆ ਗਿਆ ਸੀ ?

ਸ਼੍ਰੀ ਸੱਜਨ ਕੁਮਾਰ ਜਾਖੜ : (ੳ) ਬੈਂਕ ਵਲੋਂ 26 ਜੂਨੀਅਰ ਕਲਰਕ ਅਤੇ 12 ਸੇਵਾਦਾਰ ਕਮ ਚੌਕੀਦਾਰਾਂ ਦੀਆਂ ਆਸਾਮੀਆਂ ਮਿਤੀ 1-4-1992 ਤੋਂ ਬਾਅਦ ਤਦ-ਅਰਥ ਆਧਾਰ ਤੇ ਭਰੀਆਂ ਗਈਆਂ ਸਨ ।

(ਅ) ਨਹੀਂ । ਕੋਈ ਵਿਗਿਆਪਨ ਨਹੀਂ ਦਿੱਤਾ ਗਿਆ ।

ਬੀ.ਡੀ.ਪੀ.ਓਜ਼ ਦੀਆਂ ਖਾਲੀ ਆਸਾਮੀਆਂ ਭਰਨਾ

437. ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਕੀ ਮੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿਚ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਦੀਆਂ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ;

(ਅ) ਕੀ ਸਰਕਾਰ ਦੀ ਨੇੜੇ ਦੇ ਭਵਿਖ ਵਿਚ ਉਕਤ ਖਾਲੀ ਪਈਆਂ ਆਸਾਮੀਆਂ ਨੂੰ ਭਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ; ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ ?

ਸਰਦਾਰ ਬੇਅੰਤ ਸਿੰਘ : (ੳ) 141, 80

(ਅ) ਹਾਂ ਜੀ । ਤਰੱਕੀ ਕੋਟੇ ਦੀਆਂ ਆਸਾਮੀਆਂ ਜਲਦੀ ਹੀ ਭਰੀਆਂ ਜਾ ਰਹੀਆਂ ਹਨ ਅਤੇ ਸਿੱਧੀ ਭਰਤੀ ਕੋਟੇ ਦੀਆਂ ਆਸਾਮੀਆਂ ਪੰਜਾਬ ਲੋਕ ਸੇਵਾ ਕਮਿਸ਼ਨ ਪਾਸੋਂ ਉਮੀਦਵਾਰਾਂ ਦੀ ਸਿਫਾਰਸ਼ ਪ੍ਰਾਪਤ ਹੋਣ ਤੇ ਭਰ ਦਿੱਤੀਆਂ ਜਾਣਗੀਆਂ ।

ਰਾਜ ਵਿਚ ਬੱਸਾਂ ਦੀ ਗਿਣਤੀ

438. ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਕੀ ਟਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਇਸ ਸਮੇਂ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਚਾਲੂ ਹਾਲਤ ਵਿਚ ਅਤੇ ਕੰਡਮ ਕਰਾਰ ਦਿੱਤੀਆਂ ਗਈ ਬੱਸਾਂ ਦੀ ਡਿਪੂਵਾਰ ਅੱਡ ਅੱਡ ਗਿਣਤੀ ਕਿੰਨੀ ਹੈ;

Original with;
Punjab Vidhan Sabha
Digitized by;
Panjab Digital Library

(ਅ) ਉਪਰੋਕਤ ਭਾਗ (ਓ) ਵਿਚ ਵਰਣਿਤ ਸੰਗਠਨਾਂ ਨੂੰ ਸਾਧਾਰਣ ਬੱਸਾਂ/ਐਕਸ ਪ੍ਰੈਸ ਬੱਸਾਂ/ਡੀਲਕਸ ਬੱਸਾਂ ਦੀ ਪ੍ਰਤੀ ਕਿਲੋਮੀਟਰ ਡਿਪੂ-ਵਾਰ ਕਿੰਨੀ ਕਿੰਨੀ ਆਮਦਨ ਹੋਈ ਅਤੇ ਕਿੰਨਾ ਕਿੰਨਾ ਖਰਚਾ ਹੋਇਆ ?

ਸ਼੍ਰੀ ਮਹਿੰਦਰ ਸਿੰਘ ਕੇ. ਪੀ : (ਓ) ਅਤੇ (ਅ) ਵਿਸਥਾਰ ਪੂਰਵਕ ਸੂਚਨਾ ਸਦਨ ਦੀ ਮੇਜ ਤੇ ਰੱਖੀ ਜਾਂਦੀ ਹੈ ।

ਰਾਜ ਵਿਚ ਬੱਸਾਂ ਦੀ ਗਿਣਤੀ

(ਓ) ਇਸ ਸਮੇਂ ਪੰਜਾਬ ਰੋਡਵੇਜ਼ ਦੀਆਂ ਚਾਲੂ ਹਾਲਤ ਅਤੇ ਕੰਡਮ ਕਰਾਰ ਦਿੱਤੀਆਂ ਬੱਸਾਂ ਦੀ ਡਿਪੂਵਾਰ ਗਿਣਤੀ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ:	ਡਿਪੂ ਦਾ ਨਾਂ	ਚਾਲੂ ਬੱਸਾਂ ਦੀ ਗਿਣਤੀ	2360 ਬੱਸਾ ਵਿਚੋਂ ਕੰਡਮ ਬੱਸਾਂ ਦੀ ਗਿਣਤੀ
1.	ਚੰਡੀਗੜ੍ਹ	145	7
2.	ਰੋਪੜ	122	16
3.	ਲੁਧਿਆਣਾ	180	9
4.	ਮੋਗਾ	127	1
5.	ਜਗਰਾਉਂ	95	2
6.	ਨੰਗਲ	96	11
7.	ਜਲੰਧਰ-1	135	4
8.	ਜਲੰਧਰ-2	125	4
9.	ਨਵਾਂ ਸ਼ਹਿਰ	158	9
10.	ਬਟਾਲਾ	145	28
11.	ਪਠਾਨਕੋਟ	187	11
12.	ਹੁਸ਼ਿਆਰਪੁਰ	123	9
13.	ਅੰਮ੍ਰਿਤਸਰ-1	135	6
14.	ਅੰਮ੍ਰਿਤਸਰ-2	131	6
15.	ਤਰਨਤਾਰਨ	85	9
16.	ਪੱਟੀ	84	3
17.	ਫਿਰੋਜ਼ਪੁਰ	181	15
18.	ਮੁਕਤਸਰ	106	8
	ਜੋੜ	2,360	158

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਟਰਾਂਸਪੋਰਟ]

(ਅ) ਭਾਗ (ਓ) ਵਿਚ ਵਰਣਿਤ ਪੰਜਾਬ ਰੋਡਵੇਜ਼ ਨੂੰ ਸਧਾਰਣ ਬੱਸਾਂ/ਐਕਸਪ੍ਰੈਸ ਬੱਸਾਂ/ਡੀਲਕਸ ਬੱਸਾਂ ਦੀ ਡਿਪੂਵਾਰ ਹੋਈ ਆਮਦਨ ਅਤੇ ਖਰਚੇ ਦਾ ਵੇਰਵਾ ਮਹੀਨਾ ਫਰਵਰੀ 95 ਦੌਰਾਨ ਹੇਠ ਲਿਖੇ ਅਨੁਸਾਰ :—

ਲੜੀ ਨੰ:	ਡਿਪੂ ਦਾ ਨਾਂ	ਪ੍ਰਤੀ ਕਿਲੋਮੀਟਰ (ਪੈਸਾ)					
		ਸਧਾਰਣ ਬੱਸਾਂ		ਐਕਸਪ੍ਰੈਸ ਬੱਸਾਂ		ਡੀਲਕਸ ਬੱਸ	
		ਆਮਦਨ	ਖਰਚਾ	ਆਮਦਨ	ਖਰਚਾ	ਆਮਦਨ	ਖਰਚਾ
1.	ਚੰਡੀਗੜ੍ਹ ..	855	868	961	838	528	846
2.	ਰੋਪੜ ..	758	765	765	761	—	—
3.	ਲੁਧਿਆਣਾ ..	874	850	863	850	633	850
4.	ਮੋਗਾ ..	870	975	—	—	—	—
5.	ਜਗਰਾਉਂ ..	846	869	—	—	—	—
6.	ਨੰਗਲ ..	783	928	—	—	—	—
7.	ਜਲੰਧਰ-1 ..	800	880	920	677	779	693
8.	ਜਲੰਧਰ-2 ..	833	1,016	913	774	—	—
9.	ਨਵਾਂ ਸ਼ਹਿਰ ..	819	912	862	892	—	—
10.	ਬਟਾਲਾ ..	786	968	—	—	—	—
11.	ਪਠਾਨਕੋਟ ..	854	987	824	822	—	—
12.	ਹੁਸ਼ਿਆਰਪੁਰ ..	900	903	935	864	—	—
13.	ਅੰਮ੍ਰਿਤਸਰ-1 ..	851	1,068	775	1,068	—	—
14.	ਅੰਮ੍ਰਿਤਸਰ-2 ..	824	1,072	873	1,072	—	—
15.	ਤਰਨਤਾਰਨ ..	782	1,037	—	—	—	—
16.	ਪੱਟੀ ..	745	1,031	—	—	—	—
17.	ਫਿਰੋਜਪੁਰ ..	867	867	877	867	—	—
18.	ਮੁਕਤਸਰ ..	889	1,000	—	—	—	—

ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ

(ਓ) ਮਿਤੀ 8-3-95 ਨੂੰ ਡਿਪੂਵਾਰ ਚਲਦੀਆਂ ਬੱਸਾਂ ਦੀ ਗਿਣਤੀ ਅਤੇ ਮਿਤੀ 31-3-95 ਤੱਕ ਕੰਡਮ ਕੀਤੀਆਂ ਜਾਣ ਵਾਲੀਆਂ ਗੱਡੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ:	ਡਿਪੂ ਦਾ ਨਾਂ	ਮਿਤੀ 8-3-95 ਨੂੰ ਚਲਦੀਆਂ ਬੱਸਾਂ ਦੀ ਗਿਣਤੀ	ਮਿਤੀ 31-3-95 ਤੱਕ ਕੰਡਮ ਕੀਤੀਆਂ ਜਾਣ ਵਾਲੀਆਂ ਬੱਸਾਂ ਦੀ ਗਿਣਤੀ
1	2	3	4
1.	ਪਟਿਆਲਾ-1 ..	104	—

Original with;
Punjab Vidhan Sabha
Digitized by;
Panjab Digital Library

1	2		3	4
2.	ਪਟਿਆਲਾ-2	...	103	—
3.	ਸੰਗਰੂਰ	..	101	—
4.	ਕਪੂਰਥਲਾ	..	90	—
5.	ਬਠਿੰਡਾ-1	..	97	—
6.	ਬਠਿੰਡਾ-2	..	98	1
7.	ਬੁਢਲਾਡਾ	..	68	2
8.	ਬਰਨਾਲਾ	..	94	1
9.	ਲੁਧਿਆਣਾ	..	109	—
10.	ਫਰੀਦਕੋਟ	..	96	2
11.	ਚੰਡੀਗੜ੍ਹ	..	111	—
	ਜੋੜ		1,071	6

(ਅ) ਭਾਗ (ੳ) ਵਿਚ ਵਰਣਿਤ ਪੀ.ਆਰ.ਟੀ.ਸੀ ਨੂੰ ਸਧਾਰਣ ਬੱਸਾਂ/ਐਕਸਪ੍ਰੈਸ ਬੱਸਾਂ ਡੀਲਕਸ ਬੱਸਾਂ ਦੀ ਡਿਪੂਵਾਰ ਹੋਈ ਆਮਦਨ ਅਤੇ ਖਰਚੇ ਦਾ ਵੇਰਵਾ ਮਹੀਨਾ ਜਨਵਰੀ, 95 ਦੌਰਾਨ ਹੇਠ ਲਿਖੇ ਅਨੁਸਾਰ ਹੈ :—

ਡਿਪੂ ਦਾ ਨਾ	ਆਮ ਬੱਸ		ਡੀਲਕਸ		ਐਕਸਪ੍ਰੈਸ	
	ਪ੍ਰਤੀ ਕਿ: ਮੀ: ਰੈਵਨਿਊ (ਪੈਸਿਆਂ ਵਿਚ)	ਖਰਚਾ ਪ੍ਰਤੀ ਕਿ: ਮੀ: (ਪੈਸਿਆਂ ਵਿਚ)	ਪ੍ਰਤੀ ਕਿ: ਮੀ: ਰੈਵਨਿਊ (ਪੈਸਿਆ ਵਿਚ)	ਖਰਚਾ ਪ੍ਰਤੀ ਕਿ: ਮੀ: (ਪੈਸਿਆਂ ਵਿਚ)	ਪ੍ਰਤੀ ਕਿ: ਮੀ: ਰੈਵਨਿਊ (ਪੈਸਿਆਂ ਵਿਚ)	ਖਰਚਾ ਪ੍ਰਤੀ ਕਿ: ਮੀ: (ਪੈਸਿਆ ਵਿਚ)
ਪਟਿਆਲਾ-1 ..	908	1,010	620	987	954	963
ਪਟਿਆਲਾ-2 ..	917	949	—	—	—	—
ਸੰਗਰੂਰ ..	891	950	—	—	—	—
ਕਪੂਰਥਲਾ ..	891	958	—	—	—	—
ਬਠਿੰਡਾ-1 ..	910	928	—	—	—	—
ਬਠਿੰਡਾ-2 ..	926	948	—	—	934	866
ਬਰਨਾਲਾ	901	864	—	—	—	—
ਬੁਢਲਾਡਾ ..	878	1,040	—	—	—	—
ਲੁਧਿਆਣਾ ..	931	864	546	970	—	—
ਫਰੀਦਕੋਟ ..	880	937	—	—	—	—
ਚੰਡੀਗੜ੍ਹ ..	912	933	—	—	—	—
ਜੋੜ ..	906	938	595	981	944	914

Original with;
Punjab Vidhan Sabha
Digitized by;
Punjab Digital Library

451. **ਕਾਮਰੇਡ ਹਰਦੇਵ ਅਰਸ਼ੀ** : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਰਾਜ ਵਿਚ 31 ਦਸੰਬਰ, 1994 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਜ਼ਿਲ੍ਹਾ-ਵਾਰ ਨਾਂ ਕੀ-ਕੀ ਸਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਵਿੱਚੋਂ ਅਜਿਹੇ ਸਕੂਲਾਂ ਦੇ ਨਾਂ ਕੀ ਵੀ ਹਨ ਜਿਨ੍ਹਾਂ ਵਿਚ 1 ਜਨਵਰੀ, 1995 ਨੂੰ ਪ੍ਰਿੰਸੀਪਲ ਨਹੀਂ ਸਨ ?

ਸਰਦਾਰ ਲਖਮੀਰ ਸਿੰਘ ਰੰਧਾਵਾ : (ੳ) ਰਾਜ ਵਿੱਚ ਮਿਤੀ 31 ਦਸੰਬਰ, 1994 ਨੂੰ ਜ਼ਿਲ੍ਹਾਵਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਸੂਚੀ (ਅਨੁਲੱਗ-I) ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ ।

(ਅ) ਉਨ੍ਹਾਂ ਸਰਕਾਰੀ ਸਕੂਲਾਂ ਦੀ ਸੂਚੀ (ਅਨੁਲੱਗ-II) ਜਿਨ੍ਹਾਂ ਵਿੱਚ 1 ਜਨਵਰੀ, 1995 ਤੱਕ ਪ੍ਰਿੰਸੀਪਲ ਨਹੀਂ ਸਨ, ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ ।

ਅਨੁਲੱਗ-I

(ੳ) ਵਿੱਚ ਦਰਸਾਈ ਹੋਈ ਰਾਜ ਵਿੱਚ ਜ਼ਿਲ੍ਹਾ-ਵਾਰ ਮਿਤੀ 31 ਦਸੰਬਰ, 1994 ਤੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਸੂਚੀ ।

ਜ਼ਿਲ੍ਹਾ ਅਮ੍ਰਿਤਸਰ

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
1.	ਅਜਨਾਲਾ	10.	ਬਰੜ੍ਹ
2.	ਗ਼ਗੋਮਾਹਲ	11.	ਭੰਗਾਲੀ
3.	ਹਰਸ਼ਾ ਛੀਨਾ	12.	ਬੱਠਕੀਲਾਂ
4.	ਕੋਹਾਲੀ	13.	ਭਕਨਾ ਕਲਾਂ
5.	ਲਧੰਕੇ	14.	ਚਵਿੰਡਾ ਦੇਵੀ
6.	ਵਿਛੋਆ	15.	ਛੇਹਰਟਾ
7.	ਅਜਨਾਲਾ (ਗ਼)	16.	ਡੰਮ ਗੰਜ
8.	ਖਟਿਆਲਾ (ਗ)	17.	ਫਤਹਿਗੜ੍ਹ ਸ਼ਕਰਚੱਕ
9.	ਅਟਾਰੀ	18.	ਜੇਠੂਵਾਲ

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
19.	ਕੋਟਬਾਬਾ ਦੀਪ ਸਿੰਘ	49.	ਗੋਇੰਦਵਾਲ
20.	ਮਜੀਠਾ	50.	ਖਡੂਰ ਸਾਹਿਬ
21.	ਮਾਨਾਵਾਲਾ ਕਲਾਂ	51.	ਕਸਲ
22.	ਜੰਡਿਆਲਾ ਗੁਰੂ	52.	ਕੋਟ ਧਰਮ ਚੰਦ ਕਲਾਂ
23.	ਟਾਊਨ ਹਾਲ	53.	ਕੰਗ
24.	ਵੇਰਕਾ	54.	ਨੌਸ਼ਹਿਰਾ ਪੰਨੂਆਂ
25.	ਜੰਡਿਆਲਾ ਗੁਰੂ (ਗ)	55.	ਸ਼ਾਨਬਾਜਪੁਰ
26.	ਮਾਨਾ ਸਿੰਘ ਰੋਡ (ਗ)	56.	ਤੁੜ
27.	ਮਹਾਂ ਸਿੰਘ ਗੇਟ (ਗ)	57.	ਤਰਨਤਾਰਨ
28.	ਮਾਲ ਰੋਡ (ਗ)	58.	ਤਰਨਤਾਰਨ (ਗ)
29.	ਬਿਆਸ	59.	ਨਵਾਂ ਕੋਟ (ਗ)
30.	ਭਲਾਈਪੁਰ ਡੋਗਰਾ	60.	ਪੁਤਲੀ ਘਰ (ਗ)
31.	ਜਬੋਵਾਲ	61.	ਸੁਲਤਾਨਵਿੰਡ (ਗ)
32.	ਖਲਚੀਆਂ	**ਜ਼ਿਲ੍ਹਾ ਬਠਿੰਡਾ**	
33.	ਮਹਿਤਾ ਨੰਗਲ	1.	ਬਠਿੰਡਾ (ਗ)
34.	ਸਠਿਆਲਾ	2.	ਬਠਿੰਡਾ (ਦੇਸਰਾਜ ਮੈਮੋਰੀਅਲ)
35.	ਤਰਸਿੱਕਾ	3.	ਭੂਚੋ ਕਲਾਂ
36.	ਭਿੱਖੀਵਿੰਡ	4.	ਭੂਚੋ ਮੰਡੀ
37.	ਟਪਿਆਲਾ	5.	ਬਠਿੰਡਾ (ਪਰਸਰਾਮ ਨਗਰ)
38.	ਮਕਰਨ	6.	ਬਹਿਰਾਮ ਦੀਵਾਨਾ
39.	ਖਾਲੜਾ	7.	ਚੁਘੇ ਕਲਾਂ
40.	ਕਿਰਤਵਾਲ	8.	ਗੋਨਿਆਣਾ ਮੰਡੀ
41.	ਮਾੜੀ ਮੇਘਾ	9.	ਕੋਟ ਸ਼ਮੀਰ
42.	ਪੱਟੀ	10.	ਕੁਟੀ
43.	ਵਲਟੋਹਾ	11.	ਮਹਿਮ ਸਰਜਾ
44.	ਕੈਰੋਂ (ਗ)	12.	ਮੁਲਤਾਨੀਆਂ
45.	ਪੱਟੀ (ਗ)	13.	ਨਥਾਨਾ
46.	ਝਬਾਲ (ਗ)	14.	ਵਿਰਕ ਕਲਾਂ
47.	ਏਕਲਗੱਡਾ	15.	ਬਾਲੀਆਵਾਲੀ
48.	ਫ਼ਗੋਵਾਲ	16.	ਭਗਤਾ ਭਾਈਕਾ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
17.	ਭਾਈ ਰੂਪਾ	15.	ਬਾਘਾਪੁਰਾਣਾ (ਗ)
18.	ਭੱਦੀਪੁਰਾ	16.	ਬਾਘਾਪੁਰਾਣਾ
19.	ਚਾਉਕੇ	17.	ਬਿਲਾਸਪੁਰ
20.	ਜੇਠੂਕੇ	18.	ਡਰੋਲੀ ਭਾਈ
21	ਮੰਡੀ ਫੂਲ	19.	ਦਾਉਧਰ
22.	ਮੰਡੀ ਕਲਾਂ	20.	ਢੁੱਡੀਕੇ
23.	ਮਹਿਰਾਜ	21.	ਧੂਰਕੋਟ ਰਨਸੀਂ
24.	ਸੈਲਬਰਾ	22.	ਸ੍ਰੀ ਗੁਰੂ ਤੇਗ ਬਹਾਦਰਗੜ੍ਹ
25.	ਚੱਕ ਰੁਲਦੂ ਸਿੰਘ ਵਾਲਾ	23.	ਨਿੰਮਤਪੁਰਾ
26.	ਬੰਗੀ ਕਲਾਂ	24.	ਕਪੂਰੇ
27.	ਲੰਹਰੀ	25.	ਖੁਖਰਾਣਾ
28.	ਮੌੜ ਮੰਡੀ (ਗ)	26.	ਮਲਕੇ
29.	ਕੋਟਭਾਰਾ	27.	ਮਹਿਤਾਬਗੜ੍ਹ
30.	ਮਾਈਸਰਖਾਨਾ	28.	ਮੋਗਾ (ਗ)
ਜ਼ਿਲ੍ਹਾ ਫਰੀਦਕੋਟ		29.	ਪੱਤੋ ਹੀਰਾ ਸਿੰਘ
1.	ਬਾਜਾਖਾਨਾ	30.	ਰਣੀਆਂ
2.	ਫਰੀਦਕੋਟ (ਬਲਬੀਰ)	31.	ਸੱਦੋਕੇ
3.	ਫਰੀਦਕੋਟ (ਗ)	32.	ਸਮਾਧ ਭਾਈ
4.	ਗੋਲੇਵਾਲ	33.	ਬਲੱਮਗੜ੍ਹ
5.	ਹਰੀ ਨੌਂ	34.	ਬਰੀਵਾਲਾ
6.	ਜੈਤੋ	35.	ਭਾਗਸਰ
7.	ਜੈਤੋ (ਗ)	36.	ਭੱਦਵਾਲਾ ਢਾਬ
8.	ਜੰਡ ਸਾਹਿਬ	37.	ਦੌਦਾ
9.	ਕੋਟਕਪੂਰਾ (ਗ)	38.	ਘਮਿਆਰਾ
10.	ਕੋਟਕਪੂਰਾ	39.	ਗਿੱਦੜਬਾਹਾ (ਗ)
11.	ਮਚਾਕੀ ਕਲਾਂ	40.	ਗਿੱਦੜਬਾਹਾ
12.	ਪੱਖੀ ਕਲਾਂ	41.	ਗੁਰੂਸਰ
13.	ਹਰਿਆਣਾ	42.	ਹਰੀ ਕੇ ਕਲਾਂ
14.	ਭਾਗੀ ਕੇ	43.	ਝੁਰੜ
		44.	ਲੰਬੀ

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
45.	ਮਲੌਟ	5.	ਬਲੂਆਣਾ
46.	ਮਲੌਟ (ਗ)	6.	ਅਬੋਹਰ (ਗ)
47.	ਮੁਕਤਸਰ	7.	ਖੂਈਆਂ ਸਰਵਰ
48.	ਮੁਕਤਸਰ (ਗ)	8.	ਨਿਹਾਲਖੇੜਾ
49.	ਫਲੂ ਖੜਾ	9.	ਢੰਡੀਵਾਲਾ ਕਲਾਂ
50.	ਰਪਾਨ (ਗ)	10.	ਫਾਜ਼ਿਲਕਾ
51.	ਸਿੰਘਵਾਲਾ	11.	ਫਾਜ਼ਿਲਕਾ (ਗ)
52.	ਤਰਖਾਣ ਵਾਲਾ	12.	ਸੰਡਵਾਲਾ ਭੀਮੇਸ਼ਾ
53.	ਥਰਾਜ਼ਵਾਲਾ	13.	ਜਲਾਲਾਬਾਦ (ਵੈਸਟ)
ਜ਼ਿਲ੍ਹਾ ਫਤਿਹਗੜ੍ਹ ਸਾਹਿਬ		14.	ਲਧੂਕੇ
1.	ਬਲਾੜੀ ਕਲਾਂ	15.	ਚੱਕ ਬੁਧੋ ਕੇ
2.	ਫਤਿਹਗੜ੍ਹ ਸਾਹਿਬ	16.	ਖਿਊਲਵਾਲੀ ਢਾਬ
3.	ਸਰਹਿੰਦ (ਗ)	17.	ਜਲਾਲਾਬਾਦ (ਵੈਸਟ) (ਗ)
4.	ਭੜੀ	18.	ਫਿਰੋਜ਼ਪੁਰ
5.	ਖਮਾਨੋਂ ਕਲਾਂ	19.	ਤਲਵੰਡੀ ਭਾਈ
6.	ਖੇੜੀ ਨੌਧ ਸਿੰਘ	20.	ਤਲਵੰਡੀ ਭਾਈ (ਗ)
7.	ਸੰਘੋਲ (ਗ)	21.	ਫਿਰੋਜ਼ਪੁਰ (ਗ)
8.	ਮਨਾਲੀ ਧਨੌਲਾ	22.	ਗੁਰੂ ਹਰ ਸਹਾਏ
9.	ਅਮਲੋਹ (ਗ)	23.	ਘੱਲ ਖੁਰਦ
10.	ਅਮਲੋਹ	24.	ਮਮਦੋਟ
11.	ਮੰਡੀ ਗੋਬਿੰਦਗੜ੍ਹ	25.	ਘੱਲ ਖੁਰਦ (ਗ)
12.	ਮੰਡੀ ਗੋਬਿੰਦਗੜ੍ਹ (ਗ)	26.	ਆਰਿਫਕੇ
13.	ਬੱਸੀ ਪਠਾਨਾ	27.	ਮੇਘਾਰਾਏ
14.	ਮੁਸਤਫਾਬਾਦ	28.	ਸੁਰ ਸਿੰਘ ਵਾਲਾ
15.	ਨੰਦਪੁਰ ਕਲੌੜ	29.	ਭਿੰਡਰ ਕਲਾਂ
16.	ਰੁਪਾਲਹੇੜੀ	30.	ਮਲਾਂਵਾਲਾ ਖਾਸ
ਜ਼ਿਲ੍ਹਾ ਫਿਰੋਜ਼ਪੁਰ		31.	ਮੱਖੂ
1.	ਅਬੋਹਰ	32.	ਜ਼ੀਰਾ
2.	ਦੁਤਾਰਾਂਵਾਲੀ	33	ਘਲੋਟੀ
3.	ਮੰਜ਼ਗੜ੍ਹ	34.	ਬਹਿਕ ਗੁਜਰਾ
4.	ਪੰਜ ਕੋਸੀ		

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
35.	ਕੋਟ ਈਸੇ ਖਾਂ	27.	ਸਿਧਵਾਂ
36.	ਜੀਰਾ	28.	ਤਿੱਬੜ
ਜ਼ਿਲ੍ਹਾ ਗੁਰਦਾਸਪੁਰ		29.	ਸਾਹਲੜੀ
1.	ਬਟਾਲਾ (ਲ)	30.	ਖਨੀ
2.	ਦੋਰਾ ਫਤੂ ਸਿੰਘ	31.	ਖਮਿਆਲ
3.	ਡੇਰਾ ਬਾਬਾ ਨਾਨਕ	32.	ਭੁੱਆ
4	ਡੇਰਾ ਬਾਬਾ ਨਾਨਕ (ਗ)	33.	ਪੂਰ ਕਲਾਂ
5.	ਧਰਮਕੋਟ ਰੰਧਾਵਾ	34.	ਦੁਨੇਰਾ
6.	ਧਿਆਨਪੁਰ	35.	ਘੋਰਟਾ
7.	ਫਤਿਹਗੜ੍ਹ ਚੂੜੀਆਂ (ਗ)	36.	ਕੇ.ਐਫ.ਸੀ. ਪਠਾਨਕੋਟ
8.	ਲਾਲ੍ਹਾ ਨੰਗਲ	37.	ਮੀਰਥਲ
9.	ਪਰੋਵਾਲ	38.	ਨੰਗਲਭੂਰ
10.	ਸ਼ੰਕਰਪੁਰਾ	39.	ਨਰੋਟ ਜੈਮਲ ਸਿੰਘ
11.	ਸ੍ਰੀ ਹਰਗੋਬਿੰਦਪੁਰ	40.	ਪਠਾਨਕੋਟ (ਗ)
12.	ਤਾਰਾਗੜ੍ਹ	41.	ਪਠਾਨਕੋਟ
13.	ਵਡਾਲਾ ਗਰੰਥੀਆਂ	42.	ਸ਼ਾਹਪੁਰ ਕੰਡੀ
14.	ਕਹਰਵੇਲ	43.	ਸੁਜਾਨਪੁਰ
15.	ਬੱਬਹਾਲੀ	44.	ਤਾਰਾਗੜ੍ਹ
16.	ਬੰਗੋਵਾਲੀ	45.	ਤਾਰਾਗੜ੍ਹ (ਗ)
17.	ਚੌਤਾਂ	**ਜ਼ਿਲ੍ਹਾ ਹੁਸ਼ਿਆਰਪੁਰ**	
18.	ਦੀਨਾਨਗਰ	1.	ਬਲਾਚੌਰ (ਗ)
19.	ਦੌਸਤਪਰ	2.	ਭੱਦੀ
20.	ਘੁੰਮਨ ਕਲਾਂ	3.	ਰੱਤੇਵਾਲ
21.	ਗੁਰਦਾਸਪੁਰ	4.	ਸਾਹਿਬਾ
22.	ਗੁਰਦਾਸਪੁਰ (ਗ)	5.	ਸਰੋਆ
23.	ਜਗੋਵਾਲ ਬਟੇ	6.	ਬਾਦਲਾ
24.	ਕਾਹਨੂੰਵਾਨ	7.	ਦਸੂਹਾ
25.	ਕਲਾਨੌਰ	8.	ਚੁੰਡਾ
26.	ਨੌਸ਼ਹਿਰਾ ਮੱਝਾ ਸਿੰਘ	9.	ਨੱਥੂਪੁਰ

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
10.	ਸਫਦਰਪੁਰ	40.	ਭੰਗਾਲਾ
11.	ਸਲੇਮਪੁਰ (ਗ)	41.	ਬੁਢਾਵੜ
12.	ਸੰਸਾਰਪੁਰ ਮੱਕੋਵਾਲ	42.	ਧਰਮਪੁਰ
13.	ਟਾਂਡਾ ਉੜਮੁੜ	43.	ਹਾਜੀਪੁਰ
14.	ਟਾਂਡਾ ਉੜਮੁੜ (ਗ)	44.	ਹਰਦੋ ਮੁੰਡੇਪੁਰ
15.	ਭੰਲੀ ਚੱਕ	45.	ਹਰਸੇ ਕਲੋਟਾ
16.	ਜਹੂਰਾ	46.	ਕਮਾਹੀ ਦੇਵੀ
17.	ਭੁਮ	47.	ਮੰਨਸੂਰਪੁਰ
18.	ਬਿਨੈਵਾਲ	48.	ਰਾਮਗੜ੍ਹ ਸਿਕਰੀ
19.	ਗੜ੍ਹਸ਼ੰਕਰ	49.	ਤਲਵਾੜਾ
20.	ਜਜੋ ਦੁਆਬਾ	50.	ਤਲਵਾੜਾ (ਗ)
21.	ਕੋਟ ਫਤੂਹੀ	ਜ਼ਿਲ੍ਹਾ ਕਪੂਰਥਲਾ	
22.	ਮਾਹਿਲਪੁਰ	1.	ਬਲੇਰ ਖਾਨਪੁਰ
23.	ਮਾਹਿਲਪੁਰ (ਗ)	2.	ਢਿਲਵਾਂ
24.	ਮਜ਼ਾਰਾ ਢੀਗੰਗੀਆਂ	3.	ਦਿਆਲਪੁਰ
25.	ਮਘੋਵਾਲ ਨੋਆਬਾ	4.	ਹੁਸੈਨਪੁਰ
26.	ਮਹੇਦਵਾਨੀ	5.	ਕਾਲਾ ਸੰਘੀਆਂ
27.	ਪੱਦੀ ਸੂਰਾ ਸਿੰਘ	6.	ਕਪੂਰਥਲਾ
28.	ਰੁੜਕੀ ਖਾਸ	7.	ਕਪੂਰਥਲਾ (ਗ)
29.	ਬੱਸੀ ਕਲਾਂ	8.	ਖੇੜਾ ਦੋਨਾਂ
30.	ਬਿਰਾਮਪੁਰ	9.	ਨੰਗਲ ਲੁਬਾਨਾ
31.	ਢਤਾ ਫਤਹਿ ਸਿੰਘ	10.	ਰਮਿਦੀ
32.	ਢੱਲਬਾਹਾ	11.	ਸਿਧਵਾਂ ਦੋਨਾਂ
33.	ਧੂਤ ਕਲਾਂ	12.	ਸਰਖਪੁਰ
34.	ਫਤੇਹਪੁਰ ਭਟਲਾਂ	13.	ਨੌਡਾਲਾ
35.	ਹੁਸ਼ਿਆਰਪੁਰ (ਗ਼)	14.	ਅਥੇਲੀ
36.	ਹੁਸ਼ਿਆਰਪੁਰ	15.	ਲੱਖਪੁਰੇ
37.	ਲੰਬੜਾਂ (ਗ)	16.	ਫੰਗਵਾੜਾ
38.	ਪੱਜੋ ਜਿਤਾ ਸੂਸ	17.	ਫਗਵਾੜਾ (ਗ)
39.	ਰਾਜਪੁਰ ਭਾਈਆਂ	18.	ਰਾਣੀਪੁਰ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
19.	ਭਟਵਿੰਡੀ	23.	ਤਲਹਣ
20.	ਰਾਮਪੁਰ ਜਗੀਰ	24.	ਬਾਜ਼ਵਾਕਲਾਂ
21.	ਸੁਲਤਾਨਪੁਰ (ਗ)	25.	ਚੱਕ ਕਲਾਂ
22.	ਸੁਲਤਾਨਪੁਰ	26.	ਗਿੱਦੜ ਪਿੰਡੀ
23.	ਟਿੱਬਾ	27.	ਹੇਰਾਂ
24.	ਖ਼ੀਰਾਵਾਲੀ	28.	ਖੀਵਾ
ਜ਼ਿਲ੍ਹਾ ਜਲੰਧਰ		29.	ਲੋਹੀਆਂ ਖਾਸ
1.	ਆਦਮਪੁਰ	30.	ਮਿਲਨ ਕਲਾਂ
2.	ਭੋਗਪੁਰ	31.	ਮਲਸੀਆਂ
3.	ਬੋਲੀਨਾ ਦੁੱਆਬਾ	32.	ਮਹਿਤਪੁਰ
4.	ਡਰੌਲੀ ਕਲਾਂ	33.	ਨੰਗਲ ਅੰਬੀਆਂ
5.	ਡੌਲੀ ਕੇ ਧੂਰੇ	34.	ਨਿਹਾਲੂਵਾਲ
6.	ਜਾਖਲ ਧਾਲੀਵਾਲ	35.	ਸੰਗੋਵਾਲ
7.	ਹਲੇਰ	36.	ਸ਼ੰਕਰ
8.	ਹਜ਼ਾਰਾ	37.	ਉਧੋਵਾਲ
9.	ਈਸ਼ਰਵਾਲ	38.	ਅੰਡ
10.	ਜਲੰਧਰ (ਐਮ. ਕੋਮ ਐਜੂਕੇਸ਼ਨ)	39.	ਬੰਗਾ
11.	ਸਟੇਟ ਸਕੂਲ ਆਫ ਸਪੋਰਟਸ, ਜਲੰਧਰ	40.	ਭਰਤਾ ਕਲਾਂ
12.	ਜਲੰਧਰ (ਮਾਡਲ ਕੋ ਐਜੂਕੇਸ਼ਨ)	41.	ਚੱਕ ਬਿਲਗਾ (ਗ)
13.	ਜਲੰਧਰ ਪੀ.ਏ.ਪੀ.	42.	ਚੋਗਾਂਵਾਂ
14.	ਜਲੰਧਰ ਭਾਰਗੋ ਕੈਂਪ	43.	ਘੁਮਣ
15.	ਨਹਿਰੂ ਗਾਰਡਨ	44.	ਜਾਡਲਾ
16.	ਜ਼ਮਸ਼ੇਰ ਖਾਸ	45.	ਕਾਹਮਾ
17.	ਕਾਲਾ ਬੁੱਕਰਾ	46.	ਕਰਨਾਨਾ
18.	ਕਰਤਾਰਪੁਰ	47.	ਲਿਧਾਣਾ ਝੀਕਾ
19.	ਮਿੱਠਾਪੁਰ	48.	ਨੰਰਾ (ਗ)
20.	ਨੰਗਜ਼ਾ	49.	ਨਵਾਂ ਸ਼ਹਿਰ
21.	ਪਤਰਾ	50.	ਰਾਹੋਂ
22.	ਰੰਧਾਵਾ ਮਸੰਦਾ	51.	ਰਾਹੋਂ (ਗ)

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
52.	ਸੂੰਧ ਮਕਸੂਦਪੁਰ	12.	ਸਿਧਵਾਂ ਕਲਾਂ
53.	ਹੜੀਆਂ (ਗ)	13.	ਸਿਧਵਾਂ ਬੇਟ
54.	ਬੜਾ ਪਿੰਡ	14.	ਹਠੂਰ
55.	ਬੜਾ ਪਿੰਡ (ਗ)	15.	ਕਮਾਲਪੁਰਾ
56.	ਬਿਲਗਾ	16.	ਕਾਉਂਕੇ ਕਲਾਂ
57.	ਬੁਡਾਲਾ	17.	ਗਾਲਿਬ ਕਲਾਂ
58.	ਚੀਮਾ ਕਲਾਂ, ਚੀਮਾ ਖੁਰਦ	18.	ਜਗਰਾਉਂ
59.	ਗੋਰਾਇਆ	19.	ਲੀਲਾ
60.	ਗੋਰਾਇਆ (ਗ)	20.	ਬਰਸਾਲ
61.	ਲਸਾੜਾ	21.	ਜਗਰਾਉਂ (ਗ)
62.	ਮੈਹੋ	22.	ਸਿਆੜ
63.	ਫਿਲੌਰ	23.	ਕੱਦੋ
64.	ਫਿਲੌਰ (ਗ)	24.	ਦੇਹਾਹਾ
65.	ਰੁੜਕਾ ਕਲਾਂ	25.	ਧਮੋਟ
66.	ਤਲਵਣ	26.	ਪਾਇਲ
67.	ਉਮਰਪੁਰ ਕਲਾਂ	27.	ਮਲੋਟ
68.	ਪਰਤਾਪਪੁਰਾ	28.	ਰੋਣੀ
69.	ਜੰਡਿਆਲਾ	29.	ਹਲਵਾਰਾ
ਜ਼ਿਲ੍ਹਾ ਲੁਧਿਆਣਾ		30.	ਝੋਰੜਾ
1.	ਹੇਬੋਵਾਲ ਬੇਟ	31.	ਪੱਖੋਵਾਲ
2.	ਸਮਰਾਲਾ	32.	ਬਡੂੰਦੀ
3.	ਘੁਗਰਾਲੀ ਸਿੱਖਾਂ	33.	ਬੱਸੀਆਂ
4.	ਮਾਛੀਵਾੜਾ	34.	ਭੈਣੀ ਬਠਿੰਡਾ
5.	ਮਾਣਕੀ	35.	ਰਾਏਕੋਟ
6.	ਇਕੱਲਾਹਾ	36.	ਦਦਾਹੂਰ
7.	ਨਸਰਾਲੀ	37.	ਅਜੀਤਸਰ ਰਾਏਕੋਟ (ਗ)
8.	ਬੋਜਾ	38.	ਸਰਾਭਾ
9.	ਥਾਣੇਕ ਮਾਜ਼ਰਾ	39.	ਹਸਨਪੁਰ
10.	ਖੰਨਾ (ਗ)	40.	ਹੰਬੜਾ
11.	ਸਵੱਦੀ ਕਲਾਂ	41.	ਕਰਮਸਰ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
42.	ਕੂਮ ਕਲਾਂ	9.	ਭੀਖੀ (ਲੜਕੇ)
43.	ਕਿਲਾ ਰਾਏਪੁਰ	10.	ਭੀਖੀ (ਲੜਕੀਆਂ)
44.	ਗੁਜ਼ਰਵਾਲ	11.	ਬਰੇਟਾ (ਲੜਕੇ)
45.	ਡੇਹਲੋਂ	12.	ਨੰਗਲ ਕਲਾਂ
46.	ਜ਼ੜਿਆਲੀ	13.	ਝੁਨੀਰ
47.	ਦਾਖਾ	14.	ਬੁਢਲਾਡਾ (ਲੜਕੇ)
48.	ਥਰੀਕੇ	15.	ਬੁਢਲਾਡਾ (ਲੜਕੀਆਂ)
49.	ਨਰਪੁਰ ਬੇਟ	**ਜ਼ਿਲ੍ਹਾ ਪਟਿਆਲਾ**	
50.	ਭੈਣੀ ਸਾਹਿਬ	1.	ਮ.ਪ. ਪਟਿਆਲਾ
51.	ਮਾਂਗਟ	2.	ਮਾਡਲ ਟਾਊਨ (ਗ) ਪਟਿਆਲਾ
52.	ਲਲਤੋਂ ਕਲਾਂ	3.	ਸ.ਵੀ.ਜੀ. ਸ:ਸ:ਸ: ਪਟਿਆਲਾ
53.	ਲਤਾਲਾ	4.	ਓ.ਪੀ.ਐਲ. (ਕੇ:) ਪਟਿਆਲਾ
54.	ਮਲਟੀਪਰਪਜ਼, ਲੁਧਿਆਣਾ	5.	ਸ:ਕੇ: ਸ:ਸ:ਸ: ਨੰ: ਪ.ਹ.ਕ. ਪਟਿਆਲਾ
55.	ਪੀ.ਏ.ਯੂ. ਲੁਧਿਆਣਾ	6.	ਸ: ਸਾਂਝਾਂ ਸ:ਸ:ਸ: ਤਰਿਪੜੀ
56.	ਜਵਾਹਰ ਨਗਰ, ਲੁਧਿਆਣਾ	7.	ਫੀਲਖਾਨਾ, ਪਟਿਆਲਾ
57.	ਸਾਹਨੇਵਾਲ	8.	ਮਾਡਲ, ਸ:ਸ:ਸ:ਸ: ਸਿਵਲ ਲਾਈਨਜ਼
58.	ਹਰਗੋਬਿੰਦਪੁਰ	9.	ਬਹਾਦਰਗੜ੍ਹ
59.	ਕਟਾਣੀ ਕਲਾਂ	10.	ਭਗਵਾਨਪੁਰ ਜਟਾਂ
60.	ਭਾਰਤ ਨਗਰ, ਲੁਧਿਆਣਾ	11.	ਡਕਾਲਾ
61.	ਜਵਾਹਰ ਨਗਰ, ਲੁਧਿਆਣਾ	12.	ਦੇਵੀਗੜ੍ਹ
ਜ਼ਿਲ੍ਹਾ ਮਾਨਸਾ		13.	ਗਜੂਮਾਜਰਾ
1.	ਮਾਨਸਾ (ਲੜਕੇ)	14.	ਕਲਿਆਣ
2.	ਮਾਨਸਾ (ਲੜਕੀਆਂ)	15.	ਨੰਦਪੁਰ ਕੇਸ਼ੋ
3.	ਭੈਣੀ ਬਾਘਾ	16.	ਪੰਜੋਲਾ
4.	ਫਫੜੇ ਭਾਈਕੇ	17.	ਰੋਸ਼ਨਪੁਰ
5.	ਸਰਦੂਲਗੜ੍ਹ (ਲੜਕੇ)	18.	ਆਲੋਵਾਲ
6.	ਸਰਦੂਲਗੜ੍ਹ (ਲੜਕੀਆਂ)	19.	ਭਾਦਸੋਂ
7.	ਜੋਗਾ (ਲੜਕੀਆਂ)	20.	ਮਲੇਵਾਲ
8.	ਭੁੱਆ (ਲੜਕੇ)	21.	ਨਾਭਾ (ਮੁੰਡੇ)

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਸਕੂਲ ਦਾ ਨਾਂ
22.	ਨਾਭਾ (ਕੁੜੀਆਂ)
23.	ਟੌਹੜਾ
24.	ਅਜਰਾਵਰ
25.	ਬਨੂੜ
26.	ਦਿਆਲਪੁਰਾ
27.	ਘਨੌਰ
28.	ਲਾਲੜੂ
29.	ਮਾਣਕਪੁਰ
30.	ਪਬਰੀ
31.	ਐਨ.ਟੀ.ਸੀ. ਰਾਜਪੁਰਾ
32.	ਰਾਜਪੁਰਾ ਟਾਊਨ (ਕੁੜੀਆਂ)
33.	ਬਾਦਸ਼ਾਹਪੁਰ
34.	ਗਜਜੇਵਾਸ
35.	ਘੱਗਾ
36.	ਸਮਾਣਾ

ਜ਼ਿਲ੍ਹਾ ਰੋਪੜ

ਲੜੀ ਨੰ:	ਸਕੂਲ ਦਾ ਨਾਂ
1.	ਰੋਪੜ (ਕੁੜੀਆਂ)
2.	ਪੁਰਖਾਲੀ
3.	ਸਿੰਘ ਭਗਵੰਤਪੁਰ
4.	ਘਨੌਲੀ
5.	ਭਰਤਗੜ੍ਹ
6.	ਕਿਸ਼ਨਪੁਰਾ
7.	ਤਿਊੜ
8.	ਖਿਜ਼ਰਾਬਾਦ
9.	ਹੁਸ਼ਿਆਰਪੁਰ
10.	ਮਲਾਂਪੁਰ
11.	ਨੰਗਲ
12.	ਭਲਾਣ
13.	ਆਨੰਦਪੁਰ ਸਾਹਿਬ
14.	ਝੱਜ
15.	ਨੂਰਪੁਰ ਬੇਦੀ
16.	ਕੀਰਤਪੁਰ ਸਾਹਿਬ
17.	ਝੱਲੀਆਂ ਕਲਾਂ
18.	ਬੂਰ ਮਾਜ਼ਰਾ
19.	ਖੇੜੀ ਸਲਾਬਤਪੁਰ
20.	ਡੱਲਾ
21.	ਮੋਰਿੰਡਾ
22.	ਚਮਕੌਰ ਸਾਹਿਬ (ਕੁ)
23.	ਬਹਿਲੋਲਪੁਰ
24.	ਕੁਰਾਲੀ (ਕੁ)
25.	ਮੋਹਾਲੀ
26.	ਘੜੂੰਆਂ

ਜ਼ਿਲ੍ਹਾ ਸੰਗਰੂਰ

ਲੜੀ ਨੰ:	ਸਕੂਲ ਦਾ ਨਾਂ
1.	ਭਦੌੜ
2.	ਕਣਕਵਾਲ
3.	ਛਾਪ
4.	ਧਨੌਲਾ (ਸ)
5.	ਧਨੌਲਾ (ਕੁ)
6.	ਮਾਹਿਲ ਕਲਾਂ
7.	ਮੂਮ
8.	ਪੱਖੋਕਲਾਂ
9.	ਸਹਿਨਾ
10.	ਸੁਖਪੁਰ
11.	ਠੀਕਰੀਵਾਲ
12.	ਟੁਲੀਵਾਲ
13.	ਬਾਗੜੀਆਂ
14.	ਭਲਵਾਨ
15.	ਭਸੌੜ
16.	ਭੋਗੀਵਾਲ
17.	ਧੂਰੀ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
18.	ਗਵਾਮ	34.	ਨਦਾਮਪੁਰ
19.	ਜਿਤਵਾਲ ਕਲਾਂ	35.	ਸੰਗਰੂਰ
20.	ਕੰਗਨਵਾਲ	36.	ਸੰਗਰੂਰ (ਲੜਕੀਆਂ)
21.	ਕੋਠਾਲਾ	37.	ਸਾਰੋਂ
22.	ਲਸੋਈ	38.	ਛਾਜਲੀ
23.	ਮਾਨਵੀ	39.	ਦਿੜਬਾ
24.	ਮਲੇਵਾਲ	40.	ਗੁਜਰਾਂ
25.	ਸੰਦੋੜ	41.	ਜਖਪੇਲ
26.	ਸ਼ੇਰਪੁਰ	42.	ਕਨਕਵਾਲ
27.	ਅਮਰਗੜ੍ਹ	43.	ਮਨੌਰੀ ਕਲਾਂ
28.	ਭਵਾਨੀਗੜ੍ਹ	44.	ਲਹਿਰਾਗਾਗਾ
29.	ਚੀਮਾ	45.	ਲਹਿਰਾਗਾਗਾ (ਕੁ)
30.	ਘਾਬਦਾਂ	46.	ਮਹਿਲਾਂ
31.	ਘਮਰੋਂ	47.	ਮੂਨਕ
32.	ਕਪਿਆਲ	48.	ਸੁਨਾਮ (ਸ)
33.	ਲੌਂਗੋਵਾਲ	49.	ਸੁਨਾਮ (ਕੁ)

ਅਨੁਲੱਗ II

ਪਾਰਟ (ਅ) ਵਿੱਚ ਦਰਸਾਈ ਗਈ ਰਾਜ ਵਿੱਚ ਮਿਤੀ 1-1-95 ਨੂੰ ਪ੍ਰਿੰਸੀਪਲਾਂ ਤੋਂ ਬਿਨਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਸੂਚੀ ।

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
ਜ਼ਿਲ੍ਹਾ ਅੰਮ੍ਰਿਤਸਰ			
1.	ਅਜਨਾਲਾ (ਗ)	6.	ਜੰਡਿਆਲਾ ਗੁਰੂ
2.	ਟਪਿਆਲਾ (ਗ)	7.	ਜੰਡਿਆਲਾ ਗੁਰੂ (ਗ)
3.	ਕੋਹਾਲੀ	8.	ਫਤਿਹਗੜ੍ਹ ਸ਼ੁਕਲ ਚੱਕ
4.	ਗਗੋ ਮਹਿਲ	9.	ਵੇਰਵਾ
5.	ਰਵਿੰਡਾ ਦੇਵੀ	10.	ਬਿਆਸ

Original with;
Punjab Vidhan Sabha
Digitized by:
Panjab Digital Library

ਲੜੀ ਨੰ:	ਸਕੂਲ ਦਾ ਨਾਂ
11.	ਭਲਾਈਪੁਰ ਡੋਗਰਾਂ
12.	ਮਹਿਤਾ ਨੰਗਲ
13.	ਸਠਿਆਲਾ
14.	ਜਖੇਵਾਲ
15.	ਭਿੱਖੀ ਵਿੰਡ
16.	ਖਾਲੜਾ
17.	ਮਾੜੀ ਮੇਗਾ
18.	ਖਿਰਤੋਵਾਲ
19.	ਘੜਿਆਲਾ
20.	ਵਲਟੋਹਾ
21.	ਖੇਮਕਰਨ
22.	ਪੱਟੀ (ਗ)
23.	ਕੈਰੋਂ (ਗ)
24.	ਕਸਲੇ
25.	ਝਬਾਲ (ਗ)
26.	ਕੋਟ ਧਰਮਚੰਦ ਕਲਾਂ
27.	ਸ਼ਾਹਬਾਜਪੁਰ
28.	ਕੰਗ
29.	ਗੋਇੰਦਵਾਲ
30.	ਨੌਸ਼ਿਹਰਾ ਪੰਨੂਆਂ
31.	ਤੁੜ
32.	ਗਗੋ ਬੂਆ
33.	ਭੰਗਾਲੀ

ਜ਼ਿਲ੍ਹਾ ਬਠਿੰਡਾ

1.	ਦੇਸਰਾਜ ਬਠਿੰਡਾ
2.	ਵਿਰਕ ਕਲਾਂ
3.	ਮਲੜਾਨੀਆਂ
4.	ਗੋਨਿਆਨਾ
5.	ਪਰਸਰਾਮ ਨਗਰ (ਬਠਿੰਡਾ)
6.	ਬਹਿਮਣ ਦੀਵਾਨਾ
7.	ਕੋਟ ਸ਼ਮੀਰ
8.	ਚੁਘੇ ਕਲਾਂ
9.	ਮਹਿਮਾ ਸਰਜਾ
10.	ਚਾਉਂਕੇ
11.	ਮੰਡੀ ਕਲਾਂ
12.	ਜੇਠੂਕੇ
13.	ਬਾਲਿਆਂਵਾਲੀ
14.	ਮੰਡੀ ਫੂਲ
15.	ਮਹਿਰਾਜ
16.	ਸੇਲਬਰਾ
17.	ਭੇਡੀਪੁਰਾ
18.	ਕੁੱਟੀ
19.	ਬੰਗੀ ਕਲਾਂ
20.	ਚੱਕ ਰੁਲਦੂ ਸਿੰਘ ਵਾਲਾ
21.	ਕੋਟ ਭਾਰਾ
22.	ਮਾਈਸਰ ਖਾਨਾ
23.	ਲਹਿਰੀ
24.	ਨਥਾਣਾ
25.	ਰੂਚੇ ਮੰਡੀ

ਜ਼ਿਲ੍ਹਾ ਫਤਿਹਗੜ੍ਹ ਸਾਹਿਬ

1.	ਸਰਹਿੰਦ ਮੰਡੀ
2.	ਮੰਡੀ ਗੋਬਿੰਦਗੜ੍ਹ (ਗ)
3.	ਬਸੀ ਪਠਾਣਾ
4.	ਅਮਲੋਹ (ਗ)
5.	ਅਮਲੋਹ
6.	ਫਤਿਹਗੜ੍ਹ ਸਾਹਿਬ

Original with;
Punjab Vidhan Sabha
Digitized by;
Punjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
7.	ਮੁਸਤਫਾਬਾਦ	23.	ਤਲਵੰਡੀ ਭਾਈ (ਗ)
8.	ਨੰਗਲਾਵਾ	24.	ਫਿਰੋਜ਼ਪੁਰ (ਗ)
9.	ਸੈਯੋਂਕੇ (ਗ)	25.	ਕੋਟ ਈਸੇ ਖਾ (ਗ)
10.	ਖੇੜੀ ਨੌਧ ਸਿੰਘ	26.	ਪੰਜ ਕੋਸੀ
ਜ਼ਿਲ੍ਹਾ ਫਿਰੋਜ਼ਪੁਰ		27.	ਜਲਾਲਾਬਾਦ (ਪੱਛਮੀ)
1.	ਫਿਰੋਜ਼ਪੁਰ	28.	ਅਬੋਹਰ
2.	ਆਰਫਕੇ	29.	ਫਾਜ਼ਿਲਕਾ (ਨ)
3.	ਗੁਰੂ ਹਰਸਹਾਏ	**ਜ਼ਿਲ੍ਹਾ ਫਰੀਦਕੋਟ**	
4.	ਮਮਦੋਟ	1.	ਜੈਡ ਸਾਹਿਬ
5.	ਤਲਵੰਡੀ ਭਾਈ	2.	ਪੱਖੀ ਕਲਾਂ
6.	ਮੱਖੂ	3.	ਗੋਲੇਵਾਲ
7.	ਸਰਸਿੰਘ ਵਾਲਾ	4.	ਮਚਾਕੀ ਕਲਾਂ
8.	ਜ਼ੀਰਾ (ਗ)	5.	ਫਰੀਦਕੋਟ (ਗ)
9.	ਜ਼ੀਰਾ	6.	ਕੋਟਕਪੂਰਾ (ਗ)
10.	ਭਿੰਡਰਕਲਾਂ	7.	ਰਾਮੇਆਣਾ
11.	ਘਲੋਟੀ	8.	ਹਰੀ ਨੌ
12.	ਬਹਿਕ ਗੁੱਜਰਾਂ	9.	ਬਾਜਾ ਖਾਨਾ
13.	ਮੱਜਗੜ੍ਹ	10.	ਜੈਤੋ (ਗ)
14.	ਖੁਈਆਂ ਸਰਵਰ	11.	ਦਾਉਧਰ
15.	ਮੱਲਾਂ ਵਾਲਾ ਖਾਸ	12.	ਕਪੂਰੇ
16.	ਬਲੂਆਣਾ	13.	ਡਰੋਲੀ ਭਾਈ
17.	ਜਲਾਲਾਬਾਦ (ਪੱਛਮੀ) (ਗ)	14.	ਮੋਗਾ (ਗ)
18.	ਡਬਵਾਲਾ ਕਲਾਂ	15.	ਬਾਘਾ ਪੁਰਾਨਾ (ਗ)
19.	ਚੱਕ ਬੁਧੇਕੇ	16.	ਬਾਘਾ ਪੁਰਾਣਾ
20.	ਖਿਓਵਾਲੀ ਢਾਬ	17.	ਗੁਰੂ ਤੇਗ ਬਹਾਦਰਗੜ੍ਹ
21.	ਘੱਲ ਖੁਰਦ	18.	ਸਮਾਧ ਭਾਈ
22.	ਗੁਰੂ ਹਰ ਸਹਾਏ (ਗ)		

Original with;
Punjab Vidhan Sabha
Digitized by;
Punjab Digital Library

ਲੜੀ ਨੰ.	ਸਕੂਲ ਦਾ ਨਾਂ	ਲੜੀ ਨੰ.	ਸਕੂਲ ਦਾ ਨਾਂ
19.	ਮਲੰਕੇ	3.	ਕਾਹਨੂੰਵਾਨ
20.	ਹਿੰਮਤਪੁਰਾ	4.	ਲਾਲਾ ਨੰਗਲ
21.	ਸੰਦੋਕੇ	5.	ਢੇਰ ਕੱਤੂਪੁਰ
22.	ਬਿਲਾਸਪੁਰ	6.	ਤਾਰਾਗੜ੍ਹ (ਬਟਾਲਾ)
23.	ਪਤੰ ਹੀਰਾ ਸਿੰਘ	7.	ਦੁਲੇਰਾ
24.	ਬਣੀਆਂ	8.	ਨਰੋਟ ਜੈਮਲ ਸਿੰਘ
25.	ਧੂੜ ਕੋਟ ਰਣਸੀਂਹ	9.	ਪਠਾਨਕੋਟ (ਗ)
26.	ਮੁਕਤਸਰ (ਗ)	10.	ਧਾਰ ਕਲਾਂ
27.	ਮੁਕਤਸਰ	11.	ਤਾਰਾਗੜ੍ਹ (ਦੀਨਾ ਨਗਰ)
28.	ਹਰੀਕੇ ਕਲਾਂ	12.	ਘਰੋਟਾ
29.	ਬਲਮਗੜ	13.	ਸਿਧਵਾ
30.	ਬਰੀਵਾਲਾ	14.	ਫਤਿਹਗੜ੍ਹ ਚੂੜੀਆਂ
31.	ਮਲੋਟ	15.	ਮੀਰਥਲ
32.	ਡਬਵਾਲੀ ਢਾਬ	16	ਧਿਆਨਪੁਰ
33.	ਮਲੋਟ (ਗ)	17.	ਹਰਪੁਰ ਧੰਦੋਈ
34.	ਝੁਰੜ	18.	ਬਾਗੋਵਾਣੀ
35.	ਤਰਖਾਣਵਾਲਾ	19.	ਚੌਤਾਂ
36.	ਗਿੱਦੜਬਹਾ	20.	ਧਰਮਕੋਟ ਰੰਧਾਵਾ
37.	ਬਰਾਮਵਾਲਾ	21.	ਨੰਗਲ ਭੂਰ
38.	ਗੁਰੂਸਰ	22.	ਨੌਸ਼ਹਿਰਾ ਮੱਝਾ ਸਿੰਘ
39.	ਦੌਦਾ	23.	ਪਾਰੋਵਾਲ
40.	ਫਲੂ ਖੇੜਾ	24.	ਕੇ. ਐਫ. ਸੀ. ਪਠਾਨਕੋਟ
41.	ਲੁਬੀ	25.	ਤਾਰਾਗੜ੍ਹ (ਗ)
42.	ਘਮਿਆਰਾ	**ਜ਼ਿਲ੍ਹਾ ਹੁਸ਼ਿਆਰਪੁਰ**	
43.	ਸਿੰਘੇਵਾਲਾ	1.	ਰਾਮਗੜ ਸੀਕਰੀ
ਜ਼ਿਲ੍ਹਾ ਗੁਰਦਾਸਪੁਰ		2.	ਕਸਾਹੀ ਦੇਵੀ
1.	ਜਾਹਲੜੀ	3.	ਹਰਦੋਖੁੰਦਪੁਰ
2.	ਘੁੰਮਣ ਕਲਾਂ	4.	ਹਰਿਆਂ ਕਲੋਤਾ
		5.	ਸਫਦਰਪੁਰ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
6.	ਜ਼ਹੂਰਾ	4.	ਪੀ. ਏ. ਪੀ. ਜਲੰਧਰ
7.	ਹਾਜ਼ੀਪੁਰ	5.	ਹਜ਼ਾਰਾ
8.	ਨੱਥੂ-ਪੁਰ	6.	ਨੌਗਜਾ
9.	ਤੇਲੀ ਚੱਕ	7.	ਈਸ਼ਰਵਾਲ
10.	ਸੰਸਾਰ ਮੁਕੇਵਾਲ	8.	ਬੋਲੀਨਾ
11.	ਫਤਿਹਪੁਰ ਭੋਰਵਾ	9.	ਪਤਾਰਾ (ਗ)
12.	ਬੀਰਮਪੁਰ	10.	ਆਦਮਪੁਰ
13.	ਪੰਜੋਦਿਤਾ ਸੂਸ	11.	ਫਰੋਲੀ ਕਲਾਂ
14.	ਮਜ਼ਾਰੀ ਡੀਗਰੀਆਂ	12.	ਚੋਲੀਕੇ ਦੂਹੜੇ
15.	ਮਹਿੰਦਵਾਣੀ	13.	ਉਧੋਵਾਲ
16.	ਸਾਹਿਬਾ	14.	ਸੰਗੋਵਾਲ
17.	ਰਤੇਵਾਲ	15.	ਖੀਵਾ
18.	ਭੁੱਦੀ	16.	ਮਲੀਆਂ ਕਲਾਂ
19.	ਬੀਨੇਵਾਲ	17.	ਨਿਹਾਨ ਵਾਲ
20.	ਬਲਾਚੌਰ (ਗ)	18.	ਲੋਹੀਆਂ ਖਾਸ
21.	ਪੱਦੀਗੁਰਾ ਸਿੰਘ	19.	ਬਾਜਵਾ ਕਲਾਂ
22.	ਜੇਜੋ ਦੁਆਬਾ	20.	ਨੰਗਲ ਅੰਬੀਆ
23	ਧਰਮਪੁਰ	21.	ਚੱਕ ਕਲਾ
24.	ਟਾਂਡਾ (ਜੰ)	22.	ਰਿਦੜ ਪਿੰਡੀ
25.	ਖੁਦਾਗੜ੍ਹ	23.	ਸ਼ੰਕਰ (ਗ)
26.	ਸਲੀਮਪੁਰ	24.	ਬਿਲਗਾ
27.	ਰਾਜਪੁਰ ਭਾਈਆ	25.	ਉਮਰਪੁਰ ਕਲਾਂ
ਜ਼ਿਲ੍ਹਾ ਜਲੰਧਰ		26.	ਤਲਵਣ
1.	ਭਾਰਗੋ ਨਗਰ ਜਲੰਧਰ	27.	ਬੰਡਾਲਾ
2.	ਸਪੋਰਟਸ ਸਕੂਲ, ਜਲੰਧਰ	28.	ਰੁੜਕਾ ਕਲਾਂ
3.	ਗਾਖਲ ਧਾਰੀਵਾਲ	29.	ਗੋਰਾਇਆ

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਸਕੂਲ ਦਾ ਨਾਂ	ਲੜੀ ਨ:	ਸਕੂਲ ਦਾ ਨਾਂ
30.	ਜੰਡਿਆਲਾ (ਗ)	11.	ਡੰਡਵਿੰਡੀ
31.	ਮੋਰੋ	12.	ਸ਼ੁਰਖਪੁਰ
32.	ਗੌਰਾਇਆ (ਗ)	13.	ਖੇੜਾ ਦੋਨਾਂ
33.	ਚੀਮਾ ਕਲਾਂ ਚੀਮਾ ਖੁਰਦ	14.	ਸੁਲਤਾਨਪੁਰ ਲੋਧੀ
34.	ਪਰਤਾਬਪੁਰਾ	**ਜ਼ਿਲ੍ਹਾ ਲੁਧਿਆਣਾ**	
35.	ਬੜਾ ਪਿੰਡ	1.	ਨੂਰਪੁਰ ਬੇਟ
36.	ਕਰਨਾਣਾ	2.	ਦਾਖਾ
37.	ਹੋਡੀਆ (ਗ)	3.	ਲਲਤੋ ਕਲਾਂ
38.	ਘੁੰਮਣ	4.	ਭੈਣੀ ਸਾਹਿਬ
39.	ਚੱਕ ਬਿਲਗਾਂ (ਗ)	5.	ਲਤਾਲਾ
40.	ਔੜ	6.	ਮਾਂਗਟ
41.	ਨਿਬਾਣਾ ਚਿੱਕਾ	7.	ਜੰਡਿਆਲੀ
42.	ਨਵਾਂ ਸ਼ਹਿਰ	8.	ਸਾਨੇਬਾਲ
43.	ਬੰਗਾ	9.	ਬਾੜੰਦੀ
44.	ਸੁੰਢ ਮਕਸੂਦਪੁਰ	10.	ਸਰਾਭਾ
45.	ਚਨੇਗਰਾ	11.	ਰਾਏਕੋਟ (ਗ)
46.	ਨੌਰਾ (ਗ)	12.	ਪੱਖੋਵਾਲ
47.	ਭਾਰਟਾ ਕਲਾਂ	13.	ਰਾਏਕੋਟ
48.	ਕਾਹਮਾ	14.	ਗੁੱਜਰਵਾਲ
ਜ਼ਿਲ੍ਹਾ ਕਪੂਰਥਲਾ		15.	ਡੇਹਲੋਂ
1.	ਹੁਸੈਨਪੁਰ	16.	ਹਠੂਰ
2.	ਰਾਣੀਪੁਰ	17.	ਕਾਉਕੇ ਕਲਾਂ
3.	ਲੱਖਪੁਰ	18.	ਦਦਾਹੂਰ
4.	ਨਡਾਲਾ	19.	ਲੀਲਾਂ
5.	ਰਾਮਪੁਰ ਜਗੀਰ	20.	ਹੰਬਲਾ
6.	ਟਿੱਬਾ	21.	ਸਵੱਦੀ ਕਲਾਂ
7.	ਸਿਧਵਾ ਦੋਨਾ	22.	ਬਰਸਾਲ
8.	ਅਠੌਲੀ	23.	ਸਿਧਵਾਂ ਬੇਟ
9.	ਨੰਗਲ ਲੁਬਾਣਾ	24.	ਖੰਨਾ (ਗ)
10.	ਦਿਆਲਪੁਰ	25.	ਮਾਣਕ ਮਾਜਰਾ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
26.	ਇਕੋਲਾਹਾ	7.	ਘੱਗਾ
27.	ਘੁੰਗਰਾਲੀ ਸਿੱਖਾਂ	8.	ਸਮਾਣਾ
28.	ਪਾਇਲ	ਜ਼ਿਲ੍ਹਾ ਰੋਪੜ	
29.	ਬੀਜਾ	1.	ਅਨੰਦਪੁਰ ਸਾਹਿਬ (ਲ)
30.	ਧਮੋਟ	2.	ਨੂਰਪੁਰ ਬੇਦੀ
31.	ਕਦੋਂ	3.	ਬਹਿਲੋਲਪੁਰ
32.	ਰੋਣੀ	4.	ਡੱਲਾ
33.	ਹਰਮਸਰ	5.	ਖੇੜੀ ਸਨਾਬਤਪੁਰ
34	ਭੈਣੀ ਬੜਿੰਗਾ	6.	ਸਿੰਘ ਭਗਵੰਤਪੁਰ
ਜ਼ਿਲ੍ਹਾ ਮਾਨਸਾ		ਜ਼ਿਲ੍ਹਾ ਸੰਗਰੂਰ	
1.	ਮਾਨਸਾ	1.	ਚੀਮਾ
2	ਫਫੜੇ ਭਾਈਕੇ	2.	ਸਾਰੋ
3.	ਭੈਣੀ ਬਾਘਾ	3.	ਲੌਂਗੋਵਾਲ
4.	ਸਰਦੂਲਗੜ੍ਹ	4.	ਕਪਿਆਲ
5.	ਸਰਦੂਲਗੜ੍ਹ (ਲ)	5.	ਭਵਾਨੀਗੜ੍ਹ (ਲ)
6.	ਗੋਗਾ	6.	ਜਖੇਪਲ
7.	ਭੀਖੀ	7.	ਛਾਜਲੀ
8.	ਭੀਖੀ (ਲ)	8.	ਸੁਨਾਮ
9.	ਨੰਗਲ ਕਲਾਂ	9.	ਸੁਨਾਮ (ਲ)
10.	ਝੁਨੀਰ	10.	ਦਿੜ੍ਹਬਾ
11.	ਬੁਢਲਾਡਾ	11.	ਗੁਜਰਾ
ਜ਼ਿਲ੍ਹਾ ਪਟਿਆਲਾ		12.	ਕਣਕਵਾਲ
1.	ਗਜੂ ਮਾਜਰਾ	13.	ਲਹਿਰਾਗਾਗਾ (ਲ)
2.	ਰੋਸ਼ਨਪੁਰ	14.	ਲਹਿਰਾਗਾਗਾ
3.	ਮਾਣਕਪੁਰ	15.	ਮੰਡਵੀ
4.	ਪਬੱਰੀ	16.	ਮੂਲੋਵਾਲ
5.	ਮਲੇਵਾਲ	17.	ਭਸੌੜ
6.	ਅਜਰਾਵਰ	18.	ਗੋਬਾਰਾ

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
19.	ਭਲਵਾਨ	26.	ਧਨੌਲਾ
20.	ਅੰਮਰਗੜ੍ਹ	27.	ਧਨੌਲਾ (ਗ)
21.	ਜਿੱਤਵਾਲ ਕਲਾਂ	28.	ਸਹਿਣਾ
22.	ਭੋਗੀਵਾਲ	29.	ਪੱਥੇਕਲਾਂ
23.	ਮਹਿਲਕਲਾਂ	30.	ਠੀਕਰੀਵਾਲਾ
24.	ਠੁਲੀਵਾਲ	31.	ਚੰਨਣਵਾਲ
25.	ਭਦੌੜ (ਗ)	32.	ਛਾਪਾ
		33.	ਸਦੌੜ

ਸਿੱਖਿਆ ਵਿਭਾਗ ਵਿਚ ਸੀਨੀਅਰ ਸਹਾਇਕਾਂ ਦੀ ਗਿਣਤੀ

452. **ਕਾਮਰੇਡ ਹਰਦੇਵ ਅਰਸ਼ੀ** ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ 1 ਜਨਵਰੀ, 1995 ਨੂੰ ਸਿੱਖਿਆ ਵਿਭਾਗ ਦੇ ਜ਼ਿਲ੍ਹਾ ਦਫਤਰਾਂ ਵਿੱਚ ਸੀਨੀਅਰ ਸਹਾਇਕਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ-ਕਿੰਨੀ ਸੀ ?

ਸਰਦਾਰ ਲਖਮੀਰ ਸਿੰਘ ਰੰਧਾਵਾ: ਸਿੱਖਿਆ ਵਿਭਾਗ ਦੇ ਜ਼ਿਲ੍ਹਾ ਅਤੇ ਹੋਰ ਅਧੀਨ ਦਫਤਰਾਂ ਵਿੱਚ ਕੰਮ ਕਰ ਰਹੇ ਸੀਨੀਅਰ ਸਹਾਇਕਾਂ ਦੀ ਮਿਤੀ 1-1-1995 ਨੂੰ ਜ਼ਿਲ੍ਹਾ-ਵਾਰ ਗਿਣਤੀ ਦੀ ਸੂਚੀ ਨੱਥੀ ਹੈ ।

ਸਿੱਖਿਆ ਵਿਭਾਗ ਦੇ ਜ਼ਿਲ੍ਹਾ ਅਤੇ ਹੋਰ ਅਧੀਨ ਦਫਤਰਾਂ ਵਿੱਚ ਕੰਮ ਕਰ ਰਹੇ ਸੀਨੀਅਰ ਸਹਾਇਕਾਂ ਦੀ ਮਿਤੀ 1-1-1995 ਨੂੰ ਜ਼ਿਲ੍ਹਾ ਵਾਰ ਗਿਣਤੀ ਹੇਠ ਲਿਖੇ ਅਨੁਸਾਰ ਹੈ।

1.	ਜ਼ਿਲ੍ਹਾ	ਅੰਮ੍ਰਿਤਸਰ ..	11
2	,,	ਬਠਿੰਡਾ ..	14
3.	,,	ਫਤਿਹਗੜ੍ਹ ਸਾਹਿਬ ..	8
4.	,,	ਫ਼ਰੀਦਕੋਟ ..	16
5.	,,	ਫ਼ਿਰੋਜ਼ਪੁਰ ..	8
6.	,,	ਗੁਰਦਾਸਪੁਰ ..	14
7.	,,	ਹੁਸ਼ਿਆਰਪੁਰ ..	17
8.	,,	ਜਲੰਧਰ ..	21
9.	,,	ਕਪੂਰਥਲਾ ..	11
10.	,,	ਲੁਧਿਆਣਾ ..	16
11.	,,	ਪਟਿਆਲਾ ..	27

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

12.	ਜ਼ਿਲ੍ਹਾ	ਮਾਨਸਾ	8
13.	,,	ਰੂਪੜ	13
14.	,,	ਸੰਗਰੂਰ	14
15.	ਚੰਡੀਗੜ੍ਹ ਸਥਿਤ ਅਧੀਨ ਦਫ਼ਤਰ		6

ਸਿੱਖਿਆ ਵਿਭਾਗ ਦੇ ਸੁਪਰਡੰਟਾਂ ਦੀ ਸੀਨੀਆਰਤਾ ਸੂਚੀ

453. **ਕਾਮਰੇਡ ਹਰਦੇਵ ਅਰਸ਼ੀ**: ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਜਨਵਰੀ, 1995 ਨੂੰ ਰਾਜ ਵਿੱਚ ਸਿੱਖਿਆ ਵਿਭਾਗ ਵਿੱਚ ਕੰਮ ਕਰ ਰਹੇ ਸੁਪਰਡੰਟਾਂ ਦੇ ਜ਼ਿਲ੍ਹਾ-ਵਾਰ ਨਾਂ ਕੀ ਕੀ ਸਨ ।

(ਅ) ਕੀ ਵਿਭਾਗ ਦੁਆਰਾ ਉਪਰੋਕਤ ਭਾਗ (ੳ) ਵਿੱਚ ਵਰਣਿਤ ਅਫ਼ਸਰਾਂ ਦੀ ਕੋਈ ਸੀਨੀਅਰਤਾ ਸੂਚੀ ਤਿਆਰ ਕੀਤੀ ਗਈ ਹੈ ?

ਸ਼ਰਦਾਰ ਲਖਮੀਰ ਸਿੰਘ ਰੰਧਾਵਾ : (ੳ) ਸਿੱਖਿਆ ਵਿਭਾਗ ਵਿੱਚ ਕੰਮ ਕਰ ਰਹੇ ਸੁਪਰਡੰਟਾਂ ਦੇ ਨਾਵਾਂ ਦੀ ਮਿਤੀ 1-1-1995 ਤੱਕ ਦੀ ਜ਼ਿਲ੍ਹਾ-ਵਾਰ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) 1-1-1995 ਦੀ ਸਥਿਤੀ ਅਨੁਸਾਰ ਸੀਨੀਆਰਤਾ ਸੂਚੀ ਤਿਆਰ ਕੀਤੀ ਜਾ ਰਹੀ ਹੈ ਅਤੇ ਇਹ ਜਲਦੀ ਜਾਰੀ ਕਰ ਦਿੱਤੀ ਜਾਵੇਗੀ ।

ਲੜੀ ਨੰ:	ਸੁਪਰਡੰਟ ਦਾ ਨਾਂ	ਕੰਮ ਕਰਨ ਦੀ ਥਾਂ
	ਜ਼ਿਲ੍ਹਾ ਅੰਮ੍ਰਿਤਸਰ	
1.	ਰਜਿੰਦਰ ਕੌਰ	ਸ:ਕ: ਇਸਤਰੀਆਂ, ਅੰਮ੍ਰਿਤਸਰ
2.	ਕ੍ਰਿਪਾਲ ਸਿੰਘ	,,
3.	ਅਵਿਨਾਸ਼ ਚੰਦਰ	ਸਰਕਾਰੀ ਕਾਲਜ, ਪੱਟੀ
4.	ਵਿਸ਼ਵਾ ਮਿੱਤਰ	ਜ਼ਿ: ਸਿ:ਅ: (ਪੱਟੀ), ਅੰਮ੍ਰਿਤਸਰ
5.	ਰਘਵੀਰ ਸਿੰਘ	,,
6.	ਦਰਸ਼ਨ ਸਿੰਘ	,, (ਸ)

Original with;
Punjab Vidhan Sabha
Digitized by;
Punjab Digital Library

ਲੜੀ ਨੰ:	ਸੁਪਰਡੰਟ ਦਾ ਨਾਂ		ਕੰਮ ਕਰਨ ਦੀ ਥਾਂ
7.	ਸਤੁੱਪਾਲ	..	ਜ਼ਿ. ਸਿ. ਅ. (ਸ) ਅੰਮ੍ਰਿਤਸਰ
8.	ਧਰਮਪਾਲ ਗੁਪਤਾ	..	ਡਾਇਟ ਅੰਮ੍ਰਿਤਸਰ
9.	ਰਮੇਸ਼ ਚੰਦਰ	..	ਸਰਕਾਰੀ ਕਾਲਜ, ਅਜਨਾਲਾ
10.	ਰਾਜ ਅਰੋੜਾ	..	,, ਤਰਨਤਾਰਨ
11.	ਮਹਿੰਦਰ ਸਿੰਘ	..	ਜ਼ਿ:ਸਿ:ਅ:(ਸ) ਅੰਮ੍ਰਿਤਸਰ (ਐਸ.ਓ.ਦੀ ਅਸਾਮੀ ਵਿਰੁੱਧ)
			ਜ਼ਿਲ੍ਹਾ ਬਠਿੰਡਾ
1.	ਗੁਰਦੇਵ ਸਿੰਘ	..	ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ
2.	ਭਾਨ ਦਾਸ ਗੋਇਲ	..	,,
3.	ਗੁਰਪ੍ਰਸਾਦ ਬਾਂਸਲ	..	ਜ਼ਿ: ਸਿ ਅ: (ਪ): ਬਠਿੰਡਾ
4.	ਰਾਜ ਕੁਮਾਰ	..	ਜ਼ਿ: ਸਿ: ਅ: (ਸ) ਬਠਿੰਡਾ
5.	ਮੋਹਨ ਲਾਲ ਜਿੰਦਲ	..	ਡਾਈਟ ਬਠਿੰਡਾ
6.	ਸੁਖਦੇਵ ਸਿੰਘ	..	ਜ਼ਿ: ਸਿ: ਅ: (ਸ) ਬਠਿੰਡਾ
			ਜ਼ਿਲ੍ਹਾ ਫਤਿਹਗੜ੍ਹ ਸਾਹਿਬ
1.	ਗੁਰਚਰਨ ਲਾਲ	..	ਜ਼ਿ: ਸਿ: ਅ: (ਸ) ਫਤਿਹਗੜ੍ਹ ਸਾਹਿਬ
2.	ਕਰਨੈਲ ਸਿੰਘ	..	ਸਰਕਾਰੀ ਕਾਲਜ, ਮੰਡੀ ਗੋਬਿੰਦਗੜ੍ਹ
			ਜ਼ਿਲ੍ਹਾ ਫਰੀਦਕੋਟ
1.	ਅਜੀਤ ਸਿੰਘ ਗਿੱਲ	..	ਸਰਕਾਰੀ ਬਰਜਿੰਦਰਾ ਕਾਲਜ, ਫਰੀਦਕੋਟ
2.	ਰਤਨ ਲਾਲ ਗੋਇਲ	..	,, ਮੁਕਤਸਰ
3.	ਮਹਿੰਦਰ ਕੁਮਾਰ ਪੁਰੀ	..	ਡਾਇਟ ਫਰੀਦਕੋਟ
4.	ਇੰਦਰ ਸਿੰਘ	..	ਜ਼ਿ: ਸਿ: ਅ: (ਸ) ਫਰੀਦਕੋਟ
5.	ਮੁਨਸ਼ੀ ਰਾਮ	..	ਸਰਕਾਰੀ ਕਾਲਜ ਆਫ ਐਜੂਕੇਸ਼ਨ, ਫਰੀਦਕੋਟ
6.	ਕਿਸ਼ਨ ਚੰਦ ਸ਼ਰਮਾ	..	ਜ਼ਿ: ਸਿ: ਅ: (ਸ) ਫਰੀਦਕੋਟ

Original with;
Punjab Vidhan Sabha
Digitized by;
Punjab Digital Library

ਲੜੀ ਨੰ:	ਸੁਪਰਡੰਟ ਦਾ ਨਾਂ	ਕੰਮ ਕਰਨ ਦੀ ਥਾਂ
	ਜ਼ਿਲ੍ਹਾ ਫਿਰੋਜ਼ਪੁਰ	
1.	ਲਾਲੋਰੀ ਰਾਮ	ਐਮ. ਆਰ. ਗੌ: ਕਾਲਜ, ਫਾਜ਼ਿਲਕਾ
2.	ਸਤਪਾਲ	ਜ਼ਿ: ਸਿ: ਅ: (ਪ) ਫਿਰੋਜ਼ਪੁਰ
3.	ਇੰਦਰਜੀਤ ਸਿੰਘ	,, (ਸ) ,,
4.	ਸੁਰਿੰਦਰ ਕੁਮਾਰ ਕਟਾਰੀਆ	,, ,,
5.	ਰਾਧੇ ਸ਼ਿਆਮ	,, ,,
6.	ਪਾਖਰ ਸਿੰਘ	ਡਾਇਟ ਫਿਰੋਜ਼ਪੁਰ
	ਜ਼ਿਲ੍ਹਾ ਗੁਰਦਾਸਪੁਰ	
1.	ਮਦਨ ਲਾਲ ਮਹਾਜਨ	ਸਰਕਾਰੀ ਕਾਲਜ, ਗੁਰਦਾਸਪੁਰ
2.	ਮੋਹਨ ਲਾਲ	ਜ਼ਿ: ਸਿ: ਅ: (ਪ) ਗੁਰਦਾਸਪੁਰ
3.	ਓਮ ਪ੍ਰਕਾਸ਼	ਡਾਇਟ ਗੁਰਦਾਸਪੁਰ
3.	ਮੁਲਖ ਰਾਜ	ਜ਼ਿ: ਸਿ: ਅ: (ਸ) ਫਿਰੋਜ਼ਪੁਰ
5.	ਕੈਲਾਸ਼ ਨਾਥ	,, (ਐਸ.ਓ.ਦੀ ਅਜ਼ਮਾਈ ਵਿਰੁੱਧ)
6.	ਰਾਮ ਪ੍ਰਕਾਸ਼	,,
	ਜ਼ਿਲ੍ਹਾ ਹੁਸ਼ਿਆਰਪੁਰ	
1.	ਧਰਮਪਾਲ	ਸਰਕਾਰੀ ਕਾਲਜ ਤਲਵਾੜਾ
2.	ਜੁਗਿੰਦਰਪਾਲ ਬੰਸੀ	,, ਹੁਸ਼ਿਆਰਪੁਰ
3.	ਬ੍ਰਿਜ ਲਾਲ ਸਹਿਗਲ	,, ਹੁਸ਼ਿਆਰਪੁਰ
4.	ਅਜੀਤ ਰਾਮ	ਮ: ਭ: ਸਰਕਾਰੀ ਕਾਲਜ, ਪੁੰਜੇਵਾਲ
5.	ਪ੍ਰਕਾਸ਼ ਚੰਦ	ਜ਼ਿ: ਸਿ: ਅ: (ਪ) ਹੁਸ਼ਿਆਰਪੁਰ
6.	ਕਾਬਲ ਸਿੰਘ	,, ,,

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਸੁਪਰਡੰਟ ਦਾ ਨਾਂ		ਕੰਮ ਕਰਨ ਦੀ ਥਾਂ
7.	ਨੇਤਰ ਚੰਦ	..	ਜ਼ਿ:ਸਿ:ਅ: (ਸ) ਹੁਸ਼ਿਆਰਪੁਰ
8.	ਨਿਰਮਲਦਾਸ	..	,,
9.	ਕਿਸ਼ੋਰੀ ਲਾਲ ਚੌਹਾਨ	..	ਡਾਇਟ ਹੁਸ਼ਿਆਰਪੁਰ

ਜ਼ਿਲ੍ਹਾ ਜਲੰਧਰ

1.	ਬ੍ਰਿਜ ਲਾਲ ਦੁਗਲ	..	ਸ: ਕਾ: ਜੰਡਿਆਲਾ
2.	ਨਿਰਮਲ ਅਰੋੜਾ	..	ਸਪੋਰਟਸ ਕਾਲਜ ਜਲੰਧਰ
3.	ਸੁਰਜੀਤ ਸੈਣੀ	..	ਜ਼ਿ: ਸਿ. ਅ: (ਪ੍ਰਾ) ਜਲੰਧਰ
4.	ਹੁਕਮ ਸਿੰਘ	..	ਜ਼ਿ: ਸਿ: ਅ: (ਪ੍ਰਾ) ਜਲੰਧਰ
5.	ਸੁੰਦਰ ਸਿੰਘ	..	ਡਾਇਟ ਰਾਮਪੁਰ ਲੱਲੀਆਂ
6.	ਵੇਦ ਪ੍ਰਕਾਸ਼ ਸਾਹਨੀ	..	ਜ਼ਿ: ਸਿ: ਅ: (ਸ) ਜਲੰਧਰ
7.	ਓਮ ਪ੍ਰਕਾਸ਼ ਸਭਰਵਾਲ	..	ਜ਼ਿ: ਸਿ: ਅ: (ਸ) ਜਲੰਧਰ
8.	ਅਮਰ ਸਿੰਘ	..	ਪੀ. ਏ. ਪੀ. ਕੈਂਪ
9.	ਜੋਗਿੰਦਰ ਦੇਵ ਕਾਲਿਆ	..	ਮੰ: ਸਿ: ਅ: ਜਲੰਧਰ
10.	ਗੁਰਕਾਜ ਸਿੰਘ	..	ਮੰ: ਸਿ: ਅ: ਜਲੰਧਰ
11.	ਕਮਲੇਸ਼ ਸ਼ਰਮਾ	..	ਮੰ: ਸਿ: ਅ: ਜਲੰਧਰ
12.	ਹਜ਼ਾਰਾ ਰਾਮ	..	ਸ: ਕਾ: ਆਫ ਐਜ: ਜਲੰਧਰ
13.	ਮੋਹਣ ਸਿੰਘ ਤਸੌਰਾ	..	ਜ਼ਿ: ਸਿ: ਅ: (ਸ) ਜਲੰਧਰ

ਜ਼ਿਲ੍ਹਾ ਕਪੂਰਥਲਾ

1.	ਕੁਲਦੀਪ ਸਿੰਘ	..	ਸ: ਕਾ: ਕਪੂਰਥਲਾ
2.	ਰਾਜ ਕਿਸ਼ੋਰ	..	ਸ: ਕਾ: ਭੁਲੱਥ
3.	ਸਰਵਨ ਕੁਮਾਰ	..	ਜ਼ਿ: ਸਿ: ਅ: (ਪ੍ਰਾ) ਕਪੂਰਥਲਾ
4.	ਹਰਨਾਮ ਸਿੰਘ	..	ਜ਼ਿ: ਸਿ: ਅ: (ਸ) ਕਪੂਰਥਲਾ
5.	ਮੁਲਖ ਰਾਮ ਮਕੜ	..	ਡਾਇਟ ਕਪੂਰਥਲਾ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਲੜੀ ਨੰ:	ਸੁਪਰਡੰਟ ਦਾ ਨਾਂ	ਕੰਮ ਕਰਨ ਦੀ ਥਾਂ
	ਜ਼ਿਲ੍ਹਾ ਲੁਧਿਆਣਾ	
1.	ਜੋਗਿੰਦਰ ਸਿੰਘ ਲਾਲੀਆ	ਡਾਇਟ ਜਗਰਾਓਂ
2.	ਜਰਨੈਲ ਸਿੰਘ	ਸਾਇੰਸ ਕਾਲਜ ਜਗਰਾਓਂ
3.	ਓਮ ਪ੍ਰਕਾਸ਼	ਸ: ਕਾ: ਲੁਧਿਆਣਾ
4.	ਦਿਆਲ ਸਿੰਘ ਕੰਗ	ਸ: ਕਾ: ਲੁਧਿਆਣਾ
5.	ਬੰਤ ਸਿੰਘ	ਸ: ਕਾ: (ਇ) ਲੁਧਿਆਣਾ
6.	ਇੰਦਰਪਾਲ ਸਿੰਘ	ਸ: ਕਾ: (ਇ) ਲੁਧਿਆਣਾ
7.	ਸੁਰਜੀਤ ਸਿੰਘ	ਸ: ਕਾ: ਕਰਮਸਰ
8.	ਜੋਗਾ ਸਿੰਘ ਗਿੱਲ	ਸ: ਕਾ: ਸਿੱਧਸਰ
9.	ਪ੍ਰੇਮ ਚੰਦਰ ਸ਼ੂਦ	ਜ਼ਿ: ਸਿ: ਅ: (ਪ੍ਰਾ) ਲੁਧਿਆਣਾ
10.	ਭੂਸ਼ਨ ਕੁਮਾਰ	ਜ਼ਿ: ਸਿ: ਅ: (ਪ੍ਰਾ) ਲੁਧਿਆਣਾ
11.	ਦਾਸ ਰਾਮ	ਜ਼ਿ: ਸਿ: ਅ: (ਸ) ਲੁਧਿਆਣਾ
12.	ਸੁਦੇਸ਼ ਘਈ	ਜ਼ਿ: ਸਿ: ਅ: (ਸ) ਲੁਧਿਆਣਾ
13.	ਸੁਖਮਿੰਦਰ ਸਿੰਘ	ਜ਼ਿ: ਸਿ: ਅ: (ਸ) ਲੁਧਿਆਣਾ
	ਜ਼ਿਲ੍ਹਾ ਪਟਿਆਲਾ	
1.	ਸੁਖਦੇਵ ਸ਼ਰਮਾ	ਮੈ:ਸ੍ਰਿ.ਅ: ਨਾਭਾ
2.	ਪਰਮਜੀਤ ਸਿੰਘ	,,
3.	ਪ੍ਰੀਤਮ ਸਿੰਘ ਚਾਵਲਾ	ਸ:ਕਾ: ਆਫ ਐਜੂ: ਪਟਿਆਲਾ
4.	ਗੁਰਨਾਮ ਸਿੰਘ	ਬਿਕਰਮ ਕਾਲਜ ਆਫ ਕਮਰਸ ਪਟਿਆਲਾ
5.	ਗੁਰਦੇਵ ਸਿੰਘ ਜੱਸਲ	ਫਿਜੀ. ਕਾਲਜ ਪਟਿਆਲਾ
6.	ਸੁਰਿੰਦਰ ਸਿੰਘ	ਮਹਿੰਦਰਾ ਕਾਲਜ, ਪਟਿਆਲਾ
7.	ਕਿਸ਼ਨ ਸਿੰਘ	ਸ:ਕਾ: ਨਿਹਾਲ ਪਾੜਾਂ
8.	ਸ਼ੰਭੂ ਦਿਆਲ	ਜ਼ਿ:ਸਿ:ਅ: (ਪ:) ਪਟਿਆਲਾ
9.	ਸੰਤੋਸ਼ ਕੌੜਾ	ਸੈਂਟਰਲ ਸਟੇਟ ਲਾਇਬਰੇਰੀ ਪਟਿਆਲਾ

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਸੁਪਰਡੈਂਟ ਦਾ ਨਾਂ		ਕੰਮ ਕਰਨ ਦੀ ਥਾਂ
10.	ਵੇਦ ਪ੍ਰਕਾਸ਼ ਭਾਟੀਆ	..	ਡਾਇਟ ਨਾਭਾ
11.	ਰਾਮ ਸਿੰਘ	..	ਜ਼ਿ:ਸਿ:ਅ: (ਸ) ਪਟਿਆਲਾ
12.	ਰਾਮ ਪ੍ਰਸਾਦ	..	"
13.	ਜੀਵਨ ਪ੍ਰਕਾਸ਼	..	ਸ:ਕਾ: (ਇ) ਪਟਿਆਲਾ
14.	ਰਾਜ ਕੁਮਾਰ	..	ਸ:ਕਾ: ਡੇਰਾ ਬੱਸੀ
15.	ਗਿਆਨ ਚੰਦ ਚੋਪੜਾ	..	ਰਿਪਦੁਮਨ ਕਾਲਜ, ਨਾਭਾ
16.	ਮੋਹਨ ਲਾਲ ਗੋਇਲ	..	ਜ਼ਿ:ਸਿ:ਅ: (ਸ) ਪਟਿਆਲਾ
	ਜ਼ਿਲ੍ਹਾ ਮਾਨਸਾ		
1.	ਗਿਰਧਾਰੀ ਲਾਲ ਵਰਮਾ	..	ਜ਼ਿ:ਸਿ:ਅ: (ਪ੍ਰਾ) ਮਾਨਸਾ
2.	ਡੀ.ਸੀ. ਗੁਪਤਾ	..	ਟੈਕਨ ਓਵਰ ਕਾਲਜ ਮਾਨਸਾ
3.	ਤੇਜ ਸਿੰਘ	..	ਜ਼ਿ:ਸਿ:ਅ: (ਸ) ਮਾਨਸਾ
	ਜ਼ਿਲ੍ਹਾ ਰੋਪੜ		
1.	ਅਮੀਰ ਚੰਦ	..	ਸ:ਕਾ: ਰੋਪੜ
2.	ਦਿਦਾਰ ਸਿੰਘ	..	ਸ:ਕਾ: ਮੋਹਾਲੀ
3.	ਬਾਬੂ ਰਾਮ	..	ਜ਼ਿ:ਸਿ:ਅ: (ਪ੍ਰਾ) ਰੋਪੜ
4.	ਸ਼ਮਸ਼ੇਰ ਸਿੰਘ	..	" (ਸ) "
5.	ਕੁਲਸ਼ਨ ਲਾਲ	..	"
6.	ਯੋਗ ਰਾਜ	..	ਡਾਇਟ ਨੰਗਲ
	ਜ਼ਿਲ੍ਹਾ ਸੰਗਰੂਰ		
1.	ਚ:ਸ: ਸ਼ਰਮਾ	..	ਡਾਇਟ ਸੰਗਰੂਰ
2.	ਵੈਜ ਨਾਥ	..	ਸ:ਕਾ: ਸੁਨਾਮ
3.	ਹੰਸ ਰਾਜ	..	ਸ: ਰਣਬੀਰ ਕਾਲਜ, ਸੰਗਰੂਰ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਲੜੀ ਨੰ:	ਸੁਪਰਡੰਟ ਦਾ ਨਾਂ		ਕੰਮ ਕਰਨ ਦੀ ਥਾਂ
4.	ਜਗਜੀਤ ਸਿੰਘ	..	ਜ਼ਿ:ਸਿ:ਅ: (ਪ੍ਰਾ) ਸੰਗਰੂਰ
5.	ਗੁਰਦੇਵ ਸਿੰਘ	..	,, (ਸ਼) ,,
6.	ਅਮਰ ਸਿੰਘ	..	,,
7.	ਜਗਦੀਸ਼ ਚੰਦਰ	..	,,
8.	ਨਛੱਤਰ ਸਿੰਘ	..	ਸ: ਕਾਲਜ, ਮਲੇਰਕੋਟਲਾ

ਸਿੱਖਿਆ ਵਿਭਾਗ ਵਿਚ ਕਲੱਰਕੀ ਅਮਲੇ ਦੀ ਗਿਣਤੀ

454. **ਕਾਮਰੇਡ ਹਰਦੇਵ ਅਰਸ਼ੀ** : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿੱਖਿਆ ਵਿਭਾਗ ਵਿਚ 1 ਜਨਵਰੀ, 1991, 1 ਜਨਵਰੀ, 1992, 1 ਜਨਵਰੀ, 1993, 1 ਜਨਵਰੀ, 1994 ਅਤੇ 1 ਜਨਵਰੀ, 1995 ਨੂੰ ਕਲੱਰਕੀ ਅਮਲੇ ਦੀ ਜ਼ਿਲ੍ਹਾ-ਵਾਰ ਅਤੇ ਅਹੁਦੇ-ਵਾਰ ਗਿਣਤੀ ਕਿੰਨੀ-ਕਿੰਨੀ ਸੀ ?

ਸਰਦਾਰ ਲਖਮੀਰ ਸਿੰਘ ਰੰਧਾਵਾ : ਸਿੱਖਿਆ ਵਿਭਾਗ ਦੇ ਕਲੈਰੀਕਲ ਕਾਡਰ ਅਮਲੇ ਦੀ ਜ਼ਿਲ੍ਹੇ-ਵਾਰ ਅਤੇ ਅਹੁਦੇਵਾਰ ਮਿਤੀ 1 ਜਨਵਰੀ, 1991, 1 ਜਨਵਰੀ, 1992, 1 ਜਨਵਰੀ, 1993, 1 ਜਨਵਰੀ, 1994 ਅਤੇ 1 ਜਨਵਰੀ, 1995 ਨੂੰ ਗਿਣਤੀ ਨਾਲ ਨੱਥੀ ਸੂਚੀਆਂ ਵਿੱਚ ਦਰਜ ਹੈ ।

ਸੂਚੀ

ਜ਼ਿਲ੍ਹਾ ਅੰਮ੍ਰਿਤਸਰ

ਲੜੀ ਨੰ:	ਅਹੁਦਾ	ਗਿਣਤੀ 1.1.1991	ਗਿਣਤੀ 1.1.1992	ਗਿਣਤੀ 1.1.1993	ਗਿਣਤੀ 1.1.1994	ਗਿਣਤੀ 1.1.1995
1	2	3	4	5	6	
1.	ਪ੍ਰਬੰਧ ਅਫ਼ਸਰ ..	1	1	1	1	1

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਅਹੁਦਾ	ਗਿਣਤੀ 1.1.1991	ਗਿਣਤੀ 1.1.1992	ਗਿਣਤੀ 1.1.1993	ਗਿਣਤੀ 1.1.1994	ਗਿਣਤੀ 1.1.1995
1	2	3	4	5	6	7
2.	ਸੁਪਰਡੈਂਟ ..	10	10	11	11	11
3.	ਸੀਨੀਅਰ ਸਹਾਇਕ ..	20	20	21	21	21
4.	ਕਲੱਰਕ ..	321	327	335	335	344
5.	ਸੀਨੀਅਰ ਸਕੇਲ ਸਟੈਨੋਗ੍ਰਾਫਰ ..	—	—	—	—	—
6.	ਜੂੰਨੀਅਰ ਸਕੇਲ ਸਟੈਨੋਗ੍ਰਾਫਰ ..	1	1	1	1	1
7.	ਸਟੈਨੋ-ਟਾਈਪਿਸਟ ..	6	6	7	7	7

ਜ਼ਿਲ੍ਹਾ ਬਠਿਡਾ

ਲੜੀ ਨੰ:	ਅਹੁਦਾ	ਗਿਣਤੀ 1.1.1991	ਗਿਣਤੀ 1.1.1992	ਗਿਣਤੀ 1.1.1993	ਗਿਣਤੀ 1.1.1994	ਗਿਣਤੀ 1.1.1995
1	2	3	4	5	6	7
1.	ਪ੍ਰਬੰਧ ਅਫ਼ਸਰ ..	1	1	1	1	1
2.	ਸੁਪਰਡੈਂਟ ..	5	5	5	6	6
3.	ਸੀਨੀਅਰ ਸਹਾਇਕ ..	14	14	13	14	14
4.	ਕਲੱਰਕ ..	154	156	156	164	170
5.	ਸੀਨੀਅਰ ਸਕੇਲ ਸਟੈਨੋਗ੍ਰਾਫਰ ..	—	—	—	—	—

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਲੜੀ ਨੰ:	ਅਹੁਦਾ	ਗਿਣਤੀ 1.1.1991	ਗਿਣਤੀ 1.1.1992	ਗਿਣਤੀ 1.1.1993	ਗਿਣਤੀ 1.1.1994	ਗਿਣਤੀ 1.1.1995
1	2	3	4	5	6	7
6.	ਜੂਨੀਅਰ ਸਕੇਲ ਸਟੈਨੋਗ੍ਰਾਫਰ ..	1	1	1	1	1
7.	ਸਟੈਨੋ ਟਾਈਪਿਸਟ ..	3	3	3	4	4

ਜ਼ਿਲ੍ਹਾ ਫ਼ਿਰੋਜ਼ਪੁਰ

ਲੜੀ ਨੰ:	ਅਹੁਦਾ	ਗਿਣਤੀ 1.1.1991	ਗਿਣਤੀ 1.1.1992	ਗਿਣਤੀ 1.1.1993	ਗਿਣਤੀ 1.1.1994	ਗਿਣਤੀ 1.1.1995
1	2	3	4	5	6	7
1.	ਪ੍ਰਬੰਧ ਅਫ਼ਸਰ ..	1	1	1	1	1
2.	ਸੁਪਰਡੈਂਟ ..	7	7	8	8	8
3.	ਸੀਨੀਅਰ ਸਹਾਇਕ ..	12	12	13	13	13
4.	ਕਲੱਰਕ ..	200	202	210	210	218
5.	ਸੀਨੀਅਰ ਸਕੇਲ ਸਟੈਨੋਗ੍ਰਾਫਰ ..	1	1	1	1	1
6.	ਜੂਨੀਅਰ ਸਕੇਲ ਸਟੈਨੋਗ੍ਰਾਫਰ ..	1	1	1	1	1
7.	ਸਟੈਨੋਟਾਈਪਿਸਟ ..	2	2	3	3	3

ਜ਼ਿਲ੍ਹਾ ਫ਼ਤਹਗੜ੍ਹ ਸਾਹਿਬ

ਲੜੀ ਨੰ:	ਅਹੁਦਾ	ਗਿਣਤੀ 1-1-1991	ਗਿਣਤੀ 1-1-1992	ਗਿਣਤੀ 1-1-1993	ਗਿਣਤੀ 1-1-1994	ਗਿਣਤੀ 1-1-1995
1	2	3	4	5	6	7
1.	ਪ੍ਰਬੰਧ ਅਫ਼ਸਰ ..	—	—	1	1	1

Original with;
Punjab Vidhan Sabha
Digitized by;
Panjab Digital Library

1	2	3	4	5	6	7
2.	ਸੁਪਰਡੈਂਟ ..	—	—	2	2	2
3.	ਸੀਨੀਅਰ ਸਹਾਇਕ ..	—	—	9	9	9
4.	ਕਲੱਰਕ ..	—	—	76	76	80
5.	ਸੀਨੀਅਰ ਸਕੇਲ ਸਟੈਨੋਗ੍ਰਾਫਰ ..	—	—	1	1	1
6.	ਜੂਨੀਅਰ ਸਕੇਲ ਸਟੈਨੋਗ੍ਰਾਫਰ ..	—	—	1	1	1
7.	ਸਟੈਨੋ-ਟਾਈਪਿਸਟ ..	—	—	1	1	1

ਜ਼ਿਲ੍ਹਾ ਫਰੀਦਕੋਟ

ਲੜੀ ਨੰ:	ਅਹੁਦਾ	ਗਿਣਤੀ 1-1-1991	ਗਿਣਤੀ 1-1-1992	ਗਿਣਤੀ 1-1-1993	ਗਿਣਤੀ 1-1-1994	ਗਿਣਤੀ 1-1-1995
1	2	3	4	5	6	7
1.	ਪ੍ਰਬੰਧ ਅਫਸਰ ..	1	1	1	1	1
2.	ਸੁਪਰਡੈਂਟ ..	8	8	9	9	9
3.	ਸੀਨੀਅਰ ਸਹਾਇਕ ..	15	15	16	16	16
4.	ਕਲੱਰਕ ..	302	304	312	312	321
5.	ਸੀਨੀਅਰ ਸਕੇਲ ਸਟੈਨੋਗ੍ਰਾਫਰ ..	—	—	—	—	—
6.	ਜੂਨੀਅਰ ਸਕੇਲ ਸਟੈਨੋਗ੍ਰਾਫਰ ..	1	1	1	1	1
7.	ਸਟੈਨੋ-ਟਾਈਪਿਸਟ ..	6	6	7	7	7

ਜ਼ਿਲ੍ਹਾ ਗੁਰਦਾਸਪੁਰ

ਲੜੀ ਨੰ:	ਅਹੁਦਾ	ਗਿਣਤੀ 1-1-1991	ਗਿਣਤੀ 1-1-1992	ਗਿਣਤੀ 1-1-1993	ਗਿਣਤੀ 1-1-1994	ਗਿਣਤੀ 1-1-1995
1	2	3	4	5	6	7
1.	ਪ੍ਰਬੰਧ ਅਫਸਰ ..	1	1	1	1	1

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

1	2	3	4	5	6	7
2.	ਸੁਪਰਡੈਂਟ ..	6	6	7	7	7
3.	ਸੀਨੀਅਰ ਸਹਾਇਕ ..	16	16	27	17	17
4.	ਕਲੱਰਕ ..	220	229	237	237	247
5.	ਸੀਨੀਅਰ ਸਕੇਲ ਸਟੈਨੋਗ੍ਰਾਫਰ ..	—	—	—	—	—
6.	ਜੂਨੀਅਰ ਸਕੇਲ ਸਟੈਨੋਗ੍ਰਾਫਰ ..	2	2	2	2	2
7.	ਸਟੈਨੋ ਟਾਈਪਿਸਟ ..	3	3	4	4	4

ਜ਼ਿਲ੍ਹਾ ਹੁਸ਼ਿਆਰਪੁਰ

ਲੜੀ ਨੰ:	ਅਹੁਦਾ	ਗਿਣਤੀ 1-1-1991	ਗਿਣਤੀ 1-1-1992	ਗਿਣਤੀ 1-1-1993	ਗਿਣਤੀ 1-1-1994	ਗਿਣਤੀ 1-1-1995
1	2	3	4	5	6	7
1.	ਪ੍ਰਬੰਧ ਅਫਸਰ ..	1	1	1	1	1
2.	ਸੁਪਰਡੈਂਟ ..	9	9	10	10	10
3.	ਸੀਨੀਅਰ ਸਹਾਇਕ ..	16	16	17	17	17
4.	ਕਲੱਰਕ ..	264	272	280	280	280
5.	ਸੀਨੀਅਰ ਸਕੇਲ ਸਟੈਨੋਗ੍ਰਾਫਰ ..	—	—	—	—	—
6.	ਜੂਨੀਅਰ ਸਕੇਲ ਸਟੈਨੋਗ੍ਰਾਫਰ ..	2	2	2	2	2
7.	ਸਟੈਨੋ ਟਾਈਪਿਸਟ ..	5	5	6	6	6

Original with;
Punjab Vidhan Sabha
Digitized by;
Panjab Digital Library

ਜ਼ਿਲ੍ਹਾ ਜਲੰਧਰ

ਲੜੀ ਨੰ:	ਅਹੁਦਾ	ਗਿਣਤੀ 1-1-1991	ਗਿਣਤੀ 1-1-1992	ਗਿਣਤੀ 1-1-1993	ਗਿਣਤੀ 1-1-1994	ਗਿਣਤੀ 1-1-1995
1	2	3	4	5	6	7
1.	ਪ੍ਰਬੰਧ ਅਫਸਰ ..	1	1	1	1	1
2.	ਸੁਪਰਡੈਂਟ ..	11	11	12	12	12
3.	ਸਰਕਲ ਆਡੀਟਰ ..	1	1	1	1	1
4.	ਸੀਨੀਅਰ ਸਹਾਇਕ ..	40	34	35	35	35
5	ਕਲੱਰਕ ..	356	350	358	358	373
6.	ਸੀਨੀਅਰ ਸਕੇਲ ਸਟੈਨੋਗ੍ਰਾਫਰ ...	1	1	1	1	1
7.	ਜੂਨੀਅਰ ਸਕੇਲ ਸਟੈਨੋਗ੍ਰਾਫਰ ..	2	2	2	2	2
8	ਸਟੈਨੋ-ਟਾਈਪਿਸਟ ..	4	4	6	6	6

ਜ਼ਿਲ੍ਹਾ ਕਪੂਰਥਲਾ

ਲੜੀ ਨੰ:	ਅਹੁਦਾ	ਗਿਣਤੀ 1-1-1991	ਗਿਣਤੀ 1-1-1992	ਗਿਣਤੀ 1-1-1993	ਗਿਣਤੀ 1-1-1994	ਗਿਣਤੀ 1-1-1995
1	2	3	4	5	6	7
1.	ਪ੍ਰਬੰਧ ਅਫਸਰ ..	1	1	1	1	1
2.	ਸੁਪਰਡੈਂਟ ..	4	4	5	5	5
3.	ਸੀਨੀਅਰ ਸਹਾਇਕ ..	10	10	11	11	11

Original with;
Punjab Vidhan Sabha
Digitized by;

[ਸਿੱਖਿਆ ਅਤੇ ਭਾਸ਼ਾ ਮੰਤਰੀ]

1	2		3	4	5	6	7
4.	ਕਲੱਰਕ	..	115	121	129	129	134
5.	ਸੀਨੀਅਰ ਸਕੇਲ ਸਟੈਨੋਗ੍ਰਾਫਰ	..	—	—	—	—	—
6.	ਜੂਨੀਅਰ ਸਕੇਲ ਸਟੈਨੋਗ੍ਰਾਫਰ	..	1	1	1	1	1
7.	ਸਟੈਨੋ ਟਾਈਪਿਸਟ	..	2	2	3	3	3

ਜ਼ਿਲ੍ਹਾ ਲੁਧਿਆਣਾ

ਲੜੀ ਨੰ:	ਅਹੁਦਾ		ਗਿਣਤੀ 1-1-1991	ਗਿਣਤੀ 1-1-1992	ਗਿਣਤੀ 1-1-1993	ਗਿਣਤੀ 1-1-1994	ਗਿਣਤੀ 1-1-1995
1	2		3	4	5	6	7
1.	ਪ੍ਰਬੰਧ ਅਫ਼ਸਰ	..	1	1	1	1	1
2.	ਸੁਪਰਡੈਂਟ	..	12	12	12	13	13
3.	ਸੀਨੀਅਰ ਸਹਾਇਕ	..	17	17	16	17	17
4.	ਕਲੱਰਕ	..	314	316	306	314	326
5.	ਸੀਨੀਅਰ ਸਕੇਲ ਸਟੈਨੋਗ੍ਰਾਫਰ	..	—	—	—	—	—
6.	ਜੂਨੀਅਰ ਸਕੇਲ ਸਟੈਨੋਗ੍ਰਾਫਰ	..	1	1	1	1	1
7.	ਸਟੈਨੋ ਟਾਈਪਿਸਟ	..	4	4	4	5	5

ਜ਼ਿਲ੍ਹਾ ਮਾਨਸਾ

ਲੜੀ ਨੰ:	ਅਹੁਦਾ		ਗਿਣਤੀ 1-1-1991	ਗਿਣਤੀ 1-1-1992	ਗਿਣਤੀ 1-1-1993	ਗਿਣਤੀ 1-1-1994	ਗਿਣਤੀ 1-1-1995
1	2		3	4	5	6	7
1.	ਪ੍ਰਬੰਧ ਅਫ਼ਸਰ		—	—	1	1	1

Original with;
Punjab Vidhan Sabha
Digitized by;
Panjab Digital Library

1	2	3	4	5	7	7
2.	ਸੁਪਰਡੈਂਟ ..	—	—	2	2	3
3.	ਸੀਨੀਅਰ ਸਹਾਇਕ ..	—	—	8	8	8
4.	ਕਲੱਰਕ ..	—	—	73	73	80
5.	ਸੀਨੀਅਰ ਸਕੇਲ ਸਟੈਨੋਗ੍ਰਾਫਰ ..	—	—	—	—	—
6.	ਜੂਨੀਅਰ ਸਕੇਲ ਸਟੈਨੋਗ੍ਰਾਫਰ ..	—	—	1	1	1
7.	ਸਟੈਨੋ ਟਾਈਪਿਸਟ ..	—	—	2	2	2

ਜ਼ਿਲ੍ਹਾ ਪਟਿਆਲਾ

ਲੜੀ ਨੰ:	ਅਹੁਦਾ	ਗਿਣਤੀ 1-1-1991	ਗਿਣਤੀ 1-1-1992	ਗਿਣਤੀ 1-1-1993	ਗਿਣਤੀ 1-1-1994	ਗਿਣਤੀ 1-1-1995
1	2	3	4	5	6	7
1.	ਪ੍ਰਬੰਧ ਅਫ਼ਸਰ ..	1	1	1	1	1
2.	ਸੁਪਰਡੈਂਟ ..	16	16	15	15	15
3.	ਸਰਕਲ ਆਡੀਟਰ ..	1	1	1	1	1
4.	ਸੀਨੀਅਰ ਸਹਾਇਕ ..	37	31	30	30	30
5.	ਕਲੱਰਕ .	297	291	256	256	261
6.	ਸੀਨੀਅਰ ਸਕੇਲ ਸਟੈਨੋਗ੍ਰਾਫਰ ..	—	—	—	—	—
7.	ਜੂਨੀਅਰ ਸਕੇਲ ਸਟੈਨੋਗ੍ਰਾਫਰ ..	3	3	3	3	3
8.	ਸਟੈਨੋ-ਟਾਈਪਿਸਟ ..	9	9	10	10	10

Original with;
Punjab Vidhan Sabha
Digitized by;
Punjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਜ਼ਿਲ੍ਹਾ ਰੋਪੜ

ਲੜੀ ਨੰ:	ਅਹੁਦਾ	ਗਿਣਤੀ 1-1-1991	ਗਿਣਤੀ 1-1-1992	ਗਿਣਤੀ 1-1-1993	ਗਿਣਤੀ 1-1-1994	ਗਿਣਤੀ 1-1-1995
1	2	3	4	5	6	7
1.	ਪ੍ਰਬੰਧਕ-ਅਫਸਰ ..	1	1	1	1	1
2.	ਸੁਪਰਡੈਂਟ ..	5	5	5	6	6
3.	ਸੀਨੀਅਰ ਸਹਾਇਕ ..	12	12	12	13	13
4.	ਕਲੱਰਕ ..	156	158	158	166	171
5.	ਸੀਨੀਅਰ ਸਕੇਲ ਸਟੈਨੋਗ੍ਰਾਫਰ ..	1	1	1	1	1
6.	ਜੂਨੀਅਰ ਸਕੇਲ ਸਟੈਨੋਗ੍ਰਾਫਰ ..	—	—	—	—	—
7.	ਸਟੈਨੋ ਟਾਈਪਿਸਟ ..	3	3	3	4	4

ਜ਼ਿਲ੍ਹਾ ਸੰਗਰੂਰ

ਲੜੀ ਨੰ.	ਅਹੁਦਾ	ਗਿਣਤੀ 1-1-1991	ਗਿਣਤੀ 1-1-1992	ਗਿਣਤੀ 1-1-1993	ਗਿਣਤੀ 1-1-1994	ਗਿਣਤੀ 1-1-1995
1	2	3	4	5	6	7
1.	ਪ੍ਰਬੰਧਕ ਅਫਸਰ ..	1	1	1	1	1
2.	ਸੁਪਰਡੈਂਟ ..	7	7	7	8	8
3.	ਸੀਨੀਅਰ ਸਹਾਇਕ ..	16	15	15	16	16
4.	ਕਲੱਰਕ ..	258	270	270	278	285

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਅਹੁਦਾ	ਗਿਣਤੀ 1-1-1991	ਗਿਣਤੀ 1-1-1992	ਗਿਣਤੀ 1-1-1993	ਗਿਣਤੀ 1-1-1994	ਗਿਣਤੀ 1-1-1995
1	2	3	4	5	6	7
5.	ਸੀਨੀਅਰ ਸਕੇਲ ਸਟੈਨੋਗ੍ਰਾਫਰ ..	—	—	—	—	—
6	ਜੂਨੀਅਰ ਸਕੇਲ ਸਟੈਨੋਗ੍ਰਾਫਰ ..	1	1	1	1	1
7.	ਸਟੈਨੋ ਟਾਈਪਿਸਟ ..	4	4	4	5	5

ਚੰਡੀਗੜ੍ਹ ਵਿਖੇ ਸਥਿਤ ਅਧੀਨ ਦਫ਼ਤਰ

ਲੜੀ ਨੰ:	ਅਹੁਦਾ	ਗਿਣਤੀ 1-1-1991	ਗਿਣਤੀ 1-1-1992	ਗਿਣਤੀ 1-1-1993	ਗਿਣਤੀ 1-1-1994	ਗਿਣਤੀ 1-1-1995
1	2	3	4	5	6	7
1.	ਪ੍ਰਬੰਧਕ ਅਫਸਰ ..	—	—	—	—	—
2.	ਸੁਪਰਡੈਂਟ ..	—	—	—	—	—
3.	ਸੀਨੀਅਰ ਸਹਾਇਕ ..	6	6	6	6	6
4.	ਕਲੱਰਕ ..	9	9	9	9	9
5.	ਸੀਨੀਅਰ ਸਕੇਲ ਸਟੈਨੋਗ੍ਰਾਫਰ ..	—	—	—	—	—
6.	ਜੂਨੀਅਰ ਸਕੇਲ ਸਟੈਨੋਗ੍ਰਾਫਰ ..	1	1	1	1	1
7.	ਸਟੈਨੋ ਟਾਈਪਿਸਟ ..	1	1	1	1	1

ਸ੍ਰੀ ਸਤਨਾਮ ਸਿੰਘ ਕੈਂਥ : ** ** **

ਸ੍ਰੀ ਸਪੀਕਰ : ਪਲੀਜ਼ ਬੈਠ ਜਾਓ । ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (ਇਸ ਸਮੇਂ ਬੀ.ਐਸ.ਪੀ. ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ

*Expunged as ordered by the chair.

Original with;
Punjab Vidhan Sabha
Digitized by;
Panjab Digital Library

ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿਚ ਕਾਫ਼ੀ ਸ਼ੋਰ ਸੀ ।)

Mr. Speaker : Please resume your seats. I have not accepted the Point of Order. Karimpuri Ji, it does not look nice. Once I have given the ruling, thus you should accept it gracefully.

(At this stage, Member belonging to BSP were raising, slogans on their seats. ** ** **)

Mr. Speaker : Slogans are not to be recorded. Your Leader has spoken what he wanted to on a Point of Order. I have given the decision that it is No Point of Order. Please resume your seats.

ਤੁਸੀਂ ਬਾਹਰ ਜੋ ਮਰਜ਼ੀ ਹੈ ਕਰੋ, ਤੁਹਾਨੂੰ ਰਾਈਟ ਹੈ । ਬਾਹਰ ਤੁਸੀਂ ਮੁਜ਼ਾਹਰੇ ਕਰੋ, ਪ੍ਰੋਟੈਸਟ ਕਰੋ, ਨਾਹਰੇ ਲਗਾਓ ।

If you want to behave in such a manner, it is better you should go out. You can shout outside and not inside the Assembly. (Interruptions) What ever is being spoken without my permission is not to be recorded ਇਹ ਤੁਹਾਡੇ ਵਾਸਤੇ ਇੰਪਾਰਟੈਂਟ ਹੋ ਸਕਦਾ ਹੈ ਪਰ ਤੁਸੀਂ ਜੋ ਕੁਝ ਵੀ ਕਹਿਨਾ ਹੈ ਬਾਹਰ ਕਰ ਸਕਦੇ ਹੋ । ਪਰ ਇਸ ਸਦਨ ਦੇ ਅੰਦਰ ਸ਼ੋਰ-ਸ਼ਰਾਬਾ, ਖੱਪ, ਰੌਲਾ, ਨਾਅਰੇਬਾਜ਼ੀ ਕੁਝ ਨਹੀਂ ਕਰ ਸਕਦੇ । You can give your views while speaking on the Budget. I have earlier also allowed, (Interruptions)

PRESENTATION OF REPORTS OF THE COMMITTEE ON PUBLIC UNDERTAKINGS

The Chairman, Committee on Public Undertakings (Shri Madan Mohan Mittal) : Sir, I beg to present the *48th Report of the*

(i) Committee on Public Undertakings for the year 1994-95, on the Audit Paras appearing in the Report of the Comptroller and Auditor General of India for the year 1988-89 (Commercial) relating to the Punjab State Civil Supplies Corporation Limited; and

(ii) 49th Report of the Committee on Public Undertakings for the year 1994-95, on the Audit paras appearing in the Reports of the Comptroller and Auditor General of India

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

for the year 1980-81 and 1982-83 (Commercial) relating to the Punjab State Handloom and Textiles Development Corporation Limited, Punjab Dairy Development Corporation Limited and Punjab Scheduled Castes Land Development and Finance Corporation. (*Interruptions*) (*Noises*)

(At this stage Members belonging to B.S.P. were still raising slogans ** ** **)

Mr. Speaker : No slogans to be recorded.

(At this stage Members belonging to BSP moved into the well of the House while raising slogans ** ** **)

Mr. Speaker : Slogans are not to be recorded. Please resume your seats, otherwise I will name you. I am telling the Hon'ble Members to resume their seats. Please resume your seats, otherwise I will name you. (*Interruptions*)

DHARNA

(At this stage. Members belonging to BSP sat on Dharna in the well of the House while raising slogans ** **

Mr. Speaker : Slogans are not to be recorded. Please resume your seats. I have given my ruling and you should abide by that Let us start with next business. You have the liberty to protest outside the Assembly. Kindly don't interrupt. The whole House will be obliged. (Interruptions) I have given the ruling that it is No Point of Order. Please resume your seats. (*Interruptions*).

REMOVAL OF THE MEMBERS FROM THE HOUSE

Mr. Speaker : Marshal to remove them.

(At this stage, all the BSP Members, present in the House and sitting on Dharna were removed by the Marshal.) (Interruptions.)

(At this stag, Sardar Inderjit Singh Zira [SAD(K)], Doctor Rattan Singh (Independent) and Shri Vijay Kumar Sathi (JD) moved into the Well of the House while raising ** ** slogans).

Mr. Speaker : Slogans are not to be recorded. (Interruption) You also vacate the House. Zira Ji, please .... Marshal to remove them. They are suspended for the remainder sitting of the day.

(At this stage, Sardar Inderjit Singh Zira, [SAD(K)], Doctor Rattan Singh (Indepependent) and Shri Vijay Kumar Sathi (JD) were also removed by the Marshal)

** Not recorded as ordered by the Chair.

Original with;
Punjab Vidhan Sabha
Digitized by;
Panjab Digital Library

LEGISLATIVE BUSINESS

THE PUNJAB BACKWARD CLASSES LAND DEVELOPMENT AND FINANCE CORPORATION (AMENDMENT) BILL, 1995

Minister of State for Social Security and Development of Women and Children (Chaudhary Jagjit Singh) : Sir, I beg to move—

That leave be granted to introduce the Punjab Backward Classes Land Development and Finance Corporation (Amendment) Bill.

Mr. Speaker : Motion moved—

That leave be granted to introduce the Punjab Backward Classes Land Development and Finance Corporation (Amendment) Bill.

Mr. Speaker : Question is—

That leave be granted to introduce the Punjab Backward Classes Land Development and Finance Corporation (Amendment) Bill.

The motion was carried.

Mr. Speaker : Minister to introduce.

Minister of State for Social Security and Development of Women and Children (Chaudhary Jagjit Singh) : Sir, I beg to introduce the Punjab Backward Classes Land Development and Finance Corporation (Amendment) Bill.

(ਇਸ ਸਮੇਂ ਮਾਨਯੋਗ ਮੈਂਬਰਜ਼ ਸ਼੍ਰੀ ਮਦਨ ਮੋਹਨ ਮਿੱਤਲ ਅਤੇ ਕਾਮਰੇਡ ਹਰਦੇਵ ਅਰਸ਼ੀ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ)

Mr. Speaker : Mittal ji, what is your Point of Order ? Please speak.

ਸ਼੍ਰੀ ਮਦਨ ਮੋਹਨ ਮਿੱਤਲ : ਸਰ, ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਉਸ ਵਕਤ ਹੀ ਬੋਲਣ ਦੀ ਆਗਿਆ ਦਿਉਗੇ ਜਦੋਂ ਵੈੱਲ ਵਿਚ ਆਈਏ । ਮੈਂ ਇਥੇ ਖੜ੍ਹਾ ਹਾਂ ਤੇ ਮਿਸਟਰ ਅਰਸ਼ੀ ਵੀ ਖੜ੍ਹੇ ਹਨ । ਜ਼ੀਰੋ ਆਵਰ ਦੀ ਪਰੰਪਰਾ ਹੈ । ਮੈਂ ਇੱਕ ਜ਼ਰੂਰੀ ਮੁੱਦਾ ਤੁਹਾਡੇ ਸਾਹਮਣੇ....

ਸ਼੍ਰੀ ਸਪੀਕਰ : ਤੁਸੀਂ ਆਪਣਾ ਪੁਆਇੰਟ ਆਫ ਆਰਡਰ ਦੱਸੋ ।

ਸ਼੍ਰੀ ਮਦਨ ਮੋਹਨ ਮਿੱਤਲ : ਮੇਰਾ ਮੁੱਦਾ ਹੈ ਕਿ ਕੱਲ੍ਹ ਕੈਬਨਿਟ ਦੀ ਮੀਟਿੰਗ ਹੋਈ । ਬੜਾ ਅਹਿਮ ਮੁੱਦਾ ਡਿਸਕਸ ਹੋਇਆ, ਅਖ਼ਬਾਰਾਂ ਵਿਚ ਵੀ ਖਬਰ ਛਪੀ । ਕੈਬਨਿਟ ਵਿਚ ਵੀ ਇਸ ਬਾਰੇ ਮਤਭੇਦ ਹੈ ਕਿ ਬੁੱਚੜਖਾਨਾ ਬੰਦ ਹੋਣਾ ਚਾਹੀਦਾ ਹੈ । ਮੁੱਖ ਮੰਤਰੀ ਸਾਹਿਬ, ਫਾਇਨੈਂਸ ਮਨਿਸਟਰ ਸਾਹਿਬ ਆਪ ਜ਼ੋਰ ਨਾਲ ਬਾਹਰ ਪੰਜਾਬ ਦੇ ਜਲਸਿਆਂ ਵਿਚ ਐਲਾਨ ਕਰ ਚੁੱਕੇ ਹਨ ਕਿ ਬੁੱਚੜਖਾਨਾ ਬੰਦ ਕਰਾਂਗੇ । ਐਫ. ਐਮ. ਸਾਹਿਬ ਨੇ ਕਿਹਾ ਹੈ ਕਿ

Original with;
Punjab Vidhan Sabha
Digitized by;
Panjab Digital Library

ਬੇਅੰਤ ਸਿੰਘ ਨੇ ਇੱਕ ਬੁੱਚੜਖਾਨਾ (ਅੱਤਵਾਦ ਦਾ) ਤਾਂ ਬੰਦ ਕਰ ਦਿੱਤਾ ਹੈ ਇਹ ਵੀ ਹੋ ਜਾਵੇਗਾ । ਮੈਂ ਤੁਹਾਡੇ ਦੁਬਾਰਾ ਮੁੱਖ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਸ ਬੁਚੜਖਾਨੇ ਨੂੰ ਬੰਦ ਕਰਨ ਵਿਚ ਕੀ ਅੜਚਨ ਹੈ ? ਜਿਥੇ ਸਬ-ਤਹਿਸੀਲ ਅਤੇ ਸਬ-ਡਵੀਜ਼ਨ ਬਣਾਏ ਜਾ ਰਹੇ ਹਨ, ਇਥੇ ਹਾਊਸ ਵਿਚ ਸੈਸ਼ਨ ਚੱਲ ਰਿਹਾ ਹੈ . . .

ਵਿੱਤ ਮੰਤਰੀ : ਪੁਆਇੰਟ ਆਫ ਆਰਡਰ, ਸਰ. . . .

ਸ਼੍ਰੀ ਸਪੀਕਰ : ਤੁਹਾਡੀ ਗੱਲ ਖਤਮ ਹੋ ਗਈ ।

ਸ਼੍ਰੀ ਮਦਨ ਮੋਹਨ ਮਿੱਤਲ : ਮੇਰਾ ਪੁਆਇੰਟ ਅਜੇ ਖਤਮ ਨਹੀਂ ਹੋਇਆ । ਅਗਰ ਇਨ੍ਹਾਂ ਨੇ ਬੋਲਣਾ ਹੈ ਤਾਂ ਮੈਂ ਬੈਠ ਜਾਂਦਾ ਹਾਂ, ਮੈਂ ਦੁਬਾਰਾ ਬੋਲ ਲਵਾਂਗਾ ।

Mr. Speaker : You have told about Bucharkhana,

Finance Minister : I am on Point of Order regarding Zero Hour.

ਸ਼੍ਰੀ ਮਦਨ ਮੋਹਨ ਮਿੱਤਲ : ਮੈਂ ਕਲਕਲੂਡ ਨਹੀਂ ਕੀਤਾ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ।

Finance Minister: Is it Point of Order on which he is speaking ?

Mr. Speaker : Mittal ji, you cannot force the Chief Minister to give reply.

ਸ਼੍ਰੀ ਮਦਨ ਮੋਹਨ ਮਿੱਤਲ: ਮੈਨੂੰ ਬਾਅਦ ਵਿੱਚ ਡਿਸਅਲਾਓ ਕਰ ਦੇਣਾ, ਮੈਂ ਕਾਨੂੰਨ ਵਿੱਚ ਰਹਿਣ ਵਾਲਾ ਬੰਦਾ ਹਾਂ । ਮੇਰੀ ਪਾਰਟੀ ਦੇ ਮੈਂਬਰ ਵੀ ਉਸੇ ਤਰ੍ਹਾਂ ਚੱਲਣਗੇ ਜਿਸ ਤਰ੍ਹਾਂ ਤੁਸੀਂ ਕਹੋਗੇ । ਇਸ ਦੀ ਬੜੀ ਚਰਚਾ ਹੋ ਚੁੱਕੀ ਹੈ ਔਰ ਚੀਫ ਮਨਿਸਟਰ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਬੁੱਚੜਖਾਨਾ ਬੰਦ ਕਰਨ ਦਾ ਫੈਸਲਾ ਕਰ ਦਿੱਤਾ ਹੈ ਜਾਂ ਨਹੀਂ ਜਾਂ ਜਦੋਂ ਲੋਕ ਸੰਘਰਸ਼ ਕਰਨਗੇ ਉਸ ਤੋਂ ਬਾਅਦ ਫੈਸਲਾ ਹੋਏਗਾ ।

STATEMENT BY CHIEF MINISTER RE-OBSERVANCE OF ZERO HOUR IN THE STRICT SENSE

ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ). ਮੈਂ ਬੇਨਤੀ ਕਰਨੀ ਚਾਹੁੰਦਾ ਹਾਂ, ਕਈ ਵਾਰ ਸਾਡੇ ਫਾਈਨੈਂਸ ਮਨਿਸਟਰ ਸਾਹਿਬ ਨੇ ਗੱਲ ਕੀਤੀ ਹੈ ਕਿ ਅਸਲ ਵਿੱਚ ਜ਼ੀਰੋ ਆਵਰ ਨਹੀਂ ਹੁੰਦਾ । ਸਾਨੂੰ ਹਾਊਸ ਦੀ ਮਰਿਆਦਾ ਕਾਇਮ ਰੱਖਣੀ ਚਾਹੀਦੀ ਹੈ ਔਰ ਬੜਾ ਅਫ਼ਸੋਸ ਹੁੰਦਾ ਹੈ ਜਦੋਂ ਆਪੋਜ਼ੀਸ਼ਨ ਵਾਲੇ ਜ਼ਿੰਮੇਵਾਰੀ ਨਾਲ ਬਿਹੇਵ ਨਹੀਂ ਕਰਦੇ । ਮੈਨੂੰ ਇਸ ਗੱਲ ਦਾ ਬੜਾ ਭਾਰੀ ਅਫ਼ਸੋਸ ਹੈ, ਸਪੀਕਰ ਸਾਹਿਬ ਬਰਖ਼ਿਲਾਫ਼ ਨਾਹਰੇ ਲਾਏ ਗਏ ਇਸ ਸਦਨ ਦੇ ਅੰਦਰ । ਮੈਂ ਕਈ ਵਾਰ ਬੇਨਤੀ ਕੀਤੀ ਹੈ ਕਿ ਸਾਨੂੰ ਆਪਣੀ ਮਰਿਆਦਾ ਕਾਇਮ ਰੱਖਣੀ ਚਾਹੀਦੀ ਹੈ ਔਰ ਅਸੀਂ ਹਰ ਜਗਾ ਬੜੀ ਨਿਮਰਤਾ ਨਾਲ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਅਕਾਮੰਡਟ ਕਰਦੇ ਹਾਂ । ਟਾਈਮ ਦੀ ਗੱਲ ਹਈ ਤਾਂ ਮੈਂ ਕਿਹਾ ਕਿ ਬੇਸ਼ੱਕ ਜ਼ਿਆਦਾ ਟਾਈਮ ਦੇ ਦਿਉ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਨਵੀਆਂ ਪ੍ਰੰਪਰਾਵਾਂ ਨਹੀਂ ਬਣਾਉਣੀਆਂ ਚਾਹੀਦੀਆਂ । ਇਹ ਆਪਣੀ ਗੱਲ ਬਜਟ ਸਪੀਚ ਵਿੱਚ ਕਹਿ ਸਕਦੇ ਹਨ, ਜਿਸ ਦਾ ਫਾਈਨੈਂਸ ਮਿਨਿਸਟਰ ਸਾਹਿਬ ਨੇ ਅਜੇ ਜਵਾਬ ਦੇਣਾ ਹੈ, ਇਹ ਉਦੋਂ ਮੰਡਲ ਕਮਿਸ਼ਨ ਦੀ ਗੱਲ ਕਹਿ ਸਕਦੇ ਹਨ ਅੱਜ ਇਨ੍ਹਾਂ ਨੂੰ ਉਦੋਂ ਸੁਣਨਾ ਚਾਹੀਦਾ ਹੈ ਲੇਕਿਨ the unruly behaviour on the part of opposition that is not wanted. ਹੁਣ ਜਦੋਂ ਮਿੱਤਲ ਸਾਹਿਬ ਨੇ ਇੱਕ ਮੁੱਦਾ ਉਠਾ ਦਿੱਤਾ ਤਾਂ ਮੈਂ ਪਰੰਪਰਾ ਕਾਇਮ ਨਹੀਂ ਕਰਨੀ ਚਾਹੁੰਦਾ । ਮੈਂ ਜ਼ੀਰੋ ਆਵਰ ਦੌਰਾਨ ਜ਼ਵਾਬ ਨਹੀਂ ਦੇਣਾ ਚਾਹੁੰਦਾ ਲੇਕਿਨ ਇਨ੍ਹਾਂ ਨੇ ਗੱਲ ਕਹੀ ਤਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਆਰਾਮ ਨਾਲ ਬੈਠਣ, ਮੈਂ ਇਸ ਤੇ ਅੱਜ ਸਟੇਟਮੈਂਟ ਦਿਆਂਗਾ ।

ਕਾਮਰੇਡ ਹਰਦੇਵ ਅਰਸ਼ੀ: ** ** **

ਸ਼੍ਰੀ ਸਪੀਕਰ: ਤੁਸੀਂ ਬਜਟ ਤੇ ਬੋਲਣਾ ਹੈ. ਉਸ ਵੇਲੇ ਜੋ ਤੁਸੀਂ ਬੋਲਣਾ ਚਾਹੁੰਦੇ ਹੋ, ਬੋਲ ਲੈਣਾ । You will get opportunity for it. This is no Point of Order.

ਕਾਮਰੇਡ ਹਰਦੇਵ ਅਰਸ਼ੀ ਮੈਂ ਤੁਹਾਡੀ ਪ੍ਰਮਿਸ਼ਨ ਨਾਲ ਕਹਿ ਰਿਹਾ ਹਾਂ ।

ਸ਼੍ਰੀ ਸਪੀਕਰ: ਜਦੋਂ ਤੁਸੀਂ ਬਜਟ ਤੇ ਬੋਲੋਗੇ ਤਾਂ ਜੋ ਮਰਜ਼ੀ ਬੋਲ ਲੈਣਾ ।

Please resume your seat.

GENERAL DISCUSSION ON THE BUDGET ESTIMATES FOR THE YEAR 1995-96

Mr. Speaker: Now the House will resume general discussion on the Budget Estimates. Shri Krishan Kumar Kaushal was on his legs when the House adjourned yesterday. He may please resume his speech.

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ (ਦੀਨਾ ਨਗਰ. ਐਸ.ਸੀ.): ਸਪੀਕਰ ਸਾਹਿਬ, ਕਲ੍ਹ ਮੈਂ ਅਰਜ਼ ਕਰ ਰਿਹਾ ਸੀ ਕਿ ਜਿਹੜਾ ਇਨਟੈਰਿਮ ਰਿਲੀਫ ਐਫ. ਐਮ. ਨੇ ਸਰਕਾਰੀ ਮੁਲਾਜ਼ਮਾਂ ਨੂੰ ਦਿੱਤਾ ਹੈ, ਉਸ ਦਾ ਅਸੀਂ ਸਵਾਗਤ ਕਰਦੇ ਹਾਂ । ਮੈਂ ਐਫ.ਐਮ. ਸਾਹਿਬ ਨੂੰ ਇਕ ਚੀਜ਼ ਹੋਰ ਕਹਿਣਾ ਚਾਹੁੰਦਾ ਹਾਂ ਕਿ ਇਹ ਇਨਟੈਰਿਮ ਰਿਲੀਫ ਜੋ ਹੈ ਇਹ ਪੈਨਸ਼ਨਰਜ਼ ਤੇ ਵੀ ਲਾਗੂ ਕੀਤਾ ਜਾਵੇ ਅੱਜ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪੇ ਕਮਿਸ਼ਨ ਦੀ ਜਿਹੜੀ

---

*Expunged as ordered by the Chair.

Original with;
Punjab Vidhan Sabha
Digitized by;
Punjab Digital Library

ਰਿਪੋਰਟ ਆਉਣੀ ਹੈ ਉਸ ਨੂੰ ਵੀ ਟਾਈਮ ਬਾਊਂਡ ਕੀਤਾ ਜਾਵੇ ਤਾਂਕਿ ਜਲਦੀ ਤੋਂ ਜਲਦੀ ਪੈਅ ਕਮਿਸ਼ਨ ਦੀ ਰਿਪੋਰਟ ਆ ਜਾਵੇ ਅਤੇ ਸਰਕਾਰੀ ਕਰਮਚਾਰੀਆਂ ਨੂੰ ਹੋਰ ਰਾਹਤ ਮਿਲ ਸਕੇ ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਾਕਟਰ ਸਾਹਿਬ ਨੂੰ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਫਰੀਡਮ ਫਾਈਟਰਜ਼ ਲਈ ਜੋ 500/- ਰੁਪਏ ਤੋਂ ਵਧਾ ਕੇ 600/-ਰੁਪਿਆ ਕੀਤਾ ਗਿਆ ਹੈ, ਇਹ ਬੜੀ ਸ਼ਲਾਘਾ ਯੋਗ ਗੱਲ ਕੀਤੀ ਗਈ ਹੈ ਪਰ ਜਿਹੜਾ ਉਨ੍ਹਾਂ ਨੂੰ ਮੈਡੀਕਲ ਅਲਾਊਂਸ ਦਿੱਤਾ ਜਾਂਦਾ ਹੈ ਉਹ 40/- ਰੁਪਏ ਮਹੀਨਾ ਦਿੱਤਾ ਜਾਂਦਾ ਹੈ । ਮੇਰੀ ਤਜ਼ਵੀਜ਼ ਹੈ ਅਤੇ ਮੈਂ ਐਫ. ਐਮ. ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਮੈਡੀਕਲ ਅਲਾਊਂਸ ਵੀ ਵਧਾ ਦਿੱਤਾ ਜਾਵੇ, ਜਿਸ ਦੇ ਨਾਲ ਸਟੇਟ ਐਕਸਚੈਕਰ ਤੇ ਕੋਈ ਬਹੁਤਾ ਫਰਕ ਨਹੀਂ ਪਵੇਗਾ ਅਤੇ ਉਨ੍ਹਾਂ ਨੂੰ ਕੁਝ ਹੋਰ ਰਾਹਤ ਹੋ ਸਕੇਗੀ ।

ਸਪੀਕਰ ਸਾਹਿਬ, ਇਸ ਗੱਲ ਦੀ ਬੜੀ ਸਰਾਹਨਾ ਹੋ ਰਹੀ ਹੈ ਅਤੇ ਲੋਕ ਐਫ.ਐਮ. ਸਾਹਿਬ ਦੀ ਅੱਜ ਸਰਦਾਰ ਬੇਅੰਤ ਸਿੰਘ ਜੀ ਦੀ ਬੜੀ ਸਰਾਹਨਾ ਕਰ ਰਹੇ ਹਨ ਜਿਹੜਾ ਉਨਾਂ ਨੇ ਟੈਰੋਰਿਸਟ ਇਫੈਕਟਿਡ ਵਿਡੋਜ਼ ਦਾ 1000/-ਰੁਪਏ ਤੋਂ ਵਧਾ ਕੇ 1500/- ਰੁਪਏ ਕਰ ਦਿੱਤਾ ਹੈ. ਇਸ ਦੀ ਲੋਕ ਬੜੀ ਸ਼ਲਾਘਾ ਕਰ ਰਹੇ ਹਨ । ਮੈਂ ਐਫ. ਐਮ. ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਉਨ੍ਹਾਂ ਨੇ ਐਕਸ ਗਰੇਸ਼ੀਆਂ ਗਰਾਂਟ ਦੀ ਅਮਾਊਂਟ 50 ਹਜ਼ਾਰ ਰੁਪਏ ਤੋਂ ਵਧਾ ਕੇ 1 ਲੱਖ ਰੁਪਏ ਕਰ ਦਿੱਤੀ ਹੈ ਇਸ ਦੀ ਵੀ ਬੜੀ ਸ਼ਲਾਘਾ ਹੋ ਰਹੀ ਹੈ (ਥੰਪਿੰਗ) ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਐਕਸ ਗਰੇਸ਼ੀਆ ਗਰਾਂਟ ਜਨਵਰੀ, 1983 ਤੋਂ 28 ਫਰਵਰੀ, 1992 ਤਕ ਦਿੱਤੀ ਹੈ. ਮੈਂ ਤੁਹਾਡੇ ਰਾਹੀਂ ਸਪੀਕਰ ਸਾਹਿਬ, ਇਹ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਕਿ ਇਹ ਅਗਸਤ, 1981 ਤੋਂ ਲਾਗੂ ਕੀਤੀ ਜਾਵੇ ਇਸ ਦੇ ਨਾਲ 20 ਕੇਸਿਜ਼ ਹੋਰ ਕਵਰ ਹੋ ਸਕਦੇ ਹਨ ਅਤੇ ਸਿਰਫ 10 ਕਰੋੜ ਰੁਪਏ ਦਾ ਹੀ ਫਰਕ ਪਵੇਗਾ । ਪਹਿਲਾਂ ਜੋ 43 ਕਰੋੜ ਰੁਪਿਆ ਇਸ ਦੇ ਲਈ ਹੈ ਉਸ ਨਾਲ 10 ਕਰੋੜ ਰੁਪਏ ਹੋਰ ਦਾ ਪੰਜਾਬ ਸਰਕਾਰ ਨੂੰ, ਸਟੇਟ ਐਕਸਚੈਕਰ ਤੇ ਕੋਈ ਫਰਕ ਨਹੀਂ ਪੈਣਾ । ਮੈਂ ਦੱਸਣਾ ਚਾਹੁੰਦਾ ਹਾਂ ਕਿ 9 ਸਤੰਬਰ, 1981 ਨੂੰ ਲਾਲਾ ਜਗਤ ਨਾਰਾਇਣ ਜਿਨ੍ਹਾਂ ਦਾ ਕਤਲ ਕੀਤਾ ਗਿਆ ਸੀ ਉਹ ਪੰਜਾਬ ਵਿੱਚ ਸਭ ਤੋਂ, ਪਹਿਲੇ ਵਿਕਟਮ ਸੀ, ਜੇ ਇਹ ਅਗਸਤ, 1981 ਤੋਂ ਕੀਤਾ ਜਾਵੇ ਤਾਂ ਉਨ੍ਹਾਂ ਦਾ ਕੇਸ ਵੀ ਕਵਰ ਹੋ ਸਕਦਾ ਹੈ । ਸੋ ਮੈਂ ਬੇਨਤੀ ਕਰਾਂਗਾ ਕਿ ਉਨ੍ਹਾਂ ਦਾ ਕੇਸ ਕਵਰ ਕਰਨ ਵਾਸਤੇ ਇਹ ਅਗਸਤ, 1981 ਤੋਂ ਲਾਗੂ ਕਰਨਾ ਚਾਹੀਦਾ ਹੈ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਲੋਕ ਦਿੱਲੀ ਰਾਇਟਿਸ ਦੇ ਨਾਲ ਇਫੈਕਟਿਡ ਹਨ, ਉਨ੍ਹਾਂ ਨੂੰ ਵੀ ਐਕਸ ਗਰੇਸ਼ੀਆ ਗਰਾਂਟ ਦੇਣੀ ਚਾਹੀਦੀ ਹੈ ।

ਕੱਲ. ਸਪੀਕਰ ਸਾਹਿਬ, ਇਥੇ ਜ਼ਿਕਰ ਆਇਆ ਸੀ ਕਿ ਪੰਜਾਬ ਵਿੱਚ 12342 ਵਿਲੇਜਿਜ਼ ਹਨ ਅਤੇ ਉਨ੍ਹਾਂ ਵਿਚੋਂ 9,912 ਵਿਲੇਜਿਜ਼ ਵਿੱਚ ਉਨਤ ਗਰਾਮ ਸਕੀਮ ਸ਼ੁਰੂ ਕੀਤੀ ਗਈ ਗਈ ਹੈ, ਬਾਕੀ ਰਹਿੰਦੇ 2,430 ਵਿਲੇਜਿਜ਼ ਵੀ 1995-96 ਵਿੱਚ ਅਡਾਪਟ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ]

ਕਰਨੇ ਚਾਹੀਦੇ ਹਨ । 1994-95 ਵਿੱਚ 225 ਕਰੋੜ ਰੁਪਿਆ ਰੱਖਿਆ ਗਿਆ ਸੀ ਅਤੇ ਹੁਣ 1995-96 ਵਿੱਚ 261 ਕਰੋੜ 42 ਲੱਖ ਰੁਪਿਆ ਰੱਖਿਆ ਗਿਆ ਹੈ । ਇਸ ਲਈ ਅਸੀਂ ਇਸ ਸਰਕਾਰ ਦੇ ਬਹੁਤ ਅਭਾਰੀ ਹਾਂ ਅੌਰ ਅਸੀਂ ਮਹਿਸੂਸ ਕਰਦੇ ਹਾਂ ਕਿ ਪੰਜਾਬ, ਸਰਦਾਰ ਬੇਅੰਤ ਸਿੰਘ ਦੀ ਅਗਵਾਈ ਹੇਠ, ਬਹੁਤ ਜ਼ਿਆਦਾ ਤਰੱਕੀ ਕਰ ਰਿਹਾ ਹੈ । ਅਸੀਂ ਐਫ. ਐਮ. ਸਾਹਿਬ ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਇਤਨਾ ਅੱਛਾ ਬਜਟ ਪੇਸ਼ ਕੀਤਾ ਹੈ । ਸਪੀਕਰ ਸਾਹਿਬ, ਐਗਰੀਕਲਚਰ ਵਿਚ ਵੀ ਬਹੁਤ ਵਾਧਾ ਹੋਇਆ ਹੈ ਇਸ ਲਈ ਅਸੀਂ ਐਗਰੀਕਲਚਰ ਮਨਿਸਟਰ ਸਹਿਬ ਦਾ ਬਹੁਤ ਧੰਨਵਾਦ ਕਰਦੇ ਹਾਂ । ਪਿਛਲੇ ਸਾਲ ਇਕ ਰਿਕਾਰਡ ਪੈਦਾਵਾਰ ਹੋਈ ਹੈ । ਕੇਂਦਰੀ ਭੰਡਾਰ ਵਿਚ ਪੰਜਾਬ ਦੁਆਰਾ ਵੀਟ ਦਾ ਯੋਗਦਾਨ ਸਾਲ 1993-94 ਵਿਚ 64.95 ਲੱਖ ਮੀਟਰਿਕ ਟਨ ਪਾਇਆ ਸੀ ਜਦ ਕਿ ਸਾਲ 1994-95 ਵਿਚ 72.85 ਲੱਖ ਮੀਟਰਿਕ ਟਨ ਪਾਇਆ ਹੈ ਇਸ ਤਰ੍ਹਾਂ ਪੈਡੀ ਵਿਚ ਬਹੁਤ ਯੋਗਦਾਨ ਪਾਇਆ ਹੈ । ਸਾਲ 1993-94 ਵਿਚ 54.86 ਲੱਖ ਮੀਟਰਿਕ ਟਨ ਸੀ ਪਰ ਸਾਲ 1994-95 ਵਿਚ ਇਹ 57.25 ਲੱਖ ਮੀਟਿਰਿਕ ਟਨ ਹੋ ਗਿਆ ਹੈ । ਇਸੇ ਤਰ੍ਹਾਂ ਸ਼ੂਗਰ ਕੇਨ ਵਾਸਤੇ ਵੀ ਸਰਕਾਰ ਨੇ ਬਹੁਤ ਕੁਝ ਕੀਤਾ ਹੈ ਅੌਰ ਸਰਕਾਰ ਨੇ ਕਿਸਾਨਾਂ ਨੂੰ ਚੰਗੇ ਭਾਅ ਵੀ ਦਿੱਤੇ ਹਨ । ਸ਼ੂਗਰਕੇਨ ਦੀ ਪ੍ਰਾਈਸ 1992-93 ਵਿਚ 49 ਰੁਪਏ ਤੋ ਵੱਧਾ ਕੇ 50 ਰੁਪਏ ਕੀਤੀ ਗਈ ਸੀ ਪਰ ਸਾਲ 1993-94 ਵਿਚ ਇਹ ਵਧਾ ਕੇ 62 ਰੁਪਏ ਕੀਤੀ ਗਈ ਹੈ ਇਸ ਨਾਲ ਕਿਸਾਨਾਂ ਨੂੰ 48 ਕਰੋੜ ਰੁਪਏ ਦਾ ਫਾਇਦਾ ਹੋਇਆ ਹੈ । ਇਸ ਸਾਲ 1992-93 ਵਿਚ ਵੀਟ ਦੀ ਪ੍ਰਿਕਿਓਰਮੈਂਟ ਪ੍ਰਾਈਸ 225 ਰੁਪਏ ਸੀ ਪਰ ਫਿਰ ਇਸ ਨੂੰ ਵਧਾ ਕੇ 280 ਰੁਪਏ ਕੀਤਾ ਗਿਆ ਹੈ ਇਸ ਨਾਲ ਕਿਸਾਨਾਂ ਨੂੰ 314 ਕਰੋੜ ਰੁਪਏ ਦਾ ਫਾਇਦਾ ਹੋਇਆ ਹੈ । ਜਿਹੜੀ 1993-94 ਵਿਚ ਵੀਟ ਦੀ ਪ੍ਰਾਈਸ 230 ਰੁਪਏ ਕੀਤੀ ਇਸ ਨਾਲ ਉਨ੍ਹਾਂ ਨੂੰ 341 ਕਰੋੜ ਰੁਪਏ ਦਾ ਫਾਇਦਾ ਹੋਇਆ ਹੈ । ਸਾਲ 1994-95 ਵਿਚ ਇਹ ਪ੍ਰਾਈਸ 380 ਰੁਪਏ ਪਰ ਕੁਇੰਟਲ ਕਰ ਦਿੱਤੀ ਹੈ, ਜਿਸ ਨਾਲ ਕਿਸਾਨਾਂ ਨੂੰ 323 ਕਰੋੜ ਰੁਪਏ ਦਾ ਫਾਇਦਾ ਹੋਇਆ ਹੈ । ਇਸ ਦੇ ਨਾਲ ਹੀ ਸਾਲ 1993-94 ਵਿਚ ਪੈਡੀ ਦਾ ਭਾਅ 40 ਤੋਂ ਵੱਧਾ ਕੇ 60 ਕੀਤਾ ਗਿਆ ਜਿਸ ਨਾਲ ਕਿਸਾਨਾਂ ਨੂੰ ਕੁਲ 523 ਕਰੋੜ ਰੁਪਏ ਦਾ ਫਾਇਦਾ ਹੋਇਆ ਹੈ ।

ਸਪੀਕਰ ਸਾਹਿਬ, ਇਸ ਤੋਂ ਬਾਅਦ ਮੈਂ ਟ੍ਰਾਂਸਪੋਰਟ ਮਨਿਸਟਰ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ 150 ਬਸਾਂ 900 ਲੱਖ ਰੁਪਏ ਦੀ ਲਾਗਤ ਨਾਲ ਹੋਰ ਖਰੀਦਣ ਦਾ ਫੈਸਲਾ ਕੀਤਾ ਹੈ ਅੌਰ ਇਸ ਨਾਲ ਪੰਜਾਬ ਵਿਚ ਲੋਕਾਂ ਨੂੰ ਬਹੁਤ ਸਹੂਲਤਾਂ ਵੀ ਦਿੱਤੀਆਂ ਹਨ । ਚੰਡੀਗੜ੍ਹ ਵਿਚ ਇਕ ਡਿਪੂ 15 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਜਾ ਰਿਹਾ ਹੈ । ਇਹ ਬਹੁਤ ਹੀ ਸ਼ਲਾਘਾਯੋਗ ਗਲ ਹੈ । ਮੈਂ ਸਮਝਦਾ ਹਾਂ ਕਿ ਇਹ ਸਰਦਾਰ ਬੇਅੰਤ ਸਿੰਘ ਅਤੇ ਕੇ. ਪੀ. ਸਾਹਿਬ ਦੀ ਹੀ ਦੇਣ ਹੈ ਕਿ ਲੋਕਾਂ ਨੂੰ ਟ੍ਰਾਂਸਪੋਰਟ ਨਾਲ ਇਤਨਾ ਫਾਇਦਾ ਪਹੁੰਚਿਆ ਹੈ ।

ਇਕ ਬੇਨਤੀ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਜਿਥੇ ਹੋਰ ਸਟੇਡੀਅਮ ਵਿੱਤ ਮੰਤਰੀ ਸਾਹਿਬ ਅਤੇ ਸਰਦਾਰ ਅਵਤਾਰ ਸਿੰਘ ਬਰਾੜ ਸਾਹਿਬ ਬਣਾ ਰਹੇ ਹਨ, ਉਥੇ ਇਕ

Original with;
Punjab Vidhan Sabha
Digitized by;
Panjab Digital Library

ਸਟੇਡੀਅਮ ਦੀਨਾ ਨਗਰ ਵੀ ਜ਼ਰੂਰ ਬਣਾਇਆ ਜਾਣਾ ਚਾਹੀਦਾ ਹੈ ਇਹ ਮੰਗ ਬਹੁਤ ਸਮੇਂ ਤੋਂ ਚਲੀ ਆ ਰਹੀ ਹੈ ।

ਇਸ ਤੋਂ ਬਾਅਦ ਇਕ ਗਲ ਮੈਂ ਚੌਧਰੀ ਜਗਜੀਤ ਸਿੰਘ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਡਿਵੈਲਪਮੈਂਟ ਸਕੀਮ ਦੇ ਤਹਿਤ ਸਾਲ 1994-95 ਵਿਚ ਕੋਈ 25 ਹਜ਼ਾਰ ਲਾਭ ਪਾਤਰਾਂ ਨੂੰ ਰਿਲੀਫ ਦਿੱਤੀ ਹੈ । ਇਸ ਦੇ ਨਾਲ ਹੀ ਮੈਂ ਇਕ ਸਕੀਮ ਵਲ ਹੋਰ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਇਕ ਜਿਹੜੀ ਸਕੀਮ ਬੈਂਕ ਟਾਈਡ ਅੱਪ ਦੀ ਬਣਾਈ ਹੈ ਇਸ ਨਾਲ ਅਨਇੰਪਲਾਈਡ ਬੱਚਿਆਂ ਨੂੰ ਬਹੁਤ ਮੁਸ਼ਕਲ ਆ ਰਹੀ ਹੈ ਕਿਉਂਕਿ ਉਹ ਅਫਸਰਾਂ ਕੋਲ ਹੀ ਚੱਕਰ ਮਾਰਦੇ ਰਹਿੰਦੇ ਹਨ ਅੱਰ ਉਨ੍ਹਾਂ ਨੂੰ ਕੋਈ ਵਿਸ਼ੇਸ਼ ਫਾਈਦਾ ਨਹੀਂ ਹੁੰਦਾ । ਇਸ ਲਈ ਮੇਰੀ ਅਰਜ਼ ਹੈ ਕਿ ਜੇ ਇਹ ਪੈਸਾ ਉਨ੍ਹਾਂ ਬੱਚਿਆਂ ਨੂੰ ਕਾਰਪੋਰੇਸ਼ਨ ਦੇ ਰਾਹੀਂ ਦਿੱਤਾ ਜਾਵੇ ਤਾਂ ਇਸ ਨਾਲ ਜਿਹੜੀ ਉਨ੍ਹਾਂ ਦੀ ਮੁਸ਼ਕਲ ਹੈ ਉਹ ਹੱਲ ਹੋ ਸਕਦੀ ਹੈ ।

ਇਸ ਦੇ ਨਾਲ ਹੀ ਇਕ ਬੇਨਤੀ ਮੈਂ ਹੋਰ ਕਰਨੀ ਚਾਹੁੰਦਾ ਹਾ ਕਿ ਜਿਹੜੀ ਰਿਕਵਰੀ ਕਰਨੀ ਹੁੰਦੀ ਹੈ ਇਸ ਵਾਸਤੇ ਜਿਹੜੀ ਗੁਡਜ਼ ਜਾਂ ਜ਼ਮੀਨ ਵਗੈਰਾ ਨੂੰ ਜਿਹੜਾ ਪਲੈਮ ਉਨ੍ਹਾਂ ਨੇ ਕੀਤਾ ਹੈ, ਇਸ ਦੀ ਰਿਕਵਰੀ ਵਾਸਤੇ ਸਿਵਲ ਸੂਟ ਨਹੀਂ ਕੀਤੇ ਜਾਂਦੇ ਬਲਕਿ ਕੇਸ ਪੁਲਿਸ ਵਾਲਿਆਂ ਨੂੰ ਦਿੱਤੇ ਜਾਂਦੇ ਹਨ ਜਿਹੜੇ ਕਿ ਉਨ੍ਹਾਂ ਨੂੰ ਬਹੁਤ ਤੰਗ ਕਰਦੇ ਹਨ । ਕਈ ਵਾਰ ਉਹ 40-40 ਦਿਨ ਅੰਦਰ ਵੀ ਰਹਿ ਆਉਂਦੇ ਹਨ ਪਰ ਫਿਰ ਕਰਜ਼ੇ ਖੜ੍ਹੇ ਦੇ ਖੜ੍ਹੇ ਹੈਨ।

ਇਕ ਅਰਜ਼ ਮੈਂ ਹੋਰ ਇਹ ਕਰਨੀ ਹੈ ਕਿ ਸਬ ਹੈਡ 11 ਪਾਰਟ 2 ਦੇ ਥੱਲੇ ਜਿਹੜਾ 720 ਕਰੋੜ ਰੁਪਿਆ ਰਖਿਆ ਹੈ ਇਸ ਲਈ ਵੀ ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ਅਤੇ ਅਸੀਂ ਇਨ੍ਹਾਂ ਦੇ ਮਸ਼ਕੂਰ ਹਾਂ । ਸਪੀਕਰ ਸਾਹਿਬ, ਸਰਕਾਰ ਨੇ ਇੰਪਲਾਇਮੈਂਟ ਦੇਣ ਵਾਸਤੇ ਜੋ ਫੰਡਜ਼ ਰਖੇ ਹਨ, 1995-96 ਦੇ ਦੌਰਾਨ ਸਰਕਾਰ ਬੇਰੁਜ਼ਗਾਰ ਲੋਕਾਂ ਨੂੰ 500 ਰੁਪਏ ਮਹੀਨਾ ਦੇਵੇਗੀ । ਇਸ ਸਕੀਮ ਵਿਚ ਮੈਂ ਤਰਮੀਮ ਲਿਆਉਣੀ ਚਾਹੁੰਦਾ ਹਾਂ ਕਿ ਜਿਹੜੇ ਲਾਭਪਾਤਰੀ ਹਨ ਉਨ੍ਹਾਂ ਵਿਚ ਕੁਝ ਫਿਕਟਿਸ਼ੀਅਸ ਵੀ ਹੁੰਦੇ ਹਨ । ਇਸ ਦੇ ਵਿਚ ਪ੍ਰੋਵੀਜ਼ਨ ਕਰਨੀ ਚਾਹੀਦੀ ਹੈ ਕਿ ਉਸ ਨੇ ਕਿਸੇ ਲਿਮਟਿਡ ਕੰਪਨੀ ਤੋਂ ਟਰੇਨਿੰਗ ਲਈ ਹੋਵੇ ਅੱਰ ਸਾਡੀ ਸਰਕਾਰ ਦੀ ਕੋਈ ਲਿਮਟਿਡ ਕੰਪਨੀ ਨਹੀਂ ਹੈ ਜਿਥੋਂ ਉਹ ਟਰੇਨਿੰਗ ਲੈ ਸਕਣ । ਮੈਂ ਪਲਾਨਿੰਗ ਬੋਰਡ ਦੀ ਮੀਟਿੰਗ ਵਿਚ ਵੀ ਇਹ ਸਵਾਲ ਉਠਾਇਆ ਸੀ ਅਤੇ ਜ਼ਿਲ੍ਹਾ ਵੈਲਫੇਅਰ ਅਫਸਰ ਨੇ ਸਾਨੂੰ ਇਕ ਲਿਸਟ ਦਿੱਤੀ ਸੀ ਜਿਹੜੀ ਫਿਕਟਿਸ਼ੀਅਸ ਸੀ । ਇਸ ਤਰ੍ਹਾ ਇਹ ਫੰਡ ਜ਼ਾਇਆ ਚਲਾ ਜਾਂਦਾ ਹੈ ਇਸ ਲਈ ਇਸ ਦਾ ਪੂਰਾ ਲਾਭ ਲਾਭਪਾਤਰੀਆਂ ਨੂੰ ਦਿਵਾਉਣ ਲਈ ਜ਼ਿਲ੍ਹਾ ਅਫਸਰਾਂ ਦੀ, ਪੰਚਾਇਤ ਸੰਮਤੀਆਂ ਦੇ ਮੈਂਬਰਜ਼ ਦੀ, ਬਲਾਕ ਸੰਮਤੀ ਦੇ ਚੇਅਰਮੈਨਾਂ ਦੀ, ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨਾਂ ਦੀ ਡਿਉਟੀ ਲਗਾਈ ਜਾਵੇ ਕਿ ਉਹ ਇਨ੍ਹਾਂ ਦੀ ਟਰੇਨਿਗ ਲਈ ਕੋਈ ਪ੍ਰਬੰਧ ਕਰਨ ਤਦ ਹੀ ਇਸ ਸਕੀਮ ਦਾ ਲੋਕਾਂ ਨੂੰ ਪੂਰਾ ਫਾਇਦਾ ਹੋ ਸਕਦਾ ਹੈ । ਬਾਕੀ ਸਰਕਾਰ ਨੇ 5 ਹਜ਼ਾਰ ਰੁਪਏ ਦੇ ਕਰਜ਼ੇ ਵਿਆਜ ਅਤੇ ਪੰਨਲ ਵਿਆਜ ਵੀ ਮੁਆਫ਼ ਕਰ ਦਿੱਤੇ

Original with;
Punjab Vidhan Sabha
Digitized by;

[ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ]

ਹੈ । ਸ਼ਡਿਊਡਲ ਕਾਸਟ ਫਾਈਨੈਂਸ ਐਂਡ ਲੈਂਡ ਡਿਵੈਲਪਮੈਂਟ ਕਾਰਪੋਰੇਸ਼ਨ ਅਤੇ ਬੈਕਵਰਡ ਕਲਾਸਿਜ਼ ਫਾਈਨੈਂਸ ਕਾਰਪੋਰੇਸ਼ਨ ਦੇ ਕੋਆਪਰੇਟਿਵ ਬੈਂਕਾ ਦੇ ਕਰਜ਼ੇ ਵੀ ਸਰਦਾਰ ਬੇਅੰਤ ਸਿੰਘ ਨੇ ਮੁਆਫ਼ ਕੀਤੇ ਹਨ । ਜਾਖੜ ਸਾਹਿਬ ਨੇ ਵੀ ਲੋਕਾਂ ਦੇ ਕਰਜ਼ੇ ਮੁਆਫ ਕੀਤੇ ਹਨ । ਇਸ ਲਈ ਲੋਕਾਂ ਵਿਚ ਸਰਕਾਰ ਦੀ ਕਾਫੀ ਐਪਰੀਸ਼ੀਏਸ਼ਨ ਹੋ ਰਹੀ ਅਤੇ ਲੋਕ ਇਨ੍ਹਾਂ ਦੇ ਧੰਨਵਾਦੀ ਹਨ । ਸਪੀਕਰ ਸਾਹਿਬ, 11.342 ਹੈਡ ਦੇ ਥੱਲੇ 10 ਹਜ਼ਾਰ ਕਰਜ਼ਾ ਮਕਾਨਾਂ ਦੀ ਕਾਂਸਟਰਕਸ਼ਨ ਵਾਸਤੇ ਦਿੱਤਾ ਜਾਦਾ ਹੈ ਅਤੇ ਇਸ ਦੇ ਵਿਚ 25% ਸਬਸਿਡੀ ਵੀ ਸਰਕਾਰ ਵਲੋਂ ਦਿੱਤੀ ਜਾਂਦੀ ਹੈ । 7500 ਰੁਪਿਆ ਮਕਾਨ ਵਾਸਤੇ ਦਿੱਤਾ ਜਾਂਦਾ ਹੈ ਪਰ ਬੜੇ ਅਫਸੋਸ ਦੀ ਗੱਲ ਹੈ ਕਿ 1995-96 ਦੇ ਬਜਟ ਵਿਚ ਇਸ ਦੀ ਕੋਈ ਪ੍ਰੋਵੀਜ਼ਨ ਨਹੀਂ ਕੀਤੀ ਗਈ ਹੈ । ਇਹ ਮਾਤਰੀ ਗੱਲ ਹੈ ਮੈਂ ਫਾਈਨੈਂਸ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਉਹ ਇਸ ਦੇ ਲਈ ਫੰਡਜ਼ ਦਾ ਪ੍ਰਬੰਧ ਕਰਨ ਕਿਉਂਕਿ ਜਿਹੜੇ ਲੋਕ ਇੰਦਰਾ ਆਵਾਸ ਯੋਜਨਾ ਅਧੀਨ ਫਾਇਦਾ ਨਹੀਂ ਉਠਾ ਸਕਦੇ ਉਹ ਇਸ ਸਕੀਮ ਅਧੀਨ ਮਕਾਨ ਦੇ ਲਈ ਫੰਡਜ਼ ਲੈ ਸਕਣ । ਇਸ ਹੈਡ ਦੇ ਥੱਲੇ ਪੈਸੇ ਦੇਣ ਦਾ ਪ੍ਰਬੰਧ ਕੀਤਾ ਜਾਵੇ । ਸਪੀਕਰ ਸਾਹਿਬ, ਲੋਕ ਸਰਦਾਰ ਬੇਅੰਤ ਸਿੰਘ ਦੇ ਬੜੇ ਧੰਨਵਾਦੀ ਹਨ ਕਿ ਇਨ੍ਹਾਂ ਦੇ ਵੈਲਫੇਅਰ ਡਿਪਾਰਟਮੈਂਟ ਰਾਹੀਂ ਦਿੱਤੀ ਜਾਣ ਵਾਲੀ ਪੈਨਸ਼ਨ 150 ਰੁਪਏ ਤੋਂ 200 ਰੁਪਿਆ ਮਹੀਨਾ ਕਰ ਦਿੱਤੀ ਹੈ । ਇਸ ਦੇ ਵਿਚ ਵਿਡੋ, ਡੈਸਟੀਚਿਊਟ ਵਿਮੈਨ, ਬੁਢਾਪਾ ਅਤੇ ਬਲਾਈਂਡ ਵਾਸਤੇ ਪੈਨਸ਼ਨ ਦੀ ਪ੍ਰੋਵੀਜ਼ਨ ਕੀਤੀ ਗਈ ਹੈ ਅਤੇ ਸਰਕਾਰ ਵਲੋਂ ਇਸ ਵਾਸਤੇ 1966.50 ਲੱਖ ਰੁਪਿਆ ਰਖਿਆ ਗਿਆ ਹੈ । 149622 ਲੋਕ ਬੁਢਾਪਾ ਪੈਨਸ਼ਨ ਦਾ ਫਾਇਦਾ ਉਠਾਉਣਗੇ ਅਤੇ 51208 ਵਿਮੈਨ ਫਾਇਦਾ ਉਠਾਉਣਗੀਆਂ । 50 ਲੱਖ ਆਰਫੱਨ ਬੱਚੇ ਵੀ ਫਾਇਦਾ ਉਠਾ ਸਕਣਗੇ । ਇਹ ਬੜੀ ਸ਼ਲਾਘਾਯੋਗ ਗੱਲ ਹੈ । ਇਸ ਦੇ ਲਈ ਸਾਡੇ ਸ਼ੋਸ਼ਲ ਵੈਲਫੇਅਰ ਮਨਿਸਟਰ ਅਤੇ ਫਾਈਨੈਂਸ ਮਨਿਸਟਰ ਸਾਹਿਬ ਵਧਾਈ ਦੇ ਪਾਤਰ ਹਨ । ਅਸੀਂ ਇਨ੍ਹਾਂ ਦੇ ਧੰਨਵਾਦੀ ਹਾਂ ।

ਫਾਈਨੈਂਸ ਮਨਿਸਟਰ ਸਾਹਿਬ ਨੇ ਹਾਊਸ ਵਿਚ ਭਰੋਸਾ ਦਿੱਤਾ ਹੈ ਕਿ ਉਹ ਸਿੰਗਲ ਡਿਜ਼ਟ ਵਾਲੀ ਲਾਟਰੀ ਬੰਦ ਕਰ ਦੇਣਗੇ ਅਤੇ ਇਹ ਇਕ ਸਮਾਜਿਕ ਬੁਰਾਈ ਹੈ ਅਤੇ ਲੋਕ ਪੈਸੇ ਦੀ ਬਰਬਾਦੀ ਕਰਦੇ ਹਨ ਇਸ ਨੂੰ ਰੋਕਣ ਲਈ ਇਹ ਸਿੰਗਲ ਡਿਜ਼ਟ ਲਾਟਰੀ ਬੰਦ ਕੀਤੀ ਜਾ ਰਹੀ ਹੈ ।

ਸਪੀਕਰ ਸਾਹਿਬ, ਜਿਹੜੇ ਮਿਊਂਸਪਲ ਹਦੂਦ ਦੇ ਅੰਦਰ 250 ਗਜ਼ ਦੇ ਪਲਾਟ ਦੇ ਮਾਲਿਕ ਸਨ ਉਨ੍ਹਾਂ ਦਾ ਹਾਊਸ ਟੈਕਸ ਸਰਕਾਰ ਨੇ ਮੁਆਫ ਕਰ ਦਿੱਤਾ ਹੈ ਇਸ ਦੇ ਲਈ ਅਸੀਂ ਇਨ੍ਹਾਂ ਦੇ ਧੰਨਵਾਦੀ ਹਾਂ । ਇਸ ਦੇ ਨਾਲ ਹੀ ਸਰਕਾਰ ਨੇ ਮਿਊਂਸਪਲ ਇੰਪਲਾਈਜ਼ ਨੂੰ ਪੈਨਸ਼ਨ ਦੇਣ ਬਾਰੇ ਜਿਹੜਾ ਫੈਸਲਾ ਕੀਤਾ ਹੈ ਇਹ ਅੱਛਾ ਫੈਸਲਾ ਹੈ । ਸਪੀਕਰ ਸਾਹਿਬ, ਹੁਣ ਤਕ 3225 ਮੁਲਾਜ਼ਮਾਂ ਨੂੰ ਸਾਲ 1990 ਤੋਂ ਪੈਨਸ਼ਨ ਦਿੱਤੀ ਜਾ ਚੁਕੀ ਹੈ । ਮਿਊਂਸਪਲ ਕਮੇਟੀ ਦੇ 5,000 ਮੁਲਾਜਮਾ ਨੂੰ ਰੈਗੂਲਰ ਕੀਤਾ ਗਿਆ ਹੈ । ਇਹ ਬੜਾ ਸ਼ਲਾਘਾਯੋਗ ਕੰਮ ਹੈ । ਐਫ.ਐਮ. ਅਤੇ ਸੀ.ਐਮ. ਸਾਹਿਬ ਦੇ ਅਸੀਂ

Original with;
Punjab Vidhan Sabha
Digitized by;
Panjab Digital Library

ਧੰਨਵਾਦੀ ਹਾਂ । 1994-95 ਵਿਚ 60 ਕਰੋੜ ਰੁਪਏ ਦੀ ਲਾਗਤ ਨਾਲ 1600 ਕਿਲੋ-ਮੀਟਰ ਸੜਕਾਂ ਬਣਾਈਆਂ ਗਈਆਂ ਹਨ । 1995-96 ਵਿਚ 80 ਕਰੋੜ ਰੁਪਏ ਦੀ ਲਾਗਤ ਨਾਲ 2000 ਕਿਲੋਮੀਟਰ ਸੜਕਾਂ ਬਣਾਉਣ ਦੀ ਤਜਵੀਜ਼ ਹੈ । ਇਹ ਸਰਕਾਰ ਦਾ ਬੜਾ ਸ਼ਲਾਘਾਯੋਗ ਕਦਮ ਹੈ । ਐਫ.ਐਮ. ਅਤੇ ਸੀ.ਐਮ. ਸਾਹਿਬ ਇਸ ਲਈ ਵਧਾਈ ਦੇ ਪਾਤਰ ਹਨ । ਐਫ.ਐਮ. ਸਾਹਿਬ ਨੇ ਪੈਰਾ ਨੰਬਰ 78,79 80 ਤੇ ਬੋਲਦਿਆਂ ਕਿਹਾ ਸੀ ਕਿ ਮਕਾਨ ਉਸਾਰੀ ਵਾਸਤੇ ਸ਼ਹਿਰੀ ਮਿਲਖਾਂ ਲਈ ਭੋਂ ਪ੍ਰਾਪਤ ਕਰਨ ਵਾਸਤੇ 8.00 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ । 30 ਕਰੋੜ ਰੁਪਏ ਸੰਸਥਾਵੀ ਵਿੱਤ ਜੁਟਾਉਣ ਦੇ ਸਮੱਰਥ ਬਣਾਉਣ ਵਾਸਤੇ 1.50 ਕਰੋੜ ਰੁਪਏ ਦਾ ਇਕੁਇਟੀ ਸ਼ੇਅਰ ਤਜਵੀਜ਼ ਕੀਤਾ ਗਿਆ ਹੈ । ਇਹ ਰਕਮ ਘੱਟ ਹੈ ਅਤੇ ਵਧਾਉਣੀ ਚਾਹੀਦੀ ਹੈ । ਗਰੀਬੀ ਹਟਾਉ ਸਕੀਮਾਂ ਲਈ 1994-95 ਦੌਰਾਨ ਭਲਾਈ ਵਿਭਾਗ ਦੁਆਰਾ ਅਮਲ ਵਿਚ ਲਿਆਈਆਂ ਜਾਣ ਵਾਲੀਆਂ ਸਕੀਮਾਂ ਲਈ ਉਪਬੰਧਿਤ 34.17 ਕਰੋੜ ਰੁਪਏ ਦੀ ਰਕਮ 1995-96 ਵਿਚ ਵਧਾਕੇ 38.79 ਕਰੋੜ ਰੁਪਏ ਕਰ ਦਿੱਤੀ ਗਈ ਹੈ । ਇਸ ਲਈ ਐਫ.ਐਮ. ਅਤੇ ਸੀ.ਐਮ. ਸਾਹਿਬ ਵਧਾਈ ਦੇ ਪਾਤਰ ਹਨ । ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਲਈ 11 ਸਕੀਮਾਂ ਵਾਸਤੇ 11.36 ਕਰੋੜ ਰੁਪਏ ਦਾ ਇਜਾਫਾ ਕੀਤਾ ਹੈ । ਮੁਹਾਲੀ ਵਿਚ ਡਾਕਟਰ ਬੀ.ਆਰ. ਅੰਬੇਦਕਰ ਭਵਨ ਲਈ 30 ਲੱਖ ਰੁਪਏ ਦਾ ਪ੍ਰੋਵੀਜ਼ਨ ਰਖਿਆ ਗਿਆ ਹੈ । ਹੋਰ ਭਵਨਾ ਵਾਸਤੇ 2 ਕਰੋੜ ਰੁਪਏ ਰੱਖੇ ਗਏ ਹਨ । ਇਹ ਭਵਨ ਪਟਿਆਲਾ, ਗੁਰਦਾਸਪੁਰ, ਬਠਿੰਡਾ, ਫਰੀਦਕੋਟ ਅਤੇ ਸੰਗਰੂਰ ਵਿਚ ਬਣਨੇ ਹਨ । 4 ਕਰੋੜ ਰੁਪਿਆ ਪਹਿਲਾਂ ਖਰਚਿਆ ਜਾ ਚੁੱਕਾ ਹੈ ਅਤੇ 2 ਕਰੋੜ ਰੁਪਿਆ ਹੋਰ ਰਖਿਆ ਹੈ । ਅਸੀਂ ਸਾਰੇ ਇਨ੍ਹਾਂ ਦੇ ਧੰਨਵਾਦੀ ਹਾਂ । ਐਫ.ਐਮ. ਸਾਹਿਬ ਨੇ ਆਪਣੀ ਸਪੀਚ ਵਿਚ ਕਿਹਾ ਸੀ ਕਿ ਜਿਹੜੇ ਮੁਲਾਜ਼ਮ 31.12.1994 ਤਕ 240 ਦਿਨ ਦੀ ਸਰ-ਵਿਸ ਪੂਰੀ ਕਰ ਚੁਕੇ ਹਨ ਉਨ੍ਹਾਂ ਸਾਰੇ ਐਡਹਾਕ ਮੁਲਾਜ਼ਮਾਂ ਨੂੰ ਰੈਗੂਲਰ ਕਰਨਾ ਹੈ । ਇਸ ਲਈ ਉਹ ਸਾਰੇ ਮੁਲਾਜ਼ਮ ਇਨ੍ਹਾਂ ਦੇ ਧੰਨਵਾਦੀ ਹਨ । ਹਰ ਪੱਖੋਂ, ਹਰ ਡਿਪਾਰਟਮੈਂਟ ਨੇ ਦਿਨ ਦੁਗਨੀ ਰਾਤ ਚੌਗਣੀ ਤਰੱਕੀ ਕੀਤੀ ਹੈ । ਹਰ ਪਿੰਡ ਅਤੇ ਸ਼ਹਿਰ ਵਿਕਾਸ ਵੱਲ ਵੱਧ ਰਹੇ ਹਨ । ਬਚਿਆਂ ਦੇ ਵਿਕਾਸ ਵੱਲ ਸਰਕਾਰ ਪੂਰਾ ਧਿਆਨ ਦੇ ਰਹੀ ਹੈ । ਇਹ ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਜੀ ਦੀ ਸਰਕਾਰ ਹੀ ਹੈ ਜਿਸ ਨੇ ਨੌਜਵਾਨਾਂ ਕੋਲੋਂ ਏ-ਕੇ-47, ਪਿਸਤੌਲਾਂ ਅਤੇ ਬੰਦੂਕਾਂ ਖੋਹ ਕੇ ਉਨ੍ਹਾਂ ਦੇ ਹੱਥਾਂ ਵਿਚ ਕਲਮਾਂ ਫੜਾ ਦਿਤੀਆਂ ਹਨ । ਜਿਹੜੇ ਅਤਿਵਾਦੀ ਪੰਜਾਬੀ ਭਾਈਚਾਰੇ ਨੂੰ ਖੇਰੂੰ ਖੇਰੂੰ ਕਰਨਾ ਚਾਹੁੰਦੇ ਸਨ ਉਨ੍ਹਾਂ ਨੂੰ ਆਪਣੇ ਮਿਸ਼ਨ ਵਿਚ ਸਾਡੀ ਸਰਕਾਰ ਨੇ ਕਾਮਯਾਬ ਨਹੀਂ ਹੋਣ ਦਿੱਤਾ । ਦੋ ਇੰਜਨੀਅਰਿੰਗ ਕਾਲਜ ਗੁਰਦਾਸਪੁਰ ਅਤੇ ਫਿਰੋਜ਼ਪੁਰ ਵਿਚ, ਇਕ, ਮੈਡੀਕਲ ਕਾਲਜ ਜਲੰਧਰ ਵਿਚ ਖੋਲ੍ਹਿਆ ਗਿਆ ਹੈ । ਸਪੀਕਰ ਸਾਹਿਬ, ਹਿੰਦੂ, ਸਿੱਖ, ਮੁਸਲਮਾਨ ਸੱਭ ਇਕ ਹਨ । ਅਸੀਂ ਸਾਰੇ ਪੰਜਾਬੀ ਇਕ ਹਾਂ ਅਤੇ ਇਕ ਹੀ ਸਾਡਾ ਖੂਨ ਹੈ । ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਦੀ ਸਰਕਾਰ ਨੇ ਉਨ੍ਹਾਂ ਦੀ ਚਾਲ ਨੂੰ ਕਾਮਯਾਬ ਨਹੀਂ ਹੋਣ ਦਿਤਾ । ਸਾਲ 1993-94 ਵਿਚ ਸਰਕਾਰ ਨੇ 837.26 ਲੱਖ ਰੁਪਿਆ ਜੰਬ ਓਰੀਐਂਟਿਡ ਕੋਰਸਿਜ਼ ਵਾਸਤੇ ਖਰਚ ਕੀਤਾ ਹੈ । ਮੈਂ ਵਿਦਿਆ ਮੰਤਰੀ ਰੰਧਾਵਾ ਸਾਹਿਬ ਅਤੇ ਮੁਖ ਮੰਤਰੀ ਜੀ ਦਾ ਇਸ ਲਈ ਧੰਨਵਾਦੀ ਹਾਂ । ਮੈਂ ਮੁਹਾਲੀ, ਕੁਲੱਥ, ਪੁਜੇਵਾਲ ਅਤੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ]

ਤਲਵਾੜਾ ਵਿਖੇ ਨਵੇਂ ਰੈਜ਼ਿਮੈਂਟ ਕਾਲਜ ਖੋਲ੍ਹਣ ਜਾ ਰਹੇ ਹਨ । ਇਸ ਤੋਂ ਇਲਾਵਾ ਮਾਨਸਾ ਅਤੇ ਫਤਹਿਗੜ੍ਹ ਸਾਹਿਬ ਵਿਖੇ ਦੋ ਨਵੀਆਂ ਲਾਈਬਰੇਰੀਆਂ ਸ਼ੁਰੂ ਕਰਵਾਈਆਂ ਗਈਆਂ ਹਨ ਅਤੇ ਪਹਿਲਾਂ ਇਕ ਖੁੱਲ੍ਹੀ ਲਾਇਬਰੇਰੀ ਜੋ ਕਿ ਗੁਰਦਾਸਪੁਰ ਵਿਖੇ ਹੈ, ਇਨ੍ਹਾਂ ਤਿੰਨਾਂ ਲਈ 10.50 ਕਰੋੜ ਰੁਪਿਆ ਰਖਿਆ ਹੈ । ਇਸ ਵਾਸਤੇ ਵੀ ਅਸੀਂ ਇਨ੍ਹਾਂ ਦੇ ਧੰਨਵਾਦੀ ਹਾਂ । ਇਨ੍ਹਾਂ ਦਾ ਨਿਸ਼ਾਨਾ ਇਹੀ ਹੈ ਕਿ ਅੱਜ ਕੋਈ ਬੱਚਾ ਸਾਡਾ ਪੜ੍ਹਾਈ ਤੋਂ ਵਾਂਝਾ ਨਾ ਰਹਿ ਜਾਵੇ । ਅੱਜ ਜਿਹੜੇ ਵੀ ਪਿੰਡ ਅਲੱਗ ਹੋਏ ਹਨ, ਉਨ੍ਹਾਂ ਦੀ ਪਚਾਇਤ ਵਖਰੀ ਬਣੀ ਹੈ । ਉਨ੍ਹਾਂ ਵਿਚ ਵੀ ਸਕੂਲ ਖੋਲਣ ਦੀ ਤਜਵੀਜ ਹੈ ਤਾਂਕਿ ਕੋਈ ਵੀ ਬਚਾ ਪੜ੍ਹਨ ਖਾਤਰ ਇਕ ਕਿਲੋਮੀਟਰ ਤੋਂ ਦੂਰ ਤੁਰ ਕੇ ਨਾ ਜਾਵੇ । ਇਸ ਮੰਤਵ ਨਾਲ ਸਕੂਲ ਖੁੱਲ ਰਹੇ ਹਨ । ਇਸੇ ਤਰ੍ਹਾਂ ਸ਼ਡਿਊਲਡ ਕਾਸਟ ਬੱਚਿਆਂ ਦੀ ਹਾਜ਼ਰੀ ਯਕੀਨੀ ਬਣਾਉਣ ਵਾਸਤੇ 30 ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ 10 ਮਹੀਨੇ ਦੀ ਐਵਰੇਜ ਨਾਲ ਇਕ ਸਾਲ ਦੇ 300 ਰੁਪਏ ਉਨ੍ਹਾਂ ਨੂੰ ਦਿੱਤੇ ਜਾਂਦੇ ਹਨ ਜੋ ਕਿ ਬੜੀ ਭਾਰੀ ਮਦਦ ਹੈ । ਸਾਡੇ ਸ਼ਡਿਊਲਡ ਕਾਸਟਾਂ ਵਿਚ ਤਾਂ ਕਈ ਬੱਚੀਆਂ ਅਤੇ ਔਰਤਾਂ ਪਹਿਲਾਂ ਤੋਂ ਹੀ ਕਦੇ ਪੜ੍ਹਨ ਹੀ ਨਹੀਂ ਗਈਆਂ ਸਨ । ਅੱਜ ਉਹ ਵੀ ਉਨ੍ਹਾਂ ਘਰਾਂ ਵਿਚ ਪੜ੍ਹ ਗਈਆਂ ਹਨ ਜੋ ਸ਼ਡਿਊਲਡ ਕਾਸਟਾਂ ਦੇ ਕੁਝ ਘਰ ਅੱਗੇ ਆ ਗਏ ਹਨ । ਇਹ ਰਾਹਤ ਦੇ ਕੇ ਸਰਦਾਰ ਬੇਅੰਤ ਸਿੰਘ, ਰੰਧਾਵਾ ਜੀ ਅਤੇ ਵਿੱਤ-ਮੰਤਰੀ ਸਾਹਿਬ ਨੇ ਬੱਚਿਆਂ ਨੂੰ ਪੜਨ ਵਾਸਤੇ ਸ਼ਹਿ ਦਿੱਤੀ ਹੈ । ਅਸੀਂ ਉਨ੍ਹਾਂ ਦੇ ਰਿਣੀ ਹਾਂ । ਅੱਗੇ ਲਈ ਇਨ੍ਹਾਂ ਦੀ ਤਜਵੀਜ਼ ਹੈ ਕਿ 1000 ਪ੍ਰਾਇਮਰੀ ਸਕੂਲਾਂ ਨੂੰ ਮਿਡਲ ਸਕੂਲ, 120 ਮਿਡਲ ਸਕੂਲਾਂ ਨੂੰ ਹਾਈ ਸਕੂਲ ਅਤੇ 120 ਹਾਈ ਸਕੂਲਾਂ ਨੂੰ ਪਲੱਸ ਟੂ ਪੱਧਰ ਤਕ ਅਪਗ੍ਰੇਡ ਕੀਤਾ ਜਾਵੇ ਅਤੇ ਇਨ੍ਹਾਂ ਸਕੂਲਾਂ ਲਈ 11,000 ਨਵੇਂ ਅਧਿਆਪਕ ਨਿਯੁਕਤ ਕੀਤੇ ਜਾਣ । ਇਸ ਤਰ੍ਹਾਂ ਨਾਲ ਜਿਹੜੇ ਸਾਡੇ ਬੀ.ਐਡ. ਬੇਰੋਜ਼ਗਾਰ ਬੱਚੇ ਹਨ, ਉਨ੍ਹਾਂ ਨੂੰ ਵੀ ਰੋਜ਼ਗਾਰ ਮੁਹਈਆ ਹੋਵੇਗਾ । ਲੋਕ ਸਰਦਾਰ ਬੇਅੰਤ ਸਿੰਘ ਅਤੇ ਰੰਧਾਵਾ ਜੀ ਦੇ ਤਹਿ ਦਿਲੋਂ ਧੰਨਵਾਦੀ ਹਨ । 50 ਨਵੇਂ ਸਕੂਲ 100 ਟੀਚਰਾਂ ਦੀ ਸਟਰੈਂਥ ਨਾਲ ਬਾਰਡਰ ਏਰੀਆ ਵਿਚ 1995-96 ਵਿਚ ਖੋਲ੍ਹਣੇ ਅਪਰੂਵ ਹੋਏ ਹਨ ।

ਸ਼੍ਰੀ ਸਪੀਕਰ : ਮਲਕੀਅਤ ਸਿੰਘ ਬੀਰਮੀ, ਸੈਰ ਕਰ ਰਹੇ ਹੋ । ਕਦੇ ਇਧਰ ਅਤੇ ਕਦੇ ਉਧਰ । You are crossing the floor. ਤੁਸੀਂ ਫਲੋਰ ਕਰਾਸ ਨਾ ਕਰੋ । ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ you should not come in between the Speaker and the Member speaking.

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ : 1995-96 ਵਿਚ 150 ਨਵੇਂ ਪ੍ਰਾਇਮਰੀ ਸਕੂਲ ਖੁੱਲ੍ਹ ਰਹੇ ਹਨ । ਹੁਣ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਸਕੂਲ ਵਿਚ ਦਾਖਲ ਹੋਣ ਦੀ ਉਮਰ 6 ਸਾਲ ਤੋਂ ਘਟਾ ਕੇ 5 ਸਾਲ ਕਰ ਦਿੱਤੀ ਹੈ । ਇਸ ਸਬੰਧੀ ਮੈਂ ਸੁਜੈਸ਼ਨ ਦੇਣੀ ਚਾਹੁੰਦਾ ਹਾਂ ਰੰਧਾਵਾ ਜੀ ਨੂੰ, ਉਹ ਜਹਾ ਸੁਣਨ ਕਿ ਜਿਹੜੀ ਪ੍ਰਾਇਮਰੀ ਸਕੂਲ ਐਜੂਕੇਸ਼ਨ ਦੀ ਬਣਤਰ ਬਣਾਈ ਹੈ, ਉਸ ਦੇ ਮੁਤਾਬਿਕ ਹਰ ਬੱਚੇ ਨੂੰ ਪੰਜਵੀ ਕਲਾਸ ਤੋਂ ਐਜੂਕੇਸ਼ਨ ਦੇਣੀ ਹੈ, ਕਿਸੇ ਨੂੰ ਫੇਲ੍ਹ ਨਹੀਂ ਕਰਨਾ । ਮੈਂ ਇਸ

Original with;
Punjab Vidhan Sabha
Digitized by;
Panjab Digital Library

ਸਬੰਧੀ ਆਪਣੀ ਰਾਏ ਜ਼ਰੂਰ ਦੇਵਾਂਗਾ ਕਿ ਜਿਸ ਤਰ੍ਹਾਂ ਜਦੋਂ ਅਸੀਂ ਪੜ੍ਹਦੇ ਸੀ ਉਦੋਂ ਸਾਡੇ ਟੈਸਟ ਹੁੰਦੇ ਸੀ । ਕੋਈ ਬੱਚਾ ਪਹਿਲੀ ਵਿਚੋਂ ਅਤੇ ਕੋਈ ਦੂਜੀ ਵਿਚੋਂ ਹੀ ਫੇਲ੍ਹ ਹੋ ਜਾਂਦਾ ਸੀ ਤਾਂ ਉਸਨੂੰ ਇਕ ਸਾਲ ਦਾ ਫੇਰ ਉਸੇ ਕਲਾਸ ਵਿਚ ਰਗੜਾ ਲਾਉਣਾ ਪੈਂਦਾ ਸੀ । ਅੱਜ ਵੀ ਅਗਰ ਪ੍ਰਾਇਮਰੀ ਐਜੂਕੇਸ਼ਨ ਦਾ ਮਿਆਰ ਉਚਾ ਚੁਕਣਾ ਹੈ ਤਾਂ ਟੈਸਟ ਜ਼ਰੂਰ ਰਖੋ । ਘਰ ਬੈਠੇ ਹੀ ਪਾਸ ਨਾ ਕਰੋ । ਜਿਹੜਾ ਪਾਸ ਹੁੰਦਾ ਹੈ, ਉਹ ਅਗਲੀ ਕਲਾਸ ਵਿਚ ਜਾਵੇ । ਅਗਰ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਬੱਚਾ ਚਾਹੇ ਪੰਜਵੀਂ ਪਾਸ ਕਰ ਜਾਵੇ ਉਸ ਨੂੰ ਆਪਣਾ ਨਾਂ ਵੀ ਨਹੀਂ ਲਿਖਣਾ ਆਉਣਾ, ਉਹ ਦੂਣੀ ਦਾ ਪਹਾੜਾ ਵੀ ਨਹੀਂ ਪੜ੍ਹ ਸਕੇਗਾ ਤਾਂ ਫੇਰ ਵੀ ਕੀ ਕਰੇਗਾ । ਉਸਦਾ ਫਿਰ ਨੈਚੁਰਲੀ ਅਗਲੀ ਕਲਾਸ ਵਿਚ ਦਿਲ ਨਹੀਂ ਲਗਦਾ ਅਤੇ ਉਹ ਅਗਲੀ ਪੜ੍ਹਾਈ ਤੋਂ ਵੀ ਵਾਂਝਾ ਰਹਿ ਜਾਵੇਗਾ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸੁਝਾਉ ਦੇਂਦਾ ਹਾਂ ਰੰਧਾਵਾ ਜੀ ਨੂੰ ਕਿ ਇਹ ਟੈਸਟ ਜ਼ਰੂਰ ਰਖਣ । ਉਸ ਤੋਂ ਬਾਅਦ ਜਿਹੜੇ ਬੱਚੇ ਪਬਲਿਕ ਸਕੂਲਾਂ ਵਿਚ ਜਾਂਦੇ ਹਨ, ਉਨ੍ਹਾਂ ਨੂੰ ਐਲ.ਕੇ.ਜੀ ਅਤੇ ਯੂ.ਕੇ.ਜੀ. ਤੋਂ ਹੀ ਇੰਗਲਿਸ਼ ਲਗਾ ਦਿੱਤੀ ਜਾਂਦੀ ਹੈ । ਇਨ੍ਹਾਂ ਨੂੰ ਵੀ ਪਹਿਲੀ ਜਮਾਤ ਤੋਂ ਇੰਗਲਿਸ਼ ਇੰਟਰੋਡਿਊਸ ਕਰ ਦੇਣੀ ਚਾਹੀਦੀ ਹੈ ਤਾਂਕਿ ਪਬਲਿਕ ਸਕੂਲਾਂ ਦੀਆਂ ਦੁਕਾਨਾਂ ਫੇਲ੍ਹ ਹੋ ਜਾਣ ।

ਸਪੀਕਰ ਸਾਹਿਬ, ਮੇਰਾ ਇਲਾਕਾ ਬਹੁਤ ਪਛੜਿਆ ਹੋਇਆ ਹੈ । ਰੰਧਾਵਾ ਜੀ ਵੀ ਜਾਣਦੇ ਹਨ । ਮੈਂ ਬੇਨਤੀ ਕਰਦਾ ਹਾਂ ਕਿ ਇਹ ਮੇਰੇ ਇਲਾਕੇ ਦੇ 5 ਹਾਈ ਸਕੂਲ ਸੀਨੀਅਰ ਸੈਕੰਡਰੀ ਕਰਨ ਅਤੇ 8 ਮਿਡਲ ਸਕੂਲ ਹਾਈ ਕਰਨ ਅਤੇ ਜਿੰਨੇ ਵੀ ਪ੍ਰਾਇਮਰੀ ਸਕੂਲ ਹਨ, ਉਹ ਮਿਡਲ ਕਰ ਦੇਣ ਅੱਜ ਦੇ ਨਵੇਂ ਸਕੂਲਾਂ ਦੀ ਮੈਂ ਤੁਹਾਡੇ ਕੋਲੋਂ ਮੰਗ ਕੀਤੀ ਅਤੇ ਉਨ੍ਹਾਂ ਦੀ ਲਿਸਟ ਮੈਂ ਆਲਰੈਡੀ ਤੁਹਾਨੂੰ ਮੁਹੱਈਆ ਕਰ ਦਿੱਤੀ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਉਹ ਨਵੇਂ ਸਕੂਲ ਜ਼ਰੂਰ ਬਣਾਏ ਜਾਣ ।

ਸਪੀਕਰ ਸਾਹਿਬ, ਪੁਰਾਣਾ ਜ਼ਾਲਾ ਤੇ ਤਿੱਬੜੀ ਦੇ ਵਿਚਕਾਰ ਮਾਤਾ ਸੁੰਦਰੀ ਜੀ ਦੇ ਗੁਰਦੁਆਰੇ ਕੋਲ ਇਕ ਪੁਲ ਹੈ । ਉਹ 1993 ਦੇ ਹੜ੍ਹਾਂ ਦੇ ਦੌਰਾਨ ਰੁੜ੍ਹ ਗਿਆ ਸੀ । ਲੋਕ ਉਸ ਤੇ ਚਲ ਨਹੀਂ ਸਕਦੇ, ਨਾ ਹੀ ਉਥੋਂ ਆਪਣੀ ਜਿਣਸ ਲਿਜਾ ਸਕਦੇ ਹਨ । ਮੈਂ ਪਿਛਲੇ ਸਦਨ ਵਿਚ ਵੀ ਬੇਨਤੀ ਕੀਤੀ ਸੀ ਕਿ ਉਹ ਪੁਲ ਜਲਦੀ ਬਣਾਇਆ ਜਾਵੇ । ਪਲੈਨਿੰਗ ਬੋਰਡ ਵਿਚ ਵੀ ਇਹ ਗਲ ਚਲੀ ਸੀ । ਉਨ੍ਹਾਂ ਨੇ ਵੀ ਇਹ ਕਿਹਾ ਸੀ ਕਿ ਇਹ ਪੁਲ ਜਲਦੀ ਬਣਾ ਦਿਤਾ ਜਾਵੇਗਾ । ਲੇਕਿਨ ਹਾਲੇ ਤੱਕ ਉਹ ਬਣਿਆ ਨਹੀਂ ਹੈ । ਹੁਣ ਕਿਉਂਕਿ ਜਿਣਸ ਵੀ ਪੱਕਣ ਵਾਲੀ ਹੈ ਅਤੇ ਉਹ ਜਿਣਸ ਲੋਕਾਂ ਨੇ ਮੰਡੀਆਂ ਵਿਚ ਲਿਜਾਣੀ ਹੈ, ਇਸ ਕਰਕੇ ਇਸ ਪੁਲ ਦਾ ਬਣਨਾ ਬਹੁਤ ਜ਼ਰੂਰੀ ਹੈ । ਉਥੇ ਸੜਕ ਵੀ ਟੁੱਟੀ ਪਈ ਹੈ । ਮੈਂ ਬੀਬੀ ਭੱਠਲ ਜੀ ਨੂੰ ਕਿਹਾ ਹੈ ਕਿ ਉਹ ਇਸ ਨੂੰ ਜਲਦੀ ਰਿਪੇਅਰ ਕਰਵਾ ਦੇਣ । ਇਹ ਪੁਲ ਵੀ ਜਲਦੀ ਤੋਂ ਜਲਦੀ ਬਣਨਾ ਚਾਹੀਦਾ ਹੈ ਤਾਂ ਕਿ ਲੋਕ ਆਪਣੀ ਜਿਣਸ ਮੰਡੀਆਂ ਵਿਚ ਲਿਜਾ ਸਕਣ । ਮੈਂ ਇਸ ਸਬੰਧ ਵਿਚ ਐਫ. ਐਮ. ਸਾਹਿਬ ਦਾ ਧਿਆਨ ਵੀ ਦਿਵਾਉਣਾ ਚਾਹੁੰਦਾ ਹਾਂ । 1994-95 ਦੇ ਬੱਜਟ ਤੇ ਬੋਲਦ ਹੋਏ ਉਨ੍ਹਾਂ ਨੇ ਕਿਹਾ ਸੀ ਕਿ ਦਾਇਆ ਬਿਆਸ ਤੇ ਪੁਲ ....

Original with;
Punjab Vidhan Sabha
Digitized by;
Punjab Digital Library

ਸ਼੍ਰੀ ਸਪੀਕਰ : ਇਹ ਜਿਹੜਾ ਕਰਮਚਾਰੀ ਡਾਕੂਮੈਂਟ ਵੰਡ ਦਿਹਾ ਹੈ, ਇਸ ਨੂੰ ਵੀਟੋ ਕਰਾਸ ਨਹੀਂ ਕਰਨਾ ਚਾਹੀਦਾ ।

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ : ਉਸ ਵੇਲ ਡਾਕਟਰ ਸਾਹਿਬ ਨੇ ਇਹ ਆਸ਼ਵਾਸਨ ਦਿੱਤਾ ਸੀ ਕਿ 10 ਕਰੋੜ ਰੁਪਿਆ ਇਸ ਪੁਲ ਵਾਸਤੇ ਰੱਖਿਆ ਹੈ ਅਤੇ ਇਤਨਾ ਹੀ ਪੈਸਾ 1995-96 ਦੇ ਬਜਟ ਵਿਚ ਰੱਖ ਕੇ ਇਸ ਪੁਲ ਨੂੰ ਕੰਪਲੀਟ ਕਰਵਾਵਾਂਗੇ ਲੇਕਿਨ ਇਸ ਬਜਟ ਵਿਚ ਇਹ ਪੈਸਾ ਨਹੀਂ ਰੱਖਿਆ ਗਿਆ ਅਤੇ ਨਾ ਹੀ ਇਸ ਪੁਲ ਨੂੰ ਬਣਾਉਣ ਵਾਸਤੇ ਕੋਈ ਉਪਰਾਲਾ ਕੀਤਾ ਹੈ । ਮੈਂ ਇਲਤਜਾ ਕਰਾਂਗਾ ਕਿ ਇਸ ਕੰਮ ਵਾਸਤੇ ਕੋਈ ਖਾਸ ਪ੍ਰੋਵੀਜ਼ਨ ਕੀਤੀ ਜਾਵੇ ਅਤੇ ਇਸ ਪੁਲ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ । ਇਸ ਪਲ ਦੇ ਬਣਨ ਨਾਲ ਕੋਈ 70 ਕਿਲੋਮੀਟਰ ਦਾ ਫਰਕ ਪੈਂਦਾ ਹੈ । ਇਸ ਨਾਲ ਟਾਈਮ ਦੀ ਬਚਤ ਵੀ ਹੋਵੇਗੀ ਅਤੇ ਪੈਸੇ ਦੀ ਵੀ ਬਚਤ ਹੋਵੇਗੀ । ਪੈਟਰੋਲ ਬਹੁਤ ਮਹਿੰਗਾ ਹੋ ਗਿਆ ਹੈ । ਇਸ ਦੇ ਬਣਨ ਨਾਲ ਪੈਟਰੋਲ ਦੀ ਬਚਤ ਹੋਵੇਗੀ । ਬੇਸ਼ੱਕ ਇਸ ਦੇ ਵਾਸਤੇ ਕੋਈ ਟੋਲ ਟੈਕਸ ਲਗਾ ਦਿਓ, ਕੋਈ ਫਰਕ ਨਹੀਂ ਪੈਂਦਾ । ਇਸ ਪੁਲ ਦੇ ਬਣਨ ਨਾਲ ਹਜ਼ਾਰਾਂ ਸੈਂਕੜੇ ਘੰਟਿਆਂ ਦੀ ਬਚਤ ਹੋਵੇਗੀ । ਜੇਕਰ ਟੋਲ ਟੈਕਸ ਲਗਾ ਦਿੱਤਾ ਜਾਵੇ ਤਾਂ ਬਹੁਤ ਜਲਦੀ ਗੌਰਮਿੰਟ ਦਾ ਪੈਸਾ ਪੂਰਾ ਹੋ ਸਕਦਾ ਹੈ । ਟਾਈਮ ਅਤੇ ਪੈਸੇ ਨੂੰ ਬਚਾਉਣ ਵਾਸਤੇ ਇਸ ਪੁਲ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਣਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਤੁਸੀਂ ਕਿੰਨਾ ਕੁ ਹੋਰ ਟਾਈਮ ਲਓਗੇ ? ਅਗਲੇ ਸਪੀਕਰ ਸਰਦਾਰ ਸ਼ਮਸ਼ੇਰ ਸਿੰਘ ਰਾਏ ਹੋਣਗੇ ।

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ : ਬੱਸ ਜੀ, ਮੈਂ 3-4 ਮਿੰਟਾਂ ਵਿਚ ਖਤਮ ਕਰ ਦਿਆਂਗਾ । ਇਥੇ ਰਿਸ਼ਵਤ ਦੀ ਗੱਲ ਚੱਲੀ ਹੈ । ਇਹ ਆਪੋਜ਼ੀਸ਼ਨ ਵਾਲੇ ਕਹਿੰਦੇ ਹਨ ਕਿ ਕਾਂਗਰਸ ਕੁਰੱਪਟ ਹੈ ਪਰ ਮੈਂ ਕਹਿੰਦਾ ਹਾਂ ਕਿ ਕੰਮ ਤਾਂ ਜ਼ਿਆਦਾ ਕਰਕੇ ਆਪੋਜ਼ੀਸ਼ਨ ਦੇ ਹੀ ਹੁੰਦੇ ਹਨ ** ** **

ਸ਼੍ਰੀ ਸਪੀਕਰ : ਇਹ ਔਕਸਪੰਜ ਕੀਤਾ ਜਾਂਦਾ ਹੈ ।

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ : ਅਗਰ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਰਹੇਗੀ.. (ਸੋਰ) ਇਹ ਇਨ੍ਹਾਂ ਦੀ ਮਿਲੀ ਭੁਗਤ ਹੈ । (ਵਿਘਨ) ਅਗਰ ਸਾਡੀ ਸਰਕਾਰ ਨਾ ਰਹੀ ਤਾਂ ਪੰਜਾਬ ਵਿਚ ਫਿਰ ਆਤੰਕਵਾਦ ਆ ਜਾਵੇਗਾ । ਇੰਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸ਼੍ਰੀ ਜਗਦੀਸ਼ ਸਾਹਨੀ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਸ਼ਮਸ਼ੇਰ ਸਿੰਘ ਰਾਏ (ਚਮਕੌਰ ਸਾਹਿਬ, ਐਸ. ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਡਾਕਟਰ ਕੇਵਲ ਕ੍ਰਿਸ਼ਨ ਜੀ ਵਲੋਂ ਪੇਸ਼ ਕੀਤੇ ਗਏ ਚੌਥੇ ਬਜਟ ਤੇ ਬੋਲਣ ਦਾ ਟਾਈਮ ਦਿੱਤਾ ਹੈ । ਮੈਂ ਇਸ ਸਰਕਾਰ ਨੂੰ, ਇਸ ਸਰਕਾਰ ਦੇ ਮੁੱਖੀਏ ਸਰਦਾਰ ਬੇਅੰਤ ਸਿੰਘ ਜੀ ਨੂੰ ਅਤੇ ਡਾਕਟਰ ਕੇਵਲ ਕ੍ਰਿਸ਼ਨ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਜੋ ਬਜਟ ਪੇਸ਼ ਕੀਤਾ ਹੈ, ਉਹ ਬਹੁਤ ਹੀ ਚੰਗਾ ਅਤੇ ਨਿਰਾਲਾ ਬਜਟ ਹੈ ।

Mr. Speaker : Excuse me, I have to make an important anno ncement. Hon'ble Chief Minister will make statement at abo.t 11.30 A.M. All the Members should be present except those who were named.

ਸਰਦਾਰ ਸ਼ਮਸ਼ੇਰ ਸਿੰਘ ਰਾਏ : ਸਪੀਕਰ ਸਾਹਿਬ, ਬਜਟ ਦੇ ਬਾਰੇ ਵਿੱਚ ਸਾਰੇ ਪੰਜਾਬੀਆਂ ਨੇ ਇਸ ਦਾ ਬੜਾ ਨਿੱਘਾ ਸਵਾਗਤ ਕੀਤਾ ਹੈ । ਜਿਹੜਾ ਬਜਟ ਹੁੰਦਾ ਹੈ ਉਹ ਸਰਕਾਰ ਦੀਆਂ ਉਪਲਬਧੀਆਂ ਜਾਣੀਆਂ ਜਾਦੀਆਂ ਹਨ । ਪਹਿਲਾਂ ਬਜਟ ਸਪੀਕਰ ਸਾਹਿਬ, 1992 ਦੇ ਵਿੱਚ ਜਦੋਂ ਇਹ ਸਰਕਾਰ ਹੋਂਦ ਵਿੱਚ ਆਈ ਉਦੋਂ ਪੇਸ਼ ਕੀਤਾ ਗਿਆ ਸੀ । ਉਸ ਸਮੇਂ ਦੇ ਹਾਲਾਤ ਅੋਰ ਅੱਜ ਦੇ ਹਾਲਾਤ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਹੈ । ਸਰਕਾਰ ਨੇ ਅੋਰ ਸਰਦਾਰ ਬੇਅੰਤ ਸਿੰਘ ਜੀ ਨੇ ਬਹੁਤ ਹੀ ਕੋਸ਼ਿਸ਼ਾਂ ਕੀਤੀਆਂ ਜਿਨਾਂ ਸਦਕਾ ਅੱਜ ਪੰਜਾਬ ਦੇ ਵਿੱਚ ਅਮਨ ਅੋਰ ਸ਼ਾਂਤੀ ਆਈ ਹੈ ਪੰਜਾਬ ਤਰੱਕੀ ਦੀ ਰਾਹ ਤੇ ਤੁਰਿਆ ਹੈ । ਸਪੀਕਰ ਸਾਹਿਬ ਅਸੀਂ ਲਾਅ ਐਂਡ ਆਰਡਰ ਦੀ ਬਹੁਤ ਵਾਰ ਗੱਲ ਕਰ ਚੁੱਕੇ ਹਾਂ । ਪਹਿਲਾਂ ਗਵਰਨਰ ਐਡਰੈਸ ਤੇ ਵੀ ਕੀਤੀ ਹੈ । ਮੈਂ ਨਹੀਂ ਚਾਹੁੰਦਾ ਕਿ ਉਹ ਗੱਲਾਂ ਫਿਰ ਰੀਪੀਟ ਕਰੀਏ । ਸਿਰਫ ਇੱਕ ਗੱਲ ਜਰੂਰ ਕਹਿਣੀ ਚਾਹੁੰਦਾ ਹਾਂ ਕਿ ਲਾਅ ਐਂਡ ਆਰਡਰ ਸਰਕਾਰ ਦੀ ਸਭ ਤੋਂ ਮੁਢਲੀ ਕਸੌਟੀ ਹੁੰਦੀ ਹੈ ਜਿੱਥੋਂ ਸਰਕਾਰ ਦੀ ਪਰਖ ਕੀਤੀ ਜਾ ਸਕਦੀ ਹੈ । ਹਾਲਾਤ ਨੂੰ ਮੱਦੇ ਨਜ਼ਰ ਰੱਖਦੇ ਹੋਏ, ਡੀਵੈਲਪਮੈਂਟ ਨੂੰ ਮੱਦੇ ਨਜ਼ਰ ਰੱਖਦੇ ਹੋਏ, ਸਰਕਾਰ ਦੀਆਂ ਨਵੀਆਂ ਉਪਲਬਧੀਆਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਕੁਝ ਨਾ ਕੁਝ ਸਪੀਕਰ ਸਾਹਿਬ, ਇਸ ਬਾਰੇ ਕਹਿਣਾ ਹੀ ਪੈਂਦਾ ਹੈ । ਮੇਰਾ ਇਸ ਪੁਆਇੰਟ ਤੇ ਬੋਲਣ ਦਾ ਕਾਰਨ ਇਹ ਹੁੰਦਾ ਹੈ ਕਿ ਅਸੀਂ ਇੱਕ ਬੇਨਤੀ ਦੀ ਸ਼ਕਲ ਦੇ ਵਿੱਚ ਦੂਸਰੀਆਂ ਜਿਹੜੀਆਂ ਪੁਲੀਟੀਕਲ ਪਾਰਟੀਆਂ ਹਨ ਉਨ੍ਹਾਂ ਦੇ ਸਤਿਕਾਰਯੋਗ ਨੁਮਾਇੰਦੇ ਹਨ, ਉਨ੍ਹਾਂ ਨੂੰ ਵੀ ਇਹ ਕਹਿਣਾ ਚਾਹੁੰਦੇ ਹਾਂ ਕਿ ਸੱਚ ਨੂੰ ਸੱਚ ਕਹੋ । ਅਸੀਂ ਉਨ੍ਹਾਂ ਨੂੰ ਇਹ ਬੇਨਤੀ ਕਰਦੇ ਹਾਂ ਕਿ ਜੋ ਅਸਲੀਅਤ ਹੈ ਉਸ ਨੂੰ ਕਹਿਣ ਵਿੱਚ ਗੁਰੇਜ਼ ਨਾ ਕਰੋ । ਕਈ ਸਾਡੇ ਪੁਲੀਟੀਕਲ ਪਾਰਟੀਆਂ ਦੇ ਲੀਡਰ ਸੱਚੀ ਗੱਲ ਕਰਦੇ ਹਨ ਇਸ ਲਈ ਉਨ੍ਹਾਂ ਦੀ ਜਿਹੜੀ ਰੋਲ ਹੈ ਅਸੀਂ ਸਾਰੇ ਉਨ੍ਹਾਂ ਨੂੰ ਆਦਰ ਅੋਰ ਸਤਿਕਾਰ ਦਿੰਦੇ ਹਾਂ ਲੇਕਿਨ ਬਹੁਤੇ ਸਾਡੇ ਆਪੋਜ਼ੀਸ਼ਨ ਦੇ ਲੀਡਰ ਸਾਹਿਬਾਨ ਸਰਕਾਰ ਦੀ ਸਿਰਫ ਨੁਕਤਾਚੀਨੀ ਦੇ ਵਿੱਚ ਹੀ ਲੱਗੇ ਰਹਿੰਦੇ ਹਨ ਲੇਕਿਨ ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਇਹ ਚਾਹੁੰਦੇ ਹਨ ਕਿ ਪੰਜਾਬ ਵੱਧ ਤੋਂ ਵੱਧ ਡੀਵੈਲਪਮੈਂਟ ਕਰੇ ਅੋਰ ਇਸ ਦੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਮਸ਼ੇਰ ਸਿੰਘ ਗਾਏ]

ਡੀਵੈਲਪਮੈਂਟ ਵਾਸਤੇ ਵੱਧ ਤੋਂ ਵੱਧ ਉਪਰਾਲਾ ਕੀਤਾ ਜਾਵੇ ਜਿਵੇਂ ਕਿ ਆਪੋਜ਼ੀਸ਼ਨ ਦਾ ਮੇਨ ਰੋਲ ਐਂਡ ਸਰਕਾਰ ਦਾ ਮੇਨ ਰੋਲ ਹੈ । ਮੈਂ ਇਨ੍ਹਾਂ ਲਫਜ਼ਾਂ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਕਿ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਆਮ ਤੌਰ ਤੇ ਕ੍ਰਿਟੀਸਿਜ਼ਮ ਵਿੱਚ ਬੀਲੀਫ ਕਰਦੇ ਹਨ ਜਿਹੜਾ ਕਿ ਕਨਸਟਰਕਟਿਵ ਨਹੀਂ ਹੈ, ਇਸ ਕਰਕੇ ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਗੱਲ ਸਰਕਾਰ ਦੀ ਜਾਂ ਕਾਂਗਰਸ ਪਾਰਟੀ ਦੇ ਨੁਮਾਇੰਦੇ ਵਲੋਂ ਕੀਤੀ ਜਾਂਦੀ ਹੈ, ਉਹ ਕਿਸੇ ਨਾ ਕਿਸੇ ਅੰਕੜੇ ਤੇ ਆਧਾਰਤ ਹੁੰਦੀ ਹੈ ਫੈਕਟਸ ਤੇ ਆਧਾਰਤ ਹੈ । ਵੈਸੇ ਗੱਲ ਅਸੀਂ ਕੋਈ ਕਹਿਣ ਨੂੰ ਤਿਆਰ ਨਹੀਂ ਨਾ ਅਸੀਂ ਕਹਿੰਦੇ ਹਾਂ । ਸੋ, ਇਨ੍ਹਾਂ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਸਰਕਾਰ ਦੀਆਂ ਕੀਤੀਆਂ ਗਈਆਂ ਉਪਲਬਧੀਆਂ ਸਰਕਾਰ ਦੀ ਪਰਖਣ ਦੀ ਕਸੌਟੀ ਹੁੰਦੀਆਂ ਹਨ । ਸਪੀਕਰ ਸਾਹਿਬ, ਸਾਡੇ ਮੁੱਖ ਮੰਤਰੀ ਜੀ ਦੀ, ਸਾਡੀ ਸਰਕਾਰ ਦੀ, ਜਿਵੇਂ ਕਿ ਇਸ ਬਜਟ ਵਿਚ ਕੀਤਾ ਹੈ, ਇਹ ਜਿੰਮੇਵਾਰੀ ਹੈ ਕਿ ਅਸੀਂ ਪੰਜਾਬ ਦੇ ਲੋਕਾਂ ਨੂੰ ਇਕ ਵਧੀਆ ਰਾਜ ਦੇ ਸਕੀਏ । ਪੰਜਾਬ ਦੇ ਲੋਕਾਂ ਦੀ ਜ਼ਾਨ-ਮਾਲ ਦੀ ਰਖਵਾਲੀ ਕਰ ਸਕੀਏ ਅਤੇ ਪੰਜਾਬ ਨੂੰ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਪ੍ਰਦਾਨ ਕਰਵਾ ਸਕੀਏ । ਅੱਜ ਪੰਜਾਬ ਸਰਕਾਰ ਦਾ ਇਹ ਵਿਚਾਰ ਹੈ ਅਤੇ ਇਨ੍ਹਾਂ ਨਕਸ਼ੇ ਕਦਮਾਂ ਤੇ ਹੀ ਸਾਡੀ ਸਰਕਾਰ ਚਲ ਰਹੀ ਹੈ ।

*10-52 ਵਜੇ ਪੂਰਵ ਦੁਪਹਿਰ

(*ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)।

ਡਿਪਟੀ ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੀ ਪੁਜੀਸ਼ਨ ਤੇ ਜੇ ਆਪਾਂ ਜਾਈਏ ਤਾਂ ਬੜੀ ਲੰਬੀ ਕਹਾਣੀ ਹੋ ਜਾਵੇਗੀ । ਆਪੋਜ਼ੀਸ਼ਨ ਵਾਲੇ ਸਾਡੇ ਸਾਥੀ ਇਸ ਸਰਕਾਰ ਦੀ ਕੇਵਲ ਵਿਰੋਧਤਾ ਦੇ ਤੌਰ ਤੇ ਗੱਲ ਕਰਦੇ ਹਨ ਪਰ ਮੈਂ ਬੜੀ ਜਿੰਮੇਵਾਰੀ ਨਾਲ ਕਹਿੰਦਾ ਹਾਂ ਕਿ ਪੰਜਾਬ ਦੇ ਹਾਲਾਤ ਨੂੰ ਖਰਾਬ ਕਰਨ ਵਿਚ, ਮੇਰੇ ਆਪੋਜ਼ੀਸ਼ਨ ਦੇ ਸਾਥੀ ਹਨ ਇਥੇ ਬੈਠੇ ਨਹੀਂ, (ਅਕਾਲੀ ਮੈਂਬਰਾਂ ਵੱਲ ਇਸ਼ਾਰਾ) ਅਕਾਲੀ ਪਾਰਟੀ ਦਾਹੜ ਜ਼ਿੰਮੇਵਾਰ ਹੈ । 1978 ਵਿੱਚ ਅੰਮ੍ਰਿਤਸਰ ਵਿਚ ਕਤਲ ਹੋਏ ਸਨ ਤਾਂ ਉਸ ਵੇਲੇ ਬਾਦਲ ਸਾਹਿਬ ਮੁੱਖ ਮੰਤਰੀ ਸਨ । ਆਮ ਲੋਕਾਂ ਨੇ ਜੁਡੀਸ਼ਲ ਜਾਂਚ ਦੀ ਮੰਗ ਕੀਤੀ ਸੀ ਲੇਕਿਨ ਬਾਦਲ ਸਾਹਿਬ ਨੇ ਇਨਕਾਰ ਕਰ ਦਿੱਤਾ । ਉਹ ਸ਼ੁਰੂਆਤ ਸੀ ਪੰਜਾਬ ਦੇ ਹਾਲਾਤ ਖਰਾਬ ਕਰਨ ਵਾਸਤੇ । ਇਸ ਤੋਂ ਪਹਿਲਾਂ ਜੋ ਕਦਮ ਉਨ੍ਹਾਂ ਨੇ ਚੁਕਿਆ ਉਹ ਪੰਜਾਬੀ ਸੂਬੇ ਦੀ ਮੰਗ ਕੀਤੀ ਗਈ ਸੀ । ਵਾਸਤਵ ਵਿਚ ਅਕਾਲੀ ਲੀਡਰਾਂ ਦੀ ਸੋਚ ਇਹ ਸੀ ਕਿ ਪੰਜਾਬ ਵਿਚ ਕੁਝ ਇਹੋ ਜਿਹੀ ਕਮਿਊਨਿਟੀ ਦੇ ਲੋਕ ਹੀ ਰਹਿਣ ਜਿਹੜੇ ਕਿ ਸਿਰਫ ਅਕਾਲੀਆਂ ਨੂੰ ਹੀ ਵੋਟ ਪਾਉਣ । ਉਨ੍ਹਾਂ ਦਾ ਮਤਲਬ ਸੀ ਕਿ ਪੰਜਾਬ ਵਿਚੋਂ ਹਿੱਸਾ ਕਟਿਆ ਜਾਣਾ ਚਾਹੀਦਾ ਹੈ ਜਿਹੜੇ ਕਿ ਅਕਾਲੀਆਂ ਨੂੰ ਨਹੀਂ ਮੰਨਦੇ ਇਹ ਮਨੋਰਥ ਸੀ ਉਨ੍ਹਾਂ ਦਾ ਜਿਸ ਨੂੰ ਮੱਦੇਨਜ਼ਰ ਰੱਖਦੇ ਹੋਏ ਅਕਾਲੀ ਵੀਰਾਂ ਨੇ ਪੰਜਾਬ ਲਈ ਬੜੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਖੜੀਆਂ ਕਰ ਦਿੱਤੀਆਂ । ਇਹ ਉਨ੍ਹਾਂ ਦਾ ਆਪਣਾ ਯੋਗਦਾਨ ਹੈ । ਲਾਅ ਐਂਡ ਆਰਡਰ ਦੀ ਸਮੱਸਿਆ ਨੂੰ ਤਾਂ ਸਰਦਾਰ

Original with;
Punjab Vidhan Sabha
Digitized by;
Punjab Digital Library

ਬੇਅੰਤ ਸਿੰਘ ਜੀ ਨੇ ਹੱਲ ਕਰ ਦਿੱਤਾ ਹੈ । ਇਹ ਸਾਰੀਆਂ ਗੱਲਾਂ ਅਕਾਲੀਆਂ ਦੀਆਂ ਹੀ ਕਹੀਉਟ ਕੀਤੀਆਂ ਹੋਈਆਂ ਹਨ ਕਿਉਂਕਿ ਅਕਾਲੀ ਵੀਰਾਂ ਨੇ ਪੰਜਾਬੀ ਸੂਬੇ ਦੀ ਮੰਗ ਤੋਂ ਬਾਅਦ ਅੱਜ ਪਾਣੀਆਂ ਦੀ ਵੰਡ ਦੀ ਗੱਲ ਕੀਤੀ ਹੈ । ਅੱਜ ਕਹਿੰਦੇ ਹਨ ਕਿ ਪੰਜਾਬੀ ਬੋਲੀ ਨਾਲ ਧੱਕਾ ਹੋ ਰਿਹਾ ਹੈ । ਪੰਜਾਬੀ ਬੋਲੀ ਪਹਿਲਾਂ ਦਿੱਲੀ ਤੋਂ ਲਾਹੌਲ ਸਪਿਤੀ ਤੱਕ ਬੋਲੀ ਜਾਂਦੀ ਸੀ, ਪ੍ਰੰਤੂ ਹੁਣ ਉਹ ਸੁੰਗੜ ਕੇ ਪੰਜਾਬ ਤੱਕ ਹੀ ਸੀਮਤ ਰਹਿ ਗਈ ਹੈ । ਅੱਜ ਅਕਾਲੀ ਭਰਾ ਮੰਗ ਕਰਦੇ ਹਨ ਕਿ ਹਰਿਆਣਾ ਵਿਚ ਤੇ ਹਿਮਾਚਲ ਵਿੱਚ ਪੰਜਾਬੀ ਨੂੰ ਦੂਜਾ ਦਰਜਾ ਦਿਵਾਓ । ਡਿਪਟੀ ਸਪੀਕਰ ਸਾਹਿਬ, ਮੈਂ ਉਨ੍ਹਾਂ ਨੂੰ ਪੁੱਛਦਾ ਹਾਂ ਕਿ ਉਨ੍ਹਾਂ ਦੇ ਯੋਗਦਾਨ ਕਾਰਨ ਹੀ ਇਹ ਦੂਜੀ ਭਾਸ਼ਾ ਬਣੀ ਨਹੀਂ ਤਾਂ ਉਨ੍ਹਾਂ ਇਲਾਕਿਆਂ ਵਿੱਚ ਪਹਿਲੀ ਭਾਸ਼ਾ ਸੀ । ਇਸ ਕਰਕੇ ਸਾਰੀ ਲਾਅ ਐਂਡ ਆਰਡਰ ਦੀ ਸਮੱਸਿਆ ਪੰਜਾਬ ਦੀ ਬਣੀ ਹੋਈ ਹੈ ਜਿਹੜੀ ਕਿ ਵਾਹਦ ਅਕਾਲੀਆਂ ਦੀ ਦੇਣ ਹੈ । ਅੱਜ ਪੰਜਾਬ ਦੇ ਹਾਲਾਤ ਨਾਰਮਲ ਹਨ, ਪੰਜਾਬ ਦੀ ਕੋਈ ਸਮੱਸਿਆ ਨਹੀਂ ਹੈ । ਜਿਹੜੇ ਪੰਜਾਬ ਦੇ ਸਾਡੇ ਹੱਕ ਹਨ ਜੋ ਅਸੀਂ ਮੰਗਦੇ ਹਾਂ ਕਾਂਗਰਸ ਪਾਰਟੀ ਮੰਗਦੀ ਹੈ ਉਸ ਲਈ ਸਾਡੀ ਸਰਕਾਰ ਇਸ ਵੇਲੇ ਅੱਗੇ ਵੱਧ ਰਹੀ ਹੈ । ਜੋ ਕਦਮ ਉਠਾਉਣੇ ਚਾਹੀਦੇ ਹਨ, ਉਹ ਉਠਾ ਰਹੀ ਹੈ । ਡਿਪਟੀ ਸਪੀਕਰ ਸਾਹਿਬ, ਇਸ ਪੰਜਾਬ ਦੇ ਹਾਲਾਤ ਨੂੰ ਮੁੜ ਕੇ ਨਕਸ਼ੇ ਕਦਮ ਤੇ ਲਿਆਉਣ ਵਾਸਤੇ ਸਰਦਾਰ ਬੇਅੰਤ ਸਿੰਘ ਜੀ ਨੇ ਬਹੁਤ ਉਪਰਾਲੇ ਕੀਤੇ ਹਨ । 1992 ਦੀ ਮੈਂ ਇਕ ਛੋਟੀ ਜਿਹੀ ਡਿਗਰ ਦੇਣੀ ਚਾਹੁੰਦਾ ਹਾਂ ਜਿਹੜੀ ਬਜਟ ਵਿਚ ਵੀ ਆਈ ਹੈ ਅੰਦਰ ਗਵਰਨਰ ਐਡਰੈਸ ਵਿਚ ਵੀ ਆਈ ਸੀ । ਉਹ ਇਹ ਹੈ ਕਿ 1992 ਵਿਚ ਦਹਿਸਤਗਰਦੀ ਦੀਆਂ ਵਾਰਦਾਤਾਂ ਇਕ ਸਾਲ ਵਿਚ 3827 ਹੋਈਆਂ ਜਦ ਕਿ 1994 ਵਿਚ ਸਿਰਫ 308 ਛੋਟੀਆਂ ਮੋਟੀਆਂ ਵਾਰਦਾਤਾਂ ਹੋਈਆਂ । ਇਸ ਕਰਕੇ ਦੂਜ-ਹੀਆਂ ਪੂਲੀਟੀਕਲ ਪਾਰਟੀਆਂ ਨੂੰ ਇਹ ਗੱਲ ਨਹੀਂ ਕਹਨੀ ਚਾਹੀਦੀ । ਉਨ੍ਹਾਂ ਦੀ ਅਪਰੋਚ ਨੈਗੇਟਿਵ ਹੈ । ਉਹ ਨੈਗੇਟਿਵ ਨੂੰ ਪਾਜ਼ੇਟਿਵ ਨਹੀਂ ਬਣਾ ਸਕਦੇ । ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਇਹ ਸਾਰੇ ਫੈਕਟਸ ਅੰਦਰ ਫਿਗਰਾਂ ਨਜ਼ਰ ਅੰਦਾਜ਼ ਨਹੀਂ ਕਹਨੀਆਂ ਚਾਹੀਦੀਆਂ ਕਿਉਂਕਿ ਇਹ ਸਰਕਾਰ ਦੀਆਂ ਉਪਲਬਧੀਆਂ ਹਨ । ਹਾਂ ਕਰਿਟੀਸੀਜ਼ਮ ਜ਼ਰੂਰ ਕਰਨਾ ਚਾਹੀਦਾ ਕਿਉਂਕਿ ਇਨ੍ਹਾਂ ਦਾ ਡੇਮੋਕਰੇਟਿਕ ਹਾਈਟ ਹੈ ਲੇਕਿਨ ਉਸ ਦੀ ਕੋਈ ਕਸੌਟੀ ਹੁੰਦੀ ਹੈ ? ਉਸ ਦੇ ਕਰਨ ਦਾ ਢੰਗ ਹੁੰਦਾ ਹੈ ? ਉਸ ਮੁਤਾਬਿਕ ਸੁਣਨ ਵਾਲਾ ਹਰ ਵਿਅਕਤੀ ਇਹ ਮਹਿਸੂਸ ਕਰੇ ਕਿ ਉਹ ਜੋ ਗੱਲ ਕਰ ਰਿਹਾ ਹੈ, ਉਹ ਕੰਸ-ਟਰਕਟਿਵ ਗੱਲ ਕਰ ਰਿਹਾ ਹੈ ਅਤੇ ਜੋ ਗੱਲ ਕਰ ਰਿਹਾ ਹੈ, ਉਸ ਦੀ ਵਾਸਤਵ ਵਿਚ ਲੋੜ ਹੈ । ਜੋ ਗੱਲ ਕਰਨ ਵਾਲਾ ਹੈ, ਉਸ ਦੀ ਜ਼ਰੂਰਤ ਹੈ, ਉਸ ਦੀ ਗੱਲ ਵਿਚ ਕੰਸਟਰਕਟਿਵ ਸੁਝਾਓ ਹੋਣਗੇ । ਸੀ. ਐਮ. ਸਾਹਿਬ ਨੇ ਕਈ ਵਾਰ ਕਿਹਾ ਹੈ ਕਿ ਅਸੀਂ ਆਪੋਜ਼ੀਸ਼ਨ ਸਾਥੀਆਂ ਦੀ ਹਰ ਗੱਲ ਮੰਨਣ ਨੂੰ ਤਿਆਰ ਹਾਂ ਬਸ਼ਰਤੇ ਕਿ ਉਹ ਸਰਕਾਰ ਦੀਆਂ ਉਪਲਬਧੀਆਂ ਅਤੇ ਚੰਗੇ ਕੰਮਾਂ ਦੀ ਵੀ ਗੱਲ ਕਰਨ । ਡਿਪਟੀ ਸਪੀਕਰ ਸਾਹਿਬ, ਲਾਅ ਐਂਡ ਆਰਡਰ ਬਾਰੇ ਮੈਂ ਕਾਫੀ ਕਹਿ ਚੁੱਕਾ ਹਾਂ ਕਿ ਲਾਅ ਐਂਡ ਆਰਡਰ ਨੂੰ ਇਸ ਸਰਕਾਰ ਨੇ ਕੰਟਰੋਲ ਕੀਤਾ ਹੈ ਅੰਦਰ ਇਸ ਕਰਿਸ਼ਮੇ ਨੂੰ ਹਰ ਕੋਈ ਜਾਣਦਾ ਹੈ । ਇਸ ਦੇ ਨਾਲ ਹੀ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਗ ਕਰਦਾ ਹਾਂ ਆਪਣੇ ਸਾਥੀ ਮੈਂਬਰ ਸਾਹਿਬਾਨਾਂ ਤੋਂ ਅੰਤ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਦੇ ਜਿਹੜੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸ਼ਮਸ਼ੇਰ ਸਿੰਘ ਗਏ]

ਹਾਲਾਤ ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ ਜੀ ਨੇ ਸਾਜ਼ਗਾਰ ਕੀਤੇ ਹਨ, ਉਹ ਹਾਲਾਤ ਬਰਕਰਾਰ ਰਹਿਣ ਅੌਰ ਇਨ੍ਹਾਂ ਵਿਚ ਵੱਧ ਤੋਂ ਵੱਧ ਸੁਧਾਰ ਆਵੇ। ਡਿਪਟੀ ਸਪੀਕਰ ਸਾਹਿਬ, ਇਹ ਚੌਥਾ ਬਜਟ ਹੈ। 1992 ਵਿਚ ਪਹਿਲਾ ਬਜਟ ਸੀ ਜਿਹੜਾ 8.12 ਕਰੋੜ ਰੁਪਏ ਘਾਟੇ ਵਾਲਾ ਬਜਟ ਸੀ। ਉਸ ਤੋਂ ਬਾਅਦ 1993-94 ਲੰਘਿਆ, ਫਿਰ 1994-95 ਲੰਘਿਆ ਅੌਰ ਹੁਣ, ਡਿਪਟੀ ਸਪੀਕਰ ਸਾਹਿਬ 1675 ਕਰੋੜ ਰੁਪਿਆ ਰਖਿਆ ਗਿਆ ਹੈ ਜਿਹੜਾ ਪੰਜਾਬ ਸਰਕਾਰ ਨੇ ਲੋਕਾਂ ਦੀ ਡਿਵੈਲਪਮੈਂਟ ਵਾਸਤੇ ਖਰਚ ਕਰਨਾ ਹੈ। ਡਿਪਟੀ ਸਪੀਕਰ ਸਾਹਿਬ, ਕੀ ਮੈਂ ਆਪ ਦੇ ਜ਼ਰੀਏ ਇਨ੍ਹਾਂ ਆਪੋਜ਼ੀਸ਼ਨ ਭਰਾਵਾਂ ਕੋਲੋਂ ਪੁੱਛ ਸਕਦਾ ਹਾਂ ਕਿ ਇਹ ਜੋ ਸਰਕਾਰ ਦੀਆਂ ਉਪਲਬਧੀਆਂ ਨਹੀਂ ਹਨ ਤਾਂ ਹੋਰ ਕੀ ਹਨ ? ਮੇਰੇ ਸਾਥੀਆਂ ਨੂੰ ਬਜਟ ਤੇ ਗੱਲ ਕਰਨੀ ਚਾਹੀਦੀ ਹੈ ਲੇਕਿਨ ਇਹ ਬਜ਼ਟ ਦੇ ਨਾਂ ਤੇ ਪੁਲੀਟੀਕਲ ਗੱਲਾਂ ਕਰਦੇ ਹਨ ਅਤੇ ਬਜ਼ਟ ਨੂੰ ਘੱਟ ਟੱਚ ਦਿੰਦੇ ਹਨ। ਡਿਪਟ ਸਪੀਕਰ ਸਾਹਿਬ, ਸਰਕਾਰ ਨੇ ਬਜਟ ਵਿੱਚ ਖਰਚੇ ਬਾਰੇ ਧਿਆਨ ਨਾਲ ਵੇਖਿਆ ਹੈ। ਇਹ ਬੜੀ ਵੱਡੀ ਗੱਲ ਹੈ। ਬਜਟ ਬਣਾਉਣ ਵੇਲੇ ਡਾਕਟਰ ਸਾਹਿਬ ਨੇ ਬਹੁਤ ਸਾਰੇ ਖਰਚਿਆਂ ਨੂੰ ਘਟਾਇਆ ਹੈ ਕਿਫਾਇਤ ਕੀਤੀ ਹੈ ਅੌਰ ਕਿਵੇਂ ਆਪਣੇ ਖਰਚ ਨੂੰ ਬੰਨ ਕੇ, ਫਜ਼ੂਲ ਖਰਚੀ ਜਿਹੜੀ ਇਸ ਸਰਕਾਰ ਤੋਂ ਪਹਿਲਾਂ ਹੋ ਰਹੀ ਸੀ, ਬੰਦ ਕੀਤੀ ਹੈ। ਅੱਜ ਸਾਡੀ ਸਰਕਾਰ ਇਥੋਂ ਤੱਕ ਪਹੁੰਚੀ ਹੈ। ਡਿਪਟੀ ਸਪੀਕਰ ਸਾਹਿਬ, ਇਕ ਉਦਾਹਰਣ ਮੈਂ ਦੇਣੀ ਚਾਹੁੰਦਾ ਹਾਂ। ਜਦੋਂ ਸਾਡੀ ਸਰਕਾਰ ਆਈ ਸੀ ਤਾਂ ਉਦੋਂ ਅੰਮ. ਐਲ. ਏ. ਸਾਹਿਬਾਨ ਤੇ ਬਹੁਤ ਵੱਡਾ ਖਰਚਾ ਕੀਤਾ ਜਾਂਦਾ ਸੀ। ਤਕਰੀਬਨ ਪੂਰਾ ਥਾਣਾ ਸਾਡੇ ਆਲੇ ਦੁਆਲੇ ਘੁੰਮਦਾ ਹੁੰਦਾ ਸੀ ਲੇਕਿਨ ਅੱਜ ਪੰਜਾਬ ਦੇ ਹਾਲਾਤ ਬੜੇ ਵਧੀਆ ਹਨ। ਸਾਡੇ ਕਈ ਮੈਂਬਰ ਸਾਹਿਬਾਨ ਇਕੱਲੇ ਸਕੂਟਰਾਂ ਤੇ ਘੁੰਮਦੇ ਹਨ। ਇਸ ਗੱਲ ਦੀ ਬੜੀ ਸ਼ਲਾਘਾ ਹੈ ਕਿ ਪੰਜਾਬ ਸਰਕਾਰ ਨੇ ਲਾਅ ਐਂਡ ਆਰਡਰ ਤੇ ਕੰਟਰੋਲ ਕੀਤਾ ਹੈ ਅੌਰ ਉਸ ਦੇ ਵਿਚ ਸਿਕਿਉਰਟੀ ਦਾ ਪੱਖ ਬਹੁਤ ਘੱਟ ਕੀਤਾ ਗਿਆ ਹੈ। ਸਿਰਫ ਲੋੜ ਦੇ ਮੁਤਾਬਿਕ ਸਿਕਿਉਰਟੀ ਰੱਖੀ ਗਈ ਹੈ। ਇਹ ਵੀ ਸਰਕਾਰ ਨੇ ਹਾਲਾਤ ਦੇ ਮੁਤਾਬਿਕ ਬਹੁਤ ਵੱਡਾ ਕਦਮ ਉਠਾਇਆ ਹੈ ਜਿਹੜਾ ਕਿ ਸ਼ਲਾਘਾਯੋਗ ਹੈ। ਇਹ ਤਾਂ ਸਿਰਫ ਇਕ ਮਿਸਾਲ ਹੈ, ਸਰਕਾਰ ਹਰ ਪਾਸਿਓਂ ਪੈਸਾ ਇਕੱਠਾ ਕਰਦੀ ਹੈ, ਬੱਚਤ ਕਰਦੀ ਹੈ ਤਾਂ ਕਿ ਇਸ ਗੌਰਮਿੰਟ ਦੀ ਜੋ ਅੱਠਵੀਂ ਪਲੈਨ ਚੱਲ ਰਹੀ ਹੈ, ਉਸ ਨੂੰ ਸਿਰੇ ਚਾੜ੍ਹਨ ਵਿਚ ਕੋਸ਼ਿਸ਼ ਕਰ ਸਕੀਏ।

ਸੋ, ਡਿਪਟੀ ਸਪੀਕਰ ਸਾਹਿਬ, ਛੋਟੀਆ ਬੱਚਤਾਂ ਇਸ ਸਰਕਾਰ ਨੇ ਜੀਤੀਆਂ ਹਨ। 1992-93 ਵਿੱਚ 336 ਕਰੋੜ ਰੁਪਏ ਦੀਆਂ ਛੋਟੀਆਂ ਬਚਤਾਂ ਨੂੰ ਇਸ ਸਰਕਾਰ ਨੇ ਲਿਆ ਅੌਰ ਹੁਣ ਤਕਰੀਬਨ-ਤਕਰੀਬਨ 82 ਇਨਕਮ ਸਮਾਲ ਸੇਵਿੰਗਜ਼ ਤੋਂ ਇਸ ਸਰਕਾਰ ਨੇ ਲਈ ਹੈ। ਡਿਪਟੀ ਸਪੀਕਰ ਸਾਹਿਬ, ਇਹ ਸਾਰੀਆਂ ਇਸ ਸਰਕਾਰ ਦੀਆਂ ਉਪਲਬਧੀਆਂ ਹਨ।

ਇਸ ਦੇ ਨਾਲ ਨਾਲ ਜਿਹੜੀ ਵਰਣਨਯੋਗ ਗੱਲ ਹੈ, ਡਿਪਟੀ ਸਪੀਕਰ ਸਾਹਿਬ, ਉਹ ਇਹ ਹੈ ਕਿ ਇਸ ਦੇ ਵਿਚ ਜਿਹੜੇ ਅਨ-ਇੰਪਲਾਇਡ ਯੂਥ ਹਨ ਉਹ ਤਕਰੀਬਨ 15 ਸੌ ਰੁਪਏ ਮਹੀਨੇ ਦੇ ਸਮਾਲ ਸੇਵਿੰਗ ਦੇ ਏਜੰਟ ਬਣ ਕੇ ਆਮਦਨ

Original with;
Punjab Vidhan Sabha
Digitized by;
Panjab Digital Library

ਬਣਾਉਂਦੇ ਹਨ । ਪੰਜਾਬ ਦੀਆਂ 10 ਹਜ਼ਾਰ ਲੇਡੀਜ਼ ਨੂੰ ਇਸ ਪਾਸਿਉਂ ਰੋਜ਼ਗਾਰ ਮਿਲਿਆ ਹੈ । ਸੋ ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਮੁਤਾਬਿਕ ਸਾਡੀ ਸਰਕਾਰ ਦੀਆਂ ਜਿਹੜੀਆਂ ਸਮਾਲ ਸੇਵਿੰਗਜ਼ ਦੀਆਂ ਸਕੀਮਾਂ ਹਨ ਇਸ ਨਾਲ ਸਾਡੇ ਲੋਕਾਂ ਦੀ ਡਿਵੈਲਪਮੈਂਟ ਹੋਏਗੀ । ਸਾਡੀ ਸਰਕਾਰ ਨਾ ਕਿ ਇੱਕ ਪਾਸੇ ਬਲਕਿ ਹਰ ਪਾਸੇ ਲਗੀ ਹੋਈ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਹਰ ਪਾਸਿਉਂ ਅੱਗੇ ਵਧ ਰਹੀ ਹੈ ਅੱਰ ਤਰੱਕੀ ਕਰ ਰਹੀ ਹੈ ।

ਡਿਪਟੀ ਸਪੀਕਰ ਸਾਹਿਬ, ਇਸ ਦੇ ਵਿੱਚ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ 1992 ਵਿਚ ਤਕਰੀਬਨ 1504 ਸਾਡੇ ਲੋਕ ਮਾਰੇ ਗਏ ਸੀ, ਇਨ੍ਹਾਂ ਵਾਸਤੇ ਐਕਸਗ੍ਰੇਸ਼ੀਆ ਗ੍ਰਾਂਟ 750 ਰੁਪਏ ਦਿੱਤੀ ਜਾਂਦੀ ਸੀ । ਇਸ ਸਰਕਾਰ ਨੇ ਸ਼ਲਾਘਾਯੋਗ ਕਦਮ ਉਠਾਇਆ ਹੈ ਕਿ ਇਹ ਰਕਮ ਇੱਕ ਲੱਖ ਕਰ ਦਿੱਤੀ ਹੈ । ਸਰਦਾਰ ਬੇਅੰਤ ਸਿੰਘ ਨੇ ਕੀਤੀ ਹੈ ਕਿ 1984 ਤੋਂ ਹੁਣ ਤੱਕ ਤਕਰੀਬਨ 10362 ਸਾਡੀਆਂ ਲੇਡੀਜ਼ ਹਨ, ਉਨ੍ਹਾਂ ਵਿਚੋਂ 5,627 ਵਿਧਵਾ ਹਨ, ਜਿਨ੍ਹਾਂ ਨੂੰ ਐਕਸਗ੍ਰੇਸ਼ੀਆ ਗ੍ਰਾਂਟ ਸਰਕਾਰ ਨੇ ਵਧਾਈ ਹੈ । ਇਸ ਬਜਟ ਵਿੱਚ ਇਹ ਅੰਕਿਤ ਹੈ ਕਿ ਇਹ ਦਿਆਂਗੇ । ਇਹ ਇਸ ਸਰਕਾਰ ਦੀ ਬੜੀ ਭਾਰੀ ਉਪਲਬਧੀ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਗੱਲ ਕਰਦਾ ਹਾਂ ਕਿ ਸਰਕਾਰ ਦੇ ਵਸੀਲੇ ਜਿਹੜੇ ਸਮਾਲ ਸੇਵਿੰਗ ਤੋਂ ਆਉਂਦੇ ਹਨ, ਉਹ ਸਰਕਾਰ ਸੈਂਟਰ ਤੋਂ ਲੋਨ ਜਿਹੜਾ ਲੈਂਦੀ ਹੈ, ਜਿਵੇਂ ਕਿ ਹੁਣ, ਡਿਪਟੀ ਸਪੀਕਰ ਸਾਹਿਬ, ਕਅੰਸਚਨ ਆਵਰ ਵਿਚ ਦੱਸਿਆ ਗਿਆ ਸੀ ਸਾਡੀ ਸਰਕਾਰ ਨੇ ਸੈਂਟਰ ਤੋਂ ਕਿੰਨਾ ਸਪੈਸ਼ਲ ਟਰਮ ਲੋਨ ਲਿਆ ਹੈ ।

*11.02
ਪੂਰਵ ਦੁਪਹਿਰ

(ਇਸ *ਸਮੇਂ ਮਾਨਯੋਗ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਸ਼੍ਰੀ ਸਪੀਕਰ : ਨੈਕਸਟ ਸਪੀਕਰ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਹੋਣਗੇ ।

ਸਰਦਾਰ ਸ਼ਮਸ਼ੇਰ ਸਿੰਘ ਰਾਏ : ਇਸ ਦੇ ਵਿੱਚ 5858 ਕਰੋੜ ਰੁਪਏ ਦੇ ਕਰੀਬ ਲੋਨ ਲਿਆ ਹੈ । ਉਸ ਦੇ ਮੁਤਾਬਿਕ 801 ਕਰੋੜ 1993-94 ਵਿੱਚ ਅਤੇ 1994-95 ਵਿਚ 977 ਕਰੋੜ ਸਰਕਾਰ ਨੇ ਦੇਣਾ ਮੰਨਿਆ ਹੈ, ਜਿਹੜਾ ਕਿ ਵਿਆਜ ਦੇ ਰੂਪ ਵਿੱਚ ਅਤੇ ਕਰਜ਼ੇ ਦੇ ਰੂਪ ਵਿੱਚ ਲਿਆ ਗਿਆ ਹੈ । 2693 ਕਰੋੜ ਰੁਪਿਆ ਸਾਡੀ ਸਰਕਾਰ ਸੈਂਟਰ ਨੂੰ ਰਿਟਰਨ ਕਰ ਚੁੱਕੀ ਹੈ ਜਿਹੜਾ ਪੈਸਾ ਲੋਨ ਦੀ ਸ਼ਕਲ ਵਿੱਚ ਸਪੈਸ਼ਲ ਟਰਮ ਲੋਨ ਦੇ ਮੁਤਾਬਿਕ ਲਿਆ ਗਿਆ ਸੀ ।

ਸਪੀਕਰ ਸਾਹਿਬ, ਪਬਲਿਕ ਸੈਕਟਰ ਦੀ ਗੱਲ ਕਰਦੇ ਹਾਂ । ਇਸ ਸਰਕਾਰ ਨੇ ਬੜੀਆਂ ਮੁਸੀਬਤਾਂ ਦੇ ਨਾਲ ਇਸ ਸੈਕਟਰ ਨੂੰ ਸੰਭਾਲਿਆ ਜਿਹੜ ਕਿ ਬੇਅੰਤ ਸਿੰਘ

Original with;
Punjab Vidhan Sabha
Digitized by;
Panjab Digital Library

[ਸਰਦਾਰ ਸ਼ਮਸ਼ੇਰ ਸਿੰਘ ਗਾਏ]

ਦੀ ਸਰਕਾਰ ਤੋਂ ਪਹਿਲਾਂ ਬਹੁਤ ਵੱਡੇ ਘਾਟੇ ਵਿੱਚ ਜਾ ਰਿਹਾ ਸੀ । ਇਹੋ ਜਿਹੇ ਹਾਲਾਤ ਬਣ ਗਏ ਸਨ ਕਿ ਇਸ ਸਰਕਾਰ ਨੇ ਸੋਚਿਆ ਸੀ ਕਿ ਬੱਚਤ ਕੀਤੀ ਜਾਵੇ । ਸਾਡੇ ਆਪੋਜੀਸ਼ਨ ਦੇ ਵੀਰਾਂ ਨੇ ਬੜਾ ਰੌਲਾ ਪਾਇਆ ਸੀ । ਇਹ ਇੱਕ ਪਾਸੇ ਖਰਚ ਦੀ ਗੱਲ ਕਰਦੇ ਹਨ ਦੂਜੇ ਪਾਸੇ ਕਹਿੰਦੇ ਹਨ ਕਿ ਸਾਡੀ ਮੰਗ ਹੈ ਕਿ ਹਰ ਪ੍ਰਾਇਮਰੀ ਸਕੂਲ ਵਿਚ ਪੰਜ ਬੱਚਿਆਂ ਪਿੱਛੇ ਇੱਕ ਟੀਚਰ ਹੋਣਾ ਚਾਹੀਦਾ ਹੈ ।

ਸੋ, ਸਪੀਕਰ ਸਾਹਿਬ, ਇਸ ਬਜਟ ਦੇ ਅੰਦਰ ਬਹੁਤ ਅੱਛੀਆਂ ਸਕੀਮਾਂ ਆਈਆਂ ਹਨ ਪਰ ਫਿਰ ਵੀ ਸਾਡੇ ਕੁਝ ਸਾਥੀਆਂ ਨੇ ਇਸ ਤੇ ਨੁਕਤਾਚੀਨੀ ਕੀਤੀ ਹੈ ਜਿਹੜੀ ਕਿ ਠੀਕ ਨਹੀਂ ਹੈ । ਸਾਡੇ ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਜੇ ਇਹ ਕਨਸਟ੍ਰਕਟਿਵ ਸੁਝਾਵ ਦੇਣਗੇ ਤਾਂ ਉਹ ਉਨ੍ਹਾਂ ਨੂੰ ਜ਼ਰੂਰ ਸਵੀਕਾਰ ਕਰਨਗੇ. ਇਹ ਉਨ੍ਹਾਂ ਨੇ ਬੜੀ ਅੱਛੀ ਗੱਲ ਕੀਤੀ ਸੀ । ਇਸ ਲਈ ਜੇ ਇਸ ਡਿਸਕਸ਼ਨ ਤੇ ਚੰਗੇ ਸੁਝਾਵ ਆਉਣ ਤਾਂ ਪੰਜਾਬ ਦੇ ਲੋਕਾਂ ਦਾ ਵੀ ਫਾਇਦਾ ਹੋ ਸਕਦਾ ਹੈ ।

ਇਕ ਗੱਲ ਮੈਂ ਹੋਰ ਪਬਲਿਕ ਸੈਕਟਰ ਦੇ ਬਾਰੇ ਕਹਨੀ ਚਾਹੁੰਦਾ ਹਾਂ । ਇਹ ਠੀਕ ਹੈ ਕਿ ਕਈ ਪਬਲਿਕ ਸੈਕਟਰ ਬਹੁਤ ਘਾਟੇ ਵਿਚ ਜਾ ਰਹੇ ਸਨ ਪਰ ਇਸ ਵਿਚ ਜਿਹੜਾ ਬਿਜਲੀ ਬੋਰਡ ਦਾ ਘਾਟਾ ਹੈ ਉਹ ਇਸ ਕਰਕੇ ਹੈ ਕਿਉਂਕਿ ਸਰਕਾਰ ਕਿਸਾਨਾਂ ਨੂੰ ਬਹੁਤ ਰਿਆਇਤ ਦੇ ਰਹੀ ਹੈ । ਬਿਜਲੀ ਬੋਰਡ ਵਲੋਂ ਇਕ ਯੂਨਿਟ ਬਿਜਲੀ ਤਿਆਰ ਕਰਨ ਤੇ 164.80 ਪੈਸੇ ਖਰਚ ਆਉਂਦਾ ਹੈ ਪਰ ਸਾਡੀ ਸਰਕਾਰ ਐਗਰੀਕਲਚਰ ਨੂੰ ਸਸਤੇ ਰੇਟ ਤੇ ਬਿਜਲੀ ਦੇ ਕੇ ਐਗਰੀਕਲਚਰ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ । ਇਹ ਬਹੁਤ ਅੱਛੀ ਗੱਲ ਹੈ ਅੌਰ ਜਿਹੜੀਆਂ ਉਪਲਬਧੀਆਂ ਕੀਤੀਆਂ ਹਨ ਉਨ੍ਹਾਂ ਵਿਚੋਂ ਇਕ ਹੈ । ਜਿਹੜੀ ਬਿਜਲੀ ਪਰ ਯੂਨਿਟ 164.80 ਪੈਸੇ ਦੇ ਹਿਸਾਬ ਨਾਲ ਤਿਆਰ ਹੁੰਦੀ ਹੈ ਉਹ ਕਿਸਾਨਾਂ ਨੂੰ 31.10 ਪੈਸੇ ਪਰ ਯੂਨਿਟ ਦੇ ਹਿਸਾਬ ਨਾਲ ਦੇ ਰਹੀ ਹੈ ਤਾਂ ਕਿ ਪੰਜਾਬ ਦੀ ਐਗਰੀਕਲਚਰ ਤਰੱਕੀ ਕਰੇ ਅੌਰ ਡਿਵੈਲਪਮੈਂਟ ਦੇ ਜਰੀਏ ਪੰਜਾਬ ਨੂੰ, ਮੁਲਕ ਨੂੰ ਅਗਵਾਈ ਦਿੱਤੀ ਜਾ ਸਕੇ । ਪਰ ਜਿਹੜੇ ਸਾਡੇ ਅਕਾਲੀ ਵੀਰ ਹਨ ਉਹ ਇਨ੍ਹਾਂ ਚੰਗੀਆਂ ਸਕੀਮਾਂ ਨੂੰ ਹਾਈਲਾਈਟ ਨਹੀਂ ਹੋਣ ਦਿੰਦੇ । ਉਹ ਲੋਕਾਂ ਨੂੰ ਇਹ ਨਹੀਂ ਦਸਦੇ ਕਿ ਜਿਹੜੀ ਬਿਜਲੀ ਤੇ ਅੈਨਾ ਖਰਚ ਆਉਂਦਾ ਹੈ, ਉਹ ਸਸਤੇ ਰੇਟ ਤੇ ਕਿਸਾਨਾਂ ਨੂੰ ਮਿਲ ਰਹੀ ਹੈ । ਇਸ ਤੋਂ ਇਲਾਵਾ ਜਿਹੜੇ ਹੋਰ ਪਬਲਿਕ ਸੈਕਟਰਜ ਹਨ ਅੌਰ ਜੋ ਘਾਟੇ ਵਿਚ ਜਾ ਰਹੇ ਹਨ ਤਾਂ ਇਸ ਬਾਰੇ ਸਾਡੇ ਚੀਫ ਮਨਿਸਟਰ ਸਾਹਿਬ ਨੇ ਉਪਰਾਲੇ ਕੀਤੇ ਹਨ ਕਿ ਉਹ ਮੁਨਾਫੇ ਵਿਚ ਜਾਣ । ਪਰ ਫਿਰ ਵੀ ਜੇ ਕੋਈ ਪਬਲਿਕ ਸੈਕਟਰ ਮੁਨਾਫੇ ਵਿਚ ਨਹੀਂ ਜਾਂਦਾ ਤਾਂ ਉਨ੍ਹਾਂ ਨੇ ਕਿਹਾ ਹੈ ਕਿ ਉਹ ਬੰਦ ਕਰ ਦਿੱਤੇ ਜਾਣਗੇ । ਇਹ ਇਸ ਲਈ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਕਿ ਉਹ ਚੱਲਣ ਦੇ ਕਾਬਲ ਹੋ ਸਕਣ । ਇਰੀਗੇਸ਼ਨ ਵਲ ਵੀ ਸਾਡੀ ਸਰਕਾਰ ਨੇ ਬਹੁਤ ਧਿਆਨ ਦਿੱਤਾ ਹੈ ਪਰ ਅਕਾਲੀ ਪਾਰਟੀ ਨੇ ਇਸ ਵਿਚ ਬਹੁਤ ਪਰਾਬਲਮਜ਼ ਖੜੀਆਂ ਕੀਤੀਆਂ ਹਨ । ਜਿਸ ਦਿਨ ਤੋਂ ਉਨ੍ਹਾਂ ਨੇ ਆਪਣੀਆਂ ਕੁਰਸੀਆਂ ਲੈਣ ਵਾਸਤੇ ਪੰਜਾਬੀ ਸੂਬਾ ਬਣਾਇਆ, ਉਸ ਦਿਨ ਤੋਂ ਇਹ ਮੇਨ ਕੰਟਰੋਵਰਸੀ ਖੜੀ ਹੋ ਗਈ । ਪੰਜਾਬ ਦੇ ਹਾਲਾਤ ਖਰਾਬ ਕਰਨ ਵਿਚ ਉਨ੍ਹਾਂ ਨੇ ਕਦਮ ਉਠਾਇਆ । ਫਿਰ ਹਰਿਆਣਾ ਬਣਿਆ । ਸਾਡੇ ਖਿਲਾਫ ਵੀ ਇਸ ਗੱਲ ਤੇ ਕਈ ਜਲਾਂ ਕੀਤੀਆਂ ਗਈਆਂ । ਇਹ ਹਾਲਾਤ ਖਰਾਬ ਕਰਨ ਵਿਚ ਅਕਾਲੀ ਪਾਰਟੀ

Original with;
Punjab Vidhan Sabha
Digitized by:
Panjab Digital Library

ਜ਼ਿੰਮੇਵਾਰ ਹੈ ਪਰ ਸਾਡੀ ਸਰਕਾਰ ਨੇ ਇਸ ਵਲ ਬਹੁਤ ਧਿਆਨ ਦਿੱਤਾ ਹੈ। ਹਾਲਾਂ ਕਿ ਅਕਾਲੀ ਪਾਰਟੀ ਨੇ ਪੰਜਾਬੀ ਸੂਬਾ ਬਣਾ ਕੇ ਪੰਜਾਬ ਵਾਸਤੇ ਬਹੁਤ ਸਾਰੀਆਂ ਪਰਾਬਲਮਜ਼ ਕੰਪੋਟ ਕੀਤੀਆਂ ਹਨ । ਇਹ ਸਾਰੀ ਜ਼ਿੰਮੇਵਾਰੀ ਅਕਾਲੀ ਪਾਰਟੀ ਦੀ ਹੈ ਪਰ ਮੈਂ ਦਸਦਾ ਹਾਂ ਕਿ ਸਾਡੀ ਸਰਕਾਰ ਨੇ ਜਿਥੇ ਪਾਣੀ ਨਹੀਂ ਪਹੁੰਚਦਾ ਉਥੇ ਜ਼ਿਮੀਂਦਾਰਾਂ ਨੂੰ ਪਾਣੀ ਦੇਣ ਲਈ ਪੂਰੀ ਕੋਸ਼ਿਸ਼ ਕਰ ਰਹੀ ਹੈ । ਕੁਲ ਰਕਬਾ ਇਸ ਵੇਲੇ ਜੋ ਇਰੀਗੇਟਿਡ ਹੈ ਉਹ 42.30 ਲੱਖ ਹੈਕਟਰ ਹੈ ਔਰ 1.80 ਲੱਖ ਹੈਕਟਰ ਰਕਬਾ ਐਸਾ ਹੈ ਜਿੱਥੇ ਪਾਣੀ ਬਿਲਕੁੱਲ ਨਹੀਂ ਲਗਦਾ ਜਿੱਥੇ ਪਾਣੀ ਦੀ ਬਹੁਤ ਲੋੜ ਹੈ । ਮੈਂ ਗਵਰਨਰ ਐਡਰੈਂਸ ਤੇ ਇਹ ਗੱਲ ਕਹੀ ਸੀ ਔਰ ਹੁਣ ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਬੱਜਟ ਵਿਚ ਇਸ ਦਾ ਜ਼ਿਕਰ ਕੀਤਾ ਹੈ ਕਿ ਜਿੱਥੇ ਪਾਣੀ ਨਹੀਂ ਪਹੁੰਚਦਾ ਹੈ ਉਥੇ ਲਿਫਟ ਇਰੀਗੇਸ਼ਨ ਰਾਹੀਂ ਕੁਝ ਨਹਿਰਾਂ ਬਣਾਕੇ ਉਥੇ ਉਸ ਜ਼ਮੀਨ ਨੂੰ ਪਾਣੀ ਦਿੱਤਾ ਜਾਵੇਗਾ । ਔਰ ਫੁਹਾਰਿਆਂ ਦੇ ਰਾਹੀਂ ਕਈ ਜ਼ਮੀਨਾਂ ਨੂੰ ਪਾਣੀ ਦਿੱਤਾ ਜਾਵੇਗਾ । ਇਹ ਸਰਕਾਰ ਦਾ ਬੜਾ ਸ਼ਲਾਘਾ ਯੋਗ ਕਦਮ ਹੈ ਇਸ ਨਾਲ ਲੋਕਾਂ ਨੂੰ ਰੋਜ਼ਗਾਰ ਵੀ ਮਿਲੇਗਾ । ਮੈਂ ਸਮਝਦਾ ਹਾਂ ਕਿ ਇਹ ਸਰਕਾਰ ਇਸ ਤਰ੍ਹਾਂ ਦੀਆਂ ਸਕੀਮਾਂ ਬਣਾਕੇ ਪੰਜਾਬ ਨੂੰ ਅੱਗੇ ਲੈ ਜਾਣ ਵਾਸਤੇ ਬਹੁਤ ਵਡਾ ਉਪਰਾਲਾ ਕਰ ਰਹੀ ਹੈ । ਇਹ ਅੱਛੀ ਗੱਲ ਹੈ ।

ਸਰਕਾਰ ਵਲੋਂ ਹੋਰ ਵੀ ਬਹੁਤ ਅੱਛੇ ਉਪਰਾਲੇ ਕੀਤੇ ਜਾ ਰਹੇ ਹਨ । ਕੰਡੀ ਨਹਿਰ ਸਾਡੀ ਸਰਕਾਰ ਤਿਆਰ ਕਰਵਾ ਰਹੀ ਹੈ ਅਤੇ ਇਸ ਦੇ ਨਾਲ ਕੰਡੀ ਏਰੀਆ ਦਾ ਵਿਕਾਸ ਹੋਵੇਗਾ । ਇਸ ਦੇ ਲਈ ਸਰਦਾਰ ਬਲਵੰਤ ਸਿੰਘ ਵਧਾਈ ਦੇ ਪਾਤਰ ਹਨ । ਇਸ ਕੰਡੀ ਨਹਿਰ ਦੇ ਤਿਆਰ ਹੋਣ ਦੇ ਨਾਲ 22,600 ਹੈਕਟੇਅਰ ਰਕਬਾ ਸਿੰਜਾਈ ਦੇ ਥੱਲੇ ਆਵੇਗਾ । ਇਸ ਦੇ ਨਾਲ ਪੰਜਾਬ ਵਿੱਚ ਪ੍ਰੋਡਕਸ਼ਨ ਹੋਰ ਵਧੇਗੀ । ਪੰਜਾਬ ਪਹਿਲੇ ਹੀ ਸੈਂਟਰਲ ਪੂਲ ਦੇ ਵਿੱਚ 58% ਕਣਕ ਅਤੇ ਚਾਵਲ ਦੇ ਰਿਹਾ ਹੈ ਅਤੇ ਹਿੰਦੁਸਤਾਨ ਦੇ ਵਿੱਚੋਂ ਸਭ ਨਾਲੋਂ ਵੱਧ ਹਿੱਸਾ ਪਾ ਰਿਹਾ ਹੈ । ਸਰਕਾਰ ਵੱਲੋਂ ਕਾਫੀ ਵੱਡੇ ਉਪਰਾਲੇ ਇਸ ਵੱਲ ਕੀਤੇ ਜਾ ਰਹੇ ਹਨ । ਪੰਜਾਬ ਦਾ ਵਿਕਾਸ ਹੋ ਰਿਹਾ ਹੈ । ਇਸ ਨਾਲ ਪੰਜਾਬ ਦੇ ਲੋਕ ਤਰੱਕੀ ਕਰਨਗੇ । ਪੰਜਾਬੀ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੇ ਹਿੰਦੁਸਤਾਨ ਦੇ ਅਨਾਜ ਭੰਡਾਰ ਵਿੱਚ ਵੱਧ ਹਿੱਸਾ ਪਾਉਣਾ ਹੈ । ਪੰਜਾਬ ਅੱਜ ਫੇਰ ਆਪਣੀ ਖੁਸ਼ਹਾਲੀ ਅਮਨ ਅਤੇ ਸ਼ਾਂਤੀ ਵੱਲ ਵੱਧ ਰਿਹਾ ਹੈ । ਰੋਡਜ਼ ਬਾਰੇ ਇਥੇ ਜ਼ਿਕਰ ਕੀਤਾ ਗਿਆ ਅਤੇ ਕ੍ਰਿਟੇਸਾਈਜ਼ ਕੀਤਾ ਗਿਆ । ਇਸ ਤਰ੍ਹਾਂ ਮਾਲੂਮ ਹੁੰਦਾ ਸੀ ਕਿ ਸਰਕਾਰ ਨੇ ਕੋਈ ਸੜਕ ਬਣਾਈ ਹੀ ਨਹੀਂ । ਕ੍ਰਿਟੀਸਿਜ਼ਮ ਕੰਸਟਰੈਕਟਿਵ ਹੋਣਾ ਚਾਹੀਦਾ ਹੈ । ਸਰਕਾਰ ਆਪਣੀਆਂ ਕਮਜ਼ੋਰੀਆਂ ਨੂੰ ਮੰਨਣ ਲਈ ਤਿਆਰ ਹੈ । 1995-96 ਵਿੱਚ 76400 ਕਿਲੋਮੀਟਰ ਲਿੰਕ ਸੜਕਾਂ ਦੀ ਮਰਮੰਤ ਕੀਤੀ ਜਾਵੇਗੀ ਅਤੇ ਇਸ ਦੇ ਲਈ 10 ਕਰੋੜ ਰੁਪਿਆ ਰਖਿਆ ਗਿਆ ਹੈ । ਪਿਛਲੇ ਸਾਲ ਵੀ ਸਰਕਾਰ ਵਲੋਂ ਸੜਕਾਂ ਬਣਾਈਆਂ ਗਈਆਂ ਸਨ. ਪਿੰਡਾਂ ਦੀਆਂ ਲਿੰਕ ਰੋਡਜ਼ ਦੀ ਰਿਪੇਅਰ ਕੀਤੀ ਸੀ ਅਤੇ ਸਰਕਾਰ ਨੇ ਮੰਦਰ ਅਤੇ ਗੁਰਦੁਆਰੇ ਨੂੰ ਜਾਣ ਵਾਲੀ ਹਰ ਸੜਕ ਨੂੰ ਵੀ ਬਣਾਇਆ ਸੀ । ਇਸ ਲਈ ਪੈਸੇ ਦੀ ਪ੍ਰੋਵੀਜ਼ਨ ਕੀਤੀ ਸੀ ਤਾਂ ਕਿ ਕੋਈ ਸੜਕ ਐਸੀ ਰਹਿ ਨਾ ਜਾਵੇ । ਮੇਰੇ ਹਿਸਾਬ ਨਾਲ ਕੋਈ ਪਿੰਡ ਐਸਾ ਨਹੀਂ ਹੈ ਜਿਥੇ ਸਰਕਾਰ ਨੇ ਸੜਕ ਨਾ ਬਣਾਈ ਹੋਵੇ । ਮੈਨੂੰ ਆਪਣੇ ਹਲਕੇ ਦਾ ਪਤਾ ਹੈ ਸਾਰੀਆਂ ਸੜਕਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਜ਼ਮਸ਼ੇਰ ਸਿੰਘ ਰਾਏ]

ਬਣ ਗਈਆਂ ਹਨ । ਮੁਰੰਮਤ 50% ਸੜਕਾਂ ਦੀ ਹੋ ਚੁੱਕੀ ਹੈ ਅਤੇ ਬਾਕੀ ਜਿਹੜੀਆਂ ਰਹਿ ਗਈਆਂ ਹਨ ਉਨ੍ਹਾਂ ਦੀ ਮੁਰੰਮਤ ਕੀਤੀ ਜਾ ਰਹੀ ਹੈ । ਮੰਡੀ ਬੋਰਡ ਨੇ ਲਿੰਕ ਰੋਡਵੇਜ਼ ਦੀ ਮੁਰੰਮਤ ਕੀਤੀ ਹੈ ਅਤੇ ਫੰਡਜ਼ ਦੀ ਪ੍ਰੋਵੀਜ਼ਨ ਕੀਤੀ ਹੈ । ਪੀ. ਡਬਲਿਊ. ਡੀ. ਮਹਿਕਮਾ ਵੀ ਕੰਮ ਕਰ ਰਿਹਾ ਹੈ । ਨਵੀਆਂ ਸੜਕਾਂ ਦੇ ਲਈ ਵੀ ਫੰਡਜ਼ ਦਾ ਪ੍ਰਬੰਧ ਇਸ ਸਰਕਾਰ ਨੇ ਕੀਤਾ ਹੈ । ਸਾਰਾ ਪੈਸਾ ਇਕ ਪਾਸੇ ਹੀ ਨਹੀਂ ਲਗਾਇਆ ਜਾ ਸਕਦਾ । ਸਾਡੇ ਮੁੱਖ ਮੰਤਰੀ ਸਾਹਿਬ ਨੇ ਪਿੰਡਾਂ ਦੇ ਵਿੱਚ ਸੁਧਾਰ ਲਿਆਉਣ ਲਈ ਉੱਨਤ ਗ੍ਰਾਮ ਸਕੀਮ ਬਣਾਈ ਹੈ । ਇਸ ਸਕੀਮ ਨੂੰ ਸਾਡੀ ਸਰਕਾਰ ਨੇ ਚਾਲੂ ਕੀਤਾ ਕਿਉਂਕਿ 80% ਆਬਾਦੀ ਪੰਜਾਬ ਦੀ ਪਿੰਡਾਂ ਦੇ ਵਿੱਚ ਹਾਲੇ ਵੀ ਰਹਿੰਦੀ ਹੈ । ਪਿੰਡਾਂ ਵਾਲਿਆਂ ਨੂੰ ਹਰ ਕੰਮ ਲਈ 50 ਵਾਰ ਘਰ ਤੋਂ ਬਾਹਰ ਕਦਮ ਪੁੱਟਣੇ ਪੈਂਦੇ ਹਨ ਅਤੇ ਪਿੰਡਾਂ ਦੇ ਵਿੱਚ ਵੱਧ ਸਹੂਲਤਾਂ ਦੇਣ ਲਈ ਸਰਕਾਰ ਵਲੋਂ ਇਹ ਸਕੀਮ ਨੂੰ ਚਾਲੂ ਕੀਤਾ ਗਿਆ ਹੈ ਤਾਂ ਕਿ ਲੋਕਾਂ ਨੂੰ ਕਾਫੀ ਵੱਡੀ ਰਾਹਤ ਮਿਲ ਸਕੇ । ਪਿੰਡਾਂ ਦੀ ਡਿਵੈਲਪਮੈਂਟ ਵੇਖਣ ਵਾਲੀ ਹੈ ਉਥੇ ਸਰਕਾਰ ਨੇ ਸਵਰਗ ਬਣਾ ਦਿੱਤਾ ਹੈ ਅਤੇ ਲੋਕ ਸਰਦਾਰ ਬੇਅੰਤ ਸਿੰਘ ਦੇ ਗੁਣ ਗਾਨ ਕਰਦੇ ਹਨ । ਪਹਿਲੇ ਪਿੰਡਾਂ ਦੇ ਵਿੱਚ ਸਰਕਾਰ ਵਲੋਂ 5 ਹਜ਼ਾਰ ਰੁਪਏ ਤੋਂ ਵੱਧ ਕਦੇ ਗ੍ਰਾਂਟ ਨਹੀਂ ਮਿਲੀ ਸੀ । 1952 ਤੋਂ ਜਿਹੜੇ ਸਰਪੰਚ ਬਣੇ ਹੋਏ ਸਨ ਉਹ ਜਲਸਿਆਂ ਦੇ ਵਿੱਚ ਕਹਿੰਦੇ ਹਨ ਕਿ ਇਸ ਸਰਕਾਰ ਨੇ ਪਿੰਡਾਂ ਦੇ ਵਿਕਾਸ ਲਈ ਲੱਖਾਂ ਰੁਪਏ ਦਿੱਤੇ ਹਨ ਜਦ ਕਿ ਪਹਿਲੇ ਸਰਕਾਰਾਂ ਨੇ 5 ਹਜ਼ਾਰ ਰੁਪਏ ਤੋਂ ਵੱਧ ਕਦੇ ਨਹੀਂ ਦਿੱਤਾ ਸੀ । ਇਹ ਸਾਡੀ ਸਰਕਾਰ ਦੀ ਬਹੁਤ ਵੱਡੀ ਦੇਣ ਹੈ । ਇਹ ਗੱਲ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਨੇ ਪਿੰਡਾਂ ਦੇ ਵਿਚ ਰਹਿਣ ਵਾਲੇ ਲੋਕਾਂ ਦੀ ਨੁਹਾਰ ਹੀ ਬਦਲ ਦਿੱਤੀ ਹੈ ।

ਐਜੂਕੇਸ਼ਨ ਤੇ ਸਾਥੀਆਂ ਨੇ ਬੋਲਦਿਆਂ ਹੋਇਆ ਕਿਹਾ ਸੀ ਕਿ ਐਜੂਕੇਸ਼ਨ ਤੇ ਵੱਧ ਪੈਸੇ ਖਰਚਨੇ ਚਾਹੀਦੇ ਹਨ । ਸਾਹਮਣੇ ਬੈਠੇ ਆਪੋਜ਼ੀਸ਼ਨ ਦੇ ਸਾਥੀਆਂ ਨੇ ਸਿਰਫ ਕ੍ਰਿਟੇਸੀਜ਼ਮ ਦੀ ਖਾਤਰ ਹੀ ਕਿਹਾ ਹੈ । ਉਨ੍ਹਾਂ ਨੇ ਸਚਾਈ ਨੂੰ ਅੱਖਾਂ ਤੋਂ ਉਹਲੇ ਕਰ ਦਿੱਤਾ ਹੈ । ਅਤਿਵਾਦ ਦੇ ਦਿਨਾਂ ਵਿੱਚ ਪੰਜਾਬ ਵਿੱਚ ਬੱਚੇ ਸਕੂਲਾਂ ਵਿੱਚ ਪੜ੍ਹਨ ਨਹੀਂ ਜਾਂਦੇ ਸਨ ਅਤੇ ਅਧਿਆਪਕ ਸਕੂਲਾਂ ਵਿੱਚ ਬਚਿਆਂ ਨੂੰ ਪੜ੍ਹਾਉਣ ਵੀ ਡਰਦੇ ਮਾਰੇ ਨਹੀਂ ਜਾਂਦੇ ਸਨ । 1992 ਤੋਂ ਲੈ ਕੇ ਅਸੀਂ ਅੱਜ ਤਕ ਕਿਥੇ ਪਹੁੰਚੇ ਹਾਂ । ਇਸ ਗੱਲ ਵੱਲ ਜ਼ਰੂਰ ਧਿਆਨ ਰਖਣਾ ਚਾਹੀਦਾ ਹੈ ।

ਪੰਡਿਤ ਸੋਮਦੱਤ ਸ਼ਰਮਾ: ਸਪੀਕਰ ਸਾਹਿਬ, ਮੈਂ ਇਕ ਬੜਾ ਅੱਛਾ ਪੁਆਇੰਟ ਆਫ ਆਰਡਰ ਕਰਨ ਲੱਗਾ ਹਾਂ । ਮੈਂ ਬੇਨਤੀ ਕਰਦਾ ਹਾਂ ਕਿ ਜੀ. ਐਮ. ਸਾਹਿਬ ਨੇ ਹਾਊਸ ਦੀ ਮਰਿਆਦਾ ਕਾਇਮ ਰੱਖਣ ਦੀ ਗੱਲ ਕੀਤੀ ਹੈ । ਸਾਨੂੰ ਵੀ ਜੋ ਮੈਂਬਰ ਬੋਲਦਾ ਹੈ ਉਸ ਕੋਲੋਂ ਅਗੇ ਨਿਕਲਣ ਤੋਂ ਇਗਨੋਰ ਕਰਨਾ ਚਾਹੀਦਾ ਹੈ । ਇਸ ਗੱਲ ਦਾ ਖਿਆਲ ਰੱਖਣਾ ਚਾਹੀਦਾ ਹੈ ।

ਖੇਤੀਬਾੜੀ ਅਤੇ ਵਣ ਮੰਤਰੀ: ਸਪੀਕਰ ਸਾਹਿਬ ਪੰਡਿਤ ਜੀ ਨੇ ਬੜੀ ਅੱਛੀ ਤਜ਼ਵੀਜ਼ ਦਿੱਤੀ ਹੈ । ਕੋਈ ਮੈਂਬਰ ਬੋਲ ਰਿਹਾ ਹੋਵੇ, ਉਸ ਦੇ ਅਗੋਂ ਨਹੀਂ ਨਿਕਲਣਾ ਚਾਹੀਦਾ ਹੈ । ਬੋਲਣ ਵਾਲੇ ਦੇ ਉਧਰੋਂ ਨਿਕਲਣਾ ਚਾਹੀਦਾ ਹੈ । (ਹਾਸਾ)

Original with;
Punjab Vidhan Sabha
Digitized by;
Punjab Digital Library

ਸਰਦਾਰ ਸ਼ਮਸ਼ੇਰ ਸਿੰਘ ਰਾਏ : ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਦਾ ਜ਼ਿਕਰ ਕਰ ਰਿਹਾ ਸੀ । ਉਸ ਵੇਲੇ ਪੰਜਾਬ ਦੇ ਹਾਲਾਤ ਕੈਸੇ ਸਨ ਉਸ ਗੱਲ ਨੂੰ ਮੱਦੇ ਨਜ਼ਰ ਰਖਦਿਆਂ ਹੋਇਆ ਮੇਰੇ ਮਾਨਯੋਗ ਆਪੋਜੀਸ਼ਨ ਦੇ ਸਾਥੀਆਂ ਨੂੰ ਸੋਚਣਾ ਚਾਹੀਦਾ ਹੈ । ਇਹ ਗੱਲ ਉਹ ਆਪਣੇ ਦਿਲ ਤੇ ਹੱਥ ਰਖਕੇ ਨਹੀਂ ਕਹਿ ਸਕਦੇ ਪਰ ਸਿਰਫ ਨੁਕਤਾ-ਚੀਨੀ ਦੀ ਖਾਤਰ ਹੀ ਕਹਿ ਰਹੇ ਹਨ ਕਿ ਸਿਖਿਆ ਤੇ ਜੋ ਪੈਸਾ ਖਰਚ ਕੀਤਾ ਜਾਂਦਾ ਹੈ, ਉਹ ਘੱਟ ਹੈ । ਲੇਕਿਨ ਉਨ੍ਹਾਂ ਨੂੰ ਵੀ ਪਤਾ ਹੈ ਕਿ ਪਿਛਲੇ ਸਮੇਂ ਵਿਚ ਉਹ ਕਿਵੇਂ ਲੰਘੇ ਹਨ । ਇਸ ਬਾਰੇ ਮੇਰੇ ਸਾਥੀਆਂ ਨੂੰ ਵੀ ਪਤਾ ਹੈ । ਮੈਂ ਡੀਟੇਲ ਵਿਚ ਨਹੀਂ ਜਾਣਾ ਚਾਹੁੰਦਾ ਕਿ ਸਕੂਲਾਂ ਵਿਚ ਕਿਵੇਂ ਵਰਦੀਆਂ ਦੇ ਹੁਕਮ ਹੁੰਦੇ ਸਨ । ਸਕੂਲਾਂ ਵਿਚ ਹੁਕਮ ਕਿਸ ਦੇ ਚਲਦੇ ਸਨ । ਲੇਕਿਨ ਹੁਣ ਪੰਜਾਬ ਦਾ ਲਾਅ ਐਂਡ ਆਰਡਰ ਠੀਕ ਹੋਇਆ ਹੈ । ਪੰਜਾਬ ਦੇ ਹਾਲਾਤ ਮੁੜ ਪਰਤੇ ਹਨ । ਸਾਡੇ ਬੱਚੇ ਸਕੂਲਾਂ ਵਿਚ ਨਹੀਂ ਜਾਂਦੇ ਸਨ ਅਤੇ ਉਨ੍ਹਾਂ ਦੇ ਮਨਾਂ ਵਿਚ ਖੌਫ ਸੀ, ਡਰ ਸੀ ਅਤੇ ਕਈ ਵਾਰੀ ਅਫਵਾਹ ਫੈਲਾਅ ਦਿਤੀ ਜਾਂਦੀ ਸੀ ਕਿ ਸਕੂਲਾਂ ਵਿਚੋਂ ਬੱਚੇ ਚੁੱਕ ਲਏ ਜਾਣਗੇ । ਕਈ ਵਾਰੀ ਬੱਚੇ ਸਕੂਲਾਂ ਵਿਚੋਂ ਚੁਕੇ ਵੀ ਗਏ । ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਕਿ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਥੱਲੇ ਸਾਡੀ ਸਰਕਾਰ ਐਜੂਕੇਸ਼ਨ ਵੱਲ ਪੂਰਾ ਧਿਆਨ ਦੇ ਰਹੀ ਹੈ । 1000 ਪ੍ਰਾਇਮਰੀ ਸਕੂਲਾਂ ਨੂੰ ਮਿਡਲ, 120 ਮਿਡਲ ਸਕੂਲਾਂ ਨੂੰ ਹਾਈ, 120 ਹਾਈ ਸਕੂਲਾਂ ਨੂੰ ਪਲਸ ਟੂ ਬਣਾਇਆ ਜਾਵੇਗਾ । ਸਪੀਕਰ ਸਾਹਿਬ, ਇਹ ਸਾਡੀ ਸਰਕਾਰ ਦੀਆਂ ਬਹੁਤ ਵੱਡੀਆਂ ਉਪਲਬਧੀਆਂ ਹਨ । 11,000 ਟੀਚਰ ਭਰਤੀ ਕੀਤੇ ਜਾਣਗੇ, ਉਨ੍ਹਾਂ ਸਕੂਲਾਂ ਵਿਚ ਪੜ੍ਹਾਉਣ ਵਾਸਤੇ । ਸਪੀਕਰ ਸਾਹਿਬ, 1994-95 ਵਿਚ ਸਿਖਿਆ ਦਾ 54.28 ਕਰੋੜ ਦਾ ਬਜਟ ਸੀ ਜੋ ਇਸ ਸਰਕਾਰ ਨੇ ਹੁਣ ਵਧਾ ਕੇ 57.13 ਕਰੋੜ ਦਾ ਬਣਾਇਆ ਹੈ । ਮੈਂ ਆਪਣੇ ਮਾਨਯੋਗ ਸਾਥੀ ਜਿਹੜੇ ਬੋਲ ਰਹੇ ਸਨ, ਉਨ੍ਹਾਂ ਨੂੰ ਪੁੱਛਣਾ ਚਾਹਵਾਂਗਾ ਕਿ ਜੇ ਸਰਕਾਰ ਇਸ ਪਾਸੇ ਧਿਆਨ ਦੇਂਦੀ ਹੈ, ਤਦ ਹੀ ਇਹ ਬਜਟ ਵਧਾਇਆ ਹੈ । ਸਰਕਾਰ ਬੜੀ ਸੁਚੇਤ ਹੈ, ਬੜੀ ਵਿਜੀਲੈਂਟ ਹੈ, ਹਰ ਪੱਖੋਂ ਵਿਜੀਲੈਂਟ ਹੈ, ਸਰਕਾਰ ਹਰ ਡਿਪਾਰਟਮੈਂਟ ਵੱਲ ਵਿਜੀਲੈਂਟ ਹੈ । ਜੋ ਪੰਜਾਬ ਵਿਚ ਰਹਿਣ ਵਾਲਾ ਪੰਜਾਬੀ ਹੈ, ਉਸਦੇ ਹੱਕਾਂ ਪ੍ਰਤੀ ਸਰਕਾਰ ਵਿਜੀਲੈਂਟ ਹੈ । ਸਪੀਕਰ ਸਾਹਿਬ, ਇਸ ਬਜਟ ਵਿਚ ਆਇਆ ਹੈ ਕਿ ਸਰਕਾਰ ਨੇ ਪੰਜਾਬ ਵਿਚ 100% ਲਿਟਰੇਸੀ ਕਰਨੀ ਹੈ ਜਿਹੜੀ ਕਿ 7 ਸਾਲ ਦੇ ਪਲਾਨ ਵਿਚ ਪੂਰੀ ਹੋਵੇਗੀ । ਇਹ ਸਭ ਤੋਂ ਵੱਡੀ ਇਸ ਸਰਕਾਰ ਦੀ ਸੋਚ ਹੈ । ਇਸ ਮੰਤਵ ਦੀ ਪੂਰਤੀ ਲਈ ਦੋ ਜ਼ਿਲ੍ਹੇ ਲਏ ਗਏ ਹਨ, ਇਕ ਫਰੀਦਕੋਟ ਅਤੇ ਇਕ ਹੁਸ਼ਿਆਰਪੁਰ । ਇਨ੍ਹਾਂ ਦੋਨਾਂ ਜ਼ਿਲ੍ਹਿਆਂ ਵਿਚ ਪਹਿਲਾਂ 100% ਲਿਟਰੇਸੀ ਬਹਾਲ ਕੀਤੀ ਜਾਵੇਗੀ, ਉਥੇ ਸਾਰੇ ਲੋਕ ਪੜ੍ਹੇ ਲਿਖੇ ਹੋਣ, ਸਰਕਾਰ ਦਾ ਇਸ ਗੱਲ ਵੱਲ ਧਿਆਨ ਹੈ ਅਤੇ ਸਰਕਾਰ ਅੱਗੇ ਵੱਧ ਰਹੀ ਹੈ । (ਕੰਪਿੰਗ) ਇਸਦੇ ਵਿਚ ਜਿਹੜੇ ਸਾਡੇ ਓਲਡ ਏਜ ਬਜ਼ੁਰਗ ਹਨ, ਜਿਨ੍ਹਾਂ ਦੀ ਉਮਰ 40 ਸਾਲ ਤੋਂ ਉਤੇ ਹੈ ਉਨ੍ਹਾਂ ਨੂੰ ਵੀ ਪੜ੍ਹਾਇਆ ਜਾਂਦਾ ਹੈ ਅਤੇ ਜਿਹੜੇ ਬੱਚੇ ਸਕੂਲ ਨਹੀਂ ਜਾਂਦੇ, ਗਰੀਬ ਪਰਿਵਾਰਾਂ ਨਾਲ ਸਬੰਧ ਰਖਦੇ ਹਨ ਸਰਕਾਰ ਦੀਆਂ ਉਨ੍ਹਾਂ ਨੂੰ ਵੀ ਪੜ੍ਹਾਉਣ ਦੀਆਂ ਪੂਰੀਆਂ ਕੋਸ਼ਿਸ਼ਾਂ ਹਨ । ਸਰਕਾਰ ਨੇ ਤਹੱਈਆ ਕੀਤਾ ਹੈ ਕਿ 100% ਲਿਟਰੇਸੀ ਪੰਜਾਬ ਵਿਚ ਦੇ ਕੇ ਪੰਜਾਬ ਨੂੰ ਸਾਰੇ ਹਿੰਦੁਸਤਾਨ ਵਿਚ ਪਹਿਲਾ ਸੂਬਾ ਭਿਣ-

Original with;
Punjab Vidhan Sabha
Digitized by;
Panjab Digital Library

[ਸਰਦਾਰ ਸ਼ਮਸ਼ੇਰ ਸਿੰਘ ਰਾਏ]

ਲੇਅਰ ਕਰਨਾ ਹੈ ਜਿਸਦੇ ਵਿਚ ਕੋਈ ਵੀ ਅਨਪੜ੍ਹ ਨਾ ਹੋਵੇ, ਇਹ ਸਰਕਾਰ ਦਾ ਨਿਸਚਾ ਹੈ ।

ਐਜੂਕੇਸ਼ਨ ਦੀ ਗੱਲ ਅੱਗੇ ਚਲਦੀ ਹੈ । 1995-96 ਵਿਚ 8 ਨਵੇਂ ਇੰਜੀਨੀਅਰਿੰਗ ਕਾਲਜ਼ ਪੰਜਾਬ ਅੰਦਰ ਖੋਲ੍ਹਣ ਦੀ ਸਰਕਾਰ ਦੀ ਬਹੁਤ ਵੱਡੀ ਤਜਵੀਜ਼ ਹੈ । ਆਉਣ ਵਾਲੇ ਵਰ੍ਹੇ ਵਿਚ 8 ਨਵੇਂ ਇੰਜੀਨੀਅਰਿੰਗ ਕਾਲਜ, 23 ਪਾਲੀਟੈਕਨਿਕ ਇੰਸਟੀਚਿਊਸ਼ਨਜ਼, 123 ਆਈ.ਟੀ.ਆਈਜ਼ ਹੋਰ ਮੁਹਈਆ ਕੀਤੇ ਜਾਣਗੇ । ਇਹ ਪੰਜਾਬ ਸਰਕਾਰ ਦੀ ਨਵੀਂ ਸੋਚ ਹੈ ਅਤੇ ਇਹ ਗੱਲ ਆਉਣ ਵਾਲੇ ਬਜਟ ਵਿਚ ਰਖੀ ਗਈ ਹੈ । ਸਰਕਾਰ ਨੇ ਨਿਸਚਾ ਕੀਤਾ ਹੈ ਕਿ ਸਾਡੇ 26000 ਬੱਚੇ ਜਿਹੜੇ ਹਨ, ਉਹ ਟੈਕਨੀਕਲ ਐਜੂਕੇਸ਼ਨ ਲੈ ਸਕਣ ਅਤੇ 26000 ਬੱਚੇ ਸਾਡੇ ਟੈਕਨੀਕਲ ਐਜੂਕੇਸ਼ਨ ਹਾਸਲ ਕਰਕੇ ਆਪਣੀ ਜ਼ਿੰਦਗੀ ਨੂੰ ਰੌਸ਼ਨ ਕਰ ਸਕਣ । ਇਹ ਇਸ ਸਰਕਾਰ ਦੀ ਸੋਚ ਹੈ ਜਿਹੜੀ ਕਿ ਇਸ ਨਵੇਂ ਸਾਲ ਵਾਸਤੇ ਦਿਤੀ ਗਈ ਹੈ ।

ਅੱਗੇ ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਸ ਸਰਕਾਰ ਨੇ ਸ਼ਡਿਊਲਡ ਕਾਸਟਾਂ ਬਾਰੇ ਖਾਸ ਧਿਆਨ ਦਿਤਾ ਹੈ । ਮੈਂ ਇਹ ਕਹਾਂਗਾ ਕਿ ਜੋ ਸ਼ਡਿਊਲਡ ਕਾਸਟਾਂ ਵਾਸਤੇ ਸਾਡੀ ਸਰਕਾਰ ਨੇ ਕੀਤਾ ਹੈ, ਉਹ ਅੱਗੇ ਕਿਸੇ ਸਰਕਾਰ ਨੇ ਵੀ ਨਹੀਂ ਕੀਤਾ ਹੋਣਾ । (ਥੰਪਿੰਗ) ਬਾਕੀ ਵੀ ਹਿੰਦੁਸਤਾਨ ਦੇ ਸੂਬੇ ਹਨ, ਉਨ੍ਹਾਂ ਨੇ ਵੀ ਨਹੀਂ ਦਿੱਤਾ ਜੋ ਸਾਡੀ ਸਰਕਾਰ ਦੇਣ ਜਾ ਰਹੀ ਹੈ । ਕਿਉਂਕਿ ਉਹ ਗਰੀਬ ਲੋਕ ਹਨ ਔਰ 55% ਲੋਕ ਸਾਡੇ ਪੰਜਾਬ ਦੇ ਜਿਹੜੇ ਹਨ, ਉਹ ਸ਼ਡਿਊਲਡ ਕਾਸਟਾਂ ਨਾਲ ਸਬੰਧ ਰਖਦੇ ਹਨ । ਉਹ ਹਾਲ ਦੀ ਗਰੀਬੀ ਲਾਈਨ ਤੋਂ ਥੱਲੇ ਹਨ । ਇਸ ਗੱਲ ਦੀ ਸਰਦਾਰ ਬੇਅੰਤ ਸਿੰਘ ਨੂੰ ਔਰ ਸਾਡੇ ਖਜ਼ਾਨਾ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਨੂੰ ਬਹੁਤ ਚਿੰਤਾ ਹੈ ਕਿ ਜਦ ਤਕ ਉਨ੍ਹਾਂ ਲੋਕਾਂ ਨੂੰ ਸਮਾਜ ਵਿਚ, ਜਿਹੜੇ ਦਬੇ ਕੁਚਲੇ ਹੋਏ ਹਨ, ਉਨ੍ਹਾਂ ਨੂੰ ਬਾਕੀ ਲੋਕਾਂ ਦੇ ਬਰਾਬਰ ਨਾ ਲਿਆ ਦੇਈਏ, ਤਦ ਤਕ ਕੋਸ਼ਿਸ਼ ਜਾਰੀ ਰਖਣੀ ਹੈ । ਇਹ ਉਨ੍ਹਾਂ ਨੇ ਤਹੱਈਆ ਕੀਤਾ ਹੋਇਆ ਹੈ ।

ਮੈਂ ਧਰਮਸ਼ਾਲਾਵਾਂ ਦੀ ਗੱਲ ਕਰ ਰਿਹਾ ਹਾਂ ਜਿਹੜੀਆਂ ਕਿ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਹਨ । ਇਹ ਧਰਮਸ਼ਾਲਾਵਾਂ ਉਨ੍ਹਾਂ ਦੇ ਕੰਮ ਆਉਂਦੀਆਂ ਹਨ । ਇਥੇ ਬੈਠ ਕੇ ਉਹ ਆਪਣਾ ਇਕੱਠ ਕਰਦੇ ਹਨ । ਉਨ੍ਹਾਂ ਨੇ ਇਥੇ ਬੈਠ ਕੇ ਮੀਟਿੰਗਾਂ ਕਰਨੀਆਂ ਹੁੰਦੀਆਂ ਹਨ, ਵਿਚਾਰਾਂ ਕਰਨੀਆਂ ਹੁੰਦੀਆਂ ਹਨ, ।

ਇਸ ਕਿਸਮ ਦੇ ਕੰਮ ਉਹ ਇਥੇ ਬੈਠ ਕੇ ਕਰਦੇ ਹਨ । ਕਿਸੇ ਦਾ ਕੋਈ ਸ਼ਗਨ ਹੈ, ਕੋਈ ਰਸਮ ਹੈ ਜਾਂ ਕੋਈ ਹੋਰ ਛੋਟਾ ਮੋਟਾ ਕੰਮ ਹੈ, ਉਹ ਇਥੇ ਬੈਠ ਕੇ ਕਰਦੇ ਹਨ । ਅਨੁਸੂਚਿਤ ਜਾਤੀਆਂ ਦੇ ਲੋਕ ਇਥੇ ਬੈਠ ਕੇ ਆਪਣੇ ਕਾਰਜ਼ ਪੂਰੇ ਕਰਦੇ ਹਨ । ਇਹ 835 ਧਰਮਸ਼ਾਲਾਵਾਂ ਹਨ । ਪੰਜਾਬ ਦੇ ਤਕਰੀਬਨ ਸਾਰੇ ਪਿੰਡਾਂ ਵਿਚ ਇਹ ਧਰਮਸ਼ਾਲਾਵਾਂ ਦਿੱਤੀਆਂ ਜਾ ਚੁੱਕੀਆਂ ਹਨ । 1995-96 ਦਾ ਜੋ ਬਜਟ ਹੈ, ਉਸ ਵਿਚ ਤਕਰੀਬਨ 235 ਹੋਰ ਧਰਮਸ਼ਾਲਾਵਾਂ ਬਣਾਉਣ ਦੀ ਇਸ ਸਰਕਾਰ ਦੀ ਤਜਵੀਜ਼ ਹੈ । ਇਹ ਤਜਵੀਜ਼ ਇਸ ਬਜਟ ਵਿਚ ਰੱਖੀ ਗਈ ਹੈ । ਪਹਿਲਾਂ ਇਕ ਧਰਮਸ਼ਾਲਾ ਵਾਸਤੇ

Original with;
Punjab Vidhan Sabha
Digitized by;
Punjab Digital Library

25000 ਰੁਪਿਆ ਮੁਹੱਈਆ ਕੀਤਾ ਜਾਂਦਾ ਸੀ ਲੇਕਿਨ ਸਾਡੀ ਸਰਕਾਰ ਨੇ ਇਸ ਪਾਸੇ ਬਹੁਤ ਵੱਡੀ ਪਹਿਲ ਕਦਮੀ ਤੋਂ ਕੰਮ ਲਿਆ ਹੈ ਅਤੇ ਇਸ ਕੰਮ ਵਾਸਤੇ ਸਾਡੀ ਸਰਕਾਰ ਨੇ 50000 ਰੁਪਿਆ ਮੁਹੱਈਆ ਕੀਤਾ ਹੈ । ਇਹ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਬਹੁਤ ਵੱਡਾ ਕੰਮ ਕੀਤਾ ਹੈ । ਇਹ ਸਾਡੀ ਸਰਕਾਰ ਦੀ ਬਹੁਤ ਵੱਡੀ ਉਪਲਬਧੀ ਹੈ । ਸਾਡੀ ਸਰਕਾਰ ਗਰੀਬਾਂ ਪ੍ਰਤੀ ਸੁਚੇਤ ਹੈ। ਇਹ ਗਰੀਬਾਂ ਪ੍ਰਤੀ ਜਾਗਰੂਕ ਹੈ ਅਤੇ ਉਨ੍ਹਾਂ ਲੋਕਾਂ ਪ੍ਰਤੀ ਜਾਗਰੂਕ ਹੈ ਜਿਹੜੇ ਗਰੀਬੀ ਰੇਖਾ ਤੋਂ ਥੱਲੇ ਹਨ । ਇਸ ਸਬੰਧ ਵਿਚ ਮੈਂ ਸਰਕਾਰ ਅੱਗੇ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਧਰਮਸ਼ਾਲਾਵਾਂ ਦਾ ਜੋ ਵਜੂਦ ਹੈ, ਉਹ ਬਹੁਤ ਛੋਟਾ ਹੈ । ਇਸ ਕਰਕੇ ਜਿਥੇ ਸਰਕਾਰ ਇਸ ਪਾਸੇ ਬਹੁਤ ਅੱਛੇ ਉਪਰਾਲੇ ਕਰ ਰਹੀ ਹੈ, ਉਥੇ ਕੁਝ ਹੋਰ ਜ਼ਿਆਦਾ ਫੰਡ ਰੱਖ ਕੇ ਇਹ ਧਰਮਸ਼ਾਲਾਵਾਂ ਕੁਝ ਵੱਡੀਆਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ ਤਾਂ ਕਿ ਗਰੀਬ ਲੋਕ ਹੋਰ ਵੱਡੇ ਕਾਰਜਾਂ ਵਾਸਤੇ ਵੀ ਇਨ੍ਹਾਂ ਨੂੰ ਵਰਤ ਸਕਣ । ਵੈਸੇ ਸਰਕਾਰ ਨੇ ਕਮਿਊਨਿਟੀ ਸੈਂਟਰਾਂ ਵਾਲੀ ਸਕੀਮ ਵੀ ਬਣਾਈ ਹੋਈ ਹੈ ਅਤੇ ਇਹ ਬਹੁਤ ਵੱਡੀ ਪੱਧਰ ਤੇ ਲਾਗੂ ਹੋਣੀ ਹੈ । ਤਕਰੀਬਨ ਹਰੇਕ ਪਿੰਡ ਨੂੰ ਇਕ ਕਮਿਊਨਿਟੀ ਸੈਂਟਰ ਦੇਣਾ ਹੈ । ਇਕ ਸੈਂਟਰ ਤੇ 8 ਲੱਖ ਰੁਪਏ ਤੋਂ 10 ਲੱਖ ਰੁਪਏ ਖਰਚ ਆਉਂਦਾ ਹੈ । ਬਹੁਤ ਸਾਰੇ ਪਿੰਡਾਂ ਵਿਚ ਸਰਕਾਰ ਇਹ ਸੈਂਟਰ ਦੇ ਚੁਕੀ ਹੈ । ਜਿਹੜੇ ਗਰੀਬ ਲੋਕ ਹਨ, ਉਹ ਇਥੇ ਆਪਣੇ ਵਿਆਹ ਸ਼ਾਦੀਆਂ ਕਰ ਸਕਦੇ ਹਨ, ਇਕੱਠ ਕਰ ਸਕਦੇ ਹਨ । ਅੱਜ ਕਲ੍ਹ ਪਿੰਡਾਂ ਵਿਚ ਰਹਿਣ ਵਾਲੇ ਗਰੀਬ ਲੋਕਾਂ ਦਾ ਵੀ 20-20 ਹਜ਼ਾਰ ਰੁਪਿਆ ਸ਼ਾਮਿਆਨੇ ਤੇ ਖਰਚ ਆ ਜਾਂਦਾ ਹੈ । ਇਸ ਕਰਕੇ ਇਹ ਸਰਦਾਰ ਬੇਅੰਤ ਸਿੰਘ ਜੀ ਦੀ ਬੜੀ ਵਧੀਆ ਸੋਚ ਹੈ ਕਿ ਇਨ੍ਹਾਂ ਲੋਕਾਂ ਨੂੰ ਇਹ ਸੈਂਟਰ ਦੇ ਕੇ ਉਨ੍ਹਾਂ ਦਾ ਖਰਚ ਬਚਾਇਆ ਜਾਵੇ । ਸ਼ਹਿਰਾਂ ਵਿਚ ਤਾਂ ਪ੍ਰਾਈਵੇਟ ਮੈਰੇਜ ਹਾਊਸਿਜ਼ ਹਨ, ਜੰਞ ਘਰ ਹਨ । ਉਸੇ ਪੈਟਰਨ ਤੇ ਪਿੰਡਾਂ ਵਿਚ ਕਮਿਊਨਿਟੀ ਸੈਂਟਰ ਦਿੱਤੇ ਜਾ ਰਹੇ ਹਨ । ਸਰਕਾਰ ਇਸ ਪਾਸੇ ਬੜੀ ਤੇਜ਼ੀ ਨਾਲ ਅੱਗੇ ਵਧ ਰਹੀ ਹੈ ।

ਜਿਥੋਂ ਤੱਕ ਕੰਪੋਨੈਂਟ ਪਲੈਨ ਦਾ ਸਬੰਧ ਹੈ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਨੁਸੂਚਿਤ ਜਾਤੀਆਂ ਦੀ ਜਿੰਨੀ ਆਬਾਦੀ ਹੈ, ਉਸ ਦੇ ਹਿਸਾਬ ਨਾਲ ਬਜਟ ਦਾ ਬਣਦਾ ਹਿੱਸਾ ਉਨ੍ਹਾਂ ਤੇ ਜ਼ਰੂਰ ਖਰਚਿਆਂ ਜਾਣਾ ਚਾਹੀਦਾ ਹੈ । ਪਾਪੂਲੇਸ਼ਨ ਦੇ ਮੁਤਾਬਿਕ 27% ਆਬਾਦੀ ਅਨੁਸੂਚਿਤ ਜਾਤੀਆਂ ਦੀ ਹੈ, ਇਸ ਕਰਕੇ ਕੰਪੋਨੈਂਟ ਪਲੈਨ ਵਿਚ ਉਨ੍ਹਾਂ ਦਾ ਹਿੱਸਾ 27% ਬਣਦਾ ਹੈ । ਇਹ ਹਿੱਸਾ ਉਨ੍ਹਾਂ ਨੂੰ ਜ਼ਰੂਰ ਦਿੱਤਾ ਜਾਵੇ । ਇਸ ਤਰ੍ਹਾਂ ਕਰਨ ਨਾਲ ਸਾਡੇ ਅਨੁਸੂਚਿਤ ਜਾਤੀਆਂ ਦੇ ਲੋਕ ਹੋਰ ਤਰੱਕੀ ਕਰ ਸਕਣਗੇ ਅਤੇ ਉਨ੍ਹਾਂ ਨੂੰ ਹੋਰ ਸਹੂਲਤਾਂ ਮਿਲ ਸਕਣਗੀਆਂ । ਇਹ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਕਿ ਉਹ ਮਹਿਸੂਸ ਕਰਨ ਕਿ ਅਸੀਂ ਵੀ ਇਸ ਸਮਾਜ ਦਾ ਇਕ ਜ਼ਰੂਰੀ ਹਿੱਸਾ ਹਾਂ । ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਇਕ ਹੋਰ ਵੀ ਪ੍ਰਾਬਲਮ ਹੈ । ਅਨੁਸੂਚਿਤ ਜਾਤੀਆਂ ਦੇ ਲੋਕ ਪਿੰਡਾਂ ਵਿਚ ਕਾਸ਼ਤ ਕਰਦੇ ਹਨ । ਮੈਂ ਗਵਰਨਰ ਐਡਰੈਸ ਵੇਲੇ ਵੀ ਕਿਹਾ ਸੀ ਕਿ ਜਿਹੜੇ ਅਨੁਸੂਚਿਤ ਜਾਤੀਆਂ ਦੇ ਲੋਕ ਲੈਂਡਲੈਸ ਸਨ, ਉਨ੍ਹਾਂ ਨੂੰ 5 ਏਕੜ ਜ਼ਮੀਨ ਕਬਜ਼ੇ ਦੇ ਤੌਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਸ਼ਮਸ਼ੇਰ ਸਿੰਘ ਰਾਏ]

ਤੇ ਦਿੱਤੀ ਜਾਂਦੀ ਹੈ । ਉਹ 5 ਏਕੜ ਜ਼ਮੀਨ ਨੂੰ ਵਧਾ ਕੇ 10 ਏਕੜ ਕਰ ਦੇਣਾ ਚਾਹੀਦਾ ਹੈ ਤਾਂ ਕਿ ਉਹ ਲੋਕ ਅੱਛੇ ਤਰੀਕੇ ਨਾਲ, ਉੱਨਤ ਤਰੀਕੇ ਨਾਲ ਖੇਤੀ ਕਰ ਸਕਣ । ਪੰਜ ਏਕੜ ਜ਼ਮੀਨ ਵਿੱਚ ਟਰੈਕਟਰ ਦੀ ਪਰਾਬਲਮ ਆ ਸਕਦੀ ਹੈ । ਉਹ ਟਰੈਕਟਰ ਨਹੀਂ ਚਲਾ ਸਕਦੇ, ਜਿਸ ਕਾਰਨ ਉਹ ਤਰੱਕੀ ਨਹੀਂ ਕਰ ਸਕਦੇ । ਦਸ ਏਕੜ ਜ਼ਮੀਨ ਤੇ ਉਹ ਟਰੈਕਟਰ ਲੈ ਕੇ ਖੇਤੀ ਕਰ ਸਕਦੇ ਹਨ ਉਹ ਟਰੈਕਟਰ ਲੈ ਕੇ ਹੋਰ ਵੀ ਕਈ ਕੰਮ ਕਰ ਸਕਦੇ ਹਨ । ਸਪੀਕਰ ਸਾਹਿਬ, ਮੈਂ ਇਸ ਵਾਸਤੇ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੀਆਂ ਦੋ ਕਾਰਪੋਰੇਸ਼ਨਾਂ ਬਣੀਆਂ ਹੋਈਆਂ ਹਨ, ਉਹਦੇ ਵਿਚ ਵੀ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਕਰਜ਼ੇ ਦਿੱਤੇ ਜਾਂਦੇ ਨ ਜੋ ਕਿ ਉਹ ਬੜੀਆਂ ਆਸਾਨ ਕਿਸ਼ਤਾਂ ਦੇ ਵਿੱਚ ਮੋੜਦੇ ਹਨ ਜੋ ਕਿ ਮਾਮੂਲੀ ਵਿਆਜ ਦੀ ਦਰ ਤੇ ਦਿੱਤੇ ਜਾਂਦੇ ਹਨ । ਸਪੀਕਰ ਸਾਹਿਬ, ਉਸਦੇ ਵਿੱਚ 4 ਤੋਂ ਲੈ ਕੇ 8 ਤੱਕ ਵਿਆਜ ਦੀ ਦਰ ਨਿਰਧਾਰਤ ਹੈ ਪਰ ਉਸਦੇ ਵਿੱਚ ਸਾਨੂੰ ਇਕ ਪਰਾਬਲੱਮ ਆਉਂਦੀ ਹੈ ਜਿਹੜੀ ਕਿ ਮੈਂ ਆਪ ਜੀ ਦੇ ਜ਼ਰੀਏ ਇਸ ਸਰਕਾਰ ਨੂੰ ਅੌਰ ਮੁੱਖ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿੰਡਾਂ ਦੇ ਵਿੱਚ ਹੁਣ ਖੇਤੀਬਾੜੀ ਅਧੀਨ ਜ਼ਮੀਨ ਬਹੁਤ ਜ਼ਿਆਦਾ ਵੱਧ ਚੁੱਕੀ ਹੈ । ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਇਕ ਮੀਟਿੰਗ ਕੰਡਕਟ ਕੀਤੀ ਸੀ ਉਸ ਵਿੱਚ ਅਸੀਂ ਇਹ ਗੱਲ ਕਹੀ ਸੀ ਕਿ ਬੈਂਕਾਂ ਵਾਲ ਜਿਹੜੇ ਲੋਕ ਹਨ, ਉਹ ਸਾਨੂੰ ਲੋਕਾਂ ਨੂੰ ਖਰਾਬ ਕਰਦੇ ਹਨ, ਲੋਕਾਂ ਨੂੰ ਬੈਂਕਾਂ ਵਾਲਿਆਂ ਦੇ ਪੱਲੇ ਨਾ ਪਾਇਆ ਜਾਵੇ ਤਾਂ ਵਧੀਆ ਗੱਲ ਹੈ । ਸਰਕਾਰ ਕੋਈ ਹੋਰ ਵਸੀਲਾ ਲੱਭ ਕੇ ਇਹ ਜਿਹੜੇ ਕਰਜ਼ੇ ਡਾਇਰੈਕਟ ਦਿੱਤੇ ਜਾਂਦੇ ਹਨ ਉਨ੍ਹਾਂ ਨੂੰ ਕੋਆਪ੍ਰੇਟ ਕਰੇ ਤਾਂ ਕਿ ਲੋਕਾਂ ਨੂੰ ਵੱਧ ਕਰਜ਼ੇ ਦੇ ਸਕੀਏ ਕਿਉਂਕਿ ਬੈਂਕਾ ਵਾਲਿਆਂ ਨੇ ਡਿਕਸਡ ਟਾਰਗੈਟ ਰੱਖਿਆ ਹੁੰਦਾ ਹੈ ਉਸ ਅਨੁਸਾਰ ਉਹ ਵੱਧ ਨਹੀਂ ਦੇ ਸਕਦੇ । ਸਪੀਕਰ ਸਾਹਿਬ, ਇਸ ਗੱਲ ਨੂੰ ਜ਼ਰੂਰ ਮੱਦੇ ਨਜ਼ਰ ਰੱਖਿਆ ਜਾਵੇ ।

ਸਪੀਕਰ ਸਾਹਿਬ, ਮੈਂ ਇੰਪਲਾਇਜ਼ ਦੀ ਗੱਲ ਕਰਨਾ ਚਾਹੁੰਦਾ ਹਾਂ । ਸਾਡੀ ਸਰਕਾਰ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇੰਪਲਾਇਜ਼ ਦੀ ਰਖਵਾਲੀ ਕਰਨ ਵਾਲੀ ਸਰਕਾਰ ਹੈ । ਇੰਪਲਾਇਜ਼ ਦੀ ਮਦਦ ਕਰਨ ਵਾਸਤੇ ਸਰਦਾਰ ਬੇਅੰਤ ਸਿੰਘ ਜੀ ਨੇ ਬੜਾ ਵੱਡਾ ਤਹੱਈਆ ਕੀਤਾ ਹੈ ਅੌਰ ਉਹ ਹਰੇਕ ਵਾਰ ਕਹਿੰਦੇ ਹਨ, ਪ੍ਰਾਈਵੇਟ ਮੀਟਿੰਗਾਂ ਵਿੱਚ, ਜਲਸਿਆਂ ਵਿੱਚ ਵੀ ਕਿ ਚਾਰ ਕਿਸਮ ਦੇ ਲੋਕ ਹਨ ਜਿੰਨ੍ਹਾਂ ਵਿੱਚ ਇੰਪਲਾਇਜ਼ ਆਉਂਦੇ ਹਨ ਸ਼ੈਡੀਊਲਡ ਕਾਸਟਸ ਆਉਂਦੇ ਹਨ, ਦੁਕਾਨਦਾਰ ਆਉਂਦੇ ਹਨ ਅਤੇ ਜਿਹੜੇ ਸਾਡੇ ਮਜ਼ਦੂਰ ਆਉਂਦੇ ਹੰਨ ਇਨ੍ਹਾਂ ਨੂੰ ਅਪ-ਲਿਫਟ ਕਰਨ ਵਾਸਤੇ ਸਰਕਾਰ ਨੇ ਤਹੱਈਆ ਕੀਤਾ ਹੈ । ਸਪੀਕਰ ਸਾਹਿਬ, ਸਾਡੀ ਸਰਕਾਰ ਇਨ੍ਹਾਂ ਵੱਲ ਸਪੈਸ਼ਲ ਧਿਆਨ ਦੇ ਰਹੀ ਹੈ ਕਿ ਇਹ ਜਿਹੜੇ ਸਮਾਜ ਦੇ ਚਾਰ ਫਿਰਕੇ ਹਨ, ਉਨ੍ਹਾਂ ਨੂੰ ਜ਼ਰੂਰ ਅਪ-ਲਿਫਟ ਕਰਨਾ ਹੈ । ਇੰਪਲਾਇਜ਼ ਵਾਸਤੇ ਸਰਕਾਰ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ । ਹਾਲਾਂਕਿ ਕਮਿਸ਼ਨ ਦੀ ਰਿਪੋਰਟ ਆਉਣੀ ਰਹਿੰਦੀ ਹੈ ਲੇਕਿਨ ਅੰਤਰਮ ਰੀਲੀਫ ਸਭ ਤੋਂ ਪਹਿਲਾਂ ਇਨ੍ਹਾਂ ਨੇ ਡਿਕਲੇਅਰ ਵੀ ਕਰ ਦਿੱਤੀ ਹੈ । ਸਾਡੀ ਸਰਕਾਰ ਨੇ 3500 ਰੁਪਏ ਤੱਕ ਦੀ ਬੇਸਿਕ ਪੇਅ ਵਾਲਿਆਂ ਨੂੰ 150/-ਰੁਪਏ

Original with;
Punjab Vidhan Sabha
Digitized by;
Panjab Digital Library

ਅੰਤਰਮ ਰੀਲੀਫ ਦਿੱਤੀ ਹੈ ਜੋ ਕਿ ਹਿੰਦੁਸਤਾਨ ਵਿੱਚ ਸੱਭ ਤੋਂ ਵੱਧ ਹੈ । ਸਪੀਕਰ ਸਾਹਿਬ, ਇਸ ਤੋਂ ਇਲਾਵਾ ਸਰਕਾਰ ਨੇ ਪ੍ਰਾਈਵੇਟ ਕਾਲਿਜਜ਼ ਦੇ ਜੋ ਟੀਚਰਜ਼ ਹਨ ਉਨ੍ਹਾਂ ਨੂੰ ਰੀਟਾਇਰਮੈਂਟ ਤੇ ਪੈਨਸ਼ਨ ਦੇਣ ਦਾ ਵੀ ਫੈਸਲਾ ਕੀਤਾ ਹੈ । (ਥੰਪਿੰਗ)

ਸੋ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਇੰਪਲਾਇਜ਼ ਵਲ ਬਹੁਤ ਜ਼ਿਆਦਾ ਧਿਆਨ ਦੇ ਰਹੀ ਹੈ ਅੰਰ ਲੇਡੀਜ਼ ਵੱਲ ਵੀ ਧਿਆਨ ਦਿੱਤਾ ਜਾ ਰਿਹਾ ਹੈ । ਲੇਡੀਜ਼ ਵਾਸਤੇ ਕਮਿਸ਼ਨ ਬਣਾ ਕੇ ਅੰਰ ਉਨ੍ਹਾਂ ਵਾਸਤੇ ਜੋ ਬੱਚਾ ਹੋਣ ਵੇਲੇ ਛੁੱਟੀ ਤੇ ਚਲੀਆਂ ਜਾਂਦੀਆਂ ਹਨ ਜਿਹੜੀ ਛੁੱਟੀ ਸੈਂਕਸ਼ਨਡ ਹੈ ਉਸ ਤੋਂ ਬਾਅਦ ਵੀ ਉਹ ਹਾਫ ਪੇਅ ਦੀ ਛੁੱਟੀ ਲੈ ਸਕਣਗੀਆਂ । ਸਪੀਕਰ ਸਾਹਿਬ, ਸਾਡੇ ਮੁੱਖ ਮੰਤਰੀ ਸਾਹਿਬ ਨੇ ਇਕ ਹੋਰ ਬਹੁਤ ਵੱਡਾ ਫੈਸਲਾ ਲਿਆ ਹੈ ਇੰਪਲਾਇਜ਼ ਵਾਸਤੇ ਕਿ ਜਿਨ੍ਹਾਂ ਦੀ 240 ਦਿਨਾਂ ਦੀ ਸਰਵਿਸ ਪੂਰੀ ਹੋ ਗਈ ਹੈ ਉਨ੍ਹਾਂ ਨੂੰ ਰੈਗੂਲਰ ਕਰ ਦਿੱਤਾ ਜਾਵੇਗਾ । ਇਸ ਫੈਸਲੇ ਨਾਲ ਸਰਕਾਰ ਤੇ ਵਿੱਤੀ ਬੋਝ ਵੀ ਪਵੇਗਾ ਪਰ ਫਿਰ ਵੀ ਸਰਕਾਰ ਨੇ ਇੰਪਲਾਇਜ਼ ਦੀ ਵੈਲਫੇਅਰ ਵਾਸਤੇ ਇਹ ਕੰਮ ਕੀਤਾ ਹੈ । ਸਪੀਕਰ ਸਾਹਿਬ, ਮੈਂ ਵੀ ਵੇਖਿਆ ਹੈ ਅੰਰ ਤੁਸੀਂ ਵੀ ਜਾਣਦੇ ਹੋ ਕਿ ਪਹਿਲਾਂ ਜਿਹੜੇ ਟੈਮਪ੍ਰੇਰੀ ਕਰਮਚਾਰੀ ਹੁੰਦੇ ਸਨ ਜਾਂ ਡੇਲੀ ਵੇਜਿਜ਼ ਤੇ ਹੁੰਦੇ ਸਨ ਉਹ ਵਿਚਾਰੇ ਹਾਈਕੋਰਟਾਂ ਦੇ ਵਿੱਚ, ਅਦਾਲਤਾਂ ਦੇ ਵਿੱਚ ਕੇਸ ਝਗੜਦੇ ਫਿਰਦੇ ਰਹਿੰਦੇ ਸਨ ਜਦ ਕਿ ਹਾਈਕੋਰਟ ਅੰਰ ਸੁਪਰੀਮ ਕੋਰਟ ਦੀ ਇਹ ਰੂਲਿੰਗ ਵੀ ਸੀ ਕਿ ਜਿਨ੍ਹਾਂ ਦੀ ਸਰਵਿਸ 240 ਦਿਨਾਂ ਦੀ ਹੋ ਜਾਵੇਗੀ ਉਨ੍ਹਾਂ ਨੂੰ ਰੈਗੂਲਰ ਕਰ ਦਿੱਤਾ ਜਾਵੇਗਾ ਪਰ ਇਸ ਨੂੰ ਕਿਸੇ ਨੇ ਅਮਲ ਵਿੱਚ ਨਹੀਂ ਲਿਆਂਦਾ । ਸਪੀਕਰ ਸਾਹਿਬ, ਇਹ ਸਾਡੀ ਸਰਕਾਰ ਹੈ ਜਿਸ ਨੇ ਇੰਪਲਾਇਜ਼ ਦੀ ਇਹ ਮੁਸ਼ਕਲ ਨੂੰ ਦੇਖਦੇ ਹੋਏ ਉਨ੍ਹਾਂ ਦੀ ਵੇਲਫੇਅਰ ਵਾਸਤੇ ਇਹ ਕਦਮ ਚੁੱਕਿਆ ਹੈ ਅੰਰ ਹਾਈਕੋਰਟ ਅੰਰ ਸੁਪਰੀਮ ਕੋਰਟ ਦੀ ਜੋ ਰੂਲਿੰਗ ਸੀ ਉਸ ਨੂੰ ਅਮਲੀ ਰੂਪ ਦਿੱਤਾ ਹੈ ਅੰਰ ਉਨ੍ਹਾਂ ਨੂੰ ਰੈਗੂਲਰ ਕਰ ਦਿਤਾ ਗਿਆ ਹੈ ।

ਸਰਕਾਰ ਬੜੀ ਸੁਚੇਤ ਹੈ ਅਤੇ ਸਾਡੇ ਇੰਪਲਾਈਜ਼ ਵੱਲ ਪੂਰਾ ਧਿਆਨ ਦੇ ਰਹੀ ਹੈ । ਸਪੀਕਰ ਸਾਹਿਬ, ਕਰਜ਼ਿਆਂ ਦੀ ਮੁਆਫੀ ਦੀ ਗੱਲ ਚੱਲੀ । ਪਹਿਲਾਂ ਕਾਰਪੋਰੇਸ਼ਨ ਦੇ ਕਰਜ਼ੇ ਮੁਆਫ ਕੀਤੇ ਗਏ ਸਨ ਜਿਹੜੇ ਕਿ 4 ਕਰੋੜ ਰੁਪਏ ਦੇ ਸਨ । ਪਰ ਹੁਣ ਤਕਰੀਬਨ 55.75 ਕਰੋੜ ਰੁਪਏ ਦੇ ਜਿਹੜੇ ਕਰਜ਼ੇ ਹਨ ਕੋ-ਆਪਰੇਟਿਵ ਦੇ, ਸਾਡੇ ਸੀ. ਐਮ. ਸਾਹਿਬ ਨੇ ਬੜੇ ਭਾਰੀ ਉਪਰਾਲੇ ਕਰਕੇ ਕਿਹਾ ਹੈ ਕਿ ਉਹ ਵੀ ਮੁਆਫ ਕੀਤੇ ਜਾਣਗੇ । ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਟਾਈਮ ਦਿੱਤਾ ਹੈ । ਸਾਡੀ ਸਰਕਾਰ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਥੱਲੇ ਬਹੁਤ ਹੀ ਅੱਗੇ ਵਧ ਰਹੀ ਹੈ ਇਕ ਕਰਿਸ਼ਮਾ ਦਿਖਾ ਰਹੀ ਹੈ । ਮੈਂ ਅੱਜ ਇਸ ਬੱਜਟ ਨਾਲ ਸਹਿਮਤੀ ਪ੍ਰਗਟ ਕਰਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਸ਼ਮਸ਼ੇਰ ਸਿੰਘ ਰਾਏ]

ਹੋਇਆ, ਜਿਥੇ ਸਾਰੇ ਪੰਜਾਬ ਦੇ ਲੋਕ ਇਸ ਬੱਜਟ ਨਾਲ ਖੁਸ਼ ਹਨ ਉਥੇ ਮੈਂ ਵੀ ਉਨ੍ਹਾਂ ਦੀ ਖੁਸ਼ੀ ਵਿੱਚ ਸ਼ਰੀਕ ਹੁੰਦਾ ਹੋਇਆ, ਇਸ ਦਾ ਪੁਰਜ਼ੋਰ ਸਮਰਥਨ ਕਰਦਾ ਹਾਂ । ਧੰਨਵਾਦ । ਜੈ ਹਿੰਦ ।

STATEMENT BY CHIEF MINISTER RE-VARIOUS ISSUES RAISED BY THE OPPOSITION

ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਮੈਂ ਇਸ ਡਿਬੇਟ ਦੇ ਅੰਦਰ ਇੰਟਰਵੀਨ ਕਰਾਂ ਕਿਉਂਕਿ ਡਿਬੇਟ ਉਤੇ ਸਾਡੀ ਪਾਰਟੀ ਵੱਲੋਂ ਬਹੁਤ ਚੰਗੇ ਸੁਝਾਓ ਆਉਂਦੇ ਰਹੇ ਹਨ, ਹੁਣ ਵੀ ਆਉਂਦੇ ਹਨ । ਲੇਕਿਨ ਅਪੋਜ਼ੀਸ਼ਨ ਇਸ ਬੱਜਟ ਬਾਰੇ ਸੀਰੀਅਸ ਨਹੀਂ । ਉਨ੍ਹਾਂ ਨੇ ਹਮੇਸ਼ਾ ਵਾਕ-ਆਊਟ ਕੀਤਾ ਅੱਰ ਅੱਜ ਵੀ ਜੋ ਇੰਸੀਡੈਂਟ ਹੋਇਆ ਹੈ, ਡਿਪਲੋਰਏਬਲ, ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਮਾਨਯੋਗ ਸਾਡੇ ਲੀਡਰ ਮਦਨ ਮੋਹਨ ਮਿੱਤਲ ਬੜੇ ਇਸ਼ੂ ਉਠਾਉਂਦੇ ਹਨ ਪਰ ਮੈਨੂੰ ਅਫਸੋਸ ਹੈ ਕਿ ਜਦੋਂ ਮੈਂ ਖੜ੍ਹਾ ਹੋ ਕੇ ਜਵਾਬ ਦੇਣ ਲਗਿਆ ਹਾਂ ਤਾਂ ਮਿੱਤਲ ਸਾਹਿਬ ਹਾਊਸ ਵਿਚੋਂ ਗੈਰ-ਹਾਜ਼ਰ ਹਨ । ਸੀ. ਪੀ.ਆਈ. ਦੇ ਮਾਨਯੋਗ ਮੈਂਬਰ ਸਾਹਿਬਾਨ, ਜਿਨ੍ਹਾਂ ਨੂੰ ਕਿ ਮੈਂ ਬੜੇ ਸੀਨੀਅਰ ਮੰਨਦਾ ਹਾਂ, ਹਮੇਸ਼ਾ ਪੁਆਇੰਟ ਆਫ ਆਰਡਰ ਕਰਦੇ ਹਨ ਜ਼ੀਰੋ ਅਵਰ ਵਿੱਚ ਉਹ ਜਿਸ ਤਰ੍ਹਾਂ ਸਾਡੇ ਪਾਰਲੀਮਾਨੀ ਸਿਸਟਮ ਵਿੱਚ ਪਰਾਪਰ ਤਰੀਕਾ ਨੈ ਉਸ ਦੇ ਅਨੁਕੂਲ ਨਹੀਂ ਹੁੰਦੇ । ਉਹ ਜਿਸ ਤਰ੍ਹਾਂ ਬੱਜਟ ਸਪੀਚ ਵਿੱਚ ਆਪਣੀਆਂ ਗੱਲਾਂ ਕਹਿਣਾ ਚਾਹੁੰਦੇ ਹਨ, ਉਸੇ ਤਰ੍ਹਾਂ ਜਿਗਰਾ ਵੀ ਹੋਣਾ ਚਾਹੀਦਾ ਹੈ ਕਿ ਦੂਸਰਿਆਂ ਦੀਆਂ ਗੱਲਾਂ ਵੀ ਸੁਣੀਆਂ ਜਾਣ । ਵਿਮਲਾ ਡਾਂਗ ਤੇ ਸਾਡੇ ਮਾਨਯੋਗ ਅਰਸ਼ੀ ਜੀ ਤੇ ਹੋਰ ਦੂਸਰੇ, ਮੈਂ ਜਦੋਂ ਗਵਰਨਰ ਐਡਰੈਸ ਤੇ ਬੋਲ ਰਿਹਾ ਸੀ, ਉਦੋਂ ਮੈਂ ਨਾਂ ਵੀ ਲਏ ਸੀ ਮੈਂਬਰਾਂ ਦੇ, ਦੋਨੋਂ ਗੈਰ-ਹਾਜ਼ਰ ਹਨ । ਪਰ ਜਦੋਂ ਰੋਲਾ-ਰੱਪਾ ਅਤੇ ਖੱਪ ਹੋਵੇ ਤਾਂ ਸਭ ਤੋਂ ਅੱਗੇ ਹੁੰਦੇ ਹਨ ਲੇਕਿਨ ਜਦੋਂ ਕੋਈ ਸੀਰੀਅਸ ਗੱਲ ਇਥੇ ਆਉਂਦੀ ਹੈ ਤਾਂ ਉਹ ਕੰਟਰੀਬਿਊਸ਼ਨ ਇਸ ਹਾਊਸ ਅੰਦਰ ਨਹੀਂ ਕਰਦੇ । ਪਾਰਲੀਮਾਨੀ ਡੈਮੋਕਰੇਸੀ ਵਿੱਚ ਅਪੋਜ਼ੀਸ਼ਨ ਦਾ ਬੜਾ ਕਾਰੀ ਰੋਲ ਹੁੰਦਾ ਹੈ । ਜੇ ਅਪੋਜ਼ੀਸ਼ਨ ਦੇ ਮੈਂਬਰ ਇਸੇ ਤਰ੍ਹਾਂ ਬੀਹੇਵ ਕਰਦੇ ਰਹੇ ਜਿਸ ਤਰ੍ਹਾਂ ਅੱਜ ਹੋ ਰਿਹਾ ਹੈ ਤਾਂ ਫਿਰ ਡੈਮੋਕਰੇਸੀ ਦਾ ਜਿਹੜਾ ਰੋਲ ਹੈ, ਓਹ ਸ਼ਾਇਦ ਅਸੀਂ ਪੂਰਾ ਨਹੀਂ ਕਰ ਸਕਾਂਗੇ । ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੰਦਾ ਹਾਂ ਕਿ ਸਾਡੇ ਕਾਬਲ ਫਾਈਨੈਂਸ ਮਨਿਸਟਰ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਇਸ ਹਾਊਸ ਅੰਦਰ ਜੋ ਬੱਜਟ ਪੇਸ਼ ਕੀਤਾ ਹੈ, ਇਹ ਐਸਾ ਬੱਜਟ ਹੈ ਕਿ ਇਨਾਂ ਸਾਲਾਂ ਦੇ ਅੰਦਰ ਸ਼ਾਇਦ ਹੀ ਅਜਿਹਾ ਕੋਈ ਬੱਜਟ ਰੱਖਿਆ ਗਿਆ ਹੋਵੇ (ਥੰਪਿੰਗ) ਇਸ ਦੀ ਸਰਾਹਨਾ ਬੜੀ ਹੋਈ ਹੈ । ਹਿੰਦ ਸਮਾਚਾਰ ਗਰੁੱਪ ਜਿਹੜਾ ਕਿ ਬੜੀ ਵਰਨਾਕੁਲਰ ਆਰਗੇਨਾਈਜੇਸ਼ਨ ਹੈ, ਉਸ ਨੇ ਵੀ ਆਪਣੇ ਐਡੀਟੋਰੀਅਲ ਵਿੱਚ ਸਾਡੇ ਬੱਜਟ ਦੀ ਸਰਾਹਨਾ ਕੀਤੀ ਹੈ । ਕੱਲ ਦੀ ਟ੍ਰਿਬਿਊਨ ਵਿੱਚ ਵੀ ਇਹ ਗੱਲ ਆਈ ਹੈ ਕਿ ਇੰਪਲਾਈਜ਼ ਦੇ ਵਾਸਤੇ, ਵੂਮੈਨ ਦੇ

Original with;
Punjab Vidhan Sabha
Digitized by;
Panjab Digital Library

ਵਾਸਤੇ, ਹੈਂਡੀ-ਕੈਪਡ ਲੋਕਾਂ ਵਾਸਤੇ ਇਸ ਬੱਜਟ ਵਿੱਚ ਬਹੁਤ ਕੁਝ ਪ੍ਰੋਵਾਈਡਡ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਕੋਈ ਸ਼ੋਸ਼ਲਿਸਟ ਸਰਕਾਰ ਹੈ ਜੋ ਲੋਕਾਂ ਦੀ ਖਾਤਰ ਕੰਮ ਕਰਦੀ ਹੈ ਤਾਂ ਉਹ ਸਰਕਾਰ ਉਹੋ ਹੈ, ਜਿਹੜੀ 1992 ਵਿੱਚ ਆਈ ਹੈ । ਇਸ ਦੇ ਮੁਕਾਬਲੇ ਦੂਜੀਆਂ ਸਰਕਾਰਾਂ ਕਦੇ ਵੀ ਨਹੀਂ ਆਈਆਂ (ਥੰਪਿੰਗ) । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਮਾਨਯੋਗ ਮੈਂਬਰ ਸਰਦਾਰ ਸਮਸ਼ੇਰ ਸਿੰਘ ਰਾਏ ਜਦੋਂ ਸਾਡੇ ਬੈਂਚਿਜ਼ ਤੋਂ ਬੋਲ ਰਹੇ ਸਨ ਤਾਂ ਉਨ੍ਹਾਂ ਨੇ ਇਹ ਗੱਲ ਆਖੀ ਸੀ ਕਿ ਸਮਾਜ ਦੀਆਂ ਸ਼ਰੇਣੀਆਂ ਨੂੰ ਪੰਜ ਹਿੱਸਿਆਂ ਵਿੱਚ ਤਕਸੀਮ ਕਰਦੇ ਹਾਂ । ਇਨ੍ਹਾਂ ਨੇ ਇਹੋ ਗੱਲ ਆਖੀ ਹੈ ਅੱਤ ਮੈਂ ਧੰਨਵਾਦੀ ਹਾਂ ਕਿ ਸਾਡੇ ਮੈਂਬਰ ਰਿਲਾਈਜ਼ ਕਰਦੇ ਹਨ ਕਿ ਸਾਡੀ ਸਰਕਾਰ ਇਨ੍ਹਾਂ ਸ਼ਰੇਣੀਆਂ ਵਾਸਤੇ ਕੁਝ ਨਾ ਕੁਝ ਕਰਨਾ ਚਾਹੁੰਦੀ ਹੈ । ਪਹਿਲੀ ਸ਼ਰੇਣੀ ਵਿੱਚ ਇੰਡਸਟਰੀ ਵਾਲੇ ਹਨ । ਸਪੀਕਰ ਸਾਹਿਬ, ਮੈਂ ਇਹ ਗੱਲ ਆਖੀ ਸੀ ਕਿ ਜਦੋਂ ਅਸੀਂ 1992 ਵਿੱਚ ਆਏ ਤਾ ਇੰਡਸਟਰੀ ਸਟੈਂਡ ਸਟਿਲ ਸੀ । ਦੂਸਰੀ ਕਲਾਸ ਸਾਡੀ ਕਿਸਾਨਾਂ ਦੀ ਹੈ ਜਿਹੜੇ ਆਪਣਾ ਪਸੀਨਾ ਡੋਲ ਕੇ ਇਸ ਮੁਲਕ ਦੀ ਖਾਤਰ ਮਿਹਨਤ ਕਰਦੇ ਹਨ ਅੱਤ ਇਸ ਗੱਲ ਦਾ ਮਾਣ ਹਾਸਲ ਹੈ ਕਿ ਕਿੰਨੀ ਵੱਡੀ ਕੰਟਰੀਬਿਊਸ਼ਨ ਹਿੰਦੁਸਤਾਨ ਦੇ ਸੈਂਟਰਲ ਪੂਲ ਵਿੱਚ ਉਨ੍ਹਾਂ ਵੱਲੋਂ ਜਾਂਦੀ ਹੈ । ਤੀਸਰੀ ਸ਼ਰੇਣੀ ਸ਼ਡਿਊਲਡ ਕਾਸਟਾਂ ਦੀ ਹੈ । ਸਾਡੇ ਮਾਨਯੋਗ ਮੈਂਬਰ ਸਹਿਬਾਨ ਅਜੇ ਆਏ ਨਹੀਂ । ਇਨ੍ਹਾਂ ਨੇ ਸਾਨੂੰ ਆਦਤ ਹੀ ਪਾ ਦਿੱਤੀ ਹੈ ਕਿ ਇਨ੍ਹਾਂ ਨੂੰ ਸ਼ਡਿਊਲਡ ਕਾਸਟ ਕਿਹਾ ਕਰੀਏ । ਅਸੀਂ ਹਰੀਜਨ ਕਹਿੰਦੇ ਸੀ ਲੇਕਿਨ ਇਨ੍ਹਾਂ ਨੇ ਸ਼ਡਿਊਲਡ ਕਾਸਟ ਕਰ ਦਿੱਤਾ । ਮੈਂ ਕਿਸੀ ਕੰਟਰੋਵਰਸੀ ਵਿੱਚ ਨਹੀਂ ਪੈਣਾ ਚਾਹੁੰਦਾ । 'ਹਰੀਜਨ' ਨਾਂ ਮਹਾਤਮਾ ਗਾਂਧੀ ਜੀ ਨੇ ਇਸ ਸ਼ਰੇਣੀ ਨੂੰ ਦਿੱਤਾ ਕਿਉਂਕਿ ਹਰੀਜਨ ਉਹ ਹੁੰਦੇ ਹਨ, ਜਿਹੜਾ ਹਰੀਦਾ ਪਿਆਰਾ ਹੋਵੇ । ਇਹ ਕੋਈ ਮਾੜੀ ਗੱਲ ਨਹੀਂ ਪਰ ਇੱਥੇ ਇਹ ਅੰਗਰੇਜ਼ੀ ਦਾ ਲਫਜ਼ ਲਿਆਂਦਾ ਗਿਆ । ਇਹ ਅੰਗਰੇਜ਼ੀ ਦਾ ਲਫਜ਼ ਹੈ । ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਜੇ ਸ਼ਡਿਊਲਡ ਕਾਸਟ ਕਿਹਾ ਜਾਵੇ ਤਾਂ ਸਾਡੇ ਮਾਨਯੋਗ ਮੈਂਬਰ ਸਾਹਿਬਾਨ ਖੁਸ਼ ਹੁੰਦੇ ਹਨ ਲੇਕਿਨ ਜੇਕਰ ਹਰੀਜਨ ਕਹਿ ਦਿੱਤਾ ਜਾਵੇ ਤਾਂ ਫਿਰ ਗੁੱਸਾ ਕਰਦੇ ਹਨ । ਮੈਂ ਬੇਨਤੀ ਕਰਦਾ ਹਾਂ ਕਿ ਕੋਈ ਵੀ ਲਫਜ਼ ਕਿਹਾ ਜਾਵੇ । ਸਾਨੂੰ ਇਨ੍ਹਾਂ ਲਫਜ਼ਾਂ ਵਿੱਚ ਨਹੀਂ ਪੈਣਾ ਚਾਹੀਦਾ ਲੇਕਿਨ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਨ੍ਹਾਂ ਸ਼ਰੇਣੀਆਂ ਵਾਸਤੇ ਕੁਝ ਕਰੀਏ । ਚੌਥੀ ਸ਼ਰੇਣੀ ਇੰਪਲਾਈਜ਼ ਦੀ ਹੈ । ਆਮ ਤੌਰ ਤੇ ਕਿਹਾ ਜਾਂਦਾ ਹੈ ਅੱਤ ਮੈਂ ਵੀ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇੰਪਲਾਈਜ਼ ਸਟੇਟ ਦੀ ਰੀੜ ਦੀ ਹੱਡੀ ਹੁੰਦੇ ਹਨ । ਜੇ ਅਸੀਂ ਇਨ੍ਹਾਂ ਦੀ ਖਾਤਰ ਕੁਝ ਨਾ ਕਰੀਏ ਤਾਂ ਫਿਰ ਮਨ ਵਿੱਚ ਇਹ ਗੱਲ ਆਉਂਦੀ ਹੈ ਕਿ ਜੋ ਸਾਡੇ ਮੁਲਾਜ਼ਮ ਹੀ ਸਾਡੇ ਉਤੇ ਖੁਸ਼ ਨਹੀਂ ਤਾਂ ਫਿਰ ਅਸੀਂ ਆਖਰਕਾਰ ਕਿਨ੍ਹਾਂ ਲੋਕਾਂ ਵਾਸਤੇ ਕੰਮ ਕਰਦੇ ਹੋਵਾਂਗੇ ? ਪੰਜਵੀਂ ਕਲਾਸ ਲੇਬਰ ਦੀ ਹੈ ਜੋ ਸਾਡਾ ਕੰਮ ਕਰਦੀ ਹੈ । ਸਾਡੇ ਕਾਰਖਾਨਿਆਂ ਵਿੱਚ ਕੰਮ ਕਰਦੀ ਹੈ, ਸੜਕਾਂ ਉਤੇ ਲੇਬਰ ਕੰਮ ਕਰਦੀ ਹੈ ਅੱਤ ਸਾਡੀਆਂ ਹੋਰ ਸੰਸਥਾਵਾ ਜਿਵੇਂ ਖੇਤੀ ਵਿੱਚ ਵੀ ਲੇਬਰ ਕੰਮ ਕਰਦੀ ਹੈ । ਇਹ ਪੰਜ ਸ਼ਰੇਣੀਆਂ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਬੱਜਟ ਵਿੱਚ ਅੱਤ ਪਿਛਲੇ ਤਿੰਨ ਸਾਲਾਂ ਵਿੱਚ ਇਨ੍ਹਾਂ ਸ਼ਰੇਣੀਆਂ ਵਾਸਤੇ ਕਾਫੀ ਖਿਆਲ ਰੱਖਿਆ ਗਿਆ ਹੈ

Original with;
Punjab Vidhan Sabha
Digitized by
Panjab Digital Library

(ਮੁੱਖ ਮੰਤਰੀ)

ਅਤੇ ਇਨ੍ਹਾਂ ਵਾਸਤੇ ਕੁਝ ਨਾ ਕੁਝ ਕੀਤਾ ਹੈ (ਥੰਪਿਗ) । ਮੈਂ ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀ ਦੀ ਜੇ ਗੱਲ ਕਰੀਏ ਤਾਂ ਬਜਟ ਵਿੱਚ ਉਨ੍ਹਾਂ ਨੂੰ ਕਾਫੀ ਕੁਝ ਦਿੱਤਾ ਗਿਆ ਹੈ ਅਤੇ ਸਪੀਚ ਵਿਚ ਜੋ ਛੋਟਾਂ ਦਿੱਤੀਆਂ ਗਈਆਂ ਹਨ, ਮੈਂ ਉਸ ਦਾ ਜ਼ਿਕਰ ਨਹੀਂ ਕਰਨਾ ਚਾਹੁੰਦਾ । ਮਾਣ ਐਫ. ਐਸ ਸਾਹਿਬ ਨੇ ਆਪਣੀ ਸਪੀਚ ਵਿੱਚ ਜੋ ਕਿਹਾ ਹੈ ਅਤੇ ਕੱਲ੍ਹ ਜਵਾਬ ਵੀ ਦੇਣਗੇ ਤਾਂ ਇੱਕ ਇੱਕ ਨੁਕਤੇ ਤੇ ਬੋਲਣਗੇ ਕਿ ਅਸੀਂ ਇਨ੍ਹਾਂ ਨੂੰ ਰਾਹਤ ਦਿੱਤੀ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿੰਨੇ ਹੀ ਲੋਕ ਟਰੱਕਾਂ ਦੇ ਟਰੱਕ ਭਰ ਕੇ ਇੱਥੇ ਧੰਨਵਾਦ ਕਰਨ ਵਾਸਤੇ ਆਏ ਅਤੇ ਕਿੰਨੀਆਂ ਹੀ ਅਖਬਾਰਾਂ ਵਿਚ ਖਬਰਾਂ ਲੱਗੀਆਂ । ਅਖਬਾਰਾਂ ਵਿੱਚ ਇਸ ਦੀ ਚਰਚਾ ਹੋਈ । ਇਸ ਵਾਸਤੇ ਕੁਝ ਕੀਤਾ ਗਿਆ ਹੈ । ਜੇ ਕਿਸਾਨਾਂ ਦੀ ਮੈਂ ਗੱਲ ਕਰਾਂ ਤਾਂ ਉਨ੍ਹਾਂ ਨੂੰ ਵੀ ਬੜੀ ਭਾਰੀ ਸਬਸਿਡੀ ਅਸੀਂ ਦਿੰਦੇ ਹਾਂ । ਹਿਡਨ ਸਬਸਿਡੀ ਵੀ ਹੈ ਅਤੇ ਓਪਨ ਸਬਸਿਡੀ ਵੀ ਹੈ । ਫਰਟੇਲਾਈਜਰ ਤੇ ਸਬਸਿਡੀ ਦਿੰਦੇ ਹਾਂ, ਜ਼ਿਪਸਮ ਤੇ ਸਬਸਿਡੀ ਦਿੰਦੇ ਹਾਂ ਅਤੇ ਕੋਆਪ੍ਰੇਟਿਵ ਤੇ ਸਬਸਿਡੀ ਦਿੰਦੇ ਹਾਂ । 41 ਕਰੋੜ ਰੁਪਏ ਦੀ ਸਬਸਿਡੀ ਅਸੀਂ ਇਸ ਸਾਲ ਡੀਪ ਟਿਊਬਵੈਲ ਤੇ ਦਿੱਤੀ ਸੀ । (ਥੰਪਿਗ) ਡੀਪ ਟਿਊਬਵੈਲਾਂ ਉਤੇ ਸਬਸਿਡੀ ਦਿੱਤੀ ਹੈ ਅਤੇ ਸਪੀਕਰ ਸਾਹਿਬ ਤੁਸੀਂ ਵੀ ਇਸ ਗੱਲ ਨੂੰ ਭਲੀਭਾਂਤ ਜਾਣਦੇ ਹੋ ਕਿ ਜੋ ਸੈਂਟਰ ਨੇ ਬੱਜਟ ਪੇਸ਼ ਕੀਤਾ, ਡਾਕਟਰ ਮਨਮੋਹਨ ਸਿੰਘ ਨੇ ਪੇਸ਼ ਕੀਤਾ, ਆਖਰਕਾਰ ਉਥੇ ਵੀ ਸਾਡੀ ਸਰਕਾਰ ਹੈ, ਇਹ ਕਾਂਗਰਸ ਪਾਰਟੀ ਨੂੰ ਮਾਣ ਜਾਂਦਾ ਹੈ । ਜਦੋਂ ਵੀ ਕਾਂਗਰਸ ਪਾਰਟੀ ਆਈ ਤਾਂ ਉਨ੍ਹਾਂ ਨੇ ਲੋਕਾਂ ਦੀ ਨਬਜ਼ ਉਤੇ ਹੱਥ ਰੱਖਿਆ, ਉਨ੍ਹਾਂ ਨੇ ਗਰੀਬਾਂ ਦੀ ਨਬਜ਼ ਉਤੇ ਹੱਥ ਰੱਖਿਆ, ਕਾਂਗਰਸ ਪਾਰਟੀ ਨੇ ਕਿਸਾਨਾਂ ਦੀ ਨਬਜ਼ ਉਤੇ ਹੱਥ ਰੱਖਿਆ । (ਥੰਪਿਗ) ਅਤੇ 59 ਕਰੋੜ ਰੁਪਏ ਦੀ ਸਬਸਿਡੀ ਉਨ੍ਹਾਂ ਨੇ ਦਿੱਤੀ । ਜਿਸ ਦੇ ਅੰਦਰ ਬਹੁਤ ਭਾਰੀ ਹਿੱਸਾ ਪੰਜਾਬ ਦਾ ਹੈ ਕਿਉਂਕਿ ਇਥੇ ਫਰਟੇਲਾਈਜ਼ਰ ਜ਼ਿਆਦਾ ਇਸਤੇਮਾਲ ਹੁੰਦੀ ਹੈ । ਅਤੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਿਸਾਨਾਂ ਦੇ ਭਾਅ ਬਾਰੇ ਤਾਂ ਕਈ ਵਾਰ ਆਖਿਆ ਲੇਕਿਨ ਬਾਰ ਬਾਰ ਉਹ ਗੱਲ ਰਿਪੀਟ ਨਹੀਂ ਕਰਨਾ ਚਾਹੁੰਦਾ, ਬੜੇ ਪੈਸੇ ਮਿਲੇ ਹਨ । ਲੇਕਿਨ ਇੱਕ ਗੱਲ ਮੈਂ ਜ਼ਰੂਰ ਇਥੇ ਕਹਿਣੀ ਚਾਹਾਂਗਾ ਕਿ ਕਈ ਜਗ੍ਹਾ ਦੇ ਉਤੇ ਕਿਸਾਨੀ ਦਾ ਨਾਂ ਲੈ ਕੇ ਸਾਡੀਆਂ ਕਈ ਪੋਲੀਟੀਕਲ ਪਾਰਟੀਆਂ ਉਨ੍ਹਾਂ ਲੋਕਾਂ ਨੂੰ ਵਰਗਲਾ ਰਹੀਆਂ ਹਨ । 20 ਜਨਵਰੀ ਨੂੰ ਮੈਂ ਬਠਿੰਡੇ ਗਿਆ । ਬਠਿੰਡਾ ਇੱਕ ਐਡਵਾਂਸ ਜ਼ਿਲ੍ਹਾ ਹੈ ਕਾਟਨ ਦੇ ਅੰਦਰ ਅਤੇ ਉਥੇ ਇੱਕ ਵਾਸਤੇ ਕਿਸਾਨਾਂ ਦਾ ਵਫਦ ਸਾਨੂੰ ਮਿਲਿਆ ਜਿਨ੍ਹਾਂ ਨੇ ਇਹ ਗੱਲ ਆਖੀ ਸੀ ਕਿ ਜਿੰਨੇ ਕਿਸਾਨਾਂ ਵਾਸਤੇ ਇਸ ਸਰਕਾਰ ਨੇ ਕੰਮ ਕੀਤੇ ਹਨ ਉਨੇਂ ਹੋਰ ਕਿਸੇ ਸਰਕਾਰ ਨੇ ਨਹੀਂ ਕੀਤੇ । (ਥੰਪਿਗ) ਮੈਂ ਪਹਿਲਾਂ ਵੀ ਇਹ ਗੱਲ ਆਖੀ ਸੀ ਅਤੇ ਹੁਣ ਫਿਰ ਰਿਪੀਟ ਕਰਨੀ ਚਾਹੁੰਦਾ ਹਾਂ ਕਿ ਜੇ ਕਿਸੇ ਨੂੰ ਖੁਸ਼ਹਾਲ ਵੇਖਣਾ ਹੋਵੇ ਤਾਂ ਉਸ ਦੀ ਖੁਸ਼ਹਾਲੀ ਉਸ ਦੇ ਘਰ ਤੋਂ ਪਤਾ ਲਗਦੀ ਹੈ ਅਤੇ ਉਸ ਦੀ ਖੁਸ਼ਹਾਲੀ ਪਿੰਡਾਂ ਦੀ ਨਿਆਈਂ ਤੋਂ ਪਤਾ ਲਗਦੀ ਹੈ । ਤੁਸੀਂ ਅੱਜ ਪਿੰਡਾਂ ਅੰਦਰ ਜਾਵੋ, ਸਪੀਕਰ ਸਾਹਿਬ, ਤੁਸੀਂ ਵੀ ਪਿੰਡਾਂ ਦੇ ਅੰਦਰ ਜਾਂਦੇ ਰਹਿੰਦੇ ਹੋ ਅਤੇ ਤੁਸੀਂ ਦੇਖਦੇ ਹੋ ਕਿ ਪਿੰਡਾਂ ਅੰਦਰ ਅੱਜ ਵੱਡੀਆਂ-ਵੱਡੀਆਂ ਕੋਠੀਆਂ ਬਣ ਰਹੀਆਂ ਹਨ । ਅੱਜ ਲੋਕਾਂ ਦਾ ਸਟੈਂਡਰਡ ਉਚਾ ਹੋਇਆ ਹੈ । ਇਥੇ ਸਵਾਲ ਚੱਲਿਆ ਕਿ ਲਾਲ ਲਕੀਰ ਵਧਾਉਣੀ ਚਾਹੀਦੀ ਹੈ । ਲਾਲ ਲਕੀਰ ਨੂੰ ਮਾਨਯੋਗ ਮੈਂਬਰ ਸਾਹਿਬਾਨ ਵੇਖ-

Original with;
Punjab Vidhan Sabha
Digitized by;
Panjab Digital Library

ਉਣਾ ਚਾਹੁੰਦੇ ਹਨ ਕਿਉਂਕਿ ਪਿੰਡਾਂ ਦੀ ਫਿਰਨੀ ਤੋਂ ਬਾਹਰ ਬੜੇ ਮਕਾਨ ਬਣੇ ਹਨ। ਮੈਂ ਹੈਰਾਨ ਹਾਂ ਇਸ ਗੱਲ ਉਤੇ ਕਿ ਅੱਜ ਲੋਕਾਂ ਦੇ ਰਹਿਣ ਸਹਿਣ ਵਿਚ ਕਿੰਨੀ ਤਰੱਕੀ ਹੋ ਗਈ ਹੈ। ਲੋਕ ਅੱਜ ਸਕੂਟਰਾਂ ਉਤੇ ਘੁੰਮਦੇ ਹਨ। ਮੈਂ ਕਿਸਾਨੀ ਦੀ ਗੱਲ ਕਰ ਰਿਹਾ ਹਾਂ ਕਿਉਂਕਿ ਮੈਂ ਆਪ ਕਿਸਾਨ ਹਾਂ। ਸਪੀਕਰ ਸਾਹਿਬ, ਮੈਨੂੰ ਉਹ ਦਿਨ ਯਾਦ ਹਨ ਜਦੋਂ ਸਾਡੀਆਂ ਬੀਬੀਆਂ-ਭੈਣਾਂ ਸਾਡੀਆਂ ਘਰ-ਵਾਲੀਆਂ ਰੋਟੀ ਸਿਰਾਂ ਤੇ ਚੁੱਕ ਕੇ ਲੈ ਜਾਂਦੀਆਂ ਸਨ, ਉਨ੍ਹਾਂ ਲਈ, ਜੋ ਬਾਹਰ ਖੇਤਾਂ ਵਿਚ ਹਲ ਵਾਹੁੰਦੇ ਹੁੰਦੇ ਸੀ ਉਦੋਂ ਹਲ ਹੀ ਵਾਹੁਦੇ ਸਨ ਲੇਕਿਨ ਅੱਜ ਰੋਟੀ ਲੈਕੇ ਕੋਈ ਨਹੀਂ ਜਾਂਦਾ। ਅੱਜ ਹਲ ਸਾਰਾ-ਸਾਰਾ ਦਿਨ ਨਹੀਂ ਚਲਦੇ। ਅੱਜ ਟਰੈਕਟਰ ਨਾਲ ਜ਼ਮੀਨ ਵਾਹੁੰਦੇ ਹਨ ਔਰ ਰੋਟੀ ਘਰ ਆ ਕੇ ਖਾ ਜਾਂਦੇ ਹਨ। ਅਗਰ ਰੋਟੀ ਲੈ ਕੇ ਜਾਣੀ ਹੈ ਤਾ ਸਕੂਟਰ ਤੇ ਲੈ ਕੇ ਜਾਂਦੇ ਹਨ। ਮੈਂ, ਸਪੀਕਰ ਸਾਹਿਬ, ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਅੱਜ ਗੱਲ ਸਕੂਟਰਾਂ ਦੀ ਚਲੀ ਹੈ। ਅੱਜ ਸਕੂਟਰਾਂ ਦਾ ਜ਼ਮਾਨਾ ਹੈ, ਸਾਈਕਲਾਂ ਦਾ ਨਹੀਂ। ਅੱਜ ਪਿੰਡਾਂ ਤੇ ਸ਼ਹਿਰਾਂ ਵਿਚ ਸਕੂਟਰ ਘੂਕਦੇ ਫਿਰਦੇ ਹਨ। ਅਸੀਂ ਉਸ ਦਾ ਸੇਲ ਟੈਕਸ ਘਟਾਇਆ ਹੈ ਪਹਿਲਾਂ 9 ਪੁਆਇੰਟ ਕੁ ਸੀ ਅੱਜ ਘਟਾ ਕੇ ਸਪੀਕਰ ਸਾਹਿਬ 3 ਕਰ ਦਿੱਤਾ ਹੈ। (ਬੰਪਿੰਗ) ਔਰ 3 ਨਾਲ ਅੱਜ ਮੈਨੂੰ ਦੱਸਿਆ ਗਿਆ ਕਿ ਸਕੂਟਰ ਜ਼ਿਆਦਾ ਵਿਕਣ ਲੱਗ ਗਏ ਹਨ। ਅੱਗੇ ਸਕੂਟਰ ਵਿਕਦਾ ਸੀ ਪਟਿਆਲੇ ਦੇ ਅੰਦਰ ਲੇਕਿਨ ਫ਼ਿੱਲ ਬਣਦਾ ਸੀ ਚੰਡੀਗੜ੍ਹ ਦੇ ਅੰਦਰ ਇਸ ਤਰ੍ਹਾਂ ਟੈਕਸ ਦੀ ਚੋਰੀ ਹੋ ਜਾਂਦੀ ਸੀ। ਮੈਨੂੰ ਬੜਾ ਭਾਰੀ ਯਕੀਨ ਹੈ ਕਿ ਜੋ ਟੈਕਸ ਘਟਾਏ ਹਨ ਇਸ ਨਾਲ ਸਾਡੇ ਰੈਵਨਿਊ ਦੀ ਆਮਦਨ ਘਟਦੀ ਨਹੀਂ, ਅਸੀਂ ਰੈਵਨਿਊ ਦੀ ਆਮਦਨ ਉਵੇਂ ਹੀ ਰਖਾਂਗੇ ਜਿਵੇਂ ਪਹਿਲਾਂ ਸੀ ਔਰ ਉਸ ਨਾਲ ਡਿਵੈਲਪਮੈਂਟ ਦਾ ਕੰਮ ਚਲੇਗਾ। ਸੋ, ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਤੀਸਰੀ ਸ਼ੁਣੀ ਜਿਹੜੇ ਸਾਡੇ ਹਰੀਜਨ ਭਰਾਵਾਂ ਦੀ ਹੈ। ਮੈਨੂੰ ਹਰੀਜਨ ਨਾਂ ਇਸ ਕਰਕੇ ਚੰਗਾ ਲਗਦਾ ਹੈ ਕਿਉਂਕਿ ਮਹਾਤਮਾ ਗਾਂਧੀ ਨੇ ਕਿਹਾ ਸੀ, ਅੱਜ ਇਨ੍ਹਾਂ ਨੂੰ ਗੁੱਸਾ ਲਗਦਾ ਹੈ ਅਗਰ ਇਹ ਬੈਠੇ ਹੁੰਦੇ ਤਾਂ ਮੈਂ ਸ਼ਡਿਊਲਡ ਕਾਸਟ ਕਹਿ ਦਿੰਦਾ। 2-4 ਦਿਨਾਂ ਦੀ ਗੱਲ ਹੈ ਮਾਇਆਵਤੀ ਨੇ ਅਤੇ ਕਈ ਹੋਰ ਲੀਡਰਾਂ ਨੇ ਮਹਾਤਮਾ ਗਾਂਧੀ ਨੂੰ ਯੂ. ਪੀ. ਵਿਚ ਰੱਜਕੇ ਗਾਲਾਂ ਕੱਢੀਆਂ। ਬੇਨਤੀ ਕਰਨਾ ਚਾਹੁੰਦਾ ਹਾਂ ਕਿ ਆਖਿਰਕਾਰ ਉਹ ਮਹਾਤਮਾ ਗਾਂਧੀ, ਉਹ ਰਾਸ਼ਟਰ ਪਿਤਾ ਜਿਨ੍ਹਾਂ ਨੇ ਸਿੰਗਲ ਹੈਂਡਿਡ ਸਾਰੇ ਹਿੰਦੁਸਤਾਨ ਨੂੰ ਆਜ਼ਾਦੀ ਲਿਆ ਕੇ ਦਿੱਤੀ ਉਨ੍ਹਾਂ ਦੇ ਖ਼ਿਲਾਫ਼ ਬੋਲਣਾ ਕੀ ਜ਼ੇਬ ਦਿੰਦਾ ਹੈ ? ਸੋ ਮੈਂ ਇਸ ਗੱਲ ਨੂੰ ਛੱਡਦਾ ਹਾਂ, ਆਪਣੀ-2 ਮਰਜ਼ੀ ਹੈ। ਲੇਕਿਨ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟਸ ਵਾਸਤੇ, ਹਰੀਜਨਾਂ ਵਾਸਤੇ ਸਾਡੀ ਸਰਕਾਰ ਨੇ, ਮੈਂ ਕਲੇਮ ਨਹੀਂ ਕਰਦਾ ਕਿ ਬਹੁਤ ਕੁਝ ਕੀਤਾ ਹੈ ਮੈਂ ਇਹ ਸਮਝਦਾ ਹਾਂ ਕਿ ਆਪਣੀ ਇਤਨੀ ਲੰਮੀ ਪੋਲੀਟੀਕਲ ਲਾਈਫ ਵਿਚ ਮੈਂ ਇਹ ਮਹਿਸੂਸ ਕੀਤਾ ਹੈ ਕਿ ਉਹ ਬਰਾਬਰੀ ਜਿਹੜੀ ਅਸੀਂ ਚਾਹੁੰਦੇ ਹਾਂ ਕਿ ਉਹ ਸਾਡੇ ਬਰਾਬਰ ਆਉਣ, ਅਸੀਂ ਉਨ੍ਹਾਂ ਨੂੰ ਬਰਾਬਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। (ਬੰਪਿੰਗ) ਅਸੀਂ ਉਨ੍ਹਾਂ ਵਾਸਤੇ ਕੁਝ ਨਾ ਕੁਝ ਕੀਤਾ ਹੈ। ਅਸੀਂ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਦੇ ਕਰਜ਼ੇ ਮਾਫ ਕਰੀਏ। ਬੜੀ ਚਰਚਾ ਇਸ ਗੱਲ ਦੀ ਹੁੰਦੀ ਰਹੀ ਅੱਜ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੈਂਬਰ ਸਾਹਿਬਾਨ ਨੇ ਬੜਾ ਖੁੱਲ੍ਹ ਕੇ ਦੱਸਿਆ ਹੈ ਕਿ ਕਿਸ ਤਰੀਕੇ ਨਾਲ ਅਸੀਂ ਕਰਜ਼ੇ ਮਆਫ ਕੀਤੇ ਤੇ ਕਿਸ ਤਰੀਕੇ ਨਾਲ ਅਸੀਂ ਧਰਮਸ਼ਾਲਾਵਾਂ ਬਣਵਾਈਆਂ, ਕਿਸ ਤਰੀਕੇ ਨਾਲ ਇਨਵਾਇਰ-

Original with;
Punjab Vidhan Sabha
Digitized by;

[ਮੁੱਖ ਮੰਤਰੀ]

ਮੈਂਟਲ ਸਕੀਮਾਂ ਚਾਲੂ ਕੀਤੀਆਂ, ਕਿਸ ਤਰੀਕੇ ਨਾਲ ਅਸੀਂ ਪੈਨਸ਼ਨਾਂ ਵਧਾਈਆਂ ਅੰਰ ਜਵਾਹਰ ਰੋਜ਼ਗਾਰ ਸਕੀਮ ਅੰਰ ਇੰਦਰਾ ਆਵਾਸ ਯੋਜਨਾ ਸਕੀਮ ਹੇਠ ਉਨ੍ਹਾਂ ਨੂੰ ਮਕਾਨ ਬਣਾ ਕੇ ਦਿੱਤੇ ਜਿਨ੍ਹਾਂ ਦਾ ਵੇਰਵਾ ਵੀ ਇਕੇ ਦਸਿਆ ਗਿਆ ਹੈ। ਮੈਂ ਇਹ ਗੱਲ ਦਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਦੇ ਮਨ ਵਿਚ ਹੈ ਕਿ ਕਿਸ ਤਰ੍ਹਾਂ ਇਨ੍ਹਾਂ ਨੂੰ ਬਰਾਬਰ ਖੜਾ ਕਰਨਾ ਹੈ ਅੰਰ ਅਸੀਂ ਮਹਿਸੂਸ ਕਰਦੇ ਹਾਂ ਕਿ ਉਹ ਸਾਡੇ ਬਰਾਬਰ ਹੁਣ ਖੜ੍ਹੇ ਹਨ। (ਬੰਪਿਗ)

ਇੰਪਲਾਈਜ਼ ਦੇ ਵਾਸਤੇ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾ ਕਿ ਪੰਜਾਬ ਗੌਰਮਿੰਟ ਦ ਇੰਪਲਾਈਜ਼ ਦੀ ਤਨਖਾਹ ਸਾਰੀਆਂ ਸਟੇਟਾਂ ਨਾਲੋਂ ਜ਼ਿਆਦਾ ਹੈ, ਤੁਸੀਂ ਟਾਕਰਾ ਕਰਕੇ ਦੇਖ ਲਓ। ਸੈਂਟਰ ਦੇ ਮੁਲਾਜ਼ਮਾਂ ਦੀ ਜੋ ਤਨਖਾਹ ਹੈ ਉਸ ਨਾਲੋਂ ਵੀ ਜ਼ਿਆਦਾ ਹੈ। ਇਨ੍ਹਾਂ ਨੂੰ ਇੰਨਟੈਰਿਮ ਰਿਲੀਫ ਵੀ ਅਸੀਂ ਦਿੱਤਾ ਹੈ ਅੰਤ ਫੋਰਥ ਪੇਅ ਕਮਿਸ਼ਨ ਬਿਠਾਇਆ ਹੈ ਅੰਰ ਉਹ ਫੋਰਥ ਪੇਅ ਕਮਿਸ਼ਨ ਆਪਣਾ ਕੰਮ ਕਰ ਰਿਹਾ ਹੈ। ਉਸ ਨੇ ਆਪਣੀ ਰਿਪੋਰਟ ਦੇਣੀ ਹੈ ਲੇਕਿਨ ਉਸ ਰਿਪੋਰਟ ਤੋਂ ਪਹਿਲਾਂ ਅਸੀਂ ਜਿਨ੍ਹਾਂ ਮੁਲਾਜ਼ਮਾਂ ਦੀ 3500/- ਰੁਪਏ ਤਕ ਤਨਖਾਹ ਹੈ ਉਨ੍ਹਾਂ ਨੂੰ 150/- ਰੁਪਏ ਅੰਰ ਜਿਨ੍ਹਾਂ ਦੀ 3500/- ਰੁਪਏ ਤੋਂ ਵੱਧ ਹੈ ਉਨ੍ਹਾਂ ਨੂੰ 200/- ਰੁਪਏ ਇਨਟੈਰਿਮ ਰਿਲੀਫ ਦਿੱਤਾ ਹੈ। ਅਸੀਂ ਸੈਂਟਰ ਤੋਂ ਵੀ ਵੱਧ ਦਿੱਤਾ ਹੈ, ਸੈਂਟਰ ਦੀ ਸਰਕਾਰ ਨੇ 100/- ਰੁਪਿਆ ਆਪਣੇ ਮੁਲਾਜ਼ਮਾਂ ਨੂੰ ਦਿੱਤਾ ਹੈ। ਇਹ ਕਿੰਨੀ ਵੱਡੀ ਗੱਲ ਹੈ। (ਬੰਪਿਗ)

ਸਪੀਕਰ ਸਾਹਿਬ, ਸਾਡੀ ਲੇਬਰ ਕਲਾਸ ਜੋ ਹੈ ਉਸ ਲੇਬਰ ਕਲਾਸ ਵਾਸਤੇ ਮੈਂ ਹਮੇਸ਼ਾ ਇਹ ਗੱਲ ਕਰਦਾ ਰਹਿੰਦਾ ਹਾਂ ਕਿ ਇਨ੍ਹਾਂ ਦੀਆਂ ਮਿਨੀਅਮ ਵੇਜਿਜ਼ ਅਸੀਂ ਵਧਾਈਏ। ਮਿਨੀਮਮ ਵੇਜਿਜ਼ ਜੋ ਵਧਾਈਆਂ ਉਨ੍ਹਾਂ ਦਾ ਵੇਰਵਾ ਵੀ ਸਾਡੇ ਕੋਲ ਹੈ, ਉਹ ਦੱਸਦਾ ਹੈ ਕਿ ਮਿਨੀਮਮ ਵੇਜਿਜ਼ ਸਿਰਫ ਦਿੱਲੀ ਦੀ ਸਟੇਟ ਨੂੰ ਛੱਡ ਕੇ ਦਿੱਲੀ ਇਕ ਛੋਟੀ ਜਿਹੀ ਸਟੇਟ ਹੈ, ਇਸ ਨੂੰ ਛੱਡ ਕੇ ਸਾਡੀਆਂ ਮਿਨੀਮਮ ਵੇਜਿਜ਼ ਸਾਰੀਆਂ ਸਟੇਟਸ ਦੇ ਨਾਲੋਂ ਜ਼ਿਆਦਾ ਹਨ। (ਬੰਪਿਗ) ਅੰਰ ਸਪੀਕਰ ਸਾਹਿਬ, ਕਈ ਵਾਰੀ ਇਸ ਗੱਲ ਦਾ ਅਹਿਸਾਸ ਵੀ ਹੁੰਦਾ ਹੈ ਲੇਕਿਨ ਮੈਨੂੰ ਅਫਸੋਸ ਵੀ ਹੁੰਦਾ ਹੈ ਕਿ ਉਹ ਲੋਕ ਜਿਹੜੇ ਕਝ ਪੋਲੀਟੀਕਲ ਪਾਰਟੀਆਂ ਦੇ ਹਨ, ਉਨ੍ਹਾਂ ਨੂੰ ਕਦੇ ਕਦੇ ਸਰਕਾਰ ਬਣਾਉਣ ਦਾ ਮੌਕਾ ਮਿਲਦਾ ਹੈ ਲੇਕਿਨ ਉਨ੍ਹਾਂ ਨੇ ਸਪੀਕਰ ਸਾਹਿਬ, ਲੇਬਰ ਦਾ ਕਦੇ ਵੀ ਧਿਆਨ ਨਹੀਂ ਕੀਤਾ। ਉਹ ਲੋਕ ਜਿਹੜੇ ਖੇਤੀ ਕਰਦੇ ਸਨ, ਉਹ ਲੋਕ ਜਿਹੜੇ ਮਜ਼ਦੂਰੀ ਕਰਦੇ ਸਨ, ਪਿੰਡਾਂ ਦੇ ਅੰਦਰ ਉਦੋਂ, ਜਦੋਂ ਇਥੇ ਅਕਾਲੀ ਸਰਕਾਰ ਸੀ, ਉਸ ਨੇ ਲੇਬਰ ਅੰਰ ਕਿਸਾਨਾਂ ਨੂੰ ਲੜਾਇਆ ਅੰਰ ਦਿਹਾੜੀਦਾਰਾਂ ਦੀ ਨਾਕਾਬੰਦੀ ਕੀਤੀ ਗਈ ਲੇਕਿਨ ਸਾਡੀ ਸਰਕਾਰ ਨੇ ਕਦੇ ਕੋਈ ਨਾਕਾਬੰਦੀ ਨਹੀਂ ਹੋਣ ਦਿੱਤੀ। (ਬੰਪਿਗ) ਲੇਬਰ, ਸਪੀਕਰ ਸਾਹਿਬ, ਇਥੇ ਆਉਂਦੀ ਹੈ ਉੜੀਸਾ ਤੋਂ, ਲੇਬਰ ਆਉਂਦੀ ਹੈ ਬਿਹਾਰ ਤੋਂ ਅੰਰ ਉਥੋਂ ਇਥੇ ਪੰਜਾਬ ਵਿਚ ਕੰਮ ਕਰਨ ਵਾਸਤੇ ਆਉਂਦੇ ਹਨ ਪਰ ਜਦੋਂ ਮਨ ਵਿੱਚ ਆਵੇ ਉਨ੍ਹਾਂ ਨੂੰ ਗੋਲੀ ਨਾਲ ਮਾਰ ਦੇਣ ਇਹ ਚੰਗੀ ਗਲ ਨਹੀਂ। ਕਮਾਈ ਤਾਂ ਸਾਡੇ ਵਾਸਤੇ ਉਹ ਕਰਨ, ਕਾਰਖਾਨਿਆਂ ਵਿੱਚ ਕੰਮ ਕਰਨ, ਫਾਰਮਾਂ ਵਿੱਚ ਕੰਮ ਕਰਨ ਲੇਕਿਨ ਜਦੋਂ ਕੋਈ ਵੋਟਾਂ ਬਣਾਉਣ ਦਾ

Original with;
Punjab Vidhan Sabha
Digitized by;
Panjab Digital Library

ਸਵਾਲ ਆਏ ਤਾਂ ਉਸ ਤੇ ਐਜੀਟੇਸ਼ਨ ਕਰਨ ਅਤੇ ਵੋਟਾਂ ਨਾ ਬਣਨ ਦੇਣ । ਮੈਂ ਇਸ ਗੱਲ ਵਿੱਚ ਨਹੀਂ ਜਾਣਾ ਚਾਹੁੰਦਾ । ਇਸ ਵਾਸਤੇ ਸਾਨੂੰ ਕੁਝ ਨਾ ਕੁਝ ਕਰਨਾ ਚਾਹੀਦਾ ਹੈ ਔਰ ਮੈਂ ਬੇਨਤੀ ਕਰਾਂਗਾ ਕਿ ਸਾਡੀ ਸਟੇਟ ਇਕ ਐਗਰੀਕਲਚਰ ਸਟੇਟ ਹੈ ਔਰ ਇਸ ਐਗਰੀਕਲਚਰਲ ਸਟੇਟ ਦੀ ਪਰ ਕੈਪਟਾ ਇਨਕਮ ਸਭ ਤੋਂ ਜ਼ਿਆਦਾ ਵਧੀ ਹੈ । ਇਸ ਤੋਂ ਇਲਾਵਾ ਜੋ ਗਰੋਥ ਰੇਟ ਹੈ ਉਹ ਵੀ ਪੰਜਾਬ ਵਿਚ ਹਿੰਦੁਸਤਾਨ ਦੇ ਹੋਰ ਸੂਬਿਆਂ ਨਾਲੋਂ ਜ਼ਿਆਦਾ ਹੈ । ਇੰਡਸਟਰੀ ਦੇ ਅੰਦਰ ਜੋ ਗਰੋਥ ਰੇਟ ਹੈ ਉਹ 8% ਹੈ ਔਰ ਮੈਨੂੰ ਮਾਨ ਹੈ ਕਿ ਜਿਸ ਤਰ੍ਹਾਂ ਨਾਲ ਅਸੀਂ ਤਰੱਕੀ ਕਰ ਰਹੇ ਹਾਂ ਇਹ ਹੋਰ ਵੀ ਅੱਗੇ ਵਧੇਗਾ । ਮੈਂ ਦਸਦਾ ਹਾਂ ਕਿ ਇਸ ਵੇਲੇ ਸਾਡੀ ਸਟੇਟ ਵਿਚ 85% ਬੰਦੇ ਐਗਰੀਕਲਚਰ ਤੇ ਡਿਪੈਂਡ ਕਰਦੇ ਹਨ ਪਰ ਮੈਂ ਸਮਝਦਾ ਹਾਂ ਕਿ ਜਦੋਂ ਤਕ ਇਸ ਵਿਚੋਂ ਅਸੀਂ 15% ਲੋਕ ਇੰਡਸਟਰੀ ਵਿਚ ਨਹੀਂ ਪਾ ਲੈਂਦੇ ਉਦੋਂ ਤਕ ਅਸੀਂ ਇੰਡਸਟਰੀ ਵਿਚ ਜ਼ਿਆਦਾ ਤਰੱਕੀ ਨਹੀਂ ਕਰ ਸਕਣੀ । ਇਸ ਲਈ ਸਾਡੀ ਕੋਸ਼ਿਸ਼ ਹੈ ਕਿ ਖੇਤੀ ਵਿਚੋਂ 15% ਲੋਕ ਕੱਢ ਕੇ ਇੰਡਸਟਰੀ ਵਲ ਪਾਉਣੇ ਹਨ । ਮੈਂ ਸਮਝਦਾ ਹਾਂ ਕਿ ਕੋਈ ਵੀ ਸੂਬਾ ਤਰੱਕੀ ਤਾਂ ਹੀ ਕਰ ਸਕਦਾ ਹੈ ਜਦੋਂ ਉਥੇ ਇੰਡਸਟਰੀਅਲ ਰੈਵੋਲਿਊਸ਼ਨ ਆਏ ਔਰ ਅਸੀਂ ਇਸ ਵੇਲੇ ਇੰਡਸਟਰੀਅਲ ਰੈਵੋਲਿਊਸ਼ਨ ਦੇ ਕਿਨਾਰੇ ਤੇ ਖੜ੍ਹੇ ਹਾਂ ਔਰ ਮੈਨੂੰ ਉਮੀਦ ਹੈ ਕਿ ਇਹ ਇੰਡਸਟਰੀ ਦਾ ਰੈਵੋਲਿਊਸ਼ਨ ਵੀ ਜਲਦੀ ਆਏਗਾ ਇਹ ਜਿਹੜੇ ਸਾਡੇ ਆਉਣ ਵਾਲੇ ਦੋ ਸਾਲ ਹਨ ਇਸ ਵਿਚ ਅਸੀਂ ਇਸ ਗਰੋਥ-ਰੇਟ ਨੂੰ 12% ਤਕ ਕਰਨਾ ਚਾਹੁੰਦੇ ਹਾਂ ਜਿਹੜਾ ਕਿ ਸਾਰੇ ਯੂਰਪ ਨਾਲੋਂ ਵੀ ਸਭ ਤੋਂ ਵੱਧ ਹੋਵੇਗਾ । (ਥੰਪਿੰਗ)

ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਰੋਜੈਕਟ ਅਪਰੂਵਲ ਬੋਰਡ ਦੀ ਦੋ ਦਿਨ ਪਹਿਲਾਂ ਮੀਟਿੰਗ ਹੋਈ ਜਿਸ ਵਿਚ 13 ਇੰਡਸਟਰੀ ਨੂੰ ਇਜਾਜ਼ਤ ਦਿੱਤੀ ਹੈ ਜਿਸ ਤੇ ਕੁਲ 500 ਕਰੋੜ ਰਪਏ ਦੀ ਲਾਗਤ ਹੋਣੀ ਹੈ । ਪਰ ਮੈਨੂੰ ਅਫਸੋਸ ਹੈ ਕਿ ਕੁਝ ਸਾਡੇ ਦੋਸਤ. ਖਾਸ ਕਰਕੇ ਅਕਾਲੀ ਪਾਰਟੀ ਵਾਲੇ, ਉਹ ਇਹ ਨਹੀਂ ਚਾਹੁੰਦੇ ਕਿ ਇੰਡਸਟਰੀ ਵਾਲੇ ਪਾਸੇ ਸਾਡਾ ਪੰਜਾਬ ਤਰੱਕੀ ਕਰੇ । ਉਹ ਹਮੇਸ਼ਾ ਕੋਈ ਨਾ ਕੋਈ ਰੁਕਾਵਟ ਹੀ ਪਾਉਂਦੇ ਰਹਿੰਦੇ ਹਨ । ਉਹ ਨਹੀਂ ਚਾਹੁੰਦੇ ਕਿ ਪੈਟਰੋ ਕੈਮੀਕਲ ਵਰਗੇ ਪਲਾਂਟ ਇਥੇ ਲੱਗਣ, ਜਿਸ ਦੀ ਕੀਮਤ 7000 ਕਰੋੜ ਤੋਂ ਵੀ ਉਪਰ ਹੈ ਕੋਈ 8000 ਕਰੋੜ ਰੁਪਏ ਦੇ ਕਰੀਬ ਹੈ । ਅਸੀਂ ਤਾਂ ਇਸ ਪਾਸੇ ਵੱਧ ਰਹੇ ਹਾਂ । ਅਸੀਂ ਆਪਣੀ ਸਿਆਸਤ ਇਸ ਤਰ੍ਹਾਂ ਚਲਾਈ ਹੈ ਕਿ ਪੰਜਾਬ ਤਰੱਕੀ ਕਰੇ ਪਰ ਮੈਨੂੰ ਅਫਸੋਸ ਹੈ ਕਿ ਇਹ ਅਕਾਲੀ ਪਾਰਟੀ ਵਾਲੇ ਇਸ ਵਿਚ ਰਕਾਵਟਾਂ ਪਾਉਣ ਨੂੰ ਲਗੇ ਹਨ । ਇਹ ਨਹੀਂ ਚਾਹੁੰਦੇ ਕਿ ਇਥੇ ਇੰਡਸਟਰੀ ਤਰੱਕੀ ਕਰੇ । ਮੈਂ ਦੱਸ ਰਿਹਾ ਸੀ ਕਿ ਜਦੋਂ ਅਸੀਂ ਇਸ ਪਲਾਂਟ ਲਈ ਜਗ੍ਹਾ ਦੀ ਛਾਂਟੀ ਕਰ ਰਹੇ ਸੀ ਤਾਂ ਮੇਰੇ ਹਲਕੇ ਵਿਚ ਖੰਨੇ ਦੇ ਲਾਗੇ ਇਕ ਜਗ੍ਹਾ ਵੇਖੀ ਜਿੱਥੇ ਇਹ ਪਲਾਂਟ 7000 ਕਰੋੜ ਰੁਪਏ ਦਾ ਲਗਣਾ ਸੀ ਪਰ ਇਨ੍ਹਾਂ ਨੇ ਇਹ ਸ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਕਿ ਇਸ ਪਲਾਂਟ ਦੇ ਲਗਣ ਨਾਲ ਇਸ ਇਲਾਕੇ ਦੀ ਹਵਾ ਖਰਾਬ ਹੋ ਜਾਵੇਗੀ ਕਿਉਂਕਿ ਇਸ ਪਲਾਂਟ ਤੋਂ ਜਿਹੜੀ ਗੈਸ ਨਿਕਲੇਗੀ ਉਹ ਵਾਤਾਵਰਣ ਖਰਾਬ ਕਰੇਗੀ ਔਰ ਇਸ ਦਾ ਅਸਰ ਲੋਕਾਂ ਤੇ ਬਹੁਤ ਪਵੇਗਾ । ਮੈਂ ਸਮਝਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਇਸ ਤਰ੍ਹਾਂ ਦੀਆਂ ਗੱਲਾਂ ਜੇ ਇਹ ਨਾ ਕਰਦੇ ਤਾਂ ਸ਼ਾਇਦ ਇਥੇ ਅੱਤਵਾਦ ਹੀ ਨਾ ਆਉਂਦਾ । ਇਨ੍ਹਾਂ ਨੇ ਝੂਠ ਦਾ ਪਲੰਦਾ ਬੰਨ੍ਹ ਕੇ ਇਥੇ ਅੱਤਵਾਦ ਫੈਲਾਇਆ ਹੈ ਇਹ ਹਰ ਵਰਗ ਦੇ ਲੋਕਾਂ ਨੂੰ ਭੜਕਾਉਂਦੇ ਰਹੇ ਹਨ । ਝੂਠ ਬੋਲ ਕੇ ਅੰਰ ਬੇਸਲੈਸ ਗੱਲਾਂ ਕਰਕੇ ਪੰਜਾਬ ਦੇ ਲੋਕਾਂ ਨੂੰ ਭੜਕਾਇਆ ਗਿਆ ਹੈ । ਇਸ ਲਈ ਅਸੀਂ ਚਾਹੁੰਦੇ ਹਾਂ ਕਿ ਇਥੇ ਜੇ ਇਹ ਪਲਾਂਟ ਲਗੇਗਾ ਤਾਂ ਇਸ ਨਾਲ ਪੰਜਾਬ ਦੇ ਲੋਕਾਂ ਨੂੰ ਰੋਜ਼ਗਾਰ ਮਿਲੇਗਾ ਅੰਰ ਪੈਟ੍ਰੋਲਿਅਮ ਪਦਾਰਥ ਮਿਲਣਗੇ । ਇਸ ਨੂੰ ਲਾਉਣ ਵਿਚ ਕਈ ਸਾਲ ਲਗ ਸਕਦੇ ਹਨ ਪਰ ਜੇ ਸਾਰਿਆਂ ਦਾ ਸਹਿਯੋਗ ਹੋਵੇਗਾ ਤਾਂ ਅਸੀਂ ਜ਼ਰੂਰ ਤਰੱਕੀ ਕਰਾਂਗੇ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਰੁਕਾਵਟ ਪਾਉਣੀ ਹੀ ਪਾਉਣੀ ਹੈ । ਪਿੱਛੇ ਰਾਜਪੁਰਾ ਵਿਚ ਇੱਕ ਇਨ੍ਹਾਂ ਨੇ ਮੁਹਿੰਮ ਚਲਾਈ । ਸਪੀਕਰ ਸਾਹਿਬ, ਰਾਜਪੁਰਾ ਦੇ ਵਿਚ ਇਕ ਬਹੁਤ ਵੱਡੀ ਫੈਕਟਰੀ ਲੱਗਣੀ ਹੈ । ਉਥੇ ਆਪਜੀਸ਼ਨ ਦੇ ਲੋਕਾਂ ਨੇ ਉਜਾੜਾ ਰੋਕੂ ਕਮੇਟੀ ਬਣਾਈ । ਉਸ ਕਮੇਟੀ ਨੂੰ ਮੈਂ ਉਜਾੜਾ ਪਾਊ ਕਮੇਟੀ ਆਖਦਾ ਹਾਂ । ਇਥੇ ਕਈ ਗੱਲਾਂ ਕੀਤੀਆਂ ਗਈਆਂ । ਇਨ੍ਹਾਂ ਬਾਰੇ ਇਕ ਕਹਾਵਤ ਹੈ ਕਿ ਕਾਫਲੇ ਚਲਦੇ ਜਾਣਗੇ, ਕੁੱਤੇ ਭੌਂਕਦੇ ਰਹਿਣਗੇ' । ਅਸੀਂ ਪੰਜਾਬ ਵਿਚ ਉਸ ਵੇਲੇ ਇਕੱਲੇ ਸੀ ਅਤੇ ਕਾਫਲਾ ਲੈ ਕੇ ਚਲਦੇ ਸੀ ਅਤੇ ਹੁਣ ਵੀ ਕਾਫਿਲਾ ਲੈ ਕੇ ਚਲਦੇ ਹਾਂ । ਅਸੀਂ ਪੰਜਾਬ ਦੇ ਲਈ ਆਪਣੀ ਆਵਾਜ਼ ਨੂੰ ਬੁਲੰਦ ਕੀਤਾ । ਅਗਰ ਕਿਸੇ ਸਟੇਟ ਨੇ ਤਰੱਕੀ ਕਰਨੀ ਹੋਵੇ ਤਾਂ ਉਥੇ ਇੰਡਸਟਰੀ ਬੜੀ ਜ਼ਰੂਰੀ ਹੈ । ਇਸ ਲਈ ਸਪੀਕਰ ਸਾਹਿਬ, ਇਥੇ ਪੈਟਰੋ ਕੈਮੀਕਲ ਦਾ ਪਲਾਂਟ ਲਗਾਇਆ ਜਾ ਰਿਹਾ ਹੈ ਅਤੇ ਗੌਰਮਿੰਟ ਵਲੋਂ ਉਨ੍ਹਾਂ ਨੂੰ ਅਸਿਸਟੈਂਸ ਦਿੱਤੀ ਜਾ ਰਹੀ ਹੈ । ਇਸ ਨਾਲ ਸਾਡਾ ਗਰੋਥ ਰੇਟ 8% ਤੋਂ 12% ਤੱਕ ਹੋ ਜਾਵੇਗਾ । ਇਸ ਦੇ ਲਈ ਅਸੀਂ ਯਤਨ ਕਰ ਰਹੇ ਹਾਂ । ਸਾਡੇ ਹਿੰਦੁਸਤਾਨ ਵਿਚ ਬਹੁਤ ਸਾਰੇ ਧਰਮ ਹਨ । ਸਾਡੀ ਸਟੇਟ ਵੀ ਇਕ ਰਿਲੀਜੀਅਸ ਸਟੇਟ ਹੈ । ਇਸ ਨੂੰ ਗੁਰੂਆਂ, ਪੈਗੰਬਰਾਂ, ਰਿਸ਼ੀ ਮੁੰਨੀਆਂ ਦੀ ਧਰਤੀ ਕਿਹਾ ਜਾਂਦਾ ਹੈ ਪਰ ਜਿਹੜੇ ਇਥੇ ਕੁਝ ਲੋਕ ਮਜ਼ਹਬ ਦੇ ਨਾਂ ਉਤੇ ਕਮਿਊਨਲ ਗੱਲਾਂ ਕਰਦੇ ਹਨ । ਕੱਟੜਵਾਦ ਦਾ ਰੌਲਾ ਪਾਉਂਦੇ ਹਨ ਅਤੇ ਧਾਰਮਿਕ ਗੱਲਾਂ ਕਰਕੇ ਲੋਕਾਂ ਨੂੰ ਭੜਕਾਉਂਦੇ ਹਨ, ਧਾਰਮਿਕ ਕੱਟੜਵਾਦੀ ਹਨ । ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਧਰਮ ਬਾਅਦ ਵਿਚ ਆਉਂਦਾ ਹੈ ਪਹਿਲੇ ਸਾਡੀ ਇਨਸਾਨੀਅਤ ਆਉਂਦੀ ਹੈ ਉਹ ਕਟਕਵਾਦੀ ਬੜੀ ਮਜ਼ਹਬੀ ਗੱਲਾਂ ਕਰਦੇ ਹਨ । ਮਜ਼ਹਬ ਦੇ ਨਾਂ ਉਤੇ ਕਾਫੀ ਲੜਾਈ ਕੀਤੀ ਅਤੇ ਕਈਆਂ ਦੇ ਗਲੇ ਕੱਟੇ । ਕਿਸ ਕਵੀ ਨੇ ਕਿਹਾ ਸੀ "ਕਿੰਨੇ ਹਿੰਦੂ ਹਨ, ਕਿੰਨੇ ਮੁਸਲਿਮ ਹਨ, ਕਿੰਨੇ ਧਰਮ ਹਨ, ਕਿੰਨੇ ਮਜ਼ਹਬ ਹਨ, ਅੰਰ ਇਨਸਾਨ ਦੇ ਨਾ ਤੇ ਚੱਲਣ ਵਾਲੇ ਇਨਸਾਨ ਕਿੰਨੇ ਹਨ" ਜਦੋਂ ਵੀ ਪੰਜਾਬ ਵਿਚ ਮਜ਼ਹਬ ਦੇ ਨਾਂ ਉਤੇ ਵੋਟਾਂ ਲੈਕੇ ਕਿਸੇ ਵੀ ਪੁਲੀਟੀਕਲ ਪਾਰਟੀ ਨੇ ਸਰਕਾਰਾਂ ਇਥੇ ਬਣਾਈਆਂ, ਉਸ ਦਾ ਰਿਜ਼ਲਟ ਬਹੁਤ ਮਾੜਾ ਰਿਹਾ ਅਤੇ ਦਰਮਿਆਨ ਦੇ ਵਿਚ ਹੀ ਸਰਕਾਰਾਂ ਟੁੱਟ ਗਈਆਂ ਸਨ । ਆਪਣਾ ਟਾਇਮ ਵੀ ਪੂਰਾ ਨਹੀਂ ਕਰ ਸਕੀਆਂ ਸਨ । ਮਜ਼ਹਬ ਦੇ ਨਾਂ ਉਤੇ ਕਦੇ ਸਰਕਾਰਾਂ ਨਹੀਂ ਚਲ ਸਕਦੀਆਂ । ਲੋਕਾਂ ਨੇ ਇਸ ਤਰ੍ਹਾਂ ਦੀਆਂ ਸਰਕਾਰਾਂ ਨੂੰ ਬਦਲ ਦਿੱਤਾ । ਸਪੀਕਰ ਸਾਹਿਬ, ਇਨ੍ਹਾਂ ਲੋਕਾਂ ਨੇ ਲਾਇਫ ਦੇ ਅੰਦਰ 2 ਮਾਪ ਦੰਡ ਰੱਖੇ ਹੋਏ ਹਨ । 2-2 ਸਟੈਂਡਰਡ ਰੱਖੇ ਹੋਏ ਹਨ । ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਲੋਕਾਂ ਨੇ ਧਰਮ ਦੇ ਨਾਂ ਦੀ ਆੜ ਵਿਚ ਬਹੁਤ ਬੁਰੇ ਕੰਮ ਕੀਤੇ । ਅਗਰ ਸਾਡੇ ਮੁਲਕ ਨੇ ਤਰੱਕੀ ਕਰਨੀ ਹੈ ਤਾਂ ਫੇਰ ਸਾਨੂੰ ਸਿਆਸਤ ਨੂੰ ਧਰਮ ਤੋਂ ਅਲਗ ਕਰਨਾ ਪਵੇਗਾ (ਬੰਪਿੰਗ) ਸਪੀਕਰ ਸਾਹਿਬ, ਉਹ ਦਿਨ ਆਵੇਗਾ ਜਦੋਂ ਸਾਨੂੰ ਐਕਟ ਬਣਾ ਕੇ ਪਾਸ ਕਰਨਾ ਪਵੇਗਾ ਅੋਰ ਸਿਆਸਤ ਦੇ ਨਾਲੋਂ ਧਰਮ ਨੂੰ ਅਲਗ ਕਰਨਾ ਪਵੇਗਾ । 3 ਗੱਲਾਂ ਹਮੇਸ਼ਾ ਸਾਡੇ ਸਾਹਮਣੇ ਆਈਆਂ ਹਨ ਅਤੇ ਲਾਈਫ ਵਿਚ ਵੇਖਣ ਵਿਚ ਆਈਆਂ ਹਨ ਕਿ ਰੀਲੇਸ਼ਨ, ਇਕਨੋਮੀ ਅਤੇ ਪੁਲੀਟੀਕਲ ਅੇਸਪੈਕਟਸ ਰਹੇ ਹਨ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ 1991 ਦੇ ਅੰਦਰ ਪ੍ਰੈਜੀਡੈਂਟ ਰੂਲ ਸੀ ਅਤੇ ਗਵਰਨਰ, ਸ੍ਰੀ ਮਲਹੋਤਰਾ ਸਨ । ਮੈਂ ਕਿਸੇ ਉਤੇ ਦੋਸ਼ ਨਹੀਂ ਲਗਾਉਣਾ ਚਾਹੁੰਦਾ । ਕਾਰਖਾਨਾ ਲਗਾਉਣ ਦੀ ਗੱਲ ਚਲੀ ਅੋਰ ਡੇਰਾ ਬੱਸੀ ਵਿਚ ਮੀਟ ਦਾ ਕਾਰਖਾਨਾ ਲਾਉਣ ਬਾਰੇ ਯਤਨ ਕੀਤਾ ਗਿਆ ।

ਸਪੀਕਰ ਸਾਹਿਬ, ਉਸ ਪ੍ਰਾਜੈਕਟ ਦੀ ਅਪਰੂਵਲ ਉਸ ਸਮੇਂ ਦੇ ਗਵਰਨਰ ਸ੍ਰੀ ਮਲਹੋਤਰਾ ਨੇ ਦਿੱਤੀ ਸੀ । ਉਸ ਕਾਰਖਾਨੇ ਦੀ ਪੰਜਾਬ ਵਿਚ ਬੜੀ ਚਰਚਾ ਹੈ । ਇਹ ਚਰਚਾ ਕਰਨ ਵਾਲੇ ਉਹ ਲੋਕ ਹਨ ਜੋ ਧਰਮ ਦੀ ਆੜ ਲੈ ਕੇ ਮਜ਼ਹਬ ਦਾ ਨਾਂ ਲੈ ਕੇ ਲੋਕਾਂ ਨੂੰ ਵਰਗਲਾਉਂਦੇ ਹਨ । (ਵਿਘਨ) (ਇਸ ਵੇਲੇ ਮਾਨਯੋਗ ਮੈਂਬਰ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

Mr. Speaker : Resume your seat.....Resume your seat..... (Interruption & noise). Do not disturb him. Let him speak.

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਜਦੋਂ ਸੀ. ਐਮ. ਸਾਹਿਬ ਬੋਲਦੇ ਹੋਣ ਤਾਂ ਕੀ ਅਸੀਂ ਉਸ ਵੇਲੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਸਕਦੇ ਹਾਂ ਜਾਂ ਨਹੀਂ । (ਵਿਘਨ) (ਸ਼ੋਰ)

Mr. Speaker : You are unnecessarily Interrupting him. Please... No point of order at this stage. Let him speak first. Let him speak.

(ਇਸ ਵੇਲੇ ਮਾਨਯੋਗ ਮੈਂਬਰਜ਼ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਅਤੇ ਸ੍ਰੀਮਤੀ ਵਿਮਲਾ ਡਾਂਗ ਖੜ੍ਹੇ ਹੋ ਕੇ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਸਨ **। (ਵਿਘਨ)

Mr. Speaker : Let him speak first.....you should first learn the Rules. You should study the Rule and you are unnecessarily disturbing his Statement.

(ਇਸ ਵੇਲੇ ਮਾਨਯੋਗ ਮੈਂਬਰ ਕਾਂਤਾ ਸ੍ਰੀਮਤੀ ਵਿਮਲਾ ਡਾਂਗ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਬਗੈਰ ਇਜਾਜ਼ਤ ਬੋਲ ਰਹੇ ਸਨ ।)

** ** ** (ਸ਼ੋਰ)

**Not recorded as ordered by the Chair

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਜੋ ਕੁਝ ਬਗੈਰ ਪਰਮਿਸ਼ਨ ਤੋਂ ਕਿਹਾ ਜਾ ਰਿਹਾ ਹੈ, ਇਹ ਰਿਕਾਰਡ ਨਾ ਕੀਤਾ ਜਾਵੇ । Resume your seat. You first resume your seat. You are using derogatory words. These should not be recorded. You please resume your seat. Let him speak first.

(ਇਸ ਵੇਲੇ ਆਪੋਜੀਸ਼ਨ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ) (ਵਿਘਨ) (ਸ਼ੋਰ)

Mr. Speaker: Not at this moment. Please resume your seats. (Interruption) Resume your seats.

ਮੁੱਖ ਮੰਤਰੀ : ਸਪੀਕਰ ਸਾਹਿਬ, ਮਾਫ ਕਰਨਾ । ਮੇਰੀ ਗੱਲ ਤਾਂ ਇਹ ਆਪੋਜ਼ੀਸ਼ਨ ਵਾਲੇ ਸੁਣਨ (ਵਿਘਨ)

(ਇਸ ਵੇਲੇ ਮਾਨਯੋਗ ਮੈਂਬਰ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਬੋਲਣ ਲਈ ਖੜ੍ਹੇ ਸਨ ।) (ਵਿਘਨ)

Mr. Speaker : Resume your seat. Resume your seat..... .The Chief Minister to continue.

ਮੁੱਖ ਮੰਤਰੀ : ਸਪੀਕਰ ਸਾਹਿਬ, ਤੁਸੀਂ ਇਸ ਬਾਰੇ ਆਪਣੀ ਰੂਲਿੰਗ ਦਿਉ । ਇਹ ਮੁਹਾਵਰੇ ਵਰਤਣ ਨਾਲ ਸਪੀਚ ਚੰਗੀ ਲਗਦੀ ਹੈ । ਮੁਹਾਵਰੇ ਸਪੀਚ ਵਿਚ ਵਰਤਣੇ ਹਨ ਜਾਂ ਨਹੀਂ.....(ਵਿਘਨ)

Mr. Speaker : I will give my ruling. (Interruption & Noise) He has not said anything wrong....He has not said anything wrong.

ਇਹ ਜਿਹੜੇ ਪ੍ਰਚਲਤ ਮੁਹਾਵਰੇ ਹਨ, ਉਹ ਸਮਝਾਉਣ ਦੀ ਖਾਤਰ ਹੁੰਦੇ ਹਨ । "ਜਦੋਂ ਕਾਫਲੇ ਤੁਰਦੇ ਜਾਂਦੇ ਹਨ, ਤਾਂ ਕੁੱਤੇ ਭੌਂਕਦੇ ਰਹਿੰਦੇ ਹਨ ।"

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਅਸੂਲ ਰਖਿਆ ਹੈ ਕਿ ਕਿਸੇ ਨੂੰ ਪਰਸਨਲ ਕੁਝ ਨਹੀਂ ਕਹਿੰਦਾ ।

"ਹਮ ਤੋਂ ਵਿਕ ਜਾਤੇ ਹੈਂ, ਇੰਨ ਅਹਿਲੇ ਕਰਮ ਕੇ ਹਾਥ ਮੇਂ"

ਸਪੀਕਰ ਸਾਹਿਬ, ਮੈਂ ਤਾਂ ਅਕਾਲੀਆ ਨੂੰ ਕਿਹਾ ਸੀ ਇਨ੍ਹਾਂ ਨੇ ਆਪਣੇ ਤੇ ਲੈ ਲਿਆ ।

ਮੈਂ ਕੋਈ ਗੁਸਤਾਖੀ ਨਹੀਂ ਕੀਤੀ ।

ਇਕ ਆਵਾਜ਼ : ਤੁਸੀਂ ਉਨ੍ਹਾਂ ਦੇ ਮੂੰਹ ਤੇ ਕਹੋ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਉਨ੍ਹਾਂ ਦੇ ਮੂੰਹ ਤੇ ਵੀ ਕਹਿ ਦੇਵਾਂਗਾ ।

Original with;
Punjab Vidhan Sabha
Digitized by;
Punjab Digital Library

ਸ੍ਰੀ ਸਪੀਕਰ : ਉਹ ਅਪਣੀ ਗੱਲ ਕਰਨ ਅਤੇ ਦੂਸਰੇ ਦੇ ਮੁਦਈ ਨਾ ਬਣਨ । ਸੀ. ਐਮ. ਸਾਹਿਬ, ਤੁਸੀਂ ਬੋਲੋ ।

ਮੁਖ ਮੰਤਰੀ : ਸਪੀਕਰ ਸਾਹਿਬ, ਪੰਜਾਬੀ ਵਿਚ ਕਿਹਾ ਜਾਂਦਾ ਹੈ ਕਿ ''ਘੁੰਡ ਕੱਢਣਾ ਤਬੋਤ ਨੰਗਾ ਰੱਖਣਾ ''(ਹਾਸਾ)(ਵਿਘਨ)

Mr. Speaker : Do not interrupt. Let him continue. C.M. Sahib, please continue.

ਮੁੱਖ ਮੰਤਰੀ : ਮੈਂ ਕੰਟੀਨਿਊ ਰੱਖਦਾ ਹਾਂ ਜੀ, ਮੈਂ ਕਦੇ ਇਨ੍ਹਾਂ ਨੂੰ ਟੋਕਿਆ ਨਹੀਂ . .

ਚਮਕੌਰ ਅਜੈਬ ਸਿੰਘ ਰੋਂਤਾ : ** ** **

Mr. Speaker : Expunged what he has said. I have not allowed. C.M.

ਮੁੱਖ ਮੰਤਰੀ : ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਖਰਕਾਰ ਮੀਟ ਦਾ ਕਾਰਖਾਨਾ ਜਿਸ ਨੂੰ ਮੇਰੇ ਦੋਸਤ ਬੁੱਚੜਖਾਨਾ ਕਹਿੰਦੇ ਹਨ, ਉਹ ਖੋਲ੍ਹਿਆ ਗਿਆ। ਇਹ ਡੇਰਾਬਸੀ ਦੇ ਅੰਦਰ ਖੋਲ੍ਹਿਆ ਗਿਆ ਅੰਰ ਇਸ ਤੇ ਲਾਗਤ ਆਈ 39 ਕਰੋੜ ਦੇ ਕਰੀਬ । ਉਸ ਦੇ ਅੰਦਰ ਇਹ ਫੈਸਲਾ ਕੀਤਾ ਗਿਆ ਕਿ ਉਸਦਾ ਮੀਟ ਸੈਂਟ ਪਰਸੈਂਟ ਐਕਸਪੋਰਟ ਹੋਵੇਗਾ । ਉਸ ਵਿਚ ਸੈਂਟਰ ਗੌਰਮਿੰਟ ਨੇ 4 ਕਰੋੜ ਦੇ ਕਰੀਬ ਪੈਸਾ ਪਾਇਆ ਅਤੇ ਉਸ ਵੇਲੇ ਦੀ ਪੰਜਾਬ ਗੌਰਮਿੰਟ ਨੇ ਵੀ ਪੈਸਾ ਪਾਇਆ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 18 ਕਰੋੜ ਰੁਪਏ ਦੇ ਕਰੀਬ ਉਨ੍ਹਾਂ ਨੇ ਇਕ ਕੰਪਨੀ ਕੋਲੋਂ ਕਰਜ਼ਾ ਲਿਆ ਜੋ ਆਸਟਰੇਲੀਆ ਦੀ ਕੰਪਨੀ ਸੀ ਅਤੇ ਨਿਊਜ਼ੀਲੈਂਡ ਦੇ ਲੋਕਾਂ ਨੇ ਉਸ ਦਾ ਬੰਦੋਬਸਤ ਕਰਕੇ ਉਸ ਨੂੰ ਬਣਾਉਣਾ ਸ਼ੁਰੂ ਕੀਤਾ । ਉਸ ਦੀ ਸੈਂਟ ਪਰਸੈਂਟ ਐਕਸਪੋਰਟ ਜਿਹੜੀ ਕਰਨੀ ਸੀ, ਉਸ ਤੋਂ ਅਨੁਮਾਨ ਲਾਇਆ ਗਿਆ ਕਿ ਉਸਦੇ ਵਿਚੋਂ ਐਕਸਪੋਰਟ 20 ਕਰੋੜ ਰੁਪਏ ਦੀ ਸਾਲਾਨਾ ਹੋਇਆ ਕਰੇਗੀ । ਇਹ ਸਾਰੇ ਪ੍ਰੋਗਰਾਮ ਉਦੋਂ ਬਣੇ ਅੰਰ ਸਪੀਕਰ ਸਾਹਿਬ, ਮੈਂ ਹੁਣ ਰਿਲੀਜੀਅਸ ਆਸਪੈਕਟ, ਮੈਡੀਕਲ ਆਸਪੈਕਟ ਅਤੇ ਪੁਲੀਟੀਕਲ ਆਸਪੈਕਟ ਤਿੰਨਾਂ ਬਾਰੇ ਗੱਲ ਕਰਾਂਗਾ । ਮੈਂ ਇਹ ਕਹਾਂਗਾ ਕਿ ਉਹ ਲੋਕ ਜਿਹੜੇ ਪਰਸੋਂ ਆਪਣੀ ਐਜੀਟੇਸ਼ਨ ਸ਼ੁਰੂ ਕਰਨ ਵਾਲੇ ਹਨ, ਉਥੇ ਸਿੰਘਲ ਸਾਹਿਬ ਹਿੰਦੂ ਪਰੀਸ਼ਦ ਦੇ ਪਰੈਜ਼ੀਡੈਂਟ ਵੀ ਆ ਰਹੇ ਹਨ, ਇਹ ਉਨ੍ਹ ਸਖਸ਼ੀਅਤ ਹਨ ਜਿਨ੍ਹਾਂ ਨੇ ਸਪੀਕਰ ਸਾਹਿਬ, ਅੱਗੇ ਹੋ ਕੇ ਹਿੱਸਾ ਪਾਇਆ ਤਾਂ ਕਿ ਬਾਬਰੀ ਮਸਜਿਦ ਗਿਰਾ ਦਿੱਤੀ ਜਾਵੇ (ਸ਼ੇਮ, ਸ਼ੇਮ) (ਸ਼ੋਰ)

ਆਪੋਜ਼ੀਸ਼ਨ ਵਲੋਂ ਆਵਾਜ਼ਾਂ : ਅਸੀਂ ਹਿੰਦੁਸਤਾਨ ਦਾ ਨੱਕ ਬਚਾਇਆ ਹੈ, ਸਾਨੂੰ ਫ਼ਖਰ ਹੈ । (ਵਿਘਨ) ਸਾਨੂੰ ਉਨ੍ਹਾਂ ਤੇ ਫਖਰ ਹੈ । ਉਨ੍ਹਾਂ 500 ਸਾਲਾਂ ਦਾ ਕਲੰਕ ਲਾਹਿਆ ਹੈ ।

ਮੁੱਖ ਮੰਤਰੀ : ਮੈਨੂੰ ਨਹੀਂ ਪਤਾ ਕਿੰਨੇ ਆਦਮੀ ਇਕੱਠੇ ਹੋਣਗੇ ਅੰਰ ਕਿੰਨੇ ਨਹੀਂ ਹੋਣਗੇ । ਮੈਂ ਬੇਨਤੀ ਕਰਾਂਗਾ ਕਿ ਇਕ ਗੱਲ ਚੰਗੀ ਹੋਈ ਕਿ ਜੋ ਉਥੇ ਗਾਈਆਂ ਦੇ ਮਾਰਨ ਦੀ, ਜ਼ਿਬਾਹ ਕਰਨ ਦੀ ਗੱਲ ਸੀ, ਉਹ ਕਾਫੀ ਸਲਾਟਰ ਐਕਟ ਦੇ ਤਹਿਤ ਉਸ ਦਾ

**Expunged as ordered by the Chair.

Original with;
Punjab Vidhan Sabha
Digitized by;
Punjab Digital Library

[ਮੁੱਖ ਮੰਤਰੀ]

ਵਿਚ ਨਹੀਂ ਰਖੀ ਗਈ । ਗਾਈਆਂ ਦਾ ਖਾਸ ਖਿਆਲ ਰਖਿਆ ਗਿਆ ਕਿਉਂਕਿ ਸਾਡੇ ਭਾਰਤੀ ਨੂੰ ਗਾਂ ਦਾ ਬੜਾ ਸਤਿਕਾਰ ਹੈ । ਮੈਂ ਇਥੇ ਇਹ ਗੱਲ ਕਹਿਣਾ ਚਾਹੁੰਦਾ ਹਾਂ ਸਪੀਕਰ ਸਾਹਿਬ ਕਿ ਇਕ ਗਿਰੋਹ ਪਕੜਿਆ ਹੈ ਜਿਹੜਾ ਗਿਰੋਹ ਅੰਮ੍ਰਿਤਸਰ ਦੇ ਅੰਦਰ ਗਾਈਆਂ ਨੂੰ ਮਾਰਦਾ ਸੀ । ਹਾਊਸ ਦੇ ਅੰਦਰ ਵੀ ਇਸ ਗੱਲ ਦਾ ਸਵਾਲ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਵਲੋਂ ਉਠਾਇਆ ਗਿਆ ਸੀ । ਉਨ੍ਹਾਂ ਨੇ ਕਿਹਾ ਕਿ ਗਾਈਆਂ ਮਾਰੀਆਂ ਗਈਆਂ ਹਨ । ਗਿਰੋਹ ਨੇ ਇਸ ਗੱਲ ਨੂੰ ਸਵੀਕਾਰ ਕੀਤਾ ਹੈ ਅਤੇ ਅਸੀਂ ਕੋਸ਼ਿਸ਼ ਕੀਤੀ ਹੈ ਕਿ ਬਾਕੀ ਦੇ ਬੰਦੇ ਵੀ ਫੜੇ ਜਾਣ । ਉਥੋਂ 10 ਸਿਰ ਗਾਈਆਂ ਦੇ ਮਿਲੇ, ਬੜਾ ਘਿਨਾਉਣਾ ਐਕਟ ਸੀ, ਬੜਾ ਭਾਰਾ ਨਫਰਤ ਨਾਲ ਭਰਿਆ ਹੋਇਆ ਐਕਟ ਸੀ । ਲੇਕਿਨ ਅਸੀਂ ਉਸ ਦੇ ਖਿਲਾਫ ਐਕਸ਼ਨ ਲਿਆ । ਅੱਜ ਮੈਨੂੰ ਅਫਸੋਸ ਹੈ ਕਿ ਬੜਾ ਮਤਲਬਪ੍ਰਸਤ ਇਨਸਾਨ ਹੋ ਗਿਆ ਹੈ । ਜਦੋਂ ਤਾਂ ਗਾਂ ਦੁੱਧ ਦੇਂਦੀ ਹੈ, ਉਦੋਂ ਗਾਂ ਨੂੰ ਆਪਣੇ ਕੋਲ ਰਖਦੇ ਹਨ । ਲੇਕਿਨ ਜਦੋਂ ਦੁੱਧ ਨਹੀਂ ਮਿਲਦਾ, ਉਸਨੂੰ ਬਾਹਰ ਕੱਢ ਦਿੰਦੇ ਹਨ, ਉਸ ਨੂੰ ਧੱਕੇ ਮਾਰਕੇ ਕੱਢ ਦਿੱਤਾ ਜਾਂਦਾ ਹੈ । ਉਦੋਂ ਇਨ੍ਹਾਂ ਪਾਰਟੀਆਂ ਵਲੋਂ ਪ੍ਰਾਟੈਸਟ ਕਿਉਂ ਨਹੀਂ ਕੀਤਾ ਜਾਂਦਾ, ਮੈਂ ਇਹ ਪੁਛਦਾ ਹਾਂ । ਅਸੀਂ ਤਾਂ ਗਾਈਆਂ ਲਈ ਕਈ ਗਊਸ਼ਾਲਾ ਖੋਲ੍ਹੀਆਂ ਹਨ । ਸਪੀਕਰ ਸਾਹਿਬ, ਉਸ ਵੇਲੇ ਗਵਰਨਰ ਸਾਹਿਬ ਨੇ ਮੈਨੂੰ ਨਹੀਂ ਪਤਾ, ਕਿਹੜੀ ਗੱਲ ਉਨ੍ਹਾਂ ਨੇ ਕਹੀ ਕਿ ਕੱਟੇ ਜਿਹੜੇ ਹਨ, ਉਹ ਲਿਜਾਇਆ ਜਾਇਆ ਕਰਨਗੇ, ਕੱਟੇ ਖਾਧੇ ਜਾਇਆ ਕਰਨਗੇ । ਉਹ ਜਿਹੜੇ ਕੱਟੇ ਹਨ, ਮੱਝਾਂ ਦੇ ਕੱਟੇ ਹਨ, ਆਖਰਕਾਰ ਉਹ ਵੀ ਤਾਂ ਜ਼ਿਬਾਹ ਹੁੰਦੇ ਹਨ ਉਨ੍ਹਾਂ ਦੇ ਬਾਰੇ ਕਿਉਂ ਆਵਾਜ਼ ਬੁਲੰਦ ਨਹੀਂ ਕੀਤੀ ਜਾਂਦੀ ? ਕੱਟੇ ਖਰੀਦੇ ਜਾਂਦੇ ਹਨ ਅਤੇ ਬਾਹਰਲੇ ਸੂਬਿਆਂ ਵਿਚ ਜਾਂਦੇ ਹਨ । ਸਪੀਕਰ ਸਾਹਿਬ, ਜਿਹੜਾ ਕੱਟਾ 200-300 ਰੁਪਏ ਤੱਕ ਵਿਕਦਾ ਸੀ, ਉਸ ਦੀ ਕੀਮਤ ਵੱਧ ਕੇ 1500 ਰੁਪਏ ਤੋਂ ਵੱਧ ਕੇ 2000 ਰੁਪਏ ਹੋ ਗਈ ਹੈ । ਇਹ ਉਹੀ ਕੱਟੇ ਹਨ, ਜਿਨ੍ਹਾਂ ਨੂੰ ਕੋਈ ਪੁੱਛਦਾ ਨਹੀਂ ਹੈ । ਸਾਡੇ ਵਿਚੋਂ ਬਹੁਤ ਸਾਰਿਆਂ ਨੇ ਮੱਝਾਂ ਰੱਖੀਆਂ ਹਨ, ਮੈਂ ਵੀ ਰੱਖੀਆਂ ਹਨ । ਤਹਾਨੂੰ ਪਤਾ ਹੋਵੇਗਾ ਕਿ ਜਦੋਂ ਲੋਕ ਦੁੱਧ ਚੋਂਦੇ ਹਨ ਤਾਂ ਮੱਝ ਬੱਲੇ ਕੱਟੇ ਨੂੰ ਛੱਡਦੇ ਹੀ ਨਹੀਂ ਹਨ । ਉਨ੍ਹਾਂ ਵਾਸਤੇ ਕਦੇ ਦੁੱਧ ਛਡਿਆ ਹੀ ਨਹੀਂ ਜਾਂਦਾ । ਸਾਰੇ ਲੋਕ ਦੁੱਧ ਚੋਂਦੇ ਹਨ ਪਰ ਕੱਟਿਆਂ ਵਾਸਤੇ ਦੁੱਧ ਨਹੀਂ ਛੱਤਿਆ ਜਾਂਦਾ । ਮਹਾਤਮਾ ਗਾਂਧੀ ਜੀ ਨੇ ਇਹ ਗੱਲ ਆਖੀ ਸੀ ਕਿ ਜਿਹੜਾ ਦੁੱਧ ਚੋਇਆ ਜਾਂਦਾ ਹੈ, ਉਹ ਚਾਹੇ ਗਾਂ ਦਾ ਦੁੱਧ ਹੋਵੇ ਜਾਂ ਮੱਝ ਦਾ ਦੁੱਧ ਹੋਵੇ, ਉਸ ਵਿਚ ਵੀ ਉਸ ਦੀ ਚਰਬੀ ਢਲ ਕੇ ਆਉਂਦੀ ਹੈ । ਇਸ ਕਰਕੇ ਜਿਹੜਾ ਆਦਮੀ ਦੱਧ ਨੂੰ ਪੀਂਦਾ ਹੈ, ਉਸ ਦੇ ਨਾਲ ਨਾਲ ਉਸ ਚਰਬੀ ਨੂੰ ਵੀ ਪੀਂਦਾ ਹੈ । ਇਹ ਗੱਲ ਉਸ ਮਹਾਤਮਾ ਨੇ ਆਖੀ ਸੀ ਜਿਹੜਾ ਕਿ ਅਸਲ ਮਾਅਨਿਆਂ ਵਿਚ ਮਹਾਤਮਾ ਸੀ । ਮੈਂ ਕਹਿੰਦਾ ਹਾਂ ਕਿ ਇਸ ਮੁਲਕ ਦੇ ਅੰਦਰ, ਇਸ ਮੁਲਕ ਦੇ ਅੰਦਰ ਹੀ ਨਹੀਂ ਬਲਕਿ ਸਾਰੀ ਦੁਨੀਆਂ ਦੇ ਅੰਦਰ ਜੇ ਹਿਸਾਬ ਲਾਈਏ ਤਾਂ ਮੀਟ ਈਟਰਜ਼ ਦੀ ਗਿਣਤੀ ਜ਼ਿਆਦਾ ਹੈ ਅੰਰ ਜੋ ਵੈਜੀਟੇਰੀਅਨਜ਼ ਹਨ, ਉਹ ਬਹੁਤ ਘੱਟ ਹਨ । ਤੁਸੀਂ ਜਾਣਦੇ ਹੋ ਕਿ ਐਸੇ ਵੀ ਲੋਕ ਹਨ ਜਿਹੜੇ ਸੱਪਾਂ ਨੂੰ ਵੱਢ ਕੇ ਖਾ ਜਾਂਦੇ ਹਨ, ਮੇਂਡਕ ਨੂੰ ਭੁੰਨ ਕੇ ਖਾਂ ਜਾਂਦੇ ਹਨ । ਬੜੇ ਬੜੇ ਜਾਨਵਰਾਂ ਨੂੰ ਰੋਸਟ ਕਰਕੇ ਖਾ ਜਾਂਦੇ ਹਨ ।

Original with;
Punjab Vidhan Sabha
Digitized by;
Panjab Digital Library

ਮੀਟ ਦੀਆਂ ਬੜੀਆਂ ਵੱਡੀਆਂ ਵੱਡੀਆਂ ਫੀਸਟਾਂ ਹੁੰਦੀਆਂ ਹਨ। ਜੋ ਰਿਗ ਵੇਦ ਹੈ, ਉਸ ਦੇ ਅੰਦਰ ਵੀ ਇਹ ਲਿਖਿਆ ਮਿਲਦਾ ਹੈ ਕਿ ਮੀਟ ਖਾਣਾ ਕੋਈ ਦੁਰਮ ਨਹੀਂ। ਅਗਰ ਇਨਸਾਨ ਮੀਟ ਖਾ ਲਵੇ ਤਾਂ ਇਹ ਕੋਈ ਬੁਰੀ ਗੱਲ ਨਹੀਂ। ਮੇਰੇ ਦੋਸਤ ਬੀ.ਜੇ.ਪੀ. ਵਾਲੇ ਮੈਨੂੰ ਮੁਆਫ ਕਰਨਗੇ ਜੇ ਮੈਂ ਕਹਿ ਦਿਆਂ ਕਿ ਦਿੱਲੀ ਦੇ ਅੰਦਰ ਜੋ ਮੀਟ ਦੀ ਐਕਸਪੋਰਟ ਹੁੰਦੀ ਰਹੀ, ਉਹ ਕੌਣ ਕਰ ਰਿਹਾ ਸੀ। ਉਹ ਜੈਨ ਬ੍ਰਦਰਜ਼ ਕਰ ਰਹੇ ਸਨ। ਇਸ ਗੱਲ ਨੂੰ ਕਦੇ ਸੋਚਿਆ ਹੈ, ਮੇਰੇ ਇਨ੍ਹਾਂ ਦੋਸਤਾਂ ਨੇ ? ਉਹ ਬਠਿੰਡੇ ਦੇ ਰਹਿਣ ਵਾਲੇ ਸਨ ਜਿਨ੍ਹਾਂ ਨੇ ਘੀ ਵਿਚ ਚਰਬੀ ਮਿਲਾ ਕੇ, ਕਿਹਾ ਕਿ ਇਹ ਸ਼ੁਧ ਬਨਾਸ-ਪਤੀ ਹੈ। ਉਹ ਜੈਨ ਬ੍ਰਦਰਜ਼ (ਬੀ. ਜੇ. ਪੀ. ਵੱਲ ਇਸ਼ਾਰਾ) ਤੁਹਾਡੇ ਹੀ ਭਰਾ ਹਨ।

Shri Jagdish Sawhney : Point of Order.

Mr. Speaker: No Point of Order during the Statement. I have already given the ruling. Let him complete his statement. Please sit down.

ਸ਼੍ਰੀ ਜਗਦੀਸ਼ ਸਾਹਨੀ ** ** **

Mr. Speaker: I have not allowed you. No point of order. Please sit down.

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਤੁਸੀਂ ਸਾਡੇ ਨਾਲ ਧੱਕਾ ਕਰਦੇ ਹੋ।

Mr. Speaker : No, please resume your seat. Let him proceed with his Statement. Let him proceed. If you want to say something if you want to seek any clarification, you may ask later on. Please resume your seat. (Interruptions) Resume your seat. Let him complete his statement. You may ask after the Statement.

ਸ਼੍ਰੀ ਜਗਦੀਸ ਸਾਹਨੀ : ਸਪੀਕਰ ਸਾਹਿਬ, ਕੀ ਇਹ ਸਾਡਾ ਰਾਈਟ ਨਹੀਂ ਹੈ ?

Mr. Speaker: I have not allowed you. You cannot now ask. You should ask after he completes his statement. You should better learn it and you do not have the knowledge. (Interruption), yes you should read the Rules. Without knowledge you are speaking. You cannot speak like this. Let him complete his statement. Until he completes his statement, you cannot ask any clarification. You can ask clarification after he has made his statement. C. M. Sahib, please continue.

ਸ਼੍ਰੀ ਜਗਦੀਸ਼ ਸਾਹਨੀ : ਅਸੀਂ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਹਾਂ ਪੁਆਇੰਟ ਆਫ ਆਰਡਰ ਦੀ ਆਗਿਆ ਨਾ ਹੋਣ ਕਾਰਨ ਆਪਣਾ ਪ੍ਰਤੀਰੋਧ ਜ਼ਾਹਿਰ ਕਰ ਰਹੇ ਹਾਂ। ਅਸੀਂ ਹੁਣੇ ਕਹਿਣਾ ਚਾਹੁੰਦੇ ਹਾਂ। .....

Mr. Speaker: You can seek clarification after the statement has been made. (Interruptions) Please sit down.

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਸੀ ਕਿ ਵੱਡੇ ਵੱਡੇ ਆਦਮੀ ਜੋ ਯੂਰਪੀਨ ਰੰਗ ਦੇ ਵਿਚ ਰੰਗੇ ਹੋਏ ਹਨ, ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਬੇਸ਼ੱਕ ਉਹ ਬੀ. ਜੇ. ਪੀ ਦਾ ਹੋਵੇ, ਕਾਂਗਰਸ ਦਾ ਹੋਵੇ ਜਾਂ ਕਿਸੇ ਹੋਰ ਪਾਰਟੀ ਦਾ ਹੋਵੇ ਜਿਹੜੇ ਆਦਮੀ ਪੈਸੇ ਪਿੱਛੇ ਜਾਂਦੇ ਹਨ ਅੰਦਰ ਆਪਣਾ ਦੀਨ ਧਰਮ ਵੇਚ ਦਿੰਦੇ ਹਨ। ਉਹ ਕੀ ਉਨ੍ਹਾਂ ਦੇ ਖਿਲਾਫ ਆਵਾਜ਼ ਬੁਲੰਦ ਕਰ ਸਕਣਗੇ। ਮੇਰਾ ਕਹਿਣ ਦਾ ਮਤਲਬ ਹੈ ਕਿ ਇਨ੍ਹਾਂ ਨੇ ਆਵਾਜ਼ ਬੁਲੰਦ ਨਹੀਂ ਕੀਤੀ। ਸਾਡੇ ਮੁਲਕ ਦੇ ਵਿਚ ਬੁੱਧ ਧਰਮ, ਜੈਨ ਧਰਮ, ਨਾਮਧਾਰੀ ਧਰਮ, ਬਿਆਸ ਵਾਲੇ ਸਾਡੇ ਰਾਧੇ ਸੁਆਮੀ ਜੀ, ਨਿਰੰਕਾਰੀ ਹਨ। ਉਹ ਲੋਕ ਜਿਨ੍ਹਾਂ ਨੇ ਹਮੇਸ਼ਾਂ ਇਹ ਗੱਲ ਕਹੀ ਕਿ ਸਾਨੂੰ ਇਹ ਜਿਹੜਾ ਮੀਟ ਹੈ ਉਹ ਨਹੀਂ ਖਾਣਾ ਚਾਹੀਦਾ। ਮੈਂ ਬੀ. ਜੇ. ਪੀ. ਵਾਲਿਆਂ ਨੂੰ ਪੁੱਛਣਾ ਚਾਹੁੰਦਾ ਹਾਂ. ਸੀ. ਪੀ. ਆਈ ਵਾਲੇ ਦੋਸਤਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਦੇ ਕੋਈ ਪ੍ਰਚਾਰ ਹੋਇਆ ਇਸ ਦੇ ਹੱਕ ਦੇ ਵਿਚ (ਵਿਘਨ)

ਸ਼੍ਰੀ ਸਪੀਕਰ : ਆਪਸ ਦੇ ਵਿਚ ਕੋਈ ਗਲਬਾਤ ਨਹੀਂ ਕਰਨੀ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਸਾਲਾਂ ਦੇ ਵਿੱਚ ਸੰਨ 1947 ਤੋਂ ਜੇ ਦੇਖਿਆ ਜਾਵੇ ਤਾਂ ਕਈ ਵਾਰ ਇਨ੍ਹਾਂ ਦੀਆਂ ਸਰਕਾਰਾਂ ਬਣੀਆਂ (ਬੀ. ਜੇ. ਪੀ. ਵੱਲ ਇਸ਼ਾਰਾ) ਅੱਜ ਵੀ ਰਾਜਸਥਾਨ ਦੇ ਵਿੱਚ ਬੀ. ਜੇ. ਪੀ. ਦੀ ਸਰਕਾਰ ਹੈ ਯੂ.ਪੀ. ਦੇ ਵਿਚ ਜੋ ਕਿ ਬਹੁਤ ਵੱਡੀ ਸਟੇਟ ਹੈ, ਉਥੇ ਵੀ ਬਹੁਤ ਦੇਰ ਤੱਕ ਬੀ.ਜੇ.ਪੀ. ਦੀ ਸਰਕਾਰ ਰਹੀ ਅੰਦਰ ਸ਼੍ਰੀ ਕਲਿਆਣ ਸਿੰਘ, ਸਾਡੇ ਮੋਹਤਰਮ ਲੀਡਰ ਉਥੇ ਚੀਫ ਮਨਿਸਟਰ ਰਹੇ, ਮਧਿਆ ਪਰਦੇਸ਼ ਦੇ ਵਿੱਚ ਵੀ ਬੀ. ਜੇ. ਪੀ. ਦੀ ਸਰਕਾਰ ਰਹੀ ਅੰਤ ਅੱਜ ਦਿੱਲੀ ਦੇ ਵਿੱਚ ਵੀ ਬੀ ਜੇ. ਪੀ. ਦੀ ਸਰਕਾਰ ਹੈ। ਮੈਨੂੰ ਦੁੱਖ ਇਸ ਗੱਲ ਦਾ ਹੈ ਕਿ ਸੰਨ 1947 ਤੋਂ ਪਹਿਲਾਂ ਜੋ 300 ਦੇ ਕਰੀਬ ਬੁੱਚੜਖਾਨੇ ਸੀ, ਇਨ੍ਹਾਂ ਨੇ ਉਸ ਨੂੰ ਬੁੱਚੜਖਾਨਾ ਆਖਿਆ, ਮੈਂ ਕਹਿੰਦਾ ਹਾਂ ਉਸ ਨੂੰ ਮੀਟ ਸ਼ਾਪ ਜਾਂ ਮੀਟ ਦਾ ਕਾਰਖਾਨਾ ਕਹਿ ਲਓ ਲੇਕਿਨ 300 ਤੋਂ ਵੱਧ ਕੇ ਅੱਜ ਉਹ ਬੁੱਚੜਖਾਨੇ 3600 ਹੋ ਗਏ ਹਨ। ਇਸ ਲਈ ਕੌਣ ਜ਼ਿੰਮੇਵਾਰ ਹੈ। ਇਨ੍ਹਾਂ ਦੀ ਸਰਕਾਰ ਉਥੇ ਰਹੀ ਹੈ। ਸਪੀਕਰ ਸਾਹਿਬ, ਇਹ ਗੱਲ ਮੈਂ ਖੁਲ੍ਹਮ-ਖੁੱਲ੍ਹਾ ਕਹਿਣਾ ਚਾਹੁੰਦਾ ਹਾਂ ਕਿ ਦਿੱਲੀ ਦੇ ਵਿੱਚ ਅੱਜ ਬੜਾ ਭਾਰੀ ਬੁੱਚੜਖਾਨਾ ਹੈ ਅੰਦਰ ਕੀ ਬੀ. ਜੇ. ਪੀ. ਦੀ ਸਰਕਾਰ ਨੇ ਉਸਦੇ ਖਿਲਾਫ ਕੋਈ ਸਟੈਪ ਚੁੱਕਿਆ ? ਲੇਕਿਨ ਮੇਰੀ ਇਨਫਰਮੇਸ਼ਨ ਹੈ ਕਿ ਦਿੱਲੀ ਦੀ ਸਰਕਾਰ ਅੱਜ ਡੈਨਮਾਰਕ ਦੀ ਸਰਕਾਰ ਨਾਲ ਇਸ ਨੂੰ ਚੰਗਾ ਕਰਨ ਵਾਸਤੇ ਮਾਡਰਨਾਇਜ਼ ਕਰਨ ਵਾਸਤੇ ਗੱਲ ਕਰ ਰਹੀ ਹੈ ਅੰਦਰ ਉਥੇ ਬੁੱਚੜਖਾਨਾ ਖੋਲ੍ਹਿਆ ਜਾ ਰਿਹਾ ਹੈ।.....(ਸ਼ੋਰ)....(ਸ਼ੋਰ).....।

ਮੈਂ ਸਪੀਕਰ ਸਾਹਿਬ, ਪੁੱਛਣਾ ਚਾਹੁੰਦਾ ਹਾਂ ਕਿ ਕੀ ਕਦੇ ਵੀ ਇਨ੍ਹਾਂ ਨੇ ਉਸ ਦੇ ਖਿਲਾਫ ਕਈ ਐਜੀਟੇਸ਼ਨ ਕੀਤੀ ? ਤੁਹਾਨੂੰ ਸਪੀਕਰ ਸਾਹਿਬ, ਪਤਾ ਹੈ ਕਿ ਸਹਾਰਨਪੁਰ ਦ ਵਿੱਚ ਵੀ ਬਹੁਤ ਵੱਡਾ ਬੁੱਚੜਖਾਨਾ ਹੈ। ਉਹ ਸਾਡੀਆਂ ਮੰਡੀਆਂ ਤੋਂ ਪੰਜਾਬ ਵਿੱਚ ਆ ਕੇ ਡੰਗਰ ਖਰੀਦ ਕੇ ਲੈ ਜਾਂਦੇ ਰਹੇ ਹਨ, ਉਹ ਇਥੇ ਆਕੇ ਇੱਥੋਂ ਕੱਟੇ, ਵੱਛੇ, ਮੱਝਾਂ, ਗਾਵਾਂ, ਬਲ੍ਹਦ ਸਾਰੀਆਂ ਬੁੱਢੀਆਂ ਠੇਰੀਆਂ ਨੂੰ ਇਕੱਠਾ ਕਰਕੇ, ਉਨ੍ਹਾਂ ਨੂੰ ਟੀਕੇ ਲਾ ਕੇ

Original with;
Punjab Vidhan Sabha
Digitized by;
Punjab Digital Library

ਬੇਹੋਸ਼ ਕਰਕੇ ਟਰੱਕਾਂ ਵਿੱਚ ਸੁੱਟ ਲਿਆ ਜਾਂਦਾ ਸੀ, ਜਿਉਂਦੇ ਪਸ਼ੂ ਤਾਂ ਟਰੱਕ ਵਿੱਚ 8-10 ਹੀ ਆਉਂਦੇ ਹਨ ਪਰ ਉਹ 50-50 ਇਕੱਠਿਆਂ ਨੂੰ ਟਰੱਕਾਂ ਵਿੱਚ ਸੁਟ ਕੇ ਜਾਲਮਾਨਾ ਤਰੀਕੇ ਨਾਲ ਲਿਜਾਂਦੇ ਸਨ ਅਤੇ ਅੱਜ ਵੀ ਲਿਜਾਂਦੇ ਹਨ । ਮੈਂ ਪੁੱਛਦਾ ਹਾਂ ਕਿ ਕਲਿਆਣ ਸਿੰਘ ਦੀ ਸਰਕਾਰ ਕੀ ਕਰਦੀ ਸੀ ਉਸ ਵੇਲੇ ? ਉਸ ਨੇ ਉਨ੍ਹਾਂ ਨੂੰ ਬਚਾਉਣ ਵਾਸਤੇ ਕੀ ਕੀਤਾ ? (ਥੰਪਿੰਗ) ਸਪੀਕਰ ਸਾਹਿਬ, ਮੈਂ ਇਕ ਹੋਰ ਗੱਲ ਕਹਿਣਾ ਚਾਹੁੰਦਾ ਹਾਂ ਕਿ ਸਭ ਤੋਂ ਵੱਡਾ ਬੁੱਚੜਖਾਨਾ ਬੰਬਈ ਵਿੱਚ ਹੈ । ਉਸ ਦਾ ਨਾਂ ਐਲ. ਕਬੀਰ ਹੈ । ਭਗਤ ਦਾ ਨਾਂ ਲਿਆ, ਯਾਦ ਆਉਂਦਾ ਹੈ ਕਿ ਭਗਤ ਕਬੀਰ ਇੱਕ ਐਸੀ ਸਖਸ਼ੀਅਤ ਹੋਏ ਹਨ ਜਿਨ੍ਹਾਂ ਨੇ ਹਮੇਸ਼ਾ ਸਾਨੂੰ ਮਾਨਵਤਾ ਦਾ ਸੰਦੇਸ਼ ਦਿੱਤਾ । ਅੱਰ ਇਹ ਗੱਲ ਕਹੀ ਕਿ "ਕਬੀਰਾ ਤੇਰੀ ਝੋਂਪੜੀ, ਗਲ ਕਟੀਅਨ ਕੇ ਪਾਸਿ" । ਮੈਂ ਪੁੱਛਦਾ ਹਾਂ ਕਿ ਅੱਜ ਬੰਬਈ ਅੰਦਰ ਸ਼ਿਵ ਸੈਨਾ ਦਾ ਰਾਜ ਹੈ ਅਤੇ ਉਥੇ ਬੁੱਚੜਖਾਨੇ ਦਾ ਨਾਂ ਐਲ. ਕਬੀਰ ਹੋਵੇ । ਕੀ ਉਸ ਵਾਸਤੇ ਅਵਾਜ਼ ਬੁਲੰਦ ਉਹ ਕਰੇਗੀ ? (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ (ਬੈਠੇ-ਬੈਠੇ) : ਇਹ ਤਾਂ ਸ਼ਰਦ ਪਵਾਰ ਦੀ ਹੀ ਕਰੀਏਸ਼ਨ ਹੈ ।

ਮੁੱਖ ਮੰਤਰੀ : ਭਾਵੇਂ ਕਿਸੇ ਦੀ ਵੀ ਕਰੀਏਸ਼ਨ ਹੋਵੇ ਪਰ ਉਥੇ ਅੱਜ ਬੀ. ਜੇ. ਪੀ. ਤੇ ਸ਼ਿਵ ਸੈਨਾ ਦੀ ਸਰਕਾਰ ਕੀ ਕਰ ਰਹੀ ਹੈ ? ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਦੇਸ਼ ਅੰਦਰ ਵੈਲਿਊ ਦੇ ਆਧਾਰ ਤੇ ਇਖਲਾਕ ਦੇ ਆਧਾਰ ਤੇ ਕੋਈ ਵੀ ਚੱਲਣ ਨੂੰ ਤਿਆਰ ਨਹੀਂ । ਅੱਜ ਨੁਕਸ ਕੱਢੇ ਜਾਂਦੇ ਹਨ ਦੂਸਰਿਆਂ ਅੰਦਰ ਪਰ ਆਪਣੀ ਮੰਜੀ ਹੇਠ ਡੰਗੋਰੀ ਕੋਈ ਨਹੀਂ ਫੇਰਦੇ । ਮੈਂ ਕਹਿਣਾ ਚਾਹਾਂਗਾ ਕਿ ਅੱਜ ਮੇਰੀ ਮਾਨਯੋਗ ਭੈਣ ਚਾਵਲਾ ਜੀ ਨੇ ਜਿਨ੍ਹਾਂ ਨੇ ਬੜੀ ਭਾਰੀ ਹਿੰਮਤ ਨਾਲ ਹਮੇਸ਼ਾਂ ਇਸ ਗੱਲ ਨੂੰ ਵੰਗਾਰ ਦਿੱਤੀ ਹੈ. ਕੀ ਉਹ ਇਸ ਗੱਲ ਦਾ ਯਕੀਨ ਦਿਵਾਉਣਗੇ ਕਿ ਇਹ ਜੋ ਸਿੰਘਲ ਸਾਹਿਬ ਜਾਂ ਦੂਸਰੇ ਜਿਹੜੇ ਇਥੇ ਆ ਰਹੇ ਹਨ ਕੀ ਉਨ੍ਹਾਂ ਨੂੰ ਐਸੀ ਹਕੀਕਤ ਦੱਸਣਗੇ ਕਿ ਬਾਕੀ ਸੂਬਿਆਂ ਵਿੱਚ ਵੀ ਬੜੇ ਭਾਰੀ ਬੁੱਚੜਖਾਨੇ ਚਲ ਰਹੇ ਹਨ..(ਵਿਘਨ..)

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ (ਬੈਠੇ, ਬੈਠੇ) : ਮੈਂ ਤੁਹਾਨੂੰ ਉਥੇ ਲੈ ਚਲਾਂਗੀ ।

ਮੁੱਖ ਮੰਤਰੀ : ਬੇਸ਼ੱਕ ਲੈ ਚਲੋ, ਮੈਂ ਤਿਆਰ ਹਾਂ ।

ਕੁਝ ਆਵਾਜ਼ਾਂ : ਅਸੀਂ ਵੀ ਚਲਣ ਨੂੰ ਤਿਆਰ ਹਾਂ ।....(ਵਿਘਨ..)

ਸ਼੍ਰੀ ਸਪੀਕਰ : ਇਹ ਤਾਂ ਸਾਰੇ ਹੀ ਨਾਲ ਚਲਣ ਨੂੰ ਤਿਆਰ ਹੋ ਗਏ ਹਨ (ਹਾਸਾ) ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ (ਬੈਠੇ ਬੈਠੇ) : ਸਾਰੇ ਚੱਲਣ, ਉਥੇ ਸ਼ੁੱਧ ਹੋ ਕੇ ਆ ਜਾਣਗੇ ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅੱਜ ਸਾਰੇ ਹਿੰਦੁਸਤਾਨ ਦੇ ਹਾਲਾਤ ਬੜੇ ਗੰਭੀਰ ਹਨ । ਇਹ ਬੁੱਚੜਖਾਨਿਆਂ ਦੀ ਗੱਲ ਕਰਦੇ ਹਨ ਪਰ ਜਦੋਂ ਸਾਰਾ ਪੰਜਾਬ ਬੁੱਚੜਖਾਨਾ ਬਣਿਆ ਰਿਹਾ, ਕੀ ਉਸ ਬੁੱਚੜਖਾਨੇ ਦੀ ਕਿਸੇ ਪਰਵਾਹ ਕੀਤੀ ? ਮੈਨੂੰ ਅਫਸੋਸ ਹੈ ਕਿ ਅੱਜ ਅਕਾਲੀ ਮੈਂਬਰ ਇਥੇ ਬੈਠੇ ਨਹੀਂ. ਕੀ ਉਨ੍ਹਾਂ ਨੇ ਅਵਾਜ਼ ਉਠਾਈ ਪੰਜਾਬ ਦੇ ਅੰਦਰ ਇਸ ਚੱਲਦੇ ਬੁੱਚੜਖਾਨੇ ਨੂੰ ਰੋਕਣ ਵਾਸਤੇ ? ਇਹ ਗੱਲਾਂ ਕਰਦੇ ਹਨ ਕੱਟਿਆਂ ਤੇ ਵੱਛਿਆਂ ਦੇ ਬੁੱਚੜਖਾਨਿਆਂ ਦੀਆਂ । ਕੀ ਇਨ੍ਹਾਂ ਨੂੰ ਪ੍ਰਵਾਹ ਨਹੀਂ ਸੀ ਇਸ ਸੋਹਣੇ ਪੰਜਾਬ ਵਿੱਚ ਜਦੋਂ ਇਨਸਾਨ ਨੂੰ ਮਾਰਨਾ ਗੋਲੀਆਂ ਨਾਲ ਇੱਕ ਵੱਡੀ ਗੱਲ ਨਹੀਂ ਸੀ ਸਗੋਂ ਛੋਟੀ ਜਿਹੀ ਗੱਲ ਹੀ ਗਿਣਿਆ ਜਾਂਦਾ ਸੀ । ਅੱਜ ਸਾਨੂੰ ਵੈਲਿਊ ਬੇਸਡ ਗੱਲਾਂ ਕਰਨੀਆਂ ਚਾਹੀਦੀਆਂ ਹਨ । ਇਹ ਜਿਹੜੀ ਸਿਆਸਤ ਦੀ ਗੱਲ ਕੀਤੀ ਹੈ ਇਹ ਇਕਨਾਮਿਕ ਦੀ ਗੱਲ ਹੈ ਕਿਉਂਕਿ ਇਕਨਾਮਕਲੀ ਲੋਕਾਂ ਨੂੰ ਫਾਇਦਾ ਹੁੰਦਾ ਹੈ । ਉਨ੍ਹਾਂ ਲੋਕਾਂ ਨੇ ਪੈਸਾ ਕਮਾਉਣਾ ਹੈ । ਦੋ ਕਿਸਮ ਦੀਆਂ ਗੱਲਾਂ ਹਨ ਇਕ ਮੀਟ ਤੇ ਮੀਟ ਪ੍ਰੋਡਕਟਸ, ਦੂਸਰਾ ਮਿਲਮ ਤੇ ਮਿਲਕ ਪ੍ਰੋਡਕਟਸ । ਇਹ ਦੋਨੋਂ ਸਾਈਜ਼ ਬਾਈ ਸਾਈਡ ਚਲਦੀਆਂ ਹਨ । ਇਹ ਇਕਨਾਮੀਕਲ ਮਸਲਾ ਹੈ । ਤੀਸਰਾ ਮਸਲਾ ਹੈ ਜਿਸ ਬਾਰੇ ਮੈਂ ਖੁੱਲ੍ਹ ਕੇ ਕਿਹਾ ਹੈ ਉਹ ਹੈ ਰੀਲੀਜਸ ਮਸਲਾ । ਜੇ ਆਪਾਂ ਰੀਲੀਜਨ ਦੀ ਗੱਲ ਕਰਨੀ ਹੈ ਤਾਂ ਸਾਨੂੰ ਇੱਕ ਦੂਜੇ ਦੇ ਰੀਲੀਜ਼ਨ ਉਤੇ ਚਿੱਕੜ ਨਹੀਂ ਸੁੱਟਣਾ ਚਾਹੀਦਾ ਅਤੇ ਕੱਟ-ਥਰੋਟ ਦੁਸ਼ਮਣ ਨਹੀਂ ਬਣਨਾ ਚਾਹੀਦਾ । ਕੋਈ ਵੀ ਸਿਆਸਤ ਮਜ਼ਹਬ ਤੇ ਨਹੀਂ ਹੋਣੀ ਚਾਹੀਦੀ । ਅਖੀਰ ਵਿੱਚ ਮੈਂ ਇੱਕ ਗੱਲ ਕਰਨੀ ਚਾਹੁੰਦਾ ਹਾਂ । ਥੋੜ੍ਹੇ ਦਿਨ ਹੋਏ ਖਾਲਸਾ ਮਾਰਚ ਦੇ ਨਾਂ ਤੇ ਇੱਕ ਅਖੌਤੀ ਖਾਲਸਾ ਮਾਰਚ ਅੰਮ੍ਰਿਤਸਰ ਤੋਂ ਸਟਾਰਟ ਹੋਇਆ ਅੌਰ ਮੈਨੂੰ ਵਿਸ਼ਵਾਸ ਸੀ ਕਿ ਇਸ ਅੰਦਰ ਕੋਈ ਵੀ ਗੱਲ ਪੁਲੀਟੀਕਲੀ ਨਹੀਂ ਕਹੀ ਜਾਏਗੀ ਲੇਕਿਨ ਉਥੇ ਬੇਅੰਤ ਸਿੰਘ, ਸਤਵੰਤ ਸਿੰਘ ਜੋ ਇੰਦਰਾ ਗਾਂਧੀ ਦੇ ਕਾਤਲ ਸਨ, ਉਨ੍ਹਾਂ ਦੇ ਨਾਹਰੇ ਲਿਖੇ ਗਏ । ਉਨ੍ਹਾਂ ਨੂੰ ਚੰਗਾ ਕਿਹਾ ਗਿਆ । ਲੇਕਿਨ ਮੈਨੂੰ ਇੱਕ ਖੁਸ਼ੀ ਹੋਈ ਕਿ ਅੱਜ ਸਤਵੰਤ ਸਿੰਘ ਜਿਹੜਾ ਇੰਦਰਾ ਗਾਂਧੀ ਦਾ ਕਾਤਲ ਸੀ, ਉਸ ਦੀ ਵਿਡੋ ਦੀ ਇੰਟਰਵਿਊ ਅਖਬਾਰ ਵਿੱਚ ਛੱਪੀ ਹੈ । ਉਸ ਨੇ ਇਹ ਗੱਲ ਆਖੀ ਹੈ ਕਿ ਜੋ ਕੁਝ ਹੋਇਆ, ਬਹੁਤ ਬੁਰਾ ਹੋਇਆ ਸੀ । ਅੱਜ ਕੋਈ ਧਰਮ ਕਿਸੀ ਨੂੰ ਕਤਲ ਕਰਨ ਦੀ ਇਜ਼ਾਜਤ ਨਹੀਂ ਦਿੰਦਾ । ਉਸ ਨੇ ਇਹ ਵੀ ਗੱਲ ਆਖੀ ਕਿ ਮੇਰੇ ਸਹੁਰੇ ਨੂੰ, ਜਿਹੜਾ ਬਾਪੂ ਤਰਲੋਕ ਸਿੰਘ ਦੇ ਨਾਂ ਨਾਲ ਅਖਵਾਉਂਦਾ ਹੈ ਅਤੇ ਮਾਨ ਦਲ ਦਾ ਪ੍ਰੈਜੀਡੈਂਟ ਸੀ, ਉਸ ਨੂੰ ਸਿਆਸਤ ਵਿੱਚ ਨਹੀਂ ਆਉਣਾ ਚਾਹੀਦਾ ਸੀ । ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿੰਨੀ ਵੱਡੀ ਭਾਰੀ ਗੱਲ ਖਾਲਸਾ ਮਾਰਚ ਵਿੱਚ ਐਸੀ ਹੋਈ । ਮੈਂ ਕਿਹਾ ਸੀ ਕਿ ਪੁਲੀਟੀਕਲੀ ਨਾਹਰਾ ਨਾ ਲਗਾਓ ਲੇਕਿਨ ਮੈਨੂੰ ਇਸ ਮਾਰਚ ਵਿੱਚੋਂ ਨਫਰਤ ਦੀ ਬੂ ਆਈ, ਸਮੈਲ ਆਈ । ਇਸ ਵਿਚ ਪਾਲਿਟਿਕਸ ਨਜ਼ਰ ਆਉਂਦੀ ਸੀ । ਮੈਂ ਫੈਸਲਾ ਕੀਤਾ ਹੈ ਕਿ ਇਸ ਤੋਂ ਬਾਅਦ ਕੋਈ ਐਸੇ ਮਾਰਚ ਨੂੰ ਇਜਾਜ਼ਤ ਨਹੀ ਦਿਆਂਗੇ ਜਿਹੜਾ ਰਿਲੀਜਸ ਨਾ ਰਿਹਾ ਹੋਵੇ । ਮੈਨੂੰ ਅਫਸੋਸ ਹੈ ਕਿ ਸਦਨ ਦੇ ਮੈਂਬਰ ਕਰੀਮਪੁਰੀ ਜੀ, ਨਿੰਮਾ ਸਾਹਿਬ ਅੌਰ ਸ਼ਿੰਗਾਰਾ ਰਾਮ ਜਿਹੜੇ ਇੱਥੇ ਹੁਣ ਬੈਠੇ ਨਹੀਂ, ਇਹ ਮਸਲਜ਼ ਪਾਵਰ ਤੇ ਬਿਲੀਵ ਕਰਦੇ ਹਨ । ਜੇ ਇਨ੍ਹਾਂ ਦੀ ਪਾਰਟੀ ਮਸਲਜ਼ ਪਾਵਰ ਤੇ ਰਹੇਗੀ ਤਾਂ ਉਸ ਵਿੱਚ ਸ਼ਰਧਾ ਨਹੀਂ ਰਹੇਗੀ ।

Original with;
Punjab Vidhan Sabha
Digitized by;
Panjab Digital Library

ਇਹ ਤਿੰਨੇ ਐੱਮ. ਐੱਲ. ਏ. ਉਸ ਖਾਲਸਾ ਮਾਰਚ ਵਿੱਚ ਸ਼ਾਮਲ ਸਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਕੀ ਸਾਂਝ ਸੀ ? ਸਿਰਫ ਪੁਲੀਟੀਕਲ ਤੌਰ ਤੇ ਆਏ ਅੌਰ ਇਨ੍ਹਾਂ ਨੇ ਕਦੇ ਅੱਤਵਾਦ ਨੂੰ ਕੰਡੈਮ ਨਹੀਂ ਕੀਤਾ । (ਸ਼ੇਮ ਸ਼ੇਮ) । ਸਪੀਕਰ ਸਾਹਿਬ, ਅੱਜ ਉਹ ਮੀਟ ਦਾ ਕਾਰਖਾਨਾ ਜਿਸ ਨੂੰ ਬੁੱਚੜਖਾਨਾ ਕਿਹਾ ਗਿਆ ਹੈ, ਉਹ ਤਿਆਰ ਹੈ । ਜਦੋਂ ਪਿਛਲੀ ਵਾਰ ਉਦਘਾਟਨ ਕਰਨ ਦਾ ਸਮਾਂ ਆਇਆ ਸੀ ਤਾਂ ਮੈਨੂੰ ਕਿਹਾ ਗਿਆ ਕਿ ਉਥੇ ਨਾ ਆਉਣਾ ਤਾਂ ਮੈਂ ਨਹੀਂ ਗਿਆ । ਅਸੀਂ ਕਿਤੇ ਵੀ ਰਹੀਏ, ਅਸੀਂ ਰਿਲੀਜ਼ਨ ਦਾ ਸਤਿਕਾਰ ਕੀਤਾ ਹੈ ਅੌਰ ਇਹ ਗੱਲ ਮੈਂ ਆਖੀ ਹੈ ਕਿ ਬੜੇ ਬੜੇ ਰਾਜਿਆਂ ਦੇ ਲੜਕੇ ਹੋਏ, ਮਹਾਤਮਾ ਬੁੱਧ ਵੀ ਰਾਜੇ ਦਾ ਲੜਕਾ ਸੀ, ਮਹਾਂਵੀਰ ਜੈਨ ਵੀ ਰਾਜੇ ਦਾ ਲੜਕਾ ਸੀ ਅੌਰ ਉਨ੍ਹਾਂ ਦਾ ਜ਼ੀਵਨ ਨਾਨ-ਵਾਇਲੰਸ ਸੀ । ਸੋ, ਮੈਂ ਆਪਣੇ ਬੀ. ਜੇ. ਪੀ. ਦੇ ਮੈਂਬਰਾਂ ਅੌਰ ਬੀ. ਜੇ. ਪੀ. ਦੀ ਪਾਰਟੀ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਗੱਲ ਨੂੰ ਪੁਲੀਟੀਕਲੀ ਨਾ ਬਣਾਓ ਅੌਰ ਇਸ ਗੱਲ ਨੂੰ ਇਹ ਯਕੀਨੀ ਬਣਾਉਣ ਕਿ ਦੂਸਰੀਆਂ ਸਟੇਟਾਂ ਵਿੱਚ ਵੀ ਇਹ ਅਵਾਜ਼ ਬੁਲੰਦ ਕਰੋਗੇ ਕਿ ਬੁੱਚੜਖਾਨੇ ਬੰਦ ਕੀਤੇ ਜਾਣ । ਸੋ, ਮੈਂ ਬੇਨਤੀ ਕਰਦਾ ਹਾਂ ਕਿ ਸਾਡੀ ਪਾਰਟੀ ਸਾਰੇ ਰਿਲੀਜ਼ਨਾਂ ਦਾ ਸਤਿਕਾਰ ਕਰਨ ਵਾਲੀ ਪਾਰਟੀ ਹੈ । ਸਾਡੀ ਪਾਰਟੀ ਤੇ ਜੋ ਇਲਜ਼ਾਮ ਲਗਾਏ ਜਾਂਦੇ ਹਨ, ਉਹ ਬੇਸਲੈਸ ਹਨ । ਮੈਂ ਇਹ ਐਲਾਨ ਕਰਦਾ ਹਾਂ ਕਿ ਅਸੀਂ ਇਸ ਬੁੱਚੜਖਾਨੇ ਨੂੰ ਬੰਦ ਕਰਾਂਗੇ ਅੌਰ ਹਮੇਸ਼ਾ ਵਾਸਤੇ ਬੰਦ ਕਰਾਂਗੇ । (ਥੰਪਿੰਗ) । ਸਪੀਕਰ ਸਾਹਿਬ, ਇਹ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਹਰ ਤਰ੍ਹਾਂ ਦੀਆਂ ਪ੍ਰੰਪਰਾਵਾਂ ਬਣੀਆਂ ਹਨ ਲੇਕਿਨ ਕਈ ਵਾਰ ਕੋਈ ਗੱਲ ਕਹਿ ਦਿੱਤੀ ਜਾਵੇ ਤੇ ਫਿਰ ਮੰਨਣ ਦਾ ਯਤਨ ਨਹੀਂ ਕੀਤਾ ਜਾਂਦਾ । ਮੈਂ ਇਹ ਗੱਲ ਸੰਸੀਅਰਲੀ ਆਖੀ ਹੈ । ਮੈਂ ਇੱਕ ਕਮੇਟੀ ਬਣਾ ਕੇ ਮਨਿਸਟਰ ਸਾਹਿਬ ਅਤੇ ਕੁਝ ਅਡਸਰ ਪਾ ਕੇ ਯਕੀਨੀ ਬਣਾਵਾਂਗਾ ਕਿ ਅਸੀਂ ਜਲਦੀ ਤੋਂ ਜਲਦੀ ਕਦਮ ਚੁੱਕੀਏ, ਜਿਸ ਨਾਲ ਇਹ ਬੁੱਚੜਖਾਨਾ ਬੰਦ ਕੀਤਾ ਜਾਵੇ ਅੌਰ ਇਹ ਵੀ ਕੋਸ਼ਿਸ਼ ਕਰਾਂਗੇ ਕਿ ਉਸ ਕਾਰਖਾਨੇ ਦੇ ਮਾਲਕ ਨੂੰ ਕਿਤੇ ਹੋਰ ਕੰਪਨਸੇਟ ਕਰੀਏ । ਇਹ ਡਾਕਟਰ ਬਿੰਦਰਾ, ਵੈਟਰਨਰੀ ਦਾ ਗਰੈਜੂਏਟ ਹੈ, ਉਸ ਨੇ ਉਥੇ ਸ਼ਾਇਦ ਕੋਈ ਖੋਜ ਕੀਤੀ ਹੋਏਗੀ, ਉਹ ਦੇਹਰਾਦੂਨ ਦਾ ਰਹਿਣ ਵਾਲਾ ਹੈ, ਉਸ ਨੇ ਸਾਡੇ ਕੋਲ 125 ਕਰੋੜ ਦਾ ਫੂਡ ਪ੍ਰਾਸਿਸਿੰਗ ਪਲਾਂਟ ਮੰਗਿਆ ਹੈ ਅੌਰ ਅਸੀਂ ਚਾਹੁੰਦੇ ਹਾਂ ਕਿ ਉਸ ਨੂੰ ਉਧਰ ਕੰਪਨਸੇਟ ਕਰੀਏ ਲੇਕਿਨ ਮੀਟ ਦਾ ਕਾਰਖਾਨਾ ਬੰਦ ਕੀਤਾ ਜਾਵੇਗਾ । ਮੈਨੂੰ ਲੋਕਾਂ ਨੇ ਗੱਲ ਕਹੀ, ਮੈਂ ਇਸ ਗੱਲ ਦੀ ਤਾਰੀਫ ਨਹੀਂ ਕਰਵਾਉਣਾ ਚਾਹੁੰਦਾ, ਮੈਨੂੰ ਇਹ ਗੱਲ ਕਹੀ ਕਿ ਤੁਹਾਡੀ ਪਾਰਟੀ ਨੇ ਪੰਜਾਬ ਦੇ ਅੰਦਰ ਬੜੇ ਭਾਰੀ ਬੁੱਚੜਖਾਨੇ ਨੂੰ ਬੰਦ ਕੀਤਾ ਹੈ ਤੁਸੀਂ ਇਸ ਬੁੱਚੜਖਾਨੇ ਨੂੰ ਕਿਉਂ ਨਹੀਂ ਬੰਦ ਕਰਦੇ ਤਾਂ ਮੈਂ ਉਨ੍ਹਾਂ ਨੂੰ ਹੋਰ ਗੱਲ ਆਖੀ ਕਿ ਸਾਡੀ ਇਹੀ ਡਿਊਟੀ ਹੈ ਕਿ ਅਸੀਂ ਬੁੱਚੜਖਾਨੇ ਬੰਦ ਕਰਦੇ ਰਿਹਾ ਕਰੀਏ । (ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਵੱਲੋਂ ਵਿਘਨ) ਇਨ੍ਹਾਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਛੋਟਾ ਦਿੱਲ ਨਾ ਰੱਖਿਆ ਕਰੋ, ਵੱਡਾ ਦਿੱਲ ਰੱਖੋ । ਸਾਡਾ ਦਿਲ ਵੀ ਦੇਖੋ । (ਵਿਘਨ) ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਗੱਲ ਮੰਨਣ ਨੂੰ ਤਿਆਰ ਨਹੀਂ, ਪਰ ਇਹ ਸਾਡੇ ਨਾਲ ਇਸ ਗੱਲ ਉਤੇ ਡਿਬੇਟ ਕਰ ਲੈਣ ।

Original with;
Punjab Vidhan Sabha
Digitized by
Panjab Digital Library

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਅੱਜ ਹੀ ਹੋ ਜਾਵੇ, ਚੱਲਣ ਦਿਉ ਜਿੰਨੇ ਦਿਨ ਚਲਦੀ ਹੈ ।

Mr. Speaker : I have not allowed you. Why are you standing ? Please resume your seat. (Interruptions) ਤੁਸੀਂ ਬੈਠ ਨਹੀਂ ਸਕਦੇ, ਬੈਠ ਜਾਓ ।.....(ਵਿਘਨ)....ਤੁਸੀਂ ਗੁਜਰਾਤ ਦੇ ਰਾਜਸਥਾਨ ਵਿਚ ਬੁੱਚੜਖਾਨੇ ਬੰਦ ਕਰਾਓ । ਸਾਡੇ ਸੀ. ਐਮ. ਸਾਹਿਬ ਨੇ ਤਾਂ ਕਰ ਦਿੱਤੇ । ਹੁਣ ਅਗੇ ਗੱਲ ਕਰਨ ਦਿਉ ।

ਮੁਖ ਮੰਤਰੀ : ਤੁਸੀਂ ਲਿਖ ਲਉ, ਇਹ ਗੱਲ ਅੰਸਬਲੀ ਵਿੱਚ ਯੂਨੈਨੀਮਸਲੀ ਪਾਸ ਕਰਦੇ ਹਾਂ ਕਿ ਬੁੱਚੜਖਾਨਾ, ਜਿਹੜਾ ਮੀਟ ਦਾ ਕਾਰਖਾਨਾ ਹੈ ਪੰਜਾਬ ਵਿਚੋਂ ਬੰਦ ਹੋਏਗਾ ਅੌਰ ਪੰਜਾਬ ਦੇ ਲੋਕਾਂ ਨੂੰ ਰਾਹਤ ਮਿਲੇਗੀ । ਉਨ੍ਹਾਂ ਦੀ, ਪੰਜਾਬ ਦੇ ਲੋਕਾਂ ਦੀ ਕਦਰ ਕੀਤੀ ਜਾਵੇਗੀ । ਸਪੀਕਰ ਸਾਹਿਬ, ਤੁਹਾਡਾ ਧੰਨਵਾਦ, ਤੁਸੀਂ ਮੈਨੂੰ ਟਾਈਮ ਦਿੱਤਾ । (ਥੰਪਿੰਗ) ।

ਸ਼੍ਰੀ ਜਗਦੀਸ਼ ਸਾਹਨੀ : ** ** **

Mr. Speaker . You are giving clarifications. It is no Point of Order. You are just wasting time of the House. The time of the House is very precious.

ਸ਼੍ਰੀ ਜਗਦੀਸ਼ ਸਾਹਨੀ : ਦੂਸਰੀ ਗੱਲ, ਸਪੀਕਰ ਸਾਹਿਬ, ਇਹ ਕੋਈ ਗਲਤ ਗੱਲ ਨਹੀਂ ਅੱਛੀ ਗੱਲ ਹੈ ਅੌਰ ਮੈਂ ਇਨ੍ਹਾਂ ਦਾ ਬੈਂਕਸ ਕੀਤਾ ਹੈ । ਅਸੀਂ ਇਹ ਚਾਹੁੰਦੇ ਹਾਂ ਕਿ ਡਿਬੇਟ ਹੋ ਜਾਵੇ, ਉਸ ਦਾ ਟਾਈਮ ਫਿਕਸ ਕਰ ਲੈਣ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਗਲਤ ਸਮਝ ਲਿਆ । ਮੈਂ ਇਹ ਨਹੀਂ ਆਖਿਆ ਸੀ, ਮੈਂ ਜਿਹੜੀ ਗੱਲ ਆਖੀ ਉਸ ਨੂੰ ਇਹ ਗਲਤ ਸਮਝ ਗਏ । ਅਸੀਂ ਡਿਬੇਟ ਕਰਨ ਨੂੰ ਤਿਆਰ ਹਾਂ, ਇਹ ਦੱਸਣ ਵਾਸਤੇ ਕਿ ਕੌਣ ਜ਼ਿਆਦਾ ਰਿਲੀਜਸ ਹੈ, ਕੌਣ ਜ਼ਿਆਦਾ ਕਮਿਊਨਲ ਹੈ । ਇਸ ਗੱਲ ਤੇ ਆਖਿਆ ਸੀ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਇਸੇ ਡਿਬੇਟ ਤੇ ਅਸੀਂ ਤਿਆਰ ਹਾਂ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

Mr. Speaker : Why are you on your feet without asking me. I have not allowed you. ਇਸ ਤਰ੍ਹਾਂ ਕਰ ਰਹੇ ਹੋ, ਜਿਵੇਂ ਜ਼ਨਾਨੀਆਂ ਤਾਅਨੇ ਦਿੰਦੀਆਂ ਹਨ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਇਹ ਤਾਂ ਤੁਹਾਡਾ ਤਜਰਬਾ ਹੈ ।

ਸ਼੍ਰੀ ਸਪੀਕਰ : ਤਜਰਬਾ ਤਾਂ ਬਹੁਤ ਹੈ, ਬਹੁਤ ਹੋਈ ਜਾ ਰਿਹਾ ਹੈ । ਨੈਕਸਟ ਸਪੀਕਰ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ, ਮੈਂ ਦੇਖਦਾ ਹਾਂ ਕੀ ਬੋਲਦੇ ਹੋ ?

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਕੀ ਤੁਸੀਂ ਮੈਨੂੰ ਟਾਈਮ ਬਜਟ ਤੇ ਬੋਲਣ ਲਈ ਦਿੱਤਾ ਹੈ ਜਾਂ ਜੋ ਤੁਸੀਂ ਪਹਿਲਾਂ ਕਿਹਾ ਸੀ ਕਿ ਵਿੱਚ ਨਾ ਬੋਲੋ ਜਦੋਂ ਸੀ. ਐਮ. ਸਾਹਿਬ ਜਵਾਬ ਦੇ ਲੈਣ ਉਨ੍ਹਾਂ ਤੋਂ ਮਗਰੋਂ ਬੋਲ ਲੈਣਾ ?

ਸ਼੍ਰੀ ਸਪੀਕਰ : ਤੁਸੀਂ ਉਨ੍ਹਾਂ ਤੋਂ ਕਲੈਰੀਫੀਕੇਸ਼ਨ ਨਹੀਂ ਲੈ ਸਕਦੇ । (ਵਿਘਨ) ਤੁਸੀਂ ਬਜਟ ਤੇ ਕੁਝ ਬੋਲਣਾ ਹੈ ਤਾਂ ਬੋਲ ਸਕਦੇ ਹ । (ਵਿਘਨ) ਜੇ ਤੁਸੀਂ ਬਜ਼ਟ ਤੇ ਨਹੀਂ ਬੋਲਣਾ ਤਾਂ I will call next speaker, Shri Jai Kishan Saini. (Interruption).

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਕੀ ਤੁਸੀਂ ਮੈਨੂੰ ਟਾਈਮ ਨਹੀਂ ਦੇਣਾ ? (ਵਿਘਨ) ।

ਪੰਡਿਤ ਸ਼ੇਮ ਦੱਤ ਸ਼ਰਮਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਅੱਜ ਇਸ ਪਵਿੱਤਰ ਸਦਨ ਦੇ ਅੰਦਰ ਅੱਜ ਉਸ ਮਹਾਨ ਸ਼ਖਸ਼ੀਅਤ ਨੇ, ਉਸ ਮਹਾਨ ਜੋਧੇ ਨੇ, ਉਸ ਮਹਾਨ ਜਰਨੈਲ ਨੇ ਜੋ ਬਿਆਨ ਦਿੱਤਾ ਹੈ ਉਹ ਲੱਕਾਂ ਦੀਆਂ ਭਾਵਨਾਵਾਂ ਦੀ ਸਹੀ ਤਰਜਮਾਨੀ ਕੀਤੀ ਹੈ । ਉਹ ਜਿਹੜੇ ਦਿਲੀ ਵਿੱਚ ਬੈਠੇ ਬੁੱਚੜਖਾਨੇ ਦਾ ਕੰਮ ਕਰਦੇ ਹਨ, ਯੂ. ਪੀ. ਵਿੱਚ ਕਰਦੇ ਹਨ....(ਵਿਘਨ) ।

ਸ਼੍ਰੀ ਸਪੀਕਰ : ਪੰਡਿਤ ਜੀ, ਬੈਠੋ । Resume your seat. I have called Shri Saini to speak.

Shrimati Laxmi Kanta Chawla : Sir.....

Mr. Speaker : You did not speak when allowed, now you will get time after Shri Jai Kishan Saini. At that time you started talking something else.

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਕੀ ਤੁਸੀਂ ਮੈਨੂੰ ਟਾਈਮ ਨਹੀਂ ਦੇਣਾ ? (Interruption)

Mr. Speaker : Mrs. Chawla ji, you will get time after Mr. Jai Kishan Saini.

Original with;
Punjab Vidhan Sabha
Digitized by;
Punjab Digital Library

GENERAL DISCUSSION ON THE BUDGET ESTIMATES FOR THE YEAR 1995-96 (*Resumption*)

ਸ਼੍ਰੀ ਜੈ ਕਿਸ਼ਨ ਸੈਣੀ (ਜਲੰਧਰ ਕੇਂਦਰੀ): ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ । ਸਭ ਤੋਂ ਪਹਿਲਾਂ ਮੈਂ ਸਰਦਾਰ ਬੇਅੰਤ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਰਹਿਨੁਮਾਈ ਕਰਦਿਆਂ ਬੁਚੜਖਾਨੇ ਨੂੰ ਬੰਦ ਕਰਨ ਦਾ ਐਲਾਨ ਕੀਤਾ ਹੈ । (ਥੰਪਿੰਗ) ਅੱਜ ਸਪੀਕਰ ਸਾਹਿਬ, ਇਸ ਸਦਨ ਵਿੱਚ ਚੌਥਾ ਬਜਟ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਹੇਠ ਪੇਸ਼ ਕੀਤਾ ਹੈ, ਉਹ ਬਜਟ ਜਿਹੜਾ ਸਾਰੇ ਪੰਜਾਬ ਵਿੱਚ ਯਾਦਗਾਰੀ ਬਜਟ ਰਹੇਗਾ ਇਹ ਉਹ ਬਜਟ ਹੈ ਜਿਸ ਦੇ ਵਿੱਚ ਕੋਈ ਟੈਕਸ ਨਹੀਂ ਲਾਇਆ ਗਿਆ । ਸਪੀਕਰ ਸਾਹਿਬ, 1992 ਵਿੱਚ ਜਦੋਂ ਅਸੀਂ ਪਹਿਲਾ ਬਜਟ ਪੇਸ਼ ਕੀਤਾ ਸੀ ਤਾਂ ਉਸ ਦੇ ਵਿੱਚ 892 ਕਰੋੜ ਰੁਪਏ ਮਾਈਨਸ ਦਾ ਐਨੂਅਲ ਪਲੈਨ ਸੀ ਅੱਜ ਅਸੀਂ 3 ਸਾਲ ਬਾਅਦ 1675 ਕਰੋੜ ਰੁਪਏ ਦਾ ਐਨੂਅਲ ਪਲੈਨ ਪੇਸ਼ ਕਰਨ ਜਾ ਰਹੇ ਹਾਂ, ਜਿਸ ਦ ਵਿਚੋਂ 875 ਕਰੋੜ ਰੁਪਏ ਸਟੇਟ ਨੇ ਆਪਣੇ ਰਿਸੋਰਸਿਜ਼ ਵਿਚੋਂ ਪ੍ਰੋਵਾਈਡ ਕਰਨੇ ਹਨ । ਜਿਤਨਾ ਅੱਛਾ ਬਜਟ ਐਤਕੀਂ ਪੇਸ਼ ਹੋਇਆ ਹੈ ਉਤਨਾ ਅੱਜ ਤਕ ਕਦੇ ਬਜਟ ਪੇਸ਼ ਨਹੀਂ ਹੋਇਆ । ਇਹ ਸਾਰਾ ਕੁਝ ਤਾਂ ਹੀ ਹੋ ਸਕਿਆ ਹੈ, ਸਰਦਾਰ ਬੇਅੰਤ ਸਿੰਘ ਜੀ ਦੀ ਮਿਹਰਬਾਨੀ ਅੱਰ ਉਨ੍ਹਾਂ ਦੀ ਕੋਸ਼ਿਸ਼ ਸਦਕਾ ਪੰਜਾਬ ਵਿੱਚ ਜੋ ਅਮਨ ਹੋਇਆ ਹੈ ਉਸ ਦੀ ਵਜ੍ਹਾ ਕਰਕੇ ਇਹ ਸਾਰਾ ਕੁਝ ਹੋਇਆ ਹੈ । ਜੋ ਲੋਕ ਪੰਜਾਬ ਤੋਂ ਬਾਹਰ ਚਲੇ ਗਏ ਸਨ ਉਹ ਪੰਜਾਬ ਵਿੱਚ ਦੁਬਾਰਾ ਆ ਕੇ ਆਪਣਾ ਕਾਰੋਬਾਰ ਕਰਨ ਲਗ ਪਏ ਹਨ, ਉਨ੍ਹਾਂ ਨੇ ਆਪਣੀਆਂ ਫੈਕਟਰੀਆਂ ਸ਼ੁਰੂ ਕਰ ਦਿੱਤੀਆਂ ਹਨ । ਸਪੀਕਰ ਸਾਹਿਬ, ਅੱਜ ਹਰ ਬੰਦਾ ਆਪਣਾ ਕਾਰੋਬਾਰ ਚਲਾ ਰਿਹਾ ਹੈ ਅੱਰ ਇਸ ਵਾਸਤੇ ਸਰਦਾਰ ਬੇਅੰਤ ਸਿੰਘ ਜੀ ਨੇ 1687 ਕਰੋੜ ਰੁਪਏ ਦਾ ਬਜਟ ਇਸ ਐਨੂਅਲ ਪਲਾਨ ਵਿਚ ਸਾਡੇ ਵਾਸਤੇ ਉਪਲਬਧ ਕਰਵਾਇਆ ਹੈ । ਮੈਂ ਇਸ ਬਜਟ ਨੂੰ ਚੰਗੀ ਤਰ੍ਹਾਂ ਸਟੱਡੀ ਕੀਤਾ ਹੈ ਅੱਰ ਇਹ ਵੇਖਿਆ ਹੈ ਕਿ ਸਾਡੀ ਸਰਕਾਰ ਨੇ ਕੋਸ਼ਿਸ਼ ਕੀਤੀ ਹੈ ਕਿ ਇਹ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ ਇਹ ਪੰਜਾਬ ਵਿਚ ਹਰ ਫੀਲਡ ਵਿਚ ਮੋਡਰੇਨਾਈਜੇਸ਼ਨ ਪੈਦਾ ਕਰਦਾ ਹੈ, ਇੰਪਲਾਏਮੈਂਟ ਵਧਾਉਂਦਾ ਹੈ ਅੱਰ ਡਾਈਵਰਸੀਫਿਕੇਸ਼ਨ ਆਫ ਐਗਰੀਕਲਚਰ ਵਲ ਲੈ ਜਾਂਦਾ ਹੈ । ਸਿਰਫ ਇਤਨਾ ਹੀ ਨਹੀਂ ਪੰਜਾਬ ਵਿਚ ਵਾਟਰ ਸਪਲਾਈ, ਸੈਨੀਟੇਸ਼ਨ, ਅਰਬਨ ਡਿਵੈਲਪਮੈਂਟ ਅੱਰ ਟੈਕਨੀਕਲ ਐਜੂਕੇਸ਼ਨ ਵਲ ਇਸ ਬਜਟ ਵਿਚ ਬਹੁਤ ਕੁਝ ਰਖਿਆ ਗਿਆ ਹੈ । ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਨਾਲ ਇਹ ਬਜਟ ਪੇਸ਼ ਕੀਤਾ ਗਿਆ ਹੈ, ਉਸ ਵਿਚ ਸਰਕਾਰ ਦਾ ਮੁੱਦਾ ਹੈ ਕਿ ਇਥੇ ਇੰਡਸਰੀਅਲ ਰੈਵੋਲਿਊਸ਼ਨ ਆਵੇ । ਹੁਣੇ ਹੀ ਇਥੇ ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਇਥੇ ਇੰਡਸਟਰੀ ਦਾ ਰੈਵੋਲਿਊਸ਼ਨ ਆਏਗਾ । ਇਹ ਬਹੁਤ ਚੰਗੀ ਗੱਲ ਹੈ । ਕੋਈ ਵੀ ਸਟੇਟ ਤਰੱਕੀ ਪੂਰੀ ਤਰ੍ਹਾਂ ਤਾਂ ਹੀ ਕਹ ਸਕਦੀ ਹੈ ਜੇ ਉਸ ਸਟੇਟ ਦੀ ਇੰਡਸਟਰੀ ਤਕੜੀ ਹੋਵੇ । ਇਸ ਲਈ ਇਹ ਜਿਹੜਾ ਬਜਟ, ਸਰਦਾਰ ਬੇਅੰਤ ਸਿੰਘ ਜੀ ਨੇ ਡਾਕਟਰ ਸਾਹਿਬ ਦੇ ਬਹੁ, ਪੇਸ਼ ਕੀਤਾ ਹੈ ਇਸ ਚਿ ਸਿਰਫ ਕਾਰਖਾਨੇ ਅੱਰ ਵਪਾਰੀਆਂ

Original with;
Punjab Vidhan Sabha
Digitized by;
Panjab Digital Library

ਵਾਸਤੇ ਹੀ ਰਿਆਇਤਾਂ ਨਹੀਂ ਬਲਕਿ ਹਰ ਵਰਗ ਵਾਸਤੇ ਰਿਆਇਤਾਂ ਦਿੱਤੀਆਂ ਗਈਆਂ ਹਨ । ਪਿਛੇ ਇਥੇ ਐਲਾਨ ਕੀਤਾ ਸੀ ਕਿ ਐਸ.ਟੀ. 22 ਫਾਰਮ ਖਤਮ ਕਰ ਦਿੱਤਾ ਗਿਆ ਹੈ, ਸੇਲ ਟੈਕਸ ਵਿਚ ਕਮੀ ਕਰ ਦਿੱਤੀ ਗਈ ਹੈ ਹੋਰ ਵੀ ਬਹੁਤ ਸਾਰੀਆ ਰਿਆਇਤਾਂ ਦਾ ਐਲਾਨ ਕੀਤਾ ਗਿਆ ਹੈ । ਬੈਰੀਅਰਜ਼ ਨੂੰ ਖਤਮ ਕੀਤਾ ਗਿਆ ਹੈ । ਇਸ ਨਾਲ ਜਿਹੜੇ ਵਪਾਰੀ ਬਾਹਰ ਜਾਣ ਲਗ ਗਏ ਸਨ ਜਿਵੇਂ ਕਿ ਫਰੀਦਾਬਾਦ, ਸਹਾਰਨਪੁਰ ਅੋਰ ਦਿੱਲੀ ਜਾ ਰਹੇ ਸਨ ਉਹ ਫਿਰ ਇਥੇ ਆਉਣ ਲਗ ਗਏ ਹਨ ਅਗਰ ਕੋਈ ਰਹਿ ਗਿਆ ਹੈ ਤਾਂ ਉਹ ਵੀ ਜਲਦੀ ਆ ਜਾਵੇਗਾ ਕਿਉਂਕਿ ਜਿਹੜਾ ਵਪਾਰੀ ਹੁੰਦਾ ਹੈ ਉਸ ਨੂੰ ਅਗਰ 2% ਮਾਰਜਨ ਹੋਲ ਸੇਲ ਵਿਚ ਮਿਲਦਾ ਹੈ ਤਾ ਉਹ ਆਪਣਾ ਕੰਮ ਸਿਫਟ ਕਰ ਲੈਂਦਾ ਹੈ । ਇਸ ਲਈ ਇਹ ਜਿਹੜੀਆਂ ਰਿਆਇਤਾਂ ਦਿੱਤੀਆਂ ਗਈਆਂ ਹਨ, ਇਸ ਨਾਲ ਪੰਜਾਬ ਵਿਚ ਕਾਰੋਬਾਰ ਬਹੁਤ ਵਧਿਆ ਹੈ ਪਰੋਡਕਸ਼ਨ ਵਧੀ ਹੈ ਅੋਰ ਮੈਂ ਸਮਝਦਾਂ ਹਾਂ ਕਿ ਜਿਹੜੀ ਪਰ ਕੈਪਟਾ ਇਨਕਮ ਇਸ ਵੇਲੇ ਨੰਬਰ ਦੋ ਤੇ ਹੈ ਅਗਰ ਇਸੇਤਰ੍ਹਾਂ ਡਿਵੈਲਪਮੈਂਟ ਹੁੰਦੀ ਰਹੀ ਤਾਂ ਇਹ ਜਲਦੀ ਹੀ ਨੰਬਰ ਇਕ ਤੇ ਆ ਜਾਵੇਗੀ ਜਿਸ ਤਰ੍ਹਾ ਕਿ ਅੱਜ ਤੋਂ 15 ਸਾਲ ਪਹਿਲਾਂ ਸੀ । ਮੈਨੂੰ ਯਕੀਨ ਹੈ ਕਿ ਜਿਹੜੀਆਂ ਰਿਆਇਤਾਂ ਦਿੱਤੀਆਂ ਗਈਆਂ ਹਨ ਇਹ ਸਿਰਫ ਵਪਾਰੀ ਅੋਰ ਕਾਰਖਾਨੇਦਾਰਾਂ ਨੂੰ ਹੀ ਨਹੀਂ ਦਿੱਤੀਆਂ ਗਈਆਂ, ਇਸ ਬਜਟ ਵਿਚ ਕਰਮਚਾਰੀਆਂ ਦਾ ਵੀ ਬਹੁਤ ਖਿਆਲ ਰਖਿਆ ਗਿਆ ਹੈ । ਪੇਅ ਕਮਿਸ਼ਨ ਦੀ ਰਿਪੋਰਟ ਆਉਣ ਤੋਂ ਪਹਿਲਾਂ ਹੀ ਜਿਹੜੇ 3500/- ਰੁਪਏ ਤੋਂ ਘੱਟ ਤਨਖਾਹ ਵਾਲੇ ਹਨ ਉਨ੍ਹਾਂ ਨੂੰ 150/- ਰੁਪਿਆ ਦੇ ਦਿੱਤਾ ਹੈ ਅੋਰ ਜਿਹੜੇ 3500/- ਤੋਂ ਉਪਰ ਵਾਲੇ ਹਨ, ਉਨ੍ਹਾਂ ਨੂੰ 200 ਰੁਪਏ ਦੇ ਦਿੱਤੇ ਹਨ । ਇਸ ਤੋਂ ਇਲਾਵਾ ਮਕਾਨ ਵਾਸਤੇ ਜਿਹੜਾ ਕਰਜਾ ਪਹਿਲੇ ਢਾਈ ਲੱਖ ਸੀ, ਉਸ ਨੂੰ 3.50 ਲੱਖ ਕਰ ਦਿੱਤਾ ਹੈ ਅੋਰ ਜੇ ਮੀਆਂ ਬੀਵੀ ਦੋਨੋਂ ਸਰਵਿਸ ਵਿਚ ਹੋਣ ਤਾ ਇਹ ਕਰਜ਼ਾ ਪੰਜ ਲੱਖ ਤਕ ਮਿਲ ਸਕਦਾ ਹੈ । ਮੇਰੇ ਕਹਿਣ ਦਾ ਭਾਵ ਹੈ ਕਿ ਹਰ ਸਡੋਅਰ ਵਿਚ ਲੋਕਾ ਨੂੰ ਰਿਆਇਤਾਂ ਦਿੱਤੀਆਂ ਗਈਆਂ ਹਨ । ਫਰੀਡਮ ਫਾਈਟਰਜ਼ ਨੂੰ 500 ਤੋਂ 600 ਰੁਪਏ ਕਰ ਦਿੱਤਾ ਹੈ ਓਲਡ ਏਜ ਨੂੰ 150 200 ਰੁਪਏ ਕਰਨ ਦਾ ਵਿਚਾਰ ਹੈ । ਇਹ ਜਿਹੜੀਆਂ ਰਿਆਇਤਾਂ ਦਿੱਤੀਆਂ ਗਈਆਂ ਹਨ ਇਨ੍ਹਾਂ ਨਾਲ ਸਰਕਾਰ ਦੀ ਬਹੁਤ ਸ਼ਲਾਘਾ ਹੋ ਰਹੀ ਹੈ । ਫਿਰ ਇਰੀਗੇਸ਼ਨ ਅੋਰ ਪਾਵਰ ਵਲ ਵੀ ਸਰਕਾਰ ਨੇ ਬਹੁਤ ਧਿਆਨ ਦਿੱਤਾ ਹੈ । ਰਣਜੀਤ ਸਾਗਰ ਡੈਮ, ਸ਼ਾਹਪੁਰ ਕੰਡੀ ਅਤੇ ਗੁਰੂਨਾਨਕ ਥਰਮਲ ਪਲਾਂਟ ਵਲ ਵੀ ਸਰਕਾਰ ਨੇ ਬਹੁਤ ਧਿਆਨ ਦਿੱਤਾ ਹੈ ਅੋਰ ਸਰਕਾਰ ਦੀ ਪੂਰੀ ਕੋਸ਼ਿਸ਼ ਹੈ ਕਿ ਰਣਜੀਤ ਸਾਗਰ ਡੈਮ ਜਿਸ ਤੇ ਕੰਮ ਬੜੀ ਤੇਜ਼ੀ ਨਾਲ ਚਲ ਰਿਹਾ ਹੈ ....

12.49*
ਬਾਅਦ ਦੁਪਹਿਰ

(ਇਸ *ਸਮੇਂ ਸਰਦਾਰ ਗਲਜ਼ਾਰ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

Original with;
Punjab Vidhan Sabha
Digitized by;
Panjab Digital Library

[ਸ਼ੀ ਜੇ ਕਿਸ਼ਨ ਸੈਣੀ]

ਮੈਨੂੰ ਉਥੇ ਡੈਮ ਤੇ ਜਾਣ ਦਾ ਮੌਕਾ ਮਿਲਿਆ ਹੈ ਮੈਂ ਆਪ ਵੇਖਿਆ ਹੈ ਕਿ ਉਥੇ ਵਰਕਰਜ਼ ਬੜੀ ਤੇਜ਼ੀ ਨਾਲ ਕੰਮ ਕਰ ਰਹੇ ਹਨ । ਜਿਹੜਾ ਇਨਸੈਂਟਿਵ ਸਰਦਾਰ ਬੇਅੰਤ ਸਿੰਘ ਜੀ ਨੇ ਉਨ੍ਹਾਂ ਨੂੰ ਦੇਣ ਲਈ ਕਿਹਾ ਹੈ ਇਸ ਨਾਲ ਉਨ੍ਹਾਂ ਦਾ ਉਤਸ਼ਾਹ ਵਧਿਆ ਹੈ ਅੱਤੇ ਸਾਰਾ ਕੰਮ ਤੇਜ਼ੀ ਨਾਲ ਚਲ ਰਿਹਾ ਹੈ ਅੱਤੇ ਸਮੇਂ ਸਿਰ ਇਸ ਨੂੰ ਕੰਪਲੀਟ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਉਥੇ ਬੜੇ ਜ਼ੋਰ ਸ਼ੋਰ ਨਾਲ ਕੰਮ ਚੱਲ ਰਿਹਾ ਹੈ ਅਤੇ ਜਿਹੜੀ ਸਰਕਾਰ ਵਲੋਂ ਡੇਟ ਫਿਕਸ ਕੀਤੀ ਗਈ ਹੈ ਇਸ ਨੂੰ ਕੰਪਲੀਟ ਕਰਨ ਦੀ, ਮੇਰੇ ਖਿਆਲ ਨਾਲ ਇਹ ਇਸ ਡੇਟ ਤੋਂ ਪਹਿਲੇ ਕੰਪਲੀਟ ਹੋ ਜਾਵੇਗਾ । ਥੀਨ ਡੈਮ ਤੋਂ 600 ਮੈਗਾਵਾਟ ਬਿਜਲੀ ਪੈਦਾ ਹੋਵੇਗੀ ਅਤੇ ਜਿਹੜੀ ਪੰਜਾਬ ਵਿਚ ਬਿਜਲੀ ਦੀ ਕਮੀ ਮਹਿਸੂਸ ਕੀਤੀ ਜਾ ਰਹੀ ਸੀ, ਉਹ ਕਮੀ ਪੂਰੀ ਹੋਵੇਗੀ । ਇਸ ਦੇ ਨਾਲ 57,340 ਹੈਕਟਰ ਰਕਬਾ ਇਰੀਗੇਸ਼ਨ ਦੇ ਥੱਲੇ ਹੋਰ ਆਵੇਗਾ ਅਤੇ ਪ੍ਰੋਡਕਸ਼ਨ ਵਿਚ ਹੋਰ ਵਾਧਾ ਹੋਵੇਗਾ । ਇਹ ਬਹੁਤ ਵੱਡਾ ਪ੍ਰਾਜੈਕਟ ਹੈ ਜਿਥੋਂ ਪੰਜਾਬ ਨੂੰ ਕਾਫੀ ਮਾਤਰਾ ਵਿਚ ਬਿਜਲੀ ਅਤੇ ਪਾਣੀ ਮਿਲੇਗਾ । ਪਾਵਰ ਅੰਤ ਇਰੀਗੇਸ਼ਨ ਦੇ ਨਾਲ ਨਾਲ ਪੰਜਾਬ ਵਿਚ ਟੈਕਨੀਕਲ ਐਜੂਕੇਸ਼ਨ ਦੀ ਬਹੁਤ ਜ਼ਰੂਰਤ ਹੈ । ਇਸ ਦੇ ਵਿਚ ਕਾਰਖਾਨੇਦਾਰਾਂ ਨੂੰ ਲੇਟੈਸਟ ਟੈਕਨੌਲਜੀ ਦਾ ਫਾਇਦਾ ਉਠਾਉਣਾ ਚਾਹੀਦਾ ਹੈ । ਇਸ ਦੇ ਨਾਲ ਪੰਜਾਬ ਤਰੱਕੀ ਕਰੇਗਾ । ਪੰਜਾਬ ਵਿਚ 2 ਨਵੇਂ ਇੰਜਨਿਅਰਿੰਗ ਕਾਲਜ ਇਸ ਸਾਲ ਸ਼ੁਰੂ ਕੀਤੇ ਜਾ ਰਹੇ ਹਨ ਅਤੇ ਇਸੇ ਸਾਲ ਇਹ ਕੰਪਲੀਟ ਹੋ ਜਾਣਗੇ । 4 ਨਵੇਂ ਪਾਲੀਟੈਕਨਿਕ ਚਾਲੂ ਕੀਤੇ ਜਾ ਰਹੇ ਹਨ ਅਤੇ 9 ਇੰਡਸਟਰੀਅਲ ਟਰੇਨਿੰਗ ਇੰਸਟੀਚਿਊਟ ਖੋਲ੍ਹੇ ਜਾ ਰਹੇ ਹਨ । ਇਸ ਦੇ ਨਾਲ 26 ਹਜ਼ਾਰ ਨੌਜਵਾਨਾਂ ਨੂੰ ਇੰਡਸਟਰੀਅਲ ਟਰੇਨਿੰਗ ਦਿੱਤੀ ਜਾਵੇਗੀ । ਜਿਹੜੀ ਸਾਡੀ ਸਕਿਲਡ ਮੈਨ ਪਾਵਰਜ਼ ਹੈ, ਇਸ ਦੇ ਵਿਚ ਵੀ ਵਾਧਾ ਹੋਵੇਗਾ । ਸਕਿਲਡ ਮੈਨ ਪਾਵਰਜ਼ ਵਧਣ ਦੇ ਨਾਲ ਇੰਡਸਟਰੀਅਲ ਪ੍ਰੋਡਕਸ਼ਨ ਵਿਚ ਵਾਧਾ ਹੋਵੇਗਾ ਅਤੇ ਪ੍ਰੋਡੈਕਸ਼ਨ ਵੱਧੇਗੀ । ਸਰਕਾਰ ਵਲੋਂ ਇਸ ਉਤੇ 305 ਕਰੋੜ ਰੁਪਿਆ ਲਗਾਇਆ ਜਾ ਰਿਹਾ ਹੈ । ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ । ਇਸ ਨੂੰ ਅਗਰ ਵੇਰਵੇ ਸਹਿਤ ਦੱਸਾਂ ਤਾਂ ਕਾਫੀ ਸਮਾਂ ਲੱਗ ਜਾਵੇਗਾ । ਇਸ ਲਈ ਮੈਂ ਸਾਰਾ ਟੋਟਲ ਕਰਕੇ ਦਸ ਦਿੱਤਾ ਹੈ । 1995-96 ਦੇ ਵਿਚ 8 ਇੰਜਨਿਅਰਿੰਗ ਕਾਲਜ ਕੰਪਲੀਟ ਹੋ ਜਾਣਗੇ ਅਤੇ 23 ਪਾਲੀਟੈਕਨੀਕ ਕੰਪਲੀਟ ਹੋ ਜਾਣਗੇ । 26,000 ਨੌਜਵਾਨਾਂ ਨੂੰ ਟੈਕਨੀਕਲ ਟਰੇਨਿੰਗ ਮਿਲੇਗੀ । ਇਹ ਸਾਰਾ ਕੁਝ ਸਰਦਾਰ ਬੇਅੰਤ ਸਿੰਘ ਕਰ ਰਹੇ ਹਨ ਇਸ ਤੋਂ ਇਲਾਵਾ ਸਰਕਾਰ ਆਈ. ਟੀ. ਆਈ. ਦੇ ਵਿਚ ਜਿਹੜੀ ਮਸ਼ੀਨਰੀ ਹੈ, ਇਸ ਨੂੰ ਅਪਗਰੇਡ ਕਰ ਰਹੀ ਹੈ । ਇਸ ਦੇ ਲਈ ਕਾਫੀ ਅਮਾਉਂਟ ਰਖਿਆ ਗਿਆ ਹੈ । ਇਸ ਦੇ ਨਾਲ ਮੈਂ ਬੇਨਤੀ ਕਰਦਾ ਹਾਂ ਕਿ ਇੰਡਸਟਰੀਅਲ ਯੂਨਿਟ ਦੇ ਵਿਚ ਵੀ ਸਰਕਾਰ ਨੂੰ ਨਵੀਂ ਟੈਕਨੌਲਜੀ ਦੇਣ ਲਈ ਅਮਾਉਂਟ ਰਖਣਾ ਚਾਹੀਦਾ ਹੈ । ਪੁਰਾਣੀ ਮਸ਼ੀਨਰੀ ਨੂੰ ਬਦਲ ਦਿੱਤਾ ਜਾਵੇ ਤਾਂਕਿ ਲੋਕ ਨਵੀਂ ਟੈਕਨੀਕਲ ਪਾਲਿਸੀ ਦੇ ਮੁਤਾਬਿਕ ਫਾਇਦਾ ਉਠਾ ਸਕਣ । ਬਟਾਲਾ ਗੁਰਾਇਆ, ਜਲੰਧਰ ,ਲੁਧਿਆਣਾ ਵਗੈਰਾ ਦੇ ਵਿਚ ਪੁਰਾਣੀ ਇੰਡਸਟਰੀ ਦੀ ਥਾਂ ਤੇ ਨਵੀਂ ਟੈਕਨੌਲਜੀ ਦਿੱਤੀ ਜਾਵੇ ਤਾਂ ਕਿ ਨਵੀਂ ਟੈਕਨੌਲਜੀ ਲੇਣ ਵਾਲੇ ਨੌਜਵਾਨ ਉਥੇ

Original with;
Punjab Vidhan Sabha
Digitized by;
Punjab Digital Library

ਆ ਕੇ ਕੰਮ ਕਰ ਸਕਣ ।ਇਸ ਨੂੰ ਬਦਲਣ ਲਈ ਸਰਕਾਰ ਵਲੋਂ ਪੈਸਾ ਰਖਿਆ ਜਾਣਾ ਚਾਹੀਦਾ ਹੈ ਤਾਂ ਕਿ ਇੰਡਸਟਰੀਅਲ ਯੂਨਿਟ ਵਾਲਿਆਂ ਨੂੰ ਇਸ ਦਾ ਫਾਇਦਾ ਹੋ ਸਕੇ । ਲੈਬਾਰਟਰੀਜ ਦੇ ਲਈ ਵੀ ਪੈਸਾ ਰਖਿਆ ਗਿਆ ਹੈ । ਜਲੰਧਰ ਵਿਚ ਸਵਿਚਗੀਅਰ ਦੀਆਂ ਫੈਕਟਰੀਆਂ ਕਾਫੀ ਹਨ ਅੱਰ ਉਹ ਕਾਫੀ ਮਾਲ ਅੱਕਸਪੋਰਟ ਵੀ ਕਰਦੇ ਹਨ ਪਰ ਜਲੰਧਰ ਵਿਚ ਇਸ ਦੀ ਟੈਸਟਿੰਗ ਕਰਨ ਵਾਸਤੇ ਕੋਈ ਇੰਤਜ਼ਾਮ ਨਹੀਂ ਹੈ । ਇਸ ਦੀ ਟੈਸਟਿੰਗ ਦਾ ਇੰਤਜ਼ਾਮ ਭੋਪਾਲ, ਬੰਗਲੌਰ, ਬੰਬਈ ਵਿਚ ਹੈ । ਸਰਕਾਰ ਨੂੰ ਚਾਹੀਦਾ ਹੈ ਇ ਇਸ ਸਵਿਚਗੀਅਰ ਫੈਕਟਰੀ ਨੂੰ ਵਧਾਉਣ ਲਈ ਇਥੇ ਜਲੰਧਰ ਵਿਚ ਇਕ ਟੈਸਟਿੰਗ ਸੈਂਟਰ ਖੋਲਿਆ ਜਾਵੇ ।

ਲੋਕਲ ਬਾਡੀਜ਼ ਬਾਰੇ ਪੜ੍ਹ ਕੇ ਮਨ ਬਹੁਤ ਖੁਸ਼ ਹੁੰਦਾ ਹੈ । ਇਸ ਦੇ ਵਿਚ ਸਰਕਾਰ ਨੇ ਕਾਫੀ ਸੁਧਾਰ ਲਿਆਂਦੇ ਹਨ । 1993-94 ਵਿਚ 278 ਕਰੋੜ ਰੁਪਿਆ ਖਰਚ ਕੀਤਾ ਗਿਆ ਸੀ ਅੱਰ ਇਸ ਦੇ ਵਿਚ ਕਾਫੀ ਡਿਵੈਲਪਮੈਂਟ ਕੀਤੀ ਗਈ ਸੀ । ਇਸ ਦੇ ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ, ਚੇਅਰਮੈਨ ਸਾਹਿਬ, ਲੋਕਲ ਬਾਡੀਜ਼ ਲਈ 1994-95 ਵਿਚ 414 ਕਰੋੜ ਰੁਪਿਆ ਰਖਿਆ ਗਿਆ ਸੀ । ਇਸ ਸਾਲ ਰਕਮ ਡਬਲ ਤੋਂ ਵੀ ਵੱਧ ਹੈ । ਆਉਂਦੇ ਸਾਲ ਇਸ ਤੋਂ ਵੀ ਵੱਧ ਰਕਮ ਹੋਵੇਗੀ । 32,000 ਕਰਮਚਾਰੀਆਂ ਨੂੰ ਸਰਕਾਰ ਨੇ 1990 ਤੋਂ ਪੈਨਸ਼ਨ ਦੇਣ ਦਾ ਐਲਾਨ ਕੀਤਾ ਹੈ । ਇਹ ਪੰਜਾਬ ਦੇ ਕਰਮਚਾਰੀਆਂ ਨੂੰ ਬਹਤ ਵੱਡੀ ਮਦਦ ਦਿੱਤੀ ਹੈ । 5000 ਦੇ ਕਰੀਬ ਟੈਂਪਰੇਰੀ ਵਰਗ ਦੇ ਵਰਕਰਾਂ ਨੂੰ ਪੱਕਾ ਕਰਨ ਦਾ ਫੈਸਲਾ ਕੀਤਾ ਹੈ । ਕਾਰਪੋਰੇਸ਼ਨਾਂ ਦੇ ਮੈਅਰਜ਼ ਜਿਹੜੇ ਕੰਮ ਕਰਦੇ ਸਨ ਉਨ੍ਹਾਂ ਨੂੰ ਹੋਰ ਵੱਧ ਪਾਵਰਾਂ ਦਿੱਤੀਆਂ ਗਈਆਂ ਹਨ । ਇਸ ਲਈ ਮੈਂ ਐਫ. ਐਮ. ਸਾਹਿਬ ਅਤੇ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿਉਂਕਿ ਇਹ ਬਾਰ ਬਾਰ ਸਵਾਲ ਉਠਦਾ ਸੀ ਜਿਸ ਵੇਲੇ ਸ਼ਹਿਰਾਂ ਵਿਚ ਅੱਡਾ ਬੁਰਾ ਕੰਮ ਹੁੰਦਾ ਸੀ । ਲੋਕਲ ਬਾਡੀਜ਼ ਦੇ ਮੈਂਬਰਾਂ ਤੇ ਬੁਰਾਈ ਦੀ ਜ਼ਿੰਮੇਵਾਰੀ ਪਾਈ ਜਾਂਦੀ ਸੀ । ਇਹ ਪਾਵਰਾਂ ਸਾਰੀਆਂ ਇਲੈਕਟਿਡ ਨੁਮਾਇੰਦਿਆਂ ਨੂੰ ਦਿੱਤੀਆਂ ਗਈਆਂ ਹਨ । ਇਸ ਨਾਲ ਸ਼ਹਿਰਾਂ ਵਿਚ ਜ਼ਿਆਦਾ ਚੰਗੇ ਕੰਮ ਹੋ ਸਕਣਗੇ । ਇਹ ਬਹੁਤ ਵੱਡਾ ਮਾਣ ਉਨ੍ਹਾਂ ਨੂੰ ਦਿੱਤਾ ਹੈ । ਇਸ ਦੇ ਨਾਲ ਸ਼ਹਿਰਾਂ ਵਿਚ ਬਹੁਤ ਅੱਛੇ ਕੰਮ ਹੋਣਗੇ । ਕੌਂਸਲਰਾਂ ਨੂੰ 2000/- ਰੁਪਿਆ ਮਹੀਨਾ ਕੰਸਟੀਚੂਐਂਸੀ ਅਲਾਊਂਸ ਦੇਣ ਦਾ ਐਲਾਨ ਕੀਤਾ ਹੈ । ਪਹਿਲਾਂ ਕੌਂਸਲਰਾਂ ਨੂੰ ਆਪਣੇ ਇਲਾਕੇ ਵਿਚ ਕੰਮ ਕਰਨ ਲਈ ਦਿਕਤਾਂ ਪੇਸ਼ ਆਉਂਦੀਆਂ ਸਨ । ਇਸ ਲਈ ਮੈਂ ਡਾਕਟਰ ਸਾਹਿਬ ਦਾ ਅਤੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ । ਰਾਜਪੁਰਾ, ਬਠਿੰਡਾ, ਪਟਿਆਲਾ ਅਤੇ ਖੰਨਾ ਦੇ ਸ਼ਹਿਰਾਂ ਦੀ ਡਿਵੈਲਪਮੈਂਟ ਵਾਸਤੇ 462 ਕਰੋੜ ਰੁਪਿਆ ਵਿਸ਼ਵ ਬੈਂਕ ਤੋਂ ਲੈਣ ਦਾ ਬੰਦੋਬਸਤ ਕੀਤਾ ਗਿਆ ਹੈ । ਇਸ ਦੇ ਨਾਲ ਸੀਵਰੇਜ, ਵਾਟਰ ਸਪਲਾਈ ਅਤੇ ਟਰੀਟਮੈਂਟ ਪਲਾਂਟ ਲਗਾਏ ਜਾਣਗੇ । ਇਸ ਵਿਚ ਸਰਕਾਰ ਦਾ 30% ਹਿੱਸਾ ਹੈ ਅਤੇ ਬਾਕੀ ਦਾ ਸੈਂਟਰਲ ਗੌਰਮਿੰਟ ਹਿੱਸਾ ਪਾਵੇਗੀ । ਇਸ ਨਾਲ ਸ਼ਹਿਰਾਂ ਦੀ ਨੁਹਾਰ ਬਦਲ ਜਾਵੇਗੀ । ਸ਼ਹਿਰ ਬਹੁਤ ਖੂਬਸੂਰਤ ਬਣ ਜਾਣਗੇ । ਜਿਵੇਂ ਅਸੀਂ ਏਸ਼ੀਅਨ ਕੰਟਰੀਜ਼, ਯੂਰਪੀਅਨ ਕੰਟਰੀਜ਼ ਵਿੱਚ ਵੇਖਦੇ ਹਾਂ ਉਸੇ ਤਰ੍ਹਾਂ ਪੰਜਾਬ ਵਿੱਚ ਹੋ ਜਾਵੇਗਾ । (ਖੁਪਿਆ)

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜੈ ਕਿਸ਼ਨ ਸੈਣੀ]

ਸਤਲੁਜ ਐਕਸ਼ਨ ਪਲਾਨ ਤੇ ਪਹਿਲਾਂ 10 ਕਰੋੜ ਰੁਪਿਆ ਖਰਚ ਕੀਤਾ ਗਿਆ ਹੈ। ਇਸ ਸਾਲ ਫਿਰ ਹੋਰ 10 ਕਰੋੜ ਰੁਪਿਆ ਖਰਚ ਦੀ ਤਜਵੀਜ਼ ਹੈ। ਇਸ ਨਾਲ ਪਿੰਡਾਂ ਦਾ ਵਿਕਾਸ ਹੋਵੇਗਾ। ਇਸ ਲਈ ਵਿੱਤ ਮੰਤਰੀ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ। ਇਸ ਦੇ ਨਾਲ ਲੋਕ ਕਿਨਾਰਿਆਂ ਨੂੰ ਯੂਜ਼ ਕਰ ਸਕਣਗੇ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਥੇ ਇਤਨਾ ਕੁਝ ਦਿੱਤਾ ਹੈ, ਉਥੇ ਮੈਨੂੰ ਡਰ ਹੈ ਕਿ ਇਸ ਨਾਲ ਐਨਕਰੋਚਮੈਂਟ ਕਰਨ ਵਾਲਿਆਂ ਨੂੰ ਐਨਕਰੇਜਮੈਂਟ ਹੋਵੇਗੀ ਇਸ ਲਈ ਇਸ ਨੂੰ ਕ੍ਰਿਮੀਨਲ ਅਫੈਂਸ ਬਨਾਉਣਾ ਚਾਹੀਦਾ ਹੈ ਤਾਂਕਿ ਜਿਹੜਾ ਅਫੈਂਸ ਕਰਦਾ ਹੈ ਉਹ ਕਰਨ ਤੋਂ ਪਹਿਲਾਂ ਸੋਚੇ ਕਿ ਮੈਂ ਅੰਦਰ ਹੋ ਜਾਵਾਂਗਾ। ਕਾਰਪੋਰੇਸ਼ਨਾਂ ਵਿੱਚ ਪੁਲਿਸ ਦਾ ਡੀ. ਐਸ. ਪੀ. ਰੈਂਕ ਦਾ ਇਕ ਅਫਸਰ ਹੋਣਾ ਚਾਹੀਦਾ ਹੈ ਤਾਂ ਕਿ ਉਹ ਇੰਡੀਪੈਂਡੈਂਟ ਆਪਣਾ ਕੰਮ ਚਲਾ ਸਕਣ। ਸ਼ਹਿਰਾਂ ਵਿੱਚ ਮਾਸਟਰ ਪਲਾਨ ਬਨਾਉਣੇ ਚਾਹੀਦੇ ਹਨ ਤਾਂ ਕਿ ਜਿਹੜੀ ਇਨਕਰੋਚਮੈਂਟ ਵੱਧ ਰਹੀ ਹੈ, ਉਸ ਨੂੰ ਰੋਕਿਆ ਜਾ ਸਕੇ। ਸ਼ਹਿਰਾਂ ਵਿਚ ਪਾਣੀ ਦਾ ਐਸਾ ਇੰਤਜ਼ਾਮ ਹੋਵੇ ਜਿਸ ਵੇਲੇ ਬਾਰਸ਼ ਹੋਵੇ ਤਾਂ ਫਟਾ ਫੱਟ ਪਾਣੀ ਨਿਕਲੇ, ਇਸ ਲਈ ਨਾਲੇ ਬਣਾਉਣੇ ਚਾਹੀਦੇ ਹਨ। ਮੈਂ ਇਹ ਕਹਾਂਗਾ ਕਿ ਜਿਸ ਜ਼ੋਰ ਦੇ ਨਾਲ ਸ਼ਹਿਰਾਂ ਦੀ ਆਬਾਦੀ ਵੱਧ ਰਹੀ ਹੈ ਅੱਜ ਇਤਨੇ ਥਿਕਲੀ ਪਾਪੂਲੇਟਿਡ ਏਰੀਏ ਬਣਦੇ ਜਾ ਰਹੇ ਹਨ ਜਿਵੇਂਕਿ ਲੁਧਿਆਣਾ, ਜਲੰਧਰ ਵਿਚ ਐਸਾ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਆਉਂਦੇ ਸਾਲਾਂ ਵਿਚ ਉਥੋਂ ਲੰਘਣਾ ਮੁਸ਼ਕਲ ਹੋ ਜਾਵੇਗਾ। ਇਸ ਸਮਸਿਆ ਨੂੰ ਹੱਲ ਕਰਨ ਲਈ ਓਵਰ ਹੈਡ ਬਾਈ ਪਾਸ ਬਨਾਉਣੇ ਚਾਹੀਦੇ ਹਨ। ਚਾਹੇ ਉਥੇ ਟੋਲ ਟੈਕਸ ਲਗ ਜਾਵੇ, ਲੋਕ ਉਨ੍ਹਾਂ ਦੇ ਥਰੂ ਜਲਦੀ ਤੋਂ ਜਲਦੀ ਅਤੇ ਥੋੜ੍ਹੇ ਟਾਈਮ ਵਿਚ ਸ਼ਹਿਰ ਨੂੰ ਕਰਾਸ ਕਰ ਜਾਣ ਜਾਂ ਦੂਜੇ ਪਾਸੇ ਜਾ ਸਕਣ। ਮੈਂ ਦੇਖਿਆ ਹੈ ਕਿ ਬਾਹਰਲੇ ਮੁਲਕਾਂ ਵਿੱਚ ਇਸ ਤਰ੍ਹਾਂ ਦੇ ਓਵਰ-ਹੈਂਡ ਬਾਈਪਾਸ ਬਣੇ ਹੋਏ ਹਨ। ਮੇਰੀ ਹੋਰ ਅਰਜ਼ ਹੈ ਕਿ ਸ਼ਹਿਰਾਂ ਨੂੰ ਗਰਾਂਟਸ ਹੋਰ ਜ਼ਿਆਦਾ ਦੇਣੀਆਂ ਚਾਹੀਦੀਆਂ ਹਨ ਕਿਉਂਕਿ ਸਟੈਂਪਸ ਰਜਿਸਟ੍ਰੇਸ਼ਨ ਸੇਲਜ਼ ਟੈਕਸ ਅਤੇ ਸੈਂਟਰਲ ਐਕਸਾਈਜ਼ ਡਿਊਟੀ ਅਸੀਂ ਸ਼ਹਿਰਾਂ ਵਿਚੋਂ ਇਕੱਠੀ ਕਰਕੇ ਪੰਜਾਬ ਗੌਰਮਿੰਟ ਨੂੰ ਅਤੇ ਸੈਂਟਰ ਗੌਰਮਿੰਟ ਨੂੰ ਦੇਂਦੇ ਹਾਂ। ਇਨ੍ਹਾਂ ਵਿਚੋਂ ਕਾਰਪੋਰੇਸ਼ਨਾਂ ਨੂੰ ਵੀ ਹਿੱਸਾ ਮਿਲਣਾ ਚਾਹੀਦਾ ਹੈ ਤਾਂ ਕਿ ਉਹ ਆਪਣੇ ਕੰਮ ਸਮੂਥਲੀ ਚਲਾ ਸਕਣ।

ਬਜਟ ਵਿਚ ਦੇਖਿਆ ਹੈ ਕਿ ਗ੍ਰਾਮ ਵਿਕਾਸ ਵਾਸਤੇ ਬਹੁਤ ਸਾਰਾ ਪੈਸਾ ਰਖਿਆ ਗਿਆ ਹੈ। 261.42 ਕਰੋੜ ਰੁਪਏ ਉਨ੍ਹਾਂ ਦੇ ਵਿਕਾਸ ਵਾਸਤੇ ਰਖੇ ਗਏ ਹਨ ਅਤੇ 100 ਕਰੋੜ ਰੁਪਿਆ ਉਨਤ ਗ੍ਰਾਮ ਵਾਸਤੇ ਰੱਖਿਆ ਗਿਆ ਹੈ। ਇਸਦੇ ਨਾਲ 2430 ਪਿੰਡ ਕਵਰ ਹੋ ਜਾਣਗੇ ਅਤੇ ਸਾਰੇ ਪਿੰਡ ਉਨਤ ਗ੍ਰਾਮ ਸਕੀਮ ਥੱਲੇ ਲਿਆਂਦੇ ਜਾ ਰਹੇ ਹਨ। ਯਕੀਨ ਹੈ ਕਿ 6171 ਗ੍ਰਾਮ ਜਿਹੜੇ ਹਨ, ਉਨ੍ਹਾਂ ਵਿਚੋਂ ਕਾਫੀ ਨਵੇ ਬਣ ਜਾਣਗੇ। ਬਜਟ ਵਿਚ ਪੰਚਾਇਤ ਘਰਾਂ ਲਈ, ਸੜਕਾਂ ਲਈ, ਪਾਣੀ ਲਈ ਕਾਫੀ ਅਮਾਊਂਟ ਰਖੀ ਗਈ ਹੈ ਜਿਸਦੇ ਨਾਲ ਪਿੰਡਾ ਵਿਚ ਵੀ ਪਾਣੀ ਦੀ ਉਪਲਬੱਧਤਾ ਠੀਕ ਹੋ ਸਕਦੀ ਹੈ। ਮੈਂ ਇਹ ਅਰਜ਼ ਕਰਾਂਗਾ ਕਿ ਇਹ ਜਿਹੜੇ ਬੜੇ ਬੜੇ ਪ੍ਰਾਜੈਕਟ ਹਨ, ਉਨ੍ਹਾਂ ਨੂੰ ਵੀ ਵਾਰ ਲੈਵਲ ਦੇ ਉਪਰ ਸ਼ੁਰੂ ਕਰਵਾਇਆ ਜਾਵੇ ਤਾਂ ਕਿ ਜਿਥੇ ਪਾਣੀ ਦੀ ਕਮੀ ਹੈ, ਉਹ ਜਲਦੀ ਤੋਂ ਜਲਦੀ ਪੂਰੀ ਹੋ ਸਕੇ।

Original with;
Punjab Vidhan Sabha
Digitized by:
Panjab Digital Library

ਚੇਅਰਮੈਨ ਸਾਹਿਬ, ਇਹ ਵੀ ਦੇਖਿਆ ਹੈ ਕਿ ਪਿਛਲੇ ਬਜਟ ਵਿਚ ਜਿਹੜਾ ਸੈਂਟਰ ਗੌਰਮਿੰਟ ਨੂੰ ਅਸੀਂ ਲੋਨ ਰੀਪੇਅ ਕਰਦੇ ਹਾਂ, ਉਹ ਅਸੀਂ 1993-94 ਵਿਚ 801 ਕਰੋੜ ਰੁਪਿਆ ਵਾਪਸ ਕੀਤਾ ਹੈ, 1994-95 ਵਿਚ 915 ਕਰੋੜ ਰੁਪਿਆ ਵਾਪਸ ਕੀਤਾ ਹੈ ਅਤੇ 1995-96 ਵਿਚ 977 ਕਰੋੜ ਰੁਪਏ ਵਾਪਸ ਕਰਨ ਜਾ ਰਹੇ ਹਾਂ । ਪੰਜਾਬ ਵਿਚ ਜਿਹੜੀ ਸ਼ਾਂਤੀ ਸਥਾਪਿਤ ਹੋਈ ਹੈ, ਜੋ ਸਿਕਿਉਰਟੀ ਤੇ ਖਰਚਾ ਹੋਇਆ ਹੈ, ਜੋ ਟੈਰੇਰਿਜਮ ਦੇ ਵਿਕਟੇਮਾਈਜ਼ ਲੋਕ ਸਨ ਉਨ੍ਹਾਂ ਤੇ ਖਰਚਾ ਹੋਇਆ ਹੈ ਉਨ੍ਹਾਂ ਸਾਰਿਆਂ ਤੇ ਖਰਚਾ ਹੋਇਆ ਹੈ ਉਨ੍ਹਾਂ ਸਾਰਿਆਂ ਤੇ ਖਰਚ ਕਰਨ ਤੋਂ ਬਾਅਦ ਹੀ ਪੰਜਾਬ ਮਜਬੂਤ ਹੋਇਆ ਹੈ । ਅਗਰ ਪੰਜਾਬ ਮਜਬੂਤ ਹੁੰਦਾ ਹੈ ਤਾਂ ਹਿੰਦੁਸਥਾਨ ਦਾ ਬਾਜੂਏ ਸ਼ਮਸੀਰ ਬਣਦਾ ਹੈ ਅੱਰ ਅਗਰ ਪੰਜਾਬ ਮਜ਼ਬੂਤ ਹੈ ਤਾਂ ਹਿੰਦੁਸਤਾਨ ਨੂੰ ਕੋਈ ਖਤਰਾ ਨਹੀਂ ਰਹਿੰਦਾ । ਸੋ ਚੇਅਰਮੈਨ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਪੰਜਾਬ ਸਾਡਾ ਸਾਰਿਆ ਦਾ ਹੈ । ਇਹ ਸਾਰੇ ਦੇਸ਼ ਨੂੰ ਵੀਟ ਅਤੇ ਰਾਈਸ ਸਭ ਤੋਂ ਜ਼ਿਆਦਾ ਸਪਲਾਈ ਕਰ ਰਿਹਾ ਹੈ । ਉਸਦਾ ਜਿਹੜਾ ਰੇਟ ਫਿਕਸ ਹੁੰਦਾ ਹੈ, ਉਹ ਸੈਂਟਰਲ ਪ੍ਰਾਈਸ ਕਮਿਸ਼ਨ ਫਿਕਸ ਕਰਦਾ ਹੈ । ਅਸੀਂ ਜਿਹੜੀ ਬਿਜਲੀ ਕਿਸਾਨਾਂ ਨੂੰ ਦਿੰਦੇ ਹਾਂ ਉਹ 1 ਰੁਪਿਆ 65 ਪੈਸੇ ਦੇ ਕਰੀਬ ਸਾਨੂੰ ਪੈਂਦੀ ਹੈ ਅਤੇ ਅਸੀ 31.30 ਪੈਸੇ ਦ ਹਿਸਾਬ ਨਾਲ ਕਿਸਾਨਾ ਨੂੰ ਦਿਦੇ ਹਾਂ ਅਤੇ ਇਸ ਤਰੀਕੇ ਨਾਲ 960 ਕਰੋੜ ਰੁਪਏ ਦੇ ਕਰੀਬ ਸਾਨੂੰ ਇਸ ਢੰਗ ਨਾਲ ਕਿਸਾਨਾਂ ਨੂੰ ਸਬਸਿਡੀ ਦੇਣੀ ਪੈਂਦੀ ਹੈ । ਜੋ ਫਸਲ ਦੇ ਰੇਟ ਸੈਂਟਰ ਗੌਰਮਿੰਟ ਫਿਕਸ ਕਰਦੀ ਹੈ ਤਾਂ ਸਾਨੂੰ ਕਿਉ ਨਹੀਂ ਗਰਾਂਟ ਦੀ ਸ਼ਕਲ ਵਿਚ ਸਾਡਾ ਲੋਨ ਮੁਆਫ ਕੀਤਾ ਜਾ ਸਕਦਾ । ਮੈਂ ਅਰਜ਼ ਕਰਦਾ ਹਾਂ ਕਿ ਸਾਨੂੰ ਯੂਨੈਨੀਮਸਲੀ ਇਹ ਮਤਾ ਪਾਸ ਕਰਕੇ ਭੇਜਣਾ ਚਾਹੀਦਾ ਹੈ ਕਿ ਜਿੰਨਾਂ ਵੀ ਲੋਨ ਹੈ, ਉਹ ਸਾਨੂੰ ਗਰਾਂਟ ਦੀ ਸ਼ਕਲ ਵਿਚ ਵਾਪਸ ਦੇ ਦੇਣਾ ਚਾਹੀਦਾ ਹੈ ।

ਅਸੀਂ ਜਿਸ ਵੇਲੇ ਬਜਟ ਨੂੰ ਡਿਟੇਲ ਵਿਚ ਦੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਕਈ ਨਵੀਆਂ ਸੜਕਾਂ ਅਤੇ ਪੁਲ ਬੜੀ ਤੇਜੀ ਨਾਲ ਉਭਰ ਰਹੇ ਹਨ । ਮੈਂ ਮੁਬਾਰਕਬਾਦ ਦੇਂਦਾ ਹਾਂ ਜਿਹੜਾ ਹਾਈਵੇਅ ਸਾਡਾ ਸਰਹੰਦ ਤੋਂ ਜਲੰਧਰ ਤੱਕ ਕੰਪਲੀਟ ਹੋਇਆ ਹੈ, ਉਸ ਦੇ ਲਈ ਕਿਉਂਕਿ ਅੱਜ ਜਦੋਂ ਕੋਈ ਫਾਰਨ ਤੋਂ ਲੋਕ ਆਉਂਦੇ ਹਨ ਤਾਂ ਬੜੇ ਖੁਸ਼ ਹੁੰਦੇ ਹਨ ਅਤੇ ਕਹਿੰਦੇ ਹਨ ਕਿ ਇਹੋ ਜਿਹੀਆਂ ਸੜਕਾਂ ਤਾਂ ਉਧਰ ਹੀ ਦੇਖਣ ਨੂੰ ਮਿਲਦੀਆਂ ਸਨ । ਇਹ ਹਾਈਵੇਅ ਸਾਡੀ ਸ਼ਾਨ ਹੈ । ਅੱਗੇ ਸ਼ੰਭੂ ਤੋਂ ਸਰਹੰਦ ਤੱਕ ਇਸ ਨੂੰ ਕੰਪਲੀਟ ਕਰਨ ਲਈ 47 ਕਰੋੜ ਰੁਪਿਆ ਰਖਿਆ ਗਿਆ ਹੈ ਜਿਸ ਨ.ਲ 1995-96 ਵਿਚ ਕਾਫੀ ਹਿੱਸਾ ਕੰਪਲੀਟ ਹੋ ਜਾਵੇਗਾ । ਅੱਗੇ ਪੁਲਾਂ ਦੀ ਗੱਲ ਕਰਦਾ ਹਾ ਕਿ ਜਿਹੜੇ ਪੁਲ ਕੋਟਕਪੂਰਾ ਦੇਮੋਰੀਆ, ਰਾਮਾਮੰਡੀ ਅਤੇ ਕੁਰਾਲੀ ਬਣਨੇ ਹਨ, ਉਨ੍ਹਾਂ ਵਾਸਤੇ ਕਾਫੀ ਪੈਸਾ ਰਖਿਆ ਗਿਆ ਹੈ । ਮੈਨੂੰ ਯਕੀਨ ਹੈ ਕਿ ਟਰੈਫਿਕ ਵਿਚ ਜਿਹੜੀ ਦਿੱਕਤ ਆਉਂਦੀ ਹੈ, ਉਹ ਇਹ ਪੁਲ ਬਣਨ ਤੋਂ ਬਾਅਦ ਦੂਰ ਹੋ ਜਾਵੇਗੀ ਅਤੇ ਅਸੀਂ ਆਪਣੀ ਜਗ੍ਹਾ ਤੇ ਜਲਦੀ ਪਹੁੰਚ ਸਕਾਂਗੇ । ਜਿਥੇ ਐਨਾ ਰੁਪਿਆ ਖਰਚ ਹੋ ਰਿਹਾ ਹੈ, ਉਥੇ ਮੇਰਾ ਆਪਣੇ ਸ਼ਹਿਰ ਬਾਰੇ ਮੇਰੀ ਅਰਜ਼ ਹੈ ਕਿ ਪੀ.ਏ.ਪੀ ਚੌਕ ਤੋਂ ਲੈ ਕੇ ਅੰਮ੍ਰਿਤਸਰ ਰੋਡ ਬਿਧੀਪੁਰ ਫਾਟਕ ਫੋਰ ਲੇਨਿੰਗ ਵਾਲੀ ਸੜਕ ਬਣਨੀ ਚਾਹੀਦੀ ਹੈ ਤਾਂ ਕਿ ਉਹ ਏਰੀਆ ਵੀ ਟਿਸ ਵਿਚ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜੈ ਕਿਸ਼ਨ ਸੈਣੀ]

ਕਵਰ ਹੋ ਜਾਵੇ । ਉਥੇ ਐਨੀ ਟਰੈਫਿਕ ਹੈ ਕਿ ਤੰਘਣਾ ਔਖਾ ਹੋ ਜਾਂਦਾ ਹੈ । ਇਸ ਦੇ ਨਾਲ ਨਾਲ ਸ਼ੰਭੂ ਤੋਂ ਜਲੰਧਰ ਤੱਕ ਜਿਹੜੀ ਫੋਰ ਲੇਨਿੰਗ ਵਾਲੀ ਸੜਕ ਬਣਾਉਣੀ ਹੈ, ਉਸ ਉਪਰ ਜਿਹੜੇ ਰੋਡ ਕਰਾਸਿੰਗ ਹਨ, ਉਨ੍ਹਾਂ ਦੇ ਬਣਾਉਣ ਵਾਸਤੇ ਹੁਣ ਤੋਂ ਹੀ ਪਲੈਨਿੰਗ ਕਰ ਲੈਣੀ ਚਾਹੀਦੀ ਹੈ ਕਿਉਂਕਿ ਆਉਣ ਵਾਲੇ 4-5 ਸਾਲਾਂ ਵਿਚ ਰੋਡ ਕਰਾਸਿੰਗ ਬਣਾਉਣ ਵਾਸਤੇ ਸਾਨੂੰ ਕੋਈ ਜਗ੍ਹਾ ਨਹੀਂ ਮਿਲੇਗੀ । ਹਾਈਵੇ ਉਪਰ ਬਗੈਰ ਕਿਸੇ ਨੂੰ ਇੰਟਰਪਟ ਕੀਤੇ ਟਰੈਫਿਕ ਚੱਲਣੀ ਚਾਹੀਦੀ ਹੈ । ਇਸ ਕਰਕੇ ਰੋਡ ਕਰਾਸਿੰਗ ਬਾਰੇ ਸਾਨੂੰ ਹੁਣ ਤੋਂ ਹੀ ਸੋਚਣਾ ਚਾਹੀਦਾ ਹੈ । ਜਿਥੇ ਜਿਥੇ ਚੌਕ ਹਨ ਉਥੇ ਰੋਡ ਕਰਾਸਿੰਗ ਦਾ ਦੇਣੀ ਚਾਹੀਦੀ ਹੈ । ਇਸ ਤੋਂ ਅੱਗੇ ਮੈਂ ਕਰਾਸ ਸਾਈਨ ਬੋਰਡਜ ਬਾਰੇ ਵੀ ਕਹਿਣਾ ਚਾਹਾਂਗਾ । ਜਿਸ ਤਰ੍ਹਾਂ ਇਥੇ ਹਾਊਸ ਵਿਚ ਮੇਰੇ ਸਾਹਮਣੇ ਘੜੀ ਲੱਗੀ ਹੈ ਅਤੇ ਉਥੇ ਇਕ ਵੱਜ ਕੇ ਛੇ ਮਿੰਟ ਹੋਏ ਹਨ, ਉਸੇ ਤਰਾਂ ਫਾਰਨ ਦੀਆਂ ਸੜਕਾਂ ਤੇ ਬੜੇ ਬੜੇ ਸਾਈਨ ਬੋਰਡ ਨਜਰ ਆਉਂਦੇ ਹਨ ਜਿਸ ਤਰ੍ਹਾਂ ਜੇ ਅਸੀਂ ਸਰਹੰਦ ਤੋਂ ਗੋਬਿੰਦਗੜ੍ਹ ਸਾਈਡ ਤੇ ਚਲਦੇ ਹਾਂ ਤਾਂ ਰਸਤੇ ਵਿਚ ਸਾਈਨ ਬੋਰਡ ਲੱਗੇ ਹੋਣੇ ਚਾਹੀਦੇ ਹਨ ਜਿਸ ਤੋਂ ਪਤਾ ਲੱਗ ਸਕੇ ਕਿ ਪਹਿਲਾਂ ਗੋਬਿੰਦਗੜ੍ਹ ਆਉਣਾ ਹੈ ਅਤੇ ਫਲਾਣਾ ਰਸਤਾ ਕੁਰਾਲੀ ਨੂੰ ਜਾਂਦਾ ਹੈ, ਵਗੈਰਾ ਵਗੈਰਾ । ਇਸ ਨਾਲ ਬਾਹਰੋਂ ਆਉਣ ਵਾਲੀਆਂ ਨੂੰ ਬੜੀ ਸਹੂਲਤ ਰਹੇਗੀ ।

ਬੱਸ ਅੱਡਿਆਂ ਵਾਸਤੇ ਵੀ ਬੜੇ ਪੈਸੇ ਰੱਖੇ ਗਏ ਹਨ । ਸਰਦਾਰ ਬੇਅੰਤ ਸਿੰਘ ਦੀ ਮਿਹਰਬਾਨੀ ਨਾਲ ਜਲੰਧਰ ਵਿਚ ਕਪੂਰਥਲਾ ਰੋਡ ਤੇ ਇਕ ਹਵਾਈ ਅੱਡਾ ਤਮੀਰ ਹੋ ਰਿਹਾ ਹੈ ਪਰ ਉਸ ਬਾਰੇ ਮੈਨੂੰ ਇਸ ਬਜਟ ਵਿਚ ਕਿਧਰੇ ਕੋਈ ਜ਼ਿਕਰ ਨਹੀਂ ਮਿਲਿਆ । ਉਹ ਹਵਾਈ ਅੱਡਾ ਬਣਾਉਣਾ ਬਹੁਤ ਜ਼ਰੂਰੀ ਹੈ ਕਿਉਂਕਿ ਜਲੰਧਰ ਤੋਂ ਬਹੁਤ ਸਾਰੀਆਂ ਚੀਜ਼ਾਂ ਜਿਵੇਂ ਸਪੋਰਟਸ ਗੁਡਜ਼, ਪਾਇਪ ਫਿਟਿੰਗਜ਼, ਇਲੈਕਟਰੀਕਲ ਫਿਟਿੰਗਜ਼ ਅਤੇ ਹੈਂਡ ਟੂਲਜ਼ ਵਗੈਰਾ ਬਹੁਤ ਜ਼ਿਆਦਾ ਮਿਕਦਾਰ ਵਿਚ ਐਕਸਪੋਰਟ ਹੁੰਦੀਆਂ ਹਨ । ਇਨ੍ਹਾਂ ਚੀਜ਼ਾਂ ਵਾਸਤੇ ਬਹੁਤ ਸਾਰੇ ਫਾਰਨਰਜ਼ ਇਥੇ ਵਿਜ਼ਿਟ ਕਰਦੇ ਹਨ । ਇਸ ਤੋਂ ਇਲਾਵਾ ਦੁਆਬੇ ਦੇ ਲੋਕਾਂ ਨੂੰ ਵੀ ਬਹੁਤ ਦਿੱਕਤ ਆਉਂਦੀ ਹੈ, ਉਹ ਦਿਲੀਉਂ ਜਾ ਕੇ ਚੜਦੇ ਹਨ । ਇਸ ਕਰਕੇ ਇਸ ਹਵਾਈ ਅੱਡੇ ਦੀ ਜਲਦੀ ਤੋਂ ਜਲਦੀ ਤਮੀਰ ਹੋਣੀ ਚਾਹੀਦੀ ਹੈ । ਇਸ ਨਾਲ ਪ੍ਰੋਡੱਕਸਨ ਅਤੇ ਉਪਲਬਧੀਆਂ ਵਿਚ ਹੋਰ ਵਾਧਾ ਹੋਵੇਗਾ । ਬੱਸ ਅੱਡਿਆਂ ਵਾਸਤੇ ਕਾਫੀ ਪੈਸਾ ਰੱਖਿਆ ਗਿਆ ਹੈ, ਇਸ ਨਾਲ ਲੋਕਾਂ ਨੂੰ ਕਾਫੀ ਸਹੂਲਤ ਮਿਲੇਗੀ ।

ਅੈਜੂਕੇਸ਼ਨ ਬਾਰੇ ਖਾਸ ਧਿਆਨ ਦਿੱਤਾ ਗਿਆ ਹੈ । ਇਕ ਹਜ਼ਾਰ ਪ੍ਰਾਇਮਰੀ ਸਕੂਲਾਂ ਨੂੰ ਮਿਡਲ ਕੀਤਾ ਜਾ ਰਿਹਾ ਹੈ, 120 ਮਿਡਲ ਸਕੂਲਾਂ ਨੂੰ ਹਾਈ ਅਤੇ 120 ਹਾਈ ਸਕੂਲਾਂ ਨੂੰ ਜਮ੍ਹਾਂ ਦੋ ਸਕੂਲ ਕੀਤਾ ਜਾ ਰਿਹਾ ਹੈ । ਅੈਜੂਕੇਸ਼ਨ ਵਾਸਤੇ 1995-96 ਦੇ ਸਾਲ ਵਿਚ 57.13 ਕਰੋੜ ਰੁਪਏ ਰੱਖਿਆ ਗਿਆ ਹੈ । ਇਸ ਨਾਲ ਸਾਡੀ ਅੈਜੂਕੇਸ਼ਨ ਜ਼ਰੂਰ ਇੰਪਰੂਵ ਹੋਵੇਗੀ । ਇਸ ਸਬੰਧ ਵਿਚ ਮੈਂ ਇਕ ਹੋਰ ਅਰਜ਼ ਕਰਾਂਗਾ । ਸ਼ਹਿਰ ਵਿਚ ਬਹੁਤ ਸਾਰੇ ਪ੍ਰਾਈਵੇਟ ਸਕੂਲ ਹਨ । ਉਥੇ ਜਿਹੜੇ ਕਰਮਚਾਰੀ ਕੰਮ ਕਰਦੇ ਹਨ, ਟੀਚਰਾਂ ਕੰਮ ਕਰਦੀਆਂ ਹਨ, ਉਨ੍ਹਾਂ ਤੋਂ ਬਹੁਤ ਬੇਦਰਦੀ ਨਾਲ ਕੰਮ ਲਿਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

ਮੈਂ ਚਾਹਵਾਂਗਾ ਕਿ ਤਨਖਾਹ ਬੇਸ਼ੱਕ ਉਨ੍ਹਾਂ ਨੂੰ ਘਟ ਦਿੱਤੀ ਜਾਵੇ ਲੇਕਿਨ ਪ੍ਰਾਈਵੇਟ ਫੈਕਟਰੀਆਂ ਵਾਂਗ ਜਿਸ ਤਰ੍ਹਾਂ ਉਥੇ ਪ੍ਰਾਵੀਡੈਂਟ ਫੰਡ ਕੱਟਿਆ ਜਾਂਦਾ ਹੈ ਜਾਂ ਜਿਸ ਤਰ੍ਹਾਂ ਕਈ ਹੋਰ ਪ੍ਰਾਈਵੇਟ ਕਰਮਚਾਰੀਆਂ ਲਈ ਪੈਨਸ਼ਨ ਸਕੀਮ ਲਾਗੂ ਕੀਤੀ ਹੈ, ਉਸੇ ਤਰ੍ਹਾਂ ਇਹ ਸਕੀਮਾਂ ਇਨ੍ਹਾਂ ਪ੍ਰਾਈਵੇਟ ਸਕੂਲਾਂ ਵਿਚ ਵੀ ਲਾਗੂ ਹੋਣੀਆਂ ਚਾਹੀਦੀਆਂ ਹਨ । ਉਥੇ ਉਨ੍ਹਾਂ ਦਾ ਪ੍ਰਾਵੀਡੈਂਟ ਫੰਡ ਕੱਟਿਆ ਜਾਣਾ ਚਾਹੀਦਾ ਹੈ ਅਤੇ ਪੈਨਸ਼ਨ ਸਕੀਮ ਲਾਗੂ ਕਰਨੀ ਚਾਹੀਦੀ ਹੈ । ਇਸ ਤਰ੍ਹਾਂ ਕਰਨ ਨਾਲ ਉਹ ਜਿਹੜਾ ਪ੍ਰਾਈਵੇਟ ਟੀਚਰਜ਼ ਹਨ, ਉਹ ਰੈਗੂਲਰ ਹੋ ਜਾਣਗੇ, ਉਨ੍ਹਾਂ ਨੂੰ ਵਕਤ ਬਾਵਕਤ ਕਢਿਆ ਨਹੀਂ ਜਾ ਸਕੇਗਾ । ਐਸੇ ਬਹੁਤ ਸਾਰੇ ਸਕੂਲ ਸ਼ਹਿਰਾਂ ਵਿਚ ਕੰਮ ਕਰ ਰਹੇ ਹਨ । ਉਨ੍ਹਾਂ ਟੀਚਰਜ਼ ਵਾਸਤੇ ਜ਼ਰੂਰ ਕੋਈ ਨਾ ਕੋਈ ਇਹੋ ਜਿਹੀ ਪੁਜੀਸ਼ਨ ਰੱਖੀ ਜਾਣੀ ਚਾਹੀਦੀ ਹੈ ।

ਮਕਾਨ ਉਸਾਰੀ ਵਾਸਤੇ 1995-96 ਵਾਸਤੇ 71.38 ਕਰੋੜ ਰੁਪਿਆ ਰੱਖਿਆ ਗਿਆ 6 ਕਰੋੜ ਰੁਪਿਆ ਜ਼ਮੀਨ ਦੀ ਐਕਿਊਜ਼ੀਸ਼ਨ ਵਾਸਤੇ ਰੱਖਿਆ ਗਿਆ ਹੈ । ਇਹ ਐਕਿਊਜ਼ੀਸ਼ਨ ਸਿਰਫ਼ ਮੁਹਾਲੀ ਵਿਚ ਹੀ ਕਰਨੀ ਹੈ ਲੇਕਿਨ ਅੱਜ ਲੋੜ ਇਸ ਗੱਲ ਦੀ ਹੈ ਕਿ ਜਿਹੜੇ ਝੁੱਗੀਆਂ ਝੌਂਪੜੀਆਂ ਵਾਲੇ ਲੋਕ ਹਨ ਜਾਂ ਜਿਹੜੇ ਲੋਕ ਇਨਕਮ ਵਾਲੇ ਲੋਕ ਹਨ, ਉਨ੍ਹਾਂ ਨੂੰ ਛੋਟੇ ਮੋਟੇ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ ਜੋ 10-15 ਹਜ਼ਾਰ ਰੁਪਏ ਵਿਚ ਬਣ ਸਕਣ । ਇਸਤਰ੍ਹਾਂ ਕਰਨ ਨਾਲ ਸ਼ਹਿਰਾਂ ਵਿਚਲੀਆਂ ਸਲੱਮਜ਼ ਕਾਫੀ ਹੱਦ ਤੱਕ ਕਲੀਅਰ ਹੋ ਜਾਣਗੀਆਂ ਅੌਰ ਜਿਹੜੇ ਹੋਮਲੈਸ ਲੋਕ ਹਨ ਉਨ੍ਹਾਂ ਨੂੰ ਹੋਮ ਮਿਲ ਸਕਣਗੇ । ਜਲੰਧਰ ਦੇ ਵਿਚ ਮੈਂ ਵੇਖਿਆ ਹੈ ਕਿ ਇਕ ਸੁਖਚੈਨ ਨਾਂ ਦਾ ਰੈਸਟੋਰੈਂਟ ਟੂਰਿਜ਼ਮ ਕਾਰਪੋਰੇਸ਼ਨ ਨੇ ਬਣਾਇਆ ਸੀ ਲੇਕਿਨ ਅੱਜ ਉਸ ਦੇ ਸਾਹਮਣੇ 600-700 ਝੁੱਗੀਆਂ ਬਣ ਗਈਆਂ ਹਨ ਅੌਰ ਉਸ ਨੇ ਏਨੀ ਗੰਦਗੀ ਫੈਲਾ ਰੱਖੀ ਹੈ ਕਿ ਆਲਾ ਦੁਆਲਾ ਜਿੰਨਾ ਵੀ ਹੈ ਉਥੇ ਬੜੀ ਸਮੈਲ ਆਉਂਦੀ ਹੈ । ਤਹਿਸੀਲ ਕੰਪਲੈਕਸ ਜੋ ਜਲੰਧਰ ਦਾ ਹੈ ਉਸ ਨੂੰ ਵੀ ਮਿੰਨੀ ਸੈਕਰੀਟੇਰੀਅੱਟ ਦਾ ਦਰਜਾ ਦੇ ਦਿੱਤਾ ਜਾਣਾ ਚਾਹੀਦਾ ਹੈ ਅੌਰ ਡੀ. ਸੀ. ਅੌਰ ਐਸ ਐਸ. ਪੀ. ਦਾ ਆਫਿਸ ਉਥੇ ਆ ਜਾਣਾ ਚਾਹੀਦਾ ਹੈ ਅੌਰ ਜਿੱਥੇ ਉਨ੍ਹਾਂ ਦਾ ਆਫਿਸ ਹੈ ਉਥੇ ਅੱਜ ਪਾਰਕ ਕਰਨ ਵਾਸਤੇ, ਗੱਡੀਆਂ ਖੜ੍ਹੀਆਂ ਕਰਨ ਵਾਸਤੇ ਕੋਈ ਜਗ੍ਹਾ ਨਹੀਂ ਹੈ । ਸ਼ਹਿਰ ਦੇ ਵਿੱਚ ਬਹੁਤ ਰਸ਼ ਹੋ ਗਿਆ ਹੈ ਜੇਕਰ ਉਨ੍ਹਾਂ ਦਾ ਦਫਤਰ ਉਥੇ ਸ਼ਿਫਟ ਹੋ ਜਾਵੇ ਤਾਂ ਤਾਂ ਇਸ ਨਾਲ ਲੋਕਾਂ ਨੂੰ ਬਹੁਤ ਸਹੂਲਤ ਹੋਵੇਗੀ ।

ਮੈਂ ਮੈਡੀਕਲ ਅੌਰ ਜਨ ਸਿਹਤ ਵਾਸਤੇ ਵੀ ਗੱਲ ਕਰਨਾ ਚਾਹਾਂਗਾ । ਇਸ ਵਾਸਤੇ ਬਜਟ ਦੇ ਵਿੱਚ ਪੈਸਾ ਰੱਖਿਆ ਗਿਆ ਹੈ । ਕਈ ਹਸਪਤਾਲ ਅੌਰ ਡਿਸਪੈਂਸਰੀਆਂ ਖੋਲੀਆਂ ਜਾ ਰਹੀਆਂ ਹਨ । ਕਈ ਹਸਪਤਾਲਾਂ ਨੂੰ 50 ਬੈਡ ਹਸਪਤਾਲ ਅੌਰ ਕਈ ਡਿਸਪੈਂਸਰੀਆਂ ਨੂੰ ਹਸਪਤਾਲ ਦੇ ਵਿਚ ਤਬਦੀਲ ਕੀਤਾ ਜਾ ਰਿਹਾ ਹੈ । ਮੇਰੀ ਬੇਨਤੀ ਹੈ ਕਿ ਅੱਜ ਸ਼ਹਿਰਾਂ ਦੇ ਵਿੱਚ ਆਬਾਦੀ ਬਹੁਤ ਜ਼ਿਆਦਾ ਵਧ ਗਈ ਹੈ ਇਸ ਲਈ ਇਨ੍ਹਾਂ ਨੂੰ ਸੈਕਟਰ ਵਾਈਜ਼ ਡੀਵਾਈਡ ਕਰਕੇ ਉਥੇ ਡਿਸਪੈਂਸਰੀਆਂ ਕਾਇਮ ਕਰ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਆਮ ਸ਼ਹਿਰੀ ਨੂੰ, ਜਿਹੜਾ ਦਰਮਿਆਨਾ ਆਦਮੀ ਹੈ, ਘਟ ਇਨਕਮ ਵਾਲਾ ਆਦਮੀ ਹੈ ਉਨ੍ਹਾਂ ਨੂੰ ਮੈਡੀਕਲ ਸਹੂਲਤਾਂ ਮਿਲ ਸਕਣ । ਕਿਉਂਕਿ ਹੁਣ ਮੈਂ ਦੇਖਦਾ ਹਾਂ ਕਿ ਸ਼ਹਿਰਾਂ

Original with;
Punjab Vidhan Sabha
Digitized by
Panjab Digital Library

[ਸ਼੍ਰੀ ਜੈ ਕਿਸ਼ਨ ਸੈਣੀ]

ਦੇ ਵਿੱਚ ਕੇਵਲ ਇਕ ਹੀ ਵੱਡਾ ਸਿਵਲ ਹਸਪਤਾਲ ਹੁੰਦਾ ਹੈ ਅੱਤੇ ਉਥੇ ਵੀ ਸਾਰੇ ਸ਼ਹਿਰ ਦੇ ਲੋਕਾਂ ਨੂੰ ਪਰਾਪਰ ਮੈਡੀਕਲ ਸਹੂਲਤ ਨਹੀਂ ਮਿਲਦੀ । ਅੱਜ ਇਹ ਕੰਮ ਕਰਨ ਦੀ ਲੋੜ ਹੈ ਤਾਂ ਕਿ ਲੋਕਾਂ ਨੂੰ ਮੈਡੀਕਲ ਏਡ ਮਿਲ ਸਕੇ । ਬਜਟ ਦੇ ਵਿੱਚ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਭਲਾਈ ਵਾਸਤੇ ਬਹੁਤ ਰਕਮ ਰੱਖੀ ਗਈ ਹੈ, ਕਰੋੜਾਂ ਰੁਪਿਆ ਰੱਖਿਆ ਗਿਆ ਹੈ । ਖੁਸ਼ੀ ਹੁੰਦੀ ਹੈ ਕਿ ਇਨ੍ਹਾਂ ਵਾਸਤੇ, ਪਛੜੇ ਵਰਗਾਂ ਵਾਸਤੇ ਇਨ੍ਹਾਂ ਦੀ ਤਰੱਕੀ ਵਾਸਤੇ ਇਨ੍ਹਾਂ ਦੀ ਬੱਚਿਆਂ ਦੀ ਵੈਲਫੇਅਰ ਵਾਸਤੇ ਬਹੁਤ ਕੰਮ ਹੋ ਰਹੇ ਹਨ । ਮੈਂ ਇਕ ਹੋਰ ਬੇਨਤੀ ਕਰਾਂਗਾ ਕਿ ਜਿਹੜੇ ਲੋਕ ਅਨੁਸੂਚਿਤ ਜਾਤੀ ਦੇ ਵਿੱਚ ਫਾਲ ਨਹੀਂ ਕਰਦੇ ਅੱਤੇ ਦੂਸਰੀਆਂ ਜਾਤੀਆਂ ਨਾਲ ਸਬੰਧਤ ਹਨ ਲੇਕਿਨ ਉਨ੍ਹਾਂ ਦਾ ਸੋਰਸ ਆਫ ਇਨਕਮ ਕੋਈ ਨਹੀਂ ਜਾਂ ਇਕ ਹਜਾਰ ਜਾਂ ਬਾਰਾਂ ਸੌ ਰਪਏ ਹੈ । ਕੋਈ ਡਬਲ ਰੋਟੀ ਵੇਚਦਾ ਹੈ ਜਾਂ ਮਾੜਾ ਮੋਟਾ ਕਿਸੇ ਫੈਕਟਰੀ ਦੇ ਵਿਚ ਕੰਮ ਕਰਦਾ ਹੈ ਜਾਂ ਛਾਬੜੀ ਲਾਉਂਦਾ ਹੈ ਜਾਂ ਕੋਈ ਪੀਅਨ ਹੈ ਅੱਜ ਉਨ੍ਹਾਂ ਦੇ ਬੱਚੇ ਅੱਤੇ ਉਨ੍ਹਾਂ ਦੇ ਪਰਿਵਾਰਾਂ ਦੀ ਬਹੁਤ ਬੁਰੀ ਹਾਲਤ ਹੈ, ਉਨ੍ਹਾਂ ਵਾਸਤੇ ਵੀ ਸਰਕਾਰ ਨੂੰ ਸੋਚਣਾ ਚਾਹੀਦਾ ਹੈ । ਇਹ ਜਿਹੜੇ ਇਕਨਾਮੀਕਲੀ ਵੀਕਰ ਲੋਕ ਹਨ ਇਨ੍ਹਾਂ ਨੂੰ ਵੀ ਰਿਜ਼ਰਵੇਸ਼ਨ ਦੇ ਤੌਰ ਤੇ ਜਿਹੜੀਆਂ ਸਹੂਲਤਾਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਮਿਲਦੀਆਂ ਹਨ ਕੋਈ ਨਾ ਕੋਈ ਪ੍ਰਬੰਧ ਕਰਕੇ ਇਨ੍ਹਾਂ ਨੂੰ ਵੀ ਉਹ ਸਹੂਲਤਾਂ ਦੇਣ ਲਈ ਮੈਂ ਪੁਰਜ਼ੋਰ ਬੇਨਤੀ ਕਰਾਂਗਾ । ਇਨ੍ਹਾਂ ਵਾਸਤੇ ਵੀ ਜ਼ਰੂਰ ਕੋਈ ਨਾ ਕੋਈ ਪਰੋਵੀਜ਼ਨ ਹੋਣੀ ਚਾਹੀਦੀ ਹੈ । ਜਿਹੜੇ ਲੋਕ ਰਿਜ਼ਰਵ ਸ਼੍ਰੇਣੀਆਂ ਵਿੱਚ ਫਾਲ ਨਹੀਂ ਕਰਦੇ ਪਰ ਵੀਕਰ ਸੈਕਸ਼ਨ ਦੇ ਹਨ ਜਿਹੜੇ ਪੀਲੇ ਕਾਰਡ ਸਰਕਾਰ ਨੇ ਬਣਾਏ ਹਨ ਉਨ੍ਹਾਂ ਦਾ ਵੀ ਉਨ੍ਹਾਂ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੋ ਰਿਹਾ । ਜਿੰਨੀ ਦੇਰ ਇਨ੍ਹਾਂ ਇਕਨਾਮੀਕਲ ਵੀਕਰ ਲੋਕਾਂ ਨੂੰ ਵੀ ਪੂਰੀਆਂ ਸਹੂਲਤਾਂ ਨਹੀਂ ਮਿਲਦੀਆਂ ਉਨੀ ਦੇਰ ਉਹ ਆਮ ਸ਼ਹਿਰੀ ਦੇ ਬਰਾਬਰ ਨਹੀਂ ਆ ਸਕਦੇ ।

ਸਪੋਰਟਸ ਦੇ ਮਹਿਕਮੇ ਦੇ ਵਿਚ ਵੀ ਬੱਜਟ ਦੇ ਵਿਚ ਕਾਫੀ ਪੈਸੇ ਰੱਖੇ ਗਏ ਹਨ ਅੱਤੇ ਸਪੋਰਟਸ ਇਕ ਅਜਿਹੀ ਚੀਜ਼ ਹੈ ਜਿਹੜੀ ਕਿ ਹਰ ਇਕ ਵਾਸਤੇ ਬਹੁਤ ਹੀ ਜ਼ਰੂਰੀ ਹੈ । ਜਿਸ ਵੇਲੇ ਅਸੀਂ ਕ੍ਰਿਕਟ, ਫੁੱਟਬਾਲ ਅੱਤੇ ਹਾਕੀ ਦੇ ਮੈਚ ਦੇਖਦੇ ਹਾਂ ਅੱਤੇ ਜਿਸ ਵੇਲੇ ਸਾਡੀਆਂ ਟੀਮਾਂ ਹਾਰਦੀਆਂ ਹਨ ਤਾਂ ਸਾਡਾ ਸਿਰ ਸ਼ਰੰਮ ਦੇ ਨਾਲ ਝੁੱਕ ਜਾਂਦਾ ਹੈ । ਪੰਜਾਬ ਇਕ ਅਜਿਹਾ ਸੂਬਾ ਹੈ ਜਿੱਥੇ ਜਲੰਧਰ ਦੇ ਲੋਕ ਹਮੇਸ਼ਾ ਹੀ ਚੈਂਪੀਅਨਸ਼ਿਪ ਲੈਂਦੇ ਰਹੇ ਹੱਨ ਲੇਕਿਨ ਅੱਜ ਪੰਜਾਬ ਦੇ ਜਿਹੜੇ ਬੱਚੇ ਹਨ ਉਹ ਫਿਰ ਇਸ ਲਾਇਨ ਤੇ ਚੱਲ ਪਏ ਹਨ ਅੱਤੇ ਪਿੰਡਾਂ ਦੇ ਵਿੱਚ ਸਪੋਰਟਸ ਕਾਫੀ ਤਰੱਕੀ ਕਰ ਰਹੀ ਹੈ ਅੱਤੇ ਜਗ੍ਹਾ ਜਗ੍ਹਾ ਤੇ ਅਸੀਂ ਦੇਖਦੇ ਹਾਂ ਕਿ ਮੇਲੇ ਲੱਗ ਰਹੇ ਹਨ ਅੱਤੇ ਗੇਮਜ਼ ਹੋ ਰਹੀਆਂ ਹਨ । ਮੈਂ ਨਾਲ ਹੀ ਇਹ ਵੀ ਅਰਜ਼ ਕਰਾਂਗਾ ਕਿ ਸ਼ਹਿਰਾਂ ਦੇ ਵਿੱਚ ਜਿੱਥੇ ਅੱਠ ਅੱਠ, ਦਸ ਦਸ ਲੱਖ ਦੀ ਆਬਾਦੀ ਹੈ ਉਥੇ ਲੋਕਾਂ ਦੀ ਹਾਲਤ ਬਹੁਤ ਮਾੜੀ ਹੈ, ਉਥੇ ਬੱਚਿਆਂ ਦੇ ਖੇਡਣ ਵਾਸਤੇ ਕੋਈ ਪਾਰਕ ਨਹੀਂ ਹੈ, ਕੋਈ ਗਰਾਊਂਡ ਨਹੀ ਹੈ ਮੈਂ ਚਾਹਾਂਗਾ ਕਿ ਕੋਈ ਇਨਡੋਰ ਗੇਮਜ਼ ਦਾ ਇੰਤਜ਼ਾਮ ਕੀਤਾ ਜਾਵੇ ।

Original with;
Punjab Vidhan Sabha
Digitized by
Panjab Digital Library

ਸਪੋਰਟਸ ਡਿਪਾਰਟਮੈਂਟ ਇਸ ਵਾਸਤੇ ਜ਼ਰੂਰ ਕੋਈ ਬੰਦੋਬਸਤ ਕਰੇ। ਸ਼ਹਿਰ ਦੇ ਲੋਕ ਜਿਥੇ ਬਹੁਤ ਜ਼ਿਆਦਾ ਆਬਾਦੀ ਹੈ, ਉਹ ਆਪਣੇ ਬੱਚੇ ਉਥੇ ਭੇਜ ਸਕਣ ਅਤੇ ਉਹ ਉਥੇ ਖੇਡ ਸਕਣ।

ਅਖੀਰ ਵਿੱਚ ਮੈਂ ਸਰਦਾਰ ਬੇਅੰਤ ਸਿੰਘ ਜੀ ਦਾ, ਡਾਕਟਰ ਕੇਵਲ ਕ੍ਰਿਸ਼ਨ ਜੀ ਦਾ ਅਤੇ ਸਰਕਾਰ ਦਾ ਵੜਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਬੜਾ ਅੱਛਾ ਬੱਜਟ ਪੇਸ਼ ਕੀਤਾ ਹੈ ਜਿਹੜਾ ਕਿ ਆਮ ਲੋਕਾਂ ਨੇ ਪਸੰਦ ਕੀਤਾ ਹੈ। ਮੈਂ ਲੋਕਾਂ ਨੂੰ ਮਿਲਿਆ ਹਾਂ, ਉਨ੍ਹਾਂ ਨੇ ਇਸ ਦੀ ਸਰਾਹਨਾ ਕੀਤੀ ਹੈ। ਮੈਂ ਵੀ ਇਸ ਦੀ ਸਰਾਹਨਾ ਕਰਦਾ ਹੋਇਆ ਇਸ ਦੀ ਪੁੱਜਤਾ ਕਰਦਾ ਹੋਇਆ, ਸਮਰਥਨ ਕਰਦਾ ਹੋਇਆ ਆਪ ਦਾ ਧੰਨਵਾਦ ਕਰਦਾ ਹਾਂ। ਜੈ ਹਿੰਦ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : (ਸ੍ਰੀ ਹਰਿ ਗੋਬਿੰਦਪੁਰ) : ਚੇਅਰਮੈਨ ਸਾਹਿਬ ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਚੇਅਰਮੈਨ ਸਾਹਿਬ, ਇਹ ਬਜਟ ਜਿਹੜਾ ਕਿ ਐਫ. ਐਮ. ਸਾਹਿਬ ਨੇ ਪੇਸ਼ ਕੀਤਾ ਹੈ ਔਰ ਵਾਧੇ ਘਾਟੇ ਨਾਲ, ਪ੍ਰਾਪਤੀਆਂ ਅਤੇ ਦੂਸਰੇ ਲੇਖੇ ਜੋਖੇ ਪੇਸ਼ ਕੀਤੇ ਹਨ ਉਸ ਉਤੇ ਬਹੁਤ ਸਾਰੇ ਮੋਹਤਬਰ ਮੈਂਬਰ ਸਾਹਿਬਾਨ ਬੋਲ ਗਏ ਹਨ। ਸਾਡੇ ਵਲੋਂ ਸਾਡੇ ਗਰੁੱਪ ਦੀ ਲੀਡਰ ਵਿਮਲਾ ਡਾਂਗ ਨੇ ਵੀ ਬਹੁਤ ਕੁਝ ਕਿਹਾ ਹੈ। ਬਹਰਹਾਲ, ਮੈਂ ਉਹ ਗੱਲਾਂ ਨਹੀਂ ਕਰਾਂਗਾ ਜਿਹੜੀਆਂ ਸਾਡੇ ਗਰੁੱਪ ਵਲੋਂ ਇਸ ਦੇ ਚੰਗੇ ਪਹਿਲੂਆਂ ਬਾਰੇ ਦਰਸਾਈਆਂ ਗਈਆਂ ਹਨ। ਅਸੀਂ ਇਸ ਗੱਲ ਨੂੰ ਵੀ ਮਹਿਸੂਸ ਕਰਦੇ ਹਾਂ ਤੇ ਠੀਕ ਸੋਚਦੇ ਹਾਂ। ਜਿਨ੍ਹਾਂ ਹਾਲਾਤ ਵਿਚ ਸਰਕਾਰ ਬਣੀ ਸੀ, ਉਸ ਵੇਲੇ ਇਹੋ ਜਿਹੇ ਪੇਚੀਦਾ ਹਾਲਾਤ ਸਨ ਜਿਸ ਵਿਚੋਂ ਅਸੀਂ ਨਿਕਲ ਕੇ ਆ ਗਏ। ਇਹ ਕੋਈ ਸੌਖੀ ਗੱਲ ਨਹੀਂ ਸੀ।

*1.17 ਵਜੇ ਬਾਅਦ ਦੁਪਹਿਰ | (ਇਸ *ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਅਸੀਂ ਇਸ ਗੱਲ ਨੂੰ ਵੀ ਸਮਝਦੇ ਹਾਂ ਕਿ ਇਹ ਜ਼ਰੂਰੀ ਨਹੀਂ ਜਿੰਨਾ ਟੀਚਾ ਮਿਥਿਆ ਹੈ, ਉਹ ਪ੍ਰਾਪਤ ਹੋ ਜਾਵੇ। ਉਨ੍ਹਾਂ ਵਿੱਚ ਬੜੀਆਂ ਘਾਟਾਂ-ਵਾਧਾਂ ਹੋਣਗੀਆਂ, ਉਣਤਾਈਆਂ ਹੋਣਗੀਆਂ। ਸਾਨੂੰ ਆਪੋਜੀਸ਼ਨ ਵਾਲਿਆਂ ਨੂੰ ਅਤੇ ਸਰਕਾਰੀ ਬੈਂਚਾਂ ਵਾਲਿਆਂ ਨੂੰ ਉਨ੍ਹਾਂ ਦੇ ਖਿਲਾਫ ਲੜਾਈ ਲੜਨੀ ਪਵੇਗੀ ਉਸ ਲਈ ਉਸਾਰੂ ਸੁਝਾਓ ਆਪਣੀ ਆਪੋਜੀਸ਼ਨ ਵੱਲੋਂ ਹੋਣਗੇ। ਇਸ ਕਰਕੇ ਜਿਹੜੀ ਹਰ ਵੇਲੇ ਇਹ ਗੱਲ ਕਹਿਣੀ ਕਿ ਆਪੋਜੀਸ਼ਨ ਵਾਲਿਆਂ ਵੱਲੋਂ ਕੇਵਲ ਨੁਕਤਾਚੀਨੀ ਦੀ ਖਾਤਰ ਹੀ ਨੁਕਤਾਚੀਨੀ ਕੀਤੀ ਜਾਂਦੀ ਹੈ, ਇਹ ਗਲਤ ਹੈ। ਇਸ ਕਰਕੇ ਇਹ ਸੋਚਣਾ ਕਿ ਸਰਕਾਰ ਦੇ ਹਰ ਚੰਗ ਮਾੜੇ ਕੰਮ ਦੀ ਅਸੀਂ ਵਿਰੋਧਤਾ ਕਰਦੇ ਹਾਂ ਇਹ ਠੀਕ ਨਹੀਂ ਹੈ। ਅਸੀਂ ਇਹ ਕਹਿੰਦੇ ਹਾਂ ਅਤੇ ਹੁਣ ਵੀ ਕਿਹਾ ਹੈ ਕਿ ਜਿਹੜਾ ਬਜਟ ਪੇਸ਼ ਕੀਤਾ ਹੈ ਉਸ ਦੇ ਵਿੱਚ ਜਿਹੜਾ 64 ਕਰੋੜ ਰੁਪਏ ਦਾ ਘਾਟਾ ਹੈ ਘਾਟਾ ਸੀ, ਅਸੀਂ ਸਮਝਦੇ ਹਾਂ ਕਿ ਇਡ ਵੱਡੇ ਬਜਟ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਗੁਰਨਾਮ ਸਿੰਘ ਧੀਰੇਵਾਲ]

ਵਿੱਚ ਇਨ੍ਹਾਂ ਖਸਾਰਾ ਕੋਈ ਬਹੁਤੀ ਗੱਲ ਨਹੀਂ ਹੈ । ਅਸੀਂ ਚੰਗੀਆਂ ਪ੍ਰਾਪਤੀਆਂ ਦੀ ਗੱਲ ਕਰਦੇ ਹਾਂ ਕਿ ਜਿਹੜਾ ਫਜੂਲ ਪੈਸਾ ਜਾ ਰਿਹਾ ਸੀ, ਟੈਕਸਾਂ ਦੀ ਚੋਰੀ ਹੁੰਦੀ ਸੀ ਜਾਂ ਟੈਕਸ ਨਹੀਂ ਸਨ ਲੋਕ ਦਿੰਦੇ, ਸਰਕਾਰ ਨੇ ਉਨ੍ਹਾਂ ਤੇ ਯਕਮੁਸ਼ਤ ਟੈਕਸ ਲਗਾ ਕੇ ਉਹ ਪੈਸਾ ਸਹਕਾਰੀ ਖਜ਼ਾਨੇ ਵਿੱਚ ਲਿਆਂਦਾ ਹੈ, ਉਸ ਗੱਲ ਦੀ ਅਸੀਂ ਹਮਾਇਤ ਕਰਦੇ ਹਾਂ । ਸਮਰਥਨ ਕਰਦੇ ਹਾਂ (ਥੰਪਿੰਗ) । ਅਸੀਂ ਸਮਝਦੇ ਹਾਂ ਕਿ ਇਸ ਕਿਸਮ ਦੀਆਂ ਹੋਰ ਚੋਰੀਆਂ ਜਿਹੜੀਆਂ ਹੁੰਦੀਆਂ ਹਨ, ਭ੍ਰਿਸ਼ਟਾਚਾਰ ਹੁੰਦਾ ਹੈ ਉਨ੍ਹਾਂ ਵੱਲ ਵੀ ਕਦਮ ਚੁਕੇ ਜਾਣਗੇ, ਇਸ ਵਿਚ ਵੀ ਕੋਈ ਦੋ ਰਾਵਾਂ ਨਹੀਂ ਕਿ ਕਾਲਜਾਂ ਦੇ ਟੀਚਰਾਂ ਨੂੰ ਪੈਨਸ਼ਨ ਦੇਣ ਵਾਲੀ ਗੱਲ ਦਾ ਵੀ ਅਸੀਂ ਸਮਰਥਨ ਕਰਦੇ ਹਾਂ । ਹੋਰ ਧਰਮਸ਼ਾਲਾਵਾਂ ਬਾਰੇ, ਪੈਨਸ਼ਨ ਦੀ ਗੱਲ, ਬਢਾਪਾ ਪੈਨਸ਼ਨ ਦੀ ਗੱਲ, 5 ਹਜ਼ਾਰ ਦੇ ਕਰਜ਼ੇ ਮੁਆਫੀ ਦੀ ਗੱਲ ਇਨ੍ਹਾਂ ਦਾ ਤਾਂ ਅਸੀਂ ਸਮਰਥਨ ਕੀਤਾ ਹੈ । ਲੇਕਿਨ ਜਿਹੜਾ ਪੈਸਾ ਪਿੰਡਾਂ ਵਿੱਚ ਜਾ ਰਿਹਾ ਹੈ ਜਿਸ ਦੀ ਗੱਲ ਮੁੱਖ ਮੰਤਰੀ ਜੀ ਨੇ ਵੀ ਕੀਤੀ ਹੈ ਕਿ ਜਦੋਂ ਅਸੀਂ ਪਿੰਡਾਂ ਵਿੱਚ ਜਾਂਦੇ ਹਾਂ ਤਾਂ ਲੋਕ ਕਹਿੰਦੇ ਹਨ ਕਿ ਅੱਗੇ ਕੋਈ ਵੀ ਇਹੋ ਜਿਹੀ ਸਰਕਾਰ ਨਹੀਂ ਆਈ ਇਹ ਕਹਿ ਕੇ ਇਨ੍ਹਾਂ ਨੂੰ ਇਸ ਖੁਸ਼ਫਹਿਮੀ ਬਨਾਮ ਤੇ ਆਪਣੀਆਂ ਕਮਜ਼ੋਰੀਆਂ ਅਤੇ ਘਾਟਾਂ ਨੂੰ ਛੁਪਾਉਣਾ ਨਹੀਂ ਚਾਹੀਦਾ । ਇਹ ਗੱਲਾਂ ਸਾਡੇ ਗਰੁੱਪ ਦੇ ਲੀਡਰ ਨੇ ਵੀ ਕਹੀਆਂ ਅਤੇ ਮੈਂ ਵੀ ਹਣ ਕਹਿੰਦਾ ਹਾਂ । ਜਿਹੜੇ ਹਾਲਾਤ ਵਿੱਚ ਪੰਜਾਬ ਦੀ ਸਰਕਾਰ ਬਣੀ । ਉਸ ਵੇਲੇ ਲੋਕ ਇਹ ਸਮਝਦੇ ਸਨ ਕਿ ਪਤਾ ਨਹੀਂ ਇਸ ਸਰਕਾਰ ਨੇ ਟਿਕਣਾ ਹੈ ਕਿ ਨਹੀਂ । ਬਿਓਰੋਕਰੇਸੀ ਇਨ੍ਹਾਂ ਦੇ ਵੱਸ ਦਾ ਰੋਗ ਨਹੀਂ ਅਤੇ ਪੁਲਿਸ ਨੇ ਵੀ ਇਨ੍ਹਾਂ ਦੀ ਸ਼ਾਹ ਰੱਗ ਤੋਂ ਥੱਲੇ ਨਹੀਂ ਉਤਰਨਾ । ਉਸ ਵੇਲੇ ਹਾਲਾਤ ਇਹ ਲਗਦੇ ਸਨ ਕਿ ਸਰਕਾਰ ਨੇ ਨਹੀਂ ਟਿਕ ਸਕਣਾ । ਪਰ ਜਦੋਂ ਅਸੀਂ ਉਨ ਹਾਲਾਤ ਅਤੇ ਅੱਜ ਦੇ ਹਾਲਾਤ ਦੇ ਕੰਟੈਕਸਟ ਵਿੱਚ ਦੇਖਦੇ ਹਾਂ ਤਾਂ ਅਸੀਂ ਚੰਗਾ ਕਹਿੰਦੇ ਹਾਂ ਲੇਕਿਨ ਆਪੋਜੀਸ਼ਨ ਨੂੰ ਇਹ ਗੱਲ ਕਹੀ ਜਾਵੇ ਕਿ ਜੇ ਕੋਈ ਕੰਸਟਰੱਕਟਿਵ ਕਰੀਟੀਸੀਜਮ ਕਰੇ, ਜੇ ਕੋਈ ਉਸਾਰੂ ਗੱਲ ਕਰੇ ਤਾਂ ਇਹੋ ਭਾਵਨਾ ਬਣਾ ਲਈ ਜਾਵੇ ਕਿ ਇਹ ਇਸ ਕਰਕੇ ਗੱਲ ਕਰ ਰਹੇ ਹਨ ਕਿਉਂਕਿ ਆਪੋਜੀਸ਼ਨ ਦੇ ਹਨ, ਇਹ ਠੀਕ ਨਹੀਂ । ਇਹ ਵੀ ਕਿਹਾ ਜਾਂਦਾ ਹੈ ਕਿ ਸਹਕਾਰ ਅੱਤਵਾਦ ਦੇ ਮਾਹੌਲ ਵਿਚੋਂ ਨਿਕਲੀ ਹੈ, ਹਾਲੇ ਨਵੀਂ ਸਰਕਾਰ ਹੈ, ਅੱਤਵਾਦੀਆਂ ਦੀ ਸਮੱਸਿਆ ਸੀ, ਲਾਅ ਐਂਡ ਆਰਡਰ ਦਾ ਸਵਾਲ ਸੀ , ਉਸ ਵੇਲੇ ਸਰਕਾਰ ਨੂੰ ਬੜੀਆਂ ਮੁਸ਼ਕਲਾਂ ਸਨ, ਸਰਕਾਰ ਉਨ੍ਹਾਂ ਹਾਲਤਾਂ ਵਿਚੋਂ ਨਿਕਲੀ ਹੈ, ਹਾਲੇ ਹੋਰ ਦੇਖਣਾ ਚਾਹੀਦਾ ਹੈ, ਮੈਂ ਸਮਝਦਾ ਹਾਂ ਕਿ ਇਹੋ ਜਿਹੀਆਂ ਗੱਲਾਂ ਕਹਨੀਆਂ ਠੀਕ ਨਹੀਂ ਇਹ ਗੱਲ ਠੀਕ ਹੈ ਕਿ ਸਰਕਾਰ ਦੀਆਂ ਮੁਸ਼ਕਲਾਂ ਹਨ । ਲੇਕਿਨ ਸਰਕਾਰ ਨਾਲੋਂ ਘੱਟ ਮੁਸ਼ਕਲਾਂ ਸਾਡੀਆਂ ਵੀ ਨਹੀਂ । ਇਸ ਬਾਰੇ ਮੈਂ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦਾ । ਸਪੀਕਰ ਸਾਹਿਬ, ਇਥੇ ਉਹ ਸਾਹਿਬਾਨ ਵੀ ਬੈਠੇ ਹਨ ਜਿਹੜੇ ਅੱਤਵਾਦ ਦੇ ਖਿਲਾਫ ਲੜਦੇ ਰਹੇ ਹਨ ਅੰਰ ਉਹ ਵੀ ਬੈਠੇ ਹਨ ਜਿਨ੍ਹਾਂ ਦੇ ਘਰ ਅੱਤਵਾਦੀ ਰਹਿੰਦੇ ਰਹੇ ਹਨ । ਮੈਂ ਇਸ ਬਾਰੇ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ । ਸਾਡੀ ਅੰਰ ਉਨ੍ਹਾਂ ਦੀ ਸਾਂਝੀ ਲੜਾਈ ਸੀ । ਅੱਜ ਪੁਲਿਸ ਦੇ

Original with;
Punjab Vidhan Sabha
Digitized by;
Panjab Digital Library

ਖਿਲਾਫ ਨੁਕਤਾਚੀਨੀ ਕਰਦੇ ਹਾਂ, ਪੁਲਿਸ ਦੇ ਭ੍ਰਿਸ਼ਟਾਚਾਰ ਦੀ ਗੱਲ ਕਰਦੇ ਹਾਂ ਜਾਂ ਪੁਲਿਸ ਅੰਦਰ ਮਾੜੇ ਤੱਤਾਂ ਦੀ ਗੱਲ ਲੈਂਦੇ ਹਾਂ ਪਰ ਮੈਂ ਸਮਝਦਾ ਹਾਂ ਕਿ ਸਰਕਾਰੀ ਪਾਰਟੀ ਅੰਦਰ ਵੀ ਉਹੋ ਜਿਹੇ ਤੱਤ ਮੌਜੂਦ ਹਨ ਜਿਹੜੇ ਅੱਤਵਾਦੀਆਂ ਦਾ ਸਮਰਥਨ ਕਰਦੇ ਰਹੇ ਹਨ । ਅੱਤਵਾਦੀਆਂ ਨਾਲ ਮਿਲਦੇ ਸਨ ਅੇਰ ਅੱਜ ਇਹ ਪੁਲੀਟੀਕਲ ਪਾਵਰ ਹੱਥਾਂ ਵਿਚ ਲੈ ਕੇ ਸਰਕਾਰੀ ਕੁਰਸੀਆਂ ਤੇ ਬੈਠੇ ਹਨ । ਅੱਜ ਇਹ ਅੱਤਵਾਦੀਆਂ ਦੇ ਖਿਲਾਫ ਗੱਲ ਕਰਦੇ ਹਨ ਅੇਰ ਅੱਤਵਾਦੀਆਂ ਦੀਆਂ ਛੁਰੀਆਂ ਤੇ ਅਸਾਲਟਾਂ ਦੀਆਂ ਗੱਲਾਂ ਕਰਦੇ ਹਨ, ਉਨ੍ਹਾਂ ਦੀਆਂ ਬੰਦੂਕਾਂ ਦੀਆਂ ਗੱਲਾਂ ਕਰਦੇ ਹਨ । ਮੈਂ ਇਸ ਵਿੱਚ ਜ਼ਿਆਦਾ ਸਮਾਂ ਨਹੀਂ ਲਗਾਉਂਦਾ । ਮੈਂ ਇਸ ਗੱਲ ਨੂੰ ਇੱਥੇ ਛੱਡਦਾ ਹਾਂ ਬਹੁਤ ਕੁਝ ਬੋਲਿਆ ਗਿਆ ਅੇਰ ਬਹੁਤ ਕੁਝ ਇੱਥੇ ਕਿਹਾ ਗਿਆ ਹੈ ।

(ਇਸ ਸਮੇਂ ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

ਸ਼੍ਰੀ ਸਪੀਕਰ : ਹਾਂ ਜੀ, ਭਾਰਦਵਾਜ ਜੀ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ: ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਵਜ਼ੀਰਾਂ ਦੀਆਂ ਕੋਠੀਆਂ ਵਿੱਚ ਉਗਰਵਾਦੀ ਰਹੇ । ਇਹ ਬੜੇ ਗਲਤ ਲਫਜ਼ ਵਰਤ ਰਹੇ ਹਨ । (ਵਿਘਨ) । ਇਨ੍ਹਾਂ ਨੂੰ ਭੁਲੇਖਾ ਪੈ ਗਿਆ ਹੋਵੇਗਾ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ: ਮੈਂ ਸਾਰੇ ਵਜ਼ੀਰਾਂ ਬਾਰੇ ਨਹੀਂ ਕਿਹਾ । ਸਾਰੀ ਕਾਂਗਰਸ ਬਾਰੇ ਨਹੀਂ ਕਿਹਾ, ਮੈਂ ਤਾਂ ਪਹਿਲਾਂ ਵੀ ਇਹ ਕਿਹਾ ਸੀ ਕਿ ਕਾਂਗਰਸ ਸੈਕੂਲਰ ਪਾਰਟੀ ਹੈ, ਮੈਜਾਰਿਟੀ ਪਾਰਟੀ ਹੈ । ਇਨ੍ਹਾਂ ਵਿਚੋਂ ਕਈ ਅੱਤਵਾਦੀਆਂ ਦੇ ਖਿਲਾਫ ਲੜਦੇ ਰਹੇ ਹਨ ਅੇਰ ਸ਼ਹੀਦੀਆਂ ਪ੍ਰਾਪਤ ਕੀਤੀਆਂ । ਅਸੀਂ ਵੀ ਸ਼ਹੀਦੀਆਂ ਦਿੱਤੀਆਂ । ਲੇਕਿਨ ਜਿਹੜੇ ਅੱਤਵਾਦੀਆਂ ਨੂੰ ਰੱਖਦੇ ਰਹੇ. ਮੈਂ ਉਨ੍ਹਾਂ ਦੇ ਨਾਂ ਲੈ ਸਕਦਾ ਹਾਂ । ਉਨ੍ਹਾਂ ਦੇ ਨਾਂ ਰਿਕਾਰਡ ਤੇ ਹਨ, ਥਾਣਿਆਂ ਵਿੱਚ ਅੇਫ.ਆਈ. ਆਰ ਦਰਜ ਹੈ, ਜ਼ਾਮਨੀਆਂ ਭਰੀਆਂ ਗਈਆਂ ਹਨ ।

ਸ਼੍ਰੀ ਸਪੀਕਰ : ਗੁਰਨਾਮ ਸਿੰਘ ਜੀ, ਨਾਂ ਜ਼ਰੂਰ ਲਓ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ: ਸਪੀਕਰ ਸਾਹਿਬ, ਤੁਸੀਂ ਫਿਰ ਮੈਨੂੰ ਸੁਣਾਉਣ ਲਈ ਕਹਿ ਰਹੇ ਹੋ । ਇਹ ਖਿਦੋ ਦੀਆਂ ਪਿੜੀਆਂ ਬੰਦ ਰਹਿਣ ਦਿਓ । ਜੇ ਖੋਲ੍ਹੀਆਂ ਗਈਆਂ ਤਾਂ ਠੀਕ ਨਹੀਂ ਰਹੇਗਾ । ਤੁਸੀਂ ਮੇਰੇ ਤੋਂ ਪੁੱਛਣਾ ਚਾਹੁੰਦੇ ਹੋ ਪਰ ਤੁਹਾਨੂੰ ਵੀ ਸ਼ਾਇਦ ਪਤਾ ਹੋਵੇਗਾ. ਮੁੱਖ ਮੰਤਰੀ ਸਾਹਿਬ ਨੂੰ ਵੀ ਪਤਾ ਹੋਵੇਗਾ, ਅੇਫ.ਅੇਮ. ਸਾਹਿਬ ਨੂੰ ਵੀ ਪਤਾ ਹੋਵੇਗਾ । ਸੀ ਅੇਮ. ਸਾਹਿਬ ਨੇ ਰੰਧਾਵਾ ਸਾਹਿਬ ਦੇ ਭਤੀਜੇ ਦੇ ਭੋਗ ਤੇ ਕਿਹਾ ਸੀ । ਉਨਾਂ ਦਿਨਾਂ ਵਿੱਚ ਗਲੀਆਂ ਵਿੱਚ ਕੋਈ ਨਹੀਂ ਨਿਕਲਦਾ ਸੀ,

Original with;
Punjab Vidhan Sabha
Digitized by;
Punjab Digital Library

[ਕਾਮਰੇਡ ਗੁਰਨਾਮ ਸਿੰਘ ਧੀਰੋਵਾਲ]

ਸੁੰਨਸਾਨ ਗਲੀਆਂ ਸਨ । ਮੈਂ ਵੀ ਬੋਲਿਆ ਸੀ । ਉਦੋਂ ਜਿੰਨਾਂ ਵੱਡਾ ਅੱਤਵਾਦੀ ਕਿਸੀ ਦੇ ਘਰ ਹੁੰਦਾ ਸੀ, ਉਤਨੀ ਵੱਡੀ ਉਪਮਾ ਹੁੰਦੀ ਸੀ । ਅੱਜ ਉਨ੍ਹਾਂ ਨੇ ਵਿਰੋਧੀ ਤਰੀਕੇ ਨਾਲ ਟਿਕਟਾਂ ਹਾਸਲ ਕਰ ਲਈਆਂ ਹਨ, ਕੁਰਸੀਆਂ ਤੇ ਬੈਠੇ ਹਨ । ਅੱਜ ਅਸੀਂ ਪੁਲਿਸ ਨੂੰ ਕਹਿੰਦੇ ਹਾਂ ਪਰ ਪੁਲਿਸ ਦੇ ਨਾਲ ਇਹ ਪੁਲੀਟੀਕਲ ਬੰਦੇ ਵੀ ਹਨ ਪੁਲਿਸ ਅੰਦਰ ਅੌਰ ਦੂਸਰੀਆਂ ਥਾਵਾਂ ਤੇ ਇਹੋ ਜਿਹੀਆਂ ਗੱਲਾਂ ਹੋ ਸਕਦੀਆਂ ਹਨ । ਜੇ ਮਜਬੂਰ ਕਰੋ ਤਾਂ ਮੈਂ ਫਿਰ ਵਜ਼ੀਰਾਂ ਦੇ ਨਾਂ, ਐਮ. ਐਲ. ਏਜ਼ ਦ ਨਾਂ ਲੈ ਦੇਵਾਂਗਾ ।ਮੂੰਹ ਨਾ ਖੁਲ੍ਹਵਾਓ ਤਾਂ ਚੰਗੀ ਗੱਲ ਹੈ ।

ਸ਼੍ਰੀ ਸਪੀਕਰ :ਕੋਈ ਹਰਜ ਨਹੀਂ ।ਕਲੈਰੀਫਿਕੇਸ਼ਨ ਦੇ ਦਿਓ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ: ਮੈਂ ਉਨ੍ਹਾਂ ਨੂੰ ਕਾਰਾਂ ਤੇ ਅੱਤਵਾਦੀਆਂ ਨੂੰ ਨਾਲ ਲੈ ਕੇ ਵੋਟਾਂ ਲੈਂਦੇ ਦੇਖਿਆ, ਮੈਂ ਇਨ੍ਹਾਂ ਲੋਕਾਂ ਨਾਲ ਅੱਤਵਾਦੀਆਂ ਦੇ ਕਾਫਲੇ ਦੇਖੇ ਰਾਈਫਲਾਂ ਦੇਖੀਆਂ । ਮੈਂ ਸਭ ਕੁਝ ਕਹਿਣ ਲਈ ਤਿਆਰ ਹਾਂ । ਪਰ ਮੈਂ ਇਹ ਸਮਝਦਾ ਹਾਂ ਕਿ ਇਸ ਨਾਲ ਸਿਰੇ ਬਦ-ਮਗਜ਼ੀ ਬਹੁਤ ਹੋਵੇਗੀ, ਫਿਰ ਇਹ ਗੱਲ ਠੀਕ ਨਹੀਂ ਹੋਏਗੀ । ਇਸ ਕਰਕੇ ਮੈਂ ਇਸ ਗੱਲ ਵਿੱਚ, ਸਪੀਕਰ ਸਾਹਿਬ . . . .

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਇਹ ਕੋਈ ਵੇਗ ਐਲੀਗੇਜ਼ਨ ਨਾਂ ਲਗਵਾਉਣ । ਜੇਕਰ ਕੋਈ ਸਪੈਸੀਫਿਕ ਹੈ ਤਾਂ ਨਾਂ ਦੇਣ ।

ਸ਼੍ਰੀ ਸਪੀਕਰ: ਜੇ ਤੁਹਾਨੂੰ ਪਤਾ ਹੈ ਤਾਂ ਨਾਂ ਦੱਸੋ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ: ਤੁਸੀਂ ਜ਼ਰੂਰ ਮੇਰੇ ਕਲੋਂ ਨਾਂ ਦਿਵਾਉਣੇ ਹਨ ।

ਸ਼੍ਰੀ ਸਪੀਕਰ: ਪਾਲਿਟਿਕਸ ਸਾਫ ਹੋਣੀ ਚਾਹੀਦੀ ਹੈ, ਬਦਨਾਮੀ ਦਾ ਧੱਬਾ ਕਿਸੇ ਤੇ ਨਹੀਂ ਲੱਗਣਾ ਚਾਹੀਦਾ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ: ਮੇਰਾ ਵਿਸ਼ਾ ਬਜਟ ਤੋਂ ਬਾਹਰ ਜਾ ਰਿਹਾ ਹੈ ਤੁਸੀਂ ਉਨ੍ਹਾਂ ਦੇ ਨਾਂ ਮੇਰੇਂ ਜ਼ਰੂਰੀ ਬੁਲਾਉਣਾ ਚਾਹੁੰਦੇ ਹੋ . . . . .

ਸ਼੍ਰੀ ਸਪੀਕਰ: ਬਜਟ ਤੋਂ ਪਰ੍ਹੇ ਤਾਂ ਤੁਸੀਂ ਆਪੇ ਹੀ ਹਟ ਰਹੇ ਹੋ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ: ਇਕ ਕੁਲਦੀਪ ਫੌਜੀ ਬੜਾ ਵੱਡਾ ਅੱਤਵਾਦੀ ਹੁੰਦਾ ਸੀ ਜਿਹੜਾ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ ਸੀ । ਉਹ ਪੁਲਿਸ ਮੁਕਾਬਲੇ ਵਿੱਚ ਮਾਰਿਆ ਨਹੀਂ ਸੀ ਸਗੋਂ ਉਹ ਬਚਕੇ ਨਿਕਲ ਗਿਆ ਪਰ ਅਖਬਾਰਾਂ ਵਿੱਚ ਖਬਰ ਆ ਗਈ ਕਿ ਉਹ ਮਰ ਗਿਆ ਹੈ ਲੇਕਿਨ ਉਹ ਨਿਕਲ ਗਿਆ । ਫਿਰ ਬੜੀ ਮੁਸ਼ਕਲ ਨਾਲ ਐਸ. ਐਸ. ਪੀ. ਇਨਵਾਲਵ ਹੋਇਆ । ਜੇਕਰ ਮੈਂ ਹੁਣ ਉਹ ਨਾਮ-ਨਿਹਾਦ ਅੱਤਵਾਦੀਆਂ ਦੀ ਗੱਲ ਕਰਾਂ । (ਵਿਘਨ) ਜੇ ਹੁਣੇ ਕਹਾਂ ਕਿ ਪ੍ਰਤਾਪ ਸਿੰਘ ਬਾਜਵਾ ਦੇ ਘਰ ਰਹਿੰਦਾ ਸੀ, ਭ੍ਰਿਪਤ ਰਾਜਿੰਦਰ ਸਿੰਘ ਦੇ ਘਰ ਰਹਿੰਦਾ ਸੀ, ਮੈਂ ਹੋਰਨਾਂ ਮੈਂਬਰਜ਼ ਦਾ ਨਾਂ ਲੈਂ

Original with;
Punjab Vidhan Sabha
Digitized by;
Panjab Digital Library

ਦਿਆਂ ਤਾਂ ਤਹਾਨੂੰ ਇਹ ਸਨਸਨੀ ਖੇਜ਼ ਗੱਲ ਲੱਗੇਗੀ । ਬਾਣਿਆਂ ਦੇ ਰਿਕਾਰਡ ਦੀ ਫੋਲਾਫਾਲੀ ਕਰਕੇ ਦੇਖੋ.... (ਵਿਘਨ)

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਕੁਝ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਰਕੇ ਸੁਣਾਈ ਨਹੀਂ ਸੀ ਦੇ ਰਿਹਾ)

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ: ਬਾਣਿਆਂ ਵਿੱਚ 10 ਵਰ੍ਹਿਆਂ ਤੋਂ ਰਿਕਾਰਡ ਗਿਆ ਹੈ । (ਵਿਘਨ) ਹਾਂ ਜੀ, ਸਪੀਕਰ ਸਾਹਿਬ, ਮੈਂ ਇਨਕੁਆਇਰੀ ਲਈ ਤਿਆਰ ਹਾਂ । ਜੇ ਗੱਲ ਗਲਤ ਨਿਕਲੇ....

(ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਜੇ ਵੀ ਆਪਣੀ ਸੀਟ ਤੇ ਖੜ੍ਹੇ ਕੁਝ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਰਕੇ ਸੁਣਾਈ ਨਹੀਂ ਸੀ ਦੇ ਰਿਹਾ ।)

ਸ਼੍ਰੀ ਸਪੀਕਰ: ਉਨ੍ਹਾਂ ਨੂੰ ਬੋਲਣ ਦਿਓ । ਮੈਂ ਤੁਹਾਨੂੰ ਟਾਈਮ ਦਿਆਂਗਾ । ਤੁਸੀਂ ਐਕਸਪਲੇਨੇਸ਼ਨ ਦੇ ਸਕਦੇ ਹੋ । ਪਹਿਲਾਂ ਉਨ੍ਹਾਂ ਨੂੰ ਖਤਮ ਕਰਨ ਦਿਓ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ: ਸਪੀਕਰ ਸਾਹਿਬ, ਮੇਰੇ ਮਾਨਯੋਗ ਐਮ.ਐਲ.ਏ. ਸਾਹਿਬ ਨੇ ਗੱਲ ਕੀਤੀ ਹੈ ਕਿ ਸੁਪਰੀਮ ਕੋਰਟ ਦੇ ਜੱਜ ਤੋਂ ਇਨਕੁਆਇਰੀ ਹੋਵੇ । ਮੈਂ ਸੁਪਰੀਮ ਕੋਰਟ ਦੇ ਜੱਜ ਦੀ ਗੱਲ ਨਹੀਂ ਕਰਦਾ, ਮੈਂ ਕਹਿੰਦਾ ਹਾਂ ਕਿ ਤੁਸੀਂ ਇਥੇ ਸਾਰੀਆਂ ਪਾਰਟੀਆਂ ਦੇ ਮੈਂਬਰਜ਼ ਦੀ ਕਮੇਟੀ ਬਣਾ ਦਿਉ, ਜੋ ਜਾਂਚ ਕਰੇ ।

(ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਇਸ ਸਮੇਂ ਵੀ ਆਪਣੀ ਸੀਟ ਤੇ ਖੜ੍ਹੇ ਬੋਲ ਰਹੇ ਸਨ ਜੋ ਮਾਈਕ ਬੰਦ ਹੋਣ ਕਰਕੇ ਸੁਣਾਈ ਨਹੀਂ ਸੀ ਦੇ ਰਿਹਾ ।)

Mr. Speaker: I will give you time to give explanation. Let him speak. You can give explanation. I wish you should give explanation.

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ: ਮੈਂ ਅਸਤੀਫਾ ਦੇ ਦਿਆਂਗਾ ਜੇਕਰ ਗੱਲ ਸਾਬਤ ਹੋ ਜਾਵੇ....

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ: ਅਗਰ ਇਹ ਗਲਤ ਕਹਿੰਦੇ ਹਨ, ਮੈਂ ਹੋਰ ਐਮ.ਐਲ.ਏਜ਼ ਦਾ ਨਾਂ ਵੀ ਲੈ ਦਿੰਦਾ ਹਾਂ । ਮੈਂ, ਸਪੀਕਰ ਸਾਹਿਬ, ਜੋ ਗੱਲ ਕੀਤੀ ਹੈ, ਇਹ ਬਿਲਕੁੱਲ ਦਰੁਸਤ ਹੈ, 100 ਫੀਸਦੀ ਠੀਕ ਕੀਤੀ ਹੈ । ਮੈਂ ਇਕ ਅੱਤਵਾਦੀ ਦੀ ਗੱਲ ਨਹੀਂ ਕਰਦਾ, ਮੈਂ ਸੈਂਕੜੇ ਅੱਤਵਾਦੀਆਂ ਦੀ ਗੱਲ ਕਰਦਾ ਹਾਂ । ਅਗਰ ਮੈਂ ਦੇਸ਼ੀ ਪਾਇਆ ਜਾਵਾਂ ਕਿ ਇਨ੍ਹਾਂ ਦੇ ਘਰ ਵਿੱਚ ਨਹੀਂ ਸੀ ਰਹਿੰਦੇ, ਭੈਜੀ ਹੋਰੀਂ ਨਹੀਂ ਸੀ ਰਹਿੰਦੇ, ਤੂਫਾਨ ਸਿੰਘ ਹੋਰੀਂ....(ਵਿਘਨ)

ਸ਼੍ਰੀ ਸਪੀਕਰ: 2 ਮਿੰਟ ਰਹਿੰਦੇ ਹਨ । ਮੈਂ ਟਾਈਮ ਦੇ ਦੇਵਾਂਗਾ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ: ਸਪੀਕਰ ਸਾਹਿਬ, ਅਗਰ ਮੈਂ ਇਹ ਗੱਲ ਕਰਾਂ ਕਿ ਇਨ੍ਹਾਂ ਦੀ ਕੋਠੀ ਵਿੱਚ ਤੂਫਾਨ ਸਿੰਘ ਉਰਫ ਤੂਫਾਨ, ਜਿਸ ਦੇ ਸੰਸਕਾਰ ਤੇ ਤਿੰਨ ਲੱਖ ਬੰਦਿਆਂ ਦਾ ਇਕੱਠ ਹੋਇਆ ਸੀ ਅਤੇ ਘਰ ਨੋਟਾਂ ਨਾਲ ਭਰ ਗਿਆ ਸੀ । ਅਗਰ ਉਹ ਇਨ੍ਹਾਂ ਦੀਆਂ ਕੋਠੀਆਂ ਅੰਦਰ ਨਾ ਰਹਿੰਦੇ ਸਾਬਤ ਹੋ ਜਾਣ ਤਾਂ ਮੈਂ ਅਸਤੀਫਾ ਦੇ ਦਿਆਂਗਾ । ਆਪਣੀ ਪਾਰਟੀ ਵੱਲੋਂ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਾਰੀਆਂ ਪਾਰਟੀਆਂ ਦੀ ਕਮੇਟੀ ਬਣਾ ਕੇ ਇਨਕੁਆਇਰੀ ਬਿਠਾ ਦਿਉ ।

PERSONAL EXPLANATION BY SARDAR TRIPAT RAJINDER SINGH BAJWA

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ: ਸਪੀਕਰ ਸਾਹਿਬ, ਮੈਂ ਇਸ ਗੱਲ ਲਈ ਤਿਆਰ ਹਾਂ, ਇਸ ਗੱਲ ਦੀ ਇਨਆਕੁਇਰੀ ਕਰਵਾਉਣ ਲਈ ਕੋਈ ਕਮੇਟੀ ਬਣਾ ਦਿਉ, ਮੈਂ ਤਿਆਰ ਹਾਂ । ਅਗਰ ਮੇਰੇ ਘਰ ਵਿੱਚ ਅੱਤਵਾਦੀ ਠਹਿਰਿਆ ਸਾਬਤ ਹੋ ਜਾਵੇ ਤਾਂ ਮੈਂ ਅਸਤੀਫਾ ਦੇਵਾਂਗਾ ।

ਸ਼੍ਰੀ ਸਪੀਕਰ. ਹੋ ਗਈ ਹੈ ਪਰਸਨਲ ਐਕਸਪਲੇਸ਼ਨ । You deny it what he said

ਸਰਦਾਰ ਗੁਰਚੇਤ ਸਿੰਘ ਭੁੱਲਰ: ਇਨ੍ਹਾਂ ਨੇ ਨਾਂ ਲਿਆ ਸਰਦਾਰ ਪ੍ਰਤਾਪ ਸਿੰਘ ਬਾਜਵਾ ਦਾ ਕਿ ਉਨ੍ਹਾਂ ਦੀ ਕੋਠੀ ਵਿੱਚ ਅੱਤਵਾਦੀ ਰਹਿੰਦੇ ਰਹੇ । ਮੈ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ. . . .(ਵਿਘਨ)

ਸ਼੍ਰੀ ਸਪੀਕਰ. ਉਹ ਆਪ ਪਰਸਨਲ ਐਕਸਪਲੇਸ਼ਨ ਦੇਣਗੇ, ਤੁਸੀਂ ਬੈਠੋ । (ਵਿਘਨ)

Mr. Speaker: The House stands adjourned till 2.30 P. M. today, the 21st March, 1995.

*1.30 P.M. | *(The Sabha then* adjourned till 2.30 P.M. today the 21st March, 1995)*

1645—29-12-95—305 COPIES—PB. GOVT. PRESS, PATIALA.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1995

Published under the authority of the Punjab Vidhan Sabha and printed by the Controller, Printing and Stationery, Punjab at the Govt. Press, Patiala.

Original with;
Punjab Vidhan Sabha
Digitized by;
Panjab Digital Library

PUNJAB VIDHAN SABHA

DEBATES

21st March, 1995

(Afternoon Sitting)

Vol. IX—No. 14

OFFICIAL REPORT

CONTENTS

Tuesday, the 21st March, 1995

(Afternoon Sitting)

	PAGE
Starred Questions and Answers ..	(14)1
Unstarred Questions and Answers ..	(14)28
Walk-Out ..	(14)44
Suspension of Members ..	(14)44
Ruling by the Speaker re. Dispensing with Zero Hour ..	(14)45

Punjab Vidhan Sabha Secretariat, Chandigarh.

Price Rs. .....

Original with:
Punjab Vidhan Sabha
Digitized by:
Panjab Digital Library

	PAGE
Personal Explanation by the Minister of State for Information and Public Relations ..	(14)46
Resumption of General Discussion on the Budget Estimates for the year 1995-96 ..	(14)48
Walk-Out ..	(14)48
General Discussion on the Budget Estimates for the year 1995-96 (*Resumption*) ..	(14)49
Ruling by the Speaker re. Co-operation by the Opposition Parties in the smooth conduct of Business of the House ..	(14)94
General Discussion on the Budget Estimates for the year 1995-96 (*Resumption*) ..	(14)95
Appendix ..	(i)

Original with;
Punjab Vidhan Sabha
Digitized by;
Punjab Digital Library

PUNJAB VIDHAN SABHA

PAGE

Tuesday, the 21st March, 1995
(Afternoon Sitting)

(14)46 *The Vidhan Sabha met in the Punjab Vidhan Sabha Hall, Vidhan Bhavan, Chandigarh, at 2-30 P.M. Mr. Speaker (Shri Harnam Das Johar) in the Chair.*

(14)48

(14)48

(14)49

STARRED QUESTIONS AND ANSWERS

ਤਹਿਸੀਲ ਸਮਰਾਲਾ ਵਿਚ ਪਸ਼ੂ ਡਿਸਪੈਂਸਰੀਆਂ ਖੋਲ੍ਹਣਾ

(14)94 *2562. **ਸਰਦਾਰ ਈਸ਼ਰ ਸਿੰਘ**: ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਸਮਰਾਲਾ, ਜ਼ਿਲ੍ਹਾ, ਲੁਧਿਆਣਾ ਵਿਚ ਸਾਲਾਂ 1993-

(14)95 (i) 94 ਅਤੇ 1994-95 ਵਿਚ ਕਿੰਨੀਆਂ ਨਵੀਆਂ ਪਸ਼ੂ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਅਤੇ ਕਿੰਨੀਆਂ ਦਾ ਦਰਜਾ ਵਧਾ ਕੇ ਉਨ੍ਹਾਂ ਨੂੰ ਪਸ਼ੂ ਹਸਪਤਾਲ ਬਣਾਇਆ ਗਿਆ ਅਤੇ ਸਾਲ 1995-96 ਵਿਚ ਅਜਿਹੀਆਂ ਹੋਰ ਕਿੰਨੀਆਂ ਡਿਸਪੈਂਸਰੀਆਂ ਖੋਲ੍ਹਣ ਅਤੇ ਦਰਜਾ ਵਧਾਉਣ ਦੀ ਸਰਕਾਰ ਦੀ ਤਜਵੀਜ਼ ਹੈ ?

Sardar Harbans Singh Sidhu: Six Veterinary Dispensaries were opened in Tehsil Samrala during 1993-94 while the location for opening Veterinary Dispensaries during the year 1994-95 is under consideration of the Govt. Two Veterinary Dispensaries were upgraded into Veterinary Hospitals during year 1993-94, while the case of upgradation of Veterinary Dispensaries into Veterinary Hospitals is under consideration of the Govt. during year 1994-95. Govt. is yet to decide number of dispensaries to be opened during the year 1995-96.

ਸਰਦਾਰ ਈਸ਼ਰ ਸਿੰਘ: ਸਪੀਕਰ ਸਾਹਿਬ, ਮੰਤਰੀ ਜੀ ਨੇ 1993-94 ਦੌਰਾਨ ਤਹਿਸੀਲ ਸਮਰਾਲਾ ਵਿੱਚ 6 ਵੈਟਰਨਰੀ ਡਿਸਪੈਂਸਰੀਜ਼ ਖੋਲ੍ਹੀਆਂ ਜਾਣ ਬਾਰੇ ਦੱਸਿਆ ਹੈ। ਮੈਂ ਤੁਹਾਡੇ ਦੁਆਰਾ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਜਿਥੇ ਇਹ 6 ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਹਨ, ਉਨ੍ਹਾਂ ਪਿੰਡਾਂ ਦੇ ਨਾਮ ਕੀ ਕੀ ਹਨ ?

ਰਾਜ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ 6 ਡਿਸਪੈਂਸਰੀਆਂ ਦੇ ਪਿੰਡਾਂ ਦੇ ਨਾਮ ਇਸ ਪ੍ਰਕਾਰ ਹਨ, ਮੈਨ ਵਾਲਾ, ਔਲਖ, ਤੇਲ, ਮਾਣਕ ਮਾਜਰਾ, ਚੈਲਾ ਅਤੇ ਕਿਸ਼ਨ ਗੜ।

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, ਤਹਿਸੀਲ ਸਮਰਾਲਾ ਵਿੱਚ 40 ਪਿੰਡ ਅੰਸੇ ਹਨ ਜਿਹੜੇ ਬੇਟ ਏਰੀਏ ਵਿੱਚ ਪੈਂਦੇ ਹਨ . ਇਹ ਛੋਟੇ ਛੋਟੇ ਪਿੰਡ ਹਨ ਅੰਰ ਉਥੇ ਖਾਸ ਤੌਰ ਤੇ ਛੋਟੇ ਕਿਸਾਨ ਤੇ ਗਰੀਬ ਲੋਕ ਰਹਿੰਦੇ ਹਨ, ਜਿਨ੍ਹਾਂ ਦਾ ਕਿੱਤਾ ਖੇਤੀ ਤੋਂ ਇਲਾਵਾ

Original with;
Punjab Vidhan Sabha
Digitized by;
Punjab Digital Library

[ਸਰਦਾਰ ਈਸ਼ਰ ਸਿੰਘ]

ਭੇਅਚੀ ਦਾ ਵੀ ਹੈ । ਕੀ ਮਨਿਸਟਰ ਸਾਹਿਬ ਬੇਟ ਦੇ ਏਰੀਏ ਨੂੰ ਇਹ ਡਿਸਪੈਂਸਰੀਆਂ ਖੋਲ੍ਹਣ ਵਾਸਤੇ ਤਰਜੀਹ ਦੇਣਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਮ. ਐਲ. ਏ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਇਹ ਪਿੰਡ ਨਾਰਮ ਪੂਰਾ ਕਰਦੇ ਹੋਣਗੇ ਤਾਂ ਅਸੀਂ ਜ਼ਰੂਰ ਵਿਚਾਰ ਕਰਾਂਗੇ ।

ਸ਼ਰਦਾਰ ਈਸ਼ਰ ਸਿੰਘ: ਸਪੀਕਰ ਸਾਹਿਬ, ਜਿਥੋਂ ਤੱਕ ਨਾਰਮ ਦਾ ਸਵਾਲ ਹੈ ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜੋ ਨਾਰਮਜ਼ ਹਨ, ਉਨ੍ਹਾਂ ਦੇ ਮੁਤਾਬਿਕ ਹੀ ਪਿੰਡਾਂ ਵਿੱਚ ਰੈਜੋਲਿਊਸ਼ਨ ਪਾਸ ਕਰਕੇ ਅਸੀਂ ਭੇਜਦੇ ਹਾਂ । ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਹ ਪਿੰਡ ਨਾਰਮ ਪੂਰਾ ਕਰਦੇ ਹੋਣਗੇ ਤਾਂ ਕੀ ਇਹ ਬੇਟ ਏਰੀਏ ਨੂੰ ਪਹਿਲ ਦੇਣਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਮੁੱਖ ਮੰਤਰੀ ਸਾਹਿਬ ਦੇ ਆਦੇਸ਼ ਹਨ ਕਿ ਸਾਰਿਆਂ ਨੂੰ ਪਹਿਲ ਦਿੱਤੀ ਜਾਵੇ । ਜਿਹੜੇ ਪਿੰਡ ਨਾਰਮ ਪੂਰਾ ਕਰਦੇ ਹਨ, ਉਨ੍ਹਾਂ ਵੱਲ ਜ਼ਰੂਰ ਧਿਆਨ ਦਿੱਤਾ ਜਾਵੇਗਾ ।

ਨਿਸ਼ਾਨਵਾਲਾ ਪ੍ਰਸ਼ਨ ਨੰਬਰ 2600

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।)

ਨਿਸ਼ਾਨਵਾਲਾ ਪ੍ਰਸ਼ਨ ਨੰਬਰ 2665*

ਸ਼੍ਰੀ ਸਪੀਕਰ: ਨਿਸ਼ਾਨ ਵਾਲਾ ਸਵਾਲ ਨੰਬਰ 2665 ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ ।

ਨਿਸ਼ਾਨਵਾਲਾ ਪ੍ਰਸ਼ਨ ਨੰਬਰ 2601

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।)

---

*For starred question No. 2665 and reply thereto, please see P.V.S. Debates dated 4th April, 1995.

Original with;
Punjab Vidhan Sabha
Digitized by;
Panjab Digital Library

ਨਿਸ਼ਾਨਵਾਲਾ ਪ੍ਰਸ਼ਨ ਨੰਬਰ 2501*

ਸ਼੍ਰੀ ਸਪੀਕਰ : ਨਿਸ਼ਾਨਵਾਲਾ ਪ੍ਰਸ਼ਨ ਨੰਬਰ 2501 ਦੀ ਅੰਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ ।

ਨਿਸ਼ਾਨਵਾਲਾ ਪ੍ਰਸ਼ਨ ਨੰਬਰ 2635

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।)

ਤਹਿਸੀਲ ਸਮਰਾਲਾ ਵਿਚ ਉਪ-ਸਿਹਤ ਕੇਂਦਰ ਖੋਲ੍ਹਣੇ

*2561. **ਸਰਦਾਰ ਈਸ਼ਰ ਸਿੰਘ**. ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਵਿਚ ਸਾਲਾਂ 1993-94 ਅਤੇ 1994-95 ਵਿਚ ਕਿੰਨੇ ਉਪ-ਸਿਹਤ ਕੇਂਦਰ ਖੋਲ੍ਹੇ ਗਏ ਅਤੇ ਸਾਲ 1995-96 ਵਿਚ ਹੋਰ ਕਿੰਨੇ ਉਪ-ਸਿਹਤ ਕੇਂਦਰ ਖੋਲ੍ਹਣ ਦੀ ਸਰਕਾਰ ਦੀ ਤਜਵੀਜ਼ ਹੈ ?

Sardar Harcharan Singh Brar. No Sub Health Centres were opened during the year 1993-94 and 1994-95 in Samrala, Distt. Ludhiana. For 1995-96, this will be considered according to the availability of funds.

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਇਨ੍ਹਾਂ ਸਾਲਾਂ ਵਿੱਚ ਕੋਈ ਸਬ-ਹੈਲਥ ਸੈਂਟਰ ਨਹੀਂ ਖੋਲ੍ਹੇ ਗਏ । ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਬ-ਹੈਲਥ ਸੈਂਟਰ ਖੋਲ੍ਹੇ ਹੋਏ ਹਨ, ਕੀ ਉਨ੍ਹਾਂ ਵਿੱਚ ਲੋੜੀਂਦਾ ਸਟਾਫ਼ ਅਤੇ ਦਵਾਈਆਂ ਦੇ ਪ੍ਰਬੰਧ ਬਾਰੇ ਮਨਿਸਟਰ ਸਾਹਿਬ ਯਕੀਨ ਦੁਆਉਣਗੇ ?

ਮੰਤਰੀ. ਹਾਂ ਜੀ, ਜ਼ਰੂਰੀ ਪ੍ਰਬੰਧ ਕਰਾਂਗੇ ।

ਸਰਦਾਰ ਈਸ਼ਰ ਸਿੰਘ: ਸਪੀਕਰ ਸਾਹਿਬ, ਇਹ ਜਿਹੜੇ ਸਬ-ਹੈਲਥ ਸੈਂਟਰਜ਼ ਹਨ, ਇਨ੍ਹਾਂ ਵਿੱਚ ਆਮ ਤੌਰ ਤੇ ਏ. ਐਨ. ਐਮ. ਅਪੁਆਇੰਟ ਹੁੰਦੇ ਹਨ । ਕੀ ਇਹ ਜੋ ਸਬ-ਹੈਲਥ ਸੈਂਟਰਜ਼ ਹਨ, ਪ੍ਰਾਈਮਰੀ ਹੈਲਥ ਸੈਂਟਰਜ਼ ਹਨ, ਉਨ੍ਹਾਂ ਵਿੱਚ ਡਾਕਟਰਾਂ ਨੂੰ ਸਮਾਂ-ਬੱਧ ਘੰਟਾ ਜਾਂ 2 ਘੰਟੇ ਲਾਉਣ ਵਾਸਤੇ ਮਨਿਸਟਰ ਸਾਹਿਬ ਕੋਈ ਯਕੀਨ ਦੁਆਉਣਗੇ ?

---

*For Starred Question No. 2501 and reply thereto, please see P.V.S. Debates Dated 4th April, 1995.

Original with;
Punjab Vidhan Sabha
Digitized by;
Panjab Digital Library

ਮੰਤਰੀ ਕੋਸ਼ਿਸ਼ ਕਰਾਂਗੇ ਜੀ, ਕਿ ਪਾਰਟ ਟਾਈਮ ਲਾਏ ਜਾਣ ।

ਲਾਟਰੀ ਵਿਜੇਤਿਆਂ ਦੇ ਨਾਂ

*2251. **ਸ਼੍ਰੀਮਤੀ ਵਿਮਲਾ ਡਾਂਗ**: ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਲਾਟਰੀ ਵਿਭਾਗ ਪੰਜਾਬ 50 ਲੱਖ ਰੁਪਏ ਅਤੇ 1 ਕਰੋੜ ਰੁਪਏ ਦੇ ਪਹਿਲੇ ਇਨਾਮ ਵਾਲੀਆਂ ਲਾਟਰੀਆਂ ਚਲਾ ਰਿਹਾ ਹੈ; ਜੇਕਰ ਅਜਿਹਾ ਹੈ, ਕਦੋਂ ਤੋਂ ਅਤੇ ਅਜਿਹੇ ਵਿਅਕਤੀਆਂ ਦੇ ਨਾਂ ਅਤੇ ਪਤੇ ਕੀ ਕੀ ਹਨ, ਜਿਨ੍ਹਾਂ ਨੇ ਇਨ੍ਹਾਂ ਲਾਟਰੀਆਂ ਨੂੰ ਸ਼ੁਰੂ ਕੀਤੇ ਜਾਣ ਤੋਂ ਇਹ ਇਨਾਮ ਜਿੱਤੇ ਹਨ ?

Doctor Kewal Krishan: The Department of Lotteries is not running any scheme with a first prize amount of Rs. 50 lacs. However, the Department had organised following bumper draws with Ist prize amount of Rs. One Crore —

Sr. No.	Name of the Bumper	Date of Draw	No. of Ist prize	Amount of Ist Prize
1	2	3	4	5
1.	Maa Lakshmi Diwali Bumper-1992.	24-10-92	1	Rs. 1 Crore
2.	Maa Lakshmi Diwali Bumper-1993.	12-11-93	1	Rs. 1 Crore
3.	Maa Lakshmi Diwali Super Bumper-1994.	2-11-94	5	Rs. 1 Crore each
4.	Maa Lakshmi Diwali Bumper-1994.	4-11-94	1	Rs. 1 Crore
5.	Punjab State Dussehra Bumper.	14-10-94	1	Rs. 1 Crore.

Names and addresses of persons who won the prizes in the above mentioned bumper draws are as under : —

Sr. No.	Name of the Scheme	Name and addresses of the persons who won the first prize	Amount of Prize
1	2	3	4
1.	Maa Lakshmi Diwali Bumper-1993.	Sh. Varinder Kumar Arora S/o Sh. Krishan Lal, B.H.I. DDA Flats, Munirka, New Delhi-110067.	Rs. 1 Crore

Original with;
Punjab Vidhan Sabha
Digitized by;
Panjab Digital Library

1	2	3	4
2.	Maa Lakshmi Diwali Super Bumper-1994	Sh. Sanjay Kumar Sharma S/o Sh. Shyam Lal Sharma D-38/35, House Katora, Dashvmeth, Varanasi (U.P.).	Rs. 1 Crore
3.	Punjab State Dussehra Bumper-1994	M/s Sugal & Damani C/35 WEA, Karol Bagh, New Delhi.	Rs. 1 Crore

The prizes which were declared out of unsold tickets lapsed to the Department and became the property of the Government.

ਸ਼੍ਰੀਮਤੀ ਵਿਮਲਾ ਡਾਂਗ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁਛੱਣਾ ਚਾਹੁੰਦੀ ਹਾਂ ਕਿ 1-1 ਕਰੋੜ ਰੁਪਏ ਦੀ ਜਿਹੜੀ ਟਿਕਟ ਹੈ, ਉਸ ਦੀ ਕੀਮਤ ਕਿਤਨੀ ਹੈ ਅਤੇ ਇਸ ਤੋਂ ਆਮਦਨ ਕਿਤਨੀ ਹੋਈ । ਜੇ ਆਮਦਨ ਨਹੀਂ ਹੋਈ ਤਾਂ ਘਾਟਾ ਕਿਤਨਾ ਹੋਇਆ ਹੈ ?

ਮੰਤਰੀ: ਸਪੀਕਰ ਸਾਹਿਬ, ਕੀਮਤ ਤਾਂ 500/- ਰਪਏ ਹੈ ਔਰ ਇਸ ਬੰਪਰ ਡਰਾਅ ਵਿਚੋਂ 2 ਕਰੋੜ ਰੁਪਏ ਦੀ ਆਮਦਨ ਹੋਈ ਹੈ ।

ਸ਼੍ਰੀਮਤੀ ਵਿਮਲਾ ਡਾਂਗ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦੀ ਹਾਂ ਕਿ ਕਰੋੜਪਤੀ ਤੇ ਲੱਖਪਤੀ ਬਣ ਜਾਣ ਦੀ ਜਿਹੜੀ ਟੈਂਡੈਂਸੀ ਹੈ, ਕੀ ਇਹ ਸਾਡੇ ਦੇਸ਼ ਦੇ ਮਾਰਲ ਕਰੈਕਟਰ ਨੂੰ ਖਰਾਬ ਨਹੀਂ ਕਰ ਰਹੀ ? ਇਨ੍ਹਾਂ ਨੇ ਆਪਣੀ ਤਕਰੀਰ ਵਿਚ ਕਿਹਾ ਸੀ ਕਿ "We are determined to discontinue single digit lotteries at the earliest." ਮੈਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਸਰਕਾਰ ਇਸ ਲਾਟਰੀ ਸਿਸਟਮ ਨੂੰ ਛੇਤੀ ਤੋਂ ਛੇਤੀ ਖਤਮ ਕਰਨ ਦੀ ਕੋਸ਼ਿਸ਼ ਕਰੇਗੀ ?

ਮੰਤਰੀ: ਸਪੀਕਰ ਸਾਹਿਬ, ਸਿੰਗਲ ਡਿਜਿਟ ਲਾਟਰੀ ਨੂੰ ਖਤਮ ਕਰਨ ਦੀ ਜਿਹੜੀ ਸਕੀਮ ਹੈ, ਉਸ ਲਈ ਅਸੀਂ ਕੁਮਿਟਿਡ ਹਾਂ ਪਰ ਬਾਕੀਆਂ ਲਈ ਵਿਚਾਰ ਕੀਤਾ ਜਾ ਸਕਦਾ ਹੈ ।

ਸਥਾਨਕ ਸਰਕਾਰ ਵਿਭਾਗ ਦੇ ਗੈਰ-ਪ੍ਰਾਂਤਿਕ ਕਰਮਚਾਰੀਆਂ ਨੂੰ ਪੈਨਸ਼ਨ ਦੇਣਾ

*2666. 1. **ਕਾਮਰੇਡ ਅਜੈਬ ਸਿੰਘ ਰੰਤਾ**
2. **ਸ਼੍ਰੀਮਤੀ ਵਿਮਲਾ ਡਾਂਗ** } : ਕੀ ਵਿੱਤ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਨਗਰ ਨਿਗਮ, ਅੰਮ੍ਰਿਤਸਰ ਅਤੇ ਜਲੰਧਰ ਨੇ ਆਪਣੇ ਗੈਰ-ਪ੍ਰਾਂਤਕ ਕਰਮਚਾਰੀਆਂ ਨੂੰ ਕਿਹੜੀਆਂ ਕਿਹੜੀਆਂ ਮਿਤੀਆਂ ਤੋਂ ਪੈਨਸ਼ਨ ਦੇਣ ਦਾ ਫੈਸਲਾ ਕੀਤਾ ਹੈ;

Original with;
Punjab Vidhan Sabha
Digitized by;
Panjab Digital Library

[1. ਕਾਮਰੇਡ ਅਜੈਬ ਸਿੰਘ ਰੌਂਤਾ]

(ਅ) ਕੀ ਸਰਕਾਰ ਨੇ ਇਨ੍ਹਾਂ ਮਿਤੀਆਂ ਸਬੰਧੀ ਕੋਈ ਇਤਰਾਜ਼ ਉਠਾਏ ਹਨ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਕੀ ਕਾਰਣ ਹਨ ?

Doctor Kewal Krishan (a) Municipal Corporations, Amritsar and Jalandhar vide their resolutions No. 31/1 dated 1-9-94 and No. 123 dated 8-8-94 decided to grant pension to their non-provincialised employees who retired on or after 1-4-77 and 5-7-77 respectively. The payment of pension was, however, to be released from 1-4-90 and no arears payable between these dates and 1-4-90.

(b) Yes Sir, Since the resolutions mentioned in (a) above were contrary to the Pension Rules providing 1-4-90 as the cut off date for grant of pension, the Government annulled these resolutions.

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿੰਨ੍ਹਾਂ ਮਿਉਂਸੀਪਲ ਕਮੇਟੀਆਂ ਨੇ ਆਪਣੇ ਨਾਨ-ਪ੍ਰੋਵਿਨਸ਼ਲਾਇਜ਼ਡ ਇੰਪਲਾਈਜ਼ ਲਈ ਪੈਨਸ਼ਨ ਦੇਣ ਦਾ ਰੈਜ਼ੋਲਿਊਸ਼ਨ ਪਾਸ ਕੀਤਾ ਹੈ, ਕੀ ਸਰਕਾਰ ਉਨ੍ਹਾਂ ਕਰਮਚਾਰੀਆਂ ਨੂੰ ਵੀ ਪੈਨਸ਼ਨ ਦੇਵੇਗੀ ?

ਮੰਤਰੀ : ਸਪੀਕਰ ਸਾਹਿਬ, ਇਹ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਦਾ ਇਕ ਹਿਸਟੋਰੀਕਲ ਫੈਸਲਾ ਸੀ ਕਿ ਪੰਜਾਬ ਵਿਚ ਮਿਉਂਸੀਪਲ ਇੰਪਲਾਈਜ਼ ਨੂੰ ਪੈਨਸ਼ਨ ਦੇਣੀ ਸ਼ੁਰੂ ਕੀਤੀ ਗਈ ਹੈ । ਪਰ ਜਿਹੜਾ ਇਨ੍ਹਾਂ ਨੇ ਫਰਮਾਇਆ ਹੈ ਕਿ ਮਿਉਂਸਪਲੀ ਕਮੇਟੀਆਂ ਵਿਚ ਰੈਜ਼ੋਲਿਊਸ਼ਨ ਪਾਸ ਕਰਕੇ ਨਾਨ-ਪ੍ਰੋਵਿਨਸ਼ੀਅਲ ਇੰਪਲਾਈਜ਼ ਲਈ ਵੀ ਪੈਨਸ਼ਨ ਦਿੱਤੀ ਜਾਵੇ, ਉਸ ਸਬੰਧੀ ਗੌਰਮਿੰਟ ਦੇ ਪੈਨਸ਼ਨ ਰੂਲਜ਼ ਬਕਾਇਦਾ ਬਣੇ ਹੋਏ ਹਨ ਉਨ੍ਹਾਂ ਮੁਤਾਬਿਕ ਹੀ ਕਾਰਵਾਈ ਕਰਾਂਗੇ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦੀ ਹਾਂ ਕਿ ਅੰਮ੍ਰਿਤਸਰ ਅਤੇ ਜਲੰਧਰ ਮਿਉਂਸੀਪਲ ਕਾਰਪੋਰੇਸ਼ਨਾਂ ਨੇ ਨਾਨ-ਪ੍ਰੋਵਿਨਸ਼ੀਅਲ ਇੰਪਲਾਈਜ਼ ਨੂੰ ਪੈਨਸ਼ਨ ਦੇਣ ਦਾ ਫੈਸਲਾ ਕੀਤਾ ਹੈ ਪਰ ਸਰਕਾਰ ਇਸ ਫੈਸਲੇ ਨੂੰ ਇਗਨੋਰ ਕਰ ਰਹੀ ਹੈ । ਕੀ ਸਟੇਟ ਗੌਰਮਿੰਟ ਦੇ ਪੈਨਸ਼ਨ ਰੂਲਜ਼, ਪੰਜਾਬ ਮਿਉਂਸਪਲ ਕਾਰਪੋਰੇਸ਼ਨ ਇੰਪਲਾਈਜ਼ ਉਤੇ ਲਾਗੂ ਨਹੀਂ ਹੁੰਦੇ ਹਨ ? ਜੇ ਹੁੰਦੇ ਹਨ ਤਾਂ ਫਰ ਸਰਕਾਰ ਇਸ ਨੂੰ ਕਿਉਂ ਅੰਡਰਮਾਈਨ ਕਰ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਲੋਕਲ ਬਾਡੀ ਸੈਲਫ ਗੌਰਮਿੰਟ ਪੰਜਾਬ ਸਰਕਾਰ ਦਾ ਇਕ ਹਿੱਸਾ ਹੈ । ਅਰਬਨ ਏਰੀਆ ਦੇ ਵਿਚ ਮਿਉਂਸਪਲ ਕਮੇਟੀ, ਨਗਰ ਪਾਲਿਕਾ, ਪੰਚਾਇਤਾਂ ਦੇ ਕੰਮਕਾਰ ਨੂੰ ਇਹ ਲੋਕਲ ਸੈਲਫ ਗੌਰਮਿੰਟ ਬਾਡੀ ਹੀ ਵੇਖਦੀ ਹੈ । ਜੋ ਡਾਇਰੈਕਸ਼ਨਜ਼ ਇਸ ਅਸੈਂਬਲੀ ਦੇ ਵਿਚੋਂ ਪਾਸ ਹੁੰਦੀਆਂ ਹਨ, ਉਸ ਦੀ ਉਹ ਪਾਲਣਾ ਕਰਦੇ ਹਨ ਅਤੇ ਲੋਕਲ ਬਾਡੀਜ਼ ਦਾ ਇਹ ਫਰਜ਼ ਵੀ ਬਣਦਾ ਹੈ । ਇਸੇ ਤਰ੍ਹਾਂ ਪਬਲਿਕ ਅੰਡਰਟੇਕਿੰਗ ਨੂੰ ਵੀ ਕਰਨਾ ਪੈਂਦਾ ਹੈ । ਇਸ ਲਈ ਜਿਹੜੀਆਂ ਗੌਰਮਿੰਟ ਦੀਆਂ

Original with;
Punjab Vidhan Sabha
Digitized by;

ਹਦਾਇਤਾਂ ਹੁੰਦੀਆਂ ਹਨ, ਉਨ੍ਹਾਂ ਦੀ ਪਾਲਣਾ ਮਿਉਂਸੀਪਲ ਕਰਮਚਾਰੀ ਵੀ ਕਰਦੇ ਹਨ । ਉਨ੍ਹਾਂ ਲੰਬੀ ਵੀ ਸਰਵਿਸ ਐਕਟ ਦੀ ਅਪਰੂਵਲ ਲੈਣੀ ਪੈਂਦੀ ਹੈ ਅਤੇ ਗੌਰਮਿੰਟ ਦੀਆਂ ਉਸ ਉਤੇ ਡਾਇਰੈਕਸ਼ਨ ਹੁੰਦੀਆਂ ਹਨ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਇਹ ਪੈਨਸ਼ਨ ਸਕੀਮ 1990 ਤੋਂ ਲਾਗੂ ਹੋਈ ਸੀ ਪਰ ਇਸ ਨੂੰ 1995 ਵਿਚ ਸਰਕਾਰ ਨੇ ਸ਼ੁਰੂ ਕੀਤਾ ਹੈ । ਕਰਮਚਾਰੀਆਂ ਨੇ ਪ੍ਰੋਵੀਡੈਂਟ ਫੰਡ ਦੇ ਵਿਚ ਆਪਣੇ ਪੈਸੇ ਵੀ ਜਮ੍ਹਾਂ ਕਰਵਾ ਦਿੱਤੇ ਸਨ । ਕੀ ਸਰਕਾਰ ਉਨ੍ਹਾਂ ਨੂੰ ਜਮ੍ਹਾਂ ਕਰਵਾਈ ਰਾਸ਼ੀ ਉਤੇ ਵਿਆਜ ਵੀ ਦੇਵੇਗੀ ?

ਮੰਤਰੀ : ਸਪੀਕਰ ਸਾਹਿਬ, ਪ੍ਰੋਵੀਡੈਂਟ ਫੰਡ ਜਮ੍ਹਾਂ ਕਰਵਾਉਣ ਦੇ ਬਕਾਇਦਾ ਰੂਲਜ ਹਨ ! ਕਾਨੂੰਨ ਕਾਇਦੇ ਮੁਤਾਬਿਕ ਇਹ ਪੈਸੇ ਜਮ੍ਹਾਂ ਕਰਵਾਏ ਜਾਂਦੇ ਹਨ । ਜਿੰਨੇ ਪੈਸੇ ਇੰਪਲਾਈ ਜਮ੍ਹਾਂ ਕਰਵਾਉਂਦਾ ਹੈ. ਉਤਨੇ ਪੈਸੇ ਮਿਉਂਸੀਪਲ ਕਮੇਟੀਜ਼ ਵਾਲੇ ਕਰਵਾਉਂਦੇ ਹਨ ਅਤੇ ਉਨ੍ਹਾਂ ਨੂੰ ਬਕਾਇਦਾ ਵਿਆਜ ਮਿਲਦਾ ਹੈ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਕੁਝ ਕਰਮਚਾਰੀਆਂ ਨੇ ਰਿਟਾਇਰ ਹੋਣ ਦੇ ਵਕਤ ਆਪਣਾ ਸ਼ੇਅਰ ਸਰਕਾਰ ਕੋਲ ਜਮ੍ਹਾਂ ਕਰਵਾਇਆ ਸੀ, ਜਦੋਂ ਇਹ ਸਕੀਮ ਆਈ ਸੀ । ਹੁਣ ਕੁਝ ਸਾਲਾਂ ਬਾਅਦ ਪੈਨਸ਼ਨ ਦੇਣ ਦਾ ਫ਼ੈਸਲਾ ਸਰਕਾਰ ਨੇ ਕੀਤਾ ਹੈ । ਕੀ ਸਰਕਾਰ ਉਨ੍ਹਾਂ ਨੂੰ ਪੈਨਸ਼ਨ ਦੇਵੇਗੀ ?

ਮੰਤਰੀ ਸਪੀਕਰ ਸਾਹਿਬ, 1990 ਤੋਂ ਬਾਅਦ ਪੈਨਸ਼ਨ ਕਾਨੂੰਨ ਲਾਗੂ ਹੋਇਆ ਹੈ । 1994 ਵਿਚ ਇਹ ਮਿਲਣੀ ਸ਼ੁਰੂ ਹੋਈ ਹੈ । ਪਿਛਲੇ ਚਾਰ ਸਾਲਾਂ ਦੇ ਦੌਰਾਨ ਜਿਹੜੇ ਇੰਪਲਾਈਜ਼ ਰਿਟਾਇਰ ਹੋ ਚੁੱਕੇ ਹਨ, ਉਹ ਪੈਸੇ ਆਪਣੇ ਪ੍ਰੋਵੀਡੈਂਟ ਫੰਡ ਵਿਚ ਜਮ੍ਹਾਂ ਕਰਾਉਂਦੇ ਰਹੇ ਹਨ । ਪੈਸੇ ਜਮ੍ਹਾਂ ਕਰਾਕੇ ਹੀ ਪੈਨਸ਼ਨ ਲਗ ਸਕਦੀ ਹੈ । ਪਿਛਲੇ ਪੈਸਿਆਂ ਦਾ ਇੰਟਰੈਸਟ ਵੀ ਹੁੰਦਾ ਹੈ । ਜਿਨ੍ਹਾਂ ਨੇ ਪੈਸੇ ਜਮ੍ਹਾਂ ਨਹੀਂ ਕਰਾਏ । ਉਨ੍ਹਾਂ ਨੂੰ ਇੰਟਰੈਸਟ ਦੇ ਨਾਲ ਪੈਸੇ ਜਮ੍ਹਾਂ ਕਰਾਉਣੇ ਪੈਣਗੇ ਫਿਰ ਹੀ ਪੈਨਸ਼ਨ ਮਿਲੇਗੀ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2672*

ਸ਼੍ਰੀ ਸਪੀਕਰ : ਨਿਸ਼ਾਨਵਾਲਾ ਪ੍ਰਸ਼ਨ ਨੰਬਰ 2672 ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ ।

ਨਸਰਾਲਾ ਚੋਅ ਤੇ ਪੁਲ ਦੀ ਉਸਾਰੀ

*2613. **ਸ਼੍ਰੀ ਰਾਜਿੰਦਰ ਕੁਮਾਰ**: ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਲਾਕ ਆਦਮਪੁਰ, ਜ਼ਿਲ੍ਹਾ ਜਲੰਧਰ ਵਿਚ ਪਿੰਡ ਖਿਆਲਾ ਅਤੇ ਲੁਟੇਰਾ ਕਲਾਂ ਦੇ ਨੇੜੇ ਨਸਰਾਲਾ ਚੋਅ ਤੇ ਪੁਲ ਉਸਾਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਤੇ ਉਸਾਰੀ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

---

*For starred Question No. 2672 and reply thereto, please see P.V.S. Debates dated 4th April, 1995.

Original with;
Punjab Vidhan Sabha
Digitized by;
Punjab Digital Library

ਸਰਦਾਰਨੀ ਤਾਜਿੰਦਰ ਕੌਰ ਭੱਠਲ: ਨਹੀਂ ਜੀ ।

ਸ਼੍ਰੀ ਰਾਜਿੰਦਰ ਕੁਮਾਰ ਸਪੀਕਰ ਸਾਹਿਬ, ਇਸ ਇਲਾਕੇ ਦੇ ਲੋਕਾਂ ਦੀਆਂ ਲੋੜਾਂ ਨੂੰ ਦੇਖਦਿਆਂ ਹੋਇਆਂ ਇਨ੍ਹਾਂ ਪੁੱਲਾਂ ਦੀ ਉਮਾਰੀ ਨਾਲ ਜੋ ਹੁਸ਼ਿਆਰਪੁਰ ਨੂੰ ਜਾਣ ਵਾਲੇ ਲੋਕ ਹਨ, ਉਨ੍ਹਾਂ ਲਈ ਫਾਸਲਾ ਘੱਟ ਜਾਂਦਾ ਹੈ । ਲੋਕਾਂ ਅਤੇ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ, ਕੀ ਮੰਤਰੀ ਜੀ ਪੁੱਲ ਬਣਾਉਣ ਦਾ ਉਪਰਾਲਾ ਕਰਨਗੇ ?

ਮੰਤਰੀ ਸਪੀਕਰ ਸਾਹਿਬ, ਸਵਾਲ ਦੇ ਮੁਤਾਬਿਕ ਜੋ ਪੁਛਿਆ ਗਿਆ ਸੀ, ਉਸ ਦਾ ਜਵਾਬ ਦੇ ਦਿਤਾ ਗਿਆ ਹੈ । ਪਰ ਡਿਮਾਂਡ ਜੈਨੂਅਨ ਹੈ ਅਤੇ ਉਥੇ ਪੁਲ ਦੀ ਲੋੜ ਹੈ ਅੱਰ ਸਰਕਾਰ ਇਸਤੇ ਹਮਦਰਦੀ ਨਾਲ ਵਿਚਾਰ ਕਰ ਰਹੀ ਹੈ ।

ਜ਼ਮੀਨ ਹੇਠਲੇ ਪਾਣੀ ਦਾ ਪੱਧਰ

*2639. **ਸਰਦਾਰ ਹਰਨੇਕ ਸਿੰਘ ਮਾਂਗੇਵਾਲ**, ਕੀ ਸਹਿਕਾਰਤਾ ਅਤੇ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਇਸ ਤੱਥ ਦਾ ਪਤਾ ਹੈ ਕਿ ਰਾਜ ਵਿਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਘਟਦਾ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ, ਤਾਂ ਸਿੰਜਾਈ ਮੰਤਵਾਂ ਲਈ ਬਦਲਵੇਂ ਪ੍ਰਬੰਧ ਕਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਸ਼੍ਰੀ ਸੱਜਣ ਕੁਮਾਰ ਜਾਖੜ. ਹਾਂ ਜੀ ।

ਪੰਜਾਬ ਸਰਕਾਰ ਨੇ ਜ਼ਮੀਨ ਹੇਠਲੇ ਪਾਣੀ ਸਤਾਹ ਦੀ ਲਗਾਤਾਰ ਗਿਰਾਵਟ ਨੂੰ ਰੋਕਣ ਵਾਸਤੇ ਅਤੇ ਹੋਰ ਆਬਪਾਸ਼ੀ ਲਈ ,ਪਾਣੀ ਦੀ ਬੱਚਤ ਅਤੇ ਇਸ ਦੇ ਉਚਿਤ ਪ੍ਰਬੰਧ ਲਈ ਕਈ ਤਰੀਕੇ ਅਪਣਾਏ ਹਨ, ਜਿਵੇਂ ਕਿ ਨਹਿਰਾਂ ਅਤੇ ਖਾਲੇ ਪੱਕੇ ਕਰਨਾ, ਸਿੰਚਾਈ ਦੀਆਂ ਨਵੀਆਂ ਸੁਧਰੀਆਂ ਹੋਈਆਂ ਸਕੀਮਾਂ ਜਿਵੇਂ ਕਿ ਸਪਰਿੰਕਲਰ ਅਤੇ ਡਰਿੱਪ ਸਿਸਟਮ ਲਗਵਾਉਣਾ, ਨਹਿਰੀ ਪਾਣੀ ਨਾਲ ਧਰਤੀ ਹੇਠਲੇ ਪਾਣੀ ਦੀ ਇੱਕਠੀ ਵਰਤੋਂ, ਧਰਤੀ ਹੇਠਲੇ ਪਾਣੀ ਦਾ ਨਕਲੀ ਰੀਚਾਰਜ, ਛੋਟੇ ਅਤੇ ਵਡੇ ਡੈਮਾਂ ਦੀ ਉਸਾਰੀ ਅਤੇ ਡੂੰਘੇ ਟਿਊਬਵੈਲ ਲਗਾਉਣਾ ਆਦਿ ਆਦਿ ।

ਸਰਦਾਰ ਹਰਨੇਕ ਸਿੰਘ ਮਾਂਗੇਵਾਲ, ਸਪੀਕਰ ਸਾਹਿਬ, ਮੈਂ ਪੁੱਛਿਆ ਹੈ ਕਿ ਕੀ ਸਰਕਾਰ ਸਿੰਜਾਈ ਲਈ ਕੋਈ ਹੋਰ ਬਦਲਵੇਂ ਪ੍ਰਬੰਧ ਅਖਤਿਆਰ ਕਰਨ ਦਾ ਉਪਰਾਲਾ ਕਰ ਰਹੀ ਹੈ ਕਿਉਂਕਿ ਸਾਡੀ ਧਰਤੀ ਹੇਠਲਾ ਪਾਣੀ ਹੋਰ ਥੱਲੇ ਜਾ ਰਿਹਾ ਹੈ ? ਉਸ ਸਬੰਧੀ ਸਰਕਾਰ ਕੀ ਇੰਤਜ਼ਾਮ ਕਰ ਰਹੀ ਹੈ ?

ਮੰਤਰੀ, ਸਪੀਕਰ ਸਾਹਿਬ, ਸੈਂਟਰਲ ਗੌਰਮਿੰਟ ਤੋਂ ਸਾਡੇ ਹੈਦਾਇਤਾਂ ਆਈਆਂ ਹਨ । ਸੈਂਟਰਲ ਗਰਾਊਂਡ ਵਾਟਰ ਬੋਰਡ, ਵਾਟਰ ਰਿਸੋਰਸਿਜ਼, ਐਗਰੀਕਲਚਰ ਯੂਨੀਵਰਸਿਟੀ, ਇਰੀਗੇਸ਼ਨ ਡਿਪਾਰਟਮੈਂਟ ਹਨ । ਇਹ ਸਭ ਘੋਖ ਕਰਦੇ ਹਨ ਅਤੇ ਸੁਜੈਸ਼ਨਾਂ ਦਿੰਦੇ ਹਨ ।

Original with;
Punjab Vidhan Sabha
Panjab Digital Library

ਪੰਜਾਬ ਸਰਕਾਰ ਉਸਤੇ ਅਮਲ ਕਰਨ ਦੀ ਵੀ ਕੋਸ਼ਿਸ਼ ਕਰਦੀ ਰਹਿੰਦੀ ਹੈ । ਪਾਣੀ ਦੀ ਬੱਚਤ ਲਈ ਅਸੀਂ ਕਈ ਤਰੀਕੇ ਅਪਣਾਏ ਹਨ । ਨਹਿਰਾਂ ਅਤੇ ਖਾਲੇ ਪੱਕੇ ਕਰਨਾ, ਸਿੰਚਾਈ ਦੀਆਂ ਨਵੀਆਂ ਸੁਧਰੀਆਂ ਹੋਈਆਂ ਸਕੀਮਾਂ ਜਿਵੇਂ ਕਿ ਸਪਰਿੰਕਲਰ ਅਤੇ ਡਰਿੱਪ ਸਿਸਟਮ ਲਗਵਾਉਣਾ । ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਪਾਣੀ ਦਾ ਲੈਵਲ ਥੱਲੇ ਨੂੰ ਜਾ ਰਿਹਾ ਹੈ । ਇਸ ਨੂੰ ਰੋਕਣ ਦੇ ਲਈ ਜੋ ਸੁਜੈਸ਼ਨ ਹਨ, ਉਨ੍ਹਾਂ ਨੂੰ ਲਾਗੂ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ।

ਸਰਦਾਰ ਸਮਸ਼ੇਰ ਸਿੰਘ ਰਾਏ, ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਾਣੀ ਨੀਚੇ ਜਾਣ ਵਾਲਾ ਮਸਲਾ ਬੜਾ ਗੰਭੀਰ ਮਸਲਾ ਹੈ ਅਤੇ ਆਉਣ ਵਾਲਾ ਭਵਿੱਖ ਇਹੋ ਜਿਹਾ ਹੋਵੇਗਾ ਕਿ ਪਾਣੀ ਮਿਲਣਾ ਮੁਸ਼ਕਲ ਹੋ ਜਾਵੇਗਾ । ਸਪੀਕਰ ਸਾਹਿਬ, ਪਿਛਲੇ ਸਾਲਾਂ ਵਿਚ ਜ਼ਿਮੀਂਦਾਰਾਂ ਨੇ ਆਪਣੇ ਟਿਊਬਵੈਲਾਂ ਦੇ ਬੋਰ ਡੂੰਘੇ ਕੀਤੇ ਹਨ ਅਤੇ ਉਨ੍ਹਾਂ ਦਾ ਬੜਾ ਭਾਰੀ ਖਰਚਾ ਆਇਆ ਹੈ । ਮੈਂ ਸਪੀਕਰ ਸਾਹਿਬ, ਮੰਤਰੀ ਸਾਹਿਬ ਤੋਂ ਇਹ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਮੰਤਰੀ ਜੀ ਇਹ ਦੱਸਣ ਕਿ ਇਹੋ ਜਿਹੇ ਕਿਹੜੇ ਕਾਰਣ ਹਨ, ਜਿਨ੍ਹਾਂ ਕਰਕੇ ਪਾਣੀ ਨੀਚੇ ਜਾ ਰਿਹਾ ਹੈ ਅਤੇ ਮੇਰਾ ਅਗਲਾ ਸਵਾਲ ਇਹ ਹੈ ਕਿ ਉਨ੍ਹਾਂ ਕਾਰਣਾਂ ਨੂੰ ਦੂਰ ਕਰਨ ਲਈ ਕੀ ਸਰਕਾਰ ਕੋਈ ਵਿਉਂਤ ਬਣਾ ਸਕਦੀ ਹੈ, ਜਿਸ ਦੇ ਨਾਲ ਥੱਲੇ ਦੇ ਪਾਣੀ ਦਾ ਲੈਵਲ ਨਾ ਘਟੇ ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਐਮ.ਐਲ.ਏ. ਸਾਹਿਬ ਨੂੰ ਕਹਿਣਾ ਚਾਹਵਾਂਗਾ ਕਿ ਜੋ ਥੱਲੇ ਦਾ ਪਾਣੀ ਸਤਾਹ ਨੀਚੇ ਜਾ ਰਿਹਾ ਹੈ, ਉਸ ਦੇ ਵੀ ਕਾਰਨ ਹਨ । ਇਕ ਤਾਂ ਅਸੀਂ ਪਾਣੀ ਐਕਸੈਸ ਵਿਚ ਇਸਤੇਮਾਲ ਕਰਦੇ ਹਾਂ ਅਤੇ ਦੂਜਾ ਪਾਣੀ ਦੀ ਇਵੈਪੋਰੇਸ਼ਨ ਵੀ ਹੁੰਦੀ ਰਹਿੰਦੀ ਹੈ । ਸਾਡਾ ਕਰਾਪਿੰਗ ਪੈਟਰਨ ਜੋ ਹੈ, ਉਸ ਨੂੰ ਵੀ ਬਦਲਣਾ ਪਵੇਗਾ This is one thing, we have to be sure about, ਅਗਰ ਅਸੀਂ ਆਉਣ ਵਾਲੇ ਟਾਈਮ ਵਿਚ ਕਰਾਪਿੰਗ ਪੈਟਰਨ ਚੇਂਜ ਨਹੀਂ ਕਰਾਂਗੇ ਤਾਂ ਇਹ ਮਸਲਾ ਬਣਿਆ ਰਹੇਗਾ । ਸਾਡੇ 70 % ਬਲਾਕ ਅੱਜ ਐਸੇ ਹਨ, ਜਿਨ੍ਹਾਂ ਨੂੰ ਅਸੀਂ ਡਾਰਕ ਬਲਾਕ ਬੋਲਦੇ ਹਾਂ । ਸਾਡੀ ਉਥੇ ਪਾਣੀ ਦੀ ਯੂਟੀਲਾਈਜ਼ੇਸ਼ਨ 85 % ਹੈ, ਉਹ ਰੀਚਾਰਜ ਕਿਸ ਤਰ੍ਹਾਂ ਹੋਵੇਗਾ, ਇਹ ਮਸਲਾ ਹੈ । ਇਹ ਗੱਲ ਸੋਚਣੀ ਪਵੇਗੀ । ਇਸ ਲਈ ਸਾਡੀ ਡਰਿਪ ਇਰੀਗੇਸ਼ਨ ਸਿਸਟਮ ਹੈ, ਜਿਸ ਦੇ ਉਪਰ 50% ਸਬਸਿਡੀ ਸੈਂਟਰ ਸਰਕਾਰ ਵੀ ਦੇਂਦੀ ਹੈ । ਦੂਸਰਾ ਤਰੀਕਾ ਕਰਾਪਿੰਗ ਪੈਟਰਨ ਨੂੰ ਚੇਂਜ ਕਰਨਾ ਪਵੇਗਾ, ਇਹ ਬਹੁਤ ਜ਼ਰੂਰੀ ਹੈ ।

ਸਰਦਾਰ ਸ਼ਮਸ਼ੇਰ ਸਿੰਘ ਰਾਏ, ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਆਇਆ ਨਹੀਂ । ਮੈਂ ਰੀਜ਼ਨਜ਼ ਪੁੱਛੇ ਸਨ ਜਿਵੇਂ ਅਸੀਂ ਸਫੈਦਾ ਲਗਾਉਂਦੇ ਹਾਂ, ਉਹ ਪਾਣੀ ਬਹੁਤ ਖਿਚਦੇ ਹਨ । ਇਨ੍ਹਾਂ ਨੇ ਇਕ ਰੀਜ਼ਨ ਦਸਿਆ ਹੈ ਕਿ ਕਰਾਪਿੰਗ ਪੈਟਰਨ ਚੇਂਜ ਕਰਨਾ ਪਵੇਗਾ, This is one of the reasons. ਏਥੇ ਹੋਰ ਵੀ ਕਈ ਰੀਜ਼ਨਜ਼ ਹਨ । ਮੈਂ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਇਸ ਗੱਲ ਬਾਰੇ ਚੰਗੀ ਤਰ੍ਹਾਂ ਦੱਸਣ ਕਿ ਇਹੋ ਜਿਹੇ ਕਿਹੜੇ ਹੋਰ ਢੰਗ ਵਰਤੇ ਜਾ ਸਕਦੇ ਹਨ ਜਾਂ ਵਰਤੇ ਜਾ ਰਹੇ ਹਨ, ਜਿਸ ਨਾਲ ਥੱਲੇ ਦਾ ਪਾਣੀ ਹੋਰ ਥੱਲੇ ਨਾ ਜਾ ਸਕੇ ਅਤੇ ਉਸਦੀ ਸਤਾਹ ਕਾਇਮ ਰਹੇ । ਜ਼ਿਮੀਂਦਾਰਾਂ ਦਾ ਬਹੁਤ

Original with;
Punjab Vidhan Sabha
Digitized by;
Panjab Digital Library

[ਸਰਦਾਰ ਸ਼ਮਸ਼ੇਰ ਸਿੰਘ ਰਾਏ]

ਵੱਡਾ ਖਰਚਾ ਇਸ ਪਾਸੇ ਹੋ ਰਿਹਾ ਹੈ । ਅਸੀਂ ਧਿਆਨ ਨਹੀਂ ਦੇ ਰਹੇ । ਮੰਤਰੀ ਜੀ ਕਹਿ ਰਹੇ ਹਨ ਕਿ ਸਕੀਮਾਂ ਬਣਾਵਾਂਗੇ ਜਦ ਕਿ ਇਹ ਸਕੀਮਾਂ ਪਹਿਲਾਂ ਹੀ ਬਣਾ ਕੇ ਬੜੀ ਜਲਦੀ ਇੰਪਲੀਮੈਂਟ ਕਰਨੀਆਂ ਚਾਹੀਦੀਆਂ ਸਨ ।

ਸ਼੍ਰੀ ਸਪੀਕਰ: ਤੁਸੀਂ ਲੈਕਚਰ ਕਰ ਰਹੇ ਹੋ । ਏਨਾ ਟਾਈਮ ਤੁਹਾਨੂੰ ਬਜਟ ਸਪੀਚ ਲਈ ਦਿੱਤਾ ਹੈ । ਪਾਣੀ ਨਿਕਲੇਗਾ ਤਾਂ ਘਟੇਗਾ ਹੀ ।

ਸਰਦਾਰ ਸ਼ਮਸ਼ੇਰ ਸਿੰਘ ਰਾਏ: ਮੈਂ, ਸਰ, ਪੁੱਛ ਰਿਹਾ ਹਾਂ ਕਿ ਇਹ ਕੀ ਪ੍ਰਬੰਧ ਕਰ ਰਹੇ ਹਨ ?

ਸ਼੍ਰੀ ਸਪੀਕਰ: ਇਹ ਡਰਿਪਿੰਗ ਸਿਸਟਮ ਲਾਗੂ ਕਰ ਰਹੇ ਹਨ ।

ਰਾਵੀ ਦਰਿਆ ਤੇ ਸਪੱਰਜ ਦੀ ਮੁੜ ਉਸਾਰੀ

*2645. **ਡਾਕਟਰ ਰਤਨ ਸਿੰਘ** : ਕੀ ਸਹਿਕਾਰਤਾ ਅਤੇ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ, ਪਿੰਡ ਘੋਨੇਵਾਲ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਨੇੜੇ ਰਾਵੀ ਦਰਿਆ ਤੇ ਉਨ੍ਹਾਂ ਸਪੱਰਸ਼ ਦੀ ਜਿਹੜੇ ਹੜ੍ਹਾਂ ਦੌਰਾਨ ਰੁੜ੍ਹ ਗਏ ਸਨ, ਦੀ ਮੁੜ ਉਸਾਰੀ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੈ, ਤਾਂ ਇਨ੍ਹਾਂ ਦੀ ਮੁੜ ਉਸਾਰੀ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

Shri. Sajjan Kumar Jakhar: Yes Sir. Before the rainy season of 1995.

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੰਮ ਚਾਲੂ ਹੋ ਗਿਆ ਹੈ ?

ਮੰਤਰੀ : ਮੈਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹਵਾਂਗਾ ਤੁਹਾਡੇ ਜ਼ਰੀਏ, ਸਪੀਕਰ ਸਾਹਿਬ, ਕਿ ਸਰਕਾਰ ਇਸ ਤੇ ਪ੍ਰਾਇਰਟੀ ਦੇ ਕੇ ਕਾਰਵਾਈ ਕਰ ਰਹੀ ਹੈ । ਸੈਂਟਰ ਬੋਰਡ ਵਾਲੇ ਆ ਕੇ ਚੈਕ ਕਰ ਗਏ ਸੀ, ਪੈਸੇ ਅਲਾਟ ਹੋ ਗਏ ਹਨ । ਇਸ ਨੂੰ ਇਸ ਫਲੱਡ ਸੀਜ਼ਨ ਤੋਂ ਪਹਿਲਾਂ ਪਹਿਲਾਂ ਕੰਪਲੀਟ ਕਰ ਚਿੱਤਾ ਜਾਵੇਗਾ ।

ਡਾਕਟਰ ਰਤਨ ਸਿੰਘ : ਕਿੰਨੇ ਪੈਸੇ ਅਲਾਟ ਹੋਏ ਹਨ ਇਸ ਕੰਮ ਲਈ ?

ਮੰਤਰੀ : ਸਵਾਲ ਸਮਝ ਨਹੀਂ ਆਇਆ ।

ਸ਼੍ਰੀ ਸਪੀਕਰ : ਇਨ੍ਹਾਂ ਨੇ ਪੁਛਿਆ ਹੈ ਕਿ ਕਿੰਨੇ ਪੈਸੇ ਅਲਾਟ ਹੋਏ ਹਨ ਇਸ ਕੰਮ ਲਈ ?

ਮੰਤਰੀ : 15 ਲੱਖ ਰੁਪਏ ਜੀ ।

Original with;
Punjab Vidhan Sabha
Digitized by;
Panjab Digital Library

ਡਾਕਟਰ ਰਤਨ ਸਿੰਘ : ਇਹ ਕਿੰਨੇ ਚਿਰ ਤੱਕ ਖਰਚੇ ਜਾ ਸਕਦੇ ਹਨ ਜੀ ?

ਮੰਤਰੀ : ਮੈਂ ਮਾਨਯੋਗ ਐਮ.ਐਲ.ਏ. ਸਾਹਿਬ ਨੂੰ ਪਹਿਲਾਂ ਹੀ ਦੱਸਿਆ ਹੈ ਕਿ ਇਸ ਫਲੱਡ ਸੀਜ਼ਨ ਤੋਂ ਪਹਿਲਾਂ ਪਹਿਲਾਂ ਇਹ ਕੰਮ ਕੰਪਲੀਟ ਕਰ ਦੇਵਾਂਗੇ ।

ਪੰਜਾਬੀ ਯੂਨੀਵਰਸਿਟੀ ਦੇ ਬਠਿੰਡਾ ਰਿਜਨਲ ਸੈਂਟਰ ਨੂੰ ਬੰਦ ਕਰਨਾ

*2304. **ਕਾਮਰੇਡ ਹਰਦੇਵ ਅਰਸ਼ੀ** (ਕਾਮਰੇਡ ਅਜੈਬ ਸਿੰਘ ਰੌਂਤਾ ਵਲੋਂ ਪੇਸ਼ ਕੀਤਾ ਗਿਆ). ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਪੰਜਾਬੀ ਯੂਨੀਵਰਸਟੀ ਪਟਿਆਲਾ ਵੱਲੋਂ ਆਪਣੇ ਬਠਿੰਡਾ ਸਥਿਤ ਰਿਜ਼ਨਲ ਸੈਂਟਰ ਨੂੰ ਬੰਦ ਕਰਨ ਦੀ ਕੋਈ ਤਜਵੀਜ਼ ਹੈ;

(ਅ) ਜੇਕਰ ਉਪਰੋਕਤ ਭਾਗ 'ੳ' ਦਾ ਉੱਤਰ ਹਾਂ ਵਿਚ ਹੋਵੇ ਤਾਂ ਇਸ ਦੇ ਕੀ ਕਾਰਨ ਹਨ; ਅਤੇ ਜੇਕਰ ਨਹੀਂ ਤਾਂ ਕੀ ਇਸ ਸੈਂਟਰ ਦੀ ਆਪਣੀ ਇਮਾਰਤ ਉਸਾਰਨ ਲਈ ਕੋਈ ਤਜਵੀਜ਼ ਹੈ ;

(ੲ) ਕੀ ਉਕਤ ਸੈਂਟਰ ਵਿਚ ਕੋਈ ਨਵਾਂ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ ?

ਸਰਦਾਰ ਲਖਮੀਰ ਸਿੰਘ ਰੰਧਾਵਾ : (ੳ) ਅਤੇ (ਅ) ਨਹੀਂ ਜੀ । ਅਜਿਹੀ ਕੋਈ ਤਜਵੀਜ਼ ਨਹੀਂ ਹੈ । ਇਸ ਸੈਂਟਰ ਦੀ ਇਮਾਰਤ ਦੀ ਉਸਾਰੀ ਲਈ ਜ਼ਮੀਨ ਖਰੀਦਣ ਸਬੰਧੀ ਯੂਨੀਵਰਸਿਟੀ ਨੂੰ ਫੰਡ ਉਪਲਬਧ ਕਰਵਾਉਣ ਹਿੱਤ ਉਪਰਾਲਾ ਕੀਤਾ ਜਾ ਰਿਹਾ ਹੈ ।

(ੲ) ਨਹੀਂ ਜੀ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਕਿ ਇਸ ਰੀਜਨਲ ਸੈਂਟਰ ਨੂੰ ਬੰਦ ਕਰਨ ਦੀ ਕੋਈ ਸਕੀਮ ਨਹੀਂ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਹ ਸੈਂਟਰ ਬੰਦ ਨਹੀਂ ਕੀਤਾ ਜਾ ਰਿਹਾ ਤਾਂ ਫਿਰ ਐਮ.ਫਿਲ. ਦੀਆਂ ਕਲਾਸਾਂ ਕਿਉਂ ਬੰਦ ਕਰ ਦਿੱਤੀਆਂ ਗਈਆਂ ਹਨ ਅਤੇ ਜਿਹੜੀਆਂ ਉਥੇ ਖਾਲੀ ਪੋਸਟਾਂ ਹਨ, ਉਨ੍ਹਾਂ ਨੂੰ ਕਿਉਂ ਨਹੀਂ ਭਰਿਆ ਗਿਆ ?

ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਕਲਾਸਾਂ ਲਈ ਵਿਦਿਆਰਥੀ ਮਿਲ ਰਹੇ ਹਨ, ਉਹ ਕਲਾਸਾਂ ਚਾਲੂ ਹਨ ਜਿਵੇਂ ਅੰਗਰੇਜ਼ੀ, ਪੰਜਾਬੀ, ਇਕਨਾਮਿਕਸ, ਡਿਪਲੋਮਾ ਇਨ ਬਿਜ਼ਨੈਸ ਮੈਨੇਜਮੈਂਟ, ਐਮ.ਫਿਲ. ਅਤੇ ਪੀ.ਐਚ.ਡੀ. । ਵੈਸੇ ਇਨ੍ਹਾਂ ਤੋਂ ਇਲਾਵਾ ਐਮ.ਏ. ਪੰਜਾਬੀ (ਆਨਰਜ਼) ਅਤ ਡਿਪਲੋਮਾ ਇਨ ਕੰਪਿਊਟਰ ਐਪਲੀਕੇਸ਼ਨ ਦੀਆਂ ਕਲਾਸਾਂ ਵੀ ਪੜ੍ਹਾਈਆਂ ਜਾਂਦੀਆਂ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਹਨ । ਜਿਸ ਕਿਸਮ ਦੇ ਵਿਦਿਆਰਥੀ ਮਿਲਣਗੇ, ਉਸ ਦੇ ਮੁਤਾਬਿਕ ਉਥੇ ਸਟਾਫ ਵੀ ਦੇ ਦਿੱਤਾ ਜਾਵੇਗਾ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਇਸ ਰੀਜਨਲ ਸੈਂਟਰ ਲਈ 35 ਏਕੜ ਜ਼ਮੀਨ ਲੀਜ਼ ਤੇ ਲੈਣ ਦਾ ਪ੍ਰਬੰਧ ਕਰ ਲਿਆ ਗਿਆ ਹੈ ਅਤੇ ਕੀ ਉਸ ਦੀ ਬਿਲਡਿੰਗ ਵਾਸਤੇ ਪੈਸਾ ਦੇਣ ਦਾ ਪ੍ਰਬੰਧ ਕਰਨ ਦਾ ਇਹ ਯਕੀਨ ਦਿਵਾਉਣਗੇ ?

ਮੰਤਰੀ : ਸਪੀਕਰ ਸਾਹਿਬ, ਲੀਜ਼ ਤੇ ਜ਼ਮੀਨ ਲੈਣ ਦਾ ਅਜੇ ਤੱਕ ਕੋਈ ਪ੍ਰਬੰਧ ਨਹੀਂ ਹੋਇਆ । ਮੰਗ ਇਹ ਹੈ ਕਿ ਇਸ ਦੇ ਵਾਸਤੇ ਜ਼ਮੀਨ ਐਕਵਾਇਰ ਕੀਤੀ ਜਾਵੇ ਲੇਕਿਨ ਹਾਲੇ ਫੰਡਜ਼ ਉਪਲਬਧ ਨਹੀਂ ਹਨ ਪਰ ਯਤਨ ਜ਼ਰੂਰ ਕੀਤੇ ਜਾ ਰਹੇ ਹਨ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਜੋ ਕਿੱਤਾ ਮੁੱਖੀ ਨਵੇਂ ਵਿਸ਼ੇ ਹਨ ਉਨ੍ਹਾਂ ਨੂੰ ਜਾਰੀ ਕਰਨ ਦਾ ਮੰਤਰੀ ਜੀ ਕੋਈ ਯਕੀਨ ਦਿਵਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੇ ਪ੍ਰਸ਼ਨ ਦਾ ਉੱਤਰ ਤਾਂ ਮੈਂ ਦੇ ਦਿੱਤਾ ਹੈ ਕਿ ਅਜੇ ਹੋਰ ਨਵਾਂ ਵਿਸ਼ਾ ਚਾਲੂ ਨਹੀਂ ਕੀਤਾ ਜਾ ਰਿਹਾ ।

ਅੱਤਵਾਦ ਦਾ ਸ਼ਿਕਾਰ ਹੋਏ ਵਿਅਕਤੀਆਂ ਦੇ ਆਸ਼ਰਿਤਾਂ ਨੂੰ ਰਾਹਤ ਦੀ ਵੰਡ

*2631. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜਨਵਰੀ, 1990 ਤੋਂ ਹੁਣ ਤੱਕ ਦੇ ਸਮੇਂ ਦੇ ਦੌਰਾਨ ਬਲਾਕ ਜ਼ੀਰਾ, ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਅੱਤਵਾਦੀਆਂ ਹੱਥੋਂ ਕੁੱਲ ਕਿੰਨੇ ਵਿਅਕਤੀ ਮਾਰੇ ਗਏ ਅਤੇ ਮਾਰੇ ਗਏ ਵਿਅਕਤੀਆਂ ਦੇ ਰਿਸ਼ਤੇਦਾਰਾਂ ਨੂੰ ਮੁਹੱਈਆ ਕੀਤੀ ਗਈ ਰਾਹਤ ਦੇ ਵੇਰਵੇ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਅਕਤੀਆਂ ਵਿੱਚੋਂ ਅਜਿਹੇ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਹੁਣ ਤੱਕ ਕੋਈ ਰਾਹਤ ਨਹੀਂ ਦਿੱਤੀ ਗਈ ਅਤੇ ਇਸ ਦੇ ਕੀ ਕਾਰਣ ਹਨ ?

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ (ਰਾਜ ਮੰਤਰੀ, ਸਹਾਇਤਾ ਅਤੇ ਮੁੜ ਵਸਾਉ)

(ੳ) 78 ਵਿਅਕਤੀ ਬਲਾਕ ਜ਼ੀਰਾ, ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਜਨਵਰੀ, 1990 ਤੋਂ ਹੁਣ ਤੱਕ ਅੱਤਵਾਦੀਆਂ ਵਲੋਂ ਮਾਰੇ ਗਏ ਸਨ । ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਦਿੱਤੀ ਗਈ ਸਹਾਇਤਾ ਦੇ ਵੇਰਵੇ ਸਬੰਧੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

(ਅ) ਅਨੁਲਗ-2 ਵਿਚ ਦਿੱਤੀ ਗਈ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਅਨੁਲਗ-1

ਲੜੀ ਨੰ:	ਸਹਾਇਤਾ ਦੀ ਮੱਦ	ਕੇਸਾਂ ਦੀ ਗਿਣਤੀ	ਰਕਮ ਦਿੱਤੀ ਗਈ
1	2	3	4
1.	ਮ੍ਰਿਤਕਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਦਿੱਤੀ ਗਈ ਸਹਾਇਤਾ ।	74	38,00.000/- ਰੁਪਏ
2.	31.3.1992 ਤੱਕ ਗੁਜ਼ਾਰਾ ਭੱਤਾ 1,000/- ਰੁ: ਪ੍ਰਤੀ ਮਹੀਨਾ ਦੀ ਦਰ ਨਾਲ ਅਤੇ ਮਿਤੀ 1.4.1992 ਤੋਂ ਅੱਗੇ 1,500/- ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ।	35	23,58,500/- ਰੁਪਏ
3	ਮ੍ਰਿਤਕਾਂ ਦੀ ਲੜਕੀ/ਆਸ਼ਰਿਤ ਭੈਣਾਂ ਦੀ ਸ਼ਾਦੀ ਦੇ ਮੌਕੇ ਤੇ ਵਿਆਹੁਤਾ ਗਰਾਂਟ ।	9	90,000/ ਰੁਪਏ
4.	ਸਕੂਲ ਅਤੇ ਕਾਲਿਜ ਪੜ੍ਹਦੇ ਬੱਚਿਆਂ ਨੂੰ 300/- ਰੁਪਏ ਅਤੇ 500/- ਰੁਪਏ ਪ੍ਰਤੀ ਮਹੀਨਾ ਕ੍ਰਮਵਾਰ ਦੀ ਦਰ ਨਾਲ ਵਜ਼ੀਫ਼ਾ ਦਿੱਤਾ ਗਿਆ ।	3	18,000/- ਰੁਪਏ
5.	ਪਹਿਲ ਦੇ ਆਧਾਰ ਤੇ ਨੌਕਰੀ ਦਿੱਤੀ ਗਈ	3	—
		124	62,46,500/- ਰੁਪਏ

ਅਨੁਲਗ-2

ਲੜੀ ਨੰ:	ਸਹਾਇਤਾ ਦੀ ਮੱਦ	ਕੇਸਾਂ ਦੀ ਗਿਣਤੀ	ਸਹਾਇਤਾ ਦੀ ਅਦਾਇਗੀ ਨਾ ਕੀਤੇ ਜਾਣ ਦੇ ਕਾਰਨ
1	2	3	4
1.	ਨਜ਼ਦੀਕੀ ਰਿਸ਼ਤੇਦਾਰਾਂ ਨੂੰ ਸਹਾਇਤਾ ਰਾਸ਼ੀ	4	ਮ੍ਰਿਤਕਾਂ ਦੇ ਅੱਤਵਾਦੀਆਂ ਨਾਲ ਸਬੰਧ ਹੋਣ ਕਾਰਨ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਸਹਾਇਤਾ, ਅਤੇ ਮੁੜ ਵਸਾਉ]

1	2	3	4
			ਕੇਸ ਨਾ-ਮੰਨਜੂਰ ਕੀਤੇ ਗਏ।
2.	ਗੁਜ਼ਾਰਾ ਭੱਤਾ	4 (1)	ਇਕ ਕੇਸ ਵਿਚ ਵਿਧਵਾ ਨੇ ਦੁਬਾਰਾ ਸ਼ਾਦੀ ਕਰਵਾ ਲਈ।
		(2)	ਇਕ ਵਿਧਵਾ ਨੂੰ ਪਹਿਲ ਦੇ ਆਧਾਰ ਤੇ ਕੰਮ ਦਿੱਤਾ ਗਿਆ।
		(3)	ਇਕ ਕੇਸ ਵਿਚ ਅਦਾਲਤ ਵਲੋਂ ਸਰਪ੍ਰਸਤੀ ਦਾ ਸਰਟੀਫਿਕੇਟ ਕਾਰਨ ਲੰਬਿਤ ਹੈ।
		(4)	ਚੌਥੇ ਕੇਸ ਵਿਚ ਮ੍ਰਿਤਕ ਨਾਬਾਲਗ ਸੀ ਤੇ ਦਰਖਾਸਤ ਕੁਨਿੰਦਾ/ਦਾਅਵੇਦਾਰ ਦੇ ਆਸ਼ਰਿਤ ਸਬੰਧੀ ਡਿਪਟੀ ਕਮਿਸ਼ਨਰ, ਫਿਰੋਜ਼ਪੁਰ ਤੋਂ ਕਲੈਰੀਫਿਕੇਸ਼ਨ ਮੰਗੀ ਗਈ ਹੈ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ 1500/- ਰੁਪਿਆ ਗੁਜ਼ਾਰਾ ਭੱਤਾ, 10,000/- ਰੁਪਿਆ ਵਿਆਹ ਦੀ ਗ੍ਰਾਂਟ ਅਤੇ 300/- ਅਤੇ 500/- ਰੁਪਏ ਬੱਚਿਆਂ ਨੂੰ ਪੜ੍ਹਾਈ ਲਈ ਦਿੱਤੇ ਗਏ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਨ੍ਹਾਂ ਰਕਮਾਂ ਨੂੰ ਵਧਾਉਣ ਦਾ ਵਿਚਾਰ ਰੱਖਦੇ ਹਨ ? ਇਸ ਤੋਂ ਅੱਗੇ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੀਤ ਸਿੰਘ, ਖੇਤੀਬਾੜੀ ਅਫ਼ਸਰ, ਜਿਸ ਦੇ ਪਰਿਵਾਰ ਦੇ 7 ਜੀਅ ਅੱਤਵਾਦੀਆਂ ਅਤੇ ਪੁਲਿਸ ਦੀ ਫਾਇਰਿੰਗ ਦੌਰਾਨ ਮਾਰੇ ਗਏ ਅਤੇ ਜਿਨ੍ਹਾਂ ਵਿਚ ਇਕ 6-7 ਸਾਲ ਦਾ ਬੱਚਾ ਵੀ ਸੀ, ਕੀ ਉਨ੍ਹਾਂ ਦੇ ਅੱਤਵਾਦੀਆਂ ਨਾਲ ਸਬੰਧ ਸਨ ਜਿਸ ਕਰਕੇ ਉਨ੍ਹਾਂ ਨੂੰ ਅਜੇ ਤੱਕ ਗ੍ਰਾਂਟ ਨਹੀਂ ਦਿੱਤੀ ਗਈ ?

ਰਾਜ ਮੰਤਰੀ : ਸਪੀਕਰ ਸਾਹਿਬ, ਫਿਰੋਜ਼ਪੁਰ ਜ਼ਿਲ੍ਹੇ ਦੇ ਜ਼ੀਰਾ ਬਲਾਕ ਵਿਚ 78 ਵਿਅਕਤੀ ਅੱਤਵਾਦੀਆਂ ਦੀਆਂ ਹਿੰਸਕ ਕਾਰਵਾਈਆਂ ਵਿਚ ਮਾਰੇ ਗਏ ਸਨ, ਉਨ੍ਹਾਂ ਵਿਚੋਂ 74 ਮ੍ਰਿਤਕ ਮਾਸੂਮ ਸ਼ਹਿਰੀ ਸਨ ਅਤੇ ਬਾਕੀ ਦੇ 4 ਮ੍ਰਿਤਕਾਂ ਦੇ ਅੱਤਵਾਦੀਆਂ ਨਾਲ ਸਬੰਧ ਪਾਏ ਗਏ ਸਨ। ਇਸ ਲਈ ਚਾਰ ਕੇਸਾਂ ਵਿਚ ਕੋਈ ਸਹਾਇਤਾ ਨਹੀਂ ਦਿੱਤੀ ਗਈ। ਇਸ ਤੋਂ ਇਲਾਵਾ 4 ਕੇਸਾਂ ਵਿਚ ਗੁਜ਼ਾਰਾ ਭੱਤਾ ਨਹੀਂ ਦਿੱਤਾ ਗਿਆ, ਕਿਉਂਕਿ ਇਕ ਕੇਸ ਵਿਚ ਮ੍ਰਿਤਕ ਦੀ ਵਿਧਵਾ ਨੇ ਦੁਬਾਰਾ ਸ਼ਾਦੀ ਕਰਵਾ ਲਈ ਸੀ ਤੇ ਦੂਜੇ ਕੇਸ

Original with;
Punjab Vidhan Sabha
Digitized by;
Panjab Digital Library

ਵਿਚ ਮ੍ਰਿਤਕ ਦੀ ਵਿਧਵਾ ਨੂੰ ਪਹਿਲ ਦੇ ਆਧਾਰ ਤੇ ਨੌਕਰੀ ਮਿਲ ਚੁੱਕੀ ਹੈ, ਤੀਸਰੇ ਕੇਸ ਵਿਚ ਮ੍ਰਿਤਕ ਵਿਅਕਤੀ ਦਾ ਵਾਰਸ ਬਹੁਤ ਛੋਟਾ ਹੋਣ ਕਰਕੇ ਉਸ ਦਾ ਅਜੇ ਗਾਰਡੀਅਨਸ਼ਿਪ ਸਰਟੀਫ਼ਿਕੇਟ ਨਹੀਂ ਆਇਆ ਅਤੇ ਚੌਥੇ ਕੇਸ ਵਿਚ ਮ੍ਰਿਤਕ ਇਕ ਛੋਟਾ ਬੱਚਾ ਸੀ ਅਤੇ ਉਸ ਦੀ ਸਹਾਇਤਾ ਰਾਸ਼ੀ ਦੇ ਦਾਅਵੇਦਾਰ ਬਾਰੇ ਡਿਪਟੀ ਕਮਿਸ਼ਨਰ, ਫ਼ਿਰੋਜ਼ਪੁਰ ਤੋਂ ਸਪਸ਼ਟੀਕਰਨ/ਰਹਿਬਰੀ ਮੰਗੀ ਗਈ ਹੈ । ਜਿਥੋਂ ਤੱਕ ਸ਼੍ਰੀ ਜੀਤ ਸਿੰਘ, ਖੇਤੀਬਾੜੀ ਅਫ਼ਸਰ ਅਤੇ ਉਸ ਦੇ ਪਰਿਵਾਰ ਦੇ 6 ਹੋਰ ਜੀਆਂ ਦੇ ਮਾਰੇ ਜਾਣ ਦਾ ਸਬੰਧ ਹੈ, ਉਸ ਬਾਰੇ ਦੱਸਿਆ ਜਾਂਦਾ ਹੈ ਕਿ ਸ਼੍ਰੀ ਜੀਤ ਸਿੰਘ ਖ਼ੁਦ ਇੱਕ ਸਰਕਾਰੀ ਮੁਲਾਜ਼ਮ ਸੀ ਅਤੇ ਉਸ ਦੇ ਪਰਿਵਾਰ ਦੇ ਆਸ਼ਰਿਤ ਮੈਂਬਰਾਂ ਨੂੰ ਮਿਲਣ ਵਾਲੀ ਐਕਸ ਗ੍ਰੇਸ਼ੀਆ ਗਰਾਂਟ ਅਤੇ ਹੋਰ ਸਹੂਲਤਾਂ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਮ੍ਰਿਤਕ ਦੇ ਪਿਤਰੀ ਵਿਭਾਗ ਵਲੋਂ ਦਿੱਤੀਆਂ ਜਾਣੀਆਂ ਹਨ । ਜੇਕਰ ਉਨ੍ਹਾਂ ਨੂੰ ਅਜੇ ਤੱਕ ਕੋਈ ਲਾਭ ਨਹੀਂ ਮਿਲ ਸਕਿਆ ਤਾਂ ਉਹ ਅਪਲਾਈ ਕਰ ਸਕਦੇ ਹਨ । ਉਨ੍ਹਾਂ ਨੂੰ ਢੁੱਕਵੀਂ ਸਹਾਇਤਾ ਮਿਲ ਜਾਵੇਗੀ । ਸ਼੍ਰੀ ਜੀਤ ਸਿੰਘ ਤੋਂ ਇਲਾਵਾ ਉਸ ਦੇ ਪਰਿਵਾਰ ਦੇ ਮਾਰੇ ਗਏ 4 ਵਿਅਕਤੀਆਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ 50,000/- ਰੁਪਏ ਦੇ ਹਿਸਾਬ ਨਾਲ ਐਕਸ ਗ੍ਰੇਸ਼ੀਆ ਗ੍ਰਾਂਟ ਦਿੱਤੀ ਜਾ ਚੁੱਕੀ ਹੈ । ਬਾਕੀ ਦੇ ਦੋ ਜੀਆਂ ਸ਼੍ਰੀ ਸੁਖਵਿੰਦਰ ਸਿੰਘ ਅਤੇ ਸ਼੍ਰੀ ਰਾਜਵਿੰਦਰ ਸਿੰਘ ਦੇ ਅੱਤਵਾਦੀਆਂ ਨਾਲ ਸਬੰਧ ਪਾਏ ਗਏ ਸਨ, ਇਸ ਲਈ ਕੋਈ ਮਾਲੀ ਸਹਾਇਤਾ ਨਹੀਂ ਦੇਣੀ ਬਣਦੀ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੇਰਾ ਪ੍ਰਸ਼ਨ ਸੀ ਕਿ ਖੇਤੀ-ਬਾੜੀ ਅਫ਼ਸਰ, ਬੋਦਲਾ, ਜਿਸ ਪਰਿਵਾਰ ਦੇ 7 ਜੀਅ ਅੱਤਵਾਦੀਆਂ ਦੀ ਫ਼ਾਇਰਿੰਗ ਵਿਚ ਮਾਰੇ ਗਏ ਸਨ । ਉਨ੍ਹਾਂ ਨੂੰ ਗ੍ਰਾਂਟ ਕਿਉਂ ਨਹੀਂ ਦਿੱਤੀ ਗਈ । ਕੀ ਮੰਤਰੀ ਜੀ ਉਨ੍ਹਾਂ ਨੂੰ ਗ੍ਰਾਂਟ ਦੇਣ ਦਾ ਵਿਚਾਰ ਰੱਖਦੇ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੇ ਇਸ ਸਪਲੀਮੈਂਟਰੀ ਦਾ ਜਵਾਬ ਮੇਰੇ ਉੱਤਰ ਦੇ 'ਅ' ਭਾਗ ਵਿੱਚ ਦਿੱਤਾ ਗਿਆ ਹੈ । ਮੈਂ ਸਦਨ ਦੀ ਮੇਜ਼ ਤੇ ਵੀ ਇਹ ਉੱਤਰ ਰੱਖ ਦਿੱਤਾ ਹੈ । ਮੈਂ ਦੁਬਾਰਾ ਤਫ਼ਸੀਲ ਵਿੱਚ ਫਿਰ ਦੱਸ ਦਿੰਦੀ ਹਾਂ ਕਿ ਇਕ ਕੇਸ ਵਿੱਚ ਜਿਸ ਵੇਲੇ ਮਹਿਲਾ ਮਰ ਜਾਵੇ ਤਾਂ ਉਸ ਦੇ ਹਸਬੈਂਡ ਨੂੰ ਸਬਸਿਸਟੈਂਸ ਅਲਾਊਂਸ ਨਹੀਂ ਦਿੱਤਾ ਜਾਂਦਾ । ਇਕ ਲੇਡੀ ਮਰ ਗਈ ਸੀ, ਉਹ ਅਨ-ਮੈਰਿਡ ਸੀ । ਦੋ ਲੇਡੀਜ਼ ਜਿਹੜੀਆਂ ਮਰੀਆਂ ਸਨ, ਇਕ ਓਲਡ ਵਿਡੋ ਸੀ ਔਰ ਇਕ ਗੌਰਮਿੰਟ ਇੰਪਲਾਈ ਸੀ, ਔਰ ਉਨ੍ਹਾਂ ਦੇ ਕਿਸੇ ਵੀ ਨਜ਼ਦੀਕੀ ਰਿਸ਼ਤੇਦਾਰ ਨੇ ਗ੍ਰਾਂਟ ਲਈ ਅਪਲਾਈ ਨਹੀਂ ਕੀਤਾ । ਦੋ ਵਿਡੋਜ਼ ਹੋਰ ਸੰਨ, ਉਨ੍ਹਾਂ ਨੇ ਵੀ ਸਬਸਿਸਟੈਂਸ ਅੱਲਾਊਂਸ ਵਾਸਤੇ ਅਪਲਾਈ ਨਹੀਂ ਕੀਤਾ । ਜੇ ਉਹ ਕਿਸੇ ਨਾ ਕਿਸੇ ਕਾਰਣ ਕਰਕੇ ਜਾਂ ਅੱਤਵਾਦੀਆਂ ਦੇ ਡਰ ਕਾਰਣ ਅਪਲਾਈ ਨਹੀਂ ਕਰ ਸਕੇ ਤਾਂ ਉਹ ਹੁਣ ਅਪਲਾਈ ਕਰ ਦੇਣ, ਅਸੀਂ ਉਨ੍ਹਾਂ ਨੂੰ ਸਹਾਇਤਾ ਦੇ ਦਿਆਂਗੇ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਕੇਸ ਹੋਮ ਡਿਪਾਰਟਮੈਂਟ ਵਿੱਚ ਪਿਆ ਹੈ । ਮੈਂ ਉਨ੍ਹਾਂ ਦਾ ਨੰਬਰ ਵੀ ਲਿਆ ਹੈ । ਸ਼ਾਇਦ ਇਨ੍ਹਾਂ ਨੂੰ ਡਿਪਾਰਟਮੈਂਟ ਵਲੋਂ ਗਲਤ

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਦੱਸਿਆ ਗਿਆ ਹੈ । ਮੈਂ ਪੁੱਛਿਆ ਹੈ ਕਿ ਜੇ ਇਨ੍ਹਾਂ ਦੇ ਨੋਟਿਸ ਵਿਚ ਲਿਆਂਦਾ ਜਾਵੇ ਤਾਂ ਕੀ ਇਹ ਭਰੋਸਾ ਦਿਵਾਉਣਗੇ ਕਿ ਜਲਦੀ ਤੋਂ ਜਲਦੀ ਐਕਸ ਗਰੇਸ਼ੀਆਂ ਗਰਾਂਟ ਉਨ੍ਹਾਂ ਨੂੰ ਦੇ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਭਰੋਸਾ ਦਿਵਾਇਆ ਹੈ ਕਿ ਇਹ ਕੇਸ ਸਾਡੇ ਨਾਲਿਜ ਵਿਚ ਨਹੀਂ ਹੈ । ਇਹ ਹੁਣ ਵੀ ਡਾਕੂਮੈਂਟ ਪੂਰੇ ਕਰਕੇ ਸਾਨੂੰ ਦੇ ਦੇਣ, ਅਸੀਂ ਸਭ ਨੂੰ ਸਹਾਇਤਾ ਦੇ ਦਿਆਂਗੇ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਸਬੰਧਤ ਡੀ.ਸੀ. ਅੰਰ ਐਸ.ਡੀ.ਐਮ. ਸਾਹਿਬ ਕੇਸ ਦੀ ਸਿਫਾਰਸ਼ ਕਰਕੇ ਕੇਸ ਭੇਜ ਚੁੱਕੇ ਹਨ । ਇਹ ਮਹਿਕਮੇ ਨੂੰ ਬੇਸ਼ੱਕ ਪੁੱਛ ਲੈਣ ।

ਸ਼੍ਰੀ ਸਪੀਕਰ : ਉਨ੍ਹਾਂ ਨੇ ਕਿਹਾ ਹੈ ਕਿ ਅਗਰ ਡਾਕੂਮੈਂਟ ਪੂਰੇ ਕਰਕੇ ਦੇ ਦਿਓਗੇ ਤਾਂ ਉਨ੍ਹਾਂ ਦੀ ਤਹਿਕੀਕਾਤ ਕਰਕੇ ਉਨ੍ਹਾਂ ਨੂੰ ਗਰਾਂਟ ਦੇ ਦਿੱਤੀ ਜਾਵੇਗੀ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਮੰਤਰੀ ਮਹੋਦਯ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਇਨ੍ਹਾਂ ਨੇ ਬੜਾ ਵੇਰਵੇ ਵਿੱਚ ਦੱਸਿਆ ਹੈ ਕਿ ਇਕ ਲੜਕੀ ਜਿਹੜੀ ਵਿਡੋ ਸੀ, ਉਸਨੇ ਦੁਬਾਰਾ ਵਿਆਹ ਕਰਾ ਲਿਆ, ਇਸ ਕਰਕੇ ਉਸ ਨੂੰ ਪੈਨਸ਼ਨ ਨਹੀਂ ਦਿੱਤੀ ਗਈ । ਸਪੀਕਰ ਸਾਹਿਬ, ਨਿਯਮ ਐਸਾ ਵੀ ਹੈ ਕਿ ਜੇ ਬੱਚਾ ਹੋਵੇ ਤਾਂ ਪੈਨਸ਼ਨ ਉਸਦੇ ਬੱਚੇ ਲਈ ਟਰਾਂਸਫਰ ਹੋ ਜਾਂਦੀ ਹੈ । ਕੀ ਜਿਹੜੀ ਵਿੱਡੋ ਦੀ ਪੈਨਸ਼ਨ ਬੰਦ ਕੀਤੀ ਗਈ ਹੈ, ਉਹ ਉਸ ਦੇ ਬੱਚੇ ਨੂੰ ਲਗਾ ਦਿੱਤੀ ਗਈ ਹੈ ਜਾਂ ਨਹੀਂ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜੀਆਂ ਵਿੱਡੋਜ਼ ਹੋਣ ਦੇ ਬਾਵਜੂਦ ਵੀ ਰੀ-ਮੈਰਿਜ ਕਰਵਾ ਲੈਂਦੀਆਂ ਹਨ, ਅਸੀਂ ਉਨ੍ਹਾਂ ਦੇ ਬੱਚਿਆਂ ਨੂੰ ਸਬਸਿਸਟੈਂਸ ਅਲਾਊਂਸ ਦਿੰਦੇ ਹਾਂ । ਸਕੂਲ, ਕਾਲਜ ਦੇ ਵਿੱਚ ਪੜ੍ਹਨ ਵਾਲੇ ਬੱਚਿਆਂ ਨੂੰ ਸਟਾਈਪੈਂਡ ਵੀ ਦਿੰਦੇ ਹਾਂ ਲੇਕਿਨ ਵਿੱਡੋ ਨੂੰ ਸਬਸਿਸਟੈਂਸ ਅਲਾਊਂਸ ਨਹੀਂ ਦਿੰਦੇ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ (ਬੈਠੇ, ਬੈਠੇ) : ਇਸ ਨੂੰ ਦਿੱਤੀ ਹੈ ਜਾਂ ਨਹੀਂ ?

ਰਾਜ ਮੰਤਰੀ : ਤੁਸੀਂ ਸਪੈਸੇਫਿਕ ਦੱਸ ਦਿਓ, ਅਸੀਂ ਜਵਾਬ ਦੇ ਦਿਆਂਗੇ ।

ਸ਼੍ਰੀ ਸਪੀਕਰ : ਤੁਸੀਂ ਜਿਹੜੀ ਵੀ ਗੱਲ ਪੁੱਛਣੀ ਹੈ, ਉਹ ਮੇਰੇ ਜ਼ਰੀਏ ਪੁੱਛੋ । ਜਵਾਬ ਬੜਾ ਠੀਕ ਆ ਗਿਆ ਹੈ । ਹੁਣ ਅਗਲਾ ਪ੍ਰਸ਼ਨ ।

Original with;
Punjab Vidhan Sabha
Digitized by;
Punjab Digital Library

ਐਸ.ਪੀ.ਓਜ਼. ਦੀਆਂ ਸੇਵਾਵਾਂ ਨਿਯਮਤ ਕਰਨਾ

*2252. **ਸ੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਇਸ ਸਮੇਂ ਐਸ.ਪੀ. ਓਜ਼ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ;

(ਅ) ਕੀ ਇਨ੍ਹਾਂ ਐਸ.ਪੀ.ਓਜ਼ ਨੂੰ ਪੁਲਿਸ ਵਿਭਾਗ ਜਾਂ ਦੂਜੇ ਸਰਕਾਰੀ ਵਿਭਾਗਾਂ ਵਿਚ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

Sardar Beant Singh (a) The information is laid on the Table of the House.

(b) Government have since decided to absorb all S.P.O's subject to conditions of eligibility against future vacancies in the cadre of constabularly.

At Present (As on 16.12.94), District-wise Number of S.P.Os. in the State is as under :—

Sr. No.	District/Tehsil	Sanctioned Strength	Posted Strength
1	2	3	4
1.	Amritsar ..	1,527	1,472
2.	Gurdaspur ..	691	684
3.	Tarn Taran ..	1,284	1,284
4.	Majitha ..	1,113	1,105
5.	Batala ..	1,110	1,091
6.	Jalandhar ..	2,283	2,092
7.	Hoshiarpur ..	1,518	1,493
8.	Kapurthala ..	493	440
9.	Ferozepur ..	890	887
10.	Bathinda ..	602	577
11.	Faridkot ..	604	600
12.	Mansa ..	257	253
13.	Patiala ..	1,293	1,264
14.	Sangrur ..	1,005	1,000

Original with;
Punjab Vidhan Sabha
Digitized by
Panjab Digital Library

[Chief Minister]

1	2		3	4
15.	Barnala	..	669	567
16.	Fatehgarh Sahib	..	487	482
17.	Ludhiana	..	1,814	1,772
18.	Khanna	..	511	467
19.	Jagraon	..	427	419
20.	Ropar	..	862	850
21.	G.R.P.	..	1,000	990
	Total	..	20445	19789

ਸ਼੍ਰੀਮਤੀ ਵਿਮਲਾ ਡਾਂਗ : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹਵਾਂਗੀ ਕਿ ਇਸ ਵੇਲੇ ਲਗਭਗ 20,000 ਐਸ.ਪੀ.ਓਜ਼. ਪੰਜਾਬ ਵਿਚ ਹਨ ਜੋ ਪੁਲਿਸ ਦੇ ਵਿਚ ਐਲਿਜੀਬਲ ਨਹੀਂ ਹਨ ਕਿਉਂਕਿ ਉਨ੍ਹਾਂ ਦਾ ਕੱਦ ਛੋਟਾ ਹੈ ਜਾਂ ਉਨ੍ਹਾਂ ਦੀ ਛਾਤੀ ਘੱਟ ਚੌੜੀ ਹੈ । ਉਨ੍ਹਾਂ ਦੀ ਭਰਤੀ ਮੈਡੀਕਲ ਕਾਰਨਾਂ ਕਰਕੇ ਪੁਲਿਸ ਵਿਭਾਗ ਵਿੱਚ ਨਹੀਂ ਹੋ ਸਕਦੀ । ਕੀ ਦੂਸਰੇ ਡਿਪਾਰਟਮੈਂਟਸ ਵਿੱਚ ਕਲਾਸ-3 ਅੰਦਰ ਕਲਾਸ-4 ਜਾਂ ਕਲਰਕ ਜਾਂ ਪੀਅਨ ਰੱਖਣ ਵਾਸਤੇ ਸਰਕਾਰ ਐਸ਼ੋਰੈਂਸ ਦੇਵੇਗੀ ਅੰਦਰ ਉਨ੍ਹਾਂ ਦੀ ਤਨਖਾਹ 40/- ਰੁਪਏ ਰੋਜ਼ਾਨਾ ਦੀ ਬਜਾਏ 60/- ਰੁਪਏ ਰੋਜ਼ਾਨਾ ਕਰਕੇ ਉਨ੍ਹਾਂ ਨੂੰ ਛੁੱਟੀਆਂ ਦੀ ਫੈਸਿਲਟੀਜ਼ ਵੀ ਦੇਵੇਗੀ ? ਮੈਂ ਸਮਝਦੀ ਹਾਂ ਕਿ ਮਾਨਯੋਗ ਮੁੱਖ ਮੰਤਰੀ ਜੀ ਬੜੀ ਹਮਦਰਦੀ ਦੇ ਨਾਲ ਇਸ ਸਵਾਲ ਦਾ ਜਵਾਬ ਦੇਣਗੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਬੇਨਤੀ ਹੈ ਕਿ ਮੈਂ ਬੜਾ ਕਲੀਅਰਲੀ ਦੱਸਿਆ ਹੈ ਕਿ ਐਸ.ਪੀ.ਓਜ਼ ਨੂੰ ਐਬਜ਼ਾਰਬ ਕਰਨ ਵਾਸਤੇ ਇਕ ਸਕੀਮ ਬਣਾਈ ਹੈ ਕਿ ਉਨ੍ਹਾਂ ਨੂੰ ਕਾਂਸਟੇਬਲ ਦੇ ਤੌਰ ਤੇ ਭਰਤੀ ਕਰ ਲਿਆ ਜਾਵੇ ਜਿਹੜੇ ਕੁਆਲੀਫਿਕੇਸ਼ਨਾਂ ਪੂਰੀਆਂ ਕਰਦੇ ਹੋਣ, ਜਿਨ੍ਹਾਂ ਦਾ ਕੱਦ ਪੂਰਾ ਹੈ ਜਾਂ ਛਾਤੀ ਪੂਰੀ ਹੋਵੇ । ਲੇਕਿਨ ਕਈ ਅਜਿਹੇ ਭਰਤੀ ਹੋਏ ਹਨ ਜਿਹੜੇ ਕੋਈ ਵੀ ਕੁਆਲੀਫਿਕੇਸ਼ਨਾਂ ਪੂਰੀਆਂ ਨਹੀਂ ਕਰਦੇ ਅਤੇ ਜਿਨ੍ਹਾਂ ਨੂੰ ਦੂਸਰੇ ਮਹਿਕਮਿਆਂ ਦੇ ਵਿੱਚ ਰੱਖਣ ਦੀ ਗੱਲ ਕੀਤੀ ਗਈ ਹੈ । ਮੈਂ ਮਾਨਯੋਗ ਐਮ.ਐਲ.ਏ. ਸਾਹਿਬਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹ ਦੂਸਰੇ ਮਹਿਕਮਿਆਂ ਦੀਆਂ ਵੀ ਕੁਝ ਨਾ ਕੁਝ ਘੱਟੋ ਘੱਟ ਕੁਆਲੀਫਿਕੇਸ਼ਨਜ਼ ਹਨ, ਕਈ ਉਹ ਵੀ ਪੂਰੀਆਂ ਨਹੀਂ ਕਰਦੇ । ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਇਨ੍ਹਾਂ ਨੂੰ ਕੱਢਦੇ ਨਹੀਂ ਰਫਤਾ-ਰਫਤਾ ਉਨ੍ਹਾਂ ਨੂੰ ਐਬਜ਼ਾਰਬ ਕੀਤਾ ਜਾਵੇਗਾ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਉੱਤਰ ਨਹੀਂ ਦਿੱਤਾ ਕਿ ਜਿਹੜੇ ਸਾਡੇ ਐਸ.ਪੀ.ਓਜ਼ ਹਨ ਤੇ ਹੋਮਗਾਰਡ ਦੇ ਜਵਾਨ ਹਨ, ਇਸ ਵੇਲੇ ਉਨ੍ਹਾਂ ਦੀ ਤਨਖਾਹ ਇਕ ਮਜ਼ਦੂਰ ਦੀ ਤਨਖਾਹ ਨਾਲੋਂ ਵੀ ਘੱਟ ਹੈ । ਮੁੱਖ ਮੰਤਰੀ

Original with;
Punjab Vidhan Sabha
Digitized by;
Panjab Digital Library

ਜੀ ਉਨ੍ਹਾਂ ਨੂੰ ਹਾਲ ਦੀ ਘੜੀ ਰਾਹਤ ਦੇਣ ਵਾਸਤੇ ਉਨ੍ਹਾਂ ਦਾ ਜਿਹੜਾ ਡੇਅਲੀ ਭੱਤਾ ਹੈ ਉਸ ਨੂੰ 40/- ਰੁਪਏ ਤੋਂ ਵਧਾ ਕੇ 60/- ਰੁਪਏ ਰੋਜ਼ ਕਰਨ ਦਾ ਵਿਚਾਰ ਰੱਖਦੇ ਹਨ ?

ਮੁੱਖ ਮੰਤਰੀ : ਹਾਲੇ ਕੋਈ ਵਿਚਾਰ ਨਹੀਂ ਰੱਖਦੇ ਜੀ ।

(ਇਸ ਸਮੇਂ ਮਾਨਯੋਗ ਮੈਂਬਰ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਬਿਨਾਂ ਇਜਾਜ਼ਤ ਸਪਲੀਮੈਂਟਰੀ ਕਰ ਰਹੇ ਸਨ ।)

ਸ੍ਰੀ ਸਪੀਕਰ : ਤੁਸੀਂ ਸਵਾਲ ਮੇਰੇ ਜ਼ਰੀਏ ਪੁੱਛੋ ਤੇ ਇਜਾਜ਼ਤ ਲੈ ਕੇ ਪੁੱਛੋ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਸੀ.ਐਮ. ਸਾਹਿਬ ਤੋਂ ਇਤਨਾ ਆਸ਼ਵਾਸਨ ਲੈ ਦਿਓ ਕਿ ਹੋਮਗਾਰਡਜ਼ ਤੇ ਐਸ.ਪੀ.ਓਜ਼ ਦੀਆਂ ਤਨਖਾਹਾਂ ਸਾਲ 1995 ਦੇ ਅੰਦਰ-ਅੰਦਰ ਵਧਾ ਦੇਣਗੇ ?

ਮੁੱਖ ਮੰਤਰੀ : ਕੁਝ ਕਿਹਾ ਨਹੀਂ ਜਾ ਸਕਦਾ ਜੀ ।

(ਇਸ ਸਮੇਂ ਮਾਨਯੋਗ ਮੈਂਬਰ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਫਿਰ ਬਿਨਾਂ ਇਜਾਜ਼ਤ ਸਪਲੀਮੈਂਟਰੀ ਕਰ ਰਹੇ ਸਨ ਅਤੇ ਕੁਝ ਮਾਨਯੋਗ ਮੈਂਬਰਾਂ ਵੱਲੋਂ ਇਤਰਾਜ਼ ਕੀਤਾ ਜਾ ਰਿਹਾ ਸੀ ।)

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਸੌਰੀ, ਗਲਤੀ ਹੋ ਗਈ । ਇਤਨਾ ਆਸ਼ਵਾਸਨ ਲੈ ਦਿਓ ਕਿ ਜਦ ਤੱਕ ਐਸ.ਪੀ.ਓਜ਼ ਤੇ ਹੋਮਗਾਰਡ ਦੇ ਜਵਾਨਾਂ ਦੀ ਤਨਖਾਹ ਨਹੀਂ ਵਧਾਈ ਜਾਂਦੀ ਉਤਨੀ ਦੇਰ ਤੱਕ ਕਿਸੇ ਐਮ.ਐਲ.ਏ. ਜਾਂ ਮਨਿਸਟਰ ਦੀ ਤਨਖਾਹ ਨਾ ਵਧਾਈ ਜਾਵੇ ... (ਵਿਘਨ....)

ਸ੍ਰੀ ਸਪੀਕਰ : ਪਹਿਲਾਂ ਆਪਣੇ ਲੀਡਰ ਨੂੰ ਪੁੱਛ ਲਵੋ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਇਸ ਵੇਲੇ ਮੈਂ ਹੀ ਲੀਡਰ ਹਾਂ, ਆਪਣੀ ਪਾਰਟੀ ਦੇ ਲੀਡਰ ਦੀ ਗੈਰਹਾਜ਼ਰੀ ਵਿੱਚ । ਮੈਨੂੰ ਕੇਵਲ ਇਤਨਾ ਜਵਾਬ ਲੈ ਦਿਓ ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।)

ਸੱਕਾ ਪੁਲ ਦੀ ਮੁੜ ਉਸਾਰੀ ਕਰਨਾ

*2643. **ਡਾਕਟਰ ਰਤਨ ਸਿੰਘ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਸੱਕੀ ਪੁਲ, ਜਿਹੜਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਪਿੰਡਾਂ

Original with;
Punjab Vidhan Sabha
Digitized by;
Panjab Digital Library

[ਡਾਕਟਰ ਰਤਨ ਸਿੰਘ]

ਖਾਸੂਪੁਰਾ ਅਤੇ ਟੱਲੇ ਨੂੰ ਭਿੰਦੀ ਸੈਦਾਂ ਨਾਲ ਜੋੜਦਾ ਹੈ ਅਤੇ ਜਿਹੜਾ 1980 ਦੇ ਦੌਰਾਨ ਰੁੜ੍ਹ ਗਿਆ ਸੀ, ਦੀ ਮੁੜ ਉਸਾਰੀ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਪੁਲ ਦੀ ਮੁੜ ਉਸਾਰੀ ਕਦੋਂ ਤੱਕ ਕੀਤੇ ਜਾਣ ਸੰਭਾਵਨਾ ਹੈ ?

ਸ਼੍ਰੀ ਸੱਜਨ ਕੁਮਾਰ ਜਾਖੜ (ਸਹਿਕਾਰਤਾ ਅਤੇ ਸਿੰਜਾਈ ਮੰਤਰੀ) : ਸੱਕੀ ਨਾਲੇ ਦੇ ਇਸ ਪੁਲ ਨੂੰ ਚੱਲ ਰਹੇ ਸਾਲ 1994-95 ਵਿੱਚ ਦੁਬਾਰਾ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ । ਲੋੜੀਂਦੇ ਫੰਡਜ਼ ਮਿਲਣ ਉਪਰੰਤ ਸੱਕੀ ਨਾਲੇ ਦੇ ਪੁਲ ਦੀ ਪੁਨਰ ਉਸਾਰੀ ਤੁਰੰਤ ਕਰਵਾ ਦਿੱਤੀ ਜਾਵੇਗੀ ਜੀ ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਦੱਸ ਦੇਣ ਕਿ ਇਹ ਪੁਲ ਕਦੋਂ ਰੁੜਿਆ ਸੀ ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੈਂਬਰ ਸਾਹਿਬ ਨੂੰ ਕਹਿਣਾ ਚਾਹਵਾਂਗਾ ਕਿ ਇਹ ਪੁਲ 1980 ਵਿੱਚ ਬਣਿਆ ਸੀ ਅਤੇ ਇਸ ਨੂੰ 1988 ਦੇ ਹੜ੍ਹ ਵਿੱਚ ਨੁਕਸਾਨ ਪਹੁੰਚਿਆ ਸੀ ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਹ ਪੁਲ ਬੜਾ ਇੰਪਾਰਟੈਂਟ ਹੈ । ਚੋ ਪਿੰਡ ਲਗਾਤਾਰ ਚਾਰ ਮਹੀਨੇ ਤੱਕ ਸਾਰੇ ਹਲਕੇ ਨਾਲੋਂ ਕੱਟੇ ਜਾਂਦੇ ਹਨ । ਕੀ ਮੰਤਰੀ ਜੀ ਇਸ ਨੂੰ ਜਲਦੀ ਬਣਾਉਣ ਦੇ ਉਪਰਾਲੇ ਕਰਨਗੇ ?

ਮੰਤਰੀ : ਇਹ ਵਾਕਿਆ ਹੀ ਇੰਪਾਰਟੈਂਟ ਹੈ । ਡਿਫੈਂਸ ਦੇ ਪੁਆਇੰਟ ਆਫ਼ ਵਿਊ ਤੋਂ ਵੀ ਇਹ ਇੰਪਾਰਟੈਂਟ ਹੈ । ਇਸ ਦੇ ਲਈ ਅਸੀਂ ਡਿਫੈਂਸ ਵਾਲਿਆਂ ਨਾਲ ਕੰਟੈਕਟ ਕਰਾਂਗੇ ਜੇਕਰ ਉਥੋਂ ਫੰਡ ਮਿਲ ਗਏ ਤਾਂ ਠੀਕ ਹੈ । ਸਾਲ 1994-95 ਵਿੱਚ ਇਸ ਲਈ ਕੋਈ ਫੰਡ ਨਹੀਂ ਰੱਖਿਆ ਗਿਆ । ਆਉਣ ਵਾਲੇ ਸਾਲ 1995-96 ਵਿੱਚ ਜ਼ਰੂਰ ਕੋਸ਼ਿਸ਼ ਕੀਤੀ ਜਾਵੇਗੀ ਕਿ ਫੰਡ ਉਪਲਬਧ ਕਰਵਾਏ ਜਾ ਸਕਣ ।

ਮੱਮਣ ਸਹਿਕਾਰੀ ਸੁਸਾਇਟੀ ਵਿਰੁੱਧ ਸ਼ਿਕਾਇਤਾਂ

*2669. **ਸ਼੍ਰੀ ਜਗਦੀਸ਼ ਸਾਹਨੀ** : ਕੀ ਸਹਿਕਾਰਤਾ ਅਤੇ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੂੰ ਸਾਲ 1992-93 ਵਿਚ ਮੱਮਣ ਸਹਿਕਾਰੀ ਸੁਸਾਇਟੀ, ਗੁਰਦਾਸਪੁਰ ਵਿਰੁੱਧ ਕੋਈ ਸ਼ਿਕਾਇਤ ਪ੍ਰਾਪਤ ਹੋਈ; ਜੇਕਰ ਅਜਿਹਾ ਹੈ ਤਾਂ ਉਸ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ਅ) ਕੀ ਉਕਤ ਸ਼ਿਕਾਇਤ ਦੇ ਆਧਾਰ ਤੇ ਕੋਈ ਪੜਤਾਲ ਕੀਤੀ ਗਈ ਹੈ;

Original with;
Punjab Vidhan Sabha
Digitized by;
Panjab Digital Library

(ਏ) ਕੀ ਉਕਤ ਪੜਤਾਲ ਦੇ ਅਧੀਨ ਕੋਈ ਕਾਰਵਾਈ ਕੀਤੀ ਗਈ ਹੈ/ਕੀਤੀ ਜਾ ਰਹੀ ਹੈ; ਜੇਕਰ ਨਹੀਂ ਤਾਂ, ਉਸ ਦੇ ਕਾਰਨ ਕੀ ਹਨ ਅਤੇ ਇਸ ਤੇ ਕਦੋਂ ਤੱਕ ਕਾਰਵਾਈ ਕੀਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਸੱਜਨ ਕੁਮਾਰ ਜਾਖੜ : (ਓ) ਹਾਂ ਜੀ, ਇੱਕ ਜ਼ਬਾਨੀ ਸ਼ਿਕਾਇਤ ਪ੍ਰਾਪਤ ਹੋਈ ਸੀ । ਇਸ ਤੋਂ ਇਲਾਵਾ ਦੀ ਗੁਰਦਾਸਪੁਰ ਕੇਂਦਰੀ ਸਹਿਕਾਰੀ ਬੈਂਕ ਲਿਮਟਿਡ ਤੇ ਆਡਿਟ ਨੋਟ ਸਾਲ 31 ਮਾਰਚ, 1992 ਵਿੱਚ ਬੈਂਕ ਦੀ ਸੀ. ਬੀ. ਬਰਾਂਚ ਅਚਲ ਸਾਹਿਬ, ਜਿਸ ਨਾਲ, ਦੀ ਮੰਨਣ ਸੀ. ਏ. ਐਸ. ਐਸ. ਲਿਮ: ਲੈਣ ਦੇਣ ਕਰਦੀ ਸੀ, ਵੱਲੋਂ ਐਡਵਾਂਸਮੈਂਟ ਵਿੱਚ ਗੰਭੀਰ ਊਣਤਾਈ ਕਰਨ ਦਾ ਜ਼ਿਕਰ ਕੀਤਾ ਗਿਆ ਸੀ ।

(ਅ) ਜੀ ਹਾਂ, ਇਨਕੁਆਇਰੀ ਕੀਤੀ ਗਈ ਹੈ ।

(ਏ) ਹਾਂ ਜੀ, ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਗਈ ਹੈ ।

(1) ਬੈਂਕ ਦੇ ਦੋਸ਼ੀ ਪਾਏ ਚਾਰ ਕਰਮਚਾਰੀਆਂ ਨੂੰ ਮੁਅੱਤਲ ਕਰਕੇ ਚਾਰਜ-ਸ਼ੀਟ ਕੀਤਾ ਗਿਆ ਹੈ ;

(2) ਮੰਨਣ ਸਭਾ ਦਾ ਸਾਲ 1990-91 ਦਾ ਸਪੈਸ਼ਲ ਆਡਿਟ ਕੀਤਾ ਗਿਆ ਹੈ ;

(3) ਮਹਿਕਮੇ ਦੇ ਪੰਜ ਨਿਰੀਖਕਾਂ ਨੂੰ ਚਾਰਜਸ਼ੀਟ ਕੀਤਾ ਗਿਆ ਹੈ ਅਤੇ ਇਨ੍ਹਾਂ ਵਿਚੋਂ ਚਾਰ ਨਰੀਖਕ ਮੁਅਤਲ ਕਰ ਦਿੱਤੇ ਗਏ ਹਨ ;

(4) ਦੀ ਮੰਨਣ ਸੀ.ਏ.ਐਸ.ਐਸ. ਦੇ ਸਕੱਤਰ ਨੂੰ ਮੁਅੱਤਲ ਕੀਤਾ ਗਿਆ ਹੈ;

(5) 821 ਸਾਲਸੀ ਕੇਸ ਤਿਆਰ ਕੀਤੇ ਗਏ ਹਨ;

(6) ਬੈਂਕ ਅਤੇ ਸਭਾ ਦੇ ਦੋਸ਼ੀ ਪਾਏ ਗਏ ਕਰਮਚਾਰੀਆਂ ਦੇ ਖਿਲਾਫ ਪੁਲੀਸ ਪਾਸ ਕੇਸ ਦਰਜ ਕਰਵਾਏ ਗਏ ਹਨ;

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਉੱਤਰ ਵਿੱਚ ਕਿਹਾ ਹੈ ਕਿ ਕੇਸ ਰਜਿਸਟਰਡ ਕੀਤਾ ਗਿਆ ਹੈ ਅਤੇ ਦੋਸ਼ੀਆਂ ਨੂੰ ਸਸਪੈਂਡ ਕੀਤਾ ਗਿਆ ਹੈ ਜਦ ਕਿ ਇਹ ਪਾਵਰ ਰਜਿਸਟਰਾਰ ਕੋਆਪ੍ਰੇਟਿਵ ਸੁਸਾਇਟੀਜ਼ ਦੀ ਹੈ ਅੱਗੇ ਉਸ ਤੋਂ ਅੱਗੇ ਡਿਪਟੀ ਰਜਿਸਟਰਾਰ ਕੋਲ ਜਾਂਦੀ ਹੈ । ਇੱਥੇ ਡਿਪਟੀ ਰਜਿਸਟਰਾਰ ਨੇ ਆਪਣੇ ਤੋਂ ਥੱਲੇ ਵਾਲੇ ਨੂੰ ਪਾਵਰ ਦੇ ਦਿੱਤੀ ਅੱਗੇ ਅਜ਼ਾਦ ਨਾਂ ਦੇ ਵਿਅਕਤੀ ਨੂੰ ਦੋਸ਼ੀ ਪਾਇਆ ਗਿਆ ਤੇ ਸਜ਼ਾ ਦਿੱਤੀ ਗਈ ਪਰ ਡੀ. ਆਰ. ਨੂੰ ਸਜ਼ਾ ਕਿਉਂ ਨਹੀਂ ਦਿੱਤੀ ਗਈ ?

ਮੰਤਰੀ : ਸਪੀਕਰ ਸਾਹਿਬ, ਇਹ ਤਾਂ ਕੋਈ ਸਵਾਲ ਨਹੀਂ ਬਣਦਾ । ਡੀ. ਆਰ. ਤਾਂ ਦੋਸ਼ੀ ਨਹੀਂ ਹੈ ਅੱਗੇ ਦੋਸ਼ੀ ਦੇ ਖਿਲਾਫ ਕਾਰਵਾਈ ਚੱਲ ਰਹੀ ਹੈ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਚੱਲੋ ਇਹ ਦੱਸ ਦੇਣ ਕਿ ਸੰਨ 1984 ਤੋਂ 1995 ਤੱਕ ਇਸ ਸੁਸਾਇਟੀ ਤੋਂ ਕਿੰਨੀ ਰਿਕਵਰੀ ਹੋਈ ਹੈ ।

ਮੰਤਰੀ : ਸਪੀਕਰ ਸਾਹਿਬ ਮੈਂ ਐਮ, ਐਲ. ਏ. ਸਾਹਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਰਿਕਵਰੀ ਹੁਣ ਤੱਕ ਨਹੀਂ ਹੋਈ ਹੈ । ਆਰਬੀਟਰੇਸ਼ਨ ਵਿੱਚ ਕੇਸ ਫਾਈਲ ਹਏ ਹਨ । ਉਨ੍ਹਾਂ ਵਿਚੋਂ 74 ਕੇਸਾਂ ਤੇ ਫੈਸਲਾ ਹੋ ਚੁੱਕਾ ਹੈ ਅਤੇ 12 ਲੱਖ 47 ਹਜ਼ਾਰ ਰੁਪਏ ਦੀ ਰਿਕਵਰੀ ਦਾ ਕੰਮ ਚਾਲੂ ਹੈ । ਬਾਕੀ ਕੇਸਾਂ ਦਾ ਫੈਸਲਾ ਹੋਣਾ ਬਾਕੀ

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਥੋੜ੍ਹੀ ਜਿਹੀ ਗੁਸਤਾਖੀ ਤੇ ਮੁਆਫੀ ਚਾਹੁੰਦਾ ਹਾਂ ਅੱਰ ਇਸ ਨਾਲ ਰੈਲੇਵੈਂਟ ਗੱਲ ਦੱਸਣੀ ਚਾਹੁੰਦਾ ਹਾਂ ਕਿ 747 ਏਕੜ ਦਾ ਰਕਬਾ ਹੈ । ਇਸ ਸੁਸਾਇਟੀ ਦਾ ਰਕਬਾ ਨਹੀਂ ਵਧਿਆ । ਸੁਸਾਇਟੀ ਦੀ ਪਾਵਰ ਸਿਰਫ ਪੱਚੀ ਲੱਖ ਐਡਵਾਂਸ ਦੀ ਸੀ ਪਰ ਅਧਿਕਾਰੀਆਂ ਨਾਲ ਮਿਲ-ਮਿਲਾ ਕੇ ਸੁਸਾਇਟੀ ਦਾ ਐਡਵਾਂਸ ਚਾਲੀ ਲੱਖ ਕਰ ਦਿੱਤਾ ਗਿਆ । ਚਾਲੀ ਲੱਖ ਕਰਨ ਤੋਂ ਬਾਅਦ ਆਡਿਟ ਰਿਪੋਰਟ ਤੇ ਆਬਜੈਕਸ਼ਨ ਲੱਗਿਆ ਅੱਤ ਆਬਜੈਕਸ਼ਨ ਲੱਗਣ ਤੋਂ ਬਾਅਦ ਇਨ੍ਹਾਂ ਨੇ 43 ਲੱਖ ਹੋਰ ਦੇ ਦਿੱਤਾ ਅੱਰ ਸਬਸਿਡੀ ਵੀ ਖਾਧੀ ਗਈ । ਮੈਂ ਸਮਝਦਾ ਹਾਂ ਕਿ ਜਿਹੜੇ ਚੋਣੀਆਂ ਨੂੰ ਸਜ਼ਾ ਦਿੱਤੀ ਹੈ, ਉਸ ਦੀ ਇਨਫਰਮੇਸ਼ਨ ਇਨ੍ਹਾਂ ਕੋਲ ਪੂਰੀ ਨਹੀਂ । 1700 ਦੇ ਕਰੀਬ ਰਿਕਵਰੀ ਹੋਈ ਹੈ । ਚਾਰ ਬੰਦੇ ਸਸਪੈਂਡ ਹੋਏ ਹਨ ਅੱਰ ਉਹ ਲੋਅਰ ਲੈਵਲ ਦੇ ਹਨ । ਇੱਕ ਬੰਦਾ ਅੱਸਾ ਸਸਪੈਂਡ ਹੋਇਆ ਹੈ ਜਿਹੜਾ ਬਰੇਵਰੀ ਦੇ ਹਿਸਾਬ ਨਾਲ ਪੁਲਿਸ ਵਿੱਚ ਨੌਕਰੀ ਕਰਦਾ ਹੈ । ਇਨ੍ਹਾ ਦਾ ਉਤਰ ਬਿਲਕੁਲ ਅਧੂਰਾ ਹੈ । ਮੈਂ ਪੱਛਣਾ ਚਾਹੁੰਦਾ ਹਾਂ ਕਿ ਡਿਪਟੀ ਰਜਿਸ-ਟਰਾਰ ਨੇ ਪਾਵਰਾਂ ਡੈਲੀਗੇਟ ਕਿਉਂ ਕੀਤੀਆਂ ਜਦ ਕਿ ਉਹ ਆਪ ਪਾਵਰਾਂ ਇਸਤੇਮਾਲ ਕਰਨ ਦਾ ਹੱਕ ਰੱਖਦਾ ਸੀ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਡੇਲੀਗੇਸ਼ਨ ਵਾਲੀ ਜਿਹੜੀ ਗੱਲ ਹੈ, ਕੋਈ ਵੀ ਡਿਪਟੀ ਰਜਿਸਟਰਾਰ ਹੇਠਾਂ ਏ. ਆਰ. ਨੂੰ ਪਾਵਰਾਂ ਡੈਲੀਗੇਟ ਕਰ ਸਕਦਾ ਹੈ, ਇਸ ਤਰ੍ਹਾਂ ਦੀ ਕਾਰਵਾਈ ਹੋ ਜਾਂਦੀ ਹੈ । ਜਿੱਥੋਂ ਤੱਕ ਚਾਰ ਬੰਦਿਆਂ ਦੀ ਗੱਲ ਹੈ ਕਾਰਵਾਈ ਕੀਤੀ ਗਈ । ਮੈਂ ਦੱਸ ਦਿੱਤਾ ਹੈ ਕਿ ਚਾਰਜਸ਼ੀਟ ਕਰ ਦਿੱਤਾ ਗਿਆ ਹੈ ਅੱਰ ਐਫ. ਆਈ. ਆਰ. ਦਰਜ ਹੈ । ਹੁਣ ਪੁਲਿਸ ਦਾ ਕੰਮ ਹੈ ਕਿ ਉਨ੍ਹਾਂ ਨੇ ਪਕੜਨਾ ਹੈ ਜਾਂ ਨਹੀਂ । ਜੇ ਇਹ ਮੈਨੂੰ ਛੁੱਟੀ ਦੇਣ ਤਾਂ ਮੈਂ ਜਾ ਕੇ ਪਕੜ ਲੈਂਦਾ ਹਾਂ । (ਹਾਸਾ) (ਬੰਪਿੰਗ) ।

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਏਨਾ ਵੱਡਾ ਘਪਲਾ ਹੋਇਆ ਹੈ ਅੱਰ 1984 ਤੋਂ 1995 ਤੱਕ 11 ਸਾਲਾਂ ਵਿੱਚ ਤਕਰੀਬਨ ਦੋ ਕਰੋੜ ਦੇ ਕਰੀਬ ਘਪਲਾ ਹੋਇਆ ਹੈ । ਸਤਾਰਾਂ ਸੌ ਦੀ ਰਿਕਵਰੀ ਹੋਈ ਅੱਰ ਚਾਰ ਬੰਦੇ ਲੋਅਰ ਲੈਵਲ ਦੇ ਸਸਪੈਂਡ ਕੀਤੇ ਗਏ ਅੱਰ ਹਾਇਰ ਲੈਵਲ ਤੇ ਕੋਈ ਬੰਦਾ ਸਸਪੈਂਡ ਨਹੀਂ ਹੋਇਆ । ਸਸਪੈਨਸ਼ਨ ਦਾ ਕੀ ਮਤਲਬ ਹੈ ? ਹਾਇਰ ਲੈਵਲ ਤੇ ਕੋਈ ਬੰਦਾ ਕਿਉਂ ਨਹੀਂ ਸਸਪੈਂਡ ਹੋਇਆ ਅਤੇ ਉਸ ਨੇ ਪਾਵਰਾਂ ਡੈਲੀਗੇਟ ਕਿਉਂ ਕੀਤੀਆਂ ?

Original with;
Punjab Vidhan Sabha
Digitized by;
Punjab Digital Library

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਮ.ਐਲ. ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਵੱਡੇ ਛੋਟੇ ਦਾ ਸਵਾਲ ਨਹੀਂ ਹੈ । ਇਨਕੁਆਇਰੀ ਹੋਈ ਹੈ ਅਤੇ ਉਸ ਤੇ ਕਾਰਵਾਈ ਚੱਲ ਰਹੀ ਹੈ । ਐਫ. ਆਈ. ਆਰ. ਦਰਜ ਹੈ । ਹੁਣ ਪੁਲਿਸ ਨੇ ਕਾਰਵਾਈ ਕਰਨੀ ਹੈ । ਅਸੀਂ ਜੋ ਕਾਰਵਾਈ ਕਰਨੀ ਸੀ, ਉਹ ਕਰ ਲਈ ਹੈ । ਜਿਨ੍ਹਾਂ ਦਾ ਫੈਸਲਾ ਹੋ ਚੁੱਕਾ ਹੈ ਉਸ ਤੋਂ ਰਿਕਵਰੀ ਹੋ ਰਹੀ ਹੈ । ਜਿਨ੍ਹਾਂ ਦਾ ਫੈਸਲਾ ਨਹੀਂ ਹੋਇਆ, ਉਨ੍ਹਾਂ ਤੋਂ ਰਿਕਵਰੀ ਨਹੀਂ ਲੈ ਸਕਦੇ । ਫਰਾਡ ਵਾਲੇ ਆਦਮੀ ਨੂੰ ਸਰਕਾਰ ਦੇ ਲਾਅ ਦੇ ਮੁਤਾਬਿਕ ਸਜ਼ਾ ਜ਼ਰੂਰ ਦੇਵਾਂਗੇ, ਹਰ ਸੂਰਤ ਵਿੱਚ ਦੇਵਾਂਗੇ ।

ਸ਼੍ਰੀ ਸਪੀਕਰ : ਮੰਤਰੀ ਜੀ, ਉਹ ਕਹਿੰਦੇ ਹਨ ਕਿ ਬੜੀ ਲੰਬੀ ਦੇਰ ਹੋ ਗਈ ਹੈ ਕੀ ਉਸ ਨੂੰ ਐਕਸਪੇਡਾਈਟ ਕਰਨ ਦੇ ਲਈ ਆਪ ਕਾਰਵਾਈ ਕਰੋਗੇ ਤਾਂ ਕਿ ਜਲਦੀ ਤੋਂ ਜਲਦੀ ਇਨਕੁਆਇਰੀ ਹੋ ਕੇ ਜਲਦੀ ਉਸ ਦਾ ਫੈਸਲਾ ਹੋ ਜਾਏ ਅੰਰ ਜਿਹੜਾ ਗੁਨਾਹਗਾਰ ਹੈ, ਉਸ ਨੂੰ ਸਜ਼ਾ ਮਿਲੇ ।

ਮੰਤਰੀ : ਸਪੀਕਰ ਸਾਹਿਬ, ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ । ਜਲਦੀ ਤੋਂ ਜਲਦੀ ਕਾਰਵਾਈ ਕਰਵਾਉਣ ਦੀ ਕੋਸ਼ਿਸ਼ ਕਰਾਂਗੇ ।

ਸ਼੍ਰੀ ਸਪੀਕਰ : ਹਾਂ ਜੀ, ਕ੍ਰਿਸ਼ਨ ਕੁਮਾਰ ਜੀ ਤੁਹਾਡਾ ਸਪਲੀਮੈਂਟਰੀ ਕੀ ਹੈ ?

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸ਼੍ਰੀ ਜਗਦੀਸ਼ ਸਾਹਨੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਡੀ. ਆਰ. ਦਾ ਨਾਂ ਨਹੀਂ ਲਿਆ । ਅਗਰ ਨਾਂ ਦੱਸ ਦੇਣ ਤਾਂ ਜੋ ਐਲੀਗੇਸ਼ਨ ਇਨ੍ਹਾਂ ਲਗਾਇਆ ਹੈ, ਉਹ ਮੰਤਰੀ ਜੀ ਦੇ ਨੋਟਿਸ ਵਿੱਚ ਆ ਜਾਂਦਾ .....

ਸ਼੍ਰੀ ਸਪੀਕਰ : ਤੁਸੀਂ ਸਵਾਲ ਪੁੱਛੋ ।

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ : ਸਪੀਕਰ ਸਾਹਿਬ ਇਨ੍ਹਾਂ ਨੇ ਬੇਸ਼ਕ ਡੀ ਆਰ. ਸ਼੍ਰੀ ਆਜ਼ਾਦ ਦਾ ਨਾਂ ਨਹੀਂ ਲਿਆ । ਉਹ ਸੀ. ਓ. ਗੁਰਦਾਸਪੁਰ ਹੈ । ਇਹ ਸੋਸਾਇਟੀ ਉਸ ਕੋਲ ਕਦੇ ਵੀ ਨਹੀਂ ਸੀ । ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਇਹ ਉਸ ਬਾਰੇ ਗਲਤ ਕਹਿ ਰਹੇ ਹਨ । ਮੈਂ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਹ ਬਿਨਾਂ ਸ਼ੱਕ ਇਨਕੁਆਇਰੀ ਕਰਵਾ ਲੈਣ ? ਕੀ ਮੰਤਰੀ ਜੀ ਇਹ ਇਨਕੁਆਇਰੀ ਕਰਵਾਉਣਗੇ ?

ਸ਼੍ਰੀ ਸਪੀਕਰ : ਤੁਸੀ ਗੱਲ ਦੱਸਣਾ ਚਾਹੁੰਦੇ ਹੋ ਕਿ ਪੁੱਛਣਾ ਚਾਹੁੰਦੇ ਹੋ ।

ਸ਼੍ਰੀ ਜਗਦੀਸ਼ ਸਾਹਨੀ : ਸਪਲੀਮੈਂਟਰੀ, ਸਰ . . .

ਸ਼੍ਰੀ ਸਪੀਕਰ : ਅੱਗੇ ਹੀ ਸਪਲੀਮੈਂਟਰੀਜ਼ ਬਹੁਤ ਹੋ ਗਈਆਂ ਹਨ, ਚਲੋ ਇੱਕ ਹੋਰ ਪੁੱਛ ਲਉ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੇਸ ਰੈਫਰ ਹੋਇਆ 1984 ਵਿੱਚ ਜਦਕਿ ਇਨ੍ਹਾਂ ਨੇ ਐਫ. ਆਈ. ਆਰ. ਦਰਜ ਕਰਾਈ 1994 ਵਿੱਚ । ਇਹ ਐਫ. ਆਈ. ਆਰ 10 ਸਾਲਾਂ ਬਾਅਦ ਕਿਉਂ ਕਰਵਾਈ ?

ਸ਼੍ਰੀ ਸਪੀਕਰ : ਇਹ ਤਾਂ ਮੰਤਰੀ ਜੀ ਦਾ ਵੱਡਾਪਣ ਹੈ ਕਿ 10 ਸਾਲਾਂ ਬਾਅਦ ਸਰਕਾਰ ਆਈ ਅੰਰ ਇਨ੍ਹਾਂ ਨੇ ਐਫ. ਆਈ. ਆਰ. ਦਰਜ ਕਰਵਾ ਦਿੱਤੀ ।

ਸਹਿਕਾਰੀ ਖੰਡ ਮਿੱਲਾਂ ਦਾ ਨਿੱਜੀਕਰਣ

*2272. **ਕਾਮਰੇਡ ਹਰਦੇਵ ਅਰਸ਼ੀ** : ਕੀ ਸਹਿਕਾਰਤਾ ਅਤੇ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ :—

(ੳ) ਰਾਜ ਦੇ ਸਹਿਕਾਰੀ ਖੇਤਰ ਵਿੱਚ ਅਜਿਹੀਆਂ ਕੁੱਲ ਕਿੰਨੀਆਂ ਖੰਡ ਮਿੱਲਾਂ ਹਨ ਜਿਨ੍ਹਾਂ ਨੂੰ ਸਰਕਾਰ ਨੇ ਨਿੱਜੀ ਹੱਥਾਂ ਵਿੱਚ ਸੌਂਪਣ ਦਾ ਫੈਸਲਾ ਕੀਤਾ ਹੈ;

(ਅ) ਉਕਤ ਭਾਗ (ੳ) ਵਿਚ ਵਰਣਿਤ ਮਿਲਾਂ ਨੂੰ ਨਿੱਜੀ ਹੱਥ ਵਿਚ ਸੌਂਪਣ ਲਈ ਕਸੌਟੀ ਕੀ ਹੋਵੇਗੀ ?

ਸ਼੍ਰੀ ਸੱਜਨ ਕੁਮਾਰ ਜਾਖੜ : (ੳ) ਚਾਰ ਸਹਿਕਾਰੀ ਖੰਡ ਮਿੱਲਾਂ ਜਿਹੜੀਆਂ ਕਿ ਜਗਰਾਓਂ, ਬੁਢਲਾਡਾ, ਅਜਨਾਲਾ, ਅਤੇ ਫਰੀਦਕੋਟ ਵਿੱਚ ਲੱਗੀਆਂ ਹਨ, ਨੂੰ ਵੇਚਣ/ਨਿੱਜੀ ਹੱਥਾਂ ਵਿੱਚ ਦੇਣ ਦਾ ਫੈਸਲਾ ਕੀਤਾ ਗਿਆ ਹੈ ।

(ਅ) ਭਾਗ (ੳ) ਵਿੱਚ ਵਰਣਿਤ ਖੰਡ ਮਿੱਲਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਕਸੌਟੀ ਹੇਠ ਲਿਖੇ ਅਨੁਸਾਰ ਹੈ:-

(1) ਭਾਰੀ ਮਾਲੀ ਨੁਕਸਾਨ;

(2) ਵਿੱਤੀ ਸੰਸਥਾਵਾਂ ਅਤੇ ਬੈਂਕਾਂ ਦੇ ਕਰਜ਼ੇ ਮੋੜਨ ਵਿੱਚ ਅਸਮਰਥਾ;

(3) ਵਿੱਤੀ ਸੰਸਥਾਵਾਂ ਵਲੋਂ ਰਾਜ ਸਰਕਾਰ ਦੀਆਂ ਗਰੰਟੀਆਂ ਨੂੰ ਤੋੜਨ ਦੀ ਸੰਭਾਵਨਾ ।

ਮਿਤੀ 31-3-1994 ਤੱਕ ਚਾਰ ਨਵੀਆਂ ਸਹਿਕਾਰੀ ਖੰਡ ਮਿੱਲਾਂ, ਜਿਹੜੀਆਂ ਕਿ ਉਪਰੋਕਤ (ੳ) ਵਿੱਚ ਦਰਸਾਈਆਂ ਗਈਆਂ ਹਨ, ਦੇ ਐਕਯੁਮੂਲੇਟਿਡ ਲੋਸਿਜ਼ 105.58 ਕਰੋੜ ਰੁਪਏ ਹੋ ਗਏ ਹਨ ਅਤੇ ਵਿੱਤੀ ਸੰਸਥਾਵਾਂ ਅਤੇ ਬੈਂਕਾਂ ਦੇ ਡਿਫਾਲਟਸ 78.19 ਕਰੋੜ ਰੁਪਏ ਹੋ ਗਏ ਹਨ ਵਿੱਤੀ ਸੰਸਥਾਵਾਂ ਨੇ ਰਾਜ ਸਰਕਾਰ ਦੀ ਗਰੰਟੀਆਂ ਨੂੰ ਤੋੜਨ ਲਈ ਪਹਿਲਾਂ ਹੀ ਨੋਟਿਸ ਭੇਜ ਦਿੱਤੇ ਹਨ ।

ਕਾਮਰੇਡ ਅਜੈਬ ਸਿੰਘ ਰੰਤਾ : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਮਾਨਯੋਗ ਮਨਿਸ਼ਟਰ ਸਾਹਿਬ ਤੋਂ ਜਾਣਨਾ ਚਾਹਵਾਂਗਾ ਕਿ ਇਨ੍ਹਾਂ ਨੇ ਜੋ ਚਾਰ ਮਿੱਲਾਂ ਦੱਸੀਆਂ ਹਨ, ਉਕਤ ਪ੍ਰਸ਼ਨ ਦੇ ਉੱਤਰ ਵਿੱਚ

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਨੇ ਜੋ ਦਰਸਾਇਆ ਹੈ ਕਿ ਇਨ੍ਹਾਂ ਕਾਰਣਾਂ ਕਰਕੇ ਇਨ੍ਹਾਂ ਮਿੱਲਾਂ ਨੂੰ ਵੇਚਿਆ ਜਾ ਰਿਹਾ ਹੈ, ਮੈਂ ਜਾਣਨਾ ਚਾਹਵਾਂਗਾ ਕਿ ਉਥੇ ਗੰਨਾ ਪੈਦਾ ਨਹੀਂ ਸੀ ਹੁੰਦਾ ਅਤੇ ਹੁਣ ਸਰਕਾਰ ਦੀ ਪਾਲਿਸੀ ਹੈ ਕਿ ਉਥੇ ਗੰਨਾ ਵੱਧ ਪੈਦਾ ਹੋਵੇ। ਕੀ ਜਿਸ ਆਦਮੀ ਨੂੰ ਮਿੱਲ ਮੁੱਲ ਵੇਚੀ ਜਾਏਗੀ, ਉਹ ਇਸ ਨੂੰ ਪੁੱਟ ਆਊਟ ਆਫ ਦਿ ਸਟੇਟ ਤਾਂ ਨਹੀਂ ਲੈ ਜਾਏਗਾ ਅਤੇ ਕੰਮ ਕਰਨ ਵਾਲੇ ਕਾਮੇ, ਵਰਕਰ ਘਰੋਂ ਬੇਘਰ ਤਾਂ ਨਹੀਂ ਹੋ ਜਾਣਗੇ ? ਕੀ ਇਹ ਯਕੀਨ ਦਿਵਾਉਣਗੇ ਕਿ ਮਿੱਲ ਦਾ ਸਾਰਾ ਸਮਾਨ ਅਤੇ ਮਸ਼ੀਨਰੀ ਉਥੇ ਹੀ ਰਹੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਆਪ ਦੇ ਜ਼ਰੀਏ ਐਮ. ਐਲ. ਏ. ਸਾਹਿਬ ਨੂੰ ਦੱਸਣਾ ਚਾਹਵਾਂਗਾ ਕਿ ਪਹਿਲਾਂ ਵੀ ਕੁਐਸਚਨ ਆਵਰ ਦੇ ਟਾਈਮ ਵਿੱਚ ਦੱਸਿਆ ਗਿਆ ਸੀ ਕਿ ਕਿਸੇ ਵੀ ਕਾਮੇ ਦਾ ਜੋ ਕਿ ਕੰਮ ਕਰ ਰਿਹਾ ਹੈ, ਉਸ ਦਾ ਪੂਰਾ ਧਿਆਨ ਰੱਖਾਂਗੇ। ਜੋ ਮਿਲ ਵੇਚਣ ਵਾਲੀ ਗੱਲ ਹੈ, ਇਹ ਤਾਂ ਲੈਣ ਵਾਲੇ ਤੇ ਨਿਰਭਰ ਕਰਦਾ ਹੈ ਕਿ ਉਹ ਇਸ ਨੂੰ ਉਠਾਉਂਦਾ ਹੈ ਕਿ ਨਹੀਂ।

ਕਾਮਰੇਡ ਅਜੈਬ ਸਿੰਘ ਰੰਤਾ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਇਹ ਗੱਲ ਜਾਣਨਾ ਚਾਹਵਾਂਗਾ ਕਿ ਮਿੱਲ ਵੇਚ ਦੇਣ ਨਾਲ ਜਿਹੜੇ ਕੰਮ ਕਰਨ ਵਾਲੇ ਕਾਮੇ ਹਨ, ਕੀ ਉਨ੍ਹਾਂ ਦੇ ਬਦਲਵੇਂ ਪ੍ਰਬੰਧ ਕੀਤੇ ਜਾਣਗੇ ? ਇਸ ਦੇ ਨਾਲ ਹੀ ਮੈਂ ਪੁੱਛਣਾ ਚਾਹਵਾਂਗਾ ਕਿ ਜੋ ਟੈਂਡਰ ਰੱਖੇ ਗਏ ਸੀ, ਉਨ੍ਹਾਂ ਦੀ ਸਰਕਾਰੀ ਕੀਮਤ ਕਿੰਨੀ ਸੀ ਅੋਰ ਟੈਂਡਰ ਕਿੰਨੇ ਆਏ ? ਕੀ ਹੁਣ ਸਰਕਾਰ ਦਾ ਅੱਗੇ ਟੈਂਡਰ ਲੈਣ ਦਾ ਵਿਚਾਰ ਹੈ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਦੇ ਦੁਆਰਾ ਐਮ. ਐਲ. ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਗੱਲ ਇਨ੍ਹਾਂ ਨੇ ਕਹੀ ਉਹ ਬਿਲਕੁਲ ਠੀਕ ਹੈ ਕਿ ਕਰਮਚਾਰੀ ਜੋ ਕੰਮ ਕਰਦੇ ਹਨ ਉਨ੍ਹਾਂ ਦੇ ਇੰਟਰੈਸਟ ਨੂੰ ਧਿਆਨ ਵਿਚ ਰੱਖ ਕੇ ਉਥੇ ਰੱਖਣ ਦਾ ਉਨ੍ਹਾਂ ਨੂੰ ਪ੍ਰਬੰਧ ਕੀਤਾ ਜਾਵੇ। ਜੋ ਟੈਂਡਰ ਕਾਲ ਕੀਤੇ ਗਏ ਸਨ ਉਨ੍ਹਾਂ ਵਿੱਚ ਇਕ ਟੈਂਡਰ ਬੁਢਲਾਡਾ ਮਿੱਲ ਬਾਰੇ ਸੀ ਜੋ ਕਿ 11 ਲੱਖ ਰੁਪਏ ਦਾ ਸੀ। ਇਸ ਮਿੱਲ ਦਾ ਅਸੀਂ ਐਸਟੀਮੇਟ ਲਗਵਾਇਆ ਸੀ। ਪ੍ਰਾਈਵੇਟ ਅਕਾਊਂਟਸ ਦੇਖ ਕੇ ਅੋਰ ਹਾਇਲਟੀ ਵਗੈਰਾ ਨਿਕਾਲ ਕੇ ਉਹ ਤਕਰੀਬਨ 9-10/- ਕਰੋੜ ਰੁਪਏ ਦਾ ਬਣਿਆ ਸੀ, ਇਸ ਲਈ ਅਸੀਂ ਸੋਚਿਆ ਕਿ ਇਹ ਕਿਸ ਤਰ੍ਹਾਂ ਵੇਚ ਦੇਈਏ 11 ਲੱਖ ਰੁਪਏ ਵਿੱਚ ਜਦ ਕੇ ਇਸ ਦਾ ਐਸਟੀਮੇਟ 9-10/- ਕਰੋੜ ਰੁਪਏ ਦਾ ਬਣਦਾ ਹੈ। ਇਸੀ ਵਜ੍ਹਾ ਕਰਕੇ ਨਵੀਂ ਡੇਟ ਤੁਹਿ ਕੀਤੀ ਜਾ ਰਹੀ ਹੈ।

ਸ੍ਰੀ ਮਲਕੀਤ ਸਿੰਘ ਬੀਰਮੀ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਪਹਿਲਾਂ ਵੀ ਹਾਊਸ ਵਿੱਚ ਇਕ ਸਟੇਟਮੈਂਟ ਦਿੱਤੀ ਸੀ ਕਿ ਇਹ ਮਿੱਲ ਪ੍ਰਾਈਵੇਟ ਲੋਕਾਂ ਨੂੰ ਦਿੱਤੀ ਜਾਵੇ ਅੋਰ ਉਹ ਇਸ ਨੂੰ ਚਲਾਉਣ। ਪ੍ਰਾਈਵੇਟ ਆਦਮੀ ਕਦੇ ਵੀ ਘਾਟਾ ਨਹੀਂ ਖਾਂਦਾ। ਜੇ ਕੋਈ ਪ੍ਰਾਈਵੇਟ ਆਦਮੀ ਕੋਈ ਇਸ ਮਿੱਲ ਨੂੰ ਖਰੀਦ ਕੇ ਚਲਾ ਸਕਦਾ ਹੈ ਤਾਂ ਕੀ ਵਜ੍ਹਾ ਹੈ ਕਿ ਸਾਡੀ ਸਰਕਾਰ ਇਸ ਮਿੱਲ ਨੂੰ ਨਹੀਂ ਚਲਾ ਸਕਦੀ ? ਸਰਕਾਰ ਇਸ ਨੂੰ ਮੁਨਾਫੇ ਵਿੱਚ ਕਿਉਂ ਨਹੀਂ ਚਲਾ ਸਕਦੀ, ਇਹ ਮਿੱਲ ਘਾਟੇ ਵਿੱਚ ਕਿਉਂ ਹੈ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਘਾਟੇ ਦੇ ਕਈ ਕਾਰਣ ਹਨ । ਸਾਡੇ ਪਾਸ ਇਤਨਾ ਗੰਨਾ ਨਹੀਂ ਹੈ, ਜਿਤਨਾ ਚਾਹੀਦਾ ਹੈ ...। (ਵਿਘਨ) ਹੁਣ ਗੰਨੇ ਦੇ ਉਤਪਾਦਨ ਵੱਲ ਸਰਕਾਰ ਨੇ ਧਿਆਨ ਦਿੱਤਾ ਹੈ ਹੁਣ ਵੀ ਤਿੰਨ ਮਿੱਲਾਂ ਐਸੀਆਂ ਹਨ ਜਿਨ੍ਹਾਂ ਪਾਸ ਐਕਸੈਸ ਗੰਨਾ ਹੈ, ਬਾਕੀ ਸਾਰਿਆਂ ਪਾਸ ਉਤਨਾ ਗੰਨਾ ਨਹੀਂ ਹੈ ! ਘਾਟੇ ਵਿੱਚ ਜਾਣ ਕਾਰਣ ਸੈਂਟਰ ਦੀ ਸਰਕਾਰ ਨੇ ਪਾਲਿਸੀ ਬਣਾਈ ਹੈ ਅੌਰ ਉਹ ਰੋਜ਼ ਟੈਲੀਫੂਨ ਕਰਦੇ ਹਨ । ਸਾਨੂੰ ਇਨਫਾਰਮ ਕਰਦੇ ਹਨ ਕਿ ਘਾਟੇ ਵਾਲੀਆਂ ਮਿੱਲਾਂ ਕਿਉਂ ਰੱਖੀਆਂ ਹੋਈਆਂ ਹਨ । ਇਸ ਗੱਲ ਦਾ ਸਾਡੇ ਪਾਸ ਕੋਈ ਜਵਾਬ ਨਹੀਂ ਹੈ ।

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, ਲੁਧਿਆਣਾ ਜ਼ਿਲ੍ਹਾ ਵਿੱਚ ਜਗਰਾਉਂ ਸ਼ੂਗਰ ਮਿੱਲ ਨੂੰ ਵੇਚਣ ਦਾ ਫੈਸਲਾ ਸਰਕਾਰ ਨੇ ਕੀਤਾ ਹੈ । ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਦੂਸਰੀਆਂ ਮਿੱਲਾਂ ਮੁਨਫੇ ਵਿੱਚ ਜਾ ਰਹੀਆਂ ਹਨ ਤਾਂ ਜਗਰਾਉਂ ਮਿੱਲ ਘਾਟੇ ਵਿੱਚ ਕਿਉਂ ਜਾ ਰਹੀ ਹੈ; ਇਸ ਦੇ ਕੀ ਕਾਰਣ ਹਨ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਦੱਸਿਆ ਹੈ ਕਿ ਗੰਨਾ ਨਹੀਂ ਮਿਲਦਾ ਮਿੱਲ ਵਾਸਤੇ, ਜਿਸ ਦੀ ਵਜ੍ਹਾ ਕਰਕੇ ਮਿੱਲ ਘਾਟੇ ਵਿਚ ਜਾ ਰਹੀ ਹੈ । ਪਿਛਲੇ ਸਾਲਾਂ ਵਿੱਚ ਟੈਰੋਰਿਜਟਾਂ ਦੀ ਵਜ੍ਹਾ ਕਰਕੇ ਵੀ ਗੰਨਾ ਉਤਪਾਦਨ ਨਹੀਂ ਸੀ ਹੋ ਸਕਿਆ । ਇਸੇ ਕਰਕੇ ਫੈਸਲਾ ਕੀਤਾ ਗਿਆ ਹੈ ਕਿ ਜਗਰਾਉਂ, ਬੁਢਲਾਡਾ, ਅਜਨਾਲਾ ਅਤੇ ਫਰੀਦਕੋਟ ਵਿੱਚ ਲਗੀਆਂ ਮਿੱਲਾਂ ਵੇਚੀਆਂ ਜਾਣ ਜਾਂ ਨਿੱਜੀ ਹੱਥਾਂ ਵਿੱਚ ਦਿੱਤੀਆਂ ਜਾਣ ।

ਸ਼੍ਰੀਮਤੀ ਵਿਮਲਾ ਡਾਂਗ : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹਵਾਂਗੀ, ਕਾਮਰੇਡ ਅਰਸ਼ੀ ਜੀ ਮੈਨੂੰ ਬੜੇ ਜ਼ੋਰ ਨਾਲ ਕਹਿ ਕੇ ਗਏ ਹਨ ਕਿ ਬੁਢਲਾਡਾ ਵਿੱਚ ਲੋਕਾਂ ਨੇ ਗੰਨਾ ਬੀਜਣਾ ਸ਼ੁਰੂ ਕਰ ਦਿੱਤਾ ਹੈ, ਕੀ ਇਸ ਚੀਜ਼ ਨੂੰ ਮੁੱਖ ਰੱਖ ਕੇ ਮਨਿਸਟਰ ਸਾਹਿਬ ਇਸ ਗੱਲ ਦੀ ਐਸ਼ੋਰੈਂਸ ਦੇਣਗੇ ਕਿ ਉਥੋਂ ਮਿੱਲ ਸ਼ਿਫਟ ਨਹੀਂ ਹੋਵੇਗੀ ਅੌਰ ਜੋ ਵਰਕਰਜ਼ ਹਨ, ਉਹ ਉਥੇ ਹੀ ਰੱਖੇ ਜਾਣਗੇ ?

ਸ਼੍ਰੀ ਸਪੀਕਰ : ਇਹ ਤਾਂ ਜੋ ਕਾਮਰੇਡ ਅਜੈਬ ਸਿੰਘ ਨੇ ਸਪਲੀਮੈਂਟਰੀ ਕੀਤਾ ਸੀ, ਉਹੀ ਹੈ ਅੌਰ ਉਸ ਦਾ ਜਵਾਬ ਉਨ੍ਹਾਂ ਨੇ ਦੇ ਦਿੱਤਾ ਹੈ ।

ਡਾਕਟਰ ਮਹਿੰਦਰ ਕੁਮਾਰ ਰਿਨਵਾਂ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਹੁਣੇ ਹੀ ਦੱਸਿਆ ਹੈ ਕਿ ਇਸ ਮਿੱਲ ਦੇ ਲਈ 11/- ਲੱਖ ਰੁਪਏ ਦਾ ਟੈਂਡਰ ਆਇਆ ਹੈ ਜਦ ਕਿ ਇਸ ਦੀ ਕਾਸਟ 35-40/- ਕਰੋੜ ਰੁਪਏ ਹੈ । ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਇਸ ਦੀ ਰਿਜ਼ਰਵ ਪ੍ਰਾਈਸ ਕੀ ਰੱਖੀ ਸੀ ?

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਹੀ ਇਸ ਦੇ ਬਾਰੇ ਦੱਸ ਦਿੱਤਾ ਹੈ ਕਿ ਰਾਇਲਟੀ ਵਗੈਰਾ ਨਿਕਾਲ ਕੇ ਮਿੱਲ ਦੀ ਕੀਮਤ 9-10/- ਕਰੋੜ ਰੁਪਏ ਲਗਾਈ ਗਈ ਸੀ ।

ਸ਼੍ਰੀ ਰਾਜਿੰਦਰ ਕੁਮਾਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ

Original with;
Punjab Vidhan Sabha
Digitized by;
Panjab Digital Library

ਕਿ ਜੋ ਮਿੱਲਾਂ ਬੰਦ ਕੀਤੀਆਂ ਗਈਆਂ ਹਨ, ਕੀ ਉਨ੍ਹਾਂ ਨੂੰ ਪ੍ਰਾਫਿਟ ਕਮਾਉਣ ਲਈ ਪ੍ਰਾਈਵੇਟ ਹੱਥਾਂ ਵਿਚ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ ਭੋਗਪੁਰ ਸ਼ੂਗਰ ਮਿੱਲ ਜੋ ਹੈ, ਉਹ ਮਸ਼ੀਨਰੀ ਖਰਾਬ ਹੋਣ ਦੀ ਵਜ੍ਹਾ ਕਰਕੇ ਬੰਦ ਪਈ ਹੈ । ਉਹ ਬਹੁਤ ਪੁਰਾਣੀ ਮਿੱਲ ਹੈ । ਉਸ ਮਿੱਲ ਦੀ ਸਾਰੀ ਮਸ਼ੀਨਰੀ ਬਦਲਣ ਵਾਲੀ ਹੈ । ਜਦੋਂ ਤੱਕ ਸਾਰੀ ਮਸ਼ੀਨਰੀ ਬਦਲੀ ਨਹੀਂ ਜਾਏਗੀ, ਉਹ ਪ੍ਰਾਫਿਟ ਨਹੀਂ ਦੇਵੇਗੀ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਮਿੱਲਾਂ ਪ੍ਰਾਈਵੇਟ ਹੱਥਾਂ ਵਿੱਚ ਦਿੱਤੀਆਂ ਹਨ, ਕੀ ਉਹ ਹੁਣ ਕੰਮ ਕਰਦੀਆਂ ਹਨ ਜਾਂ ਨਹੀਂ ?

ਸ਼੍ਰੀ ਸਪੀਕਰ : ਤੁਸੀਂ ਜਾ ਕੇ ਚੈਕ ਕਰ ਲਵੋ । (ਹਾਸਾ)

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਕੀ ਮਿੱਲਾਂ ਦਾ ਜੋ ਸਾਜ਼ੋ-ਸਮਾਨ ਹੈ ਜਾਂ ਇਨਵੈਂਟਰੀ ਵਗੈਰਾ ਹੈ, ਉਹ ਸਾਰਾ ਕੁਝ ਮਿੱਲਾਂ ਵਿਚ ਪੂਰਾ ਪਿਆ ਹੈ ?

ਮੰਤਰੀ : ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਰਾ ਸਮਾਨ ਮੌਜੂਦ ਹੈ ਪਰ ਸਿਰਫ ਮਿੱਲ ਚਲ ਨਹੀਂ ਰਹੀ । ਅਦਰਵਾਈਜ਼ ਸਾਰਾ ਸਮਾਨ ਪਿਆ ਹੈ ।

ਸੈਰ-ਸਪਾਟੇ ਦੇ ਵਿਕਾਸ ਤੇ ਖਰਚਾ

*2457. 1. **ਸ਼੍ਰੀ ਬਲਦੇਵ ਸਿੰਘ ਬਲਮਗੜ੍ਹ**
2. **ਸਰਦਾਰ ਬਲਦੇਵ ਸਿੰਘ ਪੱਕਾ** } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਸੈਰ-ਸਪਾਟੇ ਦੇ ਵਿਕਾਸ ਲਈ ਸਾਲਾਂ 1993-94 ਅਤੇ 1994-95 ਦੇ ਦੌਰਾਨ ਸਾਲ ਵਾਰ ਕੁੱਲ ਕਿੰਨਾ ਖਰਚ ਕੀਤਾ ਗਿਆ ਅਤੇ ਸਬੰਧਤ ਸਮਿਆਂ ਦੇ ਦੌਰਾਨ ਇਸ ਤੋਂ ਕਿੰਨੀ ਕਿੰਨੀ ਆਮਦਨ ਹੋਈ ?

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ (ਸੰਸਦੀ ਸਕੱਤਰ, ਸਭਿਆਚਾਰਕ ਮਾਮਲੇ ਅਤੇ ਯਾਤਰਾ) : ਟੂਰਿਜ਼ਮ ਦੀ ਉੱਨਤੀ ਲਈ ਸਾਲ 1993-94 ਅਤੇ 1994-95 ਵਿੱਚ ਨਿਮਨਲਿਖਤ ਖਰਚਾ ਕੀਤਾ ਗਿਆ ਹੈ :—

ਸਾਲ		ਜਿੰਨਾ ਖਰਚ ਕੀਤਾ ਗਿਆ
(1) 1993-94	..	2,51,575/- ਰੁਪਏ
(2) 1994-95		11,97,371/- ਰੁਪਏ

ਜਿਥੋਂ ਤੱਕ ਟੂਰਿਜ਼ਮ ਦੀ ਉੱਨਤੀ ਤੋਂ ਵਾਪਸੀ ਆਮਦਨ ਦਾ ਸਬੰਧ ਹੈ ਇਹ ਇੱਕ

Original with;
Punjab Vidhan Sabha
Digitized by;
Panjab Digital Library

[ਸੰਸਦੀ ਸਕੱਤਰ, ਸਭਿਆਚਾਰਕ ਮਾਮਲੇ ਅਤੇ ਯਾਤਰਾ]

ਸ਼ਾਂਤੀ ਦੀ ਗਤੀ ਵਿਧੀ ਹੈ, ਜਿਹੜੀ ਕਿ ਪੈਸੇ ਦੀਆਂ ਸ਼ਰਤਾਂ ਨਾਲ ਨਹੀਂ ਮਾਪੀ ਜਾ ਸਕਦੀ । ਪ੍ਰੰਤੂ ਇਸ ਦਾ ਸਾਡੀ ਹੈਂਡੀਕਰਾਫਟਸ, ਹੋਟਲ ਵਪਾਰ ਅਤੇ ਵਿਕਰੀ ਆਦਿ ਉਤੇ ਕਈ ਗੁਣਾ ਵਾਪਸੀ ਆਮਦਨ ਹੁੰਦੀ ਹੈ ।

ਸ਼੍ਰੀ ਬਲਦੇਵ ਸਿੰਘ ਬਲਮਗੜ੍ਹ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਟੂਰਿਸਟ ਕੰਪਲੈਕਸ ਬਣੇ ਹਨ, ਉਨ੍ਹਾਂ ਵਿਚੋਂ ਕਿੰਨੇ ਬੰਦ ਪਏ ਹਨ ਅਤੇ ਕਿੰਨੇ ਚਲਦੇ ਹਨ । ਜਿਹੜੇ ਬੰਦ ਪਏ ਹਨ ਉਹ ਕਿਉਂ ਬੰਦ ਪਏ ਹਨ ?

ਸੰਸਦੀ ਸਕੱਤਰ : ਮੈਂ ਦੱਸਣਾ ਚਾਹੁੰਦੀ ਹਾਂ ਕਿ ਸਾਰੇ ਟੂਰਿਸਟ ਕੰਪਲੈਕਸਾਂ ਦਾ ਇਸ ਸਵਾਲ ਨਾਲ ਸਬੰਧ ਨਹੀਂ ਹੈ । ਪਰ ਮੈਂ ਇਤਨਾ ਦੱਸ ਦਿੰਦੀ ਹਾਂ ਕਿ ਜਿਹੜੇ ਫਾਇਦੇ ਵਿਚ ਹਨ ਉਹ ਚਲ ਰਹੇ ਹਨ, ਅੱਰ ਜਿਹੜੇ ਘਾਟੇ ਵਿਚ ਜਾ ਰਹੇ ਸਨ ਉਹ ਬੰਦ ਕਰਨ ਲਈ ਵਿਚਾਰ ਅਧੀਨ ਹਨ । ਪਰ ਇਸ ਲਈ ਇਹ ਸੈਪਰੇਟ ਕੁਐਸਚਨ ਦੇ ਦੇਣ, ਮੈਂ ਪੂਰਾ ਜਵਾਬ ਦੇ ਦੇਵਾਂਗੀ ।

ਸ਼੍ਰੀ ਸਪੀਕਰ : ਇਹ ਤਾਂ ਲੰਬਾ ਜਿਹਾ ਸਵਾਲ ਹੈ ।

ਸੰਸਦੀ ਸਕੱਤਰ : ਸਪੀਕਰ ਸਾਹਿਬ, ਇਸ ਵੇਲੇ 24 ਟੂਰਿਸਟ ਕੰਪਲੈਕਸ ਹਨ, ਜਿਹੜੇ ਚਲ ਰਹੇ ਹਨ ।

ਸ਼੍ਰੀ ਸਪੀਕਰ : ਬੰਦ ਤੁਸੀਂ ਤਾਂ ਨਹੀਂ ਕੀਤੇ, ਬੰਦ ਤਾਂ ਅਤਿਵਾਦ ਨੇ ਕੀਤੇ ਹਨ । ਉਹ ਤੁਸੀਂ ਦਸੋ ।

ਸ਼੍ਰੀ ਬਲਦੇਵ ਸਿੰਘ ਬਲਮਗੜ੍ਹ : ਮੈਂ ਤਾਂ ਇਹੀ ਪੁਛਿਆ ਸੀ ਕਿ ਕਿੰਨੇ ਬੰਦ ਪਏ ਹਨ ?

ਸੰਸਦੀ ਸਕੱਤਰ : ਐਪਰੋਕਸੀਮੇਟਲੀ 4 ਕੰਪਲੈਕਸ ਹਨ, ਜਿਨ੍ਹਾਂ ਨੂੰ ਬੰਦ ਕਰਨ ਦੀ ਸੋਚ ਰਹੇ ਹਾਂ ।

ਸਰਦਾਰ ਸ਼ਮਸ਼ੇਰ ਸਿੰਘ ਰਾਏ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਨਵੇਂ ਟੂਰਿਸਟ ਕੰਪਲੈਕਸ ਬਣਾਉਣ ਦੀ ਸਰਕਾਰ ਦੀ ਤਜਵੀਜ਼ ਹੈ ?

ਸੰਸਦੀ ਸਕੱਤਰ : ਮੈਂ ਦੱਸਣਾ ਚਾਹੁੰਦੀ ਹਾਂ ਕਿ ਹਾਂ ਜੀ, ਤਜਵੀਜ਼ ਹੈ । ਨਵੇਂ ਟੂਰਿਸਟ ਕੰਪਲੈਕਸ ਬਣਨਗੇ ।

Mr. Speaker : Questions are over.

UNSTARRED QUESTIONS AND ANSWERS

ਪੀ. ਏ. ਪੀ. ਦੇ ਕਰਮਚਾਰੀਆਂ ਦੀਆਂ ਵਿਧਵਾਵਾਂ ਨੂੰ ਅਸਾਧਾਰਣ ਪਰਿਵਾਰਕ ਪੈਨਸ਼ਨਾਂ ਦੇਣਾ

410. **ਸ਼੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੀ. ਏ. ਪੀ. ਤੇ ਕਰਮਚਾਰੀਆਂ ਦੀਆਂ ਵਿਧਵਾਵਾਂ ਨੂੰ ਅਸਾਧਾਰਣ ਪਰਿਵਾਰਕ ਪੈਨਸ਼ਨਾਂ ਦੇਣ ਦੇ ਕਿੰਨੇ ਕੇਸ 1 ਜਨਵਰੀ, 1995 ਨੂੰ ਪੈਂਡਿੰਗ ਪਏ ਸਨ;

Original with;
Punjab Vidhan Sabha
Digitized by;
Panjab Digital Library

(ਅ) ਅਜਿਹੀਆਂ ਵਿਧਵਾਵਾਂ ਅਤੇ ਉਨ੍ਹਾਂ ਦੇ ਮ੍ਰਿਤਕ ਪਤੀਆਂ ਦੇ ਨਾਂ ਅਤੇ ਪਤੇ ਅਤੇ ਉਨ੍ਹਾਂ ਦੇ ਰੈਂਕ ਅਤੇ ਨੰਬਰ ਕੀ ਕੀ ਹਨ ਅਤੇ ਇਹ ਕੇਸ ਕਿਸ ਕਿਸ ਮਿਤੀ ਤੋਂ ਪੈਂਡਿੰਗ ਪਏ ਹਨ;

(ਏ) ਇਨ੍ਹਾਂ ਕੇਸਾਂ ਦਾ ਫੈਸਲਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਬੇਅੰਤ ਸਿੰਘ : ਅਸਧਾਰਨ ਪਰਿਵਾਰਿਕ ਪੈਨਸ਼ਨ ਦੇਣ ਸਬੰਧੀ ਜਿਸ ਦਾ ਵਰਨਣ ਮਾਨਯੋਗ ਮੈਂਬਰ ਵਲੋਂ ਆਪਣੇ ਸਵਾਲ ਵਿੱਚ ਕੀਤਾ ਗਿਆ ਹੈ, ਇਹ ਦੱਸਿਆ ਜਾਂਦਾ ਹੈ ਕਿ ਪੈਨਸ਼ਨਾਂ ਤੇ ਰੂਲਾਂ/ਹਦਾਇਤਾਂ ਜਿਨ੍ਹਾਂ ਅਧੀਨ ਵਿਧਵਾਵਾਂ ਅਤੇ ਸਰਕਾਰੀ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਪੀ. ਏ. ਪੀ. ਕਰਮਚਾਰੀਆ ਸਮੇਤ ਅਸਧਾਰਨ ਪਰਿਵਾਰਿਕ ਪੈਨਸ਼ਨ ਦੇਣ ਦੀ ਕੋਈ ਹੋਂਦ ਨਹੀਂ ਹੈ । ਇਸ ਅਨੁਸਾਰ (ਉ), (ਅ) ਅਤੇ (ਏ) ਦਾ ਉੱਤਰ ਨਾਂਹ ਵਿੱਚ ਸਮਝਿਆ ਜਾਵੇ ।

ਰਾਜ ਵਿਚ ਵਪਾਰਕ ਅਦਾਰਿਆਂ ਦੀ ਗਿਣਤੀ

441. **ਸ਼੍ਰੀਮਤੀ ਵਿਮਲਾ ਡਾਂਗ** : ਕੀ ਕਿਰਤ ਅਤੇ ਰੁਜ਼ਗਾਰ ਤੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ਉ) ਰਾਜ ਵਿਚ ਅਜਿਹੇ ਅਦਾਰਿਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਜਿਹੜੇ ਇਸ ਸਮੇਂ ਦੁਕਾਨਾਂ ਅਤੇ ਵਪਾਰਿਕ ਅਦਾਰੇ ਐਕਟ ਅਧੀਨ ਰਜਿਸਟਰਡ ਹਨ ਅਤੇ 31 ਦਸੰਬਰ, 1994 ਨੂੰ ਅਜਿਹੇ ਹਰ ਇਕ ਅਦਾਰੇ ਵਿਚ ਕਰਮਚਾਰੀਆਂ ਦੀ ਕੁੱਲ ਗਿਣਤੀ ਕਿੰਨੀ ਸੀ;

(ਅ) ਰਾਜ ਵਿਚ ਗੈਰ ਰਜਿਸਟਰਡ ਵਪਾਰਿਕ ਅਦਾਰਿਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਅਤੇ 31 ਦਸੰਬਰ, 1994 ਨੂੰ ਅਜਿਹੇ ਹਰ ਇਕ ਅਦਾਰੇ ਵਿਚ ਕਰਮਚਾਰੀਆਂ ਦੀ ਕੁੱਲ ਗਿਣਤੀ ਕਿੰਨੀ ਸੀ ?

ਸਰਦਾਰ ਗੁਲਜ਼ਾਰ ਸਿੰਘ : (ਉ) ਰਾਜ ਵਿਚ ਸ਼ਾਪਸ ਐਕਟ ਅਧੀਨ ਰਜਿਸਟਰਡ ਅਦਾਰਿਆਂ ਦੀ ਸਾਲ, 1993 ਤੀਕ ਕੁੱਲ ਗਿਣਤੀ 2,76 635 ਹੈ ਅਤੇ ਉਨ੍ਹਾਂ ਵਿਚ ਕੰਮ ਕਰਦੇ ਕਰਮਚਾਰੀਆਂ ਦੀ ਕੁੱਲ ਗਿਣਤੀ 1,49,486 ਹੈ । ਮਿਤੀ 31 ਦਸੰਬਰ, 1993 ਤੀਕ ਜ਼ਿਲ੍ਹਾਵਾਰ ਗਿਣਤੀ ਹੇਠ ਅਨੁਸਾਰ ਹੈ :—

ਸਾਲ 1993

ਲੜੀ ਨੰ:	ਜ਼ਿਲ੍ਹੇ ਦਾ ਨਾਂ	ਅਦਾਰਿਆਂ ਦੀ ਗਿਣਤੀ	ਕਿਰਤੀਆਂ ਦੀ ਗਿਣਤੀ
1	2	3	4
1.	ਅੰਮ੍ਰਿਤਸਰ ..	36,564	29,500
2	ਬਠਿੰਡਾ ..	8,538	7,080
3.	ਫਿਰੋਜ਼ਪੁਰ ..	18,399	7,002
4.	ਫਰੀਦਕੋਟ ..	17,899	8,335
5.	ਫਤਿਹਗੜ੍ਹ ਸਾਹਿਬ ..	4,857	1,788
6.	ਗੁਰਦਾਸਪੁਰ ..	20,036	10,775

Original with;
Punjab Vidhan Sabha
Digitized by;
Punjab Digital Library

1	2		3	4
7	ਹੁਸ਼ਿਆਰਪੁਰ	..	21,641	6,189
8.	ਜਲੰਧਰ	..	51,078	30,751
9.	ਕਪੂਰਥਲਾ	..	9,077	5,240
10.	ਲੁਧਿਆਣਾ	..	32,200	21,071
11.	ਮਾਨਸਾ	..	7,027	1,575
12.	ਪਟਿਆਲਾ	..	17,914	6,543
13.	ਰੋਪੜ	..	17,170	6,962
14.	ਸੰਗਰੂਰ	..	14,235	6,675
	ਕੁੱਲ	..	2,76,635	1,49,486

ਸਾਲ 1994 ਸਬੰਧੀ ਸੂਚਨਾ ਅਜੇ ਤਿਆਰ ਨਹੀਂ ਹੈ । ਫੀਲਡ ਤੋਂ ਸੂਚਨਾ ਇਕੱਠੀ ਕੀਤੀ ਜਾ ਰਹੀ ਹੈ ।

(ਅ) ਇਸ ਤਰਾਂ ਦੀ ਕੋਈ ਸੂਚਨਾ ਵਿਭਾਗ ਵਿਚ ਨਹੀਂ ਰੱਖੀ ਜਾਂਦੀ ।

ਰਾਜ ਵਿਚ ਕਾਰਖਾਨਿਆਂ ਦੀ ਗਿਣਤੀ

442. **ਸ੍ਰੀਮਤੀ ਵਿਮਲਾ ਡਾਂਗ** : ਕੀ ਕਿਰਤ ਅਤੇ ਰੁਜ਼ਗਾਰ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਰਜਿਸਟਰਡ ਅਤੇ ਗ਼ੈਰ-ਰਜਿਸਟਰਡ ਕਾਰਖਾਨਿਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ ਅਤੇ 31 ਦਸੰਬਰ, 1994 ਨੂੰ ਅਜਿਹੇ ਹਰ ਇਕ ਕਾਰਖਾਨੇ ਵਿਚ ਕਰਮਚਾਰੀਆਂ ਦੀ ਕੁੱਲ ਗਿਣਤੀ ਕਿੰਨੀ ਸੀ ?

ਸਰਦਾਰ ਗੁਲਜ਼ਾਰ ਸਿੰਘ : ਮਿਤੀ 31 ਦਸੰਬਰ, 1994 ਨੂੰ ਫੈਕਟਰੀਜ਼ ਐਕਟ, 1948 ਅਧੀਨ ਰਜਿਸਟਰਡ ਫੈਕਟਰੀਆਂ ਅਤੇ ਇਨ੍ਹਾਂ ਵਿੱਚ ਕੰਮ ਕਰਦੇ ਕਰਮਚਾਰੀਆਂ ਦੀ ਜ਼ਿਲ੍ਹਾਵਾਰ ਗਿਣਤੀ ਹੇਠ ਅਨੁਸਾਰ ਦਿੱਤੀ ਜਾਂਦੀ ਹੈ । ਗ਼ੈਰ-ਰਜਿਸਟਰਡ ਫੈਕਟਰੀਆਂ ਅਤੇ ਇਨ੍ਹਾਂ ਵਿੱਚ ਕੰਮ ਕਰਦੇ ਕਰਮਚਾਰੀਆਂ ਬਾਰੇ ਇਸ ਵਿਭਾਗ ਵਿੱਚ ਕੋਈ ਰਿਕਾਰਡ ਨਹੀਂ ਰੱਖਿਆ ਜਾਂਦਾ ਇਸ ਲਈ ਇਸ ਸਬੰਧੀ ਕੋਈ ਸੂਚਨਾ ਦੇਣਾ ਸੰਭਵ ਨਹੀਂ ਹੈ :—

ਲੜੀ ਨੰ:	ਜ਼ਿਲ੍ਹੇ ਦਾ ਨਾਂ	ਰਜਿਸਟਰਡ ਫੈਕਟਰੀਆਂ ਦੀ ਗਿਣਤੀ	ਰਜਿਸਟਰਡ ਫੈਕਟਰੀਆਂ ਵਿਚ ਕੰਮ ਕਰਦੇ ਕਰਮਚਾਰੀਆਂ ਦੀ ਗਿਣਤੀ
1	2	3	4
1.	ਅੰਮ੍ਰਿਤਸਰ ..	1,689	39,375
2.	ਗੁਰਦਾਸਪੁਰ ..	716	14,885
3.	ਹੁਸ਼ਿਆਰਪੁਰ ..	414	17,632

Original with;
Punjab Vidhan Sabha
Digitized by;
Panjab Digital Library

1	2	3	4
4.	ਰੋਪੜ ..	445	29,061
5.	ਪਟਿਆਲਾ ..	700	27,201
6.	ਸੰਗਰੂਰ ..	771	34,049
7.	ਬਠਿੰਡਾ ..	550	16,272
8.	ਫਿਰੋਜ਼ਪੁਰ ..	573	14,729
9.	ਕਪੂਰਥਲਾ ..	415	16,058
10.	ਫਰੀਦਕੋਟ ..	706	18,970
11.	ਜਲੰਧਰ ..	1,624	42,273
12.	ਲੁਧਿਆਣਾ ..	4,022	1,35,503
13.	ਫਤਿਹਗੜ੍ਹ ਸਾਹਿਬ ..	266	13,726
14.	ਮਾਨਸਾ ..	152	4,170

ਰਾਜ ਵਿਚ ਸ੍ਰੀ ਦਸ਼ਮੇਸ਼ ਪਬਲਿਕ ਸਕੂਲਾਂ ਦੀ ਗਿਣਤੀ

444. **ਸ੍ਰੀਮਤੀ ਵਿਮਲਾ ਡਾਂਗ** : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਸ੍ਰੀ ਦਸ਼ਮੇਸ਼ ਪਬਲਿਕ ਸਕੂਲਾਂ ਦੀ ਗਿਣਤੀ ਕਿੰਨੀ ਹੈ ਅਤੇ ਹਰ ਇਕ ਕੇਸ ਵਿਚ ਇਹ ਕਿਥੇ ਕਿਥੇ ਸਥਿਤ ਹਨ;

(ਅ) 1 ਜਨਵਰੀ, 1995 ਨੂੰ ਹਰ ਇਕ ਅਜਿਹੇ ਸਕੂਲ ਵਿਚ ਵਿਦਿਆਰਥੀਆਂ ਅਤੇ ਸਿੱਖਿਅਕ ਅਮਲੇ ਦੀ ਗਿਣਤੀ ਕਿੰਨੀ ਸੀ;

(ੲ) ਅਜਿਹਾ ਹਰ ਇਕ ਸਕੂਲ ਕਿਹੜੇ ਕਿਹੜੇ ਸਿੱਖਿਆ ਬੋਰਡ ਨਾਲ ਸਬੰਧਤ ਹੈ;

(ਸ) ਅਜਿਹੇ ਹਰ ਇਕ ਸਕੂਲ ਦੀ ਪ੍ਰਬੰਧਕ ਕਮੇਟੀ ਦੀ ਬਣਤਰ ਕੀ ਕੀ ਹੈ;

(ਹ) ਹਰ ਇੱਕ ਏਜੰਸੀ ਨੂੰ ਕਿੰਨੀ ਕਿੰਨੀ ਰਕਮ ਗ੍ਰਾਂਟ ਵੱਜੋਂ ਦਿੱਤੀ ਜਾਂਦੀ ਹੈ;

(ਕ) ਕੀ ਹਰ ਇੱਕ ਏਜੰਸੀ ਵਿਚ ਅਧਿਆਪਕਾਂ ਨੂੰ ਰੈਗੂਲਰ ਆਧਾਰ ਤੇ ਜਾਂ ਠੇਕੇ ਦੇ ਆਧਾਰ ਤੇ ਨਿਯੁਕਤ ਕੀਤਾ ਜਾਂਦਾ ਹੈ;

(ਖ) ਅਜਿਹੇ ਹਰ ਇੱਕ ਸਕੂਲ ਵਿਚ ਅਧਿਆਪਕਾਂ ਦੇ ਤਨਖਾਹ ਸਕੇਲ ਕੀ ਕੀ ਹਨ ?

ਸਰਦਾਰ ਲਖਮੀਰ ਸਿੰਘ ਰੰਧਾਵਾ : (ੳ) (ਅ) (ੲ) (ਹ) (ਕ) ਅਤੇ (ਖ) ਪੰਜਾਬ ਵਿੱਚ ਸ੍ਰੀ ਦਸ਼ਮੇਸ਼ ਪਬਲਿਕ ਸਕੂਲ 3 ਹਨ । ਇਨ੍ਹਾਂ ਸਕੂਲਾਂ ਸਬੰਧੀ ਲੋੜੀਂਦੀ ਸੂਚਨਾ ਅਨੁਲੱਗ-1 ਤੇ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਸ) ਹਰ ਇੱਕ ਸਕੂਲ ਦੀ ਪ੍ਰਬੰਧਕ ਕਮੇਟੀ ਦੀ ਬਣਤਰ ਸਬੰਧੀ ਸੂਚਨਾ ਅਨੁਲੱਗ-2 ਤੇ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Punjab Digital Library

Original with:
Punjab Vidhan Sabha
Digitized by:
Panjab Digital Library

ਅਨੁਲਗ-I

(ੳ)	ਪੰਜਾਬ ਵਿੱਚ ਸ੍ਰੀ ਦਸ਼ਮੇਸ਼ ਪਬਲਿਕ ਸਕੂਲਾਂ ਦੀ ਗਿਣਤੀ ਅਤੇ ਸਥਿਤੀ	ਸ੍ਰੀ ਦਸ਼ਮੇਸ਼ ਪਬਲਿਕ ਸਕੂਲ, ਪਿੰਡ ਕੋਟਲਾ ਸੁਲਤਾਨ ਸਿੰਘ, ਵਾਇਆ ਮਜੀਠਾ (ਅੰਮ੍ਰਿਤਸਰ)		ਸ੍ਰੀ ਦਸ਼ਮੇਸ਼ ਪਬਲਿਕ ਸਕੂਲ, ਤਲਵੰਡੀ ਸਾਬੋ (ਬਠਿੰਡਾ)		ਸ੍ਰੀ ਦਸ਼ਮੇਸ਼ ਪਬਲਿਕ ਸਕੂਲ, ਬਾਦਲ (ਫਰੀਦਕੋਟ)	
(ਅ)	ਮਿਤੀ 1-1-1995 ਨੂੰ ਸਕੂਲਾਂ ਵਿਚ ਵਿਦਿਆਰਥੀਆਂ ਅਤੇ ਸਿੱਖਿਅਕ ਅਮਲੇ ਦੀ ਗਿਣਤੀ	ਵਿਦਿਆਰਥੀਆਂ ਦੀ ਗਿਣਤੀ ।	ਸਿੱਖਿਅਕ ਅਮਲੇ ਦੀ ਗਿਣਤੀ ।	ਵਿਦਿਆਰਥੀਆਂ ਦੀ ਗਿਣਤੀ ।	ਸਿੱਖਿਅਕ ਅਮਲੇ ਦੀ ਗਿਣਤੀ ।	ਵਿਦਿਆਰਥੀਆਂ ਦੀ ਗਿਣਤੀ	ਸਿੱਖਿਅਕ ਅਮਲੇ ਦੀ ਗਿਣਤੀ ।
		415	14	555	21	587	22
(ੲ)	ਸਕੂਲ ਜਿਹੜੇ ਸਿੱਖਿਆ ਬੋਰਡ ਨਾਲ ਸਬੰਧਤ ਹਨ	ਕਿਸੇ ਸਿੱਖਿਆ ਬੋਰਡ ਨਾਲ ਸਬੰਧਤ ਨਹੀਂ ਹੈ ।		ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਹੈ ।		ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਹੈ ।	
(ਹ)	ਸਕੂਲ ਨੂੰ ਜੋ ਰਕਮ ਗ੍ਰਾਂਟ ਵਜੋਂ ਦਿੱਤੀ ਜਾਂਦੀ ਹੈ ।	ਸਿੱਖਿਆ ਵਿਭਾਗ ਵਲੋਂ ਕੋਈ ਗ੍ਰਾਂਟ ਨਹੀਂ ਦਿੱਤੀ ਜਾਂਦੀ ਪੰਜਾਬ ਡੀਫੈਂਸ ਅਤੇ ਸਿਕਿਉਰਟੀ ਰਲੀਫ਼ ਫੰਡ ਐਜੂਕੇਸ਼ਨਲ ਸੋਸਾਇਟੀ, ਚੰਡੀਗੜ੍ਹ ਵਲੋਂ 3 ਲੱਖ ਰਪਏ ਦੀ ਗ੍ਰਾਂਟ ਸਲਾਨਾ ਦਿੱਤੀ ਜਾਂਦੀ ਹੈ ।		ਸਿੱਖਿਆ ਵਿਭਾਗ ਵਲੋਂ ਕੋਈ ਗ੍ਰਾਂਟ ਨਹੀਂ ਦਿੱਤੀ ਜਾਂਦੀ । ਹੈ । ਪੰਜਾਬ ਡੀਫੈਂਸ ਅਤੇ ਸਿਕਿਉਰਟੀ ਰਲੀਫ਼ ਫੰਡ ਐਜੂਕੇਸ਼ਨਲ ਸੋਸਾਇਟੀ, ਚੰਡੀਗੜ੍ਹ ਵਲੋਂ 3 ਲੱਖ ਰੁਪਏ ਦੀ ਗ੍ਰਾਂਟ ਸਲਾਨਾ ਦਿੱਤੀ ਜਾਂਦੀ ਹੈ '		ਸਿੱਖਿਆ ਵਿਭਾਗ ਵਲੋਂ ਕੋਈ ਗ੍ਰਾਂਟ ਨਹੀਂ ਦਿੱਤੀ ਜਾਂਦੀ ਹੈ । ਪੰਜਾਬ ਡੀਫੈਂਸ ਅਤੇ ਸਿਕਿਉਰਟੀ ਰਲੀਫ਼ ਫੰਡ ਐਜੂਕੇਸ਼ਨਲ ਸੋਸਾਇਟੀ ਚੰਡੀਗੜ੍ਹ ਵਲੋਂ 3 ਲੱਖ ਰੁਪਏ ਗ੍ਰਾਂਟ ਸਾਲਾਨਾ ਦਿੱਤੀ ਜਾਂਦੀ ਹੈ ।	

Original with:
Punjab Vidhan Sabha
Digitized by:

(ਕ)	ਸਕੂਲ ਵਿੱਚ ਅਧਿਆਪਕਾਂ ਨੂੰ ਜਿਸ ਆਧਾਰ ਤੇ ਨਿਯੁਕਤ ਕੀਤਾ ਜਾਂਦਾ ਹੈ ।	ਪਹਿਲਾਂ 3 ਸ਼ਾਲ ਦੇ ਸਮੇਂ ਲਈ ਠੇਕੇ ਦੇ ਆਧਾਰ ਤੇ ਅਤੇ ਇਸ ਉਪਰੰਤ ਪ੍ਰਿੰਸੀਪਲ ਦੀ ਸਿਫ਼ਾਰਸ਼ ਤੇ ਸੇਵਾ ਵਿੱਚ ਵਾਧਾ ਸਕੂਲ ਦੀ ਮੈਨੇਜਿੰਗ ਕਮੇਟੀ ਵਲੋਂ ਕੀਤਾ ਜਾਂਦਾ ਹੈ।	ਰੈਗੂਲਰ ਆਧਾਰ ਤੇ ।	ਰੈਗੂਲਰ ਆਧਾਰ ਤੇ ।
(ਖ)	ਸਕੂਲ ਵਿੱਚ ਅਧਿਆਪਕਾਂ ਦੇ ਤਨਖਾਹ ਸਕੇਲ :	(1) ਪ੍ਰਿੰਸੀਪਲ --7,000/- ਰੁਪਏ ਫਿਕਸ ਪ੍ਰਤੀ ਮਹੀਨਾ (2) ਮਾਸਟਰ - 620-1200/- ਰੁਪਏ । (3) ਆਰਟ ਅਤੇ ਕਰਾਫਟ ਟੀਚਰ 570-1,080/- ਰੁਪਏ । (4) ਪੀ. ਟੀ. ਆਈ.—570-1,080/- ਰੁਪਏ । (5) ਕੇ.ਜੀ. ਟੀਚਰ —480-880/- ਰੁਪਏ ।	(1) ਪ੍ਰਿੰਸੀਪਲ 2,400-4,000/- ਰਪਏ । (2) ਲੈਕਚਰਾਰ - 1,800/-3,200/- ਰੁਪਏ । (3) ਮਾਸਟਰ —1,640-2,925/- ਰੁਪਏ । (4) ਆਰਟ ਅਤੇ ਕਰਾਫਟ ਟੀਚਰ —1,410-2,640/- ਰੁਪਏ । (5) ਜੇ.ਬੀ, ਟੀ. ਟੀਚਰ—1,200-2,100/- ਰੁਪਏ । (6) ਪੀ. ਟੀ. ਆਈ.—1,410-2,640/- ਰੁਪਏ ।	(1) ਪ੍ਰਿੰਸੀਪਲ —2,400-4,000/- ਰੁਪਏ । (2) ਲੈਕਚਰਾਰ— 1,800-3,200/- ਰੁਪਏ । (3) ਮਾਸਟਰ —1,640-2,925/- ਰੁਪਏ । (4) ਆਰਟ ਅਤੇ ਕਰਾਫਟ ਟੀਚਰ 1,410-2,640/- ਰੁਪਏ । (5) ਜੇ. ਬੀ. ਟੀ. ਟੀਚਰ—1,200-2,100/- ਰੁਪਏ । (6) ਪੀ. ਟੀ. ਆਈ.—1,410-2,640/- ਰੁਪਏ ।

Original with: Punjab Vidhan Sabha
Digitized by: Panjab Digital Library

ਅਨੁਲੱਗ-II

ਲੜੀ ਨੰ:	ਸਕੂਲਾਂ ਦਾ ਨਾਮ	ਪ੍ਰਬੰਧਕ ਕਮੇਟੀ ਦੀ ਬਣਤਰ
1	2	3
1.	ਸ੍ਰੀ ਦਸ਼ਮੇਸ਼ ਪਬਲਿਕ ਸਕੂਲ, ਪਿੰਡ ਕੋਟਲਾ ਸੁਲਤਾਨ ਸਿੰਘ, ਵਾਇਆ ਮਜੀਠਾ, ਅੰਮ੍ਰਿਤਸਰ ।	(1) ਡਿਪਟੀ ਕਮਿਸ਼ਨਰ, ਅੰਮ੍ਰਿਤਸਰ—ਚੇਅਰਮੈਨ (2) ਸਬ-ਡਵੀਜ਼ਨਲ ਅਫ਼ਸਰ (ਸਿਵਲ) —ਮੈਨੇਜਰ (3) ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਅੰਮ੍ਰਿਤਸਰ—ਸਕੱਤਰ (4) ਜ਼ਿਲ੍ਹਾ ਸਿੱਖਿਆ ਅਫ਼ਸਰ (ਸ) —ਮੈਂਬਰ ਅੰਮ੍ਰਿਤਸਰ । (5) ਸਕੂਲ ਦਾ ਪ੍ਰਿੰਸੀਪਲ—ਮੈਂਬਰ
2.	ਸ੍ਰੀ ਦਸ਼ਮੇਸ਼ ਪਬਲਿਕ ਸਕੂਲ, ਤਲਵੰਡੀ ਸਾਬੋ (ਬਠਿੰਡਾ) ।	(1) ਡਿਪਟੀ ਕਮਿਸ਼ਨਰ, ਬਠਿੰਡਾ—ਚੇਅਰਮੈਨ (2) ਉਪ ਮੰਡਲ ਅਫ਼ਸਰ (ਸਿਵਲ) —ਮੈਨੇਜਰ (3) ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਬਠਿੰਡਾ—ਮੈਂਬਰ (4) ਜ਼ਿਲ੍ਹਾ ਸਿੱਖਿਆ ਅਫ਼ਸਰ (ਸ), ਬਠਿੰਡਾ —ਮੈਂਬਰ

Original with:
Punjab Vidhan Sabha
Digitized by:
Punjab Digital Library

3.	ਸ੍ਰੀ ਦਸ਼ਮੇਸ਼ ਪਬਲਿਕ ਸਕੂਲ. ਬਾਦਲ, ਫਰੀਦਕੋਟ ।	(5) ਸਕੂਲ ਦਾ ਪ੍ਰਿੰਸੀਪਲ —ਮੈਂਬਰ (1) ਡਿਪਟੀ ਕਮਿਸ਼ਨਰ, ਫਰੀਦਕੋਟ—ਚੇਅਰਮੈਨ (2) ਉਪ ਮੰਡਲ ਅਫ਼ਸਰ (ਸਿਵਲ) —ਮੈਨੇਜਰ (3) ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਰੀਦਕੋਟ—ਮੈਂਬਰ (4) ਜ਼ਿਲ੍ਹਾ. ਸਿੱਖਿਆ ਅਫ਼ਸਰ (ਸ), ਫਰੀਦਕੋਟ—ਮੈਂਬਰ (5) ਸਕੂਲ ਦਾ ਪ੍ਰਿੰਸੀਪਲ— ਮੈਂਬਰ

ਫਰਨੀਚਰ ਦੀ ਖਰੀਦ ਤੇ ਖਰਚਾ

456. **ਕਾਮਰੇਡ ਹਰਦੇਵ ਅਰਸ਼ੀ** : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਮਾਨਸਾ ਵਿਚ ਹਰ ਇਕ ਮਾਰਕਿਟ ਕਮੇਟੀ ਨੇ ਵੱਖ-ਵੱਖ ਸਾਲਾਂ 1992, 1993 ਅਤੇ 1994 ਦੇ ਦੌਰਾਨ ਨਵੇਂ ਫਰਨੀਚਰ ਦੀ ਖਰੀਦ ਤੇ ਕੁੱਲ ਕਿੰਨਾ ਖਰਚਾ ਕੀਤਾ ਅਤੇ ਉਕਤ ਫਰਨੀਚਰ ਦੀ ਖਰੀਦ ਲਈ ਕੀ ਕਸੌਟੀ ਅਪਣਾਈ ਗਈ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ : ਜ਼ਿਲ੍ਹਾ ਮਾਨਸਾ ਵਿਚ ਪੈਂਦੀਆ ਮਾਰਕਿਟ ਕਮੇਟੀਆਂ ਦੀ ਫਰਨੀਚਰ ਦੀ ਖਰੀਦ ਤੇ ਸਾਲਵਾਰ ਖਰਚਾ ਹੇਠ ਲਿਖੇ ਅਨੁਸਾਰ ਹੈ :—

ਮਾਰਕਿਟ ਕਮੇਟੀ ਦਾ ਨਾਂ		1991-92	1992-93	1993-94
ਬੁਢਲਾਡਾ	ਰੁ:	19,700-00	29,905-50	4,316-00
ਬਰੇਟਾ	ਰੁ:	13,980-00	1,19,262-40	21,510-75
ਭੀਖੀ	ਰੁ:	5,450-00	10,071-00	14,780-00
ਮਾਨਸਾ	ਰੁ:	20,383-88	24,686-00	78,786-75
ਸਰਦੂਲਗੜ੍ਹ	ਰੁ:	9,241-00	24,365-50	28,804-83

ਫਰਨੀਚਰ ਦੀ ਖਰੀਦ ਸਬੰਧੀ ਕੋਈ ਨਿਰਧਾਰਤ ਕਸੌਟੀ ਨਹੀਂ ਹੈ। ਬੋਰਡ ਵਲੋਂ ਪ੍ਰਵਾਨ ਕੀਤੇ ਬਜਟ ਅਨੁਸਾਰ ਹੀ ਮਾਰਕਿਟ ਕਮੇਟੀਆਂ ਵਲੋਂ ਖਰਚਾ ਕੀਤਾ ਜਾਂਦਾ ਹੈ।

ਜ਼ਿਲ੍ਹਾ ਮਾਨਸਾ ਵਿਚ ਮਹਿਲਾ ਸੈੱਲ ਦੁਆਰਾ ਸ਼ਿਕਾਇਤਾਂ ਦਾ ਨਿਪਟਾਰਾ

457. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸੀਨੀਅਰ ਸੁਪਰਡੰਟ ਪੁਲਿਸ, ਮਾਨਸਾ ਨੇ ਕਿਸ ਮਿਤੀ ਨੂੰ ਜ਼ਿਲ੍ਹੇ ਵਿਚ ਮਹਿਲਾ ਸੈੱਲ ਦੀ ਸਥਾਪਨਾ ਕੀਤੀ ;

(ਅ) ਉਕਤ ਮਹਿਲਾ ਸੈੱਲ ਨੇ ਹੁਣ ਤੱਕ ਕਿੰਨੀਆਂ ਮੀਟਿੰਗਾਂ ਕੀਤੀਆਂ ਅਤੇ ਹੁਣ ਤੱਕ ਉਸ ਨੂੰ ਕਿੰਨੀਆਂ ਕਿੰਨੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ;

(ੲ) ਉਕਤ ਭਾਗ (ਅ) ਵਿਚ ਵਰਣਿਤ ਸ਼ਿਕਾਇਤਾਂ ਵਿਚੋਂ ਅਜਿਹੀਆਂ ਸ਼ਿਕਾਇਤਾਂ

Original with;
Punjab Vidhan Sabha
Digitized by;
Panjab Digital Library

ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ਅਤੇ ਸ਼ਿਕਾਇਤ ਕਰਤਾਵਾਂ ਦੇ ਨਾਂ ਅਤੇ ਪਤੇ ਦੀ ਕੀ ਹਨ ?

Sardar Beant Singh (a) 5-7-1994.

(b) Thirty meetings were held and 187 complaints were received by the women Cell.

(c) The requisite information is enclosed herewith.

Name and address of the Complainant

1. Inderjeet Kaur W/o Gurveer Singh D/o S. Balwinder Singh W. No. 2 Mansa Distt. Mansa.
2. Manjeet Kaur W/o Mejor Singh R/o Makha Chailan Distt. Mansa.
3. Mukhtiar Singh S/o Jang Singh R/o V. Chotian Ps. Sardulgarh Distt. Mansa.
4. Dan Kaur W/o Sukhdev Singh V. allike Ps. Jhunir Distt. Mansa.
5. Guddo Devi W/o Kansi Ram R/o Buraj Rathi Distt, Mansa.
6. Daljeet Kaur D/o S. Jangir Singh R/o Baliawali Distt. Bathinda.
7. Sajjan Singh S/o Labh Singh R/o Sukur Ps. Ghall Khurd Distt Ferozepur.
8. Meena Rani W/o Magat Rai D/o Om Parkash R/O Mansa Distt. Mansa.
9. Mandeep Kaur W/o Bhola Singh D/o Teja Singh, V. Pulha Now at Rar Distt. Mansa.
10. Shinder Kaur D/o Chand Singh, V. Kudhla Ps. Jaurkian Distt. Mansa.
11. Sunita Devi D/o Biraj Lal, V. Khairampur (Haryana)
12. Mamta Rani D/o Raj Kumar R/o Mansa Distt. Mansa.
13. Swaranjeet Kaur W/o Leela D/o Baldev Singh, V. Malakpur Khiala Ps. Sadar Mansa, Distt. Mansa.
14. Teja Singh S/o Kehar Singh W. No. 2 Mansa, Distt. Mansa.
15. Asha Devi D/o Ramji Dass, Dalip Singh Wali Gali Mansa.
16. Naresh Kumar S/o Jagdish Rai R/o Bareta, Distt. Mansa.
17. SPO Amrik Singh No. 83 Ps. Jhunir, Distt. Mansa.
18. Karnail Kaur W/o Raja Singh, V. Dalewala Distt. Mansa.
19. Bainty Devi W/o Ram Sarup, V. Sakhpura Ps. Talwandi Sabo, Distt. Bathinda.
20. Gurdarsh Kaur W/o Harbans Singh R/o Sangha Ps. Sardulgarh, Distt. Mansa.

Original with;
Punjab Vidhan Sabha
Digitized by;

[Chief Minister]

21. Milkhi Ram S/o Shiv Ram R/o Mansa Distt. Mansa.

22. Manjeet Kaur D/o Partap Singh, New Basti Mansa.

23. Sajjan Singh S/o Lal Singh R/o Sakul, Distt. Ferozepur.

24. Nazer Singh S/o Santa Singh, V. Sahinewali Ps. Jhunir, Distt. Mansa

25. Kamla Rani D/o Jagan Nath, H. No. B-1, 857, Ram Nagar Sunam, Distt. Sangrur.

26. Gurbachan Kaur W/o Harbans Singh R/o Sangha Ps. Sardulgarh, Distt. Mansa.

27. Kamaljeet Kaur D/o Surjeet Singh R/o Tapa Mandi, Distt. Sangrur.

28. Harjinder Kaur W/o Mella Singh, Mansa Kalan, Distt. Mansa.

29. Mithu Singh S/o Ajmer Singh, V. Jhunir, Distt. Mansa.

30. Paramjit Kaur D/o Jarcharan Singh Rtd. Headmaster, V. Bhagwanpur Hegna, Ps. Sardulgarh.

31. Prem Singh S/o Bachan Singh, V. Chaoke, Distt. Bathinda.

32. Bhagwan Singh S/o Bachan Singh, Sekhpura, Distt. Mansa.

33. Ram Piary Wido/o Ram Sarup R/o Mansa, Distt. Mansa.

34. Paramjeet Kaur Wdo/o Bhola Singh, Budhlada, Ps. Budhlada, Distt. Mansa.

35. Baraj Devi @ Babita Rani W/o Ram Kumar S/O Charan Mall R/o Raipur, Ps. Jaurkian, Distt. Mansa.

36. Mega Raj S/o Jagan Nath, V. Bhikhi, Distt. Mansa.

37. Bagga Singh S/o Lallu Ram, V. Boha, Ps. Boha, Distt. Mansa.

38. Shivji Ram S/o Parabh Doyal, Cinima Road Mansa, Distt. Mansa.

39. Nikky Devi W/o Sant Ram, W. No. 7., Mansa, Distt. Mansa.

40. Gurmail Singh S/o Partap Singh, V. Jatana Kalan, Ps. Sardulgarh, Distt. Mansa.

41. Kamaljeet Kaur D/o Harchet Singh Village V. Akkanwali Ps Boha. Distt. Mansa.

42. Sawan Singh S/o Banni Singh, New Basti, Mansa, Distt. Mansa.

43. Sadhu Singh S/o Bhan Singh R/O Rohan Ps. Distt. (Haryana)

44. Nirmal Jeet Kaur D/o Billu Singh, Gali No. 2, W. No. 6 Hajura Nagar Mansa, Distt. Mansa.

45. Bimla Devi W/o Satish Kumar, Greywal Street, Mansa.

46. Sujan Kaur W/o Lt. Gurtej Singh, H. No. A-229, NFL Colony, Bathinda.

47. Jaspal Kaur W/o Harpool Singh, V. Kharak Singh Wala, Distt. Mansa.

Original with;
Punjab Vidhan Sabha
Digitized by;
Panjab Digital Library

48. Bashakhi Ram, Tulsi Ram R/o Kheri.

49. Charanjeet Kaur D/o Chotta Singh R/o Jagaram Tirath PS. Talwandi Sabo Distt. Bathinda.

50. Tek Singh S/o Chand Singh H. No. 203 Gali No. 1 Partap Nagar, Bathinda.

51. Manjeet Kaur D/o Aman Singh W. No. 2 Cinema Road Mansa.

52. Jangir Singh Retd. Fozi. V. Baliwali Distt. Bathinda.

53. Binder Kaur W/o Nazer Singh R/o Mansa Mandi.

54. Mella Singh S/o Harnek Singh Sirsa Road. Mansa Distt. Mansa.

55. Raj Rani Wdo/o Pardeep Chand D/o Hem Raj, Now at C/o Tarsem Lal Bareta Mandi Distt. Mansa.

56. Murti Devi W/o Harbans Singh D/o Mohinder Singh R/O Mansa,

57. Des Raj S/o Chandi Ram, Mansa.

58. Sandhoora Singh S/o Bhag Singh V. Khiala Kalan P.S. Sadar Mansa Distt. Mansa.

59. Sukhpal Kaur D/o Gurjant Singh Bannawali Distt. Mansa.

60. Bintto Devi D/o Kansham Dass, V, Mansa, W. No. 6.

61. Kewal Krishan S/o Parkash Chand, Rajindra Marg Budhlada Distt. Mansa.

62. Sukha Singh S/o Pritam Singh R/o Kasham Pur Shinna P.S. Budhlada Distt. Mansa.

63. Raj Rani W/o Naresh Kumar D/o Shivji Ram Mansa.

64. Gurmail Kaur W/o Mohinder Singh V. Nangle Kalan Distt, Mansa.

65. Sheela Devi W/o Jograj Singh, Ganganager (Raj.)

66. Sujan Kaur Wdo/o Gurtej Singh Dattewas Distt. Mansa.

67. Des Raj S/o Chand Ram R/o Mansa.

68. Kheta Singh S/o Harnek Singh Riksha Chalak Mansa.

69. Mohinder Singh S/o Bishan Singh W. No. 5 Mansa.

70. Malkit Kaur W/o Babbu Singh D/o Parsha Singh R/O Dhanpura PS. Bareta Distt. Mansa.

71. Charanjeet Kaur W/o Gurdev Singh V. Beerewala Jeta P.S. Jaurkian Distt. Mansa.

72. Paramjeet Kaur W/o Palla Singh V. Hodla Kalan P.S. Bhikhi Distt. Mansa.

73. Bhura Singh S/o Nidhan Singh V. Dahliwali Distt, Mansa.

74. Som N2th S/o Tej Bhan Near Gaushala Road Mansa.

Original with;
Punjab Vidhan Sabha
Digitized by;
Punjab Digital Library

[Chief Minister]

75. Bhola Singh S/o Ramji Dass W. No. 5 Mansa.
76. Harchet Singh S/o Gurdial Singh R/o Akkanwali P.S. Boha Distt. Mansa.
77. Santosh Kumari D/o Roop Chand S/o Bhura Singh Khoowali Galli Mansa.
78. Pittar Sain S/o Sat Narain R/o Jaiton Now at Sibbha petrol Pump Jawaherke Road Mansa.
79. Sadha Singh S/o Ishar Singh Majbi R/o Kahangarh Bareta Distt. Mansa.
80. Balwinder Kaur D/o Jagger Singh S/o Jajura Singh R/o Sheron Distt. Sangrur
81. Geeta Ram S/o Kanshi Ram R/o Sharma General store mall road Bathinda.
82. Gurdeep Kaur D/o Naib Singh S/o Nazer Singh W. No. 14 Gidderbaha
83. Amarjeet D/o Inder Singh S/o Phaman Singh R/o Kot Shamir Distt. Bathinda.
84. Darshan Singh S/o Amarjeet Singh V. Chakkbhaike Distt. Bathinda.
85. Paramjeet Kaur D/o Sukhdev Singh R/o Dhinger P.S. Jaurkian Distt. Mansa.
86. Mohinder Kaur D/o Jangir Singh V. Chakerian P.S. Sadar Mansa Distt. Mansa.
87. Surinder Kaur Wdo/o Gurwinder Singh, Cinema Road Mansa.
88. Raj Kaur W/o Jagroop Singh S/o Mangu Singh V. Khive Distt. Mansa.
89. Amarjeet Kaur Wdo/o Bhura Singh Gadderpatti Boha.
90. Ajaib Singh S/o Diwan Singh R/o Raipur P.S. Jaurkian.
91. Manga Ram S/o Rulia Ram Near Salai Centre Girls Budhlada.
92. Lal Singh S/o Sucha Singh V. Ahemadpur P.S. Budhlada.
93. Mukhtiar Singh S/o Kartar Singh Clerk, Mansa.
94. Devi Dyal S/o Mange Ram Gau Shala Road Mansa.
95. Gurmail Singh S/o Hakam Singh R/O Veereke Khurd Distt. Mansa.
96. Ishwar Kumar S/o Sat Pal Post Office Street Mansa.
97. Paramjeet Kaur W/o Harcharan Singh Dhillow V. Bhagwan Pura Hegna P.S. Sardulgarh Distt. Mansa.
98. Balbeer Kaur Gali No. 3, Near Gandhi school Mansa.
99. Gurbachan Kaur W/o Harbans Singh V. Sangha Distt. Mansa.
100. Diwan Chand S/o Biharo Lal Bathinda.
101. Raj Kumar S/o Dev Raj Mansa.
102. Ajmer Singh S/o Krishan Singh V. alampur Mandra P.S, Budhlada Distt. Mansa.
103. Malla Singh @ Harmel Singh S/o Jangir Singh Sahh Pur Mander PS. Budhlada.
104. Mohinder Singh S/o Foza Singh V. Atla Kala P.S. Bhikhi.
105. Harchet Singh S/o Jaswant Singh R/o Sahiniawali, P.S. Jhunir, Distt. Mansa.
106. Charanjeet Kaur D/o Narang Singh R/o Dalliawali, Distt. Mansa.
107. Hari Krishan S/o Ralla Ram V. Budhlada.
108. Rattan Kumar C/o Aggerwal General Store Sadar Bazar Longowal Distt. Sangrur.
109. Jaswant Kaur W/o Jeeva Singh R/o Baretta Distt. Mansa.
110. Shankar Dass S/o Gurnam Dass, V. Sardulgarh.
111. Baldev Singh S/o Amar Singh V. Kishangarh pharmahi, Distt. Mansa
112. Somi Singh S/o Tilku Singh R/o Maur Kalan.
113. Mejor Lal S/o Nasib Chand R/o Bibbiwali Distt. Faridkot.

Original with;
Punjab Vidhan Sabha
Digitized by;
Panjab Digital Library

114. Parveen Lata D/o Jaswant Rai R/o Moonak Distt. Sangrur.

115. Vijay Kumar S/o Ram Lal Ferozepur.

116. Jasveer Kaur Wdo/o Gurnaib Singh Radha Sawami Galli Rampuraphul Distt. Bathinda.

117. Lal Singh S/o Banta Singh R/o Dulluwal Distt. Mansa.

118. Jagtar Singh S/o Shivchintal R/o Lalluana Road Mansa.

119. Amarjeet Kaur W/o Gurnam Singh R/o Mainmandi Distt. Bathinda.

120. Navneet Kumar S/o Bant Ram Brar Railway Phatak Mansa.

121. Bhupinder Singh S/o Jangir Singh Mansa.

122. Shivji Devi D/o Sukhdev Singn W. No. 16 Mansa.

123. Karnail Singh S/o Kapoor Singh Kulehri Distt. Mansa.

124. Kiranpreet Kaur W/o Amarjeet Singh Rozgar Office, Street Mansa.

125. Gulabh Singh S/o Gurdial Singh Alampur Mandra Distt. Mansa.

126. Nasib Kaur D/o Sarwan Singh R/o Khudal Kalan Distt. Mansa.

127. Gurbachan Singh S/o Harnek Singh V. Kotli Khurd Distt. Bathinda.

128. Surjit Kaur W/o Gujjar Singh R/o Jakhepal Distt. Mansa.

129. Asha Rani W/o Jagdish Singh R/o Budhlada.

130. Tehla Singh S/o Arjan Singh R/o Mander Kalan Distt. Mansa.

131. Labh Singh S/o Jagger Singh V. Bhalike Distt. Mansa.

132. Punnu Singh Namberdar V. Ugal Kalan (G. Sen. Sec. School)

133. Sukhdev Singh S/o Heera Singh V. Kalipur Duum P.S. Sardulgarh Distt. Mansa.

134. Jarnail Singh S/o Amar Singh R/o Bahiniwal Distt. Mansa.

135. Jaswant Singh S/o Jagdev Singh R/o Joga.

136. Chotti Kaur D/o Phuman Singh V. Bhaini P.S. Nathana Distt. Bathinda.

137. Ranjani Rani D/o Naveel Dass R/O City Ambala..

138. Isha Rani D/o Roshan Lal S/o Piara Lal R/o Mansa.

139. Gurdev Kaur D/o Hardam Singh V, Ralla Distt. Mansa.

140. Amrik Singh S/o Harssa R/o Khajja Khera. Distt. Sirsa.

141. Raj Rani D/o Tellu Ram V. Budhlada.

142. Mithu Singh S/o Jallandhar Singn Raipur Distt. Mansa.

43. Bulla Singh S/o Soun Singh V. Dalliwali Distt. Mansa.

144. Kartar Singh S/o Hem Raj V. Akkanwali P.S., Boha.

145. Niranjan Singh S/o Gurdial Singh V. Dhandoli.

146. Paramjit Kaur W/o Sukhminder Singh V. Sheikhpura.

147. Mohinder Kaur W/o Jagraj Singh New Basti Mansa.

148. Kewal Singh S/o Sadda Singh R/o Kishangarh Pharmahi Distt. Mansa.

149. Paramjit Kaur D/o Sham Singh V. Phapherebhaike Distt. Mansa.

150. Gajjan Singh S/o Gujjar Singh R/o Ramditewala Distt. Mansa.

151. Kartar Singh S/o Bhag Singh V. Jajjal P.S. Raman.

152. Balbir Singh S/o Nazzer Singh V. Gurnekal P.S. Bhikhi.

153. Chanan Singh S/o Nand Singh V. Bhainiwal P.S. Jourkian.

154. Surjit Kau. W/o Lella Singh V. Sardulgarh.

Original with;
Punjab Vidhan Sabha
Digitized by;
Panjab Digital Library

[Chief Minister]

55. Birbal Dass S/o Makhan Lal V. Sardulgarh.
156. Akky D/o Chand Singh V. Jhanda Ke P.S. Jhuneer.
157. Kartar Singh S/o Bhag Singh Village Hajal Distt. Bathinda.
158. Janta Singh S/o Dalip Singh V. Jhabber (Mansa).
159. Gurbachan Singh S/o Sangam Singh V. Kakhawali P.S. Lambi Distt. Faridkot.
160. Krishan Lal S/o Tek Chand V. Kakrod Distt. Zind.
161. Dev Singh S/o Lal Singh V. Kotli Khurd Distt. Mansa.
162. Sukhminder Singh S/o Kaur Singh R/o Sheikhpura Distt. Mansa.
163. Pinky W/o Surinder Kumar R/o Mour Mandi.
164. Sitto W/o Jarnail Singh V. Bunej Jhabber.

ਬਿਨਾ-ਨਿਸ਼ਾਨਵਾਲਾ ਪ੍ਰਸ਼ਨ ਨੰਬਰ 458*

(ਬਿਨਾ ਨਿਸ਼ਾਨਵਾਲਾ ਪ੍ਰਸ਼ਨ ਨੰਬਰ 458 ਦੀ ਅੈਕਸਟੈਨਸ਼ਨ ਮੰਗੀ ਗਈ ਹੈ ।)

ਜ਼ਿਲ੍ਹਾ ਮਾਨਸਾ ਵਿਚ ਨਸ਼ੀਲੇ ਪਦਾਰਥ ਪਕੜਨਾ

459. **ਕਾਮਰੇਡ ਹਰਦੇਵ ਅਰਸ਼ੀ** : ਕੀ ਮੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਪੁਲਿਸ ਜ਼ਿਲ੍ਹਾ, ਮਾਨਸਾ ਵਿਚ ਵੱਖ-ਵੱਖ ਸਾਲਾਂ 1992, 1993 ਅਤੇ 1994 ਦੇ ਦੌਰਾਨ ਥਾਣੇ-ਵਾਰ ਕਿੰਨੀ ਕਿੰਨੀ ਮਾਤਰਾ ਵਿਚ ਨਸੀਲੇ ਪਦਾਰਥ ਪਕੜੇ ਗਏ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਨਸ਼ੀਲੇ ਪਦਾਰਥ ਰੱਖਣ ਲਈ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

(ੲ) ਉਪਰੋਕਤ ਭਾਗ (ਅ) ਵਿੱਚ ਵਰਣਿਤ ਵਿਅਕਤੀਆਂ ਵਿਚੋਂ ਅਜਿਹੇ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਬਰੀ ਕਰ ਦਿੱਤਾ ਗਿਆ ?

Sardar Beant Singh : (a) The recovery of in-toxicants in distt. Mansa during the years 1992, 1993 and 1994 is enclosed as annexure 'A'

(b & c) In 1992, 114 persons were arrested, out of these 25 persons were acquitted whereas none was convicted (the remaining cases are under trial) In 1993, 102 persons were arrested, out of these one person was convicted and one was acquitted. (the remaining cases are under trial). Similarly, in 1994, 94 persons were arrested and none was convicted and acquitted. (All cases are under trial).

---

*For Unstarred Question No. 458 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:

ANNEXURE 'A'

Sr. No.	Name of the Police Station	Year 1992			Year 1993		Year 1994	
		Poppy Husk in kgs.	Opium in kgs.	Gutta Mixture in Ltr.	Poppy Husk in kgs.	Opium in kgs.	Poppy husk in kgs.	Opium in kgs.
1	2	3	4	5	6	7	8	9
1.	City Mansa ..	25.100	0.500	64 Ltr.	29.900	3.000	2691.100	8.400
2.	Sadar Mansa .	410.000	—	—	1278.000	1.450	506.800	—
3.	Joga .	495.100	—	—	3403.700	5.500	100.000	—
4.	Jhunir ..	3842.100	0.930	—	530.900	—	179.800	—
5.	Jourkian ..	258.200	—	—	485.600	—	126.300	—
6.	Sardulgarh ..	5808.600	1.500	—	1500.000	2,050	532.000	1.110
7.	Bhikhi ..	598.100	—	—	1544.900	7.500	471.400	0.500
8.	Budhlada ..	53.600	—	—	83.000	0.500	48.200	—
9.	Boha ..	150.100	—	—	73.500	—	275.200	—
10.	Bareta ..	32.100	—	—	20.000	—	185.400	4.600

ਸ਼੍ਰੀ ਸਤਨਾਮ ਸਿੰਘ ਕੈਂਥ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਬਹੁਜਨ ਸਮਾਜ ਪਾਰਟੀ ਦੀ ਚੰਡੀਗੜ੍ਹ ਵਿਚ ਰੈਲੀ ਸੀ। ਪੁਲਿਸ ਵਲੋਂ ਉਨ੍ਹਾਂ ਨੂੰ ਜਗ੍ਹਾਂ ਜਗ੍ਹਾ ਤੇ ਰੋਕਿਆ ਗਿਆ ਅਤੇ ਥਾਣਿਆਂ ਦੇ ਵਿਚ ਬੰਦ ਕੀਤਾ ਗਿਆ। ਡੈਮੋਕਰੈਟਿਕ ਤਰੀਕੇ ਨਾਲ ਰੈਲੀ ਕਰ ਰਹੇ ਵਰਕਰਜ਼ ਉਤੇ ਪੁਲਿਸ ਵਲੋਂ ਰੋਪੜ ਵਿਚ ਗੋਲੀ ਚਲਾਈ ਗਈ ਅਤੇ ਕਈ ਥਾਵਾਂ ਤੇ ਲਾਠੀ ਚਾਰਜ ਕੀਤਾ ਗਿਆ। ਸਾਡੇ ਬਹੁਤ ਸਾਰੇ ਵਰਕਰਜ਼ ਫੱਟੜ ਦੀ ਹਾਲਤ ਵਿਚ ਪਏ ਹੋਏ ਹਨ। ਇਸ ਬਾਰੇ ਚੀਫ ਮਨਿਸਟਰ ਸਾਹਿਬ ਹਾਊਸ ਵਿਚ ਉਠ ਕੇ ਆਪਣਾ ਬਿਆਨ ਦੇਣ। ਸਾਡੇ ਇਕ ਐਮ.ਐਲ.ਏ. ਦੀ ਗਰਦਨ ਉੱਤੇ ਤੁਹਾਡੇ ਮਾਰਸ਼ਲ ਨੇ ਹੱਥ ਪਾਇਆ ਅਤੇ ਗਾਲ੍ਹਾਂ ਵੀ ਕੱਢੀਆਂ। ਇਸ ਬਾਰੇ ਚੀਫ ਮਨਿਸਟਰ ਸਾਹਿਬ ਬਿਆਨ ਦੇਣ। (ਸ਼ੋਰ)(ਵਿਘਨ)

ਸ਼੍ਰੀ ਸਪੀਕਰ : ਤੁਸੀਂ ਕਾਲ ਅਟੈਨਸ਼ਨ ਨੋਟਿਸ ਦੇ ਦਿਉ If there will be anything, I will decide. C.M. Sahib is very much here in the House.

ਸ਼੍ਰੀ ਸ਼ਿਗਾਰਾ ਰਾਮ ਸਹੌਤਾ : ** ** **

Mr. Speaker All that he is speaking without permission is xpunged.

ਮੈਂ ਹਾਊਸ ਵਿਚ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਮਾਰਸ਼ਲ ਨੂੰ ਹੁੱਡੇ ਮਾਰੇ ਗਏ ਅਤੇ ਗਾਲ੍ਹਾਂ ਕੱਢੀਆਂ ਗਈਆਂ। I am not allowing your Point of order.

You may please sit down.

WALK-OUT

(ਇਸ ਸਮੇਂ ਬੀ.ਐਸ.ਪੀ. ਦੇ ਸਦਨ ਵਿਚ ਹਾਜ਼ਰ ਮੈਂਬਰ ਸਾਹਿਬਾਨ ਵਾਕ ਆਊਟ ਕਰ ਗਏ ਅਤੇ ਵਾਕ ਆਊਟ ਕਰਦੇ ਸਮੇਂ ਉਹ ** ** ਨਾਹਰੇ ਲਗਾ ਰਹੇ ਸਨ।)

SUSPENSION OF MEMBERS

ਸ਼੍ਰੀ ਸਪੀਕਰ : ਨਾਹਰੇ ਰਿਕਾਰਡ ਨਾ ਕੀਤੇ ਜਾਣ। Nothing is to be recorded. I am removing them from the House for the rest of the day. They are not to enter in the House for today.

ਸ਼੍ਰੀਮਤੀ ਵਿਮਲਾ ਡਾਂਗ : ** ** **

Mr. Speaker : This is no Point of Order.

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ ਆਨ ਏ ਪੁਆਇੰਟ ਆਫ ਆਰਡਰ। ਮੈਂ ਪੰਜਾਬ ਸਰਕਾਰ ਦੇ ਸਾਹਮਣੇ ਇਕ ਗੰਭੀਰ ਮਸਲਾ ਲਿਆਉਣਾ ਚਾਹੁੰਦੀ

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

ਹਾਂ ਕਿ ਪਿਛਲੇ 3 ਸਾਲਾ ਤੋਂ ਅਸੀਂ ਵਾਰ ਵਾਰ ਇਸ ਸਦਨ ਵਿਚ ਕਹਿ ਰਹੇ ਹਾਂ ਕਿ ਮਾਰਚ ਦਾ ਮਹੀਨਾ ਸ਼ੁਰੂ ਹੋ ਗਿਆ ਹੈ ਅਤੇ ਸਕੂਲਾਂ ਦੇ ਵਿਚ ਦਾਖ਼ਲੇ ਸ਼ੁਰੂ ਹੋ ਗਏ ਹਨ । ਨਰਸਰੀ ਅਤੇ ਐਲ.ਕੇ.ਜੀ. ਦੇ ਐਡਮਿਸ਼ਨ ਲਈ ਸੀਟਾਂ ਵਿਕ ਰਹੀਆਂ ਹਨ ਅਤੇ ਸੋ ਕਾਲਡ ਸਕੂਲਾਂ ਦੇ ਵਿਚ ਚੰਦੇ ਅਤੇ ਕੈਪੀਟੇਸ਼ਨ ਫੀਸਾਂ ਲਈਆਂ ਜਾ ਰਹੀਆਂ ਹਨ ।

ਸ਼੍ਰੀ ਸਪੀਕਰ : ਚਾਵਲਾ ਜੀ, ਜਦੋਂ ਤੁਹਾਨੂੰ ਬੋਲਣ ਦਾ ਟਾਈਮ ਮਿਲੇਗਾ, ਤੁਸੀਂ ਉਸ ਵੇਲੇ ਬੋਲ ਲੈਣਾ ।

ਸ਼੍ਰੀ ਵਿਜੇ ਕੁਮਾਰ ਸਾਥੀ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । Please resume your seat.

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ** ** **

Mr. Speaker: No. point of Order. Resume your seat please. Resume your seat.

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਅੱਗੇ ਵੀ ਕਹਿ ਚੁੱਕਾ ਹਾਂ । ਆਪੋਜ਼ੀਸ਼ਨ ਜਿਹੜੀ ਹੈ ਉਹ ਨਾ ਹੀ ਸਪੀਕਰ ਸਾਹਿਬ ਤੁਹਾਨੂੰ ਮੰਨਦੀ ਹੈ ਅਤੇ ਨਾ ਡੈਮੋਕਰੇਟਿਕ ਰਿਵਾਇਤਾਂ ਤੇ ਚਲਦੀ ਹੈ । ਜ਼ੀਰਾ ਸਾਹਿਬ ਦੀ ਗੱਲ ਦਾ ਜਵਾਬ ਮੈਂ ਬੋਲਣ ਵੇਲੇ ਦੇ ਚੁੱਕਾ ਹਾਂ । ਸਪੀਕਰ ਸਾਹਿਬ, ਹਾਊਸ ਦਾ ਸਮਾਂ ਜ਼ੀਰੋ ਆਵਰ ਵਿਚ ਵੇਸਟ ਕੀਤਾ ਜਾਵੇ ਇਹ ਠੀਹ ਨਹੀਂ ਹੈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜ਼ੀਰੋ ਆਵਰ ਦੀ ਕੋਈ ਮਰਿਆਦਾ ਨਹੀਂ ਹੈ । ਹਰ ਗੱਲ ਜ਼ੀਰੋ ਆਵਰ ਵਿਚ ਕਹਿ ਲੈਣਾ, ਇਹ ਹਾਊਸ ਦੀ ਮਰਿਆਦਾ ਨਹੀਂ ਹੈ ਅਤੇ ਇਸ ਨੂੰ ਬੰਦ ਕਰੋ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ (ਵਿਘਨ) (ਸ਼ੋਰ)

RULING BY THE SPEAKER RE. DISPENSING WITH ZERO HOUR

Mr. Speaker: I am not allowing you to raise Point of Order. You are wasting time of the House. Now the House will resume (Interruption). There is no Zero Hour provided in the rules. I will not allow any body henceforth to raise such matters and unnecessarily wasting the time of the House.

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਲੋਕ ਸਭਾ ਵਿਚ ਇਸ ਤਰ੍ਹਾਂ ਕਿਉਂ ਹੁੰਦਾ ਹੈ । ਲੋਕ ਸਭਾ ਵਿਚ ਵੀ ਇਸ ਨੂੰ ਬੰਦ ਕਰਾਉ ।

Mr. Speaker: Please resume your seat. I am worried about the Rules of procedure of this Vidhan Sabha and I will implement them in letter and spririt.

**Expunged as ordered by the Chair.

Original with;
Punjab Vidhan Sabha
Digitized by;

PERSONAL EXPLANATION BY THE MINISTER OF STATE FOR INFORMATION AND PUBLIC RELATIONS

ਰਾਜ ਮੰਤਰੀ, ਸੂਚਨਾ ਅਤੇ ਲੋਕ ਸੰਪਰਕ (ਸਰਦਾਰ ਪ੍ਰਤਾਪ ਸਿੰਘ ਬਾਜਵਾ) : ਸਪੀਕਰ ਸਾਹਿਬ, ਇਕ ਪਰਸਨਲ ਐਕਸਪਲੇਨੇਸ਼ਨ ਦਾ ਮਸਲਾ ਸੀ । ਇਸ ਤਰ੍ਹਾਂ ਸੀ ਜੀ ਕਿ ਕਾਮਰੇਡ ਗੁਰਨਾਮ ਸਿੰਘ ਜੀ ਆਪਣੀ ਸਪੀਚ ਦੌਰਾਨ ਜਦੋਂ ਬੋਲ ਰਹੇ ਸਨ, ਪਹਿਲੀ ਗੱਲ ਤਾਂ ਫਰਜ਼ ਬਣਦਾ ਹੈ ਕਿ ਜਦੋਂ ਸਬੰਧਤ ਕੋਈ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਵੇ ਤਾਂ ਉਸ ਬਾਰੇ ਜ਼ਿਕਰ ਨਹੀਂ ਕਰਨਾ ਚਾਹੀਦਾ । ਸਪੀਕਰ ਸਾਹਿਬ, ਆਪਣੀ ਸਪੀਚ ਦੌਰਾਨ ਇਨ੍ਹਾਂ ਨੇ ਕੁਝ ਟੈਰੋਰਿਸਟ ਲਿੰਕਸ ਦਾ ਮਸਲਾ ਉਠਾਇਆ ਹੈ, ਮੇਰਾ ਅਤੇ ਮੇਰੇ ਇਕ ਹੋਰ ਸਾਥੀ ਦਾ ਏਥੇ ਹਾਊਸ ਵਿਚ ਨਾਂ ਲਿਆ ਹੈ । ਮੇਰੇ ਸਾਥੀ ਨੇ ਤਾਂ ਪਰਸਨਲ ਐਕਸਪਲੇਨੇਸ਼ਨ ਦੇ ਦਿੱਤੀ ਹੈ, ਮੈਂ ਦੇਣੀ ਚਾਹੁੰਦਾ ਹਾਂ ।

Mr. Speaker . Allowed.

ਰਾਜ ਮੰਤਰੀ, ਸੂਚਨਾ ਅਤੇ ਲੋਕ ਸੰਪਰਕ . ਸਪੀਕਰ ਸਾਹਿਬ, 1982-83 ਵਿਚ ਜਦੋਂ ਅਤੱਵਾਦ ਇਥੇ ਪੰਜਾਬ ਵਿਚ ਸ਼ੁਰੂ ਹੋਇਆ, ਜਦੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਪੂਰਾ ਸਿੱਕਾ ਪੰਜਾਬ ਵਿਚ ਚਲਦਾ ਸੀ, ਉਦੋਂ ਸਾਰਿਆਂ ਨਾਲੋਂ ਪਹਿਲਾਂ ਬਹੁਤ ਥੋੜ੍ਹੇ ਆਦਮੀ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਉਥੇ ਚੌਂਕ ਮਹਿਤਾ ਵਿਚ ਜਾ ਕੇ ਚੈਲੈਂਜ ਕੀਤਾ, ਫੰਡਾਮੈਂਟਲਿਸਟ ਅਤੇ ਐਂਟੀ ਨੈਸ਼ਨਲ ਤਾਕਤਾਂ ਦੇ ਅਗੇਂਸਟ ਆਵਾਜ਼ ਉਠਾਈ, ਉਨ੍ਹਾਂ ਵਿਚੋਂ ਇਕ ਮੈਂ ਸੀ । ਇਸ ਗੱਲ ਦੀ ਸਾਨੂੰ ਬਹੁਤ ਵੱਡੀ ਕੀਮਤ ਭੁਗਤਣੀ ਪਈ । ਮੇਰੇ ਆਪਣੇ ਪਿਤਾ ਜੀ ਮੇਰੇ ਪੰਜ ਸਾਥੀਆਂ ਸਮੇਤ ਸਾਡੇ ਫਾਰਮ ਹਾਊਸ ਅੰਮ੍ਰਿਤਸਰ ਵਿਚ ਕਤਲ ਕਰ ਦਿੱਤੇ ਗਏ ਸੀ । ਉਸ ਤੋਂ ਬਾਅਦ 1990 ਵਿਚ ਬਟਾਲੇ ਵਿਚ ਇਕ ਹਸਪਤਾਲ ਵਿਚ ਜਦੋਂ ਮੇਰਾ ਗੰਨਮੈਨ ਜ਼ਖਮੀ ਸੀ, ਉਸਨੂੰ ਮੈਂ ਛੱਡਣ ਹਸਪਤਾਲ ਵਿਚ ਗਿਆ ਤਾਂ ਟੈਰੋਰਿਸਟਾਂ ਨੇ, ਸਪੀਕਰ ਸਾਹਿਬ, ਮੇਰੀ ਕਾਰ ਉਤੇ ਬੰਬ ਲਗਾਇਆ ਅਤੇ ਉਹ ਬੰਬ ਬਲਾਸਟ ਹੋਇਆ । ਉਹ ਵੀ ਇਕ ਮਿਰਕੁਲਸ ਐਸਕੇਪ ਮੇਰੇ ਵਾਸਤੇ ਅਤੇ ਮੇਰੇ ਸਾਥੀਆਂ ਵਾਸਤੇ ਸਾਬਤ ਹੋਇਆ ਹੈ । ਮੈਂ ਆਪਣੇ ਸਾਥੀ ਦੀ ਜਿਨ੍ਹਾਂ ਨੇ ਮੇਰੇ ਬਾਰੇ ਕੁਝ ਕਿਹਾ ਹੈ, ਬਹੁਤ ਇੱਜ਼ਤ ਕਰਦਾ ਹਾਂ, ਕਦਰ ਕਰਦਾ ਹਾਂ, ਇਹ ਬਹੁਤ ਐਕਸਪੀਰੀਐਂਸਡ ਸਾਥੀ ਹਨ । ਮੈਂ ਸਮਝਦਾ ਹਾਂ ਕਿ ਇਕ ਬੇਬੁਨਿਆਦ ਅਤੇ ਬਿਲਕੁਲ ਜਿਸਦੇ ਵਿਚ ਸੱਚਾਈ ਨਹੀਂ ਹੈ, ਤੇ ਪੁਲੀਟੀਕਲੀ ਮੋਟੀਵੇਟਿਡ ਬਿਆਨ ਏਥੇ ਇਨ੍ਹਾਂ ਨੇ ਹਾਊਸ ਵਿਚ ਦਿੱਤਾ ਹੈ । ਮੈਂ ਸਮਝਦਾ ਹਾਂ ਕਿ ਇਹ ਐਕਸਪੰਜ ਕਰਨਾ ਚਾਹੀਦਾ ਹੈ । ਮੈਂ ਕੋਈ ਵੀ ਇਨਕੁਆਇਰੀ, ਕਿਸੇ ਵੀ ਕਮੇਟੀ ਨੂੰ ਫੇਸ ਕਰਨ ਲਈ ਤਿਆਰ ਹਾਂ । ਜੇ ਇਹ ਗੱਲ ਪਰੂਵ ਹੋ ਜਾਵੇ ਤਾਂ ਮੈਂ ਅਸਤੀਫਾ ਦੇ ਦੇਵਾਂਗਾ ਅਤੇ ਜੇ ਪਰੂਵ ਨਾਂ ਹੋਵੇ ਤਾਂ ਇਨ੍ਹਾਂ ਨੂੰ ਅਸਤੀਫਾ ਦੇਣਾ ਚਾਹੀਦਾ ਹੈ । ਮੈਂ ਏਨੀ ਗੱਲ ਕਹਿ ਕੇ ਜਗ੍ਹਾ ਲੈਂਦਾ ਹਾਂ ।

ਸ਼੍ਰੀ ਸਪੀਕਰ : ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ, ਤੁਸੀਂ ਆਪਣੀ ਸਪੀਚ ਸ਼ੁਰੂ ਕਰੋ ।

ਸ਼੍ਰੀਮਤੀ ਵਿਮਲਾ ਡਾਂਗ : ਹਾਲੇ, ਸਪੀਕਰ ਸਾਹਿਬ, ਗੁਰਨਾਮ ਸਿੰਘ ਜੀ ਦੀ ਸਪੀਚ ਖਤਮ ਨਹੀਂ ਹੋਈ । ਹਾਲੇ ਤਾਂ ਇਨ੍ਹਾਂ ਨੇ ਆਪਣੀ ਗੱਲ ਸ਼ੁਰੂ ਹੀ ਕੀਤੀ ਹੈ, ਇਨ੍ਹਾਂ ਨੂੰ ਆਪਣੀ ਗੱਲ ਖਤਮ ਕਰ ਲੈਣ ਦਿਉ ।

Original with;
Punjab Vidhan Sabha
Digitized by;
Punjab Digital Library

ਸ਼੍ਰੀ ਸਪੀਕਰ : ਇਹ ਆਪਣਾ ਪੂਰਾ ਟਾਈਮ ਲੈ ਚੁੱਕੇ ਹਨ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਮੈਂ ਰਿਕੁਐਸਟ ਕਰਦਾਂ ਹਾਂ ਕਿ ਮੈਂ ਤਾਂ ਹਾਲੇ ਬੋਲਿਆ ਹੀ ਕੁਝ ਨਹੀਂ ।

ਸ਼੍ਰੀ ਸਪੀਕਰ : 15 ਮਿੰਟ ਤੁਸੀਂ ਬੋਲਦੇ ਰਹੇ । ਕੋਈ ਕਹੇ ਕਿ ਮੈਂ ਬੋਲਿਆ ਹੀ ਨਹੀਂ ਤਾਂ ਠੀਕ ਗੱਲ ਨਹੀਂ । ਜਿਹੜਾ ਤੁਹਾਡਾ ਟਾਈਮ ਬਣਦਾ ਸੀ, ਉਹ ਮੈਂ ਤੁਹਾਨੂੰ ਦਸਿਆ ਹੈ ਅਤੇ ਤੁਹਾਡੀ ਲੀਡਰ ਸਾਹਿਬਾ ਨੇ ਦੱਤਾ ਹੈ । ਤੁਹਾਡੇ ਸੀ.ਪੀ.ਆਈ. ਗਰੁੱਪ ਦਾ ਟਾਈਮ 28 ਮਿੰਟ ਦਾ ਸੀ, ਅਤੇ 28 ਮਿੰਟ ਵਿਚ ਬੋਲੇ ਹਨ । ਤੁਹਾਨੂੰ ਫੇਰ ਵੀ ਲੀਡਰ ਆਫ਼ ਦੀ ਹਾਊਸ ਦੀ ਇੱਛਾ ਮੁਤਾਬਿਕ ਕਿ ਖੁੱਲਾ ਟਾਈਮ ਦਿੱਤਾ ਜਾਵੇ ਅਤੇ ਮੈਂ ਖੁਦ ਵੀ ਇਸ ਵਿਉ ਦਾ ਹਾਂ, 15 ਮਿੰਟ ਦਿੱਤੇ ਹਨ । ਫੇਰ ਵੀ ਤੁਸੀਂ ਕਹੋ ਕਿ ਅਸੀਂ ਬੋਲੇ ਹੀ ਨਹੀਂ । ਹੁਣ ਮੈਂ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਨੂੰ ਅਲਾਉ ਕੀਤਾ ਹੈ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਅਧਿਅਕਸ਼ ਮਹੋਦਿਯ . . .

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਬਾਜਵਾ ਜੀ ਨੇ ਐਕਸਪਲੇਨੇਸ਼ਨ ਦਿੱਤੀ ਹੈ . . . . .

ਸ਼੍ਰੀ ਸਪੀਕਰ : ਤੁਸੀਂ ਆਪਣੀ ਸਪੀਚ ਵਿਚ ਗੱਲ ਕਰਦ ਸੀ । ਮੈਂ ਤੁਹਾਨੂੰ ਸਫੀਸ਼ੈਂਟ ਟਾਈਮ ਦਿੱਤਾ ਹੈ । ਜਦੋਂ ਤੁਸੀਂ ਇਕ ਗਰੁੱਪ ਦੇ ਤੌਰ ਤੇ ਕੰਮ ਕਰਦੇ ਹੋ ਤਾਂ ਤੁਹਾਨੂੰ ਇਹ ਡਿਸਾਈਡ ਕਰ ਲੈਣਾ ਚਾਹੀਦਾ ਹੈ ਕਿ ਕਿਸ ਨੇ ਕਿੰਨਾ ਬੋਲਣਾ ਹੈ । ਤੁਸੀਂ ਆਪਣੇ ਗਰੁੱਪ ਦਾ ਇਕ ਲੀਡਰ ਚੁਣਿਆ ਹੈ । ਉਨ੍ਹਾਂ ਨੇ ਦੇਖਣਾ ਹੈ ਕਿ ਕਿਸਨੇ ਬੋਲਣਾ ਹੈ । ਫਿਰ ਵੀ ਮੈਂ ਤੁਹਾਨੂੰ ਅਲਾਓ ਕੀਤਾ ਇਸ ਗੱਲ ਦੇ ਬਾਵਜੂਦ ਕਿ ਤੁਸੀਂ ਪੂਰਾ ਟਾਈਮ ਲੈ ਚੁਕੇ ਸੀ । ਫਿਰ ਵੀ ਦੇਵਾਂਗੇ ਅਗਰ ਮੌਕਾ ਮਿਲਿਆ ਤਾਂ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਕੱਲ ਡੋਗਰਾ ਸਾਹਿਬ ਬੈਠੇ ਸਨ, ਉਨ੍ਹਾਂ ਨੇ ਬੜਾ ਬੜਾ ਟਾਈਮ ਦਿੱਤਾ ਹੈ ਸਾਰਿਆਂ ਨੂੰ ।

ਸ਼੍ਰੀ ਸਪੀਕਰ : ਤੁਹਾਨੂੰ ਸੁਖਾਇਆ ਨਹੀਂ । ਤੁਸੀਂ ਤਾਂ ਗਾਲ੍ਹਾਂ ਹੀ ਕੱਢਣ ਲਗ ਗਏ ਸਪੀਕਰ ਨੂੰ । ਤੁਹਾਨੂੰ ਮੈਂ ਰੂਲਾਂ ਵਿਚ ਕੁਝ ਰਿਲੈਕਸੇਸ਼ਨ ਦੇ ਕੇ ਹੋਰ ਟਾਈਮ ਤਾਂ ਦੇ ਸਕਦੈ ਹਾਂ ਪਰ ਇਹ ਨਹੀਂ ਕਿ ਤੁਸੀਂ ਜਿੰਨਾ ਚਾਹੇ ਬੋਲੀ ਜਾਉ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਕਦੇ ਸੀ.ਪੀ.ਆਈ. ਵਲੋਂ ਵੀ ਤੁਸੀਂ ਅਪ-ਸ਼ਬਦ ਸੁਣੇ ਹਨ ।

ਸ਼੍ਰੀ ਸਪੀਕਰ : ਤੁਹਾਨੂੰ ਟਾਈਮ ਘੱਟ ਨਹੀਂ ਦਿੱਤਾ ਗਿਆ । ਪਿਛੇ ਤੁਸੀਂ ਵੀ ਪ੍ਰਾਟੈਸਟ ਕੀਤਾ ਸੀ । ਪ੍ਰੈਸ ਵਿਚ ਵੀ ਆ ਚੁਕਾ ਹੈ ਅਤੇ ਮੈਂ ਡਿਟੇਲ ਵੀ ਦੇ ਚੁੱਕਾ ਹਾਂ । Now do not waste time. Please resume your seat. Smt. Laxmi Kanta Chawla, you please speak.

Original with;
Punjab Vidhan Sabha
Digitized by;
Panjab Digital Library

PERSONAL EXPLANATION BY THE MINISTER OF STATE FOR INFORMATION AND PUBLIC RELATIONS

ਰਾਜ ਮੰਤਰੀ, ਸੂਚਨਾ ਅਤੇ ਲੋਕ ਸੰਪਰਕ (ਸਰਦਾਰ ਪ੍ਰਤਾਪ ਸਿੰਘ ਬਾਜਵਾ) : ਸਪੀਕਰ ਸਾਹਿਬ, ਇਕ ਪਰਸਨਲ ਐਕਸਪਲੇਨੇਸ਼ਨ ਦਾ ਮਸਲਾ ਸੀ । ਇਸ ਤਰ੍ਹਾਂ ਸੀ ਜੀ ਕਿ ਕਾਮਰੇਡ ਗੁਰਨਾਮ ਸਿੰਘ ਜੀ ਆਪਣੀ ਸਪੀਚ ਦੌਰਾਨ ਜਦੋਂ ਬੋਲ ਰਹੇ ਸਨ, ਪਹਿਲੀ ਗੱਲ ਤਾਂ ਫਰਜ਼ ਬਣਦਾ ਹੈ ਕਿ ਜਦੋਂ ਸਬੰਧਤ ਕੋਈ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਵੇ ਤਾਂ ਉਸ ਬਾਰੇ ਜ਼ਿਕਰ ਨਹੀਂ ਕਰਨਾ ਚਾਹੀਦਾ । ਸਪੀਕਰ ਸਾਹਿਬ, ਆਪਣੀ ਸਪੀਚ ਦੌਰਾਨ ਇਨ੍ਹਾਂ ਨੇ ਕੁਝ ਟੈਰੋਰਿਸਟ ਲਿੰਕਸ ਦਾ ਮਸਲਾ ਉਠਾਇਆ ਹੈ, ਮੇਰਾ ਅਤੇ ਮੇਰੇ ਇਕ ਹੋਰ ਸਾਥੀ ਦਾ ਏਥੇ ਹਾਊਸ ਵਿਚ ਨਾਂ ਲਿਆ ਹੈ । ਮੇਰੇ ਸਾਥੀ ਨੇ ਤਾਂ ਪਰਸਨਲ ਐਕਸਪਲੇਨੇਸ਼ਨ ਦੇ ਚਿੱਤੀ ਹੈ, ਮੈਂ ਦੇਣੀ ਚਾਹੁੰਦਾ ਹਾਂ ।

Mr. Speaker : Allowed.

ਰਾਜ ਮੰਤਰੀ, ਸੂਚਨਾ ਅਤੇ ਲੋਕ ਸੰਪਰਕ : ਸਪੀਕਰ ਸਾਹਿਬ, 1982-83 ਵਿਚ ਜਦੋਂ ਅਤੱਵਾਦ ਇਥੇ ਪੰਜਾਬ ਵਿਚ ਸ਼ੁਰੂ ਹੋਇਆ, ਜਦੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਪੂਰਾ ਸਿੱਕਾ ਪੰਜਾਬ ਵਿਚ ਚਲਦਾ ਸੀ, ਉਦੋਂ ਸਾਰਿਆਂ ਨਾਲੋਂ ਪਹਿਲਾਂ ਬਹੁਤ ਥੋੜ੍ਹੇ ਆਦਮੀ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਉਥੇ ਚੌਂਕ ਮਹਿਤਾ ਵਿਚ ਜਾ ਕੇ ਚੈਲੈਂਜ ਕੀਤਾ, ਫੰਡਾਮੈਂਟਲਿਸਟ ਅਤੇ ਐਂਟੀ ਨੈਸ਼ਨਲ ਤਾਕਤਾਂ ਦੇ ਅਗੇਂਸਟ ਆਵਾਜ਼ ਉਠਾਈ, ਉਨ੍ਹਾਂ ਵਿਚੋਂ ਇਕ ਮੈਂ ਸੀ । ਇਸ ਗੱਲ ਦੀ ਸਾਨੂੰ ਬਹੁਤ ਵੱਡੀ ਕੀਮਤ ਭੁਗਤਣੀ ਪਈ । ਮੇਰੇ ਆਪਣੇ ਪਿਤਾ ਜੀ ਮੇਰੇ ਪੰਜ ਸਾਥੀਆਂ ਸਮੇਤ ਸਾਡੇ ਫਾਰਮ ਹਾਊਸ ਅੰਮ੍ਰਿਤਸਰ ਵਿਚ ਕਤਲ ਕਰ ਦਿੱਤੇ ਗਏ ਸੀ । ਉਸ ਤੋਂ ਬਾਅਦ 1990 ਵਿਚ ਬਟਾਲੇ ਵਿਚ ਇਕ ਹਸਪਤਾਲ ਵਿਚ ਜਦੋਂ ਮੇਰਾ ਗੰਨਮੈਨ ਜ਼ਖਮੀ ਸੀ, ਉਸਨੂੰ ਮੈਂ ਛੱਡਣ ਹਸਪਤਾਲ ਵਿਚ ਗਿਆ ਤਾਂ ਟੈਰੋਰਿਸਟਾਂ ਨੇ, ਸਪੀਕਰ ਸਾਹਿਬ, ਮੇਰੀ ਕਾਰ ਉਤੇ ਬੰਬ ਲਗਾਇਆ ਅਤੇ ਉਹ ਬੰਬ ਬਲਾਸਟ ਹੋਇਆ । ਉਹ ਵੀ ਇਕ ਮਿਰਕੁਲਸ ਐਸਕੇਪ ਮੇਰੇ ਵਾਸਤੇ ਅਤੇ ਮੇਰੇ ਸਾਥੀਆਂ ਵਾਸਤੇ ਸਾਬਤ ਹੋਇਆ ਹੈ । ਮੈਂ ਆਪਣੇ ਸਾਥੀ ਦੀ ਜਿਨ੍ਹਾਂ ਨੇ ਮੇਰੇ ਬਾਰੇ ਕੁਝ ਕਿਹਾ ਹੈ, ਬਹੁਤ ਇੱਜ਼ਤ ਕਰਦਾ ਹਾਂ, ਕਦਰ ਕਰਦਾ ਹਾਂ, ਇਹ ਬਹੁਤ ਐਕਸਪੀਰੀਐਂਸਡ ਸਾਥੀ ਹਨ । ਮੈਂ ਸਮਝਦਾ ਹਾਂ ਕਿ ਇਕ ਬੇਬੁਨਿਆਦ ਅਤੇ ਬਿਲਕੁਲ ਜਿਸਦੇ ਵਿਚ ਸੱਚਾਈ ਨਹੀਂ ਹੈ, ਤੇ ਪੁਲੀਟੀਕਲੀ ਮੋਟੀਵੇਟਿਡ ਬਿਆਨ ਏਥੇ ਇਨ੍ਹਾਂ ਨੇ ਹਾਊਸ ਵਿਚ ਦਿੱਤਾ ਹੈ । ਮੈਂ ਸਮਝਦਾ ਹਾਂ ਕਿ ਇਹ ਐਕਸਪੰਜ ਕਰਨਾ ਚਾਹੀਦਾ ਹੈ । ਮੈਂ ਕੋਈ ਵੀ ਇਨਕੁਆਇਰੀ, ਕਿਸੇ ਵੀ ਕਮੇਟੀ ਨੂੰ ਫੇਸ ਕਰਨ ਲਈ ਤਿਆਰ ਹਾਂ । ਜੇ ਇਹ ਗੱਲ ਪਰੂਵ ਹੋ ਜਾਵੇ ਤਾਂ ਮੈਂ ਅਸਤੀਫਾ ਦੇ ਦੇਵਾਂਗਾ ਅਤੇ ਜੇ ਪਰੂਵ ਨਾਂ ਹੋਵੇ ਤਾਂ ਇਨ੍ਹਾਂ ਨੂੰ ਅਸਤੀਫਾ ਦੇਣਾ ਚਾਹੀਦਾ ਹੈ । ਮੈਂ ਏਨੀ ਗੱਲ ਕਹਿ ਕੇ ਜਗ੍ਹਾ ਲੈਂਦਾ ਹਾਂ ।

ਸ਼੍ਰੀ ਸਪੀਕਰ : ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ, ਤੁਸੀਂ ਆਪਣੀ ਸਪੀਚ ਸ਼ੁਰੂ ਕਰੋ ।

ਸ਼੍ਰੀਮਤੀ ਵਿਮਲਾ ਡਾਂਗ : ਹਾਲੇ, ਸਪੀਕਰ ਸਾਹਿਬ, ਗੁਰਨਾਮ ਸਿੰਘ ਜੀ ਦੀ ਸਪੀਚ ਖਤਮ ਨਹੀਂ ਹੋਈ । ਹਾਲੇ ਤਾਂ ਇਨ੍ਹਾਂ ਨੇ ਆਪਣੀ ਗੱਲ ਸ਼ੁਰੂ ਹੀ ਕੀਤੀ ਹੈ, ਇਨ੍ਹਾਂ ਨੂੰ ਆਪਣੀ ਗੱਲ ਖਤਮ ਕਰ ਲੈਣ ਦਿਉ ।

Original with;
Punjab Vidhan Sabha
Digitized by;
Panjab Digital Library

GENERAL DISCUSSION ON THE BUDGET ESTIMATES FOR THE YEAR 1995-96 (*Resumption*)

श्रीमती लक्ष्मी कांता चावला : स्पीकर साहिब, इस बजट में कुछ बात तो वही हैं जो हमें पिछले बजट में भी दिखाई दी थी और सुनी थीं, जैसे प्राईवेट अध्यापकों को पैंनशन दी जायेगी । सैद्धान्तिक रूप में तो चाहे स्वीकार कर लिया गया है लेकिन जो सरकारी सहायता प्राप्त कालेज हैं, उन्हें पैंनशन देने के बारे में अभी तक कुछ नहीं किया गया ।

ਸ੍ਰੀ ਸਪੀਕਰ : ਇਨ੍ਹਾਂ ਤੋਂ ਬਾਦ ਡਾਕਟਰ ਰਮੇਸ਼ ਚੰਦ ਜੀ ਬੋਲਣਗੇ ।

श्रीमती लक्ष्मी कांता चावला : मेरा वित्त मंत्री जी से निवेदन है कि पैंनशन देने की घोषणा करके उस को लागू कर दिया जाये ताकि प्राईवेट अध्यापक साथियों को भी लाभ मिल सके ।

दोमोरीया पुल है, या कुरालो वाला पुल है या कुछ दूसरे पुल हैं इन के बारे में तो पिछली बार भी कहा गया था । पिछले वर्ष भी 120 स्कूल अपग्रेड करने थे, अब भी यह वही 120 स्कूल ही हैं । पिछली बार 6000 टीचर्ज़ भर्ती करने की बात की गई थी, अब 11000 टीचर्ज़ की बात है। 11000 और 6000, यह 17000 वाली बात नहीं है । बजट मे पढ़ें तो लगता है कि पहले 6000 टीचर्ज़ भर्ती कर लिये गये हैं और अब 11,000 और लिए जा रहे हैं। यह भी कोई नई बात नहीं है । इतने ज्यादा अध्यापक सेवा मुक्त हो जाएंगे कि यह सीटें भी खाली की खाली रह जायेंगी । शिक्षा के लिए कम राशी रखी गई है । शिक्षा को राज्य के कुल खर्चे का ज्यादा हिस्सा मिलना चाहिए ताकि अध्यापकों और बच्चों-दोनों का लाभ हो सके और भारत के सामने जो खतरा आ रहा है कि सन् 2000 तक सारे विश्व में जितने अनपढ़ होंगे, उस का 1/4 हिस्सा हमारे देश में होगा, उस खतरे का सामना किया जा सके ।

अगर यही हाल रहा तो जो हमारा साक्षरता का टीचा है वो हम पूरा नहीं कर सकेंगे । इस लिये यह जो स्कूल हैं यह ज्यादा होने चाहिये । एक प्रश्न यह है कि जो हमारी बच्चीयां पढ़ना चाहती हैं वह गांवों में स्कूल न होने के कारण बाहर शहरों में पढ़ने के लिये जा नहीं सकती जिस कारण वह बच्चियां केवल मैट्रिक तक ही रह जाती है । शिक्षा के लिये हम ने पहले भी मांग की थी और आज फिर मांग करते हैं कि यह जो शिक्षा की दुकाने हैं ये ब्लैक में शिक्षा बेचती हैं । इन को बंद बेशक न किया जाये लेकिन इन को कम जरूर किया जाये । आज स्थिति यह है कि अमृतसर में 11000/-रूपये देकर दाखला होता है, यह एक पब्लिक स्कूल की बात है । यह 11000/- फीस नहीं है यह दाखला है । जो यह 11,000/- नहीं दे सकता उस का दाखला नहीं हो सकता । इसके इलावा जो प्राईवेट स्कूलों में

Original with;
Punjab Vidhan Sabha
Digitized by;
Panjab Digital Library

[श्रीमती लक्ष्मी कांता चावला]

टीचर हैं वह 300-400/- रूपये के वेतन पर काम करते है । मैंने यह बात उस दिन भी कही थी जब पंजाब में साक्षरता लाने के लिये मते पर विचार हो रही थी कि सरकार को शिक्षा बारहवीं श्रेणी तक फ्री कर देनी चाहिये । यह शिक्षा केवल स्कूलों तक फ्री करने की आवश्यकता नहीं । आवश्यकता तो यह है कि इस को मैट्रिक के बाद बारहवीं श्रेणी तक एक दम फ्री कर देना चाहिये । इस के इलावा यह भी अनिवार्य होना चाहिये कि जो माता पिता अपने बच्चों को पढ़ने के लिये स्कूलों में नहीं भेजते उन को भी दंड दिया जाये । उनको उचित दड देने का भी उपबंध होना चाहिये । लड़कियों को प्लस टू तक की शिक्षा फ्री होनी चाहिये । जो सरकार ने कहा है सीनियर सैकंडरी स्कूल 120 होंगे, यह पिछले साल 1994 में भी कहा था, यह 120 नहीं होने चाहिये बल्कि जितनी जरूरत हो उतने होने चाहियें । इस के इलावा बारहवी कक्षा में विद्यार्थी को हाथ का काम भी सिखाया जाना चाहिये । बेशक हमारे पास स्कूल कालिज हैं आई.टी.आई हैं । लेकिन जो बच्चे मैट्रिक के बाद बारहवीं तक की शिक्षा प्राप्त करते हैं उनको फ्री शिक्षा के साथ साथ स्कूलों में ही कोई न कोई हाथ का काम सिखाया जाना चाहिये ।

इसी तरह जो हमारी शिक्षा है वह नैतिक शिक्षा से बिल्कुल रहित है । अपने देश के बच्चों को किसी एक मज़हब की शिक्षा न देना तो समझ में आता है लेकिन क्रांतीकारियों ने जिन्होंने देश के लिये, समाज के लिये कौमो के लिये कुरबानीयां दी शहीदीयां दी उन के बारे में बच्चों को शिक्षा न देना नयीं पीड़ी को अपनी धरती से दूर करना है जो कि हमेशा ही हानीकारक होता है ।

स्पीकर साहिब, बजट के कुछ मुद्दों पर सचमुच ही सरकार की तारीफ करनी चाहिये । सरकार ने जो महिलाओं के लिये अंशकालीन नौकरी का प्रबंध किया है कि अगर वह पूरा समय नौकरी में नहीं आ सकती तो कुछ समय पार्ट टाईम काम कर सकती है जो कि एक बहुत ही अच्छा काम है । इस की मैं सराहना करती हूं पर इस के साथ ही मैं यह भी बिनती करूंगी कि महिला कर्मचारियों को पुरूष कर्मचारिपों के बराबर दफतरों में दर्जा नहीं दिया गया । मैडीकल के खर्च की बात हो या एल. टी. सी. की बात हो अगर किसी के चार बच्चे हों तो वह चारों ही अपने माता पिता के मैडिकल के खर्च की राशी ले सकते हैं परन्तु एक महिला अपने मां बाप के मैडिकल खर्च को नहीं ले सकती । उसको अहसास कराया जाता है कि वह यह खर्च नहीं ले सकती जिस के कारण वे बिचारी अपने मां-बाप के स्वास्थय को ठीक नहीं करवा सकती । इस लिये मेरी सरकार से प्रार्थना है कि जो महिला कर्मचारी हैं उस को भी मैडिकल खर्च और एल. टी. सी. की व्यवस्था होनी चाहिये । जैसे एक पुरुष के अगर चार भाई हैं और वे चारों ही अपने माता पिता के मैडिकल और एल. टी. सी. का खर्चा

Original with;
Punjab Vidhan Sabha
Digitized by;
Panjab Digital Library

ले सकते हैं उसी प्रकार महिला कर्मचारी को भी यह फैसिलिटी दे देनी चाहिये ।

*3.55 दजे
(घाअच दुपहिर)

(इस समय* श्री डिपटी सपीकर ने सदन की कुरसी सँभाली ।)

डिप्टी स्पीकर साहिब, इस बार सरकार ने हमारी एक मांग मान ली है कि जो सेल्ज़ टैक्स है उस की अदायगी आसान करने के लिये हमने एस. टी. 22 फार्म खत्म कराने की बात बार बार की । हम धन्यवाद करते है कि सरकार ने इस मांग को स्वीकार करके व्यापारी वर्ग को राहत दी है । लेकिन मैं पहले भी प्रार्थना करती थी और अब भी कहती हुँ कि व्यापारियों को इन्सपैक्टरी राज के रहम पर छोड़ कर तंग न किया जाये ।

मैडीकल विभाग का पैसा सरकार ने बढ़ाया है लेकिन केवल 7 करोड़ और कुछ लाख रुपये ही बढ़ाया है । पर इसके साथ नई बिल्डिंगें बनाने की बात भी कही गयी है । पिछले साल से चाहे यह पैसा बढ़ा है । दवाईयों के लिये इन्होंने कहा है कि शत-प्रतिशत बढ़ा दिया है । लेकिन मरीजों को दवाईयां देने के लिये, ऐमरजैंसी सर्विसिज़ को ठीक करने के लिये इस पैसे से कुछ बनने वाला नहीं है ।

इसके बाद राहत और पुनर्वास विभाग की बात करती हूं । मैं पहले भी प्रार्थना करती थी कि जो लोग उग्रवादियों के शिकार हो कर अपनी आंखें, दोनों हाथ या दोनों पैर खो चुके हैं, उन लोगों की जो पैन्शन 1500/रूपये से घटा कर 1000/- रुपये कर दी गयी है उसको बढ़ाने के लिये मंत्री महोदय अपने भाषण में कुछ कहेंगे या सोचेंगे मगर ऐसा नहीं हुआ है। हम चाहते हैं कि उन लोगों को पैन्शन विधवा पैन्शन के बराबर दी जानी चाहिये ताकि वह अपाहिज लोग अपना गुज़ारा कर सकें । लेकिन इस बजट में ऐसी कोई भी सहायता न दिखाई देकर हमें निराश होना पड़ा है ।

यह खुशी की बात है कि कर्मचारियों को अंतिम रिलीफ दी गयी है । लेकिन जितनी राहत उन्होंने मांगी थी और जितनी दी जानी चाहिये थी उतनी नहीं दी गयी । मैं कर्मचारियों की ट्रांसफर की बात लगातार तीन सालों से करती आ रही हूं । वित्त मन्त्री जी को याद भी होगा और उन्होंने 1992 में यह बात कही भी थी कि हमारे कर्मचारियों को ट्रांसफर करवाने के लिये बहुत से भ्रष्ट तरीके अपनाने पड़ते हैं । या तो उनको सिफारिश करानी पड़ती है और या पैसा देना पड़ता है, खर्च करना पड़ता है। हम बार बार बिनती करते रहे हैं कि कोई ट्रांसफर

Original with;
Punjab Vidhan Sabha
Digitized by;
Panjab Digital Library

[श्रीमती लक्ष्मी कांता चावला]

नीति अपनाई जानी चाहिये जैसा बैंकों में होता है कि कर्मचारियों को पता होता है कि इतने साल के बाद उनको जाना ही जाना है। लेकिन हमारे बहुत से कर्मचारी 20-20 साल तक गांवों में बैठे रहते है और उनके पास ट्रांसफर कराने के स्त्रोत नहीं होते। कुछ शहरों में लगे हुए हैं, मैं तो कहूंगी कि कमाऊ सीटों पर लगे हुए है और वे यह सपना लेते है कि वो रिटायर भी वहां ही हों और उनका सपना सच भी हो जाता है। अगर कोई निश्चित ट्रांसफर पालिसी बन जाये तो कर्मचारियों का काम भी कम हो जायेगा हमारे मंत्रियों का काम भी कम हो जायेगा और हमारा भी कम हो जायेगा और ट्रांसफर करवाने वालों की तकलीफ भी दूर हो जायेगी।

महिला कर्मचारियों को सुविधा देने के लिये सरकार जिसको टैक्नीकल भाषा में 'कपल केस' कहती है, उनको एक ही स्टेशन पर रखा जाये नहीं तो उनका परिवारिक जीवन अस्त-व्यस्त हो जायेगा। इसके लिये भी कोई निश्चित नीति बनानी चाहिये। जो कर्मचारी हमारे गांवों में काम करने जाते हैं उनको आने जाने के लिये दो घन्टे ज्यादा लगते है और उनको किराया भी खर्च करना पड़ता है। उसके बाद उनको मकान किराया भत्ता भी नहीं मिलता। एक तो दूसरों से ज्यादा समय काम करें और तनखाह भी कम लें। फिर कहते है कि कर्मचारी गांवों मे क्यों नहीं जाते। उनको गांवों में जाने के लिये दोहरी मार का सामना करना पड़ता है। इसलिए जो कर्मचारी गांवों में काम करते है उन को मकान किराया भत्ता देना चाहिए। इस में सरकार का कोई भी धन राशी खरचने में संकोच नहीं करना चाहिऐ। यह बहुत जरूरी है।

सके साथ खाधापूर्ति विभाग है। तेल के मामले में पजाब की जनता बहुत दुःखी है। पांच या छः लिटर तेल गांवों के लोगों को मिलता है। शहर में दो श्रेणीयां हैं। एक वह जो गैस वाले हैं। दूसरे वह जो बिना गैस के है इन को सिर्फ 5-6-7 लिटर तेल मिलता हैं। एक वर्ग वह है जो 24-24 घंटे अपने कमरे को हीटर, एयर कंडीशनर या बलोयर से गर्म रखता है। दूसरी तरफ एक वर्ग 5-6 लिटर तेल लेने के लिये जून की धूप या दिसंबर जनवरी की सर्दी में डिपूयों की लाईनों में लगता हैं। घायल घायल की गति जानता है इसलिये जिन के अपने कमरे गर्म है, वह अहिसास नहीं कर सकते। दूसरी तरफ लोग 5 लिटर तेल लेने के लिये भी डिपू वालों को मिन्नतें करते हैं। उनके घर चूल्हा नहीं होता। सिर्फ होंठों से सिम्पथी नहीं करनी चाहीए। चीनी प्रति व्यक्ति सिर्फ साढ़े तीन या पौने चार सौ ग्राम मिलती है। इस से जनता का आशीर्वाद सरकार को प्राप्त नहीं हो सकता। इसलिये मेरा निवेदन है कि प्रति व्यक्ति एक किलो चीनी मिलनी चाहिए। बाकी कोई ज्यादा खरीदे या नहीं लेकिन कम से कम एक किलो चीनी प्रति व्यक्ति मिलनी चाहीऐ। इस के साथ आटा और

Original with;
Punjab Vidhan Sabha
Digitized by;
Panjab Digital Library

तल पनसप को दुकानों पर या तो कम मिलता है या उन की क्वालिटी खाने योग्य नहीं होती । इसलिये उनको अच्छा आटा देना चाहिए और वह आटा खाने के योग्य होना चाहीए ।

इस के बाद हमारे वित्त मन्त्री जी ने कहा है कि वह कर मुक्त बजट दे रहे हैं । पिछली बार भी इन्होंने कहा था कि कर मुक्त बजट दे रहे हैं लेकिन बाद में सरकार ने यह आदेश जारी कर दिये । विधान सभा का सत्र 22 23 दिन के करीब होता है । इस में शोक मता भी होता है, राज्यपाल का भाषण भी होता है और भी कुछ हो सकता है । 23 दिन के सत्र के बाद यह अध्यादेश हो जाता है कि किराये बढ़ा दिये गए हैं । टैक्स बढ़ा दिये गए हैं । जनता पर बोझ पड़ जाता है । जिस तरह पहले बिजली के बिल बढ़ाए गये, पानी के बिल बढ़ाए गये, बसों के किराये बढ़ा दिये गये थे । तेल भी महंगा हो गया था । मेरा सरकार से यह निवेदन है कि सरकार यह सुनिश्चित करे कि किराये नहीं बढ़ाये जाएंग । बाकी रोडवेज की बात है ।

पुरानी कहावत है :

"रोडवेज की लारी,
न बूहा, न बारी ।"

अब भी सड़कों पर ऐसी लारीयां दिखाई देती हैं । पंजाब की जनता का बहुत बड़ा भाग बसों की छतों पर सफर करता है । जैसे गऊशाला मे गऊ की संख्या निश्चित है कि इतनी गऊ होनी चाहिए । उसी प्रकार बसों में व्यक्तियों की निश्चित संख्या होनी चाहिए । जिन के घुटनों में बल है, जिन के बाजुओं में दम है वह बस के साथ लटक जाते हैं और बाकी सवारियां दूसरी बस की प्रतीक्षा करती है । उन को धक्के खाने पड़ते है । जिन्होंने धक्के नहीं खाये, वह अनुभव भी नहीं कर सकते ।

यह बसें जो खरीदी गई, जो मेरे पहले प्रश्न के उत्तर में ट्रांसपोर्ट मन्त्री जी ने बताया था कि जो नई बसें खरीदी हैं 1992 में, उन में से 150 से ज्यादा टूट चुकी है । और बसें सरकार खरीद रही है। एक सैपरेट उत्तर में कहा कि 450 से ज्यादा बसों के एक्सीडेंट हुए । यह एक्सीडैंट ड्राईवर की गलती के कारण हुए बस खराब होने कारण हुए, ब्रेक फेल होने से हुए इस बात की जानकारी नहीं मिली । कुछ एक्सीडेंट ऐसे होते हैं जो सड़कें खराब होने से होते , हैं सड़कों के ऊपर जो शराब के ठेके होते है उनके कारण होते हैं । अमृतसर से जालन्धर तक की जो सड़क है उस के बारे मुख्य मन्त्री जी ने दो वर्ष पहले अपने निशान वाले प्रश्न में उत्तर दिया था कि वह सड़क 2001-2006 सन् तक बना देंगे । क्या पता उस वक्त कौन

Original with;
Punjab Vidhan Sabha
Digitized by;
Panjab Digital Library

[श्रीमती लक्ष्मी कांता चावला]

राजा होगा और किस की प्रजा होगी लेकिन उन्होंने यह उत्तर दे दिया । मेरे कहने का भाव यह है कि कुछ एक्सीडेंट छोटी सड़क होने के कारण होते हैं । मैं सरकार को विनती करती हूं कि इस को प्राएरटी देकर काम करे । सरकार कहती है कि वह पुल बनाएगी । सड़कें बनाएगी । जो रेलवे लाईनें लगाई हैं' उनके फाटक बंद होने से हमारा पैट्रोल नष्ट होता है, हमारा समय नष्ट होता है । समय ही तो जीवन है । जापान में स्कूल का कोई बच्चा किसी बड़े आदमी के आने पर क्लास में खड़ा नहीं होता । वहां यह कहा जाता है कि अगर 50 बच्चे एक मिन्ट के लिये खड़े हों तो हमारे 50 मिन्ट नष्ट होंगे । अपना यह हाल है कि जालन्धर बस सटैंड पर जो रेलवे क्रासिंग पर फाटक है वह 5-20 पर बन्द हुआ और 6-20 पर खुला और वहां सैकडे गाड़िया, उन का धुआं सिर को चढ़ता है, इस के साथ डीज़ल और पैट्रोल भी नष्ट होता है । कई गाड़ियां धक्के से सटार्ट होती हैं तो वह तो बन्द भी नहीं करते । यह जनता की बद-किस्मती है ।

इस के साथ मेरा निवेदन है कि पंजाब के कई ऐसे प्राईमरी स्कूल हैं जैसे यहां आज बताया गया है कि अमृतसर में 49 स्कूल ऐसे है, जिन की हालत खस्ता है, जिन की इमारतें खतरे वाली डिक्लेयर हो गई हैं । वित मन्त्री जी चले गये हैं, मैं चाहती थी कि वह यहां होते । उस दिन वित मन्त्री जी ने यह कहा था कि हरियाणा छोटा सा सूबा है । अगर वह कांटैसा कारें खरीद सकते हैं तो इन को क्या तकलीफ है । हमें इन की कांटैसा पर चढने की तकलीफ नहीं अगर वह हवाई जहाज़ खरीद कर उस पर चढ़े तो भी हमें कोई तकलीफ नहीं होगी । हमें तो तकलीफ तब होती है जब शिक्षा मन्त्री कहते है कि साढ़े चार सौ स्कूलों के लिये इमारत नाम की कोई चीज़ नहीं है, 140 स्कूलों की इमारतों की हालत खस्ता है । यह तो सरकारी आंकड़े हैं, वैसे पता नहीं कितने और होंगे । हमें तकलीफ तब होती है जब साढ़े पाँच सौ स्कूलों के लिये बिलडिंगें नहीं है, हमें तकलीफ तब होती है जब हज़ारों बच्चे कमाने के लिये दुकानों पर जाते हैं, ढाबे पर जाते हैं, हमें तकलीफ तब होती है जब पंजाब में लैदरा कार्पोरेशन के कर्मचारियों को कई महीने से तनखाह न मिले, हमे कांटैसा की तकलीफ तब होती है जब पनबैक के कर्मचारियों को कई महीनों से तनखाह ना मिले हमें तकलीफ तब होती है जब एस. पी. ओ. और होम गार्ड को नियमित वेतन से कम वेतन मिले, हमें तकलीफ तब होती हैं जब लोग बसों की छतों पर सफर करते हैं हमें तकलीफ तब होती हैं जब सरकार लोगों पर सीधे टैक्स लगाती है, हमें इस लिऐ तकलीफ होती है कि लोगों को पांच लिटर तेल के लिये जलालत का सामना करना पड़ता है, हमें तब तकलीफ होती है जब कोठियों में फुहारे चलते ह बाग़ीचों के लिए मगर हमें पीने के पानी कि लिये तरसना पड़ता है । एक गली में पाँच सौ का खिलौना लगा दिया जाता है और लोग खड़े रहते हैं लाईन

Original with;
Punjab Vidhan Sabha
Digitized by;
Panjab Digital Library

लगा कर पानी लेने कि लिये, हमें इस लिये तकलीफ है कि वह लोग अंधेरे में जिन्दगी जीने के लिये मजबूर हैं ।

ਸਰਦਾਰ ਜਸਜੀਤ ਸਿੰਘ ਰੰਧਾਵਾ . ** ** **

Mr. Deputy Speaker: This is no Point of Order. Behan Ji, please try to wind up.

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਹਾਲਾਂ ਤਾਂ ਸ਼ੁਰੂ ਹੋਇਆ ਹੈ ਜੀ । ਮੈਂ ਬੀ. ਜੇ. ਪੀ. ਵਲੋਂ ਪਹਿਲੀ ਵਕਤਾ ਹਾਂ ।

Mr. Deputy Speaker: I have already given 15 minutes.

ਤੁਹਾਡੀ ਪਾਰਟੀ ਦੇ 28 ਮਿੰਟ ਬਣਦੇ ਹਨ You may take another five minutes.

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਜੋ ਮਿੱਤਲ ਸਾਹਿਬ ਨੇ ਕਿਹਾ ਸੀ ਉਹ ਇਹ ਸੀ ਕਿ ਜੇ 28 ਮਿੰਟ ਦੇਣੇ ਹਨ ਤਾਂ ਅਸੀਂ ਹਿੱਸਾ ਨਹੀਂ ਲੈਣਾ ।

ਸ਼੍ਰੀ ਡਿਪਟੀ ਸਪੀਕਰ . ਹੋਰ ਕਿੰਨਾ ਟਾਈਮ ਤੁਸੀਂ ਲਵੋਗੇ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਜਿੰਨਾ ਦੇਵੋਗੇ ਜੀ ।

ਸ਼੍ਰੀ ਡਿਪਟੀ ਸਪੀਕਰ : ਪੰਜ ਮਿੰਟ ਹੋਰ ਲੈ ਲਓ । (ਵਿਘਨ) 10 ਮਿੰਟ ਵਿਚ ਵਾਈਂਡ ਅੱਪ ਕਰ ਦਿਓ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਠੀਕ ਹੈ, ਮੈਂ 10 ਮਿੰਟਾਂ ਵਿਚ ਹੀ ਵਾਈਂਡ ਅੱਪ ਕਰ ਦੇਵਾਂਗੀ ।

ਵੈਸੇ, ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਨੇ ਇਹ ਕਿਹਾ ਹੈ, ਇਹ ਕੱਲ ਆਪ ਬੋਲੇ ਸੀ ਅੌਰ ਜੋ ਇਨ੍ਹਾਂ ਨੇ ਕਿਹਾ ਸੀ ਕੀ ਉਹ ਬਜਟ ਤੇ ਸੀ ?

महिला कमीशन की बात हुई है । महिला कमिशन का चेयरमेन किस को बनाया गया था और मैंबर किस को बनाया गया । महिला कमिशन की चेयरमैन अपनी कोठी में बैठी है और सरकार से किराया लेती है । इस कमिशन का काम क्या है ? मैं यह बताना चाहती हूं कि उस कमिशन के पास नौ शिकायतें आई हैं और उस नौं में से एक का भी निपटारा नहीं हुआ । इस किस्म के कमिशन बना कर एक सफेद हाथी बांधने का कोई फायदा नहीं । यह इतने फंडज़ किस लियें बरबाद किए जा रहे हैं । इस बात की हमें ख़ुशी है कि पंजाब में खुशहाली आई, पंजाब में रौनक बढ़ी लेकिन यह रौनक किस बात की बढ़ी ? इस राज्य में

**Expunged as ordered by the Chair.

Original with;
Punjab Vidhan Sabha
Digitized by
Panjab Digital Library

(श्रीमती लक्ष्मी कांता चावला]

लाटरी की रौनक है, आम शराब के ठेकों में रौनक है । ठेके आधी रात के बाद भी चलते रहते हैं । कानून तो यह बना है कि शराब पी कर गाड़ी मत चलाए लेकिन शराब पी कर गाड़ी चलाई जाती है, हाईवे में शराब पीकर गाड़ीयां चलाई जाती हैं । शराब पी कर गाड़ी चलाए और जनता के सर फोड़ कर जाएं (व्यवधान) मैं यह कहना चाहती हूं कि महिला कमिशन जो है इस की ब्रांच हर शहर में हर जिला लैवल में होनी चाहिए । जो उपभोगता फोरम है उस में पांच हजार तक के झगड़े के जो केसिज हैं वो होने चाहिएं ताकि लोगों को वकीलों से मुक्त किया जाए ।

एक बात मैं यह भी कहना चाहती हूं कि यह कहते हैं कि हिन्दी हमारी दूसरी राज्य भाषा है लेकिन सरकारी दफ्तरों में विधान सभा में तो हिन्दी में कोई काम नहीं होता । पंजाब में कोई मील पत्थर हिन्दी में दिखाई नहीं देता । पंजाब में सभी रिपोर्टें अंग्रेज़ी में छपती हैं । इतना कागज़ इतना पैसा इतना छपाई का खर्चा करने का क्या लाभ अगर साथ में अंग्रेज़ी देनी है । या तो हम अंग्रेज़ी को ही दूसरी भाषा मान लें । यहां जो प्रश्न आते हैं वह भी पंजाबी में ही मिलते हैं हिंदी में नहीं मिलते । विधान सभा की कमेटियों में एक अक्षर का काम भी हिन्दी में नहीं होता, हमें जो भी करना हो मन से कर्म से करना चाहिए । हमारी दूसरी राज्य भाषा कौनसी है । दफ्तरों के क्लर्क कहीं हिन्दी में नहीं लिखते, कुछ काम पंजाबी में होता है बाकी सारा अंग्रेज़ी में ही होता है । हमारे विश्वविद्यालयों में, गुरु नानक यूनिवर्सिटी में एक शब्द भी पंजाबी में बोलने के लिए नहीं है । उन को क्यों ग्रांट मिले जो केवल अंग्रेज़ी माध्यम में पढ़ाते हैं । पंजाबी यूनिवर्सिटी पटियाला में एम. ए. पी. एच. डी. वालों को अगर संविधान पढ़ाया जाता है, वह केवल अंग्रेज़ी में ही पढ़ाया जाता है और हिन्दुस्तान की किसी भाषा में वे नहीं पढ़ सकते । इस लिए मैं कहती हूं कि हिन्दी भाषा को यहां कोई दर्जा नहीं दिया जाता ।

अब मैं अपने हलके की बात करुंगी । अमृतसर में लड़कियों के लिए सरकारी कालेज नहीं है । वहां शिक्षा बहुत महंगी चल रही है । गोल बाग और कोटला में कोई हाई स्कूल नहीं है क्योंकि वहां झुगी झोंपड़ी वाले ही रहते हैं । दीना नगर की लड़कियां मेरे पास आई । उन्होंने कहा कि उनके लिए एक हायर सेकन्डरी स्कूल खोल दिया जाये परन्तु एक वी.आई.पी. को लाभ पहुंचाने के लिए वहां स्कूल नहीं खुल रहा ।

फिर जो अमृतसर जालन्धर की सड़क है इस पर एक्सीडेंट वगैरा भी बहुत होते हैं, उस सड़क को भी दोहरा कर दिया जाये ।

Original with;
Punjab Vidhan Sabha
Digitized by;
Panjab Digital Library

फिर अमृतसर में जो गुरु नानक देव हस्पताल है वहां पर ग्लूकोज़ प्लांट उसी दिन से बंद पड़ा है जिस दिन से 1980-81 में यह लगा था । अगर वह प्लांट चला दिया जाये तो लोगों को 3/- रुपये प्रति बोतल के हिसाब से ग्लूकोज मिल सकता है जो कि उन को 30-35/- रुपये में बाज़ार से लेना पड़ता है ।

फिर उस हस्पताल में रेडियोथैरापिस्ट के न होने से वहां पर रेडियोथैरापी नहीं हो रही । इस से गरीब लोगों को बहुत तंग होना पड़ता है और जालंधर, लुधियाना तक आना पड़ता है । अमीर तो पैसा खर्च कर सकता है हालांकि तंग तो वह भी होता है ।

फिर बुढ़ापा पैन्शन जो दी जाती है इस को बेटों के साथ न जोड़ा जाये । गरीब आदमी जब प्रार्थना पत्र देता है चाहे वह बुढ़ापा पैनशन है या विधवा पैनशन, उस को मन्जूर कर दिया जाये । अब आपने विधवा पैन्शन 200/- रुपये कर दी है पर हमारी प्रार्थना है कि इस को 300/- रूपये कर दिया जाये। आज के महंगाई के ज़माने में 10/- रु. रोज़ के हिसाब से देने ज्यादा नहीं है । फिर इस की प्रक्रिया को भी सरल किया जाये । गरीब लोगों को 7-7 जगह हस्ताक्षर करवाने के लिये जाना पड़ता है, इस को सरल किया जाये ।

दूसरी बात यहां पर जो औद्योगिक क्रान्ति की बात की जा रही है अमृतसर में कोई भी बड़ी औद्योगिक संस्था नहीं है । वहां पर बेरोजगार भी बहुत हैं और अनपढ़ लोग भी बहुत ज्यादा है । स्माल स्केल इंडस्ट्री भी जो वहां पर है वह भी आतंकवाद से बहुत प्रभावित हुई है और जो है, वह भी बहुत पुरानी है । इस लिए वहां पर कोई बड़ी इन्डस्ट्री लगाई जाये ।

एक बात यहां पर और बताई गई थी कि हाईवे पर चार शराब के ठेके हैं पर चौदह तो मैंने खुद गिने हैं और यह ठेके भी स्कूलों कालेजों के सामने बनाये गये हैं । इससे बच्चों पर बहुत असर पड़ता है। यह बंद होने चाहिएं ।

फिर लाटरी की बात आई तो बताया गया कि इस को बंद किया जायेगा पर जो पैसा लगाया है उसको इकट्ठा करना है । यदि यह बात है तो यह जुए का अड्डा एक जगह बना दिया जाये, जगह जगह अड्डे नहीं होने चाहिएं ।

जिस तरह शेयर बाज़ार या सट्टा लगा होता है, स्कूलों के बच्चे फीसें लेकर लाटरी भरने जाते है । सुबह एक बात मेरी समझ में नहीं आई कि चीफ मनिस्टर साहिब ने कहा कि हमने महात्मा गांधी की अहिंसा से आज़ादी प्राप्त की । अब 23 मार्च को हुसैनीवाला में शहीदी दिवस मनाया जा रहा है । भगत सिंह, सुखदेव, राजगुरु की याद में यह दिन मनाया जा रहा है जिस में मुख्य मन्त्री

Original with;
Punjab Vidhan Sabha
Digitized by;
Panjab Digital Library

[श्रीमती लक्ष्मी कांता चावला]

और बहुत सारे नैशनल लीडर श्रद्धांजली देने आ रहे हैं । रानी झांसी, सुभाष चन्द्र बोस, चन्द्र शेखर, लाला लाजपत राय ने भी शहीदीयां दी थीं । कांग्रेस पार्टी ने तो जो पहले 300 बूचड़ खाने थे उनके बढ़ा कर 36000 बूचड़खाने कर दिए हैं । महात्मा गांधी ने बूचड़खाने को बन्द करने को कहा था । महात्मा गांधी के नाम को बदनाम करने वाले बूचड़खानों को बढ़ा रहे हैं, शराब के ठेके खोल रहे है । सुबह चीफ मनिस्टर साहिब ने मौलिकता की बात की । वह आदमी जिस की जमानत को हो, वह लालड़ू के गर्ल्स सीनियर हाई स्कूल में लड़कियों को ईनाम देने के

श्री डिपटी स्पीकर : बैठ जी, वाईंड अप करें ।

श्रीमती लक्ष्मी कांता चावला : लड़कियों को ईनाम देने के लिए जाए वहां नैतिकता कहां रह जाती है । 1992 के बाद इस सरकार की जनता के सामने क्या छवि है यह तो जनता ही बता सकती है । यह जो बजट पेश किया गया है वह प्रशंसा के लायक नहीं है । मैं इसका समर्थन नहीं कर सकती । डिप्टी स्पीकर साहिब, मैं आप का धन्यवाद करती हूं ।

श्री डिपटी स्पीकर : हां जी, श्री रमेश दत्त शरमा जी, तुसीं बोलो ।

श्री रमेश दत्त शरमा (अनंदपुर साहिब) : डिपटी स्पीकर साहिब, मैं तुहाडा धंनवादी हां कि तुसीं मैंनूं बजट उते बोलण लई समां दित्ता है । इह बजट जिहड़ा डाक्टर मनमोहन सिंघ जी ने इस सदन विच पेश कीता है मैं उस दा समरथन करन लई खड़ा होइआ हां । मैं इह गल इथे कहिणा चाहुंदा हां कि 1992 तों बाअद पंजाब विच इलैक्शन होए अते फरवरी, 1992 विच साडी सरदार बेअंत सिंघ दी सरकार बणी । 1978 विच पंजाब विच अकाली-जनता पारटी दी सरकार बणी सी, पर उह वी पूरा समां नहीं चल सकी सी । साडी सरकार पिछले 3 साला तों इक सटेबल सरकार दी तरां चल रही है अते इस ने सटेट विच वी सटेबिलटी लिआंदी है अते अज इथे साडी सरकार ने चौथा बजट पेश कीता है । इस तों पहिलां अकाली पारटी दी सरकार पंजाब विच बणी अते दे जां ढाई साल ही कढ के खतम हो गई अते कोई पुलीटीकल सटेबिलटी नहीं दे सकी पर इथे साडी सरकार ने सटेबिलटी लिआंदी है । जिस वकत साडी सरकार 1992 विच आई उदों पहिला बजट पेश कीता गिआ सी । इह गल मंनण वाली है कि सटेट दा बजट जिहड़ा हुंदा है इस दे विच पुलीटीकल दिशा नहीं हुंदी बलकि जिहड़ा सैंटर दा बजट हुंदा है उस दे विच पुलीटीकल दिशा निरदेश हुंदे हन अते उस उते सारा कुझ निरधारित हुंदा है । साडे इथे जिहड़ा पहिलां पंजाब विच माईनस 800 करोड़ दा बजट सी उह नूं इनां ने पलैन

800 ਕਰੋੜ ਰੁਪਏ ਦਾ ਕਰ ਦਿਤਾ ਹੈ ਅਤੇ ਇਸ ਸਾਲ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ ਉਹ 1675 ਕਰੋੜ ਰੁਪਏ ਦਾ ਹੈ । ਸਾਡੀ ਸਰਕਾਰ ਕਾਫੀ ਫਾਈਨੈਂਸ਼ਿਅਲ ਕਰਾਈਸਿਜ਼ ਵਿਚੋਂ ਨਿਕਲੀ ਹੈ ਅਤੇ ਪਹਿਲੀ ਵਾਰ ਹੈ ਕਿ ਪੰਜਾਬ ਦੇ ਲੋਕਾਂ ਨੂੰ ਸਿਆਸੀ ਤੌਰ ਤੇ ਪੁਲੀਟੀਕਲ ਡਾਇਰੈਕਸ਼ਨ ਸਾਡੇ ਖਜ਼ਾਨਾ ਮੰਤਰੀ ਡਾਕਟਰ ਸਾਹਿਬ ਨੇ ਦਿੱਤੀ ਹੈ । ਇਹ ਠੀਕ ਹੈ ਕਿ ਜਿਸ ਵੇਲੇ ਪੰਜਾਬ ਦੇ ਹਾਲਾਤ ਬਹੁਤ ਖਰਾਬ ਸਨ ਅਤੇ ਫਾਈਨੈਂਸ਼ੀਅਲ ਕਰਾਈਸਿਜ਼ ਵਿਚ ਸਟੇਟ ਸੀ, ਉਸ ਵੇਲੇ ਸਾਡੇ ਡਾਕਟਰ ਸਾਹਿਬ ਨੇ ਫਾਈਨਾਂਸ ਨੂੰ ਕੰਟਰੋਲ ਕੀਤਾ ਅਤੇ ਇਥੇ ਆ ਕੇ ਕਾਫੀ ਮਿਹਨਤ ਦੇ ਨਾਲ ਬਜਟ ਦੇ ਘਾਟੇ ਉਤੇ ਕੰਟਰੋਲ ਪਾਇਆ । ਅਪੋਜ਼ੀਸ਼ਨ ਵਲੋਂ ਕ੍ਰਿਟੀਸਿਜ਼ਮ ਕਰਨਾ ਬੜਾ ਸੌਖਾ ਹੁੰਦਾ ਹੈ ਪਰ ਜਦ ਆਪ ਸਾਹਮਣਾ ਕਰਨਾ ਪੈਂਦਾ. ਬੜਾ ਮੁਸ਼ਕਿਲ ਹੁੰਦਾ ਹੈ । ਨੁਕਤਾਚੀਨੀ ਕਰਨੀ ਬੜੀ ਆਸਾਨ ਹੁੰਦੀ ਹੈ ਔਰ ਖਾਸ ਕਰਕੇ ਆਪੋਜ਼ੀਸ਼ਨ ਦੇ ਲਈ, ਪਰ ਸਰਕਾਰ ਵਿਚ ਬੈਠ ਕੇ ਫਾਈਨੈਂਸ਼ੀਅਲ ਮੁਸ਼ਕਿਲਾਂ ਨੂੰ ਕੰਟਰੋਲ ਕਰਨਾ ਅਤੇ ਘਾਟੇ ਨੂੰ ਪਲੱਸ ਵਿਚ ਲਿਆਉਣਾ ਬੜਾ ਮੁਸ਼ਕਿਲ ਕੰਮ ਹੁੰਦਾ ਹੈ । ਪਹਿਲੇ ਸਾਡੇ ਭੈਣ ਜੀ ਅੱਤਵਾਦੀਆਂ ਦੇ ਖਿਲਾਫ ਕਾਫੀ ਕੁਝ ਬੋਲਦੇ ਹੁੰਦੇ ਸਨ ਅਤੇ ਕਾਫੀ ਤਿੱਖੇ ਸੁਰ ਬੋਲਦੇ ਸਨ ਪਰ ਹੁਣ ਇਹ ** ** **

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਡਿਪਟੀ ਸਪੀਕਰ ਸਾਹਿਬ.....(ਵਿਘਨ)

ਸ਼੍ਰੀ ਡਿਪਟੀ ਸਪੀਕਰ : ਤੁਸੀਂ ਉਨ੍ਹਾਂ ਨੂੰ ਬੋਲਣ ਦਿਉ । Let him speak.

श्रीमती लक्ष्मी कांता चावला : डिप्टी स्पीकर साहिब, मेरा निवेदन है कि मुझे यह कह रहे हैं कि इनकी सुर अतिवादियों के साथ मिलती है ।

Mr. Deputy Speaker : He has not said like that.

श्रीमती लक्ष्मी कांता चावला : डिप्टी स्पीकर साहिब, अगर यह सच है तो यह एफीडेविट दें । यदि गलत बोला है तो सदन की कार्यवाई से निकाल दें ।

ਸ਼੍ਰੀ ਡਿਪਟੀ ਸਪੀਕਰ : ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਬੁਰੇ ਲਫਜ਼ ਨਹੀਂ ਕਹੇ । If you do not like, I expunge it from the record.

ਸ਼੍ਰੀ ਰਮੇਸ਼ ਦੱਤ ਸ਼ਰਮਾ : ਡਿਪਟੀ ਸਪੀਕਰ ਸਾਹਿਬ, ਮੈਂ ਕਿਹਾ ਸੀ ਕਿ ਅਤਿਵਾਦ ਦੇ ਖਿਲਾਫ ਭੈਣ ਜੀ ਦੀ ਸੁਰ ਤਿੱਖੀ ਰਹੀ ਹੈ । ਰਿਕਾਰਡ ਕਢਵਾਕੇ ਦੇਖ ਲਉ । ਜੇਕਰ ਇਨ੍ਹਾਂ ਨੂੰ ਇਤਰਾਜ਼ ਹੈ ਤਾਂ ਮੈਂ ਆਪਣੇ ਲਫਜ਼ ਵਾਪਿਸ ਲੈਂਦਾ ਹਾਂ । ਮੈਂ ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਇਹ ਪਹਿਲੀ ਵਾਰ ਹੈ ਕਿ ਅਖਬਾਰਾਂ ਵਿਚ ਵੀ ਆਇਆ ਹੈ ਅਤੇ ਪੰਜਾਬ ਦੇ ਲੋਕਾਂ ਨੇ ਵੀ ਕਿਹਾ ਹੈ ਕਿ ਇਹ ਬਜਟ ਬੜਾ ਚੰਗਾ ਹੈ । ਆਪੋਜ਼ੀਸ਼ਨ ਪਾਰਟੀ ਨੇ ਆਪਣੇ ਸਿਆਸੀ ਮਕਸਦ ਦੀ ਖਾਤਰ ਕ੍ਰਿਟੀਸਿਜ਼ਮ ਕੀਤਾ ਹੈ । ਪੰਜਾਬ ਦੇ ਲੋਕਾਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਮੇਸ਼ ਦੱਤ ਸ਼ਰਮਾ]

ਨੇ ਇਸ ਦਾ ਸਮਰਥਨ ਕੀਤਾ ਹੈ । ਮੇਰੀ ਵੀ ਨੋਕਾਂ ਨਾਲ ਗੱਲ ਹੋਈ ਹੈ ਅਤੇ ਉਹ ਕਹਿੰਦੇ ਹਨ ਕਿ ਬਜ਼ਟ ਬੜਾ ਅੱਛਾ ਪੇਸ਼ ਕੀਤਾ ਗਿਆ ਹੈ । ਕੋਈ ਟੈਕਸ ਨਹੀਂ ਲਗਾਇਆ ਗਿਆ ਬਲਕਿ 160/- ਕਰੋੜ ਰੁਪਏ ਦੀ ਰਾਹਤ ਦਿਤੀ ਗਈ ਹੈ । (ਥੰਪਿੰਨ) ਕਈ ਆਪੋਜ਼ੀਸ਼ਨ ਮੈਂਬਰਾਂ ਨੇ ਵੀ ਇਕਬਾਲ ਕੀਤਾ ਹੈ, ਭੈਣ ਜੀ ਨੇ ਵੀ ਇਕਬਾਲ ਕੀਤਾ ਹੈ । 1992 ਤੋਂ ਬਾਅਦ 1995 ਤੱਕ ਪੰਜਾਬ ਦੀ ਹਰ ਸ਼ਫੀਅਰ ਵਿਚ ਤਰੱਕੀ ਹੋਈ ਹੈ । ਇਸ ਬਾਰੇ ਹੱਥ ਕੰਗਨ ਨੂੰ ਆਰਸੀ ਦੀ ਕੋਈ ਜ਼ਰੂਰਤ ਨਹੀਂ । ਪੰਜਾਬ ਦੀ ਪਰ-ਕੈਪੀਟਾ ਇਨਕਮ 12319/- ਰੁਪਏ ਹੈ ਜਦੋਂ ਕਿ ਆਲ ਇੰਡੀਆ ਲੈਵਲ ਤੇ ਪਰ-ਕੈਪੀਟਾ ਇਨਕਮ 6929/- ਰੁਪਏ ਹੈ । ਦੁੱਧ ਦਾ ਪੰਜਾਬ ਵਿਚ ਚੋਟਾ ਇਨਕਲਾਬ ਆਇਆ ਹੈ । ਪੰਜਾਬ ਵਿਚ ਦੁੱਧ ਪ੍ਰਤੀ ਜੀਅ 700 ਗ੍ਰਾਮ ਹਿੱਸੇ ਆਉਂਦਾ ਹੈ । ਇਸ ਵਿਚ 70% ਵਾਧਾ ਹੋਇਆ ਹੈ । ਡਿਪਟੀ ਸਪੀਕਰ ਸਾਹਿਬ, ਨਾਨ ਪਲਾਨ ਐਕਸਪੈਂਡੀਚਰ 7-8% ਤੋਂ ਘਟਾ ਕੇ 6.75% ਤੱਕ ਲਿਆਂਦਾ ਗਿਆ ਹੈ । ਪੰਜਾਬ ਇਕ ਖੇਤੀਬਾੜੀ ਪ੍ਰਧਾਨ ਸੂਬਾ ਹੈ । ਪੰਜਾਬ ਦੀ ਜ਼ਮੀਨ ਸਾਰੇ ਹਿੰਦੁਸਤਾਨ ਦੀ ਜ਼ਮੀਨ ਨਾਲੋਂ ਰੇਸ਼ੋ ਵਿੱਚ ਘੱਟ ਹੈ । ਪੰਜਾਬ ਦੇ ਵਿਚ 1.6% ਖੇਤੀ ਯੋਗ ਜ਼ਮੀਨ ਹਿੰਦੁਸਤਾਨ ਵਿਚੋਂ ਹੈ । ਘੱਟ ਰਕਬਾ ਹੋਣ ਦੇ ਬਾਵਜੂਦ ਵੀ ਅਸੀਂ ਕਣਕ 50% ਤੋਂ ਵੀ ਉਪਰ ਸੈਂਟਰਲ ਪੂਲ ਵਿਚ ਪਾਈ ਹੈ । ਕਣਕ ਦੀ ਪਰੋਡਕਸ਼ਨ 22% ਵੱਧ ਹੋਈ ਹੈ । ਚਾਵਲ ਦੀ ਪਰੋਡਕਸ਼ਨ ਵਿਚ ਵੀ ਵਾਧਾ ਹੋਇਆ ਹੈ । ਝੋਨੇ ਵਿਚ 16% ਅਤੇ ਕਪਾਹ ਵਿਚ 20% ਵਾਧਾ ਹੋਇਆ ਹੈ । ਅਸੀਂ ਐਗਰੀਕਲਚਰ ਸਿਸਟਮ ਵਿਚ ਅਗੇ ਜਾ ਰਹੇ ਹਾਂ । ਹੁਣ ਜਿਵੇਂ ਜ਼ਮੀਨ ਦੀ ਝੋਨੇ ਦੇ ਨਾਲ ਅਤੇ ਖਾਦਾਂ ਦੇ ਨਾਲ ਡਿੱਬੇ ਹੋਣ ਦੀ ਸੰਭਾਵਨਾ ਹੈ । ਜਿਥੇ ਪੰਜਾਬ ਦੇ ਕਿਸਾਨ ਨੇ ਬਹੁਤ ਮਿਹਨਤ ਕੀਤੀ ਹੈ, ਜਿਥੇ ਪੰਜਾਬ ਦੀ ਸਰਕਾਰ ਨੇ ਵੱਧ ਤੋਂ ਵੱਧ ਫੈਸਿਲਟੀ ਦੇਣ ਦੀ ਕੋਸ਼ਿਸ਼ ਕੀਤੀ ਹੈ, ਉਥੇ ਬਿਜਲੀ ਦੀ ਗੱਲ ਆਉਂਦੀ ਹੈ । ਏਥੇ ਵੀ ਬੜਾ ਰੌਲਾ ਪੈਂਦਾ ਹੈ ਕਿ ਕਿਸਾਨ ਨੂੰ ਪੰਜਾਬ ਵਿਚ ਬਿਜਲੀ ਬਹੁਤ ਘੱਟ ਮਿਲਦੀ ਹੈ ਅਤੇ ਬੜੇ ਰੇਟ ਵਧੇ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਕਦੇ ਇਸ ਗੱਲ ਵੱਲ ਵੀ ਝਾਂਕ ਕੇ ਦੇਖਿਆ ਹੈ ਕਿ ਜਿਹੜੇ ਬਿਜਲੀ ਪੈਦਾ ਕਰਨ ਦੇ ਸਰੋਤ ਹਨ, ਜੋ ਸਾਧਨ ਹਨ ਉਨ੍ਹਾਂ ਦਾ ਕੀ ਬਣਿਆ । ਜਿੰਨੀਆਂ ਨਹਿਰਾਂ ਨਿਕਲਦੀਆਂ ਹਨ ਪੰਜਾਬ ਦੇ ਵਿਚੋਂ ਉਨ੍ਹਾਂ ਤੋਂ ਬਿਜਲੀ ਪੈਦਾ ਕਰਕੇ ਚਾਹੇ ਇੰਡਸਟਰੀ ਹੈ ਅਤੇ ਚਾਹੇ ਐਗਰੀਕਲਚਰ ਹੈ, ਉਨ੍ਹਾਂ ਤੇ ਪੂਰੀ ਬਿਜਲੀ ਦਾ ਤਿੰਨ ਚੌਥਾਈ ਹਿੱਸਾ ਖਰਚ ਹੁੰਦਾ ਹੈ । ਸਾਡੇ ਨੰਗਲ ਭਾਖੜੇ ਵਿਚੋਂ ਦੇ ਨਹਿਰਾਂ ਨਿਕਲਦੀਆਂ ਹਨ । ਉਨ੍ਹਾਂ ਤੇ ਵੀ ਚਾਰ ਬਿਜਲੀ ਘਰ ਕਾਇਮ ਕੀਤੇ ਜਾ ਚੁਕੇ ਹਨ ਜਿਹੜੇ ਬਿਜਲੀ ਪ੍ਰੋਡਿਊਸ ਕਰਦੇ ਹਨ । ਪਰ ਬਾਕੀ ਜਿਹੜੇ ਸਰੋਤ ਹਨ ਜਿਨ੍ਹਾਂ ਤੋਂ ਬਿਜਲੀ ਪੈਦਾ ਅਸੀਂ ਕਰ ਸਕਦੇ ਸੀ, ਉਹ ਕਿਨ੍ਹਾਂ ਲੋਕਾਂ ਦੀ ਗਲਤੀ ਨਾਲ ਹਿਮਾਚਲ ਨੂੰ ਚਲੇ ਗਏ, ਫੇਰ ਹਰਿਆਣੇ ਨੂੰ ਛੱਡੇ ਗਏ । ਹੁਣ ਪਾਣੀ ਦੇ ਬਾਰੇ ਵਿਚ ਲਗਾਤਾਰ ਝਗੜੇ ਕੀਤੇ ਜਾ ਰਹੇ ਹਨ । ਐਸ. ਵਾਈ. ਐਲ. ਬਾਰੇ ਬੜਾ ਵਾਵੇਲਾ ਕੀਤਾ ਜਾਂਦਾ ਹੈ । ਉਹ ਲੋਕ ਜਿਨ੍ਹਾਂ ਦੇ ਵੇਲੇ ਰਣਜੀਤ ਸਾਗਰ ਡੈਮ ਬਣਨਾ ਚਾਹੀਦਾ ਸੀ ਬਹੁਤ ਥੋੜ੍ਹੇ ਜਿਹੇ ਖਰਚੇ ਵਿਚ, ਉਸਤੇ ਕਈ ਕਰੋੜਾਂ ਤੱਕ ਖਰਚਾ ਵੱਧ ਹੋ ਗਿਆ ਹੈ । ਉਸ ਦਰਿਆ ਦੇ ਪੈਸੇ ਜਿਥੇ 1978 ਦੇ ਪਾਕਿਸਤਾਨ ਨੂੰ ਅਸੀਂ ਦੇ ਚੁਕੇ ਹਾਂ, ਉਸ ਬਾਰੇ ਉਸ ਪਾਰਟੀ ਨੇ ਕਦੇ ਨਹੀਂ ਕਿਹਾ ਕਿ ਉਸ ਪਾਣੀ ਦੀ ਵੀ ਕੋਈ ਵਿਵਸਥਾ ਕੀਤੀ ਜਾਵੇ । ਇਹ ਪਹਿਲੀ ਵਾਰ ਹੈ ਕਿ

Original with;
Punjab Vidhan Sabha
Digitized by;
Punjab Digital Library

ਰਣਜੀਤ ਸਾਗਰ ਡੈਮ ਨੂੰ ਪੰਜਾਬ ਸਰਕਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਉਪਰ ਚਾਲੂ ਕਰ ਰਹੀ ਹੈ ਜਿਸਤੋਂ 610 ਮੈਗਾਵਾਟ ਹੋਰ ਬਿਜਲੀ ਪੈਦਾ ਹੋਵੇਗੀ । ਇਸ ਤਰੀਕੇ ਨਾਲ ਜਿਥੇ ਪੰਜਾਬ ਵਿਚ ਪਹਿਲਾਂ ਬਿਜਲੀ ਉਤਪਾਦਨ ਦੀ ਸਮਰਥਾ 3510 ਮੈਗਾਵਾਟ ਸੀ, ਉਹ ਹੁਣ 4200 ਕੁਝ ਮੈਗਾਵਾਟ ਦੇ ਕਰੀਬ ਕੀਤੀ ਜਾ ਰਹੀ ਹੈ । ਸਾਡੀ ਸਰਕਾਰ ਨੇ ਪਹਿਲੀਵਾਰ ਰਣਜੀਤ ਸਾਗਰ ਡੈਮ ਅਤੇ ਕੰਡੀ ਤੋਂ ਬਿਜਲੀ ਪੈਦਾ ਕਰਨ ਦਾ ਅਸ਼ਲੀ ਪਹਿਆਸ ਕੀਤਾ ਹੈ ਜਿਸਦੇ ਨਾਲ ਕਿਸਾਨਾਂ ਨੂੰ ਅਤੇ ਇੰਡਸਟਰੀ ਨੂੰ ਠੀਕ ਤਰੀਕੇ ਨਾਲ ਬਿਜਲੀ ਦਿੱਤੀ ਜਾ ਸਕੇ । ਮੈਂ ਪਹਿਲਾਂ ਵੀ ਇਹ ਗੱਲ ਕਹੀ ਹੈ ਕਿ ਪੰਜਾਬ ਦੀ ਜ਼ਮੀਨ ਖੇਤੀ ਬੱਲੇ ਹੋਣ ਕਰਕੇ ਧਰਤੀ ਦੀ ਤਾਕਤ ਵੀ ਘਟਣ ਜਾ ਰਹੀ ਹੈ । ਇਸ ਲਈ ਫਸਲਾਂ ਦਾ ਪੈਟਰਨ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਹੁਣ ਕਿੰਨੂਆਂ ਦੀ ਪੈਦਾਵਾਰ ਪੰਜਾਬ ਵਿਚ ਸਾਰੇ ਹਿੰਦੁਸਤਾਨ ਨਾਲੋਂ ਸਭ ਤੋਂ ਜ਼ਿਆਦਾ ਹੋਈ ਹੈ । ਪਰ ਕਿੰਨੂਆਂ ਦੇ ਵਪਾਰੀ ਮਾਰਕੀਟ ਵਿਚ ਐਂਟਰ ਨਹੀਂ ਹੋਏ ਅਤੇ ਸਰਕਾਰ ਨੂੰ ਆਪਣੇ ਤੌਰ ਤੇ ਕਿਸਾਨਾ ਦੀ ਮਦਦ ਕਰਨ ਵਾਸਤੇ ਉਤਰਨਾ ਪੈ ਰਿਹਾ ਹੈ । ਇਸੇ ਤਰ੍ਹਾਂ ਬਿਜਲੀ ਉਤਪਾਦਨ ਦੀ ਦਰ ਮਹਿੰਗੀ ਹੋ ਰਹੀ ਹੈ ਅਤੇ ਇਸ ਦੇ ਵਾਸਤੇ 940 ਕਰੋੜ ਰੁਪਏ ਦੇ ਕਰੀਬ ਬਿਜਲੀ ਤੇ ਸਬਸਿਡੀ ਕਿਸਾਨਾਂ ਨੂੰ ਦਿੱਤੀ ਜਾਂਦੀ ਹੈ ।

ਡਿਪਟੀ ਸਪੀਕਰ ਸਾਹਿਬ, ਜਿਥੇ ਪੰਜਾਬ ਨੇ ਦੁੱਧ ਦੇ ਇਨਕਲਾਬ ਵਿਚ ਤਰੱਕੀ ਕੀਤੀ ਹੈ, ਐਗਰੀਕਲਚਰ ਦੇ ਵਿਚ ਸਹੂਲਤਾਂ ਦੇ ਕੇ ਇਸ ਵਿਚ ਵਾਧਾ ਕੀਤਾ ਹੈ, ਉਥੇ ਇਸ ਗੱਲ ਵਾਸਤੇ ਵੀ ਮੈਂ ਪੰਜਾਬ ਸਰਕਾਰ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ਇੰਡਸਟਰੀ ਵਿਚ ਵੀ ਅਸੀਂ ਕਾਫੀ ਅੱਗੇ ਵਧੇ ਹਾਂ । ਜਦੋਂ ਹਾਲਾਤ ਏਨੇ ਖ਼ਰਾਬ ਹੋ ਗਏ ਸਨ, ਇੰਡਸਟਰੀ ਲਗਣਾ ਤਾਂ ਇਕ ਪਾਸੇ ਇਥੇ ਰਹਿਣਾ ਵੀ ਔਖਾ ਹੋ ਗਿਆ ਸੀ, ਉਦੋਂ ਇੰਡਸਟਰੀਅਲਿਸਟ ਤਾਂ ਕੀ ਆਮ ਵਪਾਰੀ ਵੀ ਪੰਜਾਬ ਨੂੰ ਛੱਡ ਕੇ ਨੱਠਣ ਲਗ ਪਿਆ ਸੀ । ਪਰ ਪਿਛਲੇ 2-3 ਸਾਲਾਂ ਦੇ ਅੰਦਰ ਅੰਦਰ ਪੰਜਾਬ ਦੀ ਇੰਡਸਟਰੀ ਜਿਥੇ ਸਾਰੇ ਹਿੰਦੁਸਤਾਨ ਵਿਚ ਸੋਲ੍ਹਵੇਂ ਨੰਬਰ ਤੇ ਸੀ, ਉਥੇ ਇਸ ਵਿਚ ਹੁਣ 8% ਦੇ ਕਰੀਬ ਬੜੋਤਰੀ ਹੋਈ ਹੈ ਅਤੇ ਇਹ ਤੀਸਰੇ ਨੰਬਰ ਤੇ ਆ ਕੇ ਖੜੀ ਹੋਈ ਹੈ । ਅੱਜ ਜਿਸ ਤਰੀਕੇ ਨਾਲ ਸੀ. ਐਮ. ਸਾਹਿਬ ਨੇ ਬਿਆਨ ਦਿੱਤਾ ਹੈ, ਉਹ ਦਿਨ ਦੂਰ ਨਹੀਂ ਜਦੋਂ ਇੰਡਸਟਰੀ ਵਿਚ 12% ਤੋਂ 15% ਤਕ ਗਰੋਥ ਹੋ ਜਾਵੇ ਅਤੇ ਉਹ ਦਿਨ ਵੀ ਦੂਰ ਨਹੀਂ ਜਦੋਂ ਪੰਜਾਬ ਸਾਰੇ ਹਿੰਦੁਸਤਾਨ ਵਿਚ ਇੰਡਸਟਰੀ ਵਿਚ ਪਹਿਲੇ ਨੰਬਰ ਤੇ ਆ ਜਾਵੇ ।

ਡਿਪਟੀ ਸਪੀਕਰ ਸਾਹਿਬ, ਜਿਸ ਤਰੀਕੇ ਨਾਲ ਇਥੇ ਟੈਕਸਿਜ਼ ਨੂੰ ਇਕੱਠਾ ਕੀਤਾ ਗਿਆ ਹੈ, ਜਿਸਦਾ ਟੀਚਾ 1727/- ਕਰੋੜ ਰੁਪਏ ਦਾ ਸੀ, ਉਹ ਟੈਕਸ ਕੁਲੈਕਸ਼ਨ ਜਿਹੜੀ ਹੈ ਉਹ 2170/- ਕਰੋੜ ਰੁਪਏ ਕਰਕੇ ਸਰਕਾਰ ਨੇ ਇਸ ਵਿਚ ਵੀ 26.63% ਦਾ ਵਾਧਾ ਕੀਤਾ ਹੈ । ਮੈਂ ਸਮਝਦਾ ਹਾਂ ਕਿ ਇਸ ਸਰਕਾਰ ਵਾਸਤੇ ਅਤੇ ਸਰਕਾਰ ਦੇ ਮੰਤਰੀ ਵਾਸਤੇ ਵੀ ਇਹ ਵਾਕਈ ਫਖਰ ਦੀ ਗੱਲ ਹੈ ਕਿ ਇੰਨਾ ਰੈਵੇਨਿਊ ਇਕੱਠਾ ਕਰਕੇ ਪੰਜਾਬ ਦੇ ਬਜਟ ਵਿਚ ਇੰਨਾ ਵੱਡਾ ਹਿੱਸਾ ਪਾਇਆ ਗਿਆ ਹੈ । ਇਥੇ ਨਾਨ ਪਲੈਨ ਖਰਚੇ ਦੀ ਗੱਲ ਕੀਤੀ ਗਈ ਹੈ । ਮੈਂ ਕਹਿੰਦਾ ਹਾਂ ਕਿ ਜਿੰਨਾ ਪੈਸਾ ਰਖਿਆ ਗਿਆ ਸੀ, ਉਸ ਨਾਲੋਂ

Original with;
Punjab Vidhan Sabha
Digitized by;
Punjab Digital Library

[ਸ਼੍ਰੀ ਰਮੇਸ਼ ਦੱਤ ਸ਼ਰਮਾ]

ਵੀ ਘੱਟ ਪੈਸਾ ਖਰਚ ਕਰਕੇ ਸਰਕਾਰ ਨੇ ਡਿਵੈਲਪਮੈਂਟ ਦੇ ਕੰਮ ਕੀਤੇ ਹਨ । ਨੈਸ਼ਨਲ ਸੇਵਿੰਗਜ਼ ਸਕੀਮਾਂ ਵਿਚ ਸਰਕਾਰ ਨੇ 369/- ਕਰੋੜ ਰੁਪਏ ਦੇ ਮੁਕਾਬਲੇ ਵਿਚ 449/- ਕਰੋੜ ਰੁਪਿਆ ਇਕੱਠਾ ਕੀਤਾ ਹੈ । ਇਨ੍ਹਾਂ ਸਕੀਮਾਂ ਵਿਚ 11,000 ਮਹਿਲਾਵਾਂ ਨੂੰ ਵੱਧ ਕਮਿਸ਼ਨ ਦੇ ਕੇ ਅਤੇ 10,000 ਦੇ ਕਰੀਬ ਏਜੰਟ ਮੁੱਕਰਰ ਕਰਕੇ ਉਨ੍ਹਾਂ ਨੂੰ ਸਰਕਾਰ ਨੇ ਰੋਜ਼ਗਾਰ ਦਿੱਤਾ ਹੈ ਨੈਸ਼ਨਲ ਸੇਵਿੰਗਜ਼ ਸਕੀਮਾਂ ਦੀ ਰਾਸ਼ੀ ਵਿਚ ਇਹ ਜੋ ਵਾਧਾ ਹੋਇਆ ਹੈ, ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਪੰਜਾਬ ਦੇ ਲੋਕਾਂ ਵਿਚ ਪਹਿਲਾਂ ਨਾਲੋਂ ਜ਼ਿਆਦਾ ਖੁਸ਼ਹਾਲੀ ਆਈ ਹੈ । ਇਨ੍ਹਾਂ ਸਕੀਮਾਂ ਵਿਚ ਪੰਜਾਬ ਦੇ ਲੋਕਾਂ ਨੇ 449/- ਕਰੋੜ ਰੁਪਿਆ ਲਾਇਆ ਹੈ ।

ਇਸੇ ਤਰ੍ਹਾਂ ਹੀ ਕਿਸੇ ਵੀ ਸਫੀਅਰ ਦੀ ਗੱਲ ਲੈ ਲਵੋ । ਚਾਹੇ ਉੱਨਤ ਗ੍ਰਾਮ ਸਕੀਮ ਦੀ ਗੱਲ ਹੈ, ਚਾਹੇ ਟੀਚਰਾਂ ਦੀ ਭਰਤੀ ਕਰਨ ਦੀ ਗੱਲ ਹੈ ਅਤੇ ਚਾਹੇ ਸਕੂਲਾਂ ਦੇ ਅਪਗ੍ਰੇਡੇਸ਼ਨ ਦੀ ਗੱਲ ਹੈ, ਹਰ ਪਾਸੇ ਤਰੱਕੀ ਹੋਈ ਹੈ । ਇਥੇ ਕਿਹਾ ਗਿਆ ਕਿ ਪਿਛਲੇ ਸਾਲ ਵੀ 120 ਸਕੂਲਾਂ ਨੂੰ ਅਪਗ੍ਰੇਡ ਕਰਨ ਦੀ ਅਨਾਊਂਸਮੈਂਟ ਕੀਤੀ ਗਈ ਸੀ । ਮੈਨੂੰ ਆਪਣੇ ਤਾਂ ਇਲਾਕੇ ਦਾ ਪਤਾ ਹੈ ਕਿ ਮੇਰੇ ਇਲਾਕੇ ਵਿਚ ਤਾਂ ਪਿਛਲੇ ਸਾਲ ਹੀ ਇਹ ਅਪਗ੍ਰੇਡੇਸ਼ਨ ਹੋ ਗਈ ਸੀ । ਹੁਣ ਇਕ ਹਜ਼ਾਰ ਪ੍ਰਾਇਮਰੀ ਸਕੂਲਾਂ ਨੂੰ ਅਪਗ੍ਰੇਡ ਕੀਤਾ ਜਾਣਾ ਹੈ । ਇੰਜੀਨੀਅਰਿੰਗ ਕਾਲਜ ਖੋਲ੍ਹੇ ਜਾਣੇ ਹਨ । ਜਿਹੜੇ 1970 ਤੋਂ ਬੀ. ਐੱਡ ਕਰਕੇ ਵਿਹਲੇ ਬੈਠੇ ਹੋਏ ਸਨ, ਉਨ੍ਹਾਂ ਵਿਚੋਂ 11,000 ਟੀਚਰਾਂ ਨੂੰ ਭਰਤੀ ਕੀਤਾ ਜਾਣਾ ਹੈ । ਇਸ ਤੋਂ ਪਹਿਲਾਂ ਵੀ ਹਾਈ ਕੋਰਟ ਦੇ ਫੈਸਲੇ ਦੇ ਮੁਤਾਬਿਕ ਹਜ਼ਾਰਾਂ ਟੀਚਰਾਂ ਨੂੰ ਮੈਰਿਟ ਦੇ ਆਧਾਰ ਤੇ ਭਰਤੀ ਕੀਤਾ ਗਿਆ ਹੈ । ਹੁਣ ਮਈ ਜੂਨ ਤੱਕ ਇੰਟਰਵਿਊ ਦਾ ਕੰਮ ਮੁਕੰਮਲ ਕਰਕੇ ਨਵੇਂ ਟੀਚਰ ਭਰਤੀ ਕੀਤੇ ਜਾਣੇ ਹਨ । ਇਸ ਨਾਲ ਮਾਡੇ ਸਕੂਲਾਂ ਵਿਚ ਐਜੂਕੇਸ਼ਨ ਦੀ ਹਾਲਤ ਬਹੁਤ ਸੁਧਰੇਗੀ । ਅੱਜ ਜਿਹੜੇ ਲੋਕ ਸਰਕਾਰ ਦੇ ਖਿਲਾਫ ਬੋਲਦੇ ਹਨ, ਉਹ ਲੋਕ ਉਸ ਵੇਲੇ ਕਿਉਂ ਨਹੀਂ ਸਨ ਬੋਲਦੇ ਜਦੋਂ ਅੱਤਵਾਦੀਆਂ ਦੀ ਮਰਜ਼ੀ ਨਾਲ ਸਕੂਲ ਖੁਲ੍ਹਦੇ ਸਨ ਉਨ੍ਹਾਂ ਦੀ ਮਰਜ਼ੀ ਨਾਲ ਵਰਦੀਆਂ ਲਗਦੀਆਂ ਸਨ ਅਤੇ ਸਕੂਲਾਂ ਵਿਚ ਜਨ, ਗਣ, ਮਨ ਬੋਲਣਾ ਬੰਦ ਹੋ ਗਿਆ ਸੀ ? ਅੱਜ ਦਾ ਜੋ ਸ਼ਾਂਤੀ ਵਾਲਾ ਮਾਹੌਲ ਹੈ, ਉਸ ਦੇ ਲਈ ਨਿਸ਼ਚਿਤ ਰੂਪ ਵਿਚ ਸਰਕਾਰ ਨੂੰ ਕਰੈਡਿਟ ਜਾਂਦਾ ਹੈ । ਅੱਜ ਮੁੜ ਤੋਂ ਸਾਰੇ ਦਾ ਸਾਰਾ ਢਾਂਚਾ ਖੜ੍ਹਾ ਹੋਇਆ ਹੈ । ਅੱਜ ਸਕੂਲਾਂ ਵਿਚ ਬਕਾਇਦਾ ਬੱਚੇ ਜਾਂਦੇ ਹਨ । ਪਹਿਲਾਂ ਟੀਚਰ ਗੋਲੀ ਨਾਲ ਉਡਾ ਦਿੱਤੇ ਜਾਂਦੇ ਸਨ । ਅੱਜ ਫਿਰ ਤੋਂ ਸਕੂਲ ਲੱਗਣ ਲੱਗੇ ਹਨ । ਸਕੂਲਾਂ ਵਿਚ ਨੈਸ਼ਨਲ ਐਨਥਮ ਗਾਇਆ ਜਾਂਦਾ ਹੈ ਸਕੂਲਾਂ ਵਿਚ ਸਰਕਾਰ ਦੀ ਰਿਟ ਚਲਦੀ ਹੈ । ਸਰਕਾਰ ਦੀ ਮਰਜ਼ੀ ਮੁਤਾਬਿਕ ਵਰਦੀ ਲਗਦੀ ਹੈ । ਇਸ ਦੇ ਬਾਵਜੂਦ ਜਿਹੜੇ ਲੋਕ ਕਹਿੰਦੇ ਹਨ ਕਿ ਐਜੂਕੇਸ਼ਨ ਵਿਚ ਕੋਈ ਸੁਧਾਰ ਨਹੀਂ ਹੋਇਆ, ਉਨ੍ਹਾਂ ਬਾਰੇ ਮੈਂ ਇਹੀ ਕਹਿਣਾ ਚਾਹਵਾਂਗਾ ਕਿ ਜੇ ਦਿਨ ਨੂੰ ਵੀ ਕਿਸੇ ਨੂੰ ਨਜ਼ਰ ਨਹੀਂ ਆਉਂਦਾ ਤਾਂ ਇਸ ਵਿਚ ਸੂਰਜ ਦਾ ਤਾਂ ਕੋਈ ਕਸੂਰ ਨਹੀਂ ਹੈ ।

ਇੰਡਸਟਰੀ ਦੇ ਵਾਧੇ ਵਾਸਤੇ ਜਿਹੜੇ ਯਤਨ ਕੀਤੇ ਜਾ ਰਹੇ ਹਨ, ਉਸ ਦੇ ਲਈ ਵੀ ਮੈਂ ਸਰਕਾਰ ਦਾ ਧੰਨਵਾਦੀ ਹਾਂ । ਇੰਡਸਟਰੀ ਦੇ ਬਾਰੇ ਇਥੇ ਅੱਜ ਬੜਾ

Original with;
Punjab Vidhan Sabha
Digitized by;
Panjab Digital Library

ਰੋਲਾ ਪਾਇਆ ਜਾ ਰਿਹਾ ਹੈ ਕਿ ਕੀਮਤੀ ਜ਼ਮੀਨ ਇੰਡਸਟਰੀ ਵਾਸਤੇ ਦਿੱਤੀ ਜਾ ਰਹੀ ਹੈ ਪਰ ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਪਾਸੇ ਤਾਂ ਇਹ ਲੋਕ ਇਹ ਕਹਿੰਦੇ ਹਨ ਕਿ ਪੰਜਾਬ ਨੂੰ ਇੰਡਸਟਰੀ ਵਾਸਤੇ ਕੋਈ ਵੱਡਾ ਪਲਾਂਟ ਨਹੀਂ ਦਿੱਤਾ ਜਾਂਦਾ ਅਤੇ ਜੇ ਹਣ ਇਥੇ ਇੰਡਸਟਰੀ ਆ ਰਹੀ ਹੈ ਤਾਂ ਇਹ ਫਿਰ ਵੀ ਰੌਲਾ ਪਾਉਂਦੇ ਹਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੇ ਪੰਜਾਬ ਦੇ ਬਹੁਤ ਸਾਰੇ ਖੁੱਤੇ ਤਕੜੇ ਅਤੇ ਅਮੀਰ ਹਨ, ਉਥੇ ਕੁਝ ਐਸੇ ਇਲਾਕੇ ਵੀ ਹਨ ਜਿਹੜੇ ਬੈਕਵਰਡ ਹਨ ਜਿਸ ਤਰ੍ਹਾਂ ਕੰਡੀ ਦਾ ਏਰੀਆ ਹੈ ਜਾਂ ਹਿੱਲੀ ਏਰੀਆ ਹੈ। ਇਨ੍ਹਾਂ ਦੀ ਡਿਵੈਲਪਮੈਂਟ ਹੋਣੀ ਬੜੀ ਜ਼ਰੂਰੀ ਹੈ। ਜਿਸ ਵੇਲੇ ਆਰਥਿਕ ਪੱਖੋਂ ਵੱਖ ਵੱਖ ਖੇਤਰਾਂ ਦਾ ਬੈਲੈਂਸ ਵਿਗੜ ਜਾਂਦਾ ਹੈ ਤਾਂ ਫਿਰ ਕਮਜ਼ੋਰ ਖੇਤਰਾਂ ਵਿਚ ਫਰੱਸਟਰੇਸ਼ਨ ਆ ਜਾਂਦੀ ਹੈ। ਇਸ ਕਰਕੇ ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਪ੍ਰੋਪੋਰਸ਼ਨੇਟਲੀ ਜਿਹੜੇ ਇਲਾਕੇ ਪਛੜ ਗਏ ਹਨ, ਉਨ੍ਹਾਂ ਵੱਲ ਜ਼ਿਆਦਾ ਧਿਆਨ ਦਿੱਤਾ ਜਾਵੇ। ਪੰਜਾਬ ਦੀ ਕੁੱਲ 93.02% ਵਾਹੀਯੋਗ ਜ਼ਮੀਨ ਇਰੀਗੇਸ਼ਨ ਥੱਲੇ ਆ ਗਈ ਹੈ ਲੇਕਿਨ ਸੈਮੀ ਹਿੱਲੀ ਏਰੀਏ ਵਿਚ ਅਤੇ ਕੰਡੀ ਏਰੀਏ ਵਿਚ ਹਾਲੇ ਵੀ ਬਹੁਤ ਸਾਰੀ ਜ਼ਮੀਨ ਬੰਜਰ ਪਈ ਹੋਈ ਹੈ। ਭਾਵੇਂ ਉਥੇ ਲਿਫਟ ਇਰੀਗੇਸ਼ਨ ਸਕੀਮ ਚਾਲੂ ਕੀਤੀ ਗਈ ਹੈ, ਡੂੰਘੇ ਟਿਊਬਵੈਲ ਵੀ ਲਾਏ ਗਏ ਹਨ ਅਤੇ ਹੁਸ਼ਿਆਰਪੁਰ ਤੋਂ ਅੱਗੇ ਕੰਡੀ ਕੈਨਾਲ ਵੀ ਹੈ ਫਿਰ ਵੀ ਉਥੇ ਖੇਤੀ ਵਾਲੇ ਅਤੇ ਪੀਣ ਵਾਲੇ ਪਾਣੀ ਦੀ ਬਹੁਤ ਤੰਗੀ ਹੈ। ਡੂੰਘੇ ਟਿਊਬਵੈਲ ਲਾਉਣ ਦੇ ਬਾਵਜੂਦ ਉਥੇ ਸਵੀਟ ਪਾਣੀ ਨਹੀਂ ਮਿਲਦਾ ਹੈ। ਇਸ ਕਰਕੇ ਮੈਂ ਸਰਕਾਰ ਅੱਗੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਸ ਏਰੀਏ ਨੂੰ ਅੱਗੇ ਲਿਆਉਣ ਵਾਸਤੇ ਤਾਂ ਕਿ ਉਹ ਵੀ ਬਾਕੀ ਪੰਜਾਬ ਦੇ ਬਰਾਬਰ ਹੋ ਸਕੇ, ਸਰਕਾਰ ਫੰਡ ਵੱਧ ਐਲੋਕੇਟ ਕਰੇ ਉਸ ਏਰੀਆ ਦੇ ਵਿਚ ਜ਼ਮੀਨ ਸਸਤੀ ਹੈ ਜੇਕਰ ਸਰਕਾਰ ਇੰਡਸਟਰੀ ਲਗਾਉਣ ਵਾਸਤੇ ਪਹਿਲ ਕਰੇ, ਤਾਂ ਇਸ ਨਾਲ ਲੋਕਾਂ ਨੂੰ ਬਹੁਤ ਫੈਸਿਲਟੀ ਮਿਲੇਗੀ। ਉਥੇ ਜਿਹੜੀ ਲੇਬਰ ਕਲਾਸ ਹੈ ਉਹ ਵੀ ਵੱਧ ਤੋਂ ਵੱਧ ਅਵੇਲੇਬਲ ਹੋ ਸਕਦੀ ਹੈ।

ਅੱਜ ਪੰਜਾਬ ਵਿੱਚ ਜਿਸ ਤਰੀਕੇ ਦੇ ਨਾਲ ਮਹਾਤਮਾ ਗਾਂਧੀ ਜੀ ਦੇ ਸੁਪਨੇ ਨੂੰ ਸਾਕਾਰ ਕਰਨ ਵਾਸਤੇ ਕਿ ਜਿਹੜਾ ਹਿੰਦੁਸਤਾਨ ਹੈ ਉਹ ਪਿੰਡਾਂ ਦੇ ਵਿੱਚ ਵੱਸਦਾ ਹੈ ਕਿਉਂਕਿ ਹਿੰਦੁਸਤਾਨ ਦੀ ਕੁੱਲ ਆਬਾਦੀ ਦਾ 70 ਫੀਸਦੀ ਲੋਕ ਪਿੰਡਾਂ ਦੇ ਵਿੱਚ ਰਹਿੰਦੇ ਹਨ, ਜੇ ਪਿੰਡਾਂ ਦੀ ਹਾਲਤ ਨਹੀਂ ਸੁਧਰੇਗੀ ਤਾਂ ਭਾਰਤ ਦਾ ਜੋ ਨਾਗਰਿਕ ਹੈ ਉਸ ਦੀ ਤਰੱਕੀ ਨਜ਼ਰ ਨਹੀਂ ਆਏਗੀ, ਜਿਸ ਤਰੀਕੇ ਨਾਲ ਪਿੰਡਾਂ ਦੇ ਵਿੱਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ, ਫਿਰਨੀਆਂ ਪੱਕੀਆਂ ਕਰਨ ਦੀ ਯੋਜਨਾ ਪੰਜਾਬ ਸਰਕਾਰ ਨੇ ਆਪਣੇ ਹੱਥ ਵਿੱਚ ਲਈ ਹੈ ਬਲਕਿ ਤਿੰਨ ਸਾਲਾਂ ਵਿੱਚ 600/- ਕਰੋੜ ਰੁਪਿਆ ਖਰਚ ਕਰਕੇ ਜੇਕਰ ਇਨ੍ਹਾਂ ਕੰਮਾਂ ਲਈ ਪਹਿਲੀਆਂ ਸਾਰੀਆਂ ਸਰਕਾਰਾਂ ਵੱਲੋਂ ਖਰਚ ਕੀਤੇ ਪੈਸੇ ਵੀ ਜਮ੍ਹਾ ਕਰਕੇ ਦੇਖਿਆ ਜਾਵੇ ਤਾਂ ਉਸ ਨਾਲੋਂ ਵੀ ਬੈਲੈਂਸ ਉਪਰ ਜਾਂਦਾ ਹੈ, ਅੱਜ ਪਿੰਡਾਂ ਦੇ ਵਿੱਚ ਨੌਟਾਂ ਦੀ ਬਾਰਸ਼ ਕਰ ਦਿੱਤੀ ਗਈ ਹੈ। ਪਿੰਡਾਂ ਦੀ ਤਰੱਕੀ ਵਾਸਤੇ ਸਰਦਾਰ ਬੇਅੰਤ ਸਿੰਘ ਜੀ ਨੇ ਏਨੇ ਪੈਸੇ ਦਿੱਤੇ ਹਨ ਕਿ ਕਈ ਵਾਰੀ ਤਾਂ ਸਾਨੂੰ ਵੀ ਭੁਲੇਖਾ ਪੈ ਜਾਂਦਾ ਹੈ ਕਿ ਕਿਤੇ ਗਲਤੀ ਨਾਲ ਦੋ ਵਾਰੀ ਤਾਂ ਪੈਸੇ ਨਹੀਂ ਆ ਗਏ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਮੇਸ਼ ਦੱਤ ਸ਼ਰਮਾ]

ਡਿਪਟੀ ਸਪੀਕਰ ਸਾਹਿਬ, ਜਿਸ ਤਰੀਕੇ ਦੇ ਨਾਲ ਪੈਨਸ਼ਨਾਂ ਦੀ ਗੱਲ ਆਈ ਹੈ, ਜਿੱਥੇ ਇਰੀਗੇਸ਼ਨ ਵਿੱਚ, ਅੰਗਰੀਕਲਚਰ ਵਿੱਚ, ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਹਰ ਪ੍ਰਕਾਰ ਦੀਆਂ ਰਾਹਤਾਂ ਚਾਹੇ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਦੇ ਥਰੂ ਚਾਹੇ ਬੈਂਕਾਂ ਦੇ ਥਰੂ ਹੈ, ਇਸੇ ਤਰੀਕੇ ਦੇ ਨਾਲ ਅੱਜ ਪਹਿਲੀ ਵਾਰੀ ਹੈ ਕਿ ਕੋਆਪ੍ਰੇਟਿਵ ਸੋਸਾਇਟੀਆਂ ਦੇ ਜਿਹੜੇ ਲੋਨ ਸਨ, ਉਹ ਵੀ ਸਰਕਾਰ ਨੇ ਮਾਫ਼ ਕੀਤੇ ਹਨ । ਇਸ ਦੇ ਨਾਲ ਹੀ ਡਿਪਟੀ ਸਪੀਕਰ ਸਾਹਿਬ ਕਈ ਲੋਕ ਗੱਲਾਂ ਕਰਦੇ ਹਨ, ਸਕੂਟਰਾਂ ਦੀ ਗੱਲ ਹੁੰਦੀ ਹੈ, ਟਰੈਕਟਰਾਂ ਦੀ ਗੱਲ ਹੁੰਦੀ ਹੈ । ਕੁੱਲ ਹਿੰਦੁਸਤਾਨ ਦੇ ਵਿੱਚ ਜਿੰਨੇ ਟਰੈਕਟਰ ਹਨ, ਉਸਦਾ ਤਿੰਨ ਚੌਥਾਈ ਹਿੱਸਾ ਤਾਂ ਪੰਜਾਬ ਦੇ ਜ਼ਿਮੀਂਦਾਰ ਕੋਲ ਹੈ ਜਿਹੜਾ ਕਿ ਪੰਜ ਲੱਖ ਦੇ ਕਰੀਬ ਹੈ ਏਸੇ ਤਰ੍ਹਾਂ ਪੰਜਾਬ ਦੇ ਹੋਰ ਖੇਤਰਾਂ ਵਿੱਚ ਖੁਸ਼ਹਾਲੀ ਦੀ ਗੱਲ ਹੈ, ਹਰ ਟਰਡ ਦੇ ਵਿੱਚ ਰਾਹਤਾਂ ਦਿੱਤੀਆਂ ਗਈਆਂ ਹਨ । ਮੈਂ ਇਸ ਵਾਸਤੇ ਮੁੱਖ ਮੰਤਰੀ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਜੀਵਨ ਦੇ ਹਰ ਸਫੀਅਰ ਦੇ ਵਿੱਚ, ਚਾਹੇ ਅਨਇੰਪਲਾਇਡ ਦੀ ਗੱਲ ਹੈ, ਜਾਂ ਵਪਾਰ ਦੀ ਗੱਲ ਹੈ ਬਹੁਤ ਸਾਰੀਆਂ ਰਾਹਤਾਂ ਦੇਣ ਦੀ ਕੋਸ਼ਿਸ਼ ਕੀਤੀ ਹੈ ।

ਹੁਣ, ਮੈਂ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਸ ਗੱਲ ਤੇ ਆਉਣਾ ਚਾਹੁੰਦਾ ਹਾਂ ਕਿ ਅੱਜ ਪੰਜਾਬ ਦੇ ਵਾਪਾਰੀ ਨੂੰ ਪਹਿਲੀ ਵਾਰ ਇਹ ਫਾਇਦਾ ਪਹੁੰਚਿਆ ਹੈ ਕਿ ਸੇਲਜ਼ ਟੈਕਸ ਬੈਰੀਅਰ ਹਟਾ ਦਿੱਤੇ ਗਏ ਹਨ । ਕਈ ਸਰਕਾਰਾਂ ਆਈਆਂ ਅੌਰ ਗਈਆਂ ਅੌਰ ਇਹ ਕਹਿੰਦੀਆਂ ਸਨ ਕਿ ਇਹ ਹੋਣਾ ਚਾਹੀਦਾ ਹੈ, ਉਹ ਹੋਣਾ ਚਾਹੀਦਾ ਹੈ ਪਰ ਸਾਡੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਸੇਲਜ਼ ਟੈਕਸ ਬੈਰੀਅਰ ਹਟਾ ਕੇ ਵਪਾਰੀ ਵਰਗ ਲਈ ਬਹੁਤ ਵੱਡਾ ਪਰ-ਉਪਕਾਰ ਕੀਤਾ ਹੈ ।

ਅੱਗੇ, ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਵਿੱਚ ਬੁਢਾਪਾ ਪੈਨਸ਼ਨ ਦੀ ਗੱਲ ਵੀ ਹੋਈ ਹੈ । ਹੁਣੇ ਜਿਵੇਂ ਪਿੰਡਾਂ ਦੇ ਚੌਕੀਦਾਰਾਂ ਦੀ ਤਨਖਾਹ 200 ਰੁਪਏ ਮਹੀਨਾ ਤੋਂ ਵਧਾ ਕੇ 300 ਰੁਪਏ ਮਹੀਨਾ ਕਰ ਦਿੱਤੀ ਗਈ ਹੈ । ਚੌਕੀਦਾਰ ਸਮਾਜ ਦਾ ਛੋਟੇ ਤੋਂ ਛੋਟਾ ਕਰਮਚਾਰੀ ਹੈ ਉਸ ਦਾ ਵੀ ਇਸ ਬਜਟ ਦੇ ਵਿੱਚ ਖਿਆਲ ਰੱਖਿਆ ਗਿਆ ਹੈ । ਚੌਕੀਦਾਰ ਦੀ ਪਿੰਡਾਂ ਦੇ ਵਿੱਚ ਬੜੀ ਇੰਪਾਰਟੈਂਸ ਹੈ, ਚੌਕੀਦਾਰ ਤੋਂ ਬਗੈਰ ਪਿੰਡਾਂ ਦਾ ਕੋਈ ਵੀ ਕੰਮ ਸਿਰੇ ਨਹੀਂ ਚੜ੍ਹ ਸਕਦਾ । ਉਨ੍ਹਾਂ ਦੇ ਪੈਸੇ ਵਧਾ ਕੇ ਵੀ ਸਰਕਾਰ ਨੇ ਉਨ੍ਹਾਂ ਨੂੰ ਰਾਹਤ ਦਿੱਤੀ ਹੈ । ਇਸ ਤੋਂ ਇਲਾਵਾ ਪੰਜਾਬ ਦੇ ਮੁਲਾਜ਼ਮਾਂ ਦੀ ਗੱਲ ਚੱਲੀ ਹੈ । ਡਿਪਟੀ ਸਪੀਕਰ ਸਾਹਿਬ, ਹਰ ਆਦਮੀ ਚਾਹੁੰਦਾ ਹੈ ਕਿ ਉਸ ਨੂੰ ਵੱਧ ਤੋਂ ਵੱਧ ਰਾਹਤ ਮਿਲੇ । ਸਾਡੀ ਸਟੇਟ ਹੀ ਸਾਰੇ ਮੁਲਕ ਦੇ ਵਿੱਚ ਇਕ ਅਜਿਹੀ ਸਟੇਟ ਹੈ ਜਿਸ ਦੇ ਮੁਲਾਜ਼ਮਾਂ ਦੇ ਬਰਾਬਰ ਆਉਣ ਵਾਸਤੇ ਹਰਿਆਣਾ ਅੌਰ ਹਿਮਾਚਲ ਦੇ ਕਰਮਚਾਰੀ ਮੰਗ ਕਰਦੇ ਰਹਿੰਦੇ ਹਨ । ਇਸ ਸਰਕਾਰ ਨੇ ਪੰਜਾਬ ਦੇ ਕਰਮਚਾਰੀਆਂ ਨੂੰ 150 ਰੁਪਏ ਅੌਰ 200 ਰੁਪਏ ਮੰਥਲੀ ਅੰਤਰਮ ਰਿਲੀਫ ਵੀ ਦਿੱਤਾ ਹੈ ਜਿਸ ਨਾਲ ਕਿ ਪੰਜਾਬ ਸਰਕਾਰ ਤੇ 60 ਕਰੋੜ ਰੁਪਏ ਦਾ ਵਿੱਤੀ ਬੋਝ ਪੈਣਾ ਹੈ ਅਤੇ ਜਿਸ ਨੂੰ ਪੰਜਾਬ ਸਰਕਾਰ ਨੇ ਆਪ ਬਰਦਾਸ਼ਤ ਕਰਨਾ ਹੈ । ਇਸ ਤੋਂ ਇਲਾਵਾ ਜਿਹੜੇ ਕਰਮਚਾਰੀਆਂ ਨੇ ਹੈਡ ਆਫਿਸ ਵਾਲਿਆਂ ਨੇ 240 ਦਿਨਾਂ ਦੀ ਸਰਵਿਸ ਪੂਰੀ ਕਰ ਲਈ ਹੈ, ਉਨ੍ਹਾਂ ਨੂੰ ਪਹਿਲੀ ਵਾਰ ਸਰਕਾਰ ਨੇ

Original with;
Punjab Vidhan Sabha
Digitized by;
Panjab Digital Library

ਰੈਗੂਲਰ ਕਰਨ ਦਾ ਬੀੜਾ ਚੁੱਕਿਆ ਹੈ । ਅਗਰ ਕਿਸ ਨੇ ਉਨ੍ਹਾਂ ਵਾਸਤੇ ਕੋਈ ਕੰਮ ਕੀਤਾ ਹੈ ਤਾਂ ਉਹ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਕੀਤਾ ਹੈ ਜਿਸ ਦਾ ਅੰਲਾਨ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਆਪਣੇ ਬਜਟ ਦੇ ਵਿੱਚ ਕੀਤਾ ਹੈ । ਏਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਲੋਕਾਂ ਦੀ ਬਿਹਤਰੀ ਵਾਸਤੇ ਇਸ ਸਰਕਾਰ ਨੇ ਉਪਰਾਲੇ ਕੀਤੇ ਹਨ । ਜਿਵੇਂ ਸੇਲਜ਼ ਟੈਕਸ ਘਟਾਇਆ ਗਿਆ ਹੈ । ਇਸੇ ਤਰੀਕੇ ਨਾਲ ਮੁਲਾਜ਼ਮਾਂ ਨੂੰ ਢਾਈ ਲੱਖ ਰੁਪਏ ਦੇ ਲੋਨ ਦੀ ਥਾਂ ਤੇ ਸਾਢੇ ਤਿੰਨ ਲੱਖ ਰੁਪਏ ਲੋਨ ਦੀ ਲਿਮਟ ਕੀਤੀ ਹੈ । ਬਲਕਿ ਜੇਕਰ ਉਸ ਦੀ ਘਰਵਾਲੀ ਵੀ ਨੌਕਰੀ ਕਰਦੀ ਹੈ ਤਾਂ ਉਸ ਨੂੰ ਵੀ ਲੋਨ ਢਾਈਲੱਖ ਰੁਪਏ ਦੇਣ ਦਾ ਪ੍ਰਬੰਧਨ ਇਸ ਸਰਕਾਰ ਨੇ ਪਹਿਲੀ ਵਾਰ ਕੀਤਾ ਹੈ । ਮੈਂ ਸਮਝਦਾ ਹਾਂ ਕਿ ਪੰਜਾਬ ਦੇ ਵਿੱਤ ਮੰਤਰੀ ਨ ਟੈਕਸ ਫਰੀ ਬਜਟ ਦੇ ਕੇ ਪੰਜਾਬ ਦੇ ਲੋਕਾਂ ਨੂੰ ਰਾਹਤ ਦਿੱਤੀ ਹੈ । ਇਹ ਪੰਜਾਬ ਵਿੱਚ ਪਹਿਲੀ ਵਾਰ ਹੈ ਅਤੇ ਇਕ ਪੁਲੀਟੀਕਲ ਡਾਇਰੈਕਸ਼ਨ ਵੀ ਹੈ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਵਿਰੋਧੀ ਧਿਰ ਦੇ ਮੈਂਬਰਾਂ ਨੂੰ ਹੱਕ ਹਾਸਲ ਹੈ ਕਿਉਂਕਿ ਉਨ੍ਹਾਂ ਨੇ ਤਾਂ ਆਪਣੀ ਡਿਊਟੀ ਕਰਨੀ ਹੁੰਦੀ ਹੈ । ਕੀ ਉਹ ਇਹ ਗੱਲ ਸੋਚਣਗੇ ਕਿ ਜਿਨ੍ਹਾਂ ਜਿਨ੍ਹਾਂ ਸੂਬਿਆਂ ਵਿਚ, ਜਿਹੜੀ ਵਿਰੋਧੀ ਧਿਰ ਨੁਕਤਾਚੀਨੀ ਕਰਦੀ ਹੈ, ਉਥੇ ਉਨ੍ਹਾਂ ਦੀ ਸਰਕਾਰ ਹੈ, ਕੀ ਉਥੇ ਨਸ਼ਾਬੰਦੀ ਹੋਈ ਹੈ ? ਸ਼ਰਾਬ ਦੇ ਠੇਕੇ ਬੰਦ ਕਰ ਦਿਤੇ ਹਨ ? ਮੈਂ ਪੁੱਛਦਾ ਹਾਂ ਕਿ ਦਿੱਲੀ ਵਿੱਚ ਜਿਸ ਪਾਰਟੀ ਦੀ ਸਰਕਾਰ ਹੈ ਕੀ ਉਥੋਂ ਦਾ ਬੁੱਚੜਖਾਨਾ ਬੰਦ ਕਰ ਦਿੱਤਾ ਗਿਆ ਹੈ ? ਕੀ ਉਥੇ ਇਸ ਗੱਲ ਲਈ ਐਜੀਟੇਸ਼ਨ ਹੋਈ ਹੈ ? ਮਹਾਂਰਾਸ਼ਟਰ ਵਿੱਚ ਬੰਬਈ ਵਿੱਚ ਵੱਡੇ ਵੱਡੇ ਬੁੱਚੜਖਾਨੇ ਲੱਗੇ ਹੋਏ ਹਨ ਅਤੇ ਉਥੇ ਜਿਸ ਪਾਰਟੀ ਦੀ ਸਰਕਾਰ ਆਈ ਹੈ, ਕੀ ਜੇ ਉਹ ਇਕ ਸਾਲ ਦੇ ਅੰਦਰ ਅੰਦਰ ਉਥੇ ਨਸ਼ਾਬੰਦੀ ਲਾਗੂ ਨਹੀਂ ਕਰਦੇ ਤੇ ਬੁੱਚੜਖਾਨੇ ਬੰਦ ਨਹੀਂ ਕਰਦੇ ਤਾਂ ਕੀ ਪੁਲੀਟੀਕਲ ਪਾਰਟੀਆਂ ਉਨ੍ਹਾਂ ਦੇ ਖਿਲਾਫ ਕੋਈ ਐਜੀਟੇਸ਼ਨ ਕ੍ਰਨਗੀਆਂ ? ਮੈਂ ਸਮਝਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਨੇ, ਪੰਜਾਬ ਦੇ ਲੋਕ ਕਿਉਂਕਿ ਬੜੇ ਧਾਰਮਿਕ ਹੁੰਦੇ ਹਨ ਅਤੇ ਈਸ਼ਵਰ ਵਿੱਚ ਆਸਥਾ ਰੱਖਣ ਵਾਲੇ ਹੁੰਦੇ ਹਨ, ਉਨ੍ਹਾਂ ਨੂੰ ਮੰਦਰਾਂ, ਗੁਰਦਵਾਰਿਆਂ ਤੇ ਸਕੂਲਾਂ ਵਿੱਚ ਫਰੀਅਲੀ ਤੇ ਡਰ ਤੋਂ ਬਿਨਾਂ ਅੰਟਰ ਹੋਣ ਵਾਸਤੇ ਪਹਿਲੀ ਵਾਰ ਪ੍ਰੇਰਿਤ ਕੀਤਾ ਹੈ । ਉਨ੍ਹਾਂ ਦੇ ਜਜ਼ਬਾਤਾਂ ਨੂੰ, ਸਨਮਾਨ ਨੂੰ, ਸਾਧੂਆਂ-ਸੰਤਾਂ ਅਤੇ ਹੋਰ ਬੇਸ਼ੁਮਾਰ ਲੋਕਾਂ ਨੂੰ, ਇਸ ਬੁੱਚੜਖਾਨੇ ਨੂੰ ਬੰਦ ਕਰਨ ਦਾ ਐਲਾਨ ਕਰਕੇ ਰਾਹਤ ਦਿੱਤੀ ਹੈ । (ਥੰਪੰਜ) ਪੰਜਾਬ ਦੇ ਲੋਕਾਂ ਵੱਲੋਂ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੂੰ ਵਧਾਈ ਦੇਣੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਕੰਢੀ ਦਾ ਏਰੀਆ ਹੈ ਰੋਪੜ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਦਾ, ਉਥੇ ਦੇ ਲੋਕਾਂ ਨੂੰ ਜਿਸ ਤਰੀਕੇ ਨਾਲ ਜੰਞਗਲਾਤ ਦੀ ਦਫਾ-4 ਲੱਕੜ ਚੁੱਕਣ ਵਾਸਤੇ ਲਗਾਈ ਹੋਈ ਸੀ, ਉਥੋਂ ਦੇ ਗਰੀਬ ਲੋਕਾਂ, ਛੋਟੇ ਛੋਟੇ ਕਿਸਾਨਾਂ ਨੂੰ ਇਸ ਦਫਾ-4 ਤੋਂ ਵੀ ਰਾਹਤ ਦਿੱਤੀ ਗਈ ਹੈ । ਕਿਉਂਕਿ ਇਸ ਦਫਾ ਨਾਲ ਉਹ ਲੋਕ ਬੜ ਹਰਾਸ ਹੁੰਦੇ ਸਨ ਅਤੇ ਇਹ ਦਫਾ-4 ਸੰਨ 1900 ਵਿੱਚ ਅੰਗਰੇਜ਼ਾਂ ਦੇ ਵੱਲੋਂ ਲਗਾਇਆ ਹੋਇਆ ਇਕ ਕਲੰਕ ਸੀ । ਇਸ ਨੂੰ ਮਿਟਾ ਕੇ ਜਿਹੜੀ ਰਾਹਤ ਉਥੋਂ ਦੇ ਕੰਢੀ ਏਰੀਆ ਦੇ ਲੋਕਾਂ ਨੂੰ ਦਿੱਤੀ ਗਈ ਹੈ, ਉਸ

Original with;
Punjab Vidhan Sabha
Digitized by;
Panjab Digital Library

[ਸ੍ਰੀ ਰਮੇਸ਼ ਦੱਤ ਸ਼ਰਮਾ]

ਬਾਰੇ ਮੈਂ ਪੰਜਾਬ ਸਰਕਾਰ ਨੂੰ ਲੋਕਾਂ ਵੱਲੋਂ ਵਧਾਈ ਦਿੰਦਾ ਹਾਂ । ਡਿਪਟੀ ਸਪੀਕਰ ਸਾਹਿਬ 2-3 ਗੱਲਾਂ ਮੈਂ ਪਾਲਿਸੀ ਮੈਟਰ ਤੇ ਵੀ ਕਰਨੀਆਂ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ ਅੱਜ ਜੋ ਟਰਾਂਸਪੋਰਟ ਦਾ ਯੁੱਗ ਹੈ ਇਸ ਵਿੱਚ ਬੜੇ ਜ਼ੋਰ ਨਾਲ ਤਰੱਕੀ ਹੋਈ ਹੈ । ਇਸ ਦੇ ਨਾਲ, ਮੈਂ ਸਮਝਦਾ ਹਾਂ ਕਿ ਸੜਕਾਂ ਦੀ ਜਿੰਨੀ ਕਪੈਸਿਟੀ ਸੀ ਉਤਨਾ ਬੋਝ ਉਹ ਨਾ ਝੱਲ ਸਕਦੀਆਂ ਹੋਣ ਅਤੇ ਦੂਜੇ ਪਾਸੇ ਐਕਸੀਡੈਂਟ ਵੀ ਦਿਨ-ਬ-ਦਿਨ ਵਧ ਰਹੇ ਹਨ । ਮੈਂ ਇਹ ਗੱਲ ਕਹਿਣੀ ਚਾਹਵਾਂਗਾ, ਇਥੇ ਟਰਾਂਸਪੋਰਟ ਮੰਤਰੀ ਜੀ ਨਹੀਂ ਬੈਠੇ, ਉਨ੍ਹਾਂ ਦਾ ਮਹਿਕਮਾ ਨੋਟ ਕਰ ਲਵੇ । ਅੱਜ ਟਰੱਕ ਡਰਾਈਵਰਾਂ ਅਤੇ ਟਰੈਕਟਰ ਡਰਾਈਵਰਾਂ ਨੂੰ ਲਾਇਸੰਸ ਬਿਨਾਂ ਕਿਸੇ ਟੈਸਟ ਤੋਂ ਜਾਰੀ ਕੀਤੇ ਜਾ ਰਹੇ ਹਨ । ਕੋਈ ਆਰਗੇਨਾਈਜ਼ਡ ਸਕੂਲ ਨਹੀਂ, ਕੋਈ ਟਰੇਨਿੰਗ ਨਹੀਂ ਦਿੱਤੀ ਜਾਂਦੀ । ਸਿਰਫ ਡੀ. ਟੀ. ਓ. ਵੱਲੋਂ ਪਹਿਲਾਂ ਲਾਈਟ ਵਹੀਕਲ ਦਾ ਲਾਇਸੰਸ ਦਿੱਤਾ ਜਾਂਦਾ ਹੈ ਅਤੇ ਫਿਰ 6 ਮਹੀਨੇ ਬਾਅਦ ਉਹੀ ਹੈਵੀ ਲਾਇਸੰਸ ਬਣ ਜਾਂਦਾ ਹੈ । ਜਦੋਂ ਐਕਸੀਡੈਂਟ ਹੋ ਜਾਂਦਾ ਹੈ ਉਦੋਂ ਪਤਾ ਨਹੀਂ ਦਫਾ ਵਿੱਚ ਕਿੰਨੀ ਕੁ ਢਿੱਲ ਹੈ ਜੇ ਤਾਂ ਬੰਦਾ ਮਰ ਜਾਵੇ ਤਾਂ ਦਫਾ 302 ਲਗਦੀ ਹੈ ਜੇ 26 ਲੱਗ ਜਾਵੇ ਤਾਂ ਦੋ-ਦੋ ਸਾਲ ਜ਼ਮਾਨਤ ਨਹੀਂ ਹੁੰਦੀ । ਪਰ ਜੇਕਰ ਟਰੱਕ ਐਕਸੀਡੈਂਟ ਨਾਲ ਬੰਦਾ ਮਰ ਜਾਵੇ ਤਾਂ ਉਹ ਡਰਾਈਵਰ ਇਕ ਘੰਟੇ ਦੇ ਅੰਦਰ ਅੰਦਰ ਹੀ ਜ਼ਮਾਨਤ ਕਰਵਾ ਲੈਂਦਾ ਹੈ ਤੇ ਉਸ ਦੀ ਟਰਾਂਸਪੋਰਟ ਵੀ ਜ਼ਮਾਨਤ ਤੇ ਛੱਡ ਦਿੱਤੀ ਜਾਂਦੀ ਹੈ । ਮੈਂ ਸਮਝਦਾ ਹਾਂ ਕਿ ਲਾਇਸੰਸ ਸ਼ਰਤਾਂ ਡਰਾਈਵਰ ਵਾਸਤੇ ਸਖਤ ਕਰਨੀਆਂ ਚਾਹੀਦੀਆਂ ਹਨ । ਇਸ ਦੇ ਨਾਲ ਹੀ ਜਿਹੜੇ ਲੋਕ ਸ਼ਰਾਬ ਪੀਕੇ ਗੱਡੀ ਚਲਾਉਂਦੇ ਹਨ ਜਾਂ ਅਣਗਹਿਲੀ ਨਾਲ ਚਲਾਉਂਦੇ ਹਨ, ਆਪਣੇ ਕਸੂਰ ਨਾਲ ਐਕਸੀਡੈਂਟ ਕਰਦੇ ਹਨ ਉਨ੍ਹਾਂ ਦੀ ਸਜ਼ਾ ਵਿੱਚ ਥੋੜ੍ਹੀ-ਬਹੁਤੀ ਸਖਤੀ ਕਰਨੀ ਚਾਹੀਦੀ ਹੈ ਤਾਂ ਜੋ ਉਹ ਲੋਕ ਐਕਸੀਡੈਂਟ ਨਾ ਕਰਨ । ਜੇਕਰ ਉਹ ਸਮਝਣ ਕਿ ਜਿੰਨੇ ਮਰਜ਼ੀ ਬੰਦੇ ਮਾਰ ਦੇਈਏ ਦੋ ਘੰਟਿਆਂ ਦੇ ਅੰਦਰ ਜ਼ਮਾਨਤ ਤਾਂ ਕਰਵਾ ਹੀ ਲੈਣੀ ਹੈ ਤਾਂ ਫਿਰ ਇਸ ਦੇ ਨਾਲ ਐਕਸੀਡੈਂਟ ਵਧਣਗੇ । ਡਿਪਟੀ ਸਪੀਕਰ ਸਾਹਿਬ 2 ਗੱਲਾਂ ਮੈਂ ਹੋਰ ਕਰਨੀਆਂ ਚਾਹੁੰਦਾ ਹਾਂ । ਵਿੱਤ ਮੰਤਰੀ ਜੀ ਇਥੇ ਬੈਠੇ ਨਹੀਂ । ਕੁਝ ਬੜਾ ਪੁਰਾਣਾ ਰਿਵਾਜ ਪਿਆ ਹੋਇਆ ਹੈ ਕਿ 31 ਮਾਰਚ ਤੋਂ ਪਹਿਲਾਂ ਪਹਿਲਾਂ ਫੰਡ ਦੇਣੇ ਵੀ ਹੁੰਦੇ ਹਨ ਅਤੇ ਖਰਚਣੇ ਵੀ ਹੁੰਦੇ ਹਨ । ਮੈਂ ਸਟੱਡੀ ਕੀਤਾ ਹੈ ਕਿ ਜਿਹੜੀਆਂ ਸੈਂਟਰ ਦੀਆਂ ਸਕੀਮਾਂ ਹਨ, ਉਨ੍ਹਾਂ ਵਿੱਚ ਫੰਡ 31 ਮਾਰਚ ਤੋਂ ਪਹਿਲਾਂ ਪਹਿਲਾਂ ਖਤਮ ਕਰ ਦਿੱਤਾ ਜਾਂਦਾ ਹੈ ਪਰ, ਚਾਹੀਦਾ ਤਾਂ ਇਹ ਹੈ ਕਿ ਉਨ੍ਹਾਂ ਦਾ ਕੰਪੋਲੀਸ਼ਨ ਪੀਰੀਅਡ ਦੋ ਜਾਂ ਤਿੰਨ ਮਹੀਨੇ ਵਧਾ ਦਿਤਾ ਜਾਵੇ ਤਾਂ ਕਿ ਕੰਮ ਰਾਤੋ-ਰਾਤ ਮੁਕੰਮਲ ਨਾ ਹੋਣ ਅਤੇ ਫੰਡ ਦੀ ਦੁਰਵਰਤੋਂ ਤੇ ਫਜ਼ੂਲ-ਖਰਚੀ ਰੁਕ ਸਕੇ । ਜੇ ਇਸ ਗੱਲ ਤੇ ਵਿਚਾਰ ਕਰਕੇ ਅਗਲੇ ਸਾਲ ਤੋਂ ਕੰਪੁਲੀਸ਼ਨ ਪੀਰੀਅਡ ਵਧਾ ਦਿੱਤਾ ਜਾਵੇ ਅਤੇ ਫੰਡ ਕੈਰੀਫਾਰਵਡ ਕਰ ਦਿੱਤੇ ਜਾਣ ਤਾਂ ਇਸ ਨਾਲ ਫੰਡ ਵੀ ਬਚਣਗੇ ਅਤੇ ਕੰਮ ਵੀ ਹੋਣਗੇ ਅੰਦਰ ਥੱਲੇ ਲੈਵਲ ਤੇ, ਹੇਠਲੀ ਸਤਾਹ ਤੇ ਜੋ ਥੋੜ੍ਹੀ-ਬਹੁਤ ਕੁਰੱਪਸ਼ਨ ਹੁੰਦੀ ਹੈ, ਉਹ ਵੀ ਰੁਕੇਗੀ, ਉਸ ਨੂੰ ਵੀ ਨੱਥ ਪਏਗੀ ।

ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਮਾਤ ਭਾਸ਼ਾ ਪੰਜਾਬੀ ਹੈ । ਇਸ ਵਿੱਚ ਕੋਈ ਦੋ ਰਾਵਾਂ ਨਹੀਂ । ਪੰਜਾਬੀਆਂ ਦੀ ਮਾਂ-ਬੋਲੀ ਪੰਜਾਬੀ ਹੈ ਅਤੇ ਪੰਜਾਬ ਦੀ ਮਾਤ-ਭਾਸ਼ਾ ਪੰਜਾਬੀ ਹੈ । ਪਿੰਡਾਂ ਦੇ ਲੋਕ ਸੱਤਵੀਂ ਅੱਠਵੀਂ ਤੱਕ ਤਾਂ ਪੰਜਾਬੀ ਪੜ੍ਹ ਲੈਂਦੇ ਹਨ ਫਿਰ ਅੰਗਰੇਜ਼ੀ ਪੜ੍ਹਨੀ ਪੈਂਦੀ ਹੈ । ਇਸ ਨਾਲ ਉਨ੍ਹਾਂ ਦਾ ਨੁਕਸਾਨ ਹੁੰਦਾ ਹੈ । ਇਹ ਗੱਲ

Original with;
Punjab Vidhan Sabha
Digitized by;
Panjab Digital Library

ਠੀਕ ਹੈ ਕਿ ਹਰਿਆਣੇ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਜਾਵੇ, ਹਿਮਾਚਲ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਜਾਵੇ, ਮੈਂ ਇਸ ਗੱਲ ਦਾ ਵੀ ਹਾਮੀ ਹਾਂ। ਦਿੱਲੀ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਜਾਵੇ, ਮੈਂ ਇਸ ਗੱਲ ਦਾ ਵੀ ਹਾਮੀ ਹਾਂ। ਇਸ ਦੇ ਨਾਲ ਹੀ ਜੇ ਅਸੀਂ ਨੈਸ਼ਨਲ ਇੰਟੈਗਰੇਸ਼ਨ ਦੇ ਹਾਮੀ ਹਾਂ, ਅਖੰਡਤਾ ਦੇ ਹਾਮੀ ਹਾਂ ਤ ਸੈਂਟਰ ਦੀਆਂ ਪੋਸਟਾਂ ਜਿਵੇਂ ਆਈ. ਏ. ਐਸ. ਜਾਂ ਆਈ.ਪੀ.ਐਸ. ਜਾਂ ਕੋਈ ਹੋਰ ਇੰਜੀਨੀਅਰਿੰਗ ਦੇ ਕੰਪੀਟੀਸ਼ਨ ਹਨ ਉਨ੍ਹਾਂ ਵਾਸਤੇ ਹਿੰਦੀ ਦੀ ਲੋੜ ਪੈਂਦੀ ਹੈ। ਉਸ ਸਮੇਂ ਸਾਡੇ ਬੱਚੇ ਪਿੱਛੇ ਰਹਿ ਜਾਂਦੇ ਹਨ ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਘੱਟ ਤੋਂ ਘੱਟ ਛੇਵੀਂ ਤੋਂ ਹਿੰਦੀ ਜ਼ਰੂਰ ਸ਼ੁਰੂ ਕਰਵਾਉਣ ਅਤੇ ਅੱਠਵੀਂ ਜਾਂ ਦੁਸਵੀਂ ਤੋਂ ਹਿੰਦੀ ਕੰਪਲਸਰੀ ਸਬਜੈਕਟ ਹੋਣਾ ਚਾਹੀਦਾ ਹੈ। ਇਸ ਨਾਲ ਸਾਡੇ ਬੱਚੇ ਆਉਣ ਵਾਲੇ ਕੰਪੀਟੀਸ਼ਨਾਂ ਵਿਚ ਕੰਪੀਟ ਕਰ ਸਕਣਗੇ ਅੇਰ ਪੰਜਾਬ ਦੇ ਨੌਜਵਾਨ ਜੋ ਪਿੱਛੇ ਰਹਿ ਜਾਂਦੇ ਹਨ, ਉਹ ਦੂਜਿਆਂ ਦੇ ਬਰਾਬਰ ਆ ਸਕਣਗੇ।

ਇਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਗੱਲਾਂ ਆਪਣੇ ਹਲਕੇ ਦੀਆਂ ਕਰਨੀਆਂ ਚਾਹੁੰਦਾ ਹਾਂ। ਮੇਰਾ ਅਨੰਦਪੁਰ ਸਾਹਿਬ ਦਾ ਹਲਕਾ ਹੈ। ਬੜਾ ਹੀ ਮਸ਼ਹੂਰ ਨਾਂ ਹੈ ਅੇਰ ਇਹ ਇਲਾਕਾ ਸਾਰੀ ਦੁਨੀਆਂ ਵਿੱਚ ਮਸ਼ਹੂਰ ਹੈ। ਇਹ ਖਾਲਸੇ ਦਾ ਜਨਮ ਅਸਥਾਨ ਹੈ। ਮਹਾਨ ਗੁਰੂ ਗੋਬਿੰਦ ਸਿੰਘ ਜੀ ਅੇਰ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀ ਨੇ ਇੱਥੇ ਦੇਸ਼ ਦੀ ਏਕਤਾ ਅੇਰ ਅਖੰਡਤਾ ਵਾਸਤੇ ਲੜਾਈ ਲੜੀ ਅੇਰ ਕੁਰਬਾਨੀਆਂ ਦਿੱਤੀਆਂ। ਇਸ ਵਾਸਤੇ ਦੇਸ਼ ਦੇ ਲੋਕ ਆਉਣ ਵਾਲੇ ਸਮੇਂ ਤੱਕ ਉਨ੍ਹਾਂ ਦੇ ਅਭਾਰੀ ਰਹਿਣਗੇ। ਉਥੇ ਡਿਵੈਲਪਮੈਂਟ ਬੋਰਡ ਬਣਾਇਆ ਗਿਆ ਹੈ ਪਰ ਉਥੇ ਨਾ ਤਾਂ ਡਿਵੈਲਪਮੈਂਟ ਬੋਰਡ ਦੀ ਕੋਈ ਮੀਟਿੰਗ ਹੋਈ ਹੈ ਅੇਰ ਨਾ ਹੀ ਕੋਈ ਫੰਡ ਰਖੇ ਗਏ ਹਨ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਅਨੰਦਪੁਰ ਸਾਹਿਬ ਡਿਵੈਲਪਮੈਂਟ ਬੋਰਡ ਦੀ ਜਲਦੀ ਤੋਂ ਜਲਦੀ ਮੀਟਿੰਗ ਕਰਵਾਈ ਜਾਵੇ ਅੇਰ ਫੰਡ ਵੀ ਦਿੱਤੇ ਜਾਣ। ਇਸੇ ਤਰ੍ਹਾਂ ਅਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਤੱਕ ਲਿਫਟ ਇਰੀਗੇਸ਼ਨ ਸਕੀਮ ਨੂੰ ਵੀ ਸਰਕਾਰ ਛੇਤੀ ਤੋਂ ਛੇਤੀ ਚਾਲੂ ਕਰੇ। ਮੁੱਖ ਮੰਤਰੀ ਜੀ ਨੇ ਯਕੀਨ ਦਿਵਾਇਆ ਹੈ। ਮੈਂ ਧੰਨਵਾਦੀ ਹੋਵਾਂਗਾ ਜੇਕਰ ਇਹ ਸਕੀਮ ਛੇਤੀ ਤੋ ਛੇਤੀ ਸ਼ੁਰੂ ਕੀਤੀ ਜਾਵੇ। ਇਸੇ ਤਰ੍ਹਾਂ ਰਾਏ ਪੱਤਣ ਨਾਲ ਢੇਲਾ ਬਰਿਜ ਹੈ। ਪਹਿਲਾਂ ਇਹ ਬਰਿਜ ਕਿਸ਼ਤੀਆਂ ਦਾ ਹੁੰਦਾ ਸੀ। ਤਿੰਨ ਮਹੀਨੇ ਵਾਸਤੇ ਬਣਾ ਦਿੱਤਾ ਜਾਂਦਾ ਸੀ। ਹਿਮਾਚਲ ਤੋਂ ਡੀਫੈਂਸ ਪੁਆਇੰਟ ਆਫ ਵੀਊ ਨਾਲ ਅੰਮ੍ਰਿਤਸਰ ਜਾਣ ਲਈ ਵੀ ਇਹ ਨੀਅਰੈਸਟ ਰਸਤਾ ਹੈ। ਇਹ ਪੁੱਲ ਬਣਨਾ ਬਹੁਤ ਜ਼ਰੂਰੀ ਹੈ ਪਰ ਪਹਿਲਾਂ ਇਹ ਪੁਲੀਟੀਕਲ ਕਾਰਣਾਂ ਕਰਕੇ ਨਹੀਂ ਬਣ ਸਕਿਆ। ਮੈਡਮ ਭੱਠਲ ਬੈਠੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਰਿਬੇਰੋ ਸਾਹਿਬ ਇੱਥੇ ਆਏ ਸਨ ਤਾਂ ਅਸੀਂ ਉਨ੍ਹਾਂ ਨੂੰ ਵੀ ਕਿਹਾ ਸੀ ਕਿ ਇਹ ਪੁੱਲ ਬਣਨਾ ਚਾਹੀਦਾ ਹੈ ਤਾਂ ਕਿ ਬੱਸਾਂ, ਟਰੈਕਟਰ, ਟਰੱਕ ਲੰਘ ਸਕਣ। ਉਸ ਉਪਰੋਂ ਬੱਸਾਂ ਜਿਹੜੀਆਂ ਹਨ, ਉਹ ਲੰਘਣੀਆਂ ਬੰਦ ਹੋ ਗਈਆਂ ਹਨ। ਇਸ ਕਰਕੇ ਇਸ ਨੂੰ ਕਿਸੇ ਪ੍ਰਕਾਰ ਵੀ ਤਿਆਰ ਕਰਨਾ ਪਵੇ, ਬੱਸਾਂ ਦਾ ਲੰਘਣਾ ਜ਼ਰੂਰ ਚਾਲੂ ਕਰ ਦੇਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਮੇਸ਼ ਦੱਤ ਸ਼ਰਮਾ]

ਇੱਕ ਮੈਂ ਮਾਨਯੋਗ ਡਿਪਟੀ ਸਪੀਕਰ ਸਾਹਿਬ, ਹੋਰ ਰਾਏ ਦੇਣੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਅਸੀਂ ਦਿਨ ਰਾਤ ਤਰੱਕੀ ਕਰ ਰਹੇ ਹਾਂ ਪਰ ਇਥੇ ਵਾਟਰ ਸਪੋਰਟਸ ਜਿਹੜੀਆਂ ਹਨ, ਉਨ੍ਹਾਂ ਵਾਸਤੇ ਕੋਈ ਜਗ੍ਹਾ ਨਹੀ । ਕੀਰਤਪੁਰ ਤੋਂ ਰੋਪੜ ਦੇ ਪੁਲ ਤੱਕ ਐਸ. ਵਾਈ. ਐਲ. ਤੋਂ ਫਾਲਤੂ ਪਾਣੀ ਆਉਂਦਾ ਹੈ, ਉਥੇ ਬੜਾ ਸਲੋਅ ਪਾਣੀ ਹੈ। ਜੇਕਰ ਉਥੇ ਪਾਣੀ ਦਾ ਕੰਟਰੋਲ ਕੀਤਾ ਜਾਵੇ ਤਾਂ ਲੱਖਾਂ ਏਕੜ ਜ਼ਮੀਨ ਅਸੀਂ ਬਚਾ ਸਕਦੇ ਹਾਂ ਅਤੇ ਜੇ ਉਸ ਨੂੰ ਵਾਟਰ ਸਪੋਰਟਸ ਵਿੱਚ ਕੰਨਵਰਟ ਕਰ ਦਿੱਤਾ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਵਾਟਰ ਸਪੋਰਟਸ ਦੇ ਨਾਲ ਪੰਜਾਬ ਵਿੱਚ ਬਾਹਰੋਂ ਆਉਣ ਵਾਲੇ ਟੂਰਿਸਟ ਜ਼ਿਆਦਾ ਗਿਣਤੀ ਵਿਚ ਆ ਸਕਦੇ ਹਨ ।

ਮੈਂ ਇੱਕ ਗੱਲ ਹੋਰ ਕਹਿਣੀ ਚਾਹਵਾਂਗਾ, ਮਾਨਯੋਗ ਪਬਲਿਕ ਹੈਲਥ ਮਨਿਸਟਰ ਜੀ ਬੈਠੇ ਹਨ । ਸਾਡੇ ਜਿਥੇ ਇਰੀਗੇਸ਼ਨ ਦੇ ਪਾਣੀ ਦੀ ਤਕਲੀਫ ਹੈ, ਉਥੇ ਕੰਢੀ ਤੇ ਚੰਘਰ ਦੋਹਾਂ ਬਲਾਕਾਂ ਵਿੱਚ ਪੀਣ ਵਾਲੇ ਪਾਣੀ ਦੀ ਵੀ ਤਕਲੀਫ ਹੈ ਉਥੇ ਸਪਲਾਈ ਦੀ ਬੜੀ ਪਹਿਲਾਂ 1970 ਵਿੱਚ ਆਗਮੈਂਟੇਸ਼ਨ ਹੋਈ ਸੀ । ਪਾਈਪਾਂ ਬਹੁਤ ਸਾਰੀਆਂ ਖੱਡਾਂ ਨੂੰ ਕਰਾਸ ਕਰਕੇ ਜਾਂਦੀਆਂ ਹਨ ਜਿਹੜੀਆਂ ਕਿ ਆਈ ਬਰਸਾਤ ਨੂੰ ਟੁੱਟ ਜਾਂਦੀਆਂ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਵਰਲਡ ਬੈਂਕ ਦੀ ਸਕੀਮ ਹੈ, ਇਨ੍ਹਾਂ ਨੂੰ ਬਾਈਫਰਕੇਟ ਕਰ ਦਿੱਤਾ ਜਾਵੇ । ਉਥੇ ਲੋਕਾਂ ਨੂੰ ਬੜੀ ਤੰਗੀ ਨਾਲ ਗੁਜ਼ਾਰਾ ਕਰਨਾ ਪੈਂਦਾ ਹੈ । ਸਾਰੇ ਆਨੰਦਪੁਰ ਸਾਹਿਬ ਦੀ ਇੰਪਾਰਟੈਂਸ ਨੂੰ ਮੁਹਰੇ ਰੱਖਦੇ ਹੋਏ ਜਿਥੇ ਫਤਹਿਗੜ੍ਹ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਦੇ ਨੰਜਵਾਨਾਂ ਦੀ ਕੁਰਬਾਨੀ ਦੀ ਖਾਤਰ ਜ਼ਿਲ੍ਹਾ ਬਣਾਇਆ ਉਥੇ ਆਨੰਦਪੁਰ ਸਾਹਿਬ ਨੂੰ ਅੱਜ ਦੇ ਹਲਾਤ ਮੁਤਾਬਿਕ ਜ਼ਿਲ੍ਹਾ ਮੰਗਣ ਲਈ ਨਹੀਂ ਕਹਿੰਦ ਜੇ ਕਦੇ ਮੰਗਿਆ ਤਾਂ ਕੈਪੀਟਲ ਹੀ ਮੰਗਾਂਗੇ ਪਰ ਇੱਕ ਗੱਲ ਜ਼ਰੂਰ ਮੰਗਣੀ ਚਾਹੁੰਦਾ ਹਾਂ ਕਿ ਇਸ ਇਲਾਕੇ ਦੇ ਲੋਕਾਂ ਨੂੰ, ਕੰਢੀ ਅਤੇ ਚੰਘਰ ਦੇ ਏਰੀਏ ਦੇ ਲੋਕਾਂ ਦੇ ਘਰੀ ਪਾਣੀ ਪਹੁੰਚਾ ਦਿੱਤਾ ਜਾਵੇ ਤਾਂਕਿ ਉਹ ਲੋਕ ਘਰ ਬੈਠੇ ਹੀ ਪਾਣੀ ਪੀ ਸਕਣ ਅੱਜ ਉਨ੍ਹਾਂ ਨੂੰ ਪਾਣੀ ਪੀਣ ਲਈ ਆਈ ਵਾਰ ਦਰਿਆ ਦੇ ਕੰਢੇ ਨਾ ਜਾਣਾ ਪਵੇ ।

ਮੈਂ ਡਿਪਟੀ ਸਪੀਕਰ ਸਾਹਿਬ, ਜਿਥੇ ਪਾਣੀ ਦੀ ਗੱਲ ਕੀਤੀ ਹੈ, ਉਸੇ ਤਰੀਕੇ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਨੂਰਪੁਰ ਬੇਦੀ ਦਾ ਬਲਾਕ ਹੈ । ਰੋਪੜ ਤੋਂ ਨੂਰਪੁਰ ਬੇਦੀ ਦੇ ਦਰਮਿਆਨ ਬੜੀਆਂ ਖੱਡਾਂ ਹਨ , ਮੈਂ ਕਈ ਵਾਰ ਆਪਣੀ ਵਿਧਾਨ ਸਭਾ ਵਿੱਚ ਵੀ ਇਹ ਆਵਾਜ਼ ਲਿਆਂਦੀ ਹੈ । ਮੈਨੂੰ ਮਾਨਯੋਗ ਮੁੱਖ ਮੰਤਰੀ ਜੀ ਨੇ ਵੀ ਯਕੀਨ ਦਿਵਾਇਆ ਹੈ ਕਿ ਅਸੀਂ ਛੇਤੀ ਉਥੇ ਖੱਡਾਂ ਤੇ ਪੁਲ ਬਣਾਵਾਂਗੇ । ਪਰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਕੰਮ ਜਲਦੀ ਤੋਂ ਜਲਦੀ ਜਿੰਨੀ ਛੇਤੀ ਹੋ ਸਕੇ ਕਰੋ । ਦੂਜਾ ਆਈ. ਟੀ. ਆਈ. ਦਾ ਰੈਫਰੈਂਸ ਜ਼ਰੂਰ ਆਇਆ ਹੈ, ਗਵਰਨਰ ਐਡਰਸ ਵਿੱਚ, ਜਿੰਨੀ ਛੇਤੀ ਹੋ ਸਕੇ ਇਸ ਕੰਮ ਨੂੰ ਸਿਰੇ ਚਾੜ੍ਹ ਦਿੱਤਾ ਜਾਵੇ । ਉਸ ਦੇ ਵਾਸਤੇ ਮੇਰੇ ਹਲਕੇ ਦੇ ਲੋਕ ਅਤੇ ਮੈਂ ਵੀ ਧੰਨਵਾਦੀ ਹੋਵਾਂਗਾ ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਅੱਜ ਜਿਸ ਤਰੀਕੇ ਨਾਲ ਪੰਜਾਬ ਦੇ ਬਜਟ ਉਪਰ ਬਹਿਸ ਪਿਛਲੇ ਤਿੰਨ ਦਿਨਾਂ ਤੋਂ ਚਲ ਰਹੀ ਹੈ ਤੇ ਸਭ ਆਪਣੀ-ਆਪਣੀ

Original with;
Punjab Vidhan Sabha
Digitized by;
Panjab Digital Library

ਗੱਲ ਆਪਣੇ-ਆਪਣੇ ਤਰੀਕੇ ਨਾਲ ਕਹੀ ਜਾ ਰਹੇ ਹਨ । ਮੈਂ ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਅੱਜ ਪੰਜਾਬ ਬੜੀਆਂ ਮੁਸ਼ਕਲਾਂ ਨਾਲ, ਬੜੇ ਤਰੱਦਦ ਨਾਲ, ਬੜੀਆਂ ਕੁਰਬਾਨੀਆਂ ਦੇ ਨਾਲ, ਬੜੀਆਂ ਸ਼ਹੀਦੀਆਂ ਦੇ ਨਾਲ ਮੁੜ ਕੇ ਫਿਰ ਹਿੰਦੁਸਤਾਨ ਨਾਲ ਜੁੜਿਆ ਹੈ ਅੱਜ ਦੂਸਰੇ ਸ਼ਬਦਾਂ ਵਿੱਚ ਫਿਰ ਆਜ਼ਾਦ ਹੋਇਆ ਹੈ । ਇਸ ਵਧਦੇ ਫੁੱਲਦੇ ਪੰਜਾਬ ਨੂੰ ਸਿਰਫ਼ ਕੁਰਸੀ ਖਾਤਰ ਮੁੜ ਖਰਾਬ ਹਾਲਤ ਵੱਲ ਲਿਜਾਣ ਦੀ ਕੋਸ਼ਿਸ਼ ਨਹੀਂ ਹੋਣੀ ਚਾਹੀਦੀ । ਖਾਸ ਤੌਰ ਤੇ ਮੈਂ ਵਿਰੋਧੀ ਪਾਰਟੀ ਨੂੰ, ਉਨ੍ਹਾਂ ਪਾਰਟੀਆਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਿਆਸੀ ਮੁਫਾਦਾਂ ਦੀ ਖਾਤਰ ਕੋਈ ਐਸਾ ਕੰਮ ਨਾ ਕਰੀਏ ਚਾਹੇ ਕੋਈ ਵੀ ਕਰੇ, ਸਾਨੂੰ ਇਸ ਨੀਤੀ ਨੂੰ ਆਪਣੇ ਸਾਹਮਣੇ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਪੰਜਾਬ ਦੇ ਹਲਾਤ ਜਿਹੜੇ ਹਨ, ਜਿਸ ਤਰੀਕੇ ਨਾਲ ਠੀਕ ਹੋਏ ਹਨ, ਕੁਝ ਆਦਮੀ ਸਿਰਫ਼ ਆਪਣੀ ਕੁਰਸੀ ਵੱਲ ਜਾਣਾ ਚਾਹੁੰਦੇ ਹਨ । ਪੰਜਾਬ ਦੇ ਲੋਕਾਂ ਨੇ ਜਿਸ ਖਾਤਰ ਕੁਰਬਾਨੀ ਕੀਤੀ ਹੈ ਅਸੀਂ ਉਨ੍ਹਾਂ ਦਾ ਕੋਈ ਭਲਾ ਕਰਨਾ ਚਾਹੁੰਦੇ ਹਾਂ । ਸੋ ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਸ ਬਜਟ ਦੇ ਵਿੱਚ ਹਰ ਪ੍ਰਕਾਰ ਦੀ ਰਾਹਤ ਪੈਨਸ਼ਨਰਜ਼ ਨੂੰ ਦਿੱਤੀ ਗਈ ਹੈ, ਮੁਲਾਜ਼ਮਾਂ ਨੂੰ ਦਿੱਤੀ ਗਈ ਹੈ, ਵਪਾਰੀਆਂ ਨੂੰ ਦਿੱਤੀ ਗਈ ਹੈ, ਕਿਸਾਨਾਂ ਨੂੰ ਦਿੱਤੀ ਗਈ ਹੈ । ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਦਿੱਤੀ ਗਈ ਹੈ । ਪੰਜਾਬ ਵਿੱਚ ਇੰਡਸਟਰੀ ਨੂੰ ਅਤੇ ਫਰੀਡਮ ਫਾਈਟਰ ਨੂੰ, ਸਾਡੇ ਕੋਲ ਪੰਡਿਤ ਜੀ ਬੈਠੇ ਹਨ, ਜਿਨ੍ਹਾਂ ਨੇ ਸਾਨੂੰ ਆਜ਼ਾਦੀ ਲਿਆ ਕੇ ਦਿੱਤੀ, ਪੰਜਾਬ ਸਰਕਾਰ ਉਨ੍ਹਾਂ ਦਾ ਖਿਆਲ ਰਖਿਆ ਤਾਂ ਨੇ ਹਮੇਸ਼ਾ ਉਨ੍ਹਾਂ ਨੂੰ ਰਿਆਇਤ ਦਿੱਤੀ ਗਈ ਹੈ ਇਸ ਦੇ ਨਾਲ ਹੀ ਜਿਹੜੇ ਲੋਕ 1984 ਦੇ ਦੰਗਿਆਂ ਦੇ ਪੀੜਤ ਹਨ, ਉਨ੍ਹਾਂ ਦੰਗਾਂ ਪੀੜਤਾਂ ਦੀਆਂ ਵਿਧਵਾਵਾਂ ਨੂੰ ਜਾਂ ਉਨ੍ਹਾਂ ਲੋਕਾਂ ਨੂੰ , ਰਾਹਤ ਇੱਕ ਹਜ਼ਾਰ ਰੁਪਏ ਤੋਂ ਵਧਾ ਕੇ ਪੰਦਰਾਂ ਸੌ ਰੁਪਏ ਕਰ ਦਿਤੀ ਗਈ ਹੈ ਉਹ ਲੋਕ ਜਿਹੜੇ ਅੱਤਵਾਦੀਆਂ ਹੱਥੋਂ ਮਰੇ, ਸ਼ਹੀਦ ਹੋਏ, ਮਰੇ ਤਾਂ ਕਹਿ ਨਹੀਂ ਸਕਦਾ, ਜਿਨ੍ਹਾਂ ਨੇ ਪੰਜਾਬ ਦੇ ਬਾਕੀ ਰਹਿੰਦੇ ਲੋਕਾਂ ਵਾਸਤੇ ਸ਼ਹੀਦੀ ਦਿੱਤੀ ਹੈ, ਉਨ੍ਹਾਂ ਦੀਆਂ ਪੈਨਸ਼ਨਾਂ ਵਿੱਚ ਬੜੋਤਰੀ ਕੀਤੀ ਗਈ ਹੈ 1980 ਤੋਂ ਲੈ ਕੇ ਜਿੰਨੇ ਲੋਕ ਵੀ ਟੈਰੋਰਿਸਟ ਇਫੈਕਟਿਡ ਹਨ, ਉਨ੍ਹਾਂ ਲਈ ਐਕਸ ਗਰੇਸ਼ੀਆ ਗਰਾਂਟ 50 ਹਜ਼ਾਰ ਰੁਪਏ ਤੋਂ ਵਧਾ ਕੇ ਇਕ ਲੱਖ ਰੁਪਏ ਕਰਕੇ ਮੈਂ ਸਮਝਦਾ ਹਾਂ ਕਿ ਉਨ੍ਹਾਂ ਪ੍ਰਤੀ ਸ਼ਰਧਾ ਅਤੇ ਬਣਦਾ ਮਾਨ ਸਨਮਾਨ ਦੇ ਕੇ ਇਕ ਬਹੁਤ ਹੀ ਸ਼ਲਾਘਾਯੋਗ ਕੰਮ ਪੰਜਾਬ ਸਰਕਾਰ ਨੇ ਕੀਤਾ ਹੈ ।

ਅੰਤ ਵਿੱਚ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਜੋ 1995-96 ਦਾ ਬਜਟ ਬਿਨਾਂ ਟੈਕਸ ਪੇਸ਼ ਕੀਤਾ ਹੈ ਅੱਤੇ ਜਿਸ ਦੇ ਵਿੱਚ ਸਿਰਫ਼ 61.43 ਕਰੋੜ ਰੁਪਏ ਦਾ ਘਾਟਾ ਦੱਸਿਆ ਹੈ ਅਤੇ ਇਹ 61.43 ਕਰੋੜ ਰੁਪਏ ਦਾ ਘਾਟਾ ਕੋਈ ਘਾਟਾ ਨਹੀਂ ਹੈ, ਇਹ ਤਾਂ ਮੈਂ ਸਮਝਦਾ ਹਾਂ ਕਿ ਨੈਸ਼ਨਲ ਸੇਵਿੰਗ ਸਕੀਮ ਦੇ ਪੈਸੇ ਵੱਧ ਕੇ ਜੋ ਮਿਲ ਜਾਂਦੇ ਹਨ, ਉਸ ਇਕੱਲੀ ਸਕੀਮ ਨਾਲ ਹੀ ਪੈਸੇ ਪੂਰੇ ਹੋ ਜਾਣੇ ਹਨ, । ਇਹ ਬੜੀ ਸ਼ਲਾਘਾਯੋਗ ਗੱਲ ਹੈ । ਇਸ ਦੇ ਵਿੱਚ ਕੋਈ ਐਸੀ ਗੱਲ ਨਹੀਂ ਜਿਸ ਦੀ ਕੋਈ ਨੁਕਤਾਚੀਨੀ ਕੀਤੀ ਜਾ ਸਕਦੀ ਹੋਵੇ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਬਜਟ ਨੂੰ ਯੂਨਾਨੀਮਸਲੀ ਪਾਸ ਕਰ ਦੇਣਾ ਚਾਹੀਦਾ ਹੈ । ਜੇ ਇਸ ਨੂੰ ਯੂਨਾਨੀਮਸਲੀ ਪਾਸ ਕਰ ਦਿਤਾ ਜਾਵੇ ਜਿਸ ਦੀ ਕਿ ਮੈਨੂੰ ਉਮੀਦ ਹੈ, ਸਾਡੀ ਗੱਲ ਅਪੋਜ਼ੀਸ਼ਨ ਨੇ ਮੰਨਣੀ ਨਹੀਂ ਪਰ ਮੈਂ ਬਹੁਤਾ ਕੁਝ ਨਾ ਕਹਿੰਦਾ ਹੋਇਆ ਇਹੀ ਕਹਿਣਾ ਚਾਹੁੰਦਾ ਹਾਂ ਕਿ ਜੇ ਇਸ ਨੂੰ ਯੂਨਾਨੀਮਸਲੀ ਪਾਸ ਕਰ

Original with;
Punjab Vidhan Sabha
Digitized by;

[ਸ਼੍ਰੀ ਰਮੇਸ਼ ਚੱਤ ਸ਼ਰਮਾ]

ਦਿੱਤਾ ਜਾਵੇ ਤਾਂ ਇਨ੍ਹਾਂ ਦਾ ਵੀ ਬਜਟ ਪਾਸ ਕਰਨ ਵਿਚ ਉਤਨਾ ਹੀ ਹਿੱਸਾ ਹੋਵੇਗਾ ਜਿਤਨਾ ਕਿ ਸਰਕਾਰ ਦਾ ਹੋਵੇਗਾ । ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਕੁਝ ਨਾ ਕਹਿੰਦਾ ਹੋਇਆ ਇਸ ਬਜਟ ਦੀ ਪ੍ਰੋੜਤਾ ਕਰਦਾ ਹਾਂ ਅੰਤ ਇਕੋ ਗੱਲ ਇਹੀ ਕਹਾਂਗਾ ਕਿ ਇਸ ਨੂੰ ਯੂਨਾਨੀਮਸਲੀ ਪਾਸ ਕਰ ਦਿੱਤਾ ਜਾਵੇ ਲੇਕਿਨ—

'ਯਾ ਰੱਬ ! ਨਾ ਸਮਝੇ ਹੈਂ ਨਾ ਸਮਝਤੇ ਹੈਂ ਮੇਰੀ ਬਾਤ,
ਦੇ ਔਰ ਦਿਨ ਇਨ ਕੋ-ਨ ਦੇ ਮੁਝ ਕੋ ਜੁਬਾਂ ਔਰ ।

ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸਰਦਾਰ ਈਸ਼ਰ ਸਿੰਘ (ਕੂੰਮ ਕਲਾਂ, ਐਸ.ਸੀ) ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਹਾਨ ਸਦਨ ਵਿੱਚ ਸਾਡੇ ਖਜ਼ਾਨਾ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਜੋ 1995-96 ਦਾ ਬਜਟ ਪੇਸ਼ ਕੀਤਾ ਹੈ ਉਸ ਦੇ ਹੱਕ ਵਿੱਚ ਉਸ ਦੀ ਪ੍ਰੋੜਤਾ ਕਰਨ ਵਾਸਤੇ ਸਮਾਂ ਦਿੱਤਾ ਹੈ । ਡਿਪਟੀ ਸਪੀਕਰ ਸਾਹਿਬ 1992 ਦਾ ਸਮਾਂ ਜਿਸ ਵਕਤ ਮੁੱਖ ਮੰਤਰੀ, ਪੰਜਾਬ ਸਰਦਾਰ ਬੇਅੰਤ ਸਿੰਘ ਜੀ ਹੋਰਾਂ ਨੂੰ ਪੰਜਾਬ ਦੇ ਲੋਕਾਂ ਨੇ ਇੱਛਾ ਮੁਤਾਬਿਕ ਕਾਂਗਰਸ ਪਾਰਟੀ ਦੀ ਸਰਕਾਰ ਨੂੰ ਚੁਣ ਕੇ ਪੰਜਾਬ ਦੀ ਰਹਿਨੁਮਾਈ ਕਰਨ ਵਾਸਤੇ ਇਥੇ ਭੇਜਿਆ ਤਾਂ ਉਸ ਸਮੇਂ 1992 ਵਿੱਚ ਖਜ਼ਾਨੇ ਦੀ ਹਾਲਤ ਬਹੁਤ ਮਾੜੀ ਸੀ । 1982 ਤੋਂ ਲੈ ਕੇ 1992 ਸਾਲ ਦੇ ਸਮੇਂ ਦੇ ਦੌਰਾਨ ਪੰਜਾਬ ਵਿੱਚ ਦਹਿਸ਼ਤਗਰਦੀ ਕਤਲੋਗਾਰਤ ਦਾ ਮਾਹੌਲ ਸੀ, ਵੱਖਵਾਦੀਆਂ ਅੰਤ 'ਅਤਿਵਾਦੀਆਂ ਨੇ ਪੰਜਾਬ ਦੀ ਧਰਤੀ ਨੂੰ ਖੂਨ ਨਾਲ ਲੱਥ ਪੱਥ ਕੀਤਾ ਹੋਇਆ ਸੀ । ਲੋਕਾਂ ਦੀ ਜਾਨ ਮਾਲ ਦੀ ਰਖੀ ਕਰਨ ਵਾਸਤੇ, ਕਰੋੜਾਂ ਰੁਪਏ ਜੋ ਪੰਜਾਬ ਦੇ ਵਿਕਾਸ ਵਾਸਤੇ ਖਰਚ ਹੋਣੇ ਸਨ, ਉਹ ਉਸ ਵਕਤ ਪੰਜਾਬ ਵਿੱਚ ਅਮਨ ਕਾਨੂੰਨ ਨੂੰ ਬਹਾਲ ਕਰਨ ਵਾਸਤੇ ਲਗਦੇ ਰਹੇ ਜਦੋਂ 1992 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਆਈ ਤਾਂ ਉਸ ਵੇਲੇ ਪਹਿਲਾ ਬਜਟ ਸਾਡੇ ਖਜ਼ਾਨਾ ਮੰਤਰੀ, ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਪੇਸ਼ ਕੀਤਾ । ਉਸ ਵਿੱਚ 812 ਕਰੋੜ ਰੁਪਏ ਦਾ ਘਾਟਾ ਸੀ ਲੇਕਿਨ ਉਸ ਘਾਟੇ ਦੇ ਨਾਲ ਨਾਲ ਪੰਜਾਬ ਦੇ ਵਿੱਚ ਅਮਨ ਅੰਤ ਕਾਨੂੰਨ ਨੂੰ ਬਹਾਲ ਕਰਨ ਵਾਸਤੇ, ਸ਼ਾਂਤੀ ਲਿਆਉਣ ਵਾਸਤੇ, ਮੁਖ ਮੰਤਰੀ, ਪੰਜਾਬ ਨੇ ਬੜੀ ਦ੍ਰਿੜਤਾ ਨਾਲ, ਆਪਣੇ ਸਾਥੀਆਂ ਨੂੰ ਨਾਲ ਲੈ ਕੇ, ਸਮੁੱਚੇ ਪੰਜਾਬੀਆਂ ਨੂੰ ਨਾਲ ਲੈ ਕੇ ਜਿਥੇ ਸ਼ਾਂਤੀ ਨੂੰ ਬਹਾਲ ਕੀਤਾ, ਉਥੇ ਇਸ ਦੇ ਨਾਲ ਨਾਲ ਵਿੱਤੀ ਵਸੀਲੇ ਵੀ ਜੁਟਾਏ । ਉਸ ਦੇ ਬਾਅਦ ਦੂਸਰੇ ਸਾਲ ਦਾ ਬਜਟ ਆਇਆ ਉਹ 1150 ਕਰੋੜ ਰੁਪਏ ਦਾ ਆਇਆ, ਫਿਰ 1250 ਕਰੋੜ ਰੁਪਏ ਦਾ ਆਇਆ ਅਤੇ ਉਸ ਦੇ ਬਾਅਦ ਹੁਣ 1675 ਕਰੋੜ ਰੁਪਏ ਦਾ ਬਜਟ ਇਸ ਮਹਾਨ ਸਦਨ ਵਿੱਚ ਆਇਆ ਹੈ । ਡਿਪਟੀ ਸਪੀਕਰ ਸਾਹਿਬ, ਜਿਥੇ 812 ਕਰੋੜ ਰੁਪਏ ਦਾ ਘਾਟਾ ਸਾਨੂੰ 1992 ਵਿਚ ਮਿਲਿਆ ਸੀ, ਸਾਡੀ ਸਰਕਾਰ ਨੇ ਉਹ ਵੀ ਪੂਰਾ ਕੀਤਾ ਅਤੇ ਇਸ ਦੇ ਨਾਲ ਨਾਲ 875 ਕਰੋੜ ਰੁਪਿਆ ਹੋਰ ਵੀ ਵਾਧੂ ਪਾਇਆ ਅੰਤ ਪੰਜਾਬ ਨੂੰ 1685 ਕਰੋੜ ਵਿਕਾਸ ਦੇ ਵਾਸਤੇ, ਕਿਸਾਨੀ ਦੇ ਵਾਸਤੇ, ਗਰੀਬ ਲੋਕਾਂ ਵਾਸਤੇ, ਕਰਮਚਾਰੀਆਂ ਵਾਸਤੇ, ਸਨਅੱਤਕਾਰਾਂ ਵਾਸਤੇ ਖਰਚਣ ਦੀ ਯੋਜਨਾ ਬਣਾਈ ਹੈ ਅੰਤ ਇਸ ਵਾਸਤੇ ਸਰਕਾਰ ਨੇ ਜਿਹੜੇ ਵਸੀਲੇ ਜੁਟਾਏ ਹਨ, ਉਹ ਮੇਨ ਆਬਕਾਰੀ ਵਿਭਾਗ ਤੋਂ ਜੁਟਾਏ ਹਨ । ਅੰਤ ਕੁਝ ਅਦਾਰੇ ਹਨ ਜਿਨ੍ਹਾਂ ਤੇ ਲੰਮਸਮ ਟੈਕਸ ਲਾਇਆ ਹੈ । ਇਸ ਨਾਲ ਜੋ ਪਿਛਲੇ

Original with;
Punjab Vidhan Sabha
Digitized by:
Panjab Digital Library

ਸਾਲ 1993-94 ਵਿਚ ਕੁਲ ਐਕਸਾਈਜ਼ 1727 ਕਰੋੜ ਦਾ ਸੀ ਉਹ ਇਸ ਸਾਲ 2170 ਕਰੋੜ ਹੋ ਗਿਆ ਹੈ । ਇਸ ਨਾਲ ਤਕਰੀਬਨ 440 ਕਰੋੜ ਰੁਪਏ ਦਾ ਵਾਧਾ ਹੋਇਆ ਹੈ ।

ਡਿਪਟੀ ਸਪੀਕਰ, ਕੁਝ ਛੋਟੀਆਂ ਬਚਤਾਂ ਤੋਂ ਵੀ ਸਰਕਾਰ ਨੇ ਪੈਸੇ ਇਕੱਠੇ ਕੀਤੇ ਹਨ । ਸਾਡੀ ਸਰਕਾਰ ਨੇ ਪੰਜਾਬ ਦੇ ਨੌਜਵਾਨਾਂ ਅਤੇ ਮਹਿਲਾਵਾਂ ਨੂੰ ਉਤਸ਼ਾਹਿਤ ਕੀਤਾ ਹੈ ਅੌਰ ਉਨ੍ਹਾਂ ਨੂੰ ਲੋਕਾਂ ਤੋਂ ਪੈਸੇ ਜਮ੍ਹਾਂ ਕਰਵਾਉਣ ਵਾਸਤੇ ਏਜੰਟ ਦੇ ਤੌਰ ਤੇ ਅੈਪੁਆਇੰਟ ਕੀਤਾ ਹੈ ਜਿਸ ਨਾਲ ਇਹ ਰਾਸ਼ੀ ਜਿਹੜੀ ਪਹਿਲੇ 328/- ਕਰੋੜ ਰੁਪਏ ਸੀ ਉਹ ਹੁਣ ਵਧ ਕੇ 660/- ਕਰੋੜ ਰੁਪਏ ਹੋ ਗਈ ਹੈ । ਇਸ ਵਿਚ ਸਾਡੇ ਪੰਜਾਬ ਨੂੰ 70% ਹਿੱਸਾ ਬਹੁਤ ਥੋੜ੍ਹੇ ਵਿਆਜ ਤੇ ਜੁੜਦਾ ਹੈ ।

ਤੀਸਰੀ ਗੱਲ ਜੋ ਆਈ ਹੈ ਉਹ ਹੈ ਕਿ ਨਾਨ ਪਲਾਨ ਖਰਚੇ ਨੂੰ ਜਿਹੜੇ ਅੌਰ ਯਜਨਾ ਖਰਚੇ ਹਨ, ਉਨ੍ਹਾਂ ਨੂੰ ਘਟਾਉਣ ਵਾਸਤੇ ਵੀ ਸਰਕਾਰ ਨੇ ਬੜੀ ਕੋਸ਼ਿਸ਼ ਕੀਤੀ ਹੈ ਅੌਰ ਤਕੜੇ ਹੋਕੇ ਫੈਸਲਾ ਕੀਤਾ ਹੈ ਅਤੇ ਪਿਛਲੇ ਸਾਲ ਜਿਹੜਾ ਇਸ ਤੇ 7% ਖਰਚਾ ਸੀ ਇਸ ਸਾਲ ਉਹ 6.70% ਕਰ ਦਿੱਤਾ ਹੈ। ਇਨ੍ਹਾਂ ਯਤਨਾਂ ਸਦਕਾ ਇਹ ਬਜਟ ਪੇਸ਼ ਕੀਤਾ ਜਾ ਰਿਹਾ ਹੈ ਅੌਰ ਇਸ ਵਿਚ 875 ਕਰੋੜ ਰੁਪਏ ਤਾਂ ਸਰਕਾਰ ਆਪ ਪਾ ਰਹੀ ਹੈ ਅੌਰ ਬਾਕੀ 800/- ਕਰੋੜ ਰੁਪਿਆ ਮਿਆਦੀ ਕਰਜ਼ਾ ਲੈਕੇ ਖਰਚਿਆ ਜਾ ਰਿਹਾ ਹੈ ।

ਇਸ ਤੋਂ ਇਲਾਵਾ ਜਿਹੜੇ ਪੰਜਾਬ ਸਰਕਾਰ ਨੇ ਹੋਰ ਵਸੀਲੇ ਜੁਟਾਏ ਹਨ ਉਥੇ ਪੰਜਾਬ ਦੇ ਵਿਕਾਸ ਵਾਸਤੇ ਹੋਰ ਕਈ ਕੰਮ ਕੀਤੇ ਹਨ । ਸਾਲ 1982 ਤੋਂ 1992 ਤਕ ਦੇ ਸਮੇਂ ਦੇ ਦੌਰਾਨ ਜਿਹੜਾ ਸੈਂਟਰ ਤੋਂ ਕਰਜ਼ਾ ਲਿਆ ਹੈ ਉਹ 31 ਮਾਰਚ ਤਕ 4958/- ਕਰੋੜ ਰੁਪਿਆ ਹੋ ਗਿਆ ਹੈ । ਹੁਣ ਸਾਡੀ ਸਰਕਾਰ ਨੇ ਇਹ ਵੀ ਮੋੜਨਾ ਸ਼ੁਰੂ ਕਰ ਦਿੱਤਾ ਹੈ। ਸਾਲ 1993-94 ਦੇ ਦੌਰਾਨ 901/- ਕਰੋੜ ਰੁਪਿਆ ਮੋੜਿਆ ਹੈ ਅਤੇ ਹੁਣ ਸਾਲ 1994-95 ਵਿਚ 915/- ਕਰੋੜ ਰੁਪਿਆ ਇਸ ਮੰਤਵ ਲਈ ਰਖਿਆ ਜਾ ਰਿਹਾ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਜਿਥੇ ਸੈਂਟਰ ਸਰਕਾਰ ਦਾ ਪੈਸਾ ਮੋੜਨ ਦਾ ਖਿਆਲ ਰਖ ਰਹੀ ਹੈ ਉਥੇ ਪੰਜਾਬ ਦੇ ਵਾਸਤੇ ਵੀ ਪੂਰਾ ਖਿਆਲ ਕਰ ਰਹੀ ਹੈ ਤਾਂਕਿ ਪੰਜਾਬ ਦੇ ਲੋਕ ਮਹਿਸੂਸ ਨਾ ਕਰਨ ਕਿ ਉਨ੍ਹਾਂ ਤੇ ਕੋਈ ਵਾਧੂ ਦਾ ਬੋਝ ਪਾਇਆ ਜਾ ਰਿਹਾ ਹੈ ਸਾਡੇ ਸਰਦਾਰ ਬੇਅੰਤ ਸਿੰਘ ਨੇ ਲੋਕਾਂ ਨਾਲ ਵਾਇਦਾ ਕੀਤਾ ਸੀ ਕਿ ਤੁਸੀਂ ਪੰਜਾਬ ਵਿਚ ਸ਼ਾਂਤੀ ਲਿਆ ਦਿਉ ।ਬਾਕੀ ਜੋ ਵਿਕਾਸ ਦੇ ਕੰਮ ਵਾਸਤੇ ਤੁਸੀਂ ਗੌਰਮਿੰਟ ਦੀ ਜ਼ਿੰਮੇਵਾਰੀ ਲਾਓਗੇ, ਉਸ ਜ਼ਿੰਮੇਵਾਰੀ ਨੂੰ ਸਰਕਾਰ ਨਿਭਾਉਗੀ ਉਸ ਗੱਲ ਤੇ ਸਰਕਾਰ ਪੂਰੀ ਉਤਰੀ ਵੀ ਹੈ ਅਤੇ ਇਸ ਚੀਜ਼ ਵੇਖਦੇ ਹੋਏ ਇਸ ਸਾਲ ਸਾਡੀ ਸਰਕਾਰ ਨੇ ਪੰਜਾਬ ਵਿਚ ਟੈਕਸ ਰਹਿਤ ਬਜਟ ਪੇਸ਼ ਕੀਤਾ ਹੈ। ਹੁਣ ਮੈਂ ਕਿਸਾਨੀ ਦੀ ਗੱਲ ਕਰਦਾ ਹਾਂ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ ਡਿਪਟੀ ਸਪੀਕਰ ਸਾਹਿਬ, ਸਾਰੀਆਂ ਸੀਟਾਂ ਖਾਲੀ ਪਈਆਂ ਹਨ । ਬਾਹਰ ਬੈਠੇ ਮੈਂਬਰਾਂ ਨੂੰ ਬੁਲਾ ਲਵੋ ।

ਸ਼ੀ ਡਿਪਟੀ ਸਪੀਕਰ: ਤਸੀਂ ਬੈਠੋ ।

Original with;
Punjab Vidhan Sabha
Digitized by;

ਸਰਦਾਰ ਈਸ਼ਰ ਸਿੰਘ: ਡਿਪਟੀ ਸਪੀਕਰ ਸਾਹਿਬ, ਪਿਛਲੇ 10 ਸਾਲਾਂ ਤੋਂ ਕਿਸਾਨੀ ਦਾ ਬਹੁਤ ਨੁਕਸਾਨ ਹੋਇਆ ਅਤੇ ਪੰਜਾਬ ਦੇ ਹਾਲਾਤ ਇਤਨੇ ਖਰਾਬ ਸਨ ਕਿ ਕਿਸਾਨਾਂ ਨੂੰ ਆਪਣੀ ਫਸਲਾਂ ਦੇ ਭਾਅ ਵੀ ਪੂਰੇ ਨਹੀਂ ਮਿਲਦੇ ਸਨ ਅਤੇ ਉਹ ਮਹਿਸੂਸ ਕਰਦੇ ਸਨ ਕਿ ਸਾਡੀ ਚੁਣੀ ਹੋਈ ਸਰਕਾਰ ਆਵੇ, ਜਿਹੜੀ ਸਾਡੇ ਹੱਕਾਂ ਦੀ ਰਾਖੀ ਕਰ ਸਕੇ, ਪੰਜਾਬ ਵਿਚ ਹਾਲਾਤ ਸੁਖਾਵੇਂ ਬਣਾ ਸਕੇ ਅਤੇ ਉਤਪਾਦਨ ਵਿਚ ਵਾਧਾ ਕਰਾ ਸਕੇ । ਸਾਡਾ ਪੰਜਾਬ ਕੇਂਦਰੀ ਭੰਡਾਰ ਦੇ ਵਿਚ ਕਪਾਹ, ਕਣਕ, ਚਾਵਲ, ਪੈਦਾ ਕਰਕੇ ਭੇਜਦਾ ਹੈ ਅਤੇ ਕਿਸਾਨਾਂ ਨੂੰ ਅਸੀਂ ਖਾਦਾਂ, ਬੀਜ ਸਸਤੇ ਭਾਅ ਤੇ ਸਪਲਾਈ ਕਰਦੇ ਹਾਂ । ਕਿਸਨਾਂ ਨੂੰ ਹਾਹਤ ਦੇਣ ਦਾ ਐਲਾਨ ਇਸ ਬਜਟ ਵਿਚ ਕੀਤਾ ਗਿਆ ਹੈ ਅਤੇ ਸਾਡੇ ਮੁੱਖ ਮੰਤਰੀ ਸਾਹਿਬ ਨੇ ਭਾਰਤ ਸਰਕਾਰ ਕੋਲ ਸਿਫਾਰਿਸ਼ ਕਰਕੇ ਇਨ੍ਹਾਂ ਕਿਸਾਨਾਂ ਨੂੰ ਚੰਗੇ ਭਾਅ ਕਪਾਹ, ਗੰਨੇ, ਕਣਕ ਅਤੇ ਚਾਵਲ ਦੇ ਦਿਵਾਏ ਹਨ ਅਤੇ ਕਿਸਾਨਾਂ ਨੂੰ ਸਬਾਂਸਡੀ ਦਿੱਤੀ ਹੈ । ਖਾਦਾਂ ਉਤੇ ਪੰਜਾਬ ਸਰਕਾਰ ਨੇ 67/- ਕਰੋੜ ਰੁਪਏ ਸਬਸਿਡੀ ਦਿੱਤੀ ਹੈ ਅਤੇ ਟਰੈਕਟਰ ਖਰੀਦਣ ਵਿਚ ਸਬਸਿਡੀ ਦਿੱਤੀ ਹੈ । ਇਸ ਤੋਂ ਇਲਾਵਾ, ਪੰਜਾਬ ਦੇ ਕਿਸਾਨਾਂ ਨੂੰ ਬਿਜਲੀ ਸਸਤੇ ਭਾਅ ਤੇ ਸਪਲਾਈ ਕੀਤੀ ਜਾ ਰਹੀ ਹੈ । ਬਿਜਲੀ ਬੋਰਡ ਨੂੰ ਪਰ ਯੂਨਿਟ ਕਾਸਟ 165 ਪੈਸੇ ਪੈਂਦੀ ਹੈ ਜਦ ਕਿ ਸਰਕਾਰ ਕਿਸਾਨਾਂ ਨੂੰ 31 ਪੈਸੇ ਦੇ ਹਿਸਾਬ ਨਾਲ ਸਪਲਾਈ ਕਰਦੀ ਹੈ । ਇਸ ਤਰ੍ਹਾਂ 960 ਕਰੋੜ ਰੁਪਏ ਦੀ ਸਬਸਿਡੀ ਬਿਜਲੀ ਵਿਚ ਕਿਸਾਨਾਂ ਨੂੰ ਸਰਕਾਰ ਵਲੋਂ ਦਿੱਤੀ ਜਾ ਰਹੀ ਹੈ ਅਤੇ ਇਹ 960/- ਕਰੋੜ ਰੁਪਿਆ ਪੰਜਾਬ ਸਰਕਾਰ ਬਿਜਲੀ ਬੋਰਡ ਨੂੰ ਦਿੰਦੀ ਤਾਂ ਕਿ ਸਾਡਾ ਕਿਸਾਨ ਤਕੜਾ ਹੋ ਸਕੇ । ਕਿਸਾਨਾਂ ਨੂੰ ਬੀਜਾਂ, ਖਾਦਾਂ ਅਤੇ ਹੋਰ ਦਵਾਈਆਂ ਦੇ ਵਿਚ ਸਬਸਿਡੀ ਦਿੱਤੀ ਜਾ ਰਹੀ ਹੈ ਤਾਂਕਿ ਕਿਸਾਨਾਂ ਦਾ ਫਾਇਦਾ ਹੋ ਸਕੇ ਅਤੇ ਉਹ ਵੱਧ ਤੋਂ ਵੱਧ ਉਤਪਾਦਨ ਕਰ ਸਕਣ । ਖੇਤੀ ਬਾੜੀ ਦੇ ਨਾਲ ਨਾਲ ਪੰਜਾਬ ਵਿਚ ਸਨਅੱਤ ਦੀ ਬਹੁਤ ਲੋੜ ਹੈ ਇਸ ਲਈ ਸਰਕਾਰ ਨੇ ਇੰਡਸਟਰੀਲਾਈਜ਼ੇਸ਼ਨ ਵੱਲ ਵੀ ਧਿਆਨ ਦਿੱਤਾ ਹੈ । ਬਿਜਲੀ ਬਨਾਉਣ ਲਈ ਸਰਕਾਰ ਨੇ ਕਾਫੀ ਵੱਡੇ ਪ੍ਰਾਜੈਕਟ ਨੂੰ ਆਪਣੇ ਹੱਥ ਵਿਚ ਲਿਆ ਹੈ । ਹਣਜੀਤ ਸਾਗਰ ਡੈਮ ਜਿਹੜਾ 1996 ਵਿਚ ਕੰਪਲੀਟ ਹੋ ਜਾਣਾ ਹੈ, ਇਸ ਸਾਲ ਇਸ ਉਤੇ 400/ ਕਰੋੜ ਰੁਪਿਆ ਹੋਰ ਖਰਚ ਕਰਨ ਲਈ ਦਿੱਤਾ ਜਾ ਰਿਹਾ ਹੈ ਇਸ ਡੈਮ ਰਾਹੀਂ 670 ਮੈਗਾਵਾਟ ਬਿਜਲੀ ਪੈਦਾ ਹੋਵੇਗੀ ਅਤੇ ਇਸ ਦੇ ਨਾਲ 3 ਲੱਖ 48 ਹਜ਼ਾਰ ਰਕਬਾ ਜ਼ਮੀਨ ਦਾ ਹੋਰ ਇਰੀਗੇਸ਼ਨ ਦੇ ਥੱਲੇ ਆ ਜਾਵੇਗਾ ਅਤੇ ਪਾਣੀ ਜ਼ਮੀਨ ਨੂੰ ਮਿਲੇਗਾ । ਬਠਿੰਡਾ ਵਿਖੇ ਗੁਰੂ ਨਾਨਕ ਥਰਮਲ ਪਲਾਂਟ ਜਿਸ ਦੇ ਤੀਜੇ ਯੂਨਿਟ ਦਾ ਨੀਂਹ ਪੱਥਰ ਪਿਛਲੇ ਸਾਲ ਰਖਿਆ ਗਿਆ ਸੀ ਉਸ ਨੇ ਦਸੰਬਰ, 1997 ਵਿਚ ਕੰਪਲੀਟ ਹੋਣਾ ਹੈ ਅੱਰ ਇਹ ਯੂਨਿਟ ਕੰਪਲੀਟ ਹੋਣ ਦੇ ਨਾਲ 420 ਮੈਗਾਵਾਟ ਬਿਜਲੀ ਹੋਰ ਪੈਦਾ ਹੋਵੇਗੀ । ਇਸ ਦੇ ਨਾਲ ਹੀ ਗੋਇੰਦਵਾਲ ਵਿਖੇ ਬਿਜਲੀ ਸਟੇਸ਼ਨ ਲਗਾਇਆ ਜਾ ਰਿਹਾ ਹੈ ਜਿਥੇ ਬਿਜਲੀ ਪੈਦਾ ਹੋਵੇਗੀ । ਸ਼ਾਹਪੁਰ ਕੰਡੀ ਹਾਈਡਲ ਪ੍ਰਾਜੈਕਟ ਲਗਾਇਆ ਜਾ ਰਿਹਾ ਹੈ ਜਿਸਤੇ 756/- ਕਰੋੜ ਰੁਪਿਆ ਸਰਕਾਰ ਖਰਚ ਕਰੇਗੀ ਅਤੇ ਇਥੇ 168 ਮੈਗਾਵਾਟ ਬਿਜਲੀ ਪੈਦਾ ਹੋਵੇਗੀ ਅਤੇ ਹੋਰ ਪਾਣੀ ਇਰੀਗੇਸ਼ਨ ਦੇ ਵਾਸਤੇ ਜ਼ਮੀਨ ਨੂੰ ਮਿਲੇਗਾ ।

ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਵਿੱਚ ਵੀ ਕਈ ਵੱਡੇ ਵੱਡੇ ਪ੍ਰਾਜੈਕਟ ਪੰਜਾਬ ਸਰਕਾਰ ਨੇ ਆਪਣੇ ਹੱਥ ਵਿਚ ਲਏ ਹਨ । ਪੰਜਾਬ ਵਿਚ ਜਦੋਂ ਪਹਿਲਾਂ ਮਾੜੀ ਹਾਲਤ

Original with;
Punjab Vidhan Sabha
Digitized by;
Panjab Digital Library

ਸੀ ਤਾਂ ਕਾਫ਼ੀ ਸਨਅੱਤਕਾਰ ਬਾਹਰ ਚਲੇ ਗਏ ਸਨ ਪਰ ਅੱਜ ਪੰਜਾਬ ਵਿਚ ਸਨਅਤ ਬਹਾਲ ਹੋਈ ਹੈ। ਅੱਜ ਪੰਜਾਬ ਤਰੱਕੀ ਵੱਲ ਵਧ ਰਿਹਾ ਹੈ ਅਤੇ ਖੁਸ਼ਹਾਲੀ ਵਿਚ ਯੋਗਦਾਨ ਪਾ ਰਿਹਾ ਹੈ। ਮੈਂ ਇਸ ਬਾਰੇ ਸੀ. ਐਮ. ਸਾਹਿਬ ਅਤੇ ਉਦਯੋਗ ਦੇ ਰਾਜ ਮੰਤਰੀ ਸਰਦਾਰ ਕਰਮ ਸਿੰਘ ਗਿੱਲ ਜੀ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਵੱਡੇ ਵੱਡੇ ਇੰਡਸਟਰੀਲਿਸਟਾਂ ਦੇ ਨਾਲ ਅੰਗਰੀਮੈਂਟ ਕੀਤੇ ਹਨ। ਹੁਣ ਪੰਜਾਬ ਵਿਚ ਨਵੀਆਂ ਫੈਕਟਰੀਆਂ ਲਗਣਗੀਆਂ ਜਿਥੇ ਕਿ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਮਿਲੇਗਾ। ਜਦੋਂ ਪੰਜਾਬ ਦੀ ਮਾੜੀ ਹਾਲਤ ਸੀ ਤਾਂ ਪੰਜਾਬ ਸਨਅਤੀ ਅਦਾਰੇ ਵਿਚ ਹਿੰਦੁਸਤਾਨ ਵਿਚ 13ਵੀਂ ਪੁਜ਼ੀਸ਼ਨ ਤੇ ਸੀ ਪਰ ਹੁਣ ਪੰਜਾਬ ਦੀ ਸਾਰੇ ਹਿੰਦੁਸਤਾਨ ਵਿਚ ਤੀਸਰੀ ਪੁਜੀਸ਼ਨ ਹੈ। ਉਹ ਦਿਨ ਦੂਰ ਨਹੀਂ ਜਦੋਂ ਸਾਰੇ ਹਿੰਦੁਸਤਾਨ ਦੀ ਸਨਅੱਤ ਵਿਚ ਪੰਜਾਬ ਦਾ ਨੰਬਰ ਪਹਿਲਾ ਹੋਵੇਗਾ। (ਥੰਪਿੰਗ) ਜਿਥੇ ਸਾਨੂੰ ਸਨਅਤ ਵਾਸਤੇ ਬਿਜਲੀ ਦੀ ਲੋੜ ਹੈ ਉਥੇ ਪਾਣੀ ਦੀ ਵੀ ਜ਼ਰੂਰਤ ਹੈ। ਸ਼ਿਵਾਲਿਕ ਤੇ ਚੈਕ ਡੈਮ ਬਣਾਏ ਗਏ ਹਨ। ਉਥੇ ਪਾਣੀ ਨੂੰ ਰੋਕਿਆ ਗਿਆ ਹੈ। ਜਿਸ ਨਾਲ ਕਿ ਹੜ੍ਹਾ ਦੇ ਦਿਨਾਂ ਵਿਚ ਵੀ ਕਾਫੀ ਰੋਕਥਾਮ ਹੋਵੇਗੀ ਅਤੇ ਦੂਸਰੇ ਪਾਸੇ 8300 ਹੈਕਟੇਅਰ ਜ਼ਮੀਨ ਨੂੰ ਪਾਣੀ ਸਿੰਚਾਈ ਵਾਸਤੇ ਮਿਲੇਗਾ। ਡਿਪਟੀ ਸਪੀਕਰ ਸਾਹਿਬ, ਕੰਡੀ ਕੈਨਾਲ 59 ਕਿਲੋਮੀਟਰ ਤਿਆਰ ਹੋ ਗਈ ਹੈ ਜਿਸਤੇ 80/- ਕਰੋੜ- ਰੁਪਿਆ ਖਰਚ ਆਇਆ ਹੈ ਅੰਤ ਇਸ ਦੇ ਨਾਲ ਤਕਰੀਬਨ 22600 ਹੈਕਟੇਅਰ ਰਕਬਾ ਪਾਣੀ ਦੇ ਜੋਗ ਹੋਇਆ ਹੈ। ਹੁਣ ਉਹ ਏਰੀਆ ਵੀ ਸਾਡੀ ਖੇਤੀਬਾੜੀ ਵਿਚ ਵੱਧ ਤੋਂ ਵੱਧ ਯੋਗਦਾਨ ਪਾ ਸਕੇਗਾ। ਜਿਥੇ ਕਿਸਾਨੀ ਨੂੰ ਸਨਅੱਤ ਨੂੰ ਸਰਕਾਰ ਵਲੋਂ ਰਿਆਇਤਾਂ ਦਿਤੀਆਂ ਗਈਆਂ ਹਨ ਉਥੇ ਸਮਾਜ ਭਲਾਈ ਦਾ ਮਹਿਕਮਾ ਵੀ ਪਿਛੇ ਨਹੀਂ ਹੈ। ਅਨੁਸੂਚਿਤ ਜਾਤੀਆਂ ਦੇ ਗਰੀਬ ਲੋਕ ਹਨ ਜਿਨ੍ਹਾਂ ਦੀ ਗਿਣਤੀ ਸਾਡੀ ਪੰਜਾਬ ਦੀ ਟੋਟਲ ਪਾਪੂਲੇਸ਼ਨ ਦੀ 29% ਬਣਦੀ ਹੈ ਅਤੇ ਜਿਨ੍ਹਾਂ ਨੇ ਫਰਵਰੀ 1992 ਵਿਚ ਇਲੈਕਸ਼ਨਾਂ ਵੇਲੇ ਤਕੜੇ ਹੋ ਕ ਸਰਕਾਰ ਨੂੰ ਬਨਾਉਣ ਵਿਚ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਗਰੀਬ ਲੋਕਾਂ ਦੇ ਵਾਸਤੇ ਵੀ ਸਰਕਾਰ ਵਲੋਂ ਰਾਹਤਾਂ ਦਿੱਤੀਆਂ ਗਈਆਂ ਹਨ। ਅਨੁਸੂਚਿਤ ਜਾਤੀਆਂ ਦੇ ਬੱਚਿਆਂ ਵਾਸਤੇ ਫਰੀ ਐਜੂਕੇਸ਼ਨ, ਫਰੀ ਕਿਤਾਬਾਂ ਪਹਿਲੀ ਤੋਂ ਦਸਵੀਂ ਜਮਾਤ ਤੱਕ ਮੁਹੱਈਆਂ ਕੀਤੀਆਂ ਜਾਂਦੀਆਂ ਹਨ। ਇਸ ਕੰਮ ਲਈ 1995-96 ਲਈ 7 ਕਰੋੜ 20 ਲੱਖ/- ਰੁਪਿਆ ਰਖਿਆ ਗਿਆ ਹੈ ਤਾਂ ਕਿ ਉਹ ਗਰੀਬ ਲੋਕ ਵੀ ਤਾਲੀਮ ਹਾਸਲ ਕਰ ਸਕਣ। ਉਹ ਵੀ ਹਿੰਦੁਸਤਾਨ ਦੇ ਨਾਗਰਿਕ ਹਨ ਅਤੇ ਉਨ੍ਹਾਂ ਨੂੰ ਵੀ ਇਹ ਮਾਨ ਹੋਵੇ ਅਤੇ ਉਹ ਵੀ ਪੜ੍ਹ-ਲਿਖ ਕੇ ਪੰਜਾਬ ਦੀ ਤਰੱਕੀ ਵਿਚ ਆਪਣਾ ਯੋਗਦਾਨ ਪਾ ਸਕਣ। ਇਸ ਦੇ ਨਾਲ-ਜੋ ਅਨੁਸੂਚਿਤ ਜਾਤੀਆਂ ਦੇ ਬੱਚੇ ਹਨ ਉਨ੍ਹਾਂ ਵਾਸਤੇ ਪਹਿਲੀ ਜਮਾਤ ਤੋਂ ਪੰਜਵੀ ਜਮਾਤ ਤਕ ਹਾਜ਼ਰੀ ਦਾ ਵਜ਼ੀਫਾ ਵੀ ਰਖਿਆ ਹੋਇਆ ਹੈ। ਜਿਹੜੇ ਪਿੰਡਾਂ ਵਿਚ ਗਰੀਬ ਲੋਕ ਕੂੜਾ ਉਠਾਉਂਦੇ ਹਨ ਅਤੇ ਜਿਥੇ ਰਖਦੇ ਹਨ ਉਨ੍ਹਾਂ ਲਈ ਪਲਾਟ ਵਾਸਤੇ ਪਹਿਲਾਂ 1000/- ਰੁਪਏ ਦਾ ਪ੍ਰਬੰਧ ਕੀਤਾ ਗਿਆ ਸੀ ਲੇਕਿਨ ਜ਼ਮੀਨ ਦੇ ਭਾਅ ਵਧਣ ਕਰਕੇ ਉਹ ਜ਼ਮੀਨ 1000/- ਰੁਪਏ ਵਿਚ ਨਹੀਂ ਲਈ ਜਾ ਸਕਦੀ। ਮੁੱਖ-ਮੰਤਰੀ ਪੰਜਾਬ ਨੇ ਫੈਸਲਾ ਕਰ ਦਿੱਤਾ ਹੈ ਅਤੇ ਇਹ ਰਕਮ ਇਕ ਹਜ਼ਾਰ ਤੋਂ ਵਧਾ ਕੇ 5 ਹਜ਼ਾਰ ਰੁਪਏ ਕਰ ਦਿੱਤੀ ਗਈ ਹੈ। ਇਹ ਬਹੁਤ ਅੱਛਾ ਕੰਮ ਕੀਤਾ ਹੈ ਕਿਉਂਕਿ ਇਕ ਪਾਸੇ ਅਸੀਂ ਸਮੁੱਚੇ ਪੰਜਾਬ ਦੇ ਜੋ ਪਿੰਡ ਹਨ, ਉਹ ਉੱਨਤ ਗ੍ਰਾਮ ਸਕੀਮ ਥਲੇ ਲਿਆ ਕੇ, ਪੰਜ ਕੰਪੋਨੈਂਟ ਪੂਰੇ ਕਰਨੇ ਹਨ ਕਿ

Original with;
Punjab Vidhan Sabha
Digitized by;
Punjab Digital Library

[ਸਰਦਾਰ ਈਸ਼ਰ ਸਿੰਘ]

ਪਿੰਡਾਂ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਨੀਆਂ ਫਿਰਨੀਆਂ ਬਣਾਉਣੀਆਂ, ਗੰਦੇ ਪਾਣੀ ਦਾ ਨਿਕਾਸ ਅਤੇ ਸੈਨੀਟੇਸ਼ਨ ਇਹ ਵੀ ਬਹੁਤੀ ਜ਼ਰੂਰੀ ਬਣ ਗਿਆ ਸੀ ਕਿ ਪਿੰਡਾਂ ਦੇ ਕੂੜਾ-ਕਰਕਟ ਨੂੰ ਪਿੰਡ ਤੋਂ ਦੂਰ ਰਖਿਆ ਜਾਵੇ । ਇਹ ਇਕ ਸ਼ਲਾਘਾਯੋਗ ਫੈਸਲਾ ਹੈ। ਇਸਦੇ ਨਾਲ ਨਾਲ ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਅਪੀਲ ਕਰਨੀ ਚਾਹੁੰਦਾ ਹਾਂ ਕਿ ਪਿਛਲਾ ਸਾਲ ਜਿਹੜਾ 1994-95 ਦਾ ਹਾਲੇ ਵੀ ਚਲ ਰਿਹਾ ਹੈ, ਉਸਦੇ ਦੌਰਾਨ ਜੋ ਸਾਡੇ ਲੋਕਾਂ ਦੀਆਂ ਡਿਮਾਂਡਾਂ ਹਨ, ਗੜ੍ਹਿਆਂ ਦੇ ਪੈਸੇ ਲੈਣ ਵਾਸਤੇ, ਇਹ ਮੇਰੀ ਅਪੀਲ ਹੈ ਕਿ ਇਸੇ ਸਾਲ ਵਿਚ ਹੀ ਲਾਗੂ ਕੀਤੀਆਂ ਜਾਣ ਨਾ ਕਿ ਇਕ ਅਪ੍ਰੈਲ ਤੋਂ ਤਾਂਕਿ ਉੱਨਤ ਗ੍ਰਾਮ ਦੀ ਸਕੀਮ ਨਾਲ ਇਹ ਵੀ ਸੁਧਾਰ ਹੋ ਸਕੇ ।

ਡਿਪਟੀ ਸਪੀਕਰ ਸਾਹਿਬ, ਇਸਦੇ ਨਾਲ ਇਕ ਸੈਨੀਟੇਸ਼ਨ ਦੀ ਗੱਲ ਆਉਂਦੀ ਹੈ ਜੋ ਕਿ ਬਸਤੀ ਸੁਧਾਰ ਵਿਚ ਅਨੁਸੂਚਿਤ ਜਾਤੀ ਦੇ ਲੋਕਾਂ ਦੇ ਘਰਾਂ ਵਿਚ ਸੀਟਾਂ ਸਰਕਾਰ ਦੀ ਤਰਫੋਂ ਲਾ ਕੇ ਦੇਣੀਆਂ ਹਨ, ਉਸਦੇ ਲਈ 2500/- ਰੁਪਏ ਰਖੇ ਗਏ ਹਨ । ਪਰ ਦੇਖਣ ਵਿਚ ਆਇਆ ਹੈ ਕਿ 2500/- ਰੁਪਏ ਨਾਲ ਇਹ ਕੰਮ ਕੰਪਲੀਟ ਨਹੀਂ ਹੁੰਦਾ । ਇਹ ਰਕਮ ਵਧਾ ਕੇ ਤਕਰੀਬਨ 4000/- ਰੁਪਏ ਕੀਤੀ ਜਾਵੇ ਤਾਂਕਿ ਜਿਸ ਘਰ ਵਿਚ ਇਹ ਲੈਟਰੀਨ ਬਣਾ ਕੇ ਦੇਣੀ ਹੈ, ਉਸਦਾ ਸਹੀ ਮਾਅਨਿਆਂ ਵਿਚ ਇਸਤੇਮਾਲ ਹੋ ਸਕੇ ਇਸ ਸਬੰਧੀ ਇਕ ਹੋਰ ਅਪੀਲ ਕਰਨੀ ਚਾਹੁੰਦਾ ਹਾਂ ਕਿਉਂਕਿ ਜੋ ਸਮੱਸਿਆਵਾਂ ਪਿੰਡ ਪੱਧਰ ਤੇ ਆਉਂਦੀਆਂ ਹਨ ਅਤੇ ਜੋ ਲੋਕ ਚਾਹੁੰਦੇ ਹਨ ਅਸੀਂ ਲੋਕਾਂ ਦੀ ਆਵਾਜ਼ ਹਾਂ, ਅਸੀਂ ਉਹ ਆਵਾਜ਼ ਇਥੇ ਵਿਧਾਨ ਸਭਾ ਵਿਚ ਬੁਲੰਦ ਕਰਕੇ ਮੁੱਖ-ਮੰਤਰੀ ਪੰਜਾਬ ਅੱਗੇ ਬੇਨਤੀ ਕਰਨੀ ਹੈ ਕਿ ਇਸ ਵਿਚ ਥੋੜੀ ਜਿਹੀ ਤਰਮੀਮ ਕਰ ਦੇਣ ਕਿਉਂਕਿ ਦੇਖਣ ਵਿਚ ਆਇਆ ਹੈ ਕਿ ਜਿਵੇਂ ਅਸੀਂ ਉੱਨਤ ਗ੍ਰਾਮ ਸਕੀਮ ਥੱਲੇ ਗਲੀਆਂ ਨਾਲੀਆਂ ਪੱਕੀਆਂ ਕਰਨ ਨੂੰ ਮਿਸਤਰੀ ਲਾਏ ਸਨ, ਉਸੇ ਤਰ੍ਹਾਂ ਸੈਨੀਟੇਸ਼ਨ ਦੇ ਕੰਮ ਨੂੰ ਵੀ ਜੰਗੀ ਪੱਧਰ ਤੇ ਲਿਆਉਣ ਵਾਸਤੇ ਕੁਝ ਫੈਸਲਾ ਕਰਨਾ ਪਵੇਗਾ । ਮੈਂ ਅਪੀਲ ਕਰਨੀ ਚਾਹੁੰਦਾ ਹਾਂ ਕਿ ਕਿਉਂਨਾ ਪਿੰਡ ਪੱਧਰ ਤੇ ਸਾਡੇ ਅਨੁਸੂਚਿਤ ਜਾਤੀਆਂ ਦੇ ਘਰਾਂ ਦੇ ਮੈਂਬਰ ਵੀ ਲਏ ਜਾਣ, ਸਰਪੰਚ ਅਤੇ ਪੰਚਾਇਤ ਨਾਲ ਹੋਵੇ ਅਤੇ ਜਾ ਕੇ ਸੀਟਾਂ ਇਕੱਠੀਆਂ ਖਰੀਦ ਲਈਆਂ ਸੀਮਿੰਟ ਖਰੀਦ ਲਿਆ ਜਾਵੇ ਅਤੇ ਇੱਟਾਂ ਖਰੀਦ ਲਈਆਂ ਜਾਣ । ਟੋਆ ਉਹ ਆਪੇ ਪੁੱਟ ਲੈਣਗੇ ਤਾਂ ਜੋ ਪੈਸਾ ਸਰਕਾਰ ਸਹੀ ਮਾਅਨਿਆਂ ਵਿਚ ਲਗਾਉਣਾ ਚਾਹੁੰਦੀ ਹੈ, ਉਹ ਜਿਸ ਤਰ੍ਹਾਂ ਅਸੀਂ ਚਾਹੁੰਦੇ ਹਾਂ, ਉਸੇ ਤਰ੍ਹਾਂ ਲਗੇਗਾ । ਮਹਿਕਮੇ ਵਾਲੇ ਕੀ ਕਰਦੇ ਹਨ, ਟੋਆ ਪੁੱਟ ਦੇਂਦੇ ਹਨ ਅਤੇ ਸੀਟ ਲਾ ਕੇ ਤੁਰ ਜਾਂਦੇ ਹਨ ਅਭੇ ਕਹਿੰਦੇ ਹਨ ਕਿ ਕੰਧ ਤੁਸੀਂ ਆਪੇ ਕਰ ਲੈਣਾ । ਸਰਕਾਰ ਤਾਂ ਇਹ ਵੀ ਚਾਹੁੰਦੀ ਹੈ ਕਿ ਚਾਰਦੀਵਾਰੀ ਬਣੀ ਹੋਵੇ । ਇਸ ਕੰਮ ਲਈ ਜੋ 2500/- ਰੁਪਏ ਘੱਟ ਹਨ ਤਾਂ ਵਧਾ ਕੇ 4000/- ਕਰ ਦੇਣੇ ਚਾਹੀਦੇ ਹਨ । ਇਹ ਮੇਰਾ ਸੁਝਾਉ ਹੈ ਅਤੇ ਮੇਰੀ ਉਮੀਦ ਹੈ ਕਿ ਇਹ ਇਸਨੂੰ ਜ਼ਰੂਰ ਮੰਨਣਗੇ ਅਤੇ ਇਹ ਸਕੀਮ ਨੇਪਰੇ ਵੀ ਚੜ੍ਹੇਗੀ । ਜਿਹੜਾ ਸਾਡਾ 2 ਸਾਲ ਦਾ ਸਮਾਂ ਰਹਿੰਦਾ ਹੈ, ਪੰਜਵਾਂ ਕੰਪੋਨੈਂਟ ਜੋ ਉੱਨਤ ਗ੍ਰਾਮ ਦਾ ਹੈ ਉਹ ਵੀ ਜੰਗੀ ਪੱਧਰ ਤੇ ਕੰਪਲੀਟ ਹੋਵੇਗਾ ।

ਅਗੇ, ਡਿਪਟੀ ਸਪੀਕਰ ਸਾਹਿਬ, ਆਇਆ ਹੈ ਕਿ ਇਹ ਜੋ ਬਸਤੀ ਸੁਧਾਰ ਸਕੀਮ ਵਿਚ ਨਲਕੇ ਲਗਦੇ ਹਨ, ਕਈ ਜਗ੍ਹਾ ਨਲਕੇ 1000/- ਰੁਪਏ ਨਾਲ ਲਗਦੇ ਹਨ ਅਤੇ ਜਿਵੇਂ

Original with;
Punjab Vidhan Sabha
Digitized by;
Punjab Digital Library

ਕੰਡੀ ਏਰੀਆ ਵਿਚ ਹੈ। ਉਥੇ ਵੱਧ ਪੈਸੇ ਵੀ ਲਗਦੇ ਹਨ। ਇਹ ਹੱਦ ਨਿਸ਼ਚਿਤ ਨਾ ਕੀਤੀ ਜਾਵੇ ਅਤੇ ਏਰੀਏ ਦੇ ਮੁਤਾਬਿਕ ਜਿਥੇ ਅਸੀਂ ਸਹੀ ਪੀਣ ਵਾਲਾ ਪਾਣੀ ਦੇ ਸਕਦੇ ਹਾਂ, ਮਹਿਕਮੇ ਨੂੰ ਪੈਸੇ ਉਨੇ ਹੀ ਦਿੱਤੇ ਜਾਣ। ਇਸ ਤੇ ਕੋਈ ਪਾਬੰਦੀ ਨਾ ਹੋਵੇ ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਨਾਲ ਸਾਡੇ ਜੋ ਪਿੰਡਾਂ ਵਿਚ ਧਰਮਸ਼ਾਲਾ ਚਾਹੇ ਉਹ ਨਵੀਆਂ ਬਣਨੀਆਂ ਹਨ ਕਿਉਂਕਿ ਕੁਝ ਰਹਿ ਗਈਆਂ ਹਨ ਅਤੇ ਚਾਹੇ ਪੁਰਾਣੀਆਂ ਹਨ, ਉਨ੍ਹਾਂ ਵਾਸਤੇ ਵੀ ਜੋ ਫੰਡ ਮੁਹੱਈਆ ਕੀਤੇ ਹਨ, ਉਹ ਬਹੁਤ ਸ਼ਲਾਘਾਯੋਗ ਕੰਮ ਕੀਤਾ ਹੈ। ਪਰ ਅੱਜ ਦੇ ਸਮੇਂ ਦੇ ਮੁਤਾਬਿਕ ਇਹ ਬਹੁਤ ਥੋੜੀ ਅਕੱਾਮੋਡੇਸ਼ਨ ਹੈ ਕਿਉਂਕਿ ਇਨ੍ਹਾਂ ਜਗ੍ਹਾ ਤੇ ਹੀ ਸਾਡੇ ਗਰੀਬ ਵਰਗ ਦੇ ਲੋਕ ਆਪਣਾ ਦੁੱਖ-ਸੁਖ ਸਾਂਝਾ ਕਰਦੇ ਹਨ। ਵੈਸੇ ਤਾਂ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਪਿੰਡਾਂ ਵਿਚ ਕਮਿਊਨਿਟੀ ਹਾਲ ਬਣਾਉਣੇ ਹਨ ਅਤੇ ਇਕ ਇਕ ਹਾਲ ਤੇ 4 ਲੱਖ 22 ਹਜ਼ਾਰ ਰੁਪਿਆ ਖਰਚ ਕਰਨਾ ਹੈ ਅਤੇ ਇਸ ਦੇ ਵਾਸਤੇ ਸਰਕਾਰ ਨੇ ਪਿੰਡਾਂ ਦੇ ਕੋਲੋਂ ਮੰਗ ਕੀਤੀ ਹੈ ਕਿ ਜਿਹੜੀ ਪੰਚਾਇਤ 4 ਕਨਾਲ ਜਗ੍ਹਾ ਅਤੇ 25 ਹਜ਼ਾਰ ਰੁਪਿਆ ਆਪਣੇ ਕੋਲੋਂ ਪਾਵੇਗੀ. ਅਸੀਂ ਪਹਿਲਾਂ ਉਸ ਨੂੰ ਇਹ ਕਮਿਊਨਿਟੀ ਸੈਂਟਰ ਦੇਣਾ ਹੈ। ਸਰਕਾਰ ਦੀ ਇਹ ਬਹੁਤ ਵਧੀਆ ਗੱਲ ਹੈ ਲੇਕਿਨ ਇਸ ਤੇ ਹਾਲੇ ਸਮਾਂ ਲੱਗੇਗਾ। ਤਦ ਤੱਕ ਇਨ੍ਹਾਂ ਧਰਮਸ਼ਾਲਾਵਾਂ ਦਾ ਕੰਮ ਪੂਰਾ ਕੀਤਾ ਜਾਣਾ ਚਾਹੀਦਾ ਹੈ।

ਇਸ ਤੋਂ ਅੱਗੇ ਮੈਂ ਸਿੱਖਿਆ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ. ਪਿੰਡਾਂ ਵਿਚ ਜਿਹੜੇ ਪ੍ਰਾਇਮਰੀ ਸਕੂਲ ਹਨ, ਉਥੇ ਜ਼ਿਆਦਾਤਰ ਗਰੀਬ ਲੋਕਾਂ ਦੇ ਜਾਂ ਗਰੀਬ ਕਿਸਾਨਾਂ ਦੇ ਬੱਚੇ ਪੜ੍ਹਦੇ ਹਨ। ਬਹੁਤ ਸਾਰੇ ਪਿੰਡਾਂ ਵਿਚ ਇਹ ਪ੍ਰਾਇਮਰੀ ਸਕੂਲ ਖੁੱਲ ਚੁੱਕੇ ਹਨ ਲੇਕਿਨ ਹਾਲੇ ਵੀ ਕਈ ਪਿੰਡ ਅੈਸੇ ਹਨ ਜਿਥੇ ਅਜੇ ਵੀ ਕੋਈ ਬ੍ਰਾਂਚ ਨਹੀਂ ਖੁਲ੍ਹੀ। ਸਤਿਕਾਰਯੋਗ ਸਿੱਖਿਆ ਮੰਤਰੀ ਜੀ ਇਥੇ ਬੈਠੇ ਹਨ। ਇਕ ਸਵਾਲ ਆਇਆ ਸੀ ਅਤੇ ਉਸ ਦੇ ਜਵਾਬ ਵਿਚ ਉਨ੍ਹਾਂ ਦੇ ਦੱਸਿਆ ਸੀ ਕਿ 150 ਪ੍ਰਾਇਮਰੀ ਸਕੂਲ ਹੋਰ ਖੋਲ੍ਹਣੇ ਹਨ। ਮੇਰੀ ਉਨ੍ਹਾਂ ਅੱਗੇ ਬੇਨਤੀ ਹੈ ਕਿ ਜਿਥੇ ਕਿਤੇ ਹਾਲੇ ਤੱਕ ਕੋਈ ਵੀ ਪ੍ਰਾਇਮਰੀ ਸਕੂਲ ਨਹੀਂ ਹੈ, ਉਥੇ ਕਿਸੇ ਪ੍ਰਾਇਮਰੀ ਸਕੂਲ ਦੀ ਬ੍ਰਾਂਚ ਕੋਈ ਖੋਲ ਦੇਣ ਤਾਂ ਬਹੁਤ ਬਿਹਤਰ ਹੋਵੇਗਾ। ਤਾਂ ਕਿ ਬੱਚੇ ਉਥੇ ਤਾਲੀਮ ਹਾਸਲ ਕਰ ਸਕਣ। ਇਹ ਜਿਹੜੇ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਸਕੂਲ ਅਸੀਂ ਅਪਗਰੇਡ ਕਰਨ ਜਾ ਰਹੇ ਹਾਂ, ਇਹ ਬਹੁਤ ਸ਼ਲਾਘਾਯੋਗ ਗੱਲ ਹੈ ਲੇਕਿਨ ਜਿਹੜੇ ਸਾਡੇ ਪ੍ਰਾਇਮਰੀ ਸਕੂਲ ਹਨ, ਉਨ੍ਹਾਂ ਵਿਚ ਸੁਧਾਰ ਸਾਨੂੰ ਲਿਆਉਣਾ ਪਵੇਗਾ ਕਿਉਕਿ ਬੱਚਿਆਂ ਦੇ ਭਵਿੱਖ ਦੀ ਬੁਨਿਆਦ ਇਥੋਂ ਹੀ ਸ਼ੁਰੂ ਹੁੰਦੀ ਹੈ। ਜੇ ਉਹ ਇਥੋਂ ਹੀ ਅੱਛੀ ਤਾਲੀਮ ਹਾਸਲ ਕਰਨਗੇ ਤਾਂ ਫਿਰ ਹੀ ਉਹ ਅੱਗੇ ਜਾ ਕੇ ਇੰਜੀਨੀਅਰ, ਸਾਇੰਸਦਾਨ, ਡਾਕਟਰ ਵਗੈਰਾ ਬਣ ਸਕਣਗੇ। ਪ੍ਰਾਇਮਰੀ ਸਿੱਖਿਆ ਦੇ ਬਾਰੇ ਵਿਚ ਇਹ ਜਿਹੜਾ ਫੈਸਲਾ ਕੀਤਾ ਗਿਆ ਹੈ ਕਿ ਪਹਿਲੀ ਜਮਾਤ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਦੇ ਬੱਚਿਆਂ ਨੂੰ ਫੇਲ੍ਹ ਨਹੀ ਕਰਨਾ ਹੈ ਅਤੇ ਸਾਰਿਆਂ ਨੂੰ ਹੀ ਪਾਸ ਕਰਨਾ ਹੈ, ਇਸ ਨਾਲ ਮੈਂ ਸਮਝਦਾ ਹਾਂ ਕਿ ਸਾਡੇ ਬੱਚਿਆਂ ਦੀ ਨੀਂਹ ਮਜ਼ਬੂਤ ਨਹੀਂ ਹੋਵੇਗੀ ਕਿਉਂਕਿ ਇਸ ਤਰ੍ਹਾਂ ਹੋ ਜਾਣ ਨਾਲ ਸਾਡੇ ਟੀਚਰ ਸਾਹਿਬਾਨ ਦੇ ਦਿਮਾਗ ਤੇ ਕੋਈ ਦੱਸ਼ ਨਹੀਂ ਰਹਿਣਾ ਕਿ ਰਿਜ਼ਲਟ ਠੀਕ ਨਹੀ ਆਇਆ। ਉਹ ਕਿਸੇ ਅਫਸਰ ਸਾਹਿਬਾਨ

Original with;
Punjab Vidhan Sabha
Digitized by;
Punjab Digital Library

[ਸਰਦਾਰ ਈਸ਼ਰ ਸਿੰਘ]

ਹੁੰ ਜਾਂ ਮੰਤਰੀ ਨੂੰ ਜਵਾਬਦੇਹ ਨਹੀਂ ਹੋਣਗੇ । ਮੇਰੀ ਬੇਨਤੀ ਹੈ ਕਿ ਇਸ ਤੇ ਦੁਬਾਰਾ ਵਿਚਾਰ ਕੀਤਾ ਜਾਵੇ ਅੱਤੇ ਬੱਚਿਆਂ ਦੀ ਮੈਰਿਟ ਦੇ ਮੁਤਾਬਿਕ ਜਾਂ ਪੇਪਰਾਂ ਵਿਚ ਜੋ ਵੀ ਉਹ ਮਾਰਕਸ਼ ਲੈਂਦੇ ਹਨ, ਉਸ ਦੇ ਮੁਤਾਬਿਕ ਹੀ ਉਨ੍ਹਾਂ ਨੂੰ ਅਗਲੀਆਂ ਜਮਾਤਾਂ ਵਿਚ ਭੇਜਿਆ ਜਾਵੇ । ਜੇ ਅਸੀਂ ਇਹੋ ਜਿਹੇ ਸਟੈਪਸ ਲਵਾਂਗੇ, ਤਾਂ ਹੀ ਸਾਡੇ ਬੱਚੇ ਅੱਛੀ ਤਾਲੀਮ ਹਾਸਲ ਕਰ ਸਕਣਗੇ । ਠੀਕ ਹੈ, ਪਹਿਲਾਂ ਇਥੇ ਹਾਲਾਤ ਬੜੇ ਮਾੜੇ ਰਹੇ ਹਨ । ਟੀਚਰਜ਼ ਸਕੂਲਾਂ ਵਿਚ ਡਰਦੇ ਜਾਂਦੇ ਨਹੀਂ ਸਨ ਪਰ ਹੁਣ ਇਕ ਗੱਲ ਵੇਖਣ ਵਿਚ ਆਈ ਹੈ ਕਿ ਟੀਚਰਜ਼ ਸ਼ਹਿਰਾਂ ਵਿਚ ਬਹੁਤ ਜਲਦੀ ਜਾਣ ਦੀ ਕੋਸ਼ਿਸ਼ ਕਰਦੇ ਹਨ । ਪਿੰਡਾਂ ਵਿਚ ਉਹ ਬਹੁਤ ਘੱਟ ਦਿਲਚਸਪੀ ਰਖਦੇ ਹਨ । ਇਹ ਇਸ ਕਰਕੇ ਹੈ ਕਿ ਸ਼ਹਿਰਾਂ ਵਿਚ ਹਾਊਸ ਰੈਂਟ ਦੀ ਫੈਸਿਲਟੀ ਤੋਂ ਇਲਾਵਾ ਹੋਰ ਵੀ ਕਈ ਫੈਸਿਲਟੀਜ਼ ਮਿਲਦੀਆਂ ਹਨ । ਇਸ ਦੇ ਉਲਟ ਜਿਹੜੇ ਪਿੰਡਾਂ ਵਿਚ ਟੀਚਰ ਹਨ, ਉਨ੍ਹਾਂ ਨੂੰ ਸਿਰਫ ਤਨਖਾਹ ਹੀ ਮਿਲਦੀ ਹੈ । ਇਸ ਕਰਕੇ ਮੇਰਾ ਸੁਝਾਉ ਹੈ ਕਿ ਪਿੰਡਾਂ ਵਿਚਲੇ ਟੀਚਰਾਂ ਨੂੰ ਸਰਕਾਰ ਰੂਰਲ ਏਰੀਆ ਅਲਾਊਂਸ ਦੇਵੇ ਤਾਂ ਕਿ ਉਨ੍ਹਾਂ ਦੇ ਮਨਾਂ ਵਿਚ ਇਹ ਚੀਜ਼ ਨਾ ਹੋਵੇ ਕਿ ਸ਼ਹਿਰਾਂ ਦੇ ਟੀਚਰਾਂ ਅਤੇ ਪਿੰਡਾਂ ਦੇ ਟੀਚਰਾਂ ਵਿਚਕਾਰ ਵਿਤਕਰਾ ਕੀਤਾ ਜਾ ਰਿਹਾ ਹੈ । ਇਸ ਤੋਂ ਅਗਲੀ ਗੱਲ ਇਹ ਹੈ ਕਿ ਇਹ ਕਈ ਵਾਰ ਵੇਖਿਆ ਗਿਆ ਹੈ ਕਿ ਜਿਥੇ ਟੀਚਰ ਲਗਦੇ ਹਨ, ਉਥੇ ਹੀ ਉਹ ਰਿਟਾਇਰ ਹੋ ਜਾਂਦੇ ਹਨ । 15-15, 20-20 ਸਾਲ ਉਹ ਇਕੋ ਜਗ੍ਹਾ ਤੇ ਹੀ ਲੱਗੇ ਰਹਿੰਦੇ ਹਨ । ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਨ੍ਹਾਂ ਦਾ ਪੜ੍ਹਾਉਣ ਵਿਚ ਕੋਈ ਇੰਟਰੱਸਟ ਨਹੀਂ ਰਹਿ ਜਾਂਦਾ । ਜਦ ਸਰਕਾਰ ਨੇ ਇਕ ਪਾਲਿਸੀ ਬਣਾਈ ਹੋਈ ਹੈ ਕਿ ਕੋਈ ਵੀ ਮੁਲਾਜ਼ਮ ਘਟੋ ਘੱਟ 3 ਸਾਲ ਇਕੋ ਹੀ ਸਟੇਸ਼ਨ ਤੇ ਰਹੇਗਾ ਤਾਂ ਫਿਰ ਇਸ ਪਾਲਿਸੀ ਨੂੰ ਠੀਕ ਤਰ੍ਹਾਂ ਨਾਲ ਲਾਗੂ ਵੀ ਕਰਨਾ ਚਾਹੀਦਾ ਹੈ। ਜੇ ਅਸੀਂ ਇਸ ਨੂੰ ਫਾਲੋ ਕਰ ਲਈਏ ਤਾਂ ਜਿਹੜੇ ਸਾਡੇ ਟੀਚਰ ਸਾਹਿਬਾਨ ਛੇ ਮਹੀਨੇ ਦੀ ਨੌਕਰੀ ਤੋਂ ਬਾਅਦ ਕਹਿੰਦੇ ਹਨ ਕਿ ਸਾਡੀ ਬਦਲੀ ਕਿਸੇ ਸ਼ਹਿਰ ਵਿਚ ਕਰ ਦਿਉ ਉਹ ਆਪੇ ਹਟ ਜਾਣਗੇ । ਉਨ੍ਹਾਂ ਨੂੰ ਪਤਾ ਹੋਵੇਗਾ ਕਿ ਸਾਨੂੰ ਤਿੰਨ ਸਾਲ ਤੋਂ ਪਹਿਲਾਂ ਇਸ ਸਟੇਸ਼ਨ ਤੋਂ ਹਿਲਾਇਆ ਨਹੀਂ ਜਾਵੇਗਾ ਅੱਤੇ ਉਸ ਤੋਂ ਬਾਅਦ ਉਸ ਨੇ ਜਾਣਾ ਹੀ ਜਾਣਾ ਹੈ ਜਦੋਂ ਸਰਕਾਰ ਦਾ ਹੁਕਮ ਆ ਜਾਵੇਗਾ । ਜੇ ਅਸੀਂ ਇਹ ਤਰਮੀਮ ਕਰ ਲਈਏ ਤਾਂ ਮੇਰਾ ਖ਼ਿਆਲ ਹੈ ਕਿ ਜਿਹੜੀ ਸਾਡੀ ਨੈਕਸਟ ਜਨਰੇਸ਼ਨ ਹੋਏਗੀ ਉਸ ਨੂੰ ਬਿਲਡ ਕਰਨ ਵਿੱਚ ਔਰ ਅੱਛੇ ਨਾਗਰਿਕ ਬਣਾਉਣ ਵਿੱਚ ਅਸੀਂ ਆਪਣਾ ਸਹੀ ਯੋਗਦਾਨ ਪਾ ਰਹੇ ਹੋਵਾਂਗੇ ।

ਡਿਪਟੀ ਸਪੀਕਰ ਸਾਹਿਬ, ਗੱਲ ਆਈ ਹੈ ਸਕੂਲਾਂ ਦੀਆਂ ਬਿਲਡਿੰਗਾਂ ਦੀ । ਸਰਕਾਰ ਨੇ ਕਈ ਸਕੂਲ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਕਰ ਦਿਤੇ ਹਨ ਜੋ ਬਿਲਡਿਗਾਂ ਔਰ ਇਨਫਰਾਸਟਰਕਚਰ ਹੈ ਜੋ ਕਿ ਬਹੁਤ ਹੀ ਜਰੂਰੀ ਚੀਜ਼ ਹੈ ਉਸ ਵਾਸਤੇ ਬਜਟ ਦੇ ਵਿਚ ਕੋਈ ਪਰੋਵੀਜ਼ਨ ਨਹੀਂ ਰੱਖਿਆ ਗਿਆ । ਜੇ ਅਸੀਂ ਕਹਿ ਦੇਈਏ ਕਿ ਪਿੰਡ ਦੀ ਪੰਚਾਇਤ ਵਾਲੇ ਆਪਣੇ ਕੋਲੋਂ ਬਣਾ ਲੈਣਗੇ ਜਾਂ ਕੋਈ ਸਮਾਜ ਸੇਵੀ ਸੰਸਥਾ ਬਣਾਏਗੀ ਤਾਂ ਇਹ ਗੱਲ ਨਹੀ ਬਣਨੀ ਕਿਉਂਕਿ

Original with;
Punjab Vidhan Sabha
Digitized by;
Panjab Digital Library

ਕਈ ਪੰਚਾਇਤਾਂ ਦੇ ਕੋਲ ਇਸ ਤਰ੍ਹਾਂ ਦੇ ਕਈ ਵਸੀਲੇ ਨਹੀਂ ਹਨ । ਤਾਂ ਕੀ ਉਹ ਬੱਚੇ ਦਰਖੱਤਾਂ ਦੇ ਹੇਠਾਂ ਹੀ ਪੜ੍ਹਨਗੇ ? ਇਸਦੇ ਬਾਰੇ ਜ਼ਰੂਰ ਗੌਰ ਕਰਨੀ ਚਾਹੀਦੀ ਹੈ । ਕਈ ਵਾਰ ਕਿਹਾ ਜਾਂਦਾ ਹੈ ਕਿ ਬਿਲਡਿੰਗਾਂ ਅਨ-ਟਾਈਟ ਫੰਡਾਂ ਦੇ ਵਿਚੋਂ ਬਣਾ ਲਈਆਂ ਜਾਣਗੀਆਂ ਜਾਂ ਕਿਹਾ ਜਾਂਦਾ ਹੈ ਕਿ ਜ਼ਿਲ੍ਹਾ ਪਲਾਨਿੰਗ ਬੋਰਡਾਂ ਦੇ ਵਿਚ ਅਨ-ਟਾਈਟ ਫੰਡ ਹੁੰਦਾ ਹੈ ਇਹ ਡਿਪਟੀ ਸਪੀਕਰ ਸਾਹਿਬ, ਕੋਈ ਜ਼ਰੂਰੀ ਨਹੀਂ ਕਿ ਅਨ-ਟਾਈਟ ਫੰਡਾਂ ਦੇ ਵਿਚੋਂ ਇਹ ਬਣਾਈਆਂ ਜਾ ਸਕਣ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਸਕੂਲਾਂ ਦੀਆਂ ਬਿਲਡਿਗਾਂ ਦੀ ਮੁਰੰਮਤ ਵਾਸਤੇ, ਜੋ ਸਕੂਲ ਅਪਗਰੇਡ ਕੀਤੇ ਗਏ ਹਨ ਉਹਨਾਂ ਦੀਆਂ ਨਵੀਆਂ ਬਿਲਡਿਗਾਂ ਅੌਰ ਇਨਫਰਾਸਟਰਕਚਰ ਵਾਸਤੇ ਸਮੁੱਚਾ ਪ੍ਰਬੰਧ ਕੀਤਾ ਜਾਵੇ ।

ਡਿਪਟੀ ਸਪੀਕਰ ਸਾਹਿਬ, ਸਿੱਖਿਆ ਤੋਂ ਬਾਅਦ ਹੁਣ ਮੈਂ ਵਪਾਰੀ ਵਰਗ ਦੀ ਗੱਲ ਕਰਾਂਗਾ । ਬਜਟ ਦੇ ਵਿਚ ਵਪਾਰੀ ਵਰਗ ਨੂੰ ਵੀ ਬਹੁਤ ਰਾਹਤਾਂ ਦਿੱਤੀਆਂ ਗਈਆਂ ਹਨ ਜਿਵੇਂ ਕਿ ਸਾਡੇ ਵਪਾਰੀ ਲੋਕ ਮਹਿਸੂਸ ਕਰਦੇ ਹਨ ਕਿ ਸਾਨੂੰ ਜੋ ਟੈਕਸ ਦੀ ਉਗਰਾਹੀ ਹੈ ਉਸ ਵਾਸਤੇ ਕਈ ਸਰਕਾਰ ਦੇ ਫਾਰਮ ਭਰਨੇ ਪੈਂਦੇ ਹਨ ਜਾਂ ਇੰਸਪੈਕਟਰੀ ਰਾਜ ਤੋਂ ਛੁਟਕਾਰਾ ਦਿਵਾਇਆ ਜਾਵੇ, ਇਸ ਨੂੰ ਘੱਟ ਕੀਤਾ ਜਾਵੇ । ਡਿਪਟੀ ਸਪੀਕਰ ਸਾਹਿਬ ਸੀ.ਐਮ. ਸਾਹਿਬ ਦੀ ਸਰ-ਪ੍ਰਸਤੀ ਹੇਠ ਸਰਦਾਰ ਸ਼ਮਸ਼ੇਰ ਸਿੰਘ ਦੂਲੋਂ, ਸਾਡੇ ਐਕਸਾਈਜ਼ ਮਨਿਸਟਰ ਸਾਹਿਬ ਨੇ ਇਸ ਸਿਸਟਮ ਦੇ ਵਿਚ ਅਜਿਹੇ ਸੁਧਾਰ ਲਿਆਂਦੇ ਹਨ ਕਿ ਵਿਕਰੀ ਕਰ ਫਾਰਮ 22-ਏ ਨੂੰ ਸਮਾਪਤ ਕਰ ਦਿੱਤਾ ਗਿਆ ਹੈ ਦੂਸਰਾ ਜੋ ਸੇਲਜ਼ ਟੈਕਸ ਰਿਟਰਨ ਭਰਨ ਵਾਸਤੇ ਜਾਂ ਆਪਣੇ ਅਦਾਰੇ ਨੂੰ ਰਜਿਸਟਰਡ ਕਰਨ ਵਾਸਤੇ ਜਿਸ ਦੀ ਇਕ ਲੱਖ ਰੁਪਏ ਤੱਕ ਦੀ ਵਿਕਰੀ ਹੋਵੇਗੀ ਉਸ ਨੂੰ ਸੇਲਜ਼ ਟੈਕਸ ਰਿਟਰਨ ਭਰਨੀ ਪੈਂਦੀ ਸੀ । ਉਹ ਲਿਮਟ ਪਿਛਲੇ ਸਾਲ ਇਕ ਲੱਖ ਤੋਂ ਤਿੰਨ ਲੱਖ ਕੀਤੀ ਸੀ ਹੁਣ ਉਹ ਇਸ ਸਾਲ ਤਿੰਨ ਲੱਖ ਤੋਂ ਪੰਜ ਲੱਖ ਰੁਪਏ ਕਰ ਦਿਤੀ ਗਈ ਹੈ । ਪੰਜ ਲੱਖ ਰੁਪਏ ਦੀ ਵਿਕਰੀ ਵਾਲੇ ਨੂੰ ਹੁਣ ਇਹ ਰਿਟਰਨ ਭਰਨ ਦੀ ਲੋੜ ਨਹੀਂ ਹੋਵੇਗੀ । ਜਿਹੜਾ ਵਪਾਰੀ ਪਹਿਲਾਂ ਆਪਣੀ ਫਰਮ ਨੂੰ ਰਜਿਸਟਰਡ ਕਰਾਉਂਦਾ ਸੀ ਉਸ ਨੂੰ 50 ਹਜ਼ਾਰ ਰੁਪਏ ਸਿਕਿਉਰਟੀ ਦੇਣੀ ਪੈਂਦੀ ਸੀ । ਹੁਣ ਉਹ ਸਿਕਿਉਰਟੀ ਸਰਕਾਰ ਨੇ ਘਟਾ ਕੇ 15,000/- ਰੁਪਏ ਕਰ ਦਿੱਤੀ ਹੈ । ਡਿਪਟੀ ਸਪੀਕਰ ਸਾਹਿਬ, ਸਾਡੇ ਹੋਟਲ, ਰੈਸਟੋਰੈਂਟ ਜਾਂ ਸਾਡੇ ਹੋਰ ਕਈ ਸਨਅਤਕਾਰਾਂ ਵਾਸਤੇ ਜਿਹੜੀ ਸੇਲਜ਼ ਟੈਕਸ ਰਿਟਰਨ ਭਰਨ ਦੀ ਸੀਮਾ 40,000/- ਹਜ਼ਾਰ ਰੁਪਏ ਸੀ ਉਹ ਵਧਾ ਕੇ ਇਕ ਲੱਖ ਰੁਪਿਆ ਕਰ ਦਿੱਤੀ ਗਈ ਹੈ । ਹੋਰ ਤਾਂ ਹੋਰ ਜਿਹੜੇ ਸਨਅੱਤਕਾਰ ਹਨ, ਸਾਡੇ ਵਪਾਰੀ ਹਨ ਜਾਂ ਸਾਡੇ ਟਰੱਕਾਂ ਵਾਲੇ ਭਰਾ ਹਨ, ਟਰਾਂਸਪੋਰਟਰ ਹਨ ਪਹਿਲਾਂ ਜਦੋਂ ਉਹ ਬੈਰੀਅਰ ਤੋਂ ਲੰਘਦੇ ਸਨ ਤਾਂ ਉਨ੍ਹਾਂ ਨੂੰ ਕਈ ਪਰਕਾਰ ਦੀਆਂ ਮੁਸ਼ਕਲਾਂ ਆਉਂਦੀਆਂ ਸਨ ਅੌਰ ਕਈ ਵਾਰ ਉਨ੍ਹਾਂ ਨੂੰ ਤਿੰਨ ਚਾਰ ਘੰਟੇ ਬੈਰੀਅਰ ਤੇ ਰੁਕਣਾ ਪੈਂਦਾ ਸੀ, ਸੇਲਜ਼ ਟੈਕਸ ਦੀ ਚੈਕਿੰਗ ਵਗੈਰਾ ਵਾਸਤੇ ਅੌਰ ਜਿਸ ਦੇ ਬਾਰੇ ਅਸੀਂ ਵੀ ਮਹਿਸੂਸ ਕਰਦੇ ਸੀ ਕਿਉਂਕਿ ਇਹ ਸਨਅੱਤਕਾਰਾਂ ਦੀ, ਟਰਾਂਸਪੋਟਰਾਂ ਦੀ ਬੜੀ ਪੁਰਾਣੀ ਮੰਗ ਚਲੀ ਆ ਰਹੀ ਸੀ । ਹੁਣ ਇਸ ਨੂੰ ਅਬਾਲਿਸ਼ ਕਰ ਦਿੱਤਾ ਗਿਆ ਹੈ ਅੌਰ ਇਸ ਦੀ ਸਾਡੇ ਸਮਾਜ ਦੇ ਹਰ ਵਰਗ ਵਲੋਂ ਬਹੁਤ ਸ਼ਲਾਘਾ

Original with;
Punjab Vidhan Sabha
Digitized by;
Punjab Digital Library

[ਸਰਦਾਰ ਈਸ਼ਰ ਸਿੰਘ]

ਕੀਤੀ ਗਈ ਹੈ, ਤਾਰੀਫ ਕੀਤੀ ਗਈ ਹੈ । ਅੱਜ ਟਰੱਕਾਂ ਵਾਲੇ ਬਗੈਰ ਰੋਕ ਟੋਕ ਤੋਂ ਸਟੇਟ ਟੂ ਸਟੇਟ ਮੂਵ ਕਰ ਰਹੇ ਸਨ । ਡਿਪਟੀ ਸਪੀਕਰ ਸਾਹਿਬ, ਜਿਥੇ ਵਪਾਰੀਆਂ ਨੂੰ ਰਾਹਤਾਂ ਦਿੱਤੀਆਂ ਗਈਆਂ ਹਨ ਉਥੇ ਖਤਤਕਾਰਾਂ ਨੂੰ ਵੀ ਟੈਕਸਾਂ ਤੋਂ ਮੁਆਫੀ ਦਿੱਤੀ ਗਈ ਹੈ । ਸਾਡੇ ਜੋ ਬੱਚੇ ਜਾਂ ਵਿਦਿਆਰਥੀ ਸਕੂਲਾਂ ਵਿੱਚ ਪੜ੍ਹਦੇ ਹਨ ਉਨ੍ਹਾਂ ਵਾਸਤੇ ਸਟੇਸ਼ਨਰੀ, ਜਮੈਟਰੀ ਬਾਕਸ, ਰਬੜ ਵਗੈਰਾ ਨੂੰ ਵੀ ਟੈਕਸ ਮੁਕਤ ਕੀਤਾ ਗਿਆ ਹੈ ।

ਡਿਪਟੀ ਸਪੀਕਰ ਸਾਹਿਬ, ਜਿਥੇ ਇਸ ਵਰਗ ਨੂੰ ਰਾਹਤ ਦਿੱਤੀ ਹੈ ਉਸ ਦੇ ਨਾਲ ਹੀ ਉਹ ਪਰਿਵਾਰ ਵੀ ਆਉਂਦੇ ਹਨ ਜਿਹੜੇ ਕਿ ਦਹਿਸ਼ਤਗਰਦਾਂ ਦੇ ਹੱਥੋਂ ਮਾਰੇ ਗਏ, ਸ਼ਹੀਦ ਹੋ ਗਏ ਉਨ੍ਹਾਂ ਨੂੰ ਪੰਜਾਬ ਸਰਕਾਰ ਨੇ ਅੰਕਸ-ਗਰੇਸ਼ੀਆਂ ਗਰਾਂਟ 50 ਹਜ਼ਾਰ ਰੁਪਏ ਤੋਂ ਵਧਾ ਕੇ ਇਕ ਲੱਖ ਰੁਪਿਆ ਕਰ ਦਿੱਤੀ ਹੈ । ਜਨਵਰੀ, 92 ਤੋਂ ਜੋ ਪਰਿਵਾਰ ਇਨ੍ਹਾਂ ਤਾਕਤਾਂ ਹੱਥੋਂ ਦਹਿਸ਼ਗਰਦੀ ਹੱਥੋਂ ਸ਼ਹੀਦ ਹੋ ਗਏ ਹਨ, ਉਨ੍ਹਾਂ ਨੂੰ ਅੰਕਸ਼-ਗਰੇਸ਼ੀਆ ਗਰਾਂਟ ਤਾਂ ਦਿੱਤੀ ਹੀ ਜਾਵੇਗੀ, ਇਸ ਦੇ ਨਾਲ ਮਾਸਕ ਗੁਜ਼ਾਰਾ ਭੱਤਾ ਜਿਹੜਾ ਪਹਿਲਾਂ 1000/- ਰੁਪਿਆ ਸੀ, ਉਸ ਨੂੰ ਵਧਾ ਕੇ 1500/- ਰੁਪਿਆ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ । ਅੱਤਵਾਦ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਸਕੂਲਾਂ ਤੇ ਕਾਲਜਾਂ ਵਿੱਚ ਪੜ੍ਹਦੇ ਬੱਚਿਆਂ ਨੂੰ 300/- ਕ੍ਰਮਵਾਰ ਰੁਪਏ ਪ੍ਰਤੀ ਮਹੀਨਾ ਤੇ 500/- ਰੁਪਿਆ ਪ੍ਰਤੀ ਮਹੀਨਾ ਗੁਜ਼ਾਰਾ ਭੱਤਾ ਦਿੱਤਾ ਗਿਆ ਹੈ ਤਾਂ ਕਿ ਉਹ ਆਪਣੀ ਪੜਾਈ ਜਾਰੀ ਰੱਖ ਸਕਣ । ਇਸ ਦੇ ਨਾਲ ਹੀ ਸਾਡਾ ਹਰ ਕਰਮਚਾਰੀ ਵਰਗ ਆਉਂਦਾ ਹੈ ਜਿਸ ਤੇ ਪੂਰੇ ਪੰਜਾਬ ਦੇ ਖਰਚੇ ਦਾ 60% ਉਨ੍ਹਾਂ ਕਰਮਚਾਰੀਆਂ ਦੀ ਆਮਦਨ ਤੇ ਪੈਨਸ਼ਨਾਂ ਤੇ ਲਗ ਜਾਂਦਾ ਹੈ, ਉਨ੍ਹਾਂ ਨੂੰ ਰਾਹਤ ਦੇਣ ਵਾਸਤੇ 3,500/- ਰੁਪਏ ਤੱਕ ਬੇਸਿਕ ਤਨਖਾਹ ਲੈਣ ਵਾਲਿਆਂ ਨੂੰ 150/- ਰੁਪਏ ਪ੍ਰਤੀ ਮਹੀਨਾ ਅਤੇ 3500/- ਤੋਂ ਉਪਰ ਬੇਸਿਕ ਤਨਖਾਹ ਲੈਣ ਵਾਲਿਆਂ ਨੂੰ 200/- ਰੁਪਏ ਪ੍ਰਤੀ ਮਹੀਨਾ ਦਾ ਅੰਤਰਿਮ ਰਿਲੀਫ ਦਿੱਤਾ ਗਿਆ ਹੈ । ਇਸ ਦੇ ਨਾਲ ਹੀ ਸਾਡੇ ਉਹ ਅੰਡਹਾਕ ਕਰਮਚਾਰੀ ਵੀ ਆਉਂਦੇ ਹਨ ਜਿਹੜੇ ਜ਼ਰੂਰੀ ਸੇਵਾਵਾਂ ਵਾਸਤੇ ਅੰਡਹਾਕ ਬੇਸਿਜ਼ ਤੇ ਲਗਾਏ ਗਏ ਸਨ । ਸਰਕਾਰ ਨੇ ਫੈਸਲਾ ਕੀਤਾ ਹੈ ਕਿ 31 ਦਸੰਬਰ, 1994 ਤੱਕ ਜਿਹੜੇ ਮੁਲਾਜ਼ਮਾਂ ਨੇ 240 ਦਿਨ ਜਾਂ ਇਸ ਤੋਂ ਵੱਧ ਦਿਨ ਪੂਰੇ ਕਰ ਲਏ ਹਨ, ਉਨ੍ਹਾਂ ਸਾਰੀਆਂ ਨੂੰ ਰੈਗੂਲਰ ਕਰ ਦਿੱਤਾ ਜਾਵੇਗਾ । ਇਹ ਇਕ ਸ਼ਲਾਘਾਯੋਗ ਕਦੇਮ ਹੈ ਅਤੇ ਉਨ੍ਹਾਂ ਨੂੰ ਰਾਹਤ ਮਿਲੀ ਹੈ । ਉਨ੍ਹਾਂ ਦੇ ਮਨਾਂ ਨੂੰ ਸ਼ਾਂਤੀ ਮਿਲੀ ਹੈ ਕਿ ਸਾਨੂੰ ਇਕ ਰੋਟੀ ਰੋਜ਼ੀ ਵਾਸਤੇ ਜੋ ਵਸੀਲਾ ਸਰਕਾਰ ਨੇ ਦਿੱਤਾ ਸੀ ਉਹ ਪੱਕਾ ਕੀਤਾ ਹੈ । ਇਸ ਦੇ ਨਾਲ ਹੋਰ ਜੋ ਸਾਡੇ ਅਜ਼ਾਦੀ ਘੁਲਾਟੀਏ ਹਨ ਉਨ੍ਹਾਂ ਦੀਆਂ ਪੈਨਸ਼ਨਾਂ ਪਿਛਲੇ ਸਾਲ 400/- ਰੁਪਏ ਤੋਂ ਵਧਾ ਕੇ 500/- ਰੁਪਏ ਕੀਤੀਆਂ ਗਈਆਂ ਸਨ । ਪਰ ਇਸ ਸਾਲ ਇਹ ਪੈਨਸ਼ਨ 500/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 600/- ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ । ਹਰ ਵਰਗ ਦੀ ਤਰਾਂ ਨੂੰ ਇਸ ਬਜਟ ਦੇ ਵਿੱਚ ਰਾਹਤ ਦਿੱਤੀ ਗਈ ਹੈ । ਇਸ ਨੂੰ ਮੁੱਖ ਰੱਖਦੇ ਹੋਏ ਮੈਂ ਸਮਝਦਾ ਹਾਂ ਕਿ ਸਾਲ 1995-96 ਦੇ ਬਜਟ ਵਿੱਚ ਹਰ ਵਰਗ ਵਾਸਤੇ ਰਾਹਤ ਹੈ ਅੰਤੇ ਹਰ ਵਰਗ ਨੇ ਇਸ ਦੀ ਸ਼ਲਾਘਾ ਕੀਤੀ ਹੈ । ਅੰਤੇ ਮੇਰੇ ਸਤਿਕਾਰਯੋਗ ਆਪੋਜ਼ੀਸ਼ਨ ਵੈ [ਮੈਂਬਰ

Original with;
Punjab Vidhan Sabha
Digitized by;
Panjab Digital

ਸਾਹਿਬਾਨ ਇਥੇ ਬੈਠੇ ਹਨ । ਉਹ ਜਿਸ ਵਕਤ ਬਜਟ ਤੇ ਬੋਲਦੇ ਹਨ, ਠੀਕ ਹੈ ਕਿ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਸਰਕਾਰ ਦੀਆਂ ਕਮੀਆਂ ਬਾਰੇ ਦੱਸਣ, ਪਰ ਮੈਂ ਤੁਹਾਡੇ ਰਾਹੀਂ ਉਨ੍ਹਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਕਝ ਉਸਾਰੂ ਸਝਾਓ ਵੀ ਦਿਆ ਕਰਨ । ਉਹ ਕਹਿੰਦੇ ਹਨ ਕਿ ਠੇਕੇ ਬੰਦ ਕਰ ਦਿਓ, ਇਨਾਂ ਦੀ ਕੋਈ ਲੋੜ ਨਹੀਂ । ਜੇਕਰ ਇਹ ਬੰਦ ਕਰ ਦਿੱਤੇ ਜਾਣ ਤਾਂ ਫਿਰ ਟੈਕਸ ਕਿਥੋਂ ਆਉਣੇ ਹਨ । ਮੈਂ ਕਹਾਂਗਾ ਕਿ ਫਿਰ ਪੈਸਾ ਕਿਥੋਂ ਲਿਆ ਕੇ ਲਾਉਣਾ ਹੈ । ਹਰ ਚੀਜ਼ ਅਸੀਂ ਲੋਕਾਂ ਵਾਸਤੇ ਮੰਗਦੇ ਹਾਂ, ਡਿਵੈਲਪਮੈਂਟ ਵਾਸਤੇ ਪੈਸਾ ਮੰਗਦੇ ਹਾਂ, ਉਹ ਕਿਤੋਂ ਤਾਂ ਆਉਣਾ ਹੀ ਹੈ । ਜੇਕਰ ਉਹ ਚੰਗੇ ਸੁਝਾਓ ਦੇਣਗੇ ਤਾਂ ਸਰਕਾਰ ਉਸ ਤੇ ਚੰਗੀ ਤਰ੍ਹਾਂ ਗੌਰ ਕਰੇਗੀ । ਅਸੀਂ ਜੋ ਚਾਹੁੰਦੇ ਹਾਂ, ਉਹ ਵੀ ਚਾਹੁੰਦੇ ਹਨ ਕਿ ਪੰਜਾਬ ਤਰੱਕੀ ਕਰੇ, ਪੰਜਾਬ ਖੁਸ਼ਹਾਲ ਹੋਵੇ । ਆਪੋਜ਼ੀਸ਼ਨ ਦੀ ਉਸਾਰੂ ਸੋਚ ਹੋਣ ਦੇ ਨਾਤੇ ਲੋਕ ਉਨ੍ਹਾਂ ਦੀ ਵੀ ਸ਼ਲਾਘਾ ਕਰਨਗੇ ਜਿਵੇਂ ਕਿ ਮੁੱਖ ਮੰਤਰੀ ਜੀ ਦੀ ਸ਼ਲਾਘਾ ਕਰਦੇ ਹਨ । ਸਾਡੇ ਮੁੱਖ ਮੰਤਰੀ ਜੀ ਜਿਥੇ ਰੂਲਿੰਗ ਪਾਰਟੀ ਦੇ ਮੈਂਬਰਾਂ ਨੂੰ ਨਾਲ ਲੈ ਕੇ ਚਲਦੇ ਹਨ, ਉਥੇ ਆਪੋਜ਼ੀਸ਼ਨ ਦੇ ਮੈਂਬਰਾਂ ਦਾ ਵੀ ਪੂਰਾ ਸਾਥ ਦਿੰਦੇ ਹਨ ।

ਡਿਪਟੀ ਸਪੀਕਰ ਸਾਹਿਬ, ਅੰਤ ਵਿਚ ਮੈਂ ਆਪਣੇ ਹਲਕੇ ਦੀਆਂ ਕੁਝ ਗੱਲਾਂ ਕਹਿਣੀਆਂ ਹਨ । ਮੇਰਾ ਹਲਕਾ ਬੇਟ ਏਰੀਆ ਸਤਲੁਜ ਦਰਿਆ ਕੋਲ ਕੁੰਮ ਕਲਾਂ ਉਥੇ ਕਾਫੀ ਪਿੰਡ ਬੇਟ ਏਰੀਏ ਵਿਚ ਪੈਂਦੇ ਹਨ ਅਤੇ ਉਥੋਂ ਦੀਆਂ ਕਾਫੀ ਸਮੱਸਿਆਵਾਂ ਹਨ ।

ਜਿਵੇਂ ਕਿ ਪੀਣ ਵਾਲੇ ਪਾਣੀ ਦੀ ਸਮੱਸਿਆ ਹੈ । ਬੇਟ ਏਰੀਏ ਦੇ ਸਾਰੇ ਪਿੰਡਾਂ ਦਾ ਪਾਣੀ ਟੈਸਟ ਕਰਵਾਇਆ ਗਿਆ ਹੈ ਅੰਰ ਇਹ ਦੇਖਿਆ ਗਿਆ ਹੈ ਕਿ ਬੇਟ ਏਰੀਏ ਦਾ ਪਾਣੀ ਪੀਣ ਦੇ ਕਾਬਲ ਨਹੀਂ । ਮੈਂ ਇਸ ਸਬੰਧੀ ਸਵਾਲ ਵੀ ਲਗਾਏ ਹਨ । ਜਿਸ ਵਕਤ ਪਾਣੀ ਦੀ ਗੱਲ ਆਉਂਦੀ ਹੈ, ਟੈਂਕੀ ਪਿੰਡ ਵਾਲੇ ਪਾਸੇ ਨਹੀਂ ਜਾਂਦੀ । ਇਸ ਲਈ ਜਿੱਥੇ ਬਾਕੀ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕੀਤਾ ਹੈ ਉਥੇ ਬੇਟ ਏਰੀਏ ਨੂੰ ਵੀ ਪ੍ਰਾਇਰਟੀ ਦਿੱਤੀ ਜਾਵੇ । ਇਸ ਤੋਂ ਅੱਗੇ ਪਸ਼ੂ ਡਿਸਪੈਂਸਰੀਆਂ ਹਨ । ਇਨ੍ਹਾਂ ਬੇਟ ਏਰੀਏ ਦੇ ਪਿੰਡਾਂ ਵਿਚ ਗਰੀਬ ਕਿਸਾਨ, ਗਰੀਬ ਜ਼ਿਮੀਂਦਾਰ, ਥੋੜ੍ਹੀਆਂ-ਥੋੜ੍ਹੀਆਂ ਜ਼ਮੀਨਾਂ ਦੇ ਮਾਲਕ ਰਹਿੰਦੇ ਹਨ । ਜਦੋਂ ਹੜ੍ਹ ਆਉਂਦੇ ਹਨ ਤਾਂ ਜਿਹੜੀ ਉਥੇ ਥੋੜ੍ਹੀ-ਬਹੁਤ ਫਸਲ ਹੁੰਦੀ ਹੈ, ਉਹ ਮਰ ਜਾਂਦੀ ਹੈ ਅਤੇ ਜ਼ਮੀਨ ਖਰਾਬ ਹੋ ਜਾਂਦੀ ਹੈ । ਇਸ ਲਈ ਉਨ੍ਹਾਂ ਲੋਕਾਂ ਨੂੰ ਪਸ਼ੂ ਧਨ ਜਾਂ ਡੇਅਰੀ ਫਾਰਮਾਂ ਵਾਸਤੇ ਕਰਜ਼ੇ ਦਿੱਤੇ ਜਾਣ ਅਤੇ ਜਾਨਵਰਾਂ ਵਾਸਤੇ ਅੱਛੀਆਂ ਸਿਹਤ ਸੇਵਾਵਾਂ ਹੋਣ ਅੰਰ ਡਿਸਪੈਂਸਰੀਆਂ ਖੋਲ੍ਹੀਆਂ ਜਾਣ । ਇਹ ਕੋਈ ਜ਼ਰੂਰੀ ਨਹੀਂ ਕਿ ਨਾਰਮਜ਼ ਅਨੁਸਾਰ ਦੋ-ਦੋ ਦੇਣੀਆਂ ਹਨ ਜਾਂ ਇਕ-ਇਕ ਹੀ ਦੇਣੀ ਹੈ ਬਲਕਿ ਸਮੁੱਚੇ ਪੰਜਾਬ ਨੂੰ ਦੇਖਣਾ ਚਾਹੀਦਾ ਹੈ ਅਤੇ ਬਰਾਬਰ ਵੰਡ ਕਰਨੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਇਕ ਧੱਸੀ ਬੰਨ ਸਤਲੁਜ ਦਰਿਆ ਨਾਲ ਹੈ । ਹਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਈਸ਼ਰ ਸਿੰਘ]

ਸਾਲ ਬਾਰਸ਼ਾਂ ਦੌਰਾਨ ਇਸ ਦੇ ਪਾਣੀ ਦੀ ਦਿਸ਼ਾ ਬਦਲ ਜਾਂਦੀ ਹੈ । ਧੁਸੀ ਬੰਨ ਕੱਟ ਜਾਂਦੇ ਹਨ । ਪਾਣੀ ਰੋਕਣ ਵਾਸਤੇ ਰਿੰਗ ਬੰਨ ਬਣਾਏ ਜਾਂਦੇ ਹਨ । ਉਸ ਵਕਤ ਗਰੀਬ ਕਿਸਾਨਾਂ ਦੀ ਜ਼ਮੀਨ ਪੁੱਟ ਦਿੱਤੀ ਜਾਂਦੀ ਹੈ । ਜਦੋਂ ਕਿਸਾਨ ਨੂੰ ਫਸਲ ਪੁੱਟਣ ਜਾਂ ਮਿਟੀ ਕੱਢਣ ਵਾਸਤੇ ਕਿਹਾ ਜਾਂਦਾ ਹੈ ਤਾਂ ਉਸ ਦਾ ਦਿਲ ਤਾਂ ਨਹੀਂ ਕਰਦਾ ਪਰ ਪਾਣੀ ਨੂੰ ਰੋਕਣ ਵਾਸਤੇ ਅਤੇ ਹੜ੍ਹਾਂ ਦੇ ਨੁਕਸਾਨ ਨੂੰ ਦੇਖਦੇ ਹੋਏ ਉਸ ਨੂੰ ਫਸਲ ਪੁੱਟਣੀ ਪੈਂਦੀ ਹੈ । ਇਸ ਤਰ੍ਹਾਂ ਉਹ ਕਿਸਾਨ ਕੁਰਬਾਨੀਆਂ ਦਿੰਦਾ ਹੈ । ਇਸ ਲਈ ਉਨ੍ਹਾਂ ਨੂੰ ਕੰਪਨਸੇਸ਼ਨ ਦੇਣ ਵਾਸਤੇ ਕੋਈ ਕਰਾਈਟੇਰੀਆ ਬਣਾਉਣਾ ਚਾਹੀਦਾ ਹੈ । 1993 ਵਿੱਚ ਨਵਾਂ ਸ਼ਹਿਰ ਦੇ ਧੋਲੇਵਾਲ ਪਿੰਡ ਜਿਹੜਾ ਲੁਧਿਆਣੇ ਵਿਚ ਪੈਂਦਾ ਹੈ, ਉਥੋਂ ਹੜਾਂ ਦੌਰਾਨ ਮੁੱਖ ਮੰਤਰੀ ਜੀ ਨੂੰ ਮੰਗ ਆਈ ਸੀ । ਮੁੱਖ ਮੰਤਰੀ ਜੀ ਨੇ ਕੇਸ ਮਾਰਕ ਕਰਕੇ ਡੀ.ਸੀ. ਜਲੰਧਰ ਨੂੰ ਭੇਜਿਆ. ਉਸ ਨੇ ਅੱਗੋਂ ਐਸ.ਡੀ.ਐਮ. ਨਵਾਂ ਸ਼ਹਿਰ ਨੂੰ ਭੇਜ ਦਿੱਤਾ ਪਰ ਕੁਝ ਨਾ ਬਣਿਆ । ਪਿਛਲੇ ਸਾਲ ਜਦੋਂ ਫਲੱਡ ਆਏ ਤਾਂ ਜ਼ਮੀਨਾਂ ਖਰਾਬ ਹੋ ਗਈਆਂ ਅਤੇ ਫਸਲਾਂ ਨਹੀਂ ਹੋਈਆਂ । ਇਸ ਤਰ੍ਹਾਂ ਨਾਲ ਹੜ੍ਹਾਂ ਨਾਲ ਜੋ ਨੁਕਸਾਨ ਹੋ ਜਾਂਦਾ ਹੈ ਜਾਂ ਧੁਸੀ ਬੰਨ ਕੱਟ ਜਾਂਦੇ ਹਨ, ਉਨ੍ਹਾਂ ਦੀ ਰੋਕਥਾਮ ਕਰਨੀ ਚਾਹੀਦੀ ਹੈ । ਇਸ ਵਾਸਤੇ ਇਸ ਇਲਾਕੇ ਵਿਚ ਕੰਮ ਕਰਨੇ ਚਾਹੀਦੇ ਹਨ । ਸਾਨੂੰ ਪਤਾ ਹੈ ਕਿ ਬਾਰਸ਼ ਆਉਣੀ ਹੈ, ਹੜ੍ਹ ਆ ਸਕਦੇ ਹਨ । ਇਸ ਲਈ ਇਹ ਸਾਰੇ ਕੰਮ ਪ੍ਰਾਇਰਟੀ ਬੇਸਿਜ਼ ਤੇ 31 ਮਈ ਤੋਂ ਪਹਿਲਾਂ ਪਹਿਲਾਂ ਹੋਣੇ ਚਾਹੀਦੇ ਹਨ । ਇਹ ਵੀ ਦੇਖਿਆ ਜਾਂਦਾ ਹੈ ਕਿ ਜੂਨ ਵਿਚ ਬਾਰਸ਼ ਪੈਣੀ ਸ਼ੁਰੂ ਹੋ ਜਾਂਦੀ ਹੈ ਅਤੇ ਕੰਮ ਪੂਰਾ ਨਹੀਂ ਹੁੰਦਾ । ਇਸ ਲਈ ਵਕਤ ਸਿਰ ਇਨ੍ਹਾਂ ਕੰਮਾਂ ਨੂੰ ਨੇਪਰੇ ਚਾੜਿਆ ਜਾਣਾ ਚਾਹੀਦਾ ਹੈ । ਮੇਰੇ ਹਲਕੇ ਵਿਚ ਜੋ ਧੁਸੀ ਬੰਨ ਹੈ ਅਤੇ ਸਤਲੁਜ ਦਰਿਆ ਗੁਜ਼ਰਦਾ ਹੈ, ਉਥੇ ਜ਼ਿਆਦਾ ਕੰਮ ਹੋਣੇ ਚਾਹੀਦੇ ਹਨ । ਇਸੇ ਤਰ੍ਹਾਂ ਧੋਲੇਵਾਲ, ਈਸਧਾਰ, ਮਤੇਵਾੜਾ ਆਦਿ ਵਿਚ ਵੀ ਬੰਨ ਬਿਲਕੁਲ ਕੱਟ ਜਾਂਦੇ ਹਨ ਇਨ੍ਹਾਂ ਨੂੰ ਵੀ ਪ੍ਰਾਇਰਟੀ ਤੇ ਠੀਕ ਕਰਨਾ ਚਾਹੀਦਾ ਹੈ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਫੰਡ ਸਮੇਂ ਸਿਰ ਰਿਲੀਜ਼ ਕੀਤੇ ਜਾਣ ਤਾਂ ਕਿ ਬਾਰਸ਼ਾਂ ਦੇ ਸਮੇਂ ਫਸਲਾਂ ਦਾ ਅਤੇ ਕੋਈ ਹੋਰ ਜਾਨੀ-ਮਾਲੀ ਨੁਕਸਾਨ ਨਾ ਹੋਵੇ ।

ਅੰਤ, ਡਿਪਟੀ ਸਪੀਕਰ ਸਾਹਿਬ ਉਸ ਏਰੀਏ ਵਿੱਚ 265 ਪਿੰਡ ਪੈਂਦੇ ਹਨ । ਇੱਕ ਹੀ ਛੋਟਾ ਕਸਬਾ ਮਾਛੀਵਾੜਾ ਹੈ, ਜਿਸ ਦੀ ਧਰਤੀ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਪਵਿੱਤਰ ਚਰਣਾਂ ਦੀ ਛੋਹ ਪ੍ਰਾਪਤ ਹੈ ਉਸ ਜਗ੍ਹਾ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਬਦ ਉਚਾਰਨ ਕੀਤਾ ਸੀ :

'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ।।

ਉਸ ਇਤਿਹਾਸਕ ਜਗ੍ਹਾ ਨੂੰ ਮਾਣ ਦੇਣ ਵਾਸਤੇ, ਜਿਵੇਂ ਕਿ ਫਤਹਿਗੜ੍ਹ ਸਾਹਿਬ, ਜਿਥੇ ਸਾਡੇ ਦਸਵੇਂ ਪਾਤਸ਼ਾਹ ਦੇ ਸਾਹਿਬਜ਼ਾਦੇ ਸ਼ਹੀਦ ਹੋਏ ਸਨ, ਉਨ੍ਹਾਂ ਦੀ ਯਾਦ ਵਿੱਚ ਫਤਹਿਗੜ੍ਹ ਸਾਹਿਬ ਨੂੰ ਜ਼ਿਲ੍ਹਾ ਬਣਾਇਆ ਹੈ ਤਾਂ ਇਹ ਜੋ ਬੇਟ ਏਰੀਏ ਦੇ ਤਕਰੀਬਨ 265 ਪਿੰਡ ਹਨ ਇਨ੍ਹਾਂ ਨੂੰ ਸਬ-ਡਿਵੀਜ਼ਨ ਬਣਾ ਕੇ ਮਾਛੀਵਾੜੇ ਨੂੰ ਮਾਣ ਦਿੱਤਾ ਜਾਵੇ । ਮੁੱਖ

Original with;
Punjab Vidhan Sabha
Digitized by;
Panjab Digital Library

ਮੰਤਰੀ, ਪੰਜਾਬ ਜਦੋਂ ਦਸੰਬਰ, 1992 ਵਿੱਚ ਗਏ ਸਨ ਤਾਂ ਮਾਛੀਵਾੜੇ ਵਿੱਚ ਇੱਕ ਸੱਨਅਤ ਫੋਕਲ ਪੁਆਇੰਟ ਖੋਲ੍ਹਣ ਦਾ ਐਲਾਨ ਕਰਕੇ ਆਏ ਸਨ । ਉਸ ਦੇ ਬਾਰੇ ਸੱਨਅਤੀ ਵਿਭਾਗ ਨੇ ਦਰਖਾਸਤਾਂ ਮੰਗੀਆਂ ਹਨ । ਅਗਰ ਉਸ ਵਿੱਚ ਕੋਈ ਹੋਰ ਕਮੀ ਹੈ ਤਾਂ ਦੱਸ ਦੇਣ ਤਾਂਕਿ ਜਿਹੜਾ ਸਾਡਾ ਲੁਧਿਆਣਾ ਵਿਖੇ ਜੋ ਕੇ ਮਾਨਚੈਸਟਰ ਆਫ਼ ਏਸ਼ੀਆ ਕਹਾਉਂਦਾ ਹੈ ਜਿਸ ਦੇ ਕਾਫ਼ੀ ਏਰੀਏ ਵਿੱਚ ਇੰਡਸਟਰੀ ਲੱਗ ਚੁੱਕੀ ਹੈ ਤੇ ਹੁਣ ਕੋਹਾੜੇ ਤੋਂ ਮਾਛੀਵਾੜਾ ਰੋਡ ਵੱਲ ਲੱਗ ਰਹੀ ਹੈ ਅਗਰ ਕੋਈ ਸਨਅਤੀ ਪੁਆਇੰਟ ਦੇ ਬਾਰੇ ਫੈਸਲਾ ਲੈ ਕੇ ਸਕੀਮ ਨੂੰ ਚਾਲੂ ਕੀਤਾ ਜਾਵੇ ਤਾਂ ਸਾਡੇ ਸਨਅਤਕਾਰਾਂ ਨੂੰ ਕਾਫ਼ੀ ਰਾਹਤ ਮਿਲੇਗੀ । ਕਿਉਂਕਿ ਚੰਡੀਗੜ੍ਹ ਆਉਣ ਲਈ ਵਾਇਆ ਮਾਛੀਵਾੜਾ ਬੜਾ ਈਜ਼ੀ ਰਸਤਾ ਹੈ ਅੰਰ ਈਜ਼ਿਲੀ ਅੰਪਰੋਚੇਬਲ ਹੈ

ਡਿਪਟੀ ਸਪੀਕਰ ਸਾਹਿਬ, ਏਨੀਆਂ ਮੰਗਾਂ ਕਹਿੰਦਾ ਹੋਇਆ ਇੱਕ ਲਾਸ਼ਟ ਮੰਗ ਕਰਨੀ ਹੈ, ਉਹ ਹੈ ਸਤਲੁਜ ਦਰਿਆ ਉਤੇ ਮਾਛੀਵਾੜਾ ਰਾਹੋਂ ਰੋਡ ਦਾ ਪੁਲ । ਇਸ ਦੇ ਬਾਰੇ ਮੈਂ ਅੱਗੇ ਵੀ ਵਿਧਾਨ ਸਭਾ ਵਿੱਚ ਕਹਿ ਚੁੱਕਿਆ ਹਾਂ ਅੰਰ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਇਹ ਜੋ ਪੁਲ ਮਾਛੀਵਾੜਾ ਰਾਹੋਂ ਰੋਡ ਅੰਰ ਲੁਧਿਆਣਾ ਰਾਹੋਂ ਰੋਡ, ਦੋਨੋਂ ਕਿਸੇ ਕੰਟ੍ਰੈਕਟਰ ਨੂੰ ਦੇ ਕੇ ਬਣਾਏ ਜਾਣਗੇ । ਇਹ ਜੋ ਪੁਲ ਹੈ ਮਾਛੀਵਾੜਾ ਰਾਹੋਂ ਰੋਡ ਤੇ ਇਹ ਡਿਫੈਂਸ ਪੁਆਇੰਟ ਆਫ਼ ਵਿਊ ਨਾਲ ਦੇਖੀਏ ਤਾਂ ਸਾਡੀਆਂ ਜੋ ਸਰਹੱਦਾਂ ਪਾਕਿਸਤਾਨ ਨਾਲ ਲਗਦੀਆਂ ਹਨ ਅੰਰ ਕਿਸੇ ਮੌਕੇ ਉਧਰੋਂ ਵੰਗਾਰ ਆਉਣ ਤੇ ਵੀ ਜੋ ਡਿਫੈਂਸ ਨੂੰ ਰਾਹਤ ਜਾਣੀ ਹੈ, ਉਸ ਨੂੰ ਪਹੁੰਚਾਉਣ ਵਾਸਤੇ ਬਜਾਏ ਲੁਧਿਆਣੇ ਤੋਂ ਅੱਗੇ ਜਾਣ ਦੇ, ਦਿੱਲੀ ਜਾਂ ਅੰਬਾਲੇ ਤੋਂ ਖੰਨਾ ਹੋ ਕੇ ਸਮਰਾਲਾ, ਸਮਰਾਲਾ ਤੋਂ ਨਵਾਂ ਸ਼ਹਿਰ, ਹੁਸ਼ਿਆਰਪੁਰ, ਪਠਾਨਕੋਟ ਜਾਵੇਗੀ । ਇਸ ਨਾਲ ਜਿਥੇ ਸਮੇਂ ਦੀ ਬਚਤ ਹੋਵੇਗੀ ਉਥੇ ਲੱਖਾਂ ਲਿਟਰ ਪੈਟਰੋਲ ਤੇ ਡੀਜ਼ਲ ਵੀ ਬਚੇਗਾ । ਮੈਂ ਆਸ ਰੱਖਦਾ ਹਾਂ ਕਿ ਇਹ ਜੋ ਚੰਦ ਮੰਗਾਂ ਹਨ, ਇਨ੍ਹਾਂ ਬਾਰੇ ਜੋ ਸਬੰਧਤ ਮਹਿਕਮੇ ਹਨ, ਉਹ ਗੌਰ ਕਰਨਗੇ ਅੰਰ ਹੋਪੇ ਚਾੜ੍ਹਨ ਦੀ ਕੋਸ਼ਿਸ਼ ਕਰਨਗੇ । ਅੰਤ ਵਿੱਚ ਜੋ ਇਹ ਬਜਟ, ਟੈਕਸ ਰਹਿਤ ਬਜਟ ਖਜ਼ਾਨਾ ਮੰਤਰੀ ਡਾਕਟਰ ਕੇਵਲ ਕ੍ਰਿਸਨ ਜੀ ਨੇ ਪੇਸ਼ ਕੀਤਾ ਸੀ, ਮੈਂ ਉਸਦੀ ਪ੍ਰੋੜਤਾ ਕਰਦਾ ਹਾਂ ਅੰਰ ਆਪਣੇ ਜੋ ਅਪੋਜ਼ੀਸ਼ਨ ਵਾਲੇ ਭਰਾ ਹਨ, ਉਨ੍ਹਾਂ ਨੂੰ ਅਪੀਲ ਕਰਦਾ ਹਾਂ ਕਿ ਇਸ ਨੂੰ ਸਰਬ-ਸੰਮਤੀ ਨਾਲ ਪਾਸ ਕੀਤਾ ਜਾਵੇ । ਜੈ ਹਿੰਦ (ਥੰਪਿੰਗ)

Mr. Deputy Speaker : Thank you Sardar Ishar Singh ji. Next Speaker, Sardar Inderjit Singh Zira.

ਸਰਦਾਰ ਇੰਦਰਜੀਤ ਸਿੰਘ ਜ਼ੀਰਾ (ਜ਼ੀਰਾ) : ਡਿਪਟੀ ਸਪੀਕਰ ਸਾਹਿਬ, 1995-96 ਦਾ ਬਜਟ ਜੋ 16 ਤਰੀਕ ਨੂੰ ਪੇਸ਼ ਹੋਇਆ ਸੀ, ਉਸ ਤੇ ਬੋਲਣ ਲਈ ਜੋ ਸਮਾਂ ਤੁਸੀਂ ਮੈਨੂੰ ਦਿੱਤਾ ਹੈ, ਉਸ ਲਈ ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦੀ ਹਾਂ ।

ਇਸ ਬਜਟ ਦੇ ਵਿੱਚ ਬੜੀਆਂ ਤਰੁਟੀਆਂ ਹਨ ਜਿਵੇਂ ਕਿ ਸਾਡਾ ਜਿਹੜਾ ਸੂਬਾ ਹੈ, ਇਹ ਖੇਤੀਬਾੜੀ ਪ੍ਰਧਾਨ ਸੂਬਾ ਹੈ । ਕਿਸਾਨਾਂ ਦੀ ਗੱਲ ਇਸ ਦੇ ਵਿੱਚ ਬਹੁਤ ਘੱਟ ਕੀਤੀ ਗਈ ਹੈ । ਜਿਵੇਂ ਕਿ ਪਿਛਲੇ ਸਮੇਂ ਦੇ ਵਿੱਚ ਮੇਰੇ ਇਧਰ ਸਰਕਾਰੀ ਬੈਂਚਾਂ ਤੇ ਬੈਠਿਆਂ ਵੀਰਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਨੇ ਕਿਹਾ ਸੀ ਕਿ ਕਿਸਨਾਂ ਨੂੰ ਪਿਛਲੇ ਝੋਨੇ ਦੀ ਫਸਲ ਤੇ ਸਬਸਿਡੀ ਦਿੱਤੀ ਜਾਵੇਗੀ ਪਰ ਅੱਸੀ ਕੋਈ ਗੱਲ ਬਜਟ ਵਿੱਚ ਨਹੀਂ ਕੀਤੀ ਗਈ । ਹੋਰ ਕਿਸਾਨਾਂ ਦੀਆਂ ਜਿਹੜੀਆਂ ਮੰਗਾਂ ਹਨ ਉਹ ਤਾਂ ਇੱਕ ਪਾਸੇ ਹਨ ਪਰ ਅੱਜ ਕਿਸਾਨ ਜਿਹੜੇ ਹਨ ਜਿਵੇਂ ਮੈਂ ਅੱਗੇ ਵੀ ਜ਼ੀਰੋ ਆਵਰ ਵਿੱਚ ਬੋਲਦੇ ਕਿਹਾ ਹੈ, ਉਨ੍ਹਾਂ ਵਿੱਚ ਬੜੀ ਘਬਰਾਹਟ ਹੈ । ਜਿਵੇਂ ਸਾਡੇ ਏਰੀਏ ਵਿੱਚ, ਮੈਂ ਪਹਿਲਾਂ ਵੀ ਕਿਹਾ ਸੀ, ਧਰਮਕੋਟ ਵਿੱਚ ਪਿਛਲੇ ਦਿਨੀਂ ਇਕ ਬਹੁਤ ਵੱਡੀ ਰੈਲੀ ਵੀ ਹੋਈ ਸੀ । ਉਨ੍ਹਾਂ ਲੋਕਾਂ ਨੂੰ ਤੌਖਲਾ ਹੈ ਕਿ ਜਿਵੇਂ ਲਾਲਤੂ ਵਿੱਚ, ਰਾਜਪੁਰਾ ਵਿੱਚ ਕੌਡੀਆਂ ਦੇ ਭਾਅ ਜ਼ਮੀਨ ਲਈ ਗਈ ਹੈ ਅਤੇ ਇੰਡਸਟਰੀਲਿਸਟਸ ਨੂੰ ਦਿੱਤੀ ਗਈ ਹੈ ਅਤੇ ਲੱਖਾਂ ਰੁਪਏ ਹੜੱਪ ਕੀਤੇ ਗਏ, ਇਸੇ ਤਰ੍ਹਾਂ ਉਹ ਸਾਡੀ ਜ਼ਮੀਨ ਵੀ ਕੌਡੀਆਂ ਦੇ ਭਾਅ ਲਈ ਜਾਵੇਗੀ । ਅਸੀਂ ਇਹ ਨਹੀਂ ਕਹਿੰਦੇ ਕਿ ਇਡਸਟਰੀ ਨਾ ਲਗਾਓ, ਅਸੀਂ ਵੀ ਕਹਿੰਦੇ ਹਾਂ ਕਿ ਇੰਡਸਟਰੀ ਪੰਜਾਬ ਵਿੱਚ ਲਗਾਓ, ਇਹ ਜ਼ਰੂਰੀ ਹੈ । ਪਰ ਜਿਹੜੀ ਚਾਰ ਚਾਰ, ਪੰਜ ਪੰਜ ਲੱਖ ਰੁਪਏ ਦੀ ਇਕ ਇਕ ਕਿੱਲਾ ਜ਼ਮੀਨ ਜ਼ਿਮੀਂਦਾਰਾਂ ਤੋਂ 60-60 ਹਜ਼ਾਰ ਰੁਪਏ ਦੀ ਜਾਂ ਇਕ ਇਕ ਲੱਖ ਰੁਪਏ ਦੀ ਇਕ ਕਿੱਲੇ ਦਾ ਰੇਟ ਦੇ ਕੇ ਲਈ ਜਾਵੇ ਤਾਂ ਉਹ ਉਜੜਨਗੇ ਨਹੀਂ ਤਾਂ ਹੋਰ ਕੀ ਹੋਵੇਗਾ । ਇਸ ਲਈ ਜੇ ਕੋਈ ਪ੍ਰੋਜੈਕਟ ਲਾਉਣਾ ਹੈ ਤਾਂ ਸਾਨੂੰ ਚਾਹੀਦਾ ਹੈ ਕਿ ਉਸ ਦੇ ਲਈ ਜੋ ਜ਼ਮੀਨ ਜ਼ਿਮੀਂਦਾਰਾਂ ਦੀ ਲਈ ਜਾਵੇ, ਉਸ ਦ ਉਸ ਨੂੰ ਪੂਰਾ ਪੂਰਾ ਰੇਟ ਦਿੱਤਾ ਜਾਵੇ ।

ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਕਿਸਾਨਾਂ ਦੀ ਇਕ ਹੋਰ ਬੜੀ ਜ਼ਰੂਰੀ ਗੱਲ ਆਉਂਦੀ ਹੈ ਕਿ ਜਦੋਂ ਹੜ੍ਹ ਆਉਂਦੇ ਹਨ ਤਾਂ ਫਸਲ ਦਾ ਬੜਾ ਨੁਕਸਾਨ ਹੁੰਦਾ ਹੈ ਅਤੇ ਜਦੋਂ ਗੜੇ ਪੈ ਜਾਂਦੇ ਹਨ ਤਾਂ ਵੀ ਜ਼ਿਮੀਂਦਾਰਾਂ ਦੀ ਫਸਲ ਦਾ ਬੜਾ ਨੁਕਸਾਨ ਹੁੰਦਾ ਹੈ ਪਰ ਉਨ੍ਹਾਂ ਨੂੰ ਜੋ ਮੁਆਵਜ਼ਾ ਦਿੱਤਾ ਜਾਂਦਾ ਹੈ, ਉਹ ਨਾਮਾਤਰ ਹੀ ਦਿੱਤਾ ਜਾਂਦਾ ਹੈ ਇਸ ਮੁਆਵਜ਼ੇ ਨੂੰ ਵਧਾਉਣ ਦੀ ਇਸ ਬਜਟ ਦੇ ਵਿੱਚ ਕੋਈ ਗੱਲ ਨਹੀਂ ਕੀਤੀ ਗਈ । ਜਿਹੜੀ ਫਸਲ ਹੜ੍ਹਾਂ ਨਾਲ ਮਰ ਜਾਂਦੀ ਹੈ, ਜਿਹੜੀ ਫਸਲ ਗੜਿਆਂ ਨਾਲ ਮਰ ਜਾਂਦੀ ਹੈ ਉਸ ਦਾ ਨੁਕਸਾਨ ਪੂਰਾ ਕਰਨ ਵਾਸਤੇ ਕੋਈ ਫਸਲਾਂ ਦੀ ਇਨਸ਼ੋਰੈਂਸ ਸਕੀਮ ਲਾਗੂ ਕੀਤੀ ਜਾਂਦੀ ਜਾਂ ਉਨ੍ਹਾਂ ਨੂੰ ਕੋਈ ਅੱਸੀ ਹੋਰ ਰਾਹਤ ਦਿੱਤੀ ਜਾਂਦੀ ਜਿਸ ਦੇ ਨਾਲ ਜ਼ਿਮੀਂਦਾਰ ਦਾ ਨੁਕਸਾਨ ਪੂਰਾ ਹੁੰਦਾ । ਇਹ ਗੱਲ ਕਰਨਾ ਬੜੀ ਜ਼ਰੂਰੀ ਹੈ ਕਿਸਾਨਾਂ ਦੇ ਵਾਸਤੇ ਪਰ ਇਸ ਬਜਟ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ । ਇਕ ਵਾਰੀ ਜੇ ਗੜਿਆਂ ਦੇ ਕਾਰਣ ਜਾਂ ਹੜ੍ਹਾਂ ਦੇ ਕਾਰਨ ਕਿਸਾਨ ਦੱਬ ਜਾਏ ਤਾਂ ਉਸ ਨੂੰ ਫਿਰ ਜ਼ਮੀਨ ਵਿੱਚ ਖਾਦ ਪਾਉਣੀ ਵੀ ਮੁਸ਼ਕਲ ਹੋ ਜਾਂਦੀ ਹੈ । ਕਿਸਾਨ ਨੂੰ ਜੋ ਫਸਲ ਦਾ ਰੇਟ ਦਿੱਤਾ ਜਾਂਦਾ ਹੈ ਉਸ ਨੂੰ ਵਧਾਉਣਾ ਚਾਹੀਦਾ ਹੈ ਅਤੇ ਇਸ ਨੂੰ ਸੂਚਕ ਅੰਕ ਨਾਲ ਜੋੜਨਾ ਚਾਹੀਦਾ ਹੈ । ਬਿਜਲੀ ਦੇ ਰੇਟ, ਖਾਦਾਂ ਦੇ ਰੇਟ, ਦਵਾਈਆਂ ਦੇ ਰੇਟ ਇਤਨੇ ਵੱਧ ਗਏ ਹਨ ਪਰ ਇਹ ਸਰਕਾਰ ਵਲੋਂ ਕਿਹਾ ਗਿਆ ਹੈ ਕਿ ਬਜਟ ਜਿਹੜਾ ਹੈ ਇਹ ਟੈਕਸ ਫਰੀ ਬਜਟ ਹੈ । ਹੁਣੇ ਜਿਹੇ ਪਿਛਲੇ ਦਿਨਾਂ ਵਿੱਚ ਬਿਜਲੀ ਦੇ ਰੇਟ ਤਿੰਨ ਗੁਣਾਂ ਵਧਾਏ ਗਏ ਹਨ, ਖਾਦਾਂ ਦੇ ਰੇਟ ਵਧਾਏ ਗਏ ਹਨ ਤਾਂ ਫਿਰ ਇਹ ਟੈਕਸ ਫਰੀ ਬਜਟ ਕਿਵੇਂ ਹੋ ਸਕਦਾ ਹੈ । ਫਿਰ ਜ਼ਿਮੀਂਦਾਰਾਂ ਨੂੰ ਖਾਦ ਨਹੀਂ ਮਿਲਦੀ । ਹੁਣੇ ਹੀ ਤੁਸੀਂ ਦੇਖੋ ਕਿ ਕਿਸਾਨਾਂ ਨੂੰ ਖਾਦ ਨਹੀਂ ਮਿਲੀ ਅਤੇ ਉਨ੍ਹਾਂ ਨੇ ਬਲੈਕ ਵਿੱਚ ਖਾਦ ਲੈ ਕੇ ਫਸਲ ਵਿੱਚ ਪਾਈ ਹੈ । ਇਸ ਦੇ ਮੁਕਾਬਲੇ ਵਿੱਚ ਜੋ ਉਸ ਦਾ

Original with;
Punjab Vidhan Sabha
Digitized by;
Panjab Digital Library

ਖਰਚਾ ਹੁੰਦਾ ਹੈ ਉਸ ਮੁਤਾਬਿਕ ਉਸ ਨੂੰ ਫਸਲ ਦਾ ਰੇਟ ਨਹੀਂ ਮਿਲਦਾ । ਇਸ ਲਈ ਇਹ ਜ਼ਰੂਰੀ ਸੀ ਕਿ ਇਸ ਨੂੰ ਸੂਚਕ ਅੰਕ ਨਾਲ ਜੋੜਿਆ ਜਾਂਦਾ ।

ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਇਥੇ ਵਿਕਾਸ ਦੀ ਗੱਲ ਆਈ ਹੈ । ਇਹ ਕਹਿੰਦੇ ਹਨ ਕਿ ਇਹ ਸਰਕਾਰ ਵਿਕਾਸ ਦੇ ਬੜੇ ਕੰਮ ਕਰ ਰਹੀ ਹੈ । ਹਾਲੀ ਕੱਲ ਹੀ ਸਰਦਾਰ ਜਸਜੀਤ ਸਿੰਘ ਘਨੌਰ ਨੇ ਵਿਕਾਸ ਦੀ ਗੱਲ ਕੀਤੀ ਹੈ ਕਿ ਮੇਰੇ ਇਲਾਕੇ ਵਿੱਚ ਜੇ ਕੋਈ ਗੱਡੀ ਨੈਕੇ ਜਾਓ ਅਤੇ ਇਕ ਪਾਸੇ ਦੀ ਲੰਘਦਾ ਹੈ ਅਤੇ ਦੂਸਰੇ ਪਾਸੇ ਜਦੋਂ ਜਾਣਾ ਹੈ ਗੱਡੀ ਸਾਬਤ ਵਾਪਸ ਨਹੀਂ ਆਉਂਦੀ, ਉਹ ਟੁੱਟ ਜਾਂਦੀ ਹੈ । ਗੱਡੀ ਦਾ ਐਕਸਲ ਟੁੱਟ ਜਾਂਦਾ ਹੈ ਜਾਂ ਕੋਈ ਹੋਰ ਚੀਜ਼ ਟੁੱਟ ਜਾਂਦੀ ਹੈ । ਇਸ ਤੋਂ ਬਾਅਦ ਸਾਡੇ ਸਤਿਕਾਰਯੋਗ ਪੀ. ਡਬਲਿਊ. ਡੀ. ਮਨਿਸਟਰ ਸਾਹਿਬ ਨੇ ਉਠ ਕੇ ਕਿਹਾ ਕਿ ਐਮ.ਐਲ.ਏ. ਸਾਹਿਬ, ਮੇਰੇ ਹਲਕੇ ਵਿੱਚ ਤੁਹਾਡੇ ਇਲਾਕੇ ਨਾਲੋਂ ਵੀ ਮਾੜੀ ਹਾਲਤ ਹੈ । ਜੇ ਸਰਕਾਰੀ ਬੈਂਚਾਂ ਤੋਂ ਇਸ ਤਰ੍ਹਾਂ ਦੀਆਂ ਗੱਲਾਂ ਆਉਣ ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਇਥੇ ਕਿਹੜੇ ਵਿਕਾਸ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ । ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਸਰਕਾਰੀ ਬੈਂਚਾਂ ਵਲੋਂ ਸਵਾਲਾਂ ਦੇ ਟਾਈਮ ਵਿੱਚ ਵੀ ਇਸ ਗੱਲ ਦਾ ਜ਼ਿਕਰ ਆਇਆ ਹੈ ਕਿ ਸਾਡੇ ਇਲਾਕੇ ਵਿੱਚ ਕੋਈ ਕੰਮ ਨਹੀਂ ਕੀਤਾ ਜਾ ਰਿਹਾ । ਜੇ ਸਰਕਾਰੀ ਬੈਂਚਾਂ ਤੋਂ ਇਸ ਤਰ੍ਹਾਂ ਦੀਆਂ ਗੱਲਾਂ ਆਉਂਦੀਆਂ ਹਨ ਤਾਂ ਜਿਹੜੇ ਫੰਡਜ਼ ਰੱਖੇ ਜਾਂਦੇ ਹਨ, ਉਹ ਕਿਥੇ ਜਾਂਦੇ ਹਨ ਅਤੇ ਕਿਥੇ ਵਿਕਾਸ ਹੋ ਰਿਹਾ ਹੈ । ਮੈਂ ਤਾਂ ਸਮਝਦਾ ਹਾਂ ਕਿ ਮੰਤਰੀ ਆਪਣਾ ਹੀ ਵਿਕਾਸ ਕਰ ਰਹੇ ਹਨ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਜ਼ਰੂਰ ਇਸ ਪਾਸੇ ਵੱਲ ਸੋਚਣਾ ਚਾਹੀਦਾ ਹੈ ।

ਗੱਲ ਆਈ ਸੀ, ਡਿਪਟੀ ਸਪੀਕਰ ਸਾਹਿਬ, ਪ੍ਰਾਈਮਰੀ ਸਕੂਲਾਂ ਦੀ । ਸਾਡੇ ਸਿੱਖਿਆ ਮੰਤਰੀ ਜੀ ਉਠ ਕੇ ਚਲੇ ਗਏ ਹਨ । ਇਸ ਤੋਂ ਪਹਿਲਾਂ ਮੱਜ ਸਵਾਲਾਂ ਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਅਜੇ ਵੀ 140-145 ਸਕੂਲ ਪ੍ਰਾਈਮਰੀ ਅੈਸੇ ਹਨ ਜਿਨ੍ਹਾਂ ਦੀ ਕੋਈ ਬਿਲਡਿੰਗ ਨਹੀਂ ਹੈ । ਰਿਪੇਅਰ ਦੀ ਗੱਲ ਤਾਂ ਛੱਡ ਦਿਓ, ਰਿਪੇਅਰ ਤਾਂ ਹੁੰਦੀ ਰਹਿੰਦੀ ਹੈ, ਇਤਨੇ ਪ੍ਰਾਈਮਰੀ ਸਕੂਲ ਅੈਸੇ ਹਨ ਜਿਨ੍ਹਾਂ ਦੇ ਅਜੇ ਤਕ ਕੋਈ ਬਿਲਡਿੰਗ ਨਹੀਂ ਹੈ । ਪਰ ਉਨ੍ਹਾਂ ਸਕੂਲਾਂ ਵਾਸਤੇ ਇਸ ਬਜਟ ਵਿਚ ਕਈ ਫੰਡਜ਼ ਨਹੀਂ ਰਖੇ ਗਏ । ਮੈਂ ਦਸਦਾ ਹਾਂ ਕਿ ਜ਼ੀਰਾ ਵਿਚ ਪ੍ਰਾਈਮਰੀ ਸਕੂਲ ਦੀ ਕੋਈ ਆਪਣੀ ਬਿਲਡਿੰਗ ਨਹੀਂ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਇਸ ਗੱਲ ਵੱਲ ਧਿਆਨ ਦੇਣਾ ਜ਼ਰੂਰੀ ਹੈ ਕਿਉਂਕਿ ਜਿਹੜੀ ਵਿਦਿਆ ਹੈ , ਇਹ ਸਭ ਤੋਂ ਉੱਤਮ ਹੈ ਅਤੇ ਇਸ ਨੂੰ ਇਨਸਾਨ ਦਾ ਤੀਸਰਾ ਨੇਤਰ ਵੀ ਕਿਹਾ ਜਾਂਦਾ ਹੈ । ਜਿਹੜੀ ਪ੍ਰਾਈਮਰੀ ਵਿਦਿਆ ਹੈ ਇਹ ਤਾਂ ਇਕ ਤਰ੍ਹਾਂ ਦੀ ਨੀਂਹ ਹੈ । ਮੈਂ ਸਮਝਦਾ ਹਾਂ ਕਿ ਜੇ ਨੀਂਹ ਹੀ ਕਮਜ਼ੋਰ ਹੋਵੇਗੀ ਤਾਂ ਉਸ ਤੇ ਛੱਤ ਕਿਸ ਤਰ੍ਹਾਂ ਠਹਿਰ ਸਕੇਗੀ । ਇਸ ਲਈ ਸਰਕਾਰ ਨੂੰ ਇਸ ਪਾਸੇ ਵਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਸੀ । ਪਰ ਇਸ ਬਜਟ ਵਿਚ ਇਸ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ ।

ਇਸ ਤੋਂ ਅਗਲੀ ਗੱਲ ਮੈਂ ਰੋਡਵੇਜ਼ ਦੇ ਬਾਰੇ ਦਸਦਾ ਹਾਂ । ਡਿਪਟੀ ਸਪੀਕਰ ਸਾਹਿਬ,, ਮੈਂ ਅੱਗੇ ਵੀ ਕਿਹਾ ਸੀ ਕਿ 12 ਸਾਲਾਂ ਬਾਅਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ

Original with;
Punjab Vidhan Sabha
Digitized by
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਹੈ, ਇਹ ਪਿੰਡਾਂ ਵਿਚ ਅਖਾਣ ਹੈ । ਪਰ ਮੈਂ ਦਸਦਾ ਹਾਂ ਕਿ ਮੇਰੇ ਸ਼ਹਿਰ ਜ਼ੀਰਾ ਵਿਖੇ ਇਕ ਰੇਡਵੇਜ਼ ਦਾ ਡਿਪੋ ਖੋਲ੍ਹਣ ਵਾਸਤੇ ਨੀਂਹ ਪੱਥਰ ਸਾਲ 1982 ਵਿਚ ਉਸ ਵੇਲੇ ਦੇ ਪਾਰਲੀਮੈਂਟ ਦੇ ਸਪੀਕਰ ਨੇ ਰੱਖਿਆ ਸੀ ਪਰ ਅੱਜ ਸਾਲ 1995 ਹੋ ਗਿਆ ਹੈ, ਉਹ ਨੀਂਹ ਪੱਥਰ ਢਾਹੀਂ ਮਾਰ ਰਿਹਾ ਹੈ ਕਿ ਮੇਰੀ ਗੱਲ ਸੁਣ ਲਵੋ ਪਰ ਕੋਈ ਧਿਆਨ ਨਹੀਂ ਦਿੰਦਾ । ਇਸ ਬਜਟ ਵਿਚ ਵੀ ਉਸ ਦਾ ਕੋਈ ਜ਼ਿਕਰ ਨਹੀਂ । ਇਕ ਪੈਟ੍ਰੋਲ ਪੰਪ ਉਥੇ ਲਗਾਇਆ ਸੀ, ਉਹ ਵੀ ਗਲ ਗਿਆ ਹੈ ਅੱਜ ਬੰਦ ਪਿਆ ਹੈ । ਇਸ ਲਈ ਪੁਰਾਣੇ ਰੱਖੇ ਨੀਂਹ ਪੱਥਰਾਂ ਵਲ ਵੀ ਧਿਆਨ ਦੇਣਾ ਚਾਹੀਦਾ ਹੈ । ਉਹ ਨੀਂਹ ਪੱਥਰ ਰਖਣ ਵਾਸਤੇ ਕਈ ਕਾਂਗ੍ਰਸੀ ਮੈਂਬਰ ਗਏ ਸਨ, ਸੀ.ਐਮ. ਸਾਹਿਬ ਵੀ ਗਏ ਸਨ, ਹੀਰੋ ਸਾਹਿਬ ਵੀ ਗਏ ਸਨ ਪਰ ਜਦੋਂ ਇਸ ਬਾਰੇ ਇਥੇ ਸਵਾਲ ਕੀਤਾ ਗਿਆ ਤਾਂ ਮਾਸਟਰ ਜਾਗੀਰ ਸਿੰਘ ਜੀ ਨੇ ਨਾਂਹ ਕਰ ਦਿੱਤੀ ਕਿ ਉਥੇ ਕੋਈ ਨੀਂਹ ਪੱਥਰ ਨਹੀਂ ਰਖਿਆ ਗਿਆ । ਫਿਰ ਜਦੋਂ ਚੀਫ਼ ਮਨਿਸਟਰ ਸਾਹਿਬ ਨੇ ਦਸਿਆ ਕਿ ਮੈਂ ਵੀ ਉਥੇ ਸੀ ਉਹ ਨੀਂਹ ਪੱਥਰ ਰੱਖਣ ਵਾਸਤੇ, ਤਾਂ ਉਹ ਮੰਨੇ । ਹੁਣ ਵੀ ਮੈਂ 3 ਸਾਲਾਂ ਤੋਂ ਬਾਰ ਬਾਰ ਕਹਿ ਰਿਹਾ ਹਾਂ ਕਿ ਇਸ ਨੀਂਹ ਪੱਥਰ ਦਾ ਵੀ ਹਾਲ ਪੁਛ ਲਵੋ ਪਰ ਕੋਈ ਧਿਆਨ ਹੀ ਨਹੀਂ ਦਿੰਦਾ ।

ਡਿਪਟੀ ਸਪੀਕਰ ਸਾਹਿਬ, ਰੋਜ਼ਗਾਰ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਨੌਜਵਾਨਾਂ ਨੂੰ ਰੋਜ਼ਗਾਰ ਨਹੀਂ ਦਿੱਤਾ ਬਲਕਿ ਉਨ੍ਹਾਂ ਤੇ ਟੈਕਸ ਲਾ ਦਿੱਤਾ ਹੈ । 6-6 ਢਾਹੀ ਇੰਟਰਵਿਊ ਲਈ ਜਾਂਦੀ ਹੈ ਅੌਰ ਫਿਰ ਕੈਂਸਲ ਕੀਤੀ ਜਾਂਦੀ ਹੈ । ਕੁਝ ਏ.ਐਨ.ਐਮ. ਰਖੀਆਂ ਸਨ, ਉਨ੍ਹਾਂ ਦਾ ਜੋ ਹਸ਼ਰ ਹੋਇਆ, ਉਹ ਤੁਹਾਨੂੰ ਪਤਾ ਹੀ ਹੈ । ਪਹਿਲੇ ਰੱਖ ਲਈਆਂ ਫਿਰ ਕੱਢ ਦਿੱਤਾ । ਕਿਉਂਕਿ ਉਨ੍ਹਾਂ ਨੇ ਜਿਹੜੀ ਭਰਤੀ ਕਰਨੀ ਸੀ, ਉਹ ਪਹਿਲੇ 150 ਏ. ਐਨ. ਐਮ. ਵਾਸਤੇ ਸੀ ਪਰ ਇੰਟਰਵਿਊ ਵਿਚ ਜਿਸ ਤਰ੍ਹਾਂ ਨਾਲ ਇਨ੍ਹਾਂ ਨੂੰ ਪੈਸਾ ਚੜ੍ਹਦਾ ਗਿਆ, ਇਹ ਅੱਪੁਇੰਟਮੈਂਟ ਕਰਦੇ ਗਏ ਪਰ ਬਾਅਦ ਵਿਚ ਹਾਈਕੋਰਟ ਵਿਚ ਜਾ ਕੇ ਉਨ੍ਹਾਂ ਨੂੰ ਕੱਢ ਦਿੱਤਾ ਗਿਆ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਉਨ੍ਹਾਂ ਨੂੰ ਰਖ ਲਿਆ ਸੀ ਤਾਂ ਫਿਰ ਉਨ੍ਹਾਂ ਨੂੰ ਐਡਹਾਕ ਦੇ ਤੌਰ ਤੇ ਰਖ ਲੈਣਾ ਚਾਹੀਦਾ ਸੀ ਜਿਵੇਂ ਕਿ ਮਾਸਟਰਾਂ ਦੇ ਕੇਸ ਵਿਚ ਕੀਤਾ ਹੈ ।

*5.58 ਸ਼ਾਮ

(ਇਸ ਸਮੇਂ** ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਸਿਲਾਈ ਅਧਿਆਪਕਾਂ ਨੂੰ ਟਰੇਨਿੰਗ ਦਿੱਤੀ ਗਈ ਸੀ, ਉਹ 1982 ਤੋਂ ਲੈ ਕੇ ਹੁਣ ਤੱਕ ਵਿਹਲੇ ਬੈਠੇ ਹਨ । ਉਨ੍ਹਾਂ ਨੇ ਕੋਰਸ ਕਰ ਲਏ ਹਨ ਪਰ ਬਾਅਦ ਵਿਚ ਇਨ੍ਹਾਂ ਨੇ ਬੈਨ ਲਗਾ ਦਿੱਤਾ ਅੌਰ ਹੁਣ ਸਾਲ 1995 ਆ ਗਿਆ ਹੈ, ਉਨ੍ਹਾਂ ਨੂੰ ਨੌਕਰੀ ਨਹੀਂ ਮਿਲ ਰਹੀ । ਹੁਣ ਤਾਂ ਕਈਆਂ ਦੀ ਉਮਰ ਵੀ ਲੰਘ ਗਈ ਹੈ । ਪਰ ਉਨ੍ਹਾਂ ਵਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ । ਮੇਰੀ ਬੇਨਤੀ ਹੈ ਕਿ ਇਹ ਜ਼ਰੂਰੀ ਚੀਜ਼ਾਂ ਸਨ, ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਸੀ ।

ਸਾਡਾ ਸੂਬਾ ਖੇਤੀ ਪ੍ਰਧਾਨ ਸੂਬਾ ਹੈ, ਇਥੇ ਬਿਜਲੀ ਦੀ ਬਹੁਤ ਲੋੜ ਹੈ । ਬਿਜਲੀ ਦੇ ਕਨੈਕਸ਼ਨਾਂ ਦੇ ਲਈ ਜਿਮੀਂਦਾਰ ਦਰਖਾਸਤਾਂ ਦਿੰਦੇ ਹਨ, ਫੇਰ ਡੀਮਾਂਡ ਨੋਟਿਸ ਇਸ਼ੂ ਹੁੰਦਾ

Original with;
Punjab Vidhan Sabha
Digitized by;
Panjab Digital Library

ਹੈ, ਫੇਰ ਟੈਸਟ ਰਿਪੋਰਟ ਲਈ ਜਾਂਦੀ ਹੈ ਪਰ ਟੈਸਟ ਰਿਪੋਰਟ ਦੇ ਵਿਚ ਕੀ ਹੁੰਦਾ ਹੈ । ਇਸ ਵਿਚ ਪੈਸੇ ਲਏ ਜਾਂਦੇ ਹਨ । ਕਦੇ ਕਹਿਣਗੇ ਕੋਠੀ ਤਿਆਰ ਹੋਣੀ ਚਾਹੀਦੀ ਹੈ, ਬੋਰ ਕੀਤਾ ਹੋਣਾ ਚਾਹੀਦਾ ਹੈ ਜਿਸ ਉਤੇ 50 ਹਜ਼ਾਰ ਰੁਪਏ ਦਾ ਖਰਚਾ ਹੁੰਦਾ ਹੈ । ਮੋਟਰ ਲਗੀ ਹੋਣੀ ਚਾਹੀਦੀ ਹੈ ਜਿਹੜੀ 10 ਹਜ਼ਾਰ ਰੁਪਏ ਦੀ ਆਉਂਦੀ ਹੈ । ਮੋਟਰ ਉਥੇ ਲਗੀ ਹੋਈ ਖਰਾਬ ਹੋ ਜਾਂਦੀ ਹੈ, ਕੋਠੀ ਗਿਰ ਜਾਂਦੀ ਹੈ ਅਤੇ ਬੋਰ ਕੀਤੇ ਰਹਿ ਜਾਂਦੇ ਹਨ ਪਰ ਜ਼ਿਮੀਂਦਾਰ ਨੂੰ 3-4 ਸਾਲ ਤੱਕ ਬਿਜਲੀ ਦੇ ਕੁਨੈਕਸ਼ਨ ਨਹੀਂ ਮਿਲਦੇ । ਇਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

ਇਸੇ ਤਰ੍ਹਾਂ ਮੈਂ ਸਹਿਕਾਰਤਾ ਬਾਰੇ ਗੱਲ ਕਰਨੀ ਚਾਹੁੰਦਾ ਹਾਂ, ਮਨਿਸਟਰ ਸਾਹਿਬ ਵੀ ਇਥੇ ਬੈਠੇ ਹੋਏ ਹਨ । ਇਨ੍ਹਾਂ ਨੇ ਕਿਹਾ ਹੈ ਕਿ ਜਿਹੜੀਆਂ ਸ਼ੂਗਰ ਮਿਲਾਂ ਘਾਟੇ ਵਿਚ ਜਾ ਰਹੀਆਂ ਹਨ, ਉਨ੍ਹਾਂ ਨੂੰ ਵੇਚ ਕੇ ਸਰਕਾਰ ਮੁਲਾਜ਼ਮਾਂ ਦੇ ਪੈਸੇ ਦੇਵੇਗੀ ਪਰ ਸ਼ੂਗਰਫੈਡ ਨੇ 56 ਕਰੋੜ ਰੁਪਿਆ ਕਿਸਾਨਾਂ ਦਾ ਦੇਣਾ ਹੈ ਜਿਸ ਦਾ ਬੱਜਟ ਵਿਚੋਂ ਕੋਈ ਜ਼ਿਕਰ ਨਹੀਂ ਕੀਤਾ ਗਿਆ । ਕਿਸਾਨਾਂ ਨੂੰ ਫਾਇਦਾ ਤਾਂ ਸ਼ੂਗਰ ਦੀਆਂ ਮਿੱਲਾਂ ਚੱਲਣ ਵਿਚ ਹੈ, ਇਨ੍ਹਾਂ ਨੂੰ ਸਟੈਂਡ ਕਰੋ ਅਤੇ ਗੰਨੇ ਦਾ ਜਿਹੜਾ 80 ਲੱਖ ਰੁਪਿਆ ਦੇਣਾ ਹੈ ਉਹ ਕਿਸਾਨਾਂ ਦਾ ਦਿਓ । ਮੀਟਿੰਗਾਂ ਦੇ ਵਿਚ ਕੋਈ ਐਸੀ ਗੱਲ ਨਹੀਂ ਹੁੰਦੀ, ਗੱਲਾਂ ਹੋਰ ਹੀ ਕਰੀ ਜਾਂਦੇ ਹਨ । ਸਰਕਾਰ ਇਨ੍ਹਾਂ ਮਿੱਲਾਂ ਨੂੰ ਵੱਧ ਤੋਂ ਵੱਧ ਘਾਟੇ ਵਿਚ ਸ਼ੋਅ ਕਰਕੇ ਵੇਚਣਾ ਚਾਹੁੰਦੀ ਹੈ । ਇਸੇ ਤਰ੍ਹਾਂ ਐਮ. ਸੀ ਐਲ. ਸੋਸਾਇਟੀਜ਼ ਜਿਹੜੀ ਕਰਜ਼ਾ ਦਿੰਦੀ ਹੈ, ਮੈਨੂੰ ਪਤਾ ਲਗਾ ਹੈ ਕਿ 4 ਜ਼ਿਲ੍ਹਿਆਂ ਦੇ ਵਿਚ ਬਾਕੀ ਨੂੰ ਛੱਡ ਕੇ ਜਮ੍ਹਾਂਬੰਦੀ ਮੰਗੀ ਗਈ ਹੈ ਅਤੇ ਜਮ੍ਹਾਂ-ਬੰਦੀ ਜ਼ਰੂਰੀ ਮੰਗੀ ਜਾ ਰਹੀ ਹੈ । ਜਿਸ ਨੇ ਪਹਿਲੇ ਲਿਮਿਟ ਕਰਵਾਈ ਹੋਵੇਗੀ, ਉਸ ਨੂੰ ਬਾਅਦ ਵਿਚ ਜਮ੍ਹਾਂ ਬੰਦੀ ਲਈ ਪਟਵਾਰੀ ਦੇ ਕੋਲ ਜਾਣਾ ਪਵੇਗਾ । ਪਟਵਾਰੀ 6-6 ਚੱਕਰ ਲਗਵਾਉਂਦਾ ਹੈ ਅਤੇ ਪੈਸੇ ਲਏ ਜਾਂਦੇ ਹਨ, ਫੇਰ ਜਮ੍ਹਾਂ ਬੰਦੀ ਦਿੱਤੀ ਜਾਂਦੀ ਹੈ । ਇਹ ਜਮ੍ਹਾਂ-ਬੰਦੀ ਦਾ ਸਿਸਟਮ ਗਲਤ ਹੈ, ਇਸ ਨੂੰ ਠੀਕ ਕਰਨ ਦੀ ਲੋੜ ਹੈ ਅਤੇ ਇਸ ਦੇ ਨਾਲ ਕੁਰਪੱਸ਼ਨ ਵੱਧ ਰਹੀ ਹੈ । ਇਸ ਉਤੇ ਮਨਿਸਟਰ ਸਾਹਿਬ ਨੂੰ ਗੌਰ ਕਰਨਾ ਚਾਹੀਦਾ ਹੈ ।

ਮੇਰੇ ਕੋਲ ਟਾਈਮ ਥੋੜ੍ਹਾ ਹੈ ਪਰ ਗੱਲਾਂ ਬਹੁਤ ਜ਼ਿਆਦਾ ਕਹਿਨੀਆਂ ਹਨ, ਇਸ ਲਈ ਥੋੜ੍ਹੇ ਸਮੇਂ ਵਿਚ ਮੈਂ ਦਸ ਨਹੀਂ ਸਕਦਾ । ਇਥੇ ਚੋਣਾਂ ਦੀ ਗੱਲ ਕੀਤੀ ਗਈ ਕਿ ਸਰਕਾਰ ਨੇ ਬਲੌਕ ਸੰਮਤੀਆਂ ਦੀਆਂ ਚੋਣਾਂ ਕਰਵਾ ਦਿੱਤੀਆਂ ਅਤੇ ਫਲਾਣੀਆਂ ਚੋਣਾਂ ਕਰਵਾ ਦਿੱਤੀਆਂ । ਪਰ ਸਰਕਾਰ ਨੇ ਹਾਲੇ ਤੱਕ ਐਸ.ਜੀ.ਪੀ.ਸੀ. ਦੀਆਂ ਇਲੈਕਸ਼ਨਾਂ ਨਹੀਂ ਕਰਵਾਈਆਂ । ਪਹਿਲੇ ਸਰਕਾਰ ਕਹਿੰਦੀ ਸੀ ਕਿ ਇਸ ਦੀਆਂ ਇਲੈਕਸ਼ਨਾਂ ਅਸੀਂ ਨਹੀਂ ਕਰਵਾਉਣੀਆਂ ਪਰ ਹੁਣ ਕਹਿਣ ਲਗ ਗਈ ਹੈ ਕਿ ਇਸ ਦੀਆਂ ਇਲੈਕਸ਼ਨਾਂ ਸਰਕਾਰ ਨੇ ਕਰਵਾਉਣੀਆਂ ਹਨ । ਇਸੇ ਤਰ੍ਹਾਂ ਮਾਰਕਿਟ ਕਮੇਟੀ ਦੀਆਂ ਚੋਣਾਂ ਸਰਕਾਰ ਨੂੰ ਕਰਵਾ ਦੇਣੀਆਂ ਚਾਹਦੀਆਂ ਹਨ, ਇਸ ਵੱਲ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ । ਲੌਟਰੀ ਸਿਸਟਮ ਨੂੰ ਪੰਜਾਬ ਵਿਚ ਬਿਲਕੁਲ ਬੰਦ ਕਰ ਦੇਣਾ ਚਾਹੀਦਾ ਹੈ ਇਥੇ ਕਿਹਾ ਗਿਆ ਹੈ ਕਿ ਲਾਟਰੀ ਸਿਸਟਮ ਨੂੰ ਸਟੇਟ ਗੌਰਮਿੰਟ ਸੈਂਟਰਲ ਗੌਰਮਿੰਟ ਦੀ ਇਜ਼ਾਜਤ ਤੋਂ ਬਿਨਾਂ ਬੰਦ ਨਹੀਂ ਕਰ ਸਕਦੀ । ਇਹ ਗਲਤ ਕਹਿ ਰਹੇ ਹਨ । ਫੇਰ ਕਿਸ ਤਰ੍ਹਾਂ ਦਿੱਲੀ ਦੀ ਸਰਕਾਰ ਨੇ, ਹਰਿਆਣਾ ਸਰਕਾਰ ਨੇ ਲਾਟਰੀ ਸਿਸਟਮ ਖੁਦ ਬੰਦ ਕਰ ਦਿੱਤਾ ਹੈ । ਜਦੋਂ ਦੂਜੇ ਸੂਬੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਲਾਟਰੀ ਨੂੰ ਬੰਦ ਕਰ ਸਕਦੇ ਹਨ, ਫੇਰ ਸਾਡੀ ਸਰਕਾਰ ਕਿਉਂ ਨਹੀਂ ਬੰਦ ਕਰ ਸਕਦੀ । ਸੈਂਟਰਲ ਲਾਟਰੀ ਨੂੰ ਨਹੀਂ ਬੰਦ ਕਰ ਸਕਦੀ ਪਰ ਮੇਰੇ ਖਿਆਲ ਵਿਚ ਪੰਜਾਬ ਦੀ ਸਰਕਾਰ ਸਾਡੀ ਸਟੇਟ ਵਿਚ ਲਾਟਰੀ ਨੂੰ ਬੰਦ ਕਰ ਸਕਦੀ ਹੈ । ਇਸ ਉਤੇ ਸਰਕਾਰ ਨੇ ਮੰਨਿਆ ਹੈ ਕਿ ਸਿੰਗਲ ਡਿਜਿਟ ਵਾਲੀ ਲਾਟਰੀ ਬੰਦ ਕਰ ਰਹੇ ਹਾਂ ਅਤੇ ਲਾਟਰੀ ਉਤੇ ਸੇਲ ਟੈਕਸ ਭੀ ਲਗਾਇਆ ਹੈ । ਮੈਂ ਸਰਕਾਰ ਦਾ ਧੰਨਵਾਦੀ ਹਾਂ, ਜਿਸ ਨੇ ਜ਼ੀਰੇ ਵਿਖੇ ਮੇਰੇ ਹਲਕੇ ਵਿਚ ਜਿਹੜੀ ਮੈਂ ਮੰਗ ਵਾਰ ਵਾਰ ਇਸ ਹਾਊਸ ਵਿਚ ਕਰਦਾ ਰਿਹਾ ਸੀ ਕਿ ਇਕ ਆਈ.ਟੀ.ਆਈ. ਖੋਲ੍ਹ ਦਿੱਤਾ ਜਾਵੇ, ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਸ ਸਾਲ ਖੋਲ੍ਹਿਆ ਜਾ ਰਿਹਾ ਹੈ, ਇਸ ਦੇ ਲਈ ਮੈਂ ਮਨਿਸਟਰ ਸਾਹਿਬਾ ਦਾ ਬੜਾ ਧੰਨਵਾਦੀ ਹਾਂ । ਅੱਗੇ ਸਪੀਕਰ ਸਾਹਿਬ, ਹਸਪਤਾਲਾਂ ਦੀ ਬੜੀ ਮਾੜੀ ਹਾਲਤ ਹੈ । ਹਸਪਤਾਲ ਬੁਚੱੜਖਾਨਾ ਬਣ ਗਏ ਹਨ । ਹਸਪਤਾਲਾਂ ਵਿਚ ਕੋਈ ਦਵਾਈ ਨਹੀਂ ਮਿਲਦੀ, ਕੋਈ ਐਕਸਰੇ ਦਾ ਪ੍ਰਬੰਧ ਨਹੀਂ । ਹਾਂ ਜੇਕਰ ਧਾਰਾ 26 ਬਣਾਉਣੀ ਹੈ ਤਾਂ 20,000 ਰੁਪਿਆ ਲਗੇਗਾ ਤੇ ਜੇਕਰ ਧਾਰਾ 30 ਬਣਾਉਣੀ ਹੈ ਤਾਂ 30,000 ਰੁਪਿਆ ਲਗੇਗਾ । ਲੋਕ ਆਪਣਾ ਇਲਾਜ ਕਰਾਉਣ ਲਈ ਹਸਪਤਾਲਾਂ ਵਿਚ ਨਹੀਂ ਜਾਂਦੇ ।

ਇਥੇ ਉਦਯੋਗ ਦੇ ਬਾਰੇ ਗੱਲ ਆਈ ਹੈ । ਸਬਸਿਡੀ ਵਾਸਤੇ ਪੈਸਾ ਨਾਂ ਮਾਤਰ ਹੀ ਮਿਲਦਾ ਹੈ । ਮੈਂ ਪਹਿਲਾਂ ਵੀ ਕਿਹਾ ਸੀ ਕਿ ਇਸ ਸਿਸਟਮ ਨੂੰ ਤਬਦੀਲ ਕਰਨਾ ਚਾਹੀਦਾ ਹੈ । 1992 ਵਿਚ ਜਿਹੜੇ ਪ੍ਰਾਜੈਕਟ ਲਗੇ ਹੋਏ ਹਨ, ਉਨ੍ਹਾਂ ਨੂੰ ਅਜੇ ਤਕ ਸਬਸਿਡੀ ਨਹੀਂ ਮਿਲੀ । ਉਨਾਂ ਦੇ ਕਾਗਜ਼ ਪੂਰੇ ਹੋਣ ਲਈ ਬਹੁਤ ਵਕਤ ਲਗਦਾ ਹੈ ਅਤੇ ਅਫਸਰ ਸਾਹਿਬਾਨ ਖੁਦ ਹੀ ਸਬਸਿਡੀ ਛਕ ਜਾਂਦੇ ਹਨ । ਸਬਸਿਡੀ ਦੇ ਪ੍ਰੋਸੀਜਰ ਨੂੰ ਸਰਕਾਰ ਵਲੋਂ ਸੌਖਾ ਕਰਨਾ ਚਾਹੀਦਾ ਹੈ ।

ਹੜ੍ਹਾਂ ਦੀ ਗੱਲ ਇਥੇ ਆਈ ਹੈ । ਪਿਛੇ 6-7 ਮਹੀਨੇ ਹੋਏ, ਹੜ੍ਹ ਆਏ ਅਤੇ ਸਰਕਾਰ ਨੇ ਕਿਹਾ ਸੀ ਕਿ ਅਸੀਂ ਅਗੇ ਤੋਂ ਰੋਕਥਾਮ ਕਰਾਂਗੇ ਅਤੇ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਵੀ ਦੇਵਾਂਗੇ ਪਰ 6 ਮਹੀਨੇ ਹੋ ਗਏ ਹਨ, ਅਜੇ ਤਕ ਕਿਸੇ ਨੇ ਨਹੀਂ ਪੁਛਿਆ । ਮੇਰੇ ਹਲਕੇ ਵਿਚ ਦੋ ਦਫਾ ਲੋਕਾਂ ਨੇ ਮਿਲਕੇ, ਪ੍ਰਮਾਤਮਾ ਕਿਪਾ ਕਰੇ, ਗੁਰਬਾਣੀ ਦਾ ਪਾਠ ਕਰਵਾਇਆ ਹੈ। ਗੁਰੂ ਸਾਹਿਬ ਦੀ ਕ੍ਰਿਪਾ ਨਾਲ ਰੁੱਕੇਵਾਲਾ ਅਤੇ ਗੱਟੇਵਾਹਸਾ ਦੇ ਪਿੰਡ ਬਚ ਗਏ, ਪਰ ਸਰਕਾਰ ਨੇ ਕੁਝ ਨਹੀਂ ਕੀਤਾ । ਸਪੀਕਰ ਸਾਹਿਬ, ਬੰਨ੍ਹ ਬਣਨੇ ਚਾਹੀਦੇ ਹਨ । ਹੜ੍ਹਾਂ ਵੇਲੇ ਅਸੀਂ ਲੋਕਾਂ ਨੂੰ ਕਰੋੜਾਂ ਰੁਪਏ ਮੁਆਵਜ਼ੇ ਦਾ ਦਿੰਦੇ ਹਾਂ ਪਰ ਸਰਕਾਰ ਬੰਨ੍ਹ ਨਹੀਂ ਬਣਾਉਂਦੀ । ਸਰਕਾਰ ਨੂੰ ਬੰਨ੍ਹ ਬਣਾਉਣੇ ਚਾਹੀਦੇ ਹਨ । ਇਥੇ ਹਾਊਸ ਵਿਚ ਚਿੱਟਾ, ਨੀਲਾ ਅਤੇ ਹਰਾ ਇਨਕਲਾਬ ਦੀਆਂ ਗੱਲਾਂ ਹੁੰਦੀਆਂ ਹਨ । ਦੁੱਧ ਵਾਸਤੇ ਸਰਕਾਰ ਵੱਲੋਂ ਕੋਈ ਪੈਸਾ ਬਜਟ ਵਿਚ ਨਹੀਂ ਰੱਖਿਆ ਗਿਆ । ਪਸ਼ੂ ਡਿਸਪੈਂਸਰੀਆਂ ਵਾਸਤੇ ਸਰਕਾਰ ਵਲੋਂ ਕੋਈ ਪੈਸਾ ਨਹੀਂ ਰਖਿਆ ਗਿਆ । ਜੇਕਰ ਪਸ਼ੂ ਰਾਤ ਨੂੰ ਬਿਮਾਰ ਹੋ ਜਾਵੇ ਤਾਂ ਕੋਈ ਉਪਰਾਲਾ ਨਹੀਂ ਕਿ ਪਸ਼ੂ ਨੂੰ ਕਿਥੇ ਲਿਜਾਇਆ ਜਾਵੇ । ਇਸ ਲਈ ਸਰਕਾਰ ਨੂੰ ਪਸ਼ੂ ਡਿਸਪੈਂਸਰੀਆਂ ਬਣਾਉਣੀਆਂ ਚਾਹੀਦੀਆਂ ਹਨ ।

ਇਥੇ ਹਾਊਸ ਵਿਚ ਸੜਕਾਂ ਦੀ ਕਈ ਵਾਰੀ ਗੱਲ ਕੀਤੀ ਜਾ ਚੁੱਕੀ ਹੈ । ਜਸਜੀਤ ਸਿੰਘ ਵਲੋਂ ਵੀ ਗੱਲ ਕੀਤੀ ਗਈ ਹੈ । ਮੇਰੀ ਭੈਣ ਭੱਠਲ ਜੀ ਨੇ ਵੀ ਇਸ ਬਾਰ ਦੱਸਿਆ ਸੀ । ਸੜਕਾਂ ਦੀ ਇਤਨੀ ਬੁਰੀ ਹਾਲਤ ਹੈ ਕਿ ਗੱਡੀ ਵੀ ਨਹੀਂ ਨਿਕਲਦੀ । ਅਸਬਲੀ

Original with;
Punjab Vidhan Sabha
Digitized by;
Punjab Digital Library

ਵਿਚ ਵੀ ਇਕ ਦਿਨ ਸਵਾਲ ਆਇਆ ਸੀ ਅਤੇ ਮੰਤਰੀ ਜੀ ਨੇ ਕਿਹਾ ਸੀ ਕਿ ਕੋਈ ਵੀ ਪਿੰਡ ਐਸਾ ਨਹੀਂ ਹੈ ਜਿਥੇ ਕਿ ਸੜਕ ਨਾ ਪਹੁੰਚਾਈ ਗਈ ਹੋਵੇ । ਮੈਂ ਇਸ ਬਾਰੇ ਲਿਖ ਕੇ ਵੀ ਦੇ ਚੁੱਕਾ ਹਾਂ । ਗੁਰੂ ਹਰਸਹਾਏ ਬਲਾਕ ਦੇ ਪਿੰਡਾਂ ਨੂੰ ਲਿੰਕ ਸੜਕਾਂ ਨਹੀਂ ਹਨ । ਮੇਰੇ ਹਲਕੇ ਵਿਚ ਵੀ ਤਿੰਨ ਪਿੰਡ ਹਨ, ਰੁੜਕੇਵਾਲੀ, ਰਾਜੀ ਸਪਰਾ ਅਤੇ ਗੁੱਟੀ ਹਰੀਕੇ ਜਿਥੇ ਕੋਈ ਲਿੰਕ ਸੜਕ ਨਹੀਂ ਹੈ । ਸਰਕਾਰ ਵਲੋਂ ਇਨ੍ਹਾਂ ਸੜਕਾਂ ਨੂੰ ਬਣਾਇਆ ਜਾਵੇ । ਉਥੇ 1947 ਤੋਂ ਬਾਅਦ ਲੋਕ ਦੇਖਦੇ ਹਨ ਕਿ ਸੜਕਾਂ ਬਣਾਈ ਜਾਵੇਗੀ ਪਰ ਨਹੀਂ ਬਣੀ । ਸਪੀਕਰ ਸਾਹਿਬ, ਉਨ੍ਹਾਂ ਸੜਕਾਂ ਨੂੰ ਬਣਾਉਣਾ ਚਾਹੀਦਾ ਹੈ ।

ਫਿਰ ਇਥੇ ਪੰਜਾਬੀ ਬੋਲੀ ਬਾਰੇ ਵੀ ਗੱਲ ਆਈ ਹੈ । ਚੀਫ ਮਨਿਸਟਰ ਸਾਹਿਬ ਨੇ ਵੀ ਕਿਹਾ ਸੀ ਕਿ ਪੰਜਾਬੀ ਸਾਡੀ ਬੋਲੀ ਹੈ । ਮੇਰੇ ਵੀਰ ਪੰਜਾਬ ਵਿਚੋਂ ਜਿਤ ਕੇ ਆਏ ਹਨ ਪਰ ਹਰ ਗੱਲ ਦਾ ਜਵਾਬ ਪੰਜਾਬੀ ਵਿਚ ਦੇਣ ਦੀ ਬਜਾਏ ਅੰਗਰੇਜ਼ੀ ਵਿਚ ਦੇਣ ਦੀ ਕੋਸ਼ਿਸ਼ ਕਰਦੇ ਹਨ । ਅੰਗ੍ਰੇਜ਼ੀ ਵਿਚ ਜਵਾਬ ਇਥੇ ਹਾਊਸ ਵਿਚ ਦਿੱਤਾ ਜਾਂਦਾ ਹੈ ਜਦ ਕਿ ਸਾਨੂੰ ਸਾਰਾ ਕੰਮ ਪੰਜਾਬੀ ਵਿਚ ਕਰਨਾ ਚਾਹੀਦਾ ਹੈ । ਸਪੀਕਰ ਸਾਹਿਬ, ਮੈਂ ਤੁਹਾਨੂੰ ਵੀ ਕਹਾਂਗਾ ਕਿ ਵਿਧਾਨ ਸਭਾ ਦੀਆਂ ਚਿੱਠੀਆਂ ਅੰਗਰੇਜ਼ੀ ਵਿਚ ਜਾਂਦੀਆਂ ਹਨ । ਇਥੇ ਵੀ ਪੂਰੀ ਹਦਾਇਤ ਕਰਕੇ ਪੰਜਾਬੀ ਲਾਗੂ ਕੀਤੀ ਜਾਵੇ । ਅੱਗੇ ਨਸ਼ਿਆਂ ਦੀ ਗੱਲ ਆਈ ਹੈ । ਮੇਰੇ ਵੀਰਾਂ ਨੇ ਏਥੇ ਬੋਲਦੇ ਹੋਏ ਕਿਹਾ ਹੈ ਕਿ ਸ਼ਰਾਬ ਕਿਵੇਂ ਬੰਦ ਕੀਤੀ ਜਾ ਸਕਦੀ ਹੈ । ਅੱਜ ਜਿਹੜੀ ਸਾਡੀ ਨੌਜਵਾਨ ਪੀੜ੍ਹੀ ਹੈ, ਜਿਸ ਨੂੰ ਹਰਿਆਵਲ ਦਸਤਾ ਕਹਿੰਦੇ ਹਾਂ, ਉਹ ਨਸ਼ਿਆਂ ਵਿਚ ਰੁੜ੍ਹੀ ਜਾ ਰਹੀ ਹੈ .....

ਸ਼੍ਰੀ ਸਪੀਕਰ : ਜ਼ੀਰਾ ਸਾਹਿਬ, ਹੋਰ ਕਿੰਨੀ ਦੇਰ ਬੋਲੋਗੇ ? 21 ਮਿੰਟ ਹੋ ਗਏ ਹਨ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਮੈਂ 2-3 ਮਿੰਟ ਵਿਚ ਖਤਮ ਕਰ ਦੇਵਾਂਗਾ ਜੀ ।

Mr. Speaker: O. K., ਹੁਣ ਤੁਸੀਂ ਕਨਕਲੂਡ ਕਰੋ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਹਾਲਾਂਕਿ ਬੋਤਲਾਂ ਤੇ ਲਿਖਿਆ ਵੀ ਹੋਇਆ ਹੈ ਕਿ ਸ਼ਰਾਬ ਸਿਹਤ ਲਈ ਹਾਨੀਕਾਰਕ ਹੈ । ਸਾਨੂੰ ਆਪਣੇ ਹੋਰ ਸਾਧਨ ਲੱਭਣੇ ਚਾਹੀਦੇ ਹਨ ਜਿਨ੍ਹਾਂ ਰਾਹੀਂ ਅਸੀਂ ਪੰਜਾਬ ਦੀ ਤਰੱਕੀ ਕਰ ਸਕੀਏ । ਇਹ ਨਾ ਕਰੀਏ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵਿਚ ਰੋੜ੍ਹ ਦੇਣਾ ਹੈ । ਅੱਜ ਸਕੂਲਾਂ ਦੇ ਬੂਹਿਆਂ ਦੇ ਅੱਗੇ ਠੇਕੇ ਖੁੱਲ੍ਹੇ ਜਾ ਰਹੇ ਹਨ । ਇਨ੍ਹਾਂ ਰਾਹੀਂ ਵੱਡੀ ਆਮਦਨ ਕਰਨੀ ਹੈ । ਅੱਜ ਕਹਿੰਦੇ ਹਨ ਕਿ ਇਕ ਹਿੱਸਾ ਆਦਮੀ ਸ਼ਰਾਬ ਪੀਂਦਾ ਹੈ ਤੇ ਫੇਰ ਕਹਿਣਗੇ ਕਿ ਜਨਾਨੀਆਂ ਵੀ ਸ਼ਰਾਬ ਪੀਣ ਲਗ ਜਾਣ ਕਿਉਂਕਿ ਆਮਦਨ ਵੱਧ ਜਾਵੇਗੀ । ਮੈਂ ਕਹਿਣਾ ਚਾਹੁੰਦਾ ਹਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਕਿ ਜਿਵੇਂ ਹੋਰ ਕਈ ਸੂਬਿਆਂ ਵਿਚ ਸ਼ਰਾਬ-ਬੰਦੀ ਸ਼ੁਰੂ ਕੀਤੀ ਗਈ ਹੈ, ਉਹ ਇਥੇ ਵੀ ਲਾਗੂ ਕੀਤੀ ਜਾਵੇ ।

ਅੱਗੇ ਗੱਲ ਪਿੰਡਾਂ ਦੀ ਆਈ ਹੈ । ਪਿੰਡਾਂ ਦੀਆਂ ਅੱਜ 3 ਸਾਲ ਸਰਕਾਰ ਬਣੀ ਦੇ ਬਾਅਦ ਵੀ ਕਈ ਐਸੀਆਂ ਜ਼ਮੀਨਾਂ ਹਨ ਜਿਨ੍ਹਾਂ ਤੇ ਕੋਈ ਮਨਿਸਟਰਾਂ ਨਾਲ ਰਲ ਕੇ ਤੇ ਕੋਈ ਐਮ.ਐਲ.ਏ ਨਾਲ ਰਲ ਕੇ ਨਜਾਇਜ਼ ਕਬਜ਼ੇ ਹੋਏ ਹਨ । ਬਲਾਕ ਨਾਭੇ ਵਿਚ ਭਾਦਸੋਂ ਪਿੰਡ ਵਿਚ ਇਕ ਵੱਡੀ ਜ਼ਮੀਨ ਤੇ ਕਿਸ ਨੇ ਕਬਜ਼ਾ ਕੀਤਾ ਹੋਇਆ ਹੈ । ਕੇਸ ਸੀ.ਐਮ. ਸਾਹਿਬ ਤੱਕ ਗਿਆ ਹੈ । ਉਸਨੇ ਹਰ ਅਦਾਲਤ ਦਾ ਬੂਹਾ ਖੜਕਾਇਆ ਹੈ । ਸਰਪੰਚ ਦਾ ਵੀ ਜ਼ਮੀਨ ਤੇ ਕਬਜ਼ਾ ਹੈ । ਉਸ ਨੂੰ ਸਸਪੈਂਡ ਵੀ ਕੀਤਾ ਗਿਆ ਪਰ ਸਰਕਾਰ ਦੇ ਪਰੈਸ਼ਰ ਤੇ ਫੇਰ ਸਟੇਅ ਦਿੱਤਾ ਗਿਆ । ਸਰਕਾਰ ਨੇ ਇਹ ਨਹੀਂ ਸੋਚਿਆ ਕਿ ਬਹੁਤ ਜ਼ਿਆਦਾ ਜ਼ਮੀਨ ਹੈ, ਇਹ ਨਜਾਇਜ਼ ਕਬਜ਼ਾ ਹਟਾਇਆ ਜਾਵੇ । ਇਨ੍ਹਾਂ ਗੱਲਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ । ਸਾਡੇ ਜ਼ੀਰਾ ਬਲਾਕ ਵਿਚ ਤਲਵੰਡੀ ਮਾਂਗੇਖਾਂ ਹੈ । ਉਥੇ ਸਰਪੰਚ ਨੇ ਕੋਸ਼ਿਸ਼ ਕਰਕੇ ਜ਼ਮੀਨ ਤੋਂ ਕਬਜ਼ਾ ਛੁਡਵਾਇਆ । ਪਰ ਹੋਇਆ ਕੀ, ਸਰਕਾਰ ਦੇ ਹੁਕਮ ਗਏ ਕਿ ਜ਼ਮੀਨ ਨਾ ਛੁਡਾਈ ਜਾਵੇ । ਉਥੇ ਸਰਕਾਰ ਦੇ ਦਬਾਉ ਨਾਲ ਦੋਬਾਰਾ ਜ਼ਮੀਨ ਤੇ ਕਬਜ਼ਾ ਕਰ ਲਿਆ ਗਿਆ । ਉਹ ਜ਼ਮੀਨ ਹਰ 2 ਸਾਲ ਬਾਅਦ ਪੰਚਾਇਤ ਬੋਲੀ ਤੇ ਦੇਂਦੀ ਸੀ ਅਤੇ ਹੋਰ ਜ਼ਿਮੀਂਦਾਰ ਉਸਨੂੰ ਵਾਹੁੰਦੇ ਸੀ ।

ਅੱਗੇ ਸੜਕਾਂ ਦੀ ਮੈਂ ਗੱਲ ਕਰਨੀ ਹੈ । ਸੜਕਾਂ ਤੇ ਟਰੈਫਿਕ ਬੜਾ ਵੱਧ ਗਿਆ ਹੈ । ਸੜਕਾਂ ਨੂੰ ਚੌੜਿਆਂ ਕਰਨ ਲਈ ਬਜਟ ਵਿਚ ਫੰਡ ਰੱਖਣੇ ਚਾਹੀਦੇ ਸੀ ਪਰ ਨਹੀਂ ਰੱਖੇ ਗਏ । ਸਾਡੇ ਜ਼ੀਰੇ ਤੋਂ ਮੱਲ੍ਹਾਂਵਾਲਾ ਅਤੇ ਉਸ ਤੋਂ ਫਤਿਹਗੜ੍ਹ ਪੰਜਤੂਰ ਤਕ ਸੜਕ ਜਾਂਦੀ ਹੈ, ਜਿਥੇ ਸ਼ੂਗਰ ਮਿੱਲ ਲਗੀ ਹੋਈ ਹੈ । ਉਥੋਂ ਦੀ ਲੋਕਾਂ ਨੇ ਗੰਨਾ ਲੈ ਕੇ ਜਾਣਾ ਹੁੰਦਾ ਹੈ ਪਰ ਉਸ ਦੀ ਹਾਲਤ ਬੜੀ ਖਰਾਬ ਹੈ । ਉਸ ਦੀ ਰਿਪੇਅਰ ਕੀਤੀ ਜਾਵੇ । ਉਸ ਨੂੰ ਚੌੜਿਆਂ ਕੀਤਾ ਜਾਵੇ । ਉਸ ਵਿਚ ਜਗ੍ਹਾ-ਜਗ੍ਹਾ ਤੇ ਟੋਏ ਪਏ ਹੋਏ ਹਨ ਜਿਸ ਨਾਲ ਟਰਾਲੀਆਂ ਮੂਧੀਆਂ ਹੋ ਜਾਂਦੀਆਂ ਹਨ ਅਤੇ ਜ਼ਿਮੀਂਦਾਰਾਂ ਦਾ ਬੜਾ ਭਾਰੀ ਨੁਕਸਾਨ ਹੁੰਦਾ ਹੈ ।

ਸਪੀਕਰ ਸਾਹਿਬ, ਏਥੇ ਚਰਚਾ ਬੜੀ ਹੋਈ ਅਤੇ ਕਈ ਵਾਰ ਮੇਰੇ ਸਾਥੀਆਂ ਨੇ ਕਹਿ ਦਿੱਤਾ ਹੈ ਕਿ ਰਾਜੀਵ ਗਾਂਧੀ ਨੂੰ ਭੁਲੇਖੇ ਵਿਚ ਪਾ ਕੇ ਸਮਝੌਤਾ ਕੀਤਾ ਗਿਆ ਸੀ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਨੂੰ ਪਤਾ ਨਹੀਂ ਸੀ, ਤੁਸੀਂ ਜਾ ਕੇ ਦੱਸ ਦੇਣਾ ਸੀ ਕਿ ਰਾਜੀਵ ਲੌਂਗੋਵਾਲ ਸਮਝੌਤਾ ਗਲਤ ਹੋਇਆ ਹੈ । ਉਹ ਪਾਰਲੀਮੈਂਟ ਨੇ ਪਾਸ ਕੀਤਾ ਸੀ ਅਤੇ ਉਸੇ ਦੀ ਖਾਤਰ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੇ ਪੰਜਾਬ ਵਾਸਤੇ ਆਪਣੀ ਬਲੀ ਦਿੱਤੀ, ਸ਼ਹਾਦਤ ਦਿੱਤੀ । ਜਦੋਂ ਉਹ ਸ਼ਹੀਦ ਹੋ ਗਏ, ਉਦੋਂ ਹੀ ਉਹ ਸਮਝੌਤਾ ਠੁੱਸ ਹੋ ਗਿਆ ।

ਸ਼੍ਰੀ ਸਪੀਕਰ : ਤੁਸੀਂ ਵਾਈਂਡ ਅਪ ਕਰੋ । 2-3 ਮਿੰਟ ਦੀ ਜਗ੍ਹਾ ਹੁਣ 4 ਮਿੰਟ ਹੋ ਗਏ ਹਨ ।

Original with;
Punjab Vidhan Sabha
Digitized by;
Panjab Digital Library

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਉਸ ਸਮਝੌਤੇ ਦੇ ਤਹਿਤ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਸੀ । ਮੈਂ ਏਨਾ ਕੁਝ ਕਹਿੰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਨਾਲ ਹੀ ਕਹਿੰਦਾ ਹਾਂ ਕਿ ਮੈਂ ਇਸ ਬਜਟ ਨਾਲ ਬਿਲਕੁਲ ਸਹਿਮਤ ਨਹੀਂ ਕਿਉਂਕਿ ਇਸ ਵਿਚ ਬੜੀਆਂ ਕਮੀਆਂ ਹਨ ।

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਮੈਂਬਰਜ਼ ਨੇ ਗੁਮਰਾਹ ਕਰਕੇ ਰਾਜੀਵ-ਲੌਂਗੋਵਾਲ ਸਮਝੌਤਾ ਕਰਵਾਇਆ ਹੈ. ਉਹ ਤਾਂ ਇਨ੍ਹਾਂ ਨੇ ਗੁਮਰਾਹ ਕਰਕੇ ਬਰਨਾਲਾ ਸਰਕਾਰ ਬਣਾਈ . . . . .

ਸ਼੍ਰੀ ਸਪੀਕਰ : ਤੁਸੀਂ ਕੀ ਕਹਿ ਰਹੇ ਹੋ । ਕ੍ਰਿਪਾ ਕਰਕੇ ਬੈਠ ਜਾਉ । ਸ਼੍ਰੀ ਮਲਕੀਤ ਸਿੰਘ ਬੀਰਮੀ ।

ਸ਼੍ਰੀ ਮਲਕੀਤ ਸਿੰਘ ਬੀਰਮੀ (ਲੁਧਿਆਣਾ ਦਿਹਾਤੀ) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਆਪ ਜੀ ਨੇ ਮੈਨੂੰ ਉਸ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ ਜੋ 1675/- ਕਰੋੜ ਰੁਪਏ ਦਾ ਟੈਕਸ ਰਹਿਤ ਬਜਟ ਸਾਡੇ ਮਾਨਯੋਗ ਫਾਈਨਾਂਸ ਮਨਿਸਟਰ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ 16.3.95 ਨੂੰ ਇਸ ਪਵਿੱਤਰ ਸਦਨ ਦੇ ਅੰਦਰ ਪੇਸ਼ ਕੀਤਾ ਹੈ । ਅੱਜ ਮੈਨੂੰ ਖੁਸ਼ੀ ਵੀ ਹੋ ਰਹੀ ਹੈ ਅਤੇ ਕਈ ਗੱਲਾਂ ਜਿਹੜੀਆਂ ਮੈਂ ਸਵੇਰ ਤੋਂ ਇਥੇ ਸੁਣ ਰਿਹਾ ਹਾਂ, ਉਨ੍ਹਾਂ ਕਰਕੇ ਮੈਨੂੰ ਦੁੱਖ ਵੀ ਹੁੰਦਾ ਹੈ ਕਿ ਸਾਡੇ ਕਈ ਵੀਰ ਸਿਰਫ ਹਲਕੀ ਸ਼ੋਹਰਤ ਖੱਟਣ ਵਾਸਤੇ, ਚੀਪ ਪਬਲੀਸਿਟੀ ਕਰਾਉਣ ਵਾਸਤੇ ਤਰ੍ਹਾਂ-ਤਰ੍ਹਾਂ ਦੀ ਅਲੀਗੇਸ਼ਨ ਬਗੈਰ ਸੋਚੇ ਸਮਝੇ ਸਰਕਾਰ ਤੇ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹੋਨ । ਸਪੀਕਰ ਸਾਹਿਬ, ਪਿਛਲੇ 12 ਸਾਲਾਂ ਤੋਂ ਇਥੇ ਕੋਈ ਚੰਗੀ ਸਰਕਾਰ ਨਹੀਂ ਸੀ ਅਤੇ ਇਸ ਲੰਮੇ ਅਰਸੇ ਦੌਰਾਨ ਅੱਤਵਾਦ ਦਾ ਸੰਤਾਪ ਭੋਗਣ ਉਪਰੰਤ 1992 ਵਿਚ ਜਦ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਪੰਜਾਬ ਦੇ ਅੰਦਰ ਸਥਾਪਤ ਹੋਈ ਤਾਂ ਉਸ ਵੇਲੇ ਸਰਕਾਰ ਦੀ ਤਿਜੋਰੀ ਵੱਲ ਵੇਖ ਕੇ ਰੋਂਗਟੇ ਖੜ੍ਹੇ ਹੁੰਦੇ ਸਨ ਕਿ ਸਰਕਾਰ ਦੀ ਤਿਜੋਰੀ ਵਿਚ ਮੁਲਾਜ਼ਮਾਂ ਨੂੰ ਇਕ ਮਹੀਨੇ ਦੀ ਤਨਖਾਹ ਦੇਣ ਲਈ ਵੀ ਪੈਸੇ ਨਹੀਂ ਸਨ । ਅੱਜ ਅਸੀਂ ਬੜੇ ਫਖਰ ਨਾਲ ਅਤੇ ਸਿਰ ਉੱਚਾ ਚੁੱਕ ਕੇ ਪੰਜਾਬ ਦੇ ਲੋਕਾਂ ਨੂੰ ਕਹਿ ਸਕਦੇ ਹਾਂ ਕਿ ਮਰਹੂਮ-ਮੁਜਾਹਿਦ ਸਰਦਾਰ ਬੇਅੰਤ ਸਿੰਘ, ਉਨ੍ਹਾਂ ਦੇ ਪੁਰਾਣੇ ਤਜਰਬੇ ਅਤੇ ਉਨ੍ਹਾਂ ਦੇ ਸਾਥੀਆਂ, ਖਾਸ ਕਰਕੇ ਉਨ੍ਹਾਂ ਦੀ ਸਜੀ ਬਾਂਹ ਡਾਕਟਰ ਕੇਵਲ ਕ੍ਰਿਸ਼ਨ ਜੀ ਦੀ ਅੱਛੀ ਸੋਚ ਕਾਰਣ ਪੰਜਾਬ ਇਸ ਦੁਖਾਂਤ ਵਿਚੋਂ ਨਿਕਲਿਆ । ਉਨ੍ਹਾਂ ਨੇ ਇਸ ਅੱਛੇ ਤਰੀਕੇ ਨਾਲ ਪੰਜਾਬ ਨੂੰ ਇਸ ਦੁਖਾਂਤ ਵਿਚੋਂ ਕੱਢਿਆ ਕਿ ਜਿਹੜਾ ਪੰਜਾਬ ਡੈਫੀਸਿਟ ਵਿੱਚ ਚਲ ਰਿਹਾ ਸੀ, ਅੱਜ ਉਸੇ ਪੰਜਾਬ ਦਾ 1675/- ਕਰੋੜ ਰੁਪਏ ਦਾ ਬਜਟ ਇਸ ਸਦਨ ਵਿਚ ਪੇਸ਼ ਹੋਇਆ ਹੈ । ਇਸ ਨਾਲ ਸਾਡੇ ਸਾਰਿਆਂ ਦੇ ਸਿਰ ਉੱਚੇ ਹੁੰਦੇ ਹਨ । ਕਿਤੇ ਥੋੜ੍ਹਾ ਬਹੁਤਾ ਟੈਕਸ ਲਗਾ ਕੇ, ਕਿਤਿਓਂ ਚੋਰੀ ਰੋਕ ਕੇ ਅਤੇ ਕਿਤੇ ਕੋਈ ਹੋਰ ਅੱਛਾ ਫੈਸਲਾ ਕਰਕੇ ਸਰਕਾਰ ਨੇ ਪੰਜਾਬ ਨੂੰ ਅੱਜ ਇਸ ਪੱਧਰ ਤੇ ਲਿਆਂਦਾ ਹੈ । ਜਿਹੜਾ ਬਜਟ ਪਹਿਲਾਂ 1352/- ਕਰੋੜ ਰੁਪਏ ਤੱਕ ਪਹੁੰਚਿਆ ਸੀ ਉਸ ਨੂੰ ਅੱਜ 1995-96 ਵਾਸਤੇ ਸਰਕਾਰ ਨੇ 1675/- ਕਰੋੜ ਤੱਕ ਲੈ ਆਂਦਾ ਹੈ । ਇਹੀ ਨਹੀਂ, ਪੰਜਾਬ ਵਿਚ ਸਰਵਪੱਖੀ ਵਿਕਾਸ ਨੂੰ ਤੇਜ਼ ਕਰਨ ਵਾਸਤੇ ਸੰਵਿਧਾਨ ਦੀ 73ਵੀਂ ਅਤੇ 74ਵੀਂ ਸੋਧ ਦੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਲਕੀਤ ਸਿੰਘ ਬੀਰਮੀ[

ਮੁਤਾਬਿਕ ਪੰਜਾਬ ਪੰਚਾਇਤੀ ਰਾਜ ਐਕਟ ਬਣਾਇਆ ਅਤੇ ਪੰਜਾਬ ਦੇ ਅੰਦਰ ਜਿਹੜੀ ਡੈਮੋਕਰੇਸੀ ਗੁੰਮ ਹੋ ਗਈ ਸੀ, ਉਸ ਨੂੰ ਫਿਰ ਤੋਂ ਇਥੇ ਸਥਾਪਤ ਕੀਤਾ ਹੈ । ਇਥੇ ਕਈ ਮੈਂਬਰ ਸਾਹਿਬਾਨ ਵਲੋਂ ਕਿਹਾ ਗਿਆ ਕਿ ਪੰਜਾਬ ਦੇ ਅੰਦਰ ਕਿਹੜੇ ਇਲੈਕਸ਼ਨ ਕਰਾਏ ਗਏ ? ਮੈਂ ਉਨ੍ਹਾਂ ਨੂੰ ਇਹ ਕਹਿਣਾ ਚਾਹਵਾਂਗਾ ਕਿ ਅਗਰ ਪਿਛਲੀ ਹਿਸਟਰੀ ਫੋਲ ਕੇ ਵੇਖੀਏ ਤਾਂ ਪਤਾ ਲੱਗੇਗਾ ਕਿ ਜਦੋਂ ਤੋਂ ਪੰਜਾਬ ਬਣਿਆ ਹੈ, ਇਥੇ ਕਿਸੇ ਹੋਰ ਸਰਕਾਰ ਨੇ ਪੰਚਾਇਤਾਂ ਦੇ ਇਲੈਕਸ਼ਨ ਕਦੀ ਨਹੀਂ ਕਰਾਏ, ਸਿਵਾਏ ਕਾਂਗਰਸ ਸਰਕਾਰ ਦੇ । ਜਦ ਜਦ ਵੀ ਪੰਚਾਇਤਾਂ ਦੇ ਇਲੈਕਸ਼ਨ ਹੋਏ, ਉਦੋਂ ਇਥੇ ਕਾਂਗਰਸ ਸਰਕਾਰ ਹੀ ਸੀ । ਉਸ ਤੋਂ ਬਾਅਦ ਪੰਜਾਬ ਵਿਚ ਇਹ ਐਕਟ ਬਣਾ ਕੇ ਪੰਚਾਇਤਾਂ ਦੇ ਅੰਦਰ, ਪੰਚਾਇਤ ਸੰਮਤੀਆਂ ਦੇ ਅੰਦਰ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਅੰਦਰ ਲੇਡੀਜ਼ ਨੂੰ ਰਿਪਰਜ਼ੈਂਟੇਸ਼ਨ ਦਿੱਤੀ ਅਤੇ ਉਨ੍ਹਾਂ ਨੂੰ ਚੋਣ ਲੜਨ ਦਾ ਮੌਕਾ ਦਿੱਤਾ, ਇਹ ਵੀ ਇਸ ਸਰਕਾਰ ਦਾ ਹੀ ਕੰਮ ਹੈ ।

ਅੱਜ ਤੱਕ ਕਿਸੇ ਨੇ ਵੀ ਸਿਵਾਏ ਆਪਣੀਆਂ ਕੁਰਸੀਆਂ ਬਚਾਉਣ ਤੋਂ ਇਸ ਬਾਰੇ ਸੋਚਿਆ ਤੱਕ ਨਹੀਂ । ਸਪੀਕਰ ਸਾਹਿਬ, ਮਿਉਂਸਪਲ ਕਾਰਪੋਰੇਸ਼ਨ ਦੀਆਂ ਚੋਣਾਂ ਵੀ ਕਰਾਈਆਂ ਗਈਆਂ । ਜਿਹੜਾ ਮਿਉਂਸਪਲ ਐਕਟ ਸੀ, ਉਸਨੂੰ ਸੋਧਿਆ ਗਿਆ । ਅੱਜ ਤੋਂ ਪਹਿਲਾਂ ਪੰਜਾਬ ਵਿੱਚ ਕਦੇ ਵੀ ਕਮੇਟੀ ਦੇ ਇਲੈਕਸ਼ਨ ਨਹੀਂ ਹੁੰਦੇ ਸੀ, ਨਾਮ-ਜ਼ਦਗੀਆਂ ਹੁੰਦੀਆਂ ਸਨ । ਉਨ੍ਹਾਂ ਵਿਚ ਵੀ ਲੇਡੀ ਮੈਂਬਰਾਂ ਨੂੰ ਕੋਆਪਟ ਕੀਤਾ ਜਾਂਦਾ ਸੀ । ਉਹ ਵੀ ਪੰਜਾਬ ਸਰਕਾਰ ਨੇ ਪਹਿਲੀ ਵਾਰ ਐਕਟ ਬਣਾ ਕੇ ਇਲੈਕਸ਼ਨ ਕਰਵਾਏ ਅੌਰ ਉਸ ਵਿਚ ਲੇਡੀਜ਼ ਨੂੰ ਰੀਪਰੀਜ਼ੈਂਟੇਸ਼ਨ ਦਿੱਤੀ । 1994-95 ਵਿਚ ਰਾਜ ਨੂੰ ਕਰਜ਼ਿਆਂ ਤੋਂ ਮੁਕਤ ਕਰਨ ਦਾ ਟੀਚਾ ਵੀ ਸਾਡੀ ਸਰਕਾਰ ਨੇ ਰਖਿਆ ਅੌਰ ਆਪਣੇ ਰਾਜ ਦੇਦਰ ਹੀ ਵਸੀਲੇ ਪੈਦਾ ਕਰਕੇ ਘਾਟਿਆਂ ਨੂੰ ਘਟਾਉਣ ਅੌਰ ਖਤਮ ਕਰਨ ਵਾਸਤੇ ਬਹੁਤ ਵੱਡਾ ਸਟੈਂਪ ਚੁੱਕਿਆ ਹੈ ।

ਕਾਨੂੰਨ ਅਤੇ ਵਿਵਸਥਾ ਦਾ ਜਿਥੋਂ ਤੱਕ ਸਵਾਲ ਪੈਦਾ ਹੁੰਦਾ ਹੈ, ਅਸੀਂ ਸਾਰੇ ਹੀ ਬੜੀ ਅੱਛੀ ਤਰ੍ਹਾਂ ਜਾਣਦੇ ਹਾਂ ਕਿ ਦਹਿਸ਼ਤਵਾਦ ਦੀ ਵੰਗਾਰ ਦੇ ਮੁਕਾਬਲੇ ਲਈ ਪੁਲਿਸ ਵਿਭਾਗ ਤਿਆਰ ਕਰਨ ਵਾਸਤੇ, ਉਨ੍ਹਾਂ ਦਾ ਕੰਪਿਊਟਰੀਕਰਣ ਕਰਨ ਵਾਸਤੇ, ਉਨ੍ਹਾਂ ਨੂੰ ਹੋਰ ਅੱਛੀਆਂ ਸੇਵਾਵਾਂ ਮੁਹੱਈਆਂ ਕਰਨ ਵਾਸਤੇ ਜੋ 1994-95 ਵਿੱਚ 421.50 ਕਰੋੜ ਰੁਪਏ ਦਾ ਬਜਟ ਵਿੱਚ ਉਪਬੰਧ ਕੀਤਾ ਗਿਆ ਸੀ, ਮੈਂ ਸਮਝਦਾ ਹਾਂ ਕਿ ਉਸ ਦੀ ਬਹੁਤ ਜ਼ਰੂਰਤ ਸੀ ਕਿਉਂਕਿ ਸਾਡੇ ਪੁਲਿਸ ਦੇ ਜਵਾਨ, ਸਾਡੇ ਪੁਲਿਸ ਦੇ ਅਫਸਰ ਸਾਹਿਬਾਨ ਜਿਨ੍ਹਾਂ ਨੇ ਮੁਸ਼ਕਲ ਦੇ ਸਮੇਂ ਵਿਚ ਆਪਣੀ ਮਾਲ ਅੌਰ ਜਾਨ ਦੀ ਪਰਵਾਹ ਨਾ ਕਰਦਿਆਂ ਹੋਇਆਂ ਸਾਡੇ ਪੰਜਾਬ ਦੇ ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਕਰਨ ਵਾਸਤੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਉਨ੍ਹਾਂ ਦੀ ਬੈਟਰਮੈਂਟ ਵਾਸਤੇ, ਉਨ੍ਹਾਂ ਦੇ ਬੱਚਿਆਂ ਵਾਸਤੇ, ਉਨ੍ਹਾਂ ਨੂੰ ਅੱਛੀਆਂ ਸਹੂਲਤਾਂ ਦੇਣ ਵਾਸਤੇ ਇਹ 421 ਕਰੋੜ ਰੁਪਿਆ ਤਾਂ ਕੀ ਅਗਰ ਸਰਕਾਰ ਹਜ਼ਾਰ ਕਰੋੜ ਰੁਪਿਆ ਵੀ ਖਰਚ ਕਰਦੀ ਹੈ ਤਾਂ ਅਸੀਂ ਇਸ ਸਰਕਾਰ ਦੇ ਬੜੇ ਧੰਨਵਾਦੀ ਹੋਵਾਂਗੇ । ਇਸ ਪੁਲਿਸ ਵਿਭਾਗ ਨੇ ਪੰਜਾਬ ਦੇ ਲੋਕਾਂ ਦੀ ਬਹੁਤ ਰਖਵਾਲੀ ਕੀਤੀ ਹੈ । ਹੁਣ ਉਹ ਕਿਸੇ ਵੀ ਆਉਣ ਵਾਲੀ ਚੁਣੌਤੀ ਲਈ ਡੱਟ ਕੇ ਮੁਕਾਬਲਾ ਕਰਨ ਵਾਸਤੇ ਤਿਆਰ ਹਨ । ਉਹ ਬਿਨਾਂ ਕਿਸੇ ਹਦਾਇਤ ਵੀ ਉਸ ਵੰਗਾਰ

Original with;
Punjab Vidhan Sabha
Digitized by;
Panjab Digital Library

ਦਾ ਸਾਹਮਣਾ ਕਰ ਸਕਦੇ ਹਨ । ਅਸੀਂ ਇਸ ਵਾਸਤ ਵੀ ਵਿੱਤ ਮੰਤਰੀ ਜੀ ਦੇ ਬੜੇ ਧੰਨਵਾਦੀ ਹਾਂ ।

ਅੱਜ ਪੰਜਾਬ ਦੇ ਵਿਚ ਹਾਲਾਤ ਬਹੁਤ ਬਿਹਤਰ ਹੋ ਗਏ ਹਨ । ਇਹ ਗੱਲ ਇਸ ਚੀਜ਼ ਤੋਂ ਵੀ ਸਪਸ਼ਟ ਹੋ ਜਾਂਦੀ ਹੈ ਕਿ ਪਿਛਲੇ ਸਾਲਾਂ ਵਿਚ 3827 ਵਾਰਦਾਤਾਂ ਹੋਈਆਂ ਜਦ ਕਿ 1994-95 ਵਿਚ ਇਹ ਘਟ ਕੇ ਕੇਵਲ 308 ਰਹਿ ਗਈਆਂ । ਇਹ ਬਹੁਤ ਵੱਡੀ ਛਖਰ ਵਾਲੀ ਗੱਲ ਹੈ । ਜਿਸ ਤਰੀਕੇ ਦੇ ਨਾਲ ਸਾਡੀਆਂ ਫੋਰਸਿਜ਼ ਨੇ ਆਪਸ ਦੇ ਵਿੱਚ ਇਕ ਦੂਸਰੇ ਦਾ ਸਹਾਰਾ ਲੈ ਕੇ ਇਸ ਚੀਜ਼ ਨੂੰ ਰੋਕਿਆ ਹੈ, ਇਹ ਸਾਡੀ ਸਰਕਾਰ ਦੀ ਬਹੁਤ ਵੱਡੀ ਜਿੱਤ ਹੈ । 1992 ਦੇ ਸ਼ੁਰੂ ਵਿਚ ਪੁਲਿਸ ਕਰਮਚਾਰੀਆਂ ਸਮੇਤ ਕੋਈ 1504 ਲੋਕ ਦਹਿਸ਼ਤਵਾਦ ਅਤੇ ਹਿੰਸਾ ਦਾ ਸ਼ਿਕਾਰ ਹੋਏ । ਉਸ ਤੋਂ ਮਗਰੋਂ ਹੌਲੀ-ਹੌਲੀ ਪੰਜਾਬ ਦੇ ਅੰਦਰ ਇਕ ਦਮ ਸ਼ਾਂਤੀ ਬਹਾਲ ਹੋਈ ਅਤੇ ਅੱਜ ਪੰਜਾਬ ਇਸ ਤਰੀਕੇ ਨਾਲ ਖੁੱਲ ਵਸ ਰਿਹਾ ਹੈ । ਪੰਜਾਬ ਵਿਚ 1992 ਵਿਚ ਜਦੋਂ ਸਾਡੀ ਸਰਕਾਰ ਬਣੀ ਤਾਂ ਅਸੀਂ ਇੱਕ-ਇੱਕ ਜਿਪਸੀ ਤੇ ਅੱਠ-ਅੱਠ, ਦਸ-ਦਸ ਗੰਨਮੈਨਾਂ ਸਮੇਤ, ਉਤੇ ਐਲ.ਐਮ.ਜੀ. ਖੜੀ ਕਰਕੇ ਚੰਡੀਗੜ੍ਹ ਤੋਂ ਪੰਜਾਬ ਨੂੰ ਜਾਂ ਪੰਜਾਬ ਤੋਂ ਬਾਹਰੋਂ ਚੰਡੀਗੜ੍ਹ ਨੂੰ ਆਉਂਦੇ ਸੀ ਅੱਜ ਸਾਡਾ ਮਨ ਸਹਿਕਦਾ ਸੀ । ਪਰ ਮੈਂ ਅੱਜ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜਿੰਨੀਆਂ ਵੀ ਸਾਡੇ ਕੋਲ ਜਿਪਸੀਆਂ ਹਨ, ਅਸੀਂ ਉਨ੍ਹਾਂ ਦਾ ਮੈਕਸੀਮਮ ਯੂਜ਼ ਆਪਣੇ ਪਰਸਨਲ ਕੰਮਾਂ ਲਈ ਕਰਦੇ ਹਾਂ । ਇਸ ਵੇਲੇ ਮੈਂ ਕਹਿ ਸਕਦਾ ਹਾਂ ਕਿ ਅੱਜ ਸਾਨੂੰ ਏਨੀ ਤਕੜੀ ਸਿਕਿਉਰਟੀ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਪੰਜਾਬ ਦੇ ਅੰਦਰ ਅਜਿਹਾ ਮਾਹੌਲ ਕਾਇਮ ਕੀਤਾ ਜਾ ਚੁਕਾ ਹੈ, ਐਸਾ ਅੰਟਮੌਸਫੀਅਰ ਕਾਇਮ ਕੀਤਾ ਜਾ ਚੁਕਾ ਹੈ ਕਿ ਲੋਕਾਂ ਦੇ ਦਿਲਾਂ ਵਿਚ ਕੋਈ ਡਰ ਭੈਅ ਨਹੀਂ ਰਿਹਾ । ਜੋ ਭੈਅ ਅਸੀਂ ਪਹਿਲਾਂ ਮਹਿਸੂਸ ਕਰਦੇ ਸੀ, ਹੁਣ ਸਾਡੇ ਵਿਚ ਵੀ ਉਹ ਚੀਜ਼ ਮੈਂ ਸਮਝਦਾ ਹਾਂ ਕਿ ਨਹੀਂ ਹੈ ।

ਸਪੀਕਰ ਸਾਹਿਬ, ਸਰਕਾਰ ਨੇ ਲੋਕ ਅਦਾਲਤਾਂ ਲੋਕਾਂ ਦੇ ਘਰਾਂ ਦੇ ਨੇੜੇ ਲਗਾ ਕੇ, ਜਿਹੜੇ ਲੋਕ ਪਹਿਲਾਂ ਵੱਡੀਆਂ-ਵੱਡੀਆਂ ਕੋਰਟਾਂ ਦੇ ਵਿਚ ਕਈ ਪਰਕਾਰ ਦੇ ਕੇਸਾਂ ਦੇ ਸਬੰਧ ਵਿਚ ਧੱਕੇ ਖਾਂਦੇ ਫਿਰਦੇ ਸਨ, ਉਨ੍ਹਾਂ ਦੇ ਕਈ ਕੇਸ ਲੱਗੇ ਰਹਿੰਦੇ ਸਨ, ਕਦੀ ਅਗਲੀ ਡੇਟ ਮਿਲ ਜਾਂਦੀ ਸੀ, ਕਿਸੇ ਵੇਲੇ ਐਡਜਰਨਮੈਂਟ ਮਿਲ ਜਾਂਦੀ ਸੀ, ਉਨ੍ਹਾਂ ਲੋਕਾਂ ਨੂੰ ਸਸਤਾ ਅਤੇ ਸ਼ੀਘਰ ਨਿਆਂ ਦੇਣਾ ਸ਼ੁਰੂ ਕੀਤਾ ਹੈ । ਸਾਲ 1994 ਦੌਰਾਨ 2213 ਵਿਅਕਤੀਆਂ ਨੂੰ ਕਾਨੂੰਨੀ ਸਹਾਇਤਾ ਦਿੱਤੀ ਗਈ । 1994-95 ਵਿਚ 14 ਰਾਜ ਪੱਧਰ ਦੀਆਂ, 72 ਜ਼ਿਲ੍ਹਾ ਪੱਧਰ ਦੀਆਂ ਲੋਕ ਅਦਾਲਤਾਂ ਲਗਾ ਕੇ 1056/- ਕਰੋੜ ਰੁਪਏ ਮੋਟਰਾਂ ਦੀਆਂ ਦੁਰਘਟਨਾਵਾਂ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਰਾਹਤ ਦਿਵਾਈ ਹੈ, ਮੱਦਦ ਦਿਵਾਈ ਹੈ । ਇਹ ਵੀ ਕੰਮ ਸਾਡੀ ਸਰਕਾਰ ਦਾ ਹੀ ਹੈ ! ਮੈਂ ਕਹਾਂਗਾ ਕਿ ਇਹ ਪਹਿਲੀ ਵਾਰ ਹੈ ਕਿ ਇਸ ਤਰ੍ਹਾਂ ਦਾ ਸਿਸਟਮ ਸਾਡੀ ਸਰਕਾਰ ਨੇ ਸ਼ੁਰੂ ਕੀਤਾ ਹੈ । ਇਸ ਸਿਸਟਮ ਦੀ ਸਾਰੇ ਪੰਜਾਬ ਦੇ ਅੰਦਰ ਸ਼ਲਾਘਾ ਹੋ ਰਹੀ ਹੈ । ਠੀਕ ਹੈ ਕਿ ਸਰਕਾਰ ਦਾ ਖਰਚਾ ਹੋ ਰਿਹਾ ਹੈ । ਅਗਰ ਸਰਕਾਰ ਕੋਲ ਪੈਸਾ ਆ ਰਿਹਾ ਹੈ ਤਾਂ ਉਹ ਪਬਲਿਕ ਉਤੇ ਹੀ ਲਗ ਰਿਹਾ

Original with;
Punjab Vidhan Sabha
Digitized by;
Punjab Digital Library

[ਸ਼੍ਰੀ ਮਲਕੀਤ ਸਿੰਘ ਬੀਰਮੀ]

ਹੈ । ਮੈਂ ਵਧਾਈ ਦਿੰਦਾ ਹਾਂ ਵਿੱਤ ਮੰਤਰੀ ਜੀ ਨੂੰ ਜਿਨ੍ਹਾਂ ਨੇ ਲੋਕਾਂ ਨੂੰ ਰਾਹਤ ਦਿੱਤੀ ਹੈ । ਸਾਡੇ ਕੁਝ ਹੋਰ ਬਦਕਿਸਮਤ ਲੋਕਾਂ ਦੇ, ਭੈਣਾਂ ਦੇ ਅੱਥਰੂ ਪੂੰਝੇ ਹਨ, ਜਿਹੜੇ ਲੋਕ ਅੱਤਵਾਦ ਦੌਰਾਨ ਬੇਦੋਸ਼ੇ ਮਾਰੇ ਗਏ ਸਨ, ਉਨ੍ਹਾਂ ਦੇ ਪਰਿਵਾਰਾਂ ਨੂੰ ਪਿਛਲੇ ਸਾਲ 1994-95 ਵਿਚ 60 ਕਰੋੜ ਰੁਪਏ ਦੀ ਰਾਹਤ ਦਿੱਤੀ ਹੈ । ਉਨ੍ਹਾਂ ਦੇ ਬੱਚਿਆਂ ਨੂੰ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਾਈ ਕਰਨ ਵਾਸਤੇ 300/- ਰੁਪਏ ਅਤੇ 500/- ਰੁਪਏ ਪ੍ਰਤੀ ਮਹੀਨਾ ਗ੍ਰਾਂਟ ਦਿੱਤੀ ਜਾਂਦੀ ਹੈ । ਇਹ ਵੀ ਸਾਡੀ ਸਰਕਾਰ ਨੇ ਇਕ ਅੱਛਾ ਸਟੈੱਪ ਚੁੱਕਿਆ ਹੈ । ਇਸ ਦੇ ਲਈ ਸਾਡੇ ਮੁੱਖ ਮੰਤਰੀ ਜੀ ਅਤੇ ਵਿੱਤ ਮੰਤਰੀ ਜੀ ਦਾ ਮੈਂ ਬਹੁਤ-ਬਹੁਤ ਧੰਨਵਾਦ ਕਹਦਾ ਹਾਂ ਜਿਨ੍ਹਾਂ ਨੇ ਕਿ ਉਸ ਵਰਗ ਦੇ ਲੋਕਾਂ ਨੂੰ ਦੇਖਿਆ ਜਿਨ੍ਹਾਂ ਦੇ ਦਿਲ ਦੁਖੀ ਸਨ, ਜਿਨ੍ਹਾਂ ਦੇ ਮਨਾਂ ਨੂੰ ਸੱਟ ਲੱਗੀ ਹੋਈ ਸੀ, ਜਿਨ੍ਹਾਂ ਦੇ ਸਿਰਾਂ ਤੋਂ ਪਿਓ ਦਾ ਸਾਇਆ ਉਠ ਗਿਆ ਸੀ, ਜਿਨ੍ਹਾਂ ਦੇ ਭਰਾ ਨਹੀਂ ਸੀ ਰਹੇ, ਉਨ੍ਹਾਂ ਦੇ ਬੱਚੇ, ਬੱਚੀਆਂ ਨੂੰ ਇਹ 300/- ਰੁਪਏ ਅਤੇ 500/- ਰੁਪਏ ਦੇ ਕੇ ਕੁਝ ਰਾਹਤ ਦਿੱਤੀ ਹੈ । ਉਨ੍ਹਾਂ ਦੇ ਮਨ ਵਿੱਚ ਅੱਜ ਇਹ ਗੱਲ ਆਈ ਹੈ ਕਿ ਜੇ ਸਾਡੀ ਦੇਖ ਭਾਲ ਕਰਨ ਵਾਲਾ ਕੋਈ ਪਿਓ ਜਾਂ ਭਰਾ ਨਹੀਂ ਹੈ ਤਾਂ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਤਾਂ ਹੈ ਜਿਹੜੀ ਕਿ ਸਾਡੀ ਦੇਖ ਰੇਖ ਕਰ ਰਹੀ ਹੈ, ਵਜ਼ੀਫੇ ਵਗੈਰਾ ਜਾਂ ਕੁਝ ਨਾ ਕੁਝ ਮਦਦ ਦੇ ਰਹੀ ਹੈ ਜਿਸ ਦੇ ਨਾਲ ਉਹ ਆਪਣੀ ਪੜ੍ਹਾਈ ਜਾਰੀ ਰੱਖ ਸਕਦੇ ਹਨ । ਮੈਂ ਇਹ ਵੀ ਕਹਿਣਾ ਚਾਹਾਂਗਾ ਕਿ ਜਿਹੜਾ ਮਾਸਕ ਭੱਤਾ ਵਿਧਵਾ ਨੂੰ 1,000 ਰੁਪਿਆ ਮਿਲਦਾ ਸੀ, ਉਸ ਨੂੰ ਵਧਾ ਕੇ 1,500 ਰੁਪਿਆ ਕਰ ਦਿੱਤਾ ਗਿਆ ਹੈ । ਇਹ ਸਟੈਪ ਵੀ ਸਾਡੀ ਸਰਕਾਰ ਨੇ ਲਿਆ ਹੈ । ਇਸ ਵਾਸਤੇ ਮੈਂ ਕਹਿਣਾ ਚਾਹਾਂਗਾ ਕਿ ਸਾਡੇ ਮੈਂਬਰ ਸਾਹਿਬਾਨ ਨੂੰ (ਵਿਰੋਧੀ ਧਿਰਾਂ ਵੱਲ ਇਸ਼ਾਰਾ) ਸਰਕਾਰ ਦਾ ਧੰਨਵਾਦ ਕਰਨਾ ਹੈ ਕਿ ਸਰਕਾਰ ਨੇ ਹਾਲਾਤ ਵਿਚ ਇਤਨਾ ਸੁਧਾਰ ਲਿਆ ਦਿੱਤਾ ਹੈ । ਜਿਥੇ ਹੋਰ ਏਨੇ ਵੱਡੇ ਵੱਡੇ ਕੰਮ ਕੀਤੇ ਹਨ, ਉਥੇ ਹੁਣ ਉਹ ਰਾਤ ਦੇ 11-00 ਵਜੇ ਵੀ ਲੋਕ ਬਗੈਰ ਕਿਸੇ ਡਰ ਤੇ ਝਿਜਕ ਤੋਂ ਕਿਤੇ ਵੀ ਜਾ ਸਕਦੇ ਹਨ ਜਦਕਿ ਪਹਿਲਾਂ ਦਿਨ ਵੇਲੇ ਵੀ ਡਰ ਕੇ ਨਿਕਲਦੇ ਸਨ ।

ਤੁਸੀਂ ਜਿਹੜੀ ਜ਼ਮੀਨ ਦੀ ਗੱਲ ਕਰਦੇ ਹੋ ਕਿ ਲੋਕਾਂ ਦੀ ਜ਼ਮੀਨ ਅਕਵਾਇਰ ਕੀਤੀ ਜਾ ਰਹੀ ਹੈ ਅਤੇ ਵੱਡੇ ਵੱਡੇ ਸਨਅੱਤੀ ਲੋਕਾਂ ਨੂੰ ਦਿੱਤੀ ਜਾ ਰਹੀ ਹੈ, ਮੈਂ ਮੰਨਦਾ ਹਾਂ ਕਿ 4 ਲੱਖ ਰੁਪਏ ਤੇ 5 ਲੱਖ ਰੁਪਏ ਏਕੜ ਜ਼ਮੀਨ ਦੀ ਕੀਮਤ ਹੈ । ਪਰ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹਾਂਗਾ ਕਿ ਤਿੰਨ ਸਾਲ ਪਿੱਛੇ ਝਾਤ ਮਾਰ ਕੇ ਦੇਖੋ ਤਾਂ ਪਤਾ ਲਗਦਾ ਹੈ ਕਿ ਉਸ ਵਕਤ ਜ਼ਮੀਨ ਨੂੰ ਕੋਈ ਕੌਡੀਆਂ ਦੇ ਭਾਅ ਵੀ ਨਹੀਂ ਸੀ ਪੁੱਛਦਾ ਲੇਕਿਨ ਅੱਜ ਉਸੇ ਹੀ ਜ਼ਮੀਨ ਦੀ ਕੀਮਤ 5 ਲੱਖ ਰੁਪਏ ਹੋ ਗਈ ਹੈ । ਇਹ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਆਉਣ ਤੋਂ ਬਾਅਦ ਹੀ ਹੋਇਆ ਹੈ, ਨਹੀਂ ਤਾਂ ਇਥੇ ਪੁੱਛਦਾ ਕੌਣ ਸੀ । ਨਵੰਬਰ ਤੱਕ 10,362 ਅਤੇ 5,627 ਵਿਧਵਾਵਾਂ ਨੂੰ ਐਕਸ-ਗ੍ਰੇਸ਼ੀਆ ਗ੍ਰਾਂਟ ਦਿੱਤੀ ਗਈ । 290 ਨੂੰ ਬਾਲ ਗੁਜ਼ਾਰਾ ਭੱਤਾ ਮੁਹੱਈਆ ਕਰਵਾਇਆ ਗਿਆ । ਇਹ ਸਾਡੀ ਹੀ ਸਰਕਾਰ ਸੀ ਜਿਸ ਨੇ ਪਹਿਲੀ ਵਾਰ ਦਹਿਸ਼ਤਗਰਦਾਂ ਹੱਥੋਂ ਮਾਰੇ ਗਏ 1606 ਪਰਿਵਾਰਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ । ਇਹ ਇਕ ਬਹੁਤ ਵੱਡੀ ਉਪਲਬਧੀ ਹੈ ਸਰਕਾਰ ਦੀ ਕਿਉਂਕਿ ਇਥੇ ਪੰਜਾਬ ਵਿਚ ਬੜੀ ਵੱਡੀ ਅਨਇੰਪਲਾਇਮੈਂਟ ਸੀ, ਕੋਈ

Original with;
Punjab Vidhan Sabha
Digitized by;
Panjab Digital Library

ਰੁਜ਼ਗਾਰ ਦੇ ਸਾਧਨ ਨਹੀਂ ਸੀ, ਕੋਈ ਇੰਡਸਟਰੀ ਜਾਂ ਫੈਕਟਰੀ ਨਹੀਂ ਸੀ ਚਲਦੀ ਸਰਕਾਰ ਨੇ ਫਿਰ ਵੀ ਉਨ੍ਹਾਂ ਨੂੰ ਰੁਜ਼ਗਾਰ ਦਿਵਾਇਆ ਹੈ । ਇਹ ਸਰਕਾਰ ਨੇ ਬੜੀ ਸ਼ਲਾਘਾ ਵਾਲੀ ਗੱਲ ਕੀਤੀ ਹੈ । ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ ਜਿਸ ਨੇ ਪੰਜਾਬੀਆਂ ਦਾ ਖ਼ਿਆਲ ਰੱਖਿਆ । ਮੈਂ ਹੋਰ ਗੱਲ ਕਹਨੀ ਚਾਹੁੰਦਾ ਹਾਂ ਕਿ ਜਿਹੜੇ ਬੋਲ ਸਰਦਾਰ ਬੇਅੰਤ ਸਿੰਘ ਜੀ ਨੇ ਬੋਲੇ ਅਤੇ ਆਪਣੇ ਮੈਨੀਫੈਸਟੋ ਵਿਚ ਕੋਈ ਗੱਲ ਕਹੀ, ਉਸ ਨੂੰ ਕਰਕੇ ਦਿਖਾ ਦਿਤਾ ਹੈ ਅਤੇ ਹੋਰ ਅੱਗੇ ਕਰਦੇ ਜਾ ਰਹੇ ਹਨ । ਜਦੋਂ ਸਰਦਾਰ ਬੇਅੰਤ ਸਿੰਘ ਨੇ ਸਰਕਾਰ ਨੂੰ ਕਾਇਮ ਕੀਤਾ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਮੈਂ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਨੂੰ ਮਾਨਚੈਸਟਰ ਬਣਾਵਾਂਗਾ, ਪਿੰਡਾ ਨੂੰ ਸ਼ਹਿਰਾਂ ਦੇ ਬਰਾਬਰ ਲਿਆਵਾਂਗਾ । ਉਹ ਗੱਲ ਸੱਚ ਹੋ ਰਹੀ ਹੈ । ਮੈਂ ਮੁੜ ਕੇ ਇਸ ਤੇ ਆਵਾਂਗਾ ਕਿ ਉਹ ਕਿਸ ਕਿਸ ਤਰੀਕੇ ਨਾਲ ਫੰਡ ਮੁਹੱਈਆ ਕਰ ਰਹੇ ਹਨ । ਪਿੰਡਾਂ ਵਿਚ ਸਰਦਾਰ ਬੇਅੰਤ ਸਿੰਘ ਜੀ ਨੇ ਇਸ ਕੰਮ ਨੂੰ ਨੇਪਰੇ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਅਤੇ ਜਿਹੜਾ ਵਾਇਦਾ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨਾਲ ਕੀਤਾ ਹੋਇਆ ਸੀ, ਉਹ ਪੂਰਾ ਕੀਤਾ । ਮਿਊਂਸਪਲ ਕਾਰਪੋਰੇਸ਼ਨਾਂ ਅਤੇ ਮਿਊਂਸਪਲ ਕਮੇਟੀਆਂ ਦੀ ਕੁੱਲ ਆਮਦਨ 1993-94 ਵਿਚ 278 ਕਰੋੜ ਤੋਂ ਵਧ ਕੇ 1994-95 ਵਿਚ 414/- ਕਰੋੜ ਹੋ ਗਈ ਹੈ ਯਾਨੀ ਪੰਜਾਹ ਪਰਸੈਂਟ ਤੋਂ ਸੌ ਪਰਸੈਂਟ ਹੋ ਗਈ ਹੈ । ਇਹ ਤਾਂ ਹੀ ਸੰਭਵ ਹੋਇਆ ਜੇ ਸਰਕਾਰ ਦੀ ਕਾਰਗੁਜ਼ਾਰੀ ਅੱਛੀ ਸੀ, ਸਰਕਾਰ ਦੀ ਦੇਖਭਾਲ ਠੀਕ ਸੀ । ਉਨ੍ਹਾਂ ਨੇ ਕਾਰਪੋਰੇਸ਼ਨਾਂ ਵਿਚ ਹੇਰਾ-ਫੇਰੀ ਬੰਦ ਕਰਵਾਈ, ਚੁੰਗੀਆਂ ਤੇ ਚੋਰੀ ਬੰਦ ਕਰਵਾਈ, ਇੰਸਪੈਕਟਰੀ ਰਾਜ ਨੂੰ ਖਤਮ ਕੀਤਾ, ਤਾਂ ਜਾ ਕੇ ਇਹ ਪੈਸਾ ਆਮਦਨ ਵਿਚ ਤਬਦੀਲ ਹੋਇਆ । ਜ਼ੀਰਾ ਸਾਹਿਬ ਚੱਲੇ ਹਨ । ਇਸ ਤਰੀਕੇ ਨਾਲ ਸਰਦਾਰ ਬੇਅੰਤ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਰਾਤ ਦਿਨ ਲਗਾ ਕੇ ਡਿਵੈਲਪਮੈਂਟ ਕੀਤੀ । ਇਸ ਤਰ੍ਹਾਂ ਕੁਰੱਪਸ਼ਨ ਰੋਕਣ ਵਾਸਤੇ ਜੋ ਸਟੈੱਪਸ ਚੁਕੇ ਹਨ, ਉਸ ਲਈ ਮੈਂ ਸਰਦਾਰ ਬੇਅੰਤ ਸਿੰਘ ਜੀ ਅਤੇ ਡਾਕਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ । ਜਿਹੜਾ ਇਕ ਸਾਲ ਵਿਚ ਪੰਜਾਹ ਪਰਸੈਂਟ ਦਾ ਵਾਧਾ ਹੋਇਆ ਹੈ, ਇਹ ਪੈਸਾ ਸ਼ਹਿਰਾਂ ਦੇ ਸੁਧਾਰਾਂ ਵੱਲ ਲੱਗ ਰਿਹਾ ਹੈ । ਇਸੇ ਤਰ੍ਹਾਂ 250 ਵਰਗ ਗਜ਼ ਮਕਾਨਾਂ ਤੇ ਸਰਕਾਰ ਨੇ ਟੈਕਸ ਤੋਂ ਰਾਹਤ ਦਿੱਤੀ ਹੈ, ਇਹ ਵੀ ਬਹੁਤ ਹੀ ਸ਼ਲਾਘਾਯੋਗ ਗੱਲ ਹੈ । ਮੈਂ ਕਹਾਂਗਾ ਕਿ ਜਿੰਨੇ ਵੀ ਸ਼ਹਿਰਾਂ ਵਿਚ ਪੁਰਾਣੇ ਮਕਾਨ ਬਣੇ ਹੋਏ ਹਨ, ਉਨ੍ਹਾਂ ਵਿਚ ਜੋ ਟੈਕਸ ਤੋਂ ਰਾਹਤ ਦਿਤੀ ਗਈ ਹੈ, ਉਸ ਦੀ ਸੀਮਾ 250 ਗਜ਼ ਤੋਂ ਵਧਾ ਕੇ 500 ਗਜ਼ ਕਰ ਦਿਤੀ ਜਾਵੇ । ਇਸ ਨਾਲ ਡਾਕਟਰ ਸਾਹਿਬ ਕੋਈ ਨੁਕਸਾਨ ਨਹੀਂ ਹੋਵੇਗਾ । ਬਾਕੀ ਤੁਹਾਡੇ ਕੋਲ ਬੜੇ ਦਾਅ-ਪੇਚ ਹਨ । ਜੇ ਤੁਸੀਂ ਇਹ ਰਾਹਤ ਲੋਕਾਂ ਨੂੰ ਦੇ ਸਕੋ ਤਾਂ ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦੀ ਹੋਵਾਂਗਾ । 32,000 ਦੇ ਕਰੀਬ ਮਿਊਂਸਿਪਲ ਕਰਮਚਾਰੀਆਂ ਨੂੰ 1992 ਤੋਂ ਪੈਨਸ਼ਨ ਪਾਤਰ ਬਣਾਇਆ ਗਿਆ ਹੈ । ਇਹ ਕੰਮ ਸਾਡੀ ਸਰਕਾਰ ਨੇ ਕੀਤਾ ਹੈ । (ਥੰਪਿੰਗ) ਪੰਜ ਹਜ਼ਾਰ ਟੈਂਪਰੇਰੀ ਮੁਲਾਜ਼ਮਾਂ ਨੂੰ ਪੱਕਿਆਂ ਕਰ ਦੇਣਾ ਵੀ ਕੋਈ ਖਾਲਾ ਜੀ ਦਾ ਵਾੜਾ ਨਹੀਂ । ਅੱਜ ਦੇ ਬੇਦਿਆਂ ਨੂੰ ਨੌਕਰੀ ਦੇਣੀ ਔਖੀ ਹੈ ਪਰ ਪੰਜ ਹਜ਼ਾਰ ਕਰਮ-ਚਾਰੀਆਂ ਨੂੰ ਪੱਕਿਆਂ ਕਰ ਦੇਣਾ, ਇਹ ਬਹੁਤ ਵੱਡੀ ਗੱਲ ਹੈ । ਇਸ ਨਾਲ ਉਨ੍ਹਾਂ ਤੇ ਬਰਤਨ ਖਤਮ ਹੋਵੇਗਾ ਅੌਰ ਇਕ ਤਰ੍ਹਾਂ ਨਾਲ ਉਨ੍ਹਾਂ ਦੇ ਪਰਿਵਾਰਾਂ ਵਾਸਤੇ ਤਾਂ ਪੈਨਸ਼ਨ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਲਕੀਤ ਸਿੰਘ ਬੀਰਮੀ]

ਚਾਲੂ ਹੋ ਜਾਵੇਗੀ, ਉਹਨਾਂ ਲਈ ਇਹ ਫਿਕਰ ਖ਼ਤਮ ਹੋ ਜਾਵੇਗਾ ਕਿ ਉਹਨਾਂ ਨੇ ਮਹੀਨੇ ਲਈ ਰੋਟੀ ਦਾ ਪ੍ਰਬੰਧ ਕਰਨਾ ਹੈ । ਇਹ ਵੀ ਸਰਕਾਰ ਨੇ ਬੜਾ ਵੱਡਾ ਸਟੈੱਪ ਲਿਆ ਹੈ । ਇਸ ਲਈ ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦੀ ਹਾਂ । ਇਸ ਤੋਂ ਅੱਗੇ ਪੇਂਡੂ ਚੌਕੀਦਾਰ ਹਨ । ਇਹਨਾਂ ਨੂੰ ਅੱਜ ਤੋਂ ਪਹਿਲਾਂ ਕਿਸੇ ਸਰਕਾਰ ਨੇ ਪੁੱਛਿਆ ਨਹੀਂ ਸੀ । ਅੱਜ ਜੇ ਕਿਸੇ ਨੇ ਚੌਕੀਦਾਰਾਂ ਦਾ ਖਿਆਲ ਰਖਿਆ ਹੈ ਤਾਂ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਰਖਿਆ ਹੈ । 10485 ਚੌਕੀਦਾਰਾਂ ਦਾ ਸੇਵਾ ਫਲ 300/-ਰੁਪਏ ਪੂਰੀ ਮਹੀਨਾ ਕੀਤਾ ਹੈ। ਇਸ ਨੂੰ ਅਪਰੈਲ 1993 ਤੋਂ ਲਾਗੂ ਕੀਤਾ ਹੈ । ਇਹ ਬੜੀ ਹੀ ਸ਼ਲਾਘਾਯੋਗ ਗੱਲ ਹੈ । ਕਿਸੇ ਦਾ ਧਿਆਨ ਉਹਨਾਂ ਵੱਲ ਨਹੀਂ ਸੀ ਕਿਉਂਕਿ ਸਾਨੂੰ ਲੋਕਾਂ ਨੂੰ ਚੌਕੀਦਾਰਾਂ ਦੀ ਜ਼ਰੂਰਤ ਨਹੀਂ ਪੈਂਦੀ । ਆਮ ਤੌਰ ਤੇ ਐਮ.ਐਲ.ਏ. ਸਾਹਿਬਾਨ ਜਦੋਂ ਕੋਈ ਵੱਡਾ ਕੰਮ ਕੀਤਾ ਹੁੰਦਾ ਹੈ ਤਾਂ ਉਹ ਗੁਰਦਆਰੇ ਜਾ ਕੇ ਅਨਾਊਂਸ ਕਰ ਦਿੰਦੇ ਹਨ ।ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਉਹਨਾਂ ਨੂੰ ਭੁਲਾਇਆ ਨਹੀਂ । ਉਨ੍ਹਾਂ ਨੂੰ ਯਾਦ ਰਖਿਆ ਹੈ , ਉਹਨਾਂ ਦਾ ਮਾਣ ਵਧਾਇਆ ਹੈ । 1994-95 ਦੌਰਾਨ ਦਿਹਾਤੀ ਪ੍ਰਸ਼ਾਸਨ ਲਈ 5.03 ਕਰੋੜ ਦੀ ਰਕਮ ਦਿੱਤੀ ਗਈ ਸੀ । ਇਹ ਬਹੁਤ ਹੀ ਸ਼ਲਾਘਾ ਯੋਗ ਕੰਮ ਹੈ । ਗੋਆ ਨੂੰ ਛੱਡ ਕੇ ਪੰਜਾਬ ਰਾਜ ਹਿੰਦੁਸਤਾਨ ਦਾ ਅਜਿਹਾ ਰਾਜ ਹੈ ਜਿਥੇ ਪਰ ਕੈਪੀਟਾ ਇਨਕਮ ਸਭ ਤੋਂ ਜ਼ਿਆਦਾ ਹੈ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਥੇ ਵਿਰੋਧੀ ਦਲ ਦੀਆਂ ਕੁਰਸੀਆਂ ਖਾਲੀ ਹਨ। ਇਥੇ ਬੜਾ ਰੌਲਾ ਪਾਉਂਦੇ ਹਨ ਕਿ ਅਫਸਰ ਸਾਹਿਬਾਨ ਨਹੀਂ ਬੈਠੇ ਔਰ ਟਾਈਮ ਵਧਾਉਣ ਦੀ ਗੱਲ ਕਹਿੰਦੇ ਹਨ । ਅੱਜ ਸਿਰਫ ਇਕ ਇੰਡੀਪੈਂਡੈਂਟ ਤੋਂ ਬਿਨਾਂ ਵਿਰੋਧੀ ਦਲ ਦਾ ਕੋਈ ਐਮ.ਐਲ.ਏ.ਨਹੀਂ ਬੈਠਾ । ਇਹ ਪੰਜਾਬ ਦੇ ਪ੍ਰਤੀ ਕਿੰਨੇ ਸਿੰਸੀਅਰ ਹਨ । ਮੈਂ ਇਸ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਕੀ ਇਸ ਦੇ ਬਾਰੇ ਕੋਈ ਰੂਲਿੰਗ ਨਹੀਂ ? ਜੇਕਰ ਸਾਰੀਆਂ ਪਾਰਟੀਆਂ ਨੇ ਛੱਡ ਹੀ ਜਾਣਾ ਹੈ ਤਾਂ ਬਜਟ ਪਾਸ ਹੀ ਕਰ ਲਓ ।

RULING BY THE SPEAKER RE. CO-OPERATION OF OPPOSITION PARTIES IN THE SMOOTH CONDUCT OF BUSINESS OF THE HOUSE

ਸ਼੍ਰੀ ਸਪੀਕਰ : ਮੈਂ ਸੋਚ ਹੀ ਰਿਹਾ ਸੀ, ਮੈਂ ਇਹ ਗੱਲ ਕਹਿੰਦਾ ਹਾਂ ਕਿ ਇਕ ਪਾਸੇ ਤਾਂ ਮੈਂਬਰ ਸਾਹਿਬਾਨ ਰੌਲਾ ਪਾਉਂਦੇ ਹਨ ਕਿ ਟਾਈਮ ਦਿਉ ਔਰ ਟਾਈਮ ਵਧਾਉ, ਲੰਬਾ ਸੈਸ਼ਨ ਚਲਾਉ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਟਰੈਜ਼ਰੀ ਬੈਂਚਿਜ਼ ਵਾਲੇ ਔਰ ਖਾਸ ਕਰਕੇ ਇਨ੍ਹਾਂ ਦੇ ਲੀਡਰ ਸਾਹਿਬ ਇਸ ਵਿਚ ਹਮੇਸ਼ਾ ਆਪਣਾ ਕੋਅਪ੍ਰੇਸ਼ਨ ਦਿੰਦੇ ਹਨ ਅਤੇ ਉਨ੍ਹਾਂ ਕਦੇ ਨਾਂਹ ਨਹੀਂ ਕੀਤੀ ਕਿ ਟਾਈਮ ਜ਼ਿਆਦਾ ਨਾ ਦਿਉ ਜਾਂ ਸੈਸ਼ਨ ਛੋਟਾ ਕਰੋ, ਲੰਬਾ ਨਾ ਕਰੋ । ਔਰ ਅੱਜ ਇਨ੍ਹਾਂ ਨੇ ਇਹ ਪ੍ਰੈਕਟੀਕਲੀ ਦੱਸ ਦਿੱਤਾ ਕਿ ਕਿਤਨੀ ਕੁ ਹਾਜ਼ਰੀ ਰੱਖਦੇ ਹਨ । ਇਸ ਵਿਚ ਵਾਕਿਆ ਹੀ ਉਨ੍ਹਾਂ ਦੀ ਮੁਜ਼ੰਮਤ ਹੋਣੀ ਚਾਹੀਦੀ ਹੈ ਕਿ ਰੌਲਾ ਪਾਉਣਾ, ਬਹੁਤਾ ਮੰਗਣਾ ਔਰ ਹਾਊਸ ਨਾਲ ਕੋਅਪ੍ਰੇਟ ਨਹੀਂ ਕਰਨਾ । ਇਤਨੇ ਪੈਸੇ ਲਗਦੇ ਹਨ, ਇਤਨਾ ਖਰਚ ਆਉਂਦਾ ਹੈ ਅਸੈਂਬਲੀ ਸੈਸ਼ਨ ਨੂੰ ਬੁਲਾਉਣ ਵਾਸਤੇ ਔਰ

Original with;
Punjab Vidhan Sabha
Digitized by;
Panjab Digital Library

ਇਸ ਨੂੰ ਕਾਇਮ ਰੱਖਣ ਵਾਸਤੇ । ਔਰ ਇਥੇ ਮੈਂਬਰ ਸਾਹਿਬਾਨ ਆਪਣੇ-ਆਪਣੇ ਜਾਤੀ ਕੰਮਾਂ ਵਿਚ ਇਤਨੇ ਬਿਜ਼ੀ ਹਨ ਕਿ ਇਥੇ ਹਾਜ਼ਰ ਨਹੀਂ ਹੋ ਸਕਦੇ, ਇਹ ਬਹੁਤ ਮਾੜੀ ਗੱਲ ਹੈ । ਮੈਂ ਮੈਂਬਰ ਸਾਹਿਬਾਨ ਨੂੰ ਨਿਮਰਤਾ ਸਹਿਤ ਪ੍ਰਾਰਥਨਾ ਕਰਾਂਗਾ ਕਿ ਇਸ ਸਦਨ ਨੂੰ ਕਾਮਯਾਬ ਕਰਨ ਵਾਸਤੇ ਕਿਰਪਾ ਕਰਕੇ ਆਪਣੇ ਦੂਸਰੇ ਰੁਝੇਵਿਆਂ ਨੂੰ ਛੱਡ ਕੇ ਇਸ ਅਸੈਂਬਲੀ ਵਿਚ ਕਮ-ਸੇ-ਕਮ ਹਾਜ਼ਰੀ ਤਾਂ ਦਿਆ ਕਰਨ । ਹਾਂ ਜੀ ।

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ ਪੁਆਇੰਟ ਆਫ ਆਰਡਰ, ਸਰ । ਅੱਜ ਇਨ੍ਹਾਂ ਦੀ ਹਾਜ਼ਰੀ ਲੱਗੀ ਹੈ, ਇਨ੍ਹਾਂ ਦੀ ਗੈਰ-ਹਾਜ਼ਰੀ ਲਾਉ ਕਿਉਂਕਿ ਇਨ੍ਹਾਂ ਨੇ ਪੈਸੇ ਕਲੇਮ ਕਰਨੇ ਹੁਨ ।

ਸ਼੍ਰੀ ਸਪੀਕਰ: ਇਹ ਮੈਂ ਕੱਟ ਨਹੀਂ ਸਕਦਾ । ਹਾਜ਼ਰੀ ਲਾ ਕੇ ਕਈ ਬਾਹਰ ਚਲੇ ਜਾਂਦੇ ਹਨ, ਉਹ ਮੈਨੂੰ ਵੀ ਪਤਾ ਹੈ ।

ਪੰਡਿਤ ਸੋਮ ਦੱਤ ਸ਼ਰਮਾ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂਬਰ ਇੱਕ ਸੈਕਿੰਡ ਹਾਜ਼ਰੀ ਲਾ ਕੇ ਬਾਹਰ ਚਲੇ ਜਾਂਦੇ ਹਨ । ਉਹ ਹਾਜ਼ਰੀ ਲਾ ਕੇ ਰੁਪਈਆ ਲੈ ਕੇ ਜੇਬ ਵਿਚ ਪਾਉਂਦੇ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਸਪੀਕਰ ਸਾਹਿਬ, ...

ਸ਼੍ਰੀ ਸਪੀਕਰ ਹੁਣ ਤੁਸੀਂ ਬੋਲਣਾ ਬੰਦ ਕਰੋ ।

ਪੰਡਿਤ ਸੋਮ ਦੱਤ ਸ਼ਰਮਾ ਇਥੇ ਹਾਜ਼ਰੀ ਲਾ ਕੇ ਬਾਹਰ ਚਲੇ ਜਾਂਦੇ ਹਨ, ਤੁਸੀਂ ਇਸ ਹਿਸਾਬ ਨਾਲ ਪੈਸੇ ਦਿਆ ਕਰੋ ਕਿ ਕੌਣ ਕਿੰਨਾ ਚਿਰ ਬੈਠਦਾ ਹੈ, ਉਸੇ ਹਿਸਾਬ ਨਾਲ ਦਿਹਾੜੀ ਮਿਲਣੀ ਚਾਹੀਦੀ ਹੈ ।

ਸ਼੍ਰੀ ਸਪੀਕਰ: ਮੈਂ ਕਹਿ ਚੁੱਕਾ ਹੈ । ਮੈਂਬਰ ਸਾਹਿਬਾਨ ਨੂੰ ਖੁਦ ਖਿਆਲ ਰੱਖਣਾ ਚਾਹੀਦਾ ਹੈ । ਬੜਾ ਦੁੱਖ ਹੁੰਦਾ ਹੈ, ਇਥੇ ਹਾਜ਼ਰੀ ਲਾਓ ਤੇ ਚਲੇ ਜਾਓ ਔਰ ਇਸ ਦੇ ਵਾਸਤੇ ਬੜੀ ਭਾਰੀ ਸਰਕਾਰ ਨੂੰ ਮਿਹਨਤ ਕਰਨੀ ਪੈਂਦੀ ਹੈ, ਅਫਸਰ ਸਾਹਿਬਾਨ ਔਰ ਸਾਰਿਆਂ ਨੂੰ ਮਿਹਨਤ ਕਰਨੀ ਪੈਂਦੀ ਹੈ । ਉਹ ਜਲਦੀ ਤੋਂ ਜਲਦੀ ਆਪਣਾ ਕੰਮ ਕਰਦੇ ਹਨ, ਲੇਕਿਨ ਇਥੇ ਸਵਾਲਾਂ ਦੇ ਜਵਾਬ ਸੁਣਨ ਵਾਸਤੇ ਮੈਂਬਰ ਸਾਹਿਬਾਨ ਆਉਂਦੇ ਹੀ ਨਹੀਂ । ਮੈਂ ਇਹ ਵੀ ਪ੍ਰਾਰਥਨਾ ਕਰਾਂਗਾ ਕਿ ਸਾਰੇ ਮੈਂਬਰ ਸਾਹਿਬਾਨ ਸ਼ਮੇਂ ਸਿਰ ਆਇਆ ਕਰਨ ।

GENERAL DISCUSSION ON THE BUDGET ESTIMATES FOR THE YEAR 1995-96 (*Resumption*)

ਸ਼੍ਰੀ ਮਲਕੀਤ ਸਿੰਘ ਬੀਰਮੀ: ਸਾਲ 1993-94 ਵਿਚ ਚਾਲੂ ਕੰਮਾਂ ਦੇ ਆਧਾਰ ਤੇ ਪੰਜਾਬ ਦੀ ਪ੍ਰਤੀ ਜੀਅ ਆਮਦਨ 12,319/- ਰੁਪਏ ਸੀ ਜੋ ਕਿ ਰਾਸ਼ਟਰੀ ਪੱਧਰ ਤੇ 6,929/- ਰੁਪਏ ਹੈ ।

Original with;
Punjab Vidhan Sabha
Digitized by;
Panjab Digital Library

[ਸ੍ਰੀ ਮਲਕੀਤ ਸਿੰਘ ਬੀਰਮੀ]

ਪੰਜਾਬ ਰਾਜ ਦੇ ਵਿਚ ਬਿਜਲੀ ਦੀ ਗੱਲ ਚਲਦੀ ਹੈ । ਬਿਜਲੀ ਪੈਦਾ ਕਰਨ ਤੇ ਪੰਜਾਬ ਦੇ ਅੰਦਰ 164 ਰੁਪਏ 80 ਪੈਸੇ ਪ੍ਰਤੀ ਯੂਨਿਟ ਖਰਚ ਆ ਰਿਹਾ ਹੈ ਜਦਕਿ ਜ਼ਰਾਇਤੀ ਸੈਕਟਰ ਨੂੰ 31 ਰੁਪਏ 20 ਪੈਸੇ ਇੱਕ ਯੂਨਿਟ ਦੇ ਹਿਸਾਬ ਨਾਲ ਸਰਕਾਰ ਦੇ ਰਹੀ ਹੈ । ਇਸ ਦਾ ਮਤਲਬ ਇਹ ਨਿਕਲਦਾ ਹੈ ਕਿ ਇਕ ਯੂਨਿਟ ਦੇ ਉਤੇ 133 ਰੁਪਏ 60 ਪੈਸੇ ਦੀ ਸਬਸਿਡੀ ਸਰਕਾਰ ਇਸ ਸੈਕਟਰ ਨੂੰ ਦੇ ਰਹੀ ਹੈ । ਇਥੇ ਗੱਲ ਕਹਦੇ ਹਨ ਕਿ ਇਹ ਕਿਸਾਨ ਮਾਰੂ ਸਰਕਾਰ ਹੈ । ਮੈਨੂੰ ਸਮਝ ਨਹੀਂ ਆਉਂਦੀ 164 ਰੁਪਏ 80 ਪੈਸੇ ਲਾਗਤ ਆਉਣਾ ਤੇ 31 ਰੁਪਏ 20 ਪੈਸੇ ਦੇ ਹਿਸਾਬ ਨਾਲ ਸਰਕਾਰ ਇਸ ਸੈਕਟਰ ਨੂੰ ਬਿਜਲੀ ਦੇ ਰਹੀ ਹੈ ਜਿਸ ਨਾਲ 900 ਕਰੋੜ ਰੁਪਏ ਤੱਕ ਦੀ ਸਬਸਿਡੀ ਸਰਕਾਰ ਇਸ ਸੈਕਟਰ ਨੂੰ ਮੁਹੱਈਆ ਕਰ ਰਹੀ ਹੈ, ਸਰਕਾਰ ਆਪਣੇ ਕੋਲੋਂ ਘਾਟਾ ਪੂਰਾ ਕਰਕੇ 900 ਕਰੋੜ ਰੁਪਏ ਦੀ ਸਬਸਿਡੀ ਦੇ ਰਹੀ ਹੈ ਤਾਂ ਕੀ ਇਹ ਸਰਕਾਰ ਦੀ ਕਿਸਾਨ ਮਾਰੂ ਪਾਲਿਸੀ ਹੈ ?

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਇਥੇ ਗੱਲ ਚਲੀ ਸੀ ਲਾਟਰੀਆਂ ਦੀ । ਇਸ ਸਟੇਟ ਦੀ ਲਾਟਰੀ ਹੈ ਜਾਂ ਦੂਸਰੀ ਸਟੇਟ ਦੀ ਲਾਟਰੀ ਹੈ, ਲਾਟਰੀ ਦੀ ਅਸੀਂ ਇਹ ਗੱਲ ਮੰਨਦੇ ਹਾਂ ਕਿ ਇਹ ਸਿਮੀਲਰ ਟੂ ਜੂਆ ਹੈ, ਗੈਂਬਲਿੰਗ ਹੈ । ਪਰ ਇਹ ਇਕ ਪੰਜਾਬ ਦੇ ਵਿਚ ਹੀ ਨਹੀਂ ਹਿੰਦੁਸਤਾਨ ਵਿਚ ਹੀ ਇਹ ਸਾਰੀ ਵਰਲਡ ਵਿਚ ਚਲ ਰਹੀ ਹੈ । ਬਾਹਰਲੇ ਦੇਸ਼ਾਂ ਵਿਚ ਪੈਟਰੋਲ ਪੰਪਾਂ ਤੇ ਲਾਟਰੀਆਂ ਵੇਚਣ ਵਾਲੇ ਬੈਠੇ ਹਨ, ਜਨਰਲ ਸਟੋਰਾਂ ਵਿਚ, ਰੈਸਟੋਰੈਂਟਾਂ ਵਿਚ ਲਾਟਰੀਆਂ ਦੀਆਂ ਟਿਕਟਾਂ ਮਿਲਦੀਆਂ ਹਨ । ਜੇ ਪੰਜਾਬ ਵਿਚ ਲਾਟਰੀ ਬੰਦ ਕਰ ਦੇਵਾਂਗੇ ਤਾਂ ਉਹ ਲੋਕ ਜਿਹਨਾਂ ਨੇ ਇਹ ਕੰਮ ਕਰਨੇ ਹਨ, ਹੋਰ ਕਈ ਤਰੀਕੇ ਲਭ ਲੈਂਦੇ ਹਨ, ਜਿਵੇਂ ਮਟਕਾ ਲਾ ਦਿੰਦੇ ਹਨ, ਤਾਸ਼ ਖੇਡਦੇ ਹੋਣ । ਇਸ ਲਈ ਜਿਹੜੇ ਇਹ ਕੰਮ ਕਰਨ ਵਾਲੇ ਹਨ, ਇਸ ਪਾਸੇ ਤੋਂ ਉਹਨਾਂ ਨੇ ਨਹੀਂ ਹਟਣਾ । ਜਿਸ ਨੂੰ ਵੀ ਇਹ ਠਰਕ ਪੈ ਜਾਵੇ ਉਹ ਨਹੀਂ ਹਟਦਾ, ਉਸ ਨੇ ਤਾਂ ਪੈਸਾ ਲਾਉਣਾ ਹੀ ਹੈ । ਜੇ ਸਰਕਾਰ ਇਸ ਤਰੀਕੇ ਨਾਲ ਪੈਸਾ ਇਕੱਠਾ ਕਰਕੇ ਵਿਕਾਸ ਦੇ ਕੰਮਾਂ ਵੱਲ ਲਾ ਲਵੇ ਤਾਂ ਇਸ ਦੇ ਵਿਚ ਕੀ ਹਰਜ਼ ਹੈ । ਅਗਰ ਸਰਕਾਰ ਉਹਨਾਂ ਲੋਕਾਂ ਤੋਂ ਪੈਸਾ ਇਕਠਾ ਕਰਕੇ ਜੋ ਇਸ ਪਾਸੇ ਲਾਉਣਾ ਹੀ ਚਾਹੁੰਦੇ ਹਨ, ਪਿੰਡਾਂ ਤੇ ਸ਼ਹਿਰਾਂ ਦੇ ਵਿਕਾਸ ਲਈ ਲਾ ਲਵੇ ਤਾਂ ਇਸ ਦੇ ਵਿਚ ਕੋਈ ਹਰਜ਼ ਨਹੀਂ ।

ਸਪੀਕਰ ਸਾਹਿਬ, ਇਥੇ ਯੋਜਨਾ ਦੀ ਗੱਲ ਆਈ ਹੈ । ਅਠਵੀਂ ਪੰਜ ਸਾਲਾ ਯੋਜਨਾ 1992 ਵਿਚ 6,570 ਕਰੋੜ ਰੁਪਏ ਦੀ ਸੀ । ਇਹੀ ਸੱਤਵੇਂ ਪਲੈਨ ਵਿਚ 3,285 ਕਰੋੜ ਰੁਪਏ ਦੀ ਸੀ, ਜਿਸ ਵਿਚ ਕਿ ਸੈਂਟ-ਪਰ-ਸੈਂਟ ਵਾਧਾ ਹੈ । ਸੌ ਪਰਸੈਂਟ ਵਾਧਾ ਇਕ ਪਲੈਨ ਤੋਂ ਦੂਸਰੀ ਪਲੈਨ ਤੱਕ ਦਾ ਕੀਤਾ ਗਿਆ ਹੈ । ਉਹ ਤਾਂ ਹੀ ਕੀਤਾ ਹੈ ਜੇ ਪੈਸੇ ਹੋਣ । ਇਹ ਅਸੀਂ ਸਾਰੇ ਜਾਣਦੇ ਹਾਂ ਕਿ ਉਹ ਪੈਸਾ ਕਿਸ ਤਰ੍ਹਾਂ ਇਕਠਾ ਕੀਤਾ ਹੈ। ਸ਼ੇਰੇ-ਪੰਜਾਬ ਸਰਦਾਰ ਬੇਅੰਤ ਸਿੰਘ ਜੀ ਸਵੇਰੇ 6.00 ਵਜੇ ਉਠ ਕੇ ਰਾਤ ਦੇ 12.00 ਵਜੇ ਤਕ ਵਿਧਾਨ ਸਭਾ ਦੇ ਕਮਰਿਆਂ ਵਿਚ ਬੈਠੇ ਰਹਿੰਦੇ ਹਨ ਅਤੇ ਬੈਠੇ ਕੰਮ ਕਰਦੇ ਰਹਿੰਦੇ ਹਨ, ਸਕੀਮਾਂ ਬਣਾਉਦੇ ਰਹਿੰਦੇ ਹਨ । ਮੰਤਰੀ ਮੰਡਲ ਦੀਆਂ ਮੀਟਿੰਗਾਂ ਹਰ ਹਫਤੇ ਤਿੰਨ ਤਿੰਨ

Original with;
Punjab Vidhan Sabha
Digitized by;
Panjab Digital Library

ਘਟੇ ਕਰਕ ਇਹ ਇਹੀ ਸੋਚਦ ਰਹਿੰਦ ਹਨ ਕਿ ਪੰਜਾਬ ਵਿਚ ਪੈਸਾ ਕਿਸ ਤਰ੍ਹਾਂ ਲਿਜਾਣਾ ਹੈ, ਪੰਜਾਬ ਦੇ ਵਿਚ ਕਿਥੇ ਪੈਸਾ ਮੁਹੱਈਆ ਕਰਨਾ ਹੈ, ਪੰਜਾਬ ਵਿਚ ਕਿਥੇ ਕਿਥੇ ਹੋਰ ਤਰੱਕੀ ਦੇ ਕੰਮ ਕਰਨੇ ਹਨ । ਹਾਲੀਂ 19 ਤਾਰੀਖ਼ ਦੀ ਗੱਲ ਹੈ ਕਿ ਪੰਡਿਤ ਉਪਿੰਦਰ ਜੀ ਦੇ ਹਲਕੇ ਫਰੀਦਕੋਟ ਦੇ ਵਿਚ 8-9 ਜਲਸੇ ਹੋਏ ਅੱਤੇ ਫਰੀਦਕੋਟ ਵਿਚ ਸਾਡੇ ਸ਼ੇਰ-ਏ-ਪੰਜਾਬ ਸਰਦਾਰ ਬੇਅੰਤ ਸਿੰਘ ਜੀ ਰਾਤ 12.00 ਵਜੇ ਤਕ ਉਥੇ ਸਨ ਅਤੇ ਉਥੋਂ ਰਾਤ ਨੂੰ 12-00 ਵਜੇ ਚਲ ਕੇ ਸਾਢੇ ਤਿੰਨ ਵਜੇ ਚੰਡੀਗੜ੍ਹ ਪਹੁੰਚੇ ਅਤੇ 8.00 ਵਜੇ ਸਵੇਰੇ ਫਿਰ ਆਪਣੇ ਦਫ਼ਤਰ ਵਿਚ ਇਥੇ ਬੈਠੇ ਹਨ । ਜੇ ਅੱਜ ਪੰਜਾਬ ਦੇ ਵਿਚ ਐਸਾ ਸ਼ਖਸ ਨਾ ਹੁੰਦਾ ਤਾਂ ਅੱਜ ਪੰਜਾਬ ਡਿਵੈਲਪਮੈਂਟ ਦੀਆਂ ਲੀਹਾਂ ਤੇ ਕੰਮ ਨਾ ਕਰ ਸਕਦਾ । ਮੇਰੀ ਗੱਲ ਨੂੰ ਸੁਣਨ ਵਾਲੇ ਇਥੇ ਬੈਠੇ ਨਹੀਂ ਪਰ ਜਿਹੜੇ ਬੈਠੇ ਹਨ, ਉਹ ਉਨ੍ਹਾਂ ਨੂੰ ਦੱਸ ਦੇਣਗੇ ਕਿ ਅਗਰ ਪੰਜਾਬ ਨੂੰ ਤਰੱਕੀ ਦੇ ਰਾਹਾਂ ਤੇ ਲਿਜਾਣਾ ਹੈ, ਪੰਜਾਬ ਦੇ ਲੋਕਾਂ ਨੂੰ ਅਤਿਵਾਦ ਤੋਂ ਰਾਹਤ ਦਿਵਾਉਣੀ ਹੈ ਅਤੇ ਪੰਜਾਬ ਦਾ ਵਿਕਾਸ ਕਰਨਾ ਹੈ, ਡਿਵੈਲਪਮੈਂਟ ਕਰਨੀ ਹੈ ਤਾ ਸਰਦਾਰ ਬੇਅੰਤ ਸਿੰਘ ਜੀ ਦੀਆਂ ਆ ਕੇ ਗੱਲਾਂ ਸੁਣਿਆ ਕਰੋ ਸਰਦਾਰ ਬੇਅੰਤ ਸਿੰਘ ਜੀ ਦੇ ਕਮਰੇ ਵਿਚ ਆ ਕੇ ਕੁਝ ਸਿਖੋ ਕਿ ਕਿਸ ਤਰ੍ਹਾਂ ਹਾਊਸ ਨੂੰ ਚਲਾਉਣਾ ਹੈ, ਕਿਸ ਤਰ੍ਹਾਂ ਸਹਕਾਰ ਨੂੰ ਚਲਾਉਣਾ ਹੈ। (ਥੰਪਿੰਗ)

ਸਪੀਕਰ ਸਾਹਿਬ, ਮੈਂ ਅਠਵੀਂ ਪੰਜ ਸਾਲਾ ਯੋਜਨਾ ਦੀ ਗੱਲ ਕਰ ਰਿਹਾ ਸੀ । ਮੈਂ ਗੱਲ ਕਹ ਰਿਹਾ ਸੀ ਕਿ ਸੱਤਵੇਂ ਪਲੈਨ ਵਿਚ 3,285 ਕਰੋੜ ਰੁਪਏ ਦੀ ਪਲੈਨਿੰਗ ਸੀ ਅੱਤੇ ਅੱਠਵੇਂ ਪਲੈਨ ਵਿਚ ਇਸ ਰਕਮ ਵਿਚ 100 ਪਰਸੈਂਟ ਵਾਧਾ ਕੀਤਾ ਗਿਆ । ਸਾਲਨਾ ਯੋਜਨਾ 1992-93 ਦੀ 1,250 ਕਰੋੜ ਰੁਪਏ ਦੀ ਸੀ, 1994-95 ਦੀ 1,450 ਕਰੋੜ ਰੁਪਏ ਦੀ ਸੀ ਅਤੇ ਹੁਣ 848.38 ਕਰੋੜ ਰੁਪਏ ਦੀ ਰਕਮ ਦਾ ਹੋਰ ਵਾਧਾ ਕੀਤਾ ਗਿਆ ਹੈ । ਇਸ ਤਰ੍ਹਾਂ ਅਠਵੀਂ ਯੋਜਨਾ ਦੇ ਵਿਕਾਸ ਕਾਰਜਾਂ ਵਿਚ 12298.38 ਕਰੋੜ ਰੁਪਿਆ ਰੱਖਿਆ ਗਿਆ ਹੈ ਜਿਹੜੀ ਕਿ ਇਕ ਬਹੁਤ ਵੱਡੀ ਚੀਜ਼ ਹੈ । ਸਾਡੀ ਸਰਕਾਰ ਨੇ ਵਿਕਾਸ ਕਰਜਾਂ ਲਈ ਇਤਨੀ ਵੱਡੀ ਰਕਮ ਰੱਖੀ ਹੈ । ਵਿਕਾਸ ਕਾਰਜਾਂ ਲਈ ਬਿਜਲੀ ਦੀ ਬੁਨਿਆਦੀ ਲੋੜ ਹੈ ਜਿਸ ਦੇ ਬਗੈਰ ਕੋਈ ਵਿਕਾਸ ਨਹੀਂ ਹੋ ਸਕਦਾ. ਸਟੱਡੀ ਨਹੀਂ ਹੋ ਸਕਦੀ, ਘਰਾਂ ਵਿਚ ਖਾਣਾ ਨਹੀਂ ਬਣ ਸਕਦਾ । ਯੋਜਨਾ ਦੀ ਰਕਮ ਦਾ 42.04 ਪਰਸੈਂਟ ਬਿਜਲੀ ਖੇਤਰ ਲਈ ਅਲਾਟ ਕੀਤਾ ਗਿਆ ਹੈ । ਜਿਸ ਤਰ੍ਹਾਂ ਰਣਜੀਤ ਸਾਗਰ ਡੈਮ, ਜਿਸ ਨੂੰ 1977 ਵਿਚ ਕੰਪਲੀਟ ਕਰਨਾ ਸੀ ਅੱਤੇ ਉਸ ਤੇ ਕੋਈ 263.16 ਕਰੋੜ ਰੁਪਿਆ ਖਰਚ ਹੋਣਾ ਸੀ, ਉਹ ਕੰਪਲੀਟ ਨਹੀਂ ਕੀਤਾ ਗਿਆ । ਫਿਰ ਇਹ ਖਰਚਾ 760 ਕਰੋੜ ਦਾ ਹੋ ਗਿਆ ਅਤੇ ਫਿਰ 1990 ਵਿਚ ਇਹ 1687 ਕਰੋੜ ਦਾ ਹੋ ਗਿਆ ਹੈ ਅਤੇ ਲੇਟੈਸਟ ਅੰਸਟੀਮੈਂਟ ਹੁਣ 2,189.55 ਕਰੋੜ ਦਾ ਹੋ ਗਿਆ ਹੈ । ਇਹ ਵੀ ਸਭ ਕੁਝ ਪਿਛਲੀ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਹੋਣ ਕਰਕੇ ਇਹ ਕੰਪਲੀਟ ਨਹੀਂ ਹੋ ਸਕਿਆ । ਹੁਣ ਸਰਦਾਰ ਬੇਅੰਤ ਸਿੰਘ ਜੀ ਨੇ ਇਹ ਤਹਈਆ ਕੀਤਾ ਹੈ ਅੱਤੇ ਉਥੇ ਜਾ ਕੇ ਇਹ ਆਪ ਕਹਿ ਕੇ ਆਏ ਹਨ ਕਿ ਸਾਲ 1996 ਤਕ ਇਹ ਡੈਮ ਹਰ ਹਾਲਤ ਵਿਚ ਕੰਪਲੀਟ ਕਰ ਦਿੱਤਾ ਜਾਵੇਗਾ ਚਾਹੇ ਇਸ ਤੇ ਹੁਣ 2,100 ਕਰੋੜ ਲਗੇ, ਚਾਹੇ 2,200 ਕਰੋੜ ਲਗੇ । ਇਸ ਪਰੋਜੈਕਟ ਦੇ ਤਿਆਰ ਹੋ ਜਾਣ ਨਾਲ ਕੋਈ 650 ਮੈਗਾਵਾਟ ਬਿਜਲੀ ਤਿਆਰ ਹੋਵੇਗੀ ਅੱਤੇ ਕੋਈ 3.48 ਲੱਖ ਹੈਕਟੇਅਰ ਜ਼ਮੀਨ ਨੂੰ

Original with;
Punjab Vidhan Sabha
Digitized by;
Punjab Digital Library

[ਸ੍ਰੀ ਮਲਕੀਤ ਸਿੰਘ ਬੀਰਮੀ]

ਪਾਣੀ ਮਿਲੇਗਾ । ਇਸ ਦੇ ਤਿਆਰ ਹੋ ਜਾਣ ਤੋਂ ਬਾਅਦ ਫਿਰ ਜਿਹੜੀ ਕੰਡੀ ਨਹਿਰ ਬਣ ਰਹੀ ਹੈ ਇਸ ਨਾਲ ਵੀ 26 ਲੱਖ ਹੈਕਟੇਅਰ ਜ਼ਮੀਨ ਨੂੰ ਪਾਣੀ ਮਿਲੇਗਾ । ਇਸ ਤੋਂ ਬਾਅਦ ਇਸ ਨਹਿਰ ਨੂੰ ਹੋਰ ਐਕਸਟੈਂਡ ਕੀਤਾ ਜਾਵੇਗਾ ਜਿਸ ਨਾਲ ਪੰਜਾਬ ਦੇ ਕਿਸਾਨਾਂ ਨੂੰ ਬਹੁਤ ਫ਼ਾਇਦਾ ਹੋਵੇਗਾ । ਹੁਣ ਰਣਜੀਤ ਸਾਗਰ ਪ੍ਰਰੋਜੈਕਟ ਤੇ 70% ਕੰਮ ਮੁਕੰਮਲ ਹੋ ਚੁੱਕਾ ਹੈ । ਸਰਦਾਰ ਬੇਅੰਤ ਸਿੰਘ ਜੀ ਉਥੇ ਵਰਕਰਾਂ ਨਾਲ ਇਹ ਵਾਅਦਾ ਕਰਕੇ ਆਏ ਹਨ ਕਿ ਜੇ ਇਸ ਡੈਮ ਨੂੰ ਸਮੇਂ ਸਿਰ ਕੰਪਲੀਟ ਕਰ ਦਿੱਤਾ ਜਾਵੇਗਾ ਤਾਂ ਉਥੋਂ ਦੇ ਵਰਕਰਾਂ ਨੂੰ ਇਕ ਸਾਲ ਦੀ ਤਨਖਾਹ ਦਿੱਤੀ ਜਾਵੇਗੀ । ਇਸ ਨਾਲ ਵਰਕਰਾਂ ਦਾ ਉਤਸ਼ਾਹ ਵਧਿਆ ਹੈ । ਇਹ ਸਿਰਫ ਵਰਕਰਾਂ ਨੂੰ ਲਾਲਚ ਨਹੀਂ ਹੈ ਬਲਕਿ ਪੰਜਾਬ ਦੇ ਕਿਸਾਨ ਨੂੰ ਜਲਦੀ ਤੋਂ ਜਲਦੀ ਬਿਜਲੀ ਅਤੇ ਪਾਣੀ ਦੇਣ ਦਾ ਸਹਕਾਰ ਦਾ ਤਹੱਈਆ ਹੈ । ਜੇ ਵਰਕਰਾਂ ਨੂੰ ਕੁਝ ਲਾਲਚ ਦੇ ਕੇ ਇਹ ਕੰਮ ਅਗਲੇ ਸਾਲ ਨਵੰਬਰ,1996 ਤਕ ਕੰਪਲੀਟ ਹੋ ਗਿਆ ਤਾਂ ਇਸ ਤੋਂ ਪਤਾ ਲਗੇਗਾ ਕਿ ਪੰਜਾਬ ਸਰਕਾਰ ਦਾ ਰਵਈਆ ਕਿਸਾਨਾਂ ਪ੍ਰਤੀ ਕੀ ਹੈ । ਸਾਡੀ ਸਰਕਾਰ ਚਾਹੁੰਦੀ ਹੈ ਕਿ ਹਰ ਹਾਲਤ ਵਿਚ ਪੰਜਾਬ ਦੇ ਕਿਸਾਨਾਂ ਦਾ ਭਲਾ ਹੋ ਸਕੇ ।

ਫਿਰ ਪਿੰਡਾਂ ਦੇ ਅੰਦਰ ਅਨ-ਇੰਟਰੱਪਟਿਡ ਪਾਵਰ ਸਪਲਾਈ ਦੇਣ ਵਾਸਤੇ ਵੀ ਸਾਡੇ ਵਿੱਤ ਮੰਤਰੀ ਸਾਹਿਬ ਨੇ ਆਪਣੇ ਬਜਟ ਵਿਚ 3 ਕਰੋੜ ਰੁਪਿਆ ਰਖਿਆ ਹੈ, ਉਨ੍ਹਾਂ ਨੇ ਦੱਸਿਆ ਹੈ ਕਿ ਜਿਹੜੇ 3,214 ਪਿੰਡਾਂ ਨੇ ਆਪਸ਼ਨ ਦਿੱਤੀ ਹੈ ਉਨ੍ਹਾਂ ਨੂੰ ਇਸ ਸਾਲ ਦੇ ਦੌਰਾਨ ਅਨ-ਇੰਟਰੱਪਟਿਡ ਬਿਜਲੀ ਮਿਲ ਜਾਏਗੀ ਅੰਰ ਜਿਹੜੇ ਬਾਕੀ ਰਹਿੰਦੇ ਹਨ, ਉਨ੍ਹਾਂ ਨੂੰ ਵੀ 8ਵੀਂ ਯੋਜਨਾ ਦੇ ਤਹਿਤ ਇਸ ਸਕੀਮ ਦੇ ਅੰਦਰ ਲਿਆ ਕੇ ਕਵਰ ਕਰ ਲਿਆ ਜਾਵੇਗਾ । ਫਿਰ ਚਾਹੇ ਇਸ ਤੇ 5 ਕਰੋੜ ਲਗੇ, ਚਾਹੇ 500 ਕਰੋੜ ਲਗੇ। ਮੈਨੂੰ ਪੂਰੀ ਉਮੀਦ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਸਾਰੇ ਪੰਜਾਬ ਦੇ ਲੋਕ ਅਨ-ਇੰਟਰੱਪਟਿਡ ਬਿਜਲੀ ਦਾ ਆਨੰਦ ਮਾਨਣਗੇ ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਸਾਡੀ ਸਰਕਾਰ ਨੇ ਰਾਜ ਦੇ ਵਿਕਾਸ ਲਈ ਹੋਰ ਵੀ ਕਈ ਪਰੋਜੈਕਟ ਤਿਆਰ ਕੀਤੇ ਹਨ । ਇਕ ਮਾਈਕਰੋ ਹਾਈਡਲ ਪਰੋਜੈਕਟ ਲਗਾਇਆ ਹੈ ਜਿਸ ਨਾਲ 9.9 ਮੈਗਾਵਾਟ ਬਿਜਲੀ ਪੈਦਾ ਕੀਤੀ ਜਾ ਰਹੀ ਹੈ । ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਅਜਿਹੀਆਂ ਸਕੀਮਾਂ ਨੂੰ ਚਾਲੂ ਰਖਦੇ ਰਹਿਣ ਕਿਉਂਕਿ ਇਸ ਤੇ ਨਾ ਕੋਇਲੇ ਦੀ ਲੋੜ ਹੈ ਅਤੇ ਨਾ ਬਿਜਲੀ ਦੀ । ਇਸੇ ਤਰ੍ਹਾਂ ਦੇ ਬਠਿੰਡੇ ਅੰਰ ਰੋਪੜ ਵਿਖੇ ਵੀ ਪਲਾਂਟ ਲਗਾਏ ਹਨ । ਪਿਛੇ ਸਾਡੇ ਥਰਮਲ ਪਲਾਂਟ ਲਈ ਕੋਇਲੇ ਦੀ ਸ਼ਾਰਟੇਜ ਹੋ ਗਈ ਸੀ ਚਾਹੇ ਵੈਗਨਾ ਨਾ ਆਉਣ ਕਰਕੇ ਸੀ, ਪਰ ਸਰਦੀਆਂ ਦੇ ਵਿਚ ਵੀ ਸਾਨੂੰ ਪਾਵਰ ਵਿਚ ਕੱਟ ਲਗਣਾ ਸ਼ੁਰੂ ਹੋ ਗਿਆ ਸੀ । ਅਗਰ ਸਾਡੇ ਕੋਲ ਪਾਵਰ ਦੇ ਹਾਈਡਲ ਪ੍ਰਾਜੈਕਟ ਹੋਣ ਅਤੇ ਵਾਟਰ ਰਿਸੋਰਸਿਜ਼ ਦੇ ਨਾਲ ਪਾਵਰ ਤਿਆਰ ਕੀਤੀ ਜਾਵੇਗੀ ਤਾਂ ਇਸ ਤਰ੍ਹਾਂ ਦੀ ਸਮੱਸਿਆ ਨਹੀਂ ਆਵੇਗੀ । ਸਰਕਾਰ ਨੂੰ ਇਸ ਤਰ੍ਹਾਂ ਦੇ ਪ੍ਰਾਜੈਕਟਾਂ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ ਅਤੇ ਇਨ੍ਹਾਂ ਦੀ ਫੀਜ਼ੀ-ਬਿਲਟੀ ਨੂੰ ਵੇਖਣਾ ਚਾਹੀਦਾ ਹੈ ਤਾਂਕਿ ਪੰਜਾਬ ਵਿਚ ਪਾਵਰ ਕੱਟ ਨਾ ਲਗੇ ।

ਇਸ ਦੇ ਨਾਲ ਸਿੰਚਾਈ ਅਤੇ ਹੜ੍ਹਾਂ ਦੇ ਕੰਟਰੋਲ ਲਈ ਸਰਕਾਰ ਵੱਲੋਂ ਕਾਫੀ ਪੈਸਾ ਖਰਚ ਕੀਤਾ ਜਾ ਰਿਹਾ ਹੈ । ਇਰੀਗੇਸ਼ਨ ਥੱਲੇ ਜ਼ਮੀਨ ਦਾ ਕਾਫੀ ਰਕਬਾ ਆ ਰਿਹਾ ਹੈ

Original with;
Punjab Vidhan Sabha
Digitized by;
Panjab Digital Library

ਅਤੇ ਬਾਕੀ ਦਾ ਰਹਿੰਦਾ ਰਕਬਾ 8ਵੇਂ ਪੰਜ ਸਾਲਾ ਪਲਾਨ ਦੇ ਵਿਚ ਆ ਜਾਵੇਗਾ । ਇਸ ਦੇ ਲਈ ਸਰਕਾਰ ਚਾਹੇ ਨਹਿਰਾਂ ਬਣਾਏ ਜਾਂ ਡੀਪ ਟਿਊਬਵੈਲਜ਼ ਬਣਾਏ, ਸਿੰਚਾਈ ਦੇ ਲਈ ਬਾਕੀ ਰਹਿੰਦੀ ਜ਼ਮੀਨ ਲਈ ਪ੍ਰਬੰਧ ਕਰੇਗੀ ਅੱਤੇ ਪੰਜਾਬ ਵਿਚ ਕੋਈ ਐਸੀ ਜ਼ਮੀਨ ਨਹੀਂ ਹੋਵੇਗੀ ਜਿਥੇ ਪਾਣੀ ਨਾ ਮਿਲੇ, ਇਹ ਸਰਕਾਰ ਦਾ ਬੜਾ ਸ਼ਲਾਘਾਯੋਗ ਕਦਮ ਹੈ । ਮੈਨੂੰ ਉਮੀਦ ਹੈ ਕਿ ਹਿੰਦੁਸਤਾਨ ਦੇ ਵਿਚ ਪੰਜਾਬ ਪਹਿਲੀ ਸਟੇਟ ਹੋਵੇਗੀ ਜਿਥੇ ਕੋਈ ਬੰਜਰ ਜ਼ਮੀਨ ਨਹੀਂ ਹੋਵੇਗੀ ਅਤੇ ਕੋਈ ਧਰਤੀ ਨਹੀਂ ਹੋਵੇਗੀ ਜਿਥੇ ਪਾਣੀ ਨਾ ਮਿਲਦਾ ਹੋਵੇਗਾ (ਥੰਪਿੰਗ) । ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਇਨ੍ਹਾਂ ਸਾਰੇ ਕੰਮਾਂ ਲਈ ਪੈਸੇ ਦਾ ਪ੍ਰਬੰਧ ਕੀਤਾ ਹੈ ਅਤੇ ਹੋਰ ਵੀ ਖਰਚਾ ਕਰ ਰਹੀ ਹੈ । ਰਣਜੀਤ ਸਾਗਰ ਡੈਮ ਦੇ ਬਣਨ ਨਾਲ 660 ਮੈਗਾਵਾਟ ਬਿਜਲੀ ਮਿਲੇਗੀ ਅਤੇ ਸ਼ਾਹਪੁਰ ਕੰਡੀ ਹਾਈਡਲ ਪ੍ਰਾਜੈਕਟ ਦੇ ਰਾਹੀਂ ਅਸੀਂ 22,600 ਹੈਕਟੇਅਰ ਜ਼ਮੀਨ ਇਰੀਗੇਟ ਕਰ ਸਕਾਂਗੇ । ਉਸ ਤੋਂ 169 ਮੈਗਾਵਾਟ ਬਿਜਲੀ ਪੈਦਾ ਹੋਵੇਗੀ ।

ਇਸੇ ਤਰ੍ਹਾਂ ਦਿਹਾਤੀ ਵਿਕਾਸ ਦੇ ਲਈ ਸਰਕਾਰ ਵਲੋਂ ਇਸ ਸਾਲ ਕਾਫੀ ਪੈਸਾ ਖਰਚ ਕੀਤਾ ਜਾ ਰਿਹਾ ਹੈ । 1995-96 ਦੇ ਵਿਚ ਉੱਨਤ ਗ੍ਰਾਮ ਸਕੀਮ ਅਧੀਨ 100 ਕਰੋੜ ਰੁਪਿਆ ਰੱਖਿਆ ਹੈ ਤਾਂ ਕਿ ਪਿੰਡਾਂ ਵਿਚ ਵਿਕਾਸ ਹੋ ਸਕੇ । 12,342 ਪਿੰਡਾਂ ਵਿਚੋਂ 9,012 ਪਿੰਡਾਂ ਨੂੰ 1995-96 ਵਿਚ ਕਵਰ ਕਰ ਲਿਆ ਜਾਵੇਗਾ ਅਤੇ ਬਾਕੀ ਦੇ ਰਹਿੰਦੇ ਪਿੰਡਾਂ ਨੂੰ 8ਵੇਂ ਪੰਜ ਸਾਲਾ ਪਲਾਨ ਦੇ ਅਖੀਰਲੇ 2 ਸਾਲਾਂ ਦੇ ਵਿਚ ਕਵਰ ਕਰ ਲਿਆ ਜਾਵੇਗਾ । ਪਿਛਲੇ 3 ਸਾਲਾਂ ਦੌਰਾਨ ਜਦੋਂ ਅਸੀਂ ਪਿੰਡਾਂ ਦੇ ਵਿਚ ਜਾਂਦੇ ਸੀ ਤਾਂ ਗੱਡੀ ਪਿੰਡ ਵਿਚ ਵੜ ਨਹੀਂ ਸਕਦੀ ਸੀ । ਫਿਰਨੀਆਂ ਵਿਚ ਪਾਣੀ ਖੜ੍ਹਾ ਹੁੰਦਾ ਸੀ ਅਤੇ ਗੱਡੀ ਉਥੇ ਹੀ ਖੜ੍ਹੀ ਕਰਨੀ ਪੈਂਦੀ ਸੀ । ਪਰ ਇਸ ਉਨਤ ਗ੍ਰਾਮ ਸਕੀਮ ਅਧੀਨ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਕਾਫੀ ਵਿਕਾਸ ਕੀਤਾ ਹੈ ਅਤੇ ਪਿੰਡਾਂ ਤੇ ਕਾਫੀ ਪੈਸਾ ਖਰਚ ਕੀਤਾ ਜਾ ਰਿਹਾ ਹੈ । ਇਸ ਸਕੀਮ ਅਧੀਨ ਲੱਖਾਂ ਰੁਪਏ ਦੇ ਚੈਕ ਐਮ.ਐਲ.ਏਜ਼. ਰਾਹੀਂ ਪਿੰਡਾਂ ਦੇ ਸਰਪੰਚਾਂ ਨੂੰ ਡਾਇਰੈਕਟ ਦਿਤੇ ਜਾ ਰਹੇ ਹਨ ਅਤੇ ਉਹ ਆਪਣੀ ਮਰਜ਼ੀ ਦੇ ਨਾਲ ਪਿੰਡ ਦਾ ਵਿਕਾਸ ਕਰ ਸਕਦੇ ਹਨ । ਪਹਿਲੇ ਪਿੰਡਾਂ ਦੇ ਵਿਚ ਪੈਸਾ ਗ੍ਰਾਂਟ ਦਾ ਜਾਂਦਾ ਹੀ ਨਹੀਂ ਸੀ । ਚੰਡੀਗੜ੍ਹ ਤੋਂ ਲੱਖ ਰੁਪਏ ਦੀ ਗ੍ਰਾਂਟ ਘਟਦੀ ਘਟਦੀ ਅੱਧੀ ਰਹਿ ਜਾਂਦੀ ਸੀ ਅਤੇ ਫਿਰ ਜ਼ਿਲ੍ਹਾ ਲੈਵਲ ਤੇ ਟਿਸ ਦੀ ਡਿਸਟ੍ਰੀਬਿਊਸ਼ਨ ਹੁੰਦੀ ਸੀ । ਪਿੰਡਾਂ ਵਿਚ ਤਾਂ 20-25 ਹਜ਼ਾਰ ਰੁਪਿਆ ਹੀ ਪਹੁੰਚਦਾ ਸੀ । ਪਰ ਹੁਣ ਲੱਖਾਂ ਰੁਪਏ ਦੇ ਚੈੱਕ ਸਿੱਧੇ ਸਰਪੰਚ ਨੂੰ ਮਿਲਦੇ ਹਨ ਅਤੇ ਉਸੇ ਪੈਸੇ ਦੀ ਠੀਕ ਵਰਤੋਂ ਕੀਤੀ ਜਾ ਰਹੀ ਹੈ । ਇਹ ਕੰਮ ਪਿੰਡਾਂ ਦੇ ਵਿਚ ਉੱਨਤ ਗ੍ਰਾਮ ਸਕੀਮ ਅਧੀਨ ਹੋ ਸਕਿਆ ਹੈ । ਇਸ ਸਕੀਮ ਅਧੀਨ 5 ਕੰਪੋਨੈਂਟ ਤਿਆਰ ਕੀਤੇ ਜਾਂਦੇ ਹਨ—ਚਾਹੇ ਉਸ ਦਾ ਐਸਟੀਮੇਟ 50 ਲੱਖ ਰੁਪਏ ਦਾ ਹੋਵੇ, ਪਿੰਡ ਛੋਟਾ ਹੋਵੇ ਜਾਂ ਵੱਡਾ ਹੋਵੇ, ਸਰਦਾਰ ਬੇਅੰਤ ਸਿੰਘ ਨੇ ਕਿਹਾ ਹੈ ਕਿ ਇਸ ਦਾ ਮੈਨੂੰ ਕੋਈ ਮਤਲਬ ਨਹੀਂ ਹੈ, ਪਿੰਡ ਦਾ ਵਿਕਾਸ ਹੋਣਾ ਚਾਹੀਦਾ ਹੈ, ਖਰਚਾ ਬੇਸ਼ਕ ਜਿੰਨਾ ਮਰਜ਼ੀ ਹੋਵੇ । ਇਹ ਸਾਰਾ ਕੁਝ ਉਨਤ ਗ੍ਰਾਮ ਸਕੀਮ ਅਧੀਨ ਕੀਤਾ ਜਾ ਰਿਹਾ ਹੈ । ਸਪੀਕਰ ਸਾਹਿਬ, ਜਿਤਨਾ ਚਿਰ ਪੰਜ ਕੰਪੋਨੈਂਟਸ ਤਿਆਰ ਨਹੀਂ ਹੋ ਜਾਂਦੇ, ਉਤਨੀ ਦੇਰ ਤਕ ਉੱਨਤ ਗ੍ਰਾਮ ਸਕੀਮ ਨਹੀਂ ਬਣੇਗੀ । ਪੰਜ ਕੰਪੋਨੈਂਟਸ ਅਧੀਨ ਨਾਲੀਆਂ, ਗਲੀਆਂ, ਫਿਰਨੀਆਂ, ਪਾਣੀ ਦਾ ਨਿਕਾਸ, ਲੈਟਰਨੀਜ਼ ਮੁਹਈਆ ਕਰਨੀਆਂ ਹਨ । ਪਿੰਡਾਂ ਦੀ ਸਭ ਤੋਂ ਵੱਡੀ ਪਰਾਬਲਮ ਹੁੰਦੀ ਸੀ ਕਿ ਭੈਣਾਂ ਸਵੇਰੇ ਉਠ ਕੇ ਖੇਤਾਂ ਵਿਚ ਜਾਂਦੀਆਂ ਸਨ । ਅੱਜ ਸਪੀਕਰ ਸਾਹਿਬ, ਉਨ੍ਹਾਂ ਭੈਣਾਂ ਨੂੰ

Original with;
Punjab Vidhan Sabha
Digitized by;
Punjab Digital Library

[ਸ਼੍ਰੀ ਮਲਕੀਤ ਸਿੰਘ ਬੀਰਮੀ]

ਰਾਹਤ ਮਿਲੀ ਹੈ. ਇਹ ਜਿਹੜੀ ਸਕੀਮ ਚਲਾਈ ਹੈ, ਇਹ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦੀ ਬੜੀ ਸ਼ਲਾਘਾਯੋਗ ਗੱਲ ਹੈ ।

Mr. Speaker: Would you like to conclude today or would you continue tomorrow ?

Sh. Malkit Singh Birmi : Yes, Sir. I will continue.

Mr. Speaker : O. K.

ਸ਼੍ਰੀ ਮਲਕੀਤ ਸਿੰਘ ਬੀਰਮੀ : ਜਦੋਂ ਸਪੀਕਰ ਸਾਹਿਬ, ਪਲਾਨਿੰਗ ਬੋਰਡ ਦੀ ਮੀਟਿੰਗ ਹੁੰਦੀ ਹੈ ਤਾਂ ਉਥੇ ਜਦੋਂ ਫੰਡਜ਼ ਅੱਲੋਕੇਟ ਕੀਤੇ ਜਾਂਦੇ ਹਨ, ਉਦੋਂ ਐਮ.ਐਲ. ਏ. ਵੀ ਵਿਚ ਹੁੰਦਾ ਹੈ । ਸ਼ਹਿਰਾਂ ਵਿਚ ਤਾਂ ਕਾਰਪੋਰੇਸ਼ਨਾਂ ਕੋਲ ਆਪਣੀ ਬਹੁਤ ਇਨਕਮ ਹੁੰਦੀ ਹੈ । ਪਿੰਡਾਂ ਨੂੰ ਸ਼ਹਿਰਾਂ ਦੇ ਬਰਾਬਰ ਲਿਆਉਣਾ ਤਾਂ ਕਿ ਪਿੰਡਾਂ ਦੇ ਲੋਕ ਇਹ ਨਾ ਕਹਿਣ ਕਿ ਸਰਕਾਰ ਸਾਡੇ ਨਾਲ ਕੋਈ ਵਿਤਕਰਾ ਕਰਦੀ ਹੈ । ਪਹਿਲਾਂ, ਸਪੀਕਰ ਸਾਹਿਬ, ਪਿੰਡਾਂ ਦੇ ਲੋਕ ਬੜਾ ਰੋਲਾ ਪਾਉਂਦੇ ਸੀ ਕਿ ਸਾਡੇ ਪਿੰਡਾਂ ਵਿਚ ਫਿਰਨੀਆਂ ਨਹੀ ਹਨ । ਨਾਲੀਆਂ ਵਾਸਤੇ ਪੈਸੇ ਨਹੀਂ ਆਏ । ਅੱਜ ਪਿੰਡਾਂ ਦੇ ਲੋਕਾਂ ਨੂੰ ਪਤਾ ਹੈ ਕਿ ਫੰਡਜ਼ ਮੰਗਣ ਦੀ ਲੋੜ ਨਹੀਂ ਹੈ, ਹਰ ਮਹੀਨੇ 16 ਤਾਰੀਖ ਤੋਂ 20 ਤਾਰੀਖ ਤਕ ਯੋਜਨਾਂ ਬੋਰਡ ਦੀ ਮੀਟਿੰਗ ਹੁੰਦੀ ਹੈ ਅਤੇ ਪੰਜ ਸੱਤ ਦਿਨਾਂ ਵਿਚ ਹੀ ਸਰਪੰਚ ਕੋਲ ਪੈਸੇ ਆ ਜਾਂਦੇ ਹਨ । ਹੁਣ ਪਿੰਡਾਂ ਦੇ ਲੋਕਾਂ ਨੂੰ ਤਸੱਲੀ ਹੈ। ਇਸ ਗੱਲ ਦੇ ਲਈ ਅਸੀਂ ਸਰਕਾਰ ਦੇ ਬਹੁਤ ਧੰਨਵਾਦੀ ਹਾਂ । ਮੈਨੂੰ ਪੂਰੀ ਉਮੀਦ ਹੈ ਕਿ ਜਲਦੀ ਤੋਂ ਜਲਦੀ ਪਿੰਡਾਂ ਦੀ ਨੁਹਾਰ ਬਦਲ ਜਾਵੇਗੀ । 1995-96 ਵਿਚ ਕਮਿਊਨਿਟੀ ਸੈਂਟਰਾਂ ਵਾਸਤੇ 5 ਕਰੋੜ ਰੁਪਿਆ ਰੱਖਿਆ ਗਿਆ ਹੈ । ਹਰ ਬਲਾਕ ਲੈਵਲ ਲਈ 205/- ਕਰੋੜ ਰੁਪਏ ਦੇ ਫੰਡ ਸਰਕਾਰ ਨੇ ਰੱਖੇ ਹਨ । ਮੈਂ ਇਕ ਬੇਨਤੀ ਜ਼ਰੂਰ ਕਰਨੀ ਚਾਹਵਾਂਗਾ ਕਿ ਕਮਿਊਨਿਟੀ ਸੈਂਟਰ ਡਾਕਟਰ ਸਾਹਿਬ ਨੇ ਹਰ ਬਲਾਕ ਪੱਧਰ ਤੇ ਇਕ, ਇਕ ਬਣਾਉਣੇ ਸ਼ੁਰੂ ਕੀਤੇ ਹਨ । ਮੈਂ ਇਹ ਬੇਨਤੀ ਕਰਾਂਗਾ ਕਿ ਕਿ ਜੇ ਇਹ ਹੋਰ ਵੀ ਬਣਾਏ ਜਾਣ ਤਾਂ ਬਹੁਤ ਅੱਛੀ ਗੱਲ ਹੋਵੇਗੀ । ਇਕ ਬਲਾਕ ਵਿਚ 5 ਪਿੰਡ ਪੈਂਦੇ ਹਨ । ਕਮਿਊਨਿਟੀ ਸੈਂਟਰ ਤਿਨਾਂ ਸਾਲਾਂ ਵਿਚ ਸਾਡੀ ਸਰਕਾਰ ਨੇ ਹੀ ਬਣਾਏ ਹਨ । ਹਾਲਾਂਕਿ ਤਿੰਨਾਂ ਸਾਲਾਂ ਵਿਚੋਂ ਡੇਢ ਸਾਲ ਤਾਂ ਅਤਿਵਾਦੀਆਂ ਨਾਲ ਨਜਿੱਠਣ ਤੇ ਨਿਕਲ ਗਿਆ । ਬਾਕੀ ਵੀ ਹੁਣ ਇਕ ਸਾਲ ਦਾ ਸਮਾਂ ਹੀ ਰਹਿ ਗਿਆ ਹੈ । ਆਉਣ ਵਾਲੇ ਸਮੇਂ ਵਿਚ ਮੈਂ ਇਹ ਕਹਿਣਾ ਚਾਹਵਾਂਗਾ ਕਿ ਹੋਰ ਵੱਧ ਗਿਣਤੀ ਵਿਚ ਕਮਿਊਨਿਟੀ ਸੈਂਟਰ ਸਰਕਾਰ ਵਲੋਂ ਮੁਹੱਈਆ ਕਰਨੇ ਚਾਹੀਦੇ ਹਨ ਤਾਂਕਿ ਪਿੰਡਾਂ ਦੇ ਲੋਕ ਵੀ ਅਨੰਦ ਮਾਣ ਸਕਣ । ਸਪੀਕਰ ਸਾਹਿਬ, ਧਰਮਸ਼ਾਲਾ ਬਣਾਉਣੀ ਅੱਛੀ ਗੱਲ ਹੈ । ਅਨੁਸੂਚਿਤ ਜਾਤੀਆਂ ਦੇ ਲੋਕ ਜਿਹੜੇ ਪਿੰਡਾਂ ਵਿਚ ਰਹਿੰਦੇ ਹਨ,ਉਨ੍ਹਾਂ ਵਾਸਤੇ ਬੜੀ ਮੁਸ਼ਕਿਲ ਸੀ । ਹੁਣ ਕੋਈ ਫੰਕਸ਼ਨ ਵਾਸਤੇ ਸਾਰੇ ਲੋਕ ਉਥੇ ਇਕੱਠੇ ਹੋ ਜਾਂਦੇ ਹਨ ਅਤੇ ਬੈਠਦੇ ਹਨ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਮੰਤਵ ਲਈ ਜੋ ਫੰਡ ਮੁਹੱਈਆ ਕੀਤਾ ਗਿਆ ਹੈ, ਇਹ ਫੰਡ ਹੋਰ ਵਧਾਇਆ ਜਾਣਾ ਚਾਹੀਦਾ ਹੈ ਤਾਂਕਿ ਧਰਮਸ਼ਾਲਾਵਾਂ ਨੂੰ ਅੱਛਾ ਰੂਪ ਦਿਤਾ ਜਾ ਸਕੇ ਅਤੇ ਧਰਮਸ਼ਾਲਾਵਾਂ ਹੋਰ ਚੰਗੀਆਂ ਬਣ ਸਕਣ ।

Mr. Speaker : The House stands adjourned till 9.00 A.M. on Wednesday, the 22nd March, 1995.

*7-00 P.M.

(The Sabha then adjourned till 9.00 A.M. on Wednesday, the 22nd March, 1995).*

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA DEBATES

Dated 21st March, 1995

(Afternoon Sitting)

Vol. IX-No. 14

UNSTARRED QUESTION AND ANSWER

Numbers of militants Killed in Police Encounters

458. **Comrade Hardev Arshi**: Will the Chief Minister be pleased to State—

(a) the number alongwith names and addresses of the militants killed in police encounters in district Mansa during the period from 15th April, 1992 to 31st January, 1995;

(b) the details of the arms/ammunition recovered from each of the deceased militants ?

Sardar Beant Singh: (a) & (b) The information is attached.

Information

Name and Addresses of the militants killed in Police Encounters And Details of Arms And Ammunition Recovered From each of the Deceased Militants in District Mansa during the period from 15th April, 1992 to 31st Jan., 1995.

Sr. No.	Name and addresses of Militants	Recovery of the deceased militants
1.	Tarsem Singh @ Piara Singh S/o Bavi Singh r/o Gharangna, PS Sdr. Mansa.	.. Revolver 38 Bore=1 Cartdgs.=10
2.	Sudagar Singh S/o Gurnam Singh r/o Raipur, PS Jourkian.	.. Rifle 315 Bore=1 Cartdgs.=25
3.	Jagjiwan Singh S/o Kartar Singh r/o Jhunir.	.. Pistol=1 Cartdgs.=5
4.	Davinder Singh S/o Gurcharan Singh r/o Mankhera PS Sardulgarh.	. Gun 12 Bore=1 Cartdgs.=5

Original with;
Punjab Vidhan Sabha
Digitized by;

5.	Balbir Singh S/o Mukhtiar Singh r/o Ghurkiani, PS Jhunir. ..	AK 56=1 Cartdgs.=25
6.	Lakhvir Singh S/o Jarnail Singh r/o Raipur, PS Jourkian. ..	AK 56=1 Cartdgs=25
7.	Jasvir Singh r/o Mala PS Jaito .	Pistol 7.65=1
8.	Gurmail Singh S/o Joginder Singh r/o Chananwal PS Nihal Singh Wala ..	Gun 12 Bore=1 Cartdgs.=3
9.	Kuker Singh S/o Ajaib Singh r/o Joga, ..	Gun 12 Bore=1 Cartdgs.=5
10.	Navroop Singh S/o Govind Singh r/o Chotian. ..	AK 56=2 Cartdgs.=125
11.	Jasvir Singh S/o Jagga Singh r/o Ralla, PS Joga. ..	Exp. Mater.
12.	Nazar Singh S/o Bishan Singh r/o Khara, PS Sdr, Mansa ..	Pistol 38 Bore=1 Cartdgs=7
13.	Ranjit Sihgh S/o Gurcharan Singh r/o Dhilwan. .	Rifle 303 Bore=1 Cartdgs.=5
14.	Chaggar Singh r/o Burj Dhilwan PS Sdr. Mansa. ..	Rifle 303 Bore=1 Cartdgs.=10
15.	Gurdip Singh S/o Kaur Singh r/o Makha PS Jourkian. ..	Revolver 38 Bore=1 Cartdgs.=6
16.	Darshan Singh S/o Chand Singh r/o Kiol PS Kalianwali. ..	Gun=1
17.	Darshan Singh S/o Santa Singh r/o Uddat Bhagat Ram, PS Jourkian. ..	Gun 12 Bore=1
18.	Nazar Singh S/o Kartar Singh Jat r/o Khalan PS Budhlada. ..	Revolver 455 Bore=1
19.	Jupa Singh S/o Nazar Singh r/o Hussanpur PS Bhikhi. ..	Pistol 315 Bore=1 Cartdgs.=3

Original with;
Punjab Vidhan Sabha
Digitized by;
Punjab Digital Library

20.	Makhan Singh S/o Bachittar Singh r/o Khiala Kalan PS Sdr. Mansa	..	Revolver 455 Bore=1 Cartdgs.=2
21.	Angrez Singh S/o Bagha Singh r/o Barnala.	..	Mouser=1
22.	Resham Singh S/o Balkar Singh r/o Thandal District Amritsar.		Rifle AK-56=1
23	Surinder Singh S/o Labh Singh r/o Dhotian.	..	AK-56=1
24.	Gurdev Singh S/o Nazar Singh r/o Burj Dhilwan.	..	Rifle-303=1 Cartdgs.=25
25.	Raj Singh S/o Bhag Singh r/o Ubhwal District Sangrur.	..	Gun 12 Bore=1 Cartdgs.=3
26.	Gamdur Singh S/o Niranjan Singh r/o Gadder Patti Boha.	..	AK-47=1
27.	Mohinder Singh @ Mindi S/o Arjun Singh r/o Rioud Kalan.	..	Gun 12 Bore=1 Cartdgs=3
28.	Ajaib Singh S/o Madan Singh r/o Mander.	..	Rifle 455 Bore=1
29.	Kulwant Singh @ Kanta r/o Diarpur Khurd.	.	Rifle 303 Bore=1 Cartdgs.=10
30.	Gurmail Singh S/o Ram Chand r/o Rampur Mander PS Boha.	..	Gun 12 Bore=1
31.	Bhola Singh S/o Sham Singh r/o Chakerian PS Sdr. Mansa.	.	AK-47=1 Magazine=2
32.	Balwinder Singh S/o Gurdial Singh r/o Jagjitpura.	..	Rifle 303=2 Cartdgs=31
33.	Sukhwinder S/o Shamsher Singh r/o Fatehgarh Sanaha, PS Dhanaula	..	Bomb Desi=1
34.	Kirandeep Singh @ Charan r/o Mehna District Faridkot.	..	Rifle 315 Bore=1 Cartdgs.=2

Original with;
Punjab Vidhan Sabha
Digitized by;
Panjab Digital Library

35. Lodi @ Jagmohan Kaur W/o Kirandeep Singh @ Charan Singh r/o Mehna Distt. Faridkot.	..	AK-47=1 Magzine=2 Cartdgs.=8
36. Amrik Singh @ Biru S/o Ajit Singh r/o Khara, PS Sdr. Mansa.	..	AK-56=1 Cartdgs=25
37. Davinder Singh @ Kala S/o Jowan Singh r/o Bhakoura Kalan, PS Moonak.	..	Pistol 12 Bore=1 Desi Cartdgs.=4
38. to 47. Unknown Militants.	..	AK-47=1
	..	Pistol=1
	..	Gun=4
	..	Rifle=2
	.	Cartdgs.=47
	..	Mouser=1
	..	Bomb—1

1529 —15-9-95—305 ਕਾਪੀਆਂ —ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Original with;
Punjab Vidhan Sabha
Digitized by;
Punjab Digital Library

Original with;
Punjab Vidhan Sabha
Digitized by;
Punjab Digital Library

© 1995

Published under the authority of the Punjab Vidhan Sabha and printed by the Controller, Printing and Stationery, Punjab at the Govt. Press, Patiala.

Original with;
Punjab Vidhan Sabha
Digitized by;
Punjab Digital Library

PUNJAB VIDHAN SABHA

DEBATES

22nd March, 1995

Vol. IX-No. 15

OFFICIAL REPORT

CONTENTS

Wednesday, the 22nd March, 1995

		PAGE
Starred Questions and Answers	..	(15)1
Unstarred Questions and Answers	..	(15)27
Presentation of Third Report of the Business Advisory Committee	..	(15)33
Question of Privilege	..	(15)35
Observation by the Speaker *re.* Point of Order	..	(15)36
Withdrawal of Members from the House	..	(15)38
Walk-out	..	(15)41
Call Attention Notice under Rule 66	..	(15)42
Walk-out	..	(15)44
Presentation of Reports of the Committees	..	(15)45
Resumption of General Discussion on the Budget Estimates for the year 1995-96	..	(15)45
Statement by Chief Minister *re.* observance of good behaviour and setting up good traditions by the Members	..	(15)77
General Discussion on the Budget Estimates for the year 1995-96 (*Resumption*)	..	(15)79
Extension of time of the Sitting	..	(15)92
General Discussion on the Budget Estimates for the year 1995-96 (*Resumption*)	..	(15)92

Punjab Vidhan Sabha Secretariat, Chandigarh.

Price Rs.....

Original with;
Punjab Vidhan Sabha
Digitized by;
Punjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Wednesday, the 22nd March, 1995

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9-00 A.M. Mr. Speaker (Shri Harnam Das Johar) in the Chair.

STARRED QUESTIONS AND ANSWERS

ਰਾਜ ਵਿਚ ਨਵੀਆਂ ਸਬ-ਡਵੀਜ਼ਨਾਂ ਬਣਾਉਣੀਆਂ

*2563. **ਸਰਦਾਰ ਈਸ਼ਰ ਸਿੰਘ** : ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ ਨੂੰ ਸਬ-ਡਵੀਜ਼ਨ ਬਣਾਉਣ ਦੀ ਕੋਈ ਤਜਵੀਜ਼ ਹੈ, ਜੇਕਰ ਅਜਿਹਾ ਹੈ, ਤਾਂ ਕਦੋਂ ?

ਮਾਸਟਰ ਜਗੀਰ ਸਿੰਘ : ਹਾਂ ਜੀ । ਇਸ ਬਾਰੇ ਸਮੇਂ ਦੀ ਕੋਈ ਹੱਦ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ ।

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, ਇਹ ਜਿਹੜਾ ਮਾਛੀਵਾੜਾ ਕਸਬਾ ਹੈ, ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਇਸ ਧਰਤੀ ਨੂੰ ਪ੍ਰਾਪਤ ਹੈ । ਇਸ ਇਤਿਹਾਸਕ ਨਗਰ ਨੂੰ ਸਨਮਾਨ ਵਜੋਂ ਜਿਸ ਤਰ੍ਹਾਂ ਫਤਿਹਗੜ੍ਹ ਸਾਹਿਬ ਜ਼ਿਲ੍ਹਾ ਬਣਾਇਆ ਹੈ, ਇਸਨੂੰ ਸਬ-ਡਿਵੀਜ਼ਨ ਬਣਾਉਣ ਦਾ ਸਰਕਾਰ ਦਾ ਇਰਾਦਾ ਹੈ ਪਰ ਸਮਾਂ ਨਾ ਨਿਸ਼ਚਿਤ ਕਰਨ ਦੇ ਕੀ ਕਾਰਣ ਹਨ, ਇਹ ਮੈਂ ਸੱਤਿਕਾਰਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ।

ਰਾਜ ਮੰਤਰੀ : ਇਹ ਜੋ ਕਮੇਟੀ ਦੀਆਂ ਰਿਪੋਰਟਾਂ ਆਉਣੀਆਂ ਹਨ, ਉਨ੍ਹਾਂ ਤੇ ਫੈਸਲਾ ਲੈਣ ਦਾ ਮੁੱਖ ਮੰਤਰੀ ਜੀ ਨੂੰ ਅਖਤਿਆਰ ਹੈ । ਇਹ ਸਮਾਂ ਦੇਖ ਕੇ ਐਲਾਨ ਕਰਨਗੇ । ਬਾਕੀ ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਕਮਿਟਮੈਂਟ ਹੋ ਨਹੀਂ ਸਕਦੀ ।

ਸਰਦਾਰ ਧਨਵੰਤ ਸਿੰਘ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਮੇਟੀ ਦੀਆਂ ਰਿਪੋਰਟਾਂ ਅਜੇ ਆਉਣੀਆਂ ਬਾਕੀ ਹਨ, ਇਸ ਕਰਕੇ ਨਹੀਂ ਬਣਾਈ ਤਾਂ ਇਹੋ ਜਿਹੀ ਕਿਹੜੀ ਕਮੇਟੀ ਹੈ ਜਿਸ ਤੋਂ ਸੀ. ਐਮ. ਸਾਹਿਬ ਦੀਆਂ ਅਨਾਊਂਸਮੈਂਟਾਂ ਦੇ ਬਾਵਜੂਦ, ਹੁਕਮਾਂ ਦੇ ਬਾਵਜੂਦ, ਹੁਕਮਾਂ ਦੀ ਪਰਮਿਸ਼ਨ ਲੈਣੀ ਪੈਂਦੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਹੁਕਮ ਤਾਂ ਮੁੱਖ ਮੰਤਰੀ ਜੀ ਦਾ ਚਲੇਗਾ ਪਰ ਪ੍ਰੋਸੀਜਰ ਬੜਾ ਲੰਬਾ ਚੌੜਾ ਹੈ । ਸਾਰਾ ਠੀਕ ਕਰਕੇ ਹੀ ਗੱਲ ਚਲਦੀ ਹੈ ।

ਸਰਦਾਰ ਧਨਵੰਤ ਸਿੰਘ : ਮਾਨਯੋਗ ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਜਵਾਬ ਤੋਂ ਸੰਤੁਸ਼ਟ ਨਹੀਂ । ਸਾਰੀਆਂ ਕੰਡੀਸ਼ਨਾਂ ਪੂਰੀਆਂ ਹੋ ਚੁੱਕੀਆਂ ਹਨ । ਸੀ. ਐਮ. ਸਾਹਿਬ ਦੀ ਅਨਾਊਂਸਮੈਂਟ ਵੀ ਹੈ ਤਾਂ ਇਹ ਸਬ-ਡਿਵੀਜ਼ਨ ਕਿਉਂ ਨਹੀਂ ਬਣਾਈ ਜਾਂਦੀ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦਸਦਾ ਹਾਂ ਕਿ ਕਈ ਪੱਖ ਦੇਖਣੇ ਪੈਂਦੇ ਹਨ। ਜੋ ਲੋਕ ਉਥੇ ਰਹਿੰਦੇ ਹਨ, ਵਸਦੇ ਹਨ ਉਨ੍ਹਾਂ ਦੀ ਰਾਏ, ਨੂੰ ਵੀ ਧਿਆਨ ਵਿਚ ਰੱਖਣਾ ਪੈਂਦਾ ਹੈ। ਵੈਸੇ ਤਾਂ ਹਰ ਬੰਦਾ ਕਹਿ ਦਿੰਦਾ ਹੈ ਕਿ ਜ਼ਿਲ੍ਹਾ ਬਣਾ ਦਿਉ, ਸਬ-ਡਿਵੀਜ਼ਨ ਬਣਾ ਦਿਉ, ਸਬ-ਤਹਿਸੀਲ ਬਣਾ ਦਿਉ। ਸਾਰੀ ਗੱਲ ਨੂੰ ਘੋਖਣਾ ਪੈਂਦਾ ਹੈ। ਰਿਪੋਰਟਾਂ ਆਉਂਦੀਆਂ ਹਨ ਅਤੇ ਜੋ ਇਹ ਪ੍ਰਾਸੈੱਸ ਹੈ, ਇਸਦੇ ਖਤਮ ਹੋਣ ਤੋਂ ਬਾਅਦ ਦੇਖਿਆ ਜਾਂਦਾ ਹੈ ਕਿ ਆਇਆ ਤਹਿਸੀਲ ਦੀ ਲੋੜ ਹੈ ਜਾਂ ਨਹੀਂ, ਸਬ- ਡਿਵੀਜ਼ਨ ਦੀ ਲੋੜ ਹੈ ਜਾਂ ਨਹੀਂ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ 10 ਅਪ੍ਰੈਲ 1994 ਨੂੰ ਬਰੇਟਾ ਮੰਡੀ ਵਿਚ ਬਹੁਤ ਵੱਡੇ ਪਬਲਿਕ ਇਕੱਠ ਵਿਚ ਸੀ. ਐਮ. ਸਾਹਿਬ ਨੇ ਬਰੇਟਾ ਨੂੰ ਸਬ-ਤਹਿਸੀਲ ਬਣਾਉਣ ਦਾ ਐਲਾਨ ਕੀਤਾ ਸੀ ਪਰ ਇਸ ਗੱਲ ਨੂੰ ਹੁਣ ਸਾਲ ਹੋ ਗਿਆ ਹੈ। ਇਹ ਕੰਮ ਕਦੋਂ ਸ਼ੁਰੂ ਹੋਣਾ ਹੈ ? ਮੰਡੀ ਦੇ ਲੋਕਾਂ ਨੇ ਤਾਂ ਟੈਂਪਰੇਰੀ ਜਗ੍ਹਾ ਦਾ ਪ੍ਰਬੰਧ ਵੀ ਕਰ ਦਿੱਤਾ ਹੈ। ਕੀ ਮੰਤਰੀ ਜੀ ਦੱਸਣਗੇ ਕਿ ਇਸ ਸਬੰਧੀ ਕੰਮ ਕਦੋਂ ਸ਼ੁਰੂ ਕਰ ਦਿੱਤਾ ਜਾਵੇਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਦੁਬਾਰਾ ਬੇਨਤੀ ਕਰਨੀ ਚਾਹੁੰਦਾ ਹਾਂ ਮੈਂਬਰ ਸਾਹਿਬ ਨੂੰ, ਇਹ ਏਡੇ ਸਿਆਣੇ ਅਤੇ ਸੁਲਝੇ ਹੋਏ ਰਿਪਰਜ਼ੈਂਟੇਟਿਵ ਹਨ, ਮੈਂ ਦੱਸਦਾ ਹਾਂ ਕਿ ਪਹਿਲਾਂ ਜ਼ਿਲ੍ਹੇ ਦੇ ਅਫ਼ਸਰਾਂ ਦੀ ਮੀਟਿੰਗ ਹੁੰਦੀ ਹੈ, ਫਿਰ ਕਮਿਸ਼ਨਰ ਲੈਵਲ ਤੇ ਮੀਟਿੰਗ ਹੁੰਦੀ ਹੈ ਅਤੇ ਫਿਰ ਐਫ. ਸੀ. ਆਰ. ਲੈਵਲ ਤੇ ਮੀਟਿੰਗ ਹੁੰਦੀ ਹੈ। ਜਦੋਂ ਇਹ ਸਾਰੇ ਪ੍ਰਾਸੈੱਸ ਮੁਕੰਮਲ ਹੁੰਦੇ ਹਨ, ਉਦੋਂ ਸੋਚਿਆ ਜਾਂਦਾ ਹੈ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੰਤਰੀ ਜੀ ਦੱਸ ਰਹੇ ਹਨ ਕਿ ਪਹਿਲਾਂ ਜ਼ਿਲ੍ਹਾ ਲੈਵਲ ਤੇ ਰਿਕੁਮੈਂਡੇਸ਼ਨ ਹੁੰਦੀ ਹੈ, ਫਿਰ ਕਮਿਸ਼ਨਰ ਲੈਵਲ ਤੇ ਅਤੇ ਫੇਰ ਐਫ. ਸੀ. ਆਰ. ਲੈਵਲ ਤੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਵਾਲ ਇਹ ਸੀ ਕਿ ਜੋ ਮੁੱਖ-ਮੰਤਰੀ ਜੀ ਨੇ ਅਨਾਊਂਸਮੈਂਟ ਕੀਤੀ ਹੈ, ਜੇ ਉਹ ਇਸ ਸਾਰੇ ਪ੍ਰਾਸੈੱਸ ਤੋਂ ਬਿਨਾਂ ਹੀ ਕਰ ਦਿੱਤੀ ਤਾਂ ਕੀ ਇਹ ਉਸ ਅਨਾਊਂਸਮੈਂਟ ਨੂੰ ਰਿਕੁਗਨਾਈਜ਼ ਨਹੀਂ ਕਰਦੇ ? ਇਸੇ ਤਰ੍ਹਾਂ ਇਨ੍ਹਾਂ ਨੇ ਜੈਤੋ ਸਬ-ਡਿਵੀਜ਼ਨ ਅਤੇ ਇਕ ਹੋਰ ਸਬ-ਤਹਿਸੀਲ ਅਨਾਊਂਸ ਕੀਤੀ ਹੈ। ਕੀ ਉਹ ਵੀ ਮੰਤਰੀ ਜੀ ਨੇ ਰਿਕੁਗਨਾਈਜ਼ ਕੀਤੀ ਹੈ ਜਾਂ ਪ੍ਰਾਸੈੱਸ ਤੋਂ ਬਾਅਦ ਰਿਕੁਗਨਾਈਜ਼ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਲੋਕਾਂ ਦੀ ਕਨਵੀਨੀਐਂਸ ਵਾਸਤੇ, ਲੋਕਾਂ ਦੇ ਆਰਾਮ ਵਾਸਤੇ ਅਸੀਂ ਜ਼ਿਲ੍ਹੇ ਵੀ ਬਣਾਏ ਹਨ, ਕਈ ਸਬ-ਡਿਵੀਜ਼ਨਾਂ ਅਤੇ ਸਬ-ਤਹਿਸੀਲਾਂ ਵੀ ਬਣਾਈਆਂ ਹਨ। ਏਨੀਆਂ ਕਿਸੇ ਹੋਰ ਸਰਕਾਰ ਨੇ ਨਹੀਂ ਬਣਾਈਆਂ। ਜਿਹੜੀਆਂ ਕਮਿਟਮੈਂਟਸ ਮੈਂ ਕੀਤੀਆਂ ਹਨ, ਜਿਸ ਤਰ੍ਹਾਂ ਬਰੇਟਾ ਦੀ ਗੱਲ ਕੀਤੀ ਹੈ। ਮਾਨਯੋਗ ਮੈਂਬਰ ਸਰਦਾਰ ਧਨਵੰਤ ਸਿੰਘ ਜੀ ਖੁੱਲ੍ਹ ਕੇ ਗੱਲ ਕਹਿ ਨਹੀਂ ਸਕੇ, ਉਨ੍ਹਾਂ ਤੋਂ ਚੋਰੀ ਵੀ ਅਨਾਊਂਸਮੈਂਟ

Original with;
Punjab Vidhan Sabha
Digitized by;
Punjab Digital Library

ਕੀਤੀ ਹੈ । ਕੋਟਕਪੂਰਾ ਅਤੇ ਜੈਤੋ ਬਾਰੇ ਅਨਾਊਂਸਮੈਂਟ ਵੀ ਕੀਤੀ ਹੈ । ਇਸੇ ਤਰ੍ਹਾਂ ਹੋਰ ਵੀ ਕਈ ਅਨਾਊਂਸਮੈਂਟਸ ਕੀਤੀਆਂ ਹਨ ਜਿਸ ਤਰ੍ਹਾਂ ਕਿ ਜਲਾਲਾਬਾਦ ਹੈ । ਇਹ ਸਾਰੀਆਂ ਸਾਡੀਆਂ ਕਮਿਟਮੈਂਟਸ ਸਟੈਂਡ ਕਰਦੀਆਂ ਹਨ । ਬਾਕੀ ਇਸ ਦੇ ਵਿਚ ਬਾਕਾਇਦਾ ਪ੍ਰੋਸੀਜਰ ਫਾਲੋ ਕਰਨਾ ਪੈਂਦਾ ਹੈ । ਐਫ. ਸੀ. ਆਰ. ਨੇ ਸਾਰਾ ਰਿਕਾਰਡ ਪੂਰਾ ਕਰਨਾ ਹੁੰਦਾ ਹੈ । ਮਾਲ ਮੰਤਰੀ ਜੀ ਨੇ ਠੀਕ ਕਿਹਾ ਹੈ । ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਜਿਨੀਆਂ ਵੀ ਅਨਾਊਂਸਮੈਂਟਸ ਕੀਤੀਆਂ ਹਨ, ਉਹ ਸਾਰੀਆਂ ਅਸੀਂ ਸਿਰੇ ਚਾੜ੍ਹਾਂਗੇ ।

ਨਿਸ਼ਾਨ ਵਾਲੇ ਪ੍ਰਸ਼ਨ ਨੰ: 2616 ਅਤੇ 2617

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਕੀਤੇ ਗਏ ।)

ਪੀਣ ਵਾਲੇ ਪਾਣੀ ਦੀ ਕੁਨੈਕਸ਼ਨ ਫੀਸ

*2549. **ਸ਼੍ਰੀ ਵਿਜੇ ਕੁਮਾਰ ਸਾਥੀ** : ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਅਤੇ ਸ਼ਹਿਰਾਂ (ਵੱਖ-ਵੱਖ) ਵਿਚ ਪੀਣ ਵਾਲੇ ਪਾਣੀ ਦਾ ਪ੍ਰਾਈਵੇਟ ਕੁਨੈਕਸ਼ਨ ਲੈਣ ਲਈ ਇਸ ਵੇਲੇ ਕੁੱਲ ਕਿੰਨੀ ਰਾਸ਼ੀ ਸਕਿਉਰਿਟੀ ਵਜੋਂ ਅਤੇ ਕਿੰਨੀ ਰਾਸ਼ੀ ਕੁਨੈਕਸ਼ਨ ਫ਼ੀਸ ਵਜੋਂ ਲਈ ਜਾਂਦੀ ਹੈ ਅਤੇ ਇਕ ਪ੍ਰਾਈਵੇਟ ਕੁਨੈਕਸ਼ਨ ਵਿੱਚ ਖਪਤਕਾਰ ਕਿੰਨੀਆਂ ਟੂਟੀਆਂ ਲਗਾ ਸਕਦਾ ਹੈ ?

ਸ਼੍ਰੀ ਸੁਰਿੰਦਰ ਕਪੂਰ : ਜਨ ਸਿਹਤ ਵਿਭਾਗ ਵਲੋਂ ਰਾਜ ਦੇ ਪੇਂਡੂ ਇਲਾਕੇ ਵਿੱਚ ਪਾਣੀ ਦੀ ਸਮੱਸਿਆ ਵਾਲੇ ਸ਼ਨਾਖਤ ਕੀਤੇ ਪਿੰਡਾਂ ਅਤੇ 5 ਸ਼ਹਿਰੀ ਇਲਾਕੇ (ਫਰੀਦਕੋਟ, ਮੁਕਤਸਰ, ਅਨੰਦਪੁਰ ਸਾਹਿਬ, ਫਤਿਹਗੜ੍ਹ ਸਾਹਿਬ ਅਤੇ ਸਿਵਲ ਸਟੇਸ਼ਨ ਬਠਿੰਡਾ) ਦੀ ਜਲ ਸਪਲਾਈ ਦਾ ਕੰਮ ਕੀਤਾ ਜਾਂਦਾ ਹੈ । ਰਾਜ ਦੇ ਬਾਕੀ ਸ਼ਹਿਰਾਂ ਵਿੱਚ ਜਲ ਸਪਲਾਈ ਦਾ ਕੰਮ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ/ਨਗਰ ਪਾਲਿਕਾਵਾਂ ਵਲੋਂ ਕੀਤਾ ਜਾਂਦਾ ਹੈ ।

ਪੇਂਡੂ ਜਲ ਸਪਲਾਈ ਸਕੀਮ ਅਧੀਨ ਖਪਤਕਾਰ ਵਲੋਂ 60/- ਰੁਪਏ ਬਤੌਰ ਸਕਿਉਰਟੀ ਜਮ੍ਹਾਂ ਕਰਵਾਈ ਜਾਂਦੀ ਹੈ । ਇਸ ਤੋਂ ਇਲਾਵਾ ਇੱਕ ਪ੍ਰਾਈਵੇਟ ਕੁਨੈਕਸ਼ਨ ਲਈ ਕੁਨੈਕਸ਼ਨ ਫ਼ੀਸ 1,000/- ਰੁਪਏ ਆਮ ਜਨਤਾ ਵਲੋਂ ਅਤੇ 500/- ਰੁਪਏ ਪੀਲੇ ਕਾਰਡ ਹੋਲਡਰ ਵਲੋਂ ਚਾਰਜ ਕੀਤਾ ਜਾਂਦਾ ਹੈ । ਖਪਤਕਾਰ ਇੱਕ ਪ੍ਰਾਈਵੇਟ ਕੁਨੈਕਸ਼ਨ ਤੇ ਕੇਵਲ ਇੱਕ ਨਲਕਾ ਲਗਾ ਸਕਦਾ ਹੈ ।

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਜਿਹੜਾ ਜਵਾਬ ਦਿੱਤਾ ਹੈ, ਉਹ ਅਧੂਰਾ ਹੈ । ਇਹ ਮੇਰਾ ਸਵਾਲ ਪੜ੍ਹ ਲੈਣ, ਉਸ ਦੇ ਵਿਚ ਇਹ ਸਾਫ਼ ਲਿਖਿਆ ਹੈ—ਕੀ ਜਨ ਸਿਹਤ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਪਿੰਡਾਂ ਅਤੇ ਸ਼ਹਿਰਾਂ.....ਪਰ ਇਨ੍ਹਾਂ ਨੇ ਵੇਰਵਾ ਕੇਵਲ ਪਿੰਡਾਂ ਦਾ ਹੀ ਦਿੱਤਾ ਹੈ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਨ੍ਹਾਂ ਨੇ ਦਸਿਆ ਹੈ ਕਿ ਇਨ੍ਹਾਂ ਨੇ 5 ਸ਼ਹਿਰ ਆਪਣੇ ਕੋਲ ਰੱਖੇ ਹਨ ਅਤੇ ਉਨ੍ਹਾਂ ਨੂੰ ਹੀ ਇਹ ਡੀਲ ਕਰਦੇ ਹਨ । ਜਿਵੇਂ ਫਰੀਦਕੋਟ, ਮੁਕਤਸਰ, ਅਨੰਦਪੁਰ ਸਾਹਿਬ, ਫਤਹਿਗੜ੍ਹ ਸਾਹਿਬ ਅਤੇ ਸਿਵਲ ਸਟੇਸ਼ਨ ਬਠਿੰਡਾ । ਬਾਕੀ ਸ਼ਹਿਰਾਂ ਵਿਚ ਇਹ ਕੰਮ ਸੀਵਰੇਜ ਬੋਰਡ/ਮਿਉਂਸਿਪੈਲਿਟੀਆਂ ਕਰਦੀਆਂ ਹਨ । ਤੁਸੀਂ ਇਨ੍ਹਾਂ ਦਾ ਪੂਰਾ ਜਵਾਬ ਪੜ੍ਹੋ । ਇਹ ਸਾਰੇ ਅਰਬਨ ਏਰੀਆਜ਼ ਨਾਲ ਡੀਲ ਨਹੀਂ ਕਰਦੇ, ਸਿਰਫ 4-5 ਸ਼ਹਿਰਾਂ ਨਾਲ ਹੀ ਡੀਲ ਕਰਦੇ ਹਨ ।

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਮੇਰੇ ਸਵਾਲ ਦਾ ਜਵਾਬ ਅਧਾ ਹੈ । ਇਨ੍ਹਾਂ ਨੇ ਦਸਿਆ ਹੈ ਕਿ.....

ਰਾਜ ਮੰਤਰੀ : ਸਪੀਕਰ ਸਾਹਿਬ. ਮੈਂ ਇਨ੍ਹਾਂ ਨੂੰ ਬੜੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਹੈ । ਜਿਹੜੇ 5 ਸ਼ਹਿਰ ਲਿਖੇ ਹਨ, ਉਨ੍ਹਾਂ ਵਿਚ ਹੀ ਵਾਟਰ ਸਪਲਾਈ ਦਾ ਕੰਮ ਜਨ ਸਿਹਤ ਵਿਭਾਗ ਕਰਦਾ ਹੈ ਅਤੇ ਜੋ ਸਥਾਨਕ ਸਰਕਾਰਾਂ ਦੇ ਪਾਣੀ ਦੇ ਰੇਟ ਹਨ, ਉਨ੍ਹਾਂ ਦੇ ਮੁਤਾਬਿਕ ਹੀ ਅਸੀਂ ਰੇਟ ਚਾਰਜ ਕਰਦੇ ਹਾਂ ।

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਸਰਕਾਰ ਰੋਜ਼ ਇਸ ਗੱਲ ਦਾ ਦਮ ਭਰਦੀ ਹੈ ਕਿ ਅਸੀਂ ਪਿੰਡਾਂ ਨੂੰ ਬਹੁਤ ਸਹੂਲਤਾਂ ਦਿੱਤੀਆਂ ਹਨ । ਰਾਜ ਦੀ ਕੁੱਲ ਜਨਸੰਖਿਆ ਦਾ 80% ਹਿੱਸਾ ਪਿੰਡਾਂ ਵਿਚ ਹੈ । ਪਿੰਡਾਂ ਦੇ ਲੋਕਾਂ ਕੋਲੋਂ ਕੁਨੈਕਸ਼ਨ ਵਾਸਤੇ 1000 ਰੁਪਿਆ ਅਤੇ 500 ਰੁਪਿਆ ਪੀਲੇ ਕਾਰਡਾਂ ਵਾਲਿਆਂ ਤੋਂ ਲਿਆ ਜਾਂਦਾ ਹੈ । ਇਹ ਪਿੰਡਾਂ ਦੇ ਲੋਕਾਂ ਤੇ ਬੜਾ ਭਾਰੀ ਬੋਝ ਹੈ । ਕੀ ਮੰਤਰੀ ਜੀ ਇਸ ਬੋਝ ਨੂੰ ਘਟਾਉਣ ਦਾ ਕੋਈ ਵਿਚਾਰ ਰੱਖਦੇ ਹਨ ?

ਰਾਜ ਮੰਤਰੀ : ਨਹੀਂ ਜੀ, ਹਾਲੇ ਕੋਈ ਵਿਚਾਰ ਨਹੀਂ ਕੀਤਾ ਜਾ ਸਕਦਾ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਪਿਛਲੇ ਸੈਸ਼ਨ ਵਿਚ ਇਹ ਗੱਲ ਕਹੀ ਸੀ ਕਿ ਕੁਨੈਕਸ਼ਨ ਵਾਸਤੇ ਜਿਹੜੀ ਪਾਈਪ ਕਿਸੇ ਦੇ ਘਰ ਤੱਕ ਜਾਂਦੀ ਹੈ, ਉਹ ਪਾਈਪ ਸਰਕਾਰ ਵਲੋਂ ਲਾ ਕੇ ਦਿੱਤੀ ਜਾਵੇਗੀ ਜਿਸ ਕਰਕੇ ਇਹ ਰੇਟ ਵਧਾਏ ਗਏ ਹਨ । ਇਨ੍ਹਾਂ ਨੇ ਦਸਿਆ ਹੈ ਕਿ 1,000 ਰੁਪਿਆ ਆਮ ਲੋਕਾਂ ਤੋਂ ਅਤੇ 500 ਰੁਪਿਆ ਪੀਲੇ ਕਾਰਡ ਵਾਲਿਆਂ ਤੋਂ ਚਾਰਜ ਕੀਤਾ ਜਾਂਦਾ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੁਨੈਕਸ਼ਨ ਲੈਣ ਵਾਲੇ ਦੇ ਘਰ ਪਾਈਪ ਇਹ ਆਪਣੇ ਕੋਲੋਂ ਪਾਉਂਦੇ ਹਨ ਜਾਂ ਨਹੀਂ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜੇ ਪਿੰਡ ਇਸ ਕੰਮ ਵਾਸਤੇ ਆਈਡੈਂਟੀਫਾਈ ਕੀਤੇ ਜਾਂਦੇ ਹਨ, ਉਨ੍ਹਾਂ ਪਿੰਡਾਂ ਦੀਆਂ ਗਲੀਆਂ ਵਿਚ ਵੀ ਪਾਈਪ ਸਰਕਾਰ ਵਲੋਂ ਹੀ ਪਾਈ ਜਾਂਦੀ ਹੈ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੰਤਰੀ ਜੀ ਵੱਲੋਂ ਜਿਹੜੇ ਰੇਟ ਪੜ੍ਹ ਕੇ ਸੁਣਾਏ ਗਏ ਹਨ, ਉਹ ਗਰੀਬ ਜਨਤਾ ਦੇ ਵਾਸਤੇ ਬਹੁਤ ਜ਼ਿਆਦਾ ਹਨ । ਗਰੀਬ

Original with;
Punjab Vidhan Sabha
Digitized by;
Panjab Digital Library

ਲੋਕਾਂ ਨੂੰ ਪੀਣ ਵਾਲਾ ਪਾਣੀ ਵੀ ਸਸਤਾ ਨਸੀਬ ਨਹੀਂ ਹੁੰਦਾ । ਇਸ ਮਸਲੇ ਨੂੰ ਲੈ ਕੇ ਐਜੀਟੇਸ਼ਨਜ਼ ਵੀ ਹੋਈਆਂ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਇਹ ਰੇਟ ਘਟਾਏ ਜਾਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਬੜੇ ਵਿਸਥਾਰ ਨਾਲ ਪਹਿਲਾਂ ਦਸ ਚੁੱਕਾ ਹਾਂ । ਗਰੀਬ ਲੋਕਾਂ ਨੂੰ ਪਾਣੀ ਦੀ ਮੁਫਤ ਸਪਲਾਈ ਸਟੈਂਡ ਪੋਸਟਾਂ ਰਾਹੀਂ ਕੀਤੀ ਜਾਂਦੀ ਹੈ । ਇਹ ਜਿਹੜੇ ਰੇਟ ਹਨ, ਇਹ ਤਾਂ ਉਨ੍ਹਾਂ ਲੋਕਾਂ ਵਾਸਤੇ ਹਨ ਜਿਨ੍ਹਾਂ ਨੇ ਨਿੱਜੀ ਕੁਨੈਕਸ਼ਨ ਲੈਣੇ ਹੁੰਦੇ ਹਨ ।

ਰਈਆ ਅਤੇ ਤਰਸਿੱਕਾ ਬਲਾਕਾਂ ਵਿੱਚ ਦਿਹਾਤੀ ਪਾਣੀ ਸਪਲਾਈ ਸਕੀਮਾਂ

*2426. **ਡਾਕਟਰ ਬੀਰ ਪਵਨ ਕੁਮਾਰ ਭਾਰਦਵਾਜ :** ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਅੰਮ੍ਰਿਤਸਰ ਦੇ ਰਈਆ ਅਤੇ ਤਰਸਿੱਕਾ ਬਲਾਕਾਂ ਵਿਚ ਸਾਲ 1993-94 ਅਤੇ 1994-95 (ਅੱਜ ਤੱਕ) ਦੌਰਾਨ ਕਿਤਨੇ ਪਿੰਡਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਨ ਦੀਆਂ ਸਕੀਮਾਂ ਲਾਗੂ ਕੀਤੀਆਂ ਗਈਆਂ ਅਤੇ ਇਨ੍ਹਾਂ ਵਿਚੋਂ ਕਿੰਨੇ ਪਿੰਡਾਂ ਵਿਚ ਇਨ੍ਹਾਂ ਸਕੀਮਾਂ ਅਧੀਨ ਸੌ ਫ਼ੀਸਦੀ ਕੰਮ ਪੂਰਾ ਹੋ ਚੁੱਕਿਆ ਹੈ ?

ਸ਼੍ਰੀ ਸੁਰਿੰਦਰ ਕਪੂਰ : ਜਨ ਸਿਹਤ ਵਿਭਾਗ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਬਲਾਕ ਰਈਆ ਅਤੇ ਤਰਸਿੱਕਾ ਵਿੱਚ 1993-94 ਅਤੇ 1994-95 ਵਿੱਚ ਜੋ ਸਕੀਮਾਂ ਲਾਗੂ ਕੀਤੀਆਂ ਗਈਆਂ ਹਨ, ਉਨ੍ਹਾਂ ਦਾ ਵੇਰਵਾ ਹੇਠ ਅਨੁਸਾਰ ਹੈ :—

ਲੜੀ ਨੰ:	ਬਲਾਕ	ਸਾਲ	ਪਿੰਡਾਂ/ਸਕੀਮਾਂ ਦੀ ਗਿਣਤੀ ਜਿਹੜੀਆਂ ਲਾਗੂ ਕੀਤੀਆਂ ਗਈਆਂ		ਪਿੰਡਾਂ ਦੀ ਗਿਣਤੀ ਜਿਨ੍ਹਾਂ ਵਿੱਚ 100% ਕੰਮ ਮੁਕੰਮਲ ਕੀਤਾ ਗਿਆ
1	2	3	4		5
			ਸਕੀਮਾਂ	ਪਿੰਡ	
1.	ਰਈਆ	1993-94	1	3	ਇਨ੍ਹਾਂ ਸਕੀਮਾਂ ਅਧੀਨ ਪਾਣੀ ਦੀਆਂ ਟੈਂਕੀਆਂ ਦੀ ਉਸਾਰੀ ਅਜੇ ਬਕਾਇਆ ਹੈ ।
2.	ਰਈਆ	1994-95	3	7	
3.	ਤਰਸਿੱਕਾ	1993-94	4	6	
4.	ਤਰਸਿੱਕਾ	1994-95	1	1	

Original with;
Punjab Vidhan Sabha
Digitized by;
Panjab Digital Library

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਿਛਲੇ ਸੈਸ਼ਨ ਵਿੱਚ ਵਾਅਦਾ ਕੀਤਾ ਸੀ ਕਿ ਰੱਈਆ ਅੌਰ ਤਰਸਿੱਕਾ ਦੀਆਂ ਜ਼ਿਹੜੀਆਂ ਵਾਟਰ ਸਕੀਮਾਂ ਸਨ, ਇਹ ਦਸੰਬਰ, 1994 ਤੱਕ ਪੂਰੀਆਂ ਕਰ ਦਿੱਤੀਆਂ ਜਾਣਗੀਆਂ । ਮਤਲਬ ਕਿ 100% ਪੂਰੀਆਂ ਕਰ ਦਿੱਤੀਆਂ ਜਾਣਗੀਆਂ । ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ 100% ਵਿੱਚ ਜਿਹੜੇ ਕੰਮ ਮੁਕੰਮਲ ਹੁੰਦੇ ਹਨ, ਉਸ ਅਨੁਸਾਰ ਕੀ ਕੀ ਕੰਮ ਮੁਕੰਮਲ ਕਰਦੇ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਰੱਈਆ ਅੌਰ ਤਰਸਿੱਕਾ ਲਈ ਜੋ ਪਾਣੀ ਦੀ ਸਕੀਮ ਹੈ, ਉਥੇ ਪਾਣੀ ਦੀ ਸਪਲਾਈ ਸ਼ੁਰੂ ਕਰ ਦਿੱਤੀ ਹੈ । ਇਕ ਪਾਈਪ ਹੁੰਦੀ ਹੈ ਟੈਂਕੀ ਬਨਾਉਣ ਦੀ ਅੌਰ ਪਾਣੀ ਦੀ ਟੈਂਕੀ ਬਨਾਉਣ ਵਾਸਤੇ ਬੜੀਆਂ ਫਾਰਮੈਲਟੀਜ਼ ਹੁੰਦੀਆਂ ਹਨ ਜ ਪੂਰੀਆਂ ਕਰਨੀਆਂ ਪੈਂਦੀਆਂ ਹਨ । ਇਸ ਦੇ ਵਾਸਤੇ ਟੈਂਡਰ ਕਾਲ ਕੀਤੇ ਹੋਏ ਹਨ । ਕੁਝ ਟੈਂਕੀਆਂ ਮਈ, 1995 ਤੱਕ ਅੌਰ ਕੁਝ ਸਤੰਬਰ, 1995 ਤੱਕ ਬਣਾ ਕੇ ਦੇ ਦਿੱਤੀਆਂ ਜਾਣਗੀਆਂ । ਬਾਕੀ ਸਾਰਾ ਕੰਮ ਪੂਰਾ ਕਰ ਦਿੱਤਾ ਗਿਆ ਹੈ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ 1993-94 ਵਿੱਚ ਇਕ ਪਾਣੀ ਦੀ ਸਕੀਮ ਰੱਈਆ ਬਲਾਕ ਵਾਸਤੇ ਸੀ ਅੌਰ 1994-95 ਵਿੱਚ ਤਿੰਨ ਸਕੀਮਾਂ ਸਨ । ਏਸੇ ਤਰ੍ਹਾਂ ਤਰਸਿੱਕਾ ਵਿਚ 1993-94 ਵਿਚ ਚਾਰ ਸਕੀਮਾਂ ਸਨ ਅੌਰ 1994-95 ਵਿਚ ਇਕ ਸੀ । ਇਨ੍ਹਾਂ ਸਾਰੇ ਪਿੰਡਾਂ ਵਿਚ ਟੈਂਕੀਆਂ ਬਨਾਉਣ ਵਾਸਤੇ ਇਨ੍ਹਾਂ ਨੇ ਕਿਹਾ ਹੈ ਕਿ ਟੈਂਡਰ ਕਾਲ ਕੀਤੇ ਗਏ ਹਨ । ਸਪੀਕਰ ਸਾਹਿਬ, ਕੀ ਇਨ੍ਹਾਂ ਸਾਰੇ ਪਿੰਡਾਂ ਵਿਚ ਪਾਈਪ ਲਾਈਨ ਵਿਛਾ ਚੁੱਕੇ ਹਨ ? ਮੰਤਰੀ ਜੀ ਇਸ ਬਾਰੇ ਜਾਣਕਾਰੀ ਦੇ ਦੇਣ ।

ਰਾਜ ਮੰਤਰੀ : ਸਪੀਕਰ ਸਾਹਿਬ, ਜੋ ਪਿੰਡ ਆਈਡੈਂਟੀਫਾਈ ਕੀਤੇ ਗਏ ਸਨ, ਜੋ ਡੀਜ਼ਾਈਨ ਤਿਆਰ ਕੀਤੇ ਗਏ ਸਨ, ਉਸ ਮੁਤਾਬਿਕ ਅਸੀਂ ਪਾਈਪ ਲਾਈਨਾਂ ਅੌਰ ਪਾਣੀ ਟੈਂਕੀਆਂ ਬਨਾਉਣੀਆਂ ਹਨ ਅੌਰ ਜੋ ਓਵਰ-ਹੈਡ ਟੈਂਕ ਬਨਾਉਣੇ ਸੀ, ਇਸਦੇ ਬਾਰੇ ਮੈਂ ਦੱਸਿਆ ਹੈ ਕਿ ਕੁਝ ਟੈਂਕੀਆਂ ਮਈ, 1995 ਤੱਕ ਅੌਰ ਕੁਝ ਸਤੰਬਰ, 1995 ਤੱਕ ਮੁਕੰਮਲ ਕਰ ਦੇਵਾਂਗੇ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ: ਸਪੀਕਰ ਸਾਹਿਬ, ਮੈਂ ਪੁੱਛਿਆ ਸੀ ਕਿ ਪਾਈਪ ਲਾਈਨ ਵਿਛਾ ਚੁੱਕੇ ਹਨ ਜਾਂ ਨਹੀਂ, ਟੈਂਕੀਆਂ ਬਾਰੇ ਤਾਂ ਮੈਂ ਪੁੱਛਿਆ ਹੀ ਨਹੀਂ ।

ਰਾਜ ਮੰਤਰੀ : ਸਪੀਕਰ ਸਾਹਿਬ, ਪਾਈਪ ਲਾਈਨ ਬਾਰੇ ਮੈਂ ਦੱਸਿਆ ਹੈ ਕਿ ਜਿਹੜੇ ਪਿੰਡ ਸਕੀਮ ਵਿਚ ਸੀ, ਉਥੇ ਪਾਈਪ ਲਾਈਨ ਵਿਛਾ ਦਿੱਤੀ ਗਈ ਹੈ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ਕੰਮ ਅਧੂਰਾ ਹੋਇਆ ਹੈ । ਉਥੇ ਪਾਈਪ ਲਾਈਨ ਪਈ ਨਹੀਂ । ਇਸ ਲਈ ਮੈਂ ਬੇਨਤੀ

Original with;
Punjab Vidhan Sabha
Digitized by;
Panjab Digital Library

ਕਰਾਂਗਾ ਕਿ ਵਿਧਾਨ ਸਭਾ ਦੇ ਰੂਲਜ਼ ਆਫ ਪਰੋਸੀਜ਼ਰ ਦੇ ਸਫ਼ਾ 37 ਤੇ ਰੂਲ ਨੰ: 50 ਹੈ, ਉਸਦੇ ਮੁਤਾਬਿਕ ਤੁਸੀਂ ਅੱਧੇ ਘੰਟੇ ਦੀ ਡਿਸਕਸ਼ਨ ਕਰਵਾ ਦਿਓ ਜਿਸ ਅਨੁਸਾਰ ਇਹ ਸਾਬਤ ਹੋ ਜਾਵੇਗਾ ਕਿ ਉਥੇ ਪਾਈਪ ਲਾਈਨ ਪਈ ਹੈ ਜਾਂ ਨਹੀਂ ।

ਸ਼੍ਰੀ ਸਪੀਕਰ : ਡਿਸਕਸ਼ਨ ਦੇ ਨਾਲ ਤਾਂ ਪਾਈਪ ਪੈਣ ਨਹੀਂ ਲੱਗੀ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਜਾਂ ਫਿਰ ਮੰਤਰੀ ਜੀ ਕੋਲੋਂ ਤਸੱਲੀਬਖਸ਼ ਜਵਾਬ ਦਿਵਾਓ ਜਾਂ ਫਿਰ ਡਿਸਕਸ਼ਨ ਕਰਾਓ । ਤੁਹਾਡੇ ਆਪਣੇ ਹੀ ਰੂਲ ਬਣਾਏ ਹੋਏ ਹਨ । ਤੁਹਾਡੀ ਪਾਵਰ ਵਿੱਚ ਹੈ ਜੀ, ਮੈਂ ਉਸ ਮੁਤਾਬਿਕ ਬੇਨਤੀ ਕੀਤੀ ਹੈ ।

ਸ਼੍ਰੀ ਸਪੀਕਰ : ਡਿਸਕਸ਼ਨ ਕਰਵਾਉਣ ਦੇ ਨਾਲ ਤਾਂ ਪਾਈਪ ਲਾਈਨ ਨਹੀਂ ਪੈ ਜਾਣੀ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੂੰ ਭੁਲੇਖਾ ਹੈ ਜੀ । ਜਿਹੜਾ ਐਸਟੀਮੇਟ ਤਿਆਰ ਕੀਤਾ ਜਾਂਦਾ ਹੈ, ਉਸ ਅਨੁਸਾਰ ਪਾਈਪ ਲਾਈਨ ਦਾ ਕੰਮ ਮੁਕੰਮਲ ਹੋ ਚੁੱਕਾ ਹੈ । ਇਨ੍ਹਾਂ ਨੂੰ ਮਿਸ-ਅੰਡਰਸਟੈਂਡਿੰਗ ਹੋ ਗਈ ਹੈ । ਜੇ ਕਈ ਪਿੰਡ ਰਹਿੰਦਾ ਹੈ ਤਾਂ ਉਹ ਇਹ ਅਲਹਿਦਾ ਚੱਸ ਦੇਣ, ਉਸ ਬਾਰੇ ਇਨ੍ਹਾਂ ਦੀ ਤਸੱਲੀ ਕਰਵਾ ਦਿੱਤੀ ਜਾਵੇਗੀ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਪਾਈਪ ਲਾਈਨ ਪੂਰੀ ਨਹੀਂ ਪਈ ਜੀ । ਜੇ ਮੈਂ ਕਹਿ ਦਿਆਂ ਕਿ ਮੰਤਰੀ ਜੀ ਗਲਤ ਗੱਲ ਕਹਿ ਰਹੇ ਹਨ ਤਾਂ ਫਿਰ ਤੁਸੀਂ ਹਾਊਸ ਵਿੱਚ ਇਸ ਨੂੰ ਐਕਸਪੰਜ ਕਰਵਾਓਗੇ । ਇਸ ਨਾਲੋਂ ਤਾਂ ਚੰਗਾ ਹੈ ਕਿ ਤੁਸੀਂ ਮੈਨੂੰ ਤਸੱਲੀਬਖਸ਼ ਜਵਾਬ ਲੈ ਕੇ ਦਿਓ । ਮੈਂ ਕਹਿੰਦਾ ਹਾਂ ਕਿ ਜੋ ਇਨ੍ਹਾਂ ਦਾ ਨਕਸ਼ਾ ਹੈ, ਉਥੇ ਪਾਈਪ ਲਾਈਨ ਨਹੀਂ ਪਾਈ ਗਈ ਜਾਂ ਤੁਸੀਂ ਇਸ ਦੀ ਇਨਕੁਆਇਰੀ ਕਰਾਓ । ਅਸੀਂ ਪਲਾਨਿੰਗ ਬੋਰਡ ਤੋਂ ਇਸ ਵਾਸਤੇ ਪੈਸਾ ਲੈ ਕੇ ਦਿੱਤਾ ਹੈ ।

ਰਾਜ ਮੰਤਰੀ : ਸਪੀਕਰ ਸਾਹਿਬ, ਜੇਕਰ ਕੋਈ ਪਰਟੀਕੁਲਰ ਕੇਸ ਹੈ ਤਾਂ ਇਹ ਦੱਸ ਦੇਣ, ਅਸੀਂ ਉਸਦੀ ਬਕਾਇਦਾ ਤੌਰ ਤੇ ਇਨਕੁਆਇਰੀ ਕਰਾ ਦਿਆਂਗੇ ।

ਸਰਦਾਰ ਜਗਤਾਰ ਸਿੰਘ ਮੁਲਤਾਨੀ : ਸਪੀਕਰ ਸਾਹਿਬ, ਮੈਂ ਆਪ ਦੁਆਰਾ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਪਿੰਡ ਰਾਮਗੜ੍ਹ ਹੈ । ਉਥੇ ਵਾਟਰ ਸਪਲਾਈ ਦੀ ਸਕੀਮ ਦੇ ਨਾਲ ਹੋਰ ਪਿੰਡ ਮਹਿਮਦਪੁਰ, ਸਰਖਾਂ, ਸ਼ੇਰ ਸਿੰਘ ਵਾਲਾ, ਲਿਟ ਲਗਦੇ ਹਨ । ਜਿਹੋ ਜਿਹੀ ਸਮੱਸਿਆ ਭਾਰਦਵਾਜ ਜੀ ਨੇ ਦੱਸੀ ਹੈ, ਇਹੋ ਹੀ ਸਮੱਸਿਆ ਉਥੇ ਹੈ । ਉਸ ਪਿੰਡ ਵਿੱਚ ਵਾਟਰ ਸਪਲਾਈ ਦੀ ਸਕੀਮ ਫਰਵਰੀ, 1989 ਨੂੰ ਕਮਿਸ਼ਨ ਹੋਈ ਹੈ ਪ੍ਰੰਤੂ ਜਿਹੜੇ ਨਾਲ 4-5 ਪਿੰਡ ਹਨ ਉਨ੍ਹਾਂ ਵਿੱਚ ਪਾਈਪ ਨਹੀਂ ਪਏ ਹੋਏ । ਕੀ ਮੰਤਰੀ ਜੀ ਜਲਦੀ ਇਨਕੁਆਇਰੀ ਕਰਵਾਉਣਗੇ ਤਾਂ ਕਿ ਪਤਾ ਲਗ ਸਕੇ ਕਿ ਕਿਸ ਦਾ

Original with;
Punjab Vidhan Sabha
Digitized by;

[ਸਰਦਾਰ ਜਗਤਾਰ ਸਿੰਘ ਮੁਲਤਾਨੀ]

ਕਸੂਰ ਹੈ । ਗਵਰਨਰ ਰੂਲ ਵਿੱਚ ਕਿਸੇ ਨੇ ਪਾਈਪ ਲਾਈਨਾਂ ਨਹੀਂ ਪਾਈਆਂ । ਕਾਗਜ਼ਾਂ ਵਿੱਚ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੀ ਰਿਪੋਰਟ ਵਿੱਚ ਲਿਖਿਆ ਹੋਇਆ ਹੈ ਕਿ ਫ਼ਰਵਰੀ, 1989 ਵਾਲੇ ਸਾਰੇ ਪਿੰਡ ਕਵਰ ਕੀਤੇ ਜਾ ਚੁੱਕੇ ਹਨ । ਕੀ ਮੰਤਰੀ ਜੀ ਇਨਕੁਆਇਰੀ ਕਰਵਾ ਕੇ ਉਸ ਸਾਰੇ ਕੰਮ ਨੂੰ ਮੁਕੰਮਲ ਕਰਵਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਜਿਹੜੀਆਂ ਸਕੀਮਾਂ ਆਈਡੈਂਟੀਫਾਈ ਕਰ ਦਿੱਤੀਆਂ ਜਾਂਦੀਆਂ ਹਨ ਅਤੇ ਜਿਨਾਂ ਦੇ ਐਸਟੀਮੈਟ ਤਿਆਰ ਕਰ ਲਏ ਜਾਂਦੇ ਹਨ, ਉਨ੍ਹਾਂ ਵਾਸਤੇ ਜਿਸ ਤਰ੍ਹਾਂ ਫੰਡ ਮਿਲਦੇ ਜਾਂਦੇ ਹਨ, ਉਥੇ ਪਾਈਪ-ਲਾਈਨਾਂ ਅਤੇ ਵਾਟਰ ਸਪਲਾਈ ਦਾ ਕੰਮ ਸ਼ੁਰੂ ਕਰ ਦਿੱਤਾ ਜਾਂਦਾ ਹੈ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਕੀ ਮੰਤਰੀ ਜੀ ਇਹ ਦੱਸਣਗੇ ਕਿ ਮੇਰੇ ਹਲਕੇ ਵਿੱਚ ਜਿਨ੍ਹਾਂ ਪਿੰਡਾਂ ਵਿੱਚ ਵਾਟਰ ਸਪਲਾਈ ਦੀਆਂ ਸਕੀਮਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ, ਕੀ ਉਨ੍ਹਾਂ ਸਾਰੇ ਪਿੰਡਾਂ ਵਿੱਚ ਬਿਜਲੀ ਮੋਟਰਾਂ ਦੇ ਕਨੈਕਸ਼ਨ ਮਿਲ ਗਏ ਹੋਏ ਹਨ ?

ਰਾਜ ਮੰਤਰੀ: ਜਿਥੇ ਕੋਈ ਫਾਰਮੈਲਟੀਜ਼ ਪੂਰੀ ਹੋਣੀ ਰਹਿੰਦੀ ਹੈ, ਉਥੇ ਅਸੀਂ ਧਾਣੀ ਦੀ ਸਪਲਾਈ ਡੀਜ਼ਲ ਪੰਪ ਲਗਾ ਕੇ ਕਰਦੇ ਹਾਂ ਜੀ ।

ਸ਼੍ਰੀ ਸਪੀਕਰ: ਮੰਤਰੀ ਜੀ, ਜੋ ਮੈਂਬਰ ਸਾਹਿਬ (ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ) ਨੇ ਪਹਿਲਾਂ ਕਿਹਾ ਹੈ, ਉਸ ਦੀ ਇਨਕੁਆਇਰੀ ਕਰਵਾ ਕੇ ਰਿਪੋਰਟ ਇਕ ਹਫ਼ਤੇ ਦੇ ਅੰਦਰ-ਅੰਦਰ ਪੇਸ਼ ਕੀਤੀ ਜਾਵੇ । ਤੁਸੀਂ ਕਹਿੰਦੇ ਹੋ ਕਿ ਪਾਈਪ ਲਾਈਨਾਂ ਲੱਗੀਆਂ ਹੋਈਆਂ ਹਨ ਤੇ ਮੈਂਬਰ ਸਾਹਿਬ ਕਹਿ ਰਹੇ ਹਨ ਕਿ ਨਹੀਂ ਲੱਗੀਆਂ ।

ਰਾਜ ਮੰਤਰੀ: ਸਪੀਕਰ ਸਾਹਿਬ, ਮੇਰੇ ਕੋਲ ਤਾਂ ਰੈਡੀ ਰਿਪੋਰਟ ਹੈ । ਲੇਕਿਨ ਜੇਕਰ ਮੈਂਬਰ ਸਾਹਿਬ ਨੂੰ ਕਿਸੇ ਕੇਸ ਵਿੱਚ ਮਿਸ-ਅੰਡਰਸਟੈਂਡਿੰਗ ਹੋਈ ਹੈ ਤਾਂ ਉਹ ਮੈਨੂੰ ਪਾਰਟੀਕੁਲਰ ਕੇਸ ਦੱਸ ਦੇਣ । ਮੈਂ ਉਸ ਦੀ ਇਨਕੁਆਇਰੀ ਕਰਵਾ ਲਵਾਂਗਾ ।

(ਇਸ ਸਮੇਂ ਸਰਦਾਰ ਜਗਤਾਰ ਸਿੰਘ ਮੁਲਤਾਨੀ ਬਿਨਾਂ ਇਜ਼ਾਜ਼ਤ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ)

ਸ਼੍ਰੀ ਸਪੀਕਰ: ਮੁਲਤਾਨੀ ਜੀ, ਤੁਸੀਂ ਬੈਠੋ । ਮੈਂ ਤੁਹਾਨੂੰ ਅਲਾਓ ਨਹੀਂ ਕੀਤਾ । ਤੁਹਾਡੀ ਸਪਲੀਮੈਂਟਰੀ ਦਾ ਜਵਾਬ ਮੰਤਰੀ ਜੀ ਨੇ ਦੇ ਦਿੱਤਾ ਹੈ । ਤੁਸੀਂ ਬੈਠੋ । ਵੀਰ ਪਵਨ ਕੁਮਾਰ ਜੀ ਖੜ੍ਹੇ ਹਨ । ਮੰਤਰੀ ਜੀ, ਤੁਸੀਂ ਇਨਕੁਆਇਰੀ ਕਰਵਾ ਕੇ ਇਕ ਹਫ਼ਤੇ ਵਿੱਚ ਰਿਪੋਰਟ ਦਿਓ ਕਿ ਐਮ. ਐਲ. ਏ. ਸਾਹਿਬ ਠੀਕ ਕਹਿ ਰਹੇ ਹਨ ਜਾਂ ਗਲਤ ਕਹਿ ਰਹੇ ਹਨ । ਮੁਲਤਾਨੀ ਜੀ, ਜੇਕਰ ਤੁਸੀਂ ਹੋਰ ਸਪਲੀਮੈਂਟਰੀ ਕਰਨਾ ਚਾਹੁੰਦੇ ਹੋ ਤਾਂ ਪੁੱਛੋ । ਲੇਕਿਨ ਸਵਾਲ ਪੁੱਛੋ । ਤੁਸੀਂ ਤਾਂ ਲੈਕਚਰ ਕਰਨ ਲਗ ਪੈਂਦੇ ਹੋ ।

Original with;
Punjab Vidhan Sabha
Digitized by;
Panjab Digital Library

ਸਰਦਾਰ ਜਗਤਾਰ ਸਿੰਘ ਮੁਲਤਾਨੀ: ਨਹੀਂ ਸਰ, ਮੈਂ ਲੈਕਚਰ ਨਹੀਂ ਕਰਦਾ। ਮੰਤਰੀ ਜੀ ਨੇ ਦੱਸਿਆ ਹੈ ਕਿ ਫੰਡਾਂ ਦੀ ਅਵੇਲੇਬਿਲਟੀ ਨਹੀਂ ਹੈ। ਮਕਸੂਦਪੁਰ ਵਿੱਚ ਸਰਦਾਰ ਬੇਅੰਤ ਸਿੰਘ ਜੀ ਨੇ ਬੇਅੰਤ ਵੱਡਾ ਕੰਮ ਕਰਕੇ 60 ਲੱਖ ਰੁਪਏ ਦੀ ਲਾਗਤ ਨਾਲ ਹਸਪਤਾਲ ਬਣਾਇਆ ਹੈ। ਉਸ ਵਾਸਤੇ ਵਾਟਰ ਟੈਂਕ ਇਕ ਸਾਲ ਤੋਂ ਪੈਂਡਿੰਗ ਪਿਆ ਹੈ। ਪਲਾਨਿੰਗ ਬੋਰਡ ਵਿੱਚ ਡੀ. ਸੀ. ਕਪੂਰਥਲਾ ਨੇ ਪੈਸੇ ਵੀ ਜਮ੍ਹਾਂ ਕਰਵਾ ਦਿੱਤੇ ਹਨ। ਉਥੇ ਸੰਤ ਰੋਸ਼ਨ ਸਿੰਘ ਵਾਲਿਆਂ ਨੇ ਡੇਢ ਕਰੋੜ ਰੁਪਿਆ ਬਿਲਡਿੰਗ ਬਣਾਉਣ ਵਾਸਤੇ ਦਿੱਤਾ ਹੈ। ਆਈ.ਟੀ.ਆਈ. ਵਾਸਤੇ ਵੀ ਪੈਸਾ ਦੇਣ ਨੂੰ ਤਿਆਰ ਹਨ ਅਤੇ ਸਾਰਾ ਖਰਚ ਬਰਦਾਸ਼ਤ ਕਰਨ ਨੂੰ ਤਿਆਰ ਹਨ। ਉਹ ਉੱਘੀ ਸਮਾਜ ਸੇਵੀ ਸੰਸਥਾ ਜਿਸਨੇ ਡੇਢ ਕਰੋੜ ਰੁਪਿਆ ਬਿਲਡਿੰਗ ਵਾਸਤੇ ਦਿੱਤਾ, ਇਕ ਕਰੋੜ ਰੁਪਏ ਦੀ ਜ਼ਮੀਨ ਦਿੱਤੀ ਹਸਪਤਾਲ ਵਾਸਤੇ, ਉਥੇ ਵਾਟਰ ਸਪਲਾਈ ਕਿਉਂ ਨਹੀਂ ਦਿੱਤੀ ਜਾ ਰਹੀ ? ਕੀ ਮੰਤਰੀ ਜੀ ਉਨ੍ਹਾਂ ਅਫਸਰਾਂ ਦੇ ਖ਼ਿਲਾਫ਼ ਕੋਈ ਐਕਸ਼ਨ ਲੈਣਗੇ ਜਿਨ੍ਹਾ ਨੇ ਉਥੇ ਅਮਲ ਵਿੱਚ ਇਹ ਕੰਮ ਨਹੀਂ ਲਿਆਂਦਾ ?

ਰਾਜ ਮੰਤਰੀ: ਸਪੀਕਰ ਸਾਹਿਬ, ਇਹ ਸਵਾਲ ਨਾਲ ਤੁਅੱਲਕ ਤਾਂ ਨਹੀਂ ਰੱਖਦਾ ਪਰ ਜੇਕਰ ਉਹ ਪੈਸਾ ਦੇਣ ਨੂੰ ਤਿਆਰ ਹਨ ਤਾਂ ਸਾਨੂੰ ਕੀ ਇਤਰਾਜ਼ ਹੋ ਸਕਦਾ ਹੈ। ਐਸਟੀਮੇਟ ਮੁਤਾਬਿਕ ਅਗਰ ਉਹ ਪੈਸੇ ਜਮ੍ਹਾਂ ਕਰਵਾ ਦੇਣਗੇ ਤਾਂ ਅਸੀਂ ਕੰਮ ਕਰਵਾ ਦਿਆਂਗੇ।

ਸਰਦਾਰ ਗੁਰਮੇਲ ਸਿੰਘ ਚੀਮਾ: ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਤੋਂ ਦੋ ਸਾਲ ਪਹਿਲਾਂ ਮੇਰੇ ਹਲਕੇ ਵਿੱਚ ਪਿੰਡ ਚੰਨਣਵਿੰਡੀ ਵਿੱਚ ਬਾਲ ਮੁਕੰਦ ਸ਼ਰਮਾ ਜੀ ਵੀ ਗਏ ਸਨ। ਉਥੇ ਪਾਈਪਾਂ ਅਧੂਰੀਆਂ ਪਈਆਂ ਹੋਈਆਂ ਹਨ। ਕੁਝ ਪਾਈਪਾਂ ਤਾਂ ਗਲ ਗਈਆਂ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਥੇ ਫੰਡ ਦੇ ਕੇ ਕੰਮ ਜਲਦੀ ਕੰਪਲੀਟ ਕਰਵਾ ਦੇਣਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂਬਰ ਸਾਹਿਬ ਆਗਮੈਂਨਟੇਸ਼ਨ ਦੀ ਗੱਲ ਕਰਦੇ ਹਨ। ਇਹ ਕੰਮ ਸਬਜੈਕਟ ਟੂ ਅਵੇਲੇਬਿਲਟੀ ਆਫ ਫੰਡਜ਼ ਨਾਲ ਕੀਤਾ ਜਾਂਦਾ ਹੈ। ਇਹ ਸਕੀਮਾਂ ਬੜੀਆਂ ਪੁਰਾਣੀਆਂ ਹਨ। ਕਈ ਜਗ੍ਹਾ ਤੇ ਪਾਈਪ ਲਾਈਨਾਂ ਛੋਟੀਆਂ ਹਨ। ਪਿਡਾਂ ਵਿਚ ਬਸਤੀਆਂ ਵੀ ਵੱਧ ਗਈਆਂ ਹਨ। ਇਸ ਲਈ ਪਾਈਪ ਲਾਈਨਾਂ ਦਾ ਵਿਸਤਾਰ ਕੀਤਾ ਜਾਂਦਾ ਹੈ ਪਰ ਸਪਲਾਈ ਨਾਰਮਜ਼ ਦੇ ਮੁਤਾਬਿਕ ਹੀ ਕੀਤੀ ਜਾਂਦੀ ਹੈ।

ਸਾਬਕਾ ਵਿਧਾਇਕਾਂ ਨੂੰ ਮੁਫ਼ਤ ਰੇਲਵੇ/ਬੱਸ ਸਫ਼ਰ ਦੀ ਸਹੂਲਤ

*2344. **ਕਾਮਰੇਡ ਤਰਸੇਮ ਜੋਧਾਂ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਾਬਕਾ ਵਿਧਾਇਕਾਂ ਨੂੰ ਰੇਲਵੇ/ਬੱਸਾਂ ਵਿਚ ਮੁਫ਼ਤ ਸਫ਼ਰ ਕਰਨ ਦੀ ਸਹੂਲਤ ਦਿੱਤੇ ਜਾਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੈ ਤਾਂ ਇਸ ਦੇ ਕਦੋਂ ਤੱਕ ਨੇਪਰੇ ਚੜ੍ਹ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

ਚੌਧਰੀ ਸੰਤੋਖ ਸਿੰਘ (ਮੁੱਖ ਸੰਸਦੀ ਸਕੱਤਰ): ਸਾਬਕਾ ਵਿਧਾਇਕਾਂ ਅਤੇ ਉਨ੍ਹਾਂ ਦੀਆਂ ਪਤਨੀਆਂ ਨੂੰ ਕੇਵਲ ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਦੀਆਂ ਬੱਸਾਂ ਵਿੱਚ ਮੁਫ਼ਤ ਸਫ਼ਰ ਕਰਨ ਦੀ ਸਹੂਲਤ ਦੇਣ ਬਾਰੇ ਤਜਵੀਜ਼ ਰਾਜ ਸਰਕਾਰ ਦੇ ਸੁਰਗੁਰੂਮੀ ਨਾਲ ਵਿਚਾਰ ਅਧੀਨ ਹੈ ।

ਕਾਮਰੇਡ ਤਰਸੇਮ ਜੋਧਾਂ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿੱਥੇ ਸਾਬਕਾ ਵਿਧਾਇਕਾਂ ਤੇ ਉਨ੍ਹਾਂ ਦੀਆਂ ਪਤਨੀਆਂ ਨੂੰ ਸਹੂਲਤ ਦੇਣ ਦੀ ਸਕੀਮ ਵਿਚਾਰ ਅਧੀਨ ਹੈ, ਕੀ ਉਥੇ ਉਨ੍ਹਾਂ ਵਿੱਚ ਅਟੈਂਡੈਂਟਸ ਨੂੰ ਵੀ ਸ਼ਾਮਲ ਕਰਨਗੇ ?

ਮੁੱਖ ਸੰਸਦੀ ਸਕੱਤਰ: ਅਸੀਂ ਵਿਚਾਰ ਕਰ ਲਵਾਂਗੇ । ਫ਼ਿਲਹਾਲ ਕੋਈ ਵਿਚਾਰ ਨਹੀਂ ਹੈ । ਹੁਣ ਸਿਰਫ਼ ਪਤਨੀਆਂ ਵਾਸਤੇ ਹੈ ।

ਕਾਮਰੇਡ ਤਰਸੇਮ ਜੋਧਾਂ: ਮਾਨਯੋਗ ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਇਹ ਸਕੀਮ ਕਦੋਂ ਤੱਕ ਲਾਗੂ ਹੋ ਜਾਵੇਗੀ ਅੱਤ ਕੀ ਇਹ ਰੇਲਵੇ ਵਿੱਚ ਵੀ ਸਹੂਲਤ ਦੇਣ ਵਾਸਤੇ ਵਿਚਾਰ ਕਰਨਗੇ ?

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਜਿੱਥੋਂ ਤੱਕ ਰੇਲਵੇ ਦਾ ਤੁਅੱਲਕ ਹੈ, ਉਸ ਸਬੰਧੀ ਭਾਰਤ ਸਰਕਾਰ ਨਾਲ ਵਿਚਾਰ ਕਰਨਾ ਪਵੇਗਾ । ਪੰਜਾਬ ਸਰਕਾਰ ਜੋ ਦੇ ਸਕਦੀ ਹੈ, ਉਸ ਲਈ ਅਸੀਂ ਤਿਆਰ ਹਾਂ । ਜਲਦੀ ਹੀ ਇਨਸਟਰੱਕਸ਼ਨਜ਼ ਜਾਰੀ ਕਰ ਦੇਵਾਂਗੇ ।

ਸ਼੍ਰੀ ਮਦਨ ਮੋਹਨ ਮਿੱਤਲ: ਸਰ, ਇਨ੍ਹਾਂ ਨੇ ਕਿਹਾ ਹੈ ਕਿ ਐਕਸ ਐਮ.ਐਲ.ਏਜ਼ ਨੂੰ ਸੁਵਿਧਾ ਦਿੱਤੀ ਜਾ ਰਹੀ ਹੈ । ਕੀ ਉਸ ਵਿੱਚ ਪਤਨੀਆਂ ਨਾਲ ਅਟੈਂਡੈਂਟਸ ਨੂੰ ਵੀ ਸ਼ਾਮਿਲ ਕਰਨ ਦੀ ਪ੍ਰੋਵੀਜ਼ਨ ਕਰ ਰਹੇ ਹਨ ?

ਮੁੱਖ ਸੰਸਦੀ ਸਕੱਤਰ: ਨਹੀਂ ਜੀ । ਇਸ ਦੀ ਕੋਈ ਪ੍ਰੋਵੀਜ਼ਨ ਨਹੀਂ ਰੱਖ ਰਹ ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਇਨ੍ਹਾਂ ਦਾ ਕਹਿਣਾ ਹੈ ਕਿ ਸਾਬਕਾ ਵਿਧਾਇਕਾਂ ਦੀਆਂ ਪਤਨੀਆਂ ਨੂੰ ਇਜ਼ਾਜ਼ਤ ਦੇਣ ਬਾਰੇ ਸਰਗਰਮੀ ਨਾਲ ਵਿਚਾਰ ਕਰ ਰਹੇ ਹਾਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਬੱਚਿਆਂ ਨੂੰ ਟਿਕਟ ਲੈਣੀ ਪਵੇਗੀ ਜਾਂ ਉਨ੍ਹਾਂ ਨੂੰ ਵੀ ਕਸਿਡਰ ਕਰੋਗੇ ?

ਸ਼੍ਰੀ ਸਪੀਕਰ: ਫਿਰ ਤੁਸੀਂ ਕਹੋਗੇ ਕਿ ਸੱਸ-ਸਹੁਰੇ ਨੂੰ ਵੀ ਇਜ਼ਾਜ਼ਤ ਦਿਓ । ਸਾਰਿਆਂ ਨੂੰ ਥੋੜ੍ਹੀ ਲਿਜਾਣਾ ਹੈ । (ਹਾਸਾ) । (ਵਿਘਨ) ਕੋਈ ਸੱਸ-ਸਹੁਰੇ ਬਿਨਾਂ ਚਲਦੇ ਨਹੀਂ ।

Original with;
Punjab Vidhan Sabha
Digitized by;
Punjab Digital Library

ਸਨਅਤਾਂ ਤੇ ਸਬਸਿਡੀ

*2323. **ਕੈਪਟਨ ਤਰਸੇਮ ਜੋਧਾਂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਜਨਵਰੀ, 1992 ਤੋਂ 31 ਦਸੰਬਰ 1994 ਤੱਕ ਸਨਅਤਾਂ ਤੇ ਦਿੱਤੀ ਜਾ ਰਹੀ ਸਬਸਿਡੀ ਦੇ ਸਾਲਵਾਰ ਵੇਰਵੇ ਕੀ ਹਨ;

(ਅ) ਕੀ ਉਕਤ ਦੱਸੇ ਸਮੇਂ ਦੌਰਾਨ ਕੋਈ ਪਹਿਲਾਂ ਦਿੱਤੀ ਜਾ ਰਹੀ ਸਬਸਿਡੀ ਬੰਦ ਕੀਤੀ ਗਈ ਸੀ ?

ਸਰਦਾਰ ਕਰਮ ਸਿੰਘ ਗਿੱਲ (ਰਾਜ ਮੰਤਰੀ, ਉਦਯੋਗ): (ੳ) ਸਰਕਾਰ ਵੱਲੋਂ ਉਦਯੋਗਾਂ ਨੂੰ ਦਿੱਤੇ ਉਪਦਾਨ ਦਾ ਸਾਲਵਾਰ ਵੇਰਵਾ ਮਿਤੀ 1 ਜਨਵਰੀ, 1992 ਤੋਂ 31 ਦਸੰਬਰ, 1994 ਤੱਕ ਦਰਸਾਉਂਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਨਹੀਂ ਜੀ ।

ਸੂਚੀ

ਸਰਕਾਰ ਵੱਲੋਂ ਦਿੱਤੀ ਗਈ ਸਬਸਿਡੀ ਦਾ ਸਾਲਵਾਰ ਵੇਰਵਾ ਹੇਠ ਅਨੁਸਾਰ ਹੈ :—

(ਰਕਮ ਲੱਖਾਂ ਵਿਚ)

ਸਮਾਂ	ਕੈਪੀਟਲ ਸਬਸਿਡੀ		ਜਨਰੇਟਿੰਗ ਸੈਟ ਭੇਂ ਉਤਪਾਦ		ਐਸ.ਐਸ.ਆਈ. ਇਕਾਈਆਂ ਦੀ ਮਾਡਰਨਾਈਜ਼ੇਸ਼ਨ ਤੋਂ ਸਬਸਿਡੀ			
	ਯੂਨਿਟ	ਰਕਮ	ਯੂਨਿਟ	ਰਕਮ	ਯੂਨਿਟ	ਰਕਮ	ਯੂਨਿਟ	ਰਕਮ
1-1-1992 ਤੋਂ 31-12-92	268	577.23	85	31.32	3	14.75	35	13.80
1-1-1993 ਤੋਂ 31-12-93	736	1,843.38	48	17.25	45	34.63	30	3.46
1-1-1994 ਤੋਂ 31-12-94	392	1,828.18	4	0.49	15	5.26	77	29.69
ਜੋੜ	1,396	4,248.79	137	49.06	63	54.64	142	46.95

Original with;
Punjab Vidhan Sabha
Digitized by;
Panjab Digital Library

ਕਾਮਰੇਡ ਤਰਸੇਮ ਜੋਧਾਂ : ਮਾਨਯੋਗ ਸਪੀਕਰ ਸਾਹਿਬ, 1.1.93 ਤੋਂ 31.12.93 ਤੱਕ 1843.38 ਕਰੋੜ ਰੁਪਏ 736 ਯੂਨਿਟਾਂ ਨੂੰ ਦਿੱਤੇ । ਫਿਰ 1.1.94 ਤੋਂ 31.12 94 ਤੱਕ 1828.18 ਕਰੋੜ ਰੁਪਿਆ 392 ਯੂਨਿਟਾਂ ਨੂੰ ਦਿੱਤਾ । ਯੂਨਿਟਾਂ ਦੀ ਗਿਣਤੀ ਲਗਭਗ ਪਹਿਲਾਂ ਨਾਲੋਂ ਅੱਧੀ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੇ ਸਮਾਲ ਸਕੇਲ ਯੂਨਿਟਾਂ ਨੂੰ ਛੱਡ ਕੇ ਸਿਰਫ ਵੱਡੇ ਯੂਨਿਟਾਂ ਤੇ ਹੀ ਪੈਸਾ ਖਰਚ ਕਰਨ ਦੀ ਨੀਤੀ ਬਣਾ ਲਈ ਹੈ ? ਇਹ ਵੀ ਸਪਸ਼ਟ ਕਰਨ ਕਿ ਯੂਨਿਟਾਂ ਦੀ ਗਿਣਤੀ ਇਤਨੀ ਥੱਲੇ ਕਿਉਂ ਆਈ ?

ਰਾਜ ਮੰਤਰੀ, ਉਦਯੋਗ : ਸਪੀਕਰ ਸਾਹਿਬ, ਸਰਕਾਰ ਨੇ 1992 ਵਿੱਚ ਪਾਲਿਸੀ ਬਣਾਈ ਹੈ । ਉਸ ਅਨੁਸਾਰ ਸਾਰਿਆਂ ਨੂੰ ਪੈਕੇਜ ਆਫ ਇਨਸੈਨਟਿਵ ਦਿੱਤਾ ਜਾ ਰਿਹਾ ਹੈ । ਪੰਜਾਬ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ । ਪਹਿਲੇ ਹਿੱਸੇ ਵਿੱਚ ਬਾਰਡਰ ਦੇ ਜ਼ਿਲ੍ਹੇ ਹਨ ਜਿਨ੍ਹਾਂ ਨੂੰ 30% ਜਾਂ ਵੱਧ ਤੋਂ ਵੱਧ 50% ਕੈਪੀਟਲ ਸਬਸਿਡੀ ਦੇ ਤੌਰ ਤੇ ਦਿੱਤਾ ਜਾਵੇਗਾ । ਇਨ੍ਹਾਂ ਤਿੰਨ ਜ਼ਿਲ੍ਹਿਆਂ ਨੂੰ 'ਏ' ਕੈਟਾਗਰੀ ਵਿੱਚ ਰਖਿਆ ਗਿਆ ਹੈ । 'ਬੀ'-ਕੈਟਾਗਰੀ ਵਿੱਚ ਬਾਰਡਰ ਦੇ ਤਿੰਨ ਜ਼ਿਲ੍ਹਿਆਂ ਨੂੰ ਛੱਡ ਕੇ ਪੰਜਾਬ ਦੇ ਬਾਕੀ ਜ਼ਿਲ੍ਹੇ ਆਉਂਦੇ ਹਨ ਅੇਰ ਉਥੇ 20% ਕੈਪੀਟਲ ਸਬਸਿਡੀ ਦੇ ਤੌਰ ਤੇ ਦਿੱਤਾ ਜਾਵੇਗਾ । ਇਹ ਸਕੀਮ ਸਮਾਲ ਸਕੇਲ ਯੂਨਿਟਾਂ, ਲਾਰਜ ਅੇਰ ਮੀਡੀਅਮ ਸਾਰਿਆਂ ਤੇ ਲਾਗੂ ਹੁੰਦੀ ਹੈ । ਇਸ ਤੋਂ ਇਲਾਵਾ ਸੇਲਜ਼ ਟੈਕਸ ਵਿੱਚ ਵੀ ਰਾਹਤ ਦਿੱਤੀ ਗਈ ਹੈ । ਬਾਰਡਰ ਦੇ ਜ਼ਿਲ੍ਹਿਆਂ ਲਈ ਦਸ ਸਾਲ ਲਈ ਅਤੇ ਦੂਜੇ ਜ਼ਿਲ੍ਹਿਆਂ ਲਈ ਸੱਤ ਸਾਲ ਲਈ ਰਾਹਤ ਦਿੱਤੀ ਗਈ ਹੈ ਤਾਂ ਕਿ ਵੱਧ ਤੋਂ ਵੱਧ ਉਦਯੋਗ ਪੰਜਾਬ ਵਿੱਚ ਲੱਗ ਸਕਣ ।

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ । ਸੰਨ 1993 ਵਿਚ 736 ਯੂਨਿਟਾਂ ਲਈ 1843.38 ਕਰੋੜ ਰੁਪਿਆ ਜਦ ਕਿ 1994 ਵਿੱਚ 392 ਯੂਨਿਟਾਂ ਲਈ 1828.18 ਕਰੋੜ ਰੁਪਿਆ ਦਿੱਤਾ ਗਿਆ । ਸਪੀਕਰ ਸਾਹਿਬ, ਇਹ ਸਾਫ ਹੈ ਕਿ ਜਿਨ੍ਹਾਂ ਯੂਨਿਟਾਂ ਨੂੰ ਸਬਸਿਡੀ ਦਿੱਤੀ ਗਈ ਹੈ, ਉਨ੍ਹਾਂ ਦੀ ਗਿਣਤੀ ਘਟਾ ਦਿੱਤੀ ਗਈ ਹੈ । ਕੀ ਸਰਕਾਰ ਦੀ ਨੀਤੀ ਸਮਾਲ ਸਕੇਲ ਇੰਡਸਟਰੀ ਨੂੰ ਖਤਮ ਕਰਨ ਦੀ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਰਕਾਰ ਦੀ ਕੋਈ ਨੀਤੀ ਨਹੀਂ ਹੈ ਕਿ ਸਮਾਲ ਸਕੇਲ ਇੰਡਸਟਰੀ ਨੂੰ ਖਤਮ ਕੀਤਾ ਜਾਏ । ਰੀਜ਼ਨ ਇਹ ਹੈ ਕਿ ਪਹਿਲੇ ਸਾਲਾਂ ਦੇ ਅੰਦਰ ਲੋਕਾਂ ਨੂੰ ਡਰ ਸੀ ਕਿ ਇਥੇ ਇੰਡਸਟਰੀ ਨਾ ਲਾਈਏ । ਹੁਣ ਮੀਡੀਅਮ ਇੰਡਸਟਰੀ ਆਉਣ ਨਾਲ ਉਹ ਸਬਸਿਡੀ ਵੰਡੀ ਜਾਂਦੀ ਰਹੀ ਹੈ । ਇਨ੍ਹਾਂ ਨੂੰ ਇਸ ਗੱਲ ਤੇ ਖੁਸ਼ ਹੋਣਾ ਚਾਹੀਦਾ ਹੈ ਕਿ ਮੀਡੀਅਮ ਇੰਡਸਟਰੀ ਵੀ ਨਾਲ ਜਾਇਨ ਕਰੇਗੀ ।

ਸ਼੍ਰੀਮਤੀ ਵਿਮਲਾ ਡਾਂਗ : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਮਹੋਦਿਆ ਨੂੰ ਪੁੱਛਣਾ ਚਾਹਾਂਗੀ ਕਿ ਬਹੁਤ ਸਾਰੇ ਐਸੇ ਲੋਕ ਹਨ ਜਿਹੜੇ ਸਬਸਿਡੀ ਲੈ ਕੇ ਕਾਰਖਾਨਾ ਨਹੀਂ ਲਾਉਂਦੇ । ਗੋਇੰਦਵਾਲ ਨੂੰ ਇੰਡਸਟਰੀ ਵਾਸਤੇ ਡਿਵੈਲਪ ਕਰਨ ਦੀ ਕੋਸ਼ਿਸ਼ ਹੋ ਰਹੀ ਹੈ । ਰਸਤੇ ਵਿੱਚ ਸੜਕਾਂ ਤੇ ਜਗ੍ਹਾ ਜਗ੍ਹਾ ਬੋਰਡ ਲੱਗੇ ਹਨ ਕਿ 'ਗੋਇੰਦਵਾਲ ਸਿੱਖੀ ਦਾ ਧੁਰਾ', ਇਥੇ 20 ਅਜਿਹੇ ਯੂਨਿਟ ਹਨ, ਜਿਨ੍ਹਾਂ ਨੇ ਸਬਸਿਡੀ ਲੈ ਕੇ ਕਾਰਖਾਨੇ ਨਹੀਂ ਚਲਾਏ ।

Original with;
Punjab Vidhan Sabha
Digitized by;
Panjab Digital Library

ਇੱਕ ਸਵਾਲ ਅਸੀਂ ਪੁੱਛਿਆ ਸੀ, ਸਰਕਾਰ ਨੇ ਵੀ ਮੰਨਿਆ ਸੀ ਕਿ ਇਨਕੁਆਇਰੀ ਕਰਵਾ ਕੇ ਐਕਸ਼ਨ ਲਵਾਂਗੇ । ਅਗਾਂਹ ਲਈ ਕੀ ਇਹ ਕੋਈ ਟਾਈਮ ਲਿਮਟ ਮੁਕਰਰ ਕਰਨਗੇ ਜਿਸ ਦੇ ਦੌਰਾਨ ਸਬਸਿਡੀ ਯੂਟੇਲਾਈਜ਼ ਹੋਵੇ ?

ਮੁੱਖ ਮੰਤਰੀ : ਇਹ ਸੈਪਰੇਟ ਸਵਾਲ ਦੇ ਦੇਣ, ਜਵਾਬ ਦੇਵਾਂਗੇ । ਦੂਸਰਾ, ਗੋਇੰਦਵਾਲ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਆਉਣ ਤੇ ਗੋਇੰਦਵਾਲ ਦੀਆਂ ਐਕਟੇਵਿਟੀਜ਼ ਤਾਂ ਦੇਖਣ, ਕਿੰਨਾ ਕੁਛ ਜ਼ਿਆਦਾ ਹੋ ਗਿਆ ਹੈ । ਕਿੰਨੇ ਜ਼ਿਆਦਾ ਕਾਰਖਾਨੇ ਲੱਗ ਚੁੱਕੇ ਹਨ । ਇਹ ਜੋ ਲਿਖਿਆ ਹੁੰਦਾ ਹੈ, ਹਰ ਸੜਕ ਤੇ 5-7 ਮੀਲ ਤੇ, ਇਹ ਅਕਾਲੀ ਸਰਕਾਰ ਵੇਲੇ ਲਿਖਾਇਆ ਗਿਆ ਕਿ 'ਗੋਇੰਦਵਾਲ ਸਿੱਖੀ ਦਾ ਧੁਰਾ', ਮੈਂ ਕਹਿਣਾ ਚਾਹੁੰਦਾ ਹਾਂ ਕਿ 'ਸਿੱਖੀ ਦਾ ਧੁਰਾ' ਤਾਂ ਉਨ੍ਹਾਂ ਨੇ ਰੱਖਿਆ ਪਰ ਅਸਲੀ ਮਾਇਨਿਆਂ ਵਿੱਚ 'ਸਿੱਖੀ ਦਾ ਧੁਰਾ' ਤਾਂ ਅਸੀਂ ਬਣਾਇਆ ਹੈ । (ਥੰਪਿੰਗ)

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਇੰਡਸਟਰੀ ਮਨਿਸਟਰ ਜੀ ਨੇ ਦੱਸਿਆ ਹੈ ਕਿ 1994 ਵਿੱਚ 736 ਯੂਨਿਟ ਸੀ, ਬਾਅਦ ਵਿੱਚ 392 ਹੋ ਗਏ । ਇੱਕ ਪਾਸੇ ਕਹਿ ਰਹੇ ਕਿ ਸਬਸਿਡੀ ਵਿਦਡਰਾਅ ਨਹੀਂ ਕਰ ਰਹੇ ਪਰ ਨੰਬਰ ਆਫ਼ ਯੂਨਿਟ ਘਟ ਗਏ । ਦੂਸਰੀ. ਗੱਲ, ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਪੀ. ਐਨ. ਐਫ. ਸੀ. ਜਿਹੜੀ ਨਇਆ ਨੰਗਲ ਵਿਖੇ ਹੈ, ਉਹ ਪਿਛਲੇ ਸਮੇਂ ਤੋਂ ਬੰਦ ਹੋਣ ਵਾਲੀ ਸਟੇਜ ਤੇ ਆਈ ਖੜ੍ਹੀ ਹੈ, ਕੀ ਸਰਕਾਰ ਦੀ ਆਪਣੇ ਕੋਲੋਂ ਜਾਂ ਕੇਂਦਰ ਸਰਕਾਰ ਤੋਂ ਸਬਸਿਡੀ ਦਿਵਾ ਕੇ ਇਸ ਨੂੰ ਚਾਲੂ ਰਖਣ ਦੀ ਯੋਜਨਾ ਹੈ ?

ਮੁੱਖ ਮੰਤਰੀ : ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਫੈਕਟਰੀ ਬੰਦ ਨਾ ਹੋਵੇ । ਪਿੱਛੇ ਗੱਲ ਚੱਲ ਰਹੀ ਸੀ ਕਿ ਫੈਕਟਰੀ ਨੂੰ ਵੇਚ ਦਿੱਤਾ ਜਾਵੇ ਪਰ ਅਸੀਂ ਰੋਕਿਆ । ਅਸੀਂ ਕੋਸ਼ਿਸ਼ ਕਰ ਰਹੇ ਹਾਂ ਫੈਕਟਰੀ ਨੂੰ ਆਪਣੇ ਪੈਰਾਂ ਤੇ ਖੜ੍ਹਾ ਕੀਤਾ ਜਾਵੇ । ਜੋ ਸਬਸਿਡੀ ਸੈਂਟਰ ਸਰਕਾਰ ਦਿੰਦੀ ਸੀ, ਉਹ ਬੰਦ ਹੋ ਚੁੱਕੀ ਹੈ । ਅਸੀਂ ਮਿੱਤਲ ਸਹਿਬ ਦਾ ਫਿਕਰ ਦੂਰ ਕਰਾਂਗੇ ਕਿ ਫੈਕਟਰੀ ਬੰਦ ਨਾ ਹੋਵੇ ।

Starred Question No. *2416

Mr. Speaker : Extension has been asked for in respect of Starred Question No. *2416

ਸ਼੍ਰੀ ਮਦਨ ਮੋਹਨ ਮਿੱਤਲ : 2416 ਸਵਾਲ ਦੀ ਐਕਸਟੈਂਸ਼ਨ ਮੰਗੀ ਗਈ ਹੈ, ਇਹ ਕਿੰਨੇ ਚਿਰ ਦੀ ਮੰਗੀ ਗਈ ਹੈ ? ਇਸ ਵਿੱਚ ਐਕਸਟੈਂਸ਼ਨ ਵਾਲੀ ਕੋਈ ਗੱਲ ਤਾਂ ਹੈ ਨਹੀਂ ਸੀ, ਕਿਹੜਾ ਕੋਈ ਡਾਟਾ ਕੁਲੈਕਟ ਕਰਨਾ ਹੈ, ਇਹ ਤਾਂ ਮੈਟਰ ਆਫ਼ ਪਾਲਿਸੀ ਹੈ ।

ਸ਼੍ਰੀ ਸਪੀਕਰ : ਇੱਕ ਹਫ਼ਤੇ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਮੈਂ ਦੇ ਦਿਤੀ ਹੈ ।

---

*For Starred Question No. 2416 and reply thereto ,please see P.V.C. Debates dated 28th March, 1995 (M.S.)

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰ: 2546

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ ।)

ਲੁਧਿਆਣਾ ਜ਼ਿਲ੍ਹੇ ਵਿਚ ਲੋਕਲ ਬੱਸ ਸੇਵਾ

*2564. **ਸਰਦਾਰ ਈਸ਼ਰ ਸਿੰਘ** : ਕੀ ਟਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਦੱਸਣਗੇ ਕਿ ਕੀ ਲੁਧਿਆਣੇ ਵਿਚ ਲੋਕਲ ਬੱਸ ਸੇਵਾ ਜੋ ਕੁੱਝ ਸਮਾਂ ਪਹਿਲਾਂ ਬੰਦ ਕਰ ਦਿੱਤੀ ਗਈ ਸੀ, ਉਸ ਨੂੰ ਦੁਬਾਰਾ ਸ਼ੁਰੂ ਕਰਨ ਦੀ ਸਰਕਾਰ ਦੀ ਤਜ਼ਵੀਜ਼ ਹੈ ? ਜੇਕਰ ਅਜਿਹਾ ਹੈ, ਤਾਂ ਕਦੋਂ ?

ਸ਼੍ਰੀ ਮਹਿੰਦਰ ਸਿੰਘ ਕੇ.ਪੀ : ਹਾਂ, ਜੀ । ਲਧਿਆਣਾ ਸ਼ਹਿਰ ਵਿਚ ਕੁੱਝ ਲੋਕਲ ਰੂਟਾਂ ਤੇ ਬੱਸ ਸੇਵਾ ਮਿਉਂਸਪਲ ਕਾਰਪੋਰੇਸ਼ਨ ਵਲੋਂ ਚਲਾਈ ਜਾ ਰਹੀ ਹੈ । ਕੁਝ ਸਮਾਂ ਪਹਿਲਾਂ ਸਰਕਾਰ ਨੇ ਇਹ ਫੈਸਲਾ ਕੀਤਾ ਸੀ ਕਿ ਮਿਉਂਸਪਲ ਸ਼ਹਿਰਾਂ ਵਿਚ ਬੱਸ ਸੇਵਾ ਪ੍ਰਾਈਵੇਟ ਓਪਰੇਟਰਾਂ ਵਲੋਂ ਚਲਾਈ ਜਾਵੇ । ਪ੍ਰਾਈਵੇਟ ਓਪਰੇਟਰਾਂ ਨੂੰ ਬੱਸ ਰੂਟ ਪੇਰਮਿਟ ਦੇਣ ਬਾਰੇ ਕਾਰਵਾਈ ਨਵੀਂ ਟਰਾਂਸਪੋਰਟ ਸਕੀਮ ਨੂੰ ਅੰਤਿਮ ਰੂਪ ਦੇਣ ਤੋਂ ਬਾਅਦ ਕੀਤੀ ਜਾਵੇਗੀ ।

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, ਇਹ ਜੋ ਲੁਧਿਆਣੇ ਵਿੱਚ ਬੱਸ ਸੇਵਾ ਕਾਫ਼ੀ ਸਮਾਂ ਪਹਿਲਾਂ ਬੰਦ ਕੀਤੀ ਗਈ ਸੀ, ਉਸ ਬਾਰੇ ਮੰਤਰੀ ਜੀ ਨੇ ਕਿਹਾ ਹੈ ਕਿ ਚੱਲ ਰਹੀ ਹੈ । ਮੈਂ ਆਪ ਜੀ ਦੇ ਰਾਹੀਂ ਸਤਿਕਾਰਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੇ ਕਿਹੜੇ ਰੂਟਾਂ ਤੇ ਬੱਸਾਂ ਚਲਦੀਆਂ ਹਨ ਅਤੇ ਕਿੰਨੀਆਂ ਬੱਸਾਂ ਚੱਲ ਰਹੀਆਂ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਨਗਰ ਨਿਗਮ ਵਾਲੇ ਬੱਸਾਂ ਚਲਾ ਰਹੇ ਹਨ । ਅਸੀਂ ਬੱਸਾਂ ਉਦੋਂ ਚਲਾਵਾਂਗੇ ਜਦੋਂ ਪਾਲਿਸੀ ਫਾਈਨਲ ਹੋਵੇਗੀ ।

ਸ਼੍ਰੀ ਸਪੀਕਰ : ਉਥੇ ਤਾਂ ਕੋਈ ਬੱਸ ਨਹੀਂ ਚੱਲ ਰਹੀ । ਸਾਰੀਆਂ ਬੱਸਾਂ ਕੰਡਮ ਹੋਈਆਂ ਹਨ । ਇੱਕ ਕਰੋੜ ਦਾ ਸਾਲਾਨਾ ਘਾਟਾ ਪੈ ਰਿਹਾ ਹੈ ।

ਰਾਜ ਮੰਤਰੀ : ਹੁਣ ਤਿੰਨ ਹਜ਼ਾਰ ਰੂਟ ਆਈਡੈਂਟੀਫਾਈ ਕੀਤੇ ਗਏ ਹਨ ਲਧਿਆਣਾ ਜ਼ਿਲ੍ਹੇ ਦੇ ਵਿੱਚ, ਜਿਹੜੇ ਪ੍ਰੋਮਿਟ ਦੇ ਕੇ ਚੱਲਾਏ ਜਾ ਰਹੇ ਹਨ ।

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, ਲੁਧਿਆਣਾ ਦੀ ਆਬਾਦੀ ਤਕਰੀਬਨ 16 ਲੱਖ ਦੀ ਹੈ। ਉਥੇ ਨਾ ਮਿਉਂਸਪਲ ਕਾਰਪੋਰੇਸ਼ਨ ਵਲੋਂ ਬੱਸ ਸਰਵਿਸ ਹੈ, ਨਾ ਲੋਕਲ ਬੱਸ ਸਰਵਿਸ ਮਿਲ ਰਹੀ ਹੈ । ਉਥੇ ਗਰੀਬ ਕਿਸਾਨ ਬਹੁਤ ਹਨ ਜਿਨ੍ਹਾਂ ਨੂੰ ਬੜੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ, ਅਗਰ ਉਥੇ ਪ੍ਰਾਈਵੇਟ ਰੂਟ ਪ੍ਰਮਿਟਸ ਦੇ ਦੇਣ ਤਾਂ ਇਸ ਦੇ ਨਾਲ ਇਕ ਤਾਂ ਪੜ੍ਹੇ ਲਿਖੇ ਬੇਰੁਜ਼ਗਾਰ ਲੋਕਾਂ ਨੂੰ ਰੁਜ਼ਗਾਰ ਮਿਲੇਗਾ ਅਤੇ ਦੂਸਰਾ ਲੋਕਾਂ ਨੂੰ ਸਹੂਲਤ ਵੀ ਹੋ ਸਕੇਗੀ ।

Original with;
Punjab Vidhan Sabha
Digitized by;

ਸ਼੍ਰੀ ਸਪੀਕਰ : ਤਸੀਂ ਸਵਾਲ ਪੁੱਛੋ ।

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਟਰਾਂਸਪੋਰਟ ਪਾਲਿਸੀ ਹੈ, ਉਸ ਦੇ ਲਈ ਕੀ ਕੋਈ ਸਮਾਂ ਨਿਸਚਿਤ ਕਰਨਗੇ ਤਾਂ ਕਿ ਬੱਸ ਸਰਵਿਸ ਲੋਕਾਂ ਨੂੰ ਮਿਲ ਸਕੇ ?

ਰਾਜ ਮੰਤਰੀ : ਸਪੀਕਰ ਸਾਹਿਬ, 1.2.1995 ਨੂੰ ਟਰਾਂਸਪੋਰਟ ਨੀਤੀ ਪਬਲਿਸ਼ ਹੋ ਗਈ ਹੈ ਅਤੇ ਇਸ ਦੇ ਲਈ ਲੋਕਾਂ ਤੋਂ ਇਤਰਾਜ਼ ਮੰਗੇ ਗਏ ਹਨ, ਇਤਰਾਜ਼ ਦੂਰ ਕਰਨ ਤੋਂ ਬਾਅਦ ਪਾਲਿਸੀ ਲਾਗੂ ਕੀਤੀ ਜਾਵੇਗੀ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜਿਸ ਤਰ੍ਹਾਂ ਲੁਧਿਆਣਾ ਵਿੱਚ ਲੋਕਲ ਬੱਸ ਸਰਵਿਸ ਚਾਲੂ ਕੀਤੀ ਜਾਵੇਗੀ, ਕੀ ਇਸੇ ਤਰ੍ਹਾਂ ਦੀ ਅੰਮ੍ਰਿਤਸਰ ਵਿੱਚ ਵੀ ਸਥਾਨਕ ਬੱਸ ਸਰਵਿਸ ਚਲਾਉਣਗੇ ?

ਦੂਸਰਾ, ਜਿਹੜਾ ਰੂਟ ਤੁਸੀਂ....

ਸ਼੍ਰੀ ਸਪੀਕਰ : ਪਹਿਲਾਂ ਇਕ ਸਵਾਲ ਪੁਛੋ । ਉਸ ਦਾ ਜਵਾਬ ਆ ਜਾਵੇ, ਉਸ ਤੋਂ ਬਾਅਦ ਦੂਸਰਾ ਪੁੱਛਣਾ ।

ਰਾਜ ਮੰਤਰੀ : ਸਪੀਕਰ ਸਾਹਿਬ, ਸਰਕਾਰ ਦਾ ਫੈਸਲਾ ਹੈ ਕਿ ਮਿਉਂਸਪਲ ਸ਼ਹਿਰਾਂ ਵਿਚ ਸਿਟੀ ਸਰਵਿਸ ਪ੍ਰਾਈਵੇਟ ਓਪਰੇਟਰਾਂ ਵਲੋਂ ਦਿੱਤੀ ਜਾਵੇ ਅਤੇ ਇਹ ਰੂਟ ਪ੍ਰਮਿਟਸ ਅਨਇਮਪਲਾਇਡ ਲੋਕਾਂ ਨੂੰ ਦਿੱਤੇ ਜਾਣ ।

ਸਪੀਕਰ ਸਾਹਿਬ, ਤੁਹਾਡੀ ਜਾਣਕਾਰੀ ਲਈ ਮੈਂ ਲੁਧਿਆਣਾ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਲੁਧਿਆਣਾ ਵਿੱਚ ਟ੍ਰੈਫਿਕ ਬਹੁਤ ਜ਼ਿਆਦਾ ਹੈ । ਸਾਡੀ ਸਰਕਾਰ ਨੇ ਮਨਿਸਟ੍ਰੀ ਆਫ ਸਰਫੇਸ ਟਰਾਂਸਪੋਰਟ ਨੂੰ ਹਾਈਸਪੀਡ ਓਵਰ ਹੈੱਡ ਸਿਸਟਮ ਲਈ ਕਿਹਾ ਹੈ ।

ਰਾਜ ਵਿੱਚ ਸਰਕਾਰੀ ਇੰਜਨੀਅਰਿੰਗ ਕਾਲਜਾਂ ਦੀ ਗਿਣਤੀ

*2508. **ਸ਼੍ਰੀ ਰਮੇਸ਼ ਦੱਤ ਸ਼ਰਮਾ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਇਸ ਸਮੇਂ ਚਲ ਰਹੇ ਸਰਕਾਰੀ ਇੰਜੀਨੀਅਰਿੰਗ ਕਾਲਜਾਂ ਦੀ ਗਿਣਤੀ ਕਿੰਨੀ ਹੈ; ਕੀ ਸਰਕਾਰ ਦੀ ਨੇੜੇ ਦੇ ਭਵਿੱਖ ਵਿਚ ਰਾਜ ਵਿਚ ਕੋਈ ਨਵੇਂ ਇੰਜੀਨੀਅਰਿੰਗ ਕਾਲਜ ਖੋਲ੍ਹਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਉਸਦੇ ਵੇਰਵੇ ਕੀ ਹਨ ?

ਸਰਦਾਰਨੀ ਰਾਜਿੰਦਰ ਕੌਰ ਭੱਠਲ : (ੳ) ਸਰਕਾਰ ਵਲੋਂ ਰਾਜ ਵਿਚ ਇਸ ਸਮੇਂ ਪੂਰੇ ਖਰਚੇ ਤੇ ਤਿੰਨ ਕਾਲਜ ਚਲਾਏ ਜਾ ਰਹੇ ਹਨ ।

(ਅ) ਸਰਕਾਰ ਵਲੋਂ ਦੋ ਨਵੇਂ ਇੰਜੀਨੀਅਰਿੰਗ ਕਾਲਜ ਕਰਮਵਾਰ ਫਿਰੋਜ਼ਪੁਰ ਅਤੇ ਗੁਰਦਾਸਪੁਰ ਵਿਖੇ ਖੋਲ੍ਹੇ ਜਾ ਰਹੇ ਹਨ ।

Original with;
Punjab Vidhan Sabha
Digitized by
Panjab Digital Library

ਸ਼੍ਰੀ ਰਮੇਸ਼ ਦੱਤ ਸ਼ਰਮਾ : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਾਲਜ ਕਦੋਂ ਤਕ ਮੁਕੰਮਲ ਹੋ ਜਾਣਗੇ ਅਤੇ ਕਿਹੜੇ ਸਾਲ ਵਿੱਚ ਚਾਲੂ ਹੋ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਬੜੀ ਤੇਜ਼ੀ ਨਾਲ ਕੰਮ ਸ਼ੁਰੂ ਕੀਤਾ ਹੋਇਆ ਹੈ । ਇਨ੍ਹਾਂ ਬਾਰੇ ਮੁੱਖ ਮੰਤਰੀ ਸਾਹਿਬ ਨੇ ਐਲਾਨ ਕੀਤਾ ਸੀ, ਇਨ੍ਹਾਂ ਵਿੱਚ 1995-96 ਵਿੱਚ ਪਹਿਲੇ ਸਮੈਸਟਰ ਦੀਆਂ ਕਲਾਸਾਂ ਚਾਲੂ ਕਰਾਂਗੇ ।

ਕੀਟਨਾਸ਼ਕ ਦਵਾਈਆਂ ਦੀ ਵਿਕਰੀ ਤੇ ਵਿਕਰੀ ਕਰ ਲਗਾਉਣਾ

*2512. **ਸ਼੍ਰੀ ਰਮੇਸ਼ ਦੱਤ ਸ਼ਰਮਾ** : ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਖੇਤੀਬਾੜੀ/ਬਾਗਬਾਨੀ ਦੇ ਮੰਤਵਾਂ ਲਈ ਵਰਤੀਆਂ ਜਾ ਰਹੀਆਂ ਕੀਟਨਾਸਕ ਦਵਾਈਆਂ ਦੀ ਵਿਕਰੀ ਤੇ ਇਸ ਸਮੇਂ ਕੋਈ ਵਿਕਰੀ ਕਰ ਲਗਾਇਆ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਉਸਦੀ ਦਰ ਕੀ ਹੈ ਅਤੇ ਵਿੱਤੀ ਸਾਲ 1994-95 ਦੇ ਦੌਰਾਨ ਇਸ ਸਬੰਧੀ ਕੁੱਲ ਕਿੰਨੀ ਰਕਮ ਇਕੱਠੀ ਕੀਤੀ ਗਈ ?

Sardar Shamsher Singh Dullo : Yes sir, Pesticides are taxable @ 2% and additional surcharge @ 10% is further leviable on the sale tax. On this account an amount of Rs. 5.57 crores has been collected from 1st April, 1994 to 31st December, 1994.

ਸ਼੍ਰੀ ਰਮੇਸ਼ ਦੱਤ ਸ਼ਰਮਾ : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਮੀਂਦਾਰਾਂ ਵਾਸਤੇ ਪੰਜਾਬ ਦੇ ਕਿਸਾਨਾਂ ਵਾਸਤੇ ਜਿਹੜੀਆਂ ਇਹ ਦਵਾਈਆਂ ਬਾਗਬਾਨੀ ਵਾਸਤੇ ਵਰਤੀਆਂ ਜਾਂਦੀਆਂ ਹਨ, ਉਹ ਬੜੀ ਥੋੜ੍ਹੀ ਰਕਮ ਦੀਆਂ ਹਨ । ਕੀ ਜਿਸ ਤਰ੍ਹਾਂ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਕਿਸਾਨਾਂ ਨੂੰ ਹੋਰ ਸਹੂਲਤਾਂ ਦਿੱਤੀਆਂ ਹਨ ਇਸ ਦੇ ਨਾਲ ਇਹ ਜਿਹੜਾ 2% ਟੈਕਸ ਹੈ, ਇਸ ਨੂੰ ਖ਼ਤਮ ਕਰਨ ਦਾ ਫ਼ੈਸਲਾ ਸਰਕਾਰ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੇ ਕਿਸਾਨਾਂ ਨੂੰ ਬਹੁਤ ਸਾਰੀਆਂ ਰਿਆਇਤਾਂ ਦਿੱਤੀਆਂ ਹਨ ਅੌਰ ਇਹ ਸਰਦਾਰ ਬੇਅੰਤ ਸਿੰਘ ਜੀ ਦੀ ਹੀ ਸਰਕਾਰ ਹੈ ਜਿਸ ਨੇ ਪੈਸਟੀਸਾਈਡਜ਼ ਤੇ ਵੀ 1995 ਵਿੱਚ ਟੈਕਸ 2% ਕੀਤਾ ਹੈ । ਪਹਿਲਾਂ ਇਹ 8% ਲਿਆ ਜਾਂਦਾ ਸੀ । (ਥੰਪਿੰਗ) ।

Mr. Speaker : Very good.

Starred Question No. 2458*

Mr. Speaker : Extension has been asked for in respect of Starred Question No. 2458.

---

*For Starred Question No. 2458 and reply thereto, please see P.V.S. Debates dated 4th April, 1995.

Original with;
Punjab Vidhan Sabha
Digitized by;
Panjab Digital Library

ਰਾਜ ਅਤੇ ਕੇਂਦਰ ਸਰਕਾਰ ਦੀਆਂ ਏਜੰਸੀਆਂ ਦੁਆਰਾ ਝੋਨੇ ਦੀ ਖਰੀਦ

*2459. (1) **ਸ਼੍ਰੀ ਬਲਦੇਵ ਸਿੰਘ ਬਲਮਗੜ੍ਹ**
(2) **ਸਰਦਾਰ ਬਲਦੇਵ ਸਿੰਘ ਪੱਕਾ** } : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1993-94 ਅਤੇ 1994-95 ਦੇ ਦੌਰਾਨ ਰਾਜ ਦੀਆਂ ਮੰਡੀਆਂ ਵਿਚ ਸਾਲਵਾਰ ਕੁੱਲ ਕਿੰਨਾ ਝੋਨਾ ਆਇਆ;

(ਅ) ਉਕਤ ਸਮੇਂ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਝੋਨੇ ਵਿਚੋਂ ਰਾਜ ਅਤੇ ਕੇਂਦਰ ਸਰਕਾਰ ਦੀਆਂ ਏਜੰਸੀਆਂ ਦੁਆਰਾ ਵੱਖ-ਵੱਖ ਖਰੀਦੇ ਗਏ ਝੋਨੇ ਦੇ ਸਾਲਵਾਰ ਵੇਰਵੇ ਕੀ ਹਨ ?

ਸਰਦਾਰ ਸ਼ਮਸ਼ੇਰ ਸਿੰਘ ਦੂਲੋ (ਆਬਕਾਰੀ ਅਤੇ ਕਰ ਮੰਤਰੀ) : (ੳ)

1993-94	..	90.62 ਲੱਖ ਮੀ: ਟਨ
1994-95 (ਹੁਣ ਤੱਕ)	..	94.13 ਲੱਖ ਮੀ: ਟਨ

(ਅ) (ਅੰਕੜੇ ਲੱਖ ਟਨਾਂ ਵਿਚ)

ਸਾਲ	ਰਾਜ ਸਰਕਾਰ ਦੀਆਂ ਏਜੰਸੀਆਂ	ਭਾਰਤੀ ਖੁਰਾਕ ਨਿਗਮ	ਕੁੱਲ
1993-94	32.08	23.20	55.28
1994-95 .. .. (ਹੁਣ ਤੱਕ)	46.29	27.39	73.68

ਸ਼੍ਰੀ ਬਲਦੇਵ ਸਿੰਘ ਬਲਮਗੜ੍ਹ : ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਬੜੇ ਵਿਸਥਾਰ ਨਾਲ ਜਵਾਬ ਦਿੱਤਾ ਹੈ ਪਰ ਨਾਲ ਹੀ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਖਰੀਦ ਦੌਰਾਨ ਪੀ. ਆਰ. 106 ਦੀ ਜਿਹੜੀ ਸੁਪਰ ਵੈਰਾਇਟੀ ਸੀ ਜਿਸ ਨੂੰ ਡਾਊਨ ਗਰੇਡ ਕਰਕੇ ਪਰਚੇਜ਼ ਕੀਤੀ ਗਈ ਸੀ, ਇਹ ਕਿੰਨੀ ਕੀਤੀ ਗਈ ਸੀ ? ਇਸ ਨਾਲ ਜਿਹੜਾ 380 ਰੁਪਏ ਦਾ ਰੇਟ ਸੀ, ਉਨ੍ਹਾਂ ਨੂੰ 360 ਮਿਲਿਆ ਹੈ । 20 ਰੁਪਏ ਦੇ ਹਿਸਾਬ ਨਾਲ ਉਨ੍ਹਾਂ ਨੂੰ ਘਾਟਾ ਪਿਆ ਹੈ ।

ਮੰਤਰੀ : ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਪੀ ਆਰ. 106 ਵੈਰਾਇਟੀ ਨੂੰ ਕੁਝ ਕਾਰਣਾਂ ਕਰਕੇ ਡਾਊਨ ਗਰੇਡ ਕਰਕੇ ਖਰੀਦ ਕੀਤੀ ਗਈ ਸੀ ਜਿਸ ਨੂੰ ਆਈਡੈਂਟੀਫਾਈ ਕੀਤਾ ਹੈ, ਉਹ 5 ਲੱਖ 69 ਹਜ਼ਾਰ 218 ਮੀਟਰਕ ਟਨ ਬਣਦੀ ਹੈ । ਜਿਥੋਂ ਤਕ ਬੋਨਸ ਦੇਣ ਦਾ ਸਬੰਧ ਹੈ, ਪਿਛਲੇ ਸਾਲ ਵੀ

Original with;
Punjab Vidhan Sabha
Digitized by;
Panjab Digital Library

[ਆਬਕਾਰੀ ਅਤੇ ਕਰ ਮੰਤਰੀ]

ਇਹ ਗੱਲ ਆਈ ਸੀ ਔਰ ਪੂਸਾ 44 ਡਾਊਨ ਗਰੇਡ ਕਰਕੇ ਖਰੀਦ ਕੀਤੀ ਗਈ ਸੀ । ਉਸ ਵੇਲੇ ਇਹ ਘਾਟਾ ਪੂਰਾ ਕਰਨ ਵਾਸਤੇ ਸਰਦਾਰ ਬੇਅੰਤ ਸਿੰਘ ਜੀ ਨੇ ਦਿੱਲੀ ਦੀ ਸਰਕਾਰ ਤੇ ਪਰੈਸ਼ਰ ਪਾਕੇ ਤਕਰੀਬਨ 30 ਕਰੋੜ ਰੁਪਏ ਦਾ ਬੋਨਸ ਲੈਕੇ ਦਿੱਤਾ ਸੀ । ਹੁਣ ਵੀ ਜਿਹੜਾ 20 ਲੱਖ ਰੁਪਏ ਦਾ ਘਾਟਾ ਪੈ ਰਿਹਾ ਹੈ, ਇਸ ਲਈ ਸਰਕਾਰ ਦੀ ਕੋਸ਼ਿਸ ਜਾਰੀ ਹੈ ਕਿ ਉਨ੍ਹਾਂ ਨੂੰ ਕੁਝ ਬੋਨਸ ਲੈਕੇ ਦਿੱਤਾ ਜਾਵੇ ।

ਸਰਦਾਰ ਸ਼ਮਸ਼ੇਰ ਸਿੰਘ ਰਾਏ : ਕੀ ਮੰਤਰੀ ਸਾਹਿਬ ਇਹ ਦੱਸਣਗੇ ਕਿ ਸਾਲ 1991-92 ਵਿਚ ਕੁੱਲ ਕਿੰਨਾ ਝੋਨਾ ਮੰਡੀਆਂ ਵਿਚ ਆਇਆ ਤਾਂਕਿ ਸਰਕਾਰ ਦੇ ਆਉਣ ਤੋਂ ਪਹਿਲਾਂ ਅਤੇ ਬਾਅਦ ਦਾ ਐਸਟੀਮੇਟ ਲਗਾਇਆ ਜਾ ਸਕੇ ?

ਮੰਤਰੀ : ਸਪੀਕਰ ਸਾਹਿਬ, ਸਾਲ 1991-92 ਵਿਚ 79 ਲੱਖ ਮੀਟਰਕ ਟਨ ਝੋਨਾ ਆਇਆ ਸੀ, ਫਿਰ 1992-93 ਵਿਚ 80 ਲੱਖ ਮੀਟਰਕ ਟਨ ਆਇਆ ਅਤੇ ਇਸ ਸਾਲ 94.13 ਲੱਖ ਮੀਟਰਕ ਟਨ ਦਾ ਅੰਦਾਜ਼ਾ ਲਗਾ ਸਕਦੇ ਹਾਂ । ਹੁਣ ਤੁਸੀਂ ਆਪ ਵੇਖ ਲਓ ਕਿ ਸਰਕਾਰ ਆਉਣ ਤੋਂ ਬਾਅਦ ਝੋਨੇ ਦੇ ਖੇਤਰ ਵਿਚ ਕਿੰਨਾ ਵਾਧਾ ਕੀਤਾ ਹੈ ।

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੀ. ਆਰ. 106 ਝੋਨੇ ਦੀ ਜਿਹੜੀ ਖਰੀਦ ਭਦੌੜ ਦੇ ਇਲਾਕੇ ਵਿਚ ਕੀਤੀ ਗਈ, ਉਹ 360 ਰੁਪਏ ਦੇ ਹਿਸਾਬ ਨਾਲ ਕੀਤੀ ਗਈ ਪਰ ਉਸ ਤੋਂ ਬਾਹਰ ਹੋਰ ਇਲਾਕਿਆਂ ਵਿਚ ਇਸ ਦੀ 380 ਰੁਪਏ ਦੇ ਹਿਸਾਬ ਨਾਲ ਵੀ ਖਰੀਦ ਕੀਤੀ ਗਈ ਹੈ । ਇਸ ਦਾ ਕੀ ਕਾਰਣ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਗੱਲ ਇਨ੍ਹਾਂ ਦੀ ਬਿਲਕੁਲ ਗਲਤ ਹੈ ਕਿ ਕੋਈ ਫਰਕ ਰੱਖਿਆ ਗਿਆ ਹੈ । ਝੋਨੇ ਦੀ ਖਰੀਦ ਬਾਰੇ ਭਾਰਤ ਸਰਕਾਰ ਨੇ ਕੁਝ ਨਾਰਮਜ਼ ਬਣਾਏ ਹੁੰਦੇ ਹਨ । ਜਿਹੜੇ ਝੋਨੇ ਦੀ ਖਰੀਦ ਸੁਪਰ ਫਾਈਨ ਵਿਚ ਚਲਦੀ ਹੈ, ਉਸ ਬਾਰੇ ਕੁਝ ਗੱਲਾਂ ਦਾ ਖਿਆਲ ਰਖਿਆ ਜਾਂਦਾ ਹੈ । ਜਿਸ ਤਰ੍ਹਾਂ ਮਿਲਾਵਟ ਲੋੜ ਤੋਂ ਵੱਧ ਹੋਵੇ ਤਦ ਵੀ ਉਸ ਨੂੰ ਰਿਜੈਕਟ ਕੀਤਾ ਜਾਂਦਾ ਹੈ ਅਤੇ ਦਾਣਾ ਇਮਿਚਿਉਅਰ ਵੀ ਨਾ ਹੋਵੇ । ਅਗਰ ਇਹ 3% ਤੋਂ ਜ਼ਿਆਦਾ ਹੋਵੇ ਤਦ ਵੀ ਇਹ ਰਿਜੈਕਟ ਕੀਤੀ ਜਾਂਦੀ ਹੈ ਅਤੇ ਅਗਰ ਮੋਆਸਚਰ 18% ਤੋਂ ਜ਼ਿਆਦਾ ਹੋਵੇ ਤਦ ਵੀ ਉਹ ਵੇਰੀ ਰਿਜੈਕਟ ਹੋ ਜਾਂਦੀ ਹੈ । ਅਸੀਂ ਇਸ ਨੂੰ ਰਿਜੈਕਟ ਨਹੀਂ ਕੀਤਾ ਬਲਕਿ ਇਸ ਨੂੰ ਡਾਊਨਗਰੇਡ ਕਰਕੇ ਲਿਆ ਹੈ ਤਾਂ ਕਿ ਕਿਸਾਨ ਮੰਡੀਆਂ ਵਿਚ ਰੁਲਦਾ ਨਾ ਰਹੇ ।

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਇਹ ਇਨ੍ਹਾਂ ਨੇ ਡਾਊਨਗਰੇਡ ਦਾ ਕਰਾਈਟੇਰੀਆ ਦਸਿਆ ਹੈ ਪਰ ਇਸ ਲਈ ਇਨ੍ਹਾਂ ਨੇ ਕਿਹੜਾ ਮਾਪਦੰਡ ਇਖਤਿਆਰ ਕੀਤਾ ਸੀ ਜਿਸ ਦੇ ਨਾਲ ਫਰੀਦਕੋਟ ਅਤੇ ਬਠਿੰਡਾ ਵਿਚ ਇਹ 380 ਰੁਪਏ ਵੇਚੀ ਗਈ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਕੋਈ ਸਪੈਸੀਫਿਕ ਇਨਸਟਾਂਸ ਦਸ ਦੇਣ, ਮੈਂ ਪਤਾ ਕਰ ਲਵਾਂਗਾ ।

Original with;
Punjab Vidhan Sabha
Digitized by;
Punjab Digital Library

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਪੂਸਾ-44 ਨੂੰ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਮਾਹਿਰਾਂ ਨੇ ਕਿਹਾ ਹੈ ਕਿ ਇਹ ਜ਼ਮੀਨ ਦੇ ਤੱਤਾਂ ਨੂੰ ਖ਼ਤਮ ਕਰਦੀ ਜਾ ਰਹੀ ਹੈ । ਜ਼ਮੀਨ ਨੂੰ ਨਕਾਰਾ ਕਰਦੀ ਜਾ ਰਹੀ ਹੈ । ਕੀ ਸਰਕਾਰ ਇਸ ਨੂੰ ਪੰਜਾਬ ਵਿਚ ਬੰਦ ਕਰਨ ਦਾ ਕੋਈ ਉਪਰਾਲਾ ਕਰੇਗੀ ਤਾਂ ਕਿ ਸਾਡੀ ਧਰਤੀ ਨਕਾਰਾ ਨਾ ਹੋਵੇ ?

ਮੰਤਰੀ : ਸਪੀਕਰ ਸਾਹਿਬ, ਬੀਜਣ ਤੋਂ ਪਹਿਲਾਂ ਇਸ ਦੀ ਜਾਂਚ ਕਰ ਲਈ ਗਈ ਹੈ । ਇਹ ਫਾਈਨ ਹੈ, ਸੁਪਰ ਫਾਈਨ ਨਹੀਂ ਹੈ । ਸੁਪਰਫਾਈਨ ਪੂਸਾ ਦੇ ਬਕਾਇਦਾ ਗੌਰਮਿੰਟ ਆਫ ਇੰਡੀਆ ਵਲੋਂ ਨਾਰਮਜ਼ ਫਿਕਸ ਕੀਤੇ ਹੋਏ ਹਨ ।

ਮੁਹਾਲੀ ਤੋਂ ਬੇਦਖਲ ਕੀਤੇ ਗਏ ਵਿਅਕਤੀਆਂ ਨੂੰ ਰਿਹਾਇਸ਼ੀ ਪਲਾਟਾਂ ਦੀ ਅਲਾਟਮੈਂਟ

*2417. **ਸ਼੍ਰੀ ਮਦਨ ਮੋਹਨ ਮਿੱਤਲ** : ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਐਸ. ਏ. ਐਸ. ਨਗਰ (ਮੁਹਾਲੀ) ਤੋਂ ਬੇਦਖਲ ਕੀਤੇ ਗਏ ਉਨ੍ਹਾਂ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਨੂੰ ਹੁਣ ਤੱਕ ਮੁਹਾਲੀ ਵਿਖੇ ਰਿਹਾਇਸ਼ੀ ਪਲਾਟ ਅਲਾਟ ਕੀਤੇ ਗਏ ਹਨ;

(ਅ) ਕੀ ਰਿਹਾਇਸ਼ੀ ਪਲਾਟਾਂ ਦੀ ਅਲਾਟਮੈਂਟ ਲਈ ਬੇਦਖਲ ਕੀਤੇ ਗਏ ਅਜਿਹੇ ਵਿਅਕਤੀਆਂ ਦੀਆਂ ਕੋਈ ਅਰਜ਼ੀਆਂ ਅਜੇ ਪੈਂਡਿੰਗ ਪਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੇ ਨਾਂ ਅਤੇ ਪਤੇ ਕੀ ਹਨ ਅਤੇ ਅਜਿਹੇ ਵਿਅਕਤੀਆਂ ਨੂੰ ਕਦੋਂ ਤੱਕ ਪਲਾਟ ਅਲਾਟ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਉਕਤ ਅਰਜ਼ੀਆਂ ਕਿਸ ਤਰੀਕ ਤੋਂ ਪੈਂਡਿੰਗ ਪਈਆਂ ਹਨ ?

ਸ਼੍ਰੀ ਬਾਲ ਮੁਕੰਦ ਸ਼ਰਮਾ : (ੳ) ਸ਼੍ਰੀਮਾਨ ਜੀ, ਨਿਕਾਸੀ ਕੈਟਾਗਰੀ ਅਧੀਨ ਐਸ. ਏ. ਐਸ. ਨਗਰ (ਮੋਹਾਲੀ) ਵਿਖੇ ਹੁਣ ਤੱਕ 317 ਰਿਹਾਇਸ਼ੀ ਪਲਾਟ ਅਲਾਟ ਕੀਤੇ ਜਾ ਚੁੱਕੇ ਹਨ ।

(ਅ) ਹਾਂ ਜੀ । ਐਸ. ਏ. ਐਸ. ਨਗਰ (ਮੋਹਾਲੀ) ਵਿਖੇ ਨਿਕਾਸੀ ਕੈਟਾਗਰੀ ਦੀਆਂ ਹੁਣ ਤੱਕ 308 ਪੂਰੀ ਬੇਨਤੀਆਂ ਲੰਬਿਤ ਹਨ । ਲੰਬਿਤ ਅਰਜ਼ੀਆਂ ਦੀ* ਲਿਸਟ ਜਿਸ ਵਿੱਚ ਨਾਂ, ਪਤਾ ਅਤੇ ਮਿਤੀ ਦਰਸਾਈ ਗਈ ਹੈ, ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਅਤੇ ਅਜਿਹੇ ਬਿਨੈਕਾਰਾਂ ਨੂੰ ਉਨ੍ਹਾਂ ਵਲੋਂ ਫਾਰਮੈਲਿਟੀਆਂ ਪੂਰੀਆਂ ਕਰਨ ਉਪਰੰਤ ਪਲਾਟ ਅਲਾਟ ਕੀਤੇ ਜਾਣਗੇ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਇਹ ਪਲਾਟ ਅਲਾਟ ਕਰਨ ਦਾ ਕੀ ਕਰਾਈਟੇਰੀਆ ਹੈ ? ਜਿਸ ਦੀ ਜਮੀਨ ਨੂੰ ਐਕਵਾਇਅਰ ਕੀਤਾ ਜਾਂਦਾ ਹੈ, ਉਸ ਨੂੰ ਕਿੰਨੇ ਏਰੀਏ ਦਾ ਪਲਾਟ ਅਲਾਟ ਕੀਤਾ ਜਾਂਦਾ ਹੈ ?

---

*Placed In the Library.

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਜਿਸ ਦੀ ਜ਼ਮੀਨ ਅੱਧੇ ਏਕੜ ਤੋਂ 3 ਏਕੜ ਤੱਕ ਐਕਵਾਇਅਰ ਕੀਤੀ ਜਾਂਦੀ ਹੈ ਉਸ ਨੂੰ ਅਸੀਂ 100 ਗਜ਼ ਦਾ ਪਲਾਟ ਅਲਾਟ ਕਰਦੇ ਹਾਂ ਅਤੇ ਜਿਸ ਦੀ ਜ਼ਮੀਨ 3 ਤੋਂ 5 ਏਕੜ ਤੱਕ ਐਕਵਾਇਅਰ ਕਰਦੇ ਹਾਂ, ਉਸ ਨੂੰ ਅਸੀਂ 200 ਗਜ਼ ਦਾ ਪਲਾਟ ਅਲਾਟ ਕਰਦੇ ਹਾਂ ਅਤੇ 5 ਏਕੜ ਤੇ ਵੱਧ ਵਾਲੇ ਨੂੰ 500 ਗਜ਼ ਦਾ ਪਲਾਟ ਅਲਾਟ ਕਰਦੇ ਹਾਂ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ 317 ਨੂੰ ਪਲਾਟ ਅਲਾਟ ਕੀਤੇ ਹਨ ਅਤੇ 308 ਦੀਆਂ ਐਪਲੀਕੇਸ਼ਨਾਂ ਹਾਲੇ ਪੈਂਡਿੰਗ ਪਈਆਂ ਹਨ ਅੱਰ ਇਹ 1972 ਤੋਂ ਪੈਂਡਿੰਗ ਪਈਆਂ ਹਨ ਜਦ ਕਿ 1995 ਦਾ ਸਾਲ ਆ ਗਿਆ ਹੈ । And, now we are going to enter the 21st century ਇਨ੍ਹਾਂ ਪੈਂਡਿੰਗ ਐਪਲੀਕੈਂਟਸ ਨੂੰ ਪਲਾਟ ਡਰਾਅ ਕੱਢ ਕੇ ਦਿੱਤੇ ਜਾਣ ਜਾਂ ਕੰਪਿਊਟਰ ਰਾਹੀਂ ਲਿਸਟਾਂ ਬਣਾ ਕੇ ਅਲਾਟ ਕਰ ਦੇਣ ਤਾਂ ਕਿ ਉਨ੍ਹਾਂ ਵਿਚ ਜਿਹੜੀ ਰਿਜ਼ੈਂਟਮੈਂਟ ਹੈ, ਉਹ ਖਤਮ ਹੋ ਸਕੇ । ਇਹ ਕਦੋਂ ਤੱਕ ਪਲਾਟ ਅਲਾਟ ਕਰ ਦੇਵੋਗੇ ?

ਸ਼੍ਰੀ ਸਪੀਕਰ : ਇਹ ਠੀਕ ਹੈ ਕਿ 1972 ਦੀ ਗੱਲ ਹੈ ਪਰ ਸਾਡੀ ਸਰਕਾਰ 1992 ਵਿਚ ਆਈ ਹੈ । ਮੁੜ ਮੁੜ ਕੇ ਤੁਸੀਂ ਉਹੀ ਸਵਾਲ ਕਰੀ ਜਾਂਦੇ ਹੋ ।

ਮੰਤਰੀ : ਇਸ ਦੇ ਵਿਚ ਕੁਝ ਫਾਰਮੈਲਿਟੀਜ਼ ਹੁੰਦੀਆਂ ਹਨ ਜਿਹੜੀਆਂ ਕਿ ਉਨ੍ਹਾਂ ਨੇ ਪੂਰੀਆਂ ਕਰਨੀਆਂ ਹੁੰਦੀਆਂ ਹਨ । ਜਦ ਤਕ ਉਹ ਫਾਰਮੈਲਿਟੀਜ਼ ਪੂਰੀਆਂ ਨਹੀਂ ਕਰਦੇ ਤਦ ਤਕ ਅਸੀਂ ਅਲਾਟਮੈਂਟ ਆਰਡਰ ਇਸ਼ੂ ਨਹੀਂ ਕਰ ਸਕਦੇ ।

ਸ਼੍ਰੀ ਮਦਨ ਮੋਹਨ ਮਿੱਤਲ : ਇਹ ਫਾਰਮੈਲਿਟੀਜ਼ ਵੇਗ ਟਰਮ ਹੈ । Is the formality above the table or below the table ? What for the officers are sitting there ?

ਸਾਡੇ ਕੋਲ ਰਿਕਾਰਡ ਹੈ । ਫਾਰਮੈਲਿਟੀਜ਼ ਦਾ ਕਰਾਈਟੇਰੀਆ ਕੀ ਹੈ ? ਕੀ ਮੰਤਰੀ ਜੀ ਡੀਟੇਲ ਵਿਚ ਸਦਨ ਨੂੰ ਦੱਸਣਗੇ ?

ਮੰਤਰੀ : ਸਪੀਕਰ ਸਾਹਿਬ, ਨੰਬਰ ਇਕ ਜਿਹੜਾ ਅਪਲਾਈ ਕਰਦਾ ਹੈ । ਉਸ ਨੇ ਸਰਟੀਫਿਕੇਟ ਦੇਣੇ ਹੁੰਦੇ ਹਨ । ਦੂਸਰਾ ਨੰਬਰ ਜਿਹੜੀ ਲੈਂਡ ਐਕੁਆਇਰ ਕੀਤੀ ਹੈ, ਉਸ ਲਈ ਸਰਟੀਫਿਕੇਟ ਪੇਸ਼ ਕਰਨੇ ਹੁੰਦੇ ਹਨ । ਦਸਵਾਂ ਹਿੱਸਾ ਪਹਿਲਾਂ ਐਡਵਾਂਸ ਮਨੀ, ਜਿਸ ਨੂੰ ਬਿਆਨੇ ਦੇ ਤੌਰ ਤੇ ਕਿਹਾ ਜਾਂਦਾ ਹੈ, ਉਸਨੇ ਜਮ੍ਹਾਂ ਕਰਵਾਉਣੀ ਹੁੰਦੀ ਹੈ । ਕਈ ਕੇਸਿਜ਼ ਐਸੇ ਵੀ ਹੁੰਦੇ ਹਨ ਜਿਥੇ ਕਿ ਕਿਸੇ ਦੀ ਡੈਥ ਹੋ ਜਾਂਦੀ ਹੈ ਤਾਂ ਉਨ੍ਹਾਂ ਨੂੰ ਡੈਥ ਸਰਟੀਫਿਕੇਟ ਵੀ ਪੇਸ਼ ਕਰਨਾ ਪੈਂਦਾ ਹੈ । ਇਹੋ ਜਿਹੀਆਂ ਕਈ ਚੀਜ਼ਾਂ ਹਨ । ਜਿਹੜੇ ਫਾਰਮੈਲਿਟੀਜ਼ ਪੂਰੀਆਂ ਕਰ ਲੈਂਦੇ ਹਨ, ਉਨ੍ਹਾਂ ਨੂੰ ਸਰਕਾਰ ਪਲਾਟ ਦੇ ਰਹੀ ਹੈ । ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਵਾਸਤੇ, ਸਪੀਕਰ ਸਾਹਿਬ, ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਸ ਵਿਚ ਕੰਸਟਰਟ ਦਾ ਨੁਕਸਾਨ ਹੋ ਰਿਹਾ ਹੈ

Original with;
Punjab Vidhan Sabha
Digitized by;
Punjab Digital Library

ਕਿਉਂਕਿ ਉਨ੍ਹਾਂ ਲਈ ਪਲਾਟ ਰਿਜ਼ਰਵ ਕਰਕੇ ਰਖੇ ਹੋਏ ਹਨ । ਅਸੀਂ ਚਾਹੁੰਦੇ ਹਾਂ ਕਿ ਉਹ ਜਲਦੀ ਤੋਂ ਜਲਦੀ ਫਾਰਮੈਲਿਟੀਜ਼ ਪੂਰੀਆਂ ਕਰਨ ਅਤੇ ਅਸੀਂ ਉਨ੍ਹਾਂ ਨੂੰ ਪਲਾਟ ਅਲਾਟ ਕਰੀਏ ।

ਜ਼ਿਲ੍ਹਾ ਬਠਿੰਡਾ ਵਿਚ ਪਿੰਡਾਂ ਨੂੰ ਨਹਿਰੀ ਪਾਣੀ ਦੀ ਸਪਲਾਈ ਨੂੰ ਸੁਧਾਰਨਾ

*2661. **ਸਰਦਾਰ ਬਲਦੇਵ ਸਿੰਘ ਪੱਕਾ** : ਕੀ ਸਹਿਕਾਰਤਾ ਅਤੇ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਬਠਿੰਡਾ ਵਿਚ ਨਹਿਰ ਦੇ ਅੰਤ ਤੇ ਸਥਿਤ ਪਿੰਡਾਂ ਰਾਮਗੜ੍ਹ, ਭੂੰਦੜ, ਕੋਟਧਾਰਾ, ਕੋਟਫੱਤਾ ਨੂੰ ਨਿਯਮਿਤ ਤੌਰ ਤੇ ਨਹਿਰੀ ਪਾਣੀ ਪਹੁੰਚ ਰਿਹਾ ਹੈ; ਜੇਕਰ ਨਹੀਂ, ਤਾਂ ਇਨ੍ਹਾਂ ਪਿੰਡਾਂ ਨੂੰ ਨਹਿਰੀ ਪਾਣੀ ਦੀ ਨਿਯਮਿਤ ਸਪਲਾਈ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੀ ਕੀ ਕਾਰਵਾਈ ਕਰਨ ਦੀ ਤਜਵੀਜ਼ ਹੈ ?

Shri Sajjan Kumar Jakhar : (a) Yes Sir.

(b) Not applicable in view of (a) above.

ਸਰਦਾਰ ਬਲਦੇਵ ਸਿੰਘ ਪੱਕਾ : ਸਪੀਕਰ ਸਾਹਿਬ, ਪਿੰਡ ਰਾਮਗੜ੍ਹ, ਭੂੰਦੜ, ਕੋਟਧਾਰਾ ਜੋ ਪਿੰਡ ਦੱਸੇ ਗਏ ਹਨ ਇਹ ਮੇਰੇ ਹਲਕੇ ਦੇ ਪਿੰਡ ਟੇਲ ਤੇ ਹੋਣ ਕਰਕੇ ਪਾਣੀ ਨਹੀਂ ਪਹੁੰਚਦਾ । ਅਫ਼ਸਰ ਸਾਹਿਬਾਨ ਨੇ ਇਨ੍ਹਾਂ ਨੂੰ ਗਲਤ ਦੱਸਿਆ ਹੈ । ਕੀ ਇਹ ਆਪ ਇਨਕੁਆਇਰੀ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਦੀ ਜਾਣਕਾਰੀ ਲਈ ਕਹਿਣਾ ਚਾਹੁੰਦਾ ਹਾਂ ਕਿ ਇਹ ਪਿਛੋਂ ਰਿਪੋਰਟ ਆਈ ਹੈ । ਜੇਕਰ ਇਹ ਕਹਿੰਦੇ ਹਨ ਕਿ ਅਫਸਰ ਸਾਹਿਬਾਨ ਨੇ ਗਲਤ ਜਵਾਬ ਦਿੱਤਾ ਹੈ ਤਾਂ ਇਹ ਬੁਲਾ ਲੈਣ, ਜਾ ਕੇ ਦੇਖ ਲਵਾਂਗੇ ।

ਸ਼੍ਰੀ ਸਪੀਕਰ : ਇਹ ਠੀਕ ਹੈ, ਤੁਸੀਂ ਦੋਨੋਂ ਜਾ ਕੇ ਚੈਕ ਕਰੋ ।

ਸਰਦਾਰ ਬਲਦੇਵ ਸਿੰਘ ਪੱਕਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰਾ ਹਲਕਾ ਟੇਲ ਤੇ ਹੋਣ ਕਰਕੇ ਪਾਣੀ ਵੀ ਠੀਕ ਨਹੀਂ ਹੈ ਅਤੇ ਉਥੇ ਖੇਤਾਂ ਲਈ ਪਾਣੀ ਨਹੀਂ ਪਹੁੰਚਦਾ । ਕੀ ਮੰਤਰੀ ਜੀ ਪਾਣੀ ਨੂੰ ਵਧਾਉਣ ਦੀ ਕੋਈ ਤਜਵੀਜ਼ ਰਖਦੇ ਹਨ ?

ਮੰਤਰੀ : ਸਪੀਕਰ ਸਾਹਿਬ, ਜੇਕਰ ਪਾਣੀ ਪਿੱਛੋਂ ਵੱਧ ਆਵੇਗਾ ਤਾਂ ਹੀ ਦਿਆਂਗੇ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਜਿਹੜਾ ਬੁਢਲਾਡਾ ਸਬ-ਡਵੀਜ਼ਨ ਡਿਸਟ੍ਰਿਕਟ ਮਾਨਸਾ ਵਿਚ ਟੇਲ ਤੇ ਹੈ, ਉਥੇ ਨਹਿਰੀ ਪਾਣੀ ਘੱਟ ਹੈ । ਪਿਛਲੇ ਸਾਲ ਸਬ-ਡਵੀਜ਼ਨ ਤੇ ਟੈਂਪਰੇਰੀ ਦਫ਼ਤਰ ਖੋਲ੍ਹਿਆ ਸੀ .....

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ: ਅਰਸ਼ੀ ਜੀ, ਤੁਸੀਂ ਇਕ ਘੰਟਾ ਲਾਂਦੇ ਹੋ । ਸਵਾਲ ਪੁੱਛੋ ।

ਕਾਮਰੇਡ ਹਰਦੇਵ ਅਰਸ਼ੀ ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮੈਂ ਸਭ ਤੋਂ ਘਟ ਸਮੇਂ ਵਿੱਚ ਸਪਲੀਮੈਂਟਰੀ ਕਰਦਾ ਹਾਂ ਪਰ ਤੁਸੀਂ ਫੇਰ ਵੀ ਮੈਨੂੰ ਵਿੱਚ ਰੋਕ ਦਿੱਤਾ ਹੈ । ਅੱਜ ਏ ਪ੍ਰੋਟੈਸਟ ਮੈਂ ਸਵਾਲ ਨਹੀਂ ਪੁੱਛਦਾ ।

Starred Question No. 2674*

Mr. Speaker: Extension has been asked for in respect of starred Question No. 2674.

ਬਲਾਕਾਂ ਰਈਆ ਅਤੇ ਤਰਸਿੱਕਾ ਵਿੱਚ ਉੱਨਤ ਗਰਾਮ ਸਕੀਮ ਅਧੀਨ ਗਰਾਂਟਾਂ ਦੀ ਵਰਤੋਂ

*2427. **ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਅੰਮ੍ਰਿਤਸਰ ਦੇ ਰਈਆ ਅਤੇ ਤਰਸਿੱਕਾ ਬਲਾਕਾਂ ਵਿਚ ਸਾਲਾਂ 1993-94 ਅਤੇ 1994-95 (ਅੱਜ ਤੱਕ) ਦੌਰਾਨ ਉੱਨਤ ਗਰਾਮ ਸਕੀਮ ਲਈ ਖਰਚ ਕਰਨ ਲਈ ਦਿੱਤੀ ਗਈ ਗਰਾਂਟ ਦੇ ਸਬੰਧ ਵਿਚ ਗਰਾਮ ਪੰਚਾਇਤਾਂ ਵਲੋਂ ਵਰਤੋਂ ਸਰਟੀਫਿਕੇਟ ਦਿੱਤੇ ਜਾ ਚੁੱਕੇ ਹਨ ?

Shri Santokh Singh Chaudhary (Chief Parliamentary Secretary) : Only some Panchayats have given the utilisation certificates.

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਮਾਨਯੋਗ ਸਪੀਕਰ ਸਾਹਿਬ, ਮੈਂ ਚੀਫ ਪਾਰਲੀਮੈਂਟਰੀ ਸੈਕ੍ਰੇਟਰੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੈਂ ਜਿਹੜਾ ਸਵਾਲ ਕੀਤਾ ਸੀ, ਉਹ 1993-94 ਅਤੇ 1994-95 ਦਾ ਸੀ । ਮੈਂ ਪੁਛਿਆ ਸੀ ਕਿ ਅਜੇ ਤੱਕ ਕਿੰਨੀਆਂ ਪੰਚਾਇਤਾਂ ਵਲੋਂ ਵਰਤੋਂ ਸਰਟੀਫਿਕੇਟ ਦਿੱਤੇ ਗਏ ਹਨ । ਇਨ੍ਹਾਂ ਨੇ ਕਹਿ ਦਿੱਤਾ ਕਿ ਕੇਵਲ ਕੁਝ ਪੰਚਾਇਤਾਂ ਵਲੋਂ ਵਰਤੇ ਸਰਟੀਫਿਕੇਟ ਦਿੱਤੇ ਗਏ ਹਨ । ਇਹ ਸਰਟੀਫਿਕੇਟ ਪੰਚਾਇਤਾਂ ਵਲੋਂ ਨਹੀਂ ਦਿੱਤੇ ਗਏ, ਇਹ ਬੀ. ਡੀ. ਓਜ਼. ਨੇ ਵਰਤੋਂ ਸਰਟੀਫਿਕੇਟ ਦੇਣੇ ਹੁੰਦੇ ਹਨ । ਇਨ੍ਹਾਂ ਦੀ ਇਹੀ ਗੱਲ ਗਲਤ ਹੈ । ਪੰਚਾਇਤਾਂ ਨੇ ਕੋਈ ਸਰਟੀਫਿਕੇਟ ਨਹੀਂ ਦੇਣਾ । ਦੇਣਾ ਤਾਂ ਬੀ. ਡੀ. ਓ. ਦੇ ਮਹਿਕਮੇ ਨੇ ਅਤੇ ਪੰਚਾਇਤ ਦੇ ਮਹਿਕਮੇ ਨੇ ਹੁੰਦਾ ਹੈ । ਮੈਂ ਨੰਬਰ ਆਫ ਵਿਲੇਜ ਪੁੱਛਿਆ ਸੀ, ਬਲਾਕ ਤਰਸਿੱਕਾ ਅਤੇ ਰਈਆ ਵਿਚ ਨੰਬਰ ਆਫ ਵਿਲੇਜ ਦੱਸੇ ਜਾਣ ਜਿਨ੍ਹਾਂ ਨੂੰ ਪਿਛਲੇ 2 ਸਾਲਾਂ ਵਿਚ ਮਾਨਯੋਗ ਮੁੱਖ-ਮੰਤਰੀ ਸਾਹਿਬ ਵਲੋਂ ਐਮ. ਐਲ. ਏਜ਼ ਦੇ ਜ਼ਰੀਏ ਲੱਖਾਂ ਰੁਪਏ, ਕਰੋੜਾਂ ਰੁਪਏ ਉਨਤ ਗ੍ਰਾਮ ਸਕੀਮ ਅਧੀਨ ਸਾਡੇ ਪਿੰਡਾਂ ਵਿਚ ਦਿੱਤੇ ਗਏ ਹਨ ਪਰ ਉਨ੍ਹਾਂ ਦੇ ਸਰਪੰਚਾਂ ਨੇ ਅਜੇ ਤੱਕ ਕੋਈ

---

*For Starred Question No. 2674 and reply thereto, please see Debates dated 28th March, 1995 (M.S.)

Original with;
Punjab Vidhan Sabha
Digitized by:
Panjab Digital Library

ਸਰਟੀਫਿਕੇਟ ਨਹੀਂ ਦਿੱਤਾ । ਜੇ ਜਵਾਬ ਇਹੀ ਮੰਨ ਲਈਏ ਕਿ ਕੁਝ ਪਿੰਡਾਂ ਨੇ ਦਿੱਤੇ ਹਨ ਤਾਂ ਕੁਝ ਪਿੰਡ ਤਾਂ 1-2 ਪਿੰਡ ਵੀ ਹੋ ਸਕਦੇ ਹਨ । ਇਹ ਪਰਸੈਂਟੇਜ ਦੱਸ ਦੇਣ, ਨੰਬਰ ਆਫ ਵਿਲੇਜ ਦੱਸ ਦੇਣ ਕਿ ਕਿੰਨੇ ਪਿੰਡਾਂ ਵਲੋਂ ਇਨ੍ਹਾਂ ਹਲਕਿਆਂ ਵਿਚ ਯੂਟਿਲਾਈਜ਼ੇਸ਼ਨ ਸਰਟੀਫਿਕੇਟ ਦਿੱਤੇ ਗਏ ਹਨ ?

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ, ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹਵਾਂਗਾ ਕਿ 1993-94 ਵਿਚ ਤਰਸਿੱਕਾ ਬਲਾਕ ਦੇ 64 ਪਿੰਡਾਂ ਨੂੰ ਗਰਾਂਟ ਮਿਲੀ ਸੀ ਅੱਤੇ ਉਸ ਦੇ ਵਿਚੋਂ 35 ਪਿੰਡਾਂ ਦੇ ਯੂਟਿਲਾਈਜ਼ੇਸ਼ਨ ਸਰਟੀਫਿਕੇਟ ਪ੍ਰਾਪਤ ਹੋ ਚਕੇ ਹਨ । ਰਈਆ ਬਲਾਕ ਦੇ 70 ਪਿੰਡਾਂ ਨੂੰ ਗਰਾਂਟ ਦਿੱਤੀ ਗਈ ਸੀ ਜਿਨ੍ਹਾਂ ਵਿਚੋਂ 42 ਦੇ ਯੂਟਿਲਾਈਜ਼ੇਸ਼ਨ ਸਰਟੀਫਿਕੇਟ ਮਿਲ ਚੁਕੇ ਹਨ । 1994-95 ਵਿਚ ਤਰਸਿੱਕਾ ਬਲਾਕ ਵਿਚ 64 ਪਿੰਡਾਂ ਨੂੰ ਗਰਾਂਟ ਦਿੱਤੀ ਗਈ ਸੀ ਜਿਨ੍ਹਾਂ ਵਿਚੋਂ 8 ਪਿੰਡਾਂ ਦੇ ਯੂਟਿਲਾਈਜ਼ੇਸ਼ਨ ਸਰਟੀਫਿਕੇਟ ਸਾਨੂੰ ਪ੍ਰਾਪਤ ਹੋਏ ਹਨ । ਰਈਆ ਬਲਾਕ ਦੇ 52 ਪਿੰਡਾਂ ਨੂੰ ਗਰਾਂਟ ਦਿੱਤੀ ਸੀ ਅਤੇ ਉਥੋਂ ਹਰੇਕ ਪਿੰਡ ਦਾ ਯੂਟਿਲਾਈਜ਼ੇਸ਼ਨ ਸਰਟੀਫਿਕੇਟ ਮਿਲ ਚੁੱਕਾ ਹੈ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ: ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸਦੀ ਕੋਈ ਟਾਈਮ ਲਿਮਿਟ ਮਹਿਕਮੇਂ ਵਲੋਂ ਨੀਯਤ ਕੀਤੀ ਗਈ ਹੈ ਕਿ ਏਨੇ ਸਮੇਂ ਵਿਚ ਗਰਾਂਟ ਯੂਜ਼ ਹੋਵੇ । 2 ਸਾਲਾਂ ਵਿਚ ਸਰਟੀਫਿਕੇਟ ਨਾ ਦਿੱਤੇ ਜਾਣ ਦੇ ਕੀ ਕਾਰਣ ਹਨ ? ਪਿੰਡ ਦਾ ਸਰਪੰਚ ਅਪਲਾਈ ਕਰ ਛੱਡਦਾ ਹੈ ਪਹਿਲਾਂ ਬੀ. ਡੀ. ਓ. ਨੂੰ, ਫਿਰ ਪੰਚਾਇਤੀ ਰਾਜ ਦੇ ਦਫਤਰ । ਫੇਰ ਉਸ ਦੀ ਪੜਤਾਲ ਐਕਸ.ਈ.ਐਨ. ਅਤੇ ਐਸ.ਡੀ.ਓ. ਕਰਦਾ ਹੈ । ਕੀ ਸਰਕਾਰ ਵਲੋਂ ਕੋਈ ਟਾਈਮ ਨੀਯਤ ਹੈ ਕਿ ਏਨੇ ਚਿਰ ਵਿਚ ਸਰਟੀਫਿਕੇਟ ਦੇਣਾ ਜ਼ਰੂਰੀ ਬਣਦਾ ਹੈ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਯੂਟਿਲਾਈਜ਼ੇਸ਼ਨ ਸਰਟੀਫਿਕੇਟ ਉਸ ਵਕਤ ਪ੍ਰਾਪਤ ਹੁੰਦਾ ਹੈ ਜਦੋਂ ਪਿੰਡ ਵਿਚ ਜਿਹੜੀ ਗਰਾਂਟ ਦਿੱਤੀ ਗਈ ਹੋਵੇ ਉਹ ਪੂਰੀ ਖਰਚ ਹੋਈ ਹੋਵੇ । ਜਿੰਨੀ ਦੇਰ ਤੱਕ ਕੰਮ ਚਲਦਾ ਹੈ, ਯੂਟਿਲਾਈਜ਼ੇਸ਼ਨ ਸਰਟੀਫਿਕੇਟ ਨਹੀਂ ਦਿੱਤਾ ਜਾ ਸਕਦਾ । ਜਿਹੜੇ ਜਿਹੜੇ ਪਿੰਡਾਂ ਵਿਚ ਕੰਮ ਮੁਕੰਮਲ ਹੋ ਚੁੱਕੇ ਹੁੰਦੇ ਹਨ, ਉਨ੍ਹਾਂ ਤੋਂ ਸਰਟੀਫਿਕੇਟ ਪ੍ਰਾਪਤ ਹੁੰਦਾ ਹੈ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ 1993-94 ਅਤੇ 1994-95 ਦੇ ਦੋ ਸਾਲਾਂ ਵਿਚ ਜਿਹੜੇ ਪੈਸੇ ਪਿੰਡਾਂ ਨੂੰ ਦਿੱਤੇ ਗਏ, ਕੀ ਉਹ ਵਰਤੇ ਨਹੀਂ ਗਏ ਹਨ ?

ਮੁੱਖ ਮੰਤਰੀ: ਸਪੀਕਰ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਪੈਸੇ ਬਹੁਤ ਦਿੱਤੇ ਗਏ ਹਨ । ਇਹ ਠੀਕ ਹੈ ਕਿ ਪੈਸੇ ਦੀ ਵਰਤੋਂ ਦਾ ਪਤਾ ਤਾਂ ਹੀ ਲਗਦਾ ਹੈ ਜੇ ਯੂਟਿਲਾਈਜੇਸ਼ਨ ਸਰਟੀਫਿਕੇਟ ਆਉਣ ਕਿ ਪੈਸੇ ਖਰਚੇ ਗਏ ਹਨ ਜਾਂ ਨਹੀਂ । ਇਸੇ ਕਰਕੇ ਇਹ ਤਜਵੀਜ਼ ਸਾਡੇ ਵਿਚਾਰ ਅਧੀਨ ਹੈ ਕਿ ਜੇ ਵਕਤ ਸਿਰ ਪੈਸੇ ਖਰਚ ਨਹੀਂ ਕਰ ਸਕਦੇ ਅਤੇ ਯੂਟਲਾਈਜ਼ੇਸ਼ਨ ਸਰਟੀਫਿਕੇਟ ਨਹੀਂ ਦਿੰਦੇ, ਅਸੀਂ ਉਨ੍ਹਾਂ ਨੂੰ ਪੈਸੇ ਹੀ ਨਾ ਦੇਈਏ ।

Original with;
Punjab Vidhan Sabha
Digitized by;
Punjab Digital Library

ਜ਼ਬਤ ਕੀਤੇ ਹਥਿਆਰਾਂ ਦੀ ਅਲਾਟਮੈਂਟ

*2366. (1) ਸ਼੍ਰੀ ਵਿਜੇ ਕੁਮਾਰ ਸਾਥੀ —
(2) ਕਾਮਰੇਡ ਤਰਸੇਮ ਜੋਧਾਂ

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਾਲ 1990 ਤੋਂ ਹੁਣ ਤੱਕ ਕਿਹੜੇ ਕਿਹੜੇ ਮਹੱਤਵਪੂਰਨ ਵਿਅਕਤੀਆਂ ਨੂੰ ਫਿਲੌਰ ਪੁਲੀਸ ਅਸਲਾ ਖਾਨਾ ਵਿਚੋਂ ਕਿਹੜੀ-ਕਿਹੜੀ ਕਿਸਮ ਦੇ ਮਨਾਹੀ ਬੋਰ ਦੇ ਹਥਿਆਰ (Prohibited bore Arms) ਕਿੰਨੀ ਕਿੰਨੀ ਕੀਮਤ ਤੇ ਦਿੱਤੇ ਗਏ, ਸਾਲਵਾਰ ਵੇਰਵੇ ਦਿੱਤੇ ਜਾਣ ?

Sardar Beant Singh : A Statement is laid on the Table of the House, Sir.

STATEMENT

Year of allotment.	Name of the allottee	Type of Fire Arms	Price
1991	Sh.D.V.L.N.Rama Krishna Rao, IPS, Director General, ITBP, New Delhi.	.38 bore Revolver	Rs. 600/-
1992	Sh. R.C. Kapila, I.A,S, Secretary, Ministry of Agriculture, Govt. of India (Resident of AB-81, Shahjahan Road, New Delhi.)	.38 Bore Pistol	Rs. 5000/-
1993	Sh. K.P. S.,Gill, IPS, Director General of Police., Punjab, Chandigarh.	30 Cal. Carbine	Rs. 1000/-

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਮੇਰੇ ਨਾਲ ਤਾਂ ਫਿਰ ਉਹੀ ਸਲੂਕ ਹੋਇਆ ਹੈ ਅਤੇ ਮੇਰੇ ਸਵਾਲ ਦਾ ਜਵਾਬ ਫਿਰ ਅਧੂਰਾ ਹੈ । ਮੈਂ ਆਪਣੇ ਸਵਾਲ ਵਿਚ "1990 ਤੋਂ ਹੁਣ ਤੱਕ" ਪੁੱਛਿਆ ਸੀ ਜਦ ਕਿ ਇਨ੍ਹਾਂ ਨੇ ਆਪਣੀ ਲਿਸਟ 1991 ਤੋਂ ਸ਼ੁਰੂ ਕੀਤੀ ਹੈ । ਕੀ ਇਹ ਵੀ ਕੋਈ ਰੂਲ ਹੈ ਕਿ ਜਵਾਬ ਅਧੂਰਾ ਦਿੱਤਾ ਜਾਵੇ ਅਤੇ ਕੀ ਅਧੂਰਾ ਜਵਾਬ ਦੇਣਾ ਚਾਹੀਦਾ ਹੈ ? ਵੀਰ ਪਵਨ ਕੁਮਾਰ ਭਾਰਦਵਾਜ ਜੀ ਕੋਲ ਤਾਂ ਕਿਤਾਬ ਪਈ ਹੈ, ਉਹ ਉਸ ਨੂੰ ਵੇਖ ਲੈਂਦੇ ਹਨ । ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਹਥਿਆਰ ਦੇਣ ਦਾ ਕੀ ਕਰਾਈਟੇਰੀਆ ਹੈ, ਕਿਹੜੇ ਰੂਲ ਦੇ ਅਧੀਨ ਇਹ ਹਥਿਆਰ ਦਿੱਤੇ ਜਾਂਦੇ ਹਨ ਅਤੇ ਕਿਨ੍ਹਾਂ ਕਿਨ੍ਹਾਂ ਲੋਕਾਂ ਨੂੰ ਦਿੱਤੇ ਜਾਂਦੇ ਹਨ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਪ੍ਰੋਹਿਬਟਿਡ ਬੋਰ ਦੀ ਗੱਲ ਹੈ। ਤੁਹਾਨੂੰ ਪਤਾ ਹੈ ਕਿ ਪਿਛਲੇ ਸਾਲਾਂ ਵਿਚ ਪੰਜਾਬ ਵਿਚ ਕੀ ਕੁਝ ਹੋਇਆ। ਇਹ ਬੋਰ ਉਨ੍ਹਾਂ ਵਿਅਕਤੀਆਂ ਨੂੰ ਹੀ ਦਿੱਤੇ ਜਾ ਸਕਦੇ ਹਨ ਜਿਹੜੇ ਇਹ ਜਾਣਦੇ ਹੋਣ ਕਿ ਇਹ ਹਥਿਆਰ ਇਸਤੇਮਾਲ ਕਿਸ ਤਰ੍ਹਾਂ ਕਰਨਾ ਹੈ, ਇਸ ਨੂੰ ਰੱਖਣਾ ਕਿਸ ਤਰ੍ਹਾਂ ਹੈ ਅਤੇ ਸਬੰਧਤ ਵਿਅਕਤੀ ਦੀ ਪੁਜ਼ੀਸਨ ਕੀ ਹੈ। ਆਖਰਕਾਰ ਜਿਨ੍ਹਾਂ ਨੂੰ ਇਹ ਹਥਿਆਰ ਇਸਤੇਮਾਲ ਹੀ ਕਰਨਾ ਨਹੀਂ ਆਉਂਦਾ, ਅਗਰ ਉਨ੍ਹਾਂ ਨੂੰ ਇਹ ਹਥਿਆਰ ਦੇ ਵੀ ਦੇਈਏ ਤਾਂ ਉਹ ਇਸ ਨੂੰ ਕਿਸ ਤਰ੍ਹਾਂ ਇਸਤੇਮਾਲ ਕਰ ਸਕਣਗੇ ?

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਮੈਂ ਸਵਾਲ ਇਹ ਪੁੱਛਿਆ ਸੀ ਕਿ ਕਿਹੜੇ ਕਿਹੜੇ ਵਿਅਕਤੀਆਂ ਨੂੰ ਇਹ ਹਥਿਆਰ ਦਿੱਤੇ ਜਾ ਸਕਦੇ ਹਨ ਅਤੇ ਇਹ ਹਥਿਆਰ ਦੇਣ ਦਾ ਕਰਾਈਟੇਰੀਆ ਕੀ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਬੜਾ ਖੋਲ੍ਹ ਕੇ ਜਵਾਬ ਦਿੱਤਾ ਹੈ ਕਿ ਇਹ ਹਥਿਆਰ ਉਸ ਵਿਅਕਤੀ ਨੂੰ ਹੀ ਦਿੱਤਾ ਜਾ ਸਕਦਾ ਹੈ ਜਿਹੜਾ ਉਸ ਨੂੰ ਇਸਤੇਮਾਲ ਕਰ ਸਕਦਾ ਹੋਵੇ, ਰੱਖ ਸਕਦਾ ਹੋਵੇ ਅਤੇ ਜਿਥੇ ਉਸ ਹਥਿਆਰ ਦੀ ਸਿਕਿਉਰਿਟੀ ਵੀ ਹ ਸਕਦੀ ਹੋਵੇ। ਹਰੇਕ ਟੀਮ, ਡਿੱਕ ਐਂਡ ਹੈਰੀ ਨੂੰ ਇਹ ਹਥਿਆਰ ਨਹੀਂ ਦਿੱਤਾ ਜਾ ਸਕਦਾ।

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਇਹ ਵੈਪਨ ਨੂੰ ਯੂਜ਼ ਕਰਨ ਦੀ ਗੱਲ ਕਰਦੇ ਹਨ। ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਕੋਲ ਪ੍ਰੋਹਿਬਟਿਡ ਬੋਰ ਤਾਂ ਨਹੀਂ ਹਨ ਪਰ ਦੂਸਰੇ ਬੋਰ ਹਨ ਅਤੇ ਉਹ ਲਾਇਸੈਂਸੀ ਹਨ, ਕੀ ਉਹ ਲੋਕ ਵੀ ਇਸੇ ਕੈਟਾਗਰੀ ਵਿਚ ਆਉਂਦੇ ਹਨ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਦੇ ਵਾਸਤੇ ਇਕ ਨਾਰਮ ਬਣਿਆ ਹੋਇਆ ਹੈ। ਪ੍ਰੋਹਿਬਟਿਡ ਬੋਰ ਬੜਾ ਰੇਅਰਲੀ ਦਿੱਤਾ ਜਾਂਦਾ ਹੈ ਅਤੇ ਇਹ ਘਟ ਹੀ ਇਸਤੇਮਾਲ ਹੋਣਾ ਹੁੰਦਾ ਹੈ। ਦੂਸਰੇ ਬੋਰ ਵੀ ਬੜੇ ਅੱਛੇ ਹਨ। ਮਾਨਯੋਗ ਮੈਂਬਰ ਸਾਹਿਬਾਨ ਨੂੰ ਜਿਹੜੇ ਗਨਮੈਨ ਦਿੱਤੇ ਹੋਏ ਹਨ, ਉਨ੍ਹਾਂ ਕੋਲ ਵੀ ਪ੍ਰੋਹਿਬਟਿਡ ਬੋਰ ਹਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਆਖਰ ਇਨ੍ਹਾਂ ਨੂੰ ਵਜੀ ਕੀ ਹੈ ? ਕੀ ਇਹ ਬੋਰ ਲੈਣਾ ਚਾਹੁੰਦੇ ਹਨ ?

ਲਾਪਤਾ ਹੋਈਆਂ/ਅਗਵਾ ਕੀਤੀਆਂ ਗਈਆਂ ਲੜਕੀਆਂ ਦੇ ਕੇਸ

*2676. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਜਿਹੀਆਂ ਬਾਲਗ ਅਤੇ ਨਾਬਾਲਗ ਲੜਕੀਆਂ ਦੀ ਵੱਖ-ਵੱਖ ਕੁੱਲ ਗਿਣਤੀ ਕਿੰਨੀ-ਕਿੰਨੀ ਹੈ ਜਿਨ੍ਹਾਂ ਬਾਰੇ 1 ਜਨਵਰੀ, 1994 ਤੋਂ 22 ਫਰਵਰੀ, 1995 ਤੱਕ ਦੇ ਸਮੇਂ ਦੇ ਦੌਰਾਨ ਲਾਪਤਾ ਹੋਣ ਅਤੇ ਅਗਵਾ ਕੀਤਾ ਗਿਆ ਬਾਰੇ ਦਸਿਆ ਗਿਆ;

Original with;
Punjab Vidhan Sabha
Digitized by;
Punjab Digital Library

[ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਉਨ੍ਹਾਂ ਲੜਕੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਦਾ ਪਤਾ ਲਗਾ ਲਿਆ ਗਿਆ ਹੈ ਅਤੇ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਦਾ ਅਜੇ ਪਤਾ ਲਗਾਇਆ ਜਾਣਾ ਹੈ ਅਤੇ ਇਨ੍ਹਾਂ ਦਾ ਪਤਾ ਲਗਾਏ ਜਾਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ;

(ਏ) ਅਜਿਹੇ ਕੇਸਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਦੋਸ਼ੀਆਂ ਨੂੰ ਸਜ਼ਾ ਦਿੱਤੀ ਗਈ ਹੈ ?

Sardar Beant Singh : (a), (b) and (c) Information is laid on the Table of the House.

Information regarding part (a), (b) and (c) is as under :—

(a)		Minor	Major	Total
		72	48	120
(b)	Traced	55	31	86
	Untraced	17	17	34

Steps being taken by the State Police

(i) Special lock out were being made to trace out and advertisements have also been given in TV, Radio and Newspapers to trace out that,

(ii) Raids have been conducted at houses of relatives and friends of kidnappers and at the other hideouts of kidnappers.

(iii) Strict instructions have been issued to all SSPs of the District to solve all cases quickly.

(c) In only one case, one accused has been awarded punishment.

श्रीमती लक्ष्मी कांता चावला : स्पीकर साहब, इन्होंने बताया है कि पिछले 13 महीने के अरसे में 120 लड़कियां पंजाब में गुम हुई !—72 नाबालिग और 48 बालिग । जो 86 लड़कियां बरामद हुई, उन केसों में सज़ा केवल एक व्यक्ति को ही हुई । मैं इन से पूछना चाहती हूँ कि क्या बाकी के केस अदालतों में चल रहे हैं ? कितने केस चल रहे हैं और कितने समाप्त हो गये हैं ? और अपराधी केवल एक ही क्यों मिला ?

मुख मंत्री : स्पीकर साहिब जो इन्हां ने पुछिआ सी, उह मैं इन्हां नूं दस दित्ता है । हुन इन्हां ने इह पुछिआ है कि किंने केस चल रहे हन । मैं इन्हां नूं दसणा चाहुंदा हां कि सारे केस चल रहे हुन और जिहड़ा अपराधी फड़िआ जावेगा, उस नूं ज़रूर सज़ा दित्ती जावेगी ।

श्रीमती लक्ष्मी कांता चावला : स्पीकर साहिब, 86 केसां विच लड़कीआं बरामद होईआं हन । पर सज़ा उन्हां विचों केवल इक व्यक्ती नूं होई है । इन्हां 86 केसां विचों 5-6 केस ही चल रहे हन, बाकी 80 केसां दा की बणिआ है ? की उह लोक अंडर ट्राइल हन ?

Original with;
Punjab Vidhan Sabha
Digitized by;
Panjab Digital Library

Mr. Speaker : Questions are over.

UNSTARRED QUESTIONS AND ANSWERS

ਨਗਰਪਾਲਿਕਾ/ਕੌਂਸਲਾਂ ਦੇ ਪ੍ਰਧਾਨਾਂ ਨੂੰ ਹਟਾਉਣਾ

445. **ਸ਼੍ਰੀਮਤੀ ਵਿਮਲਾ ਡਾਂਗ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਅਜਿਹੀਆਂ ਨਗਰ ਪਾਲਿਕਾਵਾਂ/ ਕੌਂਸਲਾਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਦੇ ਪ੍ਰਧਾਨਾਂ ਨੂੰ ਸਰਕਾਰ ਦੁਆਰਾ ਫ਼ਰਵਰੀ, 1992 ਤੋਂ ਬਾਅਦ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਹਟਾ ਦਿੱਤਾ ਗਿਆ ਸੀ;

(ਅ) ਅਜਿਹੇ ਕੇਸਿਜ਼ ਦੇ ਵੇਰਵੇ ਕੀ ਹਨ ਜਿਨ੍ਹਾਂ ਵਿਚ ਅਜਿਹੇ ਸਰਕਾਰੀ ਫੈਸਲਿਆਂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਿਜ਼ ਵਿਚੋਂ ਅਜਿਹੇ ਕੇਸਿਜ਼ ਦੇ ਵੇਰਵੇ ਕੀ-ਕੀ ਹਨ, ਜਿਨ੍ਹਾਂ ਵਿਚ ਸਰਕਾਰੀ ਹੁਕਮਾਂ ਨੂੰ ਰੱਦ ਕਰ ਦਿੱਤਾ ਗਿਆ ਸੀ ਅਤੇ ਬਹਾਲ ਰੱਖਿਆ ਗਿਆ ?

ਡਾਕਟਰ ਕੇਵਲ ਕ੍ਰਿਸ਼ਨ : (ੲ) (1) ਸੰਗਰੂਰ (2) ਭਵਾਨੀਗੜ੍ਹ (3) ਗੁਰੂ ਹਰਸਹਾਇ (4) ਬੱਸੀ ਪਠਾਣਾ (5) ਹੁਸ਼ਿਆਰਪੁਰ (6) ਮਲੋਟ (7) ਕੋਟਕਪੂਰਾ

(ਬੀ) ਉਪਰੋਕਤ (ੲ) ਵਿਚੋਂ ਸਿਰਫ ਪ੍ਰਧਾਨ, ਨਗਰ ਕੌਂਸਲ, ਸੰਗਰੂਰ, ਭਵਾਨੀਗੜ੍ਹ, ਗੁਰੂ ਹਰਸਹਾਇ, ਬਸੀ ਪਠਾਣਾ ਅਤੇ ਹੁਸ਼ਿਆਰਪੁਰ ਨੇ ਸਰਕਾਰ ਦੇ ਫੈਸਲੇ ਨੂੰ ਪੰਜਾਬ ਅਤੇ ਹਰਿਆਣਾ, ਹਾਈ ਕੋਰਟ ਵਿਚ ਵੰਗਾਰਿਆ ਸੀ।

(ਸੀ) ਸਰਕਾਰ ਦੇ ਹੁਕਮਾਂ ਨੂੰ ਸੰਗਰੂਰ, ਭਵਾਨੀਗੜ੍ਹ ਅਤੇ ਹੁਸ਼ਿਆਰਪੁਰ ਦੇ ਕੇਸਾਂ ਵਿਚ ਰੱਦ ਕਰ ਦਿੱਤਾ। ਪ੍ਰਧਾਨ ਨਗਰ ਕੌਂਸਲ ਗੁਰੂ ਹਰਸਹਾਇ ਦੇ ਕੇਸ ਵਿਚ ਸਰਕਾਰ ਦੇ ਹੁਕਮਾਂ ਨੂੰ ਅਗਲੇ ਹੁਕਮਾਂ ਤੱਕ ਰੋਕ ਲਾ ਦਿੱਤੀ ਗਈ ਹੈ। ਪ੍ਰਧਾਨ ਨਗਰ ਕੌਂਸਲ ਬੱਸੀ ਪਠਾਣਾ ਵਾਲੇ ਕੇਸ ਵਿਚ ਅਦਾਲਤ ਵਲੋਂ ਰੋਕ ਹੁਕਮ ਜਾਰੀ ਨਹੀਂ ਕੀਤੇ ਗਏ।

ਸਕੂਲਾਂ ਵਿਚ ਫੰਡਾਂ ਦੀ ਕੁਵਰਤੋਂ ਵਿਰੁੱਧ ਸ਼ਿਕਾਇਤਾਂ

448. **ਸ਼੍ਰੀਮਤੀ ਵਿਮਲਾ ਡਾਂਗ** : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਸਰਕਾਰੀ ਸੀਨੀਅਰ ਸਕੈਂਡਰੀ ਸਕੂਲਾਂ ਵਿਚ ਵੱਖ-ਵੱਖ ਫੰਡ ਲੇਖਿਆਂ ਦੇ ਕਿਹੜੇ-ਕਿਹੜੇ ਹੈਡਜ਼ ਰੱਖੇ ਜਾਂਦੇ ਹਨ ;

(ਅ) ਕੀ ਉਕਤ ਭਾਗ (ੳ) ਵਿਚ ਵਰਣਿਤ ਕਿਸੇ ਫੰਡ ਵਿਚ ਉਕਤ ਸਕੂਲਾਂ ਦੇ ਵਿੱਦਿਆਰਥੀਆਂ ਨੂੰ ਵੀ ਹਿੱਸਾ ਪਾਉਣਾ ਪੈਂਦਾ ਹੈ ; ਜੇਕਰ ਅਜਿਹਾ ਹੁੰਦਾ ਹੈ ਤਾਂ ਉਸ ਦੇ ਦਰ ਕੀ ਹਨ ;

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਵਿਮਲਾ ਡਾਂਗ]

(ਏ) ਕੀ ਅਜਿਹੇ ਕਿਸੇ ਵੀ ਫੰਡ ਵਿਚ ਵਿਦਿਆਰਥੀਆਂ ਦੇ ਮਾਤਾ ਪਿਤਾ ਨੂੰ ਵੀ ਹਿੱਸਾ ਪਾਉਣਾ ਪੈਂਦਾ ਹੈ ; ਜੇਕਰ ਅਜਿਹਾ ਹੋਵੇ ਤਾਂ ਲੇਖੇ ਦਾ ਹੈਡ ਕਿਹੜਾ ਹੈ ਅਤੇ ਉਸ ਦੀ ਦਰ ਕੀ ਹੈ ;

(ਸ) ਕੀ ਸ਼ਰਕਾਰ ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਕਿਸੇ ਸਕੂਲ ਵਿਚ ਅਜਿਹੇ ਫੰਡਾਂ ਦੀ ਵਰਤੋਂ ਵਿਚ ਬੇਕਾਇਦਗੀਆਂ ਬਾਰੇ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ; ਜੇਕਰ ਅਜਿਹਾ ਹੋਵੇ, ਤਾਂ ਉਸ ਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਲਖਮੀਰ ਸਿੰਘ ਰੰਧਾਵਾ : (ਓ) ਰਾਜ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵੱਖ-ਵੱਖ ਫੰਡ ਲੇਖਿਆਂ ਸਬੰਧੀ ਵਿੱਤ ਵਿਭਾਗ ਵੱਲੋਂ ਕੋਈ ਲੇਖਾ ਮੱਦ ਨਿਰਧਾਰਤ ਨਹੀਂ ਕੀਤੀ ਗਈ ਹੈ ਪਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਹੇਠ ਲਿਖੇ ਫੰਡਾਂ ਦਾ ਸਕੂਲਾਂ ਦੇ ਮੁੱਖੀਆਂ ਵੱਲੋਂ ਲੇਖਾ ਰੱਖਿਆ ਜਾਂਦਾ ਹੈ :—

(1) ਅਮਲਗਾਮੇਟਿਡ ਫੰਡ
(2) ਰੈਡ ਕਰਾਸ ਫੰਡ
(3) ਆਡੇ ਵਿਯੂਅਲ ਫੰਡ
(4) ਹੈਲਥ ਫੰਡ
(5) ਸਾਈਕਲ ਫੰਡ
(6) ਫਿਜ਼ਿਕਸ ਫੰਡ
(7) ਕਮਿਸਟਰੀ ਫੰਡ
(8) ਬਾਇਓਲੋਜੀ ਫੰਡ
(9) ਮੈਗਜ਼ੀਨ ਫੰਡ
(10) ਹਾਊਸ ਐਗਜ਼ਾਮੀਨੇਸ਼ਨ ਫੰਡ
(11) ਬਿਲਡਿੰਗ ਫੰਡ
(12) ਸਪੋਰਟਸ ਫੰਡ
(13) ਆਈਡੈਂਟਟੀ ਕਾਰਡ ਫੰਡ
(14) ਮਾਪੇ ਅਧਿਆਪਕ ਸੰਸਥਾ ਫੰਡ
(15) ਚਾਈਲਡ ਵੈਲਫੇਅਰ ਫੰਡ

(ਅ) ਉਕਤ ਭਾਗ (ਓ) ਵਿੱਚ ਵਰਣਿਤ ਫੰਡਾਂ ਵਿਚ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਲਏ ਜਾਣ ਵਾਲੇ ਹਿੱਸੇ ਸਬੰਧੀ ਸੂਚੀ ਅਨੁਲੱਗ-1 ਤੇ ਹੈ ।

(ਏ) ਹਰ ਸਕੂਲ ਵਿੱਚ ਸਕੂਲ ਦੀ ਭਲਾਈ ਲਈ ਮਾਪੇ ਅਧਿਆਪਕ ਸੰਸਥਾ ਬਣੀ ਹੁੰਦੀ ਹੈ । ਮਾਪੇ ਅਧਿਆਪਕ ਸੰਸਥਾ ਫੰਡ ਸਬੰਧੀ, ਦਰ, ਮਾਪੇ ਅਧਿਆਪਕ ਸੰਸਥਾ ਦੀ ਕਾਰਜਕਾਰੀ ਕਮੇਟੀ ਵੱਲੋਂ ਨਿਰਧਾਰਤ ਕੀਤੀ ਜਾਂਦੀ ਹੈ । ਇਸ ਸਬੰਧ ਵਿੱਚ ਸਰਕਾਰ ਦੀਆਂ ਕੋਈ ਹਦਾਇਤਾਂ ਨਹੀਂ ਹਨ ।

(ਸ) ਹਾਂ ਜੀ, ਵਿਭਾਗ ਵਿਚ ਦੋ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ । ਸਬੰਧਤ ਕਰਮਚਾਰੀਆਂ ਵਿਰੁੱਧ ਰੂਲਾਂ ਅਨੁਸਾਰ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਰਹੀ ਹੈ ।

Original with;
Punjab Vidhan Sabha
Digitized by;
Panjab Digital Library

Original with: Punjab Vidhan Sabha
Digitized by: Panjab Digital Library

ਅਨੁਲੱਗ—1

(ਰਾਸ਼ੀ ਰੁਪਿਆਂ ਵਿੱਚ)

ਲੜੀ ਨੰ:	ਫੰਡ ਦਾ ਨਾਂ	ਸ਼੍ਰੇਣੀ						
		6ਵੀਂ	7ਵੀਂ	8ਵੀਂ	9ਵੀਂ	ਦਸਵੀਂ	ਗਿਆਰਵੀਂ	ਬਾਰ੍ਹਵੀਂ
1.	ਅਮਲਾਗਾਮੇਟਿਡ ਫੰਡ	2.75	2.75	2.75	4.50	4,50	5.00	5.00
2.	ਰੇਡ ਕਰਾਸ ਫੰਡ	,25	.25	,25	.50	.50	1.00	1.00
3.	ਆਡੋ ਵਿਯੂਅਲ ਫੰਡ	—	—	—	—	—	1/-	1/-
4.	ਹੈਲਥ ਫੰਡ	—	—	—	—	—	1/-	1/-
5.	ਸਾਈਕਲ ਫੰਡ	—	—	—	—	—	1/-	1/-
6.	ਫਿਜ਼ਿਕਸ ਫੰਡ	—	—	—	—	—	3.50	3.50
7.	ਕਮਿਸਟਰੀ ਫੰਡ	—	—	—	—	—	5/-	5/-
8	ਬਾਇਓਲੋਜੀ ਫੰਡ	—	—	—	—	—	3.50	3.50
9.	ਐਨੂਅਲ ਮੈਗਜ਼ੀਨ ਫੰਡ	—	—	—	—	—	10/-	10/-
10.	ਐਨੂਅਲ ਹਾਊਸ ਐਗਜ਼ਾਮੀਨੇਸ਼ਨ ਫੰਡ	—	—	—	—	—	12/-	12/-
11.	ਐਨੂਅਲ ਬਿਲਡਿੰਗ ਫੰਡ	7/-	7/-	7/-	9/-	9/-	10/-	10/-
12.	ਐਨੂਅਲ ਸਪੋਰਟਸ ਫੰਡ	5/-	5/-	5/-	5/-	5/-	10/-	10/-
13.	ਆਈਡੈਂਟਟੀ ਕਾਰਡ ਫੰਡ	—	—	—	—	—	3/-	3/-
14.	ਮਾਪੇ ਅਧਿਆਪਕ ਸੰਸਥਾ ਫੰਡ	ਮਾਪੇ ਅਧਿਆਪਕ ਸੰਸਥਾ ਵੱਲੋਂ ਫੈਸਲਾ ਕੀਤਾ ਜਾਂਦਾ ਹੈ।						
15.	ਚਾਈਲਡ ਵੈਲਫੇਅਰ ਫੰਡ	3/-	3/-	3/-	3/-	3/-	3/-	3/-

ਖੁਰਾਕ ਅਤੇ ਸਪਲਾਈਜ਼ ਵਿਭਾਗ ਦੇ ਚੌਕੀਦਾਰਾਂ ਦੀਆਂ ਪੈਨਸ਼ਨਾਂ ਦੇ ਪੈਂਡਿੰਗ ਪਏ ਕੇਸ

449. **ਸ਼੍ਰੀਮਤੀ ਵਿਮਲਾ ਡਾਂਗ** : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਖੁਰਾਕ ਅਤੇ ਸਪਲਾਈਜ਼ ਵਿਭਾਗ ਦੇ ਅਜਿਹੇ ਚੌਕੀਦਾਰਾਂ ਜਿਹੜੇ 5 ਸਾਲ ਪਹਿਲਾਂ ਰਿਟਾਇਰ ਹੋ ਗਏ ਸਨ ਦੇ ਪੈਂਨਸ਼ਨ ਕੇਸ ਹਾਲੇ ਤੱਕ ਵੀ ਪੈਂਡਿੰਗ ਪਏ ਹੋਏ ਹਨ; ਜੇਕਰ ਅਜਿਹਾ ਹੈ ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ;

(ਅ) ਉਕਤ ਕੇਸਾਂ ਨੂੰ ਹਾਲੇ ਤੱਕ ਕਿੰਨ੍ਹਾਂ ਕਾਰਣਾਂ ਕਰਕੇ ਅੰਤਿਮ ਰੂਪ ਨਹੀਂ ਦਿੱਤਾ ਗਿਆ ਹੈ ਅਤੇ ਇਨ੍ਹਾਂ ਨੂੰ ਕਦੋਂ ਤੱਕ ਅੰਤਿਮ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ;

ਸੱਰਦਾਰ ਲਾਲ ਸਿੰਘ : (ੳ) ਹਾਂ ਜੀ । ਇਕ ਕੇਸ ਫੈਸਲੇ ਲਈ ਪਿਆ ਹੈ ।

(ਅ) ਚੰਚਲ ਸਿੰਘ ਚੌਕੀਦਾਰ ਮਿਤੀ 31-1-85 ਨੂੰ ਰੀਟਾਇਰ ਹੋਇਆ ਸੀ । ਉਸ ਨੇ ਆਪਣੇ ਪੈਨਸ਼ਨ ਦੇ ਕਾਗਜ਼ ਮਿਤੀ 10-3-95 ਨੂੰ ਜ਼ਿਲ੍ਹਾ ਖੁਰਾਕ ਤੇ ਸਪਲਾਈਜ਼ ਕੰਟੋਰੋਲਰ, ਅੰਮ੍ਰਿਤਸਰ ਨੂੰ ਦਿੱਤੇ ਸਨ ਜੋ ਲੋੜੀਂਦੀ ਕਾਰਵਾਈ ਲਈ ਮਹਾਂ ਲੇਖਾਕਾਰ, ਪੰਜਾਬ, ਚੰਡੀਗੜ੍ਹ ਨੂੰ ਮਿਤੀ 14-3-95 ਨੂੰ ਪ੍ਰਵਾਨਗੀ ਲਈ ਭੇਜ ਦਿੱਤੇ ਗਏ ਹੰਨ ।

ਰੋਡਵੈਜ਼ ਦੇ ਮ੍ਰਿਤਕ ਕਰਮਚਾਰੀਆਂ ਦੇ ਕਾਨੂੰਨੀ ਵਾਰਿਸਾਂ ਨੂੰ ਡੈਥ-ਕਮ-ਰਿਟਾਇਰਮੈਂਟ ਗਰੈਚੂਇਟੀ ਦੀ ਅਦਾਇਗੀ

450. **ਸ਼੍ਰੀਮਤੀ ਵਿਮਲਾ ਡਾਂਗ** : ਕੀ ਟ੍ਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਰੋਡਵੇਜ਼ (ਬਟਾਲਾ ਡਿਪੂ) ਦੇ ਅਜਿਹੇ ਕਰਮਚਾਰੀਆਂ, ਜਿਨ੍ਹਾਂ ਦੀ ਮ੍ਰਿਤੂ ਸਾਲ 1990 ਦੌਰਾਨ ਹੋਈ ਸੀ, ਦੇ ਕਾਨੂੰਨੀ ਵਾਰਿਸਾਂ ਨੂੰ ਹਾਲੇ ਤੱਕ ਉਨ੍ਹਾਂ ਦੇ ਡੈਥ-ਕਮ-ਰਿਟਾਇਰਮੈਂਟ ਗਰੈਚੂਇਟੀ ਦੇ ਹਿੱਸੇ ਦੀ ਅਦਾਇਗੀ ਨਹੀਂ ਕੀਤੀ ਗਈ ਹੈ ; ਜੇਕਰ ਅਜਿਹਾ ਹੈ ਤਾਂ ਅਜਿਹੇ ਕਰਮਚਾਰੀਆਂ ਦੇ ਨਾਂ ਕੀ ਹਨ ਅਤੇ ਹਰ ਇਕ ਕੇਸ ਵਿਚ ਅਜਿਹੇ ਕਾਨੂੰਨੀ ਵਾਰਿਸਾਂ ਦੇ ਨਾਂ ਕੀ-ਕੀ ਹਨ ਅਤੇ ਇਸ ਦੇ ਕਾਰਣ ਕੀ ਹਨ ਅਤੇ ਹਰ ਇੱਕ ਕੇਸ ਵਿਚ ਅਦਾਇਗੀ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਮਹਿੰਦਰ ਸਿੰਘ ਕੇ. ਪੀ. : ਪੰਜਾਬ ਰੋਡਵੇਜ਼ ਬਟਾਲਾ ਵਿਚ ਸਾਲ 1990 ਦੌਰਾਨ ਇਕ ਕਰਮਚਾਰੀ ਸ਼੍ਰੀ ਹਾਸ ਲੁਭਾਇਆ ਕੰਡਕਟਰ ਨੰ: 45 ਦੀ ਮੌਤ ਹੋਈ ਸੀ । ਵੇਰਵਾ ਨੱਥੀ ਹੈ ।

Original with;
Punjab Vidhan Sabha
Digitized by;
Panjab Digital Library

ਵੇਰਵਾ

ਮ੍ਰਿਤਕ ਕਰਮਚਾਰੀਆਂ ਦੇ ਕਾਨੂੰਨੀ ਵਾਰਸਾਂ ਨੂੰ ਡੈਥ-ਕਮ-ਰਿਟਾਇਰਮੈਂਟ ਗਰੈਚੁਟੀ ਦੀ ਅਦਾਇਗੀ ਮਹਾਂ ਲੇਖਾਕਾਰ ਪੰਜਾਬ, ਚੰਡੀਗੜ੍ਹ ਵਲੋਂ ਪ੍ਰਵਾਨਗੀ ਉਪਰੰਤ ਸਿੱਧੇ ਤੌਰ ਤੇ ਸਬੰਧਤ ਖਜ਼ਾਨਾ ਅਫ਼ਸਰ ਵਲੋਂ ਕੀਤੀ ਜਾਂਦੀ ਹੈ । ਪੰਜਾਬ ਰੋਡਵੇਜ਼ ਬਟਾਲਾ ਡਿਪੂ ਵਿਖੇ ਸਾਲ 1990 ਦੌਰਾਨ ਕੇਵਲ ਇੱਕ ਕਰਮਚਾਰੀ ਸ਼੍ਰੀ ਰਾਮ ਲੁਭਾਇਆ ਕੰਡਕਟਰ ਦੀ ਮੌਤ ਹੋਈ ਸੀ ਜਿਹੜੀ ਕਿ ਮਿਤੀ 5-9-90 ਨੂੰ ਹੋਈ ਸੀ । ਜਨਰਲ ਮੈਨੇਜਰ, ਪੰਜਾਬ ਰੋਡਵੇਜ਼ ਬਟਾਲਾ ਵਲੋਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਲਿਖਣ ਉਪਰੰਤ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵਲੋਂ ਸ਼੍ਰੀ ਰਾਮ ਲੁਭਾਇਆ ਕੰਡਕਟਰ ਨੰਬਰ 45 ਦੇ ਹੇਠ ਲਿਖੇ ਅਨੁਸਾਰ ਕਾਨੂੰਨੀ ਵਾਰਸ ਦੱਸੇ ਹਨ :—

1.	ਸ਼੍ਰੀਮਤੀ ਲਾਜਵੰਤੀ	(ਮਾਤਾ)
2.	ਸ਼੍ਰੀਮਤੀ ਬਲਬੀਰ ਕੌਰ ਉਰਫ ਬੀਰੋ	(ਵਿਧਵਾ)
3.	ਸ਼੍ਰੀ ਪ੍ਰਭ ਪਾਲ	(ਲੜਕਾ) (ਬ੍ਰੇਦਖਲ)
4.	ਸ਼੍ਰੀ ਵਿਨੋਦ ਕੁਮਾਰ	(ਲੜਕਾ)
5.	ਮਿਸ ਪ੍ਰਵੀਨ ਸ਼ਰਮਾ	(ਲੜਕੀ)
6.	ਸ਼੍ਰੀ ਅਸ਼ਵਨੀ ਕੁਮਾਰ	(ਲੜਕਾ)
7.	ਮਿਸ ਸਵਿਤਾ ਕੁਮਾਰੀ	(ਲੜਕੀ)
8.	ਸੰਦੀਪ ਕੁਮਾਰ	(ਲੜਕਾ)
9.	ਆਰਤੀ ਦੇਵੀ	(ਲੜਕੀ)

ਮਿਤੀ 19-9-91 ਨੂੰ ਇਸ ਦਫ਼ਤਰ ਵਲੋਂ ਮਹਾਂ ਲੇਖਾਕਾਰ ਪੰਜਾਬ, ਚੰਡੀਗੜ੍ਹ ਨੂੰ ਪੈਨਸ਼ਨ ਅਤੇ ਗਰੈਚੁਟੀ ਦਾ ਕੇਸ ਭੇਜਿਆ ਗਿਆ ਜਿਸ ਵਿਚ ਹੇਠ ਲਿਖੇ ਅਨੁਸਾਰ ਮ੍ਰਿਤਕ ਦੇ ਕਾਨੂੰਨੀ ਵਾਰਸ ਦਰਸਾਏ ਗਏ ਸਨ ।

			ਉਮਰ
1.	ਸ਼੍ਰੀਮਤੀ ਬਲਬੀਰ ਕੌਰ	(ਵਿਧਵਾ)	36 ਸਾਲ
2.	ਸ਼੍ਰੀ ਵਿਨੋਦ ਕੁਮਾਰ	(ਪੁੱਤਰ)	17 ਸਾਲ
3.	ਮਿਸ ਪਰਵੀਨ ਸ਼ਰਮਾ	(ਪੁੱਤਰੀ)	14 ਸਾਲ
4.	ਅਸ਼ਵਨੀ ਕੁਮਾਰ	(ਪੁੱਤਰ)	10 ਸਾਲ

Original with;
Punjab Vidhan Sabha
Digitized by
Panjab Digital Library

[ਬਾਜ ਮੰਤਰੀ, ਟਰਾਂਸਪੋਰਟ]

5.	ਮਿਸ ਸਵਿਤਾ ਕੁਮਾਰੀ	(ਪੁੱਤਰੀ)	8 ਸਾਲ
6.	ਸੰਦੀਪ ਕੁਮਾਰ	(ਪੁੱਤਰ)	5 ਸਾਲ
7.	ਆਰਤੀ ਦੇਵੀ	(ਪੁੱਤਰੀ)	2 ਸਾਲ

ਮਹਾਂ ਲੇਖਾਕਾਰ ਨੂੰ ਉਪਰੋਕਤ ਕੇਸ ਪੈਨਸ਼ਨ ਅਤੇ ਡੀ. ਸੀ. ਆਰ. ਜੀ. ਲਈ ਭੇਜਣ ਸਮੇਂ ਸ਼੍ਰੀਮਤੀ ਲਾਜਵੰਤੀ ਮਾੜਾ ਅਤੇ ਸ਼੍ਰੀ ਪ੍ਰਭ ਪਾਲ ਲੜਕਾ (ਬੇਦਖਲ) ਦਾ ਨਾਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮ੍ਰਿਤਕ ਦੀ ਪੈਨਸ਼ਨ, ਪੈਨਸ਼ਨਰੀ ਲਾਭ ਦੇਣ ਦਾ ਹੱਕਦਾਰ ਨਾਂ ਹੋਣ ਕਾਰਨ ਉਨ੍ਹਾਂ ਦੇ ਨਾਂ ਜਨਰਲ ਮੈਨੇਜਰ ਪੰਜਾਬ ਰੋਡਵੇਜ਼ ਬਟਾਲਾ ਵਲੋਂ ਨਹੀਂ ਸੀ ਭੇਜੇ ਗਏ ਕਿਉਂਕਿ ਪੰਜਾਬ ਸਿਵਲ ਸਰਵਿਸ ਨਿਯਮ 2.7 ਅਤੇ 6.17 (III) ਭਾਗ 2 ਅਨੁਸਾਰ ਇਹ ਪੈਨਸ਼ਨਰੀ ਲਾਭਾਂ ਦੇ ਹੱਕਦਾਰ ਨਹੀਂ ਸਨ । ਮਿਤੀ 17-10-91 ਨੂੰ ਮਹਾਂ ਲੇਖਾਕਾਰ, ਚੰਡੀਗੜ੍ਹ ਵਲੋਂ ਡੈਥ ਕੇਸ ਕਮ-ਰਿਟਾਇਰਮੈਂਟ ਗਰੈਚੁਟੀ ਦੀ ਪ੍ਰਵਾਨਗੀ ਖਜ਼ਾਨਾ ਦਫਤਰ ਅੰਮ੍ਰਿਤਸਰ ਨੂੰ ਭੇਜੀ ਗਈ ਅਤੇ ਉਸ ਦਾ ਉਤਾਰਾ ਜਨਰਲ ਮੈਨੇਜਰ ਪੰਜਾਬ ਰੋਡਵੇਜ਼, ਬਟਾਲਾ ਨੂੰ ਵੀ ਭੇਜਿਆ ਗਿਆ ਸੀ । ਮਹਾਂ ਲੇਖਾਕਾਰ ਦੇ ਉਪਰੋਕਤ ਹੁਕਮਾਂ ਅਨੁਸਾਰ ਮ੍ਰਿਤਕ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਡੀ. ਸੀ. ਆਰ. ਜੀ. ਦੇਣ ਦੀ ਪ੍ਰਵਾਨਗੀ ਦਿੱਤੀ ਗਈ ਸੀ ।

1.	ਬਲਬੀਰ ਕੌਰ ਉਰਫ ਬੀਰੋ	(ਵਿਧਵਾ)
2.	ਵਿਨੋਦ ਕੁਮਾਰ	(ਪੁੱਤਰ)
3.	ਪ੍ਰਵੀਨ ਕੁਮਾਰੀ	(ਪੁੱਤਰੀ)
4.	ਅਸ਼ਵਨੀ ਕੁਮਾਰ	(ਪੁੱਤਰ)
5.	ਸ਼ਵੀਤਾ ਕੁਮਾਰੀ	(ਪੁੱਤਰੀ)
6.	ਸੰਦੀਪ ਕੁਮਾਰ	(ਪੁੱਤਰ)

ਉਪਰੋਕਤ ਮਹਾਂ ਲੇਖਾਕਾਰ ਦ ਹੁਕਮਾਂ ਅਨੁਸਾਰ ਖਜ਼ਾਨਾ ਦਫਤਰ ਅੰਮ੍ਰਿਤਸਰ ਵਲੋਂ ਸ਼੍ਰੀਮਤੀ ਬਲਬੀਰ ਕੌਰ ਵਿਧਵਾ ਸ੍ਰੀ ਰਾਮ ਲੁਭਾਇਆ ਨੂੰ ਡੀ.ਸੀ. ਆਰ.ਜੀ .ਦੀ ਸਾਰੀ ਅਦਾਇਗੀ ਜਿਹੜੀ 38,400 ਰੁਪਏ ਬਣਦੀ ਸੀ ਕਿ ਉਹ ਸ਼੍ਰੀਮਤੀ ਬਲਬੀਰ ਕੌਰ ਨੂੰ ਉਸਦੀ ਲੋੜੀਂਦੀ ਸ਼ਨਾਖਤ ਕਰਨ ਉਪਰੰਤ ਸਾਰੇ ਕਾਨੂੰਨੀ ਵਾਰਸਾਂ ਦਾ ਮੁੱਖੀਆ ਹੋਣ ਦੇ ਨਾਤੇ ਦੇ ਦਿੱਤੀ ਗਈ ਸੀ ਕਿਉਂਕਿ ਮਹਾਂ ਲੇਖਾਕਾਰ ਵਲੋਂ ਦਰਸਾਏ ਗਏ ਸਾਰੇ ਵਾਰਸ ਨਾਬਾਲਗ ਸਨ । ਉਪਰੋਕਤ ਦਰਸਾਏ ਸਾਰੇ ਤੱਥਾਂ ਤੋਂ ਜ਼ਾਹਿਰ ਹੈ ਕਿ ਇਸ ਵਿਭਾਗ ਵਲੋਂ ਮ੍ਰਿਤਕ ਦੇ ਕਿਸੇ ਵੀ ਕਾਨੂੰਨੀ ਵਾਰਸ ਨੂੰ ਡੀ.ਸੀ.ਆਰ.ਜੀ. ਦੀ ਅਦਾਇਗੀ ਕਰਾਉਣ ਵਿਚ ਕੋਈ ਤੱਥ ਲੁਕਾਇਆ ਨਹੀਂ ਸੀ ਗਿਆ । ਇਕ ਵਾਰਸ ਮਿਸ ਆਰਤੀ ਦੇਵੀ ਦਾ ਨਾਂ ਏ. ਜੀ. ਪੰਜਾਬ ਵਲੋਂ ਹੀ ਕੱਟਿਆ ਗਿਆ ਸੀ ।

Original with;
Punjab Vidhan Sabha
Digitized by;
Panjab Digital Library

ਮ੍ਰਿਤਕ ਦੀ ਮਾਤਾ ਅਤੇ ਉਸ ਦੇ ਪਹਿਲ ਵਿਆਹ ਦੀ ਸੰਤਾਨ ਵਲੋਂ ਸ਼ਕਾਇਤ ਕੀਤੀ ਗਈ ਕਿ ਉਹਨਾਂ ਨੂੰ ਡੀ. ਸੀ. ਆਰ.ਜੀ. ਦੇ ਪੈਸੇ ਨਹੀਂ ਮਿਲੇ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮ੍ਰਿਤਕ ਦੀ ਦੂਸਰੀ ਵਿਧਵਾ ਸ੍ਰੀਮਤੀ ਬਲਬੀਰ ਕੌਰ ਨੂੰ ਦਫ਼ਤਰ ਵਿਚ ਬੁਲਾ ਕੇ ਮ੍ਰਿਤਕ ਦੇ ਪਹਿਲੇ ਵਿਆਹ ਦੇ ਬੱਚੇ ਅਤੇ ਦਾਦੀ ਨੂੰ ਪਿੰਡ ਲੱਧੜ ਜ਼ਿਲ੍ਹਾ ਅੰਮ੍ਰਿਤਸਰ ਦੇ ਨੰਬਰਦਾਰ ਸ੍ਰੀ ਸੁਖਜੀਤ ਸਿੰਘ ਦੇ ਸਾਹਮਣੇ, ਉਸ ਦੀ ਬਣਦੀ ਰਕਮ 38,400 ਰੁਪਏ ਦੇ ਅੱਧੇ ਪੈਸੇ ਮੁਬਲਗ 19,200 ਲੈ ਕੇ ਨਿਮਨ ਲਿਖਤ ਅਨੁਸਾਰ ਵਾਰਸਾਂ ਨੂੰ ਇਸ ਵਿਭਾਗ ਦੇ ਟਰੈਫਿਕ ਮੈਨੇਜਰ, ਸ੍ਰੀ ਮੱਖਨ ਸਿੰਘ ਦੀ ਹਾਜ਼ਰੀ ਵਿੱਚ ਦਿੱਤੇ ਗਏ ਸਨ ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

	ਨਾਂ	ਰਕਮ	ਚੈਕ ਨੰ:	
1.	ਅਸ਼ਵਨੀ ਕੁਮਾਰ ਪੁੱਤਰ ਰਾਮ ਲਭਾਇਆ	6400/-	ਐਸ.ਬੀ./53 401480	ਮਿਤੀ 16-1-95
2.	ਸਵਿਤਾ ਕੁਮਾਰੀ ਪੁੱਤਰੀ ਰਾਮ ਲੁਭਾਇਆ	6400/-	ਐਸ.ਬੀ./53 401481	16-1-95
3.	ਪ੍ਰਵੀਨ ਸ਼ਰਮਾ ਪੁੱਤਰੀ ਰਾਮ ਲੁਭਾਇਆ	6400/-	ਐਸ.ਬੀ./53 401482	16-1-95

ਉਪਰੋਕਤ ਅਨੁਸਾਰ ਸ੍ਰੀ ਰਾਮ ਲੁਭਾਇਆ ਸਵਰਗਵਾਸੀ ਕੰਡਕਟਰ ਦੇ ਦੋਹਾਂ ਪਰਿਵਾਰਾਂ ਨੂੰ ਡੈਥ-ਕਮ-ਗਰੈਚੁਟੀ ਬਰਾਬਰ-ਬਰਾਬਰ ਰਕਮ ਦਿਵਾ ਦਿੱਤੀ ਗਈ ਸੀ। ਭਾਵੇਂ ਇਹ ਸਾਰਾ ਕੰਮ ਖਜ਼ਾਨਾ ਅਫਸਰ ਅੰਮ੍ਰਿਤਸਰ ਵਲੋਂ ਕੀਤਾ ਗਿਆ ਹੈ ਪਰ ਫਿਰ ਵੀ ਇਸ ਵਿਭਾਗ ਨੇ ਦੋਨਾਂ ਪਰਿਵਾਰਾਂ ਦੇ ਝਗੜੇ ਨੂੰ ਉਪਰੋਕਤ ਅਨੁਸਾਰ ਸੁਲਝਾਉਣ ਹਿੱਤ ਭਾਵ ਕੁਲ 38,400/- ਰੁਪਏ ਦੀ ਰਕਮ ਦਾ ਅੱਧਾ ਅੱਧਾ ਹਿੱਸਾ ਦੋਵਾਂ ਪ੍ਰੀਵਾਰਾਂ ਨੂੰ 19,200/- ਦੀ ਦਰ ਨਾਲ ਦੇ ਦਿੱਤਾ ਹੈ।

———

PRESENTATION OF THIRD REPORT OF THE BUSINESS ADVISORY COMMITTEE

Mr. Speaker : I have to present to the House the Third Report of the Business Advisory Committee. The Report reads :—

After some discussion, the Committee recommended that the following

Original with;
Punjab Vidhan Sabha
Digitized by;
Punjab Digital Library

[Mr. Speaker]

business be transacted at the sittings of the Vidhan Sabha to be held from 23-3-1995 to 30-3-1995 :—

Thursday, the 23rd March, 1995	Holiday.
Friday, the 24th March, 1995	Off-day.
Saturday, the 25th March, 1995 Sunday, the 26th March, 1995	Holidays.
Monday, the 27th March, 1995 (2.30 P.M.)	Discussion and Voting of Demands for grants in respect of Irrigation and Power and Agriculture relating to the Budget Estimates for the year 1995-96.
Tuesday, the 28th March, 1995 (i) 9.00 A.M. (Morning Sitting)	Discussion & Voting of Demands for Grants in respect of Cooperation and Industry relating to the Budget Estimates for the year 1995-96.
(ii) 2.30 P.M. (Afternoon Sitting)	Discussion and Voting of Demands for Grants in respect of Technical Education and P.W.D. (B & R) relating to the Budget Estimates for the year 1995-96. Guillotine will be applied in respect of the remaining Demands for Grants under the Rules.
Wednesday the 29th March, 1995 (9.00 A.M.)	Appropriation Bill in respect of the Budget Estimates for the year 1995-96.
Thursday, the 30th March, 1995 (9.00 A.M.)	Non-official Business.

If any rule/rules of the Rules of procedure and Conduct of Business in the Punjab Vidhan Sabha is/are inconsistent with the above recommendations, that rule/those rules will stand suspended, to that extent.

Chief Parliamentary Secretary (Chaudhary Santokh Singh) : Sir I beg to move :—

That this House agrees with the recommendations contained in the Third Report of the Business Advisory Committee.

Mr. Speaker : Motion moved—

That this House agrees with the recommendations contained inthe Third Report of the Business Advisory Committee.

Mr. Speaker : Question is :—

That this House agrees with the recommendations contained in the Third Report of the Business Advisory Committee.

The motion was carried unanimously.

Original with;
Punjab Vidhan Sabha
Digitized by;
Panjab Digital Library

QUESTION OF PRIVILEGE

Mr. Speaker : On 13.3.1995, I received a notice of Privilege Motion from Comrade Tarsem Jodhan, M. L. A., alleging that S. H. O. Police Station, Dehlon, Shri Pushkar Sandal abused him filthily and threatened him to get beaten up when he went to Police Station, Dehlon accompanied by Shri Bhag Singh, Sarpanch, Gram Panchayat, Alamgir on 12.3.1995 to get an FIR registered in connection with the murder of one S. Nirmaljit Singh.

Before taking a final view in the matter, I sought the comments of the Government and the hon. Member was informed accordingly.

Now I have received comments of the Government in which it has been stated that the matter has been got enquired into through S. Gurcharan Singh, IPS, S. P. Investigation which reveals that on 5/6.3.95 at 8.00 A. M., a person namely, Kulwinder Singh had reported at Police Station, Dehlon about a dead body lying in the fields. A case FIR No. 16 dated 6.3.1995 under Section 302 IPC was registered and the investigation was started by Inspector Pushkar Sandal. The Police had tried to identify the dead body, but all was in vain. After that the dead body was got cremated by the Police in the presence of the village Panchayat of Dehlon. when the cremation ceremony was completed, one Bhag Singh had identified the deceaseds' clothes as those of Nirmaljit Singh, his son.

On 8.3.1995, the Police came to know the names of the sources as Jaswant Singh S/o Gurmit Singh Jat, resident of Rangian, Master Maghar Singh and his son Satwant Singh, Tarlochan Singh s/o Jagan Singh, all residents of Dehlon. The local Police came to know that accused Tarlochan Singh was sheltered by Sh. Tarsem Jodhan. Despite this, Sh. Jodhan visited the Police Station and exchanged hot words with the Police. Sh. Jodhan was not maltreated at Police Station, Dehlon and no filthy language was used by the Police personnel as alleged by Sh. Jodhan. Instead the S.H.O. told Shri Jodhan that on the one side he was helping the accused & on the other side he was showing sympathy with the complainant, Sh. Bhag Singh.

In view of that has been stated above, I refuse my consent to the question of privilege being raised.

ਸਰਦਾਰ ਸ਼ਮਸ਼ੇਰ ਸਿੰਘ ਰਾਏ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜਾ ਮਰਡਰਰ ਹੈ, ਉਹ ਸਾਡੇ ਮਾਨਯੋਗ ਸਾਥੀ ਦੇ ਘਰ ਤੋਂ ਪਕੜਿਆ .....(ਵਿਘਨ)

Mr. Speaker : You are commenting on my ruling. You have no right. Please sit down.

———

Original with;
Punjab Vidhan Sabha
Digitized by;
Punjab Digital Library

OBSERVATION BY THE SPEAKER RE. POINT OF ORDER

(At this stage Shri Satnam Singh Kainth was standing on a Point of Order) (Noices and Interruption)

Mr. Speaker: Resume your seat. There is no point of order. This matter was raised yesterday. You know what is point of order. You are all learned members, who know the procedure and the point of order. I will read out for your kind information ਤਾਂ ਕਿ ਮੈਂਬਰ ਸਾਹਿਬਾਨ ਨੂੰ ਕੋਈ ਭੁਲੇਖਾ ਨਾ ਰਹੇ ।

"(1) A point of order shall relate to the interpretation or enforcement of these rules of such Articles of the Constitution as regulate the business of the house and shall raise a question which is within the cognizance of the Speaker.

(2) A point of order may be raised in relation to the business before the house at the moment:

Provided that the Speaker may permit a member to raise a point of order during the interval between the termination of one item of business and the commencement of another if it relates to the maintenance of order in, or arrangement of business before, the house.

(3) Subject to conditions referred to in sub-rules (1) and (2), a member may formulate a point of order, and the Speaker shall decide whether the point of order and, if so, give his decision thereon, which shall be final."

So it is for your kind information.

(At this stage, members belonging to B.S.P., B.J.P., C.P.I., S.A.D., (K) and Comrade Tarsem Jodhan C.P.I., (M) were standing and demanding points of order) (Noices & Interruptions).

Mr. Speaker: You can speak while speaking on the budget. You will get a lot of opportunity to do so. I cannot force the Government to reply. I cannot force the Government to answer. This is my decision. There is no Point of Order. Shri Madan Mohan Mittal.

Shri Madan Mohan Mittal: Sir....(Interruptions)

Mr. Speaker: You can speak on budget. There is no provision that I can force the Government to reply right now. I cannot. Mittal Sahib.

(At this stage B. S. P. members were speaking ** ** without the permission).

**Not recorded as ordered by the Chair.

Original with;
Punjab Vidhan Sabha
Digitized by;
Punjab Digital Library

Mr. Speaker: I have called Shri Mittal to raise point of order. Others should sit down. What is being spoken by these B. S. P. members without my permission is not be recorded. (Interruptions).

Do not interrupt the proceedings. I have allowed Shri Mittal to raise point of order. Others should resume the seats please resume your seats. I have given my decision. When I have given my decision you cannot question it. You can give motion under rule 77 if you so like. I can examine it. Please sit down. I have told you to give notice of motion, I will examine. This is my decision. No point of order. I cannot force the Government to give explanation. When you give in writing I will examine it. Please meet me in the chamber. You should not raise point of order unnecessarily. Please sit down. (Interruptions)

Please give notice of motion, I will examine it. Shri Mittal, please speak.

Shri Madan Mohan Mittal: Sir, I want to say..(Interruptions)

Mr. Speaker: Do not interrupt the proceedings. Listen to other members.

(At this stage, B. S. P. members were speaking ** ** without permission)

Mr. Speaker. This is not to be recorded. Shri Mittal, please speak.

Shri Madan Mohan Mittal: Sir, if I speak you will not be able to listen due to interruptions.

Mr. Speaker: Others should sit down. Shrimati Vimla Dang, you please speak.

Shrimati Vimla Dang: Sir, these members may please be requested to allow others to speak. (Interruptions)

Mr. Speaker: You are interrupting the proceedings. I will name you. ਮੇਰੇ ਕੋਲ ਹੋਰ ਕੋਈ ਰਸਤਾ ਨਹੀਂ ਰਹਿ ਜਾਏਗਾ ਪੀਸਫੁੱਲੀ ਪ੍ਰੋਸੀਡਿੰਗਜ਼ ਚਲਾਉਣ ਵਾਸਤੇ । ਤੁਸੀਂ ਕਿਰਪਾ ਕਰਕੇ ਬੈਠੋ ।

(At this stage members belongings to B. S. P. were raising slogans ** **)

You are interrupting the proceedings. Slogans are not to be recorded. I will name you. I have given you serious warning. I will remove you. I will name you. ਕਿਰਪਾ ਕਰਕੇ ਆਪਣੀਆਂ ਸੀਟਾਂ ਤੇ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਬੈਠ ਜਾਉ । ਪ੍ਰੈਸੀਡਿੰਗਜ਼ ਨੂੰ ਇੰਟਰਪਟ ਨਾ ਕਰੋ । ਹੋਰ ਮੈਂਬਰ ਸਾਹਿਬਾਨ ਵੀ ਬੋਲਣਾ ਚਾਹੁੰਦੇ ਹਨ, ਉਨ੍ਹਾਂ ਨੂੰ ਵੀ ਬੋਲਣ ਦਾ ਮੌਕਾ ਦਿਉ Otherwise I will name you. If you do not agree I will ask you to withdraw. Please sit down. (Interruptions)

You may give in writing. I will examine. I will definitely examine. If I find. (Interruption). I will give my decision. Please sit down. You give in writing I have told you. I will definitely consider it. (Interruptions).

ਮੁਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਬਜਟ ਤੇ ਡਿਸਕਸ਼ਨ ਚੱਲ ਰਹੀ ਹੈ, ਇਹ ਆਪਣੀ ਸਪੀਚ ਵਿੱਚ ਕਹਿ ਲੈਣ, ਉਸ ਦਾ ਫਾਈਨੈਂਸ ਮਨਿਸਟਰ ਸਾਹਿਬ ਨੇ ਅਜੇ ਜਵਾਬ ਦੇਣਾ ਹੈ, ਉਹ ਜਵਾਬ ਦੇ ਦੇਣਗੇ ।

WITHDRAWAL OF MEMBERS FROM THE HOUSE

Shri Satnam Singh Kainth: ** ** **

Mr. Speaker: This is no Point of Order. Nothing to be recorded. It is for the press also not to record on which I give ruling. What they are speaking is not to be recorded. This should not go to the press. (Interruption.....noises.....) Alright.

If you do not agree....Once again, I request you to please maintain discipline. You are responsible members and....(interruptions and noises by B.S.P. members) So, I have waited so much. If you do not maintain discipline, if you do not sit, if you do not listen then I will have to ask the Marshal to remove you (Interruptions....noises....)

Once again, I give you final warning to please cooperate and resume your seat, otherwise you please go out. You please go out. Marshal to remove them. (Interruptions....noises....)

Whatever they are speaking is not to be recorded.

Shri Satnam Singh Kainth: ** ** **

Mr. Speaker: It is not to berecorded Please sit down, Sit down. I have very clearly told that if you are to say something you can give it in writing. I still think you should behave properly and act according to Rules. Kindly sit down. If you have any grudge grievance against the Government you can give it in writing. Just after some time I will go to the Chamber. You can come to my chamber and you can tell me. give me, in writing and I will give the decision.

** Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਤਨਾਮ ਸਿੰਘ ਕੈਂਥ: ** ** **

Mr. Speaker: This is no Point of Order.(....interruption) Any way I have heard you and there is no Point of Order. I have given my ruling earlier. You can please come. I will call the Government representative also and we can sort out the matter ਔਰ ਜੋ ਤੁਹਾਡੇ ਅਧਿਕਾਰ ਹਨ, ਉਨ੍ਹਾਂ ਅਧਿਕਾਰਾਂ ਦੀ ਰਖਿਆ ਕੀਤੀ ਜਾਵੇਗੀ ।

(ਇਸ ਵੇਲੇ ਬੀ.ਐਸ.ਪੀ. ਦੇ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਹਾਊਸ ਵਿਚ ਬਹੁਤ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ ।)

You see this is just forcing me and I am not going to be cowed down by your shouting. I have given the ruling. You can come to my Chamber. ਇਹ ਪਵਿਤਰ ਸਦਨ ਹੈ । ਲੋਕਾਂ ਦੀਆਂ ਭਾਵਨਾਵਾਂ ਨੂੰ ਪੂਰਾ ਕਰਨ ਵਾਸਤੇ ਤੁਸੀਂ ਇਥੇ ਆਏ ਹੋ । ਇਸ ਲਈ ਰੂਲਜ਼ ਦੇ ਮੁਤਾਬਿਕ ਤੁਹਾਨੂੰ ਚਲਣਾ ਚਾਹੀਦਾ ਹੈ । ਇਹ ਸ਼ਾਊਟਿੰਗ ਬਾਹਰ ਕਰਨੀ ਚਾਹੀਦੀ ਹੈ । ਇਥੇ ਨਹੀਂ । ਬਾਹਰ ਭਾਵੇਂ ਹਜ਼ਾਰਾਂ ਦੀ ਤਦਾਦ ਵਿਚ ਕਰੋ ਪਰ ਹਾਊਸ ਵਿਚ ਨਹੀਂ (ਵਿਘਨ) Not within the House. I have earlier also told you. You please cooperate so that the proceedings could be carried on smoothly in the House. ਤੁਸੀਂ ਲਿਖ ਕੇ ਦੇ ਚੇਵੋ, ਤੁਹਾਨੂੰ ਸਭ ਕੁਝ ਦਸ ਦੇਵਾਂਗੇ । Anyway, there is no such procedure.

ਮੁੱਖ ਸੰਸਦੀ ਸਕੱਤਰ: ਤੁਸੀਂ ਰੂਲਿੰਗ ਦੇ ਦਿੱਤੀ ਹੈ । ਹੁਣ ਅਗਲਾ ਬਿਜ਼ਨੈਸ ਸਟਾਰਟ ਕਰਵਾ ਦਿਓ । (ਵਿਘਨ-ਸ਼ੋਰ)

Mr. Speaker: You give in writing. I will examine it and take action. (Interruptions....noises)

There is no other way out for me except to ask you to please withdraw. There is no other way. I have requested you and I request you to please withdraw. Please withdraw.

Next item is Call Attention notice by Smt. Vimla Dang.

(At this stage all members belonging to B.S.P., present in the House were raising slogans ** ** **)

Mr. Speaker: Slogans are not to be recorded.

You are obstructing the proceedings and it is not allowed. You please withdraw. You can please go out. This is my ruling. Marshal to remove them. Please withdraw. Let others speak. Please withdraw now.

(As the members of the B. S. P., present in the House, did not withdraw and the Marshal removed them.)

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ: ਇਹ ਹਾਊਸ ਦੀਆਂ ਪ੍ਰੋਸੀਡਿੰਗਜ਼ ਨੂੰ ਚਲਣ ਨਹੀਂ ਦਿੰਦੇ, ਤੁਸੀਂ ਪੰਜਾਬੀਆਂ ਦੀ ਗੱਲ ਕਰੋ, ਪੰਜਾਬੀਆਂ ਦੇ ਹੱਕਾਂ ਦੀ ਰਾਖੀ ਵਾਸਤੇ ਇਥੇ ਆਏ ਹੋ, ਨਾ ਕਿ ਤੁਸੀਂ ਉਨ੍ਹਾਂ ਦੇ ਹੱਕਾਂ ਨੂੰ ਮਾਰਨ ਵਾਸਤੇ ਆਏ ਹੋ। ਜਿਹੜੇ ਮੈਂਬਰ ਸਾਹਿਬਾਨ ਬੋਲਣਾ ਚਾਹੁੰਦੇ ਹਨ ਉਨ੍ਹਾਂ ਨੂੰ ਤੁਸੀਂ ਬੋਲਣ ਨਹੀਂ ਦਿੰਦੇ। (ਵਿਘਨ) Mr. Satnam Singh, please withdraw. (Interruptions) Now Mr. Satnam Singh is going out Gurpal Chand Ji, please withdraw when your leader is withdrawing. No force is to be used against them. ਇਨ੍ਹਾਂ ਨੂੰ ਇਜ਼ਤ ਨਾਲ ਬਾਹਰ ਲੈ ਜਾਓ।

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਰੂਲ 105 ਨੂੰ ਪੜ੍ਹ ਕੇ ਦਸਿਆ ਹੈ ਕਿ ਕਿਸ ਹਾਲਾਤ ਵਿਚ ਪੁਆਇੰਟ ਆਫ ਆਰਡਰ ਹੋ, ਸਕਦਾ ਹੈ। ਇਹ ਠੀਕ ਹੈ ਕਿ ਕਈ ਮੈਂਬਰਜ਼ ਇਥੇ 2-3 ਵਾਰ ਚੁਣ ਕੇ ਆਏ ਨਹ ਅਤੇ ਕਈ ਨਵੇਂ ਹਨ ਪਰ ਤੁਸੀਂ ਰੂਲ 113 ਵੀ ਪੜ੍ਹ ਲਉ। ਮੈਂ ਪਿਛਲੀਆਂ ਪ੍ਰੋਸੀਡਿੰਗਜ਼ ਵੀ ਵੇਖੀਆਂ ਹਨ। ਜਿਹੜੇ ਮੈਂਬਰ ਸਾਹਿਬਾਨ ਅੱਜ ਸਾਹਮਣੇ ਸੀਟਾਂ ਤੇ ਬੈਠੇ ਹਨ ਉਹ ਪਹਿਲੇ ਇਧਰ ਸਾਡੇ ਪਾਸੇ ਹੁੰਦੇ ਸਨ ਅਤੇ ਉਹ ਵੀ ਪੁਆਇੰਟ ਆਫ ਆਰਡਰ ਰੇਜ਼ ਕਰਦੇ ਰਹੇ ਹਨ ਅਤੇ ਜ਼ੀਰੋ ਆਵਰ ਦਾ ਇਸਤੇਮਾਲ ਕਰਦੇ ਰਹੇ ਹਨ। ਤੁਸੀਂ ਕਿਹਾ ਹੈ ਕਿ ਰੂਲ 105 ਅਧੀਨ ਪੁਆਇੰਟ ਆਫ ਆਰਡਰ ਕਰ ਸਕਦੇ ਹੋ। ਜਿਹੜੇ ਪਹਿਲੇ ਇਥੇ ਇਸ ਹਾਊਸ ਦੇ ਸਪੀਕਰ ਰਹੇ ਹਨ ਉਹ ਵੀ ਰੂਲ 113 ਜ਼ੀਰੋ ਆਵਰ ਦੇ ਟਾਈਮ ਵਿਚ ਰੈਜੀਡੂਹੀ ਪਾਵਰ ਦਾ ਇਸਤੇਮਾਲ ਕਰਦੇ ਰਹੇ ਹਨ।

ਸ਼੍ਰੀ ਸਪੀਕਰ: ਇਹ ਕਿਥੇ ਹੈ ਕਿ ਘੰਟਾ ਘੰਟਾ ਰੌਲਾ ਹਾਊਸ ਵਿਚ ਪਾਈ ਜਾਓ। One can give his point. The Speaker gives his ruling as to whether it is Point of Order or not. Once the Speaker decides, the member should sit down.

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਇਹ ਰਾਈਟ ਕੁਨਵੈਨਸ਼ਨ ਜ਼ੀਰੋ ਆਵਰ ਵੀ ਬਣ ਗਈ ਹੈ। ਅਗਰ ਕੋਈ ਜ਼ਰੂਰੀ ਮਸਲਾ ਹਾਊਸ ਵਿਚ ਉਠਾਉਣਾ ਚਾਹੁੰਦਾ ਹੈ ਤਾਂ ਉਹ ਜ਼ੀਰੋ ਆਵਰ ਵਿਚ ਉਠਾ ਸਕਦਾ ਹੈ। ਅਗਰ ਸਰਕਾਰ ਜਵਾਬ ਦੇਣਾ ਚਾਹੇ ਤਾਂ ਉਹ ਹਾਊਸ ਵਿਚ ਦੇ ਸਕਦੀ ਹੈ ਅਤੇ ਅਗਰ ਸਰਕਾਰ ਕੋਲ ਜਵਾਬ ਤਿਆਰ ਨਹੀਂ ਹੈ ਤਾਂ ਟਾਈਮ ਲੈ ਸਕਦੀ ਹੈ। ਅਸੀਂ ਸਰਕਾਰ ਦੇ ਧੰਨਵਾਦੀ ਹਾਂ ਕਿ ਸਰਕਾਰ ਨੇ ਕੱਲ੍ਹ ਇਥੇ ਬੁੱਚੜਖਾਨੇ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਜਿਹੜੀ ਸਾਡੀ ਕਾਫੀ ਦੇਰ ਤੋਂ ਮੰਗ ਚਲੀ ਆ ਰਹੀ ਸੀ ਪਰ ਕੱਲ੍ਹ ਇਥੇ ਚੀਫ ਮਨਿਸਟਰ ਸਾਹਿਬ ਨੇ ਜਵਾਬ ਦਿੰਦੇ ਹੋਏ ਕੁਝ ਐਸੀਆਂ ਗੱਲਾਂ ਕੀਤੀਆਂ....

ਸ਼੍ਰੀ ਸਪੀਕਰ : ਕੀ ਤੁਸੀਂ ਪਰਸਨਲ ਅੰਕਸਪਲੇਨੇਸ਼ਨ ਦੇ ਰਹੇ ਹ or You want to raise a Point of Order ?

Original with;
Punjab Vidhan Sabha
Digitized by;
Punjab Digital Library

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਮੈਂ ਪਰਸਨਲ ਐਕਸਪਲੇਨੇਸ਼ਨ ਉਤੇ ਨਹੀਂ ਬੋਲ ਰਿਹਾ । ਮੈਂ ਕੱਲ੍ਹ ਦਾ ਮਸਲਾ ਉਠਾ ਰਿਹਾ ਹਾਂ । ਕੱਲ੍ਹ ਇਥੇ ਸਾਡੀ ਗੈਰ ਹਾਜ਼ਰੀ ਵਿਚ ਕੁਝ ਕਿਹਾ ਗਿਆ । ਇਹ ਠੀਕ ਹੈ ਕਿ ਚੀਫ਼ ਮਨਿਸਟਰ ਸਾਹਿਬ ਐਲਡਰ ਹਨ ਅਤੇ ਲੀਡਰ ਆਫ ਦੀ ਹਾਊਸ ਹਨ ਪਰ ਇਥੇ ਜਿਸ ਤਰੀਕੇ ਨਾਲ ਐਬਊਸਿਵ ਲੈਂਗੂਏਜ ਯੂਜ਼ ਕੀਤੀ ਗਈ ਅਤੇ ਤੁਸੀਂ ਚੇਅਰ ਤੇ ਬੈਠੇ ਸੀ । ਚੀਫ਼ ਮਨਿਸਟਰ ਸਾਹਿਬ ਵਲੋਂ ਕਿਹਾ ਗਿਆ ਸੀ ਕਿ ਕਾਡਿਲੇ ਚਲਦੇ ਰਹਿਣਗੇ ਔਰ ਕੁੱਤੇ ਭੌਂਕਦੇ ਰਹਿਣਗੇ ਅਤੇ ਕੁਝ ਦਾ ਇਥੇ ਨਾਂ ਵੀ ਲਿਆ ਗਿਆ ਜਿਹੜੇ ਇਸ ਹਾਊਸ ਦੇ ਮੈਂਬਰ ਵੀ ਨਹੀਂ ਸਨ ।

(ਇਸ ਸਮੇਂ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਅਤੇ ਸ਼੍ਰੀ ਵਿਜੇ ਕੁਮਾਰ ਸਾਥੀ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਖੜ੍ਹੇ ਸਨ ।)

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਹਾਊਸ ਨੂੰ ਏਜੰਡੇ ਮੁਤਾਬਿਕ ਚਲਾਉ, ਇਹ ਰੌਲਾ ਪਾਈ ਜਾਂਦੇ ਹਨ ।

ਕਾਮਰੇਡ ਅਜੈਬ ਸਿੰਘ ਰੌਂਤਾ : ** ** **

Mr. Speaker : No point of Order. Please resume your seat. Nothing should go in the Press. Zira Ji, what do you want to speak?

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । You are wasting your own time. Please don't do it. If you have time, you can speak. Therefore, please, you can speak more, if you have time. When I say it is No Point of Order, you should, please, abide by that ruling.

(At this stage, Comrade Hardev Arshi was asking for time to speak.)

Mr. Speaker : Zira Ji, please let him speak.

(ਇਸ ਵੇਲੇ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਅਤੇ ਡਾਕਟਰ ਰਤਨ ਸਿੰਘ ਵੈੱਲ ਆਫ ਦੀ ਹਾਊਸ ਵਿਚ ਆ ਗਏ ਅਤੇ ਉਹ ਨਾਅਰੇ ** ** ਮਾਰ ਰਹੇ ਸਨ ।)

Mr. Speaker : You are obstructing the proceedings. Please go to your seats. (Interruption) otherwise I will name both of you. Alright Marshal to remove them. Slogans are not to be recorded.

WALK-OUT

ਸ਼੍ਰੀ ਮਦਨ ਮੋਹਨ ਮਿੱਤਲ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਨ੍ਹਾਂ ਨੇ ਗਲਤ ਲੈਂਗੂਏਜ ਯੂਜ਼ ਕੀਤੀ ਹੈ । ਤੁਹਾਨੂੰ ਚੈਕ ਕਰਨਾ ਚਾਹੀਦਾ ਸੀ । ਇਹ ਲਫਜ਼ ਡਿਬੇਟ ਵਿਚੋਂ ਕਢੇ ਜਾਣੇ ਚਾਹੀਦੇ ਹਨ । ਉਹ ਲਫਜ਼ ਇਹ ਵਾਪਿਸ ਲੈਣ ।

**Expunged /Not recorded as ordered by the Chair.

Original with;
Punjab Vidhan Sabha
Digitized by;
Punjab Digital Library

Mr. Speaker : I am not going to ask him to withdraw these words. ਉਨ੍ਹਾਂ ਨੇ ਤਾਂ ਮੁਹਾਵਰਾ ਯੂਜ਼ ਕੀਤਾ ਸੀ ।

ਸ਼੍ਰੀ ਮਦਨ ਮੋਹਨ ਮਿੱਤਲ : ਇਸ ਤੇ ਅਸੀਂ ਵਾਕ ਆਊਟ ਕਰਦੇ ਹਾਂ ।

(ਇਸ ਵੇਲੇ ਸ਼੍ਰੀ ਮਦਨ ਮੋਹਨ ਮਿੱਤਲ, ਸ਼੍ਰੀ ਜਗਦੀਸ਼ ਸਾਹਨੀ ਅਤੇ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਹਾਊਸ ਵਿਚੋਂ ਵਾਕਆਊਟ ਕਰ ਗਏ ।)

(ਇਸ ਵੇਲੇ ਸ਼੍ਰੀ ਵਿਜੇ ਕੁਮਾਰ ਸਾਥੀ ਅਤੇ ਕਾਮਰੇਡ ਤਰਸੇਮ ਜੋਧਾਂ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ । (ਵਿਘਨ) (ਸ਼ੋਰ)

Mr. Speaker : You have already spoken. Let the proceedings start. I have allowed Mrs. Dang. Don't obstruct, I am telling you, Sathiji, I will name you and will ask you to withdraw. Please resume your seat. Yes, Mrs. Dang, read out your Call Attention.

ਸ਼੍ਰੀ ਵਿਜੇ ਕੁਮਾਰ ਸਾਥੀ : ਮੈਂ ਬੋਲਿਆ ਨਹੀਂ.....

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨ ਤੋਂ ਬਾਅਦ ਤੁਸੀਂ ਐਸ਼ਿਓਰੈਂਸ ਦਿਉ ਕਿ ਤਰਸੇਮ ਜੋਧਾਂ ਬਾਰੇ ਜੋ ਕੁਝ ਕਿਹਾ ਗਿਆ ਹੈ, ਉਹ ਉਸ ਸਬੰਧੀ ਆਪਣਾ ਪੱਖ ਪੇਸ਼ ਕਰਨ । ਆਪਣਾ ਪੱਖ ਦੇਣ ।

ਸ਼੍ਰੀ ਸਪੀਕਰ : ਦੇ ਸਕਦੇ ਹਨ । ਮੈਂ ਅਲਾਓ ਕਰਾਂਗਾ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੀ ਧੰਨਵਾਦੀ ਹਾਂ । ਮੇਰੀ ਕਾਲ ਅਟੈਨਸ਼ਨ ਮੋਸ਼ਨ ਹੈ ।

CALL ATTENTION NOTICE UNDER RULE 66

(Serial No. 63)

Shrimati Vimla Dang : Sir, I beg to draw the attention of the Government towards a matter of urgent public importance, namaly, in the sudden eleventh hour decision, the Punjab School Education Board has barred about 2,000 students of plus two class in 40 private Senior Secondary Schools of the State from taking their commerce examination beginning within a few days. These students were registered for the commerce course two years ago and had paid the required fees on that basis. Four months ago they deposited necessary examination fees with the Board on that basis and were issued roll numbers and alloted examination centres. The last minute decision of the Board to bar them on the plea that their schools were affiliated with the Board for arts courses and not for commerce courses is to spoil one precious year of those students for some thing for which they are not to blame at all. There is very strong resentment amongst the parents.

Original with;
Punjab Vidhan Sabha
Digitized by;
Panjab Digital Library

In view of the obvious and urgent importance of the matter, the Minister concerned may please be asked to make a statement in the House.

ਸਿੱਖਿਆ ਅਤੇ ਭਾਸ਼ਾ ਮੰਤਰੀ (ਸਰਦਾਰ ਲਖਮੀਰ ਸਿੰਘ ਰੰਧਾਵਾ) : ਸਪੀਕਰ ਸਾਹਿਬ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕੀਤੀ ਮੁੱਢਲੀ ਪੜਤਾਲ ਤੋਂ ਪਾਇਆ ਗਿਆ ਹੈ ਕਿ 51 ਮਾਨਤਾ ਪ੍ਰਾਪਤ ਅਤੇ ਬੋਰਡ ਨਾਲ ਐਫੀਲੀਏਟਿਡ ਵਿਦਿਅਕ ਸੰਸਥਾਵਾਂ ਦੇ 1,808 ਵਿਦਿਆਰਥੀਆਂ ਦਾ ਸੀਨੀਅਰ ਸੈਕੰਡਰੀ ਦੀ ਪ੍ਰੀਖਿਆ 1995 ਵਿੱਚ ਬੈਠਣ ਦਾ ਕੇਸ ਇਸ ਕਰਕੇ ਰੱਦ ਕਰ ਦਿੱਤਾ ਗਿਆ ਸੀ, ਕਿਉਂਕਿ ਇਨ੍ਹਾਂ ਸਕੂਲਾਂ ਨੇ ਕੇਵਲ ਹਿਯੂਮੈਨਟੀਜ਼ ਗਰੁੱਪ ਲਈ ਬੋਰਡ ਦੀ ਐਫੀਲੀਏਸ਼ਨ ਪ੍ਰਾਪਤ ਕੀਤੀ ਹੋਈ ਸੀ ਅਤੇ ਕਾਮਰਸ ਗਰੁੱਪ ਲਈ ਅਜਿਹੀ ਐਫੀਲੀਏਸ਼ਨ ਪ੍ਰਾਪਤ ਨਹੀਂ ਕੀਤੀ ਸੀ । ਮਾਮਲਾ ਬੋਰਡ ਦੇ ਨੋਟਿਸ ਵਿੱਚ ਆਉਣ ਉਪਰੰਤ ਇਹ ਪਾਇਆ ਗਿਆ ਕਿ ਇਸ ਵਿਚ ਵਿਦਿਆਰਥੀਆਂ ਦਾ ਕੋਈ ਕਸੂਰ ਨਹੀਂ ਸੀ ਸਗੋਂ ਸਕੂਲਾਂ ਦੇ ਮੁੱਖੀਆਂ ਨੇ ਕਾਮਰਸ ਗਰੁੱਪ ਅਣ-ਅਧਿਕਾਰਿਤ ਤੌਰ ਤੇ ਚਾਲੂ ਕੀਤਾ ਹੋਇਆ ਸੀ । ਵਿਦਿਆਰਥੀਆਂ ਦਾ ਨੁਕਸਾਨ ਹੋਣੋ ਰੋਕਣ ਲਈ ਬੋਰਡ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਪ੍ਰੀਖਿਆ ਵਿਚ ਬੈਠਣ ਦੀ ਇਜਾਜ਼ਤ ਦੇ ਦਿੱਤੀ ਸੀ । ਜਿਹੜੇ ਵਿਦਿਆਰਥੀ 16 ਜਾਂ 20 ਮਾਰਚ, 1995 ਨੂੰ ਕਾਮਰਸ ਗਰੁੱਪ ਦੇ ਪਰਚਿਆਂ ਵਿਚ ਨਹੀਂ ਬੈਠ ਸਕੇ ਉਨ੍ਹਾਂ ਲਈ ਬੋਰਡ ਦੁਬਾਰਾ ਇਹ ਦੋਵੇਂ ਪਰਚੇ ਲੈਣ ਦਾ ਪ੍ਰਬੰਧ ਕਰੇਗਾ । ਇਨ੍ਹਾਂ ਸੰਸਥਾਵਾਂ ਨੂੰ ਇਸ ਫੈਸਲੇ ਤੋਂ ਜਾਣੂ ਕਰਵਾ ਦਿੱਤਾ ਗਿਆ ਹੈ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਧੰਨਵਾਦ ਕਰਦੀ ਹਾਂ ਮਾਨਯੋਗ ਮਨਿਸਟਰ ਸਾਹਿਬ ਦਾ ਜਿਨ੍ਹਾਂ ਨੇ ਇਨ੍ਹਾਂ ਬੱਚਿਆਂ ਨੂੰ ਇਜਾਜ਼ਤ ਦਿੱਤੀ ਹੈ ਕਿ ਉਹ ਪ੍ਰੀਖਿਆ ਵਿਚ ਅਪੀਅਰ ਹੋ ਜਾਣ ਅਤੇ ਜਿਹੜੇ ਨਹੀਂ ਹੋ ਸਕੇ ਉਨ੍ਹਾਂ ਵਾਸਤੇ ਹੀ-ਐਗਜ਼ਾਮੀਨੇਸ਼ਨ ਦਾ ਪ੍ਰਬੰਧ ਹੈ ਪਰ ਮੈਂ ਬੇਨਤੀ ਕਰਨੀ ਚਾਹਵਾਂਗੀ ਕਿ ਜਿਹੜਾ ਸਕੂਲ ਸਿਖਿਆ ਬੋਰਡ ਹੈ, ਇਸਦੀ ਫੰਕਸ਼ਨਿੰਗ ਵਿਚ ਵੀ ਇੰਪਰੂਵਮੈਂਟ ਹੋਣੀ ਚਾਹੀਦੀ ਹੈ ਕਿਉਂਕਿ 2 ਸਾਲ ਪਹਿਲਾਂ ਇਨ੍ਹਾਂ ਨੇ ਆਪਣੀਆਂ ਫੀਸਾਂ ਡਿਪਾਜ਼ਿਟ ਕੀਤੀਆਂ ਸਨ, ਇਮਤਿਹਾਨਾਂ ਦੀ ਫੀਸ ਦੇ ਦਿੱਤੀ, ਰੋਲ ਨੰਬਰ ਅਲਾਟ ਹੋ ਗਏ, ਐਗਜ਼ਾਮੀਨੇਸ਼ਨ ਸੈਂਟਰ ਮੁਕਰਰ ਹੋ ਗਏ । ਜੇ ਬੱਚੇ ਆਪਣੇ ਆਪ ਰਿਪਰਜ਼ੈਂਟ ਨਾ ਕਰਨ ਤਾਂ ਬਹੁਤ ਜਿਆਦਾ ਨੁਕਸਾਨ ਹੋ ਸਕਦਾ ਹੈ । ਤੁਹਾਨੂੰ ਪਤਾ ਹੀ ਹੈ ਕਿ ਗੁਰਦਾਸਪੁਰ ਵਿਚ ਇਸ ਤਰ੍ਹਾਂ ਦੀ ਘਟਨਾ ਘਟੀ ਸੀ ਅਤੇ ਸਟੂਡੈਂਟਸ ਨਾਲ ਬੇਇਨਸਾਫੀ ਹੋਈ ਸੀ । ਮੈਂ ਪੁਛਣਾ ਚਾਹਵਾਂਗੀ ਰੰਧਾਵਾ ਜੀ ਨੂੰ, ਮਾਨਯੋਗ ਮਨਿਸਟਰ ਸਾਹਿਬ ਨੂੰ ਕਿ ਕੀ ਉਹ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਅਗੋਂ ਤੋਂ ਇਸ ਕਿਸਮ ਦੀ ਗੱਲ ਮੁੜ ਕੇ ਨਾ ਵਾਪਰੇ ਅਤੇ ਵਿਦਿਆਰਥੀਆਂ ਨਾਲ ਪੂਰਾ ਇਨਸਾਫ ਹੋਵੇ ਅੱਤੇ ਬੋਰਡ ਆਪਣੀ ਫੰਕਸ਼ਨਿੰਗ ਜਿਹੜੀ ਹੈ, ਉਸਨੂੰ ਇੰਪਰੂਵ ਕਰੇ ।

ਮੰਤਰੀ : ਸਪੀਕਰ ਸਾਹਿਬ, ਬੋਰਡ ਦੀ ਫੰਕਸ਼ਨਿੰਗ ਦੀ ਇੰਪਰੂਵਮੈਂਟ ਦਾ ਹੀ ਇਹ ਨਤੀਜਾ ਹੈ ਕਿ 51 ਉਹ ਸਕੂਲ ਪਾਏ ਗਏ ਜਿਨ੍ਹਾਂ ਨੇ ਜੋ ਕਾਮਰਸ ਗਰੱਪ ਦੀ ਐਫੀਲੀਏਸ਼ਨ ਅੰਡੀਸ਼ਨਲ ਫੀਸ ਦੇ ਕੇ ਲੈਣੀ ਸੀ ਪਰ ਉਹ ਐਫੀਲੀਏਸ਼ਨ ਪ੍ਰਾਪਤ ਨਹੀਂ ਕੀਤੀ । ਇਹ ਚੀਜ਼ ਸਾਡੇ ਨੋਟਿਸ ਵਿਚ ਆਈ ਤਾਂ ਅਸੀਂ ਉਨ੍ਹਾਂ ਸੰਸਥਾਵਾਂ ਦੇ ਖਿਲਾਫ ਐਕਸ਼ਨ ਸ਼ੁਰੂ ਕੀਤਾ ਲੇਕਿਨ ਸਮਾਂ ਕਿਉਂਕਿ ਥੋੜਾ ਸੀ ਅਤੇ ਵਿਦਿਆਰਥੀਆਂ ਦਾ ਨੁਕਸਾਨ ਹੁੰਦਾ ਸੀ,

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਇਸ ਕਹਕੇ ਵਿਦਿਆਰਥੀਆਂ ਦੇ ਇਸ ਨੁਕਸਾਨ ਨੂੰ ਬਚਾਉਣ ਵਾਸਤੇ ਉਨ੍ਹਾਂ ਵਿਦਿਆਰਥੀਆਂ ਨੂੰ ਆਗਿਆ ਦੇ ਦਿੱਤੀ ਗਈ । ਜਿਹੜੇ ਮੁੱਖੀਆਂ ਨੇ ਪਰਾਪਰ ਐਫੀਲੀਏਸ਼ਨ ਨਹੀਂ ਕਰਾਈ ਜਾਂ ਜਿਨ੍ਹਾਂ ਬੋਰਡ ਦੇ ਅਧਿਕਾਰੀਆਂ ਨੇ ਵੇਲੇ ਸਿਰ ਚੈਕਿੰਗ ਨਾ ਕਰਕੇ ਅਣਗਹਿਲੀ ਕੀਤੀ ਹੈ, ਉਨ੍ਹਾਂ ਦੇ ਖਿਲਾਫ ਇਨਕੁਆਇਰੀ ਚਲ ਰਹੀ ਹੈ ।

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਮੇਰੀ ਅਰਜ਼ ਹੈ.....

ਸ਼੍ਰੀ ਸਪੀਕਰ : ਤੁਸੀਂ ਕਾਹਦੇ ਤੇ ਬੋਲਣਾ ਹੈ ? ਹੁਣ ਤਾਂ ਰਿਪੋਰਟਸ ਪੇਸ਼ ਹੋਣੀਆਂ ਹਨ ।

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਮੇਰਾ ਪ੍ਰਿਵਿਲੇਜ ਮੋਸ਼ਨ ਹੈ ।

ਸ਼੍ਰੀ ਸਪੀਕਰ : ਉਸ ਤੇ ਤੁਸੀਂ ਇਸ ਵੇਲੇ ਨਹੀਂ ਬੋਲ ਸਕਦੇ । (ਸ਼ੋਰ, ਵਿਘਨ)

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਮੇਰਾ ਪ੍ਰਿਵਿਲੇਜ ਮੋਸ਼ਨ ਹੈ । ਜੋ ਕੁਝ ਮੇਰੇ ਨਾਲ ਹੋਇਆ ਹੈ, ਉਸ ਦੀ ਇਨਕੁਆਇਰੀ ਕਰਵਾਈ ਜਾਵੇ ਅਤੇ ਇਸ ਦੇ ਵਾਸਤੇ ਹਾਊਸ ਦੀ ਇਕ ਕਮੇਟੀ ਬਣਾਈ ਜਾਵੇ । ਅਗਰ ਇਕ ਐਮ.ਐਲ.ਏ. ਦੀ ਮੇਰੇ ਵਰਗੇ ਦੀ ਇਹ ਹਾਲਤ ਹੈ ਤਾਂ ਲੋਕਾਂ ਦੀ ਕੀ ਹਾਲਤ ਹੋਵੇਗੀ । ਜੇ ਤੁਸੀਂ ਪੁਲਿਸ ਦੀਆਂ ਕਹਾਣੀਆਂ ਵੱਲ ਜਾਂਦੇ ਹੋ ਤਾਂ ਪੁਲਿਸ ਤਾਂ ਬਹੁਤ ਵਧੀਆ ਵਧੀਆ ਕਹਾਣੀਆਂ ਬਣਾਉਂਦੀ ਹੈ । ਇਹ ਲੜਕੇ ਦੇ ਫਾਦਰ ਦੀ ਸਟੇਟਮੈਂਟ ਮੇਰੇ ਕੋਲ ਹੈ । ਸਪੀਕਰ ਸਾਹਿਬ, ਮੈਨੂੰ ਇਨਸਾਫ ਨਹੀਂ ਮਿਲ ਰਿਹਾ । ਮੇਰੇ ਨਾਲ ਬਿਲਕੁਲ ਬੇਇਨਸਾਫੀ ਹੋ ਰਹੀ ਹੈ ।.....(ਸ਼ੋਰ) (ਵਿਘਨ)

ਸ਼੍ਰੀ ਸਪੀਕਰ : ਜੋਧਾਂ ਜੀ, ਅਗਰ ਕਿਸੇ ਲੜਕੇ ਦੇ ਬਾਪ ਨੂੰ ਕੋਈ ਪ੍ਰਾਬਲਮ ਹੈ, ਅਗਰ ਉਹ ਵਿਕਟਿਮ ਹੈ ਤਾਂ ਉਹ ਉਸ ਦੀ ਰਿਪੋਰਟ ਕਰ ਸਕਦਾ ਹੈ । ਲੇਕਿਨ ਕਿਸੇ ਐਮ.ਐਲ.ਏ. ਦਾ ਪ੍ਰਿਵਿਲੇਜ ਉਸ ਵੇਲੇ ਹੀ ਬਣਦਾ ਹੈ ਜਦੋਂ ਆਪਣੀ ਡਿਊਟੀ ਨਿਭਾਉਂਦੇ ਹੋਏ ਕੋਈ ਹੋਰ ਆਦਮੀ ਉਸ ਨਾਲ ਮਿਸਬਿਹੇਵ ਕਰੇ । ਤੁਹਾਡੇ ਵਾਸਤੇ ਨਾਰਮਲ ਕੋਰਸ ਖੁਲ੍ਹਾ ਹੈ ਅਤੇ ਉਸ ਦੇ ਵਾਸਤੇ ਤੁਹਾਨੂੰ ਪੂਰੀ ਇਜਾਜ਼ਤ ਹੈ.....

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦੀ ਹਾਂ.....

श्री स्पीकर : आप बैठ जाएं, मैंने आप को अलाऊ नहीं किया है । अगर इन्होंने कुछ कहना है तो बजट स्पीच में कह सकते हैं । हम इन को समय देंगे ।

Now, presentation of reports. first, Gurpal Chand ji and next Sardar Gulzar Singh Ji.

WALK-OUT

(At this stage, all the hon. Members belonging to CPI, present

Original with;
Punjab Vidhan Sabha
Digitized by;
Panjab Digital Library

in the House, Lone Member each of CPI(M) and Janta Dal were standing on their seats for raising their Points of a Order. When not permitted to speak, by the Chair, all these members staged a walk out and while doing so they were raising slogans ** ** **)

Mr. Speaker : What they are speaking without my permission is not to be recorded. I will give you time to speak. But if you don't follow the Rules, nobody can help you. Slogans are not to be recorded. ਨਾਹਰੇ ਬਾਹਰ ਜਾ ਕੇ ਮਾਰਦੇ ਰਹੋ ।

PRESENTATION OF REPORTS OF THE COMMITTEES

ਮੈਂਬਰ, ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼ ਪੱਤਰਾਂ ਸਬੰਧੀ ਕਮੇਟੀ (ਸਰਦਾਰ ਅਮਰਜੀਤ ਸਿੰਘ ਸਮਰਾ) ਸਰ, ਮੈਂ ਸਾਲ 1994-95 ਲਈ ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼ ਪੱਤਰਾਂ ਸਬੰਧੀ ਕਮੇਟੀ ਦੀ 7ਵੀਂ ਰਿਪੋਰਟ ਪੇਸ਼ ਕਰਦਾ ਹਾਂ ।

2. **The Chairman, Committee on Subordinate Legislation** (Sardar Gulzar Singh, : Sir, I beg to present the Twenty-Fifth Report of the Committee on Subordinate Legislation for the year 1994-95.

3. **The Chairman, Committee on Public Accounts** (Shri Upender Kumar Sharma) : Sir, I beg to present the—

(i) 99th Report of the Committee on Public Accounts on the Appropriation Accounts of the Government of Punjab for year 1982-83 and the Report of the Comptroller and Auditor General of India for the year 1982-83 (Civil), and

(ii) 100th Report of the Committee on Public Accounts on the Appropriation Accounts of the Government of Punjab for the years 1982-83 and 1983-84 and the Reports of the Comptroller and Auditor General of India for the years 1982-83 and 1983-84 (Revenue Receipts)

RESUMPTION OF GENERAL DISCUSSION ON THE BUDGET ESTIMATES FOR THE YEAR 1995-96

Mr. Speaker : Now the House will resume General Discussion on Budget Estimates for the year 1995-96. Shri Malkiat Singh Birmi was on his legs when the House adjourned yesterday. He may please resume his speech. Shri Malkiat Singh Birmi.

** Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਮਲਕੀਤ ਸਿੰਘ ਬੀਰਮੀ (ਲੁਧਿਆਣਾ ਦਿਹਾਤੀ) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਆਪ ਜੀ ਨੇ ਮੈਨੂੰ ਅੱਜ ਇਸ ਹਾਊਸ ਦੇ ਵਿੱਚ, ਜੋ ਮੈਂ ਕੱਲ੍ਹ ਬਜਟ ਤੇ ਬੋਲ ਰਿਹਾ ਸੀ, ਉਸ ਨੂੰ ਮੁੜ ਕੰਟੀਨਿਊ ਕਰਨ ਦਾ ਮੌਕਾ ਦਿੱਤਾ ਹੈ । ਕੱਲ੍ਹ ਮੈਂ, ਸਪੀਕਰ ਸਾਹਿਬ, ਗੱਲ ਕਰ ਰਿਹਾ ਸੀ ਕਮਿਊਨਿਟੀ ਸੈਂਟਰਾਂ ਦੀ। ਜੋ ਸਰਕਾਰ ਨੇ 1995-96 ਦੇ ਬਜਟ ਵਿਚ, ਪੰਜ ਕਰੋੜ ਰੁਪਏ ਬਲਾਕ ਪੱਧਰ ਤੇ ਇਕ-ਇਕ ਕਮਿਊਨਿਟੀ ਸੈਂਟਰ ਬਣਾਉਣ ਵਾਸਤੇ ਰੱਖੇ, ਇਹ ਸਾਡੀ ਸਰਕਾਰ ਦਾ ਇਕ ਬਹੁਤ ਹੀ ਸ਼ਲਾਘਾਯੋਗ ਸਟੈਪ ਹੈ । ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਪਿੰਡਾਂ ਦੇ ਲੋਕਾਂ ਦੀ ਤਕਲੀਫ ਨੂੰ ਮਦੇ ਨਜ਼ਰ ਰੱਖਦੇ ਹੋਏ, ਉਨ੍ਹਾਂ ਨੂੰ ਅੱਛੀਆਂ ਸਹੂਲਤਾਂ ਪ੍ਰਦਾਨ ਕਰਨ ਵਾਸਤੇ ਇਹ ਸੈਂਟਰ ਜੋ ਬਲਾਕ ਪੱਧਰ ਤੇ ਬਣਾਏ ਗਏ ਹਨ, ਇਹ ਬੜਾ ਅੱਛਾ ਕਦਮ ਚੁੱਕਿਆ ਹੈ । ਪਰ ਇਸ ਦੇ ਨਾਲ ਹੀ ਜਿਥੇ ਅਸੀਂ ਜ਼ਰੂਰਤ ਸਮਝਦੇ ਹਾਂ ਇਨ੍ਹਾਂ ਕਮਿਊਨਿਟੀ ਸੈਂਟਰਾਂ ਦੀ, ਠੀਕ ਹੈ ਕਿ ਜਿਹੜੀ ਰਾਸ਼ੀ ਰੱਖੀ ਹੈ ਅੱਛਾ ਸਟੈਪ ਸੀ ਪਰ ਮੈਂ ਬੈਨਤੀ ਕਰਾਂਗਾ ਕਿ ਆਉਣ ਵਾਲੇ ਸਮੇਂ ਵਿਚ ਇਸ ਰਾਸ਼ੀ ਨੂੰ ਹੋਰ ਵਧਾਇਆ ਜਾਵੇ ਤਾਂ ਕਿ ਹੋਰ ਚਾਰ-ਚਾਰ, ਪੰਜ-ਪੰਜ ਪਿੰਡਾਂ ਨੂੰ ਇਕ ਕਮਿਊਨਿਟੀ ਸੈਂਟਰ ਬਣਾ ਕੇ ਦਿੱਤਾ ਜਾਵੇ । ਇਨ੍ਹਾਂ ਸੈਂਟਰਾਂ ਦੇ ਵਿਚ ਜੋ ਉਨ੍ਹਾਂ ਦੇ ਕੋਈ ਫੰਕਸ਼ਨ, ਜਾਂ ਮੀਟਿੰਗਾਂ ਹੁੰਦੀਆਂ ਹਨ, ਉਹ ਕਰ ਸਕਣਗੇ । ਇਸ ਦੇ ਨਾਲ ਹੀ ਧਰਮਸ਼ਾਲਾਵਾਂ ਦਾ ਜ਼ਿਕਰ ਵੀ ਕੀਤਾ ਗਿਆ ਹੈ । ਮੈਂ ਅੱਜ ਇਹ ਕਹਿਣਾ ਚਾਹਾਂਗਾ ਕਿ ਅੱਜ ਆਪੋਜ਼ੀਸ਼ਨ ਦੇ ਮੈਂਬਰ ਇਸ ਸਦਨ ਦੇ ਵਿਚ ਹਾਜ਼ਰ ਨਹੀਂ ਹਨ । ਏਥੇ ਬੜੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਕਿ ਇਸ ਸਰਕਾਰ ਨੇ ਕੀ ਕੀਤਾ । ਪਰ ਸਪੀਕਰ ਸਾਹਿਬ, ਅੱਜ ਮੈਂ ਦੱਸਣਾ ਚਾਹਾਂਗਾ ਕਿ ਪੰਜਾਬ ਸਰਕਾਰ ਨੇ ਸਪੈਸ਼ਲੀ ਸ਼ਡਿਊਲਡ ਕਾਸਟਸ ਵਰਗ ਨੂੰ ਮੁੱਖ ਰੱਖਦੇ ਹੋਏ ਪੰਜਾਬ ਵਿਚ ਇਹ ਜਿਹੜੀਆਂ ਧਰਮਸ਼ਾਲਾਵਾਂ ਸਾਰੇ ਪੰਜਾਬ ਦੇ ਵਿਚ ਬਣਵਾਈਆਂ, ਪਿੰਡਾਂ ਦੇ ਵਿਚ ਬਣਵਾਈਆਂ ਅਤੇ ਹੋਰ ਵੀ ਬਣਾਉਣ ਦੀ ਨੀਤੀ ਹੈ, ਇਹ ਵੀ ਇਕ ਬਹੁਤ ਹੀ ਅੱਛਾ ਕਦਮ ਹੈ, ਜਿਸ ਦੇ ਨਾਲ ਸਾਡੇ ਸਮਾਜ ਦੇ ਸਾਰੇ ਪਛੜੇ ਹੋਏ ਵਰਗ ਨੂੰ, ਗਰੀਬਾਂ ਨੂੰ ਇਹ ਇਕ ਅਜਿਹੀ ਜਗ੍ਹਾ ਹੈ ਜਿਥੇ ਕਿ ਉਹ ਆਪਣੇ ਧਾਰਮਿਕ ਫੰਕਸ਼ਨ, ਘਰੇਲੂ ਫੰਕਸ਼ਨ ਜਾਂ ਸਮਾਜਿਕ ਫੰਕਸ਼ਨ ਕਰ ਸਕਦੇ ਹਨ ਪਰ ਮੈਂ ਏਨੀ ਬੇਨਤੀ ਜ਼ਰੂਰ ਕਰਨਾ ਚਾਹਾਂਗਾ ਕਿ ਅਗਰ ਸਰਕਾਰ ਠੀਕ ਸਮਝੇ, ਇਹ ਜੋ ਧਰਮਸ਼ਾਲਾਵਾਂ ਪਿੰਡਾਂ ਜਾਂ ਸ਼ਹਿਰਾਂ ਦੇ ਵਿਚ ਬਣਾਈਆਂ ਜਾ ਰਹੀਆਂ ਹਨ, ਇਸ ਦਾ ਸਾਈਜ਼ ਬਹੁਤ ਛੋਟਾ ਹੈ । ਜੇਕਰ ਸਰਕਾਰ ਸਹਿਮਤ ਹੋਵੇ ਤਾਂ ਇਸਦਾ ਸਾਈਜ਼ ਏਨਾ ਜ਼ਰੂਰ ਹੋ ਜਾਵੇ ਕਿ ਕਮ-ਅਜ਼-ਕਮ 100—150 ਆਦਮੀ ਉਥੇ ਇਕੱਠੇ ਹੋ ਸਕਣ ਅੌਰ ਕੋਈ ਨਾ ਕੋਈ ਫੰਕਸ਼ਨ ਕਰ ਸਕਣ । ਅਦਰਵਾਈਜ਼ ਇਹ ਪੈਸਾ ਖਰਾਬ ਕਰਨ ਵਾਲੀ ਗੱਲ ਹੀ ਹੈ । ਛੋਟੇ ਕਮਰਿਆਂ ਦੇ ਨਾਲ ਕੋਈ ਵੀ ਪਰਪਜ਼ ਸੋਲਵ ਨਹੀਂ ਹੁੰਦਾ ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਮੈਂ ਪੰਜਾਬ ਦੇ ਅੰਦਰ ਸੜਕਾਂ ਦੇ ਬਾਰੇ ਗੱਲ ਕਰਨੀ ਚਾਹਾਂਗਾ ਕਿ ਸਰਕਾਰ ਬਣਨ ਤੋਂ ਪਹਿਲਾਂ, 1992 ਤੋਂ ਪਹਿਲਾਂ 12-14 ਸਾਲ ਸੜਕਾਂ ਦੀ ਦੁਰ-ਦਸ਼ਾ ਸੀ । ਬਹੁਤ ਮਾੜੀ ਹਾਲਤ ਵਿਚ ਸਾਡੀਆਂ ਸੜਕਾਂ ਸਨ ।

Original with;
Punjab Vidhan Sabha
Digitized by;
Punjab Digital Library

ਕੋਈ ਪਾਪੂਲਰ ਸਰਕਾਰ ਨਾ ਹੋਣ ਕਾਰਣ ਕਿਸੇ ਨੇ ਇਸ ਪਾਸੇ ਵੱਲ ਧਿਆਨ ਨਾ ਦਿੱਤਾ । ਸੜਕਾਂ ਟੁੱਟੀਆਂ, ਫੁੱਟੀਆਂ ਸਨ, ਸੜਕਾਂ ਵਿਚ ਟੋਏ ਪਏ ਹੋਏ ਸਨ ਪਰ ਸਾਡੀ ਸਰਕਾਰ ਨੇ 1992 ਤੋਂ ਬਾਅਦ ਆ ਕੇ ਸਾਰੀਆਂ ਸੜਕਾਂ ਨੂੰ ਰਿਪੇਅਰ ਕਰਵਾਇਆ ਅੱਤੇ ਜਿੱਥੇ ਲੋੜ ਸੀ ਉਥੇ ਤੁਰੰਤ ਨਵੀਆਂ ਸੜਕਾਂ ਵੀ ਬਣਵਾਈਆਂ । 1992—95 ਤੱਕ ਸਾਡੀ ਸਰਕਾਰ ਨੇ 3,533 ਕਿਲੋਮੀਟਰ ਲੰਮੀਆਂ ਸੜਕਾਂ ਦੀ ਰਿਪੇਅਰ ਕੀਤੀ ਅੱਤੇ ਨਵੀਆਂ ਸੜਕਾਂ ਉਸਾਰੀਆਂ ਗਈਆਂ । ਇਸ ਕੰਮ ਲਈ 157.87 ਕਰੋੜ ਰੁਪਿਆ ਖਰਚਿਆ ਗਿਆ । ਇਸ ਖਰਚੇ ਦੇ ਨਾਲ ਪੰਜਾਬ ਦੇ ਅੰਦਰ ਜਿਥੇ ਸੜਕਾਂ ਦੀ ਪਹਿਲਾਂ ਬਹੁਤ ਮਾੜੀ ਅਤੇ ਖਸਤਾ ਹਾਲਤ ਸੀ, ਉਥੇ ਕੰਮ-ਅਜ਼-ਕਮ ਰਿਪੇਅਰ ਕਰਨ ਦੇ ਨਾਲ ਉਨ੍ਹਾਂ ਤੇ ਗੱਡੀਆਂ ਚੱਲਣ ਲੱਗ ਪਈਆਂ ਹਨ । ਆਵਾਜਾਈ ਵਿਚ ਸੁਧਾਰ ਹੋਇਆ ਹੈ । ਲੋਕਾਂ ਨੂੰ ਰਾਹਤ ਮਿਲੀ ਹੈ । ਪਰ ਇਸ ਦੇ ਨਾਲ ਹੀ ਸੜਕਾਂ ਹਾਲੇ ਵੀ ਖਰਾਬ ਹਨ, ਜਿਸ ਵਾਸਤੇ ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਸਾਲ 1995-96 ਵਿਚ 7,400 ਕਿਲੋਮੀਟਰ ਸੜਕਾਂ ਦੀ ਮੁਰੰਮਤ ਵਾਸਤੇ 111 ਕਰੋੜ ਰੁਪਏ ਰੱਖੇ ਗਏ ਹਨ । ਇਸ ਨਾਲ ਪੂਰੇ ਪੰਜਾਬ ਅੰਦਰ ਸੜਕਾਂ ਦਾ ਸੁਧਾਰ ਹੋਵੇਗਾ ਅਤੇ ਲੋਕਾਂ ਦੀ ਜਿਹੜੀ ਭਖਦੀ ਮੰਗ ਸੀ ਕਿ ਜਦੋਂ ਪਿੰਡਾਂ ਵਿਚ ਜਾਂਦੇ ਹਾਂ ਤਾਂ ਬੜੀ ਮੁਸ਼ਕਲ ਆਉਂਦੀ ਹੈ, ਉਨ੍ਹਾਂ ਤੋਂ ਲੋਕਾਂ ਨੂੰ ਰਾਹਤ ਮਿਲੇਗੀ । ਇਸ ਦੇ ਵਾਸਤੇ ਮੈਂ ਸਰਕਾਰ ਦੀ ਭਰਪੂਰ ਸ਼ਲਾਘਾ ਕਰਦਾ ਹਾਂ । ਇਹ ਬੜਾ ਅੱਛਾ ਸਟੈਪ ਹੈ ਅਤੇ ਮੈਂ ਆਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਹੋਰ ਵੀ ਅੱਛੇ ਸਟੈਪ ਲਏ ਜਾਣਗੇ । ਜਿਹੜੀਆਂ ਰਿਪੇਅਰ ਕਰਨ ਵਾਲੀਆਂ ਅਤੇ ਨਵੀਆਂ ਸੜਕਾਂ ਬਣਨ ਵਾਲੀਆਂ ਹਨ, ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਤਿਆਰ ਕਰਵਾਇਆ ਜਾਵੇ । ਸਾਲ 1994-95 ਵਿਚ 18.54 ਕਰੋੜ ਰੁਪਏ ਦੇ ਮੁਕਾਬਲੇ 1995-96 ਵਿਚ ਪਿੰਡਾਂ ਦੀਆਂ ਫਿਰਨੀਆਂ ਪੱਕੀਆਂ ਕਰਨ ਵਾਸਤੇ ਸਰਕਾਰ ਨੇ 20 ਕਰੋੜ ਰੁਪਏ ਰੱਖੇ ਹਨ । ਮੈਂ ਕਹਾਂਗਾ ਕਿ ਸਰਕਾਰ ਨੇ ਇਹ ਵੀ ਅੱਛਾ ਸਟੈਪ ਲਿਆ ਹੈ । ਸਾਰੇ ਪੰਜਾਬ ਦੇ ਅੰਦਰ ਉਨਤ ਗਰਾਮ ਸਕੀਮ ਚਲ ਰਹੀ ਹੈ ਅਤੇ ਕਰੋੜਾਂ ਰੁਪਏ ਹਰ ਸਾਲ ਪਿੰਡਾਂ ਵਿਚ ਦਿੱਤੇ ਜਾ ਰਹੇ ਹਨ ।

Mr. Speaker: You have to take about ten minutes more. That is all. You conclude within that time.

ਸਰਦਾਰ ਮਲਕੀਤ ਸਿੰਘ ਬੀਰਮੀ : ਸਪੀਕਰ ਸਾਹਿਬ, ਮੇਰਾ ਟਾਈਮ ਤਾਂ ਬੜਾ ਹੀ ਘਟਾ ਦਿੱਤਾ ਹੈ । ਮੈਨੂੰ 20 ਕੁ ਮਿੰਟ ਤਾਂ ਹੋਰ ਦਿਓ । ਮੈਂ ਜਲਦੀ ਹੀ ਖਤਮ ਕਰਾਂਗਾ ਜੀ ।

ਇਹ 20 ਕਰੋੜ ਰੁਪਿਆ ਜੋ ਫਿਰਨੀਆਂ ਵਾਸਤੇ ਦਿੱਤਾ ਹੈ, ਉਹ ਵੀ ਇਕ ਅੱਛਾ ਸਟੈਪ ਹੈ । ਇਸ ਨਾਲ ਬਹੁਤ ਸਾਰੇ ਪਿੰਡਾਂ ਵਿਚ ਫਿਰਨੀਆਂ ਪੱਕੀਆਂ ਬਣ ਜਾਣਗੀਆਂ । ਫਿਰਨੀਆਂ ਬਣਵਾ ਦੇਣ ਨਾਲ ਲੋਕਾਂ ਨੂੰ ਬਹੁਤ ਰਾਹਤ ਮਿਲੇਗੀ ।

ਹੁਣ ਮੈਂ ਸ਼ਹਿਰਾਂ ਦੀ ਗੱਲ ਕਰਦਾ ਹਾਂ । ਜਲ ਸਪਲਾਈ ਸਕੀਮ, ਸੀਵਰੇਜ ਤੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਲਕੀਤ ਸਿੰਘ ਬੀਰਮੀ]

ਸ਼ਹਿਰਾਂ ਦੀਆਂ ਸੜਕਾਂ ਵਾਸਤੇ ਸਾਲ 1994-95 ਵਿਚ 1,600 ਕਿਲੋਮੀਟਰ ਸੜਕਾਂ ਦੀ 80 ਕਰੋੜ ਰੁਪਏ ਨਾਲ ਕਾਰਪੋਰੇਸ਼ਨਾਂ ਵੱਲੋਂ ਰਿਪੇਅਰ ਕੀਤੀ ਗਈ । ਇਹ ਪੰਜਾਬ ਦੇ ਅੰਦਰ ਸਾਡੀ ਸਰਕਾਰ ਬਣਨ ਤੋਂ ਬਾਅਦ ਪਹਿਲੀ ਵਾਰ ਕਦਮ ਚੁਕਿਆ ਗਿਆ ਹੈ । ਕਾਰਪੋਰੇਸ਼ਨਾਂ ਦਾ ਕੰਮ ਸਹੀ ਤਰੀਕੇ ਨਾਲ ਚਲਾਉਣ ਵਾਸਤੇ ਜਿੰਨੇ ਟੈਕਸ ਵਸੂਲ ਕੀਤੇ ਜਾਂਦੇ ਹਨ, ਉਹ ਦਿੱਤੇ ਜਾਣ, ਚਾਹੇ ਉਹ ਆਪਣੇ ਕੋਈ ਹੋਰ ਸਾਧਨ ਬਣਾਵੇ । ਸ਼ਹਿਰਾਂ ਦੀਆਂ ਸੜਕਾਂ ਉਤੇ ਜਿੰਨਾ ਪੈਸਾ ਲਗ ਰਿਹਾ ਹੈ, ਉਥੇ ਹੋਰ ਪੈਸਾ ਲਗਾਉਣ ਦੀ ਜ਼ਰੂਰਤ ਹੈ । ਸਾਲ 1995-96 ਵਿਚ 2,000 ਕਿਲੋਮੀਟਰ ਸੜਕਾਂ ਦੀ ਰਿਪੇਅਰ ਕਰਨ ਵਾਸਤੇ 80 ਕਰੋੜ ਰੁਪਏ ਰੱਖੇ ਗਏ ਹਨ । ਇਹ ਵੀ ਸਰਕਾਰ ਦਾ ਸ਼ਲਾਘਾਯੋਗ ਕਦਮ ਹੈ । ਜਿਥੇ ਸਰਕਾਰ ਨੇ ਦਿਹਾਤ ਵਿਚ ਤੇਜ਼ੀ ਨਾਲ ਵਿਕਾਸ ਕਰਨ ਵਾਸਤੇ ਪਹਿਲ ਦੇ ਆਧਾਰ ਤੇ ਕੰਮ ਕਰਨੇ ਸ਼ੁਰੂ ਕੀਤੇ ਹੋਏ ਹਨ, ਉਥੇ ਸ਼ਹਿਰਾਂ ਵਿਚ ਵੀ ਸੜਕਾਂ ਰਿਪੇਅਰ ਕਰਕੇ ਵਿਕਾਸ ਕਰੇਗੀ । ਲੇਕਿਨ ਇਕ ਗੱਲ ਮੈਂ ਜ਼ਰੂਰ ਕਹਾਂਗਾ । ਕਿ ਇਥੇ ਮੁੱਖ ਮੰਤਰੀ ਜੀ ਬੈਠੇ ਹਨ, ਸ਼ਹਿਰਾਂ ਦੇ ਅੰਦਰ ਜਿੰਨਾ ਪੈਸਾ ਖਰਚ ਕੀਤਾ ਜਾਂਦਾ ਹੈ, ਚਾਹੇ ਉਹ ਕਿਸੇ ਵੀ ਵਿਕਾਸ ਦੇ ਕੰਮ ਤੇ ਕੀਤਾ ਜਾਂਦਾ ਹੈ, ਜਿਤਨੀ ਦੇਰ ਤੱਕ ਕਾਰਪੋਰੇਸ਼ਨਾਂ ਨੂੰ ਸਖਤੀ ਨਾਲ ਮੇਨਟੇਨੈਂਸ ਕਰਨ ਵਾਸਤੇ ਨਹੀਂ ਕਿਹਾ ਜਾਂਦਾ, ਉਤਨੀ ਦੇਰ ਇਹ ਪੈਸਾ ਖਰਚ ਕਰਨ ਦਾ ਲਾਭ ਨਹੀਂ ਹੋਣਾ । ਜਿਸ ਤਰ੍ਹਾਂ ਲੁਧਿਆਣੇ ਸ਼ਹਿਰ ਨੂੰ ਕਿਹਾ ਜਾਂਦਾ ਹੈ ਕਿ ਮਾਨਚੈਸਟਰ ਬਣਾਵਾਂਗੇ, ਜਿੰਨੇ ਮਰਜ਼ੀ ਪੈਸੇ ਖਰਚ ਕਰ ਲਵੋ । 80 ਕਰੋੜ ਦੀ ਥਾਂ ਤੇ ਭਾਵੇਂ 800 ਕਰੋੜ ਰੁਪਏ ਖਰਚ ਕਰ ਲਵੋ । ਜਿੰਨੀ ਦੇਰ ਤੱਕ ਸਖਤੀ ਨਾਲ ਮੇਨਟੇਨੈਂਸ ਨਹੀਂ ਕਰਵਾਈ ਜਾਂਦੀ, ਸਫਾਈ ਵਗੈਰਾ ਨਹੀਂ ਕਰਵਾਈ ਜਾਂਦੀ, ਉਸ ਖਰਚਣ ਵਾਲੇ ਪੈਸੇ ਦਾ ਪੂਰਾ ਫਾਇਦਾ ਲੋਕਾਂ ਨੂੰ ਨਹੀਂ ਪਹੁੰਚਣਾ । ਇਸ 80 ਕਰੋੜ ਰੁਪਏ ਦੇ ਫੰਡ ਨਾਲ ਸ਼ਹਿਰਾਂ ਦੀ ਹਾਲਤ ਵਿਚ ਸੁਧਾਰ ਹੋਵੇਗਾ ਜੇਕਰ ਅਸੀਂ ਸਫਾਈ ਤੇ ਮੇਨਟੇਨੈਂਸ ਨੂੰ ਕੰਟੀਨਿਊ ਰੱਖੀਏ । ਇਸ ਦੇ ਨਾਲ ਇਕ ਹੋਰ ਗੱਲ ਕਹਿਣਾ ਚਾਹੁੰਦਾ ਹਾਂ ਕਿ ਪੀ.ਡਬਲਯੂ.ਡੀ. ਦੀਆਂ ਸੜਕਾਂ ਜਿਹੜੀਆਂ ਸ਼ਹਿਰੀ ਖੇਤਰ ਵਿਚ ਪੈਂਦੀਆਂ ਹਨ, ਉਹ ਕਾਰਪੋਰੇਸ਼ਨਾਂ ਨੂੰ ਟਰਾਂਸਫਰ ਕਰਕੇ ਬੜਾ ਅੱਛਾ ਸਟੈਪ ਲਿਆ ਹੈ । ਇਸ ਨਾਲ ਇਹ ਜਿਹੜਾ ਪੀ.ਡਬਲਿਊ.ਡੀ. ਤੇ ਕਾਰਪੋਰੇਸ਼ਨ ਇਕ ਦੂਸਰੇ ਤੇ ਅੈਲੀਗੇਸ਼ਨ ਲਗਾਉਂਦੇ ਸਨ ਕਿ ਕਿਹੜੀ ਸੜਕ ਕਿਸ ਦੀ ਹੈ ਅਤੇ ਕਿਹੜੀ ਕਿਸ ਦੀ, ਇਸ ਦਾ ਨਿਰਣਾ ਕਲੀਅਰ ਕੀਤਾ ਗਿਆ ਹੈ ਕਿ ਕਿਹੜੀਆਂ ਸੜਕਾਂ ਪੀ.ਡਬਲਿਊ.ਡੀ. ਨੂੰ ਦਿੱਤੀਆਂ ਜਾਣੀਆਂ ਹਨ ਅਤੇ ਕਿਹੜੀਆਂ ਕਾਰਪੋਰੇਸ਼ਨ ਨੂੰ । ਮੈਂ ਕਹਿੰਦਾ ਹਾਂ ਕਿ ਡਾਕਟਰ ਸਾਹਿਬ, ਇਸ ਫੈਸਲੇ ਨੂੰ ਇਮੀਜੀਏਟਲੀ ਇੰਪਲੀਮੈਂਟ ਕਰਵਾ ਦਿਓ ਇਹ ਨਾ ਹੋਵੇ ਕਿ ਪੀ.ਡਬਲਿਊ.ਡੀ. ਵਾਲੇ ਕਹਿਣ ਕਿ ਅਸੀਂ ਟਰਾਂਸਫਰ ਕਰ ਦਿੱਤੀ ਹੈ ਅੌਰ ਕਾਰਪੋਰੇਸ਼ਨ ਵਾਲੇ ਕਹਿਣ ਕਿ ਅਸੀਂ ਓਵਰ-ਟੇਕ ਨਹੀਂ ਕੀਤੀ । ਇਹ ਸਟੈਪ ਬਹੁਤ ਹੀ ਵਧੀਆ ਹੈ । ਹੁਣ ਕਾਰਪੋਰੇਸ਼ਨ ਆਪਣੀ ਜ਼ਿੰਮੇਵਾਰੀ ਸਮਝ ਕੇ ਕੰਮ ਕਰੇਗੀ । ਇਸੇ ਤਰ੍ਹਾਂ ਨਗਰਾਂ ਵਿਚ 105 ਕਰੋੜ ਦੀ ਲਾਗਤ ਨਾਲ ਪੰਜ ਲੱਖ ਡਬਲਿਊ. ਸੀ. ਕੁਨੈਕਸ਼ਨ ਲਗਾਏ ਜਾਣੇ ਹਨ । ਇਹ ਇੱਕ ਬਹੁਤ ਹੀ ਅੱਛਾ ਸਟੈਪ

Original with;
Punjab Vidhan Sabha
Digitized by;
Panjab Digital Library

ਲਿਆ ਗਿਆ ਹੈ । ਇਸ ਨਾਲ ਸ਼ਹਿਰਾਂ ਵਿਚ ਸਫਾਈ ਵਧੇਗੀ ਅਤੇ ਲੋਕਾਂ ਨੂੰ ਸਹੂਲਤ ਮਿਲੇਗੀ । ਇਸੇ ਤਰੀਕੇ ਨਾਲ ਸਰਕਾਰ ਨੇ ਚਾਰ ਲੱਖ ਕੁਨੈਕਸ਼ਨ ਅਗਲੇ ਦੋ ਸਾਲਾਂ ਵਿਚ ਲਗਾਉਣ ਦਾ ਵਾਇਦਾ ਕੀਤਾ ਹੈ, ਇਹ ਵੀ ਬਹੁਤ ਹੀ ਤਕੜਾ ਸਟੈਪ ਹੈ । ਇਸ ਨਾਲ ਸਾਡੇ ਗਰੀਬ ਵਰਗ ਦੇ ਲੋਕਾਂ ਨੂੰ ਰਾਹਤ ਮਿਲੇਗੀ । ਉਨ੍ਹਾਂ ਨੂੰ ਵੀ ਫੈਸਿਲਟੀ ਮਿਲੇਗੀ ਅਤੇ ਸ਼ਹਿਰਾਂ ਵਿਚੋਂ ਗੰਦ ਦੀ ਸਫਾਈ ਹੋਵੇਗੀ । ਇਸ ਵਾਸਤੇ ਮੈਂ ਸਰਕਾਰ ਦੀ ਸ਼ਲਾਘਾ ਕਰਦਾ ਹਾਂ । ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਇਨਸਟਰਕਸ਼ਨਜ਼ ਦਿਓ ਤਾਂ ਕਿ ਡਿਪਾਰਟਮੈਂਟ ਨੇ ਜਿਹੜਾ ਪੈਸਾ ਲਗਾਉਣਾ ਹੈ, ਉਸ ਦੀ ਸਹੀ ਇੰਪਲੀਮੈਂਟੇਸ਼ਨ ਹੋ ਸਕੇ । ਕਮੇਟੀ ਵੀ ਬਣਵਾ ਦਿਓ ਤਾਂ ਕਿ ਡਿਪਾਰਟਮੈਂਟ ਦੇ ਕੰਮ ਤੇ ਨਿਗਰਾਨੀ ਰੱਖੀ ਜਾ ਸਕੇ । ਡਿਪਾਰਟਮੈਂਟ ਵੱਲੋਂ ਘੱਟੋ-ਘੱਟ ਮਨਥਲੀ ਇਨਸਪੈਕਸ਼ਨ ਜ਼ਰੂਰ ਹੋਣੀ ਚਾਹੀਦੀ ਹੈ । ਇਸ ਦੇ ਨਾਲ ਇਹ ਚੈਕ ਹੋ ਸਕੇਗਾ ਕਿ ਪੈਸੇ ਦੀ ਦੁਰਵਰਤੋਂ ਤਾਂ ਨਹੀਂ ਹੋਈ । ਖੇਤੀਬਾੜੀ ਵਿੱਚ ਪੰਜਾਬ ਸਰਕਾਰ ਨੇ ਕਾਫੀ ਯੋਗਦਾਨ ਪਾਇਆ ਹੈ । ਇਹ ਗੱਲ ਮੈਂ ਕੱਲ੍ਹ ਵੀ ਆਖੀ ਸੀ । ਥੀਨ ਡੈਮ ਦਾ ਪ੍ਰਾਜੈਕਟ ਹੈ, ਜਿਸ ਨੂੰ ਰਣਜੀਤ ਸਾਗਰ ਡੈਮ ਵੀ ਕਹਿੰਦੇ ਹਨ । ਜਦੋਂ ਇਹ ਸ਼ੁਰੂ ਹੋਇਆ ਸੀ 250 ਕਰੋੜ ਲਾਗਤ ਦਾ ਅਨੁਮਾਨ ਸੀ ਪਰ ਅੱਜ ਇਹ ਵੱਧ ਕੇ 2,000 ਕਰੋੜ ਤੱਕ ਪਹੁੰਚ ਗਈ ਹੈ । ਸਾਡੇ ਮੁੱਖ ਮੰਤਰੀ, ਪੰਜਾਬ, ਸਰਦਾਰ ਬੇਅੰਤ ਸਿੰਘ ਜੀ ਨੇ ਬਹੁਤ ਹੀ ਅੱਛਾ ਸਟੈਪ ਚੁੱਕਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਤੇ ਇਸ ਪ੍ਰਾਜੈਕਟ ਨੂੰ ਸ਼ੁਰੂ ਕਰਵਾਉਣਾ ਹੈ । ਇਸ ਨਾਲ ਪੰਜਾਬ ਵਿੱਚ ਖੇਤੀਬਾੜੀ ਵਧੇਗੀ ਅੋਰ ਪੈਦਾਵਾਰ ਵੀ ਵਧੇਗੀ ਕਿਉਂਕਿ ਪਾਵਰ ਜੈਨਰੇਟ ਹੋਵੇਗੀ ਅੋਰ ਕਿਸਾਨਾਂ ਨੂੰ ਮਿਲੇਗੀ ਅਤੇ ਨਾਲ ਹੀ ਪਾਣੀ ਵੀ ਮਿਲੇਗਾ । ਇਸ ਨਾਲ ਉਤਪਾਦਨ ਵਿਚ ਵਾਧਾ ਹੋਵੇਗਾ । ਮੈਂ ਦੱਸਣਾ ਚਾਹੁੰਦਾ ਹਾਂ ਕਿ 1993-94 ਵਿੱਚ 64.95 ਲੱਖ ਟਨ ਕਣਕ ਪੈਦਾ ਹੋਈ ਅਤੇ 1994-95 ਵਿਚ ਵੱਧ ਕੇ 72.85 ਲੱਖ ਮੀਟਰਿਕ ਟਨ ਹੋਈ । ਇਹ ਵੀ ਪੰਜਾਬ ਅੰਦਰ ਇੱਕ ਰਿਕਾਰਡ ਹੈ । ਪੰਜਾਬ ਹਿੰਦੁਸਤਾਨ ਦੇ ਪੂਲ ਵਿੱਚ ਸਾਰਿਆਂ ਸੂਬਿਆਂ ਨਾਲੋਂ ਵੱਧ ਹਿੱਸਾ ਪਾਉਂਦਾ ਹੈ । ਇਸ ਦੇ ਨਾਲ ਹੀ ਸਰਕਾਰ ਨੇ ਕਿਸਾਨਾਂ ਦੀਆਂ ਜਿਨਸਾਂ ਦੇ ਭਾਅ ਵੀ ਵਧਾਏ ਹਨ । ਕਿਸਾਨਾਂ ਨੂੰ ਬਹੁਤ ਰਿਆਇਤਾਂ ਦਿੱਤੀਆਂ ਹਨ, ਜਿਸ ਨਾਲ ਕਿਸਾਨ ਵਰਗ ਬਹੁਤ ਹੀ ਖੁਸ਼ ਹੈ ਪਰ ਕਈ ਵਾਰ ਅਫਸੋਸ ਹੁੰਦਾ ਹੈ ਕਿ ਚੀਪ ਪਾਪੂਲੈਰਟੀ ਲੈਣ ਵਾਸਤੇ ਕੁਝ ਲੋਕ ਜਾਂ ਮੈਂਬਰ ਸਾਹਿਬਾਨ ਇਹ ਕਹਿੰਦੇ ਹਨ ਕਿ ਇਹ ਸਰਕਾਰ ਕਿਸਾਨ ਮਾਰੂ ਹੈ । ਮੈਂ ਕੱਲ੍ਹ ਵੀ ਦੱਸਿਆ ਸੀ ਕਿ ਸਰਕਾਰ ਕਿਸਾਨਾਂ ਖਾਤਰ 133 ਰੁਪਏ ਪਰ ਯੂਨਿਟ ਘਾਟਾ ਪਾ ਰਹੀ ਹੈ, ਜਿਹੜਾ ਸਾਲ ਦਾ 900 ਕਰੋੜ ਰੁਪਿਆ ਬਣਦਾ ਹੈ । ਇਸ ਲਈ ਇਹ ਸਰਕਾਰ ਕਿਸਾਨ ਪੱਖੀ ਹੈ ।

ਸ਼੍ਰੀ ਸਪੀਕਰ : ਤੁਸੀਂ ਜੋ ਕੱਲ੍ਹ ਦੱਸਿਆ ਹੈ, ਉਸ ਨੂੰ ਰਿਪੀਟ ਨਾ ਕਰੋ ।

ਸਰਦਾਰ ਮਲਕੀਤ ਸਿੰਘ ਬੀਰਮੀ : ਸਪੀਕਰ ਸਾਹਿਬ, ਹਿੰਟ ਤਾਂ ਦੇਣਾ ਹੀ ਹੈ । ਪਹਿਲਾਂ ਇਕ ਘੰਟਾ ** ** ਕੀਤਾ ਗਿਆ ਹੈ ।

** Expunged as ordered by the Chair.

Original with;
Punjab Vidhan Sabha
Digitized by;
Panjab Digital Library

Mr. Speaker: These words are expunged. **

What do you mean ?

Sardar Malkiat Singh Birmi: I don't mean anything. We have just wasted one hour because of this 'Khapkhana'. Please allow me. I will wind up quickly. ਰੌਲਾ ਪਿਆ ਹੈ ਤਾਂ ਹਾਊਸ ਦਾ ਹੀ ਟਾਈਮ ਖਰਾਬ ਹੋਇਆ ਹੈ ।

ਪਸ਼ੂ ਪਾਲਣ ਵਾਸਤੇ 1992-95 ਦੌਰਾਨ ਪੰਦਰਾਂ ਨਵੇਂ ਹਸਪਤਾਲ ਅਤੇ 500 ਡਿਸਪੈਂਸਰੀਆਂ ਪਿੰਡਾਂ ਵਿਚ ਕੰਮ ਕਰ ਰਹੀਆਂ ਹਨ । 180 ਪਸ਼ੂ ਡਿਸਪੈਂਸਰੀਆਂ ਅਪਗਰੇਡ ਕੀਤੀਆਂ ਜਾ ਚੁੱਕੀਆਂ ਹਨ, ਜਿਸ ਨਾਲ ਬਹੁਤ ਹੀ ਸੁਧਾਰ ਹੋਇਆ ਹੈ । ਪਹਿਲਾਂ ਪੰਜਾਬ ਅੰਦਰ ਕਈ ਜਗ੍ਹਾ ਤੇ 15-20 ਕਿਲੋਮੀਟਰ ਤੱਕ ਪਸ਼ੂ ਡਿਸਪੈਂਸਰੀਆਂ ਨਹੀਂ ਸਨ ਅਤੇ ਨਾ ਹੀ ਉਥੇ ਕੋਈ ਡਾਕਟਰ ਸੀ । ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਵਧਾਇਆ, ਉਥੇ ਦਵਾਈਆਂ ਮੁਹੱਈਆ ਕੀਤੀਆਂ, ਡਾਕਟਰ ਲਗਾਏ ਅਤੇ ਹੋਰ ਸਹੂਲਤਾਂ ਦਿੱਤੀਆਂ । ਪਹਿਲਾਂ ਜੇ ਪਸ਼ੂ ਬੀਮਾਰ ਹੋ ਜਾਂਦਾ ਸੀ ਤਾਂ 8-10 ਕਿਲੋਮੀਟਰ ਤੱਕ ਪਸ਼ੂ ਨੂੰ ਲਿਜਾਣਾ ਪੈਂਦਾ ਸੀ, ਜਿਹੜਾ ਕਿ ਆਮ ਆਦਮੀ ਦੇ ਵੱਸ ਦੀ ਗੱਲ ਨਹੀਂ ਸੀ । ਕਈ ਪਸ਼ੂ ਨੂੰ ਟਰੈਕਟਰ ਜਾਂ ਟਰੱਕ ਤੇ ਲੱਦ ਕੇ ਲੈ ਜਾਂਦੇ ਸਨ । ਹੁਣ ਪਿੰਡਾਂ ਵਿੱਚ ਪਸ਼ੂ ਡਿਸਪੈਂਸਰੀਆਂ ਬਣੀਆਂ ਹਨ । ਇਸ ਲਈ ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ । ਇਸ ਵਾਸਤੇ 1994-95 ਦੌਰਾਨ 14.28 ਕਰੋੜ ਰੁਪਿਆ ਰੱਖਿਆ ਸੀ ਅਤੇ ਹੁਣ 1995-96 ਵਿੱਚ 18 ਕਰੋੜ ਰੁਪਿਆ ਰਖਿਆ ਗਿਆ ਹੈ । ਇਸੇ ਨਾਲ 1995-96 ਦੇ ਅੰਤ ਤਕ 5 ਨਵੇਂ ਪਸ਼ੂ ਹਸਪਤਾਲ ਤੇ 300 ਨਵੀਆਂ ਵੈਟਰਨਰੀ ਡਿਸਪੈਂਸਰੀਆਂ ਅਤੇ 10 ਨਵੇਂ ਪ੍ਰਾਈਵੇਟ ਕਲੀਨਿਕ ਸਥਾਪਤ ਹੋਣਗੇ । ਇਨ੍ਹਾਂ ਵਾਸਤੇ ਮੈਂ ਸਰਕਾਰ ਦਾ ਬਹੁਤ ਧੰਨਵਾਦੀ ਹਾਂ ਪਰ ਇਸ ਦੇ ਨਾਲ ਹੀ ਮੈਂ ਇਹ ਵੀ ਜ਼ਰੂਰ ਕਹਾਂਗਾ, ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਿੰਨੇ ਸਟੈਪ ਲਏ, ਬਹੁਤ ਅੱਛੇ ਹਨ ਅਤੇ ਲੋਕਾਂ ਦੇ ਹੱਕ ਵਿਚ ਹਨ ਪਰ ਜਿਹੜੀਆਂ ਪਸ਼ੂ ਡਿਸਪੈਂਸਰੀਆਂ ਹਨ, ਉਹ ਇਕੱਲੇ-ਇਕੱਲੇ ਪਿੰਡ ਵਿਚ ਨਹੀਂ ਤਾਂ ਦੋ ਦੋ ਪਿੰਡਾਂ ਵਿਚ ਹੋਣੀਆਂ ਬਹੁਤ ਜ਼ਰੂਰੀ ਹਨ ਤਾਂ ਕਿ ਲੋਕਾਂ ਨੂੰ ਆਪਣੇ ਪਿੰਡਾਂ ਵਿੱਚ ਬੈਠਿਆਂ ਨੂੰ ਹੀ ਦਵਾਈਆਂ ਉਪਲਬਧ ਹੋਣ । ਇਸ ਬਾਰੇ ਮੈਂ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦਾ ਹਾਂ । ਦੋ ਕੁ ਗੱਲਾਂ ਮੱਛੀ ਪਾਲਣ ਬਾਰੇ ਕਰਾਂਗਾ

. . . . . .

ਸ਼੍ਰੀ ਸਪੀਕਰ : ਮੱਛੀ ਨੂੰ ਤੁਸੀਂ ਛੱਡੋ । ਕੋਈ ਲੁਧਿਆਣੇ ਦੀ ਗੱਲ ਕਰੋ । ਲੁਧਿਆਣੇ ਲਈ ਕੁਝ ਮੰਗੋ ।

ਸਰਦਾਰ ਮਲਕੀਤ ਸਿੰਘ ਬੀਰਮੀ : ਕੀ ਇਹ ਕੰਮ ਦੀ ਗੱਲ ਨਹੀਂ, ਜੋ ਸਰਕਾਰ ਦੇ ਰਹੀ ਹੈ ?

ਸ਼੍ਰੀ ਸਪੀਕਰ : ਲੁਧਿਆਣੇ ਦੀ ਗੱਲ ਕਰੋ । ਆਪਣੇ ਹਲਕੇ ਦੀ ਗੱਲ ਕਰੋ ।

ਸਰਦਾਰ ਮਲਕੀਤ ਸਿੰਘ ਬੀਰਮੀ : ਚਲੋ, ਮੈਂ ਇਹ ਛੱਡ ਦਿੰਦਾ ਹਾਂ ਜੀ ।

Original with;
Punjab Vidhan Sabha
Digitized by;
Punjab Digital Library

ਟਰਾਂਸਪੋਰਟ ਦੀ ਪੰਜਾਬ ਦੇ ਅੰਦਰ ਬੜੀ ਭਕੜੀ ਜ਼ਰੂਰਤ ਹੈ, ਇਸ ਵਾਸਤੇ ਮੈਂ ਕਹਾਂਗਾ ਕਿ ਜਿਥੇ 1992 ਤੋਂ 1995 ਤੱਕ 1621 ਰੂਟ ਪਰਮਿਟ ਦਿੱਤੇ ਹਨ, ਇਸ ਨਾਲ ਲੋਕਾਂ ਨੂੰ ਸਹੂਲਤਾਂ ਮਿਲੀਆਂ ਅਤੇ ਬੇਰੁਜ਼ਗਾਰ ਲੋਕਾਂ ਨੂੰ ਰੋਜ਼ਗਾਰ ਮੁਹਈਆ ਹੋਇਆ ਹੈ । ਪਰ ਇਸ ਦੇ ਨਾਲ ਨਾਲ ਅਜੇ ਵੀ ਪੰਜਾਬ ਦੇ ਅੰਦਰ ਟਰਾਂਸਪੋਰਟ ਦੀ ਬਹੁਤ ਵੱਡੀ ਘਾਟ ਹੈ । ਕਈ ਜਗ੍ਹਾਂ ਹਾਂਲੇ ਵੀ ਨਗਰ ਨਿਗਮ ਦੀਆਂ ਲੋਕਲ ਬੱਸਾਂ ਨਹੀਂ ਚਲ ਰਹੀਆਂ ਜਾਂ ਘੱਟ ਹਨ । ਪ੍ਰਾਈਵੇਟ ਬੱਸਾਂ ਵਾਲਿਆਂ ਨੂੰ ਜਿਹੜਾ ਰੂਟ ਕਰਦਾ ਹੈ ਉਹ ਲੈ ਜਾਂਦੇ ਹਨ । ਬਹੁਤ ਸਾਰੇ ਪਿੰਡ ਟਰਾਂਸਪੋਰਟ ਤੋਂ ਅਨਟੱਚ ਹਨ । ਠੀਕ ਹੈ, ਸਰਕਾਰ ਨੇ ਬੜੀਆਂ ਸਹੂਲਤਾਂ ਦਿੱਤੀਆਂ 1994-95 ਵਿੱਚ 11.44 ਕਰੋੜ ਅਤੇ 1995-96 ਵਿੱਚ 13.44 ਕਰੋੜ ਰੁਪਏ । ਪਰ ਲੁਧਿਆਣਾ ਸ਼ਹਿਰ ਦੇ ਅੰਦਰ ਬੱਸ ਅੱਡੇ ਦੀ ਹਾਲਤ ਅਜੇ ਵੀ ਬਹੁਤ ਮਾੜੀ ਹੈ । ਉਥੇ ਡੂੰਘੇ ਟੋਏ ਪਏ ਹੋਏ ਹਨ । ਮੈਂ ਤੁਹਾਡੀ ਜਾਣਕਾਰੀ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਬੱਸ ਅੱਡੇ ਦੀ ਸੜਕ ਬਹੁਤ ਛੋਟੀ ਹੈ, ਉਥੋਂ ਦੀ ਹੀ ਬੱਸਾਂ ਅੰਦਰ ਅਤੇ ਬਾਹਰ ਆਉਂਦੀਆਂ ਜਾਂਦੀਆਂ ਹਨ । ਉਥੇ ਇੰਨਾ ਟਰੈਫਿਕ ਇਕੱਠਾ ਹੋ ਜਾਂਦਾ ਹੈ ਕਿ ਬੜੀ ਮੁਸ਼ਕਿਲ ਆਉਂਦੀ ਹੈ । ਮੈਂ ਬੇਨਤੀ ਕਰਾਂਗਾ ਕਿ ਲੁਧਿਆਣੇ ਦੇ ਬੱਸ ਅੱਡੇ ਨੂੰ ਸ਼ਹਿਰ ਤੋਂ, ਚੁੰਗੀ ਤੋਂ ਘੱਟ ਤੋ ਘੱਟ ਦੋ ਜਾਂ ਪੰਜ ਕਿਲੋਮੀਟਰ ਬਾਹਰ ਹੋਣਾ ਚਾਹੀਦਾ ਹੈ । ਤਾਂ ਜੋ ਜਿਹੜੀ ਹੈਵੀ ਟਰੈਫਿਕ ਹੈ, ਉਹ ਸ਼ਹਿਰ ਦੇ ਅੰਦਰ ਨਾ ਆਵੇ । ਜਿਸ ਤਰ੍ਹਾਂ ਨਾਰਦਰਨ ਅਤੇ ਈਸਟਰਨ ਸੜਕਾਂ ਲੁਧਿਆਣੇ ਵਿਚ ਬਣ ਰਹੀਆਂ ਹਨ, ਅਗਰ ਇਸ ਦਾ ਸਹੀ ਫਾਇਦਾ ਉਠਾਉਣਾ ਹੈ ਤਾਂ ਬੱਸ ਅੱਡਾ ਜ਼ਰੂਰ ਬਾਹਰ ਹੋਣਾ ਚਾਹੀਦਾ ਹੈ ਤਾਂ ਹੀ ਬੱਸਾਂ ਵਗੈਰਾ ਬਾਈਪਾਸ ਤੋਂ ਲੰਘ ਸਕਦੀਆਂ ਹਨ । ਉਸ ਤੋਂ ਬਿਨਾ ਬਾਈ ਪਾਸ ਦਾ ਕੋਈ ਲਾਭ ਨਹੀਂ ਮਿਲਣਾ । ਬੱਸ ਅੱਡਾ ਬਾਹਰ ਹੋਵੇ ਤਾਂ ਕਿ ਸ਼ਹਿਰ ਵਿਚੋਂ ਟਰੈਫਿਕ ਘਟੇ ਅਤੇ ਸ਼ਹਿਰ ਦੇ ਲੋਕਾਂ ਨੂੰ ਕੁਝ ਸਾਹ ਆਵੇ । ਨਵੇਂ ਬੱਸ ਅੱਡੇ ਤਿੰਨ ਤਿਆਰ ਕੀਤੇ ਗਏ ਹਨ । ਦੋ ਨਵੇਂ ਬੱਸ ਅੱਡੇ ਬਣਾਉਣੇ ਹਨ ਪਰ ਇਹ ਨਹੀਂ ਲਿਖਿਆ ਕਿ ਕਿਹੜੇ ਕਿਹੜੇ । ਮੈਂ ਖੁਸ਼ ਹੋਵਾਂਗਾ ਜੇਕਰ ਇਸ ਵਿਚ ਇਕ ਲੁਧਿਆਣੇ ਦਾ ਬੱਸ ਅੱਡਾ ਐਡ ਕੀਤਾ ਜਾਵੇ ।

ਸ਼੍ਰੀ ਸਪੀਕਰ : ਚਲੋ, ਹੁਣ ਬੈਠ ਜਾਉ ।

ਸਰਦਾਰ ਮਲਕੀਤ ਸਿੰਘ ਬੀਰਮੀ : ਦੋ ਮਿੰਟ ਸਪੀਕਰ ਸਾਹਿਬ । ਮੈਂ ਹੁਣੇ ਬੰਦ ਹੀ ਕਹਨ ਵਾਲਾ ਹਾਂ । ਸਿੱਖਿਆ ਵਾਸਤੇ ਬੜੇ ਅੱਛੇ ਕੰਮ ਕੀਤੇ ਹਨ । ਇਸ ਵਾਸਤੇ ਇਕ ਹੋਰ ਚੀਜ਼ ਕਹਿਣਾ ਚਾਹਾਂਗਾ ਕਿ ਜਿਸ ਤਰ੍ਹਾਂ ਸਾਡੀਆਂ ਯੂਨੀਵਰਸਿਟੀਆਂ ਵਿਚ, ਅੰਮ੍ਰਿਤਸਰ ਤੇ ਪਟਿਆਲਾ ਦੇ ਵਿਚ ਰਿਸ਼ੀ ਬਾਲਮੀਕੀ ਦੀ ਯਾਦ ਵਿਚ ਪਟਿਆਲਾ ਵਿਚ ਸੰਤ ਕਬੀਰ, ਭਗਤ ਨਾਮਦੇਵ ਤੇ ਡਾਕਟਰ ਬੀ. ਆਰ. ਅੰਬੇਦਕਰ ਲਈ ਯਾਦਗਾਰ ਚੇਅਰ ਸਥਾਪਤ ਕੀਤੀਆਂ ਗਈਆਂ, ਇਹ ਵੀ ਸਰਕਾਰ ਨੇ ਬਹੁਤ ਅੱਛਾ ਸਟੈਪ ਲਿਆ ਹੈ । ਸਾਡੇ ਵੀਰ ਚਾਹੇ ਮਹਾਤਮਾ ਗਾਂਧੀ ਨੂੰ ਗਾਲਾਂ ਕੱਢਦੇ ਹਨ ਪਰ ਸਾਡੀ ਸਰਕਾਰ ਨੇ ਡਾਕਟਰ ਬੀ. ਆਰ. ਅੰਬੇਦਕਰ ਦਾ ਪੂਰਾ ਇੱਜ਼ਤ ਮਾਨ ਕਰਦਿਆਂ ਹੋਇਆਂ ਇਹ ਚੇਅਰ ਸਥਾਪਤ ਕੀਤੀ ਹੈ ਅਤੇ ਸ਼ਹਿਰਾਂ ਵਿਚ ਵੱਡੇ ਅੰਬੇਦਕਰ ਭਵਨ ਬਣਾਏ ਜਾ ਰਹੇ ਹਨ, ਇਹ ਵੀ ਇੱਕ ਸ਼ਲਾਘਾਯੋਗ ਕੰਮ ਹੈ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਚਲੋ ਬਹੁਤ ਹੋ ਗਿਆ ਹੁਣ । ਤੁਸੀਂ ਬੈਠੋ ।

ਸਰਦਾਰ ਮਲਕੀਤ ਸਿੰਘ ਬੀਰਮੀ : ਆਖਰ ਵਿਚ ਦੋ-ਚਾਰ ਗੱਲਾਂ ਕਹਿਣੀਆਂ ਹਨ, ਬਹੁਤੀਆਂ ਗੱਲਾਂ ਨਹੀਂ ਕਰਦਾ ।

ਸ਼੍ਰੀ ਸਪੀਕਰ : ਪਲੀਜ਼, ਵਾਈਂਡ ਅੱਪ ਕਰੋ ।

ਸਰਦਾਰ ਮਲਕੀਤ ਸਿੰਘ ਬੀਰਮੀ : ਮੈਂ ਸਰਕਾਰ ਦੇ ਬਜਟ ਦੀ ਪ੍ਰੋੜ੍ਹਤਾ ਕਰਦਾ ਹਾਂ । ਕਈ ਸਾਹਮਣੇ ਵਾਲੇ ਵੀਰ ਕਹਿੰਦੇ ਹਨ ਕਿ ਕੰਮ ਨਹੀਂ ਹੋਏ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਤਿੰਨ ਸਾਲਾਂ ਵਿਚ ਮੇਰੇ ਆਪਣੇ ਹਲਕੇ ਦੇ ਅੰਦਰ 17 ਕਰੋੜ ਪਲੱਸ ਰੁਪਿਆ ਲੱਗ ਚੁੱਕਾ ਹੈ, ਇਸ ਤਰ੍ਹਾਂ ਬਹੁਤ ਸੁਧਾਰ ਹੋਇਆ ਹੈ ਪਰ ਇਹ ਵੀ ਕਹਿਣਾ ਚਾਹਾਂਗਾ ਕਿ ਇਹ ਪੰਜਾਬ ਵਿਚ ਸਭ ਤੋਂ ਵੱਡੀ ਵਿਧਾਨ ਸਭਾ ਦੀ ਕਾਂਸਟੀ-ਚਿਉਐਂਸੀ ਹੈ । ਇਸ ਕਰਕੇ ਮੈਂ ਤੁਹਾਡੇ ਜ਼ਰੀਏ ਇਸ ਹਾਊਸ ਦੇ ਵਿਚ ਬੇਨਤੀ ਕਰਨੀ ਚਾਹਾਂਗਾ ਕਿ ਜਿੰਨੀਆਂ ਆਊਟਰ ਕਾਲੋਨੀਆਂ ਹਨ, ਇਸ ਹਲਕੇ ਦੇ ਵਿਚ, ਉਨ੍ਹਾਂ ਲੋਕਾਂ ਦੀ ਸਭ ਤੋਂ ਪਹਿਲੀ ਮੰਗ ਇਹ ਹੈ ਕਿ ਸੀਵਰੇਜ ਦਾ ਪੂਰਾ ਪ੍ਰਬੰਧ ਕੀਤਾ ਜਾਵੇ । ਫਿਰ ਨੰਬਰ ਦੋ, ਪੀਣ ਵਾਲਾ ਪਾਣੀ ਮੁਹੱਈਆ ਕੀਤਾ ਜਾਵੇ । ਤੀਸਰੀ, ਜਿਨ੍ਹਾਂ ਕਲੋਨੀਆਂ ਵਿਚ ਸੜਕਾਂ ਬਿਲਕੁਲ ਬਣੀਆਂ ਨਹੀਂ, ਉਨ੍ਹਾਂ ਨੂੰ ਵੀ ਬਣਾ ਕੇ ਪਿੰਡਾਂ ਦੇ ਬਰਾਬਰ ਕੀਤਾ ਜਾਵੇ । ਇਹ ਤਿੰਨ ਮੰਗਾਂ ਹਨ ਜੋ ਸਾਡੀਆਂ ਪੂਰੀਆਂ ਕੀਤੀਆਂ ਜਾਣ ਅੌਰ ਉਸ ਹਲਕੇ ਵਿਚ 5-7 ਪ੍ਰਾਇਮਰੀ ਸਕੂਲ ਵੀ ਅੱਪਗਰੇਡ ਕਰਨ ਵਾਸਤੇ ਮੈਂ ਬੇਨਤੀ ਕਰਦਾ ਹਾਂ । ਇਤਨਾ ਕਹਿੰਦਾ ਹੋਇਆ, ਸਪੀਕਰ ਸਾਹਿਬ, ਕਿਧਰੇ ਫਿਰ ਤੁਸੀਂ ਮੌਕਾ ਦਿਓਗੇ ਤਾਂ ਬੋਲ ਲਵਾਂਗਾ, ਮੈਂ ਇਸ ਬਜਟ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਖੁਲ੍ਹਾ ਟਾਇਮ ਦਿੱਤਾ ਹੈ ਅਤੇ ਮਾਣ ਬਖਸ਼ਿਆ ਹੈ । ਧੰਨਵਾਦ ਜੈ ਹਿੰਦ ।

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ (ਕਾਦੀਆਂ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ । ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਜਿਥੇ ਪੰਜਾਬ ਵਿਚ ਲਾ ਅਲੈ ਸਨੈਸ ਜੋ ਸੀ, ਉਸ ਨੂੰ ਕੰਟਰੋਲ ਕੀਤਾ ਹੈ, ਉਥੇ ਉਸੇ ਤਰ੍ਹਾਂ ਜੋ ਫਾਈਨਾਂਸ ਦੀ ਪੁਜ਼ੀਸ਼ਨ ਸੀ, ਉਸ ਨੂੰ ਵੀ ਕੰਟਰੋਲ ਕੀਤਾ ਹੈ ਇਸ ਤੋਂ ਪਹਿਲਾਂ ਪੰਜਾਬ ਦੀ ਫਾਈਨਾਂਸ਼ਲ ਹਾਲਤ ਬਹੁਤ ਖਰਾਬ ਸੀ । ਪੰਜਾਬ ਸੈਂਟਰ ਦੇ ਕਰਜ਼ੇ ਥੱਲੇ ਦਬਿਆ ਹੋਇਆ ਸੀ । ਸਰਦਾਰ ਬੇਅੰਤ ਸਿੰਘ ਜੀ ਦੀ ਮਿਹਰਬਾਨੀ ਨਾਲ ਅਤੇ ਉਨ੍ਹਾਂ ਦੀ ਦਰੁਸਤ ਪਾਲਿਸੀ ਨਾਲ ਫਾਈਨਾਂਸ਼ੀਅਲ ਕਰਾਈਸਿਜ਼ ਵਿਚ ਵੀ ਡਿਸਿਪਲਿਨ ਲਿਆਂਦਾ ਗਿਆ ਹੈ ਅੌਰ ਡਿਵੈਲਪਮੈਂਟ ਦੇ ਕੰਮਾਂ ਵਿਚ ਤੇਜ਼ੀ ਲਿਆਂਦੀ ਗਈ ਹੈ । ਉਨ੍ਹਾਂ ਨੇ ਸਭ ਤੋਂ ਪਹਿਲਾਂ ਪੰਜਾਬ ਨੂੰ ਸੈਂਟਰਲ ਲੋਨਜ਼ ਤੋਂ ਛੁਟਕਾਰਾ ਦਿਵਾਉਣ ਲਈ ਅਗੋਂ ਲੋਨ ਲੈਣਾ ਬੰਦ ਕਰਨ ਵਾਸਤੇ ਆਪਣੇ ਖਰਚਿਆਂ ਨੂੰ ਘਟਾਇਆ । ਜਿਹੜੀਆਂ ਸਾਡੀਆਂ ਕਾਰਪੋਰੇਸ਼ਨਾਂ ਹਨ, ਉਨ੍ਹਾਂ ਦੀ ਵਰਕਿੰਗ ਨੂੰ ਠੀਕ ਕਰਕੇ ਪ੍ਰਾਫਿਟ ਵਾਲੇ ਪਾਸੇ ਲਿਆਂਦਾ ਅਤੇ ਕਈ ਨਵੇਂ ਸੋਰਸਿਜ਼ ਪੈਦਾ ਕੀਤੇ । ਸਭ ਤੋਂ ਵੱਡਾ ਹਿੱਸਾ ਸਮਾਲ ਸੇਵਿੰਗਜ਼ ਦਾ ਹੈ, ਜਿਸ ਦਾ 600 ਕਰੋੜ ਰੁਪਿਆ ਹੁਣ ਸਾਡੇ ਬਜਟ ਵਿਚ ਆਉਂਦਾ ਹੈ । ਉਸ ਤੋਂ ਵੱਡਾ ਹਿੱਸਾ ਐਕਸਾਈਜ਼

Original with;
Punjab Vidhan Sabha
Digitized by;
Panjab Digital Library

ਡਿਪਾਰਟਮੈਂਟ ਨੇ ਪਾਇਆ । ਇਸ ਦੇ ਲਈ, ਸਪੀਕਰ ਸਾਹਿਬ, ਮੈਂ ਦੂਲੋ ਸਾਹਿਬ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਦੂਲੋ ਸਾਹਿਬ ਦੀ ਚੰਗੀ ਵਰਕਿੰਗ ਨੇ ਇਸ ਡਿਪਾਰਟਮੈਂਟ ਨੂੰ ਕਿਥੇ ਦਾ ਕਿਥੇ ਪਹੁੰਚਾ ਦਿੱਤਾ ਹੈ । ਜਿਥੇ ਸਾਡੀ ਸਰਕਾਰ ਨੇ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਠੀਕ ਕੀਤੀ, ਉਥੇ ਸਾਰੇ ਸੇਲਜ਼ ਟੈਕਸ ਅੱਤ ਜਿਹੜੇ ਐਕਸਾਈਜ਼ ਟੈਕਸ ਹਨ ਉਨ੍ਹਾਂ ਵਿਚ ਚੰਗੀ ਰਿਕਵਰੀ ਹੋਣੀ ਸ਼ੁਰੂ ਹੋ ਗਈ ਹੈ । ਜੋ ਪੰਜਾਬ ਦਾ ਟਾਰਗੈਟ 15 ਪ੍ਰਤੀਸ਼ਤ ਦਾ ਸੀ ਕਿ 15 ਪ੍ਰਤੀਸ਼ਤ ਰਿਕਵਰੀ ਇਨਕਰੀਜ਼ ਹੋਵੇਗੀ, ਉਹ ਦੂਲੋ ਸਾਹਿਬ ਅਤੇ ਸਰਦਾਰ ਬੇਅੰਤ ਸਿੰਘ ਜੀ ਦੀ ਮਿਹਰਬਾਨੀ ਨਾਲ 25 ਪ੍ਰਤੀਸ਼ਤ ਰਿਕਵਰੀ ਹੋਈ ਹੈ । (ਥੰਪੰਗ) ਇਹ ਇਕ ਬਹੁਤ ਵਧੀਆ ਮਾਰਕੇ ਦਾ ਕੰਮ ਹੋਇਆ ਹੈ ।

ਸ਼੍ਰੀ ਸਪੀਕਰ : ਤੁਸੀਂ 15 ਮਿੰਟ ਲੈ ਲਓ । ਅਗਲੇ ਸਪੀਕਰ ਕਾਮਰੇਡ ਤਰਸੇਮ ਜੋਧਾਂ ਹੋਣਗੇ ।

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ, ਪੰਜਾਬ ਦੇ ਵਿਚ ਇਤਨਾ ਪੈਸਾ ਇਕੱਠਾ ਕੀਤਾ ਗਿਆ ਹੈ ਅੱਤ ਇਸ ਦੇ ਨਾਲ ਡਿਵੈਲਪਮੈਂਟ ਵਾਲੇ ਪਾਸੇ ਧਿਆਨ ਦਿੱਤਾ ਗਿਆ ਹੈ । ਸੱਭ ਤੋਂ ਪਹਿਲਾਂ ਮੈਂ ਐਗਰੀਕਲਚਰ ਵੱਲ ਆਉਂਦਾ ਹਾਂ । ਐਗਰੀਕਲਚਰ ਦੇ ਵਿਚ ਪਿਛਲੇ ਸਾਲ 20 ਕਰੋੜ ਰੁਪਿਆ ਰੱਖਿਆ ਗਿਆ ਸੀ ਅੱਤਕੀਂ 27 ਕਰੋੜ ਰੁਪਿਆ ਰੱਖਿਆ ਗਿਆ ਹੈ । ਪੰਜਾਬ ਸੈਂਟਰ ਦੇ ਕਣਕ ਅਤੇ ਝੋਨੇ ਦੇ ਭੰਡਾਰ ਵਿਚ ਇਕ ਬਹੁਤ ਵੱਡਾ ਹਿੱਸਾ ਪਾਉਂਦਾ ਹੈ ਪਰ ਸੈਂਟਰ ਦਾ ਬੀਹੇਵੀਅਰ ਪੰਜਾਬ ਦੇ ਨਾਲ ਕੋਈ ਬਹੁਤਾ ਚੰਗਾ ਨਹੀਂ ਹੈ । ਪੰਜਾਬ ਵਿਚ ਜਿਤਨਾ ਝੋਨਾ ਪੈਦਾ ਕੀਤਾ ਗਿਆ ਹੈ, ਜਿਸ ਤਰ੍ਹਾਂ ਸਰਦਾਰ ਲਾਲ ਸਿੰਘ ਜੀ ਨੇ ਦੱਸਿਆ ਹੈ ਕਿ ਪਿਛਲੇ 2 ਸਾਲਾਂ ਵਿਚ ਪੰਜਾਬ ਵਿਚ ਝੋਨਾ ਬਹੁਤ ਜ਼ਿਆਦਾ ਹੋਇਆ ਹੈ ਪਰ ਸਾਡੀ ਬਦਕਿਸਮਤੀ ਹੈ ਕਿ ਐਫ. ਸੀ. ਆਈ. ਪੰਜਾਬ ਦੇ ਝੋਨੇ ਨੂੰ ਲੁੱਟ ਰਹੀ ਹੈ । ਪੰਜਾਬ ਦੀ ਸ਼ੈਲਰ ਇੰਡਸਟਰੀ ਫੇਲ੍ਹ ਹੋ ਰਹੀ ਹੈ । ਪੰਜਾਬ ਦੇ ਵਿਚ 2300 ਸ਼ੈਲਰਜ਼ ਹਨ ਅੱਤ ਜਿਨ੍ਹਾਂ ਵਿਚੋਂ ਤਕਰੀਬਨ 1900 ਸ਼ੈਲਰਜ਼ ਬੰਦ ਪਏ ਹਨ । ਐਫ. ਸੀ ਆਈ. ਦੀ ਮਾੜੂ ਨੀਤੀ ਨਾਲ ਸ਼ੈਲਰਾਂ ਦਾ ਬੇੜਾ ਗਰਕ ਹੋ ਗਿਆ ਹੈ । ਪੰਜਾਬ ਵਿਚ ਸਰਦਾਰ ਬੇਅੰਤ ਸਿੰਘ ਜੀ ਸੈਂਟਰ ਤੇ ਇਸ ਗੱਲ ਦਾ ਜੋਰ ਦੇ ਰਹੇ ਹਨ ਕਿ ਇਸ ਪਾਲਿਸੀ ਨੂੰ ਬਦਲੋ । ਪੰਜਾਬ ਵਿਚ ਝੋਨੇ ਦੀ ਬਰੋਕਨ ਪਰਸੈਂਟੇਜ ਕਿੰਨੀ ਹੈ, ਝੋਨੇ ਦੀ ਪਰ ਏਕੜ ਯੀਲਡ ਕਿੰਨੀ ਹੈ, ਇਸ ਦੇ ਲਈ ਇਕ ਕਮੇਟੀ ਬਣਾਈ ਗਈ ਸੀ , ਅੱਤ ਉਸ ਕਮੇਟੀ ਨੇ ਆਪਣੀ ਰਿਪੋਰਟ ਦਿੱਤੀ ਹੈ । ਉਸ ਅਨੁਸਾਰ ਬਰੋਕਨ 35% ਆਉਂਦੀ ਹੈ ਅਤੇ ਝੋਨੇ ਦੀ ਯੀਲਡ ਪਰ ਏਕੜ 64% ਹੈ ਪਰ ਬਦਕਿਸਮਤੀ ਨਾਲ ਉਹ ਜਿਹੜੀ ਰਿਪੋਰਟ ਹੈ, ਉਹ ਲਾਗੂ ਨਹੀਂ ਹੋ ਰਹੀ । ਉਸ ਦੇ ਨਾਲ ਸ਼ੈਲਰਾਂ ਵਾਲੇ ਪਿਛਲੇ 3 ਸਾਲਾਂ ਤੋਂ ਘਾਟਾ ਤੇ ਘਾਟਾ ਖਾ ਰਹੇ ਹਨ । ਕਿਸਾਨਾਂ ਦੀ ਜਿਣਸ ਮੰਡੀਆਂ ਵਿਚ ਰੁਲਦੀ ਹੈ । ਇਸ ਦਫਾ ਪੰਜਾਬ ਸਰਕਾਰ ਨੂੰ ਕੋਈ ਕਰੋੜਾਂ ਰੁਪਏ ਦੀ ਜਿਣਸ ਖਰੀਦਣੀ ਪਈ ਜਿਸ ਵਿਚ ਪਨਸਪ, ਮਾਰਕਫੈਡ ਅਤੇ ਵੇਅਰ ਹਾਊਸਿੰਗ ਵਾਲੇ ਵੀ ਆ ਜਾਂਦੇ ਹਨ ਪਰ ਜਿਹੜੇ ਪੰਜਾਬ ਦੇ

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਚਲੋ ਬਹੁਤ ਹੋ ਗਿਆ ਹੁਣ । ਤੁਸੀਂ ਬੈਠੋ ।

ਸਰਦਾਰ ਮਲਕੀਤ ਸਿੰਘ ਬੀਰਮੀ : ਆਖਰ ਵਿਚ ਦੋ-ਚਾਰ ਗੱਲਾਂ ਕਹਿਣੀਆਂ ਹਨ, ਬਹੁਤੀਆਂ ਗੱਲਾਂ ਨਹੀਂ ਕਰਦਾ ।

ਸ਼੍ਰੀ ਸਪੀਕਰ : ਪਲੀਜ਼, ਵਾਈਂਡ ਅੱਪ ਕਰੋ ।

ਸਰਦਾਰ ਮਲਕੀਤ ਸਿੰਘ ਬੀਰਮੀ : ਮੈਂ ਸਰਕਾਰ ਦੇ ਬਜਟ ਦੀ ਪ੍ਰੋੜਤਾ ਕਰਦਾ ਹਾਂ । ਕਈ ਸਾਹਮਣੇ ਵਾਲੇ ਵੀਰ ਕਹਿੰਦੇ ਹਨ ਕਿ ਕੰਮ ਨਹੀਂ ਹੋਏ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਤਿੰਨ ਸਾਲਾਂ ਵਿਚ ਮੇਰੇ ਆਪਣੇ ਹਲਕੇ ਦੇ ਅੰਦਰ 17 ਕਰੋੜ ਪਲੱਸ ਰੁਪਿਆ ਲੱਗ ਚੁੱਕਾ ਹੈ, ਇਸ ਤਰ੍ਹਾਂ ਬਹੁਤ ਸੁਧਾਰ ਹੋਇਆ ਹੈ ਪਰ ਇਹ ਵੀ ਕਹਿਣਾ ਚਾਹਾਂਗਾ ਕਿ ਇਹ ਪੰਜਾਬ ਵਿਚ ਸਭ ਤੋਂ ਵੱਡੀ ਵਿਧਾਨ ਸਭਾ ਦੀ ਕਾਂਸਟੀ-ਚਿਉਐਂਸੀ ਹੈ । ਇਸ ਕਰਕੇ ਮੈਂ ਤੁਹਾਡੇ ਜ਼ਰੀਏ ਇਸ ਹਾਊਸ ਦੇ ਵਿਚ ਬੇਨਤੀ ਕਰਨੀ ਚਾਹਾਂਗਾ ਕਿ ਜਿੰਨੀਆਂ ਆਊਟਰ ਕਾਲੋਨੀਆਂ ਹਨ, ਇਸ ਹਲਕੇ ਦੇ ਵਿਚ, ਉਨ੍ਹਾਂ ਲੋਕਾਂ ਦੀ ਸਭ ਤੋਂ ਪਹਿਲੀ ਮੰਗ ਇਹ ਹੈ ਕਿ ਸੀਵਰੇਜ ਦਾ ਪੂਰਾ ਪ੍ਰਬੰਧ ਕੀਤਾ ਜਾਵੇ । ਫਿਰ ਨੰਬਰ ਦੋ, ਪੀਣ ਵਾਲਾ ਪਾਣੀ ਮੁਹੱਈਆ ਕੀਤਾ ਜਾਵੇ । ਤੀਸਰੀ, ਜਿਨ੍ਹਾਂ ਕਲੋਨੀਆਂ ਵਿਚ ਸੜਕਾਂ ਬਿਲਕੁਲ ਬਣੀਆਂ ਨਹੀਂ, ਉਨ੍ਹਾਂ ਨੂੰ ਵੀ ਬਣਾ ਕੇ ਪਿੰਡਾਂ ਦੇ ਬਰਾਬਰ ਕੀਤਾ ਜਾਵੇ । ਇਹ ਤਿੰਨ ਮੰਗਾਂ ਹਨ ਜੋ ਸਾਡੀਆਂ ਪੂਰੀਆਂ ਕੀਤੀਆਂ ਜਾਣ ਅੌਰ ਉਸ ਹਲਕੇ ਵਿਚ 5-7 ਪ੍ਰਾਇਮਰੀ ਸਕੂਲ ਵੀ ਅੱਪਗਰੇਡ ਕਰਨ ਵਾਸਤੇ ਮੈਂ ਬੇਨਤੀ ਕਰਦਾ ਹਾਂ । ਇਤਨਾ ਕਹਿੰਦਾ ਹੋਇਆ, ਸਪੀਕਰ ਸਾਹਿਬ, ਕਿਧਰੇ ਫਿਰ ਤੁਸੀਂ ਮੌਕਾ ਦਿਓਗੇ ਤਾਂ ਬੋਲ ਲਵਾਂਗਾ, ਮੈਂ ਇਸ ਬਜਟ ਦੀ ਪ੍ਰੋੜਤਾ ਕਰਦਾ ਹਾਂ ਅਤੇ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਖੁਲ੍ਹਾ ਟਾਇਮ ਦਿੱਤਾ ਹੈ ਅਤੇ ਮਾਣ ਬਖਸ਼ਿਆ ਹੈ । ਧੰਨਵਾਦ ਜੈ ਹਿੰਦ ।

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ (ਕਾਦੀਆਂ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ । ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਜਿਥੇ ਪੰਜਾਬ ਵਿਚ ਲਾ ਅਲੇ ਸਨੈਸ ਜੋ ਸੀ, ਉਸ ਨੂੰ ਕੰਟਰੋਲ ਕੀਤਾ ਹੈ, ਉਥੇ ਉਸੇ ਤਰ੍ਹਾਂ ਜੋ ਫਾਈਨਾਂਸ ਦੀ ਪੁਜ਼ੀਸ਼ਨ ਸੀ, ਉਸ ਨੂੰ ਵੀ ਕੰਟਰੋਲ ਕੀਤਾ ਹੈ ਇਸ ਤੋਂ ਪਹਿਲਾਂ ਪੰਜਾਬ ਦੀ ਫਾਈਨਾਂਸ਼ਲ ਹਾਲਤ ਬਹੁਤ ਖਰਾਬ ਸੀ । ਪੰਜਾਬ ਸੈਂਟਰ ਦੇ ਕਰਜ਼ੇ ਥੱਲੇ ਦਬਿਆ ਹੋਇਆ ਸੀ । ਸਰਦਾਰ ਬੇਅੰਤ ਸਿੰਘ ਜੀ ਦੀ ਮਿਹਰਬਾਨੀ ਨਾਲ ਅਤੇ ਉਨ੍ਹਾਂ ਦੀ ਦਰੁਸਤ ਪਾਲਿਸੀ ਨਾਲ ਫਾਈਨਾਂਸ਼ੀਅਲ ਕਰਾਈਸਿਜ਼ ਵਿਚ ਵੀ ਡਿਸਿਪਲਿਨ ਲਿਆਂਦਾ ਗਿਆ ਹੈ ਅੌਰ ਡਿਵੈਲਪਮੈਂਟ ਦੇ ਕੰਮਾਂ ਵਿਚ ਤੇਜ਼ੀ ਲਿਆਂਦੀ ਗਈ ਹੈ । ਉਨ੍ਹਾਂ ਨੇ ਸਭ ਤੋਂ ਪਹਿਲਾਂ ਪੰਜਾਬ ਨੂੰ ਸੈਂਟਰਲ ਲੋਨਜ਼ ਤੋਂ ਛੁਟਕਾਰਾ ਦਿਵਾਉਣ ਲਈ ਅਗੇ ਲੋਨ ਲੈਣਾ ਬੰਦ ਕਰਨ ਵਾਸਤੇ ਆਪਣੇ ਖਰਚਿਆਂ ਨੂੰ ਘਟਾਇਆ । ਜਿਹੜੀਆਂ ਸਾਡੀਆਂ ਕਾਰਪੋਰੇਸ਼ਨਾਂ ਹਨ, ਉਨ੍ਹਾਂ ਦੀ ਵਰਕਿੰਗ ਨੂੰ ਠੀਕ ਕਰਕੇ ਪ੍ਰਾਫਿਟ ਵਾਲੇ ਪਾਸੇ ਲਿਆਂਦਾ ਅਤੇ ਕਈ ਨਵੇਂ ਸੋਰਸਿਜ਼ ਪੈਦਾ ਕੀਤੇ । ਸਭ ਤੋਂ ਵੱਡਾ ਹਿੱਸਾ ਸਮਾਲ ਸੇਵਿੰਗਜ਼ ਦਾ ਹੈ, ਜਿਸ ਦਾ 600 ਕਰੋੜ ਰੁਪਿਆ ਹੁਣ ਸਾਡੇ ਬਜਟ ਵਿਚ ਆਉਂਦਾ ਹੈ । ਉਸ ਤੋਂ ਵੱਡਾ ਹਿੱਸਾ ਐਕਸਾਈਜ਼

Original with;
Punjab Vidhan Sabha
Digitized by;
Panjab Digital Library

ਜਾਂ ਪ੍ਰਾਈਵੇਟਾਈਜੇਸ਼ਨ ਕਰਨ ਦਾ ਫੈਸਲਾ ਹੈ, ਇਸ ਸਬੰਧ ਵਿਚ ਬੇਨਤੀ ਹੈ ਕਿ ਇਸ ਵਿਚ ਜਲਦੀ ਨਹੀਂ ਕਰਨੀ ਚਾਹੀਦੀ । ਕੁਝ ਸਮਾਂ ਇੰਤਜ਼ਾਰ ਕਰਨਾ ਚਾਹੀਦਾ ਹੈ । ਜੇ ਪ੍ਰਾਈਵੇਟ ਵਾਲੇ ਮੁਨਾਫਾ ਕਮਾ ਸਕਦੇ ਹਨ ਤਾਂ ਸਰਕਾਰੀ ਮਿਲਾਂ ਵੀ ਮੁਨਾਫਾ ਕਮਾ ਸਕਦੀਆਂ ਹਨ । ਇਹ ਜਿਹੜਾ ਪ੍ਰਾਈਵੇਟਾਈਜੇਸ਼ਨ ਵਾਲੇ ਪਾਸੇ ਜਾ ਰਹੇ ਹਾਂ, ਇਸ ਨਾਲ ਜਿਹੜਾ ਸੋਸ਼ਲ ਆਸਪੈਕਟ ਹੈ, ਉਹ ਖਤਮ ਹੋ ਜਾਂਦਾ ਹੈ । ਇਸ ਲਈ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ । ਇਕ ਹੋਰ ਗੱਲ ਮੈਂ ਇਹ ਕਹਿਣੀ ਹੈ ਕਿ ਇਹ ਜਿਹੜੀਆਂ ਬਾਹਰ ਦੀਆਂ ਕੰਪਨੀਆਂ ਇਥੇ ਆ ਰਹੀਆਂ ਹਨ, ਇਹ ਠੀਕ ਹੈ ਪਰ ਇਸ ਨਾਲ ਗਰੀਬ ਹੋਰ ਗਰੀਬ ਹੋ ਰਿਹਾ ਹੈ ਅਤੇ ਅਮੀਰ ਹੋਰ ਅਮੀਰ ਹੋ ਰਿਹਾ ਹੈ । ਇਹ ਠੀਕ ਹੈ ਕਿ ਇੰਡਸਟਰੀਲਾਈਜ਼ੇਸ਼ਨ ਕਰਨੀ ਚਾਹੀਦੀ ਹੈ ਪਰ ਨਾਲ ਦੇ ਨਾਲ ਗਰੀਬਾਂ ਦਾ ਵੀ ਖਿਆਲ ਰਖਣਾ ਚਾਹੀਦਾ ਹੈ, ਕਿਸਾਨ ਦਾ ਖਿਆਲ ਰਖਣਾ ਚਾਹੀਦਾ ਹੈ ਕਿਉਂਕਿ ਜਿਹੜੀ ਇੰਡਸਟਰੀ ਹੈ ਉਹ ਕੰਪਿਊਟ੍ਰਾਈਜ਼ ਹੋ ਰਹੀ ਹੈ । ਇਸ ਨਾਲ ਜਿਹੜੇ ਲੋਕਾਂ ਨੂੰ ਕੰਮ ਮਿਲਣ ਵਾਲਾ ਹੈ, ਉਹ ਘਟਦਾ ਜਾ ਰਿਹਾ ਹੈ । ਇਸ ਲਈ ਛੋਟੇ ਛੋਟੇ ਪ੍ਰਾਜੈਕਟ ਲੱਗਣੇ ਚਾਹੀਦੇ ਹਨ ਤਾਂਕਿ ਜਿਹੜੇ ਸਾਡੇ ਨੌਜਵਾਨ ਪੜ੍ਹੇ ਲਿਖੇ ਵਿਹਲੇ ਫਿਰਦੇ ਹਨ, ਉਨ੍ਹਾਂ ਨੂੰ ਕੰਮ ਮਿਲ ਸਕੇ । ਅਗਰ ਹੋ ਸਕੇ ਤਾਂ ਸੈਲਫ ਸਫੀਸ਼ੈਂਟ ਯੂਨਿਟ ਬਣਾਉਣੇ ਚਾਹੀਦੇ ਹਨ ਤਾਂ ਕਿ ਜਿਹੜੀ ਪੰਜਾਬ ਸਰਕਾਰ ਦੀ ਪਾਲਿਸੀ ਹੈ ਉਸ ਦਾ ਇਨ੍ਹਾਂ ਨੌਜਵਾਨਾਂ ਨੂੰ ਫਾਇਦਾ ਹੋ ਸਕੇ । ਕਿਉਂਕਿ ਅਗਰ ਸਰਕਾਰ ਨੇ ਪ੍ਰਾਈਵੇਟਾਈਜੇਸ਼ਨ ਕਰ ਦਿਤੀ ਤਾਂ ਉਸ ਦੇ ਵਿਚ ਸੋਸ਼ਲ ਸਿਕਿਉਰਟੀ ਖਤਮ ਹੋ ਜਾਵੇਗੀ (ਆਪੋਜ਼ੀਸ਼ਨ ਬੈਂਚਾਂ ਵਲੋਂ ਥੰਪਿੰਗ) ਸਰਕਾਰ ਪੰਜਾਬ ਵਿਚ ਸਰਵ ਪੱਖੀ ਵਿਕਾਸ ਕਰ ਰਹੀ ਹੈ ਅੌਰ ਸਾਰੇ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਪ੍ਰਾਈਵੇਟਾਈਜ਼ੇਸ਼ਨ ਦੇ ਵਿਚ ਅਮੀਰ ਜ਼ਿਆਦਾ ਅਮੀਰ ਹੋ ਜਾਵੇਗਾ ਅਤੇ ਗਰੀਬ ਹੋਰ ਗਰੀਬ ਹੋ ਜਾਵੇਗਾ । ਇਸ ਲਈ ਪੰਜਾਬ ਸਰਕਾਰ ਨੂੰ ਗਰੀਬ ਦੇ ਬਾਰੇ ਸੋਚਣਾ ਚਾਹੀਦਾ ਹੈ । ਇਥੇ ਕਾਫੀ ਰੌਲਾ ਪਾਇਆ ਗਿਆ ਕਿ ਲੁਧਿਆਣਾ ਵਿਚ ਮਹਿੰਗੀ ਪੈਲੀ ਇੰਡਸਟਰੀ ਲਾਉਣ ਵਾਸਤੇ ਲਈ ਜਾ ਰਹੀ ਹੈ । ਇਸ ਸਬੰਧ ਵਿਚ ਮੈਂ ਸਰਦਾਰ ਬੇਅੰਤ ਸਿੰਘ ਹੋਰਾਂ ਨੂੰ ਕਹਿੰਦਾ ਹਾਂ ਕਿ ਉਹ ਲੁਧਿਆਣੇ ਦੀ ਬਜਾਏ ਗੁਰਦਾਸਪੁਰ ਵਿਚ ਇੰਡਸਟਰੀ ਲਗਾਉਣ, ਜਿੰਨੀ ਤੁਹਾਨੂੰ ਹਜ਼ਾਰ ਏਕੜ ਜਾਂ 2 ਹਜ਼ਾਰ ਏਕੜ ਜ਼ਮੀਨ ਚਾਹੀਦੀ ਹੈ, ਉਹ ਅਸੀਂ ਤੁਹਾਨੂੰ ਲੈ ਕੇ ਦਿੰਦੇ ਹਾਂ । ਅੱਤਵਾਦ ਦੇ ਸਮੇਂ ਬਟਾਲਾ ਦੀ ਇੰਡਸਟਰੀ ਉਜੜ ਗਈ ਸੀ, ਉਸ ਨੂੰ ਦੁਬਾਰਾ ਰੀਹੈਬਲੀਟੇਟ ਕਰਨ ਦੀ ਲੋੜ ਹੈ ਅਤੇ ਜਿਹੜਾ ਸਾਡਾ ਜ਼ਿਲ੍ਹਾ ਗੁਰਦਾਸਪੁਰ ਇੰਡਸਟਰੀ ਦੇ ਖੇਤਰ ਵਿਚ ਇਗਨੋਰ ਹੋ ਰਿਹਾ ਹੈ, ਉਥੇ ਇੰਡਸਟਰੀ ਵੀ ਮਿਲ ਜਾਵੇਗੀ ।

ਸਪੀਕਰ ਸਾਹਿਬ, ਪਹਿਲੀ ਪਾਲਿਸੀ ਗੌਰਮਿੰਟ ਆਫ ਇੰਡੀਆ ਦੇ ਮੁਤਾਬਿਕ ਜਿਹੜਾ ਰਾਅਮੈਟਰੀਅਲ ਹੈ ਚਾਹੇ ਉਹ ਬਟਾਲਾ ਵਿਚ ਬਣਦਾ ਸੀ, ਚਾਹੇ ਉਹ ਕਲਕਤਾ ਵਿਚ ਜਾਂ ਬਿਹਾਰ ਵਿਚ ਬਣਦਾ ਸੀ, ਉਸ ਦਾ ਇਕੋ ਹੀ ਰੇਟ ਹੁੰਦਾ ਸੀ । ਪਰ ਹੁਣ ਰੇਟ ਦੇ ਵਿਚ ਕਿਰਾਇਆ ਪਾਇਆ ਜਾਂਦਾ ਹੈ, ਜਿਸ ਦੇ ਨਾਲ ਕਾਰਖਾਨੇਦਾਰਾਂ ਨੂੰ ਨੁਕਸਾਨ ਹੁੰਦਾ ਹੈ ਅਤੇ ਮਹਿੰਗਾ ਮਾਲ ਮਿਲਦਾ ਹੈ । ਇਸ ਲਈ ਸਰਕਾਰ ਨੂੰ ਇਹ ਮਾਮਲਾ ਗੌਰਮਿੰਟ ਆਫ ਇੰਡੀਆ ਦੇ ਨਾਲ ਦੁਬਾਰਾ ਟੇਕ ਅੱਪ ਕਰਨਾ ਚਾਹੀਦਾ ਹੈ ਤਾਂਕਿ ਰੇਟ

Original with;
Punjab Vidhan Sabha
Digitized by;
Panjab Digital Library

[ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ]

ਸ਼ੈਲਰਜ਼ ਹਨ ਉਨ੍ਹਾਂ ਨੇ ਇਹ ਨਹੀਂ ਲਈ । ਇਸ ਲਈ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਸਬੰਧ ਵਿਚ ਜਿਹੜੀ ਇਕ ਕਮੇਟੀ ਸੈਂਟਰ ਸਰਕਾਰ ਨੇ ਬਣਾਈ ਸੀ, ਉਸ ਦੀ ਰਿਕੁਮੈਂਡੇਸ਼ਨਜ਼ ਨੂੰ ਲਾਗੂ ਕਰਨਾ ਚਾਹੀਦਾ ਹੈ ਤਾਂ ਕਿ ਜਿਹੜੀ ਪੰਜਾਬ ਦੀ ਐਗਰੋ ਬੇਸਡ ਇੰਡਸਟਰੀ ਹੈ, ਉਹ ਬਚ ਸਕੇ ਅਤੇ ਅੱਗੇ ਵੱਧ ਸਕੇ । ਮੈਂ ਬੇਨਤੀ ਕਰਾਂਗਾ ਕਿ ਹੋਰ ਸਟੇਟਾਂ ਦੇ ਵਿਚ ਸ਼ੈਲਰਜ਼ ਨੂੰ 20 ਰੁਪਏ ਕੁਇੰਟਲ ਦੇ ਦਿੱਤੇ ਜਾਂਦੇ ਹਨ ਤਾਂ ਫਿਰ ਇਹ ਇਥੇ ਕਿਉਂ ਨਹੀਂ ਦਿੱਤੇ ਜਾਂਦੇ । ਪੰਜਾਬ ਵਿਚੋਂ ਝੋਨਾ ਹੋਰ ਸਟੇਟਾਂ ਨੂੰ ਰਾਜਸਥਾਨ, ਯੂ. ਪੀ., ਮੱਧ ਪ੍ਰਦੇਸ਼ ਆਦਿ ਨੂੰ ਸ਼ੈਲਰਿੰਗ ਲਈ ਜਾਂਦਾ ਹੈ । ਐਫ. ਸੀ. ਆਈ. ਵਾਲੇ ਹੋਰ ਸਟੇਟਸ ਦੇ ਸ਼ੈਲਰਜ਼ ਨੂੰ ਭੇਜਦੇ ਹਨ ਤਾਂ ਫਿਰ ਸਾਡਾ ਝੋਨਾ ਇਥੇ ਦੇ ਸ਼ੈਲਰਾਂ ਨੂੰ ਹੀ ਕਿਉਂ ਨਾ ਦਿੱਤਾ ਜਾਵੇ ਇਹ 20 ਰੁਪਏ ਕੁਇੰਟਲ ਦਾ ਭਾਅ ਉਨ੍ਹਾਂ ਨੂੰ ਵੀ ਦੇ ਦੇਣਾ ਚਾਹੀਦਾ ਹੈ, ਇਸ ਵਿਚ ਸਾਨੂੰ ਗੁਰੇਜ਼ ਨਹੀਂ ਕਰਨਾ ਚਾਹੀਦਾ । ਜੇ ਇਹ ਨਾ ਕੀਤਾ ਗਿਆ ਤਾਂ ਪੰਜਾਬ ਵਿਚ ਕੋਈ 2000 ਦੇ ਕਰੀਬ ਸ਼ੈਲਰਜ਼ , ਬੰਦ ਹੋ ਜਾਣਗੇ ਔਰ ਲੋਕ ਵੀ ਵਿਹਲੇ ਹੋ ਜਾਣਗੇ ਔਰ ਫਿਰ ਅਗਲੇ ਸਾਲ ਵੀ ਝੋਨਾ ਮੰਡੀਆਂ ਵਿਚ ਰੁਲਦਾ ਰਹੇਗਾ । ਆਸੀਂ ਸਰਦਾਰ ਬੇਅੰਤ ਸਿੰਘ ਅਤੇ ਸਰਦਾਰ ਲਾਲ ਸਿੰਘ ਜੀ ਦੇ ਰਿਣੀ ਹਾਂ ਕਿ ਇਨ੍ਹਾਂ ਨੇ ਸੈਂਟਰ ਸਰਕਾਰ ਤੇ ਜ਼ੋਰ ਪਾਇਆ ਹੈ ਔਰ ਜਿਹੜੀ 30 ਸਤੰਬਰ ਤਕ ਪਹਚੇਜ਼ ਕੀਤੀ ਹੈ, ਉਸ ਦੀ ਪਰਸੈਂਟੇਜ ਵਧਾਈ ਹੈ ਪਰ ਮੈਨੂੰ ਦੁਖ ਹੈ ਕਿ ਇਸ ਵਿਚ ਗੁਰਦਾਸਪੁਰ ਜ਼ਿਲ੍ਹਾ ਨਹੀਂ ਲਿਆ ਗਿਆ । ਮੈਂ ਸਮਝਦਾ ਹਾਂ ਕਿ ਇਹ ਇਸ ਜ਼ਿਲ੍ਹੇ ਨਾਲ ਵਿਤਕਰਾ ਹੈ । ਆਈ. ਐਫ. 8 ਦੇ ਬੱਲੇ ਜਿਹੜੀ ਸੁਪਰ ਫਾਈਨ ਕੁਆਲਿਟੀ ਸੀ, ਉਸ ਨੂੰ 380 ਰੁਪਏ ਦਾ ਭਾਅ ਮਿਲਿਆ ਹੈ ਪਰ ਇਸ ਵਿਚ ਵੀ ਗੁਰਦਾਸਪੁਰ ਜ਼ਿਲੇ ਨਾਲ ਵਿਤਕਰਾ ਕੀਤਾ ਗਿਆ ਹੈ । ਗੁਰਦਾਸਪੁਰ ਨੂੰ ਇਹ ਭਾਅ ਨਹੀਂ ਦਿਤਾ ਗਿਆ । ਇਸ ਲਈ ਮੇਰੀ ਪੰਜਾਬ ਸਰਕਾਰ ਨੂੰ ਬੇਨਤੀ ਹੈ ਕਿ ਉਨ੍ਹਾਂ ਨੂੰ ਵੀ ਸੁਪਰ ਫਾਈਨ ਕੁਆਲਿਟੀ ਆਈ. ਐਫ. 8 ਦੇ ਮੁਕਾਬਲੇ ਤੇ ਦੇਣ ਦੀ ਇਜ਼ਾਜ਼ਤ ਦੇ ਦੇਣੀ ਚਾਹੀਦੀ ਹੈ ।

ਬਾਕੀ ਸਰਦਾਰ ਬੇਅੰਤ ਸਿੰਘ ਜੀ ਨੇ ਕਿਸਾਨਾਂ ਦੇ ਭਲੇ ਲਈ ਬਹੁਤ ਕੁਝ ਕੀਤਾ ਹੈ ਉਨ੍ਹਾਂ ਦੇ ਜਿਹੜੇ ਹੋਰ ਮਸਲੇ ਹਨ ਉਹ ਵੀ ਹੱਲ ਕੀਤੇ ਹਨ । ਉਨ੍ਹਾਂ ਨੂੰ ਕਣਕ ਦਾ ਚੰਗਾ ਭਾਅ ਦਿੱਤਾ ਹੈ, ਝੋਨੇ ਦਾ ਚੰਗਾ ਭਾਅ ਦਿੱਤਾ ਹੈ, ਗੰਨੇ ਦਾ ਚੰਗਾ ਭਾਅ ਦਿੱਤਾ ਹੈ । ਇਹ ਪੰਜਾਬ ਸਰਕਾਰ ਦੀ ਦੇਣ ਹੈ ਕਿ ਪਹਿਲੇ ਜਿਹੜੇ ਕਿਸਾਨ ਗੰਨਾ ਸੁਟ ਕੇ ਆਉਂਦੇ ਸਨ ਹੁਣ ਉਹ ਕਿਸਾਨ ਗੰਨਾ ਵੇਚ ਕੇ ਆਉਂਦੇ ਹਨ । ਉਨ੍ਹਾਂ ਨੇ ਆਪਣਾ ਗੰਨਾ ਵੇਚਕੇ ਆਪਣੀਆਂ ਜੇਬਾਂ ਵਿਚ 25-25, 30-30 ਹਜ਼ਾਰ ਰੁਪਿਆ ਪਾਇਆ ਹੈ । ਬਾਕੀ ਜਿਨ੍ਹਾਂ ਨੇ ਮੁਖਾਲਫਤ ਕਰਨੀ ਹੈ, ਉਹ ਤਾਂ ਕਰੀ ਜਾਣੀ ਹੈ । ਮੁਖਾਲਫਤ ਕਰਨੀ ਆਸਾਨ ਹੁੰਦੀ ਹੈ, ਐਪਰੀਸ਼ੀਏਟ ਕਰਨਾ ਮੁਸ਼ਕਲ ਹੁੰਦਾ ਹੈ । ਸਾਡੀ ਸਰਕਾਰ ਨੇ ਕਿਸਾਨਾਂ ਨੂੰ ਡਾਈਵਰਸੀਫਿਕੇਸ਼ਨ ਵਾਲੇ ਪਾਸੇ ਪਾਇਆ ਹੈ ਔਰ ਉਨ੍ਹਾਂ ਨੂੰ ਲਾਭ ਪਹੁੰਚਾਇਆ ਹੈ ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਮੈਂ ਇਕ ਹੋਰ ਗੱਲ ਇਹ ਕਰਨੀ ਹੈ ਕਿ ਜਿਹੜੀਆਂ ਸ਼ੂਗਰ ਮਿਲਾਂ ਹਨ, ਇਹ ਜਿਹੜੀਆਂ ਘਾਟੇ ਵਿਚ ਸਨ, ਉਨ੍ਹਾਂ ਨੂੰ ਵੇਚਣ ਦਾ

Original with;
Punjab Vidhan Sabha
Digitized by;
Punjab Digital Library

ਸ਼੍ਰੀ ਸਪੀਕਰ : ਹੁਣ ਤੁਸੀਂ ਵਾਈਂਡ ਅੱਪ ਕਰੋ । ਕਾਫ਼ੀ ਸਮਾਂ ਹੋ ਚੁੱਕਾ ਹੈ । 12-30 ਵਜੇ ਫਾਈਨੈਂਸ ਮਨਿਸਟਰ ਨੇ ਜਵਾਬ ਦੇਣਾ ਹੈ ।

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ, ਬਸ ਮੈਂ ਕਾਦੀਆਂ ਦੀ ਗੱਲ ਕਰਨੀ ਹੈ । ਕਾਦੀਆਂ ਦੇ ਹਸਪਤਾਲ ਦੀ ਬਿਲਡਿੰਗ ਦੀ ਹਾਲਤ ਬਹੁਤ ਮਾੜੀ ਹੈ । ਇਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਅੰਮ੍ਰਿਤਸਰ ਜਾਂ ਲੁਧਿਆਣਾ ਵਿਚ ਹਸਪਤਾਲ ਕਰੋੜਾਂ ਰੁਪਏ ਨਾਲ ਬਣ ਸਕਦਾ ਹੈ ਪਰ ਮੇਰੇ ਹਲਕੇ ਵਿਚ ਹਸਪਤਾਲ ਬਨਾਉਣ ਲਈ 5 ਏਕੜ ਜ਼ਮੀਨ ਦੀ ਮੰਗ ਕਰਨਾ ਗਲਤ ਹੈ । 5 ਏਕੜ ਜ਼ਮੀਨ ਬਹੁਤ ਹੁੰਦੀ ਹੈ । ਇਹ ਥੋੜ੍ਹੀ ਥਾਂ ਤੇ ਵੀ ਹਸਪਤਾਲ ਬਣ ਸਕਦਾ ਹੈ ਮੇਰੇ ਹਲਕੇ ਵਿਚ ਸਰਕਾਰੀ ਹਸਪਤਾਲ ਬਣਾਇਆ ਜਾਵੇ । ਦੂਸਰਾ ਮੇਰੇ ਹਲਕੇ ਵਿਚ ਸਕੂਲ ਲਈ ਬਿਲਡਿੰਗ ਨਹੀਂ ਹੈ । ਮੇਰੇ ਹਲਕੇ ਵਿਚ ਸਕੂਲ ਦੀ ਬਿਲਡਿੰਗ ਵੀ ਬਣਾਈ ਜਾਵੇ । ਹੁਣ ਇਥੇ, ਸਪੀਕਰ ਸਾਹਿਬ, ਕੁਰੱਪਸ਼ਨ ਦੀ ਗੱਲ ਆਈ ਹੈ ।

ਸ਼੍ਰੀ ਸਪੀਕਰ : ਤੁਸੀਂ ਆਪਣੇ ਹਲਕੇ ਦੀ ਗੱਲ ਕਹਿ ਲਈ ਹੈ । ਹੁਣ ਬੈਠ ਜਾਓ ।

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : ਮੈਂ, ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਜੇਕਰ ਕਿਸੇ ਤੇ ਕੁਰੱਪਸ਼ਨ ਦਾ ਇਲਜ਼ਾਮ ਲਗਾਣਾ ਹੈ ਤਾਂ ਉਸ ਨੂੰ ਆਪ ਪਹਿਲਾਂ ਸੋਚਣਾ ਚਾਹੀਦਾ ਹੈ ਕਿ ਮੈਂ ਤਾਂ ਕੋਈ ਗੁਨਾਹ ਨਹੀਂ ਕਰਦਾ ਜਾਂ ਕੋਈ ਉਸ ਦਾ ਰਿਸ਼ਤੇਦਾਰ ਤਾਂ ਗੁਨਾਹ ਨਹੀਂ ਕਰਦਾ । ਸਾਲਾ, ਜਵਾਈ, ਭਣੋਈਆਂ, ਨੂੰ ਵੇਖੋ ਕਿ ਕੋਈ ਗਲਤ ਕੰਮ ਤਾਂ ਨਹੀਂ ਕਰਦੇ । ਕੀ ਸਾਲਾ ਠੀਕ ਹੈ, ਕੀ ਜਵਾਈ ਠੀਕ ਹੈ, ਕੀ ਭਣੋਈਆ ਠੀਕ ਹੈ ? ਪਹਿਲਾਂ ਇਹ ਚੀਜ਼ ਆਪਣੇ ਆਪ ਤੇ ਲਾਗੂ ਕਰੋ । ਕੋਈ ਨਜਾਇਜ਼ ਕਬਜ਼ੇ ਤਾਂ ਨਹੀਂ ਕਰਕੇ ਬੈਠੇ । ਅੰਤ ਵਿਚ ਮੈਂ ਸਾਲ 1995-96 ਦੇ ਬਜਟ ਦਾ ਸਮਰਥਨ ਕਰਦਾ ਹਾਂ ਕਿ ਇਹ ਪਾਸ ਹੋਣਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਕਾਮਰੇਡ ਤਰਸੇਮ ਜੋਧਾਂ ਜੀ ਤੁਸੀਂ ਬੋਲੋ । ਤੁਹਾਡੀ ਪਾਰਟੀ ਨੂੰ 7 ਮਿੰਟ ਮਿਲਣੇ ਚਾਹੀਦੇ ਹਨ ਪਰ ਮੈਂ ਤੁਹਾਨੂੰ 14 ਮਿੰਟ ਦਿਆਂਗਾ । ਤੁਸੀਂ ਆਪਣੀ ਗੱਲ 14 ਮਿੰਟ ਵਿਚ ਕਹਿ ਲੈਣਾ ਅਤੇ ਬਾਅਦ ਵਿਚ ਹੋਰ ਟਾਇਮ ਨਾ ਮੰਗਣਾ ।

ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਡਾਕਟਰ ਕੇਵਲ ਕ੍ਰਿਸ਼ਨ, ਵਿੱਤ ਮੰਤਰੀ ਜੀ ਨੇ ਜੋ ਸਾਲ 1995-96 ਦਾ ਬਜਟ ਪੇਸ਼ ਕੀਤਾ ਹੈ, ਉਸ ਤੇ ਬੋਲਣ ਦਾ ਸਮਾਂ ਦਿਤਾ ਹੈ । ਇਹ ਬਜਟ ਭੁਲੇਖਾ ਪਾਉਣ ਵਾਲਾ ਅਤੇ ਦਿਸ਼ਾ ਹੀਣ ਹੈ । ਬਜਟ ਵਿਚ ਸਪੀਕਰ ਸਾਹਿਬ, ਅੰਕੜੇ ਦੇ ਕੇ ਪੰਜਾਬ ਦੇ ਲੋਕਾਂ ਨੂੰ ਭੁਲੇਖੇ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ । ਬਜਟ ਵਿਚ ਪੰਜਾਬ ਦੇ ਗਰੀਬ ਲੋਕਾਂ ਨੂੰ ਕੋਈ ਸਹੂਲਤ ਨਹੀਂ ਦਿਤੀ ਗਈ । ਜੋ ਬਜਟ ਵਿਚ ਟੋਟਲ ਅਮਾਊਂਟ ਰੱਖੀ ਗਈ ਹੈ, ਉਸ ਦਾ 1.28% ਹਿੱਸਾ ਨਵੀਆਂ ਸਕੀਮਾਂ ਵਾਸਤੇ ਰਖਿਆ ਗਿਆ ਹੈ । ਜੇਕਰ ਰਾਜੀਵ ਗਾਂਧੀ ਜੀ ਦੇ ਕਹਿਣ ਮੁਤਾਬਿਕ ਉਨ੍ਹਾਂ ਦਾ ਫਾਰਮੂਲਾ ਲਾਗੂ ਕਰੀਏ ਤਾਂ ਉਸ ਮੁਤਾਬਿਕ ਇਸ ਵਿਚੋਂ 15% ਹਿੱਸਾ ਹੀ ਗਰੀਬਾਂ ਤੱਕ

Original with;
Punjab Vidhan Sabha
Digitized by;
Panjab Digital Library

[ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ]

ਪਹਿਲੀ ਪਾਲਿਸੀ ਦੇ ਮੁਤਾਬਿਕ ਹੀ ਫਿਕਸ ਕੀਤੇ ਜਾਣ । ਪੰਜਾਬ ਵਿਚ ਰਾਅਮੈਟੀਰੀਅਲ ਦੇ ਲਈ ਯੂਨਿਟ ਸਥਾਪਿਤ ਕੀਤੇ ਜਾਣ ਤਾਂ ਕਿ ਸਾਨੂੰ ਰਾਅਮੈਟੀਰੀਅਲ ਇਥੇ ਹੀ ਮਿਲ ਜਾਵੇ ਸਾਨੂੰ ਇਸ ਦੇ ਲਈ ਬੰਗਾਲ ਬਿਹਾਰ ਨਾ ਜਾਣਾ ਪਵੇ । ਬਟਾਲਾ ਅਤੇ ਗੋਇੰਦਵਾਲ ਸਾਹਿਬ ਵਿਖੇ ਹੀ ਰਾਅਮੈਟੀਰੀਅਲ ਦੇ ਯੂਨਿਟ ਸਥਾਪਿਤ ਕੀਤੇ ਜਾਣੇ ਚਾਹੀਦੇ ਹਨ । ਸੈਂਟਰਲ ਗੌਰਮਿੰਟ ਵਲੋਂ ਰਾਅਮੈਟੀਰੀਅਲ ਉਤੇ ਜਿਹੜਾ ਹੁਣ ਕਿਰਾਇਆ ਚਾਰਜ ਕੀਤਾ ਜਾਂਦਾ ਹੈ, ਉਹ ਪਹਿਲੀ ਪਾਲਿਸੀ ਮੁਤਾਬਿਕ ਬੰਦ ਹੋਣਾ ਚਾਹੀਦਾ ਹੈ । ਇੰਡਸਟਰੀ ਦੇ ਖੇਤਰ ਵਿਚ ਗੁਰਦਾਸਪੁਰ ਅਤੇ ਅੰਮ੍ਰਿਤਸਰ ਜ਼ਿਲੇ ਦੇ ਨਾਲ ਧੱਕਾ ਹੋ ਰਿਹਾ ਹੈ । ਸੈਂਟਰਲ ਗੌਰਮਿੰਟ ਸਾਡੇ ਨਾਲ ਵਿਤਕਰਾ ਕਰ ਰਹੀ ਹੈ । ਬਟਾਲਾ ਇੰਡਸਟਰੀ ਜਿਹੜੀ ਅੱਤਵਾਦ ਕਰਕੇ ਉਜੜ ਗਈ ਹੈ, ਉਸ ਨੂੰ ਦੁਬਾਰਾ ਵਸਾਇਆ ਜਾਵੇ ਅਤੇ ਵੱਧ ਤੋਂ ਵੱਧ ਇਨ੍ਹਾਂ ਲੋਕਾਂ ਨੂੰ ਇੰਡਸਟਰੀ ਦੇ ਖੇਤਰ ਵਿਚ ਸਬਸਿਡੀ ਦੇ ਕੇ ਖੜਾ ਕਰਨਾ ਚਾਹੀਦਾ ਹੈ । ਗੁਰਦਾਸਪੁਰ ਇਕ ਬਾਰਡਰ ਦਾ ਇਲਾਕਾ ਹੈ ।

Mr. Speaker: Wind up please.

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ, ਮੈਂ 2-3 ਮਿੰਟ ਹੋਰ ਲਵਾਂਗਾ । ਹੈਲਥ ਦੇ ਲਈ ਇਸ ਸਾਲ 8 ਕਰੋੜ ਰੁਪਿਆ ਵੱਧ ਦਿਤਾ ਗਿਆ ਹੈ । ਇਹ ਬੜੀ ਚੰਗੀ ਗੱਲ ਕੀਤੀ ਗਈ ਹੈ । ਅਮੀਰ ਆਦਮੀ ਆਪਣਾ ਇਲਾਜ ਪ੍ਰਾਈਵੇਟ ਹਸਪਤਾਲਾਂ ਦੇ ਵਿਚ ਕਰਵਾ ਸਕਦਾ ਹੈ ਪਰ ਜਿਹੜਾ ਗਰੀਬ ਆਦਮੀ ਹੈ, ਉਸ ਨੂੰ ਆਪਣਾ ਇਲਾਜ ਕਰਵਾਉਣ ਲਈ ਸਰਕਾਰੀ ਹਸਪਤਾਲਾਂ ਦੇ ਵਿਚ ਜਾਣਾ ਪੈਂਦਾ ਹੈ । ਪਿਛਲੇ ਮਹੀਨੇ ਮੈਨੂੰ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿਚ ਜਾਣ ਦਾ ਮੌਕਾ ਮਿਲਿਆ । ਮੇਰੇ ਬਜ਼ੁਰਗ ਬਿਮਾਰ ਹੋ ਗਏ ਸਨ ਅਤੇ ਉਨ੍ਹਾਂ ਨੂੰ ਉਥੇ ਦਾਖਲ ਕਰਵਾਇਆ ਗਿਆ ਸੀ । ਉਸ ਹਸਪਤਾਲ ਦੀ ਵਰਕਿੰਗ ਬਾਰੇ ਮੈਂ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਪਤਾ ਲਗਿਆ ਕਿ ਉਥੇ ਬਿਲਕੁਲ ਕੋਈ ਪ੍ਰਬੰਧ ਨਹੀਂ ਹੈ । ਸਫਾਈ ਦੀ ਹਾਲਤ ਖਸਤਾ ਸੀ । ਇਥੇ ਮਨਿਸਟਰ ਹੈਲਥ, ਸਰਦਾਰ ਸਰਦੂਲ ਸਿੰਘ ਬੈਠੇ ਹਨ । ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਹਸਪਤਾਲ ਦੇ ਵਿਚ ਬਹੁਤ ਹੀ ਮਾੜਾ ਹਾਲ ਸੀ । ਮੈਨੂੰ ਦੱਸਿਆ ਗਿਆ ਕਿ ਉਨ੍ਹਾਂ ਨੂੰ 7.5 ਕਰੋੜ ਰੁਪਿਆ ਹਸਪਤਾਲ ਦੇ ਲਈ ਮਿਲਿਆ ਸੀ, ਜਿਸ ਵਿਚੋਂ 5.5 ਕਰੋੜ ਰੁਪਿਆ ਤਨਖਾਹਾਂ ਦੇ ਵਿਚ ਚਲਾ ਗਿਆ ਅਤੇ 1.78 ਕਰੋੜ ਰੁਪਿਆ ਮਰੀਜ਼ਾਂ ਦੀ ਭਲਾਈ ਲਈ ਖਰਚ ਕੀਤਾ ਗਿਆ ਹੈ, ਜਿਹੜਾ ਬਹੁਤ ਹੀ ਥੋੜ੍ਹਾ ਹੈ । ਉਨ੍ਹਾਂ ਨੇ ਦਸਿਆ ਕਿ ਜਿਹੜਾ ਪਬਲਿਕ ਹੈਲਥ ਦਾ ਡਿਪਾਰਟਮੈਂਟ ਹੈ . . . ।

Mr. Speaker: Wind up please.

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਹਸਪਤਾਲ ਵਾਲਿਆਂ ਨੇ ਦਸਿਆ ਕਿ ਜਿਹੜਾ ਪਬਲਿਕ ਹੈਲਥ ਡਿਪਾਰਟਮੈਂਟ ਦਾ ਐਕਸੀਅਨ ਜਾਂ ਐਸ.ਡੀ.ਓ. ਹੈ, ਉਹ ਸਾਡੇ ਕਹਿਣ ਦੇ ਮੁਤਾਬਿਕ ਕੰਮ ਨਹੀਂ ਕਰਦੇ, ਜਿਸ ਕਰਕੇ ਸਫਾਈ ਪੂਰੀ ਤਰ੍ਹਾਂ ਨਹੀਂ ਹੁੰਦੀ । ਇਹ ਸਟਾਫ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਦੇ ਥੱਲੇ ਹੋਣਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

ਮੋਲਿਆਂ ਤੇ ਲੱਖਾਂ ਕਰੋੜਾਂ ਰੁਪਿਆ ਪਾਣੀ ਦੀ ਤਰ੍ਹਾਂ ਵਹਾਇਆ ਜਾ ਰਿਹਾ ਹੈ। ਇਹ ਬੜੀ ਸ਼ਰਮਨਾਕ ਗੱਲ ਹੈ। ਫਿਰ ਇਨ੍ਹਾਂ ਵਲੋਂ ਮਹਾਤਮਾ ਗਾਂਧੀ ਦਾ ਜ਼ਿਕਰ ਕੀਤਾ ਜਾਂਦਾ ਹੈ ਇਹ ਮਹਾਤਮਾ ਗਾਂਧੀ ਦੇ ਵਿਚਾਰਾਂ ਦੇ ਉਲਟ ਗੱਲ ਹੈ ਕਿ ਬਾਹਰਲੀਆਂ ਕੰਪਨੀਆਂ ਨੂੰ ਏਥੇ ਸੱਦਿਆ ਜਾ ਰਿਹਾ ਹੈ, ਪ੍ਰਾਈਵੇਟਾਈਜ਼ੇਸ਼ਨ ਕੀਤੀ ਜਾ ਰਹੀ ਹੈ ਅਤੇ ਪੈਸਾ ਲੈਵਿਸ਼ਲੀ ਰੋੜ੍ਹਿਆ ਜਾ ਰਿਹਾ ਹੈ। ਪੰਜਾਬ ਦੇ ਲੋਕ ਇਸ ਵੇਲੇ ਬਹੁਤ ਚਿੰਤਿਤ ਹਨ।

ਅੱਗੇ ਜ਼ਿਕਰ ਹੈ ਕਿ ਪੰਜਾਬ ਰਾਜ ਨਵੀਨੀਕਰਣ ਫੰਡ ਰਖਿਆ ਗਿਆ ਹੈ, ਜਿਸਦੇ ਤਹਿਤ 50 ਕਰੋੜ ਰੁਪਏ ਐਲੋਕੇਟ ਕੀਤੇ ਗਏ ਹਨ। ਇਹ ਕਹਿੰਦੇ ਹਨ ਕਿ ਪਬਲਿਕ ਸੈਕਟਰ ਦੇ ਸਾਬਕਾ ਮੁਲਾਜ਼ਮਾਂ ਅਤੇ ਕਾਮਿਆਂ ਨੂੰ ਖੁਦ ਉੱਦਮੀ ਬਣਨ ਜਾਂ ਆਪਣਾ ਕਾਰੋਬਾਰ ਸ਼ੁਰੂ ਕਰਨ ਵਿਚ ਸਹੂਲਤਾਂ ਦੇਵਾਂਗੇ। ਪਰ ਸਾਨੂੰ ਇਸ ਤੋਂ ਸ਼ੰਕਾ ਪੈਦਾ ਹੁੰਦੀ ਹੈ ਕਿ ਇਸਦੀ ਆੜ ਵਿਚ ਪਬਲਿਕ ਸੈਕਟਰ ਦੇ ਹੋਰ ਅਦਾਰੇ ਬੰਦ ਕੀਤੇ ਜਾਣਗੇ। ਸਾਨੂੰ ਸ਼ੱਕ ਹੈ ਕਿ ਮੁਲਾਜ਼ਮਾਂ ਦੀ ਛਾਂਟੀ ਕੀਤੀ ਜਾਵੇਗੀ। ਇਹ ਪੈਸੇ ਮੁਲਾਜ਼ਮਾਂ ਨੂੰ ਦੇਣ ਲਈ ਰਖੇ ਹਨ। ਇਹ ਵੀ ਬੜੀ ਸ਼ਰਮਨਾਕ ਗੱਲ ਹੈ। ਤਾਪ ਬਿਜਲੀ ਦੇ ਅੱਗੇ 2-2 ਯੂਨਿਟ ਲਗੇ ਰਹੇ ਹਨ। ਏਥੇ ਮੇਰੇ ਸਾਥੀ ਬਾਜਵਾ ਜੀ ਨੇ ਪ੍ਰਾਈਵੇਟਾਈਜੇਸ਼ਨ ਦੇ ਖਿਲਾਫ ਚੰਗੀ ਗੱਲ ਕੀਤੀ ਹੈ। ਉਸਦੀ ਵੀ ਕੋਈ ਸੋਸਲ ਸਿਕਿਉਰਟੀ ਹੋਣੀ ਚਾਹੀਦੀ ਹੈ। ਕਹਿੰਦੇ ਹਨ ਕਿ ਸਰਕਾਰ ਰਾਜ ਵਿਚ ਬਿਜਲੀ ਪ੍ਰਾਜੈਕਟ ਲਗਾਉਣ ਲਈ ਪ੍ਰਾਈਵੇਟ ਪਾਰਟੀਆਂ ਨੂੰ ਪ੍ਰੇਰਿਤ ਕਰਨ ਦੇ ਯਤਨ ਕਰ ਰਹੀ ਹੈ। ਨੰਗਲ ਵਿਚ ਕਰੋੜਾਂ ਰੁਪਏ ਦੀ ਮਸ਼ੀਨਰੀ ਲਾਈ ਜਾ ਰਹੀ ਹੈ। ਅਗਰ ਪਬਲਿਕ ਸੈਕਟਰ ਵਿਚ ਹੀ ਸਾਰਾ ਕੰਮ ਠੀਕ ਕੀਤਾ ਜਾਵੇ ਤਾਂ ਪ੍ਰਾਈਵੇਟ ਦੀ ਜ਼ਰੂਰਤ ਹੀ ਨਹੀਂ ਰਹਿੰਦੀ। ਪਬਲਿਕ ਸੈਕਟਰ ਨੂੰ ਵੀ ਵਧੀਆ ਢੰਗ ਨਾਲ ਚਲਾਇਆ ਜਾ ਸਕਦਾ ਹੈ।

11.32 A.M. (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਅੱਗੇ ਸਿੰਜਾਈ ਦੀ ਗੱਲ ਕੀਤੀ ਹੈ। 120 ਟਿਊਬਵੈਲ ਲਾਉਣੇ ਸੀ ਕੰਡੀ ਏਰੀਆ ਵਿਚ ਪਰ ਉਹ ਰਾਜਪੁਰੇ ਵੱਲ ਲਗ ਗਏ। ਇਕ ਬੰਦੇ ਨੇ ਜਿਸਨੇ ਟੈਂਡਰ ਦਿੱਤਾ ਸੀ, ਇਕ ਟਿਊਬਵੈਲ ਆਪਣੇ ਖੇਤ ਵਿਚ ਲਾ ਲਿਆ। ਇਸ ਤਰ੍ਹਾਂ ਲੱਖਾਂ ਰੁਪਏ ਦੀ ਘਪਲੇਬਾਜ਼ੀ ਹੋ ਰਹੀ ਹੈ। ਟਿਊਬਵੈਲ ਕੰਡੀ ਏਰੀਆ ਵਿਚ ਨਹੀਂ ਲਗ ਰਹੇ। ਇਸ ਤਰ੍ਹਾਂ ਪੰਜਾਬ ਦੇ ਲੋਕਾਂ ਨਾਲ ਬੜੀ ਬੇਇਨਸਾਫੀ ਹੋ ਰਹੀ ਹੈ।

ਅੱਗੇ, ਡਿਪਟੀ ਸਪੀਕਰ ਸਾਹਿਬ, ਮੈਂ ਮੰਗ ਕਰਦਾ ਹਾਂ ਕਿ ਲਾਟਰੀਆਂ ਬਾਰੇ ਹਾਊਸ ਵਿਚ ਇਕ ਮਤਾ ਪਾਸ ਕਰਕੇ ਬੰਦ ਕੀਤੀਆਂ ਜਾਣ ਤਾਂਕਿ ਲੋਕਾਂ ਨੂੰ ਬਚਾਇਆ ਜਾ ਸਕੇ। ਲੋਕ ਉਜੜ ਰਹੇ ਹਨ। ਕਈ ਲਾਟਰੀਆਂ ਬਾਰੇ ਇਹ ਕਹਿ ਦੇਂਦੇ ਹਨ ਕਿ ਸੈਂਟਰ ਦੀਆਂ ਹਨ। ਸਾਨੂੰ ਮਤਾ ਪਾਸ ਕਰਕੇ ਉਨ੍ਹਾਂ ਨੂੰ ਭੇਜ ਦੇਣਾ ਚਾਹੀਦਾ ਹੈ

ਘਟੋ-ਘਟ ਉਜਰਤਾਂ 1350 ਰੁਪਏ ਤੱਕ ਕਰ ਦਿੱਤੀਆਂ ਹਨ। ਇਹ 6 ਸਾਲ ਹੋ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਤਰਸੇਮ ਜੋਧਾਂ]

ਫਾਇਦਾ ਪਹੁੰਚਣਾ ਹੈ । (ਵਿਘਨ) .ਇਥੇ ਕਿਹਾ ਗਿਆ ਹੈ ਕਿ 350 ਕਰੋੜ ਰੁਪਇਆ ਖਰਚ ਕੇ 65 ਲੱਖ ਲੋਕਾਂ ਨੂੰ ਰੋਜ਼ਗਾਰ ਮਿਲੇਗਾ । ਇਹ ਸਾਰੀ ਗਲਤ ਫਿਗਰ ਹੈ । ਪੰਜਾਬ ਵਿਚ ਜਿਤਨੇ ਰੋਜ਼ਗਾਰ ਲੈਣ ਵਾਲੇ ਨੌਜਵਾਨ ਹਨ, ਉਨ੍ਹਾਂ ਨੂੰ ਫੀ-ਨੌਜਵਾਨ ਇਸ ਦਾ ਤਿੰਨ ਜਾਂ ਸਾਢੇ ਤਿੰਨ ਰੁਪਏ ਹੀ ਹਿਸੇ ਆਉਂਦਾ ਹੈ । ਇਥੇ ਹਾਊਸ ਵਿਚ ਟਰੈਜ਼ਰੀ ਬੈਂਚਿਜ਼ ਵਾਲੇ ਮੇਜ਼ ਥਪ ਥਪਾ ਕੇ ਕਹਿੰਦੇ ਹਨ ਕਿ ਬੇਰੁਜ਼ਗਾਰੀ ਹੱਲ ਹੋ ਗਈ ਹੈ ਬਲਕਿ ਮੈਂ ਕਹਿੰਦਾ ਹਾਂ ਕਿ ਬੇਰੁਜ਼ਗਾਰੀ ਤਾਂ ਵੱਧ ਰਹੀ ਹੈ । ਮਲਟੀਨੈਸ਼ਨਲ ਕੰਪਨੀਆਂ ਨੂੰ ਇੰਡਸਟਰੀ ਦਿੱਤੀ ਜਾ ਰਹੀ ਹੈ । ਵੱਡੀਆਂ ਵੱਡੀਆਂ ਇੰਡਸਟਰੀਜ਼ ਲਗਾ ਕੇ ਪੰਜਾਬ ਦੀ ਜ਼ਮੀਨ ਬਹੁਤ ਜ਼ਿਆਦਾ ਐਕੁਆਇਰ ਕੀਤੀ ਜਾ ਰਹੀ ਹੈ । ਇਸ ਨਾਲ ਅਨਇੰਮਲਾਇਮੈਂਟ ਘਟਣ ਦੀ ਥਾਂ ਵਧੇਗੀ । ਫਿਰ ਇਥੇ ਡਿਵੈਲਪਮੈਂਟ ਅਤੇ ਹੋਰ ਸੁਧਾਰਾਂ ਬਾਰੇ ਵੀ ਗੱਲ ਕੀਤੀ ਗਈ ਹੈ । ਸਪੀਕਰ ਸਾਹਿਬ, ਪੰਜਾਬ ਰੋਡਵੇਜ਼ ਅਤੇ ਪ੍ਰਾਈਵੇਟ ਬੱਸਾਂ ਵਾਲਿਆਂ ਦੀ ਪਹਿਲਾਂ 60:40 ਦੀ ਰੇਸ਼ੋ ਹੁੰਦੀ ਸੀ । ਹੁਣ ਇਹ ਵਧਕੇ ਰੇਸ਼ੋ 80:20 ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਪੀ. ਆਰ. ਟੀ. ਸੀ. ਨੂੰ ਖਤਮ ਕਰਨ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ । (ਵਿਘਨ)

ਸਪੀਕਰ ਸਾਹਿਬ, ਹੁਣ ਮੈਂ ਪੁਲਿਸ ਦੀ ਗੱਲ ਕਰਨ ਜਾ ਰਿਹਾ ਹਾਂ । ਪੁਲਿਸ ਬਾਰੇ ਸਾਰੇ ਜਾਣਦੇ ਹੀ ਹੋ ਕਿ ਕੀ ਕੰਮ ਹੈ । ਜੋ ਸਰਕਾਰੀ ਕਾਰਗੁਜ਼ਾਰੀ ਵਿਚ ਸੁਧਾਰ ਦੀ ਗੱਲ ਹੈ, ਉਹ ਸਿਰੇ ਨਹੀਂ ਲਗਣੀ ।

ਇਸ ਵਿਚ ਕਿਹਾ ਹੈ ਕਿ ਰਾਸ਼ਟਰੀ ਆਰਥਿਕ ਵਾਤਾਵਰਣ ਵਿਚ ਬੜਾ ਸੁਧਾਰ ਹੋਇਆ ਹੈ । ਵਿਦੇਸ਼ੀ ਕਰਜ਼ਾ 35% ਘੱਟ ਗਿਆ ਹੈ । 46% ਰਿਣ ਅਦਾ ਕਰਨਾ ਪੈਂਦਾ ਹੈ ਅੱਗੇ ਪੰਜਾਬ ਦੇ ਅਰਥਚਾਰੇ ਬਾਰੇ ਗੱਲ ਕੀਤੀ ਹੈ । ਕਰਜ਼ਾ ਬੜੀ ਦੇਰ ਤੋਂ ਲਟਕਦਾ ਆ ਰਿਹਾ ਹੈ । ਸਾਡੀ ਸਰਕਾਰ ਦੀ ਹਿੰਮਤ ਨਹੀਂ ਕਿ ਲੋਕਾਂ ਨੇ ਜਿਨ੍ਹਾਂ ਦੇ ਹੱਥਾਂ ਵਿਚ ਰਾਜ ਦੀ ਵਾਗਡੋਰ ਸੰਭਾਲੀ ਹੈ, ਉਹ ਸੈਂਟਰ ਸਰਕਾਰ ਨੂੰ ਆਫੀਸ਼ੀਅਲ ਡੈਪੂਟੇਸ਼ਨ ਦੇ ਤੌਰ ਤੇ ਮਿਲਣ ਤਾਂਕਿ ਇਹ ਨਿਕੰਮੀ ਕਰਜ਼ਦਾਰੀ ਮੁਆਫ ਕੀਤੀ ਜਾਵੇ । ਛੋਟੀ ਜਿਹੀ ਚਿੱਠੀ ਲਿਖ ਦਿੰਦੇ ਹਨ । ਇਨ੍ਹਾਂ ਵਿਚ ਏਨੀ ਹਿੰਮਤ ਨਹੀਂ ਕਿ ਜਾ ਕੇ ਗੱਲ ਕਰੀਏ । ਇਹ ਡਰਦੇ ਹਨ ਕਿ ਕਿਤੇ ਸੈਂਟਰ ਨਾਰਾਜ਼ ਨਾ ਹੋ ਜਾਵੇ ਅਤੇ ਜਿਵੇਂ ਵੀ ਚਲਦਾ ਹੈ, ਰਾਜ ਪ੍ਰਬੰਧ ਚਲਾਈ ਜਾਈਏ ਇਨ੍ਹਾਂ ਨੇ ਕਦੇ ਸੈਂਟਰ ਨਾਲ ਪੰਜਾਬ ਦੇ ਹਿਤਾਂ ਦੀ ਗੱਲ ਨਹੀਂ ਕੀਤੀ, ਪੰਜਾਬ ਦੇ ਮਸਲਿਆਂ ਦੀ ਗੱਲ ਨਹੀਂ ਕਰਦੇ ਚੰਡੀਗੜ੍ਹ ਦੀ ਗੱਲ ਨਹੀਂ ਕੀਤੀ, ਪਾਣੀਆਂ ਦੀ ਗੱਲ ਅਤੇ ਦਿੱਲੀ ਦੇ ਦੰਗਿਆਂ ਵਿਚ ਕਸੂਹਵਾਰਾਂ ਨੂੰ ਸਜ਼ਾ ਦੀ ਗੱਲ ਨਹੀਂ ਕਰਦੇ । ਇਨ੍ਹਾਂ ਦੀ ਹਿੰਮਤ ਨਹੀਂ ਪੈਂਦੀ ਕਿ ਇਹ ਕਹਿਣ ਕਿ ਪੰਜਾਬ ਦਾ ਕਰਜ਼ਾ ਮੁਆਫ ਕੀਤਾ ਜਾਵੇ । ਇਸ ਨਾਲ ਲੋਕਾਂ ਵਿਚ ਕਾਫੀ ਨਿਰਾਸ਼ਾ ਪੈਦਾ ਹੋਈ ਹੈ ।

ਅੱਗੇ ਸਰਕਾਰੀ ਖਰਚਿਆਂ ਵਿਚ ਕਿਫਾਇਤ ਦੀ ਗੱਲ ਕੀਤੀ ਹੈ । ਜਿਹੜੀ ਪੰਜਾਬ ਵਿਚ ਅਮਨ ਸ਼ਾਂਤੀ ਵਾਪਰੀ ਹੈ, ਇਹ ਤਾਂ ਉਸ ਕਾਰਣ ਭੰਗੜੇ, ਮੇਲੇ ਪਾਉਣ ਲਗ ਪਏ ਪਰ ਦੂਜੇ ਪਾਸੇ ਪਨਵੈਕ ਵਰਗੇ ਅਦਾਰੇ ਬੰਦ ਹੋ ਰਹੇ ਹਨ । ਉਥੇ ਮੁਲਾਜ਼ਮਾਂ ਨੂੰ 5-5 ਮਹੀਨੇ ਤੋਂ ਤਨਖਾਹਾਂ ਨਹੀਂ ਮਿਲ ਰਹੀਆਂ ਅਤੇ ਮੰਤਰੀ ਜੀ ਕਹਿ ਰਹੇ ਹਨ ਕਿ ਮਸ਼ੀਨਾਂ ਵੇਚ ਕੇ ਤਨਖਾਹਾਂ ਦੇਵਾਂਗੇ । ਦੂਜੇ ਪਾਸੇ ਮੰਤਰੀਆਂ ਦੀਆਂ ਕੰਟੈਸਾ ਕਾਰਾਂ, ਕੋਠੀਆਂ ਤੇ,

Original with;
Punjab Vidhan Sabha
Digitized by;
Panjab Digital Library

ਨੂੰ ਪਨਾਹ ਦਿੱਤੀ ਗਈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰਾਂ ਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ । ਆਪਾਂ ਸਾਰਿਆਂ ਨੇ ਬੜਾ ਮਾੜਾ ਸਮਾਂ ਦੇਖਿਆ ਹੈ । ਆਪਾਂ ਸਾਰੇ ਆਤੰਕਵਾਦ ਨੂੰ ਮਾੜਾ ਕਹਿੰਦੇ ਹਾਂ ਜਦੋਂ ਬੇਦੋਸ਼ੇ ਲੋਕਾਂ ਦਾ ਕਤਲ ਹੁੰਦਾ ਸੀ । ਲੇਕਿਨ ਹੁਣ ਉਸੇ ਤਰ੍ਹਾਂ ਹੀ ਪਲਿਸ ਦਾ ਜ਼ਬਰ ਹੋ ਰਿਹਾ ਹੈ । ਕੇਸਾਂ ਨੂੰ ਖੁਰਦ ਬੁਰਦ ਕਰਨ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ । ਡੰਡੇ ਨਾਲ ਪੁਲਿਸ ਰਾਜ ਕਰ ਰਹੀ ਹੈ । ਇਹ ਗੱਲ ਪੰਜਾਬੀ ਲੋਕਾਂ ਵਾਸਤੇ ਚੰਗੀ ਨਹੀਂ ਹੈ, ਸਰਕਾਰ ਵਾਸਤੇ ਤਾਂ ਇਹ ਚੰਗੀ ਕੀ ਹੋਣੀ ਹੈ । ਲੋਕੀਂ ਇਸ ਦਾ ਸਾਰਾ ਲੇਖਾ ਜੋਖਾ ਕਰਨਗੇ । ਇਹ ਕੋਈ ਡੈਮੋਕਰੇਸੀ ਵਾਲੀ ਗੱਲ ਨਹੀਂ ਕਿ ਆਪੋਜ਼ੀਸ਼ਨ ਨੂੰ ਦਬਾ ਕੇ ਰੱਖੋ, ਉਨ੍ਹਾਂ ਦੀਆਂ ਰੈਲੀਆਂ ਨਾ ਹੋਣ ਦਿਓ । ਸਰਕਾਰ ਵਾਸਤੇ ਇਹ ਕੋਈ ਚੰਗੀ ਗੱਲ ਨਹੀਂ ਹੈ ਕਿ ਸੀ.ਪੀ.ਆਈ. ਦੀ ਰੈਲੀ ਨਾ ਹੋਣ ਦਿਓ, ਬੀ.ਐਸ.ਪੀ. ਦੀ ਰੈਲੀ ਨਾ ਹੋਣ ਦਿਓ ਅਤੇ ਮੁਲਾਜ਼ਮਾਂ ਤੇ ਦਫਾ 144 ਲਗਾ ਦਿਓ । ਅੱਜ ਮੁਲਾਜ਼ਮ ਐਜੀਟੇਸ਼ਨਾਂ ਕਰ ਰਹੇ ਹਨ । ਉਹ ਮੰਗ ਕਰਦੇ ਹਨ ਕਿ ਸਾਡੀਆਂ ਮੰਗਾਂ ਮੰਨੀਆਂ ਜਾਣ । ਇਹ ਜਿਹੜੀ ਅੰਤ੍ਰਿਮ ਰਾਹਤ ਦਿੱਤੀ ਗਈ ਹੈ, ਪੈਨਸ਼ਨਰਾਂ ਨੂੰ ਇਹ ਵੀ ਨਹੀਂ ਦਿੱਤੀ ਗਈ ਹਾਲਾਂ ਕਿ ਸੀ.ਐਮ. ਨੇ ਇਸ ਦੇ ਵਾਸਤੇ ਵਾਅਦਾ ਵੀ ਕੀਤਾ ਸੀ । ਬੋਨਸ ਦੀ ਮੰਗ ਵੀ ਨਹੀਂ ਮੰਨੀ ਗਈ । 6-7 ਸੌ ਦੇ ਕਰੀਬ ਏ.ਐਨ.ਐਮ. ਬੱਚੀਆਂ ਕਈ ਦਿਨਾਂ ਤੋਂ ਧਰਨੇ ਤੇ ਬੈਠੀਆਂ ਹੋਈਆਂ ਹਨ । 11-12 ਹਜ਼ਾਰ ਪੋਸਟਾਂ ਖਾਲੀ ਪਈਆਂ ਹਨ ਪਰ ਟੀਚਰ ਵਿਹਲੇ ਬੈਠੇ ਹੋਏ ਹਨ । ਉਨ੍ਹਾਂ ਨੂੰ ਨੌਕਰੀਆਂ ਨਹੀਂ ਮਿਲ ਰਹੀਆਂ । ਕਿਸਾਨਾਂ ਦੀ, ਜ਼ਿਮੀਂਦਾਰਾਂ ਦੀ ਹਾਲਤ ਬੜੀ ਮਾੜੀ ਹੈ ।

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅਪ ਕਰੋ ਜੀ

ਕਾਮਰੇਡ ਤਰਸੇਮ ਜੋਧਾਂ : ਡਿਪਟੀ ਸਪੀਕਰ ਸਾਹਿਬ, ਹਾਲੇ ਮੇਰਾ ਟਾਈਮ ਰਹਿੰਦਾ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਬਜਟ ਨਿਰਾਸ਼ਾਜਨਕ ਹੈ । ਇਸ ਬਜਟ ਵਿਚ ਕਾਰੀਗਰੀ ਤਾਂ ਬਥੇਰੀ ਹੈ ਪਰ ਹੋਰ ਕੁਝ ਨਹੀਂ । ਬੁਢਾਪਾ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਦੀ ਇਥੇ ਗੱਲ ਕੀਤੀ ਗਈ ਹੈ । ਹੁਣ ਸੁਣਿਆ ਹੈ ਕਿ 3500 ਹੋਰ ਲੋਕਾਂ ਨੂੰ ਪੈਨਸ਼ਨ ਦਿੱਤੀ ਜਾਵੇਗੀ । ਪੈਨਸ਼ਨਾਂ ਵਾਸਤੇ ਕੈਂਪ ਲੱਗ ਜਾਂਦੇ ਹਨ, ਫਾਰਮ ਆ ਜਾਂਦੇ ਹਨ ਲੇਕਿਨ ਇਹ ਜੋ ਬੁਢਾਪਾ ਪੈਨਸ਼ਨਾਂ ਹਨ ਜਾਂ ਵਿਧਵਾ ਪੈਨਸ਼ਨਾਂ ਹਨ, ਇਹ ਲਗ ਨਹੀਂ ਰਹੀਆਂ । ਜਿਨ੍ਹਾਂ ਲੋਕਾਂ ਨੂੰ ਇਹ ਪੈਨਸ਼ਨ ਲੱਗੀ ਵੀ ਹੋਈ ਹੈ, ਉਸ ਦੀ ਰਾਸ਼ੀ ਬੜੀ ਥੋੜ੍ਹੀ ਹੈ । ਅੱਜ ਕੱਲ੍ਹ 100 ਜਾਂ 200 ਰੁਪਏ ਦੀ ਪੈਨਸ਼ਨ ਨਾਲ ਕੀ ਬਣਦਾ ਹੈ । ਮਾਨਯੋਗ ਡਿਪਟੀ ਸਪੀਕਰ ਸਾਹਿਬ, 200 ਰੁਪਏ ਨਾਲ ਕੁਝ ਨਹੀਂ ਬਨਣ ਵਾਲਾ, ਇਸ ਨੂੰ ਵਧਾਕੇ 500 ਰੁਪਏ ਬੁਢਾਪਾ, ਵਿਧਵਾ ਪੈਨਸ਼ਨ ਕੀਤੀ ਜਾਵੇ ਅੌਰ ਪੰਜ ਹਜ਼ਾਰ ਰੁਪਏ ਦੇ ਕਰਜ਼ੇ ਵੀ ਮੁਆਫ ਕੀਤੇ ਜਾਣ ਅੌਰ ਕੱਚੇ ਮਕਾਨਾਂ ਦੀ ਬਜਾਏ ਪੱਕੇ ਮਕਾਨ ਬਣਾ ਕੇ ਦਿੱਤੇ ਜਾਣ । ਇਨ੍ਹਾਂ ਸ਼ਬਦਾਂ ਦੇ ਨਾਲ ਹੀ ਮੈਂ ਇਸ ਬਜਟ ਤੇ ਅਸਹਿਮਤੀ ਪ੍ਰਗਟਾਉਂਦਾ ਹਾਂ ।

ਡਾਕਟਰ ਮਹਿੰਦਰ ਕੁਮਾਰ ਰਿਨਵਾਂ (ਫਾਜ਼ਿਲਕਾ) : ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਤਰਲੋਚਨ ਸਿੰਘ ਜੋਧਾਂ]

ਗਏ ਹਨ ਰਿਵੀਜ਼ਨ ਹੋਣੀ ਨੂੰ । ਇਹ ਉਜਰਤਾਂ ਘਟੋ-ਘੱਟ 2000 ਰੁਪਏ ਤੱਕ ਹੋਣੀਆਂ ਚਾਹੀਦੀਆਂ ਹਨ । ਇਸ ਬਾਰੇ ਜਲਦੀ ਨੋਟੀਫਿਕੇਸ਼ਨ ਹੋਣਾ ਚਾਹੀਦਾ ਹੈ । ਸਾਡੇ ਏਥੇ ਕਈ ਸੱਜਣ ਬੈਠੇ ਹਨ ਜਿਹੜੇ 2-3 ਦਿਨਾਂ ਵਿਚ 1350 ਰੁਪਏ ਦੀ ਅਫੀਮ ਹੀ ਛਕ ਜਾਂਦੇ ਹੋਣਗੇ । ਇਸ ਵਿਚ ਕਿਰਤੀ ਕਾਮੇ ਕਿਸ ਤਰ੍ਹਾਂ ਗੁਜ਼ਾਰਾ ਕਰ ਸਕਦੇ ਹਨ, ਸਮਝ ਤੋਂ ਬਾਹਰ ਗੱਲ ਹੈ । ਰੁਪਏ ਦੀ ਕੀਮਤ ਵੈਸੇ ਹੀ ਕਾਫੀ ਥੱਲੇ ਆ ਗਈ ਹੈ ।

ਆਜ਼ਾਦੀ ਘੁਲਾਟੀਆਂ ਦੀ ਗੱਲ ਆਉਂਦੀ ਹੈ । ਮੈਂ ਇਕ ਆਜ਼ਾਦੀ ਘੁਲਾਟੀਏ ਲਖਮੀ ਸਿੰਘ ਦਾ ਕੇਸ ਲੈ ਕੇ ਆਇਆ ਸੀ । ਉਹ ਜੇਲ੍ਹਾਂ ਕੱਟ ਚੁਕਾ ਹੈ ਅਤੇ ਉਸਦੀ ਉਮਰ ਵੀ ਹੁਣ 90 ਸਾਲ ਹੈ । ਪਰ ਉਸਨੂੰ ਹਾਲੇ ਤਕ ਪੈਨਸ਼ਨ ਨਹੀਂ ਮਿਲੀ । ਰਾਜਪੁਰਾ ਤਹਿਸੀਲ ਚਲੇ ਜਾਓ, ਤੁਹਾਨੂੰ ਸੈਂਕੜੇ ਇਹੋ ਜਿਹੇ ਕੇਸ ਮਿਲਣਗੇ । 40-40 ਸਾਲ ਦੇ ਲੋਕ ਆਜ਼ਾਦੀ ਘੁਲਾਟੀਏ ਬਣ ਕੇ ਪੈਨਸ਼ਨਾਂ ਲੈ ਰਹੇ ਹਨ ਜਦ ਕਿ ਜਿਹੜੇ ਅਸਲ ਆਜ਼ਾਦੀ ਘੁਲਾਟੀਏ ਹਨ, ਉਨ੍ਹਾਂ ਨੂੰ ਪੈਨਸ਼ਨ ਨਹੀਂ ਮਿਲ ਰਹੀ । ਇਕ 80 ਸਾਲ ਦਾ ਬਜ਼ੁਰਗ ਹੈ, ਇੰਦਰ ਸਿੰਘ । ਉਸ ਨੇ ਉਸ ਵੇਲੇ ਕੈਦ ਕੱਟੀ ਸੀ ਜਦੋਂ ਉਥੇ ਕਲਸੀਆ ਸਟੇਟ ਹੁੰਦੀ ਸੀ । 11 ਦਸੰਬਰ 1940 ਨੂੰ ਉਸ ਦੀ 3 ਵਿਘੇ ਅਤੇ 14 ਬਿਸਵੇ ਜ਼ਮੀਨ ਕੁਰਕ ਹੋਈ ਸੀ । ਹਾਲੇ ਵੀ ਉਸ ਨੂੰ ਉਹ ਜ਼ਮੀਨ ਵਾਪਸ ਨਹੀਂ ਮਿਲੀ । ਇਸੇ ਤਰ੍ਹਾਂ 2 ਹੋਰ ਵੀ ਆਜ਼ਾਦੀ ਘੁਲਾਟੀਏ ਹਨ । ਉਨ੍ਹਾਂ ਵਿਚੋਂ ਇਕ ਦੀ 1984 ਵਿਚ ਮੌਤ ਹੋ ਗਈ ਸੀ । ਇਥੇ ਅਸਲ ਅਜ਼ਾਦੀ ਘੁਲਾਟੀਏ ਨੂੰ ਪੈਨਸ਼ਨ ਨਹੀਂ ਮਿਲਦੀ । ਇਥੇ ਤਾਂ ਠੱਗੀ ਠੋਰੀ ਚਲਦੀ ਹੈ । ਅੰਨ੍ਹੀ ਪੀਂਹਦੀ ਹੈ ਤੇ ਕੁੱਤਾ ਖਾਂਦਾ ਹੈ ਜਾਂ ਜਿਹੜੇ ਲੋਕ ਸਰਕਾਰ ਦਾ ਟਾਊਟਪੁਣਾ ਕਰਦੇ ਹੋਣਗੇ, ਉਹ ਲੋਕ ਇਹ ਪੈਨਸ਼ਨਾਂ ਲੈਂਦੇ ਹੋਣਗੇ । ਇਥੇ ਗੱਲ ਕੀਤੀ ਗਈ ਹੈ, ਸਰਕਾਰੀ ਅਦਾਰਿਆਂ ਵਿਚ ਬੜਾ ਸੁਧਾਰ ਹੋਇਆ ਹੈ । ਮੈਂ ਹੋਮ ਡਿਪਾਰਟਮੈਂਟ ਦੀ ਗੱਲ ਹੀ ਕਰਦਾ ਹਾਂ । ਪਹਿਲਾਂ ਪੰਜਾਬ ਅਤੇ ਹਰਿਆਣੇ ਵਿਚ ਪੂਰੀ ਦੀ ਪੂਰੀ ਸਟੇਟ ਵਿਚ ਇਕ ਹੀ ਆਈ.ਜੀ. ਹੁੰਦਾ ਸੀ । ਹੁਣ ਤੁਸੀਂ ਵੇਖ ਲਓ—ਕਿੰਨੇ ਡੀ.ਜੀ.ਪੀ ਹਨ, ਕਿੰਨੇ ਡੀ.ਆਈ.ਜੀ. ਅਤੇ ਕਿੰਨੇ ਐਸ.ਐਸ.ਪੀ. ਬਣ ਗਏ ਹੋਨ । ਲੇਕਿਨ ਫਿਰ ਵੀ ਲੋਕਾਂ ਨੂੰ ਇਨਸਾਫ ਨਹੀਂ ਮਿਲ ਰਿਹਾ । ਜਦ ਇਥੇ ਇਕ ਐਮ.ਐਲ.ਏ. ਹੀ ਮਹਿਫੂਜ਼ ਨਹੀਂ ਤਾਂ ਬਾਕੀ ਲੋਕਾਂ ਦੀ ਤਾਂ ਗੱਲ ਹੀ ਛੱਡੋ । ਓਹ ਡੇਹਲੋਂ ਦਾ ਕਾਂਡ ਤੁਹਾਡੇ ਸਾਹਮਣੇ ਆਇਆ ਹੈ । ਮੁੰਡਾ ਸਕੂਲ ਵਿਚ ਪੜ੍ਹਦਾ ਸੀ ਫੁਟਬਾਲ ਤੇ ਕਬੱਡੀ ਦਾ ਬੜਾ ਚੰਗਾ ਪਲੇਅਰ ਸੀ । ਉਸ ਦਾ ਫਾਦਰ ਸਰਪੰਚ ਹੈ । ਉਸ ਦੀ ਮੇਰੇ ਕੋਲ ਸਟੇਟਮੈਂਟ ਹੈ ਕਿ ਮੇਰੇ ਨਾਲ ਬੜਾ ਧੱਕਾ ਹੋਇਆ ਹੈ । ਉਸ ਮੁੰਡੇ ਦੀ ਲਾਸ਼ ਹੀ ਆਈਡੈਂਟੀਫਾਈ ਨਹੀਂ ਹੋਈ । ਡਿਪਟੀ ਸਪੀਕਰ ਸਾਹਿਬ, ਆਲਮਗੀਰ ਬੜਾ ਮਸ਼ਹੂਰ ਪਿੰਡ ਹੈ, ਜਿਥੇ ਇਹ ਕਾਂਡ ਹੋਇਆ ਹੈ । ਉਥੇ ਇਤਿਹਾਸਕ ਗੁਰਦੁਆਰਾ ਹੈ। ਜਦੋਂ ਕੇਸ ਪਰਸਿਊ ਕੀਤਾ ਗਿਆ ਤਾਂ ਪੁਲਿਸ ਨੇ ਕੋਈ ਰਾਹ ਨਹੀਂ ਦਿੱਤਾ । ਹਜ਼ਾਰਾਂ ਲੋਕਾਂ ਨੇ ਮੁਜਾਹਰੇ ਕੀਤੇ, ਜਲੂਸ ਕੱਢੇ, ਥਾਣਿਆਂ ਦੇ ਮੂਹਰੇ ਬੈਠੇ । ਕਾਰ ਦਾ ਡਰਾਈਵਰ ਮੁਜਰਿਮ ਹੈ । ਉਸ ਦੇ ਵਾਰਸਾਂ ਨੇ ਕਿਸੇ ਢੰਗ ਨਾਲ ਮਿਲ ਕੇ ਉਸ ਨੂੰ ਪੁਲਿਸ ਦੇ ਹਵਾਲੇ ਕੀਤਾ ਲੇਕਿਨ ਇਥੇ ਕਿਹਾ ਗਿਆ ਹੈ ਕਿ ਉਸ

Original with;
Punjab Vidhan Sabha,
Digitized by;
Panjab Digital Library

ਮੈਂ ਸਰਕਾਰ ਦਾ ਧਿਆਨ ਜੋ ਨਾਨ ਪਰੀਨੀਅਲ ਸਿਸਟਮ ਹੈ ਉਸ ਵੱਲ ਵੀ ਦਿਵਾਉਣਾ ਚਾਹੁੰਦਾ ਹਾਂ। ਖਾਸ ਕਰਕੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਇਕ ਅਜਿਹੀ ਬੈਲਟ ਹੈ ਜਿੱਥੇ 6 ਮਾਸੀ ਨਹਿਰ ਤੋਂ ਇਰੀਗੇਸ਼ਨ ਹੁੰਦੀ ਹੈ ਜਦ ਕਿ ਉਥੇ 12 ਮਾਸੀ ਪਾਣੀ ਹੋਣਾ ਚਾਹੀਦਾ ਹੈ ਤਾਂ ਕਿ ਟੇਲ ਦੇ ਪਿੰਡਾਂ ਦੇ ਅੰਦਰ ਸਾਰਾ ਸਾਲ ਨਹਿਰੀ ਪਾਣੀ ਨਾਲ ਇਰੀਗੇਸ਼ਨ ਹੋ ਸਕੇ। ਇਸ ਦੇ ਨਾਲ ਹੀ ਜੋ ਨਹਿਰ ਦੀ ਲਾਈਨਿੰਗ ਅੌਰ ਖਾਲੇ ਪੱਕੇ ਕਰਨ ਦਾ ਕੰਮ ਹੈ ਉਸ ਬਾਰੇ ਮੈਂ ਵੀ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਹ ਕੰਮ ਅਧੂਰਾ ਪਿਆ ਹੈ ਇਸ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇ।

ਇਸ ਤੋਂ ਇਲਾਵਾ ਪਾਵਰ ਸੈਕਟਰ ਦੇ ਵਿੱਚ ਸਰਕਾਰ ਨੇ ਲਿਬਰੇਲਾਈਜ਼ੇਸ਼ਨ ਦੀ ਪਾਲਿਸੀ ਅਪਣਾਈ ਹੈ ਜਿਸ ਤਰ੍ਹਾਂ ਅੱਜ ਇੰਡਸਟਰੀ ਤੇਜ਼ੀ ਦੇ ਨਾਲ ਵੱਧ ਰਹੀ ਹੈ ਪਾਵਰ ਨੂੰ ਸਭ ਤੋਂ ਵੱਧ ਪ੍ਰਾਇਰਟੀ ਤੇ ਰੱਖ ਕੇ ਬਿਜਲੀ ਦਾ ਵੱਧ ਤੋਂ ਵੱਧ ਉਤਪਾਦਨ ਕੀਤਾ ਜਾ ਰਿਹਾ ਹੈ। ਗੁਰੂ ਨਾਨਕ ਦੇਵ ਥਰਮਲ ਪਲਾਂਟ, ਬਠਿੰਡਾ ਦਾ ਇਕ ਹੋਰ ਯੂਨਿਟ ਚਾਲੂ ਕੀਤਾ ਜਾ ਰਿਹਾ ਹੈ ਅੌਰ ਸ਼ਾਹਪੁਰ ਕੰਡੀ ਕੈਨਾਲ ਜੋ ਹੈ ਉਥੇ ਵੀ ਬੜੇ ਜ਼ੋਰ ਸ਼ੋਰ ਦੇ ਨਾਲ ਕੰਮ ਚੱਲ ਰਿਹਾ ਹੈ। ਲੇਕਿਨ ਨਾਲ ਦੀ ਨਾਲ ਮੈਂ ਮੁੱਖ ਮੰਤਰੀ ਜੀ ਦਾ ਧਿਆਨ ਇਸ ਗੱਲ ਵੱਲ ਵੀ ਦਿਵਾਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਿਛਲੇ ਸਾਲ ਇਕ ਅੌਸ਼ਿਓਰੈਂਸ ਦਿੱਤੀ ਸੀ ਕਿ ਫਾਜ਼ਿਲਕਾ ਵਿੱਚ ਡਵੀਜ਼ਨ ਖੋਲ੍ਹੀ ਜਾਵੇਗੀ ਪਰ ਉਥੇ ਡਵੀਜ਼ਨ ਅਜੇ ਤਕ ਨਹੀਂ ਖੋਲ੍ਹੀ ਗਈ। ਉਥੇ ਬਾਰਡਰ ਦੇ ਏਰੀਏ ਦੇ ਲੋਕਾਂ ਨੂੰ ਬੜੀ ਦਿੱਕਤ ਹੁੰਦੀ ਹੈ। ਇਸ ਕਰਕੇ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਥੇ ਛੇਤੀ ਤੋਂ ਛੇਤੀ ਬਿਜਲੀ ਬੋਰਡ ਦੀ ਡਵੀਜ਼ਨ ਖੋਲ੍ਹੀ ਜਾਵੇ ਅਤੇ ਲੋਕਾਂ ਦੀ ਦੁਬਿਧਾ ਨੂੰ ਦੂਰ ਕੀਤਾ ਜਾਵੇ। ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ 1992 ਵਿੱਚ ਦੋ ਨਵੇਂ ਜ਼ਿਲ੍ਹੇ ਬਣਾਏ ਅਤੇ ਨਾਲ ਹੀ 9 ਸਬ ਡਵੀਜ਼ਨਾਂ ਤੇ 7 ਸਬ-ਤਹਿਸੀਲਾਂ ਬਣਾਈਆਂ। ਇਨ੍ਹਾਂ ਜ਼ਿਲ੍ਹਿਆਂ ਨੂੰ ਛੋਟਾ ਕੀਤਾ ਗਿਆ। ਉਹ ਇਸ ਕਰਕੇ ਕੀਤਾ ਗਿਆ ਕਿ ਲੋਕਾਂ ਨੂੰ ਅੈਡਮਨਿਸਟਰੇਸ਼ਨ ਜਿਹੜੀ ਹੈ ਉਹ ਡੋਰ ਸਟੈਪ ਤੇ ਮਿਲ ਸਕੇ। ਫਾਜ਼ਿਲਕਾ ਸਬ-ਡਵੀਜ਼ਨ ਜਿਹਥੀ ਹੈ ਉਹ ਸਭ ਤੋਂ ਵੱਡੀ ਸਬ-ਡਵੀਜ਼ਨ ਹੈ ਅਤੇ ਸਭ ਤੋਂ ਪੁਰਾਣੀ ਸਬ-ਡਵੀਜ਼ਨ ਜਿਹੜੀ ਹੈ। ਇਸ ਦੇ ਵਿਚੋਂ ਸਮੇਂ ਸਮੇਂ ਤੇ ਚਾਰ ਸਬ-ਡਵੀਜ਼ਨਾਂ ਬਣ ਗਈਆਂ ਹਨ। ਮੁਕਤਸਰ, ਅਬੋਹਰ ਤੇ ਮਲੋਟ। ਫਾਜ਼ਿਲਕਾ ਦੇ ਲੋਕਾਂ ਨੂੰ ਜ਼ਿਲ੍ਹਾ ਹੈਡ-ਕੁਆਰਟਰ ਜਾਣ ਵਾਸਤੇ 160 ਕਿਲੋਮੀਟਰ ਪੈਂਡਾ ਤਹਿ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਨੂੰ ਬੜੀਆਂ ਮੁਸ਼ਕਲਾਂ ਤੇ ਤਕਲੀਫਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰ ਨੇ ਇਕ ਡਿਸਟ੍ਰਿਕਟ ਰੀ-ਆਰਗੇਨਾਈਜ਼ੇਸ਼ਨ ਕਮੇਟੀ ਬਣਾਈ ਸੀ, ਜਿਸ ਨੇ ਆਪਣੀ ਰਿਪੋਰਟ ਵੀ ਸਰਕਾਰ ਨੂੰ ਦੇ ਦਿੱਤੀ ਹੈ। ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਫਾਜ਼ਿਲਕਾ ਨੂੰ ਜਲਦੀ ਤੋਂ ਜਲਦੀ ਜ਼ਿਲ੍ਹਾ ਬਣਾਇਆ ਜਾਵੇ ਤਾਂ ਜੋ ਉਥੋਂ ਦੇ ਲੋਕਾਂ ਨੂੰ ਘੱਟ ਦੂਰੀ ਤੇ ਅਤੇ ਘੱਟ ਸਮੇਂ ਵਿੱਚ ਜਸਟਿਸ ਮਿਲ ਸਕੇ। ਨਾਲ ਹੀ ਮੈਂ ਪੀਣ ਵਾਲੇ ਪਾਣੀ ਦੀ ਗੱਲ ਕਰਾਂਗਾ। ਸਰਕਾਰ ਦਾ ਇਹ ਫਰਜ਼ ਹੈ ਕਿ ਪੀਣ ਵਾਲੇ ਪਾਣੀ ਨੂੰ ਆਮ ਜਨਤਾ ਤੱਕ, ਭਾਵੇਂ ਉਹ ਪੇਂਡੂ ਹੋਵੇ ਜਾਂ ਸ਼ਹਿਰੀ ਹੋਵੇ, ਪਹੁੰਚਾਉਣਾ ਚਾਹੀਦਾ ਹੈ। ਮੈਂ ਸਰਕਾਰ

Original with;
Punjab Vidhan Sabha
Digitized by;
Panjab Digital Library

[ਡਾਕਟਰ ਮਹਿੰਦਰ ਕੁਮਾਰ ਰਿਨਵਾਂ]

ਅੱਜ ਤੋਂ ਤਿੰਨ ਸਾਲ ਪਹਿਲਾਂ ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੋ ਕਿ ਪੰਜਾਬ ਦੀ ਕੀ ਹਾਲਤ ਸੀ । ਸਰਦਾਰ ਬੇਅੰਤ ਜੀ ਦੀ ਰਹਿਨੁਮਾਈ ਵਿੱਚ ਪੰਜਾਬ ਦੇ ਅੰਦਰ ਪਾਪੂਲਰ ਸਰਕਾਰ ਆਈ ਤੇ ਉਨ੍ਹਾਂ ਨੇ ਸੱਭ ਤੋਂ ਪਹਿਲਾਂ ਇਕ-ਤਹੱਈਆ ਕੀਤਾ ਸੀ ਪੰਜਾਬ ਦੇ ਅੰਦਰ ਅਮਨ ਔਰ ਸ਼ਾਂਤੀ ਕਾਇਮ ਕਰਨ ਦਾ । ਸਾਰੇ ਲੋਕਾਂ ਦੇ ਸਹਿਯੋਗ ਨਾਲ ਪੰਜਾਬ ਦੇ ਅੰਦਰ ਅਮਨ ਸ਼ਾਂਤੀ ਬਹਾਲ ਹੋਈ । ਉਸ ਤੋਂ ਬਾਅਦ ਸਰਕਾਰ ਨੇ ਇਕ ਕੀਤਾ ਸੀ ਕਿ ਜਿਹੜਾ ਪਰਜਾਤੰਤਰ ਹੈ ਉਸ ਨੂੰ ਗਰਾਸ ਰੂਟ ਲੈਵਲ ਤੇ ਬਹਾਲ ਕਰਨਾ ਹੈ । ਚਾਰ ਮਹੀਨੇ ਮਗਰੋਂ ਹੀ ਮਿਉਂਸਿਪਲ ਦੇ ਇਲੈਕਸ਼ਨ ਕਰਵਾਏ ਗਏ ਔਰ ਛੇ ਮਹੀਨੇ ਮਗਰੋਂ ਪੰਜਾਬ ਦੇ ਅੰਦਰ ਸਾਰੀਆਂ ਪੰਚਾਇਤਾਂ ਦੀਆਂ ਚੋਣਾਂ ਕਰਵਾਈਆਂ ਗਈਆਂ ਜੋ ਕਿ ਪਹਿਲਾਂ 11 ਸਾਲਾਂ ਦੇ ਅੰਦਰ ਪੰਚਾਇਤਾਂ ਦੇ ਚਣਾਓ ਨਹੀਂ ਸੀ ਹੋਏ । ਇਸ ਗੱਲ ਨੇ ਸਾਬਤ ਕਰ ਦਿੱਤਾ ਕਿ ਸਰਕਾਰ ਪਰਜਾਤੰਤਰ ਦੇ ਵਿੱਚ ਵਿਸ਼ਵਾਸ ਰਖਦੀ ਹੈ ।

Mr. Deputy Speaker : Doctor Sahib, you have got only five minutes at your disposal. ਤੁਸੀਂ ਗਾਗਰ ਦੇ ਵਿੱਚ ਸਾਗਰ ਭਰ ਦਿਓ ।

ਡਾਕਟਰ ਮਹਿੰਦਰ ਕੁਮਾਰ ਰਿਨਵਾਂ : ਸੋ ਉਸ ਤੋਂ ਬਾਅਦ ਸਰਕਾਰ ਦੇ ਸਾਹਮਣੇ ਮੁੱਦਾ ਸੀ ਪੰਜਾਬ ਭਰ ਦੇ ਵਿਕਾਸ ਦੇ ਕੰਮ ਦਾ । ਡਿਪਟੀ ਸਪੀਕਰ ਸਾਹਿਬ ਵਿਕਾਸ ਦੇ ਕੰਮ ਦੀ ਗੱਲ ਇਹ ਸੀ ਕਿ ਰੇਲ ਗੱਡੀ ਪਟੜੀ ਤੋਂ ਉਤਰੀ ਹੋਈ ਸੀ ਔਰ ਉਸ ਨੂੰ ਵਾਪਸ ਲਾਇਨ ਤੇ ਲਿਆਉਣ ਲਈ ਪੰਜਾਬ ਅੰਦਰ ਇਕ ਮੁਹਿੰਮ ਸ਼ੁਰੂ ਕੀਤੀ ਗਈ ਜਿਸ ਨਾਲ ਕਿ ਅੱਜ ਤੁਸੀਂ ਦੇਖ ਸਕਦੇ ਹੋ ਕਿ ਪਿੰਡਾਂ ਦੇ ਅੰਦਰ ਨੁਹਾਰ ਹੀ ਬਦਲ ਕੇ ਰੱਖ ਦਿੱਤੀ ਗਈ ਹੈ । ਇਥੇ ਮੇਰੇ ਬਹੁਤ ਸਾਰੇ ਸਾਥੀ ਪਿੰਡਾਂ ਦੇ ਸਰਪੰਚ ਰਹੇ ਹਨ, ਉਹ ਸੌਖੀ ਤਰ੍ਹਾਂ ਹੀ ਇਸ ਗੱਲ ਦਾ ਅੰਦਾਜ਼ਾ ਲਗਾ ਸਕਦੇ ਹਨ ਕਿ ਪਹਿਲਾਂ ਪਿੰਡਾਂ ਦੇ ਅੰਦਰ ਵਿਕਾਸ ਵਾਸਤੇ ਕਿੰਨੇ ਪੈਸੇ ਮਿਲਦੇ ਸੀ ਔਰ ਹੁਣ ਉਨ੍ਹਾਂ ਨੂੰ ਕੀ ਦਿੱਤਾ ਜਾ ਰਿਹਾ ਹੈ ।

ਪਿਛਲੇ ਸਾਲ ਪਿੰਡਾਂ ਦੇ ਵਿਕਾਸ ਵਾਸਤੇ ਬਜਟ ਵਿੱਚ 200 ਕਰੋੜ ਰੁਪਏ ਰੱਖੇ ਗਏ ਸਨ ਔਰ ਇਸ ਸਾਲ 300 ਕਰੋੜ ਰੁਪਏ ਪਿੰਡਾਂ ਦੇ ਵਿਕਾਸ ਵਾਸਤੇ ਰੱਖੇ ਗਏ ਹਨ । ਅੱਜ ਪੰਜਾਬ ਦੇ ਵਿੱਚ ਪਿੰਡ ਪਿੰਡ ਦੇ ਅੰਦਰ ਪਾਣੀ ਔਰ ਨਾਲੀਆਂ ਦਾ ਕੰਮ, ਗੰਦੇ ਪਾਣੀ ਦੇ ਡਿਸਪੋਜ਼ਲ ਦਾ ਕੰਮ ਬੜੇ ਜ਼ੋਰ ਸ਼ੋਰ ਨਾਲ ਹੋ ਰਿਹਾ ਹੈ ਜਦ ਕਿ ਬਹੁਤ ਸਾਰੇ ਪਿੰਡਾਂ ਦੇ ਵਿੱਚ ਇਹ ਕੰਮ ਕੰਪਲੀਟ ਹੋ ਚੁੱਕਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਸਦਨ ਦਾ ਧਿਆਨ ਇਕ ਗੱਲ ਵੱਲ ਹੋਰ ਦਿਵਾਉਣਾ ਚਾਹੁੰਦਾ ਹਾਂ ਕਿ ਬਜਟ ਦੇ ਅੰਦਰ 1993-94 ਵਿੱਚ ਇਰੀਗੇਸ਼ਨ ਔਰ ਪਾਵਰ ਵਾਸਤੇ 70 ਕਰੋੜ ਰੁਪਏ ਦੀ ਪਰੋਵੀਜ਼ਨ ਰੱਖੀ ਗਈ ਸੀ । ਜਦ ਕਿ ਇਸ ਸਾਲ ਇਹ ਵਧਾ ਕੇ 135 ਕਰੋੜ ਰੁਪਏ ਕਰ ਦਿੱਤੀ ਗਈ ਹੈ ਜਿਸ ਨਾਲ ਕਿ ਪੰਜਾਬ ਦੇ ਅੰਦਰ, ਪਿੰਡਾਂ ਦੇ ਅੰਦਰ, ਜੋ ਨਹਿਰੀ ਪਾਣੀ ਹੈ ਉਹ ਟੇਲ ਤੇ ਪਹੁੰਚਾਇਆ ਜਾਵੇਗਾ । ਇਸ ਵਾਸਤੇ ਮੈਂ ਇਸ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿਉਂਕਿ ਪੰਜਾਬ ਸਾਡਾ ਕ੍ਰਿਸ਼ੀ ਪ੍ਰਧਾਨ ਸੂਬਾ ਹੈ ਔਰ ਸਾਡੀ ਸਾਰੀ ਦੀ ਸਾਰੀ ਇਕਾਨਮੀ ਐਗਰੀਕਲਚਰ ਤੇ ਡੀਪੈਂਡ ਕਰਦੀ ਹੈ ।

Original with;
Punjab Vidhan Sabha
Digitized by;
Punjab Digital Library

Mr. Deputy Speaker : Try to wind up please.

ਡਾਕਟਰ ਮਹਿੰਦਰ ਕੁਮਾਰ ਰਿਨਵਾਂ : 100 ਬੈੱਡਿਡ ਹੋਸਪਿਟਲ ਦਾ ਸਾਡੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਮੁੱਖ ਮੰਤਰੀ ਜੀ ਨੇ ਉਦਘਾਟਨ ਕੀਤਾ ।

Mr. Deputy Speaker : Please resume your seat, Shri Mohinder Kumar ji. Next Speaker is Sathi ji. Shri Mohinder kumar ji, your time is over. F.M. has also to speak.

ਡਾਕਟਰ ਮਹਿੰਦਰ ਕੁਮਾਰ ਰਿਨਵਾਂ : ਮੈਂ ਦੱਸਣਾ ਚਾਹੁੰਦਾ ਹਾਂ ਕਿ ਫਾਜ਼ਿਲਕਾ ਸ਼ਹਿਰ ਵਿੱਚ ਸੈਂਟਰਲ ਕੋਆਪ੍ਰੇਟਿਵ ਬੈਂਕ ਨੂੰ ਅਬੋਹਰ ਵਿਖੇ ਸ਼ਿਫਟ ਕਰ ਦਿੱਤਾ ਗਿਆ ਜਿਹੜਾ ਕਿ ਫਾਜ਼ਿਲਕਾ ਵਿੱਚ ਪਿਛਲੇ ਸੱਠ ਸਾਲ ਤੋਂ ਚੱਲ ਰਿਹਾ ਸੀ । ਮੈਂ ਚਾਹੁੰਦਾ ਹਾਂ ਕਿ ਉਸ ਬੈਂਕ ਦੇ ਹੈਡਕੁਆਰਟਰ ਨੂੰ ਅਬੋਹਰ ਤੋਂ ਵਾਪਸ ਫਾਜ਼ਿਲਕਾ ਸ਼ਿਫਟ ਕੀਤਾ ਜਾਵੇ ਅਤੇ ਅਬੋਹਰ ਵਿਖੇ ਕੋਈ ਹੋਰ ਨਵਾਂ ਬੈਂਕ ਖੋਲ੍ਹ ਦਿੱਤਾ ਜਾਵੇ । ਦੂਸਰੀ ਗੱਲ ਇਹ ਹੈ ਕਿ ਮੁੱਖ ਮੰਤਰੀ ਜੀ ਨੇ ਕੱਲ ਸਦਨ ਵਿੱਚ ਲੋਕਾਂ ਦੇ ਸੈਂਟੀਮੈਂਟਸ ਨੂੰ ਦੇਖਦੇ ਹੋਏ ਮੀਟ ਦੀ ਫੈਕਟਰੀ ਨੂੰ ਬੰਦ ਕਰਨ ਦਾ ਜਿਹੜਾ ਐਲਾਨ ਕੀਤਾ ਹੈ, ਉਸ ਲਈ ਮੈਂ ਇਨ੍ਹਾਂ ਦਾ ਬਹੁਤ ਧੰਨਵਾਦੀ ਹਾਂ ।

Mr. Deputy Speaker : Please resume your seat.

ਡਾਕਟਰ ਮਹਿੰਦਰ ਕੁਮਾਰ ਰਿਨਵਾਂ : ਬਾਰਡਰ ਦੇ ਇਲਾਕੇ ਖਾਸ ਕਰਕੇ ਫਿਰੋਜ਼ਪੁਰ, ਗੁਰਦਾਸਪੁਰ ਔਰ ਅੰਮ੍ਰਿਤਸਰ.....

Mr. Deputy Speaker : Please resume your seat. I am sorry I cannot give you more time.

ਡਾਕਟਰ ਮਹਿੰਦਰ ਕੁਮਾਰ ਰਿਨਵਾਂ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ । ਮੈਂ ਇਸ ਦੀ ਪ੍ਰੋੜਤਾ ਕਰਦਾ ਹਾਂ ।

ਸ਼੍ਰੀ ਡਿਪਟੀ ਸਪੀਕਰ : ਅਗਲਾ ਸਪੀਕਰ, ਸਾਥੀ ਜੀ । I will also give you (Comrade Gurnam Singh Dhirowal) time. I would not be able to accommodate all. Sathi ji try to stick to the time. You have been given seven minutes. Within seven minutes, please wind up.

ਸ਼੍ਰੀ ਵਿਜੇ ਕੁਮਾਰ ਸਾਥੀ : ਡਿਪਟੀ ਸਪੀਕਰ ਸਾਹਿਬ, ਤਰਸੇਮ ਜੀ ਨੂੰ ਚੌਦਾਂ ਮਿੰਟ ਮਿਲੇ ਹਨ । ਮੈਨੂੰ ਵੀ ਇੰਨਾ ਟਾਇਮ ਦੇ ਦਿਉ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਸੱਤ ਮਿੰਟ ਵਿੱਚ ਹੀ ਵਾਈਂਡ ਅਪ ਕਰੋ । Do not follow others. Other Members are also to speak. Let us reconcile.

ਸ਼੍ਰੀ ਵਿਜੇ ਕੁਮਾਰ ਸਾਥੀ (ਬਾਘਾਪੁਰਾਣਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ

Original with;
Punjab Vidhan Sabha
Digitized by;
Panjab Digital Library

[ਡਾਕਟਰ ਮਹਿੰਦਰ ਕੁਮਾਰ ਰਿਨਵਾਂ]

ਦਾ ਧਿਆਨ ਅਹਿਮ ਮਾਮਲੇ ਵੱਲ ਦਿਵਾਣਾ ਚਾਹੁੰਦਾ ਹਾਂ । ਫਾਜ਼ਿਲਕਾ ਹਲਕੇ ਅੰਦਰ ਪੀਣ ਵਾਲੇ ਪਾਣੀ ਵਿਚ ਫਲੋਰਾਈਡ ਦੀ ਮਾਤਰਾ ਇਤਨੀ ਵਧ ਗਈ ਹੈ ਜਿਸ ਦੇ ਨਾਲ ਲੋਕਾਂ ਨੂੰ ਬੜੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ । ਸਰਕਾਰ ਇਸ ਵੱਲ ਫੌਰੀ ਤੌਰ ਤੇ ਧਿਆਨ ਦੇਵੇ ਅਤੇ ਨਾਲ ਹੀ ਉਥੇ ਨਹਿਰੀ ਪਾਣੀ ਜਲਦੀ ਤੋਂ ਜਲਦੀ ਮੁਹੱਈਆ ਕਰਵਾਇਆ ਜਾਵੇ । ਇਸ ਦੇ ਨਾਲ ਹੀ ਮੈਂ ਟੈਕਨੀਕਲ ਐਜੂਕੇਸ਼ਨ ਦੀ ਗੱਲ ਕਰਾਂਗਾ । 8ਵੀਂ ਪਲਾਨ ਅੰਦਰ 260/- ਕਰੋੜ ਰੁਪਿਆ ਪੰਜਾਬ ਦੇ ਅੰਦਰ ਰੱਖਿਆ ਗਿਆ ਹੈ ਜਿਸ ਦੇ ਲਈ ਸਰਕਾਰ ਵਧਾਈ ਦੀ ਪਾਤਰ ਹੈ । 4 ਨਵੇਂ ਇੰਜੀਨੀਰਿੰਗ ਕਾਲਜ, 24 ਆਈ.ਟੀ.ਆਈਜ਼ ਅਤੇ 8 ਪੋਲੀਟੈਕਨਿਕ ਕਾਲਜ ਖੋਲ੍ਹੇ ਜਾਣੇ ਹਨ । ਇਨ੍ਹਾਂ ਵਿਚੋਂ ਚਾਰ ਦੇ ਚਾਰ ਇੰਜਨੀਅਰਿੰਗ ਕਾਲਜ ਤਾਂ ਸ਼ੁਰੂ ਹੋ ਗਏ ਹਨ । ਇਹ ਬਹੁਤ ਵੱਡੀ ਉਪਲਬਧੀ ਹੈ ਮੈਂ ਬੇਨਤੀ ਕਰਦਾ ਹਾਂ ਕਿ ਫਾਜ਼ਿਲਕਾ ਦੇ ਇਲਾਕੇ ਵਿੱਚ ਇਕ ਪੋਲੀਟੈਕਨਿਕ ਕਾਲਜ ਖੋਲ੍ਹਿਆ ਜਾਵੇ । . . (ਵਿਘਨ)

ਸ਼੍ਰੀ ਡਿਪਟੀ ਸਪੀਕਰ : ਰਿਨਵਾਂ ਜੀ, ਵਾਈਂਡ ਅੱਪ ਕਰੋ ।

ਡਾਕਟਰ ਮਹਿੰਦਰ ਕੁਮਾਰ ਰਿਨਵਾਂ : ਉਥੇ ਸਰਕਾਰ ਦੀ ਸਕੀਮ ਵੀ ਹੈ । ਉਸ ਨੂੰ ਜਲਦੀ ਤੋਂ ਜਲਦੀ ਖੋਲ੍ਹਿਆ ਜਾਵੇ ਤੇ ਸ਼ੁਰੂ ਕਰਵਾਇਆ ਜਾਵੇ, ਦੂਸਰਾ ਫਿਰੋਜ਼ਪੁਰ ਤੋਂ ਬਾਅਦ ਗੰਗਾ ਨਗਰ ਬਾਰਡਰ ਤੱਕ ਜਿਹੜਾ ਕਿ ਰਾਜਸਥਾਨ ਵਿਚ ਪੈਂਦਾ ਹੈ, ਮੈਂ ਇਹ ਪੁਆਇੰਟ ਅੱਗੇ ਵੀ ਉਠਾਇਆ ਸੀ, ਕੋਈ ਬੱਸਾਂ ਦਾ ਡਿਪੂ ਨਹੀਂ ਹੈ, ਫਾਜ਼ਿਲਕਾ ਦਾ ਜਿਹੜਾ ਸਬ-ਡਿਪੂ ਹੈ ਉਹ ਪੰਜਾਬ ਦੇ ਅੰਦਰ ਸਭ ਤੋਂ ਜ਼ਿਆਦਾ ਮੁਨਾਫੇ ਵਿੱਚ ਚਲ ਰਿਹਾ ਹੈ । ਮੈਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਫਾਜ਼ਿਲਕਾ ਸਬ-ਡਿਪੂ ਨੂੰ ਅੱਪ ਗਰੇਡ ਕਰਕੇ ਬੱਸਾਂ ਦਾ ਪੂਰਾ ਡਿਪੂ ਬਣਾ ਦਿੱਤਾ ਜਾਵੇ ਤਾਂ ਜੋ ਲੋਕਾਂ ਨੂੰ ਟਰਾਂਸਪੋਰਟ ਫੈਸਿਲਟੀ ਮਿਲ ਸਕੇ, ਖਾਸ ਕਰਕੇ ਬਾਰਡਰ ਦੇ ਇਲਾਕੇ ਦੇ ਲੋਕਾਂ ਨੂੰ ਸਹੂਲਤ ਮਿਲ ਸਕੇ । ਬੱਸ ਸਟੈਂਡ ਬਾਰੇ ਮੈਂ ਗੱਲ ਕਰਾਂਗਾ ਕਿ ਪੰਜਾਬ ਅੰਦਰ ਸਾਰੇ ਸ਼ਹਿਰ ਹੀ ਓਵਰ-ਕਰਾਊਡਿਡ ਹੋਏ ਹੋਏ ਹਨ । ਜਿਹੜੇ ਪੁਰਾਣੇ ਬੱਸ ਸਟੈਂਡ ਹਨ, ਉਨ੍ਹਾਂ ਦੀ ਥਾਂ ਨਵੇਂ ਬੱਸ ਸਟੈਂਡ ਬਣਾਏ ਜਾਣੇ ਚਾਹੀਦੇ ਹਨ । ਦਵਾਈਆਂ ਵਾਸਤੇ ਬਜਟ ਵਿੱਚ ਕਿਹਾ ਗਿਆ ਹੈ ਕਿ 100% ਬੱਜਟ ਵਧਾਇਆ ਗਿਆ ਹੈ ਲੇਕਿਨ ਫਿਰ ਵੀ ਇਹ ਪੈਸਾ ਬਹੁਤ ਥੋੜ੍ਹਾ ਰੱਖਿਆ ਗਿਆ ਹੈ । ਇਕ ਪਾਸੇ ਤਾਂ ਸਰਕਾਰ ਕੁਮਿਟਮੈਂਟ ਕਰਦੀ ਹੈ ਕਿ ਆਉਣ ਵਾਲੇ ਸੰਨ 2000 ਤੱਕ ਸਾਰਿਆਂ ਨੂੰ ਮੈਡੀਕਲ ਕੇਅਰ ਪ੍ਰੋਵਾਈਡ ਕੀਤੀ ਜਾਵੇਗੀ । ਲੇਕਿਨ ਇਸ ਥੋੜੇ ਪੈਸੇ ਨਾਲ, ਜਦੋਂ ਕਿ ਅੱਜ ਕਿਤਨਾ ਮਹਿੰਗਾਈ ਦਾ ਵਕਤ ਹੈ ਅਤੇ ਦਵਾਈਆਂ ਬੜੀਆਂ ਮਹਿੰਗੀਆਂ ਹੋ ਗਈਆਂ ਹਨ, ਲੋਕਾਂ ਨੂੰ ਮੈਡੀਕਲ ਦੀਆਂ ਪੂਰੀਆਂ ਸਹੂਲਤਾਂ ਨਹੀਂ ਦਿੱਤੀਆਂ ਜਾ ਸਕਦੀਆਂ ਇਸ ਕਰਕੇ ਮੈਡੀਕਲ ਦੇ ਬਜਟ ਨੂੰ ਹੋਰ ਵਧਾਇਆ ਜਾਣਾ ਚਾਹੀਦਾ ਹੈ । ਮੈਂ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਵਧੀਆ ਡਰੱਗ ਪਾਲਿਸੀ ਬਣਾ ਕੇ ਸਰਕਾਰ ਨੂੰ ਦਿੱਤੀ ਹੈ ਤਾਂ ਜੋ ਗਰੀਬ ਲੋਕਾਂ ਨੂੰ ਹਸਪਤਾਲਾਂ ਵਿੱਚ ਦਵਾਈਆਂ ਉਪਲਬਧ ਕਰਵਾਈਆਂ ਜਾ ਸਕਣ. . . . (ਵਿਘਨ)

Original with;
Punjab Vidhan Sabha
Digitized by;
Panjab Digital Library

ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਅੱਠ ਕਰੋੜ 676 ਬਿਲਡਿੰਗਾਂ ਵਾਸਤੇ ਰਖਿਆ ਸੀ, ਉਹ ਪੂਰੀਆਂ ਨਹੀਂ ਬਣੀਆਂ । ਮਰੀਜ਼ਾਂ ਨੂੰ ਦਵਾਈਆਂ ਕੀ ਦੇਣੀਆਂ, ਉਂਝ ਹੀ ਸਤਨਾਮ ਹੋਈ ਪਈ ਹੈ ।

ਤੀਜਾ ਨੰਬਰ ਆਉਂਦਾ ਹੈ, ਇਨ੍ਹਾਂ ਨੇ ਕਿਹਾ ਸੀ, ਡਿਪਟੀ ਸਪੀਕਰ ਸਾਹਿਬ, ਸਮਾਜਿਕ ਭਲਾਈ....

ਸ਼੍ਰੀ ਡਿਪਟੀ ਸਪੀਕਰ : ਤੁਸੀਂ ਚੰਗੀਆਂ-ਚੰਗੀਆਂ ਸੁਜੈਸ਼ਨਜ਼ ਦਿਉ ।

ਸ਼੍ਰੀ ਵਿਜੇ ਕੁਮਾਰ ਸਾਥੀ : ਮੈਂ ਇਨ੍ਹਾਂ ਦੀ ਕਿਤਾਬ ਦੀ ਗੱਲ ਕਰਦਾ ਹਾਂ, ਬਜਟ ਦੀ ਗੱਲ ਕਰਦਾ ਹਾਂ । ਡਿਪਟੀ ਸਪੀਕਰ ਸਾਹਿਬ, ਸਮਾਜ ਭਲਾਈ ਵਾਸਤੇ 2.27 ਰੱਖਿਆ ਗਿਆ ਸੀ ਐਤਕੀ ਇਨ੍ਹਾਂ ਨੇ 1.85 ਰੱਖਿਆ ਹੈ । ਇਥੇ ਇਹ ਨੀਯਤ, ਨੀਤੀ ਤੇ ਨੇਤਾ ਦੀ ਗੱਲ ਬਣਦੀ ਹੈ ? ਨੇਤਾ ਲੋਕ ਉਸ ਨੂੰ ਕਹਿੰਦੇ ਹਨ, ਜਿਸ ਦੀ ਨੀਯਤ ਸਾਫ਼ ਹੋਵੇ, ਜਿਸ ਦੀ ਕੋਈ ਨੀਤੀ ਹੋਵੇ । ਇਨ੍ਹਾਂ ਦੀਆਂ ਨੀਯਤਾਂ ਤੇ ਨੀਤੀਆਂ ਤਾਂ ਤੁਹਾਡੇ ਸਾਹਮਣੇ ਦਿਸਦੀਆਂ ਹਨ । ਇਨ੍ਹਾਂ ਦਾ ਬਜਟ ਸਾਡੇ ਖਿਲਾਫ਼ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਅੱਜ ਕਿੰਨਾ ਪੈਸਾ ਹੋਮ ਡਿਪਾਰਟਮੈਂਟ ਤੇ ਖਰਚ ਕੀਤਾ ਜਾ ਰਿਹਾ ਹੈ, ਉਸ ਦੇ ਮੁਤਾਬਿਕ ਇਥੇ ਸਾਨੂੰ ਕੀ ਮਿਲ ਰਿਹਾ ਹੈ । ਆਪੋਜ਼ੀਸ਼ਨ ਵਾਲਿਆਂ ਨੂੰ ਰੋਜ਼ ਤਾਰਾਂ ਆਉਂਦੀਆਂ ਹਨ, ਕਦੇ ਅਬੋਹਰ ਤੋਂ ਕਦੇ ਕੋਟਕਪੂਰੇ ਤੋਂ ਕਿ ''ਉਨ੍ਹਾਂ ਦੀ ਲੜਕੀ ਛੱਡ ਦਿੱਤੀ ਹੈ ਤੇ ਉਸ ਵਿੱਚ ਪੁਲਿਸ ਧੱਕਾ ਕਰਦੀ ਹੈ'' ਉਹ ਬਚੀ ਹੋਈ ਹੈ ਲੁਧਿਆਣੇ ਪਈ ਹੈ, ਉਸ ਦਾ ਬਿਆਨ ਹੋ ਗਿਆ ਕਦੇ ਪੱਤਰਕਾਰਾਂ ਤੇ ਹਮਲਾ ਹੋ ਰਿਹਾ ਹੈ । ਲੁਧਿਆਣੇ ਵਿੱਚ ਪੁਲਿਸ ਇੱਕ ਵਿਧਵਾ ਉਤੇ ਵਰ੍ਹ ਰਹੀ ਹੈ । ਲੁਧਿਆਣਾ ਜਿਹੜਾ ਸਰਕਟ ਹਾਊਸ ਹੈ ਉਹ ਪੁਲਿਸ ਦਾ ਇੰਟੈਰੋਗੇਸ਼ਨ ਸੈਂਟਰ ਬਣ ਚੁੱਕਿਆ ਹੈ । ਅਖ਼ਬਾਰਾਂ ਵਿੱਚ ਖ਼ਬਰ ਆਈ ਸੀ ਕਿ ਵਿਧਵਾ ਵਲੋਂ ਪ੍ਰਾਪਰਟੀ ਡੀਲਰ ਅਤੇ ਪੁਲਿਸ ਧੱਕੇ ਤੋਂ ਬਚਾਉਣ ਦੀ ਅਪੀਲ'' ਉਥੇ ਪੁਲਿਸ ਦੇ ਵੱਡੇ ਅਫ਼ਸਰਾਂ ਤੋਂ ਇਨਕੁਆਇਰੀ ਕਰਵਾਈ ਪਰ ਇਸ ਦੇ ਬਾਵਜੂਦ ਉਸ ਵਿਧਵਾ ਦੀ ਜ਼ਮੀਨ ਹਥਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ।

ਡਿਪਟੀ ਸਪੀਕਰ ਸਾਹਿਬ, ਗੱਲਾਂ ਤਾਂ ਬਹੁਤ ਕਰਦੇ ਹਨ, ਮਗਰ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਜੀ ਨੇ 10 ਵਾਹੀ ਗੱਲ ਕਹੀ ਹੈ ਕਿ ਸਾਥੀ ਐਤਕੀਂ ਆ ਗਿਆ ਹੈ ਪਰ ਅਗਲੀ ਵਾਰੀ ਨਾ ਆਇਆ । ਮੁੱਖ ਮੰਤਰੀ ਜੀ ਇਥੇ ਬੈਠੇ ਹੁੰਦੇ ਤਾਂ ਚੰਗਾ ਸੀ ਮੈਂ ਮੁੱਖ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਆਪ ਦਾ ਰਾਜ ਹੈ, ਲੇਕਿਨ ਮੈਂ ਇਮਾਨਦਾਰ ਹਾਂ ਮੈਂ ਕਰੈਕਟਰਡ ਹਾਂ, ਮੈਂ ਲੋਕ ਸੇਵਾ ਕੀਤੀ ਹੈ, ਮੈਂ ਇਮਾਨਦਾਰ ਪਿਤਾ ਦਾ ਪੁੱਤ ਹਾਂ । ਤੁਹਾਡੀ ਸਹਕਾਰ ਵਾਂਗੂੰ ਕੁਰੱਪਟ ਨਹੀਂ, ਤੁਹਾਡੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਵਿਜੇ ਕੁਮਾਰ ਸਾਥੀ]

ਧੰਨਵਾਦੀ ਹਾਂ ਕਿ ਕ੍ਰਪਾ ਮੈਨੂੰ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਹੈ । ਮੈਂ ਇੱਕ ਗੱਲ ਜ਼ਰੂਰ ਕਹਾਂਗਾ—

"ਕੀ ਇਹ ਇਨਸਾਫ ਹਉਮੈ ਦੇ ਪੁੱਤ ਕਰਨਗੇ ।
ਕੀ ਇਹ ਖਾਮੋਸ਼ ਪੱਥਰ ਦੇ ਬੁੱਤ ਕਰਨਗੇ ।
ਜੋ ਸਲੀਬਾਂ ਤੇ ਟੰਗੇ ਨੇ ਲੱਥਣੇ ਨਹੀਂ ।
ਰਾਜ ਬਦਲਨਗੇ, ਸੂਰਜ ਚੜ੍ਹਨਗੇ, ਲਹਿਣਗੇ ।" (ਹਾਸਾ)

ਮੈਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਬਜਟ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਪੇਸ਼ ਕੀਤਾ ਹੈ, ਇਹ ਸ਼ੂਗਰ ਕੋਟਿਡ ਗੋਲੀ ਹੈ । ਇਸ ਦੇ ਅੰਦਰ ਜ਼ਹਿਰ ਭਰਿਆ ਪਿਆ ਹੈ ਅੱਰ ਇਹ ਕਿਹਾ ਗਿਆ ਹੈ ਕਿ ਇਹ ਘਾਟੇ ਵਾਲਾ ਬਜਟ ਹੈ । ਵਾਧੇ ਵਿੱਚ ਕਿਵੇਂ ਲੈ ਕੇ ਆਉਣਾ ਹੈ, ਉਸ ਦਾ ਇੱਕੋ ਇੱਕ ਹੱਲ ਹੈ ਕਿ ਬਜਟ ਪੇਸ਼ ਹੋ ਗਿਆ ਲੋਕਾਂ ਦੇ ਘਰ ਚਲਾ ਗਿਆ ਅਤੇ ਫਿਰ ਟੈਕਸ ਲਗਾ ਦਿੱਤਾ । ਡਿਪਟੀ ਸਪੀਕਰ ਸਾਹਿਬ, ਸਾਨੂੰ ਤਾਂ ਬੰਦ ਲਿਫਾਫੇ ਦੇ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਇਹ ਸੀਕਰੇਟ ਹੈ । ਲੋਕ ਕਹਿੰਦੇ ਹਨ ਕਿ ਬਜਟ ਕੀ ਦੇਣਾ ਹੈ ? ਇਨ੍ਹਾਂ ਨੇ ਤਾਂ ਬਜਟ ਵਿੱਚ ਲੋਕਾਂ ਤੇ ਬੋਝ ਪਾਉਣਾ ਹੈ । ਭਾਵੇਂ ਬੱਸਾਂ ਦੇ ਕਿਰਾਏ ਵਧਾ ਦੇਣੇ ਹਨ, ਬਿਜਲੀ ਦੇ ਬਿਲ, ਪਾਣੀ ਦੇ ਬਿਲ ਵਧਾ ਦੇਣੇ ਹਨ । ਇਨ੍ਹਾਂ ਨੇ ਸਾਨੂੰ ਕੀ ਬਜਟ ਦੇਣਾ ਹੈ । ਮੈਂ ਹੋਰ ਦੱਸਦਾ ਹਾਂ । ਪ੍ਰੈਸ ਦਾ ਕੋਈ ਪ੍ਰਤੀਕਰਮ ਨਹੀਂ ਹੋਇਆ । ਮਾੜਾ ਮੋਟਾ ਕਿਸੀ ਜਗ੍ਹਾ ਦੇਖਿਆ ਹੈ । ਉਹ ਵੀ ਪ੍ਰੈਸ ਨੇ ਮੁਨਾਸਬ ਸਮਝਿਆ । ਇਸ ਤੇ ਪ੍ਰਤੀਕਰਮ ਕੀ ਕਰੀਏ ? ਇਹ ਤਾਂ ਸਿਰਫ ਝੂਠ ਦਾ ਪਲੰਦਾ ਹੈ । ਮੈਂ ਪਹਿਲੀ ਵਾਰ ਦੇਖਿਆ ਕਿ ਪ੍ਰੈਸ ਦਾ ਪ੍ਰਤੀਕਰਮ ਨਹੀਂ ਹੋਇਆ । ਡਿਪਟੀ ਸਪੀਕਰ ਸਾਹਿਬ, ਟਾਈਮ ਦਾ ਖ਼ਿਆਲ ਰੱਖਦੇ ਹੋਏ, ਤਿੰਨ ਗੱਲਾਂ ਪੰਨਾ ਨੰਬਰ-23 ਤੇ ਲਿਖੀਆਂ ਹਨ....।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਬੜੇ ਇੰਟੈਲੀਜੈਂਟ ਹੋ । ਸਾਰਾ ਕੁਝ ਸਮਰਾਈਜ਼ ਕਰ ਦਿਓ ।

ਸ਼੍ਰੀ ਵਿਜੇ ਕੁਮਾਰ ਸਾਥੀ : ਪੰਨਾ ਨੰਬਰ 23 ਤੇ ਲਿਖਿਆ ਹੈ ਗਰੀਬੀ ਦਾ ਖਾਤਮਾ ਕਰਨਾ, ਅਗਿਆਨਤਾ ਨੂੰ ਦੂਰ ਕਰਨਾ, ਬੀਮਾਰੀਆਂ ਦੀ ਰੋਕਥਾਮ ਕਰਨਾ । ਆਓ, ਪਹਿਲਾਂ ਇਨ੍ਹਾਂ ਦਾ ਨਿਰਨਾ ਕਰ ਲਈਏ । ਜੇ ਇਨ੍ਹਾਂ ਤਿੰਨਾਂ ਚੀਜ਼ਾਂ ਦੇ ਐਕਸਪੈਂਡੀਚਰ ਦਾ ਲੇਖਾ-ਜੋਖਾ ਦੇਖੀਏ ਤਾਂ ਡਿਪਟੀ ਸਪੀਕਰ ਸਾਹਿਬ, ਪਿਛਲੇ ਸਾਲ ਇਨ੍ਹਾਂ ਨੇ ਸਿੱਖਿਆ ਤੇ 9.7 ਰੱਖਿਆ ਸੀ ਅਤੇ ਹੁਣ 7.69 ਰੱਖਿਆ ਹੈ । ਇਹ ਲੋਕਾਂ ਨੂੰ ਵਿਸ਼ਵਾਸ ਦਿਵਾਉਂਦੇ ਹਨ ਕਿ ਅਸੀਂ ਗਿਆਨ ਦੇਣਾ ਹੈ, ਪਰ ਪਿਛਲੇ ਸਾਲ 9.7 ਰੱਖਿਆ ਸੀ ਅਤੇ ਹੁਣ 7.69 ਰੱਖਿਆ ਹੈ ।

ਦੂਜਾ ਸਿਹਤ ਬਾਰੇ ਮੈਂ ਦੱਸਦਾ ਹਾਂ ਕਿ ਪਿਛਲੇ ਸਾਲ 3.13 ਰੱਖਿਆ ਸੀ ਅਤੇ ਹੁਣ 2.74 ਰੱਖਿਆ ਹੈ । ਬਿਲਡਿੰਗਾਂ ਦੀ ਕੀ ਪੁਜ਼ੀਸ਼ਨ ਹੈ ? ਡਿਪਟੀ ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

Mr. Deputy Speaker: These are unparliamentary. Those words which Shri Sathi had said are expunged.

ਸ਼੍ਰੀ ਵਿਜੇ ਕੁਮਾਰ ਸਾਥੀ :ਇਲਾਕੇ ਦੀਆਂ ਮੰਗਾਂ ਦੀ ਬੇਨਤੀ ਕਰਦਾ ਹਾਂ। ਮੋਗੇ ਨੂੰ ਜ਼ਿਲ੍ਹਾ ਬਣਾਉਣ ਦੀ ਗੱਲ ਕਰਦਾ ਹਾਂ। ਪੂਨੀ ਕਮੇਟੀ ਦੀ ਰਿਪੋਰਟ ਵੀ ਹੈ। ਬਾਘਾ ਪੁਰਾਣਾ ਨੂੰ ਤਹਿਸੀਲ ਬਣਾਉਣ ਲਈ ਬੇਨਤੀ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ ਪਿਛਲੇ ਸਮੇਂ ਵਿੱਚ ਔਰਤਾਂ ਦਾ ਸਾਲ ਮਨਾਇਆ ਸੀ ਪਰ ਮੇਰੇ ਹਲਕੇ ਦੇ ਅੰਦਰ ਲੜਕੀਆਂ ਦਾ ਕੋਈ ਕਾਲਿਜ ਨਹੀਂ ਇਥੇ ਬਾਘਾਪੁਰਾਣਾ ਵਿਖੇ ਲੜਕੀਆਂ ਦਾ ਕਾਲਿਜ ਖੋਲ੍ਹ ਦਿੱਤਾ ਜਾਵੇ। ਸਿੱਧੂ ਸਾਹਿਬ ਬੈਠੇ ਹਨ, ਮੇਰੇ ਹਲਕੇ ਵਿੱਚ 10-15 ਡਿਸਪੈਂਸਰੀਆਂ ਦੇ ਦਿੱਤੀਆਂ ਜਾਣ।

ਸ਼੍ਰੀ ਡਿਪਟੀ ਸਪੀਕਰ :ਹੁਣ ਤੁਸੀਂ ਬੈਠ ਜਾਉ।

ਸ਼੍ਰੀ ਵਿਜੇ ਕੁਮਾਰ ਸਾਥੀ :ਡਿਪਟੀ ਸਪੀਕਰ ਸਾਹਿਬ, ਸਕੂਲ ਅਪਗ੍ਰੇਡ ਕਰਨ ਦੀ ਗੱਲ ਹੈ। ਰੰਧਾਵਾ ਸਾਹਿਬ ਬੈਠੇ ਹਨ, ਮੈਂ ਜ਼ਿਆਦਾ ਟਾਈਮ ਨਹੀਂ ਲੈਂਦਾ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਇਕ ਗੱਲ ਦੱਸਣੀ ਚਾਹੁੰਦਾ ਹਾਂ..

ਸ਼੍ਰੀ ਡਿਪਟੀ ਸਪੀਕਰ : ਗੁਰਨਾਮ ਸਿੰਘ ਜੀ ਤੁਸੀਂ ਬੋਲੋ..ਸਾਥੀ..ਜੀ ਪਲੀਜ਼....

ਸ੍ਰੀ ਵਿਜੇ ਕੁਮਾਰ ਸਾਥੀ: ** ** **

Mr. Deputy Speaker : I am sorry, ਗੁਰਨਾਮ ਸਿੰਘ ਜੀ, ਪਲੀਜ਼ ਬੋਲੋ। ਜੋ ਸਾਥੀ ਜੀ ਬੋਲਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

ਕਾਮਰੇਡ ਗੁਰਨਾਮ ਸਿੰਘ ਧੌਰੇਵਾਲ (ਸ੍ਰੀ ਹਰਗੋਬਿੰਦਪੁਰ): ਡਿਪਟੀ ਸਪੀਕਰ ਸਾਹਿਬ, ਮੈਂ ਕੱਲ ਬਜਟ ਤੇ ਬੋਲਦਿਆਂ ਬਜਟ ਦੀਆਂ ਹਾਂ ਪੱਖੀ ਗੱਲਾਂ ਕਰਕੇ ਆਪਣੀ ਗੱਲ ਬੰਦ ਕੀਤੀ ਸੀ। ਅੱਜ ਮੈ ਡਿਪਟੀ ਸਪੀਕਰ ਸਾਹਿਬ, ਨਾਂਹ ਪੱਖੀ ਗੱਲਾਂ ਅਤੇ ਆਪਣੇ ਕੁਝ ਸੁਜੈਸ਼ਨਜ਼ ਦੇਣ ਵਾਲੀਆਂ ਗੱਲਾਂ ਜੋ ਹਨ ਉਨ੍ਹਾਂ ਦੇ ਬਾਰੇ ਇਸ ਹਾਊਸ ਵਿੱਚ ਆਪਣੀ ਗੱਲ ਕਰਨਾ ਚਾਹੁੰਦਾ ਹਾਂ। ਇਸ ਬਜਟ ਦੇ ਵਿੱਚ ਐਫ. ਐਮ. ਸਾਹਿਬ ਨੇ ਸੀ. ਐਮ. ਸਾਹਿਬ ਨੇ ਇਹ ਗੱਲ ਕਹੀ ਸੀ ਕਿ ਜਦੋਂ ਸਾਡੀ ਸਰਕਾਰ ਬਣੀ ਤਾਂ ਉਸ ਵੇਲੇ ਸਾਨੂੰ ਆਹਾਂ ਮਿਲੀਆਂ, ਅੱਥਰੂ ਮਿਲੇ ਅਤੇ ਕੀਰਨੇ ਪੈਂਦੇ ਮਿਲੇ ਅੱਠ 800 ਕਰੋੜ ਰੁਪਏ ਘਾਟੇ ਦਾ ਬਜਟ ਮਿਲਿਆ। ਹੁਣ ਇਹ ਕਹਿੰਦੇ ਹਨ ਕਿ ਅੱਜ ਸਾਡੀਆਂ ਪ੍ਰਾਪਤੀਆਂ ਦੇ ਨਾਲ 1992-93 ਵਿੱਚ 18 ਕਰੋੜ ਰੁਪਏ ਘਾਟਾ ਸੀ ਉਸ 18 ਕਰੋੜ ਰੁਪਏ ਤੋਂ ਅਸੀਂ 37-38 ਕਰੋੜ ਰੁਪਏ ਤੇ ਲੈ ਗਏ। ਇਹ ਸਰਕਾਰ ਦੀ ਇਕ ਬਹੁਤ ਵੱਡੀ ਪ੍ਰਾਪਤੀ ਹੈ। ਹੁਣ 64 ਕਰੋੜ ਰੁਪਏ ਦੇ ਘਾਟੇ ਦੀ ਗੱਲ ਕੀਤੀ ਗਈ ਹੈ। ਇਹ ਕਹਿੰਦੇ ਹਨ ਕਿ ਘਾਟਾ ਬਹੁਤ ਘਟਿਆ ਹੈ ਅਸੀਂ ਇਨ੍ਹਾਂ ਦੀ ਗੱਲ ਨਾਲ ਇਤਫਾਕ ਕੀਤਾ ਸੀ ਲੇਕਿਨ ਅੱਜ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਘਾਟਾ ਘਟਿਆ ਹੈ ਇਸ ਦੇ ਲਈ ਸਾਡੀ ਹਾਂ ਪੱਖੀ ਗੱਲ ਹੈ ਪਰ ਨਾਂਹ ਪੱਖੀ ਗੱਲ ਇਹ ਹੈ ਕਿ ਖਰਚਾ ਘਟਿਆ ਹੈ ਆਮਦਨ ਵੱਧ

** Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਵਿਜੇ ਕੁਮਾਰ ਸਾਥੀ]

ਸਰਕਾਰ ਜਿਸ ਨੂੰ ਆਏ ਦਿਨ ਕੋਰਟਾਂ ਦੀ ਮਾਰ ਪੈਂਦੀ ਹੈ, ਜਿਸ ਨੂੰ ਕਾਤੀਆ ਕਾਂਡ ਦੇ ਸੈਕਸ ਸੈਕੰਡਲ ਦੀ ਮਾਰ ਪੈਂਦੀ ਹੈ, ਅਸੀਂ ਇਹੋ ਜਿਹੀਆਂ ਗੱਲਾਂ ਨਹੀਂ ਕਰਦੇ । ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਮੇਰੇ ਹਰਮਨ ਪਿਆਰੇ ਲੋਕ ਮੈਨੂੰ ਐਬਲਾਈਜ਼ ਕਰਦੇ ਹਨ । ਸਰਕਾਰ ਤੁਹਾਡੀ ਹੈ ਮੁੱਖ ਮੰਤਰੀ ਜੀ ਵੀ ਅਸਤੀਫਾ ਦੇ ਦੇਣ, ਮੈਂ ਵੀ ਦੇ ਦਿੰਦਾ ਹਾਂ ਹੁਣ ਚੋਣ ਲੜ ਕੇ ਵੇਖ ਲੈਣ ।

Mr. Deputy Speaker : Please wind up.

ਸ਼੍ਰੀ ਵਿਜੇ ਕੁਮਾਰ ਸਾਥੀ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਉਥੇ ਲੋਕ....

ਪੰਡਿਤ ਸੋਮ ਦੱਤ ਸ਼ਰਮਾ : ਮੇਰਾ ਪੁਆਇੰਟ ਆਫ਼ ਆਰਡਰ ਕਿ ਇਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸਾਹਿਬ ਅਸਤੀਫਾ ਦੇ ਦੇਣ ਤੇ ਮੈਂ ਵੀ ਦੇ ਦਿੰਦਾ ਹਾਂ ਤੇ ਚੋਣ ਲੜ ਲੈਣ । ਇਹ ਤਾਂ ਬਹੁਤ ਵੱਡੀ ਗੱਲ ਹੈ ਮੈਂ ਕਹਿੰਦਾ ਹਾਂ ਕਿ ਇਹ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਦੇ ਲੜਕੇ ਨਾਲ ਚੋਣ ਲੜਕੇ ਦੇਖ ਲੈਣ । (ਬੰਪਿੰਗ)

ਸ਼੍ਰੀ ਵਿਜੇ ਕੁਮਾਰ ਸਾਥੀ : ਪੰਡਿਤ ਜੀ, ਜਦੋਂ ਉਸ ਦਾ ਬਾਪ ਮੇਰੇ ਕੋਲੋਂ ਹਾਰ ਗਿਆ ਤਾਂ ਉਸ ਦੇ ਲੜਕੇ ਨੇ ਕੀ ਜਿੱਤਣਾ ਹੈ ।

ਸ਼੍ਰੀ ਡਿਪਟੀ ਸਪੀਕਰ : ਤੁਹਾਡਾ ਟਾਇਮ ਹੋ ਗਿਆ ਹੈ ।

ਸ਼੍ਰੀ ਵਿਜੇ ਕੁਮਾਰ ਸਾਥੀ : ਜਿਵੇਂ ਤੁਸੀਂ ਹੁਕਮ ਕੀਤਾ ਸੀ, ਅਜੇ 14 ਮਿੰਟ ਨਹੀਂ ਹੋਏ ।

ਸ਼੍ਰੀ ਡਿਪਟੀ ਸਪੀਕਰ : ਤੁਹਾਡੇ ਸਿਰਫ਼ 7 ਮਿੰਟ ਸਨ ।

ਸ਼੍ਰੀ ਵਿਜੇ ਕੁਮਾਰ ਸਾਥੀ : ਮੈਂ 2-3 ਗੱਲਾਂ ਕਰਨੀਆਂ ਹਨ । ਡਿਪਟੀ ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਦੀ ਸਰਕਾਰ ਦਾ ਨਾਮ ਹੋ ਗਿਆ ਹੈ ਤਾਂ ਇਥੇ ਬੇਅੰਤ ਕੁੱਲਾਂ ਵੀ ਹੋ ਗਈਆਂ ਚੋਣਗੀਆਂ ਜੀ । ਇਹ ਉਸ ਨੂੰ ਦੇਖਦੇ ਨਹੀਂ । ਡਿਪਟੀ ਸਪੀਕਰ ਸਾਹਿਬ, ਕੱਲ੍ਹ ਮੈਂ ਆਉਂਦਾ ਸੀ, ਇੱਕ ਗਾਣਾ ਚੱਲ ਰਿਹਾ ਸੀ । ਗਾਣਾ ਸੀ ** ** **

ਫਿਰ ਨਹੀਂ ਇਹ ਮੌਕਾ ਮਿਲਣਾ । ਡਿਪਟੀ ਸਪੀਕਰ ਸਾਹਿਬ, ਇਹ ਹਾਲ ਹੈ.....

ਸ਼੍ਰੀ ਡਿਪਟੀ ਸਪੀਕਰ : ਨੈਕਸਟ ਸਪੀਕਰ, ਸਰਦਾਰ ਗੁਰਨਾਮ ਸਿੰਘ ਜੀ ।

ਸ਼੍ਰੀ ਵਿਜੇ ਕੁਮਾਰ ਸਾਥੀ : ਮੈਨੂੰ ਹਲਕੇ ਦੀਆਂ ਮੰਗਾਂ ਕਹਿ ਲੈਣ ਦਿਉ ।

ਮੁੱਖ ਸੰਸਦੀ ਸਕੱਤਰ : ਡਿਪਟੀ ਸਪੀਕਰ ਸਾਹਿਬ, ਇਹ ਜਿਹੜੀਆਂ ਅਨਪਾਰਲੀ-ਮੈਂਟਰੀ ਗੱਲਾਂ ਕਹੀਆਂ ਹਨ, ਇਹ ਐਕਸਪੰਜ ਕਰਾਉ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਹੈ, ਦਰਮਿਆਨੇ ਵਰਗ ਦਾ ਵਿਰੋਧੀ ਹੈ ਔਰ ਸਿਰਫ਼ ਅਪਰ ਕਲਾਸ ਜਿਹੜੇ ਸਸਤੇ ਭਾਅ ਤੇ ਹਜ਼ਾਰਾਂ ਏਕੜ ਜ਼ਮੀਨਾਂ ਲਈ ਬੈਠੇ ਹਨ, ਲੋਕਾਂ ਨੂੰ** ** ਇਹ ਉਨ੍ਹਾਂ ਦੇ ਹੱਕ ਵਿਚ ਜਾਂਦਾ ਹੈ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਇਹ ਜਿਹੜਾ ਵਰਡ ** ** ਕਿਹਾ ਗਿਆ ਹੈ ਇਹ ਅਨਪਾਰਲੀਮੈਂਟਰੀ ਹੈ ਇਸਨੂੰ ਔਕਸਪੰਜ ਕਰ ਦਿਉ। ਤੁਸੀਂ ਹੁਣ ਬੈਠੋ, ਹੋਰ ਵੀ ਮੈਂਬਰਜ਼ ਨੇ ਬੋਲਣਾ ਹੈ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ: ਡਿਪਟੀ ਸਪੀਕਰ ਸਾਹਿਬ ਨੇ ਮੈਨੂੰ 15 ਮਿੰਟ ਦਿੱਤੇ ਸਨ। ਮੈਂ ਇਹ ਦਸਣਾ ਚਾਹੁੰਦਾ ਸੀ ਕਿ ਜਿਹੜਾ ਪਹਿਲੇ ਟੈਕਸਾਂ ਦਾ 18 ਕਰੋੜ ਰੁਪਿਆ ਸੀ ਉਹ ਹੁਣ ਇਸ ਸਰਕਾਰ ਦੇ ਆਉਣ ਤੇ 38 ਕਰੋੜ ਹੋ ਗਿਆ ਹੈ। ਪਰ ਫਰਕ ਇਹ ਹੈ ਕਿ ਟੈਕਸ ਦਾ ਬੋਝ ਸਿੱਧਾ ਨਹੀਂ ਅਸਿੱਧਾ ਕਰਕੇ ਲੋਕਾਂ ਤੇ ਬੋਝ ਪਾਇਆ ਜਾ ਰਿਹਾ ਹੈ। ਮੈਂ ਚੁੱਸਣਾ ਚਾਹੁੰਦਾ ਹਾਂ ਕਿ ਜਿਹੜੀ ਮਿਨਿਮਮ ਵੇਜ ਦੀ ਇਹ ਗੱਲ ਕਰਦੇ ਹਨ ਇਸ ਸਰਕਾਰ ਦੇ ਆਉਣ ਤੋਂ ਪਹਿਲਾਂ ਜਦੋਂ ਗਵਰਨਰੀ ਰਾਜ ਸੀ ਤਾਂ ਉਸ ਵੇਲੇ ਮਿਨਿਮਮ ਵੇਜਿਜ਼ ਹਿੰਦੁਸਤਾਨ ਵਿਚ ਸਭ ਤੋਂ ਜ਼ਿਆਦਾ ਪੰਜਾਬ ਦੇ ਵਿਚ ਸਨ ਪਰ ਜਦੋਂ ਇਹ ਸਰਕਾਰ ਆਈ ਹੈ ਤਾਂ ਇਸ ਵੇਲੇ ਦਿੱਲੀ ਪਹਿਲੇ ਨੰਬਰ ਤੇ ਹੈ ਔਰ ਪੰਜਾਬ ਦੂਜੇ ਨੰਬਰ ਤੇ ਹੋ ਗਿਆ ਹੈ। ਫਿਰ ਇਹ ਇੰਟੈਰਮ ਰਲੀਫ਼ ਦੀ ਗਲ ਕਰਦੇ ਹਨ 5 ਸਾਲ ਬਾਅਦ ਤਾਂ 12% ਇਨਫਲੇਸ਼ਨ ਹੋ ਗਈ ਹੈ ਪਰ ਇਹ ਉਥੇ ਦੇ ਉਥੇ ਹੀ ਖੜੇ ਹਨ। ਮੈਂ, ਡਿਪਟੀ ਸਪੀਕਰ ਸਾਹਿਬ, ਇਹ ਗੱਲ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਉਜਰਤਾਂ ਵਧਾਉਣ ਵਾਸਤੇ ਕਮੇਟੀ ਬਣਾਈ ਸੀ, ਉਸ ਨੇ ਜੋ ਰਿਪੋਰਟ ਦਿੱਤੀ ਹੈ ਉਸ ਨੂੰ ਹੀ ਘੱਟੋ ਘੱਟ ਇਥੇ ਸਦਨ ਦੀ ਮੇਜ਼ ਤੇ ਰਖਿਆ ਜਾਵੇ। ਉਸ ਨੇ ਜਿਹੜੀਆਂ ਰਿਕਮੈਂਡੇਸ਼ਨਜ਼ ਕੀਤੀਆਂ ਹਨ ਤਨਖਾਹ ਵਧਾਉਣ ਬਾਰੇ, ਮਿਨਿਮਮ ਵੇਜਿਜ਼ ਵਧਾਉਣ ਬਾਰੇ, ਉਹ ਰਿਪੋਰਟ ਸਦਨ ਦੀ ਮੇਜ਼ ਤੇ ਰਖਣੀ ਚਾਹੀਦੀ ਹੈ। ਅੱਜ ਇਸ ਮਹਿੰਗਾਈ ਦੇ ਜ਼ਮਾਨੇ ਵਿਚ ਜਿਹੜੇ ਹੋਮ ਗਾਰਡਜ਼ ਵਿਚ ਭਰਤੀ ਕੀਤੇ ਜਾਦੇ ਹਨ ਉਨ੍ਹਾਂ ਨੂੰ 900 ਔਰ 1200 ਤੇ ਰਖਿਆ ਜ਼ਾਂਦਾ ਹੈ ਇਹ ਜਿਹੜੀ 40 ਰੁਪਏ ਦੀ ਦਿਹਾੜੀ ਹੈ ਇਸਨੂੰ ਜ਼ਰੂਰ ਵਧਾਉਣਾ ਚਾਹੀਦਾ ਹੈ। ਪਰ ਇਸ ਬਜਟ ਵਿਚ ਇਸ ਦਾ ਕੋਈ ਜ਼ਿਕਰ ਨਹੀਂ। ਇਸ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਇਕ ਗੱਲ ਹੋਰ ਜਿਹੜੀ ਬੇਕਾਰੀ ਬਾਰੇ ਮੈਂ ਦਸਣੀ ਹੈ ਕਿ ਪਬਲਿਕ ਸੈਕਟਰਜ਼ ਨੂੰ ਖਤਮ ਕਰਨ ਦੀ ਕੀਤੀ ਜਾ ਰਹੀ ਹੈ, ਇਸ ਨਾਲ ਬੇਕਾਰੀ ਵੱਧ ਜਾਣੀ ਹੈ। ਜਿਹੜੇ ਵਰਕਰਜ਼ ਉਥੇ ਕੰਮ ਕਰਦੇ ਹਨ ਉਨ੍ਹਾਂ ਵਾਸਤੇ ਇਹਨਾਂ ਨੇ 50 ਕਰੋੜ ਰੁਪਿਆ ਆਪਣਾ ਕਾਰੋਬਾਰ ਕਰਨ ਵਾਸਤੇ ਰਖਿਆ ਹੈ ਜਿਸ ਨਾਲ ਉਨ੍ਹਾਂ ਦਾ ਕੁਝ ਵੀ ਨਹੀਂ ਬਣਨਾ। ਪਰ ਦੂਸਰੇ ਪਾਸੇ ਜਿਹੜੀ ਅਰਬਾਂ ਰੁਪਏ ਦੀ ਸੰਪਤੀ ਉਨ੍ਹਾਂ ਪਬਲਿਕ ਅੰਡਰਟੇਕਿੰਗਜ਼ ਵਿਚ ਲਗੀ ਹੈ ਉਸ ਨੂੰ ਖੁਰਦਬੁਰਦ ਕੀਤਾ ਜਾ ਰਿਹਾ ਹੈ। ਇਹ ਪੁਲਿਸ ਦੀ ਔਰ ਹੋਰ ਡਿਪਾਰਟਮੈਂਟਸ ਵਿਚ ਕੁਰਪਸ਼ਨ ਦੀ ਗਲ ਕਰਦੇ ਹਨ ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਪੁਲਿਟੀਕਲ ਕੁਰਪਸ਼ਨ ਹੋ ਰਹੀ ਹੈ। ਮੈਂ ਇਸ ਦੀ ਇਕ ਮਿਸਾਲ ਦਿੰਦਾ ਹੈ ਕਿ ਇਕ ਧਾਗਾ ਮਿੱਲ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਗੁਰਨਾਮ ਸਿੰਘ ਧੀਰੇਵਾਲ]

ਗਈ ਹੈ ਅੌਰ ਇਹ ਜੋ ਪੈਸੇ ਲਏ ਗਏ ਹਨ ਇਹ ਪੈਸੇ ਕਿਥੋਂ ਆਏ ਅਤੇ ਕਿਥੇ ਲਗਣੇ ਹਨ । ਸਵਾਲ ਇਹ ਹੈ ਕਿ ਬਜਟ ਦਾ ਪੈਸਾ ਕਿੰਨ੍ਹਾਂ ਲੋਕਾਂ ਤੋਂ ਆਉਂਦਾ ਹੈ ? ਇਹ ਪੈਸਾ ਲੁੱਟ ਕਰਕੇ ਕੌਣ ਲੈ ਜਾਂਦਾ ਹੈ । ਪਿਛਲੇ ਸਾਲ, ਡਿਪਟੀ ਸਪੀਕਰ ਸਾਹਿਬ, ਬਜਟ ਜਿਹੜਾ ਸੀ, ਉਹ 1800 ਕੁਝ ਕਰੋੜ ਰੁਪਏ ਦਾ ਸੀ ਲੇਕਿਨ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਸ ਘਾਟੇ ਨੂੰ ਪੂਰਾ ਕਰਨ ਲਈ, ਘਾਟੇ ਦੇ ਨਾਮ ਤੇ ਜਦੋਂ ਵੀ ਪੈਸਾ ਆਉਂਦਾ ਹੈ ਉਹ ਗਰੀਬ ਲੋਕਾਂ ਤੋਂ ਲੈ ਲਿਆ ਜਾਂਦਾ ਹੈ । ਰੇਟ ਵਧਾ ਦਿੱਤੇ ਜਾਂਦੇ ਹਨ ਖਾਦ ਦਾ ਰੇਟ ਵਧਾਇਆ ਗਿਆ ਹੈ । ਯੂਰੀਆ ਖਾਦ ਦਾ ਰੇਟ ਵਧਾ ਕੇ ਸਾਢੇ 12 ਕਰੋੜ ਰੁਪਿਆ ਬਜਟ ਪੇਸ਼ ਕਰਨ ਤੋਂ ਪਹਿਲਾਂ ਹੀ ਵਸੂਲ ਕਰ ਲਿਆ । ਇਸੇ ਤਰ੍ਹਾਂ ਬਿਜਲੀ ਦਾ ਰੇਟ ਵਧਾਇਆ ਗਿਆ, ਬਸਾਂ ਦੇ ਕਿਰਾਏ ਦਾ ਰੇਟ ਵਧਾਇਆ ਗਿਆ ਅਤੇ ਇਸੇ ਤਰ੍ਹਾਂ ਹੋਰ ਕਈ ਚੀਜ਼ਾਂ ਦਾ ਰੇਟ ਵਧਾਇਆ ਗਿਆ । ਪਿਛਲੇ ਸਾਲ ਦਾ ਜੋ ਘਾਟਾ ਦੱਸਿਆ ਗਿਆ ਹੈ ਉਸ ਨੂੰ ਪੂਰਾ ਕਰਨ ਦੇ ਲਈ ਸਪਲੀਮੈਂਟਰੀ ਡੀਮਾਂਡਜ਼ ਰਾਹੀਂ ਇਥੇ 1874 ਕਰੋੜ ਰੁਪਏ ਮੈਜਾਰਿਟੀ ਨਾਲ ਪਾਸ ਕਰਵਾ ਕੇ ਲੈ ਗਏ । ਹੁਣ ਫਿਰ ਮੈਂ ਇਹ ਗੱਲ ਕਰਨਾ ਚਾਹੁੰਦਾ ਹਾਂ ਕਿ 64 ਕਰੋੜ ਰੁਪਏ ਦਾ ਜੋ ਘਾਟਾ ਦੱਸਿਆ ਗਿਆ ਹੈ ਉਸ ਨੂੰ ਪੂਰਾ ਕਰਨ ਲਈ ਹੁਣ ਫਿਰ ਇਹ ਅਗਲੇ ਸਾਲ ਸਪਲੀਮੈਂਟਰੀ ਡੀਮਾਂਡਜ਼ ਆਪਣੀ ਮੈਜਾਰਿਟੀ ਦੇ ਬਲ ਬੋਤੇ ਗਰਾਂਟਸ ਪਾਸ ਕਰਵਾ ਲੈਣਗੇ । ਇਹ ਜੋ ਘਾਟੇ ਦੀ ਗੱਲ ਕੀਤੀ ਗਈ ਹੈ ਇਹ ਪੈਸਾ ਕਿਥੋਂ ਆਉਂਦਾ ਹੈ । ਇਸ ਪੈਸੇ ਦਾ ਸੋਮਾ ਕੌਣ ਹੈ । ਮੈਂ ਹਾਊਸ ਦੇ ਸਾਹਮਣੇ ਇਹ ਗੱਲ ਰੱਖਣੀ ਚਾਹੁੰਦਾ ਹਾਂ ਕਿ ਜਦੋਂ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਆਈ ਸੀ ਉਸ ਵੇਲੇ ਪਰ ਕੈਪੀਟਾ ਆਮਦਨ ਜੋ ਸੀ ਉਸ ਤੇ ਪ੍ਰਤੀ ਜੀਅ ਟੈਕਸ 54/- ਰੁਪਏ ਸਿੱਧੇ ਤੌਰ ਤੇ ਅੌਰ ਅਸਿੱਧੇ ਤੌਰ ਤੇ 9 ਸੌ ਕੁਝ ਰੁਪਏ ਵਸੂਲ ਕੀਤਾ ਜਾਂਦਾ ਸੀ ਲੇਕਿਨ ਹੁਣ ਜੋ ਕੀਤਾ ਜਾਂਦਾ ਹੈ ਉਹ 1994-95 ਦੇ ਬਜਟ ਵਿੱਚ ਇਹ ਪੋਜ਼ੀਸ਼ਨ ਹੈ ਕਿ ਸਿੱਧੇ ਟੈਕਸ 74 ਰੁਪਏ ਤੇ ਕੁਝ ਪੈਸੇ ਅਤੇ ਅਸਿੱਧੇ ਟੈਕਸ 16 ਸੌ ਕੁਝ ਰੁਪਏ ਵਸੂਲ ਕੀਤਾ ਜਾਂਦਾ ਹੈ । 16-17 ਸੌ ਰੁਪਏ ਟੈਕਸ ਪ੍ਰਤੀ ਜੀ ਲੋਕਾਂ ਤੋਂ 1994--95 ਵਿੱਚ ਸਰਦਾਰ ਬੇਅੰਤ ਜੀ ਦੀ ਸਰਕਾਰ ਵਲੋਂ ਲਿਆ ਸੀ । ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਟੈਕਟ ਰਹਿਤ ਬਜਟ ਪੇਸ਼ ਕਰ ਰਹੇ ਹਾਂ ਤਾਂ ਉਸ ਦੇ ਨਾਲ ਇਹ ਵੀ ਦੇਖਣਾ ਚਾਹੀਦਾ ਹੈ ਕਿ ਪਹਿਲਾਂ ਅਸੀਂ ਪ੍ਰਤੀ ਜੀਅ ਟੈਕਸ ਕਿੰਨਾ ਲਾਉਂਦੇ ਸੀ ਅਤੇ ਹੁਣ 1994-95 ਵਿੱਚ ਪ੍ਰਤੀ ਜੀ ਟੈਕਸ ਕਿੰਨਾ ਵਸੂਲ ਕੀਤਾ ਜਾਂਦਾ ਹੈ ਮੈਂ ਇਥੇ ਇਹ ਗੱਲ ਨਹੀਂ ਕਰਦਾ ਕਿਉਂਕਿ ਮੈਂ ਇਸ ਗੱਲ ਲਈ ਜ਼ਿਆਦਾ ਟਾਈਮ ਨਹੀਂ ਲੈਣਾ ਚਾਹੁੰਦਾ । ਇਸ ਸਾਲ ਲਾਅ ਐਂਡ ਆਰਡਰ ਦੀ ਆਈਟਮ ਤੇ 422 ਕਰੋੜ ਰੁਪਿਆ ਖਰਚ ਆਇਆ ਹੈ ਜੇ ਇਸ ਨੂੰ ਤਕਸੀਮ ਕੀਤਾ ਜਾਵੇ ਤਾਂ 200 ਰੁਪਿਆ ਹਰ ਆਦਮੀ ਤੇ ਇਸ ਦਾ ਅਸਰ ਪੈਂਦਾ ਹੈ । ਜਿਹੜਾ ਬੱਚਾ ਅੱਜ ਜਨਮ ਲੈਂਦਾ ਹੈ ਉਹ ਵੀ 200 ਰੁਪਏ ਨਾਲ ਲੈਕੇ ਆਉਂਦਾ ਹੈ । ਇਸ ਸਬੰਧ ਵਿਚ ਮੈਂ ਇਹ ਗੱਲ ਕਰਨੀ ਚਾਹੁੰਦਾ ਹਾਂ ਕਿ ਇਸ ਬਜਟ ਵਿਚ ਜਿਹੜੇ ਆਂਕੜੇ ਦਰਸਾਏ ਗਏ ਹਨ, ਇਹ ਇਸ ਤਰ੍ਹਾਂ ਲਗਦਾ ਹੈ ਕਿ ** **ਕਿਸੇ ਨੂੰ ਕਪੜੇ ਅੌਰ ਗਹਿਣੇ ਵਗੈਰਾ ਪਾਕੇ ਖੜਾ ਕੀਤਾ ਹੁੰਦਾ ਹੈ ਅੌਰ ਲੋਕਾਂ ਨੂੰ ਵਿਖਾਉਂਦਾ ਹੈ । ਮੈ ਸਮਝਦਾ ਹਾਂ ਕਿ ਇਹ ਇਕ ਕਲੈਵਰ ਨਲਰਕ ਵਾਲੀ ਗੱਲ ਹੈ ਜਿਕੜੀ ਸਾਡੇ ਐਫ ਐਮ. ਸਾਹਿਬ ਨੇ ਇਸ ਬਜਟ ਨੂੰ ਇਥੇ ਪੇਸ਼ ਕਰਦੇ ਹੋਏ ਕੀਤੀ ਹੈ । ਅਸਲ ਵਿਚ ਇਹ ਬਜਟ ਕਿਸਾਨ ਮਾਰੂ ਹੈ, ਮਜ਼ਦੂਰ ਮਾਰੂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਹੈ, ਦਰਮਿਆਨੇ ਵਰਗ ਦਾ ਵਿਰੋਧੀ ਹੈ ਅੱਜ ਸਿਰਫ ਅਪਰ ਕਲਾਸ ਜਿਹੜੇ ਸਸਤੇ ਭਾਅ ਤੇ ਹਜ਼ਾਰਾਂ ਏਕੜ ਜ਼ਮੀਨਾਂ ਲਈ ਬੈਠੇ ਹਨ, ਲੋਕਾਂ ਨੂੰ** ** ਇਹ ਉਨ੍ਹਾਂ ਦੇ ਹੱਕ ਵਿਚ ਜਾਂਦਾ ਹੈ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਇਹ ਜਿਹੜਾ ਵਰਡ ** ** ਕਿਹਾ ਗਿਆ ਹੈ ਇਹ ਅਨਪਾਰਲੀਮੈਂਟਰੀ ਹੈ ਇਸਨੂੰ ਐਕਸਪੰਜ ਕਰ ਦਿਉ। ਤੁਸੀਂ ਹੁਣ ਬੈਠੋ, ਹੋਰ ਵੀ ਮੈਂਬਰਜ਼ ਨੇ ਬੋਲਣਾ ਹੈ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ. ਡਿਪਟੀ ਸਪੀਕਰ ਸਾਹਿਬ ਨੇ ਮੈਨੂੰ 15 ਮਿੰਟ ਦਿੱਤੇ ਸਨ। ਮੈਂ ਇਹ ਦਸਣਾ ਚਾਹੁੰਦਾ ਸੀ ਕਿ ਜਿਹੜਾ ਪਹਿਲੇ ਟੈਕਸਾਂ ਦਾ 18 ਕਰੋੜ ਰੁਪਿਆ ਸੀ ਉਹ ਹੁਣ ਇਸ ਸਰਕਾਰ ਦੇ ਆਉਣ ਤੇ 38 ਕਰੋੜ ਹੋ ਗਿਆ ਹੈ। ਪਰ ਫਰਕ ਇਹ ਹੈ ਕਿ ਟੈਕਸ ਦਾ ਬੋਝ ਸਿੱਧਾ ਨਹੀਂ ਅਸਿੱਧਾ ਕਰਕੇ ਲੋਕਾਂ ਤੇ ਬੋਝ ਪਾਇਆ ਜਾ ਰਿਹਾ ਹੈ। ਮੈਂ ਪੁੱਸਣਾ ਚਾਹੁੰਦਾ ਹਾਂ ਕਿ ਜਿਹੜੇ ਮਿਨਿਮਮ ਵੇਜ ਦੀ ਇਹ ਗੱਲ ਕਰਦੇ ਹਨ ਇਸ ਸਰਕਾਰ ਦੇ ਆਉਣ ਤੋਂ ਪਹਿਲਾਂ ਜਦੋਂ ਗਵਰਨਰੀ ਰਾਜ ਸੀ ਤਾਂ ਉਸ ਵੇਲੇ ਮਿਨਿਮਮ ਵੇਜਿਜ਼ ਹਿੰਦੁਸਤਾਨ ਵਿਚ ਸਭ ਤੋਂ ਜ਼ਿਆਦਾ ਪੰਜਾਬ ਦੇ ਵਿਚ ਸਨ ਪਰ ਜਦੋਂ ਇਹ ਸਰਕਾਰ ਆਈ ਹੈ ਤਾਂ ਇਸ ਵੇਲੇ ਦਿੱਲੀ ਪਹਿਲੇ ਨੰਬਰ ਤੇ ਹੈ ਅੱਜ ਪੰਜਾਬ ਦੂਜੇ ਨੰਬਰ ਤੇ ਹੋ ਗਿਆ ਹੈ। ਫਿਰ ਇਹ ਇੰਟੈਰਮ ਰਲੀਫ ਦੀ ਗਲ ਕਰਦੇ ਹਨ 5 ਸਾਲ ਬਾਅਦ ਤਾਂ 12% ਇਨਫਲੇਸ਼ਨ ਹੋ ਗਈ ਹੈ ਪਰ ਇਹ ਉਥੇ ਦੇ ਉਥੇ ਹੀ ਖੜੇ ਹਨ। ਮੈਂ, ਡਿਪਟੀ ਸਪੀਕਰ ਸਾਹਿਬ, ਇਹ ਗੱਲ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਉਜਰਤਾਂ ਵਧਾਉਣ ਵਾਸਤੇ ਕਮੇਟੀ ਬਣਾਈ ਸੀ, ਉਸ ਨੇ ਜੋ ਰਿਪੋਰਟ ਦਿੱਤੀ ਹੈ ਉਸ ਨੂੰ ਹੀ ਘੱਟੋ ਘੱਟ ਇਥੇ ਸਦਨ ਦੀ ਮੇਜ਼ ਤੇ ਰਖਿਆ ਜਾਵੇ। ਉਸ ਨੇ ਜਿਹੜੀਆਂ ਰਿਕਮੈਂਡੇਸ਼ਨਜ਼ ਕੀਤੀਆਂ ਹਨ ਤਨਖਾਹ ਵਧਾਉਣ ਬਾਰੇ, ਮਿਨਿਮਮ ਵੇਜਿਜ਼ ਵਧਾਉਣ ਬਾਰੇ, ਉਹ ਰਿਪੋਰਟ ਸਦਨ ਦੀ ਮੇਜ਼ ਤੇ ਰਖਣੀ ਚਾਹੀਦੀ ਹੈ। ਅੱਜ ਇਸ ਮਹਿੰਗਾਈ ਦੇ ਜ਼ਮਾਨੇ ਵਿਚ ਜਿਹੜੇ ਹੋਮ ਗਾਰਡਜ਼ ਵਿਚ ਭਰਤੀ ਕੀਤੇ ਜਾਦੇ ਹਨ ਉਨ੍ਹਾਂ ਨੂੰ 900 ਅੱਤੇ 1200 ਤੇ ਰਖਿਆ ਜ਼ਾਂਦਾ ਹੈ ਇਹ ਜਿਹੜੀ 40 ਰੁਪਏ ਦੀ ਦਿਹਾੜੀ ਹੈ ਇਸਨੂੰ ਜ਼ਰੂਰ ਵਧਾਉਣਾ ਚਾਹੀਦਾ ਹੈ। ਪਰ ਇਸ ਬਜਟ ਵਿਚ ਇਸ ਦਾ ਕੋਈ ਜ਼ਿਕਰ ਨਹੀਂ। ਇਸ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਇਕ ਗੱਲ ਹੋਰ ਜਿਹੜੀ ਬੇਕਾਰੀ ਬਾਰੇ ਮੈਂ ਦਸਣੀ ਹੈ ਕਿ ਪਬਲਿਕ ਸੈਕਟਰਜ਼ ਨੂੰ ਖਤਮ ਕਰਨ ਦੀ ਕੀਤੀ ਜਾ ਰਹੀ ਹੈ, ਇਸ ਨਾਲ ਬੇਕਾਰੀ ਵੱਧ ਜਾਣੀ ਹੈ। ਜਿਹੜੇ ਵਰਕਰਜ਼ ਉਥੇ ਕੰਮ ਕਰਦੇ ਹਨ ਉਨ੍ਹਾਂ ਵਾਸਤੇ ਇਹਨਾਂ ਨੇ 50 ਕਰੋੜ ਰੁਪਿਆ ਆਪਣਾ ਕਾਰੋਬਾਰ ਕਰਨ ਵਾਸਤੇ ਰਖਿਆ ਹੈ ਜਿਸ ਨਾਲ ਉਨ੍ਹਾਂ ਦਾ ਕੁਝ ਵੀ ਨਹੀਂ ਬਣਨਾ। ਪਰ ਦੂਸਰੇ ਪਾਸੇ ਜਿਹੜੀ ਅਰਬਾਂ ਰੁਪਏ ਦੀ ਸੰਪਤੀ ਉਨ੍ਹਾਂ ਪਬਲਿਕ ਅੰਡਰਟੇਕਿੰਗਜ਼ ਵਿਚ ਲਗੀ ਹੈ ਉਸ ਨੂੰ ਖੁਰਦਬੁਰਦ ਕੀਤਾ ਜਾ ਰਿਹਾ ਹੈ। ਇਹ ਪੁਲਿਸ ਦੀ ਅੱਤੇ ਹੋਰ ਡਿਪਾਰਟਮੈਂਟਸ ਵਿਚ ਕੁਰਪਸ਼ਨ ਦੀ ਗਲ ਕਰਦੇ ਹਨ ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਪੁਲਿਟੀਕਲ ਕੁਰਪਸ਼ਨ ਹੋ ਰਹੀ ਹੈ। ਮੈਂ ਇਸ ਦੀ ਇਕ ਮਿਸਾਲ ਦਿੰਦਾ ਹੈ ਕਿ ਇਕ ਧਾਗਾ ਮਿੱਲ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਗੁਰਨਾਮ ਸਿੰਘ ਧੀਰੋਵਾਲ]

ਨੂੰ ਇਨ੍ਹਾਂ ਨੇ ਵੇਚਿਆ ਹੈ ਜਿਸ ਦਾ ਐਸਟੀਮੇਟ 54 ਕਰੋੜ ਰੁਪਏ ਦਾ ਸੀ ਲੇਕਿਨ ਉਸ ਨੂੰ ਇਨ੍ਹਾਂ ਨੇ 4 ਕਰੋੜ ਰੁਪਏ ਵਿਚ ਵੇਚ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ ਉਹ ਧਾਗਾ ਮਿਲ 4 ਕਰੋੜ ਰੁਪਏ ਦੀ ਵੇਚੀ ਅਤੇ ਪਾਰਟੀ ਨੂੰ ਇਕ ਕਰੋੜ ਰੁਪਏ ਦੇ ਨਾਲ ਫੈਕਟਰੀ ਦਾ ਪੋਜ਼ੈਸ਼ਨ ਦੇ ਦਿੱਤਾ। ਉਸ ਮਿਲ ਵਿਚ ਢਾਈ ਕਰੋੜ ਰੁਪਏ ਦਾ ਧਾਗਾ ਲਗਾ ਹੋਇਆ ਸੀ। ਇਸੇ ਤਰ੍ਹਾਂ ਸ਼ੁਗਰ ਮਿਲਾਂ ਅਤੇ ਹੋਰ ਅਦਾਰਿਆਂ ਨੂੰ ਵੇਚਣ ਦੀ ਇਥੇ ਗੱਲ ਕੀਤੀ ਗਈ ਹੈ। ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਨੂੰ ਸਰਕਾਰ ਵਲੋਂ ਹੜਪਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਲਾਅ ਐਂਡ ਆਰਡਰ ਦੀ ਕਾਫੀ ਇਥੇ ਚਰਚਾ ਪਹਿਲੇ ਕੀਤੀ ਗਈ ਹੈ। ਇਥੇ ਪੈਨਸ਼ਨ ਦਾ ਜ਼ਿਕਰ ਕੀਤਾ ਗਿਆ। ਇਸ ਬਾਰੇ ਮੈਂ ਇਕ ਕਾਲ ਅਟੈਨਸ਼ਨ ਨੋਟਿਸ ਦਿੱਤਾ ਸੀ ਉਸ ਨੂੰ ਰਿਜੈਕਟ ਕਰ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਤੁਸੀਂ ਬਜਟ ਉਤੇ ਬੋਲ ਲੈਣਾ ਜਦੋਂ ਬਜਟ ਉਤੇ ਬੋਲਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਟਾਈਮ ਨਹੀਂ ਦਿੰਦੇ। ਪੈਨਸ਼ਨ ਬਾਰੇ ਸਰਲ ਪਰਫਾਰਮਾਂ ਪਿਛਲੇ 3 ਸਾਲਾਂ ਦੇ ਵਿਚ ਇਹ ਸਰਕਾਰ ਨਹੀਂ ਬਣਾ ਸਕੀ। ਜਦੋਂ ਕੋਈ ਬੱਚਾ ਵਿਡੋ ਦਾ 18 ਸਾਲ ਦਾ ਹੋ ਜਾਂਦਾ ਹੈ ਤਾਂ ਉਸ ਵਿਡੋ ਦੀ ਪੈਨਸ਼ਨ ਬੰਦ ਕਰ ਦਿੱਤੀ ਜਾਂਦੀ ਹੈ। ਪੈਨਸ਼ਨ ਲੈਣ ਲਈ ਪਰੋਫਾਰਮੇ ਉਤੇ ਦਸਖਤ ਕਰਵਾਉਣ ਲਈ ਪੰਚਾਇਤ ਦੇ ਸੈਕਟਰੀ ਕੋਲ ਫੇਰ ਸਰਪੰਚ ਕੋਲ, ਫੇਰ ਐਮ. ਐਲ. ਏ. ਕੋਲ, ਫਿਰ ਓਥੇ ਕਮਿਸ਼ਨਰ ਕੋਲ ਜਾਣਾ ਪੈਂਦਾ ਹੈ ਫਿਰ ਉਸ ਦਾ ਫਾਰਮ ਅਟੈਸਟ ਹੁੰਦਾ ਹੈ ਅਤੇ 3 ਰੁਪਿਆ ਵਾਲਾ ਐਫੀਡੈਵਿਟ 30-30 ਰੁਪਏ ਵਿਚ ਮਿਲਦਾ ਹੈ। ਮੈਂ ਆਪਣੇ ਹਲਕੇ ਹਰਗੋਬਿੰਦਪੁਰ ਦਾ ਇਕ ਵਿਡੋ ਦਾ ਕੇਸ ਜ਼ਿਕਰ ਕਰਨਾ ਚਾਹੁੰਦਾ ਹਾਂ। ਉਸ ਦੇ ਬੱਚਿਆਂ ਨੂੰ ਉਸ ਦੇ ਡਿਪਾਰਟਮੈਂਟ ਵਲੋਂ ਪੈਨਸ਼ਨ ਮੰਜੂਰ ਹੋ ਗਈ। ਬੈਂਕ ਦੇ ਵਿਚ 3 ਮਹੀਨਿਆਂ ਦੀ ਪੈਨਸ਼ਨ ਵੀ ਆ ਗਈ ਪਰ ਕਿਸੇ ਨੇ ਉਸ ਦੀ ਰਿਪੋਰਟ ਕਰ ਦਿੱਤੀ ਕਿ ਉਸ ਦਾ ਬੱਚਾ 18 ਸਾਲ ਦਾ ਹੋ ਗਿਆ ਹੈ। ਮਹਿਕਮੇਂ ਨੇ ਬੈਂਕ ਤੋਂ 3 ਮਹੀਨੇ ਦੀ ਪੈਨਸ਼ਨ ਵਾਪਿਸ ਲੈ ਲਈ ਜਦ ਕਿ ਉਸ ਦਾ ਬੱਚਾ ਸਕੂਲ ਵਿਚ ਪੜ੍ਹਦਾ ਹੈ। ਇਸ ਦੀ ਕੋਈ ਇਨਕੁਅਰੀ ਨਹੀਂ ਹੋਈ। ਇਕ ਤਰਫਾ ਹੀ ਪੈਨਸ਼ਨ ਬੰਦ ਕਰ ਦਿੱਤੀ। ਫਿਰ ਇਥੇ 5-5 ਹਜ਼ਾਰ ਦੇ ਕਰਜ਼ੇ ਮੁਆਫ ਕਰਨ ਦੀ ਗੱਲ ਕੀਤੀ ਗਈ। ਬਹੁਤ ਸਾਰੇ ਲੋਕਾਂ ਦੇ ਕਰਜ਼ੇ ਹਾਲੇ ਵੀ ਮੁਆਫ ਨਹੀਂ ਹੋਏ ਲੋਕਾਂ ਨੂੰ ਧੱਕੇ ਖਾਣੇ ਪੈ ਰਹੇ ਹਨ। ਬਿਜਲੀ ਬੋਰਡ ਦੀ ਗੱਲ ਕੀਤੀ ਗਈ ਹੈ ਇਹ ਕਹਿੰਦੇ ਹਨ ਕਿ 24 ਘੰਟੇ ਸਰਕਾਰ ਬਿਜਲੀ ਦੇ ਰਹੀ ਹੈ ਪਰ ਮੈਂ ਦਸਦਾ ਹਾਂ ਕਿ ਪਿੰਡਾਂ ਦੇ ਵਿਚ ਕੇਵਲ 4-6 ਘੰਟੇ ਹੀ ਬਿਜਲੀ ਸਪਲਾਈ ਕੀਤੀ ਜਾਂਦੀ ਹੈ।

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ। ਕਾਫੀ ਸਮਾਂ ਹੋ ਗਿਆ ਹੈ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਡਿਪਟੀ ਸਪੀਕਰ ਸਾਹਿਬ, ਦਰਿਆ ਬਿਆਸ ਦਾ ਪਾਣੀ ਕਦੇ ਕਿਧਰੇ ਨੂੰ ਚਲਾ ਜਾਂਦਾ ਹੈ ਕਦੇ ਹੋਰ ਕਿਧਰੇ ਨੂੰ ਚਲਾ ਜਾਂਦਾ ਹੈ। ਇਸ ਬਾਰੇ ਚੀਫ ਮਨਿਸਟਰ ਸਾਹਿਬ ਨੂੰ ਮੀਟਿੰਗ ਕਰਕੇ ਇਸ ਦਾ ਫੈਸਲਾ ਕਰਨਾ ਚਾਹੀਦਾ ਹੈ। ਇਕ ਪੁਲ ਹਰਗੋਬਿੰਦਪੁਰ ਸਾਹਿਬ ਦੇ ਕੋਲ ਬਨਾਉਣਾ ਹੈ ਉਸ ਉਤੇ 22 ਕਰੋੜ ਰੁਪਿਆ ਖਰਚਾ ਆਉਣਾ ਹੈ। ਇਸ ਪੁਲ ਦਾ ਪਾਣੀ ਆਪਣਾ ਰੁੱਖ ਹਰ ਵਾਰੀ ਬਦਲ ਲੈਂਦਾ ਹੈ। ਇਥੇ 2 ਵਾਰੀ ਸਪੁੱਰ ਲਗਾਏ ਗਏ ਹਨ। ਪਰ ਉਹ ਦੋਵੇਂ ਵਾਰੀ ਟੁਟ ਗਏ ਅਤੇ ਦਰਿਆ ਦਾ ਪਾਣੀ ਆਪਣਾ ਰਸਤਾ ਇਖਤਿਆਰ ਕਰ ਲੈਂਦਾ ਹੈ।

Original with;
Punjab Vidhan Sabha
Digitized by;
Panjab Digital Library

ਮੁੱਖ ਸੰਸਦੀ ਸਕੱਤਰ : ਡਿਪਟੀ ਸਪੀਕਰ ਸਾਹਿਬ, ਹੋਰ ਮੈਂਬਰ ਸਾਹਿਬਾਨ ਨੇ ਵੀ ਬੋਲਣਾ ਹੈ। ਨੈਕਸਟ ਮੈਂਬਰ ਨੂੰ ਤੁਸੀਂ ਕਾਲ ਕਰੋ।

ਸ਼੍ਰੀ ਡਿਪਟੀ ਸਪੀਕਰ: ਵਾਈਂਡ ਅੱਪ ਕਰੋ · ਧੀਰੋਵਾਲ ਸਾਹਿਬ, ਤੁਸੀਂ ਹੁਣ ਬੈਠੋ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ: ਡਿਪਟੀ ਸਪੀਕਰ ਸਾਹਿਬ, ਬਸ ਮੈਂ ਵਾਈਂਡ ਅੱਪ ਕਰਨ ਲਗਾ ਹਾਂ। ਲੋਕਾਂ ਦੇ ਪੈਸੇ ਨੂੰ ਕਿਸ ਤਰ੍ਹਾਂ ਸਰਕਾਰ ਬਰਬਾਦ ਕਰ ਰਹੀ ਹੈ ਅਤੇ 75% ਪੁਲੀਟੀਕਲ ਲੋਕ ਅਤੇ ਬਾਕੀ ਬਿਊਰੋਕਰੇਟਸ ਪੰਜਾਬ ਨੂੰ ਲੁੱਟ ਕੇ ਖਾ ਰਹੇ ਹਨ। ਇਹ ਜਿਹੜਾ ਬਜਟ ਇਸ ਸਦਨ ਵਿਚ ਪੇਸ਼ ਕੀਤਾ ਗਿਆ ਹੈ ਇਹ ਕਿਸਾਨ ਮਾਰੂ, ਕਰਮਚਾਰੀ ਮਾਰੂ, ਮਜ਼ਦੂਰ ਮਾਰੂ ਹੈ। ਇਸ ਲਈ ਮੈਂ ਇਸ ਦਾ ਸਮਰਥਨ ਨਹੀਂ ਕਰ ਸਕਦਾ ਅਤੇ ਆਪਣੀ ਪਾਰਟੀ ਵਲੋਂ ਇਸ ਦਾ ਵਿਰੋਧ ਕਰਦਾ ਹਾਂ।

ਸਰਦਾਰ ਹਰਨੇਕ ਸਿੰਘ ਮਾਂਗੇਵਾਲ (ਪਾਇਲ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤਸੀਂ ਮੈਨੂੰ ਇਸ ਪਵਿੱਤਰ ਸਦਨ ਵਿਚ ਜੋ ਬਜਟ ਡਾਕਟਰ ਸਾਹਿਬ ਖਜ਼ਾਨਾ ਮੰਤਰੀ, ਅਰਥ ਸ਼ਾਸਤਰੀ ਅਤੇ ਜ਼ਿੰਦਾ ਸ਼ਹੀਦ ਨੇ ਪੇਸ਼ ਕੀਤਾ ਹੈ ਇਸ ਤੇ ਬੋਲਣ ਦਾ ਸਮਾਂ ਦਿੱਤਾ ਹੈ ਇਨ੍ਹਾਂ ਨੇ ਕਾਫੀ ਕਸ਼ਟ ਝੱਲ ਕੇ ਇਹ ਪਦਵੀ ਹਾਸਿਲ ਕੀਤੀ ਹੈ ਅਤੇ ਬੜਾ ਚੰਗਾ ਬਜਟ ਪੇਸ਼ ਕੀਤਾ ਹੈ। ਇਸ ਵਿਚ ਸਾਰੇ ਵਰਗਾਂ ਨੂੰ ਕਾਫੀ ਰਾਹਤ ਦਿੱਤੀ ਗਈ ਹੈ ਅਤੇ ਇਹ ਲੋਕਾਂ ਦਾ ਆਪਣਾ ਬਜਟ ਹੈ। ਪੰਜਾਬ ਦੇ ਕਿਸਾਨਾਂ ਦਾ ਬਜਟ ਹੈ, ਮੁਲਾਜ਼ਮਾਂ ਦਾ ਬਜਟ ਹੈ। ਮੈਂ ਇਸ ਦਾ ਸਮਰਥਨ ਕਰਨ ਲਈ ਖੜ੍ਹਾ ਹੋਇਆ ਹਾਂ। ਇਹ ਬਹੁਤ ਹੀ ਚੰਗਾ ਬਜਟ ਪੰਜਾਬ ਦੇ ਲੋਕਾਂ ਲਈ ਹੈ ਅਤੇ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਦਾ ਇਕ ਅੱਛਾ ਬਜਟ ਟੈਕਸ ਰਹਿਤ ਪੇਸ਼ ਹੋਇਆ ਹੈ। ਚਾਹੇ ਪੰਜਾਬ ਦਾ ਕਿਸਾਨ ਹੈ, ਭਾਵੇਂ ਪੰਜਾਬ ਦਾ ਇੰਡਸਟਰੀਲਿਸਟ ਹੈ, ਭਾਵੇਂ ਉਹ ਪੰਜਾਬ ਦਾ ਵਪਾਰੀ ਹੈ, ਪੰਜਾਬ ਦਾ ਸ਼ਡਿਊਲਡ ਕਾਸਟ ਹੈ ਅਤੇ ਭਾਵੇਂ ਪੰਜਾਬ ਵਿਚ ਲੇਬਰ ਕਰਨ ਵਾਲਾ ਹੈ, ਸਾਰਿਆਂ ਨੂੰ ਹਰ ਖੇਤਰ ਵਿਚ ਇਸ ਬਜਟ ਵਿਚ ਪੂਰੀ ਰਾਹਤ ਦਿਤੀ ਗਈ ਹੈ। 1952 ਤੋਂ ਲੈ ਕੇ ਜਿਹੜੀ ਵੀ ਸਰਕਾਰ ਪੰਜਾਬ ਵਿਚ ਬਣੀ ਉਸ ਨੇ ਪੰਜਾਬ ਦੇ ਕਿਸੇ ਵਰਗ ਦਾ ਕੋਈ ਖਿਆਲ ਨਹੀਂ ਰਖਿਆ। ਪਰ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਸਾਰੇ ਵਰਗਾਂ ਦਾ ਖਿਆਲ ਰਖਿਆ ਹੈ (ਥੰਪਿੰਗ) ਸਾਰੇ ਵਰਗਾਂ ਨੂੰ ਹੀ ਰਾਹਤ ਦਿਤੀ ਗਈ ਹੈ। ਮੈਂ ਪੇਂਡੂ ਹੋਣ ਦੇ ਨਾਤੇ ਅਤੇ ਕਿਸਾਨ ਹੋਣ ਦੇ ਨਾਤੇ ਇਹ ਗੱਲ ਦਾਅਵੇ ਨਾਲ ਕਹਿੰਦਾ ਹਾਂ ਕਿ ਪਹਿਲਾਂ ਭਾਵੇਂ ਅਕਾਲੀਆਂ ਦੀ ਸਰਕਾਰ ਆਈ ਜਾਂ ਕੁਲੀਸ਼ਨ ਸਰਕਾਰ ਪੰਜਾਬ ਵਿਚ ਆਈ ਸੀ ਕਿਸੇ ਨੇ ਪੰਜਾਬ ਦੇ ਕਿਸਾਨਾਂ ਦਾ ਖਿਆਲ ਨਹੀਂ ਕੀਤਾ। ਪੰਜਾਬ ਵਿਚ 80% ਲੋਕ ਪਿੰਡਾਂ ਵਿਚ ਰਹਿੰਦੇ ਹਨ ਖਾਸ ਕਰਕੇ ਕਿਸਾਨ ਜੋ ਰੀੜ ਦੀ ਹੱਡੀ ਹੈ। ਅਕਾਲੀ ਵੀਰ ਜੋ ਜੱਟ ਸਿੱਖਾਂ ਅਤੇ ਕਿਸਾਨਾਂ ਦੇ ਮੁਦਈ ਕਹਾਉਂਦੇ ਹਨ ਇਨ੍ਹਾਂ ਨੇ ਪੰਜਾਬ ਦੇ ਜੱਟ ਸਿੱਖਾਂ ਦਾ ਕਦੇ ਕੁਝ ਨਹੀਂ ਸੰਵਾਰਿਆ। ਇਹਨਾਂ ਕੁਰਸੀ ਦੇ ਭੁੱਖਿਆਂ ਨੇ ਘੁੱਗ ਵਸਦੇ ਪੰਜਾਬ ਦੀਆਂ ਲੀਰਾਂ ਕੀਤੀਆਂ ਹਨ ਪਰ ਮੈਨੂੰ ਕਹਿਣ ਵਿਚ, ਡਿਪਟੀ ਸਪੀਕਰ ਸਾਹਿਬ, ਕੋਈ ਝਿਝਕ ਨਹੀਂ ਕਿ ਅੱਜ ਅਕਾਲੀ ਖੁਦ ਲੀਰਾਂ ਲੀਰਾਂ ਹੋਈ ਬੈਠੇ ਹਨ (ਥੰਪਿੰਗ) ਹੁਣ ਪੰਜਾਬ ਹਿੰਦੁਸਤਾਨ ਦੇ ਖੇਤਰਫਲ ਦਾ ਕੁਲ 1/53 ਹਿੱਸਾ ਰਹਿ ਗਿਆ ਹੈ ਭਾਵ ਇਸ ਨੂੰ ਡੇਢ ਪਰਸੈਂਟ ਕਹਿ ਲਵੋ। ਇਸ ਵਿਚ ਕੋਈ ਅਤਿਕਥਨੀ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਨੇਕ ਸਿੰਘ ਮਾਂਗੇਵਾਲ]

*12.18 P.M (*ਇਸ ਸਮੇਂ ਸ਼੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਸਪੀਕਰ ਸਾਹਿਬ, ਸਾਡੇ ਕਿਸਾਨਾਂ ਨੇ ਸੈਂਟਰ ਪੂਲ ਵਿਚ ਅਨਾਜ ਦਾ 70% ਹਿੱਸਾ ਪਾਇਆ ਹੈ । ਪੰਜਾਬ ਹੁਣ ਇਕ ਛੋਟਾ ਸੂਬਾ ਰਹਿ ਗਿਆ ਹੈ । ਜੇਕਰ ਹਰਿਆਣੇ ਨੂੰ ਵੀ ਨਾਲ ਲਗਾਇਆ ਜਾਵੇ ਤਾਂ ਇਹ ਹਿੱਸਾ 93% ਤਕ ਚਲਿਆ ਜਾਂਦਾ ਹੈ । ਪੰਜਾਬ ਦੇ ਕਿਸਾਨਾਂ ਨੂੰ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਬਹੁਤ ਸਹੂਲਤਾਂ ਦਿੱਤੀਆਂ ਹਨ । ਪਹਿਲਾਂ ਕਿਸਾਨਾਂ ਦੇ ਕੋਲ ਕਣਕ, ਗੰਨਾ ਅਤੇ ਚਾਵਲਾਂ ਦੇ ਭੰਡਾਰ ਪਏ ਸਨ ਅਤੇ ਕਿਸਾਨਾਂ ਨੂੰ ਗੰਨੇ ਦਾ ਭਾਅ 60-72 ਰੁਪਏ ਤੋਂ 92-93 ਰੁਪਏ ਮਿਲਦਾ ਰਿਹਾ ਹੈ । ਪ੍ਰਾਈਵੇਟ ਮਿਲਾਂ ਵੀ ਗੰਨਾ ਚੁਕਦੀਆਂ ਸਨ । ਪਰ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਆਉਣ ਤੋਂ ਬਾਅਦ ਹੀ ਇਸ ਵਿਚ ਕਾਫੀ ਵਾਧਾ ਹੋ ਗਿਆ ਹੈ। ਸਪੀਕਰ ਸਾਹਿਬ, ਠੀਕ ਹੈ ਕਿ ਚੌਲਾਂ ਵਾਸਤੇ ਥਾਂ ਨਹੀਂ ਹੈ । ਮੈਨੂੰ ਇਸ ਗੱਲ ਦਾ ਪਤਾ ਹੈ । ਮੈਂ ਵੇਅਰ ਹਾਊਸਿੰਗ ਕਾਰਪੋਰੇਸ਼ਨ ਦਾ ਚੇਅਰਮੈਨ ਹਾਂ ਅਤੇ ਚੇਅਰਮੈਨ ਹੋਣ ਦੇ ਨਾਤੇ ਮੈਨੂੰ ਇਸ ਗੱਲ ਦਾ ਪਤਾ ਹੈ ਕਿ ਸਾਡੇ ਕੋਲ ਚਾਵਲ ਰੱਖਣ ਵਾਸਤੇ ਜਗ੍ਹਾ ਨਹੀਂ ਹੈ । ਜੋ ਰੇਟ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਆ ਕੇ ਦਿਤੇ ਅਤੇ ਉਨ੍ਹਾਂ ਨੂੰ ਸਹੂਲਤਾਂ ਦਿਤੀਆਂ ਹਨ, ਮੇਰਾ ਖਿਆਲ ਹੈ ਕੋਈ ਵੀ ਸਰਕਾਰ ਅੱਜ ਤੱਕ ਦੇ ਨਹੀਂ ਸਕੀ । ਸਾਡੇ ਤੋਂ ਪਹਿਲਾਂ ਜੋ ਸਰਕਾਰਾਂ ਆਈਆਂ, ਕਦੇ ਮਾਡਲ ਵਿਲੇਜ ਬਣਾਉਂਦੀਆਂ ਰਹੀਆਂ, ਪਰ ਜੋ 12342 ਪਿੰਡਾਂ ਦੀ ਖਾਤਰ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਤਹਈਆ ਕੀਤਾ ਹੈ ਕਿ 1996 ਤੱਕ ਇਕ ਇਕ ਪਿੰਡ ਨੂੰ ਉਨਤ ਗ੍ਰਾਮ ਬਣਾ ਦੇਣਾ ਹੈ (ਥੰਪਿੰਗ) ਉਹ ਇਕ ਬਹੁਤ ਹੀ ਸ਼ਲਾਘਾਯੋਗ ਕਦਮ ਹੈ । ਅੱਜ ਪਤਾ ਲਗਦਾ ਹੈ ਕਿ 600 ਕਰੋੜ ਰੁਪਿਆ ਜੋ ਪਿਛਲੇ ਸਾਲਾਂ ਵਿਚ ਪਿੰਡਾਂ ਨੂੰ ਦਿੱਤਾ ਗਿਆ, ਉਸ ਨੇ ਪਿੰਡਾਂ ਦੀ ਕੀ ਨੁਹਾਰ ਬਦਲੀ ਹੈ । ਪਿੰਡਾਂ ਵਿਚ ਜਿਥੇ ਪਹਿਲਾਂ ਹਜ਼ਾਰਾਂ ਵਿਚ ਮਾੜੀਆਂ ਮੋਟੀਆਂ ਗਰਾਂਟਾਂ ਮਿਲ ਜਾਂਦੀਆਂ ਸਨ, ਉਥੇ ਅੱਜ ਹਜ਼ਾਰਾਂ ਦੀ ਗੱਲ ਭੁੱਲ ਕੇ ਗਰਾਂਟ ਲੱਖਾਂ ਵਿਚ ਆ ਗਈ ਹੈ । ਕੋਈ ਵੀ ਸਰਪੰਚ ਲੱਖ ਤੋਂ ਘੱਟ ਗੱਲ ਨਹੀਂ ਕਰਦਾ । ਜਦ ਵੀ ਸਰਪੰਚ ਆਉਂਦਾ ਹੈ ਇਹੀ ਕਹਿੰਦਾ ਹੈ ਕਿ 2 ਲੱਖ ਰੁਪਿਆ ਇਕੱਠਾ ਦਿਉ ਤਾਂ ਸਾਡੇ ਪਿੰਡ ਦਾ ਕੰਮ ਚਲਦਾ ਰਹੇਗਾ ਅਤੇ ਅਸੀਂ ਛੇਤੀ ਮੁਕੰਮਲ ਕਰਾਂਗੇ ।

ਇਸ ਤੋਂ ਇਲਾਵਾ ਸੜਕਾਂ ਬਾਰੇ ਕਈ ਗੱਲਾਂ ਕੀਤੀਆਂ ਗਈਆਂ ਹਨ । ਸਪੀਕਰ ਸਾਹਿਬ, ਜੋ ਸੜਕਾਂ ਦੇ ਅਤੇ ਅੱਤਵਾਦੀਆਂ ਦੇ ਵੱਟ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਕੱਢੇ ਹਨ, ਇਹ ਕਿਸੇ ਦੇ ਵੱਸ ਵਿਚ ਨਹੀਂ ਸੀ । ਹੁਣ ਭਾਵੇਂ ਸਭ ਮੁਨਕਰ ਹੋਈ ਜਾਣ ਲੇਕਿਨ ਕੋਈ ਨਹੀਂ ਸੀ ਕਹਿੰਦਾ ਕਿ ਪੰਜਾਬ ਵਿਚ ਏਨੀ ਛੇਤੀ ਅਮਨ ਬਹਾਲ ਹੋ ਜਾਵੇਗਾ । ਏਥੇ ਵੱਡੇ ਵੱਡੇ ਗਵਰਨਰ ਆਏ, ਜਨਰਲ ਆਏ ਪਰ ਸਭ ਇਹੀ ਸਮਝਦੇ ਸਨ ਕਿ ਏਥੇ ਅਮਨ ਬਹਾਲ ਹੋਣਾ ਬੜਾ ਮੁਸ਼ਕਲ ਹੈ । ਉਹੀ ਅਮਨ ਸਰਕਾਰ ਨੇ 10 ਮਹੀਨਿਆਂ ਦੇ ਵਿਚ ਵਿਚ ਲਿਆ ਕੇ ਦਿੱਤਾ ਹੈ । ਜੋ ਉਸ ਵੇਲੇ ਹਾਲਾਤ ਸਨ, ਉਹ ਕਿਸੇ ਦੀਆਂ ਅੱਖਾਂ ਤੋਂ ਓਹਲੇ ਨਹੀਂ । ਦੂਜੇ ਪਾਸੇ ਜੋ ਪੰਜਾਬ ਨੇ....

ਸ਼੍ਰੀ ਸਪੀਕਰ: ਹਰਨੇਕ ਸਿੰਘ ਜੀ, ਤੁਸੀਂ 12-30 ਵਜੇ ਕਨਕਲੂਡ ਕਰਨਾ ਹੈ ।

ਸਰਦਾਰ ਹਰਨੇਕ ਸਿੰਘ ਮਾਂਗੇਵਾਲ: ਮੇਰਾ ਤਾਂ ਫਿਰ ਟਾਈਮ ਘੱਟ ਰਹਿ ਗਿਆ ਜੀ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਹਾਲੇ 8 ਮਿੰਟ ਪਏ ਹਨ ।

ਸਰਦਾਰ ਹਰਨੇਕ ਸਿੰਘ ਮਾਂਗੇਵਾਲ : ਚਲੋ, ਠੀਕ ਹੈ ਜੀ । ਜੋ ਕਰਾਪ ਹਸਬੈਂਡਰੀ ਦੀ ਮੱਦ ਅਧੀਨ ਇਸ ਸਰਕਾਰ ਨੇ 27.2 ਕਰੋੜ ਰੁਪਿਆ ਜ਼ਿਮੀਂਦਾਰਾਂ ਦੀ ਖਾਤਰ ਰਖਿਆ ਹੈ, ਉਹ ਬੜਾ ਹੀ ਸ਼ਲਾਘਾਯੋਗ ਕੰਮ ਹੈ ਔਰ ਇਸ ਤਰ੍ਹਾਂ ਦੀ ਸਕੀਮ ਅੱਜ ਤੱਕ ਕਿਸੇ ਵੀ ਸਰਕਾਰ ਨੇ ਨਹੀਂ ਸੋਚੀ । ਦੂਸਰੇ ਪਾਸੇ 10 ਕਰੋੜ ਰੁਪਿਆ ਖਰਚ ਕੇ, ਜਦ ਕਿ ਜ਼ਮੀਨ ਖਿੱਚ ਕੇ ਤਾਂ ਵਧਾਈ ਨਹੀਂ ਜਾ ਸਕਦੀ ਖਾਸਕਰ ਹੁਸ਼ਿਆਰਪੁਰ ਡਿਸਟ੍ਰਿਕਟ ਵਿਚ ਜੋ ਊਬੜ-ਖਾਬੜ ਜ਼ਮੀਨ ਹੈ, ਉਸਨੂੰ ਪੱਧਰਾ ਕਰਕੇ ਉਪਜਾਊ ਬਣਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ । ਇਹ ਪੈਸਾ ਜ਼ਿਮੀਂਦਾਰਾਂ ਨੂੰ ਸਬਸਿਡੀ ਦੇ ਰੂਪ ਵਿਚ ਦੇਣਾ ਹੈ । ਉਸ ਜ਼ਮੀਨ ਨੂੰ ਪੱਧਰਾ ਕਰਕੇ ਅਤੇ ਉਥੇ ਡੂੰਘੇ ਟਿਊਬਵੈਲ ਲਾ ਕੇ ਦੇਣੇ ਹਨ । ਇਸ ਤਰ੍ਹਾਂ ਇਹ ਉਪਜ ਵਿਚ ਵਾਧਾ ਕਰਨਗੇ । ਇਹ ਤਹਈਆ ਸਰਕਾਰ ਨੇ ਕੀਤਾ ਹੈ ।

ਇਸ ਤੋਂ ਇਲਾਵਾ ਵਣ ਵਿਭਾਗ ਦੀ ਗੱਲ ਆਈ ਹੈ, ਇਸ ਨਾਲ ਪੌਲਿਊਸ਼ਨ ਦਾ ਵੀ ਸਬੰਧ ਹੈ । ਵਣ ਦੇ ਖੇਤਰ ਵਿਚ ਜੋ ਮੱਲਾਂ ਸਾਡੀ ਸਰਕਾਰ ਮਾਰਨ ਲੱਗੀ ਹੈ, ਉਹ ਸਾਹਮਣੇ ਹਨ । ਵਣ ਪੌਲਿਊਸ਼ਨ ਦੀ ਵੀ ਰੋਕਥਾਮ ਕਰਦੇ ਹਨ । ਬਾਕੀ ਵਣਾਂ ਤੋਂ ਬਿਨਾਂ ਪੌਲਿਊਸ਼ਨ ਵੀ ਕੰਟਰੋਲ ਨਹੀਂ ਹੋ ਸਕਦੀ । ਸਾਡਾ ਵਣਾਂ ਦਾ ਇਲਾਕਾ ਜਿਵੇਂ ਮੈਂ ਪਹਿਲਾਂ ਕਹਿ ਚੁੱਕਾ ਹਾਂ ਕਾਫੀ ਘੱਟ ਚੁੱਕਾ ਹੈ । ਕਿਉਂਕਿ ਜਿਵੇਂ ਮੈਂ ਕਿਹਾ ਹੈ ਕਿ ਜੋ ਵਣ ਵਾਲਾ ਇਲਾਕਾ ਸੀ, ਉਹ ਸਾਡੇ ਵੀਰਾਂ ਨੇ ਕੱਢ ਕੇ ਅਲਹਿਦਾ ਕਰ ਦਿੱਤਾ ਹੈ । ਹੁਣ ਸਾਨੂੰ ਆਪਣੇ ਇਸੇ ਛੋਟੇ ਜਿਹੇ ਖਿੱਤੇ ਵਿਚ ਵਣ ਵੀ ਲਾਉਣੇ ਪੈਣੇ ਹਨ । ਸਰਕਾਰ ਨੇ ਇਸ ਪਾਸੇ ਬੜਾ ਤਕੜਾ ਤਹਈਆ ਕੀਤਾ ਹੈ ਅਤੇ 12 ਕਰੋੜ ਤੋਂ ਉਪਰ ਪੈਸੇ ਰਖੇ ਹਨ ।

ਤੀਸਰੇ ਪਾਸੇ ਜੋ ਪਸ਼ੂ ਧਨ ਹੈ, ਇਹ ਜ਼ਿਮੀਂਦਾਰ ਦਾ ਬੜਾ ਤਕੜਾ ਧਨ ਹੈ । ਉਸਦੀ ਰਾਖੀ ਖਾਤਰ ਜੋ ਉਪਰਾਲੇ ਕੀਤੇ ਜਾ ਰਹੇ ਹਨ, ਉਹ ਸ਼ਲਾਘਾਯੋਗ ਹਨ । ਸਾਡੇ ਇਸ ਮਹਿਕਮੇ ਨੇ ਜੋ ਤਰੱਕੀ ਕੀਤੀ ਹੈ, ਉਹ ਵੀ ਸ਼ਲਾਘਾਯੋਗ ਹੈ । ਇਨ੍ਹਾਂ ਨੇ ਇਕ ਕਾਲਜ ਖੋਲ੍ਹਣਾ ਹੈ ਜਿਹੜਾ ਐਨੀਮਲ ਹਸਬੈਂਡਰੀ ਦੇ ਡਾਕਟਰ ਟਰੇਂਡ ਕਰੇਗਾ । ਇਹ ਕਾਲਜ ਰਾਮਪੁਰਾ ਵਿਚ ਖੋਲ੍ਹਣ ਲੱਗੇ ਹਨ । ਇਸ ਤੋਂ ਇਲਾਵਾ ਇਹ 5 ਹਸਪਤਾਲ ਅਤੇ 300 ਡਿਸਪੈਂਸਰੀਆਂ ਖੋਲ੍ਹ ਚੁੱਕੇ ਹਨ । ਇਨ੍ਹਾਂ ਨੇ ਤਕਰੀਬਨ ਇਹ ਤਹਈਆ ਕਰ ਲਿਆ ਹੈ ਕਿ ਹਰ 2 ਮੀਲ ਦੇ ਫਾਸਲੇ ਤੇ ਇਕ ਡਿਸਪੈਂਸਰੀ ਖੋਲ੍ਹ ਦੇਣੀ ਹੈ ਤਾਂਕਿ ਜ਼ਿਮੀਂਦਾਰਾਂ ਨੂੰ ਅਤੇ ਗਰੀਬ ਲੋਕਾਂ ਨੂੰ ਆਪਣੇ ਪਸ਼ੂ ਲੈ ਕੇ ਕਿਸੇ ਤੀਸਰੇ ਪਿੰਡ ਵਿਚ ਜਾਣਾ ਨਾ ਪਵੇ ।

ਇਸ ਤੋਂ ਇਲਾਵਾ ਇਹ ਜਿਹੜੀ ਅੰਗੂਰਾ ਖਰਗੋਸ਼ ਦੀ ਨਵੀਂ ਸਕੀਮ ਇਨ੍ਹਾਂ ਨੇ ਲਿਆ ਕੇ ਦਿੱਤੀ ਹੈ, ਇਹ ਵੀ ਇਨ੍ਹਾਂ ਦੀ ਬੜੀ ਭਾਰੀ ਦੇਣ ਹੈ । ਹੁਣ ਇਹ ਇਕ ਬਟੇਰਾ ਫ਼ਾਰਮ ਵੀ ਬਣਾਉਣ ਲੱਗੇ ਹਨ । ਨੀਲਾ ਇਨਕਲਾਬ ਲਿਆਉਣ ਵਾਲੇ ਪਾਸੇ ਵੀ ਇਹ ਚਲ ਰਹੇ ਹਨ । ਮੱਛੀਆਂ ਵਾਸਤੇ ਤਲਾਅ ਬਣਾਏ ਗਏ ਹਨ । ਇਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਨੇਕ ਸਿੰਘ ਮਾਂਗੇਵਾਲ]

ਨੀਲਾ ਇਨਕਲਾਬ ਲਿਆ ਕੇ ਛੱਡਣਾ ਹੈ । ਹਰ ਪਿੰਡ ਵਿਚ ਪੌਂਡਜ਼ ਬਣਾਏ ਜਾ ਰਹੇ ਹਨ । ਪੋਲਟਰੀ ਫਾਰਮਿੰਗ, ਡੇਅਰੀ ਫਾਰਮਿੰਗ ਅਤੇ ਫਿਰ ਫਾਰਮਿੰਗ-ਜ਼ਿਮੀਂਦਾਰਾਂ ਦੇ ਇਹ ਤਿੰਨ ਵੱਡੇ ਸਾਈਡ ਬਿਜ਼ਨੈਸ ਹਨ । ਇਸ ਸਰਕਾਰ ਦੇ ਆਉਣ ਤੋਂ ਬਾਦ ਦੁੱਧ ਉਤਪਾਦਨ ਨੂੰ ਵੀ ਬੜ੍ਹਾਵਾ ਮਿਲਿਆ ਹੈ । ਪੰਜਾਬ ਵਿਚ ਪਹਿਲਾਂ ਦੁੱਧ ਵਾਲੇ ਪਸ਼ੂ ਕਾਫੀ ਘਟ ਚੁੱਕੇ ਸੀ ਲੇਕਿਨ ਹੁਣ ਲੁਧਿਆਣੇ ਜਿਹੜਾ ਮਿਲਕ ਪਲਾਂਟ ਹੈ, ਉਹ ਉਤਰੀ ਭਾਰਤ ਵਿਚੋਂ ਸਭ ਤੋਂ ਪਹਿਲੇ ਨੰਬਰ ਤੇ ਜਾ ਰਿਹਾ ਹੈ । ਦੁੱਧ ਦੀਆਂ ਵਸਤੂਆਂ ਹੁਣ ਅਸੀਂ ਬਾਹਰਲੇ ਮੁਲਕਾਂ ਵਿਚ ਵੀ ਭੇਜਣ ਲੱਗੇ ਹਾਂ । ਲੁਧਿਆਣਾ ਮਿਲਕ ਪਲਾਂਟ ਦਾ ਪਾਊਡਰ ਬਾਹਰਲੇ ਮੁਲਕਾਂ ਵਿਚ ਜਾਣ ਲੱਗਿਆ ਹੈ । ਲੱਸੀ ਵੀ ਬਾਹਰ ਜਾਣ ਲੱਗੀ ਹੈ । ਇਸ ਪਲਾਂਟ ਲਈ ਇਹ ਜਿਹੜਾ 1.40 ਲੱਖ ਰੁਪਿਆ ਪ੍ਰਾਈਸ ਡਿਫਰੈਂਸ ਮਿਲਿਆ ਹੈ, ਇਹ ਪੈਸਾ 24 ਤਹੀਕ ਨੂੰ ਸੀ. ਐਮ. ਸਾਹਿਬ ਨੇ ਆਪਣੇ ਕਰ ਕਮਲਾਂ ਨਾਲ ਸਾਰੇ ਜ਼ਿਲ੍ਹਿਆਂ ਦੇ ਦੁੱਧ ਉਤਪਾਦਕਾਂ ਨੂੰ ਵੰਡਣਾ ਹੈ ।

ਇੰਡਸਟਰੀ ਦੇ ਖੇਤਰ ਵਿਚ ਵੀ ਇਸ ਸਰਕਾਰ ਨੇ ਬਹੁਤ ਮੱਲਾਂ ਮਾਰੀਆਂ ਹਨ ਜਿਸ ਬਾਰੇ ਸੀ. ਐਮ. ਸਾਹਿਬ ਨੇ ਕੱਲ੍ਹ ਵੀ ਇਥੇ ਕਿਹਾ ਸੀ ਬੜੇ ਵੱਡੇ ਵੱਡੇ ਪ੍ਰਾਜੈਕਟ ਇਨ੍ਹਾਂ ਨੇ ਇਥੇ ਲਿਆਂਦੇ ਹਨ । ਸਭ ਤੋਂ ਵੱਡਾ ਪ੍ਰਾਜੈਕਟ ਪੈਟਰੋ ਕੈਮੀਕਲਜ਼ ਦਾ ਹੈ ਜਿਸ ਬਾਰੇ ਸਾਡੇ ਮਾਨਯੋਗ ਵਿਰੋਧੀ ਸਾਥੀ ਕਾਨਫਰੰਸਾਂ ਕਰਦੇ ਫਿਰਦੇ ਹਨ । ਉਹ ਬੜੇ ਪੁੱਠੇ ਤਰੀਕੇ ਦੇ ਨਾਲ ਇਸ ਦੇ ਖਿਲਾਫ ਤਕਰੀਰਾਂ ਕਰਦੇ ਹਨ, ਭੜਕਾਊ ਪ੍ਰਚਾਰ ਕਰਦੇ ਹਨ । ਟੌਹੜਾ ਸਾਹਿਬ ਜਿਹੜੇ ਕਿ ਸਿੱਖ ਕੌਮ ਦਾ ਪੋਪ ਕਹਾਉਂਦੇ ਹਨ, ਉਨ੍ਹਾਂ ਨੇ ਭੋਪਾਲ ਦੀ ਫੈਕਟਰੀ ਦੀ ਗੱਲ ਕੀਤੀ ਹੈ ਕਿ ਜਿਸ ਤਰ੍ਹਾਂ ਉਥੇ ਗੈਸ ਲੀਕ ਹੋਣ ਤੋਂ ਬਾਦ ਲੂਲ੍ਹੇ ਲੰਗੜੇ ਬੱਚੇ ਪੈਦਾ ਹੁੰਦੇ ਹਨ, ਉਸੇ ਤਰ੍ਹਾਂ ਹੀ ਇਥੇ ਵੀ ਉਹੋ ਜਿਹੇ ਬੱਚੇ ਪੈਦਾ ਹੋਣਗੇ ਜੇ ਇਹ ਪ੍ਰਾਜੈਕਟ ਇਥੇ ਲੱਗ ਗਿਆ । ਉਨ੍ਹਾਂ ਨੂੰ ਇਹ ਤਾਂ ਪਤਾ ਨਹੀਂ ਕਿ ਇਹ ਜੋ ਪਲਾਂਟ ਲੱਗਣਾ ਹੈ, ਇਸ ਵਿਚ ਕਿਸੇ ਕਿਸਮ ਦੀ ਕੋਈ ਗੈਸ ਨਹੀਂ ਬਣਨੀ । ਇਸ ਵਿਚ ਤਾਂ ਪੈਟਰੋਲ ਪਦਾਰਥ ਬਣਨੇ ਹਨ । ਉਨ੍ਹਾਂ ਨੇ ਇਕ ਕਮੇਟੀ ਬਣਾਈ ਹੈ. ਉਜਾੜਾ ਰੋਕੂ ਕਮੇਟੀ । ਪੰਜਾਬ ਇਕ ਸ਼ਰਹੱਦੀ ਸੂਬਾ ਹੈ ਜਿਸ ਕਰਕੇ ਇਥੇ ਵੱਡੇ ਪ੍ਰਾਜੈਕਟ ਨਹੀਂ ਦਿੱਤੇ ਜਾਂਦੇ ਸਨ । ਉਸ ਵਕਤ ਇਹੀ ਲੋਕ ਕਹਿੰਦੇ ਹੁੰਦੇ ਸਨ ਕਿ ਸੈਂਟਰ ਸਾਨੂੰ ਵੱਡੇ ਪ੍ਰਾਜੈਕਟ ਨਹੀਂ ਦਿੰਦਾ । ਹੁਣ ਜੇ ਇਥੇ ਵੱਡੇ ਪ੍ਰਾਜੈਕਟ ਲੱਗਣ ਲੱਗੇ ਹਨ ਤਾਂ ਇਹ ਲੋਕ ਹਰ ਥਾਂ ਜਾ ਕੇ ਲੋਕਾਂ ਨੂੰ ਭੜਕਾ ਰਹੇ ਹਨ ਅੱਤ ਉਥੇ ਮੇਰੇ ਹਲਕੇ ਵਿਚ 3-4 ਕਾਨਫਰੰਸਾਂ ਕਰ ਚੁੱਕੇ ਹਨ । ਜਦੋਂ ਭਾਖੜਾ ਨਹਿਰ ਨਿਕਲੀ ਸੀ ਤਾਂ ਉਸ ਵੇਲੇ ਵੀ ਇਨ੍ਹਾਂ ਲੋਕਾਂ ਨੇ ਇਸ ਕਿਸਮ ਦਾ ਹੀ ਪ੍ਰਚਾਰ ਕੀਤਾ ਸੀ ਕਿ ਪਾਣੀ ਵਿਚੋਂ ਬਿਜਲੀ ਤਾਂ ਨਿਕਲ ਜਾਣੀ ਹੈ ਅਤੇ ਲੋਕਾਂ ਨੂੰ ਫੋਕਾ ਪਾਣੀ ਮਿਲਣਾ ਹੈ । ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਫੋਕਾ ਪਾਣੀ ਇਨ੍ਹਾਂ ਨੂੰ ਕਿਥੋਂ ਲਭ ਪਿਆ ? ਇੰਡਸਟਰੀ ਵਿਚ ਇਸ ਵੱਡੇ ਪ੍ਰਾਜੈਕਟ ਤੋਂ ਇਲਾਵਾ 4-5 ਹੋਰ ਵੀ ਵੱਡੇ ਵੱਡੇ ਪ੍ਰਾਜੈਕਟ ਲੱਗ ਰਹੇ ਹਨ ਜੋ ਕਿ ਸ਼੍ਰੀ ਰਾਮ ਗਰੁੱਪ ਵਾਲੇ, ਗੋਦਰੇਜ ਵਾਲੇ ਅਤੇ ਰੈਨਕ ਸਿੰਘ ਗਰੁੱਪ ਵਾਲੇ ਆਪਣੇ ਪ੍ਰਾਜੈਕਟ ਲਗਾ ਰਹੇ ਹਨ । ਅਪੋਲੋ ਟਾਇਰਜ਼ ਵਾਲੇ ਰੈਨਕ ਸਿੰਘ ਗਰੁੱਪ ਵਲੋਂ ਗੋਇੰਦਵਾਲ ਸਾਹਿਬ ਵਿਖੇ ਬੜਾ ਵੱਡਾ ਪ੍ਰਾਜੈਕਟ ਲਾਇਆ ਜਾ ਰਿਹਾ ਹੈ । ਜੇ ਇਹ ਇੰਡਸਟਰੀ ਸਾਡੇ ਇਲਾਕੇ ਵਿਚੋਂ ਬਾਹਰ ਚਲੀ ਗਈ ਤਾਂ ਸਾਡਾ ਬਹੁਤ

Original with;
Punjab Vidhan Sabha
Digitized by;
Punjab Digital Library

ਨੁਕਸਾਨ ਹੋਵੇਗਾ । ਸਰਦਾਰ ਬੇਅੰਤ ਸਿੰਘ ਜੀ ਨੂੰ ਪਤਾ ਹੈ ਕਿ ਉਹ ਕਿੰਨੀ ਕੁ ਉਪਜਾਊ ਜ਼ਮੀਨ ਹੈ । ਉਹ ਜ਼ਮੀਨ ਜੀ. ਟੀ. ਰੋਡ ਦੇ ਆਲੇ-ਦੁਆਲੇ ਦੀ ਹੈ । ਮੈਨੂੰ ਵੀ ਪਤਾ ਹੈ ਕਿ ਉਥੇ ਕਦੇ ਕੋਈ ਜ਼ਿਆਦਾ ਫ਼ਸਲ ਨਹੀਂ ਹੁੰਦੀ ।

ਸ਼੍ਰੀ ਸਪੀਕਰ : ਤੁਸੀਂ ਹੁਣ ਵਾਈਂਡ ਅੱਪ ਕਰੋ ਜੀ ।

ਸਰਦਾਰ ਹਰਨੇਕ ਸਿੰਘ ਮਾਂਗੇਵਾਲ : ਚਲੋ, ਸਪੀਕਰ ਸਾਹਿਬ, ਮੈਂ ਵਾਈਂਡ-ਅੱਪ ਕਰ ਚਿੰਦਾ ਹਾਂ । ਤੁਸੀਂ ਮੈਨੂੰ ਬੋਲਣ ਲਈ ਕਿਸੇ ਦਿਨ ਫਿਰ ਟਾਈਮ ਦੇ ਦੇਣਾ ।

ਸ਼੍ਰੀ ਸਪੀਕਰ : 27 ਤਰੀਖ ਨੂੰ ਤੁਹਾਨੂੰ ਫਿਰ ਟਾਈਮ ਦੇ ਦਿਆਂਗੇ । ਤਿੰਨ ਦਿਨ ਡੀਮਾਂਡ ਹੋਣਗੀਆਂ ਉਦੋਂ ਬੋਲ ਲੈਣਾ ।

ਸਰਦਾਰ ਹਰਨੇਕ ਸਿੰਘ ਮਾਂਗੇਵਾਲ : ਠੀਕ ਹੈ ਜੀ । ਏਨਾ ਕਹਿੰਦਾ ਹੋਇਆ ਮੈਂ ਸਰਦਾਰ ਬੇਅੰਤ ਸਿੰਘ ਜੀ, ਮੁਖ ਮੰਤਰੀ, ਡਾਕਟਰ ਕੇਵਲ ਕ੍ਰਿਸ਼ਨ ਜੀ ਦਾ ਖਾਸ ਤੌਰ ਤੇ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਏਨਾ ਚੰਗਾ ਬਜਟ ਲਿਆ ਕੇ ਦਿੱਤਾ ਹੈ । ਆਪੋਜੀਸ਼ਨ ਵਾਲਿਆਂ ਦੀ ਤਾਂ, ਸਪੀਕਰ ਸਾਹਿਬ, ਇਹ ਗੱਲ ਹੈ ਕਿ ਕਿਸੇ ਨੇ ਮਹਿਲ ਬਨਾਉਣਾ ਸੀ ਕੀੜੀ ਨੇ ਰਹਿਣ ਲਈ ਤਾਂ ਆਪਣੇ ਆਪ ਹੀ ਕੋਈ ਖੁੱਡ ਬਨਾਉਣੀ ਹੈ । ਪਰ ਮਹਿਲ ਵਾਲੇ ਨੂੰ ਉਸਦੀ ਇਸ ਖੁੱਡ ਨਾਲ ਕੋਈ ਫਰਕ ਨਹੀਂ ਪੈਣਾ ।

STATEMENT BY CHIEF MINISTER RE. OBSERVANCE OF GOOD BEHAVIOUR AND SETTING UP GOOD TRADITIONS BY THE MEMBERS

ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਮੈਨੂੰ ਅਫ਼ਸੋਸ ਇਸ ਗੱਲ ਦਾ ਹੈ ਕਿ ਬਾਵਜੂਦ ਇਸਦੇ ਕਿ ਅਸੀਂ ਰੀਕੁਐਸਟ ਵੀ ਕਰਦੇ ਹਾਂ ਔਰ ਤੁਸੀਂ ਵੀ ਆਪਣੀ ਰੂਲਿੰਗ ਦਿੰਦੇ ਹੋ ਲੇਕਿਨ ਫਿਰ ਵੀ ਜੋ ਸਾਡਾ ਹਾਊਸ ਦਾ ਸਤਿਕਾਰ ਹੋਣਾ ਚਾਹੀਦਾ ਹੈ ਉਹ ਸਾਡੇ ਮਾਨਯੋਗ ਮੈਂਬਰ ਖਾਸ ਕਰਕੇ ਬੀ. ਐਸ. ਪੀ. ਪਾਰਟੀ ਵਾਲੇ ਉਹ ਸਤਿਕਾਰ ਨਹੀਂ ਕਰਦੇ ਔਰ ਮੈਂ ਸਮਝਦਾ ਹਾਂ ਕਿ ਉਹ ਆਪਣਾ ਹੀ ਵਕਤ ਜਾਇਆ ਕਰਦੇ ਹਨ ਔਰ ਉਹ ਚੀਪ ਪਾਪੂਲੈਰਟੀ ਲੈਂਦੇ ਹਨ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਚੰਗੀਆਂ ਪਰੰਪਰਾਵਾਂ ਪਾਉਣੀਆਂ ਚਾਹੀਦੀਆਂ ਹਨ ਤਾਂ ਕਿ ਅਸੀਂ ਇਹ ਕਹਿ ਸਕੀਏ ਕਿ ਅਸੀਂ ਵਾਕਿਆ ਹੀ ਲੋਕਾਂ ਦੇ ਨੁਮਾਇੰਦੇ ਹਾਂ । ਲੇਕਿਨ ਦੁੱਖ ਇਸ ਗੱਲ ਦਾ ਹੈ ਕਿ ਜਦੋਂ ਮੈਂ ਕੱਲ ਬੋਲ ਰਿਹਾ ਸੀ ਤਾਂ ਵੀ ਕਈ ਵਾਰ ਅਕਾਲੀ ਦਲ ਦੇ ਔਰ ਕੁਝ ਹੋਰ ਏਥੋਂ ਗੈਰ-ਹਾਜ਼ਰ ਸਨ । ਬਾਅਦ ਵਿੱਚ ਇਹ ਕਹਿਣਾ ਕਿ ਸਾਡੀ ਗੈਰ-ਹਾਜ਼ਰੀ ਵਿੱਚ ਬੋਲਦੇ ਹੋਏ ਇਹ ਗੱਲ ਕਹੀ ਗਈ ਹੈ ਇਹ ਬਿਲਕੁਲ ਗਲਤ ਹੈ । ਏਥੇ ਜਦੋਂ ਇਸ ਗੱਲ ਦਾ ਇਹਤਰਾਮ ਹੀ ਨਹੀਂ ਕਿ ਸਰਕਾਰ ਵੱਲੋਂ ਲੋਕ ਕੀ ਕੀ ਬੋਲੇ ਹਨ, ਆਪੋਜ਼ੀਸ਼ਨ ਵਾਲੇ ਕੀ ਬੋਲੇ ਹਨ ਤਾਂ ਮੈਂ ਸਮਝਦਾ ਹਾਂ ਕਿ ਇਸ ਨਾਲ ਤਾਂ ਪਾਰਲੀਆਮੈਂਟਰੀ ਡੈਮੋਕਰੇਸੀ ਦਾ ਬੜਾ

Original with;
Punjab Vidhan Sabha
Digitized by;
Punjab Digital Library

[ਮੁੱਖ ਮੰਤਰੀ]

ਭਾਰੀ ਨੁਕਸਾਨ ਹੁੰਦਾ ਹੈ । ਇਨ੍ਹਾਂ ਗੱਲਾਂ ਤੋਂ ਸਾਨੂੰ ਬੜਾ ਗੁਰੇਜ਼ ਕਰਨਾ ਚਾਹੀਦਾ ਹੈ ਅੌਰ ਸਾਨੂੰ ਉਨ੍ਹਾਂ ਗੱਲਾਂ ਤੋਂ ਵੀ ਗੁਰੇਜ਼ ਕਰਨਾ ਚਾਹੀਦਾ ਹੈ ਜੋ ਮੈਂ ਕਈ ਵਾਰ ਇਹ ਗੱਲ ਆਖੀ ਹੈ ਕਿ ਹਾਲੇ ਪੰਜਾਬ ਦੇ ਜ਼ਖਮ ਜੋ ਸਾਨੂੰ ਅੱਤਵਾਦ ਨੇ ਦਿੱਤੇ ਹਨ ਉਹ ਹਾਲੇ ਅੱਲੇ ਹਨ, ਅਜੇ ਲੋੜ ਹੈ ਉਨ੍ਹਾਂ ਤੇ ਮੱਲ੍ਹਮ ਲਾਉਣ ਦੀ । ਕਈ ਸਾਡੇ ਲੋਕ ਇਸ ਨੂੰ ਉਚੇੜਣ ਦੀ ਕੋਸ਼ਿਸ਼ ਕਰਦੇ ਹਨ । ਅਗਰ ਇਸ ਤਰ੍ਹਾਂ ਇਹ ਜ਼ਖ਼ਮ ਉਚੇੜੇ ਜਾਣਗੇ ਤਾਂ ਮੈਨੂੰ ਇਸ ਗੱਲ ਦਾ ਬੜਾ ਭਾਰੀ ਅਫਸੋਸ ਹੈ ਅੌਰ ਸਾਨੂੰ ਪੰਜਾਬ ਦੇ ਅੰਦਰ ਫਿਰ ਆਹਾਂ ਦੇਖਣ ਨੂੰ ਮਿਲਣਗੀਆਂ । ਮੈਂ ਕਈ ਵਾਰ ਇਹ ਗੱਲ ਆਖੀ ਹੈ ਅੌਰ ਕਈ ਵਾਰ ਜੋ ਗੱਲ ਆਖੀ ਜਾਂਦੀ ਹੈ ਉਸ ਦਾ ਮਤਲਬ ਵੀ ਉਲਟ ਲਿਆ ਜਾਂਦਾ ਹੈ । ਮੈਂ ਕਲ੍ਹ ਬੋਲਦਿਆਂ ਇਕ ਮੁਹਾਵਰਾ ਇਸਤੇਮਾਲ ਕੀਤਾ ਸੀ । ਅੌਰ ਇਹ ਗੱਲ ਆਖੀ ਸੀ ਕਿ ਕਾਫਲਾ ਲੰਘ ਜਾਂਦਾ ਹੈ .....'ਅਜਿਹਾ ਕਹਿ ਕੇ ਮੇਰਾ ਕਿਸੇ ਤੇ ਕੋਈ ਇਲਜ਼ਾਮ ਲਾਉਣ ਦਾ ਕੋਈ ਮਨਸ਼ਾ ਨਹੀਂ ਸੀ । ਕਿਸੇ ਦੀ ਬੇਇਜ਼ਤੀ ਕਰਨ ਦਾ ਕੋਈ ਮਨਸ਼ਾ ਨਹੀਂ ਸੀ । ਜਿਸ ਤਰ੍ਹਾਂ ਅਕਾਲੀ ਦਲ ਦੇ ਨੇਤਾ ਕੱਲ੍ਹ ਗੈਰ-ਹਾਜ਼ਰ ਰਹੇ ਅੌਰ ਅੱਜ ਆ ਕੇ ਇਹ ਗੱਲ ਚੁੱਕ ਲਈ, ਅਗਰ ਕਿਸੇ ਦੇ ਜ਼ਜਬਾਤ ਨੂੰ ਮੇਰੇ ਲਫਜ਼ਾਂ ਦੇ ਨਾਲ ਠੇਸ ਪਹੁੰਚੀ ਹੋਵੇ ਤਾਂ ਬੇਸ਼ੱਕ ਮੇਰੇ ਉਹ ਲਫਜ਼ ਮੇਰੀ ਉਸ ਸਪੀਚ ਵਿੱਚੋਂ ਕਢਾ ਦਿਓ, ਮੈਨੂੰ ਇਸ ਦਾ ਕੋਈ ਇਤਰਾਜ਼ ਨਹੀਂ । (ਥੰਪਿੰਗ) ਜਦੋਂ ਕੋਈ ਤਕਰੀਰ ਕਰਦਾ ਹੈ ਤਾਂ ਸਾਨੂੰ ਕੋਈ ਨਾ ਕੋਈ ਰੈਫਰੈਂਸ ਵੀ ਦੇਣੇ ਪੈਂਦੇ ਹਨ । ਬੇਸ਼ੱਕ ਉਹ ਹਾਊਸ ਤੋਂ ਬਾਹਰ ਬੈਠੇ ਹਨ ਜੋ ਪੰਜਾਬ ਦੇ ਅਮਨ ਵਿੱਚ, ਇਸਦੀ ਬਹਿ-ਬੂਦੀ ਵਿੱਚ, ਅਮਨ ਵਿੱਚ ਹਿੱਸਾ ਪਾਉਂਦੇ ਹਨ, ਅਸੀਂ ਆਪਣੀ ਸਪੀਚ ਵਿੱਚ ਉਸਦਾ ਨਾਂ ਲੈਂਦੇ ਹਾਂ । ਲੇਕਿਨ ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਬੀ. ਅੈਸ. ਪੀ. ਵੱਲੋਂ ਇਹ ਪਰੰਪਰਾ ਬਣ ਗਈ ਹੈ ਚੀਪ ਪਾਪੂਲੈਰਿਟੀ ਲੈਣ ਦੀ, ਇਹ ਬੜੀ ਭਾਰੀ ਬੁਰੀ ਗੱਲ ਹੋਈ ਹੈ । ਅੌਰ ਉਹ ਬੁਰੀ ਗੱਲ ਹੈ ਮਸਲ ਪਾਵਰ ਦੀ । ਅੱਜ ਵੀ ਕਮਿਊਨਲ ਪਾਰਟੀਆਂ ਜਿਨ੍ਹਾਂ ਦਾ ਸ਼ਾਇਦ ਡੈਮੋਕਰੇਸੀ ਨਾਲ ਕੋਈ ਤੁਅੱਲਕ ਨਹੀਂ ਹੈ । ਉਹ ਕ੍ਰਿਮੀਨਲ ਵੇਅ ਨਾਲ ਲੋਕਾਂ ਦੇ ਜਜ਼ਬਾਤ ਭੜਕਾ ਕੇ ਉਨ੍ਹਾਂ ਨੂੰ ਆਪਣੇ ਨਾਲ ਲਗਾਉਣਾ ਚਾਹੁੰਦੇ ਹਨ ਜੋ ਕਿ ਦਰੁਸਤ ਨਹੀਂ ਹੈ । ਸਪੀਕਰ ਸਾਹਿਬ, ਤੁਸੀਂ ਠੀਕ ਕਿਹਾ ਹੈ ਕਿ ਸਪੀਚ ਦੇ ਵਿੱਚ ਇਹ ਗੱਲਾਂ ਆਖਣ ਅੌਰ ਇਹ ਰਵਾਇਤ ਹੋਣੀ ਚਾਹੀਦੀ ਹੈ ਕਿ ਅਸੀਂ ਉਨ੍ਹਾਂ ਗੱਲਾਂ ਦਾ ਜਵਾਬ ਦੇਈਏ । ਪਰ ਜ਼ੀਰੋ ਅਵਰ ਵਿੱਚ ਮੰਗਾਂ ਉਠਾਉਣਾ, ਮੈਂ ਉਸ ਵਕਤ ਜਵਾਬ ਦੇ ਸਕਦਾ ਸੀ ਅਤੇ ਦੇਣਾ ਵੀ ਚਾਹੁੰਦਾ ਸੀ ਪਰ ਅਸੀਂ ਬਾਉਂਡ ਨਹੀਂ ਕਿ ਜ਼ੀਰੋ ਅਵਰ ਵਿੱਚ ਜਵਾਬ ਦੇਈਏ । ਮੈਂ ਓਦੋਂ ਜਾਣ-ਬੁੱਝ ਕੇ ਜਵਾਬ ਨਹੀਂ ਦਿੱਤਾ ਕਿਉਂਕਿ ਉਹ ਪਾਰਲੀਮਾਨੀ ਡੈਮੋਕਰੇਸੀ ਦੀ ਪਰੰਪਰਾ ਦੇ ਅਨੁਕੂਲ ਨਹੀਂ ਸੀ । ਅਗਲੀ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਤੇ ਬੀ. ਅੈਸ. ਪੀ. ਪਾਰਟੀ ਵਾਲਿਆਂ ਦੀ ਬੈਕ-ਗਰਊਂਡ ਦੱਸਣਾ ਚਾਹੁੰਦਾ ਹਾਂ । ਅੱਜ ਉਨ੍ਹਾਂ ਦੀਆਂ ਉਨ੍ਹਾਂ ਨਾਲ ਪਿਆਰ ਦੀਆਂ ਪੀਂਘਾਂ ਪੈ ਰਹੀਆਂ ਹਨ ਜਿਹੜੇ ਲੋਕ ਅੱਤਵਾਦ ਦੇ ਹਾਮੀ ਹਨ । ਖਾਲਸਾ ਮਾਰਚ ਹੋਇਆ । ਕੀ ਉਥੇ ਬੀ. ਅੈਸ. ਪੀ. ਦੇ ਮੈਂਬਰਾਂ ਨੇ ਵਧ ਚੜ੍ਹ ਕੇ ਹਿੱਸਾ ਨਹੀਂ ਲਿਆ ? ਇਨਾਂ ਦੀ ਜੋ ਮਨਸ਼ਾ ਸੀ, ਮੈਂ ਬੜੀ ਚੰਗੀ ਤਰ੍ਹਾਂ ਸਮਝਦਾ ਹਾਂ । ਸਪੀਕਰ ਸਾਹਿਬ, ਇਨ੍ਹਾਂ ਦੇ ਹਜ਼ਾਰਾਂ ਆਦਮੀ ਕਈ ਜਗ੍ਹਾ ਤੋਂ ਆਉਂਦੇ ਹੋਣਗੇ ।

Original with;
Punjab Vidhan Sabha
Digitized by;
Panjab Digital Library

ਰੂਪੜ ਦੇ ਨੇੜੇ ਇਕ ਜਗ੍ਹਾ ਹੈ, ਪਿੰਡ ਖੁਰਲਾ ਕਿੰਗਰਾ ਜੋ ਕਿ ਜਲੰਧਰ ਜ਼ਿਲ੍ਹੇ ਵਿੱਚ ਪੈਂਦਾ ਹੈ । ਉਥੇ ਕੋਈ 25 ਟਰੱਕ ਸਨ । ਉਥੇ ਇਨ੍ਹਾਂ ਦੇ ਇੱਕ ਆਦਮੀ ਪਵਨ ਕੁਮਾਰ ਨੇ ਉਥੇ ਭੜਕਾਊ ਤਕਰੀਰ ਦਿੱਤੀ ਜਿਸਦਾ ਰਿਜ਼ਲਟ ਇਹ ਹੋਇਆ ਟਰੱਕਾਂ ਦੇ ਵਿੱਚ ਬੈਠੇ ਹੋਏ ਲੋਕ ਜਿਹੜੇ ਆਪਣੇ ਨਾਲ ਪੱਥਰ ਲੈ ਕੇ ਆਏ ਸਨ, ਇੱਟਾਂ ਰੱਖੀਆਂ ਹੋਈਆਂ ਸਨ ਅਤੇ ਹੋਰ ਡਾਂਗਾਂ ਵਗੈਰਾ ਵੀ ਉਨ੍ਹਾਂ ਆਪਣੇ ਪਾਸ ਰੱਖੀਆਂ ਹੋਈਆਂ ਸਨ । ਉਨ੍ਹਾਂ ਲੋਕਾਂ ਨੇ ਬੇਤਾਹਾਸ਼ਾ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ ਜਿਸ ਦਾ ਰਿਜ਼ਲਟ ਇਹ ਹੋਇਆ ਕਿ 12 ਮਕਾਨਾਂ ਦੇ ਸ਼ੀਸ਼ੇ ਟੁੱਟ ਗਏ । ਇਹ ਬੜੀ ਭਾਰੀ ਅਫਸੋਸ ਦੀ ਗੱਲ ਹੈ । ਪੁਲਿਸ ਉਥੇ ਹਾਜ਼ਰ ਸੀ । 12 ਪੁਲਿਸ ਆਫੀਸ਼ੀਅਲ ਜੋ ਕਾਂਸਟੇਬਲ ਸਨ, ਤੇ 18 ਆਦਮੀ ਜ਼ਖਮੀ ਹੋਏ, ਉਨ੍ਹਾਂ ਨੂੰ ਸੱਟਾਂ ਲੱਗੀਆਂ ਇਕ ਰਾਈਫਲ ਦਾ ਬੱਟ ਤੋੜਿਆ ਗਿਆ । ਉਸ ਤੋਂ ਬਾਅਦ ਦੇ ਸੀਰਅਸ ਹੋਏ ਕਾਂਸਟੇਬਲਾਂ ਨੂੰ ਪੀ. ਜੀ. ਆਈ. ਚੰਡੀਗੜ੍ਹ ਅੰਦਰ ਲਿਆਂਦਾ ਗਿਆ ਉਸ ਤੋਂ ਬਾਅਦ ਕੁਝ ਬੰਦੇ ਇਕ ਕਾਂਸਟੇਬਲ ਨੂੰ ਚੁੱਕ ਕੇ ਲੈ ਗਏ ਤੇ ਉਸ ਨਾਲ ਜੋ ਸਲੂਕ ਕੀਤਾ ਗਿਆ ਉਹ ਮੈਂ ਇਥੇ ਗੱਲ ਕਰਨਾ ਨਹੀਂ ਚਾਹੁੰਦਾ । ਆਖਰਕਾਰ ਪੁਲਿਸ ਨੇ ਐਕਸ਼ਨ ਤਾਂ ਲੈਣਾ ਸੀ । ਪੁਲਿਸ ਨੇ ਬੀ. ਐਸ. ਪੀ. ਦੇ 28 ਵਿਅਕਤੀ ਅੰਦਰ ਕੀਤੇ ਅਤੇ 8 ਟਰੱਕ ਉਨ੍ਹਾਂ ਦੇ ਪੋਜੈਸ਼ਨ ਵਿੱਚ ਹਨ । ਸਾਡੀ ਪਾਰਟੀ ਦਾ ਅਵਲੀਨ ਫਰਜ਼ ਹੈ ਕਿ ਲਾਅ ਐਂਡ ਆਰਡਰ ਨੂੰ ਬਣਾ ਕੇ ਰੱਖਿਆ ਜਾਵੇ । ਅਗਰ ਨਹੀਂ ਰੱਖਦੇ ਤਾਂ ਸਾਡੇ ਅਜੇ ਜ਼ਖਮ ਅੱਲੇ ਹਨ ਅਤੇ ਉਨ੍ਹਾਂ ਤੇ ਅੰਗੂਰ ਨਹੀਂ ਆਇਆ ਅਤੇ ਇਹ ਡੈਮੋਕਰੇਸੀ ਦੀ ਪਾਵਰ ਨੂੰ ਨਸ਼ੇ ਅੰਦਰ ਵਾਪਸ ਲੈਣਾ ਚਾਹੁੰਦੇ ਹਨ ਪਰ ਮੈਨੂੰ ਪਤਾ ਹੈ ਇਨ੍ਹਾਂ ਦੀ ਪਾਵਰ ਦਾ, ਯੂ. ਪੀ. ਵਿੱਚ ਇਨ੍ਹਾਂ ਦੀ ਸਰਕਾਰ ਬਣੀ । ਉਸ ਤੋਂ ਬਾਅਦ 6 ਸਟੇਟਾਂ ਵਿੱਚ ਚੋਣਾਂ ਹੋਈਆਂ । ਆਂਧਰਾ ਤੇ ਕਰਨਾਟਕਾ ਵਗੈਰਾ ਵਿੱਚ ਚੋਣਾਂ ਹੋਈਆਂ । ਇਹ ਦੱਸਣ ਕਿ ਕੋਈ ਇਕ ਵੀ ਸੀਟ ਜਿੱਤੀ ਹੈ ਇਨ੍ਹਾਂ ਨੇ ਉਥੇ ? ਪੰਜਾਬ ਦੇ ਲੋਕ ਵੀ ਸਮਾਂ ਆਉਣ ਤੇ ਇਸ ਪਾਰਟੀ ਜਿਹੜੀ ਕਿ ਵਾਇਓਲੈਂਸ ਤੇ ਡਿਪੈਂਡ ਕਰਦੀ ਹੈ, ਮੈਨੂੰ ਅਫਸੋਸ ਹੈ ਇਸ ਗੱਲ ਦਾ, ਉਸ ਨੂੰ ਬੁਰੀ ਤਰ੍ਹਾਂ ਰਿਜੈਕਟ ਕਰਨਗੇ ਅਤੇ ਇਨ੍ਹਾਂ ਨੂੰ ਕਦੇ ਵੀ ਪਾਵਰ ਨਹੀਂ ਦੇਣਗੇ । ਸਪੀਕਰ ਸਾਹਿਬ, ਇਹ ਮੇਰੀ ਗੱਲ ਬੀ. ਐਸ. ਪੀ. ਨੂੰ ਕਨਵੇਅ ਕਰ ਦਿਓ । ਧੰਨਵਾਦ ।

GENERAL DISCUSSION ON THE BUDGET ESTIMATES FOR THE YEAR 1995-96 (*Resumption*)

ਸ਼੍ਰੀ ਮਦਨ ਮੋਹਨ ਮਿੱਤਲ : ਸਰ, ਮੇਰਾ ਪ੍ਰਸ਼ਨ ਹੈ ਕਿ ਆਨਰੇਬਲ ਮੈਂਬਰਾਂ ਨੂੰ ਕੀ ਅਸੀਂ ਸਟਰੈਂਥ ਦੇ ਅਨੁਸਾਰ ਹੀ ਟਾਈਮ ਅਲਾਟ ਕਰਨਾ ਹੈ ? ਇਸ ਵਿੱਚ ਸਾਰਿਆਂ ਨੂੰ ਆਪਣੇ ਵਿਊ ਪੁਆਇੰਟ ਦੇ ਬੇਸ ਤੇ ਟਾਈਮ ਦੇਣਾ ਚਾਹੀਦਾ ਹੈ । ਰੂਲਿੰਗ ਪਾਰਟੀ ਨੇ ਤਾਂ ਸਮਰਥਨ ਕਰਨਾ ਹੀ ਹੈ । ਪਰ ਸਾਡੇ ਕੇਵਲ ਇਕ ਮੈਂਬਰ ਨੂੰ ਹੀ ਟਾਈਮ ਦਿੱਤਾ ਗਿਆ ਹੈ । ਮੈਂ ਸਮਝਦਾ ਹਾਂ ਕਿ ਬਜਟ ਤਾਂ ਸਭ ਨੇ ਪੜ੍ਹ ਹੀ ਲਿਆ ਹੈ । ਸਾਡੀ ਪਾਰਟੀ ਦੇ ਬਾਕੀ ਮੈਂਬਰਾਂ ਨੂੰ ਟਾਈਮ ਨਹੀਂ ਮਿਲਿਆ । ਰੂਲਿੰਗ ਪਾਰਟੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਦੇ ਵੱਧ ਬੰਦਿਆਂ ਨੂੰ ਟਾਈਮ ਦਿੱਤਾ ਹੈ । ਭਾਵੇਂ ਉਹ ਕੈਲਕੁਲੇਸ਼ਨ ਵਿੱਚ ਜ਼ਿਆਦਾ ਹੀ ਬਣਦੇ ਹੋਣ । ਸੀ. ਐਮ. ਸਾਹਿਬ ਜਦੋਂ ਬੋਲਦੇ ਹਨ ਤਾਂ ਉਹ ਸਾਰੀ ਅਪੋਜੀਸ਼ਨ ਨੂੰ ਹੀ ਲਪੇਟ ਵਿਚ ਲੈ ਲੈਂਦੇ ਹਨ । ਮੈਂ ਕਹਿੰਦਾ ਹਾਂ ਕਿ ਸਦਨ ਦੇ ਅੰਦਰ ਮੁੱਦਿਆਂ ਤੇ ਕਿਵੇਂ ਚਲਣਾ ਹੈ ਕਿਉਂ ਨਾ ਇਸ ਬਾਰੇ ਡਿਸਕਸ਼ਨ ਕਰ ਲਈਏ । ਅਸੀਂ ਚਾਹੁੰਦੇ ਹਾਂ ਕਿ ਕਨਵੈਨਸ਼ਨ ਸੈਟ ਹੋਣੀ ਚਾਹੀਦੀ ਹੈ, ਉਸ ਨੂੰ ਫਾਲੋ ਕਰਨਾ ਚਾਹੀਦਾ ਹੈ । ਅਨੁਸ਼ਾਸਨ ਹੋਵੇ, ਮੈਂਬਰ ਸਾਹਿਬਾਨ ਅਨੁਸ਼ਾਸ਼ਨ ਵਿੱਚ ਚਲਣ । ਇਨ੍ਹਾਂ ਗੱਲਾਂ ਦੀ ਕੋਈ ਟ੍ਰੇਨਿੰਗ ਹੋ ਜਾਵੇ ਔਰ ਮੈਂਬਰ ਸਾਹਿਬਾਨ ਨੂੰ ਅਨੁਸ਼ਾਸਨ ਵਿੱਚ ਚੱਲਣ ਦੀ ਟ੍ਰੇਨਿੰਗ ਹੋ ਜਾਵੇ । ਮੈਂ ਤਾਂ ਇਸ ਗੱਲ ਦਾ ਹਾਮੀ ਹਾਂ ਕਿ ਕੋਡ ਆਫ ਕੰਡਕਟ ਬਣਨਾ ਚਾਹੀਦਾ ਹੈ । ਇਸ ਦਾ ਮਤਲਬ ਇਹ ਨਹੀਂ ਕਿ ਆਪਣੀ ਗੱਲ ਕਹਿ ਦਿਓ ਅਤੇ ਦੂਸਰਿਆਂ ਦੇ ਖਿਲਾਫ ਜੋ ਜੀਅ ਆਇਆ ਕਹੀ ਜਾਓ, ਮੈਂ ਸਮਝਦਾ ਹਾਂ ਕਿ ਇਹ ਰਵਾਇਤ ਨਹੀਂ ਹੋਣੀ ਚਾਹੀਦੀ । ਜੇ ਹਾਊਸ ਅੰਡਜਰਨ ਹੋ ਜਾਂਦਾ ਤਾਂ ਚੰਗੀ ਗੱਲ ਸੀ । ਹੋਰ ਗੱਲਾਂ ਤੇ ਬਹਿਸ ਕੀਤੀ ਜਾ ਸਕਦੀ ਹੈ.... ...।

ਸ਼੍ਰੀ ਸਪੀਕਰ : ਤੁਸੀਂ ਆਪਣੀ ਗੱਲ ਕਰ ਲਈ ਹੈ ।

ਸ਼੍ਰੀ ਮਦਨ ਮੋਹਨ ਮਿੱਤਲ : ਅਸੀਂ ਤਾਂ ਇਹ ਕਹਿਣਾ ਚਾਹੁੰਦੇ ਹਾਂ ਕਿ ਕੰਸਟਰੱਕਟਿਵ ਕਰਿਟੀਸੀਜ਼ਮ ਕਰੀਏ we are not His Majesty's opposition. Do you want us that we should support the Govt. and should not criticise.

ਸ਼੍ਰੀ ਸਪੀਕਰ : ਠੀਕ ਹੈ । ਬੈਠ ਜਾਓ ।

ਸ਼੍ਰੀ ਮਦਨ ਮੋਹਨ ਮਿੱਤਲ : ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਬਾਕੀ ਮੈਂਬਰਾਂ ਨੂੰ ਟਾਈਮ ਦੇਣਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਮੈਂ ਟਾਈਮ ਦਿਆਂਗਾ । ਡਿਮਾਂਡਾਂ ਆ ਰਹੀਆਂ ਹਨ ਅਤੇ ਇਹ ਬਜਟ ਦਾ ਹੀ ਪਾਰਟ ਹਨ । ਅਗਲੇ ਤਿੰਨ ਦਿਨ ਇਨ੍ਹਾਂ ਤੇ ਹੀ ਬਹਿਸ ਹੈ । ਹੁਣ ਤਾਂ ਟਾਈਮ ਖਤਮ ਹੋ ਗਿਆ ਹੈ । ਬਾਕੀ ਮੈਂ ਸੀ. ਪੀ. ਆਈ. ਨੂੰ ਵੀ ਟਾਈਮ ਦਿਆਂਗਾ, ਤੁਹਾਨੂੰ ਵੀ ਦਿਆਂਗਾ । ਬਾਕੀਆਂ ਨੂੰ ਵੀ ਦਿਆਂਗਾ ਪਰ ਹੁਣ ਮੈਂ ਜਿੰਨਾ ਟਾਈਮ ਕਿਸੀ ਦਾ ਬਣਦਾ ਸੀ, ਉਸ ਨਾਲੋਂ ਜ਼ਿਆਦਾ ਟਾਈਮ ਦਿੱਤਾ ਹੈ । I will liberally give you time. Today there is no time. I will give you time on 27th. I will give you free time.. Free time means sufficient time.

Shri Madan Mohan Mittal : I say reasonable time.

Mr. Speaker : Yes, reasonable time. You are a good speaker. I will give you time.

Shrimati Vimla Dang : Please allow me to speak.

Mr. Speaker : I will also try to accommodate you and other Members on 27th. I will give sufficient time. I have given time to one Member of your group. Now F.M. Sahib.

Original with;
Punjab Vidhan Sabha
Digitized by;
Punjab Digital Library

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ): ਸਪੀਕਰ ਸਾਹਿਬ, ਪੰਜਾਬ ਦਾ ਜਿਹੜਾ 10,979 ਕਰੋੜ ਦਾ ਬਜਟ ਸੀ, ਉਸ ਤੇ ਚਾਰ ਦਿਨ ਬਹਿਸ ਹੋ ਚੁਕੀ ਹੈ। ਮੈਨੂੰ ਯਾਦ ਹੈ ਕਿ ਇਸ ਤੋਂ ਪਹਿਲਾਂ ਵੀ ਮੈਨੂੰ ਇਸ ਪੰਜਾਬ ਦੇ ਸਦਨ ਵਿੱਚ ਸੇਵਾ ਕਰਨ ਦਾ ਅਤੇ ਸਰਕਾਰ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਉਦੋਂ ਵੀ ਮੈਂ ਚਾਰ ਬਜਟ ਪੇਸ਼ ਕੀਤੇ ਸਨ ਅੱਜ ਹੁਣ ਦੇ ਚਾਰ ਮਿਲਾ ਕੇ ਕੁਲ ਅੱਠਵਾਂ ਬਜਟ ਹੈ ਜਿਹੜਾ ਮੈਨੂੰ ਪੇਸ਼ ਕਰਨ ਦਾ ਮੌਕਾ ਮਿਲਿਆ ਹੈ। (ਥੰਪਿੰਗ)। ਇਸ ਪੰਜਾਬ ਦੀ ਸੇਵਾ ਕਰਦੇ ਹੋਏ ਮੈਂ ਇਹ ਅੱਠਵਾਂ ਬਜਟ ਪੇਸ਼ ਕੀਤਾ ਹੈ। ਸਪੀਕਰ ਸਾਹਿਬ, 1983-84 ਵਿੱਚ ਜਦੋਂ ਮੈਂ ਬਜਟ ਪੇਸ਼ ਕੀਤਾ ਸੀ ਤਾਂ 2700 ਕਰੋੜ ਦਾ ਬਜਟ ਸੀ ਅੱਜ ਹੁਣ 10,979 ਕਰੋੜ ਦਾ ਬਜਟ ਪੇਸ਼ ਕੀਤਾ ਹੈ ਜੋ ਕਿ ਉਸ ਨਾਲੋਂ ਕਾਫੀ ਜ਼ਿਆਦਾ ਹੈ। ਮੈਨੂੰ ਯਾਦ ਹੈ ਕਿ 1991-92 ਦਾ ਬਜਟ ਵੀ 3000 ਕਰੋੜ ਤੋਂ ਜ਼ਿਆਦਾ ਨਹੀਂ ਸੀ। ਲੇਕਿਨ ਸਰਦਾਰ ਬੇਅੰਤ ਸਿੰਘ ਜੀ ਦੀ ਅਗਵਾਈ ਥੱਲੇ ਪੰਜਾਬ ਸਰਕਾਰ ਨੇ ਅਰਥਚਾਰੇ ਨੂੰ ਮਜ਼ਬੂਤ ਕਰਕੇ ਅੱਜ ਪੰਜਾਬ ਵਿੱਚ ਅਮਨ-ਸ਼ਾਂਤੀ ਕਾਇਮ ਕਰਕੇ ਜੋ ਪ੍ਰਗਤੀ ਕੀਤੀ ਹੈ, ਉਹ ਇਤਿਹਾਸਕ ਹੈ, ਹਿਸਟਾਰਿਕ ਹੈ। ਇਸ ਤੋਂ ਪਹਿਲਾਂ ਕਿਸੀ ਵੀ ਸਰਕਾਰ ਨੇ ਇੰਨੀ ਤਰੱਕੀ ਨਹੀਂ ਕੀਤੀ ਅੱਜ ਨਾ ਹੀ ਇਤਨਾ ਬਜਟ ਵਧਾਇਆ। (ਥੰਪਿੰਗ)। ਸੋ ਸਪੀਕਰ ਸਾਹਿਬ, ਮੈਂ ਇਸ ਬਜਟ ਵਿਚ ਇਕ ਖਾਸ ਗੱਲ ਲਿਆਂਦੀ ਹੈ ਜਿਸ ਦਾ ਜ਼ਿਕਰ ਕੁਝ ਮੈਂਬਰ ਸਾਹਿਬਾਨ ਨੇ ਵੀ ਕੀਤਾ ਹੈ, ਉਸ ਨੂੰ ਮੈਂ ਹੋਰ ਸਪਸ਼ਟ ਕਰਨਾ ਚਾਹੁੰਦਾ ਹਾਂ। ਬਜਟ ਦੇ ਦੋ ਹਿੱਸੇ ਹੁੰਦੇ ਹਨ : ਇਕ ਹਿੱਸਾ ਨਾਨ ਪਲਾਨ ਸਾਈਡ ਦਾ ਹੁੰਦਾ ਹੈ ਅਤੇ ਇਕ ਪਲਾਨ ਸਾਈਡ ਦਾ। ਨਾਨ-ਪਲਾਨ ਰੁਟੀਨ ਦੇ ਮੁਤਾਬਿਕ ਖਰਚੇ ਹੁੰਦੇ ਰਹਿੰਦੇ ਹਨ ਅੱਜ ਨਾਨ-ਪਲਾਨ ਸਾਈਡ ਦੇ ਖਰਚੇ ਨੂੰ ਘਟਾਉਣ ਦੀ ਅਸੀਂ ਲਗਾਤਾਰ ਕੋਸ਼ਿਸ਼ ਕਰਦੇ ਹਾਂ। ਇਸ ਸਰਕਾਰ ਨੇ ਇਸ ਵਿਚ ਰਿਕਾਰਡ ਤੋੜ ਸਫਲਤਾ ਹਾਸਲ ਕੀਤੀ ਹੈ ਕਿ ਵੇਸਟਫੁੱਲ ਐਕਸਪੈਂਡੀਚਰ ਨੂੰ ਘਟਾਇਆ ਗਿਆ ਹੈ। ਇਸ ਤੋਂ ਪਹਿਲਾਂ ਕਦੀ ਵੀ ਇੰਨਾ ਵੇਸਟਫੁੱਲ ਐਕਸਪੈਂਡੀਚਰ ਘਟਾਇਆ ਨਹੀਂ ਗਿਆ ਸੀ। ਮੇਨ ਪਲਾਨ ਦਾ ਵੀ ਬੜਾ ਵੱਡਾ ਮਹੱਤਵ ਹੈ। ਇਸ ਪਲਾਨ ਵਿੱਚ ਪੰਜਾਬ ਦੇ ਲੋਕਾਂ ਦੀ ਡਿਵੈਲਪਮੈਂਟ ਵਾਸਤੇ ਪੈਸਾ ਮੌਜੂਦ ਹੁੰਦਾ ਹੈ ਅੱਜ ਖਰਚ ਹੁੰਦਾ ਹੈ।

1991-92 ਵਿੱਚ ਜਿਹੜਾ ਪਲੈਨ ਖਰਚਾ ਸੀ ਉਹ 9 ਸੌ ਕਰੋੜ ਸੀ ਲੇਕਿਨ ਸੱਤ ਸੌ ਕਰੋੜ ਤੋਂ ਵੀ ਘੱਟ ਪੌਣੇ ਸੱਤ ਸੌ ਕਰੋੜ ਖਰਚ ਹੋਇਆ ਸੀ। ਪੰਜਾਬ ਸਰਕਾਰ ਨੇ ਐਨੂਅਲ ਪਲੈਨ 1992-93 ਵਿੱਚ ਆ ਕੇ 1150 ਕਰੋੜ ਰੱਖਿਆ ਅੱਜ ਉਸ ਨੂੰ ਪੂਰਾ ਕੀਤਾ। 1992-93 ਤੋਂ ਬਾਅਦ 1993-94 ਵਿੱਚ 1,250 ਕਰੋੜ ਰੁਪਏ ਅੱਜ ਉਸ ਤੋਂ ਬਾਅਦ 1,450 ਕਰੋੜ ਅੱਜ ਇਸ ਸਾਲ 1,675 ਕਰੋੜ ਦਾ ਐਨੂਅਲ ਪਲੈਨ ਰੱਖਿਆ ਗਿਆ ਹੈ। (ਥੰਪਿੰਗ) ਐਨੂਅਲ ਪਲਾਨ ਦਾ ਖਰਚਾ ਵੱਧ ਗਿਆ ਹੈ ਲੇਕਿਨ, ਸਪੀਕਰ ਸਾਹਿਬ, ਪੰਜਾਬ ਦੀ ਆਲ ਰਾਊਂਡ ਡਿਵੈਲਪਮੈਂਟ ਸਰਕਾਰ ਵੱਲੋਂ ਸਰਬ ਪੱਖੀ ਪੰਜਾਬ ਦਾ ਵਿਕਾਸ, ਕੁਝ ਸਾਡੇ ਕੋਲ ਅੱਜੇ ਰਿਸੋਰਸਿਜ਼ ਹਨ ਜਿਹੜੇ ਆਪਣੇ ਤੌਰ ਤੇ ਜ਼ਿਆਦਾ ਅੱਛੇ ਹੋ ਜਾਣ ਕਾਰਨ ਅੱਜ ਉਨ੍ਹਾਂ ਦੀ ਇਨਕਮ ਬੜ੍ਹ ਜਾਏ ਤਾਂ ਪੰਜਾਬ ਹੋਰ ਲਿਸ਼ਕ ਸਕਦਾ ਹੈ, ਸ਼ਾਨਦਾਰ ਬਣ ਸਕਦਾ ਹੈ, ਤਰੱਕੀ ਵੱਲ ਵੱਧ ਸਕਦਾ ਹੈ ਅੱਜ ਉਸ ਦੀ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਆਲ ਰਾਊਂਡ ਤਰੱਕੀ ਹੋ ਸਕਦੀ ਹੈ । ਇਹ ਜਿਹੜੇ ਅਦਰ ਰਿਸੋਰਸਿਜ਼ ਹਨ, ਇਨ੍ਹਾਂ ਨੂੰ ਇਸ ਨਾਂ ਤੇ ਇਸ ਬਜਟ ਦੇ ਵਿਚ ਰਿਪ੍ਰਜੈਂਟ ਕੀਤਾ ਹੈ, ਪੰਜਾਬ ਦੇ ਐਕਸਚੈਕਰ ਵਿਚ ਇਹ ਪੈਸਾ ਨਹੀਂ ਆਉਂਦਾ ਲੇਕਿਨ ਪੰਜਾਬ ਗੌਰਮਿੰਟ ਦੇ ਤਹਿਤ ਇਹ ਸਾਰੇ ਅਦਾਰੇ ਕੰਮ ਕਰਦੇ ਹਨ ਔਰ ਪੰਜਾਬ ਗੌਰਮਿੰਟ ਉਸ ਨੂੰ ਦੇਖ ਕੇ ਉਸ ਦੀ ਤਰੱਕੀ ਲਈ, ਡਿਵੈਲਪਮੈਂਟ ਲਈ, ਉਸ ਨੂੰ ਅੱਛਾ ਬਣਾਉਣ ਲਈ ਕੰਮ ਕਰਦੀ ਹੈ ਅਤੇ ਤਿੰਨ ਸਾਲਾਂ ਵਿੱਚ ਅਸੀਂ ਇਸ ਪਾਸੇ ਖਾਸ ਧਿਆਨ ਦਿੱਤਾ ਹੈ ਤਾਂ ਕਿ ਇਹ ਸਾਰੇ ਅਦਾਰੇ ਅੱਛੇ ਹੋਣ ਔਰ ਪੰਜਾਬ ਦੀ ਡਿਵੈਲਪਮੈਂਟ ਵਿੱਚ ਉਸ ਦਾ ਵੱਧ ਤੋਂ ਵੱਧ ਹਿੱਸਾ ਹੋਵੇ ।

ਸੱਭ ਤੋਂ ਪਹਿਲਾਂ ਰੂਰਲ ਡਿਵੈਲਪਮੈਂਟ ਆਉਂਦਾ ਹੈ । ਸਪੀਕਰ ਸਾਹਿਬ, ਇਹ 1,675 ਕਰੋੜ ਦੇ ਨਾਲ 72 ਕਰੋੜ ਉਸ ਪਾਸੇ, ਪੰਜਾਬ ਵਾਸਤੇ, ਪੰਜਾਬ ਦੀਆਂ ਸੜਕਾਂ ਲਈ ਸੜਕਾਂ ਦੀ ਰਿਪੇਅਰ ਕਰਾਉਣ ਲਈ ਅਸੀਂ ਖਰਚ ਕਰਾਂਗੇ ।

ਮੰਡੀ ਬੋਰਡ ਦਾ 111 ਕਰੋੜ ਰੁਪਿਆ, ਉਹ ਵੀ 1995-96 ਵਿੱਚ ਹੀ ਪੰਜਾਬ ਦੇ ਰੂਰਲ ਇਲਾਕੇ ਵਿੱਚ ਖਾਸ ਤੌਰ ਤੇ ਲਿੰਕ ਸੜਕਾਂ ਲਈ ਫਿਰਨੀਆਂ ਲਈ, ਉਹ 111 ਕਰੋੜ ਰੁਪਿਆ ਖਰਚ ਕੀਤਾ ਜਾਏਗਾ ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਕੁਝ ਸੈਂਟਰਲੀ ਸਪਾਂਸਰਡ ਸਕੀਮਾਂ ਹੁੰਦੀਆਂ ਹਨ । ਉਸ ਦੇ ਪੈਸੇ ਭਾਵੇਂ ਬਾਅਦ ਵਿੱਚ ਮਿਲਦੇ ਹਨ ਲੇਕਿਨ ਕਈ ਵਾਰ ਉਸ ਨੂੰ ਬਜਟ ਵਿੱਚ ਰਿਪ੍ਰਜ਼ੈਂਟ ਨਹੀਂ ਕੀਤਾ ਜਾਂਦਾ ਔਰ ਇਸ ਕਰਕੇ ਕਈ ਸਪਲੀਮੈਂਟਰੀਜ਼ ਤੇ ਇਹ ਪੈਸਾ ਖਰਚਾਂਗੇ । ਇਸ ਦੇ ਬਰਾਬਰ ਸੈਂਟਰ ਵਾਲੇ ਸਾਨੂੰ ਪੈਸਾ ਦੇਣਗੇ, ਉਹ ਇਸ ਵਿੱਚ ਸ਼ਾਮਲ ਕਰਕੇ 213 ਕਰੋੜ ਸੈਂਟਰਲੀ ਸਪਾਂਸਰਡ ਸਕੀਮਾਂ ਤੋਂ ਸਾਨੂੰ ਮਿਲੇਗਾ ।

ਇਸ ਦੇ ਨਾਲ ਹੀ ਕੁਝ ਸਾਡੀਆਂ ਇੰਸਟੀਚਿਊਸ਼ਨਜ਼ ਹਨ । ਕੋਆਪ੍ਰੇਟਿਵ ਅਦਾਰਾ ਹੈ ਜਿਹੜਾ ਲੋਕਾਂ ਨੂੰ ਲੋਨ ਦਿੰਦਾ ਹੈ । ਹਾਊਸਫੈਡ ਹੈ, ਮਿਲਕਫੈਡ ਹੈ, ਕਿਤਨੇ ਐਸੇ ਅਦਾਰੇ ਹਨ ਜਿਹੜੇ ਕੋਆਪ੍ਰੇਸ਼ਨ ਡਿਪਾਰਟਮੈਂਟ ਨਾਲ ਜੁੜੇ ਹਨ । ਫਾਈਨੈਂਸ਼ਲ ਇੰਡਸਟਰੀਅਲ ਕਾਰਪੋਰੇਸ਼ਨ ਹੈ ਔਰ ਹੋਰ ਸਾਡੇ ਅਦਾਰੇ ਹਨ ਜਿਹੜੇ ਕਿ ਫਾਈਨੈਂਸਲ ਇੰਸਟੀਚਿਊਸ਼ਨਜ਼ ਦਾ ਕੰਮ ਕਰ ਰਹੇ ਹਨ, ਇਨ੍ਹਾਂ ਨਾਲ ਮਿਲ ਜਾਂਦੇ ਹਨ । ਮਿਉਂਸਪਲ ਕਾਰਪੋਰੇਸ਼ਨਜ਼ ਇਨ੍ਹਾਂ ਨਾਲ ਮਿਲ ਜਾਂਦੀਆਂ ਹਨ, ਮਿਉਂਸਪਲ ਕਮੇਟੀਆਂ ਦਾ ਪੈਸਾ ਵੀ ਸ਼ਹਿਰੀ ਇਲਾਕੇ ਵਿੱਚ ਖਰਚ ਕਰਨ ਲਈ ਕੰਮ ਆਉਂਦਾ ਹੈ । (ਥੰਪਿੰਗ) ਇਸ ਤਰ੍ਹਾਂ ਜਿਹੜੀਆਂ ਫਾਈਨੈਂਸ਼ਲ ਇੰਸਟੀਚਿਊਸ਼ਨ ਹਨ ਔਰ ਜਿਹੜੇ ਦੂਸਰੇ ਰਿਸੋਰਸਿਜ਼ ਹਨ : ਅਰਬਨ ਔਰ ਲੋਕਲ ਬਾਡੀਜ਼, ਰੂਰਲ ਪੰਚਾਇਤ ਵਗੈਰਾ, ਉਨ੍ਹਾਂ ਸਾਰਿਆਂ ਤੋਂ ਸਾਨੂੰ ਪੈਸਾ ਮਿਲੇਗਾ । ਸਪੀਕਰ ਸਾਹਿਬ, 4,056 ਕਰੋੜ ਪੰਜਾਬ ਦੀ ਡਿਵੈਲਪਮੈਂਟ ਤੇ ਖਰਚ ਹੋਏਗਾ ਔਰ ਉਸ ਦੇ ਵਿਚ ਮਿਉਂਸਪਲ ਕਮੇਟੀਆਂ ਦਾ 225 ਕਰੋੜ, ਆਮਦਨ 450 ਕਰੋੜ ਹੈ ਲੇਕਿਨ 225 ਕਰੋੜ ਸੜਕਾਂ ਦੀ ਡਿਵੈਲਪਮੈਂਟ ਵਾਸਤੇ ਹੀ ਖਰਚ ਹੋਏਗਾ ।

ਇਹ ਸਾਰਾ ਮਿਲਾ ਕੇ 6,670 ਕਰੋੜ ਰੁਪਏ ਬਣ ਜਾਂਦਾ ਹੈ ਜਿਹੜਾ ਇਸ ਐਨੂਅਲ ਪਲੈਨ ਦੇ ਨਾਲ 1995-96 ਵਿੱਚ ਸਪੀਕਰ ਸਾਹਿਬ, 6,352 ਕਰੋੜ ਪੰਜਾਬ ਸਰਕਾਰ ਖਰਚ ਕਰੇਗੀ ਪੰਜਾਬ ਦੀ ਡਿਵੈਲਪਮੈਂਟ ਵਾਸਤੇ ਪੰਜਾਬ ਨੂੰ ਅੱਛਾ ਬਣਾਉਣ ਵਾਂਸਤੇ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਇਕ ਖਾਸ ਗੱਲ ਹੈ ਕਿ ਜਿਹੜੀ ਅੱਠਵੀਂ ਪੰਜ ਸਾਲਾ ਯੋਜਨਾ ਸੀ, ਉਸ ਵਿੱਚ 6,570 ਕਰੋੜ ਪੰਜ ਸਾਲਾਂ ਵਿੱਚ ਖਰਚ ਕਰਨਾ ਸੀ ਲੇਕਿਨ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਅੌਰ ਸਦਨ ਨੂੰ ਵੀ ਕਿ ਸਾਲ 1995-96 ਵਿੱਚ 6,352 ਕਰੋੜ ਰੁਪਏ ਅਸੀਂ ਖਰਚ ਕਰ ਰਹੇ ਹਾਂ, ਉਹ ਵੀ ਅੰਨੂਅਲ ਪਲੈਨ ਵਿੱਚ। (ਥੰਪਿੰਗ) ਸਪੀਕਰ ਸਾਹਿਬ, ਮੈਂ ਜ਼ਿਕਰ ਕਰਨਾ ਚਾਹਾਂਗਾ ਕਿ ਪਿਛਲੇ ਸਾਲਾਂ ਵਿੱਚ 1992-93 ਵਿੱਚ 1,150 ਕਰੋੜ, 1993-94 ਵਿੱਚ 1,250 ਕਰੋੜ ਅੌਰ 1994-95 ਵਿੱਚ 1450 ਕਰੋੜ ਰੁਪਿਆ ਯਾਨੀ 3,850 ਕਰੋੜ ਰੁਪਿਆ ਪਿਛਲੇ ਤਿੰਨ ਸਾਲਾਂ ਵਿੱਚ ਖ਼ਰਚ ਕੀਤਾ ਹੈ ਲੇਕਿਨ ਜਿਹੜੇ ਅਦਰ ਸੋਰਸਿਜ਼ ਦੱਸੇ ਹਨ ਇਨ੍ਹਾਂ ਤਿੰਨ ਸਾਲਾਂ ਵਿੱਚ ਜਿਸ ਦੇ ਲਈ ਅਸੀਂ ਕੰਮ ਕੀਤਾ ਹੈ ਉਹ 4 ਹਜ਼ਾਰ ਕਰੋੜ ਰੁਪਿਆ ਅਤੇ ਅਦਰ ਸੋਰਸਿਜ਼ 8,440 ਕਰੋੜ ਰੁਪਿਆ ਹੈ। ਪਿਛਲਾ ਸਮਾਂ ਜੋ ਗੁਜ਼ਰ ਗਿਆ ਹੈ ਉਸ ਵਿੱਚ 12,298 ਕਰੋੜ ਖ਼ਰਚ ਕੀਤਾ ਗਿਆ ਹੈ ਜਿਸ ਦੇ ਨਾਲ ਪੰਜਾਬ ਨੂੰ ਇਕ ਸ਼ਾਨਦਾਰ ਸੂਬਾ ਬਣਾਇਆ ਅੌਰ ਪਿਛਲੇ ਤਿੰਨ ਸਾਲ ਵਿੱਚ ਜੋ ਅਸੀਂ ਪ੍ਰਾਪਤੀਆਂ ਕੀਤੀਆਂ ਉਸ ਦੇ ਲਈ ਜੋ ਤਿੰਨ ਸਾਲਾਂ ਦੇ ਜਸ਼ਨ ਮਨਾਏ ਹਨ ਉਸ ਦੇ ਲਈ ਕੁਝ ਭਰਾਵਾਂ ਨੂੰ ਤਕਲੀਫ ਹੋਈ ਹੈ। ਜੋ ਪੰਜਾਬ ਦੇ ਹਾਲਾਤ ਸਨ ਉਨ੍ਹਾਂ ਤੇ ਕਾਬੂ ਪਾਕੇ ਕਿਸ ਤਰ੍ਹਾਂ ਇਸ ਸਰਕਾਰ ਨੇ ਪੰਜਾਬ ਦੀ ਜੋ ਪਹਿਲਾਂ ਵਾਲੀ ਮੁਸਕਾਨ ਸੀ ਉਸ ਮੁਸਕਾਨ ਨੂੰ ਵਾਪਸ ਲਿਆਂਦਾ ਹੈ ਅੌਰ ਪੰਜਾਬ ਨੂੰ ਫਿਰ ਮੁੜ ਕੇ ਹੱਸਦਾ ਖੇਡਦਾ ਪੰਜਾਬ ਬਣਾਇਆ ਹੈ। ਇਸ ਦੇ ਲਈ ਇਨ੍ਹਾਂ ਨੂੰ ਕੋਈ ਤਕਲੀਫ ਨਹੀਂ ਹੋਣੀ ਚਾਹੀਦੀ। ਪੰਜਾਬ ਦੇ ਲੋਕਾਂ ਨੂੰ ਸਰਦਾਰ ਬੇਅੰਤ ਸਿੰਘ ਜੀ, ਮੁੱਖ ਮੰਤਰੀ ਦੀ ਇਕ ਬਹੁਤ ਦੇਣ ਹੈ ਜਿਨ੍ਹਾਂ ਨੇ ਪੰਜਾਬ ਵਿਚ ਅਮਨ ਸ਼ਾਂਤੀ ਲਿਆਉਣ ਲਈ ਇਕ ਬਹੁਤ ਵੱਡਾ ਹਿੱਸਾ ਪਾਇਆ ਹੈ। ਮੈਂ ਇਨ੍ਹਾਂ ਭਰਾਵਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸ਼ਾਇਦ ਅੱਜ ਇਸ ਤਰ੍ਹਾਂ ਸੋਚਦੇ ਹਨ ਕਿ ਪੰਜਾਬ ਨੂੰ ਫਿਰ ਅੱਗ ਲਾ ਕੇ ਜਾਂ ਇਸ ਨੂੰ ਕਮਜ਼ੋਰ ਕਰਕੇ ਫਿਰ ਮੁੜ ਕੇ ਉਸ ਤਰ੍ਹਾਂ ਦੇ ਹਾਲਾਤ ਪੈਦਾ ਕਰੀਏ, ਇਸ ਤਰ੍ਹਾਂ ਦੀਆਂ ਕੁਝ ਆਵਾਜ਼ਾਂ ਆਉਂਦੀਆਂ ਹਨ ਅੌਰ ਕਈ ਹੋਰ ਪਾਸਿਉਂ ਵੀ ਸਾਡੇ ਭਰਾ ਇਹ ਵਾਰ ਵਾਰ ਕਹਿੰਦੇ ਹਨ। ਮੈਂ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਸਰਕਾਰ ਨੇ ਕਦਮ ਵਧਾਏ ਹਨ ਇਹ ਕਦਮ ਰੁੱਕ ਨਹੀਂ ਸਕਣਗੇ। ਇਹ ਮੋਰਚੇ, ਇਹ ਨਾਹਰੇ, ਇਸ ਤਰ੍ਹਾਂ ਦੇ ਕੁਝ ਹੋਰ ਤਰੀਕਿਆਂ ਨਾਲ ਪੰਜਾਬ ਅੱਗੇ ਬਰਬਾਦ ਹੋਇਆ। ਹੁਣ ਇਹ ਵੱਧ ਰਹੇ ਕਦਮ ਨਹੀਂ ਰੁਕਣਗੇ। ਅਸੀਂ ਤਿੰਨ ਸਾਲਾਂ ਦੇ ਵਿੱਚ ਪੰਜਾਬ ਨੂੰ ਮਜ਼ਬੂਤ ਬਣਾਇਆ ਹੈ ਅੌਰ ਤਿੰਨ ਸਾਲਾਂ ਵਿੱਚ ਪੰਜਾਬ ਦੀ ਡੀਵੈਲਪਮੈਂਟ ਲਈ ਇਤਨਾ ਪੈਸਾ ਖ਼ਰਚ ਕੀਤਾ ਹੈ ਜਿਸ ਦੇ ਨਾਲ ਪੰਜਾਬ ਦਾ ਰੰਗ ਢੰਗ ਬਦਲ ਗਿਆ ਹੈ। ਅਸੀਂ ਮਜ਼ਬੂਤੀ ਦੇ ਨਾਲ ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਕਰਦਿਆਂ ਚੌਪੱਖੀ ਵਿਕਾਸ ਕਰਕੇ ਅਗੇ ਵੱਧੇ ਹਾਂ ਅੌਰ ਮੈਨੂੰ ਪੂਰਾ ਵਿਸਵਾਸ਼ ਹੈ ਕਿ ਅਗੇ ਵੀ ਇਹ ਸਰਕਾਰ—

ਹਜ਼ਾਰੋਂ ਵਰਕ ਗਿਰੇ ਲਾਖੋਂ ਆਂਧੀਆਂ ਆਈਂ.
ਜੋ ਫੂਲ ਖਿਲਨੇ ਵਾਲੇ ਹੈਂ ਵੋ ਖਿਲਤੇ ਰਹੇਂਗੇ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਅਸੀਂ, ਸਪੀਕਰ ਸਾਹਿਬ, ਇਸ ਪੰਜਾਬ ਨੂੰ ਬਹੁਤ ਸ਼ਾਨਦਾਰ ਬਣਾਉਣਾ ਚਾਹੁੰਦੇ ਹਾਂ। ਬਹੁਤ ਖੁਸ਼ੀ ਹੈ ਇਸ ਗੱਲ ਦੀ ਕਿ ਅਮਨ ਸ਼ਾਂਤੀ ਦੇ ਬਾਅਦ ਇਸ ਪੰਜਾਬ ਦੇ ਵਿਚ ਫਾਈਨਾਂਸ਼ੀਅਲ ਹਾਲਤ ਜੋ ਹੈ ਉਸ ਨੂੰ ਠੀਕ ਕੀਤਾ ਜਾਵੇ, ਆਰਥਕ ਦਿਸ਼ਾ ਨੂੰ ਠੀਕ ਕੀਤਾ ਜਾਵੇ। ਇਸ ਦੇ ਲਈ ਸਰਦਾਰ ਬੇਅੰਤ ਸਿੰਘ ਜੀ ਮੁੱਖ ਮੰਤਰੀ ਦੀ ਸੁਚੱਜੀ ਅਗਵਾਈ ਖੱਲੇ ਅਸੀਂ ਇਸ ਨੂੰ ਠੀਕ ਕਰਨ ਲਈ ਕੇਵਲ ਇਥੇ ਹੀ ਕੋਸ਼ਿਸ ਨਹੀਂ ਕੀਤੀ ਬਲਕਿ ਸੈਂਟਰਲ ਗੌਰਮਿੰਟ ਨਾਲ ਵੀ ਕੋਸ਼ਿਸ਼ ਕੀਤੀ ਹੈ। ਅਸੀਂ ਪ੍ਰਾਈਮ ਮਨਿਸਟਰ ਸਾਹਿਬ ਨੂੰ ਮਿਲੇ, ਫਾਈਨਾਂਸ ਮਨਿਸਟਰ ਸਾਹਿਬ ਨੂੰ ਮਿਲੇ ਤਾਂਕਿ ਪੰਜਾਬ ਵਿਚ ਫਾਈਨਾਂਸ਼ੀਅਲ ਪੋਜ਼ੀਸ਼ਨ ਫਿਰ ਤੋਂ ਸ਼ਾਨਦਾਰ ਬਣਾਈ ਜਾਵੇ। ਸੱਭ ਤੋਂ ਜ਼ਰੂਰੀ ਹੈ, ਸਪੀਕਰ ਸਾਹਿਬ, ਇਸ ਗੱਲ ਦਾ ਜੋ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ, ਅਗੇ ਵੀ ਮੈਂ ਕਿਹਾ ਸੀ ਨਾਨ ਪਲੈਨ ਐਕਸਪੈਨਡੀਚਰ ਨੂੰ ਘਟਾਉਣਾ ਇਕ ਕਦਮ ਅਸੀਂ ਚੁਕਿਆ ਸੀ ਔਰ ਉਸ ਕਦਮ ਵਿਚ ਸਾਨੂੰ ਸ਼ਾਨਦਾਰ ਸਫਲਤਾ ਮਿਲੀ ਹੈ। ਪਹਿਲਾਂ 8 ਪ੍ਰਤੀਸ਼ਤ ਦੀ ਸੀਮਾ ਸੀ ਔਰ ਪਿਛਲੇ ਸਾਲ ਅਸੀਂ ਉਸ ਨੂੰ 4% ਤੱਕ ਲਿਆ ਕੇ 300 ਕਰੋੜ ਰੁਪਿਆ ਅਸੀਂ ਬਚਾਇਆ ਹੈ। 1994-95 ਵਿਚ, ਸਪੀਕਰ ਸਾਹਿਬ, ਅਸੀਂ ਉਸੇ ਰਸਤੇ ਤੇ ਚਲਦਿਆਂ ਲੱਗ ਭਗ ਇਸ ਤੋਂ ਵੀ ਵੱਧ ਜ਼ਿਆਦਾ ਪੈਸਾ ਅਸੀਂ ਹੋਰ ਵੇਸਟਫੁੱਲ ਐਕਸਪੈਂਡੀਚਰ ਘਟਾ ਕੇ ਪੂਰਾ ਕਰਾਂਗੇ। ਇਕ ਸਕੀਮ ਹੈ ਜਿਸ ਨੂੰ ਸਮਾਲ ਸੇਵਿੰਗ ਸਕੀਮ ਕਿਹਾ ਜਾਂਦਾ ਹੈ। ਇਹ ਹਿੰਦੁਸਤਾਨ ਸਰਕਾਰ ਦੀ ਸਕੀਮ ਹੈ ਔਰ ਇਸ ਸਕੀਮ ਵਿੱਚ ਪੈਸੇ ਦੁੱਗਣੇ ਹੋ ਜਾਂਦੇ ਹਨ ਸਾਢੇ 5 ਸਾਲਾਂ ਵਿੱਚ ਇਸ ਸਕੀਮ ਵਿੱਚ ਕੋਈ ਵੀ ਪੈਸਾ ਜਮ੍ਹਾਂ ਕਰਵਾ ਸਕਦਾ ਹੈ। ਉਹ ਪੈਸਾ ਜਿੰਨਾ ਵੀ ਕਿਸੇ ਸਟੇਟ ਦਾ ਜਮ੍ਹਾਂ ਹੁੰਦਾ ਹੈ ਉਸ ਦਾ ਥਰੀ ਫੌਰਥ ਹਿੱਸਾ ਉਸੇ ਸਟੇਟ ਨੂੰ ਆਪਣੇ ਰਿਸੋਰਸਿਜ਼ ਵਾਸਤੇ ਮਿਲਦਾ ਹੈ ਔਰ ਉਹ 5 ਸਾਲ ਉਸ ਸਟੇਟ ਨੇ ਵਾਪਸ ਨਹੀਂ ਦੇਣਾ ਹੁੰਦਾ। ਮਿਸਾਲ ਦੇ ਤੌਰ ਤੇ ਅਗਰ 10 ਹਜ਼ਾਰ ਕਰੋੜ ਰੁਪਿਆ ਕਿਸੇ ਸਟੇਟ ਦਾ ਸਮਾਲ ਸੇਵਿੰਗ ਸਕੀਮ ਦਾ ਹੈ ਤਾਂ ਉਸ ਨੂੰ ਸਾਢੇ 7 ਹਜ਼ਾਰ ਕਰੋੜ ਰੁਪਿਆ ਮਿਲ ਜਾਵੇਗਾ। ਇਹ ਪੈਸਾ ਜੋ ਮਿਲਦਾ ਹੈ ਇਹ ਪੰਜ ਸਾਲ ਇਸ ਦੇ ਵਿੱਚ ਕੁਝ ਵੀ ਵਾਪਸ ਨਹੀਂ ਕਰਨਾ ਪੈਂਦਾ ਉਸ ਦੇ ਬਾਅਦ ਉਸ ਦੀਆਂ ਕਿਸ਼ਤਾਂ ਹੌਲੀ ਹੌਲੀ ਵਾਪਸ ਹੁੰਦੀਆਂ ਹਨ। ਸਾਡੀ ਨਜ਼ਰ ਇਸ ਤੇ ਪਈ ਅਸੀਂ ਮਹਿਸੂਸ ਕੀਤਾ ਕਿ ਅਸੀਂ ਇਥੋਂ ਪੈਸਾ ਇਕੱਠਾ ਕਰਕੇ ਪੰਜਾਬ ਦੇ ਮਸਲੇ ਹੱਲ ਕਰ ਸਕਦੇ ਹਾਂ। ਇਸ ਲਈ ਅਸੀਂ ਲੋਕਾਂ ਨੂੰ ਉਤਸ਼ਾਹਿਤ ਕੀਤਾ ਔਰ ਜੋ ਧਨ ਉਪਲਬਧ ਹੋਇਆ ਉਹ ਇਸ-ਤਰ੍ਹਾਂ ਹੈ : ਸਾਲ 1991-92 ਵਿਚ ਇਹ ਸਮਾਲ ਸੇਵਿੰਗ ਵਿਚ 150 ਕਰੋੜ ਸੀ, ਫਿਰ 1992-93 ਵਿਚ ਇਹ 236 ਕਰੋੜ ਹੋ ਗਿਆ ਫਿਰ 1993-94 ਵਿਚ 336 ਕਰੋੜ ਹੋ ਗਿਆ ਔਰ ਫਿਰ 1994-95 ਵਿਚ 500 ਕਰੋੜ ਹੋ ਗਿਆ ਔਰ ਫਿਰ ਇਸ ਸਾਲ ਹੁਣ ਤੱਕ 600 ਕਰੋੜ ਹੋ ਚੁੱਕਾ ਹੈ ਔਰ ਸਾਡਾ ਟੀਚਾ 700 ਕਰੋੜ ਰੁਪਏ ਦਾ ਹੈ ਜਿਹੜਾ ਅਸੀਂ ਪ੍ਰਾਪਤ ਕਰਨਾ ਹੈ। ਇਸ ਤਰ੍ਹਾਂ ਕਰਕੇ ਕੁਲ 1,122 ਕਰੋੜ ਰੁਪਏ ਦਾ ਯੋਗਦਾਨ ਮਿਲਿਆ ਹੈ ਜਿਸ ਦਾ 3/4 ਹਿੱਸਾ ਸਟੇਟ ਗੌਰਮਿੰਟ ਨੂੰ ਮਿਲ ਜਾਣਾ ਹੈ। ਇਹ ਸਹਿਯੋਗ ਹੈ ਜਿਹੜਾ ਸਾਨੂੰ ਪੰਜਾਬ ਦੇ ਲੋਕਾਂ ਤੋਂ ਮਿਲਿਆ ਹੈ। ਇਸ ਦੇ ਲਈ ਅਸੀਂ ਉਦਮ ਕਰਕੇ ਲੋਕਾਂ ਨੂੰ ਇਨਸੈਂਟਿਵ ਵੀ ਦੇਣਾ ਸ਼ੁਰੂ ਕੀਤਾ ਹੈ, ਇਨਾਮ ਦੇਣੇ ਸ਼ੁਰੂ ਕੀਤੇ, ਇਨਾਮੀ ਕੂਪਨਾਂ ਦੁਆਰਾ ਡਰਾਅ ਕੱਢਦੇ ਰਹੇ। ਇਸ ਵਾਸਤੇ ਵਨ ਥਾਊਜ਼ੈਂਡ ਸੀਸੀ

Original with;
Punjab Vidhan Sabha
Digitized by;
Panjab Digital Library

ਕਾਫੀ ਵੀ ਰਖੀ, ਅਤੇ ਹੋਰ ਵੀ ਇਨਾਮ ਕਈ ਰੱਖੇ ਪਹਿਲੇ ਸਾਲ ਢਾਈ ਹਜ਼ਾਰ ਇਨਾਮ ਵੰਡੇ, ਫਿਰ 3 ਹਜ਼ਾਰ ਵੰਡੇ, ਫਿਰ 6 ਹਜ਼ਾਰ ਵੰਡੇ ਅੱਤ ਫਿਰ 7 ਹਜ਼ਾਰ ਇਨਾਮ ਦੇ ਡਰਾਅ ਲੱਕੀ ਕੂਪਨਜ਼ ਰਾਹੀਂ ਕੱਢੇ ਹਨ। ਇਸ ਤਰ੍ਹਾਂ ਨਾਲ ਅਸੀਂ ਲੋਕਾਂ ਨੂੰ ਸਮਾਲ ਸੇਵਿੰਗ ਵਿਚ ਲੋਕਾਂ ਨੂੰ ਇਨਸੈਂਟਿਵ ਦਿੰਦੇ ਰਹੇ ਹਾਂ। ਮੈਨੂੰ ਇਹ ਗੱਲ ਕਹਿਣ ਵਿਚ ਸੰਕੋਚ ਨਹੀਂ ਕਿ ਇਸ ਵੇਲੇ ਸਮਾਲ ਸੇਵਿੰਗ ਵਿਚ ਸਾਡੀ ਸਟੇਟ ਦਾ ਨੰਬਰ ਸਾਰੇ ਹਿੰਦੁਸਤਾਨ ਵਿਚ ਨੰਬਰ ਇਕ ਤੇ ਹੈ। ਅਸੀਂ ਇਹ ਕੰਮ ਜ਼ੋਰ ਨਾਲ ਸ਼ੁਰੂ ਕੀਤਾ ਅੱਤ ਲੋਕਾਂ ਦੇ ਅਸੀਂ ਅਭਾਰੀ ਹਾਂ ਜਿਨ੍ਹਾਂ ਨੇ ਇਸ ਵਿਚ ਯੋਗਦਾਨ ਪਾਇਆ ਅੱਤ ਆਰਥਿਕ ਤੌਰ ਤੇ ਪੰਜਾਬ ਨੂੰ ਮਜ਼ਬੂਤ ਕੀਤਾ। ਫਿਰ ਸਪੀਕਰ ਸਾਹਿਬ, ਇੱਕ ਗੱਲ ਦਾ ਹੋਰ ਇਸ ਬਜਟ ਸਪੀਚ ਵਿਚ ਮੈਂ ਜ਼ਿਕਰ ਕੀਤਾ ਸੀ ਪਰ ਸ਼ਾਇਦ ਕਿਸੇ ਮੈਂਬਰ ਨੇ ਇਹ ਗੱਲ ਕਹੀ ਹੈ ਜਾਂ ਨਹੀਂ, ਮੇਰੇ ਹੁੰਦੇ ਹੋਏ ਤਾਂ ਕਿਸੇ ਨੇ ਨਹੀਂ ਕਹੀ, ਕਿ ਇਨ੍ਹਾਂ ਬਚਤ ਸਕੀਮਾਂ ਦੇ ਅੰਦਰ ਅਸੀਂ 10 ਹਜ਼ਾਰ ਮਹਿਲਾਵਾਂ ਨੂੰ ਅੱਜ ਏ ਏਜੰਟ ਦੇ ਤੌਰ ਤੇ ਰੋਜ਼ਗਾਰ ਦਿੱਤਾ ਹੈ ਅੱਤ ਉਨ੍ਹਾਂ ਨੂੰ ਇਸ ਤੋਂ 1500 ਤੋਂ 3000 ਰੁਪਏ ਤੱਕ ਆਮਦਨ ਹੋਈ ਹੈ (ਥੰਪਿੰਗ) ਅੱਤ ਸਾਡੀ ਕੋਸ਼ਿਸ਼ ਹੈ ਕਿ ਆਉਣ ਵਾਲੇ ਸਮੇਂ ਵਿਚ ਅਸੀਂ ਹੋਰ ਨੌਜਵਾਨਾਂ ਨੂੰ ਅੱਤ ਮਹਿਲਾਵਾਂ ਨੂੰ ਇਸ ਪਾਸੇ ਲਾਈਏ ਤਾਂ ਕਿ ਪੰਜਾਬ ਅੱਗੇ ਵੱਧ ਸਕੇ।

ਫਿਰ, ਸਪੀਕਰ ਸਾਹਿਬ, ਜਦੋਂ ਕਿਸੇ ਸੂਬੇ ਵਿਚ ਸ਼ਾਂਤੀ ਆਉਂਦੀ ਹੈ ਤਾਂ ਉਥੇ ਟਰੇਡ ਵੀ ਵਧਦਾ ਹੈ, ਵਪਾਰ ਵੀ ਵੱਧਦਾ ਹੈ, ਇੰਡਸਟਰੀ ਵੀ ਵਧਦੀ ਹੈ ਅਤੇ ਲੋਕ ਵੀ ਖੁਸ਼ਹਾਲ ਹੁੰਦੇ ਹਨ। ਇਸ ਲਈ ਕਈ ਵਾਰ ਟੈਕਸ ਵੱਧਾਉਣ ਦੇ ਵੀ ਕੰਮ ਕਰਨੇ ਹੁੰਦੇ ਹਨ ਅੱਤ ਕਈ ਵਾਰ ਟੈਕਸ ਦੇਣ ਦੇ ਵੀ ਕੰਮ ਹੁੰਦੇ ਹਨ। ਸਪੀਕਰ ਸਾਹਿਬ, ਇਥੇ ਮੈਂ ਸਰਦਾਰ ਬੇਅੰਤ ਸਿੰਘ ਅੱਤ ਸਰਦਾਰ ਸ਼ਮਸ਼ੇਰ ਸਿੰਘ ਦੂਲੋ ਜਿਹੜੇ ਕਿ ਐਕਸਾਈਜ਼ ਅਤੇ ਟੈਕਸੇਸ਼ਨ ਮਨਿਸਟਰ ਹਨ ਉਨ੍ਹਾਂ ਦੀ ਤਾਰੀਫ਼ ਕਰਦਾ ਹਾਂ ਕਿ ਉਨ੍ਹਾਂ ਨੇ ਬੜੀ ਮਿਹਨਤ ਕਰਕੇ ਇਸ ਵਿਚ ਕਾਫੀ ਵਾਧਾ ਕੀਤਾ ਹੈ। ਮੈਂ ਦਸਦਾ ਹਾਂ ਕਿ ਸਾਲ 1991-92 ਵਿਚ 1,033 ਕਰੋੜ ਰੁਪਏ ਦੀ ਕੁਲੈਕਸ਼ਨ ਹੋਈ ਸੀ, ਫਿਰ ਅਗਲੇ ਸਾਲ 1,401 ਕਰੋੜ ਦੀ ਕੁਲੈਕਸ਼ਨ ਹੋਈ, ਫਿਰ 1993-94 ਵਿਚ 1,727 ਕਰੋੜ ਦੀ ਕੁਲੈਕਸ਼ਨ ਹੋਈ ਅੱਤ ਜਿਹੜਾ ਸਾਲ ਚਲ ਰਿਹਾ ਹੈ ਇਸ ਵਿਚ 2170 ਕਰੋੜ ਤੱਕ ਪਹੁੰਚ ਗਏ ਹਾਂ। ਸਪੀਕਰ ਸਾਹਿਬ, 13% ਤੋਂ ਲੈ ਕੇ 25% ਤੱਕ ਟੈਕਸ ਕੁਲੈਕਸ਼ਨ ਵਿਚ ਵਾਧਾ ਹੋਣਾ ਬੜੀ ਵਡੀ ਗੱਲ ਹੈ (ਥੰਪਿੰਗ)। ਇਹ ਮੈਂ ਦਸਿਆ ਹੈ ਕਿ ਇਨ੍ਹਾਂ ਦੀ ਮਿਹਨਤ ਸਦਕਾ ਹੋਇਆ ਹੈ। ਜਿਹੜਾ ਪੰਜਾਬ ਦਾ ਵਪਾਰੀ ਵਰਗ ਹੈ ਉਸ ਨੇ ਵੀ ਸਾਡੀ ਇਸ ਵਿਚ ਮੱਦਦ ਕੀਤੀ ਹੈ। ਜਿਹੜੀ ਟੈਕਸ ਕੁਲੈਕਸ਼ਨ ਹੁੰਦੀ ਹੈ ਇਹ ਮੇਨ ਵਪਾਰੀ ਅੱਤ ਟਰੇਡਰਜ਼ ਤੋਂ ਹੀ ਹੁੰਦੀ ਹੈ। ਇਥੇ ਕਿਹਾ ਗਿਆ ਕਿ ਵਪਾਰੀਆਂ ਨੂੰ ਰਿਆਇਤਾਂ ਚਿੱਤੀਆਂ ਹਨ ਸੇਲਜ਼ ਟੈਕਸ ਵਿਚ ਰਾਹਤ ਦੇ ਦਿੱਤੀ, ਬੈਰੀ-ਅਰਜ਼ ਹਟਾ ਦਿੱਤੇ, ਮੈਂ ਕਹਿੰਦਾ ਹਾਂ ਕਿ ਜਿਨ੍ਹਾਂ ਵਪਾਰੀਆਂ ਨੇ ਸਾਡੀ ਕੁਲੈਕਸ਼ਨ ਵਿਚ ਇੰਨੀ ਮੱਦਦ ਕੀਤੀ ਹੈ ਤਾਂ ਸਾਨੂੰ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਜ਼ਰੂਰ ਖਿਆਲ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸਾਨੂੰ ਟੈਕਸ ਕੁਲੈਕਸ਼ਨ ਵਿਚ ਪਾਜ਼ੇਟਿਵ ਯੋਗਦਾਨ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਦਿੱਤਾ ਹੈ ਇਸ ਲਈ ਸਾਡੇ ਮੁੱਖ ਮੰਤਰੀ ਸਾਹਿਬ ਨੇ ਵਪਾਰੀ ਵਰਗ ਨੂੰ ਨਜ਼ਦੀਕ ਲਿਆਂਦਾ ਹੈ । ਸਾਨੂੰ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿਚ ਜਿਹੜਾ ਵਾਧਾ ਅੱਜ 25% ਹੋਇਆ ਹੈ ਇਹ ਇਸ ਤੋਂ ਵੀ ਵੱਧ ਕੇ 30% ਅੱਤੇ 40% ਤੱਕ ਹੋ ਜਾਵੇਗਾ । ਇਹ ਮੇਰਾ ਵਿਸ਼ਵਾਸ ਹੈ ।

ਸਪੀਕਰ ਸਾਹਿਬ, ਜਿਹੜੇ ਸਾਡੇ ਪਬਲਿਕ ਸੈਕਟਰ ਦੇ ਅਦਾਰੇ ਹਨ ਅਸੀਂ ਉਨ੍ਹਾਂ ਨੂੰ ਤੋੜਿਆ ਨਹੀਂ ਹੈ, ਹਟਾਏ ਨਹੀਂ ਹਨ ਬਲਕਿ ਮੈਂ ਹਾਊਸ ਦੀ ਜਾਣਕਾਰੀ ਲਈ ਦਸਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਦੀ ਅਗਵਾਈ ਹੇਠ ਅਸੀਂ ਇਨ੍ਹਾਂ ਪਬਲਿਕ ਸੈਕਟਰ ਨੂੰ ਚਾਲੂ ਰਖਿਆ ਹੈ ਤਾਂ ਕਿ ਇਥੋਂ ਦੇ ਮੁਲਾਜ਼ਮ ਉਥੇ ਕੰਮ ਕਰਦੇ ਰਹਿਣ ਅਤੇ ਇਨ੍ਹਾਂ ਨੂੰ ਵਾਏਬਲ ਬਨਾਉਣ ਲਈ ਕਿਹਾ ਹੈ । ਇਸ ਪੰਜਾਬ ਸਰਕਾਰ ਦੇ ਬਣਨ ਤੋਂ ਬਾਅਦ ਕੋਈ ਵੀ ਪਬਲਿਕ ਸੈਕਟਰ ਦੇ ਅਦਾਰੇ ਨੂੰ ਤੋੜਿਆ ਨਹੀਂ ਗਿਆ ਹੈ ਜਿਹੜੇ ਪਹਿਲੇ ਪ੍ਰੈਜੀਡੈਂਟ ਰੂਲਜ਼ ਦੇ ਵਿਚ ਫੈਸਲੇ ਕੀਤੇ ਗਏ ਸਨ ਉਨ੍ਹਾਂ ਨੂੰ ਵੀ ਪੂਰੀ ਤਰ੍ਹਾਂ ਇੰਪਲੀਮੈਂਟ ਨਹੀਂ ਕੀਤਾ ਗਿਆ । ਅਸੀਂ ਕਿਸੇ ਅਦਾਰੇ ਨੂੰ ਤੋੜਨ ਦੇ ਹੱਕ ਵਿਚ ਨਹੀਂ ਹਾਂ । ਅਸੀਂ ਉਨ੍ਹਾਂ ਨੂੰ ਵਾਏਬਲ ਬਣਾਉਣ ਲਈ ਕਿਹਾ ਹੈ ਤਾਂ ਕਿ ਇਹ ਅਦਾਰੇ ਸ਼ਾਨ ਦੇ ਨਾਲ ਚਲਦੇ ਰਹਿਣ । ਪਿਛਲੇ ਸਾਲ ਅਤੇ ਇਸ ਸਾਲ ਅਸੀਂ ਇਨ੍ਹਾਂ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ 80 ਕਰੋੜ ਰੁਪਿਆ 4% ਇੰਟਰਸਟ ਦੀ ਦਰ ਨਾਲ ਦਿੱਤਾ ਹੈ ਤਾਂ ਕਿ ਇਹ ਪੈਸਾ ਦੇਣ ਦਾ ਵੀ ਖਿਆਲ ਹਖਣ । ਇਹ ਸਾਡਾ ਇਕ ਸੋਹਸ ਆਫ ਇਨਕਮ ਹੈ । ਇਸ ਦੇ ਨਾਲ ਸਾਡੀ ਹਿੰਦੁਸਤਾਨ ਦੀ ਸਰਕਾਰ ਨੇ ਕਾਫੀ ਮਦਦ ਕੀਤੀ ਹੈ ਇਸ ਦੇ ਵਿਚ ਕੋਈ ਸ਼ੱਕ ਨਹੀਂ ਹੈ ਅਤੇ ਬਜਟ ਦੇ ਵਿਚ ਇਕ ਪੈਰਾ ਦਿੱਤਾ ਹੋਇਆ ਹੈ । 5,858 ਕਰੋੜ ਰੁਪਿਆ ਸਾਡੇ ਸਿਰ ਉਤੇ ਸੈਂਟਰਲ ਗੌਰਮਿੰਟ ਦਾ ਹੈ ਜਿਸਨੂੰ ਮੁਆਫ ਕਰਨ ਲਈ ਕਿਹਾ ਗਿਆ ਹੈ ਕਿਉਂਕਿ ਪ੍ਰੈਜ਼ੀਡੈਂਟ ਰੂਲਜ਼ ਦੇ ਸਮੇਂ ਸਾਡੀ ਕੁਝ ਮਜ਼ਬੂਰੀਆਂ ਸਨ ਅਤੇ ਉਸ ਵੇਲੇ ਪਾਕਿਸਤਾਨ ਸਰਕਾਰ ਨੇ ਸਾਡੇ ਖਿਲਾਫ ਪ੍ਰੌਕਸੀ ਵਾਰ ਸ਼ੁਰੂ ਕੀਤੀ ਹੋਈ ਸੀ ਅਤੇ ਸਾਡੇ ਗੁਮਰਾਹ ਹੋਏ ਕੁਝ ਨੌਜਵਾਨ ਅਤੇ ਕੁਝ ਗੁਮਰਾਹ ਹੋਈਆਂ ਪਾਰਟੀਆਂ ਜਿਨ੍ਹਾਂ ਦੀ ਸੋਚ ਵੀ ਉਨ੍ਹਾਂ ਤਰਫ ਸੀ ਉਹ ਪਹਿਲੇ ਇਥੇ ਕਿਹਾ ਕਰਦੀਆਂ ਸਨ ਅਤੇ ਉਨ੍ਹਾਂ ਦੇ ਇਕ ਲੀਡਰ ਜਿਸ ਦਾ ਨਾਂ ਮੈਂ ਨਹੀਂ ਲੈਣਾ ਚਾਹੁੰਦਾ ਉਹ ਕਹਿੰਦਾ ਸੀ ਅਗਰ ਪਾਕਿਸਤਾਨ ਹਿੰਦੁਸਤਾਨ ਉਤੇ ਹਮਲਾ ਕਰੇ ਤਾਂ ਹਿੰਦੁਸਤਾਨ ਦੀਆਂ ਫੌਜਾਂ ਦੀ ਬਜਾਏ ਪਾਕਿਸਤਾਨ ਦੀਆਂ ਫੌਜਾਂ ਦਾ ਅਸੀਂ ਸਾਥ ਦੇਵਾਂਗੇ । ਉਹ ਪੰਜਾਬ ਦੇ ਗੁਲਾਬ ਦੇ ਫੁੱਲ ਨੂੰ ਹਿੰਦੁਸਤਾਨ ਤੋਂ ਨਿਖੇੜਣ ਦੀ ਗੱਲ ਕਰਦੇ ਸਨ । ਕਿੰਨੇ ਸ਼ਰਮ ਦੀ ਗੱਲ ਸੀ (ਸ਼ੇਮ ਸ਼ੇਮ) ਉਨ੍ਹਾਂ ਨੇ ਇਥੇ ਕਿਹਾ ਸੀ ਕਿ ਅਗਰ ਪਕਿਸਤਾਨ ਸਾਡੇ ਤੇ ਹਮਲਾ ਕਰੇ ਤਾਂ ਹਿੰਦੁਸਤਾਨ ਦੇ ਲੋਕ ਪਾਕਿਸਤਾਨੀ ਫੌਜਾਂ ਦੀ ਮਦਦ ਕਰਨ, ਹਿੰਦੁਸਤਾਨ ਦੀ ਫੌਜ ਦੀ ਮਦਦ ਨਾ ਕਰਨ । ਇਸ ਤਰ੍ਹਾਂ ਦੀਆਂ ਗੱਲ ਕਰਨ ਵਾਲੇ ਅੱਜ ਵੀ ਪੰਜਾਬ ਵਿਚ ਫਿਰਕਾਪ੍ਰਸਤੀ ਫੈਲਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਕਹਿੰਦੇ ਹਨ ਕਿ ਅਸੀਂ ਇਹ ਸਹਕਾਰ ਚਲਣ ਨਹੀਂ ਦੇਣੀ । ਪਰ ਇਸ ਸਰਕਾਰ ਨੇ ਆ ਕੇ ਪੰਜਾਬ ਦੇ ਲੋਕਾਂ ਦੇ ਵਾਸਤੇ ਬਹੁਤ ਕੁਝ

Original with;
Punjab Vidhan Sabha
Digitized by;
Panjab Digital Library

ਕੀਤਾ ਹੈ ਅਤੇ ਤਰੱਕੀ ਕਰ ਰਹੀ ਹੈ । ਜਿਹੜੇ ਇਸ ਸਰਕਾਰ ਨੇ ਚੰਗੇ ਕੰਮ ਕੀਤੇ ਹਨ ਉਨ੍ਹਾਂ ਨੂੰ ਉਹ ਲੋਕ ਖ਼ਤਮ ਕਰ ਦੇਣਾ ਚਾਹੁੰਦੇ ਹਨ । ਪੰਜਾਬ ਦੇ ਲੋਕਾਂ ਨੇ ਇਸ ਸਰਕਾਰ ਨੂੰ ਚੁਣਿਆ ਹੈ । ਇਹ ਪੰਜਾਬ ਦੇ ਲੋਕਾਂ ਦੀ ਆਪਣੀ ਸਰਕਾਰ ਹੈ ਅਤੇ ਪੰਜਾਬ ਦੀ ਜਨਤਾ ਸਰਕਾਰ ਨੂੰ ਪੂਰਾ ਪੂਰਾ ਸਹਿਯੋਗ ਦੇ ਰਹੀ ਹੈ । ਪੰਜਾਬ ਦੇ ਲੋਕਾਂ ਨੇ ਦੀਵਾਰਾਂ ਉਤੇ ਲਿਖ ਦਿੱਤਾ ਹੈ ਕਿ ਸਾਨੂੰ ਕਾਂਗਰਸ ਪਾਰਟੀ ਦੀ ਸਰਕਾਰ ਤੋਂ ਇਲਾਵਾ ਹੋਰ ਕਿਸੇ ਪਾਰਟੀ ਦੀ ਸਰਕਾਰ ਨਹੀਂ ਚਾਹੀਦੀ । ਉਹ ਦੂਜੀਆਂ ਪਾਰਟੀਆਂ ਨਹੀਂ ਚਾਹੁੰਦੇ । ਮੇਰੇ ਸਾਹਮਣੇ ਪਾਰਟੀ ਦੇ ਮੈਂਬਰ ਬੈਠੇ ਨਹੀਂ ਹਨ । ਸਵੇਰੇ ਜੋ ਕੁਝ, ਸਪੀਕਰ ਸਾਹਿਬ, ਹਾਊਸ ਦੇ ਵਿਚ ਹੋਇਆ ਉਹ ਸਦਨ ਦੀ ਮਹਿਯਾਦਾ ਦੇ ਖਿਲਾਫ ਹੋਇਆ ਸੀ । ਤੁਸੀਂ ਆਪਣਾ ਫੈਸਲਾ ਬਿਲਕੁਲ ਠੀਕ ਦਿੱਤਾ ਸੀ । ਅਸੀਂ ਇਥੇ ਚੁਣ ਕੇ ਆਏ ਹਾਂ ਅਤੇ ਇਸ ਸਦਨ ਦਾ ਮੈਂਬਰ ਬਨਣ ਲਈ ਲੱਖਾਂ ਰੁਪਏ ਖਰਚ ਕੀਤੇ ਜਾਂਦੇ ਹਨ ਤਾਕਿ ਪੰਜਾਬ ਦੀ ਬੇਹਤਰੀ ਹੋ ਸਕੇ, ਭਲਾਈ ਹੋ ਸਕੇ । ਹਰ ਇਕ ਮੈਂਬਰ ਨੂੰ ਰੂਲਜ਼ ਆਫ ਬਿਜ਼ਨੈਸ ਦੇ ਮੁਤਾਬਿਕ ਗੱਲ ਕਰਨੀ ਚਾਹੀਦੀ ਹੈ । ਰੂਲਜ਼ ਦੇ ਮੁਤਾਬਿਕ ਹੀ ਹਾਊਸ ਵਿਚ ਕੰਮ ਕਰਨਾ ਚਾਹੀਦਾ ਹੈ । ਅਸੀਂ ਵੀ ਰੂਲਜ਼ ਦੇ ਮੁਤਾਬਿਕ ਚਲਦੇ ਹਾਂ ਅਤੇ ਆਪੋਜ਼ੀਸ਼ਨ ਨੂੰ ਵੀ ਚਲਣਾ ਚਾਹੀਦਾ ਹੈ । ਸਪੀਕਰ ਸਾਹਿਬ, ਤੁਸੀਂ ਬੀ. ਏ. ਸੀ. ਦੀ ਮੀਟਿੰਗ ਕਰਦੇ ਹੋ ਉਸ ਦੇ ਵਿਚ ਫੈਸਲੇ ਹੁੰਦੇ ਹਨ ਅਤੇ ਉਸ ਉਤੇ ਬਹਿਸ ਕਰਕੇ ਤਰੀਕੇ ਨਾਲ ਵਾਕ ਆਊਟ ਕੀਤਾ ਜਾ ਸਕਦਾ ਹੈ ਅਤੇ ਸਰਕਾਰ ਅਗੇ ਆਪਣੀ ਗੱਲ ਕਹਿ ਸਕਦੇ ਹਨ । ਆਪੋਜ਼ੀਸ਼ਨ ਵਾਲੇ ਕਾਲ ਅਟੈਨਸ਼ਨ ਨੋਟਿਸ ਰਾਹੀਂ, ਐਡਜਰਨਮੈਂਟ ਮੋਸ਼ਨ ਰਾਹੀਂ, ਪ੍ਰਿਵੈਲਿਜ਼ ਮੋਸ਼ਨ ਰਾਹੀਂ ਗੱਲ ਕਰ ਸਕਦੇ ਹਨ, ਪਰ ਇਹ ਇਥੇ ਕੁਐਸ਼ਚਨ ਆਵਰ ਖ਼ਤਮ ਹੋਣ ਤੋਂ ਬਾਅਦ ਸਵਾਲ ਕਰਨੇ ਸ਼ੁਰੂ ਕਰ ਦਿੰਦੇ ਹਨ ਅਤੇ ਉਮੀਦ ਕਰਦੇ ਹਨ ਕਿ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਉਠ ਕੇ ਇਨ੍ਹਾਂ ਦੀਆਂ ਗੱਲਾਂ ਦਾ ਜਵਾਬ ਦੇਣ ਇਹ ਕੋਈ ਅੱਛੀ ਗੱਲ ਨਹੀਂ ਹੈ । ਸਪੀਕਰ ਸਾਹਿਬ, ਅਗਰ ਤੁਸੀਂ ਰੂਲ ਵਿਚ ਅਮੈਂਡਮੈਂਟ ਕਰਨਾ ਚਾਹੁੰਦੇ ਹੋ ਤਾਂ ਰੂਲਜ਼ ਕਮੇਟੀ ਦੀ ਮੀਟਿੰਗ ਬੁਲਾ ਕੇ ਇਨ੍ਹਾਂ ਗੱਲਾਂ ਦਾ ਸਪੈਸ਼ਲ ਮੈਨਸ਼ਨ ਕੀਤਾ ਜਾ ਸਕਦਾ ਹੈ । ਇਸੇ ਤਰ੍ਹਾਂ ਵੈਸਟ ਬੰਗਾਲ ਵਿਚ ਚਲਦਾ ਹੈ । ਮੁੱਖ ਮੰਤਰੀ ਸਾਹਿਬ, ਚਾਹੁਣ ਤਾਂ ਜਵਾਬ ਦੇ ਦੇਣ ਜੇਕਰ ਨਾ ਚਾਹੁਣ ਤਾਂ ਨਾ ਦੇਣ । ਸਪੀਕਰ ਸਾਹਿਬ, ਰੂਲਜ਼ ਵਿਚ ਅਮੈਂਡਮੈਂਟ ਕੀਤੀ ਜਾ ਸਕਦੀ ਹੈ । ਸਾਡੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਭਰਾਵਾਂ ਨੇ ਜੋ ਖਾਲਸਾ ਮਾਰਚ ਹੋਇਆ ਸੀ, ਉਸ ਦੇ ਵਿਚ ਉਹ ਸ਼ਾਮਲ ਹੋਏ । ਉਸ ਦਾ ਅਕਾਲੀ ਪਾਰਟੀ ਨੇ ਸਾਥ ਨਹੀਂ ਦਿਤਾ । ਐਸ. ਜੀ. ਪੀ. ਸੀ. ਵੀ ਮੁਕੰਮਲ ਤੌਰ ਤੇ ਪਰ੍ਹੇ ਰਹੀ ਲੇਕਿਨ ਇਨ੍ਹਾਂ ਨੇ ਸਾਥ ਦਿਤਾ । ਮੈਨੂੰ ਲਗਦਾ ਹੈ ਕਿ ਉਸ ਮਾਰਚ ਵਿਚ ਨਾਅਰੇ ਲਗੇ । ਉਨ੍ਹਾਂ ਨਾਅਰਿਆਂ ਦਾ ਇਨ੍ਹਾਂ ਵਿਚ ਜੋਸ਼ ਆ ਗਿਆ । ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਨੂੰ ਮਾੜਾ ਕਿਹਾ ਗਿਆ । ਉਨ੍ਹਾਂ ਨਾਅਰਿਆਂ ਦੇ ਅਸਰ ਕਰਕੇ ਹੀ ਇਹ ਸਕਿਉਰਿਟੀ ਫੋਰਸ ਨਾਲ ਹਥੋਪਾਈ ਕਰਦੇ ਰਹੇ ਹਨ । ਸਪੀਕਰ ਸਾਹਿਬ, ਫਿਰ ਸ਼੍ਰੀਮਤੀ ਇੰਦਰਾ ਗਾਂਧੀ ਜੀ ਦਾ ਕਤਲ ਕੀਤਾ ਗਿਆ । ਇਹ ਬੜੀ ਮੰਦ ਭਾਵਨਾ ਸੀ । ਦੁਖਿਦ ਭਾਵਨਾ ਸੀ ! ਉਨ੍ਹਾਂ ਦੀ ਮੌਤ ਹੋਣ ਤੋਂ ਕੁਝ ਦਿਨ ਪਹਿਲਾਂ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਕਿਹਾ ਸੀ :

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

''ਪੀ ਲੀਆ ਹੈ ਜਾਮੇ ਸ਼ਹਾਦਤ ਮੈਂਨੇ, ਮਾਦਰੇ ਹਿੰਦ ਕੇ ਹਰਗਿਜ਼ ਨਾ ਹੋਂ ਫਿਰ ਟੁਕੜੇ,
ਨਾਮ ਭਾਰਤ ਕਾ ਚਮਕੇ ਯੇ ਸਦਾਅ ਹੈ ਮੇਰੀ।'' (ਥੰਪਿੰਗ)

ਸਪੀਕਰ ਸਾਹਿਬ, ਉਨ੍ਹਾਂ ਦੇ ਕਤਲ ਕਰਨ ਵਾਲਿਆਂ ਦੀ ਜਿਤਨੀ ਵੀ ਕੰਡੈਮਨੇਸ਼ਨ ਕੀਤੀ ਜਾਵੇ, ਉਹ ਘੱਟ ਹੋਵੇਗੀ। ਇਨ੍ਹਾਂ ਭਰਾਵਾਂ ਨੇ ਉਨ੍ਹਾਂ ਨਾਲ ਮਿਲਕੇ ਇੰਦਰਾ ਗਾਂਧੀ ਜੀ ਦੀ ਬੁਰਾਈ ਕੀਤੀ ਅਤੇ ਕਾਤਲਾਂ ਦੇ ਨਾਅਰੇ ਲਾਏ। ਮੈਂ ਮਹਿਸੂਸ ਕਰਦਾ ਹਾਂ ਕਿ ਇਨ੍ਹਾਂ ਨੂੰ ਸਾਰੀ ਚੀਜ਼ ਦੇਖਕੇ ਦੋਬਾਰਾ ਸੋਚਣਾ ਚਾਹੀਦਾ ਹੈ। ਇਹੋ ਜਿਹੀ ਪਾਰਟੀ ਨਾਲ ਇਹੋ ਜਿਹੇ ਨਾਅਹਿਮਾਂ ਨਾਲ ਇਨ੍ਹਾਂ ਨੂੰ ਅਪਣੇ ਆਪ ਨੂੰ ਸ਼ਾਮਿਲ ਨਹੀਂ ਕਰਨਾ ਚਾਹੀਦਾ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਇਸ ਗੱਲ ਨੂੰ ਸੋਚਕੇ ਹਾਊਸ ਨੂੰ ਚਲਾਉਣ ਵਾਸਤੇ ਪੂਰਾ ਪੂਰਾ ਸਹਿਯੋਗ ਦੇਣਗੇ। ਸਪੀਕਰ ਸਾਹਿਬ, ਫਾਰਮ ਸੈਕਟਰ ਬਾਰੇ ਸਾਡੇ ਭਰਾਵਾਂ ਵਲੋਂ ਵੀ ਅਤੇ ਆਪੋਜ਼ੀਸ਼ਨ ਦੇ ਭਰਾਵਾਂ ਵਲੋਂ ਵੀ ਨੁਕਤਾਚੀਨੀ ਕੀਤੀ ਗਈ ਕਿ ਕਿਸਾਨਾਂ ਨੂੰ ਇਗਨੋਰ ਕੀਤਾ ਗਿਆ। ਸਪੀਕਰ ਸਾਹਿਬ, ਫਾਰਮ ਸੈਕਟਰ ਲਈ ਪੰਜਾਬ ਦੀ ਸਰਕਾਰ ਵਲੋਂ ਪਿਛਲੇ ਤਿੰਨ ਸਾਲਾਂ ਵਿਚ ਬੜੀਆਂ ਰਿਆਇਤਾਂ ਦਿਤੀਆਂ ਗਈਆਂ ਹਨ। ਇਹ ਵੀ ਇਕ ਇਤਿਹਾਸਕ ਫੈਸਲਾ ਹੈ ਕਿ ਸਾਡੇ ਕਰਾ ਜੋ ਪਿੰਡਾਂ ਵਿਚ ਰਹਿੰਦੇ ਹਨ, ਇਸ ਬਜਟ ਵਿਚ ਰੂਰਲ ਸੈਕਟਰ ਲਈ, ਫਾਰਮ ਸੈਕਟਰ ਲਈ 1,675 ਕਰੋੜ ਦੇ ਟੋਟਲ ਬਜਟ ਵਿਚੋਂ 58.68% ਉਨ੍ਹਾਂ ਵਾਸਤੇ ਖਰਚਣ ਦਾ ਫੈਸਲਾ ਕੀਤਾ ਹੈ। (ਥੰਪਿੰਗ) ਇਹ ਕੁਲ 982.89 ਕਰੋੜ ਰੁਪਏ ਬਣਦਾ ਹੈ। ਸਪੀਕਰ ਸਾਹਿਬ, ਸਾਰੇ ਜਾਣਦੇ ਹਨ ਅੱਜ ਮੈਂ ਦੁਹਰਾਉਣਾ ਨਹੀਂ ਚਾਹੁੰਦਾ ਕਿ ਬਿਜਲੀ ਹਰ ਇਕ ਲਈ ਜ਼ਰੂਰੀ ਹੈ। Without power one is powerless.

ਸਪੀਕਰ ਸਾਹਿਬ, ਚਾਹੇ ਇੰਡਸਟਰੀ ਹੋਵੇ, ਚਾਹੇ ਵਿਅਕਤੀਗਤ ਹੈ, ਚਾਹੇ ਕੋਈ ਹੋਰ ਹੈ, ਉਸ ਨੂੰ ਬਿਜਲੀ ਦੀ ਜ਼ਰੂਰਤ ਹੈ। ਆਉਣ ਵਾਲੇ ਸਮੇਂ ਵਿਚ ਕੋਈ ਵੀ ਵਿਅਕਤੀ ਬਿਜਲੀ ਬਗੈਰ ਨਹੀਂ ਰਹਿ ਸਕਦਾ। ਬਿਜਲੀ ਪੈਦਾ ਕਰਨ ਲਈ 42.50% ਦਾ ਹਿੱਸਾ ਬਜਟ ਵਿਚ ਰਖਿਆ ਹੈ। ਪਹਿਲਾਂ ਥੀਨ ਡੈਮ ਦਾ ਐਸਟੀਮੇਟ 100 ਕਰੋੜ ਰੁਪਏ ਦਾ ਸੀ ਜਿਹੜਾ ਕਿ ਹੁਣ 2,400 ਕਰੋੜ ਤੱਕ ਮੁਕੰਮਲ ਹੋਵੇਗਾ। ਇਹ ਡੀਲੇਅ ਪਿਛਲੀਆਂ ਸਰਕਾਰਾਂ ਨੇ ਕੀਤੀ ਹੈ ਅਤੇ ਪਿਛਲੀ ਸਰਕਾਰ ਨੇ ਕੋਈ ਕੋਸ਼ਿਸ਼ ਨਹੀਂ ਕੀਤੀ। ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਆ ਕੇ ਕੰਮ ਸ਼ੁਰੂ ਬੜੀ ਤੇਜ਼ੀ ਨਾਲ ਕਰਾਇਆ ਹੈ ਕਿਉਂਕਿ ਇਹ ਜਾਣਦੇ ਹਨ ਕਿ.... ਬਗੈਰ ਬਿਜਲੀ ਦੇ ਪੰਜਾਬ ਸ਼ਾਨਦਾਰ ਨਹੀਂ ਬਣ ਸਕਦਾ। ਸਰਦਾਰ ਬੇਅੰਤ ਸਿੰਘ ਆਪ ਥੀਨ ਡੈਮ ਤੇ ਪਹੁੰਚੇ ਅਤੇ ਦਹਿਆਏ ਰਾਵੀ ਦਾ ਰੁਖ ਮੋੜਿਆ। ਉਥੇ ਐਲਾਨ ਕੀਤਾ ਕਿ ਕਰਮਚਾਰੀਓ, ਅਗਰ ਤੁਸੀਂ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਤੇ 1996 ਨੂੰ ਇਹ ਪ੍ਰਾਜੈਕਟ ਪੂਰਾ ਕਰ ਦਿਉ ਤਾਂ ਤੁਹਾਨੂੰ ਮੈਂ ਇਕ ਸਾਲ ਦੀ ਤਨਖਾਹ ਬੋਨਸ ਦੇ ਰੂਪ ਵਿਚ ਦੇਵਾਂਗਾ। ਸਾਨੂੰ ਇਸ ਗੱਲ ਦੀ ਖੁਸ਼ੀ ਹੈ। ਮਿੱਤਲ ਸਾਹਿਬ ਵੀ ਉਥੇ ਜਾ ਆਏ ਹਨ ਅਤੇ ਉਨ੍ਹਾਂ ਨੇ ਵੀ ਤਾਰੀਫ ਕੀਤੀ ਹੈ ਕਿ ਕੰਮ ਤੇਜ਼ੀ ਨਾਲ ਹੋ ਰਿਹਾ ਹੈ ਅੱਤੇ ਸਾਨੂੰ ਵੀ ਪੂਰੀ ਆਸ ਹੈ ਕਿ ਸਾਡੇ ਕਰਮਚਾਰੀ ਅੱਤੇ ਜੋ ਯੋਗ ਇੰਜੀਨੀਅਰਜ਼ ਉਥੇ ਕੰਮ ਕਰ ਰਹੇ ਹਨ, ਉਹ ਉਸ ਨੂੰ ਜ਼ਰੂਰ 1996 ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਦੇ ਮੌਕੇ ਤੇ ਪੂਰਾ

Original with;
Punjab Vidhan Sabha
Digitized by;
Panjab Digital Library

ਕਰ ਦੇਣਗੇ, ਇਹ ਵਿਸ਼ਵਾਸ ਹੈ । ਉਸ ਤੋਂ 600 ਮੈਗਾਵਾਟ ਬਿਜਲੀ ਹੋਰ ਮਿਲੇਗੀ । ਸਪੀਕਰ ਸਾਹਿਬ, ਖਰਚਾ ਕਰੋੜਾਂ ਵਿਚ ਨਹੀਂ ਬਲਕਿ ਹਜ਼ਾਰਾਂ ਕਰੋੜਾਂ ਵਿਚ ਹੁੰਦਾ ਹੈ । ਸਾਰੀ ਥਰਮਲ ਅਤੇ ਹਾਈਡਲ ਬਿਜਲੀ ਮਿਲਾ ਕੇ ਜੋ ਕਾਸਟ ਸਾਡੀ ਆਉਂਦੀ ਹੈ ਉਹ 164 ਪੈਸੇ ਪਰ ਯੂਨਿਟ ਸਾਨੂੰ ਘਰ ਬਿਜਲੀ ਪੈਂਦੀ ਹੈ ਲੇਕਿਨ ਸਾਨੂੰ ਖੁਸ਼ੀ ਹੈ ਕਿ ਕਿਸਾਨਾਂ ਜਿਨ੍ਹਾਂ ਨੇ ਹਿੰਦੁਸਤਾਨ ਦੇ ਅੰਨ ਭੰਡਾਰ ਨੂੰ ਭਰਿਆ ਹੈ, ਅਤੇ ਬਹੁਤ ਮਿਹਨਤ ਕੀਤੀ ਹੈ ਖੇਤਾਂ ਵਿਚ ਹਰਿਆਲੀ ਲਿਆਂਦੀ ਹੈ ਉਨ੍ਹਾਂ ਤੋਂ 31 ਪੈਸੇ ਸਿਰਫ ਵਸੂਲੇ ਜਾਂਦੇ ਹਨ..

ਕਾਮਰੇਡ ਗੁਰਨਾਮ ਸਿੰਘ ਧੀਰੇਵਾਲ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

ਸ਼੍ਰੀ ਸਪੀਕਰ : ਤੁਹਾਨੂੰ ਪਤਾ ਹੈ ਪੁਆਇੰਟ ਆਫ ਆਰਡਰ ਕਿਹੜੇ ਵੇਲੇ ਹੁੰਦਾ ਹੈ । ਉਹ ਸਪੀਚ ਦੇ ਰਹੇ ਹਨ । **When he finishes you can speak if you have anything.**

Finance Minister : Point of Order for interruption. Nothing else.

ਸਪੀਕਰ ਸਾਹਿਬ, ਤੁਹਾਡਾ ਸ਼ੁਕਰੀਆ ਤੁਸੀਂ ਇੰਟਰਪਸ਼ਨ ਨਹੀਂ ਹੋਣ ਦਿੱਤੀ । ਮੈਂ ਇਹ ਦੱਸਣਾ ਚਾਹਵਾਂਗਾ ਕਿ ਜਿਥੇ ਪੰਜਾਬ ਰਾਜ ਬਿਜਲੀ ਬੋਰਡ ਨੇ ਇਸ ਸਾਲ ਵਿਚ ਜ਼ੀਰੋ ਕੈਸ਼ ਲੈਵਲ ਲਿਆਉਣ ਦਾ ਪੱਕਾ ਇਰਾਦਾ ਕੀਤਾ ਹੈ, ਉਥੇ ਬਿਜਲੀ ਦੀ ਚੋਰੀ ਘਟੀ ਹੈ, ਲਾਈਨ ਲਾਸਿਜ਼ ਘਟੇ ਹਨ ਅਤੇ ਸਰਦਾਰ ਬੇਅੰਤ ਸਿੰਘ ਦੀ ਰਹਿਨੁਮਾਈ ਥੱਲੇ ਐਡਮਨਿਸਟ੍ਰੇਸ਼ਨ ਚੰਗੀ ਹੋਈ ਹੈ । ਇਸ ਸਾਲ ਵਿਚ ਪੰਜਾਬ ਰਾਜ ਬਿਜਲੀ ਬੋਰਡ ਦਾ ਜ਼ੀਰੋ ਕੈਸ਼ ਲੈਵਲ ਆ ਜਾਵੇਗਾ ਅਤੇ ਉਸ ਦੇ ਨਾਲ ਨਾਲ 960 ਕਰੋੜ ਰੁਪਏ ਦੀ ਜਿਹੜੀ ਬਿਜਲੀ ਸਾਨੂੰ 164 ਪੈਸੇ ਪਰ ਯੂਨਿਟ ਪੈਂਦੀ ਹੈ, ਉਹ 31 ਪੈਸੇ ਕਿਸਾਨਾਂ ਨੂੰ ਦੇ ਕੇ 960 ਕਰੋੜ ਰੁਪਏ ਕਿਸਾਨਾਂ ਵਾਸਤੇ ਯੋਗਦਾਨ ਦੇਣ ਦਾ ਪੰਜਾਬ ਸਰਕਾਰ ਦਾ ਫੈਸਲਾ ਹੈ ਅਤੇ ਅਸੀਂ ਇਸ ਨੂੰ ਅੱਗੇ ਵਾਸਤੇ ਵੀ ਜਾਰੀ ਰਖਾਂਗੇ ਤਾਂਕਿ ਸਾਡੇ ਕਿਸਾਨ ਭਰਾ ਜ਼ਿਆਦਾ ਮਿਹਨਤ ਕਰਕੇ ਪੰਜਾਬ ਨੂੰ ਖੁਸ਼ਹਾਲ ਬਣਾਉਣ ।

ਇਸ ਤੋਂ ਇਲਾਵਾ ਸਾਡੇ ਪੰਜਾਬ ਵਿਚ ਡਾਈਵਰਸੀਫਿਕੇਸ਼ਨ ਵਾਸਤੇ ਅਤੇ ਹਾਰਟੀਕਲਚਰ ਵਾਸਤੇ ਵੀ ਬੜੀਆਂ ਸਬਸਿਡੀਆਂ ਹਨ ਅਤੇ ਇਹ ਸਬਸਿਡੀਆਂ ਹੁਣ 44 ਕਰੋੜ ਤੋਂ ਵਧਾ ਕੇ 49 ਕਰੋੜ ਤੱਕ ਕਰ ਦਿੱਤੀਆਂ ਹਨ । ਇਸ ਤੋਂ ਅੱਗੇ ਅਸੀਂ ਜੋ ਕਿਸਾਨਾਂ ਨੇ ਪੈਦਾ ਕੀਤਾ ਹੋਵੇਗਾ ਉਸ ਦੀ ਮਾਰਕੀਟਿੰਗ ਲਈ ਵੀ ਪ੍ਰਬੰਧ ਕਰ ਰਹੇ ਹਾਂ । ਕਿਸਾਨ ਸਾਡੀ ਸ਼ਕਤੀ ਹਨ ਅਤੇ ਇਸ ਪੰਜਾਬ ਦਾ ਕਿਸਾਨ ਖੁਸ਼ਹਾਲ ਵਾਸੀ ਹੈ । ਪੰਜਾਬ ਸਰਕਾਰ ਉਨ੍ਹਾਂ ਦੀ ਮਦਦ ਕਰਨ ਨੂੰ ਕਦੇ ਪਿਛੇ ਨਹੀਂ ਹਟੇਗੀ ਅਤੇ ਅਸੀਂ ਲਗਾਤਾਰ ਇਹ ਕੋਸ਼ਿਸ਼ ਨੂੰ ਜਾਰੀ ਰਖਾਂਗੇ ।

ਸਪੀਕਰ ਸਾਹਿਬ, ਅੱਗੇ ਇੰਪਲਾਇਮੈਂਟ ਔਰ ਅਨਇੰਪਲਾਇਮੈਂਟ ਦੀ ਗੱਲ ਆਈ ਹੈ । ਇਹ ਬਹੁਤ ਵੱਡਾ ਮਸਲਾ ਹੈ । ਇਸ ਤੋਂ ਇਲਾਵਾ ਲੇਬਰ ਦਾ ਮਸਲਾ ਵੀ ਬਰਾਬਰ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਉਠਾਇਆ ਗਿਆ ਹੈ ਅਤੇ ਖਾਸ ਤੌਰ ਤੇ ਸਾਡੇ ਸਾਥੀ ਸਾਹਿਬ ਤਾਂ ਬੜੇ ਜੋਸ਼ ਵਿਚ ਆ ਕੇ ਕਹਿਣ ਲਗੇ ਕਿ 2000 ਰੁਪਿਆ ਮਿਨੀਮਮ ਵੇਜਿਜ਼ ਦੇ ਦਿਉ। ਠੀਕ ਹੈ, ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਹਿੰਦੁਸਤਾਨ ਵਿਚ ਅਗਰ ਕਿਸੇ ਹੋਰ ਸੂਬੇ ਨੇ, ਦਿੱਲੀ ਨੂੰ ਛੱਡ ਕੇ 2000 ਰੁਪਿਆ ਮਿਨੀਮਮ ਵੇਜ ਦਿੱਤਾ ਹੋਵੇਗਾ ਤਾਂ ਤੁਹਾਡੀ ਗੱਲ, ਸਾਥੀ ਸਾਹਿਬ, ਜ਼ਰੂਰ ਮੰਨ ਲਵਾਂਗੇ। ਇਹ ਪਹਿਲੀ ਸਰਕਾਰ ਹੈ ਸਾਰੇ ਹਿੰਦੁਸਤਾਨ ਵਿਚ ਜਿਸਨੇ ਮਿਨੀਮਮ ਵੇਜ, ਦਿੱਲੀ ਨੂੰ ਛੱਡ ਕੇ, ਸੱਭ ਤੋਂ ਜ਼ਿਆਦਾ ਕੀਤੀਆਂ ਹਨ ਅਤੇ ਅਸੀਂ ਇਸਨੂੰ ਜੋ ਖੇਤ ਮਜ਼ਦੂਰ ਅਤੇ ਫੈਕਟਰੀਆਂ ਵਿਚ ਕੰਮ ਕਰਦੇ ਮਜ਼ਦੂਰ ਹਨ, ਉਨ੍ਹਾਂ ਲਈ ਲਾਗੂ ਕਰ ਦੇਣਾ ਹੈ। ਬਾਕੀ ਲਾਗੂ ਕਰ ਦੇਣਾ ਹੀ ਕਾਫੀ ਨਹੀਂ ਕਿਉਂਕਿ ਅਗਰ 40-45 ਰੁਪਏ ਦੇ ਕਰੀਬ ਰੇਜ਼ ਦੇ ਨਾ ਮਿਲੇ ਅਤੇ ਉਨ੍ਹਾਂ ਨੂੰ ਅਗਰ 10-20 ਰੁਪਏ ਦੇ ਕੇ ਹੀ ਟਰਕਾਇਆ ਗਿਆ ਤਾਂ ਪੰਜਾਬ ਸਰਕਾਰ ਇਸ ਗੱਲ ਦਾ ਵੀ ਸੰਕਲਪ ਕਰਦੀ ਹੈ ਕਿ ਅਸੀਂ ਪੂਰੀ ਅਦਾਇਗੀ ਤੱਕ ਐਕਸ਼ਨ ਲਵਾਂਗੇ (ਖੰਪਿੰਗ) ਜਿਥੇ ਕਿਤੇ ਜ਼ਿਆਦਤੀ ਹੋਵੇਗੀ ਕਿਸਾਨ ਅਤੇ ਮਜ਼ਦੂਰ ਨਾਲ। ਹੁਣ ਦੇ ਲੇਬਰ ਕੋਰਟ ਵਧ ਗਈਆਂ ਹਨ ਜਿਥੇਂ ਮਜ਼ਦੂਰਾਂ ਨੂੰ ਪੂਰਾ ਪੂਰਾ ਇਨਸਾਫ ਮਿਲੇ। ਅਗਰ ਦਿੱਲੀ ਵਿਚ ਮਿਨੀਮਮ ਵੇਜ ਜ਼ਿਆਦਾ ਹੈ ਤਾਂ ਉਸਦਾ ਕਾਰਣ ਹੈ ਕਿ ਦਿੱਲੀ ਇਕ ਬਹੁਤ ਵੱਡਾ ਸ਼ਹਿਰ ਹੈ ਅੱਰ ਉਸ ਸ਼ਹਿਰ ਵਿਚ ਖਰਚਾ ਵੀ ਬਹੁਤ ਜ਼ਿਆਦਾ ਹੈ। ਪੰਜਾਬ ਵਿਚ 80% ਆਬਾਦੀ ਪਿੰਡਾਂ ਵਿਚ ਵਸਦੀ ਹੈ। ਹੁਣ ਤਾਂ ਇਹ ਕੁਝ ਘਟ ਗਈ ਹੈ। ਹੁਣ 29% ਆਬਾਦੀ ਅਰਬਨ ਏਰੀਆਜ਼ ਵਿਚ ਅਤੇ 71% ਦੇ ਕਰੀਬ ਪਿੰਡਾਂ ਵਿਚ ਹੋ ਗਈ ਹੈ। ਹਾਲੇ ਵੀ ਜ਼ਿਆਦਾ ਆਬਾਦੀ ਪਿੰਡਾਂ ਵਿਚ ਹੀ ਰਹਿੰਦੀ ਹੈ। ਇਸ ਕਰਕੇ ਪਿੰਡਾਂ ਵਿਚ ਕੁਝ ਖਰਚਾ ਘੱਟ ਵੀ ਹੋ ਸਕਦਾ ਹੈ। ਸੋ, ਦਿੱਲੀ ਨਾਲ ਤਾਂ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਫਿਰ ਵੀ ਮੈਨੂੰ ਖੁਸ਼ੀ ਹੈ ਕਿ ਘੱਟੋ ਘੱਟ ਉਜਰਤ 1350 ਰੁਪਏ ਕਰਕੇ ਸਰਕਾਰ ਨੇ ਮਜ਼ਦੂਰਾਂ ਦੇ ਚਰਨਾਂ ਵਿਚ ਸ਼ਰਧਾ ਵਿਅਕਤ ਕੀਤੀ ਹੈ ਅਤੇ ਉਸ ਨੂੰ ਲਾਗੂ ਕਰਨ ਦੀ ਵੀ ਪੂਰੀ ਕੋਸ਼ਿਸ਼ ਕੀਤੀ ਹੈ ਤਾਂ ਕਿ ਕਿਸੇ ਵੀ ਗਰੀਬ ਮਜ਼ਦੂਰ ਨਾਲ ਧੱਕਾ ਨਾ ਹੋਵੇ। ਸਰਦਾਰ ਬੇਅੰਤ ਸਿੰਘ ਗਰੀਬ ਲੋਕਾਂ ਦੇ ਮਸੀਹਾ ਹਨ। ਜਿਸ ਵੇਲੇ 25 ਫਰਵਰੀ, 1992 ਨੂੰ ਇਹ ਸਰਕਾਰ ਬਣੀ ਸੀ, ਉਸ ਵੇਲੇ 7.50 ਲੱਖ ਲੋਕ ਪੜ੍ਹੇ ਲਿਖੇ ਬੇਕਾਰ ਸਨ। ਅਸੀਂ ਉਨ੍ਹਾਂ ਸਾਰਿਆਂ ਨੂੰ ਤਾਂ ਆਪਣੇ ਪੈਰਾਂ ਤੇ ਖੜ੍ਹੇ ਨਹੀਂ ਕਰ ਸਕੇ ਲੇਕਿਨ ਢਾਈ ਲੱਖ ਲੋਕਾਂ ਨੂੰ ਉਨ੍ਹਾਂ ਦੇ ਪੈਰਾਂ ਤੇ ਖੜ੍ਹਾ ਕਰਨ ਵਿਚ ਮਦਦ ਜ਼ਰੂਰ ਕੀਤੀ ਹੈ। ਕਈਆਂ ਨੂੰ ਜਾਬਜ਼ ਦਿੱਤੀਆਂ ਹਨ ਅਤੇ ਹਜ਼ਾਰਾਂ ਨੂੰ ਸਰਕਾਰੀ ਇੰਪਲਾਇਮੈਂਟ ਦਿੱਤੀ ਹੈ। 4 ਲੱਖ ਲੋਕਾਂ ਨੂੰ ਅਸੀਂ 770 ਕਰੋੜ ਰੁਪਿਆ ਪਿਛਲੇ ਸਾਲਾਂ ਵਿਚ ਬਤੌਰ ਕਰਜ਼ਾ ਦੇ ਕੇ ਉਨ੍ਹਾਂ ਦੀ ਮਦਦ ਕੀਤੀ ਹੈ ਤਾਂ ਕਿ ਉਹ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ। 1995-96 ਵਿਚ 305 ਕਰੋੜ ਰੁਪਏ ਦੇ ਲੋਨ ਦੇ ਕੇ 2 ਲੱਖ 65 ਹਜ਼ਾਰ ਲੋਕਾਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਨ ਦਾ ਪ੍ਰੋਗਰਾਮ ਹੈ। ਸਾਡੀ ਭਰਪੂਰ ਕੋਸ਼ਿਸ਼ ਹੈ ਕਿ ਇੰਪਲਾਇਮੈਂਟ ਦੇਣ ਅਤੇ ਗਰੀਬੀ ਨੂੰ ਦੂਰ ਕਰਨ ਵਾਸਤੇ ਅਸੀਂ ਇਹ ਪ੍ਰੋਗਰਾਮ ਸ਼ੁਰੂ ਕਰੀਏ ਅਤੇ ਕਰਜ਼ੇ ਦੀ ਸ਼ਕਲ ਵਿਚ ਇਨ੍ਹਾਂ ਲੋਕਾਂ ਦੀ ਮਦਦ ਕਰੀਏ। ਗਰੀਬੀ ਨੂੰ ਦੂਰ ਕਰਨ ਵਾਸਤੇ ਸਾਡੇ ਕਈ ਪ੍ਰੋਗਰਾਮ ਹਨ ਜਿਵੇਂ ਇੰਟੈਗਰੇਟਿਡ ਰੂਰਲ ਡਿਵੈਲਪਮੈਂਟ ਪ੍ਰੋਗਰਾਮ, ਟ੍ਰਾਈਸੈਮ, ਜਵਾਹਰ ਰੋਜ਼ਗਾਰ ਯੋਜਨਾ ਅਤੇ ਪ੍ਰਾਈਮ ਮਨਿਸਟਰ ਰੋਜ਼ਗਾਰ ਯੋਜਨਾ ਵਗੈਰਾ। ਇਨ੍ਹਾਂ ਸਾਰੇ ਪ੍ਰੋਗਰਾਮਾਂ ਨੂੰ

Original with;
Punjab Vidhan Sabha
Digitized by;
Panjab Digital Library

ਇਕੱਠਾ ਕਰੋਕੇ 1992 ਤੋਂ 1995 ਤੱਕ ਦੇ 3 ਸਾਲਾਂ ਵਿਚ 4.80 ਲੱਖ ਲੋਕਾਂ ਨੂੰ ਅਸੀਂ ਮਦਦ ਦਿੱਤੀ ਹੈ । 1995-96 ਵਾਸਤੇ ਜੋ ਸਾਡਾ ਟੀਚਾ ਹੈ, ਉਸ ਦੇ ਮੁਤਾਬਿਕ ਅਸੀਂ 2 ਲੱਖ 65 ਹਜ਼ਾਰ ਲੋਕਾਂ ਨੂੰ ਇਨ੍ਹਾਂ ਸਕੀਮਾਂ ਰਾਹੀਂ ਮਦਦ ਦੇਵਾਂਗੇ ਅਤੇ ਉਨ੍ਹਾਂ ਨੂੰ ਰੋਜ਼ਗਾਰ ਦੇਵਾਂਗੇ । ਇੰਪਲਾਇਮੈਂਟ ਵਾਸਤੇ ਕੁਝ ਇੰਡਸਟਰੀ ਦੀਆਂ ਸਕੀਮਾਂ ਵੀ ਹਨ । ਪੀ.ਐਸ.ਆਈ ਡੀ.ਸੀ. ਦੇ ਸਹਿਯੋਗ ਨਾਲ ਪਿਛਲੇ 3 ਸਾਲਾਂ ਵਿਚ 77935.85 ਲੱਖ ਰੁਪਏ ਦੀ ਲਾਗਤ ਨਾਲ ਜਿਹੜੇ ਯੂਨਿਟ ਐਸਟੈਬਲਿਸ਼ ਹੋਏ, ਉਨ੍ਹਾਂ ਨਾਲ 9693 ਲੋਕਾਂ ਨੂੰ ਸਿਧੇ ਤੌਰ ਤੇ ਅਤੇ 54283 ਲੋਕਾਂ ਨੂੰ ਇਨਡਾਇਰੈਕਟ ਤੌਰ ਤੇ ਰੋਜ਼ਗਾਰ ਮਿਲਿਆ । ਪੰਜਾਬ ਸਟੇਟ ਇਲੈਕਟ੍ਰਾਨਿਕਸ ਡਿਵੈਲਪਮੈਂਟ ਐਂਡ ਪ੍ਰੋਡਕਸ਼ਨ ਕਾਰਪੋਰੇਸ਼ਨ ਥੱਲੇ 172 ਕਰੋੜ ਰੁਪਏ ਦੀ ਲਾਗਤ ਨਾਲ ਲੱਗੇ ਪ੍ਰਾਜੈਕਟਾਂ ਤੋਂ 1150 ਲੋਕਾਂ ਨੂੰ ਡਾਇਰੈਕਟ ਤੌਰ ਤੇ ਅਤੇ 850 ਲੋਕਾਂ ਨੂੰ ਇਨਡਾਇਰੈਕਟ ਤੌਰ ਤੇ ਰੋਜ਼ਗਾਰ ਮਿਲਿਆ । ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਹੇਠ 66 ਕਰੋੜ ਦੀ ਲਾਗਤ ਨਾਲ ਲੱਗੇ ਪ੍ਰਾਜੈਕਟਾਂ ਤੋਂ 1770 ਲੋਕਾਂ ਨੂੰ ਸਿੱਧੇ ਤੌਰ ਤੇ ਅਤੇ 3410 ਲੋਕਾਂ ਨੂੰ ਅਸਿਧੇ ਤੌਰ ਤੋਂ ਰੋਜ਼ਗਾਰ ਮਿਲਿਆ । ਇਸ ਤਰੀਕੇ ਨਾਲ ਪਿਛਲੇ 3 ਸਾਲਾਂ ਵਿਚ 1017 ਕਰੋੜ ਅਤੇ 67 ਲੱਖ ਰੁਪਿਆ ਲੱਗਿਆ ਜਿਸ ਨਾਲ 12613 ਲੋਕਾਂ ਨੂੰ ਸਿੱਧੇ ਤੌਰ ਤੇ ਅਤੇ 58543 ਲੋਕਾਂ ਨੂੰ ਅਸਿਧੇ ਤੌਰ ਤੇ ਰੋਜ਼ਗਾਰ ਮਿਲਿਆ । ਬੜੀ ਇੰਡਸਟਰੀ ਦੇ ਨਾਲ ਸਾਡੀ ਮੀਡੀਅਮ ਅਤੇ ਸਮਾਲ ਸਕੇਲ ਇੰਡਸਟਰੀ ਵੀ ਹੈ ਇਸ ਵਿਚ 1992-95 ਦੌਰਾਨ 10763 ਯੂਨਿਟ ਲੱਗੇ । ਇਸ ਰਫਤਾਰ ਨੂੰ ਹੋਰ ਤੇਜ਼ ਕਰਨ ਲਈ 1995-96 ਵਿਚ 4000 ਯੂਨਿਟ ਲਗਾਉਣ ਦਾ ਸਾਡਾ ਟੀਚਾ ਹੈ ਅਤੇ ਇਹ ਅਸੀਂ ਜ਼ਰੂਰ ਪੂਰਾ ਕਰਾਂਗੇ । ਪਿਛਲੇ 3 ਸਾਲਾਂ ਵਿਚ ਛੋਟੇ ਪੈਮਾਨੇ ਦੇ ਉਦਯੋਗਾਂ ਤੇ 357.94 ਲੱਖ ਰੁਪਏ ਵੀ ਇਨਵੈਸਟਮੈਂਟ ਹੋਈ । ਸਪੀਕਰ ਸਾਹਿਬ, ਤੁਹਾਨੂੰ ਖੁਸ਼ੀ ਹੋਵੇਗੀ ਕਿ 1995-96 ਵਿਚ ਅਸੀਂ ਟੀਚਾ ਮਿਥਿਆ ਹੈ ਕਿ 268 ਕਰੋੜ ਰੁਪਏ ਖਰਚ ਕੇ ਇਸੇ ਤਰ੍ਹਾਂ ਦੇ ਹੋਰ ਯੂਨਿਟ ਲਗਾਵਾਂਗੇ ਜਦ ਕਿ ਪਿਛਲੇ ਤਿੰਨ ਸਾਲਾਂ ਦੇ ਵਿਚ ਕੁਲ 357 ਕਰੋੜ ਰੁਪਏ ਖਰਚੇ ਗਏ ਸਨ ।

ਸਪੀਕਰ ਸਾਹਿਬ, ਲਾਰਜ ਅੋਰ ਮੀਡੀਅਮ ਇੰਡਸਟਰੀ ਦੇ ਵਿਚ 1994-95 ਤੱਕ 76 ਯੂਨਿਟ ਲੱਗੇ ਸਨ ਜਦ ਕਿ 1995-96 ਵਿਚ 30 ਹੋਰ ਨਵੇਂ ਯੂਨਿਟ ਲਗਾਉਣ ਦਾ ਫੈਸਲਾ ਕੀਤਾ ਹੈ । ਇਨਵੈਸਟਮੈਂਟ ਪਹਿਲਾਂ ਤਿੰਨ ਸਾਲਾਂ ਵਿਚ ਅਸੀਂ 978 ਕਰੋੜ ਰੁਪਏ ਕੀਤੀ ਸੀ ਜਦ ਕਿ ਇਸ ਵਾਰ ਇਕੇ ਸਾਲ ਵਿਚ 516 ਕਰੋੜ ਰੁਪਏ ਹੋਵੇਗੀ ਅੋਰ 12570 ਲੋਕਾਂ ਨੂੰ ਰੋਜ਼ਗਾਰ ਮਿਲੇਗਾ । ਸਪੀਕਰ ਸਾਹਿਬ, ਇਕ ਏਥੇ ਪੈਟਰੋ ਕੈਮੀਕਲ ਕੰਪਲੈਕਸ ਦੀ ਗੱਲ ਬਾਰ ਬਾਰ ਹੋਈ ਹੈ । ਮਾਨਯੋਗ ਮੈਂਬਰ ਸਾਹਿਬਾਨ ਨੇ ਬੜੇ ਤਿਖੇ ਢੰਗ ਨਾਲ ਕਿਹਾ ਕਿ ਫਰਟਾਈਲ ਜ਼ਮੀਨ ਬਰਬਾਦ ਹੋ ਜਾਵੇਗੀ ਜਿਸ ਕਰਕੇ ਲੋਕ ਐਜ਼ੀਟੇਸ਼ਨ ਕਰ ਰਹੇ ਹਨ । ਉਨ੍ਹਾਂ ਕੋਲੋਂ ਪੁਲੀਟੀਕਲ ਮੋਟੀਵੇਸ਼ਨ ਦੇ ਨਾਲ ਐਜ਼ੀਟੇਸ਼ਨ ਕਰਵਾਈ ਜਾਂਦੀ ਹੈ । ਸਪੀਕਰ ਸਾਹਿਬ ਇਸ ਪੈਟਰੋ ਕੈਮੀਕਲ ਕੰਪਲੈਕਸ ਦੇ ਨਾਲ ਜਿਸ ਦੀ ਕੀਮਤ ਪੰਜ ਹਜ਼ਾਰ ਕਰੋੜ ਰੁਪਏ ਹੈ ਅੋਰ ਜਿਸ ਦੇ ਲਗਣ ਨਾਲ ਇਥੇ 50,000 ਲੋਕਾਂ ਨੂੰ ਰੋਜ਼ਗਾਰ ਮਿਲੇਗਾ, ਮੈਂ ਤੁਹਾਡੇ ਜ਼ਰੀਏ ਇਸ ਸਦਨ ਦੇ ਮਾਨਯੋਗ ਮੈਂਬਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਜ਼ਮੀਨ ਵਿਚ ਖੇਤਾਂ ਵਿਚ ਦਾਣੇ ਉਗਾਉਂਦੇ ਉਗਾਉਂਦੇ ਉਕਾ ਹੀ ਥੱਕ ਗਏ ਹੋ, ਤੁਸੀਂ ਪੈਟਰੋ ਕੈਮੀਕਲ ਇੰਡਸਟਰੀ ਲੱਗਣ ਦਿਓ ਤੁਸੀਂ ਖੁਸ਼ਹਾਲ ਹੋ ਜਾਵੋਗੇ । ਸੋਨਾ ਹੀ ਸੋਨਾ

Original with;
Punjab Vidhan Sabha
Digitized by;
Punjab Digital Library

(ਵਿੱਤ ਮੰਤਰੀ)

ਤੁਹਾਡੇ ਇਰਦ ਗਿਰਦ ਖਿਲਰਿਆ ਪਿਆ ਹੋਵੇਗਾ ਕਿਉਂਕਿ ਇਸ ਨਾਲ ਬਹੁਤ ਵੱਡੀ ਗਿਣਤੀ ਵਿਚ ਇਨਸਿਲਰੀ ਯੂਨਿਟਸ ਹੋਰ ਸ਼ਾਮਲ ਹੋਣਗੇ। ਜਿਹੜੇ ਮਾਨਯੋਗ ਮੈਂਬਰ ਸਾਹਿਬਾਨ ਅੰਕਸਪਲਾਇਟ ਕਰਦੇ ਹਨ, ਸਪੀਕਰ ਸਾਹਿਬ. ਅੰਕਸਪਲਾਇਟ ਸ਼ਬਦ ਤੋਂ ਹੀ ਇਕ ਗੱਲ ਮੈਨੂੰ ਯਾਦ ਆ ਗਈ ਹੈ। ਮੈਂ ਕਿਸੇ ਜ਼ਗ੍ਹਾ ਕਿਸੇ ਫੰਕਸ਼ਨ ਤੇ ਗਿਆ ਉਥੇ ਬੜਾ ਸ਼ਾਨਦਾਰ ਫੰਕਸ਼ਨ ਹੋਇਆ। ਉਸ ਤੋਂ ਬਾਅਦ ਜਿਸ ਵੇਲੇ ਮੈਂ ਜਾਣ ਲੱਗਾ ਤਾਂ ਮੇਰੇ ਕੋਲ ਇਕ ਸੱਜਨ ਦੌੜ ਕੇ ਆ ਗਿਆ ਤੇ ਕਹਿਣ ਲੱਗਾ, ਡਾਕਟਰ ਸਾਹਿਬ ਤੁਹਾਡੇ ਨਾਲ ਇਕੱਲਿਆਂ ਦੇ ਨਾਲ ਇਕ ਗੱਲ ਕਰਨੀ ਹੈ। ਮੈਂ ਕਿਹਾ ਕਰ। ਉਸ ਨੇ ਕਿਹਾ ਕਿ ਜਿੱਥੇ ਤੁਸੀਂ ਖੜ੍ਹੇ ਹੋ, ਉਥੇ ਤੁਸੀਂ ਖੜ੍ਹ ਕੇ ਸਾਹਮਣੇ ਕੀ ਦੇਖਦੇ ਹੋ। ਮੈਂ ਕਿਹਾ ਕਿ ਮੈਂ ਹਰੇ ਭਰੇ ਖੇਤ ਦੇਖਦਾ ਹਾਂ, ਸ਼ਾਨਦਾਰ ਖੇਤ ਦੇਖਦਾ ਹਾਂ। ਉਸ ਨੇ ਕਿਹਾ ਜ਼ਰਾ ਗੌਰ ਨਾਲ ਦੇਖੋ। ਮੈਂ ਕਿਹਾ ਜੇ ਗੌਰ ਨਾਲ ਦੇਖਦਾ ਹਾਂ ਤਾਂ ਬਿਜਲੀ ਦੇ ਪੋਲ ਗੱਡੇ ਹੋਏ ਦਿਖਦੇ ਹਨ। ਫਿਰ ਉਹ ਬੋਲਿਆ ਕਿ ਡਾਕਟਰ ਸਾਹਿਬ ਜੇ ਤੁਹਾਡੇ ਹੁੰਦੇ ਹੋਏ ਵੀ ਸਾਡੇ ਖੇਤਾਂ ਦੇ ਵਿਚ ਬਿਜਲੀ ਦੇ ਪੋਲ ਗੱਡੇ ਹੋਏ ਹੋਣ ਤਾਂ ਤੁਹਾਡਾ ਮਨਿਸਟਰ ਬਣਨ ਦਾ ਸਾਨੂੰ ਕੀ ਫਾਇਦਾ ਹੋਇਆ ? ਇਹ ਪੋਲ ਤੁਸੀਂ ਪੁਟਾਓ। ਸੋ ਸਪੀਕਰ ਸਾਹਿਬ, ਕਈ ਵਾਰ ਵੱਡੇ ਕੰਮਾਂ ਲਈ ਕੁਰਬਾਨੀ ਕਰਨੀ ਪੈਂਦੀ ਹੈ ਤਾਂ ਕਿ ਵੱਡਾ ਕੰਮ ਹੋ ਸਕੇ। ਇਨ੍ਹਾਂ ਛੋਟੀਆਂ ਛੋਟੀਆਂ ਚੀਜ਼ਾਂ ਨੂੰ ਇਕ ਪਾਸੇ ਰਖਣਾ ਪੈਂਦਾ ਹੈ। ਪੈਟਰੋ ਕੈਮੀਕਲ ਇੰਡਸਟਰੀ ਵਾਸਤੇ ਠੀਕ ਹੈ ਉਥੇ ਲੋਕੀਂ ਜ਼ਮੀਨ ਨਹੀਂ ਦਿੰਦੇ। ਸਰਦਾਰ ਜੀ ਨੇ ਕਿਹਾ ਹੈ ਕਿ ਜੇ ਜ਼ਮੀਨ ਨਹੀਂ ਦੇਵਾਗੇ ਤਾਂ ਅਸੀਂ ਇਹ ਕਿਸੇ ਹੋਰ ਜਗ੍ਹਾ ਲਗਾ ਦਿਆਂਗੇ। ਅਸੀਂ ਹੁਸ਼ਿਆਰਪੁਰ ਜਾਂ ਕੰਡੀ ਏਰੀਆ ਵਿਚ ਲੈ ਜਾਵਾਂਗੇ। ਇਹ ਪੈਟਰੋ ਕੈਮੀਕਲ ਇੰਡਸਟਰੀ ਤਾਂ ਲੱਗਣੀ ਹੀ ਲੱਗਣੀ ਹੈ। ਇਸ ਦੀ ਮਨਜ਼ੂਰੀ ਸਰਦਾਰ ਬੇਅੰਤ ਸਿੰਘ ਜੀ ਨੇ ਬੜੀ ਮਿਹਨਤ ਦੇ ਨਾਲ ਇਕ ਬੜਾ ਹੀ ਸ਼ਾਨਦਾਰ ਤੋਹਫਾ ਲੈ ਕੇ ਦਿੱਤਾ ਹੈ ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਹੋਰ ਰੋਜ਼ਗਾਰ ਮਿਲੇਗਾ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਕੀ ਹਾਊਸ ਦਾ ਸਮਾਂ ਹੋਰ ਵਧਾ ਦਿੱਤਾ ਜਾਵੇ ?

ਵਿੱਤ ਮੰਤਰੀ : ਵਧਾ ਦਿਓ ਜੀ। ਕੋਈ ਪੁਲੀਟੀਕਲ ਗੱਲ ਤਾਂ ਹਾਲੇ ਕੀਤੀ ਹੀ ਨਹੀਂ।

EXTENSION OF TIME OF THE SITTING

Mr. Speaker . Is it the pleasure of the house that the time of the sitting be extended till the conclusion of the speach of F.M. ?

(Voices : yes, yes)

The time of the sitting is extended till the conclusion of the speack of F.M.

GENERAL DISCUSSION ON THE BUDGET ESTIMATES FOR THE YEAR 1995-96 (*Resumption*)

ਵਿੱਤ ਮੰਤਰੀ : ਸਪੀਕਰ ਸਾਹਿਬ, 1992-93 ਤੋਂ ਹੁਣ ਤੱਕ 5130 ਕਰੋੜ ਰੁਪਿਆ ਲਾਰਜ ਇੰਡਸਟਰੀ ਤੇ ਇਸ ਸਰਕਾਰ ਨੇ ਬਾਹਰੋਂ ਲਿਆਂ ਕੇ ਲੋਕਾਂ ਨੂੰ ਰੋਜ਼ਗਾਰ ਵੀ ਮੁਹੱਈਆ ਕਰਵਾਇਆ

Original with;
Punjab Vidhan Sabha
Digitized by;
Panjab Digital Library

ਹੈ ਅੱਤ. ਲਾਰਜ ਸਕੇਲ ਇੰਡਸਟਰੀ ਤੇ ਸਾਲ 1995-96 ਵਿਚ 2400 ਕਰੋੜ ਰੁਪਿਆ ਖਰਚਣ ਦਾ ਟੀਚਾ ਰੱਖਿਆ ਹੈ । ਪਲਾਨਿੰਗ ਬੋਰਡ ਦੀ ਮੀਟਿੰਗ ਹੋਈ ਸੀ । ਉਸ ਵਿਚ ਇਹ ਫੈਸਲਾ ਕੀਤਾ ਗਿਆ ਹੈ । ਸਪੀਕਰ ਸਾਹਿਬ, ਜਿਹੜੇ ਲੋਕ ਪਹਿਲਾਂ ਦਿੱਲੀ ਤੋਂ ਟੈਲੀਫੋਨ ਕਰਦੇ ਸੀ ਅੱਤ ਪੰਜਾਬ ਵਿਚ ਆਉਂਦੇ ਨਹੀਂ ਸੀ, ਹੁਣ ਅੱਨ. ਆਰ. ਆਈ. ਇਥੇ ਆ ਕੇ ਇੰਡਸਟਰੀ ਲਗਾ ਰਹੇ ਹਨ । ਉਹ ਆ ਕੇ ਕਹਿੰਦੇ ਹਨ ਪੰਜਾਬ ਵਰਗਾ ਸ਼ਾਂਤੀ ਅੱਤ ਅਮਨ ਵਾਲਾ ਹੋਰ ਕੋਈ ਸੂਬਾ ਹੀ ਨਹੀਂ । ਪੰਜਾਬ ਬੜਾ ਸ਼ਾਨਦਾਰ ਹੈ, ਇਥੇ ਬੜੀਆਂ ਸ਼ਾਨਦਾਰ ਸੜਕਾਂ ਹਨ, ਸ਼ਾਨਦਾਰ ਸ਼ਹਿਰ ਹਨ ਅੱਤ ਬਿਜਲੀ ਦੀ ਸਪਲਾਈ ਇੰਡਸਟਰੀ ਨੂੰ ਲਗਾਤਾਰ ਮਿਲਦੀ ਹੈ । ਉਹ ਕਹਿੰਦੇ ਹਨ ਕਿ ਅਸੀਂ ਏਥੇ ਹਜ਼ਾਰਾਂ ਕਰੋੜਾਂ ਰੁਪਏ ਖਰਚਣ ਨੂੰ ਤਿਆਰ ਹਾਂ । ਸਪੀਕਰ ਸਾਹਿਬ, ਉਹ ਤਾਂ ਇਹ ਵੀ ਆਫਰ ਕਰਦੇ ਹਨ ਕਿ ਸੜਕਾਂ ਬਨਾਉਣ ਤੋਂ ਇਲਾਵਾ ਉਹ ਹੋਰ ਵੀ ਕਈ ਪ੍ਰਾਜੈਕਟ ਲਾਉਣੇ ਚਾਹੁੰਦੇ ਹਨ । ਸਪੀਕਰ ਸਾਹਿਬ, ਅਸੀਂ ਚਾਹੁੰਦੇ ਹਾਂ ਕਿ ਪੰਜਾਬ ਹੋਰ ਸ਼ਾਨਦਾਰ ਹੋਵੇ, ਚੰਗਾ ਹੋਵੇ ਅੱਤ ਉਹ ਲੋਕ ਸਾਡੀ ਸਟੇਟ ਦੇ ਅੰਦਰ ਆਪਣੇ ਵੱਡੇ ਪ੍ਰਾਜੈਕਟ ਲਗਾਉਣ ।

ਸਪੀਕਰ ਸਾਹਿਬ, ਜੇ ਇਸ ਗੱਲ ਨੂੰ ਲਈਏ ਤਾਂ ਫਿਰ ਇਕ ਹੋਰ ਗੱਲ ਇੰਡਸਟਰੀ ਨਾਲ ਜੁੜੀ ਹੋਈ ਹੈ ਤੇ ਉਸ ਨੂੰ ਟੈਕਨੀਕਲ ਅੱਜੂਕੇਸ਼ਨ ਕਹਿੰਦੇ ਹਾਂ । ਟੈਕਨੀਕਲ ਅੱਜੂਕੇਸ਼ਨ ਵੱਲ ਜਦੋਂ ਦਾ ਦੇਸ਼ ਅਜ਼ਾਦ ਹੋਇਆ ਹੈ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ ਕਿਉਂਕਿ ਕਿਸਾਨੀ ਨੇ ਜਿਥੇ ਪਹੁੰਚਣਾ ਸੀ ਉਥੇ ਪਹੁੰਚ ਚੁਕੀ ਹੈ ਅੱਤ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ । ਮੈਂ ਕਹਿਣਾ ਚਾਹਾਂਗਾ ਕਿ ਸਾਲ 1972 ਤੱਕ ਹਿੰਦੁਸਤਾਨ ਹੱਥ ਫੈਲਾ ਕੇ ਬਾਹਰਲੇ ਮੁਲਕਾਂ ਤੋਂ ਅਨਾਜ ਮੰਗ ਕੇ ਖਾਂਦਾ ਹੁੰਦਾ ਸੀ । ਪਰ ਬਹਾਦਰ ਪੰਜਾਬੀਆਂ ਨੇ ਬਹਾਦਰ ਕਿਸਾਨਾ ਨੇ ਇੰਨਾ ਅਨਾਜ ਪੈਦਾ ਕੀਤਾ, 1972 ਤੋਂ ਬਾਅਦ ਉਨਾਂ ਨੇ ਭੰਡਾਰ ਇਤਨਾ ਭਰ ਦਿੱਤਾ. ਕਿ ਹੁਣ ਬਾਹਰੋਂ ਅਨਾਜ ਮੰਗਵਾਉਣ ਦੀ ਲੋੜ ਨਹੀਂ । ਬਲਕਿ ਹਿੰਦੁਸਤਾਨ ਇਸ ਕਾਬਲ ਹੋ ਗਿਆ ਹੈ ਕਿ ਅਸੀਂ ਬਾਹਰਲੇ ਮੁਲਕਾਂ ਨੂੰ ਵੀ ਅਨਾਜ ਭੇਜ ਸਕਦੇ ਹਾਂ । ਸਪੀਕਰ ਸਾਹਿਬ. ਟੈਕਨੀਕਲ ਅੱਜੂਕੇਸ਼ਨ ਵਿਚ ਇੰਜੀਨੀਰਿੰਗ ਕਾਲਜ ਸਾਲ 1992 ਤੱਕ ਕਿੰਨੇ ਸਨ । ਪਿਛਲੇ 45 ਸਾਲਾਂ ਵਿਚ ਕੁੱਲ 4 ਸਨ । ਲੇਕਿਨ ਹੁਣ 8 ਹੋ ਗਏ ਹਨ । ਜਿਹੜੇ ਨੀਂਹ ਪੱਥਰ ਵੀ ਰੱਖੇ ਹਨ, ਉਹ ਵੀ ਮੁਕੰਮਲ ਕਰਾਂਗੇ । ਇਹ 8 ਕੀਤੇ ਹਨ ਕੇਵਲ ਤਿੰਨ ਸਾਲਾਂ ਵਿਚ ਜੇਕਰ ਇਹ ਸ਼ਾਨਦਾਰ ਪ੍ਰਾਪਤੀ ਨਹੀਂ ਤਾਂ ਹੋਰ ਕੀ ਹੈ ? ਪੌਲੀਟੈਕਨਿਕ ਸਿਰਫ 15 ਸਨ ਅਤੇ ਹੁਣ 23 ਹੋ ਗਏ ਹਨ (ਇਸ ਸਾਲ ਅਖੀਰ ਵਿਚ 23 ਹੋ ਜਾਣਗੇ) 8 ਦਾ ਇਜ਼ਾਫਾ ਕੀਤਾ ਹੈ (ਥੰਪਿੰਗ) ਸਪੀਕਰ ਸਾਹਿਬ, ਆਈ. ਟੀ. ਆਈਜ਼ 100 ਤੋਂ ਵੀ ਘੱਟ ਸਨ ਪਰ ਹੁਣ 123 ਹੋ ਗਈਆਂ ਹਨ ਅਤੇ ਆਉਣ ਵਾਲੇ 2 ਸਾਲਾਂ ਵਿਚ ਇਨ੍ਹਾਂ ਨੂੰ ਵਧਾ ਕੇ 150 ਆਈ.ਟੀ.ਆਈਜ਼ ਕਰ ਦਿੱਤਾ ਜਾਵੇਗਾ । ਟੈਕਨੀਕਲ ਅੱਜੂਕੇਸ਼ਨ ਦੇ ਬਗੈਰ ਸਮਾਲ ਸਕੇਲ ਇੰਡਸਟਰੀ, ਮੀਡੀਅਮ ਸਕੇਲ ਇੰਡਸਟਰੀ ਅਤੇ ਲਾਰਜ ਸਕੇਲ ਇੰਡਸਟਰੀ ਦਾ ਬਣਨਾ ਅੱਤ ਚਲ ਸਕਣਾ ਮੁਸ਼ਕਲ ਹੈ । ਇਸ ਲਈ ਸਾਡਾ ਦ੍ਰਿੜ ਸੰਕਲਪ ਹੈ ਅਤੇ ਅਸੀਂ ਚਾਹਾਂਗੇ ਇਸ ਪੰਜਾਬ ਨੂੰ ਖੁਸ਼ਹਾਲ ਬਣਾਈਏ ਅਤੇ ਵੱਧ ਤੋਂ ਵੱਧ ਤਰੱਕੀ ਹੋਏ ।

ਸਪੀਕਰ ਸਾਹਿਬ, ਜ਼ਿਕਰ ਹੋਇਆ ਹੈ ਅੱਜੂਕੇਸ਼ਨ ਦਾ, ਖਾਸ ਤੌਰ ਤੇ ਅੱਲੀਮੈਂਟਰੀ ਅੱਜੂਕੇਸ਼ਨ ਦਾ, ਕਿ ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਨਹੀਂ । ਕਿਸੇ ਨੇ ਇਹ ਸ਼ਲਾਘਾ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਤਾਂ ਨਹੀਂ ਕੀਤੀ ਕਿ 12000 ਪ੍ਰਾਇਮਰੀ ਸਕੂਲ ਹਨ । ਉਹਨਾਂ ਦੀਆਂ ਬਿਲਡਿੰਗਾਂ ਵੀ ਹਨ । ਪਰ ਇਸ ਗੱਲ ਦੀ ਉਨ੍ਹਾਂ ਨੇ ਫ਼ਲਾਘਾ ਨਹੀਂ ਕੀਤੀ । ਲੇਕਿਨ ਇਸ ਗੱਲ ਦਾ ਕ੍ਰਿਟੀਸੀਜ਼ਮ ਜ਼ਰੂਰ ਹੋਇਆ ਕਿ ਉਥੇ ਸਕੂਲਾਂ ਦੀਆਂ 143 ਬਿਲਡਿੰਗ ਨਹੀਂ ਹਨ, ਪਰ ਠੀਕ ਫੀਗਰ ਹੈ 330 ਸਕੂਲਾਂ ਦੀਆਂ ਬਿਲਡਿੰਗਾਂ ਨਹੀਂ ਹਨ, 12,000 ਸਕੂਲਾਂ ਵਿੱਚੋਂ । ਸਪੀਕਰ ਸਾਹਿਬ, ਮੈਂ ਹਾਊਸ ਅੰਦਰ ਵਿਸ਼ਵਾਸ਼ ਦਿਲਾਂਦਾ ਹਾਂ ਕਿ ਇਸ ਸਾਲ ਵਿਚ 200 ਸਕੂਲਾਂ ਦੀਆਂ ਅਤੇ ਅਗਲੇ ਸਾਲ 330 ਸਕੂਲਾਂ ਦੀਆਂ ਵੀ ਬਿਲਡਿੰਗਾਂ ਬਣਾ ਦੇਵਾਂਗੇ । ਪੰਜਾਬ ਵਿਚ ਕੋਈ ਵੀ ਸਕੂਲ ਅਜਿਹਾ ਨਹੀਂ ਹੋਵੇਗਾ ਜਿਸ ਦੀ ਆਪਣੀ ਬਿਲਡਿੰਗ ਨਹੀਂ ਹੋਵੇਗੀ (ਬੰਪਿਗ) । ਲੇਕਿਨ ਫੌਰੀ ਤੌਰ ਤੇ ਖਤਰਾ ਹੈ ਉਨ੍ਹਾਂ ਬਿਲਡਿੰਗਾਂ ਤੋਂ ਜਿਹੜੀਆਂ ਅਣਸੇਫ ਹਨ । ਪਿਛਲੇ ਸਾਲਾਂ ਵਿਚ ਅਣ-ਟਾਈਡ ਫੰਡ ਵਿਚੋਂ ਹਜ਼ਾਰਾਂ ਲੱਖਾਂ ਰੁਪਿਆ ਮਿਲਦਾ ਰਿਹਾ ਹੈ। ਬਿਲਡਿੰਗਾਂ ਮੁਰੰਮਤ ਵੀ ਹੋਈਆਂ ਹਨ ਅਤੇ ਨਵੀਆਂ ਵੀ ਬਣੀਆਂ ਹਨ । ਲੇਕਿਨ ਅਜੇ 431 ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਅਣਸੇਫ ਹਨ । ਜਿਥੇ ਸਾਡੇ ਬੱਚੇ ਪੜ੍ਹਦੇ ਹਨ । ਲੇਕਿਨ ਸਰਦਾਰ ਬੇਅੰਤ ਸਿੰਘ ਇਹ ਬਰਦਾਸ਼ਤ ਨਹੀਂ ਕਰ ਸਕਦੇ ਕਿ ਐਨੀਆਂ ਬਿਲਡਿੰਗਾਂ ਅਣਸੇਫ ਰਹਿਣ । ਇਸ ਸਾਲ ਵਿਚ ਬਰਸਾਤ ਤੋਂ ਪਹਿਲਾਂ ਸਾਰੇ ਸਕੂਲਾਂ ਦੀਆਂ ਬਿਲਡਿੰਗਾਂ ਮੁਰੰਮਤ ਕਰਵਾ ਦੇਵਾਂਗੇ ਤਾਂਕਿ ਉਹ ਅਣ-ਸੇਫ਼ ਨਾ ਰਹਿਣ (ਬੰਪਿਗ) ਅਤੇ ਉਨ੍ਹਾਂ ਬੱਚਿਆਂ ਨੂੰ ਖਤਰਾ ਨਾ ਹੋਵੇ । ਸਪੀਕਰ ਸਾਹਿਬ, ਇਸ ਵਾਸਤੇ ਅਸੀਂ 5 ਕਰੋੜ ਰੁਪਏ ਫੌਰੀ ਤੌਰ ਤੇ ਰੀਲੀਜ਼ ਕਰ ਦੇਵਾਂਗੇ । ਸਾਰੇ ਕੰਮ ਮੁਕੰਮਲ ਕਰਾਂਗੇ । ਸਪੀਕਰ ਸਾਹਿਬ, ਅਰਜ਼ ਹੈ ਕਿ ਐਜੂਕੇਸ਼ਨ ਦੇ ਨਾਲ ਜਿਥੇ ਹਰ ਹਾਇਰ ਸੈਕੰਡਰੀ ਸਕੂਲਾਂ ਵਿੱਚ ਵੋਕੇਸ਼ਨਲਾਈਜ਼ ਹੋਵੇ, ਉਥ ਸਰਦਾਰ ਬੇਅੰਤ ਸਿੰਘ ਜੀ ਚਾਹੁੰਦੇ ਹਨ ਕਿ ਪ੍ਰਾਇਮਰੀ ਸਕੂਲਾਂ ਵਿੱਚ ਵੀ ਜਿਥੇ ਸਾਡੇ ਲੜਕੇ ਪੜ੍ਹਦੇ ਹਨ, ਉਹ ਵੀ ਕੁਝ ਸਿਖਣ (ਬੰਪਿਗ), ਕੋਈ ਚੀਜ਼ ਕਰ ਸਕਣ । ਅਸੀਂ ਚਾਹੁੰਦੇ ਹਾਂ ਕਿ ਸਾਰੇ ਸਕੂਲਾਂ ਵਿੱਚ ਜਿਥੇ ਬਾਕੀ ਸਬਕ ਮਿਲਦਾ ਹੈ, ਮਜ਼ਮੂਨ ਪੜ੍ਹਾਏ ਜਾਂਦੇ ਹਨ ਉਥੇ ਵੋਕੇਸ਼ਨਲ ਐਜੂਕੇਸ਼ਨ ਵੀ ਹਰ ਬੱਚੇ ਨੂੰ ਦਿੱਤੀ ਜਾਵੇ ਤਾਂ ਕਿ ਬੱਚਾ ਸਕੂਲ ਤੋਂ ਨਿਕਲਣ ਤੇ ਆਪਣੇ ਪੈਰਾਂ ਤੇ ਖੜ੍ਹਾ ਹੋ ਸਕੇ । ਸਪੀਕਰ ਸਾਹਿਬ, ਸਾਡੇ ਮੱਥੇ ਤੇ ਇਕ ਟਿੱਕਾ ਹੈ ਉਸ ਨੂੰ ਧੋਣਾ ਜ਼ਰੂਰੀ ਹੈ । ਸਰਦਾਰ ਬੇਅੰਤ ਸਿੰਘ ਜੀ ਇਸ ਬਾਰੇ ਵਿੱਚ ਬੜੇ ਬੇਚੈਨ ਹਨ । ਉਹ ਕਹਿੰਦੇ ਹਨ ਕਿ ਪੰਜਾਬ ਦੀ ਪਰ ਕੈਪਿਟਾ ਇਨਕਮ ਸੱਭ ਤੋਂ ਜ਼ਿਆਦਾ ਹੈ, ਸਿਰਫ ਗੋਆ ਨੂੰ ਛੱਡ ਕੇ ਕਿਉਂਕਿ ਉਹ ਹੁਣ ਸਟੇਟ ਬਣ ਗਈ ਹੈ । ਪਹਿਲਾਂ ਯੂਨੀਅਨ ਟੇਰੀਟਰੀ ਸੀ । ਫਿਰ ਵੀ ਇੱਥੇ ਪੰਜਾਬ ਵਿਚ 30% ਲੋਕ ਅਨਪੜ੍ਹ ਹੋਣ, ਇਲੀਟਰੇਟ ਹੋਣ, ਇਹ ਬੜੇ ਦੁੱਖ ਦੀ ਗੱਲ ਹੈ । ਅਸੀਂ ਇਹ ਕਲੰਕ ਧੋਣ ਦਾ ਫੈਸਲਾ ਕਰ ਲਿਆ ਹੈ । (ਬੰਪਿਗ) । ਹੁਸ਼ਿਆਰਪੁਰ ਅੰਰ ਫਰੀਦਕੋਟ ਵਿੱਚ 31 ਮਾਰਚ ਤੱਕ 100% ਲੋਕ ਪੜ੍ਹੇ-ਲਿਖੇ ਹੋਣਗੇ (ਬੰਪਿਗ) ਅੰਰ ਆਉਣ ਵਾਲੇ ਸਾਲ ਵਿੱਚ ਅਸੀਂ ਤਿੰਨ ਹੋਰ ਜ਼ਿਲ੍ਹਿਆਂ ਸੰਗਰੂਰ, ਗੁਰਦਾਸਪੁਰ ਅੰਰ ਪਟਿਆਲਾ ਵਿੱਚ ਇਹ ਟੀਚਾ ਪ੍ਰਾਪਤ ਕਰਾਂਗੇ । ਅਸੀਂ ਇਹ ਤਿੰਨ ਜ਼ਿਲ੍ਹੇ ਚੁਣੇ ਹਨ ਅੰਰ ਸਾਡੀ ਕੋਸ਼ਿਸ਼ ਹੈ ਕਿ ਸੌ ਫੀਸਦੀ ਲੋਕ ਇਨ੍ਹਾਂ ਜ਼ਿਲ੍ਹਿਆਂ ਵਿੱਚ ਪੜ੍ਹੇ-ਲਿਖੇ ਬਣਾਉਣੇ ਹਨ । ਇਸ ਗੱਲ ਦੀ ਸਰਦਾਰ ਜੀ ਨੂੰ ਬੜੀ ਚਿੰਤਾ ਰਹਿੰਦੀ ਹੈ ਅੰਰ ਬਾਰ ਬਾਰ ਮੀਟਿੰਗਾਂ ਵਿੱਚ ਵੀ ਕਹਿੰਦੇ ਹਨ ਕਿ ਇਹ ਝੁੱਗੀ ਵਾਲਿਆਂ ਦੀ ਮੁਸ਼ਕਲ ਕਦੋਂ ਖਤਮ ਹੋਵੇਗੀ । ਇਹ ਸਾਡਾ ਨਾਸੂਰ ਹੈ । ਲੋਕਾਂ ਨੂੰ ਮਕਾਨ ਮਿਲਣ ਅੰਰ ਲੁਧਿਆਣਾ, ਅੰਮ੍ਰਿਤਸਰ ਜਾਂ ਹੋਰ ਦੂਸਰੇ ਜ਼ਿਲ੍ਹਿਆਂ ਵਿੱਚ ਝੁੱਗੀਆਂ ਵਾਲਿਆਂ ਨੂੰ, ਫੀਕਰ

Original with;
Punjab Vidhan Sabha
Digitized by;
Panjab Digital Library

ਸੈਕਸ਼ਨ ਦੇ ਲੋਕਾਂ ਨੂੰ ਮਕਾਨ ਮਿਲਣ । ਇਸ ਗੱਲ ਦੀ ਸਰਦਾਰ ਜੀ ਨੂੰ ਬੜੀ ਚਿੰਤਾ ਹੈ ਸਪੀਕਰ ਸਾਹਿਬ, ਪਿਛਲੇ ਤਿੰਨ ਸਾਲਾਂ ਵਿੱਚ ਅਸੀਂ ਨੌ ਹਜ਼ਾਰ ਮਕਾਨ ਵੀਕਰ ਸੈਕਸ਼ਨ ਦੇ ਲੋਕਾਂ ਨੂੰ ਬਣਾ ਕੇ ਦਿੱਤੇ ਹਨ ਅੱਰ ਇਸ ਸਾਲ ਛੇ ਹਜ਼ਾਰ ਹੋਰ ਮਕਾਨਾਂ ਨੂੰ ਬਣਾਉਣ ਦਾ ਪ੍ਰਬੰਧ ਕਰ ਰਹੇ ਹਾਂ ਅੱਰ ਅਸੀਂ ਝੁੱਗੀ-ਝੌਂਪੜੀ ਵਾਲੇ ਭਰਾਵਾਂ ਨੂੰ, ਗਰੀਬ ਭਰਾਵਾਂ ਨੂੰ ਉੱਥੇ ਵਸਾਵਾਂਗੇ । (ਥੰਪਿੰਗ) । ਸਪੀਕਰ ਸਾਹਿਬ, ਜਿੱਥੇ ਛੋਟੇ ਪਿੰਡਾਂ ਦੀ ਡਿਵੈਲਪਮੈਂਟ ਦੀ ਗੱਲ ਹੈ, ਉਥੇ ਨਾਲ ਨਾਲ ਸ਼ਹਿਰਾਂ ਦੀ ਡਿਵੈਲਪਮੈਂਟ ਦਾ ਪੰਜਾਬ ਸਰਕਾਰ ਅੱਰ ਸਰਦਾਰ ਬੇਅੰਤ ਸਿੰਘ ਜੀ ਨੂੰ ਵੀ ਖਿਆਲ ਹੈ, ਉਹ ਵੀ ਉਨ੍ਹਾਂ ਤੋਂ ਲਾਂਭੇ ਨਹੀਂ । ਸਪੀਕਰ ਸਾਹਿਬ, ਪੱਛਿਤਰ ਸ਼ਹਿਰ ਅੰਮ੍ਰਿਤਸਰ, ਜਲੰਧਰ ਅੱਤ ਲੁਧਿਆਣਾ ਜਿੱਥੇ ਆਬਾਦੀ ਬਹੁਤ ਜ਼ਿਆਦਾ ਹੈ, ਉਥੇ ਸੜਕਾਂ ਦੇ ਨੁਕਸ ਠੀਕ ਕਰਨ ਵਾਸਤੇ ਦੋ-ਚਾਰ ਦਿਨ ਪਹਿਲਾਂ ਪਿਛਲੇ ਸਾਲ ਦੀ ਤਰ੍ਹਾਂ ਛੇ ਕਰੋੜ ਰੁਪਿਆ ਰਿਲੀਜ਼ ਕਰਵਾਇਆ ਹੈ ਤਾਂ ਕਿ ਸੜਕਾਂ ਦੀ ਮੁਰੰਮਤ ਹੋ ਸਕੇ (ਥੰਪਿੰਗ) । ਖਾਸ ਤੌਰ ਤੇ ਲੋਕਲ ਬਾਡੀਜ਼ ਜਿਨ੍ਹਾਂ ਦਾ ਅੱਸਾ ਹਾਲ ਹੋ ਗਿਆ ਸੀ ਕਿ ਪ੍ਰਾਵੀਡੈਂਟ ਫੰਡ ਕਢਵਾ ਕੇ ਤਨਖਾਹਾਂ ਦਿੱਤੀਆਂ ਜਾਂਦੀਆਂ ਸਨ ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਸਰਦਾਰ ਜੀ ਨੂੰ ਇਸ ਗੱਲ ਦਾ ਕਰੈਡਿਟ ਜਾਂਦਾ ਹੈ ਕਿ ਉਨ੍ਹਾਂ ਨੇ ਜਦੋਂ ਗਰਾਸ ਰੂਟ ਤੱਕ ਡੈਮੋਕਰੇਸੀ ਬਹਾਲ ਕੀਤੀ ਉਦੋਂ ਸੱਭ ਤੋਂ ਪਹਿਲਾਂ ਇਨ੍ਹਾਂ ਨੇ ਮਿਉਂਸਿਪਲ ਕਮੇਟੀਆਂ ਦੇ ਚੁਣਾਓ ਕਰਵਾਏ ਤਾਂ ਕਿ ਜ਼ਿੰਮੇਵਾਰ ਲੋਕ ਆਉਣ ਅੱਰ ਸ਼ਹਿਰਾਂ ਨੂੰ ਸੰਭਾਲਣ । ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਕਾਰਪੋਰੇਸ਼ਨਾਂ ਸਮੇਤ ਜਿਨ੍ਹਾਂ ਕਮੇਟੀਆਂ ਦੀ ਆਮਦਨ 220 ਕਰੋੜ ਰੁਪਏ ਕਰੀਬ ਸੀ, ਹੁਣ ਵੱਧ ਕੇ 475 ਕਰੋੜ ਹੋ ਗਈ ਹੈ । ਉਹ ਹੁਣ ਆਪਣੇ ਪੈਰਾਂ ਤੇ ਖੜ੍ਹੇ ਹੋ ਕੇ ਸ਼ਹਿਰਾਂ ਦੀ ਨੁਹਾਰ ਦਿਨ-ਬਦਿਨ ਬਦਲ ਰਹੇ ਹਨ । ਸਪੀਕਰ ਸਾਹਿਬ, ਸਾਡੇ ਕੁਝ ਮੈਂਬਰ ਸਾਹਿਬਾਨ ਨੇ ਐਸ. ਪੀ. ਉਜ. ਅੱਰ ਹੋਮ ਗਾਰਡਜ਼ ਬਾਰੇ ਬੜੀ ਚਿੰਤਾ ਪ੍ਰਗਟ ਕੀਤੀ ਸੀ । ਕਿਸੇ ਵੀ ਐਸ. ਪੀ. ਉ. ਜਾਂ ਹੋਮ ਗਾਰਡ ਨੂੰ ਨੌਕਰੀ ਤੋਂ ਹਟਾਇਆ ਨਹੀਂ ਗਿਆ ਲੇਕਿਨ ਮੈਨੂੰ ਇਹ ਦਸਦਿਆਂ ਖੁਸ਼ੀ ਹੋ ਰਹੀ ਹੈ ਕਿ ਅਸੀਂ ਦੋ ਹਜ਼ਾਰ ਐਸ. ਪੀ. ਉਜ. ਅੱਰ ਹੋਮ ਗਾਰਡਜ਼ ਨੂੰ ਰੈਗੂਲਰ ਕਰ ਦਿੱਤਾ ਹੈ । (ਥੰਪਿੰਗ) । ਅਸੀਂ ਵਿਸ਼ਵਾਸ ਦਿਵਾਉਂਦੇ ਹਾਂ ਕਿ ਵੱਧ ਤੋਂ ਵੱਧ ਉਹ ਰੈਗੂਲਰ ਹੋਣਗੇ । ਸਪੀਕਰ ਸਾਹਿਬ, ਸਦਨ ਵਿੱਚ ਇੰਟੈਰਮ ਰਿਲੀਫ ਦੀ ਗੱਲ ਆਈ ਹੈ । ਇਹ ਵੀ ਕਿਹਾ ਗਿਆ ਕਿ ਸਾਡੇ ਇੰਪਲਾਈਜ਼ ਨੂੰ ਇਹ ਥੋੜ੍ਹਾ ਦਿੱਤਾ ਗਿਆ ਹੈ ਇਹ ਵੱਧ ਦੇਣਾ ਚਾਹੀਦਾ ਸੀ । ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਹਿੰਦੁਸਤਾਨ ਦੀਆਂ ਸਟੇਟਾਂ ਤਾਂ ਕੀ, ਬਲਕਿ ਸੈਂਟਰ ਗੌਰਮਿੰਟ ਨਾਲੋਂ ਵੀ ਜ਼ਿਆਦਾ ਸਾਡੇ ਇੰਪਲਾਈਜ਼ ਦੇ ਸਕੇਲ ਹਨ । (ਥੰਪਿੰਗ) । ਅਸੀਂ ਜਦੋਂ ਆਏ ਤਾਂ ਏ. ਡੀ. ਏ. ਦੀ ਕਿਸ਼ਤ ਦਿੱਤੀ ਅੱਰ 130 ਕਰੋੜ ਰੁਪਏ ਦਾ ਸਲਾਨਾ ਭਾਰ ਚੁਕਿਆ ਸੀ । ਉਸ ਦੇ ਨਾਲ ਆਪਣੇ ਕਰਮਚਾਰੀਆਂ ਦੀ ਪੂਰੀ ਤਰ੍ਹਾਂ ਮੱਦਦ ਵੀ ਕੀਤੀ ਹੈ । ਸਪੀਕਰ ਸਾਹਿਬ, ਹਿੰਦੁਸਤਾਨ ਦੀ ਸਰਕਾਰ ਨੇ 100 ਰੁਪਏ ਦਾ ਅੰਤਰਿਮ ਰਿਲੀਫ ਦਿੱਤਾ ਹੈ। ਅਜੇ ਤੱਕ ਹੋਰ ਕਿਸੇ ਸਟੇਟ ਨੇ ਅੰਤਰਿਮ ਰਿਲੀਫ ਨਹੀਂ ਦਿੱਤਾ ਲੇਕਿਨ ਪੰਜਾਬ ਹਿੰਦੁਸਤਾਨ ਦਾ ਪਹਿਲਾ ਸੂਬਾ ਹੈ ਜਿਸ ਨੇ 3,500 ਰੁਪਏ ਤੱਕ ਦੀ ਤਨਖਾਹ ਤੇ 150 ਰੁਪਏ ਅੱਰ 3500 ਤੋਂ ਵੱਧ ਤੇ 200 ਰੁਪਏ ਅੰਤਰਿਮ ਰਿਲੀਫ ਦਿੱਤਾ ਹੈ । (ਥੰਪਿੰਗ) ਅਸੀਂ ਆਪਣੇ ਕਰਮਚਾਰੀਆਂ ਦੀ ਸਹਾਇਤਾ ਕਰਦੇ ਹਾਂ, ਉਨ੍ਹਾਂ ਦੀ ਮੱਦਦ ਕਰਨਾ ਜ਼ਰੂਰੀ ਮਹਿਸੂਸ ਕੀਤਾ ਕਿਉਂਕਿ ਸਾਡੇ

Original with;
Punjab Vidhan Sabha
Digitized by;
Punjab Digital Library

[ਵਿੱਤ ਮੰਤਰੀ]

ਕਰਮਚਾਰੀ ਵੀ ਪੰਜਾਬ ਦੀ ਤਰੱਕੀ ਵਾਸਤੇ ਬੜੇ ਉਤਸ਼ਾਹ ਨਾਲ ਕੰਮ ਕਰਦੇ ਹਨ । ਇਥੇ ਸਾਡੇ ਕਿਸੇ ਮੈਂਬਰ ਨੇ ਕਿਹਾ ਕਿ ਅੰਤਰਿਮ ਰਿਲੀਫ ਉਨ੍ਹਾਂ ਨੂੰ ਤਾਂ ਮਿਲ ਗਿਆ ਹੈ ਪਰ ਜਿਹੜੇ ਕਰਮਚਾਰੀ ਵਿਚਾਰੇ ਰਿਟਾਇਰ ਹੋ ਗਏ. ਪੈਨਸ਼ਨ ਲੈ ਰਹੇ ਹਨ, ਉਨ੍ਹਾਂ ਨੂੰ ਕੁਝ ਨਹੀਂ ਦਿੱਤਾ । ਸੋ, ਅਸੀਂ ਫੈਸਲਾ ਕੀਤਾ ਹੈ, ਸਰਦਾਰ ਬੇਅੰਤ ਸਿੰਘ ਜੀ ਦੀ ਇਜਾਜ਼ਤ ਨਾਲ. ਮੈਂ ਕਹਾਂਗਾ ਕਿ ਅਸੀਂ ਪੈਨਸ਼ਨਰਜ਼ ਨੂੰ ਵੀ 75 ਅੱਤ 100 ਰੁਪਏ ਮਹੀਨਾ ਅੰਤਰਿਮ ਰਿਲੀਫ ਦੇਵਾਂਗੇ ਤਾਂਕਿ ਜਿਹੜੇ ਬਜ਼ੁਰਗ ਸੇਵਾ ਕਰਦੇ ਰਹੇ ਅੱਤ ਹੁਣ ਰਿਟਾਇਰ ਹੋ ਕੇ ਬੈਠੇ ਹਨ, ਉਹ ਤਕਲੀਫ ਵਿੱਚ ਨਾ ਪੈਣ ਜਾਂ ਇਹ ਨਾ ਸਮਝਣ ਕਿ ਸਾਡੇ ਨਾਲ ਵਿਤਕਰਾ ਹੋਇਆ ਹੈ, ਪੰਜਾਬ ਸਰਕਾਰ ਇਹ ਬਰਦਾਸ਼ਤ ਨਹੀਂ ਕਰਦੀ । ਖਾਸ ਤੌਰ ਤੇ ਸਰਦਾਰ ਬੇਅੰਤ ਸਿੰਘ ਜੀ ਦਾ ਆਦੇਸ਼ ਹੈ ਕਿ ਉਨ੍ਹਾਂ ਨੂੰ ਇਹ ਰਿਲੀਫ ਮਿਲਣਾ ਚਾਹੀਦਾ ਹੈ । ਇਸ ਨਾਲ 8 ਕਰੋੜ 60 ਲੱਖ ਦਾ ਖਰਚਾ ਸਾਡੇ ਉਪਰ ਹੋਵੇਗਾ । (ਥੰਪਿੰਗ)

ਸਪੀਕਰ ਸਾਹਿਬ ਦੋ ਪਹੀਆ ਗੱਡੀਆਂ ਲਈ ਅਸੀਂ ਸੇਲ ਟੈਕਸ 12% ਤੋਂ 3% ਕਰ ਦਿੱਤਾ ਸੀ, ਇਹ ਇਸ ਕਰਕੇ ਕਿ ਚੰਡੀਗੜ੍ਹ ਵਿੱਚ ਤੇ ਹੋਰ ਜਗ੍ਹਾ ਵਪਾਰ ਹੁੰਦਾ ਸੀ ਅੱਤ ਇਥੇ ਹੀ ਰਾਜਿਸਟ੍ਰੇਸ਼ਨ ਵਗੈਰਾ ਤੇ ਬਿੱਲ ਬਣਦੇ ਸਨ । ਸੋ, ਉਸ ਨੂੰ ਦੇਖਦੇ ਹੋਏ ਇਹ ਵੀ ਗੱਲ ਸਾਹਮਣੇ ਆਈ ਕਿ ਜਿਹੜੇ ਥਰੀ ਵੀਲ੍ਹਰ ਹਨ, ਉਹ ਵੀ ਗਰੀਬ ਲੋਕ ਚਲਾਉਂਦੇ ਹਨ, ਉਹ ਅਮੀਰਾਂ ਦੇ ਵਾਹਨ ਨਹੀਂ ਹਨ । ਉਨ੍ਹਾਂ ਦਾ ਖਿਆਲ ਸੀ ਕਿ ਸਾਡਾ ਵੀ ਸੇਲ ਟੈਕਸ ਘਟਾਉਣਾ ਚਾਹੀਦਾ ਹੈ ਤਾਂ ਕਿ ਇਸ ਨੂੰ ਖਰੀਦਣ ਵਾਸਤੇ ਇਧਰ-ਉਧਰ ਨਾ ਜਾਣ । ਅਸੀਂ ਉਸ ਤੋਂ ਵੀ 12% ਤੋਂ 3% ਘਟਾ ਦਿੱਤਾ ਗਿਆ ਹੈ (ਥੰਪਿੰਗ) ਅੱਤ ਇਹ ਫੈਸਲਾ ਪੰਜਾਬ ਸਹਕਾਰ ਨੇ, ਸਰਦਾਰ ਬੇਅੰਤ ਸਿੰਘ ਨੇ ਕੀਤਾ ਹੈ । (ਥੰਪਿੰਗ)

ਸਪੀਕਰ ਸਾਹਿਬ, ਸਾਡੇ ਜਿਹੜੇ ਬਾਰਦਾਨੇ ਵਾਲੇ ਹਨ, ਨਵੇਂ ਬਾਰਦਾਨੇ ਤੇ ਟੈਕਸ ਰਹੇਗਾ ਲੇਕਿਨ ਪੁਰਾਣੀਆਂ ਬੋਰੀਆਂ, ਸੜੀਆਂ ਹੋਈਆਂ ਜਿਹੜਾ ਪੁਰਾਣਾ ਬਾਰਦਾਨਾ ਹੈ, ਵਪਾਰੀਆਂ ਦਾ ਖਿਆਲ ਸੀ ਕਿ ਇਸ ਤੋਂ ਵੀ ਟੈਕਸ ਘਟਾਉਣਾ ਚਾਹੀਦਾ ਹੈ ਅੱਤ ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਇਸ ਗੱਲ ਦੇ ਵਿੱਚ ਕਿ ਮੁੱਖ ਮੰਤਰੀ ਜੀ ਨੇ ਅੱਤ ਸਾਡੇ ਐਕਸਾਈਜ਼ ਅੱਤ ਟੈਕਸੇਸ਼ਨ ਮਨਿਸਟਰ ਨੇ ਫੈਸਲਾ ਕੀਤਾ ਹੈ ਇਸ ਦੀ ਟੋਟਲ ਅਬਾਲੀਸ਼ਨ ਕੀਤੀ, ਇਸ ਤੇ ਕੋਈ ਟੈਕਸ ਨਹੀਂ ਹਹੇਗਾ ਤਾਂ ਕਿ ਉਨ੍ਹਾਂ ਨੂੰ ਤਕਲੀਫ ਨਾ ਹੋਵੇ । (ਥੰਪਿੰਗ)

ਸਪੀਕਰ ਸਾਹਿਬ, ਇੱਕ ਏਅਰ ਕੂਲਰ ਹੈ, ਇੱਕ ਏਅਰ ਕੰਡੀਸ਼ਨ ਹੈ । ਏਅਰ ਕੰਡੀਸ਼ਨ ਤਾਂ ਅਮੀਰ ਆਦਮੀ 20-25 ਹਜ਼ਾਰ ਦਾ ਖਰੀਦਦੇ ਹਨ ਲੇਕਿਨ ਏਅਰ ਕੂਲਰ ਤਾਂ ਗਰੀਬ ਆਦਮੀ ਮੁੜਕਾ ਸੁਕਾਉਣ ਲਈ ਲੈ ਲੈਂਦਾ ਹੈ । ਇਸ ਤੇ ਵੀ ਟੈਕਸ ਲਗਦਾ ਸੀ । ਸੋ, ਉਸ ਨੂੰ ਵੀ 12% ਤੋਂ ਘਟਾ ਕੇ 6% ਤੱਕ ਲੈ ਆਵਾਂਗੇ, 50% ਉਸ ਵਿੱਚ ਰਿਆਇਤ ਹੋਏਗੀ ।

ਇੱਕ ਸੋਰਿੰਗ ਪੁਆਇੰਟ ਹੈ, ਵੰਨ ਡਿਜ਼ਟ ਲਾਟਰੀ ਲਈ । ਇਸ ਵਿੱਚ ਕਿਹਾ ਗਿਆ ਕਿ ਗਰੀਬ ਵਿਅੱਕਤੀਆਂ ਦਾ ਫਾਈਨੈਂਸ਼ਲ ਲਾਸ ਹੁੰਦਾ ਹੈ । ਅਸੀਂ ਇਸ ਸਾਲ ਦੇ ਪਹਿਲੇ ਕੁਆਟਰ ਵਿੱਚ ਸੀ. ਐਮ. ਸਾਹਿਬ ਨਾਲ ਕੈਬਨਿਟ ਮੀਟਿੰਗ ਕਰਕੇ, ਪਹਿਲੇ ਕੁਆਟਰ ਵਿੱਚ

Original with;
Punjab Vidhan Sabha
Digitized by
Panjab Digital Library

ਵੰਨ ਡਿਜ਼ਟ ਲਾਟਰੀ ਨੂੰ ਖਤਮ ਕਰਨ ਦਾ ਫੈਸਲਾ ਲਿਆ ਹੈ ਔਰ ਕਰ ਦੇਵਾਂਗੇ ਤਾਂ ਕਿ ਗਰੀਬ ਲੋਕ ਜਿਹੜੇ ਹਨ ਜਿਹੜੇ ਲੁੱਟੇ ਜਾਂਦੇ ਹਨ, ਉਹ ਬਰਬਾਦ ਨਾ ਹੋਣ ।

ਸਪੀਕਰ ਸਾਹਿਬ, ਕਈ ਮਾਨਯੋਗ ਮੈਂਬਰਾਂ ਨੇ ਸੁਝਾਉ ਦਿੱਤੇ ਹਨ ਔਰ ਆਲੋਚਨਾ ਕੀਤੀ ਹੈ । ਆਲੋਚਨਾ ਤਾਂ ਆਲੋਚਨਾ ਹੁੰਦੀ ਹੈ ਔਰ ਉਸ ਦਾ ਸਵਾਗਤ ਹੈ । ਕਈ ਕੰਸਟ੍ਰਕਟਿਵ ਸੁਝਾਉ ਵੀ ਦਿੱਤੇ ਹਨ ਲੇਕਿਨ ਇਸ ਸੈਸ਼ਨ ਵਿੱਚ ਖਾਸ ਤੌਰ ਤੇ ਸਾਡੇ ਮੈਂਬਰ ਸਾਹਿਬਾਨ ਆਪਣੇ ਹਲਕੇ ਦੀਆਂ ਗੱਲਾਂ ਕਰਦੇ ਹਨ, ਸੜਕਾਂ ਦੀ ਗੱਲ, ਸਕੂਲਾਂ ਦੀ ਗੱਲ ਜਾਂ ਹੋਰ ਕੁਛ ਹੈ । ਮੈਂ ਤੁਹਾਡੇ ਜ਼ਰੀਏ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਸਾਰੀਆਂ ਪ੍ਰੋਸੀਡਿੰਗਜ਼ ਨੂੰ ਘੋਖਾਂਗੇ ਔਰ ਜਿੰਨੇ ਸਾਡੇ ਮੈਂਬਰ ਸਾਹਿਬਾਨ ਨੇ ਆਪਣੇ ਤੌਖਲੇ ਜ਼ਾਹਰ ਕੀਤੇ ਹਨ, ਆਪਣੀਆਂ ਮੁਸ਼ਕਲਾਂ ਜ਼ਾਹਰ ਕੀਤੀਆਂ ਹਨ, ਸਰਦਾਰ ਬੇਅੰਤ ਸਿੰਘ ਦੀ ਅਗਵਾਈ ਥੱਲੇ ਅਸੀਂ ਸਾਰੇ ਮੈਂਬਰਾਂ ਨੂੰ ਰਾਹਤ ਦੇਵਾਂਗੇ । ਉਨ੍ਹਾਂ ਦੇ ਹਲਕੇ ਦੀ ਡਿਵੈਲਪਮੈਂਟ ਕਰਾਂਗੇ, ਜਿਥੇ ਘੱਟ ਹੋਈ ਹੈ, ਉਥੇ ਵੀ ਕਰਾਂਗੇ । (ਥੰਪਿੰਗ) ਹਾਲਾਂ ਕਿ ਸਾਡਾ ਟੀਚਾ ਹੈ ਕਿ ਕੋਈ ਵੀ ਪਿੰਡ, ਕੋਈ ਵੀ ਜਗ੍ਹਾ ਐਸੀ ਨਾ ਰਹੇ ਕੋਈ ਸਾਥੀ ਐਸਾ ਨਾ ਰਹੇ, ਇਸ ਲਈ ਸਾਰਿਆਂ ਨੂੰ ਬਜਟ ਵਿੱਚ ਕੁਛ ਨਾ ਕੁਛ ਦਿੱਤਾ ਹੈ । ਇਥੇ 12 ਹਜ਼ਾਰ ਪਿੰਡ ਹਨ ਔਰ ਹਰ ਪਿੰਡ ਵਿੱਚ ਉਨਤ ਗਰਾਮ ਸਕੀਮ ਸ਼ੁਰੂ ਕਰਨੀ ਇਸ ਸਰਕਾਰ ਦਾ ਟੀਚਾ ਹੈ । ਇਸ ਪੰਜਾਬ ਸਰਕਾਰ ਦਾ ਟੀਚਾ ਇਹ ਨਹੀਂ ਕਿ ਬੀ. ਐਸ. ਪੀ. ਦੇ ਜਿਹੜੇ ਪਿੰਡ ਹਨ ਉਨ੍ਹਾਂ ਨੂੰ ਛੱਡ ਦੇਈਏ, ਬੀ. ਜੇ. ਪੀ. ਦੇ ਜਿਹੜੇ ਪਿੰਡ ਹਨ ਉਹ ਛੱਡ ਦੇਈਏ ਜਾਂ ਹੋਰ ਵਿਰੋਧੀ ਪਾਰਟੀਆਂ ਹਨ ਉਨ੍ਹਾਂ ਦੇ ਪਿੰਡ ਜੋ ਹਨ ਉਨ੍ਹਾਂ ਨੂੰ ਛੱਡ ਦੇਈਏ । ਸਰਦਾਰ ਬੇਅੰਤ ਸਿੰਘ ਜੀ ਦੀ ਨੀਤੀ ਹੈ ਕਿ ਸਮੁੱਚੇ ਤੌਰ ਤੇ ਸਾਰੇ ਪੰਜਾਬ ਦੀ ਤਰੱਕੀ ਹੋਵੇ, ਚਾਰੇ ਪਾਸੇ ਵਿਕਾਸ ਹੋਵੇ । (ਥੰਪਿੰਗ)

ਸਪੀਕਰ ਸਾਹਿਬ, ਇੱਕ ਗੱਲ ਮੈਂ ਛੱਡ ਗਿਆ ਸੀ । ਬਿਸਕੁਟ ਜੋ ਗਰੀਬ ਆਦਮੀ ਖਾਂਦੇ ਹਨ, ਅਮੀਰ ਤਾਂ ਪੇਸਟਰੀਆਂ ਖਾਂਦੇ ਹਨ ਬਿਸਕੁਟ ਨਹੀਂ ਖਾਂਦੇ । ਬਿਸਕੁਟਾਂ ਤੇ ਹੰਡਰਡ ਪਰਸੈਂਟ ਐਗਜ਼ੰਪਸ਼ਨ ਹੋਵੇਗੀ, ਕੋਈ ਟੈਕਸ ਨਹੀਂ ਹੋਵੇਗਾ । ਇਤਨਾ ਕਹਿੰਦਾ ਹੋਇਆ, ਕੁਝ ਗੱਲਾਂ ਡੀਮਾਂਡਜ਼ ਜਦੋਂ ਆਉਣੀਆਂ ਹਨ, ਉਸ ਵਕਤ ਕਰਾਂਗਾ, ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ।

Mr. Speaker : The House stands adjourned till 2.00 P. M. on Monday, the 27th March, 1995.

*1.41 P. M.

(The Sabha then adjourned till 2.00 P.M. on Monday, the 27th March, 1995)*

1532—19-9-95—305 Copies—Pb. Govt. Press, Patiala.

Original with;
Punjab Vidhan Sabha
Digitized by;
Punjab Digital Library

Original with;
Punjab Vidhan Sabha
Digitized by;
Punjab Digital Library

Original with;
Punjab Vidhan Sabha
Digitized by;
Panjab Digital Library

© 1995

Published under the authority of the Punjab Vidhan Sabha and printed by the Controller, Printing & Stationery, Punjab at Govt. Press, Patiala.

Original with;
Punjab Vidhan Sabha
Digitized by;
Panjab Digital Library

16

PUNJAB VIDHAN SABHA

DEBATES

27th March, 1995

Vol. IX—No. 16

OFFICIAL REPORT

CONTENTS

Monday, the 27th March, 1995

		PAGE
Starred Questions and Answers	..	16)1
Unstarred Questions and Answers	..	(16)32
Announcement by the Speaker	..	(16)46
Walk-out	..	(16)48
Discussion and Voting on Demands for Grants relating to the Budget Estimates for the year 1995-96	..	(16)48
Extension of Time of the Sitting	..	(16)81
Discussion and Voting on Demands for Grant relating to the Budget Estimates for the year 1995-96 (*Resumption*)	..	(16)82
Appendix	..	(i)

Punjab Vidhan Sabha Secretariat, Chandigarh.

Price: Rs.....

Original with;
Punjab Vidhan Sabha
Digitized by;
Punjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Monday, the 27th March, 1995

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 2.00 P.M. Mr. Speaker (Shri Harnam Das Johar) in the Chair.

STARRED QUESTIONS AND ANSWERS

ਭਦੌੜ-ਅੰਮ੍ਰਿਤਸਰ ਰੂਟ ਤੇ ਬੱਸ ਸੇਵਾ ਮੁੜ ਆਰੰਭ ਕਰਨੀ

*2618. **ਸਰਦਾਰ ਨਿਰਮਲ ਸਿੰਘ ਨਿੰਮਾ** ਕੀ ਟ੍ਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਵਿਚ ਕਾਨੂੰਨ ਅਤੇ ਵਿਵਸਥਾ ਦੀ ਹਾਲਤ ਵਿਗੜਨ ਤੋਂ ਪਹਿਲਾਂ ਭਦੌੜ-ਅੰਮ੍ਰਿਤਸਰ ਰੂਟ ਤੇ ਕੋਈ ਬੱਸ ਸੇਵਾ ਚਲਾਈ ਜਾਂਦੀ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਉਕਤ ਰੂਟ ਤੇ ਬੱਸ ਸੇਵਾ ਕਦੋਂ ਤੱਕ ਆਰੰਭ ਕੀਤੇ ਜਾਣ ਦੀ ਸੰਭਾਵਨਾ ਹੈ ?

Shri Mohinder Singh Kaypee: (a) No. Sir. However, one return trip was being operated on Barnala-Amritsar route via Bhadaur, Deepgarh, Ramgarh Bilaspur and Moga route prior to deterioration of law & order situation. Thereafter, due to restriction on timings on the link roads, this service was diverted to Barnala-Amritsar via Pakho-Kanchian-Bhootna, Talewall, Bilaspur Moga and Amritsar.

(b) At present, the operation of this bus service has been resumed on Barnala-Amritsar via Bhadaur-Deepgarh, Ram Garh, Bilaspur Moga and Amritsar route.

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਗੱਲ ਠੀਕ ਹੈ ਕਿ ਭਦੌੜ ਤੋਂ ਬਸ ਨਹੀਂ ਚਲਦੀ ਸੀ ਬਰਨਾਲਾ ਤੋਂ ਚਲਦੀ ਸੀ । ਪਰ ਇਹ ਮੈਂ ਜਾਣਨਾ ਚਾਹੁੰਦਾ ਹਾਂ ਕਿ ਬਸ ਸਰਵਿਸ ਦਾ ਬਰਨਾਲਾ ਤੋਂ ਚਲਣ ਦਾ ਸਮਾਂ, ਭਦੌੜ ਪਹੁੰਚਣ ਦਾ ਸਮਾਂ ਅਤੇ ਫਿਰ ਅੰਮ੍ਰਿਤਸਰ ਪਹੁੰਚਣ ਦਾ ਸਮਾਂ ਕੀ ਹੈ ਅਤੇ ਇਸੇ ਤਰ੍ਹਾਂ ਅੰਮ੍ਰਿਤਸਰ ਤੋਂ ਭਦੌੜ ਅਤੇ ਬਰਨਾਲਾ ਪਹੁੰਚਣ ਦਾ ਸਮਾਂ ਕੀ ਹੈ ? ਇਸ ਦੇ ਨਾਲ ਹੀ ਮੈਂ ਇਹ ਵੀ ਅਸ਼ੋਰੈਂਸ ਚਾਹੁੰਦਾ ਹਾਂ ਕਿ ਕੀ ਇਹ ਬਸ ਸੇਵਾ ਅੱਗੋਂ ਤੋਂ ਵੀ ਚਲਦੀ ਰਹੇਗੀ, ਬੰਦ ਤਾਂ ਨਹੀਂ ਕਰ ਦਿੱਤੀ ਜਾਵੇਗੀ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ. ਸਪੀਕਰ ਸਾਹਿਬ, ਦੋ ਟਰਿਪ ਚਲਦੇ ਹਨ ਇਕ ਇਧਰੋਂ ਚਲਦਾ ਹੈ ਅਤੇ ਇਕ ਉਧਰੋਂ ਚਲਦਾ ਹੈ । ਇਹ ਰੈਗੂਲਰ ਬਸ ਸੇਵਾ ਚਲ ਰਹੀ ਹੈ ਅਤੇ ਅਗੇ ਤੋਂ ਵੀ ਚਲਦੀ ਰਹੇਗੀ ।

ਸਰਦਾਰ ਨਿਰਮਲ ਸਿੰਘ ਨਿੰਮਾਂ. ਸਪੀਕਰ ਸਾਹਿਬ, ਮੈਂ ਸਮਾਂ ਪੁਛਿਆ ਸੀ ਪਰ ਉਹ ਨਹੀਂ ਦਸਿਆ ਗਿਆ । ਬਰਨਾਲਾ ਤੋਂ ਚਲਣ ਦਾ ਸਮਾਂ ਕੀ ਹੈ ਅਤੇ ਭਦੌੜ ਪਹੁੰਚਣ ਦਾ ਸਮਾਂ ਕੀ ਹੈ ਅੰਮ੍ਰਿਤਸਰ ਪਹੁੰਚਣ ਦਾ ਸਮਾਂ ਕੀ ਹੈ ਅਤੇ ਇਸੇ ਤਰ੍ਹਾਂ ਵਾਪਸੀ ਦਾ ਸਮਾਂ ਕੀ ਹੈ । ਮੈਂ ਇਹ ਵੀ ਜਾਣਨਾ ਚਾਹੁੰਦਾ ਹਾਂ ਕਿ ਇਹ ਬਸ ਸੇਵਾ ਕਿਹੜੀ ਤਾਰੀਖ ਤੋਂ ਸ਼ੁਰੂ ਕੀਤੀ ਗਈ ਹੈ ?

ਰਾਜ ਮੰਤਰੀ: ਸਪੀਕਰ ਸਾਹਿਬ, ਜੋ ਇਨਫਰਮੇਸ਼ਨ ਮੰਗੀ ਸੀ ਉਹ ਮੈਂ ਦਸ ਦਿੱਤੀ ਹੈ । ਇਹ ਵੀ ਦਸ ਦਿੱਤਾ ਹੈ ਕਿ ਅੱਗੇ ਤੋਂ ਇਹ ਬਸ ਸੇਵਾ ਰੈਗੂਲਰ ਚਲਦੀ ਰਹੇਗੀ । ਇਸ ਵੇਲੇ ਦੋ ਟਰਿਪ ਚਲ ਰਹੇ ਹਨ ।

ਸ਼੍ਰੀ ਸਪੀਕਰ ਕਿਹੜੀ ਤਾਰੀਖ ਨੂੰ ਬਸ ਸੇਵਾ ਸ਼ੁਰੂ ਹੋਈ ਹੈ ।

ਰਾਜ ਮੰਤਰੀ : ਮੇਰੇ ਕੋਲ ਤਾਰੀਖ ਨਹੀਂ ਲਿਖਿਆ ਹੋਇਆ ਜੀ ।

ਸ਼੍ਰੀ ਸਪੀਕਰ : ਚਲੋ ਪਤਾ ਕਰ ਦੇਣਾ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੀ ਬਸ ਸੇਵਾ ਪਹਿਲੇ ਬਰਨਾਲਾ ਤੋਂ ਵਾਇਆ ਰਾਮਗੜ੍ਹ ਰੌਂਤਾਂ ਅਤੇ ਬਾਘਾ ਪੁਰਾਣਾ ਚਲਦੀ ਸੀ ਉਹ ਬਸ ਸੇਵਾ ਪਿਛਲੇ 2 ਸਾਲਾਂ ਤੋਂ ਬੰਦ ਪਈ ਹੈ । ਕੀ ਮੰਤਰੀ ਸਾਹਿਬ, ਇਹ ਰੂਟ ਫਿਰ ਚਾਲੂ ਕਰਾ ਦੇਣਗੇ ?

ਰਾਜ ਮੰਤਰੀ : ਜਿਥੇ ਕੋਈ ਰੈਗੂਲਰ ਪਰਮਿਟ ਮਿਲਿਆ ਹੈ ਔਰ ਉਹ ਨਹੀਂ ਚਲ ਰਿਹਾ ਤਾਂ ਉਹ ਚਲਾਉਣ ਦਾ ਯਤਨ ਕਰਾਂਗੇ ।

ਸਰਦਾਰ ਸ਼ਮਸ਼ੇਰ ਸਿੰਘ ਰਾਏ : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਇਹ ਕਿੰਨੇ ਨਵੇਂ ਰੂਟ ਪਰਮਿਟ ਦੇ ਰਹੇ ਹਨ ।

ਰਾਜ ਮੰਤਰੀ. ਸਪੀਕਰ ਸਾਹਿਬ, ਇਹ ਸਵਾਲ ਰਿਲੇਟ ਤਾਂ ਨਹੀ ਕਰਦਾ ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਇਸ ਸਬੰਧ ਵਿਚ ਟ੍ਰਾਂਸਪੋਰਟ ਦੀ ਨਵੀਂ ਪਾਲਿਸੀ ਬਣਾਉਣ ਵਾਸਤੇ ਔਬਜੈਕਸ਼ਨ ਇਨਵਾਈਟ ਕੀਤੇ ਸਨ ਉਹ ਔਬਜੈਕਸ਼ਨ ਸੁਣਨ ਤੋਂ ਬਾਅਦ ਇਹ ਫੈਸਲਾ ਕਰ ਦਿੱਤਾ ਜਾਵੇਗਾ ਕਿ ਕਿੰਨੇ ਰੂਟ ਦੇਣੇ ਹਨ ।

ਸਰਹਿੰਦ ਅਤੇ ਬੱਸੀ ਪਠਾਣਾਂ ਵਿਚ ਬੱਸ ਅੱਡਿਆਂ ਦੀ ਉਸਾਰੀ

*2700. **ਡਾਕਟਰ ਹਰਬੰਸ ਲਾਲ**: ਕੀ ਟ੍ਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕੀ ਸਰਕਾਰ ਦਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਸਰਹਿੰਦ ਅਤੇ ਬੱਸੀ ਪਠਾਣਾਂ

Original with;
Punjab Vidhan Sabha
Digitized by;
Panjab Digital Library

ਵਿਖੇ ਬੱਸ ਅੱਡੇ ਬਣਾਉਣ ਅਤੇ ਉਕਤ ਜ਼ਿਲ੍ਹੇ ਵਿਚ ਪੰਜਾਬ ਰੋਡਵੇਜ਼ ਜਾਂ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦਾ ਡਿਪੂ ਸਥਾਪਿਤ ਕਰਨ ਦਾ ਕੋਈ ਪ੍ਰਸਤਾਵ ਹੈ, ਜੇਕਰ ਅਜਿਹਾ ਹੋਵੇ, ਤਾਂ ਕਦੋਂ ਅਤੇ ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

Shri Mohinder Singh Kypee: No. Sir, The Department of Transport does not propose to construct the bus stands at Sirhind and Bassi Pathana. No. decision has been taken to set up a depot at Fatehgarh Sahib.

ਡਾਕਟਰ ਹਰਬੰਸ ਲਾਲ ਮਾਨਯੋਗ ਸਪੀਕਰ ਸਾਹਿਬ, ਇਹ ਸਵਾਲ ਸਰਹਿੰਦ ਅਤੇ ਬੱਸੀ ਪਠਾਣਾਂ ਦੇ ਬੱਸ ਅੱਡੇ ਬਣਾਉਣ ਵਾਸਤੇ ਸੀ । ਮੈਂ ਤੁਹਾਨੂੰ ਦਸਦਾ ਹਾਂ ਕਿ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਬੱਸੀ ਪਠਾਣਾਂ ਅਤੇ ਸਰਹਿੰਦ ਦੋ ਮੇਨ ਸ਼ਹਿਰ ਹਨ ਅਤੇ ਇਸ ਰੂਟ ਉਤੇ ਕਾਫੀ ਸਾਰੇ ਪੈਸੰਜਰਾਂ ਨੂੰ, ਕਾਲਜਾਂ ਅਤੇ ਸਕੂਲਾਂ ਦੇ ਬੱਚਿਆਂ ਨੂੰ ਜਾਣਾ ਪੈਂਦਾ ਹੈ ਅਤੇ ਕੜਕਦੀ ਧੁੱਪ ਵਿਚ ਜਾਣਾ ਪੈਂਦਾ ਹੈ । ਇਸ ਗੱਲ ਨੂੰ ਮੱਦੇ ਨਜ਼ਰ ਰਖਦੇ ਹੋਏ ਕੀ ਉਥੇ ਮਨਿਸਟਰ ਸਾਹਿਬ ਦੀ ਬਸ ਸਟੈਂਡ ਖੋਲਣ ਦੀ ਕੋਈ ਤਜਵੀਜ਼ ਹੈ ?

ਸ੍ਰੀ ਸਪੀਕਰ : ਉਨ੍ਹਾਂ ਨੇ ਇਸ ਗੱਲ ਦਾ ਜਵਾਬ ਤਾਂ ਦੇ ਦਿੱਤਾ ਹੈ ਕਿ ਕੋਈ ਤਜਵੀਜ਼ ਨਹੀਂ ਹੈ । ਮਨਿਸਟਰ ਸਾਹਿਬ ਤੁਸੀਂ ਕੋਈ ਜਵਾਬ ਦੇਣਾ ਹੈ ।

ਰਾਜ ਮੰਤਰੀ : ਸਪੀਕਰ ਸਾਹਿਬ, ਹਾਲੇ ਤੱਕ ਸਰਕਾਰ ਦੀ ਕੋਈ ਤਜਵੀਜ਼ ਨਹੀਂ ਹੈ । ਨੋਟੀਫਾਈਡ ਏਰੀਆ ਕਮੇਟੀ ਅਤੇ ਮਿਊਂਸਪਲ ਕਮੇਟੀ ਵਾਲੇ ਪਲੈਨਿੰਗ ਬੋਰਡ ਨੂੰ ਬਸ ਸਟੈਂਡ ਬਣਾਉਣ ਬਾਰੇ ਫੰਡਜ਼ ਦੀ ਪ੍ਰੋਵੀਜ਼ਨ ਕਰਵਾ ਸਕਦੇ ਹਨ, ਪਰ ਸਾਡੇ ਮਹਿਕਮੇ ਨੇ ਹਾਲੇ ਨਹੀਂ ਬਣਾਉਣਾ ।

ਸ੍ਰੀ ਸਪੀਕਰ : ਸ੍ਰੀ ਹਰਬੰਸ ਲਾਲ ਜੀ, ਮਨਿਸਟਰ ਸਾਹਿਬ ਜਦੋਂ ਜਵਾਬ ਦੇ ਰਹੇ ਹੁੰਦੇ ਹਨ ਤੁਹਾਨੂੰ ਉਸ ਵੇਲੇ ਬੈਠ ਜਾਣਾ ਚਾਹੀਦਾ ਹੈ ਅਤੇ ਧਿਆਨ ਨਾਲ ਜਵਾਬ ਸਣਨਾ ਚਾਹੀਦਾ ਹੈ । ਪਰ ਤੁਸੀਂ ਤਾਂ ਆਪਣੀ ਸੀਟ ਤੇ ਬੈਠੇ ਹੀ ਨਹੀਂ ਬਲਕਿ ਖੜ੍ਹੇ ਹੋ ਗਏ ਹੋ ।

ਡਾਕਟਰ ਹਰਬੰਸ ਲਾਲ. ਸਪੀਕਰ ਸਾਹਿਬ, ਠੀਕ ਹੈ ਜੀ । ਫਤਿਹਗੜ੍ਹ ਸਾਹਿਬ ਤੋਂ ਚਿੱਲੀ ਜਾਣ ਵਾਸਤੇ ਮੇਨ ਜੀ. ਟੀ. ਰੋਡ ਹੈ । ਸਮਾਣਾ ਅਤੇ ਪਾਤੜਾਂ ਦੀ ਮੇਨ ਰੋਡ ਪੈਂਦੀ ਹੈ । ਲੁਧਿਆਣਾ, ਅੰਮ੍ਰਿਤਸਰ, ਲਈ, ਵੀ ਮੇਨ ਰੋਡ ਹੈ । ਜਦੋਂ ਸਾਡੀ ਸਰਕਾਰ ਨੇ ਇਸ ਨੂੰ ਜਿਲ੍ਹਾ ਬਣਾਇਆ ਸੀ ਉਦੋਂ ਮੁੱਖ ਮੰਤਰੀ ਸਾਹਿਬ ਨੇ ਅਤੇ ਟਰਾਂਸਪੋਰਟ ਮਨਿਸਟਰ ਸਾਹਿਬ ਨੇ ਉਥੇ ਅਨਾਊਂਸਮੈਂਟ ਵੀ ਇਸ ਬਾਰੇ ਕੀਤੀ ਸੀ । ਇਸ ਉਸ ਅਨਾਊਂਸਮੈਂਟ ਨੂੰ ਧਿਆਨ ਵਿਚ ਰਖਦੇ ਹੋਏ ਕੀ ਫਤਿਹਗੜ੍ਹ ਸਾਹਿਬ ਵਿਚ ਨਵਾਂ ਡਿਪੂ ਖੋਲ੍ਹ ਦਿੱਤਾ ਜਾਵੇਗਾ ਅਤੇ ਕੀ ਮੰਤਰੀ ਜੀ ਹਾਊਸ ਵਿਚ ਇਸ ਗੱਲ ਦਾ ਆਸ਼ਵਾਸਨ ਦੇਣਗੇ ?

ਸ੍ਰੀ ਸਪੀਕਰ ਉਨ੍ਹਾਂ ਨੇ ਸ਼ੈਡ ਨਹੀਂ ਖੋਲ੍ਹਣਾ ਬਲਕਿ ਡਿਪੂ ਖੋਲ੍ਹਣਾ ਹੈ । ਇਸ ਦਾ ਕੋਈ ਢੰਗ ਹੁੰਦਾ ਹੈ । ਤੁਸੀਂ ਬੈਠ ਜਾਉ। ਟਰਾਂਸਪੋਰਟ ਮਨਿਸਟਰ ਸਾਹਿਬ ਕੀ ਤੁਸੀਂ ਇਸ ਬਾਰੇ ਕੁਝ ਕਹਿਣਾ ਹੈ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ ਸਪੀਕਰ ਸਾਹਿਬ, ਜਿਹੜੀ ਮੁੱਖ ਮੰਤਰੀ ਸਾਹਿਬ ਨੇ ਅਨਾਊਂਸਮੈਂਟ ਕੀਤੀ ਹੈ ਉਸ ਦੇ ਮੱਦੇ ਨਜ਼ਰ ਜਦੋਂ ਸਾਡੇ ਕੋਲ ਫੰਡਜ ਅਵੇਲੇਬਲ ਹੋਣਗੇ, ਉਥੇ ਡਿਪੂ ਖੋਲ੍ਹ ਦਿੱਤਾ ਜਾਵੇਗਾ ਅੱਤੇ ਜਿਹੜਾ 1995-96 ਦੀ ਬਜਟ ਐਲੋਕੇਸ਼ਨ ਕੀਤੀ ਗਈ ਹੈ ਉਸ ਵਿਚ ਫਤਿਹਗੜ੍ਹ ਸਾਹਿਬ ਵਿਚ ਡਿਪੂ ਖੋਲ੍ਹਣ ਦੀ ਕੋਈ ਤਜਵੀਜ਼ ਨਹੀਂ ਹੈ ।

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਬਜਟ ਸੈਸ਼ਨ ਹਾਲੇ ਚਲ ਰਿਹਾ ਹੈ ਅਤੇ ਬਜਟ ਪਾਸ ਹੋਣਾ ਹੈ । ਪਰ ਪਿਛਲੇ ਹਫਤੇ ਤੋਂ ਪਟਿਆਲਾ ਤੋਂ ਸੈਕਟਰੀਏਟ ਦਾ ਬਸ ਕਿਰਾਇਆ 20/- ਰੁਪਏ ਤੋਂ 21/- ਰੁਪਏ ਵਧਾ ਦਿੱਤਾ ਗਿਆ ਹੈ । ਕੀ ਇਹ ਬਸ ਕਿਰਾਇਆ ਜਿਹੜਾ ਫਾਲਤੂ ਲਿਆ ਜਾ ਰਿਹਾ ਹੈ ਇਹ ਇਸ ਨੂੰ ਬੰਦ ਕਰਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਗੱਲ ਕਹੀ ਹੈ, ਇਹ ਸਾਡੇ ਨੋਟਿਸ ਵਿਚ ਨਹੀਂ ਹੈ । ਮੈਂ ਇਸ ਦੀ ਪੜਤਾਲ ਕਰਵਾ ਲਵਾਂਗਾ ।

ਆਈ. ਏ. ਐਸ. ਅਫਸਰਾਂ ਦੀ ਸੇਵਾ ਵਿਚ ਵਾਧਾ

*2262 **ਸ਼੍ਰੀਮਤੀ ਵਿਮਲਾ ਡਾਂਗ** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਜਿਹੇ ਆਈ. ਏ. ਐਸ. ਅਫਸਰਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦੇ ਸੇਵਾ ਕਾਲ ਵਿਚ, ਫਰਵਰੀ, 1992 ਤੋਂ ਬਾਅਦ ਉਨ੍ਹਾਂ ਦੀ ਸੇਵਾਂ ਨਿਵੱਤਰੀ ਦੀ ਉਮਰ ਪੂਰੀ ਹੋਣ ਤੇ ਵਾਧਾ ਕੀਤਾ ਗਿਆ ਹੈ ਅਤੇ ਹਰ ਇਕ ਕੇਸ ਵਿਚ ਇਸ ਦੇ ਕੀ ਕਾਰਨ ਹਨ ?

Sardar Beant Singh. Since February, 1992, only one officer of the Indian Administrative Service, namely Shri A. S. Chatha, former Chief Secretary to the Government of Punjab, who was to superannuate on the 31st January, 1994, was granted extension in service for a period of one year with effect from the 1st February, 1994 to the 31st January, 1995, in public interest with the prior approval of the Government of India.

ਸ਼੍ਰੀਮਤੀ ਵਿਮਲਾ ਡਾਂਗ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਂਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਚੀਫ ਸੈਕਟਰੀ ਨੇ ਸਾਰੇ ਡਿਪਾਰਟਮੈਂਟਸ ਨੂੰ ਵੇਖਣਾ ਹੁੰਦਾ ਹੈ ਅਤੇ ਚੱਠਾ ਸਾਹਿਬ ਨੂੰ ਚੀਫ ਸੈਕਟਰੀ ਤਿੰਨ ਆਈ.ਏ.ਐਸ. ਅਫਸਰਾਂ ਨੂੰ ਸੁਪਰਸੀਡ ਕਰਕੇ ਲਗਾਇਆ ਗਿਆ ਸੀ ਅਤੇ ਹੁਣ ਉਨ੍ਹਾਂ ਨੂੰ ਸਰਕਾਰ ਵਲੋਂ ਸਰਵਿਸ ਵਿਚ ਐਕਸਟੈਨਸ਼ਨ ਵੀ ਦਿੱਤੀ ਗਈ ਹੈ ? ਕੀ ਉਨ੍ਹਾਂ ਨੂੰ ਸਰਵਿਸ ਵਿਚ ਐਕਸਟੈਨਸ਼ਨ ਲੋਕ ਹਿੱਤ ਵਿਚ ਦਿੱਤੀ ਗਈ ਹੈ ? ਪਰ ਦੂਜੇ ਪਾਸੇ ਉਨ੍ਹਾਂ ਨੇ ਆਪਣੇ ਦੋ ਬੱਚਿਆਂ ਨੂੰ ਬਗੈਰ ਮੈਰਿਟ ਦੇ ਮੈਡੀਕਲ ਕਾਲਜਾਂ ਵਿਚ ਐਡਮਿਸ਼ਨ ਨੌਮੀਨੇਸ਼ਨ ਰਾਹੀਂ ਕਾਰਵਾਈ ਜਿਸ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੈਟ ਅਸਾਈਡ ਕਰ ਦਿੱਤਾ । ਕੀ ਉਨ੍ਹਾਂ ਦੀ ਐਕਸਟੈਨਸ਼ਨ ਲੋਕ ਹਿੱਤ ਵਿਚ ਸੀ ਜਾਂ ਲੋਕਾਂ ਦੇ ਖਿਲਾਫ ਸੀ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ: ਸਪੀਕਰ ਸਾਹਿਬ, ਐਕਸਟੈਨਸ਼ਨ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ ।

ਸ਼੍ਰੀਮਤੀ ਵਿਮਲਾ ਭਾਂਗ: ਸਪੀਕਰ ਸਾਹਿਬ, ਜਦੋਂ ਇਲੈਕਸ਼ਨਾਂ ਤੋਂ ਬਾਅਦ ਗੌਰਮਿੰਟ ਬਣੀ ਸੀ ਤਾਂ ਚੀਫ ਸੈਕ੍ਰੇਟਰੀ ਨੂੰ ਐਕਸਟੈਨਸ਼ਨ ਦਿਤੀ ਗਈ ਸੀ । ਹੁਣ ਜਦੋਂ ਚੀਫ ਸੈਕਟਰੀ ਨੇ 31 ਜਨਵਰੀ, 1995 ਨੂੰ ਰਿਟਾਇਰ ਹੋਣਾ ਸੀ ਤਾਂ ਉਨ੍ਹਾਂ ਨੂੰ ਪੰਜਾਬ ਗੌਰਮਿੰਟ ਦਾ ਐਡਵਾਇਜ਼ਰ ਲਗਾਇਆ ਗਿਆ ਅਤੇ ਚੀਫ ਸੈਕ੍ਰੇਟਰੀ ਕੋਲੋਂ ਵੱਡਾ ਸਟੇਟਸ ਦਿੱਤਾ ਗਿਆ ਜਿਸ ਦੀ ਬਹੁਤ ਵਿਰੋਧਤਾ ਹੋਈ ਅੱਜ ਫਿਰ ਬਾਅਦ ਵਿਚ ਉਸ ਦੀਆਂ ਟਰਮਜ਼ ਬਦਲੀਆਂ ਗਈਆਂ । ਹੁਣ ਉਹ ਬਿਜਲੀ ਬੋਰਡ ਦੇ ਚੇਅਰਮੈਨ ਬਣਨਾ ਚਾਹੁੰਦੇ ਹਨ । ਜੇਕਰ ਉਨ੍ਹਾਂ ਨੂੰ ਚੇਅਰਮੈਨ ਲਗਾ ਦਿੱਤਾ ਗਿਆ ਤਾਂ ਬਿਜਲੀ ਬੋਰਡ ਦਾ ਭੱਠਾ ਬੈਠ ਜਾਵੇਗਾ । ਕੀ ਮੁੱਖ ਮੰਤਰੀ ਜੀ ਉਨ੍ਹਾਂ ਨੂੰ ਬਿਜਲੀ ਬੋਰਡ ਦਾ ਚੇਅਰਮੈਨ ਤਾਂ ਨਹੀਂ ਲਗਾਉਣਗੇ ?

ਸ਼੍ਰੀ ਸਪੀਕਰ ਇਥੇ ਭੱਠੇ ਦਾ ਸਵਾਲ ਕਿਥੋਂ ਆ ਜਾਂਦਾ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਤਾਂ ਸਵਾਲ ਨਹੀਂ ਬਣਦਾ ਪਰ ਮੈਂ ਪਹਿਲੇ ਸਵਾਲ ਦਾ ਜਵਾਬ ਦਿੰਦਾ ਹਾਂ । ਜੇਕਰ ਉਨ੍ਹਾਂ ਨੂ ਐਡਵਾਈਜ਼ਰ ਲਗਾਇਆ ਗਿਆ ਹੈ ਤਾਂ ਇਸ ਨਾਲ ਚੀਫ ਸੈਕ੍ਰੇਟਰੀ ਤੇ ਬਿਲਕੁਲ ਅਸਰ ਨਹੀਂ ਪੈਂਦਾ ।

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਕੋਈ ਵੀ ਅਧਿਕਾਰੀ ਜਿਹੜਾ ਅਹੁਦੇ ਤੇ ਬੈਠਾ ਹੋਵੇ, ਜਿਵੇਂ ਐਡਵਾਈਜ਼ਰ ਚੱਠਾ ਬੈਠਾ ਹੈ ਅਤੇ ਉਸ ਨੇ ਆਪਣੇ ਅਧਿਕਾਰ ਦਾ ਦੁਰ-ਉਪਯੋਗ ਕੀਤਾ ਹੋਵੇ ਜਿਵੇਂ ਉਸ ਨੇ ਆਪਣੇ ਬੱਚੇ ਦੀ ਮੈਡੀਕਲ ਕਾਲਜ ਵਿਚ ਨਾਮੀਨੇਸ਼ਨ ਕਰਵਾਈ ਅਤੇ ਉਹ ਹਾਈ ਕੋਰਟ ਵਲੋਂ ਸੈਟ-ਅਸਾਈਡ ਵੀ ਹੋਈ ਤਾਂ ਕੀ ਮੁੱਖ ਮੰਤਰੀ ਜੀ ਉਸ ਦੇ ਖਿਲਾਫ ਕੋਈ ਕਾਰਵਾਈ ਕਰਨਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਜੋ ਮਿੱਤਲ ਸਾਹਿਬ ਨੇ ਕਿਹਾ ਹੈ ਉਸ ਦਾ ਡਾਇਰੈਕਟ ਸਬੰਧ ਮੇਰੇ ਨਾਲ ਹੈ । ਹਾਈ ਕੋਰਟ ਦੇ ਫੈਸਲੇ ਦੇ ਮੁਤਾਬਿਕ ਮੈਂ ਇਸ ਨੂੰ ਐਗਜ਼ਾਮਿਨ ਕਰਾ ਲਵਾਂਗਾ ਅਤੇ ਜੇਕਰ ਕੋਈ ਗਫਲਤ ਪਾਇਆ ਗਿਆ ਤਾਂ ਐਕਸ਼ਨ ਲਵਾਂਗੇ ।

ਕਾਮਰੇਡ ਹਰਦੇਵ ਅਰਸ਼ੀ : ਕੀ ਮੁੱਖ ਮੰਤਰੀ ਜੀ ਯਕੀਨ ਦਿਵਾਉਣਗੇ ਕਿ ਸ਼੍ਰੀ ਚੱਠਾ ਨੂੰ ਬਿਜਲੀ ਬੋਰਡ ਦਾ ਚੇਅਰਮੈਨ ਨਹੀਂ ਬਣਾਇਆ ਜਾਵੇਗਾ ? ਉਨ੍ਹਾਂ ਦੀ ਚੇਅਰਮੈਨ ਬਣਨ ਦੀ ਬੜੀ ਚਰਚਾ ਹੈ ।

Mr. Speaker: Chief Minister is not supposed to give such assurances.

Original with;
Punjab Vidhan Sabha
Digitized by;
Panjab Digital Library

ਆਈ. ਪੀ. ਐਸ. ਅਫ਼ਸਰਾਂ ਦੀ ਸੇਵਾ ਵਿਚ ਵਾਧਾ

*2263. **ਸ਼੍ਰੀਮਤੀ ਵਿਮਲਾ ਡਾਂਗ**: ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਅਜਿਹੇ ਆਈ. ਪੀ ਐਸ. ਅਫ਼ਸਰਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦੇ ਸੇਵਾ ਕਾਲ ਵਿਚ ਫਰਵਰੀ, 1992 ਤੋਂ ਬਾਅਦ ਉਨ੍ਹਾਂ ਦੀ ਸੇਵਾ ਨਿਵਿਰਤੀ ਦੀ ਉਮਰ ਪੂਰੀ ਹੋਣ ਤੇ, ਵਾਧਾ ਕੀਤਾ ਗਿਆ ਹੈ ਅਤੇ ਹਰ ਇਕ ਕੇਸ ਵਿਚ ਇਸ ਦੇ ਕੀ ਕਾਰਣ ਹਨ ?

Sardar Beant Singh: The names of the such IPS officer are :—

1 Sh. K. P. S. Gill, IPS, DGP. Punjab

He was granted extension in service by the Govt. of India, after his attaining the age of superannuation falling on 31st December 1992, for a period of one year w. e. f. 1st January, 1993 to 31st December, 1993 and for a further period of one year w. e. f. 1st January, 1994 to 31st December, 1994 and beyond 31st Deeember, 1994 until further orders, in Public interest as a special case.

2 Sh. G. S. Bhullar, IPS IGP (Now Retired)

He was granted extension in service, by the Punjab Govt. in public interest, after his attaining the age of superannuation, for a period of six months w. e. f. 1st October, 1992 to 31st March, 1993 for the security arrangements of C. M. Punjab, and other VIPs residing in Chandigarh.

ਸ਼੍ਰੀਮਤੀ ਵਿਮਲਾ ਡਾਂਗ. ਸਪੀਕਰ ਸਾਹਿਬ, ਮੈਂ ਸ਼੍ਰੀ ਕੇ. ਪੀ. ਐਸ. ਗਿੱਲ ਡਾਇਰੈਕਟਰ ਜਨਰਲ, ਪੁਲਿਸ ਵਿਭਾਗ ਦੀ ਗੱਲ ਕਰਨਾ ਚਾਹੁੰਦੀ ਹਾਂ ਕਿ ਅਤਿਵਾਦ ਦੇ ਦਿਨਾਂ ਵਿਚ ਉਨ੍ਹਾਂ ਨੇ ਚੰਗੀ ਭੂਮਿਕਾ ਨਿਭਾਈ ਹੈ। ਉਸ ਵੇਲੇ ਵੀ ਪੁਲਿਸ ਐਕਸੈਸਿਜ਼ ਹੁੰਦੇ ਸਨ ਲੇਕਿਨ ਉਹ ਰੋਕੇ ਨਹੀਂ ਗਏ। ਹੁਣ ਤਾ ਅਮਨ ਹੈ ਪਰ ਐਕਸੈਸਿਜ਼ ਪੁਲਿਸ ਵਲੋਂ ਕੰਟੀਨਿਊ-ਅਸਲੀ ਹੋ ਰਹੇ ਹਨ। ਪੁਲਿਸ ਵਿਭਾਗ ਦੀ ਫੰਕਸ਼ਨਿੰਗ ਵਿਚ ਚੇਂਜਿਜ਼ ਆਉਣੀਆਂ ਚਾਹੀਦੀਆਂ ਹਨ। ਇਹ ਜ਼ਰੂਰੀ ਨਹੀਂ ਹੁੰਦਾ ਕਿ war time hero, peace time hero ਵੀ ਹੋਵੇ।

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਸਵਾਲ ਤਾਂ ਬਣਦਾ ਨਹੀਂ ਹੈ। ਜੇਕਰ ਕਿਸੇ ਨਾਲ ਕੋਈ ਜ਼ਿਆਦਤੀ ਹੋਈ ਹੈ ਤਾਂ ਇਹ ਮੇਰੇ ਨਾਲ ਡਿਸਕਸ ਕਰ ਲੈਣ। ਕਿਉਂਕਿ ਇਹ ਇਮੈਜਿਨਰੀ ਗੱਲਾਂ ਹਨ, ਇਸ ਲਈ ਸਵਾਲ ਇਨ੍ਹਾਂ ਦੇ ਬੇਸ ਤੇ ਨਹੀਂ ਬਣ ਸਕਦਾ।

ਸ਼੍ਰੀਮਤੀ ਵਿਮਲਾ ਡਾਂਗ ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹਵਾਂਗੀ ਕਿ ਜਿਹੜੀ ਲਾਸਟ ਐਕਸਟੈਨਸ਼ਨ ਗਿੱਲ ਸਾਹਿਬ ਨੂੰ ਦਿੱਤੀ ਹੈ, ਉਹ ਇਨਟਰਮੀਨੇਟ ਪੀਰੀਅਡ ਦੀ ਦਿੱਤੀ ਹੈ, ਉਸ ਦਾ ਕੋਈ ਪੀਰੀਅਡ ਸਪੈਸਿਫਾਈ ਨਹੀਂ ਕੀਤਾ ਗਿਆ। ਇਸ ਸਬੰਧੀ ਕੇਂਦਰੀ ਮੰਤਰੀ ਰਾਜੇਸ਼ ਪਾਇਲਟ ਸਾਹਿਬ ਨੇ ਇਕ

Original with;
Punjab Vidhan Sabha
Digitized by;

ਥਾਂ ਤੇ ਸਟੇਟਮੈਂਟ ਦਿੱਤੀ ਹੈ ਕਿ ਗਿੱਲ ਸਾਹਿਬ ਜਦੋਂ ਤੱਕ ਮਰਜ਼ੀ ਹੈ, ਰਹਿਣ । ਇਸ ਕਰਕੇ ਪੁਲਿਸ ਮਹਿਕਮੇ ਵਿਚ ਰਿਜ਼ੈਂਟਮੈਂਟ ਪਾਈ ਜਾ ਰਹੀ ਹੈ । ਉਹ ਮਹਿਕਮੇ ਵੱਲ ਵੀ ਧਿਆਨ ਨਹੀਂ ਦਿੰਦੇ ਅਤੇ ਤਕਰੀਬਨ ਪੰਜਾਬ ਤੋਂ ਬਾਹਰ ਹੀ ਰਹਿੰਦੇ ਹਨ ਮੁੱਖ ਮੰਤਰੀ ਸਾਹਿਬ ਦੱਸਣ ਕਿ ਕੀ ਇਹ ਰੈਂਗ ਪ੍ਰੈਸੀਡੈਂਟ ਸੈਟ ਨਹੀਂ ਹੋ ਰਿਹਾ ?

ਮੁੱਖ ਮੰਤਰੀ: ਸਪੀਕਰ ਸਾਹਿਬ, ਰਾਜੇਸ਼ ਪਾਇਲਟ ਨੇ ਐਸੀ ਕੋਈ ਸਟੇਟਮੈਂਟ ਨਹੀਂ ਦਿੱਤੀ । ਇਹ ਗੱਲ ਆਖੀ ਹੈ ਕਿ ਟਿਲ ਫਰਦਰ ਆਰਡਰਜ਼ ਰੁਖਾਂਗੇ, ਜਿੰਨਾਂ ਚਿਰ ਉਨ੍ਹਾਂ ਨੂੰ ਅਕਾਮੋਡੇਟ ਨਹੀਂ ਕਰ ਲੈਂਦੇ । ਇਹ ਗੱਲ ਤਾਂ ਸਪੱਸ਼ਟ ਹੈ ਕਿ ਇਕ ਆਦਮੀ ਜਿਸ ਨੇ ਅੱਤਵਾਦ ਦੇ ਦੌੜ ਅੰਦਰ ਏਨਾ ਕੰਮ ਕੀਤਾ ਹੋਵੇ, ਉਸਨੂੰ ਇਕ ਦਮ ਹੀ ਸੜਕ ਤੇ ਨਹੀਂ ਸੁੱਟ ਸਕਦੇ । ਉਹ ਅੱਜ ਵੀ ਅਹਿਮ ਹਨ ਅਤੇ ਅਸੀਂ ਵੀ ਉਨ੍ਹਾਂ ਦੀ ਅਹਿਮਅਤ ਰਖਣੀ ਹੈ । ਮੈਂ ਵੀ ਪੰਜਾਬ ਵਿਚ ਜਾਂਦਾ ਰਹਿੰਦਾ ਹਾਂ, ਮੈਂਨੂੰ ਤਾਂ ਕੋਈ ਰਿਜ਼ੈਟਮੈਂਟ ਨਹੀਂ ਦਿੱਸੀ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਨੇ ਕੇ. ਪੀ ਐਸ. ਗਿੱਲ ਤੋ ਬਾਅਦ ਡੀ. ਜੀ. ਪੀ. ਬਣਨਾ ਸੀ, ਅਤੇ ਉਨ੍ਹਾਂ ਬੰਦਿਆਂ ਦੀਆਂ ਜਿਨ੍ਹਾਂ ਦੀਆਂ ਕਈ ਪਰੋਮੋਸ਼ਨਾਂ ਹੋਣੀਆਂ ਸਨ, ਕੀ ਉਨ੍ਹਾਂ ਨੂੰ ਸਰਵਿਸ ਵਿਚ ਲਾਸ ਨਹੀਂ ਹੋਇਆ ? ਕੀ ਉਨ੍ਹਾਂ ਦੀ ਸਰਵਿਸ ਦਾ ਚਾਰਮ ਖਤਮ ਨਹੀਂ ਹੋਇਆ, ਕੀ ਉਨ੍ਹਾਂ ਨਾਲ ਬੇਇਨਸਾਫੀ ਨਹੀਂ ਹੋਈ । ਉਨ੍ਹਾਂ ਦੇ ਨਾਲ ਬੱਲੇ ਵੀ ਕਈ ਬੰਦਿਆਂ ਦੀਆਂ ਪਰੱਮੋਸ਼ਨਾਂ ਹੋਣੀਆਂ ਸਨ ਉਨ੍ਹਾਂ ਬਾਰੇ ਇਨ੍ਹਾਂ ਨੇ ਕੀ ਸੋਚਿਆ ਹੈ ? ਇਹ ਠੀਕ ਹੈ ਕਿ ਉਨ੍ਹਾਂ ਨੇ ਚੰਗਾ ਕੰਮ ਕੀਤਾ ਹੈ ।

ਸ਼੍ਰੀ ਸਪੀਕਰ ਤੁਸੀਂ ਸਵਾਲ ਪੁੱਛੋ । ਕਹਾਣੀ ਪਾਉਣ ਲਗ ਪਏ ਹੋ ।

ਮੁੱਖ ਮੰਤਰੀ : ਇਹ ਤਾਂ ਬੜਾ ਫਿਲਾਸੌਫੀਕਲ ਸਵਾਲ ਹੈ । ਇਹ ਆਪ ਹੀ ਜਵਾਬ ਦੇ ਲੈਣ ਇਸ ਦਾ ।

ਇਮਪਰੂਵਮੈਂਟ ਟਰੱਸਟ, ਲੁਧਿਆਣਾ ਦੁਆਰਾ ਪਲਾਟਾਂ ਦੀ ਅਲਾਟਮੈਂਟ

*2692. **ਸ਼੍ਰੀ ਸਤਪਾਲ ਗੋਸਾਈਂ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਤਿੰਨ ਸਾਲਾਂ, ਅਰਥਾਤ 1992-93 ਅਤੇ 1993-94 ਅਤੇ 1994-95 ਦੇ ਦੌਰਾਨ ਇਮਰੂਵਮੈਂਟ ਟਰੱਸਟ, ਲੁਧਿਆਣਾ ਦੁਆਰਾ ਅਲਾਟ ਕੀਤੇ ਗਏ ਪਲਾਟਾਂ ਦੀ ਗਿਣਤੀ ਕਿੰਨੀ ਹੈ ; ਅਤੇ ਅਲਾਟੀਆਂ ਦੇ ਨਾਂ ਅਤੇ ਪਤੇ ਕੀ ਕੀ ਹਨ, ਉਕਤ ਪਲਾਟ ਕਿਸ ਦਰ (ਦਰਾਂ) ਤੇ ਅਲਾਟ ਕੀਤੇ ਗਏ ਸਨ ਅਤੇ ਇਹ ਕਿਸ ਕਿਸ ਥਾਂ ਤੇ ਸਥਿਤ ਹਨ ?

ਡਾਕਟਰ ਕੇਵਲ ਕ੍ਰਿਸ਼ਨ *ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

---

*Placed in the Library.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਤਪਾਲ ਗੋਸਾਈਂ: ਸਪੀਕਰ ਸਾਹਿਬ, ਮੈਂ ਐਫ. ਐਮ. ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ 256 ਏਕੜ ਜ਼ਮੀਨ ਸੀ ਜਿਸ ਤੇ ਕਿ ਸ਼੍ਰੀ ਬਾਲਮੀਕ ਨਗਰ ਵਸਣਾ ਸੀ ਹੈਬੋਵਾਲ ਖੁਰਦ ਦੇ ਅੰਦਰ, ਪਰ ਇਕ ਜਾਲ੍ਹੀ ਬਿਲਡਿੰਗ ਬਣਾ ਕੇ ਸੁਰਿੰਦਰ ਅੱਗਰਵਾਲ ਨੇ ਉਹ ਵੇਚ ਦਿੱਤੀ। ਕੀ ਇਹ ਦੱਸਣਗੇ ਕਿ ਇਸਦੇ ਬਾਰੇ ਇਨ੍ਹਾਂ ਨੇ ਕੀ ਐਕਸ਼ਨ ਲਿਆ ਹੈ ?

ਸ਼੍ਰੀ ਸਪੀਕਰ ਸੁਰਿੰਦਰ ਅੱਗਰਵਾਲ ਕੌਣ ?

ਸ਼੍ਰੀ ਸਤਪਾਲ ਗੋਸਾਈਂ ਚੇਅਰਮੈਨ ਇੰਪਰੂਵਮੈਂਟ ਟਰਸਟ ਹੈ ਜੀ।

ਮੰਤਰੀ ਸਪੀਕਰ ਸਾਹਿਬ, 'ਸਵਾਲ ਇਹ ਹੈ ਕਿ 1992--93, 1993-94 ਅਤੇ 1994-95 ਵਿਚ ਕਿੰਨੇ ਪਲਾਟ ਸੀ ਅਤੇ ਕਿਸ ਨੂੰ ਦਿੱਤੇ ਗਏ। ਇਕ ਬੜੀ ਲੰਬੀ ਲਿਸਟ ਇਨ੍ਹਾਂ ਦੇ ਪਾਸ ਹੈ। ਇਹ ਖਾਸ ਤੌਰ ਤੇ ਦੱਸਣ ਕਿ ਕਿਹੜਾ ਵਿਅਕਤੀ ਹੈ, ਜਿਸ ਦੇ ਨਾਂ ਤੇ ਪਲਾਟ ਹੈ ਅਤੇ ਕਿਸ ਦੇ ਨਾਂ ਤੇ ਬਿਲਡਿੰਗ ਬਣੀ ਹੈ। ਅਸੀਂ ਇਨਕੁਆਇਰੀ ਕਰਾ ਲਵਾਂਗੇ ਜੇ ਕੋਈ ਗੱਲ ਗਲਤ ਹੋਈ ਹੈ।

ਸ਼੍ਰੀ ਸਤਪਾਲ ਗੋਸਾਈਂ ਸਪੀਕਰ ਸਾਹਿਬ, ਜਦੋਂ ਇਹ ਚੇਅਰਮੈਨ ਸਨ ਗਰੀਵੈਂਸਿਜ਼ ਕਮੇਟੀ ਦੇ ਲੁਧਿਆਣੇ ਦੇ ਵਿਚ ਤਾਂ ਉਸ ਵੇਲੇ ਵੀ ਇਕ ਇਨਕੁਆਇਰੀ ਉਸ ਚੇਅਰਮੈਨ ਦੇ ਖਿਲਾਫ ਚਲ ਰਹੀ ਸੀ ਅਤੇ ਡਾਕਟਰ ਸਾਹਿਬ ਨੇ ਇਕ ਵਾਇਦਾ ਕੀਤਾ ਸੀ ਕਿ ਮੈਂ ਐਕਸ਼ਨ ਲਵਾਂਗਾ ਜਿਹੜਾ ਕਿ ਬੜਾ ਵੱਡਾ ਸਕੈਂਡਲ ਸੀ। ਉਸ ਨੇ ਆਪ ਜਾਲ੍ਹੀ ਬਿਲਡਿਗ ਬਣਾ ਕੇ ਜ਼ਮੀਨ ਵੇਚੀ, ਇਕ ਕੇ. ਬੀ. ਐਮ. ਸਕੂਲ ਨੂੰ ਦਿੱਤੀ। ਇਨ੍ਹਾਂ ਨੇ ਚਾਰ ਮਹੀਨੇ ਪਹਿਲਾਂ ਕਿਹਾ ਸੀ ਕਿ ਐਕਸ਼ਨ ਲਵਾਂਗਾ, ਤਾਂ ਹੁਣ ਤੱਕ ਐਕਸ਼ਨ ਕਿਉਂ ਨਹੀਂ ਲਿਆ ਗਿਆ ?

ਸ਼੍ਰੀ ਸਪੀਕਰ: ਤੁਸੀਂ ਹੁਣ ਵੀ ਨਹੀਂ ਦੱਸਿਆ। He wants to know particulars, ਕਿਹੜੀ ਬਿਲਡਿੰਗ ਸੀ, ਕਿਹੜਾ ਬੰਦਾ ਸੀ।

ਸ਼੍ਰੀ ਸਤਪਾਲ ਗੋਸਾਈਂ : ਸੁਰਿੰਦਰ ਅੱਗਰਵਾਲ ਜੀ।

ਮੰਤਰੀ: ਸਪੀਕਰ ਸਾਹਿਬ, ਇਨਕੁਆਇਰੀ ਵਾਸਤੇ ਜ਼ਰੂਰ ਗਰੀਵੈਂਸਿਜ਼ ਕਮੇਟੀ ਵਿਚ ਮਾਮਲਾ ਆਇਆ ਸੀ। ਉਸ ਦੀ ਇਨਕੁਆਇਰੀ ਹੋ ਰਹੀ ਹੈ ਜਿਸ ਦੀ ਕਿ ਜਦੋਂ ਇਨਕੁਆਇਰੀ ਰਿਪੋਰਟ ਆ ਜਾਵੇਗੀ, ਜ਼ਰੂਰ ਐਕਸ਼ਨ ਹੋਵੇਗਾ ਅਗਰ ਕੋਈ ਗਲਤ ਕੰਮ ਹੋਇਆ ਤਾਂ।

ਕਾਮਰੇਡ ਤਰਸੇਮ ਜੋਧਾਂ ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਵਿੱਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਪਲਾਨਿੰਗ ਬੋਰਡ ਦੇ ਚੇਅਰਮੈਨ ਰਹੇ ਹਨ। ਇਨ੍ਹਾਂ ਦਾ ਰੋਲ ਬੜਾ ਸ਼ਲਾਘਾਯੋਗ ਰਿਹਾ ਹੈ। ਹਰ ਜਗ੍ਹਾ ਇਨਸਾਫ ਦੇਂਦੇ ਰਹੇ ਹਨ। ਇਨ੍ਹਾਂ ਦੇ ਨੋਟਿਸ ਵਿਚ ਹੈ ਕਿ 256 ਏਕੜ ਜ਼ਮੀਨ ਵਿਚੋਂ 30 ਏਕੜ ਜ਼ਮੀਨ ਜੁਮਲਾ ਮਾਲਕਾਨ ਦੀ ਹੈ ਪਰ ਉਸ ਨੂੰ ਲੈਂਡ ਗਰੈਬਰ ਗਰੈਬ ਕਰ ਰਹੇ ਹਨ। ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ

Original with;
Punjab Vidhan Sabha
Digitized by;
Panjab Digital Library

ਕਿ ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਨਾਲ ਮਿਲ ਕੇ ਜਿਹੜੇ ਲੈਂਡ ਗਰੈਬਰ ਜ਼ਮੀਨ ਹੜਪ ਕਰ ਰਹੇ ਹਨ, ਉਨ੍ਹਾਂ ਨੂੰ ਰੋਕਿਆ ਜਾਵੇਗਾ ਅਤੇ ਉਨ੍ਹਾਂ ਦੀ ਇਨਕੁਆਇਰੀ ਕਰਾਈ ਜਾਵੇਗੀ ?

ਮੰਤਰੀ: ਸਪੀਕਰ ਸਾਹਿਬ, ਅਸੀਂ ਲੈਂਡ ਗਰੈਬਰਜ਼ ਨੂੰ ਫੜ ਕੇ ਗ੍ਰਿਫਤਾਰ ਕੀਤਾ ਹੈ, ਅੰਦਰ ਦਿੱਤਾ ਹੈ। ਅਗਰ ਇਹ ਕੋਈ ਸਪੈਸਿਫਿਕ ਜ਼ਿਕਰ ਕਰਨ ਕਿ ਫਲਾਣੇ ਲੋਕਾਂ ਨੇ ਲੈਂਡ ਗਰੈਬ ਕੀਤੀ ਹੈ ਤਾਂ ਅਸੀਂ ਸਿਰਫ ਇਨਕੁਆਇਰੀ ਹੀ ਨਹੀਂ ਕਰਾਂਗੇ ਬਲਕਿ ਉਨ੍ਹਾਂ ਕੋਲੋਂ ਲੈਂਡ ਵਾਪਸ ਕਢਾਂਗੇ ਅੇਤ ਐਕਸ਼ਨ ਵੀ ਪੂਰੇ ਦਾ ਪੂਰਾ ਲਵਾਂਗੇ।

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਜਿਹੜੀ ਜਵਾਬ ਵਿਚਲੀ ਲਿਸਟ ਹੈ, ਇਹ ਤਾਂ ਉਸ ਮੈਂਬਰ ਕੋਲ ਹੀ ਜਾਂਦੀ ਹੈ ਜਿਸ ਦਾ ਸਵਾਲ ਹੁੰਦਾ ਹੈ। ਇਥੇ ਜੋ ਮੁੱਦਾ ਚੇਅਰਮੈਨ, ਇੰਪਰੂਵਮੈਂਟ ਟਰੱਸਟ ਬਾਰੇ ਆਇਆ ਹੈ, ਉਹ ਇਹ ਹੈ ਕਿ ਰਿਸ਼ੀ ਬਾਲਮੀਕ ਜੀ ਦੇ ਨਾਂ ਤੇ ਇਕ ਕਾਲੋਨੀ ਬਣਾਉਣ ਵਾਸਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਕੁਝ ਮੈਂਬਰ ਸਾਹਿਬਾਨ, ਕੁਝ ਕਰਮਚਾਰੀਆਂ ਕੋਲੋਂ ਅਰਜ਼ੀਆਂ ਲੈ ਲਈਆਂ ਗਈਆਂ। ਇਹ ਸਕੀਮ 1976 ਵਿਚ ਅਡਾਪਟ ਹੋਈ ਅਤੇ 1980 ਵਿਚ ਇਸ ਦੇ ਲਈ ਜ਼ਮੀਨ ਐਕਵਾਇਰ ਹੋਈ। ਮੇਰੀ ਜਾਣਕਾਰੀ ਇਹ ਹੈ ਕਿ ਚੇਅਰਮੈਨ ਇੰਮਪਰੂਵਮੈਂਟ ਟਰੱਸਟ ਨੇ ਚੇਅਰਮੈਨ ਬਣਨ ਤੋਂ ਪਹਿਲਾਂ ਹੀ ਉਹ ਜ਼ਮੀਨ ਬੇਨਾਮੀ ਸੇਲ ਕਰਵਾ ਦਿੱਤੀ ਅਤੇ ਚੇਅਰਮੈਨ ਬਣ ਕੇ ਉਹ ਜ਼ਮੀਨ ਇਸ ਸਕੀਮ ਵਿਚੋਂ ਬਾਹਰ ਕਢ ਦਿੱਤੀ ਅਤੇ ਉਸ ਨੂੰ ਡੀਨੋਟੀਫਾਈ ਕਰਵਾ ਦਿੱਤਾ। ਇਸ ਤਰ੍ਹਾਂ ਚੇਅਰਮੈਨ ਨੇ ਆਪਣੇ ਅਧਿਕਾਰਾਂ ਦੀ ਦੁਰ-ਵਰਤੋਂ ਕੀਤੀ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਉਸ ਦੇ ਖਿਲਾਫ ਕਾਰਵਾਈ ਕਰਨਗੇ ਅਤੇ ਜਿਨ੍ਹਾਂ ਲੋਕਾਂ ਦੀਆਂ ਅਰਜ਼ੀਆਂ ਪੈਂਡਿੰਗ ਪਈਆਂ ਹਨ ਅਤੇ ਜਿਨ੍ਹਾਂ ਦਾ ਇਸ ਤਰ੍ਹਾਂ ਨਾਲ ਨੁਕਸਾਨ ਹੋਇਆ ਹੈ, ਕੀ ਉਨ੍ਹਾਂ ਨੂੰ ਇਨਸਾਫ ਦਿਵਾਉਣਗੇ ?

ਮੰਤਰੀ: ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਪੰਜਾਬ ਸਰਕਾਰ ਕਿਸੇ ਵੀ ਗਲਤ ਕੰਮ ਨੂੰ ਬਰਦਾਸ਼ਤ ਨਹੀਂ ਕਰੇਗੀ। ਪਿਛਲੇ 3 ਸਾਲਾਂ ਵਿਚ ਕਿਸੇ ਨੇ ਵੀ ਅਤੇ ਕਦੇ ਵੀ ਕੋਈ ਗਲਤ ਕੰਮ ਕੀਤਾ ਹੋਵੇ ਤਾਂ ਉਸ ਦੇ ਖਿਲਾਫ ਅਸੀਂ ਇਨਕੁਆਇਰੀ ਕਰਵਾਉਣ ਤੋਂ ਬਾਅਦ ਐਕਸ਼ਨ ਲਵਾਂਗੇ ਹੀ।

ਸ਼੍ਰੀ ਸਤਪਾਲ ਗੋਸਾਈਂ: ਸਪੀਕਰ ਸਾਹਿਬ, ਉਸ ਵੇਲੇ ਇਹ ਗਰੀਵੈਂਸਿਜ਼ ਕਮੇਟੀ ਦੇ ਚੇਅਰਮੈਨ ਸੀ। ਉਸ ਤੋਂ ਬਾਅਦ 3 ਸਕੈਂਡਲ ਚਲਦੇ ਰਹੇ। ਸੀ. ਐਮ. ਸਾਹਿਬ ਨੇ ਵੀ ਇਕ ਅਜਿਹਾ ਗਲਤ ਕੇਸ ਫੜਿਆ ਹੈ। "ਟ੍ਰਿਬਿਊਨ" ਅਖਬਾਰ ਵਿਚ ਵੀ ਉਸ ਬਾਰੇ ਆਇਆ ਹੈ ਲੇਕਿਨ ਕੋਈ ਐਕਸ਼ਨ ਨਹੀਂ ਹੋਇਆ। 5 ਮਹੀਨੇ ਤੱਕ ਕੋਈ ਜਵਾਬ ਨਹੀਂ ਦਿੱਤਾ ਗਿਆ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਚੀਜ ਨੂੰ ਟਾਈਮ-ਬਾਊਂਡ ਕਰਨਗੇ ਕਿ ਐਨੇ ਟਾਈਮ ਵਿਚ ਐਕਸ਼ਨ ਲਿਆ ਜਾਵੇਗਾ ?

Original with;
Punjab Vidhan Sabha
Digitized by;
Panjab Digital Library

ਮੰਤਰੀ. ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਕੋਈ ਵੀ ਗਲਤ ਕੰਮ ਹੈ, ਉਸ ਦੀ ਇਨਕੁਆਇਰੀ ਕਰਵਾਉਣ ਤੋਂ ਬਾਅਦ ਉਸ ਦੇ ਗਲਤ ਸਾਬਤ ਹੋਣ ਦੀ ਸੂਰਤ ਵਿਚ ਪੰਜਾਬ ਸਰਕਾਰ ਜ਼ਰੂਰ ਉਸ ਤੇ ਐਕਸ਼ਨ ਲਵੇਗੀ ਚਾਹੇ ਕੋਈ ਕਿਤਨਾ ਵੀ ਵੱਡਾ ਆਦਮੀ ਕਿਉਂ ਨਾ ਹੋਵੇ ।

ਸ਼੍ਰੀ ਸਤਪਾਲ ਗੋਸਾਈਂ: ਸਪੀਕਰ ਸਾਹਿਬ, ਮੈਂ ਇਹ ਪੁੱਛਿਆ ਸੀ ਕਿ ਕੀ ਇਹ ਇਸ ਐਕਸ਼ਨ ਨੂੰ ਟਾਈਮ ਬਾਊਂਡ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਇਨਕੁਆਇਰੀ ਕਰਵਾਉਣ ਤੋਂ ਬਾਅਦ 3 ਮਹੀਨੇ ਦੇ ਅੰਦਰ ਅੰਦਰ ਅਸੀਂ ਐਕਸ਼ਨ ਲਵਾਂਗੇ ।

ਸ਼੍ਰੀ ਸਤਪਾਲ ਗੋਸਾਈਂ : ਸਪੀਕਰ ਸਾਹਿਬ, ਇਨਕੁਆਇਰੀ ਤਾਂ ਹੋ ਚੁਕੀ ਹੈ, ਡੀ. ਸੀ. ਵਲੋਂ । ਉਹ ਇਨਕੁਆਇਰੀ ਰਿਪੋਰਟ ਪੜ੍ਹ ਕੇ ਸੁਣਾ ਵੀ ਦਿੱਤੀ ਗਈ ਸੀ । 3 ਸਕੈਂਡਲ ਹੋਏ ਹਨ ਅਤੇ 3-4 ਮਹੀਨੇ ਪਹਿਲਾਂ ਇਨਕੁਆਇਰੀ ਰਿਪੋਰਟ ਆ ਵੀ ਚੁਕੀ ਹੈ.. ...

ਸ਼੍ਰੀ ਸਪੀਕਰ : ਉਨਾਂ ਨੇ ਕਹਿ ਤਾਂ ਦਿੱਤਾ ਹੈ ਕਿ ਇਨਕੁਆਇਰੀ ਦੀ ਰਿਪੋਰਟ ਆਉਣ ਤੋਂ ਬਾਅਦ 3 ਮਹੀਨਿਆਂ ਦੇ ਅੰਦਰ ਅੰਦਰ ਇਹ ਐਕਸ਼ਨ ਲੈਣਗੇ ।

ਸ਼੍ਰੀ ਸਤਪਾਲ ਗੋਸਾਈਂ ਸਪੀਕਰ ਸਾਹਿਬ, ਡੀ. ਸੀ. ਦੀ ਇਨਕੁਆਇਰੀ 4 ਮਹੀਨੇ ਪਹਿਲਾਂ ਹੋ ਚੁਕੀ ਹੈ....

ਮੰਤਰੀ ਸਪੀਕਰ ਸਾਹਿਬ, ਜਿਹੜੀ ਇਨਕੁਆਇਰੀ ਏ. ਡੀ. ਸੀ. ਨੇ ਕੀਤੀ ਸੀ, ਉਹ ਅਸੀਂ ਸੈਕਟਰੀ, ਲੋਕਲ ਸੈਲਫ ਗੌਰਮੈਂਟ, ਨੂੰ ਰੈਫਰ ਕਰ ਦਿੱਤੀ ਹੈ । ਉਹ ਇਸ ਇਨਕੁਆਇਰੀ ਨੂੰ ਦੁਬਾਰਾ ਕਨਫਰਮ ਕਰਨਗੇ । ਉਹ ਮੌਕੇ ਨੂੰ ਦੇਖ ਕੇ ਰਿਪੋਰਟ ਕਰਨਗੇ ਕਿ ਉਸ ਇਨਕੁਆਇਰੀ ਦੇ ਮੁਤਾਬਿਕ ਕੀ ਐਕਸ਼ਨ ਲਿਆ ਜਾ ਸਕਦਾ ਹੈ । ਉਹ ਦੇਖਣਗੇ ਕਿ ਇਨਕੁਆਇਰੀ ਠੀਕ ਹੋਈ ਹੈ ਜਾਂ ਗਲਤ ਹੋਈ ਹੈ । ਗਰੀਵੈਂਸਿਜ਼ ਕਮੇਟੀ ਵਿਚ ਹਰੇਕ ਮਹਿਕਮੇ ਦੀਆਂ ਸ਼ਿਕਾਇਤਾਂ ਆਉਂਦੀਆਂ ਹਨ । ਇਨਕੁਆਇਰੀ ਕਰਵਾਉਣ ਤੋਂ ਬਾਅਦ ਉਸ ਦੀ ਰਿਪੋਰਟ ਸਬੰਧਤ ਮਹਿਕਮੇ ਨੂੰ ਹੀ ਭੇਜੀ ਜਾਂਦੀ ਹੈ ਅਤੇ ਉਸ ਮਹਿਕਮੇ ਨੇ ਹੀ ਅੱਗੇ ਐਕਸ਼ਨ ਲੈਣਾ ਹੁੰਦਾ ਹੈ । ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਉਸ ਇਨਕੁਆਇਰੀ ਦੇ ਮੁਤਾਬਿਕ ਅਗਰ ਗਲਤ ਕੰਮ ਸਾਬਤ ਹੋ ਗਿਆ ਤਾਂ ਕਸੂਰਵਾਰ ਦੇ ਖਿਲਾਫ ਜਲਦੀ ਤੋਂ ਜਲਦੀ ਜਾਂ 3 ਮਹੀਨੇ ਦੇ ਅੰਦਰ ਅੰਦਰ ਐਕਸ਼ਨ ਲਵਾਂਗੇ ।

ਸ਼੍ਰੀ ਮਦਨ ਮੋਹਨ ਮਿੱਤਲ ਸਪੀਕਰ ਸਾਹਿਬ, ਐਫ. ਐਮ. ਨੇ ਖੁਦ ਇਨਕੁਆਇਰੀ ਕਰਵਾਈ ਹੈ । ਇਨਕਆਇਰੀ ਦਰ ਇਨਕੁਆਇਰੀ ਕਰਵਾਉਣ ਦੀ ਹੁਣ ਕੀ ਤੁਕ ਹੈ ? Now the Director or Secretary, Local Bodies is holding an enquiry to know whether the enquiry was convened correctly. There is no

Original with;
Punjab Vidhan Sabha
Digitized by;
Panjab Digital Library

such procedure. He himself was the Chairman of the Grievances Committee and the enquiry was got conducted through the A. D. C. The action should have been taken on the expiry of three months. We want an assurance that on the basis of the report of the A. D. C. submitted to the F.M, as Chairman of the Grievances Committee, the action will be taken, If so, when since the period of three months has already expired.

Minister: Sir, there is time for confirming, We want to confirm this enquiry report from the Local Self Government Department and after confirmation of the enquiry report, we will certainly take action within three months.

ਸ਼੍ਰੀ ਸਪੀਕਰ: ਇਹ ਲੁਧਿਆਣੇ ਦਾ ਕੇਸ ਹੈ ਜੀ । ਗੌਰਮਿੰਟ ਦੀ ਪੋਜ਼ੀਸ਼ਨ ਸਾਫ ਹੋਣੀ ਚਾਹੀਦੀ ਹੈ ।

ਜ਼ਮੀਨ ਕਾਸ਼ਤਕਾਰਾਂ ਨੂੰ ਮਾਲਕੀ ਹੱਕ ਸੌਂਪਣਾ

*2642. **ਡਾਕਟਰ ਰਤਨ ਸਿੰਘ**: ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਾਜ ਦੇ ਸੀਮਾਵਰਤੀ ਇਲਾਕਿਆਂ ਦੇ ਉਨ੍ਹਾਂ ਵਿਅਕਤੀਆਂ ਨੂੰ, ਜਿਹੜੇ ਪਿਛਲੇ ਚਾਲੀ ਸਾਲਾਂ ਤੋਂ ਜੰਗਲਾਤ ਵਿਭਾਗ ਦੀ ਜ਼ਮੀਨ ਤੇ ਖੇਤੀ ਕਰ ਰਹੇ ਹਨ, ਨੂੰ ਮਾਲਕੀ ਹੱਕ ਸੌਂਪਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ?

ਸਰਦਾਰ ਹਿਲਬਾਗ ਸਿੰਘ ਨਵਾਂ ਸ਼ਹਿਰ: ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

ਡਾਕਟਰ ਰਤਨ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਬਹੁਤ ਸਾਰੀ ਜ਼ਮੀਨ ਪਈ ਹੈ, ਹਜ਼ਾਰਾਂ ਏਕੜ ਜ਼ਮੀਨ ਹੈ ਜਿਸ ਦਾ ਕਿ ਕੋਈ ਫਾਇਦਾ ਨਹੀਂ ਹੈ । ਕੀ ਆਉਣ ਵਾਲੇ ਸਾਲਾਂ ਵਿੱਚ ਸਰਕਾਰ ਦੀ ਕੋਈ ਤਜਵੀਜ਼ ਹੈ ਕਿ ਉਹ ਜ਼ਮੀਨ ਉਨ੍ਹਾਂ ਲੋਕਾਂ ਨੂੰ, ਜਿਹੜੇ ਉਥੇ ਕਾਫੀ ਚਿਰ ਤੋਂ ਵਾਹੀ ਕਰ ਰਹੇ ਹਨ, ਦੇ ਦਿੱਤੀ ਜਾਵੇਗੀ ?

ਮੰਤਰੀ: ਸਪੀਕਰ ਸਾਹਿਬ, ਜਿਹੜੇ ਬਾਰਡਰ ਏਰੀਆ ਹਨ, ਉਨ੍ਹਾਂ ਬਾਰੇ—ਇਹ ਸਵਾਲ ਸੀ ਕਿ ਕੀ ਉਥੇ ਜਿਹੜੀ ਜ਼ਮੀਨ ਹੈ ਜੰਗਲਾਤ ਦੀ, ਜਿਹੜੇ ਲੋਕ ਉਥੇ ਵਾਹੀ ਕਰਦੇ ਹਨ, ਉਨ੍ਹਾਂ ਨੂੰ ਦੇਣ ਵਾਸਤੇ ਸਰਕਾਰ ਤਿਆਰ ਹੈ ਜਾਂ ਨਹੀਂ ? ਸਾਡੀ ਉਸ ਵੇਲੇ ਦੀ ਸਰਕਾਰ ਨੇ, 22 ਅਗਸਤ, 1973 ਨੂੰ ਫੈਸਲਾ ਕੀਤਾ ਸੀ ਕਿ ਜਿਹੜੇ ਲੋਕ ਉਥੇ ਵਾਹੀ ਰਹਦੇ ਹਨ ਜਾਂ ਜਿਹੜੇ ਲੋਕ ਜ਼ਮੀਨ ਲੈਸ ਹਨ । ਉਨ੍ਹਾਂ ਨੂੰ ਦੇ ਦਿੱਤੀ ਜਾਵੇ । ਉਨ੍ਹਾਂ ਵਾਸਤੇ ਕਮੇਟੀ ਬਣਾ ਕੇ ਜ਼ਮੀਨ ਦੀ ਅਲਾਟਮੈਂਟ ਵੀ ਕਰ ਦਿੱਤੀ । ਇਹ ਜ਼ਮੀਨ 962 ਏਕੜ ਅਲਾਟ ਕੀਤੀ ਗਈ ਸੀ । ਉਸ ਤੋਂ ਬਾਅਦ ਬਾਦਲ ਸਰਕਾਰ ਆ ਗਈ । ਉਸ ਵੇਲੇ ਕੋਈ ਅਲਾਟਮੈਂਟ ਨਹੀ ਕੀਤੀ ਗਈ । ਉਸ ਤੋਂ ਬਾਅਦ ਫਿਰ 1980 ਵਿੱਚ ਗੌਰਮਿੰਟ ਆਫ ਇੰਡੀਆ ਨੇ ਮਨ੍ਹਾਂ ਕਰ ਦਿੱਤਾ ਕਿ ਕੋਈ ਜੰਗਲਾਤ ਦੀ ਜ਼ਮੀਨ ਕਿਸੇ ਨੂੰ ਨਹੀਂ ਦਿੱਤੀ ਜਾਵੇਗੀ ।

Original with;
Punjab Vidhan Sabha
Digitized by;
Panjab Digital Library

ਡਾਕਟਰ ਰਤਨ ਸਿੰਘ. ਸਰ, ਇਹ ਬੜਾ ਅਹਿਮ ਮਸਲਾ ਹੈ। ਬਾਰਡਰ ਤੇ ਦਰਖਤਾਂ ਦੀ ਸੁਰੱਖਿਆ ਦੀ ਕੋਈ ਲੋੜ ਨਹੀਂ ਹੈ। ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜ਼ਰੂਰੀ ਮਸਲਾ ਹੈ ਇਸ ਤੇ ਗੌਰ ਕੀਤਾ ਜਾਵੇ।

ਸ਼੍ਰੀ ਸਪੀਕਰ ਠੀਕ ਹੈ ਜੀ, ਗੌਰ ਕਰਨ ਵਾਸਤੇ ਕਹਿ ਰਹੇ ਹਨ। ਜਵਾਬ ਨਹੀਂ ਮੰਗ ਰਹੇ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਸ ਗੱਲ ਦੀ ਜਾਣਕਾਰੀ ਲੈਣਾ ਚਾਹਵਾਂਗਾ ਕਿ ਜਿਸ ਤਰ੍ਹਾਂ ਬਾਰਡਰ ਦੀ ਗੱਲ ਕੀਤੀ ਗਈ ਹੈ ਏਸੇ ਤਰ੍ਹਾਂ ਹੀ ਹੁਸ਼ਿਆਰਪੁਰ ਡਿਸਟ੍ਰਿਕਟ ਵਿੱਚ ਦਸੂਹਾ ਤਹਿਸੀਲ ਵਿਚ ਦਰਿਆ ਨਾਲ ਮੰਡ ਦਾ ਇਲਾਕਾ ਪੈਂਦਾ ਹੈ ਅੱਤ ਉਥੇ ਲੋਕੀ 20-30 ਸਾਲਾਂ ਤੋਂ ਜੰਗਲਾਤ ਦੀ ਜ਼ਮੀਨ ਤੇ ਕਾਬਜ਼ ਹਨ। ਉਥੇ ਲੋਕਾਂ ਨੇ ਆਪਣੇ ਮਕਾਨ ਵੀ ਬਣਾਏ ਹੋਏ ਹਨ, ਟਿਊਬਵੈਲ ਵੀ ਲਗਾਏ ਹੋਏ ਹਨ, ਉਹ ਜਗਲਾਤ ਦੀ ਜ਼ਮੀਨ ਹੈ। ਕੀ ਮੰਤਰੀ ਜੀ ਦੱਸਣਗੇ ਕਿ ਕੀ ਇਹ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਜਿਹੜੇ ਲੋਕ ਉਥੇ ਅਬਾਦ ਹਨ, ਉਨ੍ਹਾਂ ਨੂੰ ਮਾਲਕੀ ਦਾ ਹੱਕ ਦੇ ਦਿੱਤਾ ਜਾਵੇਗਾ ?

ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਬੇਨਤੀ ਕੀਤੀ ਹੈ ਕਿ ਸਾਡੀ ਕੋਈ ਪੇਸ਼ ਨਹੀਂ ਹੈ। ਸੈਂਟਰਲ ਗੌਰਮਿੰਟ ਨੇ ਪਾਬੰਦੀ ਲਗਾਈ ਹੋਈ ਹੈ। ਕੋਈ ਵੀ ਜ਼ਮੀਨ 1980 ਤੋਂ ਬਾਅਦ ਅਸੀਂ ਕਿਸੇ ਨੂੰ ਵੀ ਦੇ ਨਹੀਂ ਸਕਦੇ। ਅਗਰ ਸਰਕਾਰ ਨੇ ਵੀ ਕੋਈ ਜ਼ਮੀਨ ਲੈਣੀ ਹੋਵੇ ਤਾਂ ਉਹ ਜ਼ਮੀਨ ਬੱਟੇ ਜ਼ਮੀਨ ਦੇ ਕੇ ਹੀ ਅਸੀਂ ਅਜਿਹਾ ਕਰ ਸਕਦੇ ਹਾਂ।

ਮਾਰਕਿਟ ਕਮੇਟੀ, ਅਜਨਾਲਾ ਦੁਆਰਾ ਸੜਕਾਂ ਦੀ ਮੁਰੰਮਤ/ਉਸਾਰੀ

*2644. **ਡਾਕਟਰ ਰਤਨ ਸਿੰਘ**: ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1994-95 ਦੇ ਦੌਰਾਨ ਮਾਰਕਿਟ ਕਮੇਟੀ, ਅਜਨਾਲਾ ਦੁਆਰਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਕੁੱਲ ਕਿੰਨੇ ਕਿਲੋਮੀਟਰ ਲੰਬੀਆਂ ਨਵੀਆਂ ਸੜਕਾਂ ਦੀ ਉਸਾਰੀ ਅਤੇ ਪੁਰਾਣੀ ਸੜਕਾਂ ਦੀ ਮੁਰੰਮਤ ਕੀਤੀ ਗਈ ?

ਸਰਦਾਰ ਦਿਲਬਾਗ ਸਿੰਘ ਨਢਾਂ ਸ਼ਹਿਰ: ਸਾਲ 1994-95 ਵਿੱਚ ਮਾਰਕਿਟ ਕਮੇਟੀ, ਅਜਨਾਲਾ ਵਲੋਂ 7.65 ਕਿਲੋਮੀਟਰ ਨਵੀਆਂ ਸੜਕਾਂ ਬਣਾਈਆਂ ਗਈਆਂ ਅਤੇ 14.45 ਕਿਲੋਮੀਟਰ ਸੜਕਾਂ ਦੀ ਮੁਰੰਮਤ ਕੀਤੀ ਗਈ ਹੈ।

ਡਾਕਟਰ ਰਤਨ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਮਾਰਕੀਟ ਕਮੇਟੀ, ਅਜਨਾਲਾ ਕੋਲ ਕੋਲ ਕੋਈ ਪੈਸਾ ਨਹੀਂ ? ਉਥੇ ਰਿਪੇਅਰ ਘੱਟ ਹੋਈ ਹੈ ਜਾਂ ਕਿ ਵੈਸੇ ਹੀ ਘੱਟ ਕੀਤੀ ਗਈ ਹੈ ?

ਮੰਤਰੀ: ਸਪੀਕਰ ਸਾਹਿਬ, ਜਿਹੜੀ ਮਾਰਕੀਟ ਕਮੇਟੀ ਅਜਨਾਲਾ ਹੈ ਇਸ ਕੋਲ 281 ਕਿਲਮੀਟਰ ਸੜਕਾਂ ਕੁੱਲ ਹਨ ਅੱਤ 271 ਕਿਲੋਮੀਟਰ ਰਿਪੇਅਰ ਕਰਵਾ ਚਿੱਤੀਆਂ

Original with;
Punjab Vidhan Sabha
Digitized by;
Panjab Digital Library

ਹਨ । 9.42 ਕਿਲੋਮੀਟਰ ਬਾਕੀ ਰਹਿੰਦੀਆਂ ਹਨ ਉਹ ਵੀ ਕੁਝ ਮਿੱਟੀ ਪਾਉਣ ਆਦਿ ਦਾ ਕੰਮ ਕਰਨ ਤੋਂ ਬਾਅਦ ਰਿਪੇਅਰ ਕਰਾ ਚਿੱਤੀਆਂ ਜਾਣਗੀਆਂ । ਬਹੁਤ ਸਾਰਾ ਕੰਮ ਕੀਤਾ ਗਿਆ ਹੈ । ਥੋੜ੍ਹਾ ਬਹੁਤ ਰਹਿ ਗਿਆ ਹੈ । ਅਸੀਂ ਫੈਸਲਾ ਕੀਤਾ ਹੈ । ਕਿ ਕੋਈ ਨਵੀਂ ਸੜਕ ਨਹੀਂ ਬਣਾਉਣੀ ਜਿੰਨੀ ਦੇਰ ਕਿ ਪਹਿਲੀਆਂ ਸੜਕਾਂ ਮੁਰੰਮਤ ਨਹੀਂ ਹੋ ਜਾਂਦੀਆਂ ।

ਡਾਕਟਰ ਰਤਨ ਸਿੰਘ: ਸਪੀਕਰ ਸਾਹਿਬ, ਇਹ ਸਾਰੇ ਹਾਊਸ ਨੂੰ ਗੁੰਮਰਾਹ ਕਰ ਰਹੇ ਹਨ । ਉਥੇ ਕੋਈ ਕੰਮ ਨਹੀਂ ਹੋਇਆ । ਇਹ ਕਹਿ ਰਹੇ ਹਨ ਕਿ ਬਹੁਤ ਸਾਰਾ ਕੰਮ ਕੀਤਾ ਗਿਆ ਹੈ । ਇਹ ਮੇਰੇ ਨਾਲ ਟਾਈਮ ਰੱਖ ਲੈਣ, ਮੈਂ ਸਾਰੀਆਂ ਸੜਕਾਂ ਇਨ੍ਹਾਂ ਨੂੰ ਦਿਖਾ ਦਿਆਂਗਾਂ ਕਿ ਕਿੱਥੇ ਕਿੱਥੇ ਕੰਮ ਹੋਇਆ ਹੈ ।

Mr. Speaker: Next question.

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2602

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

ਫਤਿਹਗੜ੍ਹ ਸਾਹਿਬ-ਜੋਤੀ ਸਰੂਪ-ਚੰਡੀਗੜ੍ਹ ਸੜਕ ਨੂੰ ਚੌੜਾ ਕਰਨਾ

*2701. **ਡਾਕਟਰ ਹਰਬੰਸ ਲਾਲ** ਕੀ ਤਕਨੀਕ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਫਤਿਹਗੜ੍ਹ ਦੀ ਇਤਿਹਾਸਿਕ ਮਹੱਤਤਾ ਦੇ ਮੱਦੇਨਜ਼ਰ ਫਹਿਗੜ੍ਹ ਸਾਹਿਬ-ਜੋਤੀ ਸਰੂਪ ਚੰਡੀਗੜ੍ਹ ਸੜਕ ਨੂੰ ਚੌੜਾ ਕਰਨ ਦਾ ਸਰਕਾਰ ਦਾ ਪ੍ਰਸਤਾਵ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਦੋਂ ਤੱਕ ਚੌੜਾ ਕੀਤੇ ਜਾਣ ਦੀ ਸੰਭਾਵਨਾ ਹੈ; ਜੇਕਰ ਨਹੀਂ ਤਾਂ ਇਸ ਦੇ ਕਾਰਣ ਕੀ ਹਨ ?

ਸਰਦਾਰਨੀ ਰਾਜਿੰਦਰ ਕੌਰ ਭੱਠਲ ਨਹੀਂ ਜੀ; ਇਸ ਦਾ ਕਾਰਣ ਫੰਡਜ਼ ਦੀ ਘਾਟ ਹੈ ।

ਡਾਕਟਰ ਹਰਬੰਸ ਲਾਲ: ਮਾਨਯੋਗ ਸਪੀਕਰ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਫਤਿਹਗੜ੍ਹ ਸਾਹਿਬ ਨਵਾਂ ਜ਼ਿਲ੍ਹਾ ਬਣਿਆ ਹੈ ਅਤੇ ਫਤਿਹਗੜ੍ਹ ਸਾਹਿਬ ਤੋਂ ਚੰਡੀਗੜ੍ਹ ਆਉਣ ਲਈ ਇਹੋ ਹੀ ਮੇਨ ਰਸਤਾ ਹੈ, ਰੋਡ ਹੈ । ਜ਼ਿਲ੍ਹਾ ਬਣਨ ਕਰਕੇ ਉਥੇ ਟਰੈਫਿਕ ਬਹੁਤ ਜ਼ਿਆਦਾ ਵੱਧ ਗਿਆ ਹੈ । ਇਹ ਇਕ ਇਤਿਹਾਸਕ ਸੜਕ ਹੈ । ਮੈ ਮੰਤਰੀ ਸਾਹਿਬਾ ਤੋਂ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਕੀ ਉਹ ਭਰੋਸਾ ਦਿਵਾਉਣਗੇ ਕਿ ਇਸ ਸਾਲ ਦੇ ਅੰਦਰ 1995-96 ਵਿੱਚ ਜਾਂ 1996-97 ਵਿੱਚ ਫੰਡ ਉਪਲਬਧ ਕਰਵਾ ਕੇ ਇਸ ਸੜਕ ਨੂੰ ਚੌੜਾ ਬਣਾਇਆ ਜਾਵੇਗਾ ?

Original with;
Punjab Vidhan Sabha
Digitized by;
Panjab Digital Library

ਮੰਤਰੀ. ਸਪੀਕਰ ਸਾਹਿਬ, ਇਸ ਦਾ ਪੈਸਾ ਡਿਸਟ੍ਰਿਕਟ ਪਲਾਨਿੰਗ ਬੋਰਡ ਵੱਲੋਂ ਦਿੱਤਾ ਜਾਂਦਾ ਹੈ । ਜਿੰਨੀ ਜਲਦੀ ਇਹ ਉਥੋਂ ਪੈਸਾ ਲਿਆ ਕੇ ਦੇ ਦੇਣਗੇ ਉਨੀ ਹੀ ਛੇਤੀ ਅਸੀ ਸੜਕ ਬਣਾ ਦਿਆਂਗੇ ।

ਸ਼ਰਾਬ ਦੇ ਠੇਕਿਆਂ ਤੋਂ ਆਮਦਨ

*2346. **ਕਾਮਰੇਡ ਤਰਸੇਮ ਜੋਧਾਂ** : ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਚਾਲੂ ਮਾਲੀ ਸਾਲ ਦੌਰਾਨ ਚਲ ਰਹੇ ਦੇਸੀ ਅਤੇ ਅੰਗਰੇਜ਼ੀ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਅਤੇ ਉਨ੍ਹਾਂ ਤੋਂ ਹੋਣ ਵਾਲੀ ਆਮਦਨ ਦੇ ਵੇਰਵੇ ਕੀ ਹਨ;

(ਅ) ਇਸ ਸਮੇਂ ਸੜਕਾਂ ਦੇ ਕੰਢੇ ਤੇ ਸੜਕਾਂ ਦੀ ਜਗ੍ਹਾ ਤੇ ਕਿੰਨੇ ਠੇਕੇ ਚਲ ਰਹੇ ਹਨ ?

ਸਰਦਾਰ ਸ਼ਮਸ਼ੇਰ ਸਿੰਘ ਦੂਲੋ: (ੳ) 2860 2147 ਸਾਲ 1994-95 ਦੌਰਾਨ ਲਾਇ-ਦੇਸੀ ਸ਼ਰਾਬ ਦੇ ਠੇਕੇ ਅਤੇ 713 ਅੰਗ੍ਰੇਜ਼ੀ ਸ਼ਰਾਬ ਦੇ ਠੇਕੇ) ਸੰਸ ਫੀਸ ਵਜੋਂ ਪ੍ਰਾਪਤ ਹੋਣ ਵਾਲੀ ਆਮਦਨ 713.07 ਕਰੋੜ ਰੁਪਏ ।

(ਅ) 104.

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ 104 ਠੇਕੇ ਦੱਸੇ ਹਨ ਜੋ ਕਿ ਸੜਕ ਦੇ ਕੰਢਿਆਂ ਤੇ ਹਨ । ਕਿਰਪਾ ਕਰਕੇ ਕੀ ਇਹ ਦੱਸਣਗੇ ਕਿ ਜਿਹੜੀ ਸੜਕਾਂ ਦੀ ਜ਼ਮੀਨ ਹੈ, ਚਾਹੇ ਉਥੇ ਕਿਸਾਨਾਂ ਦੀ ਫਸਲ ਬੀਜੀ ਗਈ ਹੋਵੇ, ਉਹ ਵੀ ਸਰਕਾਰ ਖਾਲੀ ਕਰਵਾ ਲੈਂਦੀ ਹੈ । ਪ੍ਰੰਤੂ ਇਹ ਜਿਹੜੇ ਪ੍ਰਾਈਵੇਟ ਠੇਕੇਦਾਰ ਹਨ ਜਿਨ੍ਹਾਂ ਨੇ ਸੜਕਾਂ ਦੇ ਕਿਨਾਰਿਆਂ ਤੇ ਠੇਕੇ ਬਣਾਏ ਹੋਏ ਹਨ ਉਨ੍ਹਾਂ ਕਰਕੇ ਉਥੇ ਲੋਕਾਂ ਨੂੰ ਬੜੀ ਅਸੁਵਿਧਾ ਬਣੀ ਹੋਈ ਹੈ ਅਤੇ ਉਹ ਐਕਸੀਡੈਂਟਾਂ ਦਾ ਕਾਰਣ ਬਣਦੇ ਹਨ । ਕੀ ਇਸ ਪਾਸੇ ਧਿਆਨ ਦੇ ਕੇ ਸਰਕਾਰ ਉਨ੍ਹਾਂ ਤੋਂ ਜਗ੍ਹਾ ਖਾਲੀ ਕਰਵਾਏਗੀ ਤਾਂ ਜੋ ਉਹ ਆਪਣੀਆਂ ਪ੍ਰਾਈਵੇਟ ਬਿਲਡਿੰਗਾਂ ਵਿੱਚ ਚਲੇ ਜਾਣ ?

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਥੇ ਵੀ ਆਕਸ਼ਨ ਤੋਂ ਬਾਅਦ ਠੇਕੇ ਖੋਲ੍ਹੇ ਜਾਂਦੇ ਹਨ, ਉਥੇ ਜਗ੍ਹਾ ਦਾ ਪ੍ਰਬੰਧ ਠੇਕੇਦਾਰ ਆਪਣੇ ਤੌਰ ਤੇ ਹੀ ਕਰਦੇ ਹਨ । ਜਿਹੜੇ ਠੇਕੇ ਸਰਕਾਰੀ ਜ਼ਮੀਨ ਤੇ ਜਾਂ ਨੈਸ਼ਨਲ ਹਾਈਵੇਅ, ਤੇ ਹੁੰਦੇ ਹਨ ਉਹ ਪੀ. ਡਬਲਯੂ. ਡੀ. ਦੇ ਮਹਿਕਮੇ ਤੋਂ ਐਨ. ਓ.ਸੀ. ਜਾਂ ਰਾਏ ਕਰਕੇ ਹੀ ਲੈਂਦੇ ਹਨ । ਇਸ ਦੇ ਵਿੱਚ ਸਾਡਾ ਮਹਿਕਮਾ ਕੋਈ ਇੰਟਰਵੀਨ ਨਹੀਂ ਕਰਦਾ ।

Original with;
Punjab Vidhan Sabha
Digitized by;

ਕਾਮਰੇਡ ਤਰਸੇਮ ਜੋਧਾਂ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਠੇਕੇ ਤੇ ਠੇਕੇਦਾਰਾਂ ਦੀਆਂ ਬਿਲਡਿੰਗਾਂ ਪਿਛਲੇ ਸਾਲ ਖੁਭਾਂ ਵਾਂਗ ਉਗੀਆਂ ਹਨ, ਜਿਵੇਂ ਮੇਰੇ ਪਿੰਡ ਤੋਂ ਸਰਾਭਾ ਨੂੰ ਜਾਂਦੀ ਸੜਕ ਦੇ ਕਿਨਾਰੇ ਤੇ ਕੇਵਲ ਡੇਢ ਫੁੱਟ ਦੂਰੀ ਤੇ ਬਿਲਡਿੰਗ ਬਣੀ ਹੋਈ ਹੈ ਇਸੇ ਤਰ੍ਹਾਂ ਮੁੱਲਾਂਪੁਰ ਬੱਸ ਸਟੈਂਡ ਦੇ ਉਤੇ ਠੇਕਾ ਬਣਿਆ ਹੋਇਆ ਹੈ ਅਤੇ ਲੋਕਾਂ ਲਈ ਅਸੁਵਿਧਾ ਦਾ ਕਾਰਣ ਬਣਿਆ ਹੋਇਆ ਹੈ, ਉਥੇ ਸ਼ਰਾਬੀ ਖਲਲ ਪਾਉਂਦੇ ਹਨ ਅਤੇ ਜਿਥੇ ਸੜਕ ਤੋਂ ਕੇਵਲ ਡੇਢ ਫੁੱਟ ਤੇ ਹੀ ਬਿਲਡਿੰਗ ਬਣੀ ਹੋਈ ਹੈ ਉਹ ਕਿਸੇ ਵੀ ਸਮੇਂ ਐਕਸੀਡੈਂਟ ਦਾ ਕਾਰਣ ਬਣ ਸਕਦੀ ਹੈ । ਕੀ ਮੰਤਰੀ ਜੀ ਆਪਣੇ ਵਿਭਾਗ ਦੁਆਰਾ ਉਨ੍ਹਾਂ ਨੂੰ ਦੂਰ ਕਰਾਉਣ ਦੇ ਯਤਨ ਕਰਨਗੇ ਤਾਂ ਜੋ ਲੋਕਾਂ ਦੀ ਜਾਨ ਮਾਲ ਦੀ ਰਾਖੀ ਕੀਤੀ ਜਾ ਸਕੇ ?

ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਇਨਕੁਆਇਰੀ ਕਰਵਾ ਲਵਾਂਗੇ । ਉਸ ਤੋਂ ਬਾਅਦ ਐਕਸ਼ਨ ਲਵਾਂਗੇ ।

श्रीमती लक्ष्मी कांता चावला: स्पीकर साहिब, मैं यह पूछना चाहती हूँ कि क्या यह सरकार की कोई निश्चित नीति बन गयी है या कि बिना नीति के ही चौराहों पर और नैशनल हाईवे पर बिना इजाजत ही ठेके खुल गये हैं जो कि बहुत ही महत्वपूर्ण स्थानों पर खोले गये हैं ? अगर ये ठेके सरकार की निति के बिना खुले हैं तो क्या यह उनको बंद करवायेंगे ?

ਮੰਤਰੀ : ਸਪੀਕਰ ਸਾਹਿਬ, ਭੈਣ ਜੀ ਕੋਲ ਜੇਕਰ ਕੋਈ ਸਪੈਸੀਫਿਕ ਕੇਸ ਹੈ ਤਾਂ ਮੈਨੂੰ ਪੁਆਇੰਟ ਆਊਟ ਕਰ ਦੇਣ । ਮੈਂ ਇਸ ਬਾਰੇ ਇਨਕੁਆਇਰੀ ਕਰਵਾ ਲਵਾਂਗਾ ।

श्रीमती लक्ष्मी कांता चावला: ये सपैसीफिक नाम देने की बात करते हैं अगर इनको मंत्री होने के नाते पता नहीं है तो मैं बता देती हूँ । आपने 104 की लिसट दी है । ये राष्ट्रीय राज मार्ग पर मेरे साथ चलने का समय तय कर लें, मैं इनको दिखा देती हूँ । या तो इनकी कार के शीशे काले हैं और या फिर ठेकेदार इनके हैं, (विधन)

ਸ਼੍ਰੀ ਸਪੀਕਰ : ਇਹੋ ਜਿਹੀਆਂ ਗੱਲਾਂ ਨਾ ਕਰੋ, ਦੇਖਣ ਵਾਲੀਆਂ ਜਾਂ ਨਾ ਦੇਖਣ ਵਾਲੀਆਂ । ਉਹ ਵੀ ਕੁਝ ਹੋਰ ਨਾ ਕਹਿ ਦੇਣ । ਮੰਤਰੀ ਜੀ ਨੇ ਕਿਹਾ ਹੈ ਕਿ ਕਿਹੜੇ ਕਿਹੜੇ ਹਨ, ਉਨ੍ਹਾਂ ਠੇਕਿਆਂ ਦੇ ਨਾਂ ਦੱਸ ਦਿਓ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਅੰਮ੍ਰਿਤਸਰ ਤੋਂ ਚੱਲੋ ਤਾਂ ਦੁਬਰਜੀ ਵਿਖੇ, ਟਾਂਗਰਾ ਵਿੱਚ ਨਿੱਜਰ ਐਗਰੋ ਦੇ ਨਾਲ ਫਿਰ ਖਲਚੀਆਂ, ਫਿਰ ਬਟਾਲਾ-ਬਿਆਸ ਮੋੜ ਤੇ ਬਿਆਸ ਮੁੱਖ ਅੱਡੇ ਤੇ, ਸੁਭਾਨ ਪੁਰ, ਫਿਰ ਕਰਤਾਰਪੁਰ, ਰਾਮਾ ਮੰਡੀ, ਫਗਵਾੜਾ, ਬੰਗਾ, ਉਸ ਤੋਂ ਬਾਅਦ ਨਵਾਂ ਸ਼ਹਿਰ, ਉਸ ਤੋਂ ਬਾਅਦ ਕੁਰਾਲੀ ਤੋਂ ਪਹਿਲਾਂ ਵੀ ਅਤੇ ਕੁਰਾਲੀ ਤੋਂ ਬਾਅਦ ਵੀ, ਉਸ ਤੋਂ ਬਾਅਦ ਖਰੜ ਅਤੇ ਇਸ ਦੇ ਆਸ ਪਾਸ ਚੰਡੀਗੜ੍ਹ ਤੱਕ ਹਨ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਕੀ ਤੁਸੀਂ ਵਾਇਆ ਲੁਧਿਆਣਾ ਕਦੀ ਨਹੀਂ ਆਏ ?
(ਹਾਸਾ)

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਉਥੋਂ ਦਾ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ।
(ਵਿਘਨ)

ਸ਼੍ਰੀ ਸਪੀਕਰ : ਤੁਸੀਂ ਇਸ ਸਬੰਧੀ ਲਿਖ ਕੇ ਦੇ ਦਿਉ । ਐਕਸਾਈਜ਼ ਮਨਿਸਟਰ ਸਾਹਿਬ ਇਹ ਚੈਕ ਕਰ ਲੈਣਗੇ ਕਿ ਸੜਕ ਤੇ ਨਹੀਂ ਹੋਣਾ ਚਾਹੀਦਾ ਜਾਂ ਮੇਨ ਰੋਡ ਤੋਂ ਕਿੰਨੀ ਦੂਰ ਹੋਣਾ ਚਾਹੀਦਾ ਹੈ । ਤੁਸੀਂ ਲਿਖ ਕੇ ਦੇ ਦਿਉ ।

ਸ਼੍ਰੀ ਮਦਨ ਮੋਹਨ ਮਿੱਤਲ : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਚੌਰਾਹੇ ਤੇ ਕੋਈ ਠੇਕਾ ਨਹੀ ਹੈ ਪਰ ਆਨਰੇਬਲ ਮੈਂਬਰ ਸਾਹਿਬ ਨੇ ਕਾਫੀ ਸਥਾਨ ਗਿਣ ਦਿੱਤੇ ਹਨ । ਮੈਂ ਸਥਾਨ ਤਾਂ ਦੁਬਾਰਾ ਨਹੀਂ ਗਿਣਾਂਗਾ । ਕੀ ਮੰਤਰੀ ਜੀ ਸਦਨ ਨੂੰ ਇਹ ਵਿਸ਼ਵਾਸ ਦਿਵਾਉਣਗੇ ਕਿ ਮੰਦਰਾਂ, ਸਕੂਲਾਂ, ਕਾਲਜਾਂ, ਹੋਸਪੀਟਲਾਂ, ਕੋਈ ਕਰਾਸਿੰਗ ਜਾਂ ਬੱਸ ਸਟੈਂਡ ਤੇ ਠੇਕੇ ਚੁੱਕ ਕੇ ਦੂਜੀ ਜਗ੍ਹਾ ਸ਼ਿਫਟ ਕੀਤੇ ਜਾਣਗੇ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਨਾਰਮਜ਼ ਦੇ ਮੁਤਾਬਿਕ 100 ਗਜ਼ ਦੇ ਅੰਦਰ ਅੰਦਰ ਜਿੱਥੇ ਕੋਈ ਰਿਲੀਜੀਅਸ ਪਲੇਸ, ਸਕੂਲ, ਕਾਲਜ ਜਾਂ ਧਾਰਮਿਕ ਅਦਾਰਾ ਹੋਵੇ, ਉਥੇ ਠੇਕਾ ਨਹੀਂ ਖੋਲ੍ਹਿਆ ਜਾ ਸਕਦਾ । ਮੈਂ ਇਹ ਵੀ ਐਸ਼ਿਓਰੈਂਸ ਦਿਵਾਉਂਦਾ ਹਾਂ ਕਿ ਆਉਣ ਵਾਲੇ ਸਾਲ ਵਿੱਚ ਅਸੀਂ ਕਿਸੇ ਨੂੰ ਇਜਾਜ਼ਤ ਨਹੀਂ ਦੇਵਾਂਗੇ ਕਿ ਨਾਰਮਜ਼ ਦੀ ਵਾਇਉਲੇਸ਼ਨ ਹੋਵੇ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਮਾਨਯੋਗ ਸਪੀਕਰ ਸਾਹਿਬ, ਪਿਛਲੇ ਸਾਲ ਨਾਗੋਕੇ ਮੋੜ ਪਿੰਡ ਵਿੱਚ ਘਰਾਂ ਕੋਲ ਅਨ-ਅਥੋਰਾਇਜ਼ਡ ਠੇਕਾ ਖੋਲ੍ਹਿਆ ਗਿਆ ਅੰਦਰ ਉਸ ਦੀ ਆਕਸ਼ਨ ਵੀ ਨਹੀਂ ਹੋਈ । ਅੰਤਕੀਂ ਇਹ ਠੇਕਾ ਫਿਰ ਖੋਲ੍ਹਿਆ ਗਿਆ ਹੈ....

ਸ਼੍ਰੀ ਸਪੀਕਰ : ਇਹ ਤਾਂ ਨਹੀਂ ਹੋ ਸਕਦਾ । ਅਨ-ਐਥੋਰਾਈਜ਼ਡ ਕਿਵੇਂ ਖੁਲ੍ਹ ਸਕਦਾ ਹੈ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਸਪੀਕਰ ਸਾਹਿਬ, ਇਹ ਠੇਕਾ ਪਿਛਲੇ ਸਾਲ ਵੀ ਖੋਲ੍ਹਿਆ ਗਿਆ ਸੀ ਅੰਦਰ ਹੁਣ ਫਿਰ ਖੋਲ੍ਹਿਆ ਗਿਆ ਹੈ, ਜਦ ਕਿ ਬੋਲੀ ਕਿਸੀ ਹੋਰ ਸਥਾਨ ਦੀ ਹੋਈ ਹੈ ।

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਮੇਰੇ ਨੋਟਿਸ ਵਿੱਚ ਲਿਆ ਦਿੱਤਾ ਹੈ । ਮੈਂ ਇਨਕੁਆਇਰੀ ਕਰਵਾ ਲਵਾਂਗਾ ।

———

Original with;
Punjab Vidhan Sabha
Digitized by;
Panjab Digital Library

ਭਾਖੜਾ ਮੇਨ ਲਾਈਨ ਕੈਨਾਲ ਤੋਂ ਅਣਅਧਿਕਾਰਤ ਕੁਨੈਕਸ਼ਨ

*2513. **ਸ਼੍ਰੀ ਰਮੇਸ਼ ਦੱਤ ਸ਼ਰਮਾ** : ਕੀ ਸਹਿਕਾਰਤਾ ਅਤੇ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਭਾਖੜਾ ਮੇਨ ਲਾਈਨ ਕੈਨਾਲ ਦੇ ਨਾਲ ਦੇ ਦੋਵੇਂ ਪਾਸਿਆਂ ਤੋਂ ਸਿੰਜਾਈ ਦੇ ਮੰਤਵ ਲਈ ਆਨੰਦਪੁਰ ਸਾਹਿਬ ਤੋਂ ਰੋਪੜ ਤੱਕ ਪਾਣੀ ਦੇ ਕੁੱਲ ਕਿੰਨੇ ਕੁਨੈਕਸ਼ਨ ਦਿੱਤੇ ਗਏ ਅਤੇ ਉਨ੍ਹਾਂ ਵਿਅਕਤੀਆਂ ਦੇ ਨਾਂ ਕੀ ਕੀ ਹਨ ਜਿਹੜੇ ਇਸ ਸਮੇਂ ਅਜਿਹੇ ਕੁਨੈਕਸ਼ਨਾਂ ਤੋਂ ਲਾਭ ਪ੍ਰਾਪਤ ਕਰ ਰਹੇ ਹਨ;

(ਅ) ਕੀ ਨਹਿਰ ਦੇ ਉਪਰੋਕਤ ਭਾਗ ਤੇ ਕਿਸੇ ਕਿਸਮ ਦੇ ਅਣ-ਅਧਿਕਾਰਤ ਕੁਨੈਕਸ਼ਨਾਂ ਦਾ ਪਤਾ ਲਗਾਇਆ ਗਿਆ ਹੈ; ਜੇਕਰ ਅਜਿਹਾ ਹੈ ਤਾਂ ਉਸ ਦੇ ਵੇਰਵੇ ਕੀ ਹਨ ਅਤੇ ਇਸ ਵਿਚ ਸ਼ਾਮਲ ਵਿਅਕਤੀਆਂ ਦੇ ਵਿਰੁੱਧ ਕੀ ਕਾਰਵਾਈ ਕੀਤੀ ਗਈ/ਕੀਤੇ ਜਾਣ ਦੀ ਤਜਵੀਜ਼ ਹੈ ?

ਸ਼੍ਰੀ ਸੱਜਨ ਕੁਮਾਰ ਜਾਖੜ : (ੳ) 32 ਲਾਭ ਪਾਤਰਾਂ ਦੀ ਗਿਣਤੀ ਅਤੇ ਨਾਮ ਦੇਣ ਵਾਲੀਆਂ ਦੋ ਸਾਰਣੀਆਂ* ਸਦਨ ਦੇ ਮੇਜ਼ ਉਤੇ ਰੱਖੀਆਂ ਜਾਂਦੀਆਂ ਹਨ ।

(ਅ) ਨਹੀਂ ਜੀ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਨਹਿਰ ਦੇ ਈਸਟ ਪਾਸੇ ਭਾਵ ਚੜ੍ਹਦੇ ਪਾਸੇ ਕਿੰਨੇ ਕੁਨੈਕਸ਼ਨ ਹਨ ਅਤੇ ਵੈਸਟ ਸਾਈਡ ਭਾਵ ਲਹਿੰਦੇ ਪਾਸੇ ਕਿੰਨੇ ਕੁਨੈਕਸ਼ਨ ਹਨ ?

ਮੰਤਰੀ : ਸਪੀਕਰ ਸਾਹਿਬ ਟੇਬਲ ਤੇ ਜੋ ਸੂਚਨਾ ਰੱਖੀ ਗਈ ਹੈ, ਉਸ ਅਨੁਸਾਰ ਕੁਨੈਕਸ਼ਨ ਦਿੱਤੇ ਗਏ ਹਨ । ਬਾਕੀ ਮੈਂ ਪੁੱਛ ਕੇ ਦੱਸ ਸਕਦਾ ਹਾਂ । ਇਸ ਵਕਤ ਤਾਂ ਮੈਨੂੰ ਪਤਾ ਨਹੀਂ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਸਪੀਕਰ ਸਾਹਿਬ, ਕੀ ਮੇਰਾ ਇਹ ਪ੍ਰਸ਼ਨ ਪੈਂਡਿੰਗ ਹੋ ਗਿਆ ?

ਸ਼੍ਰੀ ਸਪੀਕਰ : ਪੈਂਡਿੰਗ ਕਿਸ ਤਰ੍ਹਾਂ ਹੋ ਗਿਆ ਹੈ । ਲਿਸਟ ਤਾਂ ਇਨ੍ਹਾਂ ਨੇ ਦੇ ਦਿੱਤੀ ਹੈ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਸਪੀਕਰ ਸਾਹਿਬ, ਮੇਰਾ ਸਵਾਲ ਸੀ ਕਿ ਨਹਿਰ ਦੇ ਈਸਟ ਅੰਰ ਵੈਸਟ ਸਾਈਡ ਕਿੰਨੇ ਕਿੰਨੇ ਕੁਨੈਕਸ਼ਨ ਦਿੱਤੇ ਗਏ ਹਨ ?

---

*Placed in the Library.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਨ੍ਹਾਂ ਨੇ ਬੋਥ ਸਾਈਡਾਂ ਬਾਰੇ ਦੱਸ ਦਿੱਤਾ ਹੈ । ਤੁਸੀਂ ਆਪ ਅਲੱਗ ਕਰ ਲਓ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਸਪੀਕਰ ਸਾਹਿਬ, ਈਸਟ ਵਾਲੇ ਪਾਸੇ ਕਿੰਨੇ ਕੁਨੈਕਸ਼ਨ ਦਿੱਤੇ ਗਏ ਹਨ ?

ਸ਼੍ਰੀ ਸਪੀਕਰ : ਜੇ ਤੁਸੀਂ ਕਿਸੇ ਪਾਰਟੀਕੁਲਰ ਦਾ ਪੁੱਛਣਾ ਚਾਹੁੰਦੇ ਹੋ ਤਾਂ ਉਹ ਪਤਾ ਕਰਕੇ ਦੱਸ ਸਕਦੇ ਹਨ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਫਿਰ ਇਹ ਪਤਾ ਕਰਕੇ ਦੱਸ ਦੇਣ ।

ਮੰਤਰੀ : ਸਪੀਕਰ ਸਾਹਿਬ, ਮੈਂ ਐਮ. ਐਲ. ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਲਿਸਟ ਇਨ੍ਹਾਂ ਨੂੰ ਦਿੱਤੀ ਹੈ, ਉਸ ਵਿਚ ਸਾਰੇ ਦਿੱਤੇ ਹੋਏ ਹਨ । ਰਾਈਟ ਵਾਲੇ ਪਾਸੇ ਈਸਟ ਮੰਨ ਲਓ ਅਤੇ ਲੈਫਟ ਵਾਲੇ ਪਾਸੇ ਵੈਸਟ ਮੰਨ ਲਓ । (ਹਾਸਾ)

ਤਹਿਸੀਲ ਬਟਾਲਾ ਵਿਚ ਸਕੂਲ ਇਮਾਰਤਾਂ ਦੀ ਗਿਣਤੀ

*2681. **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ** : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਵਿਚ ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਅਜਿਹੀਆਂ ਇਮਾਰਤਾਂ ਦੀ ਗਿਣਤੀ ਕਿੰਨੀ ਹੈ ਜਿਹੜੀਆਂ ਸਾਲ 1994 ਦੇ ਦੌਰਾਨ ਢਹਿ ਗਈਆਂ ਸਨ ਅਤੇ ਉਕਤ ਇਮਾਰਤਾਂ ਕਿਹੜੇ ਕਿਹੜੇ ਸਾਲਾਂ ਵਿਚ ਬਣਾਈਆਂ ਗਈਆਂ ਸਨ;

(ਅ) ਉਕਤ ਇਮਾਰਤਾਂ ਦੀ ਉਸਾਰੀ ਤੇ ਕੁੱਲ ਕਿੰਨਾ ਖਰਚ ਕੀਤਾ ਗਿਆ;

(ੲ) ਕੀ ਸਰਕਾਰ ਦੁਆਰਾ ਉਕਤ ਇਮਾਰਤਾਂ ਦੇ ਢਹਿਣ ਦੇ ਕਾਰਣਾਂ ਬਾਰੇ ਕੋਈ ਪੜਤਾਲ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ ?

ਸਰਦਾਰ ਲਖਮੀਰ ਸਿੰਘ ਰੰਧਾਵਾ : (ੳ) ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਬਟਾਲਾ ਵਿੱਚ ਸਾਲ 1994 ਦੌਰਾਨ ਕਿਸੇ ਵੀ ਸਕੂਲ ਦੀ ਇਮਾਰਤ ਨਹੀਂ ਡਿੱਗੀ । ਕੇਵਲ ਸਰਕਾਰੀ ਹਾਈ ਸਕੂਲ, ਮਾੜੀ ਬੁੱਚੀਆਂ ਦੀ ਸਾਇੰਸ ਲੈਬ ਦੀ ਛੱਤ ਉਸਾਰੀ ਦੌਰਾਨ ਹੀ ਡਿੱਗ ਪਈ ਸੀ ।

(ਅ) ਇਸ ਸਾਇੰਸ ਲੈਬ. ਦੀ ਉਸਾਰੀ ਲਈ 1.20 ਲੱਖ ਰੁਪਏ ਪ੍ਰਵਾਨ ਕੀਤੇ ਗਏ ਸਨ ।

(ੲ) ਮਾਮਲਾ ਲੋਕ ਨਿਰਮਾਣ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ, ਉਨ੍ਹਾਂ ਵੱਲੋਂ ਸਬੰਧਤ ਜੂਨੀਅਰ ਇੰਜੀਨੀਅਰਜ਼ ਨੂੰ ਮੁਅੱਤਲ ਕਰ ਦਿੱਤਾ ਹੈ । ਮਾਮਲਾ ਲੋਕ ਨਿਰਮਾਣ ਵਿਭਾਗ ਦੇ ਵਿਚਾਰ ਅਧੀਨ ਹੈ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਇਸ ਗੱਲ ਦੀ ਬੇਨਤੀ ਕਰਨੀ ਚਾਹਾਂਗਾ ਅਤੇ ਤੁਹਾਨੂੰ ਵੀ ਬੇਨਤੀ ਕਰਨੀ ਚਾਹਾਂਗਾ ਕਿ ਸਵਾਲ ਮਹਿਕਮਾ ਪੀ. ਡਬਲਿਯੂ. ਡੀ. ਨਾਲ ਸਬੰਧਤ ਸੀ, ਜਿਹੜੀ ਗੱਲ ਇਨ੍ਹਾਂ ਨੇ ਹੁਣ ਕੀਤੀ ਹੈ । ਇਹ ਕੇਸ ਮਾਝੀ ਬੁੱਚੀਆਂ ਦਾ ਹੈ ਜਿਹੜਾ ਹਰਗੋਬਿੰਦ ਪੁਰ ਦੇ ਹਲਕੇ ਵਿੱਚ ਹੈ ਅਤੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਹੈ । ਇਹ ਕੇਸ ਗਰੀਵੈਂਸਿਜ਼ ਕਮੇਟੀ ਵਿੱਚ ਆਇਆ ਸੀ ਕਿ ਬਿਲਡਿੰਗ ਬਣੀ ਸੀ ਅਤੇ ਸਾਇੰਸ ਲੈਬਾਰਟਰੀ ਵਿੱਚ ਕਲਾਸਾਂ ਲਗਦੀਆਂ ਸਨ । ਉਸ ਦਿਨ ਛੁੱਟੀ ਸੀ ਨਹੀਂ ਤਾਂ 30-40 ਬੱਚੇ ਮਰ ਜਾਣੇ ਸੀ । ਗਰੀਵੈਂਸਿਜ਼ ਕਮੇਟੀ ਵਿੱਚ ਇਨਕੁਆਇਰੀ ਹੋਈ, ਡਿਸਟ੍ਰਿਕਟ ਮੈਜਿਸਟ੍ਰੇਟ ਨੇ ਇਨਕੁਆਇਰੀ ਕੀਤੀ, ਇਨਕੁਆਇਰੀ ਕਰਨ ਤੋਂ ਬਾਅਦ ਉਨ੍ਹਾਂ ਦੀ ਰਿਪੋਰਟ ਦੀ ਬਿਨਾਅ ਤੇ ਜੂਨੀਅਰ ਇੰਜਨੀਅਰ ਨੂੰ ਮੁਅੱਤਲ ਕੀਤਾ । ਵੱਡੇ ਅਫ਼ਸਰਾਂ ਨੂੰ ਬਚਾਅ ਲਿਆ ਗਿਆ । ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਕੀ ਉਹ ਡਿਸਟ੍ਰਿਕਟ ਮੈਜਿਸਟ੍ਰੇਟ ਦੀ ਇਨਕੁਆਇਰੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ ਤਾਂ ਕਿ ਪਤਾ ਲੱਗ ਸਕੇ ਕਿ ਕੀ ਬਿਲਡਿੰਗ ਹੈਂਡਓਵਰ ਕੀਤੀ ਸੀ ਜਾਂ ਬਿਲਡਿੰਗ ਅੰਡਰ ਕੰਸਟ੍ਰਕਸ਼ਨ ਸੀ ਉਥੇ ਕਲਾਸਾਂ ਲਗਦੀਆਂ ਸਨ ਕਿ ਨਹੀਂ ?

ਮੰਤਰੀ : ਸਪੀਕਰ ਸਾਹਿਬ, ਰਿਪੋਰਟ ਅਨੁਸਾਰ ਬਿਲਡਿੰਗ ਐਜੂਕੇਸ਼ਨ ਮਹਿਕਮੇ ਨੂੰ ਹੈਂਡਓਵਰ ਨਹੀਂ ਸੀ ਕੀਤੀ ਗਈ । ਬਿਲਡਿੰਗ ਅਜੇ ਪੂਰੀ ਨਹੀਂ ਸੀ ਹੋਈ, ਛੱਤ ਪਈ ਸੀ ਲੇਕਿਨ ਬਿਜਲੀ ਦਾ ਕੰਮ ਅੰਦਰ ਕੁਝ ਹੋਰ ਕੰਮ ਰਹਿੰਦੇ ਸਨ । ਰਿਪੋਰਟ ਅਨੁਸਾਰ ਬਿਜਲੀ ਮਹਿਕਮੇ ਨੇ ਕੁਝ ਭੰਨਤੋੜ ਕੀਤੀ, ਜਿਸ ਵਿੱਚ ਉਨ੍ਹਾਂ ਕੋਲੋਂ ਕੋਈ ਪਿੱਲਰ ਟੁੱਟ ਗਿਆ । ਪਿੱਲਰ ਡਿੱਗਣ ਨਾਲ ਛੱਤ ਗਿਰ ਗਈ । ਉਥੇ ਕੰਮ ਅਜੇ ਚਲਦਾ ਸੀ, ਅਨ-ਕੰਪਲੀਟ ਵਰਕ ਸੀ, ਜਿਸ ਦੌਰਾਨ ਇਹ ਕਾਰਵਾਈ ਹੋਈ । ਰਿਪੋਰਟ ਅਨੁਸਾਰ ਇਨਕੁਆਇਰੀ ਇੱਕ ਸਾਈਡ ਤੇ ਐਸ. ਡੀ. ਐਮ. ਨੇ ਕੀਤੀ, ਇੱਕ ਸਾਈਡ ਤੇ ਐਸ. ਸੀ., ਪੀ. ਡਬਲਿਯੂ. ਡੀ. (ਬੀ. ਐਂਡ ਆਰ.) ਨੇ ਕੀਤੀ ਅਤੇ ਤੀਸਰੀ ਸਾਈਡ ਤੇ ਕੁਆਲਿਟੀ ਕੰਟਰੋਲ ਦੇ ਡਾਇਰੈਕਟਰ ਨੇ ਕੀਤੀ । ਇਨ੍ਹਾਂ ਸਾਰੀਆਂ ਕਾਰਵਾਈਆਂ ਦੀ ਰਿਪੋਰਟ ਇਹ ਹੈ ਕਿ ਮਹਿਕਮੇ ਦੇ ਵਿੰਗਜ਼ ਬਿਜ਼ਲੀ ਵਾਲੇ ਅਤੇ ਸਿਵਲ ਵਰਕ ਵਾਲਿਆਂ ਵਿੱਚ ਕੁਆਰਡੀਨੇਸ਼ਨ ਠੀਕ ਨਹੀਂ ਸੀ ਅੰਦਰ ਉਸ ਕਰਕੇ ਜ਼ਿਆਦਾ ਨੁਕਸਾਨ ਹੋਇਆ ਹੈ । ਐਸ.ਡੀ.ਓ. ਸਿਵਲ ਅਤੇ ਐਸ. ਡੀ. ਓ. ਬਿਜਲੀ ਵਾਲੇ ਦੇ ਖਿਲਾਫ਼ ਚਾਰਜਸ਼ੀਟ ਦਿੱਤੀ ਜਾ ਰਹੀ ਹੈ । ਉਹ ਵੀ ਰਿਪੋਰਟ ਵਿੱਚ ਇਸ ਕਰਕੇ ਦੋਸ਼ੀ ਪਾਏ ਗਏ ਹਨ ਕਿ ਉਨ੍ਹਾਂ ਨੇ ਤਾਲਮੇਲ ਨਹੀਂ ਕੀਤਾ ਅੰਦਰ ਚਾਰ ਅਧਿਕਾਰੀਆਂ, 2 ਜੂਨੀਅਰ ਇੰਜਨੀਅਰ, 2 ਐਸ. ਡੀ. ਓ., ਚਾਰਾਂ ਦੇ ਖਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ ਅੰਦਰ ਉਹ ਕਾਰਵਾਈ ਇਨ੍ਹਾਂ ਰਿਪੋਰਟਾਂ ਦੇ ਬਿਨਾਅ ਤੇ ਕੀਤੀ ਜਾ ਰਹੀ ਹੈ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਕੋਲੋਂ ਇਸ ਗੱਲ ਦੀ ਜਾਣਕਾਰੀ ਚਾਹਾਂਗਾ ਕਿ ਇੱਕ ਪਾਸੇ ਤੇ ਮੰਤਰੀ ਜੀ ਕਹਿੰਦੇ ਹਨ ਕਿ ਉਹ ਬਿਲਡਿੰਗ ਬਣੀ ਹੀ ਨਹੀਂ ਤੇ ਬਿਲਡਿੰਗ ਕੰਸਟ੍ਰਕਸ਼ਨ ਵਿੱਚ ਡਿਗ ਪਈ । ਦੂਸਰੇ ਪਾਸੇ ਕਹਿੰਦੇ ਹਨ ਕਿ ਬਿਲਡਿੰਗ ਬਣੀ ਹੋਈ ਸੀ ਤੇ ਇਲੈਕਟ੍ਰੀਸ਼ਨ ਦਾ ਕੰਮ ਰਹਿੰਦਾ ਸੀ ਤੇ ਸਮਾਨ ਲਗਾਉਣ ਦੌਰਾਨ ਉਨ੍ਹਾਂ ਨੇ ਪਿੱਲਰ ਦੇ ਹਥੌੜਾ ਮਾਰਿਆ ਤੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਗੁਰਨਾਮ ਸਿੰਘ ਧੀਰੋਵਾਲ]

ਛੱਤ ਡਿੱਗ ਪਈ ਪਰ ਇੱਕ ਪਾਸੇ ਕਹਿੰਦੇ ਹਨ ਕਿ ਬਿਲਡਿੰਗ ਬਣੀ ਨਹੀਂ ਸੀ । ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਬਿਲਡਿੰਗ ਬਣੀ ਸੀ ਅਤੇ ਕੀ ਕਲਾਸਾਂ ਲਗਦੀਆਂ ਸਨ ? ਜੇਕਰ ਦਰਵਾਜ਼ੇ ਲੱਗਣ ਵਾਲੇ ਰਹਿੰਦੇ ਸਨ ਤਾਂ ਇਸ ਦਾ ਮਤਲਬ ਹੈ ਕਿ ਬਿਲਡਿੰਗ ਅਜੇ ਹੈਂਡਓਵਰ ਨਹੀਂ ਹੋਈ ਸੀ ਲੇਕਿਨ ਕਸਟ੍ਰਕਸ਼ਨ ਹੋ ਚੁੱਕੀ ਸੀ । ਤਦ ਹੀ ਤੇ ਡੀ. ਸੀ. ਦੀ ਰਿਪੋਰਟ ਦੀ ਬਿਨਾਅ ਤੇ ਇੱਕ ਜੂਨੀਅਰ ਇੰਜੀਨੀਅਰ ਨੂੰ ਮੁਅੱਤਲ ਕੀਤਾ ਅੌਰ ਸੱਤ-ਸੱਤ ਮਹੀਨੇ ਹੋ ਗਏ ਹਾਲੇ ਤੱਕ ਕਿਸੇ ਅੌਕਸੀਅਨ ਅੈਸ. ਈ. ਨੂੰ ਮੁਅੱਤਲ ਨਹੀਂ ਕੀਤਾ ਗਿਆ....

ਸ਼੍ਰੀ ਸਪੀਕਰ : ਤੁਸੀਂ ਸਵਾਲ ਪੁੱਛੋ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਅੱਗੇ ਕਾਰਵਾਈ ਨਾ ਹੋਣ ਦਾ ਅਰਥ ਕਿ ਪੈਸਾ ਚੰਡੀਗੜ੍ਹ ਤੱਕ ਨਹੀਂ ਪੁੱਜਾ ? ਮੇਰਾ ਮਤਲਬ ਹੈ ਕਿ ਬਿਲਡਿੰਗ ਬਣੀ ਸੀ ਕਿ ਨਹੀਂ, ਕਲਾਸਾਂ ਲਗਦੀਆਂ ਸਨ ਕਿ ਨਹੀਂ ਇਹ ਚੈੱਸਣ ਅਤੇ ਏ. ਡੀ. ਸੀ. ਦੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣ । ਇਥੇ ਕਿਹਾ ਗਿਆ ਕਿ ਪਿੱਲਰ ਡਿੱਗਣ ਨਾਲ ਬਿਲਡਿੰਗ ਡਿੱਗ ਪਈ....

ਸ਼੍ਰੀ ਸਪੀਕਰ : ਤੁਸੀਂ ਰਿਪੀਟ ਕਰ ਰਹੇ ਹੋ । ਮੰਤਰੀ ਜੀ ਇਹ ਰਿਪੋਰਟ ਦੀ ਕਾਪੀ ਲਈ ਪੁੱਛਦੇ ਹਨ ।

ਮੰਤਰੀ : ਰਿਪੋਰਟ ਦੀ ਕਾਪੀ ਜੋ ਅੈਸ. ਈ. ਅੌਰ ਕੁਆਲਟੀ ਕੰਟਰੋਲ ਦੀ ਹੈ, ਉਹ ਇਸ ਵੇਲੇ ਮੇਰੇ ਕੋਲ ਹੈ । ਅੈਸ. ਡੀ. ਅੈਮ. ਦੀ ਨਹੀਂ । ਇਹ ਦੋ ਰਖੀਆਂ ਜਾ ਸਕਦੀਆਂ ਹਨ, ਤੀਸਰੀ ਜੇ ਇਨ੍ਹਾਂ ਨੂੰ ਚਾਹੀਦੀ ਹੈ ਤਾਂ ਇਨ੍ਹਾਂ ਨੂੰ ਅਸੀਂ ਦੇ ਦੇਵਾਂਗੇ ।

ਨਿਸ਼ਾਨਵਾਲਾ ਪ੍ਰਸ਼ਨ ਨੰਬਰ 2680*

ਸ਼੍ਰੀ ਸਪੀਕਰ : ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2680 ਦੀ ਅੈਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿਤੀ ਹੈ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2636

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ)

---

*For Sturred Question No. 2680 and reply there to, please see Appcudese to this Debate.

Original with;
Punjab Vidhan Sabha
Digitized by;
Panjab Digital Library

ਕੀੜੇਮਾਰ ਦਵਾਈਆਂ ਦੇ ਮੰਦੇ ਅਸਰ ਨੂੰ ਰੋਕਣਾ

*2345. **ਕਾਮਰੇਡ ਤਰਸੇਮ ਜੋਧਾਂ**: ਕੀ ਖੇਤੀਬਾੜੀ ਅਤੇ ਵਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਖੇਤਾਂ ਵਿੱਚ ਕੀੜੇਮਾਰ ਅਤੇ ਨਦੀਨ ਨਾਸ਼ਕ ਦਵਾਈਆਂ ਦੇ ਛਿੜਕਾਅ ਕਾਰਨ ਲੋਕਾਂ ਦੀ ਸਿਹਤ ਤੇ ਹੋ ਰਹੇ ਮੰਦੇ ਅਸਰ ਨੂੰ ਰੋਕਣ ਲਈ ਕੋਈ ਉਪਾਅ ਕਰ ਰਹੀ ਹੈ; ਜੇਕਰ ਅਜਿਹਾ ਹੈ ਤਾਂ ਇਨ੍ਹਾਂ ਦੇ ਵੇਰਵੇ ਕੀ ਹਨ ?

ਸਰਦਾਰ ਦਿਲਬਾਗ ਸਿੰਘ ਨਢਾਂ ਸ਼ਹਿਰ : ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸਟੇਟਮੈਂਟ

ਰਾਜ ਸਰਕਾਰ ਵਲੋਂ ਕੀੜੇਮਾਰ ਦਵਾਈਆਂ ਅਤੇ ਨਦੀਨ-ਨਾਸ਼ਕ ਦਵਾਈਆਂ ਦੀ ਖੇਤੀਬਾੜੀ ਵਿੱਚ ਵਰਤੋਂ ਕਾਰਨ ਹੋਣ ਵਾਲੇ ਮੰਦੇ ਅਸਰ ਨੂੰ ਰੋਕਣ ਲਈ ਹੇਠ ਲਿਖੇ ਉਪਾਅ ਕੀਤੇ ਜਾ ਰਹੇ ਹਨ :—

1. ਕੀੜੇਮਾਰ ਦਵਾਈਆਂ ਅਤੇ ਨਦੀਨ-ਨਾਸ਼ਕ ਦਵਾਈਆਂ ਦੀ ਵਧੇਰੇ ਵਰਤੋਂ ਨੂੰ ਰੋਕਣ ਲਈ ਇੰਟੀਗਰੇਟਡ ਪੈਸਟ ਮੈਨਜਮੈਂਟ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਜਿਸ ਰਾਹੀਂ ਹੋਰਨਾਂ ਗੱਲਾਂ ਦੇ ਨਾਲ ਨਾਲ, ਚੰਗੀ ਆਰਥਿਕ ਖੇਤੀ ਅਤੇ ਕੀੜੇ-ਮਕੌੜਿਆਂ ਦੀ ਰੋਕਥਾਮ ਲਈ ਬਾਇਉਲੋਜੀਕਲ ਸਾਧਨਾ ਦੀ ਵਰਤੋਂ ਤੇ ਜੋਰ ਦਿੱਤਾ ਜਾਂਦਾ ਹੈ ।

2. ਕੀੜੇਮਾਰ ਦਵਾਈਆਂ ਆਦਿ ਦਾ ਫਸਲਾਂ ਉਤੇ ਉਚਿਤ ਛਿੜਕਾਅ ਕਰਨ ਸਬੰਧੀ ਕਿਸਾਨਾਂ ਨੂੰ ਸਿਖਲਾਈ ਦਿੱਤੀ ਗਈ ਹੈ ।

3. ਬਹੁਤ ਸਾਰੀਆਂ ਹਾਨੀਕਾਰਕ ਸਮਝੀਆਂ ਜਾਣ ਵਾਲੀਆਂ ਕੀੜੇ-ਮਾਰ ਦਵਾਈਆਂ ਤੇ ਰੋਕ ਲਗਾ ਦਿੱਤੀ ਗਈ ਹੈ ।

ਕਾਮਰੇਡ ਤਰਸੇਮ ਜੋਧਾਂ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਖੇਤੀਬਾੜੀ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਖੇਤਾਂ ਵਿੱਚ ਕੀੜੇਮਾਰ ਅਤੇ ਨਦੀਨ ਨਾਸ਼ਕ ਦਵਾਈਆਂ ਦੇ ਛਿੜਕਾਅ ਨਾਲ ਜਿਹੜਾ ਲੋਕਾਂ ਦੀ ਸਿਹਤ ਤੇ ਮਾੜਾ ਅਸਰ ਪੈ ਰਿਹਾ ਹੈ ਅੱਤੇ ਇਹ ਦਵਾਈਆਂ ਦਾ ਜਦੋਂ ਛਿੜਕਾ ਕੀਤਾ ਜਾਂਦਾ ਹੈ ਉਸ ਤੋਂ ਬਾਅਦ ਫਲ ਅੱਤੇ ਸਬਜ਼ੀਆਂ ਮੰਡੀ ਵਿੱਚ ਆ ਜਾਂਦੀਆਂ ਹਨ ਅਤੇ ਉਹ ਚੀਜ਼ਾਂ ਖਾਣ ਨਾਲ ਲੋਕਾਂ ਦੀ ਸਿਹਤ ਤੇ ਬਹੁਤ ਮਾੜਾ ਅਸਰ ਪੈ ਰਿਹਾ ਹੈ, ਕੀ ਇਸ ਦੇ ਲਈ ਕੋਈ ਉਪਾਅ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਇਸ ਨੂੰ ਰੋਕਿਆ ਜਾ ਸਕਦਾ ਹੈ ? ਕੀ ਖੇਤੀਬਾੜੀ ਮੰਤਰੀ ਜੀ ਇਸ ਦਾ ਕੋਈ ਜਵਾਬ ਦੇਣ ਦੀ ਖੇਚਲ ਕਰਨਗੇ ?

ਸ੍ਰੀ ਸਪੀਕਰ : ਮਨਿਸਟਰ ਸਾਹਿਬ ਨੇ ਤਾਂ ਬੜਾ ਸਾਫ਼ ਜਵਾਬ ਦਿੱਤਾ ਹੈ ਕਿ ਜਿਹੜੀਆਂ ਦਵਾਈਆਂ ਅੱਛੀਆਂ ਨਹੀਂ ਕੁਝ ਤੇ ਬੈਨ ਲਗਾ ਹੋਇਆ ਹੈ ਅੱਤੇ ਦੂਸਰਾ ਕਿਸਾਨਾਂ ਨੂੰ ਹਦਾਇਤਾਂ ਵੀ ਦਿੱਤੀਆਂ ਹਨ, ਗਾਈਡ ਲਾਈਨਜ਼ ਵੀ ਦਿੱਤੀਆਂ ਜਾਂਦੀਆਂ ਹਨ ।

Original with;
Punjab Vidhan Sabha
Digitized by;
Punjab Digital Library

ਕਾਮਰੇਡ ਤਰਸੇਮ ਜੋਧਾਂ : ਮੇਰਾ ਸਪਲੀਮੈਂਟਰੀ ਇਹ ਹੈ . . .

ਸ਼੍ਰੀ ਸਪੀਕਰ : ਤੁਹਾਡਾ ਮਤਲਬ ਹੈ ਕਿ ਇਹ ਸਬਜ਼ੀਆਂ ਨੂੰ ਧੋ ਕੇ ਦਿਆ ਕਰਨ ।

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਉਨ੍ਹਾਂ ਦਵਾਈਆਂ ਦੇ ਛਿੜਕਾ ਤੋਂ ਬਾਅਦ ਛੇਤੀ ਹੀ ਫਲ ਅੰਰ ਸਬਜ਼ੀਆਂ ਮੰਡੀਆਂ ਵਿੱਚ ਆ ਜਾਂਦੀਆਂ ਹਨ ਜਿਸ ਦੇ ਖਾਣ ਨਾਲ ਲੋਕਾਂ ਨੂੰ ਕੈਂਸਰ, ਦਮਾ ਅਤੇ ਸਕਿਨ ਰੋਗ ਮਾਹਿਰ ਦਸ ਰਹੇ ਹਨ, ਹੋ ਜਾਂਦੇ ਹਨ । ਇਹ ਚਿੰਤਾ ਦਾ ਵਿਸ਼ਾ ਹੈ । ਕੀ ਮੰਤਰੀ ਜੀ ਇਸ ਦੇ ਬਾਰੇ ਜਵਾਬ ਦੇਣਗੇ ?

ਸ਼੍ਰੀ ਸਪੀਕਰ : ਉਨ੍ਹਾਂ ਨੇ ਸਾਰਾ ਜਵਾਬ ਦੇ ਦਿੱਤਾ ਹੈ, ਤੁਸੀਂ ਸ਼ਾਇਦ ਪੜ੍ਹਿਆ ਨਹੀਂ । ਮੰਤਰੀ ਜੀ ਫਿਰ ਵੀ ਤੁਸੀਂ ਪੜ੍ਹ ਦਿਓ ।

ਮੰਤਰੀ : ਸਪੀਕਰ ਸਾਹਿਬ, ਜਵਾਬ ਤਾਂ ਪਹਿਲਾਂ ਹੀ ਦੇ ਦਿੱਤਾ ਹੈ ਜਿਸ ਤਰ੍ਹਾਂ ਤੁਸੀਂ ਕਿਹਾ ਹੈ । ਵੈਸੇ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਹਰ ਬਲਾਕ ਵਿੱਚ ਬਹੁਤ ਸਾਰੇ ਕਿਸਾਨ ਇਕੱਠੇ ਕਰਕੇ ਇਸ ਗੱਲ ਦਾ ਪ੍ਰਚਾਰ ਕਰਦੇ ਹਾਂ ਅਤੇ ਸੁਰੱਖਿਅਤ ਢੰਗ ਨਾਲ ਛਿੜਕਾਅ ਕਰਨ ਸਬੰਧੀ ਕਿਸਾਨਾਂ ਨੂੰ ਦੱਸਦੇ ਹਾਂ ਕਿ ਕੀੜੇਮਾਰ ਦਵਾਈਆਂ ਨੂੰ ਭੋਜਨ ਜਾਂ ਦਵਾਈਆਂ ਲਾਗੇ ਕਦੇ ਵੀ ਭੰਡਾਰ ਨਾ ਕੀਤਾ ਜਾਵੇ ਖਤਰਨਾਕ ਕੀੜੇਮਾਰ ਦਵਾਈਆਂ ਦੀ ਵਰਤੋਂ ਕਰਦੇ ਸਮੇਂ ਸੁਰੱਖਿਆਕਾਰੀ ਕਪੜੇ ਅਤੇ ਯੰਤਰ ਜ਼ਰੂਰ ਵਰਤੇ ਜਾਣ, ਛਿੜਕਾਅ ਮਸ਼ੀਨ/ਡਸਟਰ ਨੂੰ ਕੀੜੇਮਾਰ ਦਵਾਈ ਨਾਲ ਭਰਨ ਤੋਂ ਬਾਅਦ ਅਤੇ ਭੋਜਨ ਕਰਨ, ਪੀਣ ਜਾਂ ਸਿਗਰਟ ਪੀਣ ਅਤੇ ਦਿਨ ਭਰ ਦਾ ਕੰਮ ਕਰਨ ਤੋਂ ਬਾਅਦ ਹਰ ਵਾਰ ਹੱਥਾਂ ਨੂੰ ਚੰਗੀ ਤਰ੍ਹਾਂ ਸੋਡਾ ਅਤੇ ਪਾਣੀ ਨਾਲ ਧੋਇਆ ਕਰਨ । ਕਿਸੇ ਵੀ ਛਿੜਕਾਅ ਯੰਤਰ ਜਾਂ ਸਪਰਿੰਕਲਰ ਨੋਜ਼ਲ ਨੂੰ ਮੂੰਹ ਲਗਾ ਕੇ ਅੰਦਰ ਜਾਂ ਬਾਹਰ ਵਾਰ ਫੂਕ ਨਾ ਮਾਰਨ, ਕੀੜੇਮਾਰ ਦਵਾਈਆਂ ਦੇ ਖਾਲੀ ਡੱਬੇ ਆਦਿ ਕਿਸੇ ਵੀ ਕੰਮ ਲਈ ਨਾ ਵਰਤੇ ਜਾਣ ਅਤੇ ਉਨ੍ਹਾਂ ਵਿੱਚ ਛੇਦ ਕਰਕੇ ਜ਼ਮੀਨ ਹੇਠਾਂ ਦਬਾ ਕੇ ਨਸ਼ਟ ਕਰ ਦਿੱਤਾ ਜਾਵੇ, ਹਵਾ ਦੀ ਦਿਸ਼ਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਦਾ ਹਵਾ ਦੀ ਦਿਸ਼ਾ ਵਿੱਚ ਕੀੜੇ ਮਾਰ ਦਵਾਈਆਂ ਦਾ ਛਿੜਕਾਅ ਕੀਤਾ ਜਾਵੇ, ਮੂੰਹ ਲਈ ਗੈਸ-ਮਾਸਕ ਦੀ ਵਰਤੋਂ ਕੀਤੀ ਜਾਵੇ ਅਤੇ ਹੱਥਾਂ ਲਈ ਦਸਤਾਨਿਆਂ ਆਦਿ ਦੀ ਵਰਤੋਂ ਕੀਤੀ ਜਾਵੇ ।

ਮਹਿਲ ਕਲਾਂ ਅਤੇ ਸਹਿਣਾ ਬਲਾਕ ਵਿੱਚ ਸੜਕਾਂ ਦੀ ਮੁਰੰਮਤ

*2619. **ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਮਹਿਲ ਕਲਾਂ ਅਤੇ ਸਹਿਣਾ ਬਲਾਕ ਜ਼ਿਲ੍ਹਾ ਸੰਗਰੂਰ ਵਿਚ ਅਜਿਹੀਆਂ ਸੜਕਾਂ ਦੀ ਗਿਣਤੀ ਅਤੇ ਵੇਰਵੇ ਕੀ ਕੀ ਹਨ, ਜਿਨ੍ਹਾਂ ਦੀ ਸਾਲਾਂ 1992-93, 1993-94 ਅਤੇ 1994-95 ਦੇ ਦੌਰਾਨ ਮੁਰੰਮਤ ਕੀਤੀ ਗਈ ਸੀ;

Original with;
Punjab Vidhan Sabha
Digitized by;
Panjab Digital Library

(ਅ) ਉਕਤ ਸੜਕਾਂ ਦੀ ਇਕ ਪਿੰਡ ਤੋਂ ਦੂਜੇ ਪਿੰਡ ਤੱਕ ਲੰਬਾਈ (ਕਿਲੋਮੀਟਰਾਂ ਵਿਚ) ਕਿੰਨੀ ਹੈ ਅਤੇ ਅਜਿਹੀ ਹਰ ਇਕ ਸੜਕ ਦੀ ਮੁਰੰਮਤ ਤੇ ਕੁੱਲ ਕਿੰਨਾ ਖ਼ਰਚਾ ਕੀਤਾ ਗਿਆ ?

ਸਰਦਾਰਨੀ ਰਾਜਿੰਦਰ ਕੌਰ ਭੱਟਲ : (ੳ) ਬਲਾਕ ਮਹਿਲਕਲਾਂ ਮਾਰਕੀਟ ਕਮੇਟੀ ਮਹਿਲ ਕਲਾਂ ਅਤੇ ਬਲਾਕ ਸੈਹਣਾ ਭਦੌੜ ਮਾਰਕੀਟ ਦੀ ਹਦੂਦ ਵਿਚ ਪੈਂਦੇ ਹਨ । ਸਾਲ 1992-93 ਦੌਰਾਨ ਬਲਾਕ ਮਹਿਲ ਕਲਾਂ ਵਿਚ 9 ਸੜਕਾਂ ਦੀ ਮੁਰੰਮਤ ਕੀਤੀ ਗਈ ਸੀ ਜਿਨ੍ਹਾਂ ਦੀ ਕੁਲ ਲੰਬਾਈ 34.48 ਕਿਲੋ ਮੀਟਰ ਹੈ । ਸਾਲ 1993-94 ਵਿੱਚ 4 ਸੜਕਾਂ ਦੀ ਮੁਰੰਮਤ ਕੀਤੀ ਗਈ ਜਿਨ੍ਹਾਂ ਦੀ ਕੁਲ ਲੰਬਾਈ 13.38 ਕਿਲੋਮੀਟਰ ਹੈ ਜਦਕਿ ਸਾਲ 1994-95 (2/95 ਤੱਕ) 5 ਕਿਲੋਮੀਟਰ ਸੜਕਾਂ ਦੀ ਮੁਰੰਮਤ ਕੀਤੀ ਗਈ ।

ਇਸੇ ਤਰ੍ਹਾਂ ਬਲਾਕ ਸੈਹਣਾ ਵਿਚ 1992-93 ਵਿਚ 4 ਸੜਕਾਂ ਦੀ ਮੁਰੰਮਤ ਕੀਤੀ ਜਿਨ੍ਹਾਂ ਦੀ ਕੁਲ ਲੰਬਾਈ 21.58 ਕਿਲੋਮੀਟਰ ਹੈ । ਸਾਲ 1993-94 ਵਿਚ ਤਿੰਨ ਸੜਕਾਂ ਦੀ ਮੁਰੰਮਤ ਕੀਤੀ ਗਈ ਜਿਨ੍ਹਾਂ ਦੀ ਲੰਬਾਈ 3.77 ਕਿਲੋਮੀਟਰ ਹੈ ਅਤੇ 1994-95 (2/95 ਤੱਕ) 5 ਸੜਕਾਂ ਦੀ ਮੁਰੰਮਤ ਕੀਤੀ ਗਈ ਹੈ, ਜਿਨ੍ਹਾਂ ਦੀ ਕੁਲ ਲੰਬਾਈ 18.97 ਕਿਲੋਮੀਟਰ ਬਣਦੀ ਹੈ ।

(ਅ) ਉਪਰੋਕਤ ਅਨੁਸਾਰ ਦੱਸੀਆਂ ਸੜਕਾਂ ਦੀ ਇਕ ਪਿੰਡ ਤੋਂ ਦੂਜੇ ਪਿੰਡ ਤਕ ਕਿਲੋਮੀਟਰਾਂ ਵਿਚ ਲੰਬਾਈ ਅਤੇ ਮੁਰੰਮਤ ਤੇ ਕੁਲ ਖਰਚ ਕੀਤੀ ਰਕਮ ਦਾ ਵੇਰਵਾ ਨਾਲ ਲਗਾਈ ਲਿਸਟ ਵਿਚ ਦਿੱਤਾ ਗਿਆ ਹੈ ।

ਸੂਚੀ

(ਬਲਾਕ ਮਹਿਲ ਕਲਾਂ)

ਲੜੀ ਨੰ :	ਸੜਕ ਦਾ ਨਾਂ	ਲੰਬਾਈ ਕਿ. ਮੀ.	ਖ਼ਰਚਾ ਲੱਖਾਂ ਵਿਚ
1	2	3	4
	ਸਾਲ 1992-93 ਦੌਰਾਨ ਰਿਪੇਅਰ ਕੀਤੀਆਂ ਸੜਕਾਂ		
1.	ਚੰਨਣਵਾਲ ਤੋਂ ਹਠੂਰ ..	0.38	0.45
2.	ਸੱਦੋਵਾਲ ਤੋਂ ਗਹਿਲ ਵਾ: ਛੀਨੀਵਾਲ ਖੁਰਦ ..	6.06	9.55
3.	ਰੋਸਖੇੜਾ ਤੋਂ ਮਹਿਲ ਕਲਾਂ ..	2.93	6.28
4.	ਚੌਹਾਣਕੇ ਕਲਾਂ ਤੋਂ ਚੋਹਾਣਕੇ ਖੁਰਦ ਤੋਂ		

Original with;
Punjab Vidhan Sabha
Digitized by;
Panjab Digital Library

[ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ]

1	2		3	4
	ਬਰਨਾਲਾ ਹਾਏਕੋਟ ਸੜਕ	..	3.53	3.88
5.	ਮੂਮ ਤੋਂ ਛੀਨੀਵਾਲ ਕਲਾਂ	..	3.59	5.07
6.	ਮੂਮ ਤੋਂ ਹਠੂਰ ਵਾ: ਛੀਨੀਵਾਲ ਖੁਰਦ	..	9.50	14.08
7.	ਸਹਿਜੜਾ ਤੋਂ ਛੀਨੀਵਾਲ ਕਲਾਂ	..	4.24	6.59
8.	ਬਰਨਾਲਾ ਹਾਏਕੋਟ ਰੋਡ ਤੋਂ ਗਗੋਹਰ	..	1.12	1.31
9.	ਮਨਾਲ ਤੋਂ ਕੁਹੜ	..	3.13	4.13
		..	34.48	51.34
ਸਾਲ 1993-94 ਦੌਰਾਨ ਰਿਪੇਅਰ ਕੀਤੀਆਂ ਸੜਕਾਂ				
1.	ਕਲਾਲਾਂ ਤੋਂ ਚਹਾਣਕੇ ਖੁਰਦ	..	2.93	5.02
2.	ਸਹਿਜੜਾ ਤੋਂ ਕਲਾਲਾਂ	..	3.38	8.47
3.	ਕੁਰੜੇ ਤੋਂ ਛਾਪਾ	..	3.14	10.19
4.	ਨਿਹਾਲੂਵਾਲਾ ਤੋ ਕੁਤਬਾ	..	3.93	5.88
		..	13.38	29.56
ਸਾਲ 1994-95 ਦੌਰਾਨ ਰਿਪੇਅਰ ਕੀਤੀਆਂ ਸੜਕਾਂ (2/95 ਤੱਕ)				
1.	ਮਹਿਲ ਕਲਾਂ ਤੋਂ ਦਸੌਂਦਾ ਸਿੰਘ ਵਾਲਾ ਵਾ. ਮਹਿਲ ਖੁਰਦ ਛਾਪਾ ਪੰਡੋਰੀ	..	5.00	5.00
	(ਬਲਾਕ ਸਹਿਣਾ)			
ਸਾਲ 1992-93 ਦੌਰਾਨ ਰਿਪੇਅਰ ਕੀਤੀਆਂ ਸੜਕਾਂ				
1.	ਜ/ਮ ਭਦੌੜ ਤੋਂ ਤਪਾ ਕਮੇਟੀ ਤੱਕ	..	8.41	7.32
2.	ਭਦੌੜ ਤੋਂ ਵਿਧਾਤੇ	..	5.40	5.98
3.	ਸਹਿਣਾ ਤੋਂ ਫੋਕਲ ਪੁਆਇੰਟ ਸਹਿਣਾ	..	2,77	6.39
4.	ਭਦੌੜ ਤੇ ਮੱਝੂਕੇ ਤੋਂ ਰਾਮਗੜ੍ਹ	..	5.00	5.53
			21.58	24.22

Original with;
Punjab Vidhan Sabha
Digitized by;
Panjab Digital Library

1	2	3	4
ਸਾਲ 1993-94 ਦੌਰਾਨ ਰਿਪੇਅਰ ਕੀਤੀਆਂ ਸੜਕਾਂ			
1.	ਪਿੰਡ ਰਾਮਗੜ੍ਹ ਦੀ ਫਿਰਨੀ	.. 1.72	6.87
2.	ਅਲਕੜਾ ਤੋਂ ਸੰਦੌਕੇ	.. 1.32	2.40
3.	ਬਰਨਾਲਾ ਮੋਗਾ ਸੜਕ ਤੋਂ ਮੱਲੀਆਂ	.. 0.73	3.64
		.. 3.77	12.91
ਸਾਲ 1994-95 (2/95 ਤੱਕ) ਦੌਰਾਨ ਰਿਪੇਅਰ ਕੀਤੀਆਂ ਸੜਕਾਂ			
1.	ਛੰਨਾ ਗੁਲਾਬ ਸਿੰਘ ਵਾਲਾ ਤੋਂ ਭਦੌੜ	.. 5.16	2.78
2.	ਚੁੰਘਾਂ ਤੋਂ ਵਿਧਾਤੇ	.. 3.70	2.54
3.	ਬਸਤੀ ਜ਼ੋਹਾ ਸਿੰਘ ਵਾਲਾ ਤੋਂ ਖੜਕ ਸਿੰਘ ਵਾਲਾ	.. 0.76	0.44
4.	ਸਹਿਣਾ ਤੋਂ ਈਸ਼ਰ ਸਿੰਘ ਵਾਲਾ	.. 5.35	2.95
5.	ਦੀਪਗੜ੍ਹ ਤੋਂ ਵਿਧਾਤੇ	.. 4.00	1.86
		.. 18.97	10.57

ਸਰਦਾਰ ਨਿਰਮਲ ਸਿੰਘ ਨਿੰਮਾ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ ਦੀ ਮੁਰੰਮਤ 1992 ਵਿੱਚ ਕੀਤੀ ਗਈ ਸੀ, ਸੱਦੋਵਾਲ ਤੋਂ ਛੀਨੀਵਾਲ ਖੁਰਦ ਅਤੇ ਮੂੰਕਣ ਤੋਂ ਡੀਨੀਵਾਲ ਖੁਰਦ ਇਨ੍ਹਾਂ ਦੀ ਮੁਰੰਮਤ ਕਰਨ ਦਾ ਕਿੰਨਾ ਸਮਾ ਰੱਖਿਆ ਜਾਂਦਾ ਹੈ ਕਿਉਂਕ ਸੜਕ ਦੀ ਹਾਲਤ ਬਹੁਤ ਮਾੜੀ ਹੈ। ਸਰਕਾਰ ਬਣਨ ਤੋਂ ਬਾਅਦ ਪਤਾ ਨਹੀ ਕੋਈ ਸੜਕ ਮੁਰੰਮਤ ਹੋਈ ਵੀ ਹੈ ਜਾਂ ਨਹੀ, ਜੇ ਹੋਈ ਹੈ ਤਾਂ ਫਿਰ ਦੋਬਾਰਾ ਟੁੱਟ ਗਈਆਂ ਹਨ। ਦੂਸਰਾ ਇਹ ਵੀ ਦੱਸਣ ਕਿ ਜਿਹੜੀ ਸੜਕ ਤੇ ਲੁੱਕ ਪਾਈ ਜਾਂਦੀ ਹੈ ਉਸ ਦੀ ਹੀਟ ਦੀ ਸਮਰਥਾ ਕਿੰਨੀ ਹੁੰਦੀ ਹੈ ?

ਮੰਤਰੀ: ਸਪੀਕਰ ਸਾਹਿਬ, ਜਿਥੋਂ ਤਕ ਮੁਰੰਮਤ ਦੇ ਪੀਰੀਅਡ ਦਾ ਸਵਾਲ ਹੈ, ਇਹ ਵੈਸੇ ਤਾਂ 5 ਸਾਲ ਹੀ ਰਖਿਆ ਹੋਇਆ ਸੀ ਪਰ ਪਿਛਲੇ ਸਮੇਂ ਗਵਰਨਰੀ ਰਾਜ ਵੇਲੇ ਕਈ ਸਾਲ ਕੰਮ ਨਹੀਂ ਹੋਇਆ ਇਸ ਕਰਕੇ ਸੜਕਾਂ ਕਾਫੀ ਟੁੱਟ ਗਈਆਂ ਸਨ। ਹੁਣ ਇਸ ਦੀ ਲਾਈਫ 6 ਸਾਲ ਰੱਖੀ ਗਈ ਹੈ ਭਾਵੇਂ ਸੜਕ ਕਿਸੇ ਵੀ ਕਾਰਨ ਟੁੱਟੀ ਹੋਈ ਹੋਵੇ। ਪਰ ਜੇ ਕੋਈ ਖਾਸ ਗੱਲ ਹੈ ਤਾਂ ਦੱਸ ਦੇਣ। ਵੈਸੇ ਤਾਂ ਸਮਾਂ 6 ਸਾਲ ਦਾ ਰਖਿਆ ਹੋਇਆ ਹੈ ਪਰ ਜੇ ਕੋਈ ਸਮੇਂ ਤੋਂ ਪਹਿਲਾਂ ਹੀ ਖਰਾਬ ਹੋ ਗਈ ਹੋਵੇ ਤਾਂ ਇਹ ਦੱਸ ਦੇਣ ਅਸੀਂ ਇਨਕੁਆਇਰੀ ਕਰਾਵਾਂਗੇ ਅੱਤ ਜੇ ਕੋਈ ਗੁਨਾਹਗਾਰ ਪਾਇਆ ਗਿਆ ਤਾਂ ਸਜ਼ਾ ਵੀ ਦੇਵਾਂਗੇ।

Original with;
Punjab Vidhan Sabha
Digitized by;
Punjab Digital Library

ਸਰਦਾਰ ਨਿਰਮਲ ਸਿੰਘ ਕੰਨੈਆ: ਸਪੀਕਰ ਸਾਹਿਬ, ਇਨ੍ਹਾਂ ਨੇ ਦਸਿਆ ਹੈ ਕਿ ਇਨਕੁਆਇਰੀ ਕਰਾਉਣਗੇ ਅੱਤ ਸਜ਼ਾ ਵੀ ਦੇਣਗੇ ਪਰ ਮੈਂ ਇਹ ਵੀ ਪੁੱਛਿਆ ਸੀ ਕਿ ਲੁੱਕ ਜਿਹੜੀ ਪਾਈ ਜਾਂਦੀ ਹੈ ਉਸ ਦੀ ਹੀਟ ਦੀ ਸਮਰੱਥਾ ਕਿੰਨੀ ਹੁੰਦੀ ਹੈ ਅਤੇ ਕੀ ਮੁਰੰਮਤ ਕਰਾਉਣ ਵੇਲੇ ਰੇਜ਼ਿੰਗ ਅੱਤ ਬੈਡਿੰਗ ਵੀ ਕੀਤੀ ਜਾਂਦੀ ਹੈ ?

ਮੰਤਰੀ ਸਪੀਕਰ ਸਾਹਿਬ, ਪਰੋਸੀਜਰ ਦੇ ਮੁਤਾਬਿਕ ਅੱਤ ਲੈਬਾਰਟਰੀ ਦੇ ਮੁਤਾਬਿਕ ਕੰਮ ਕੀਤਾ ਜਾਂਦਾ ਹੈ । ਜੇ ਕੋਈ ਇਨ੍ਹਾਂ ਨੂੰ ਸ਼ਿਕਾਇਤ ਹੈ ਤਾਂ ਇਹ ਲਿਖ ਕੇ ਦੇ ਦੇਣ ਅਸੀਂ ਪਤਾ ਕਰਾ ਲਵਾਂਗੇ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬਾ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਫਤਿਹਾਬਾਦ ਤੋਂ ਚਾਲਿਕਾਬਾਦ ਜਿਹੜੀ ਸੜਕ ਬਣ ਰਹੀ ਹੈ ਉਹ ਹਾਲੇ 2-3 ਕਿਲੋਮੀਟਰ ਹੀ ਬਣੀ ਹੈ ਅਤੇ ਪਿਛੋਂ ਟੁੱਟਣੀ ਸ਼ੁਰੂ ਹੋ ਗਈ ਹੈ । 6 ਸਾਲ ਤਾਂ ਅੱਜੇ ਹੋਣੇ ਹਨ. .

ਸ਼੍ਰੀ ਸਪੀਕਰ ਉਨ੍ਹਾਂ ਨੇ ਦਸਿਆ ਹੈ ਕਿ ਜਿਥੇ ਸੜਕ ਖਰਾਬ ਹੈ ਦੱਸ ਦਿਉ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ, ਅਜੇ ਸੜਕ ਬਣਦੀ ਪਈ ਹੈ । ਰੋਡ ਰੋਲਰ ਚਲ ਰਿਹਾ ਹੈ 2-3 ਮੀਲ ਬਣੀ ਹੈ ਪਰ ਪਿਛੋਂ ਟੁੱਟਣੀ ਸ਼ੁਰੂ ਹੋ ਗਈ ਹੈ ।

ਸ਼੍ਰੀ ਸਪੀਕਰ : ਤੁਸੀਂ ਲਿਖ ਕੇ ਦੇ ਦਿਓ ।

ਪੰਜਾਬ ਪੁਲਿਸ ਰੂਲਜ਼ ਦੀ ਧਾਰਾ 1.17 ਦੀ ਪਾਲਣਾ ਕਰਨਾ

*2340. **ਕਾਮਰੇਡ ਹਰਦੇਵ ਅਰਸ਼ੀ** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ :—

(ੳ) ਕੀ ਪੰਜਾਬ ਪੁਲਿਸ ਰੂਲਜ਼ ਦੀ ਧਾਰਾ 1.17 ਦੇ ਅਨੁਸਾਰ ਜ਼ਿਲ੍ਹੇ ਵਿਚ ਸਥਿਤ ਸਾਰੇ ਥਾਣਿਆਂ ਦੇ ਇਨਚਾਰਜ ਐਸ. ਐਚ. ਉਜ਼, ਦੀ ਨਿਯੁਕਤੀ ਅਤੇ ਉਨ੍ਹਾਂ ਨੂੰ ਹਟਾਉਣ ਜਾਂ ਬਦਲਣ ਲਈ ਜ਼ਿਲ੍ਹਾ ਮੈਜਿਸਟਰੇਟ ਦੀ ਮਨਜ਼ੂਰੀ ਲੈਣੀ ਜ਼ਰੂਰੀ ਹੈ;

(ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਸਾਰੇ ਜ਼ਿਲ੍ਹਿਆਂ ਵਿੱਚ ਇਸ ਧਾਰਾ ਤੇ ਬਕਾਇਦਾ ਅਮਲ ਹੋ ਰਿਹਾ ਹੈ; ਜੇਕਰ ਨਹੀ, ਤਾਂ ਇਸ ਦੇ ਕੀ ਕਾਰਨ ਹਨ ?

Sardar Beant Singh: (a) Yes, Sir.

(b) Due to exigencies of anti-terrorist operations in the State, the provisions have not been complied with fully.

Original with;
Punjab Vidhan Sabha
Digitized by;
Panjab Digital Library

ਕਾਮਰੇਡ ਹਰਦੇਵ ਅਰਸ਼ੀ ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਜਦੋਂ ਪੰਜਾਬ ਦੇ ਹਾਲਾਤ ਮਾੜੇ ਸਨ ਤਾਂ ਪੁਲਿਸ ਵਾਲਿਆਂ ਨੂੰ ਕੁਝ ਐਕਸਟਰਾ ਪਾਵਰਜ਼ ਦਿੱਤੀਆਂ ਸਨ, ਪਰ ਹੁਣ ਜਦੋਂ ਅਮਨ ਕਾਇਮ ਹੈ ਤਾਂ ਫਿਰ ਕੀ ਇਹ ਪੁਲਿਸ ਦੇ ਆਪਣੇ ਰੂਲਜ਼ ਦੇ ਮੁਤਾਬਿਕ ਉਨ੍ਹਾਂ ਤੋਂ ਪੂਰੀ ਤਰ੍ਹਾਂ ਅਮਲ ਕਰਾਉਣਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਅਜੇ ਅਸੀ ਅਵੇਸਲੇ ਨਹੀਂ ਹਾਂ ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਮੈਂ ਪੁਛਿਆ ਹੈ ਕਿ ਕੀ ਪੁਲਿਸ ਦੇ ਆਪਣੇ ਰੂਲਜ਼ ਦੇ ਮੁਤਾਬਿਕ ਇਹ ਉਨ੍ਹਾਂ ਤੋਂ ਅਮਲ ਕਰਾਉਣਗੇ ?

ਮੁੱਖ ਮੰਤਰੀ: ਮੈਂ ਇਹ ਬੇਨਤੀ ਕੀਤੀ ਹੈ ਕਿ ਅਜੇ ਅਸੀਂ ਅਵੇਸਲੇ ਨਹੀਂ ਹੋ ਸਕਦੇ ਅਤੇ ਕਹਿ ਨਹੀਂ ਸਕਦੇ ਕਿ ਪੁਰਾਣੇ ਰੂਲਜ਼ ਤੇ ਅਮਲ ਕਰ ਸਕਾਂਗੇ ਜਾਂ ਨਹੀਂ ।

ਜ਼ਿਲ੍ਹਾ ਮਜਿਸਟਰੇਟਾਂ ਨੂੰ ਜ਼ਿਲ੍ਹਾ ਪੁਲਿਸ ਮੁਖੀਆਂ ਦੀਆਂ ਗੁਪਤ ਰਿਪੋਰਟਾਂ ਲਿਖਣ ਦਾ ਅਧਿਕਾਰ ਦੇਣਾ

*2354. **ਕਾਮਰੇਡ ਹਰਦੇਵ ਅਰਸ਼ੀ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਪਹਿਲਾਂ ਦੀ ਤਰ੍ਹਾਂ ਜ਼ਿਲ੍ਹਿਆਂ ਦੇ ਪੁਲਿਸ ਮੁਖੀਆਂ ਦੀ ਗੁਪਤ ਰਿਪੋਰਟ ਲਿਖਣ ਦਾ ਅਧਿਕਾਰ ਜ਼ਿਲ੍ਹਾ ਮੈਜਿਸਟਰੇਟਾਂ ਨੂੰ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਇਸ ਸਬੰਧ ਵਿਚ ਕਦੋਂ ਤੱਕ ਹੁਕਮ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ, ਅਤੇ ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਨ ਹਨ ?

ਸਰਦਾਰ ਬੇਅੰਤ ਸਿੰਘ (ੳ) ਨਹੀਂ ਜੀ ।

(ਅ) ਵਰਤਮਾਨ ਸਥਿੱਤੀ ਅਨੁਸਾਰ ਤਸੱਲੀਬਖਸ਼ ਕੰਮ ਹੋ ਰਿਹਾ ਹੈ ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਜਦੋਂ ਕਿ ਪੁਲਿਸ ਦੀਆਂ ਐਕਸੈਸਿਜ਼ ਲੋਕਾਂ ਤੇ ਬਹੁਤ ਚਲ ਰਹੀਆਂ ਹਨ ਇਨ੍ਹਾਂ ਨੂੰ ਰੋਕਣ ਵਾਸਤੇ ਕੀ ਜ਼ਰੂਰੀ ਨਹੀਂ ਹੋ ਜਾਂਦਾ ਕਿ ਜ਼ਿਲ੍ਹਾ ਮੈਜਿਸਟ੍ਰੇਟਾਂ ਨੂੰ ਗੁਪਤ ਰਿਪੋਰਟਾਂ ਲਿਖਣ ਦੇ ਅਧਿਕਾਰ ਦਿਤੇ ਜਾਣ ?

ਕੀ ਇਹ ਉਨ੍ਹਾਂ ਦੀਆਂ ਕਨਫੀਡੈਂਸ਼ਲ ਰਿਪੋਰਟਾਂ ਲਿਖਣ ਦੀ ਪਾਵਰ ਡਿਸਟ੍ਰਿਕਟ ਮੈਜਿਸਟ੍ਰੇਟਾਂ ਨੂੰ ਦੇਣਗੇ ?

ਸ਼੍ਰੀ ਸਪੀਕਰ: ਉਹ ਪਹਿਲੇ ਸਵਾਲ ਦਾ ਜਵਾਬ ਦੇ ਚੁੱਕੇ ਹਨ ।

ਮੁੱਖ ਮੰਤਰੀ: ਸਪੀਕਰ ਸਾਹਿਬ, ਕਿਸੇ ਪੁਲਿਸ ਅਫਸਰ ਦਾ ਕੰਮ ਕਾਰ ਉਸ ਦਾ ਸੀਨੀਅਰ ਅਫਸਰ ਹੀ ਵੇਖਦਾ ਹੈ ਕਿ ਉਹ ਕੰਮ ਠੀਕ ਕਰਦਾ ਹੈ ਜਾਂ ਨਹੀ । ਜਿਸ ਤਰ੍ਹਾਂ ਐਸ. ਐਸ. ਪੀ. ਦਾ ਕੰਮ ਡੀ. ਆਈ. ਜੀ. ਅਤੇ ਡੀ. ਆਈ. ਜੀ. ਦਾ ਕੰਮ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]
ਆਈ. ਜੀ. ਅਤੇ ਡੀ. ਜੀ. ਪੀ. ਵੇਖਦਾ ਹੈ । ਅਸੀਂ ਇਹ ਅਮੈਂਡਮੈਂਟ ਕਰ ਦਿੱਤੀ ਹੈ ਕਿ ਹੋਮ ਸੈਕੇਟਰੀ ਤੋਂ ਬਾਅਦ ਚੀਫ਼ ਸੈਕੇਟਰੀ ਕੋਲ ਰਿਪੋਰਟ ਆਵੇ ।

ਸ਼੍ਰੀ ਮਦਨ ਮੋਹਨ ਮਿੱਤਲ ਸਪੀਕਰ ਸਾਹਿਬ, ਕੀ ਪੁਲਿਸ ਅਫਸਰ ਦੀ ਰਿਪੋਰਟ ਬਾਰੇ ਪਹਿਲੇ ਕੋਈ ਅਮੈਂਡਮੈਂਟ ਰੂਲਾਂ ਦੇ ਵਿੱਚ ਹੋਈ ਹੈ ?

ਮੁੱਖ ਮੰਤਰੀ ਸਪੀਕਰ ਸਾਹਿਬ, 2-3 ਵਾਰੀ ਰੂਲਜ਼ ਦੇ ਵਿਚ ਅਮੈਂਡਮੈਂਟਸ ਹੋ ਚੁੱਕੀਆਂ ਹਨ ।

ਬੇਰੁਜ਼ਗਾਰ ਯੁਵਕਾਂ ਲਈ ਕਰਜ਼ਾ ਸਕੀਮ

*2515. **ਸ਼੍ਰੀ ਰਮੇਸ਼ ਦੱਤ ਸ਼ਰਮਾ :** ਕੀ ਮੁੱਖ ਮੰਤਰੀ ਕਿਰਪਾ ਕਹਕੇ ਦੱਸਣਗੇ ਕਿ ਰਾਜ ਵਿਚ ਪੰਜਾਬ ਖਾਦੀ ਅਤੇ ਗ੍ਰਾਮ ਉਦਯੋਗ ਬੋਰਡ ਦੀ ਬੇਰੁਜ਼ਗਾਰ ਯੁਵਕਾਂ ਨੂੰ ਕਰਜ਼ੇ ਦੇਣ ਦੀ ਕੋਈ ਸਕੀਮ ਹੈ; ਜੇਕਰ ਅਜਿਹਾ ਹੈ, ਤਾਂ ਉਸ ਦੇ ਵੇਰਵੇ ਕੀ ਹਨ ਅਤੇ ਕਰਜ਼ੇ ਦੀ ਰਕਮ ਸਬੰਧੀ ਵੱਧ ਤੋਂ ਵੱਧ ਸੀਮਾਂ ਕਿੰਨੀ ਹੈ ਜਿਹੜੀ ਕਿ ਬੇਰੁਜ਼ਗਾਰੀ ਯੁਵਕ ਲੈ ਸਕਦਾ ਹੈ ?

ਸਰਦਾਰ ਕਰਮ ਸਿੰਘ ਗਿੱਲ (ਰਾਜ ਮੰਤਰੀ, ਉਦਯੋਗ) : ਪੰਜਾਬ ਖਾਦੀ ਤੇ ਗਰਾਮ ਉਦਯੋਗ ਦੇ ਦਾਇਰੇ ਵਿਚ ਪੇਂਡੂ ਉਦਯੋਗਾਂ ਦੇ ਵਿਕਾਸਾਂ ਲਈ 44 ਸਕੀਮਾਂ ਹਨ । ਇਹਨਾਂ ਸਕੀਮਾਂ ਦੀ ਸੂਚੀ ਵੇਰਵੇ ਸਹਿਤ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ । ਰਾਜ ਦੇ ਬੇਰੁਜ਼ਗਾਰ ਨੌਜਵਾਨ ਇਹਨਾਂ ਸਕੀਮਾਂ ਤੋਂ ਲਾਭ ਉਠਾ ਸਕਦੇ ਹਨ ।

ਅਨੁੱਲਗ "1"

ਰਾਜ ਵਿਚ ਬੇਰੁਜ਼ਗਾਰ ਨੌਜਵਾਨਾਂ ਲਈ ਪੰਜਾਬ ਖਾਦੀ ਅਤੇ ਗਰਾਮ ਉਦਯੋਗ ਬੋਰਡ ਦੀਆਂ ਸਕੀਮਾਂ ਅਧੀਨ ਦਿੱਤੇ ਜਾਣ ਵਾਲੇ ਕਰਜ਼ਿਆਂ ਦੇ ਵੇਰਵੇ ਦੀ ਸਟੇਟਮੈਂਟ

ਪੰਜਾਬ ਖਾਦੀ ਅਤੇ ਗਰਾਮ ਉਦਯੋਗ ਬੋਰਡ ਦੇ ਦਾਇਰੇ ਵਿਚ 44 ਸਕੀਮਾਂ ਵਿਅਕਤੀਗਤ ਤੌਰ ਤੇ ਪੇਂਡੂ ਇਲਾਕਿਆਂ ਵਿਚ ਗਰਾਮ ਉਦਯੋਗ ਸਥਾਪਿਤ ਕਰਨ ਲਈ ਹੇਠ ਵੇਰਵੇ ਅਨੁਸਾਰ ਹਨ :—

ਕ੍ਰਮ ਨੰ.	ਸਕੀਮ ਦਾ ਨਾਮ	ਅਧਿਕਤਮ ਸੀਮਾਂ (ਰੁਪੈ)
1	2	3
1.	**ਤਰਖਾਣਾ ਅਤੇ ਲੁਹਾਰਾ ਉਦਯੋਗ**	
	(ੳ) ਉਦਮੀ ਇਕਾਈ ..	65,000/- ਰੁ.
	(ਅ) ਪਾਵਰ ਹੋਮ ਯੂਨਿਟ ..	25,000/- ਰੁ.

Original with;
Punjab Vidhan Sabha
Digitized by;
Panjab Digital Library

1	2	3
2.	**ਚਮੜਾ ਉਦਯੋਗ**	
	(ੳ) ਚਮੜੇ ਦੀਆਂ ਵਸਤਾਂ, ਜੁੱਤੀ ਆਦਿ ..	75,000/- ਰੁ.
	(ਅ) ਖੱਲਾਂ ਲਾਹੁਣ ਦੀ ਇਕਾਈ ..	85,000/- ਰੁ.
	(ੲ) ਚਮੜਾ ਸਾਫ਼ ਕਰਨ ਅਤੇ ਰੰਗਣ ਦੇ ਕੰਮ ਲਈ .	50,000/- ਰੁ.
	(ਸ) ਲੈਦਰ ਸਰਵਿਸ ਯੂਨਿਟ ..	30,000/- ਰੁ.
3.	**ਸਾਬਣ ਉਦਯੋਗ**	
	(ੳ) ਕੱਪੜੇ ਧੋਣ ਵਾਲੇ ਸਾਬਣ ਦੀ ਇਕਾਈ ..	1,95,000/- ਰੁ.
4.	**ਅਨਾਜ ਅਤੇ ਦਾਲ ਉਦਯੋਗ**	
	(ੳ) ਭਰਭੂੰਜਾ ਯੂਨਿਟ ..	7,000/- ਰੁ.
	(ਅ) ਪਾਪੜ ਯੂਨਿਟ ..	5,000/- ਰੁ.
	(ੲ) ਮਸਾਲੇ ਦਾ ਯੂਨਿਟ ..	33,000/- ਰੁ.
	(ਸ) ਬੇਕਰੀ ਯੂਨਿਟ ..	55,000/- ਰੁ.
	(ਹ) ਮੁਰਮੁਰਾ ਯੂਨਿਟ ..	1,08,500/- ਰੁ.
5.	**ਗੁੜ ਅਤੇ ਖੰਡਸਾਰੀ ਉਦਯੋਗ**	
	(ੳ) ਬਿਜਲੀ ਨਾਲ ਚਲਨ ਵਾਲੀ ਘੁਲਾੜੀ ..	39,500/- ਰੁ
	(ਅ) ਬਲਦਾਂ ਨਾਲ ਚੱਲਣ ਵਾਲੀ ਘੁਲਾੜੀ ..	8,250/- ਰ_.
	(ੲ) ਰਸਵੰਤੀ ਇਕਾਈ .	10,000/- ਰ.
	(ਸ) ਗੱਚਕ ਬਣਾਉਣ ਲਈ .	20,000/- ਰੁ.
	(ਹ) ਇੰਡੀਅਨ ਸਵੀਟਸ ..	20,000/- ਰੁ.
6.	**ਰੇਸ਼ਾ ਉਦਯੋਗ**	
	(ੳ) ਬਾਣ ਤਿਆਰ ਕਰਨ ਦਾ ਯੂਨਿਟ ..	8,400/- ਰੁ.
7.	**ਘੁਮਾਰੀ ਉਦਯੋਗ**	
	(ੳ) ਘੁਮਿਆਰਾ ਯੂਨਿਟ ..	9,650/- ਰੁ.
	(ਅ) ਸਜਾਵਟੀ ਭਾਂਡਿਆਂ ਦਾ ਕੰਮ ..	1,42,000/- ਰੁ.
	(ੲ) ਵਿਅਕਤੀਗਤ ਘੁਮਿਆਰ (ਚਾਲੂ ਪੂੰਜੀ) ..	2,000/- ਰੁ.

Original with;
Punjab Vidhan Sabha
Digitized by;
Punjab Digital Library

[ਰਾਜ ਮੰਤਰੀ, ਉਦਯੋਗ]

1	2	3
8.	**ਬਾਂਸ ਅਤੇ ਬੈਂਤ ਉਦਯੋਗ**	
	(ੳ) ਮੁਕੰਮਲ ਯੂਨਿਟ	.. 6,500/- ਰੁ.
	(ਅ) ਝਾੜੂ ਬਣਾਉਣ ਦਾ ਯੂਨਿਟ	.. 3,100/- ਰੁ.
9.	**ਇਲੈਕਟ੍ਰਾਨਿਕਸ**	
	(ੳ) ਤਿਪੇਅਰ ਯੂਨਿਟ	.. 15,000/- ਰੁ.
10.	**ਹੱਥ ਕਾਗਜ਼ ਉਦਯੋਗ**	
	(ੳ) ਰਜਿਸਟਰ ਕਾਪੀਆਂ ਬਨਾਉਣਾ	.. 1,16,000/- ਰੁ.
	(ਅ) ਲਫਾਫੇ ਬਣਾਉਣ ਦਾ ਯੂਨਿਟ	.. 91,000/- ਰੁ.
	(ੲ) ਫੋਟੋ ਫਰੇਮਿੰਗ	.. 6,000/- ਰੁ.
11.	**ਚੂਨਾ ਲਾਇਮ ਯੂਨਿਟ**	
	(ੳ) ਏ. ਟਾਇਪ ਚੂਨਾ ਉਦਯੋਗ	.. 47,000/- ਰੁ.
	(ਅ) ਰੇਤ ਚੂਨਾ ਜਾਲੀਆਂ	.. 10,000/- ਰੁ.
	(ੲ) ਡਿਸਟੈਂਪਰ ਯੂਨਿਟ	.. 1,75,000/- ਰੁ.
	(ਸ) ਬਹਤਨ ਸਾਫ ਕਰਨ ਦਾ ਪਾਊਡਰ	.. 40,000/- ਰੁ.
	(ਹ) ਵਿਅਕਤੀਗਤ ਨਕਲੀ ਜ਼ੇਵਰ	.. 20,000/- ਰੁ.
	(ਕ) ਚਾਕ ਮੋਕਿੰਗ	.. 9,000/- ਰੁ.
	(ਖ) ਮੈਨੂਅਲ ਸਟੋਨ ਕਟਿੰਗ	.. 35,000/- ਰੁ.
12.	**ਪੋਲੀਮਾਰ ਅਤੇ ਰਸਾਇਣਾਂ ਤੇ ਅਧਾਰਿਤ ਯੂਨਿਟ :**	
	(ੳ) ਮੋਮਬਤੀਆਂ ਬਨਾਉਣ ਦਾ ਯੂਨਿਟ	.. 35,000/- ਰੁ.
	(ਅ) ਮਹਿੰਦੀ ਬਣਾਉਣ ਦਾ ਯੂਨਿਟ	.. 1,64,000/- ਰੁ
	(ੲ) ਰੈਕਸੀਅਨ ਪੀ.ਵੀ.ਸੀ.	.. 36,000/- ਰ..
13.	**ਟੈਕਸਟਾਈਲ ਉਦਯੋਗ**	
	(ੳ) ਟੇਲਰਿੰਗ ਉਦਯੋਗ	.. 8,900/- ਰੁ.

Original with;
Punjab Vidhan Sabha
Digitized by;
Panjab Digital Library

1	2		3
14.	**ਮਿਲਕ ਬੇਸਡ ਉਦਯੋਗ**		
	(ੳ) ਵਿਅਕਤੀਗਤ ਇਕਾਈ	..	15,000/- ਰੁ.
15.	**ਸਰਵਿਸ ਉਦਯੋਗ**		
	(ੳ) ਡੀਜ਼ਲ ਇੰਜਣ ਰਿਪੇਅਰ	..	30,000/- ਰੁ.
	(ਅ) ਇਲੈਕਟ੍ਰਿਕ ਵਾਇਰਿੰਗ	..	20,000/- ਰੁ.
	(ੲ) ਪਲੰਬਰ	..	10,000/- ਰੁ.
	(ਸ) ਨਾਈ	..	5,000/- ਰੁ.
	(ਹ) ਧੋਬੀ	..	4,400/- ਰੁ.

ਸ਼੍ਰੀ ਰਮੇਸ਼ ਦੱਤ ਸ਼ਰਮਾ : ਸਪੀਕਰ ਸਾਹਿਬ, ਇਹ ਮੜ ਲੋਨ ਦੇਣ ਦੀ ਹੱਦ ਕਿਹੜ ਸਾਲ ਵਿਚ ਫਿਕਸ ਕੀਤੀ ਗਈ ਹੈ ਅਤੇ ਕਦੋਂ ਕੀਤੀ ਗਈ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਦੀ ਹੱਦ ਅਲਿਹਦਾ ਅਲਹਿਦਾ ਸਕੀਮਾਂ ਲਈ ਮਿੱਥੀ ਹੋਈ ਹੈ । ਇਸ ਦੀ ਹੱਦ ਪੁਰਾਣੇ ਸਮੇਂ ਵਿਚ ਮਿੱਥੀ ਗਈ ਸੀ । ਇਸ ਦੇ ਲਈ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਮੌਜੂਦਾ ਹੱਦ ਵਿਚ revised estimate according to present set up ਦੇ ਹਿਸਾਬ ਨਾਲ ਲੋਨ ਦਿਤੇ ਜਾਣ ਤਾਂ ਕਿ ਉੱਦਮੀਆਂ ਨੂੰ ਲੋਨ ਰਿਵਾਈਜ਼ਡ ਐਸਟੀਮੇਟ ਦੇ ਹਿਸਾਬ ਨਾਲ ਮਿਲ ਸਕੇ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਧੰਨਵਾਦੀ ਹਾਂ ਕਿ ਜਿਹੜੀ ਮੈਂ ਹੁਣ ਸਪਲੀਮੈਂਟਰੀ ਕਰਨੀ ਸੀ ਉਸ ਦਾ ਜਵਾਬ ਇਨ੍ਹਾਂ ਨੇ ਪਹਿਲੇ ਹੀ ਦੇ ਦਿੱਤਾ ਹੈ । ਇਹ ਜਿਹੜੀ ਹੱਦ ਇਨਕਰੀਜ਼ ਕੀਤੀ ਗਈ ਹੈ ਇਹ ਕਦੋਂ ਤਕ ਲਾਗੂ ਹੋ ਜਾਵੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਦੇ ਲਈ ਖਾਦੀ ਬੋਰਡ ਦਾ ਰਿਵਾਈਜ਼ਡ ਐਸਟੀਮੇਟ ਬਣ ਕੇ ਆ ਜਾਵੇ ਤਾਂ ਕਿ ਇਨ੍ਹਾਂ ਸਕੀਮਾਂ ਨੂੰ ਸਿਰੇ ਚੜ੍ਹਾਇਆ ਜਾਵੇ । ਇਸ ਦੀ ਪਰਮਿਸ਼ਨ ਲੈਣ ਲਈ ਭੇਜਿਆ ਹੋਇਆ ਹੈ । ਜਦੋਂ ਇਸ ਦੀ ਪਰਮਿਸ਼ਨ ਆ ਗਈ ਇਸ ਨੂੰ ਜਲਦੀ ਤੋਂ ਜਲਦੀ ਲਾਗੂ ਕਰ ਦਿੱਤਾ ਜਾਵੇਗਾ ।

ਸ਼੍ਰੀ ਗੁਰਪਾਲ ਚੰਦ ਸਰੋਆ : ਸਪੀਕਰ ਸਾਹਿਬ, ਇਹ ਜਿਹੜੇ ਕਰਜ਼ੇ ਖਾਦੀ ਬੋਰਡ ਵਾਲੇ ਪਾਸ ਕਰਦੇ ਹਨ ਉਸ ਵੇਲੇ ਬੈਂਕਾਂ ਵਾਲੇ ਲੋਕਾਂ ਨੂੰ ਬਹੁਤ ਖਰਾਬ ਕਰਦੇ ਹਨ । ਕੀ ਸਰਕਾਰ ਵਲੋਂ ਉਨ੍ਹਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ ਤਾਂ ਕਿ ਲੋਕਾਂ ਨੂੰ ਕਰਜ਼ੇ ਲੈਣ ਵਿਚ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਉਹ ਖਰਾਬ ਨਾ ਹੋ ਸਕਣ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜੇ ਜਿਹੜੇ ਬੈਂਕ ਲੋਕਾਂ ਨੂੰ ਖਰਾਬ ਕਰਦੇ ਹਨ ਇਹ ਸਾਡੇ ਨੋਟਿਸ ਵਿਚ ਲਿਆਉਣ । ਅਸੀਂ ਉਨ੍ਹਾਂ ਦੇ ਨਾਲ ਮੀਟਿੰਗ ਕਰਕੇ ਹਦਾਇਤਾਂ ਜਾਰੀ ਕਰ ਦੇਵਾਂਗੇ ਤਾਂ ਕਿ ਡਿਸਬਰਸਮੈਂਟ ਠੀਕ ਢੰਗ ਨਾਲ ਹੋ ਸਕੇ । ਇਸ ਤੋਂ ਇਲਾਵਾ ਸਾਡੇ ਡਿਪਾਰਟਮੈਂਟ ਰਾਹੀਂ ਵੀ ਡਿਸਬਰਸਮੈਂਟ ਉੱਦਮੀਆਂ ਨੂੰ ਕਾਰੋਬਾਰ ਲਈ ਕੀਤੀ ਜਾਂਦੀ ਹੈ ।

ਪੰਜਾਬ ਪੋਲਿਊਸ਼ਨ ਕੰਟਰੋਲ ਬੋਰਡ ਵਲੋਂ ਛਾਪੇ

*2485. **ਸ਼੍ਰੀ ਮਦਨ ਮੋਹਨ ਮਿੱਤਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਪੋਲਿਊਸ਼ਨ ਕੰਟਰੋਲ ਬੋਰਡ ਨੇ ਸਾਲ 1992 ਤੋਂ ਹੁਣ ਕਿੰਨੀਆਂ ਫਰਮਾਂ ਅਤੇ ਕੰਪਨੀਆਂ ਤੇ ਛਾਪੇ ਮਾਰੇ ਅਤੇ ਇਨ੍ਹਾਂ ਦੌਰਾਨ ਪਕੜੇ ਗਏ ਅਪਰਾਧਾਂ ਦੇ ਕੇਸਾਂ ਦੇ ਵੇਰਵੇ ਕੀ ਹਨ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਫਰਮਾਂ/ਕੰਪਨੀਆਂ ਦੇ ਖਿਲਾਫ ਕੋਈ ਕਾਰਵਾਈ ਕੀਤੀ ਗਈ ਜਾਂ ਅਦਾਲਤਾਂ ਵਿਚ ਕੇਸ ਦਾਇਰ ਕੀਤੇ ਗਏ ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਨ ਹਨ ?

Sardar Beant Singh : (a) From 1992 to December, 1994, 379 Firms and Companies were raided by the Punjab Pollution Control Board. Out of these 190 cases were found violating the provisions of "The Water (Prevention and Control of Pollution) Act, 1974, 83 of the provisions of the "Air (Prevention and Control of Pollution) Act 1981 and 13 cases under the Environment Protection Act, 1986 respectively.

(b) Yes, Sir.

Mr. Speaker : Questions are over.

UNSTARRED QUESTIONS AND ANSWERS

ਕਿਰਾਏ ਦੀਆਂ ਇਮਾਰਤਾਂ ਵਿਚ ਥਾਣਿਆਂ/ਪੁਲਿਸ ਚੌਂਕੀਆਂ ਦੀ ਗਿਣਤੀ

463. (1) **ਸ਼੍ਰੀਮਤੀ ਵਿਮਲਾ ਡਾਂਗ**
(2) **ਕਾਮਰੇਡ ਹਰਦੇਵ ਅਰਸ਼ੀ** } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪ੍ਰਾਈਵੇਟ ਇਮਾਰਤਾਂ ਵਿਚ ਸਥਿੱਤ ਥਾਣਿਆਂ/ਪੁਲੀਸ ਚੌਕੀਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ-ਕਿੰਨੀ ਹੈ ;

Original with;
Punjab Vidhan Sabha
Digitized by;
Panjab Digital Library

(ਅ) ਉਕਤ ਹਰ ਇਕ ਥਾਣੇ/ਪੁਲੀਸ ਚੌਕੀ ਲਈ ਇਮਾਰਤਾਂ ਕਿਸ ਮਿਤੀ (ਮਿਤੀਆਂ) ਤੋਂ ਕਿਰਾਏ ਤੇ ਲਈਆਂ ਗਈਆਂ ਸਨ ਅਤੇ ਹਰ ਇਕ ਕੇਸ ਵਿਚ ਕਿਰਾਏ ਦੀ ਦਰ ਕੀ ਹੈ ;

(ਏ) ਉਪਰੋਕਤ ਭਾਗ (ਓ) ਵਿਚ ਵਰਣਿਤ ਕੇਸਾਂ ਵਿਚੋਂ ਉਨਾਂ ਕੇਸਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਵਿਚ ਮਾਲਕ ਆਪਣੀਆਂ ਇਮਾਰਤਾਂ ਖਾਲੀ ਕਰਵਾਉਣ ਲਈ ਜ਼ੋਰ ਪਾਉਂਦੇ ਪਏ ਹਨ ;

(ਸ) ਕੀ ਸਰਕਾਰ ਦੀ ਉਪਰੋਕਤ (ਏ) ਵਿਚ ਵਰਣਿਤ ਇਮਾਰਤਾਂ ਨੂੰ ਖਾਲੀ ਕਰਨ ਦੀ ਤਜਵੀਜ਼ ਹੈ ?

ਸਰਦਾਰ ਬੇਅੰਤ ਸਿੰਘ : (ਓ), (ਅ) ਅਤੇ (ਏ) ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਸ) ਜਿਨ੍ਹਾਂ ਮਾਲਕਾਂ ਨੇ ਆਪਣੀਆਂ ਇਮਾਰਤਾਂ ਨੂੰ ਖਾਲੀ ਕਰਾਉਣਾ ਚਾਹਿਆ ਹੈ, ਉਨ੍ਹਾਂ ਸਬੰਧੀ ਨਵੀਆਂ ਥਾਵਾਂ ਲਭਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਉਨ੍ਹਾਂ ਦੀਆਂ ਮੌਜੂਦਾ ਇਮਾਰਤਾਂ ਨੂੰ ਖਾਲੀ ਕੀਤਾ ਜਾ ਸਕੇ ।

ਪ੍ਰਾਈਵੇਟ ਇਮਾਰਤਾਂ ਵਿਚ ਸਥਿਤ ਥਾਣਿਆਂ/ਪੁਲਿਸ ਚੌਕੀਆਂ ਦੀ ਜ਼ਿਲ੍ਹਾਵਾਰ ਗਿਣਤੀ ਹੇਠ ਲਿਖੇ ਅਨੁਸਾਰ ਹੈ :—

1.	ਜਲੰਧਰ	..	9
2.	ਕਪੂਰਥਲਾ	..	2
3.	ਹੁਸ਼ਿਆਰਪੁਰ	..	6
4.	ਅੰਮ੍ਰਿਤਸਰ	..	7
5.	ਬਟਾਲਾ	..	3
6.	ਤਰਨਤਾਰਨ	..	3
7.	ਪਟਿਆਲਾ	..	—
8.	ਫਤਿਹਗੜ੍ਹ ਸਾਹਿਬ	..	1
9.	ਸੰਗਰੂਰ	..	5
10.	ਬਰਨਾਲਾ	..	30
11.	ਲੁਧਿਆਣਾ	..	3
12.	ਜਗਰਾਓ	—	—

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

13.	ਰੋਪੜ	..	3
14.	ਫਿਰੋਜ਼ਪੁਰ	..	6
15.	ਫਰੀਦਕੋਟ	..	9
16.	ਬਠਿੰਡਾ	..	3
17.	ਗੁਰਦਾਸਪੁਰ	..	11
18.	ਖੰਨਾ	..	1
19	ਮਾਨਸਾ	..	5
20.	ਮਜੀਠਾ	..	5
	ਜੋੜ		112

ਪ੍ਰਾਈਵੇਟ ਇਮਾਰਤਾਂ ਵਿਚ ਸਥਿਤ ਥਾਣਿਆਂ/ ਪੁਲਿਸ ਚੌਕੀਆਂ ਦਾ ਜ਼ਿਲ੍ਹਾਵਾਰ ਵੇਰਵਾ	ਥਾਣਿਆਂ/ਪੁਲਿਸ ਚੌਕੀਆਂ ਲਈ ਇਮਾਰਤਾਂ ਜਿਹੜੀ ਮਿਤੀ ਅਤੇ ਜਿਸ ਕਿਰਾਏ ਤੇ ਹੈ
ੳ	ਅ
1. ਜਲੰਧਰ	
1. ਪ.ਸ. ਡਵੀਜ਼ਨ ਨੰ. 3	.. 1-3-1969 ਰੁ. 238/- ਪਰ ਮਹੀਨਾ
2. ਪ.ਸ. ਡਵੀਜ਼ਨ ਨੰ. 6	.. 1-1-1976 ਰੁ. 187/- ਪਰ ਮਹੀਨਾ
3. ਪ.ਸ. ਲੰਬੜ ਾਂ	.. 1-3-1978 ਰੁ. 806/- ਪਰ ਮਹੀਨਾ
4. ਪ.ਸ. ਸਿਟੀ ਨਵਾਂ ਸ਼ਹਿਰ	.. 1945 ਤੋਂ ਰੁ. 45/- ਪ.ਮ.
5. ਪ.ਸ. ਗੋਰਾਇਆਂ	.. 1-11-1975 ਰੁ. 400/- ਪ.ਮ.
6. ਪ.ਪ. ਸਿਟੀ ਨਕੋਦਰ	.. 1-12-1981 ਰੁ. 22 ਪੈਸੇ 50 ਪ.ਮ.
7. ਪ.ਪ. ਬੰਗਾ ਸਿਟੀ	.. 1954 ਤੋਂ ਰੁ. 28/- ਪ.ਮ.
8. ਪ.ਪ. ਜੰਡਿਆਲਾ	.. 4/1987 ਰੁ. 300/- ਪ.ਮ.
9. ਪ.ਪ. ਸਿਟੀ ਲੋਹੀਆਂ	.. 1-3-1970 ਰੁ. 20/- ਪ.ਮ.

Original with;
Punjab Vidhan Sabha
Digitized by;
Panjab Digital Library

ੳ	ਅ
2. **ਕਪੂਰਥਲਾ**	
1. ਪ.ਸ. ਰਵਾਲਪਿੰਡੀ	.. 17-6-1992 ਰੁ. 2770/- ਪ.ਮ.
2. ਪ.ਪ. ਬਜਾਜ ਭੱਠਾ ਬਟਨੋਰਾ	.. 2-9-1989 ਰੁ. 942/- ਪ.ਮ.
3. **ਹੁਸ਼ਿਆਰਪੁਰ**	
1. ਪ.ਸ. ਤਲਵਾੜਾ	.. 1962 ਤੋਂ 96/- ਪ.ਮ.
2. ਪ.ਪ. ਮਹਿਤੋਆਨਾਂ	.. 1982 ਤੋਂ ਰੁ. 230/- ਪ ਮ.
3. ਪ.ਪ. ਕੋਟ ਫਤੂਹੀਂ	.. 1982 ਤੋਂ ਰੁ. 385/- ਪ.ਮ.
4. ਪ.ਪ. ਕਾਠਗੜ੍ਹ	.. 1985 ਤੋਂ ਰੁ. 291/- ਪ.ਮ.
5. ਪ.ਸ. ਬੂਲੋਵਾਲ	.. 1982 ਤੋਂ ਰੁ. 1580/- ਪ.ਮ.
6. ਪ.ਪ. ਸ਼ਾਮਚੌਰਾਸੀ	.. 1958 ਤੋਂ ਰੁ. 20/- ਪੀ.ਮ.
4. **ਅੰਮ੍ਰਿਤਸਰ**	
1. ਪ.ਸ. ਸਰਾਏ ਆਮਨਤ ਖਾਂ	.. 1-8-1988 ਰੁ. 2740/- ਪ.ਮ.
2. ਪ.ਸ. ਛੇਹਰਟਾ	.. 1969 ਰੁ. 10/- ਪ.ਮ.
3. ਪ.ਪ. ਵੇਰਕਾ	.. 1963 ਰੁ. 50/- ਪ.ਮ.
4. ਪ.ਪ. ਨਏ ਆਬਦੀ	.. 1974 ਰੁ. 140/- ਪ.ਮ.
5. ਪ.ਪ. ਮਜੀਠਾ ਰੋਡ	.. 1969 ਰੁ. 14/- ਪ.ਮ.
6. ਪ.ਪ. ਸੁਲਤਾਨਵਿੰਡ	.. 1947 ਰੁ. 45/- ਪ.ਮ.
7. ਪ.ਪ. ਖਸਾ	.. 1969 ਰੁ. 20/- ਪ.ਮ.
5. **ਬਟਾਲਾ**	
1. ਪ.ਸ. ਰੰਗੜ ਨੰਗਲ	.. 22-2-1992 ਕਿਰਾਏ ਦੀ ਅਸੈਸਮੈਂਟ ਕਰਵਾਈ ਜਾ ਰਹੀ ਹੈ ।
2. ਪ.ਪ. ਧਰਮਕੋਟ ਰੰਧਾਵਾ	.. 1-8-1986 ਰੁ. 1091/- ਪ.ਮ.
3. ਪ.ਪ. ਉਧੇਵਾਲ	.. 1-8-1986 ਰੁ. 10/- ਪ.ਮ.
6. **ਤਰਨ ਤਾਰਨ**	
1. ਪ.ਸ. ਗੋਇੰਦਵਾਲ ਸਾਹਿਬ	.. 9-9-1990 ਰੁ. 1460/- ਪ.ਮ.
2. ਪ.ਸ. ਹਰੀਕੇ	.. 1-3-1986 ਰੁ. 130/- ਪ.ਮ.
3 ਪ.ਪ. ਫੜਿਆਬਾਦ	.. 1-3-1979 ਰੁ. 30/- ਪ.ਮ.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ੳ	ਅ
7. ਫਤਿਹਗੜ੍ਹ ਸਾਹਿਬ	
1. ਪ.ਪ. ਕਾਮਲੀ	.. 13-4-1992
8. ਸੰਗਰੂਰ	
1. ਪ.ਸ. ਸਦਰ ਸੰਗਰੂਰ	.. 15-12-1992 ਰੁ. 22,700/- ਪ.ਮ.
2. ਪ.ਪ. ਕੁਪਕਲਾਂ	.. 1978 ਤੋਂ ਰੁ. 90/- ਪ.ਸ.
3. ਪ.ਪ. ਮੰਵੀ	.. 12-2-1990 ਰੁ. 150/- ਪ.ਮ.
4. ਪ.ਪ. ਅਕਬਰਪੁਰ ਛਾਨਾ	.. 1989 ਰੁ. 100/- ਪ.ਮ.
5. ਪ.ਪ. ਭੱਠਲ ਕਲਾਂ	.. 18-7-1990 ਰੁ. 90/- ਪ.ਮ.
9. ਬਰਨਾਲਾ	
1. ਪ.ਪ. ਰੇਹਨਕਾ	.. 1-8-1990 ਰੁ. 640/- ਪ.ਮ.
2. ਪ.ਪ. ਸਿਟੀ ਸੇਰਪੁਰ	.. 18-12-1991
3. ਪ.ਪ. ਘਨੌਰੀ ਕਲਾਂ	.. 11-9-1993
4. ਪ.ਪ. ਅਲੀਪੁਰ ਖਾਲਸਾ	.. 12-9-1993
5. ਪ.ਪ. ਪੰਨਗਰਾਇਆ	.. 12-9-1993
6. ਸਪੈਸ਼ਲ ਪ.ਪ. ਪੀਕਟਿੱਬਾ	.. 12-9-1993
7. ਪ.ਪ. ਕੱਟੂ	.. 8/1992
8. ਪ.ਪ. ਕਾਲੇਕੇ	.. 8/1992
9. ਪ.ਪ. ਰੁੜਕੀ	.. 1990
10. ਪ.ਪ. ਪੱਖੋਕਲਾਂ	.. 1-5-1992
11. ਪ.ਪ. ਢਿਲਵਾਂ	.. 1-9-1992
12. ਪ.ਪ. ਤਾਜੋਕੇ	.. 1-9-1992
13. ਪ.ਪ. ਸਿਟੀ ਬੱਧਾ	.. 1-9-1992
14. ਪ.ਸ. ਸਿਟੀ ਬੱਧਾ	.. 1-2-1994
15. ਪ.ਪ. ਜੈਨ ਮੌਰਮਕਸਦਾ	.. 20-9-1993

Original with;
Punjab Vidhan Sabha
Digitized by;
Punjab Digital Library

ੳ		ਅ
16.	ਪ.ਪ. ਜੈਲ ਮੌਰ ਨਾਭਾ	.. 20-9-1993
17.	ਪ ਪ. ਗੋਹਲ	.. 4-5-1992
18.	ਪ.ਪ. ਹਾਮੀਦੀ	.. 16-7-1990
19.	ਪ.ਸ ਸਦਰ ਬਰਨਾਲਾ	.. 1-2-1993
20.	ਪ.ਪ. ਤਹੀਕੜੀਵਾਲ	.. 4-1-1992
21.	ਪ.ਪ. ਸੇਖਾਂ	.. 4/1993
22.	ਪ.ਪ. ਹੰਦੀਆਂ	.. 1-12-1991
23.	ਪ.ਪ. ਚੱਪਾ	.. 1990
24.	ਪ.ਪ. ਕਾਲੇਮਾਜਰਾ	.. 1992
25.	ਪ.ਪ. ਮਹਿਲਕਲਾਂ	.. 1993
26.	ਪ.ਪ. ਕੱਤਵਾਂ	.. 1992
27.	ਪ.ਪ. ਕੁਰਾੜ	.. 1992
28.	ਪ.ਪ. ਬਾਈਪਾਸ ਬਾਜਾਖਾਹ ਰੋਡ	.. 31-12-1993
29.	ਪੁਲਿਸ ਲਾਈਨ ਬਰਨਾਲਾ	.. 16-12-1991
30.	ਡੀ.ਪੀ.ਓ. ਬਰਨਾਲਾ	.. 16-12-1991
10.	**ਲੁਧਿਆਣਾ**	
1.	ਪ.ਪ ਦੁਗਰੀ	.. 1991 ਕੇਸ ਪੀ.ਡਬਲਿਯੂ.ਡੀ. ਕੋਲ ਹੈ ।
2.	ਪ.ਪ. ਸ਼ੇਰਪੁਰ	.. 1990 ਕੇਸ ਹਾਈਕੋਰਟ ਵਿਚ ਹੈ
3.	ਪ.ਪ. ਕੁੰਮਕਲਾਂ	.. 1991 ਰੁ. 200/- ਪ.ਮ.
11.	**ਰੋਪੜ**	
1.	ਪ.ਸ. ਮੁੱਲਾਂਪੁਰ	.. 28-2-1991 ਰੁ. 530/- ਪ.ਮ.
2.	ਪ.ਸ. ਸੋਹਾਣਾ	.. 1982 ਰੁ. 290/- ਪ.ਸ.
3.	ਪ.ਪ. ਬੇਲਾ	.. 3-8-1988 ਰੁ. 900/- ਪ.ਮ.
12.	**ਫਿਰੋਜ਼ਪੁਰ**	
1.	ਪ.ਪ. ਅਰਨੀਵਾਲਾ	.. 1947 ਰੁ. 80/- ਪ.ਮ.
2.	ਪ.ਪ. ਸਬਜ਼ੀਮੰਡੀ	.. 1947 ਰੁ. 15/- ਪ.ਮ.

Original with;
Punjab Vidhan Sabha
Digitized by;

[ਮੁੱਖ ਮੰਤਰੀ]

ੳ		ਅ
3.	ਸੀ.ਆਈ.ਏ. ਜੀਰਾ	.. 1947 ਰੁ. 29/- ਪ.ਮ.
4.	ਸੀ.ਆਈ.ਏ. ਫਿਰੋਜ਼ਪੁਰ	.. 1947 ਰੁ. 25/- ਪ.ਮ.
5.	ਪ.ਪ. ਹੋਜ਼ਖਾਸ	.. 1-7-1991 ਰੁ. 970/- ਪ.ਮ.
6.	ਪ.ਪ. ਰੋਰਨ ਵਾਲੀ	.. 1-3-1991 ਰੁ. 1135/- ਪ.ਮ.
13.	**ਫਰੀਦਕੋਟ**	
1.	ਪ.ਪ. ਸਾਮਲਸਰ	.. 1988 ਕੋਈ ਨਹੀਂ
2.	ਪ.ਪ. ਅਜੀਤਵਾਲਾ	.. 7-2-1991
3.	ਪ.ਸ. ਗਿੱਦੜਬਾਹਾ	.. 1992 ਰੁ. 2117/- ਪ.ਮ.
4.	ਪ.ਸ. ਸਿਟੀ ਮਲੋਟ	.. ਕਾਫੀ ਦੇਰ ਤੋਂ ਰੁ. 39 ਪੈਸੇ 75
5.	ਪ.ਸ. ਸਦਰ ਕੋਟਕਪੂਰਾ	.. 1-1-1992 ਕੋਈ ਨਹੀਂ
6.	ਪ.ਸ. ਸਿਟੀ ਮੋਗਾ-II	.. ਕਾਫੀ ਦੇਰ ਤੋਂ 26/- ਰੁ. ਪ.ਮ.
7.	ਪ.ਸ. ਬਾਰੀਵਾਲ	.. 1-1-1994 ਕੋਈ ਨਹੀ
8.	ਸ. ਆਈ.ਏ. ਮੋਗਾ	.. ਕਾਫੀ ਦੇਰ ਤੋਂ ਰੁ. 232/- ਪ.ਮ.
9.	ਪ.ਸ. ਗੋਲੇਵਾਲ	.. ਕਾਫੀ ਦੇਰ ਤੋਂ ਰੁ. 126/- ਪ.ਮ.
14.	**ਬਠਿੰਡਾ**	
1.	ਪ.ਪ. ਬੁਚੋ	.. 3-3-1993 ਰੁ. 797/- ਪ.ਮ.
2.	ਪ.ਪ. ਅਨੰਦਗੜ੍ਹ	.. 15-7-1986 ਰੁ. 840/- ਪ.ਮ.
3.	ਪ.ਪ. ਕੋਟ ਸਾਹਸੀਰ	.. 18-12-1988 ਰੁ. 840/- ਪ.ਮ.
15.	**ਗੁਰਦਾਸਪੁਰ**	
1.	ਪ.ਸ. ਤਾਰਾਗੜ੍ਹ	.. 1980
2.	ਪ.ਸ. ਦੋਰਾਂਗਲਾ	.. 1980
3.	ਪ.ਸ. ਪੁਰਾਣਾਸ਼ਾਲਾ	.. 1992

Original with;
Punjab Vidhan Sabha
Digitized by;
Punjab Digital Library

ੳ	ਅ
4. ਪ.ਪ. ਐਨ.ਐਮ. ਸਿੰਘ	.. 1990
5. ਪ.ਸ. ਸਿਟੀ ਪਠਾਨਕੋਟ	.. 1960 ਰੁ. 75/- ਪ.ਮ.
6. ਪ.ਪ. ਥਹਿਰਾਮਪੁਰ	.. 1989 ਕੋਈ ਨਹੀਂ
7. ਪ.ਪ. ਬਮੇਲ	.. 1993
8. ਪ.ਸ. ਸਜਾਨਪੁਰ	.. 2-1-1992
9. ਪ.ਪ. ਤਿੱਬੜ	.. 1986
10. ਪ.ਪ. ਗਰੋਟਾਕਲਾਂ	.. 1/1995
11. ਪ.ਪ. ਨੰਗਲਪੁਰ	.. 1989
16. ਖੰਨਾ	
1. ਪ.ਪ. ਮਲੋਦ	.. 1-8-1970 ਰੁ. 110/- ਪ.ਮ.
17. ਮਾਨਸਾ	
1. ਪ.ਸ. ਝੁਨੀਰ	.. 1-9-1989 ਰ. 1180/- ਪ.ਮ.
2. ਪ.ਸ. ਜੋਗਾ	.. -do- @ Rs. Nil
3. ਪ.ਪ. ਉਭਾ	.. 1-11-1992 -do-
4. ਪ.ਪ. ਭੀਖੀਵਾਲ	.. 1/1993 -do-
5. ਪ.ਪ. ਬਨਾਰੀਆਂ	.. -do- -do-
18. ਮਜੀਠਾ	
1. ਪ.ਸ. ਮਹਿਤਾ	.. Since 1982 ਕੋਈ ਨਹੀਂ
2. ਪ.ਪ. ਬਾਬਾ ਬਕਾਲਾ	.. 6-9-1984 ਕੋਈ ਨਹੀਂ
3. ਪ.ਪ. ਰੱਈਆ	.. 6/1986 ਕੋਈ ਨਹੀਂ
4. ਪ.ਪ. ਜੰਡਿਆਲਾ ਟਾਊਨ	.. 2-2-1993 ਕੋਈ ਨਹੀਂ
5. ਪ.ਪ. ਜਗਦੇਵ ਕਲਾਂ	.. Since 1961 ਕੋਈ ਨਹੀਂ

Original with;
Punjab Vidhan Sabha
Digitized by;
Punjab Digital Library

[ਮੁਖ ਮੰਤਰੀ]

ਨਿਮਨਲਿਖਤ ਇਮਾਰਤਾਂ ਦੇ ਮਾਲਕ ਇਨ੍ਹਾਂ ਨੂੰ ਖਾਲੀ ਕਰਾਉਣ ਦੇ ਇੱਛੁਕ ਹਨ : —

ਜਲੰਧਰ

1. ਪੁਲਿਸ ਸਟੇਸ਼ਨ ਡਵੀਜ਼ਨ ਨੰ: 3
2. ਪੁਲਿਸ ਸਟੇਸ਼ਨ ਸਿਟੀ ਨਵਾਂ ਸ਼ਹਿਰ
3. ਪੁਲਿਸ ਸਟੇਸ਼ਨ ਗੋਰਾਇਆ
4. ਪੁਲਿਸ ਚੌਕੀ ਸਿਟੀ ਨਕੋਦਰ

ਹੁਸ਼ਿਆਰਪੁਰ

1. ਪੁਲਿਸ ਸਟੇਸ਼ਨ ਤਲਵਾੜਾ
2. ਪੁਲਿਸ ਸਟੇਸ਼ਨ ਬਲੋਵਾਲ
3. ਪੁਲਿਸ ਚੌਕੀ ਮਹਿਤੀਆਨਾ
4. ਪੁਲਿਸ ਚੌਕੀ ਕੋਟ ਫਤੂਹੀ
5. ਪੁਲਿਸ ਚੌਕੀ ਕਾਠਗੜ੍ਹ
6. ਪੁਲਿਸ ਚੌਕੀ ਸ਼ਾਮ ਚੌਰਾਸੀ

ਅੰਮ੍ਰਿਤਸਰ

1. ਪੁਲਿਸ ਚੌਕੀ ਸੁਲਤਾਨ ਵਿੰਡ

ਬਟਾਲਾ

1. ਪੁਲਿਸ ਸਟੇਸ਼ਨ ਰੰਗੜ ਨੰਗਲ

ਬਰਨਾਲਾ

1. ਪੁਲਿਸ ਚੌਕੀ ਢਿਲਵਾਂ
2. ਪੁਲਿਸ ਚੌਕੀ ਹੁੰਡੀਆ
3. ਪੁਲਿਸ ਚੌਕੀ ਛਪਾ
4. ਪੁਲਿਸ ਚੌਕੀ ਕਲਾਲ ਮਾਜਰਾ
5. ਪੁਲਿਸ ਚੌਕੀ ਮਹਿਲ ਕਲਾਂ
6. ਪੁਲਿਸ ਚੌਕੀ ਕੁਟਬਾ
7. ਪੁਲਿਸ ਚੌਕੀ ਕਰਾਰ
8. ਪੁਲਿਸ ਚੌਕੀ ਬਾਈਪਾਸ ਬਾਜਾ ਖਾਨਾ ਰੋਡ

ਰੋਪੜ

1. ਪੁਲਿਸ ਸਟੇਸ਼ਨ ਮੁੱਲਾਪੁਰ
2. ਪੁਲਿਸ ਸਟੇਸ਼ਨ ਸੋਹਾਣਾ

Original with;
Punjab Vidhan Sabha
Digitized by;
Punjab Digital Library

ਮਾਨਸਾ

1. ਪੁਲਿਸ ਸਟੇਸ਼ਨ ਝੁਨੀਰ
2. ਪੁਲਿਸ ਸਟੇਸ਼ਨ ਜੋਗਾ
3. ਪੁਲਿਸ ਸਟੇਸ਼ਨ ਉਡਾ
4. ਪੁਲਿਸ ਚੌਕੀ ਬੋਹਨੀਵਾਲ
5. ਪੁਲਿਸ ਚੌਕੀ ਕੁਲਰੀਆਂ

ਮਜੀਠਾ

1. ਪੁਲਿਸ ਸਟੇਸ਼ਨ ਮਹਿਤਾ

ਬਠਿੰਡਾ

1. ਪੁਲਿਸ ਚੌਕੀ ਭੁਚੋਂ
2. ਪੁਲਿਸ ਚੌਕੀ ਨੰਦਗੜ੍ਹ
3. ਪੁਲਿਸ ਚੌਕੀ ਕੋਟ ਸ਼ਮੀਰ

ਸੈਲਫ ਫਾਇਨੈਂਸ ਸਕੀਮ ਅਧੀਨ ਬਿਜਲੀ ਦੇ ਕੁਨੈਕਸ਼ਨ

464. **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ਿਲ੍ਹਾ ਗੁਰਦਾਸਪੁਰ ਵਿਚ ਸਾਲ 1992 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਸੈਲਫ ਫਾਇਨੈਂਸ ਸਕੀਮ ਅਧੀਨ ਟਿਊਬਵੈਲਾਂ ਲਈ ਬਿਜਲੀ ਦੇ ਕੁਨੈਕਸ਼ਨ ਦੇਣ ਲਈ ਤਹਿਸੀਲ-ਵਾਰ ਪ੍ਰਾਪਤ ਹੋਈਆਂ ਅਰਜ਼ੀਆਂ ਦੀ ਗਿਣਤੀ ਕਿੰਨੀ-ਕਿੰਨੀ ਹੈ ਅਤੇ ਰਾਜ ਬਿਜਲੀ ਬੋਰਡ ਨੂੰ ਇਨ੍ਹਾਂ ਅਰਜ਼ੀਆਂ ਦੇ ਨਾਲ ਕੁੱਲ ਕਿੰਨੀ ਰਕਮ ਪ੍ਰਾਪਤ ਹੋਈ ;

(ਅ) ਉਕਤ ਅਰਜ਼ੀਆਂ ਦੇ ਆਧਾਰ ਤੇ ਹੁਣ ਤੱਕ ਦਿੱਤੇ ਗਏ ਉਕਤ ਕੁਨਕਸ਼ਨਾਂ ਦੀ ਗਿਣਤੀ ਕਿੰਨੀ ਹੈ ?

ਸਰਦਾਰ ਬੇਅੰਤ ਸਿੰਘ (ੳ) ਸਵੈ-ਵਿੱਤੀ ਸਕੀਮ ਅਧੀਨ ਟਿਊਬਵੈਲ ਬਿਜਲੀ ਕੁਨੈਕਸ਼ਨ ਦੇਣ ਲਈ ਅਰਜ਼ੀਆਂ ਦੇ ਦਾਖਲੇ ਮਿਤੀ 30-9-91 ਤੱਕ ਸਨ । ਫਿਰ ਵੀ ਪੰਜਾਬ ਰਾਜ ਬਿਜਲੀ ਬੋਰਡ ਨੇ ਸੀ. ਸੀ. 14/93, ਮਿਤੀ 5-5-93 ਰਾਹੀਂ ਅਗੇਤਰਾ ਸੂਚੀਆਂ (ਜਿਵੇਂ ਅਨੁਲੱਗ ਵਿੱਚ ਵੇਰਵੇ ਦਿੱਤੇ ਹਨ) ਅਧੀਨ ਸਵੈ-ਵਿੱਤੀ ਸਕੀਮ ਲਈ ਅਰਜ਼ੀਆਂ ਦੇ ਦਾਖਲੇ ਮਿਤੀ31-3-93 ਤੱਕ ਵਧਾ ਦਿੱਤੇ ਸਨ । ਪ੍ਰਾਪਤ ਹੋਈਆਂ ਅਰਜ਼ੀਆਂ ਦੀ ਗਿਣਤੀ, ਪ੍ਰਾਪਤ ਪੈਸੇ ਸਬੰਧੀ ਵੇਰਵੇ ਸਦਨ ਦੀ ਮੇਜ਼ ਤੇ ਰੱਖੇ ਜਾਂਦੇ ਹਨ ।

(ਅ) ਉਪਰੋਕਤ ਪ੍ਰਾਪਤ ਅਰਜ਼ੀਆਂ ਵਿਚੋਂ ਹੁਣ ਤੱਕ ਦਿੱਤੇ ਗਏ ਕੁਨੈਕਸ਼ਨਾਂ ਦੀ ਕੁੱਲ ਗਿਣਤੀ ਦਾ ਵੇਰਵਾ ਨੱਥੀ ਅਨੁਲੱਗ ਵਿੱਚ ਦਿਤਾ ਗਿਆ ਹੈ ।

Original with;
Punjab Vidhan Sabha
Digitized by;

[ਮੁੱਖ ਮੰਤਰੀ]

ਅਨੁਲੱਗ

ਅਗੇਤਰਾ ਸ਼੍ਰੇਣੀਆਂ ਦੀ ਸੂਚੀ

1. 8 ਕਿ. ਮੀ. ਅੰਤਰ ਰਾਸ਼ਟਰੀ ਬਾਰਡਰ ਬੈਲਟ
2. ਸਾਬਕਾ ਫੌਜੀ
3. ਸਵਤੰਤਰਤਾ ਸੰਗਰਾਮੀ
4. ਧਾਰਮਿਕ/ਚੈਰੀਟੇਬਲ ਸੰਸਥਾਵਾਂ
5. ਨਕਾਰਾ ਫੌਜੀ ਵਿਅਕਤੀ, ਜੋ ਅਜੇ ਵੀ ਬੈਟਲ ਕੈਜੂਐਲਟੀ ਵਜੋਂ ਸਰਵਿਸ ਵਿੱਚ ਹਨ ।
6. ਸੂਰਬੀਰਤਾ ਇਨਾਮ ਜੇਤੂ
7. ਵਿਦਿਅਕ ਸੰਸਥਾਵਾਂ
8. ਰਾਜ ਸਰਕਾਰ ਕੁਨੈਕਸ਼ਨ
9. ਪਰਿਵਾਰਿਕ ਵੰਡ/ਭੂਮੀ ਦੀ ਵੰਡ
10. ਅੰਨ੍ਹੇ/ਅਪਾਹਜ ਵਿਅਕਤੀ
11. ਪਿੰਡ ਪੰਚਾਇਤ

ਪ੍ਰਾਪਤ ਹੋਈਆਂ ਅਰਜ਼ੀਆਂ ਅਤੇ ਪੈਸਿਆਂ ਦੇ ਵੇਰਵੇ

	ਤਹਿਸੀਲ ਦਾ ਨਾਂ			
	ਬਟਾਲਾ	ਗੁਰਦਾਸਪੁਰ	ਪਠਾਨਕੋਟ	ਕੁੱਲ
1. ਪ੍ਰਾਪਤ ਅਰਜ਼ੀਆਂ	275	576	185	1,036
2. ਪ੍ਰਾਪਤ ਰਕਮ (ਰੁ ਲੱਖਾਂ ਵਿੱਚ)	7.00	7.86	5.35	20.21

ਉਪਰੋਕਤ ਪ੍ਰਾਪਤ ਹੋਈਆਂ ਅਰਜ਼ੀਆਂ ਵਿਚੋਂ ਹੁਣ ਤੱਕ ਜਾਰੀ ਹੋਏ ਕੁੱਲ ਕੁਨੈਕਸ਼ਨਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

ਬਟਾਲਾ	ਗੁਰਦਾਸਪੁਰ	ਪਠਾਨਕੋਟ	ਕੁੱਲ
85	42	70	197

Original with;
Punjab Vidhan Sabha
Digitized by;
Panjab Digital Library

ਕੇਂਦਰੀ ਸਹਿਕਾਰੀ ਬੈਂਕ, ਮਾਨਸਾ ਵਿਚ ਅਮਲੇ ਦੀ ਕਮੀ

465. **ਕਾਮਰੇਡ ਹਰਦੇਵ ਅਰਸ਼ੀ** : ਕੀ ਸਹਿਕਾਰਤਾ ਅਤੇ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ਿਲ੍ਹਾ ਮਾਨਸਾ ਵਿਚ ਇਸ ਸਮੇਂ ਕੇਂਦਰੀ ਸਹਿਕਾਰੀ ਬੈਂਕ ਦੀਆਂ ਸ਼ਾਖਾਵਾਂ ਦੀ ਕੁੱਲ ਗਿਣਤੀ ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਉਕਤ ਹਰ ਇਕ ਸ਼ਾਖਾ ਲਈ ਲੋੜੀਂਦੇ ਕਰਮਚਾਰੀਆਂ ਦੀ ਸ਼੍ਰੇਣੀਵਾਰ ਅਤੇ ਇਸ ਸਮੇਂ ਅਸਲ ਵਿਚ ਕੰਮ ਕਰਦੇ ਕਰਮਚਾਰੀਆਂ ਦੀ ਵੱਖ-ਵੱਖ ਗਿਣਤੀ ਕਿੰਨੀ ਕਿੰਨੀ ਹੈ ਅਤੇ ਕਰਮਚਾਰੀਆਂ ਦੀ ਕਮੀ ਨੂੰ; ਜੇਕਰ ਕੋਈ ਹੋਏ, ਕਦੋਂ ਤੱਕ ਪੂਰਾ ਕੀਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਸੱਜਨ ਕੁਮਾਰ ਜਾਖੜ : (ੳ) ਜ਼ਿਲ੍ਹਾ ਮਾਨਸਾ ਵਿੱਚ ਕੇਂਦਰੀ ਸਹਿਕਾਰੀ ਬੈਂਕ ਦੀਆਂ 18 ਬਰਾਂਚਾਂ ਹਨ ।

(ਅ) ਉਪਰੋਕਤ ਪੈਰਾ 'ੳ' ਵਿੱਚ ਦੱਸੀਆਂ ਬਰਾਂਚਾਂ ਦੇ ਸਟਾਫ਼ ਸਬੰਧੀ ਸੂਚਨਾਂ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ.	ਕੈਟਾਗਰੀ	ਅਲਾਟ ਕੀਤੀਆਂ ਅਸਾਮੀਆਂ ਦੀ ਗਿਣਤੀ	ਮੌਜੂਦਾ ਕੰਮ ਕਰਦਾ ਸਟਾਫ਼	ਘੱਟ
1.	ਮੈਨੇਜਰ ..	—	1	—
2.	ਉਪ-ਮੈਨਜਰ ..	2	2	—
3.	ਸੀਨੀਅਰ ਲੇਖਾਕਾਰ ..	4	4	—
4.	ਜੂਨੀਅਰ ਲੇਖਾਕਾਰ .	17	17	—
5.	ਸੀਨੀਅਰ ਕਲਰਕ ..	22	22	—
6.	ਜੂਨੀਅਰ ਕਲਰਕ ..	21	16	5
7.	ਸਟੈਨੋ-ਟਾਈਪਿਸਟ ..	1	—	1
8.	ਸੇਵਾਦਾਰ	35	31	4
		102	93	10

ਇੱਕ ਕੇਂਦਰੀ ਸਹਿਕਾਰੀ ਬੈਂਕਾਂ ਦਾ ਸਟਾਫਿੰਗ ਪੈਟਰਨ ਵਿਚਾਰ ਅਧੀਨ ਹੈ ਅਤੇ 31-5-1995 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ । ਇਸ ਉਪਰੰਤ ਨਵੇਂ ਸਟਾਫਿੰਗ ਪੈਟਰਨ ਅਨੁਸਾਰ ਖਾਲੀ ਆਸਾਮੀਆਂ ਭਰੀਆਂ ਜਾਣਗੀਆਂ ।

———

Original with;
Punjab Vidhan Sabha
Digitized by;

ਉਦਯੋਗਿਕ ਸਿਖਲਾਈ ਵਿਭਾਗ ਦੇ ਦਰਜਾ III ਦੇ ਕਰਮਚਾਰੀਆਂ ਲਈ ਸੇਵਾ ਦੇ ਨਿਯਮ ਬਣਾਉਣਾ

466. **ਕਾਮਰੇਡ ਹਰਦੇਵ ਅਰਸ਼ੀ**: ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿੱਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਉਦਯੋਗਿਕ ਸਿਖਲਾਈ ਵਿਭਾਗ ਵਿੱਚ ਦਰਜਾ-III ਦੇ ਕਰਮਚਾਰੀਆਂ ਦੇ ਸਬੰਧ ਵਿਚ ਕੋਈ ਸੇਵਾ ਨਿਯਮ ਬਣਾਏ ਗਏ ਹਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਉਕਤ ਨਿਯਮਾਂ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ਅਤੇ ਜੇਕਰ ਨਹੀਂ ਤਾਂ ਉਸ ਦੇ ਕਾਰਣ ਕੀ ਹਨ ਅਤੇ ਨਿਯਮ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰਨੀ ਰਾਜਿੰਦਰ ਕੌਰ ਭੱਠਲ: (ੳ ਅਤੇ ਅ) ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ ਨੇ ਪੰਜਾਬ ਸਿਵਲ ਸੇਵਾਵਾਂ (ਸੇਵਾਵਾਂ ਦੀਆਂ ਆਮ ਅਤੇ ਸਾਂਝੀਆਂ ਸ਼ਰਤਾਂ) ਨਿਯਮ 1994 ਨੋਟੀਫਾਈ ਕੀਤੇ ਹਨ ਜਿਹੜੇ ਰਾਜ ਸਰਕਾਰ ਦੇ ਸਾਰੇ ਦਰਜਾ-III ਕਰਮਚਾਰੀਆਂ ਤੇ ਲਾਗੂ ਹੁੰਦੇ ਹਨ । ਉਦਯੋਗਿਕ ਸਿੱਖਲਾਈ ਵਿਭਾਗ ਦੇ ਦਰਜਾ-III ਕਰਮਚਾਰੀਆਂ ਦੇ ਨਿਸ਼ਚਿਤ ਨਿਯਮ ਤਿਆਰ ਕੀਤੇ ਜਾ ਰਹੇ ਹਨ ਅਤੇ ਜਿੰਨੀ ਛੇਤੀ ਸੰਭਵ ਹੋਇਆ ਭਿੰਨ ਭਿੰਨ ਰਸਮਾਂ ਨੂੰ ਪੂਰੀਆਂ ਕਰਨ ਉਪਰੰਤ ਇਨ੍ਹਾਂ ਨੂੰ ਅੰਤਮ ਰੂਪ ਦਿੱਤਾ ਜਾਵੇਗਾ ।

———

ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਦੇ ਉਪਮੰਡਲ ਦਫਤਰ ਨੂੰ ਬਦਲਣਾ

467. **ਕਾਮਰੇਡ ਹਰਦੇਵ ਅਰਸ਼ੀ** :ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿੱਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ), ਬੁਢਲਾਡਾ, ਜ਼ਿਲ੍ਹਾ ਮਾਨਸਾ ਦੇ ਉਪ-ਮੰਡਲ ਦਫ਼ਤਰ (ਦਿਹਾਤੀ ਕੰਮਾਂ) ਨੂੰ ਰੋਪੜ ਜਾਂ ਕਿਸੇ ਹੋਰ ਥਾਂ ਤੇ ਬਦਲਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਕੀ ਕਾਰਣ ਹਨ ?

ਸਰਦਾਰਨੀ ਰਾਜਿੰਦਰ ਕੌਰ ਭੱਠਲ: ਨਹੀਂ ਜੀ ।

———

Original with;
Punjab Vidhan Sabha
Digitized by;
Panjab Digital Library

ਸਮੂਹਕ ਕੇਂਦਰਾਂ ਦੀ ਉਸਾਰੀ

468. **ਕਾਮਰੇਡ ਹਰਦੇਵ ਅਰਸ਼ੀ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਵਿੱਤੀ ਸਾਲ 1994-95 ਦੌਰਾਨ ਜ਼ਿਲ੍ਹਾ-ਵਾਰ ਕੁੱਲ ਕਿੰਨੇ ਸਮੂਹਕ ਕੇਂਦਰ ਬਣਾਏ ਗਏ/ ਬਣਾਏ ਜਾਣ ਦੀ ਤਜ਼ਵੀਜ਼ ਹੈ ;

(ਅ) ਹਰ ਇਕ ਸਮੂਹਕ ਕੇਂਦਰਾਂ ਤੇ ਕਿੰਨੀ ਰਕਮ ਖਰਚ ਕੀਤੀ ਗਈ ਜਾਂ ਕੀਤੇ ਜਾਣ ਦੀ ਤਜਵੀਜ਼ ਹੈ ?

ਸਰਦਾਰ ਬੇਅੰਤ ਸਿੰਘ: (ੳ) ਰਾਜ ਸਰਕਾਰ ਵਲੋਂ ਸਾਲ 1994-95 ਦੌਰਾਨ ਕਮਿਊਨਿਟੀ ਸੈਂਟਰਾਂ ਦੀ ਉਸਾਰੀ ਦੀ ਤਜਵੀਜ਼ ਫਾਈਨਲ ਨਹੀਂ ਕੀਤੀ ਗਈ ।

(ਅ) ਸਵਾਲ ਹੀ ਪੈਂਦਾ ਨਹੀਂ ਹੁੰਦਾ ।

———

ਬਿਨਾ ਨਿਸ਼ਾਨ ਵਾਲਾ ਪ੍ਰਸ਼ਨ ਨੰਬਰ: 475*

(ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ।)

———

ਨੇਤਰਹੀਣਾਂ ਲਈ ਸੰਸਥਾਵਾਂ ਦੀ ਗਿਣਤੀ

476. (1) **ਸ਼੍ਰੀਮਤੀ ਵਿਮਲਾ ਡਾਂਗ**
(2) **ਕਾਮਰੇਡ ਹਰਦੇਵ ਅਰਸ਼ੀ** : ਕੀ ਸਮਾਜਕ ਸੁਰੱਖਿਆ ਅਤੇ ਇਸਤਰੀਆਂ ਅਤੇ ਬਾਲ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿਚ 1 ਜਨਵਰੀ, 1995 ਨੂੰ ਨੇਤਰਹੀਣ ਲਈ ਮਾਨਤਾ ਪ੍ਰਾਪਤ ਸੰਸਥਾਵਾਂ ਦੇ ਨਾਂ ਕੀ ਕੀ ਸਨ ਅਤੇ ਉਹ ਕਿਹੜੀ ਕਿਹੜੀ ਥਾਂ ਤੇ ਹਨ ;

(ਅ) ਅਜਿਹੀ ਹਰ ਇਕ ਸੰਸਥਾ ਵਿਚ ਸਰਗਰਮੀਆਂ/ਪੜ੍ਹਾਏ ਜਾਂਦੇ ਸਿਲੇਬਸ ਦੇ ਵੇਰਵੇ ਕੀ ਹਨ ;

(ੲ) ਕੀ ਸਰਕਾਰ ਉਕਤ ਭਾਗ (ੳ) ਵਿਚ ਵਰਣਿਤ ਸੰਸਥਾਵਾਂ ਨੂੰ ਕੋਈ ਗ੍ਰਾਂਟ ਮੁਹੱਈਆ ਕਰਦੀ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਸੰਸਥਾ-ਵਾਰ ਵੇਰਵੇ ਕੀ ਹਨ ?

---

* For Unstarred Question No. 475 and reply thereto, please see Appendix to this Debate.

Original with;
Punjab Vidhan Sabha
Digitized by;

ਚੌਧਰੀ ਜਗਜੀਤ ਸਿੰਘ (ੳ) ਚਾਰ ਸੰਸਥਾਵਾਂ ਜਿਨ੍ਹਾਂ ਦਾ ਵੇਰਵਾ ਹੇਠ ਅਨੁਸਾਰ ਹੈ :—

1. ਅੰਧ ਵਿਦਿਆਲਿਆ, ਜੀ. ਟੀ. ਰੋਡ ਅੰਮ੍ਰਿਤਸਰ ।
2. ਇੰਸਟੀਚਿਊਟ ਫਾਰ ਦੀ ਬਲਾਇੰਡ ਫਿਰੋਜ਼ਪੁਰ ।
3. ਹੋਮ-ਕਮ ਸਕੂਲ ਫਾਰ ਦੀ ਬਲਾਇੰਡ ਮਲੇਰਕੋਟਲਾ (ਸੰਗਰੂਰ) ।
4. ਹੋਮ-ਕਮ ਸਕੂਲ ਫਾਰ ਦੀ ਬਲਾਇੰਡ ਅਮਰ ਆਸ਼ਰਮ, ਪਟਿਆਲਾ ।

(ਅ) ਇਨ੍ਹਾਂ ਸੰਸਥਾਵਾਂ ਵਿੱਚ ਨੇਤਰਹੀਣਾਂ ਨੂੰ ਦਸਵੀਂ ਪੱਧਰ ਤੱਕ ਬਰੇਲ ਰਾਹੀਂ ਪੜ੍ਹਾਇਆ ਜਾਂਦਾ ਹੈ ਅਤੇ ਕੁਝ ਕਿੱਤਿਆਂ ਵਿੱਚ ਸਿਖਲਾਈ ਵੀ ਦਿੱਤੀ ਜਾਂਦੀ ਹੈ ।

(ੲ) ਹਾਂ ਜੀ, ਸਵੈਇੱਛਕ ਸੰਸਥਾਂ ਦੀ ਸੂਚੀ ਨਿਮਨਲਿਖਤ ਅਨੁਸਾਰ ਹੈ. —

ਲੜੀ ਨੰ	ਸੰਸਥਾਂ ਦਾ ਨਾਂ		ਮੰਨਜ਼ੂਰ ਕੀਤੀ ਜਾਂਦੀ ਰਕਮ
1.	ਅੰਧ ਵਿਦਿਆਲਿਆ ਅੰਮ੍ਰਿਤਸਰ ।	..	50,000/-
2.	ਇੰਸਟੀਚਿਊਟ ਫਾਰ ਦੀ ਬਲਾਇੰਡ ਫਿਰੋਜ਼ਪੁਰ	..	15,000/-
3.	ਹੋਮ-ਕਮ ਸਕੂਲ ਫਾਰ ਦੀ ਬਲਾਇੰਡ ਮਲੇਰਕੋਟਲਾ (ਸੰਗਰੂਰ)	..	25,000/-
4	ਹੋਮ-ਕਮ-ਸਕੂਲ ਫਾਰ ਦੀ ਬਲਾਇੰਡ, ਅਮਰ ਆਸ਼ਰਮ, ਪਟਿਆਲਾ ।	..	20,000/-

ANNOUNCEMENT BY THE SPEAKER

Mr. Speaker: I have to make an announcement. I have to inform the House that the Governor of Punjab has invited all the Hon'ble Members at tea at 5-30 P.M. today, the 27th March, 1995 at Raj Bhawan, Chandigarh. If the House agrees, today's sitting may be adjourned at 5-00 P. M.

(Voices: Yes, Yes.)

I will request the Hon'ble Members to reach the Raj Bhawan, at 5-15 P. M. sharp as there would be a group Photograph before the tea, Thank you.

Original with;
Punjab Vidhan Sabha
Digitized by;
Panjab Digital Library

ਸਰਦਾਰ ਨਿਰਮਲ ਸਿੰਘ ਨਿੰਮਾ: ** ** **

Mr. Speaker: This is no Point of Order. C. M. has already given the statement. This is no Point of Order. You can speak while speaking on the demands. (Noises)

I have said this is no Point of Order and it means no Point of Order.

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ** ** **

Mr. Speaker: This is no Point of Order. Please resume your seat.

ਸ਼੍ਰੀ ਵਿਜੇ ਕੁਮਾਰ ਸਾਥੀ: ** ** **

Mr. Speaker: This is no Point of Order. Please resume your seat. I have given the ruling. This is no Point of Order.

ਸ਼੍ਰੀਮਤੀ ਵਿਮਲਾ ਡਾਂਗ: ** ** **

ਸ਼੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਮੇਰੀ ਰੂਲਿੰਗ ਇਥੇ ਹਾਊਸ ਵਿਚ ਡਿਸਕਸ ਨਹੀਂ ਹੋ ਸਕਦੀ । 24 ਤਾਰੀਖ ਨੂੰ ਪੇਮੈਂਟਸ ਸਿਰਫ ਰੈਗੂਲੇਰਾਈਜ਼ ਅਤੇ ਰੈਸ਼ਨੇਲਾਈਜ਼ ਕਰਨ ਵਾਸਤੇ ਬੰਦ ਕੀਤੀਆਂ ਹਨ, ਉਸਤੋਂ ਬਾਅਦ ਬੰਦ ਨਹੀਂ ਹਨ ।

ਕਾਮਰੇਡ ਤਰਸੇਮ ਜੋਧਾਂ: ** ** **

Mr. Speaker: This is no Point of Order. Please resume your seat. Next item.

(ਇਸ ਸਮੇਂ ਵਿਰੋਧੀ ਧਿਰਾਂ ਦੇ ਮੈਂਬਰ ਸਾਹਿਬਾਨ ਵਲੋਂ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਪੁਆਇੰਟ ਆਫ ਆਰਡਰਜ਼ ਦੀ ਮੰਗ ਕੀਤੀ ਜਾ ਰਹੀ ਸੀ ਅਤੇ ਸਦਨ ਵਿਚ ਕਾਫੀ ਸ਼ੋਰ ਪੈਣ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ ।)

ਸਰਦਾਰ ਨਿਰਮਲ ਸਿੰਘ ਨਿੰਮਾ: ** ** **

Mr. Speaker: You have already said and I have given the ruling that this is no Point of Order.

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਮੈਨੂੰ ਵੀ ਸਮਾਂ ਦਿਉ । ਮੇਰਾ ਪੁਆਇੰਟ ਆਫ ਆਰਡਰ ਹੈ....

Mr. Speaker.: Sathi Ji, do not shout, Please resume your seat. Yes, Zira Sahib,

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ** ** **

** Expunged as Ordered by the Chair.

Original with;
Punjab Vidhan Sabha
Digitized by;
Panjab Digital Library

WALK-OUT

(At this stage members belonging to B.S.P., present in the House, Shri Vijay Kumar Sathi, Janata Dal and Comrade Tarsem Jodhan, C.P.I. (M) staged a walk-out while raising slogans**)

Mr. Speaker: I have given the ruling. If you are to do like this then I have to think whether I should allow you point of order or not. Slogans are not to be recorded,

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ** ** **

ਸ਼੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਸਰਕਾਰ ਦਾ ਖਜ਼ਾਨਾ ਦਿਵਾਲੀਆ ਨਹੀਂ ਹੋਇਆ। ਸਰਕਾਰ ਤਕੜੀ ਹੋ ਕੇ ਚਲ ਰਹੀ ਹੈ। ਐਵੇਂ ਰੌਲਾ ਪਾਉਣ ਦੀ ਲੋੜ ਨਹੀਂ।

DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 1995-96

Mr. Speaker There are two Demands for Grants i.e. Demand No. 15 and Demand No. 1 relating to Irrigation and Power and Agriculture and Forests respectively for discussion. If the hon'ble Members agree these may be deemed to have been read and moved.

(Voices: Yes, yes.)

Demand No. 15

That a sum not exceeding Rs. 1,81,74,85,000 on Revenue Account and Rs. 12,34,05,35,000 on Capital Account be granted to the Governor to defray the charges that will come in course of payment for the year 1995-96, in respect of Irrigation and Power.

Demand No. 1

That a sum not exceeding Rs. 1,47,82,93,000 on Revenue Account and Rs. 25,28,18,000 on Capital Account be granted to the Governor to defray the charges that will come in course of payment for the year 1995-96 in respect of Agriculture and Forests.

** Not recored Expunged as orderded by the Chair.

Original with;
Punjab Vidhan Sabha
Digitized by;
Panjab Digital Library

Mr. Speaker: Discussion, Shri Madan Mohan Mittal.

ਸ਼੍ਰੀ ਮਦਨ ਮੋਹਨ ਮਿੱਤਲ : ਸਰ, ਇਕ ਹੋਰ ਅਰਜ਼ ਕਰਨੀ ਸੀ ਬੋਲਣ ਤੋਂ ਪਹਿਲਾਂ ਕਿ ਦੋ ਡਿਮਾਂਡਜ਼ ਅੱਜ ਡਿਸਕਸ਼ਨ ਵਾਸਤੇ ਰਖੀਆਂ ਹਨ ਅਤੇ ਦੋ ਕੱਲ ਵਾਸਤੇ ਰਖੀਆਂ ਹਨ ਬਜਾਏ ਇਸ ਦੇ ਕਿ ਅਸੀਂ ਇਕ ਇਕ ਡਿਮਾਂਡ ਤੇ ਅੱਡ ਅੱਡ ਬੋਲੀਏ ਅਤੇ ਸਾਨੂੰ ਏਨਾ ਟਾਈਮ ਵੀ ਨਹੀਂ ਮਿਲਣਾ ਕਿ ਅਸੀਂ ਬੋਲ ਸਕੀਏ, ਕਿਉਂ ਨਾ ਅਸੀਂ ਇਨ੍ਹਾਂ ਸਾਰੀਆਂ ਨੂੰ ਡਿਸਕਸ਼ਨ ਵਾਸਤੇ ਕਲੱਬ ਕਰ ਲਈਏ ਅਤੇ ਚਾਰਾਂ ਡਿਮਾਂਡਾਂ ਤੇ ਡਿਸਕਸ਼ਨ ਕਰ ਲਈਏ ਅਤੇ ਵੋਟਿੰਗ ਵਾਸਤੇ ਅੱਡ ਅੱਡ ਡਿਮਾਂਡ ਆ ਜਾਵੇ ।

Mr. Speaker.: This is the decision of the Business Advisory Committee of which you are yourself a member.

Shri Madan Mohan Mittal: I am talking about discussion and not about voting.

Mr. Speaker.: You can confine yourself only to these two demands. I am not allowing for the other demands. That is my decision. I have told you to discuss the demands of today only.

ਸ਼੍ਰੀ ਮਦਨ ਮੋਹਨ ਮਿੱਤਲ (ਨੰਗਲ): ਸਪੀਕਰ ਸਾਹਿਬ, ਤੁਸੀਂ ਅੱਜ ਦੀਆਂ ਡਿਮਾਂਡਾਂ ਤੇ ਬੋਲਣ ਵਾਸਤੇ ਮੌਕਾ ਦਿੱਤਾ ਹੈ, ਮੈਂ ਤੁਹਾਡਾ ਧੰਨਵਾਦੀ ਹਾਂ । ਇਹ ਜੋ ਡਿਮਾਂਡਾਂ ਰਖੀਆਂ ਗਈਆਂ ਹਨ ਦੋ ਮਹਿਕਮਿਆਂ ਦੀਆਂ, ਐਗਰੀਕਲਚਰ ਐਂਡ ਫਾਰੈਸਟ ਅਤੇ ਇਰੀਗੇਸ਼ਨ ਐਂਡ ਪਾਵਰ, ਮੈਂ ਇਸ ਦੇ ਬਾਰੇ, ਸਪੀਕਰ ਸਾਹਿਬ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਥੋਂ ਤੱਕ ਡਿਮਾਂਡ ਦਾ ਤਾਅਲੁੱਕ ਹੈ, ਡਿਮਾਂਡ ਭਾਵੇਂ ਘੱਟ ਮੰਗਣ, ਭਾਵੇਂ ਵੱਧ ਮੰਗਣ ਕੁਐਸਚਨ ਹੈ Whether the money which we are passing here by providing for expenditure is being used or will be used for the welfare of the public or whether there is any wastage of funds ? ਜਦ ਤੱਕ ਇਸ ਗੱਲ ਦੀ ਗਾਰੰਟੀ ਨਾ ਹੋਵੇ, ਮੈਂ ਸਮਝਦਾ ਹਾਂ ਕਿ ਇਹ ਸਾਰੀ ਬਹਿਸ ਕਰਨ ਦਾ, ਗੱਲਾਂ ਕਹਿਣ ਦਾ ਏਥੇ ਕੋਈ ਪਰਪਜ਼ ਨਹੀਂ ਰਹਿ ਜਾਂਦਾ । ਕਿਸੇ ਵੀ ਸਮਾਜ ਨੂੰ ਸੁਰੱਖਿਅਤ ਕਰਨ ਵਾਸਤੇ, ਖੁਸ਼ਹਾਲ ਕਰਨ ਵਾਸਤੇ ਇਹ ਜ਼ਰੂਰੀ ਹੈ ਕਿ ਸਮਾਜ ਵਿਚ ਪੀਸ ਹੋਵੇ ਹਰੇਕ ਬੰਦੇ ਨੂੰ ਈਕੂਅਲ ਰਾਈਟਸ ਹੋਣ, ਆਪਰਚੂਨਿਟੀਜ਼ ਹੋਣ ਔਰ ਜਿਹੜਾ ਕਿਸਾਨ ਆਪਣੀ ਪੈਦਾਵਾਰ ਕਰਦਾ ਹੈ, ਉਸ ਨੂੰ ਉਸ ਦੀ ਪੂਰੀ ਕੀਮਤ ਮਿਲੇ, ਡੈਮੋਕਰੇਟਿਕ ਸੈੱਟ ਅਪ ਹੋਵੇ । ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਐਗਰੀਕਲਚਰ ਐਂਡ ਫਾਰੈਸਟ ਦੇ ਬਾਰੇ ਕੁਝ ਗੱਲਾਂ ਕਹਿਣੀਆਂ ਚਾਹਾਂਗਾ । ਇਹ ਠੀਕ ਹੈ ਕਿ ਪੰਜਾਬ ਦੇ ਕਿਸਾਨ ਨੇ ਬੜੀ ਉਪਜ ਪੈਦਾ ਕੀਤੀ ਹੈ । ਪੰਜਾਬ ਵਿਚ ਹਰੀ ਕ੍ਰਾਂਤੀ ਦੀ ਲਹਿਰ 1967 ਵਿਚ ਸਰਦਾਰ ਗੁਰਨਾਮ ਸਿੰਘ ਦੀ ਸਰਕਾਰ ਵੇਲੇ ਸ਼ੁਰੂ ਹੋਈ ਸੀ । ਉਨ੍ਹਾਂ ਦੀ ਸਕੀਮ ਮੁਤਾਬਿਕ ਇਹ ਗਰੀਨ ਰੈਵੋਲਿਊਸ਼ਨ ਆਇਆ ਅਤੇ ਅੱਜ ਵੀ ਉਹ ਗਰੀਨ ਰੈਵੋਲਿਊਸ਼ਨ ਅੱਗੇ ਵਧਦਾ ਜਾ ਰਿਹਾ ਹੈ । ਹੁਣ ਹਾਲਤ ਇਹ ਹੋ ਗਈ ਹੈ ਕਿ ਸਾਨੂੰ ਇਹ ਸੋਚਣ ਦੀ ਲੋੜ ਪੈ ਗਈ ਹੈਕਿ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਹੁਣ ਇਸ ਨੂੰ ਡਾਈਵਰਸੀਫਾਈ ਕੀਤਾ ਜਾਵੇ ਅਤੇ ਅਸੀਂ ਆਪਣਾ ਅਨਾਜ ਏਨਾ ਸਰਪਲੱਸ ਪੈਦਾ ਨਾ ਕਰ ਦੇਈਏ ਕਿ ਸਾਨੂੰ ਇਸ ਦੀ ਠੀਕ ਕੀਮਤ ਹੀ ਨਾ ਮਿਲੇ । ਅੱਜ ਸਾਰੇ ਲੋਕ ਮੰਨਦੇ ਹਨ ਕਿ ਪੰਜਾਬ ਦੇ ਕਿਸਾਨ ਨੇ ਖੇਤੀਬਾੜੀ ਵਿਚ ਐਨੀ ਜ਼ਿਆਦਾ ਉੱਨਤੀ ਕਰਕੇ ਨਾ ਕੇਵਲ ਪੰਜਾਬ ਨੂੰ ਬਲਕਿ ਸਾਰੇ ਹਿੰਦੁਸਤਾਨ ਨੂੰ ਏਨਾ ਮਜ਼ਬੂਤ ਬਣਾਇਆ ਹੈ ਕਿ ਸਾਨੂੰ ਵਿਦੇਸ਼ਾਂ ਕੋਲੋਂ ਕੁਝ ਮੰਗਣਾ ਨਾ ਪਵੇ । ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਲਹਿਰ ਠੀਕ ਚਲੀ ਹੈ । ਇਥੋਂ ਤੱਕ ਕਿ ਆਤੰਕਵਾਦ ਦੇ ਦਿਨਾਂ ਵਿਚ ਵੀ ਅਤਿਅੰਤ ਮਾੜੇ ਹਾਲਾਤ ਹੋਣ ਦੇ ਬਾਵਜੂਦ ਕਿਸਾਨ ਨੇ ਆਪਣੀ ਪੈਦਾਵਾਰ ਨੂੰ ਮੈਨਟੇਨ ਕਰਕੇ ਰੱਖਿਆ ਹੈ । ਮੈਂ ਫਿਗਰਜ਼ ਨੂੰ ਦੁਹਰਾਉਣਾ ਨਹੀਂ ਚਾਹੁੰਦਾ । ਇਥੇ ਬਹੁਤ ਫਿਗਰਜ਼ ਦਿੱਤੀਆਂ ਗਈਆਂ । ਪੰਜਾਬ ਨੇ ਸੈਂਟਰਲ ਪੂਲ ਦੇ ਅੰਨ ਭੰਡਾਰ ਨੂੰ ਭਰ ਕੇ ਰੱਖਿਆ ਲੇਕਿਨ ਦੇਖਣ ਵਾਲੀ ਗੱਲ ਇਹ ਹੈ ਕਿ ਕੀ ਅਸੀਂ ਕਿਸਾਨ ਨੂੰ ਉਸ ਦੀ ਉਪਜ ਦਾ ਠੀਕ ਮੁੱਲ ਦੇ ਰਹੇ ਹਾਂ ਅਤੇ ਕੀ ਅਸੀਂ ਕਿਸਾਨ ਨਾਲ ਇਨਜਸਟਿਸ ਤਾਂ ਨਹੀ ਕਰ ਰਹੇ । ਇਥੇ ਜੋ ਡਿਮਾਂਡਜ਼ ਰੱਖੀਆਂ ਗਈਆਂ ਹਨ, ਉਨ੍ਹਾਂ ਵਿਚ ਸਬਸਿਡੀਆਂ ਦੇ ਨਾਂ ਤੇ, ਦਸਤਕਾਰੀਆਂ ਦੇ ਨਾਂ ਤੇ ਬਹੁਤ ਸਾਰਾ ਪੈਸਾ ਦਿੱਤਾ ਜਾ ਰਿਹਾ ਹੈ - ਇਹ ਦਰਸਾਇਆ ਗਿਆ ਹੈ । ਕਿਹਾ ਤਾਂ ਇਹ ਜਾ ਰਿਹਾ ਹੈ ਕਿ ਅਸੀਂ ਖੇਤੀ ਵਾਸਤੇ ਸਬਸਿਡੀਆਂ ਦੇ ਰਹੇ ਹਾਂ ਲੇਕਿਨ ਉਹ ਬਹੁਤ ਸਾਰਾ ਪੈਸਾ ਗਲਤ ਵਰਤੋਂ ਵਿਚ ਆ ਰਿਹਾ ਹੈ । ਇਥੇ ਭਾਸ਼ਣ ਦੇਣ ਲੱਗਿਆਂ ਬਹੁਤ ਵਾਰੀ ਕਿਹਾ ਜਾਂਦਾ ਹੈ - ਉਤੇ ਜੱਟ, ਹੇਠਾਂ ਜੱਟ । ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਤੇ ਅਟੈਚੀ ਕੇਸ, ਨੀਚੇ ਅਟੈਚੀ ਕੇਸ ਅਤੇ ਦਰਮਿਆਨ ਵਿਚ ਜੱਟ ਫਸੇ ਹੋਏ ਹਨ । ਮੈਂ ਕਰੈਕਟਰ ਅਸੈਸੀਨੇਸ਼ਨ ਨਹੀਂ ਕਰ ਰਿਹਾ, ਸਾਡੀ ਪਾਰਟੀ ਇਸ ਦੇ ਖਿਲਾਫ ਹੈ । ਮੇਰੇ ਕੋਲ ਠੋਸ ਸਬੂਤ ਨਹੀਂ ਹਨ, ਤੱਥ ਨਹੀ ਹਨ ਲੇਕਿਨ ਐਗਰੀਕਲਚਰਲ ਮਨਿਸਟਰ ਬਾਰੇ ਇਤਨਾ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਜਾਂ ਤਾਂ ਮਹਿਕਮਾ ਉਨ੍ਹਾਂ ਦੀ ਪਕੜ ਵਿਚ ਨਹੀਂ, ਮਹਿਕਮੇ ਵਾਲੇ ਉਨ੍ਹਾਂ ਦਾ ਆਖਾ ਨਹੀਂ ਮੰਨਦੇ ਅਤੇ ਜਾਂ ਫਿਰ ਰਿਮੋਟ ਕੰਟਰੋਲ ਨਾਲ ਇਹ ਮਹਿਕਮਾ ਚਲਦਾ ਹੈ। ਸਪੀਕਰ ਸਾਹਿਬ, ਸੁਪਰ ਫਾਸਫੇਟ ਨਾਂ ਦੀ ਇਕ ਖਾਦ ਬਣਦੀ ਹੈ । ਉਸ ਦੇ 6 ਕਾਰਖਾਨੇ ਹਨ 4 ਵੱਡੇ ਅਤੇ 2 ਛੋਟੇ । ਤੁਸੀਂ ਹੈਰਾਨ ਹੋਵੋਗੇ ਕਿ ਇਨ੍ਹਾਂ ਕਾਰਖਾਨਿਆਂ ਨੂੰ 340/- ਰੁਪਏ ਪਰ ਮੀਟ੍ਰਿਕ ਟਨ ਦੇ ਹਿਸਾਬ ਨਾਲ ਪੰਜਾਬ ਸਰਕਾਰ ਵਲੋਂ, ਜਾਂ ਕੇਂਦਰ ਸਰਕਾਰ ਵਲੋਂ ਸਬਸਿਡੀ ਦਿੱਤੀ ਜਾਂਦੀ ਹੈ ਲੇਕਿਨ ਅਫਸੋਸ ਦੀ ਗੱਲ ਇਹ ਹੈ ਕਿ ਲੱਖਾਂ ਟਨ ਸੁਪਰ ਫਾਸਫੇਟ ਮੈਨੂੰਫੈਕਚਰ ਹੀ ਨਹੀਂ ਕੀਤੀ ਜਾਂਦੀ ਬਲਕਿ ਉਸ ਦੀ ਸਿਰਫ ਬਿਲਿੰਗ ਹੀ ਹੁੰਦੀ ਹੈ । ਉਸ ਨੂੰ ਸਿਰਫ ਦਿਖਾਇਆ ਹੀ ਜਾਂਦਾ ਹੈ ਕਿ ਇਹ ਮੈਨੂਫੈਕਚਰ ਹੁੰਦੀ ਹੈ । ਸਾਰਾ ਮਹਿਕਮਾ, ਸਾਰਾ ਡਾਇਰੈਕਟੋਰੇਟ ਇਸ ਵਿਚ ਸ਼ਾਮਲ ਹੈ ਉਸ ਮੈਨੂੰਫੈਕਚਰਿੰਗ ਨੂੰ ਜਸਟੀਫਾਈ ਕਰਦਾ ਹੈ ਅਤੇ ਬਿੱਲ ਕਟੇ ਜਾਣ ਤੋਂ ਬਾਦ ਮਹਿਕਮਾ ਉਸ ਨੂੰ ਸਰਟੀਫਾਈ ਕਰਦਾ ਹੈ ਕਿ ਏਨੀ ਸੁਪਰ ਫਾਸਫੇਟ ਬਣੀ ਅਤੇ ਏਨੀ ਵਿਕ ਗਈ । ਉਸ ਦੇ ਹਿਸਾਬ ਨਾਲ ਉਨ੍ਹਾਂ ਨੂੰ ਸਬਸਿਡੀ ਰਿਲੀਜ਼ ਕੀਤੀ ਜਾਂਦੀ ਹੈ । ਜਿਹੜੇ ਕਾਰਖਾਨੇਦਾਰ ਹਨ ਉਨ੍ਹਾਂ ਨੂੰ ਬਿੱਲ ਬਣਾਉਣ ਵਾਸਤੇ ਡੀਲਰਜ਼ ਨੂੰ 20/- ਰੁਪਏ ਤੋਂ ਲੈ ਕੇ 40/- ਰੁਪਏ ਤੱਕ ਪਰ ਮੀਟ੍ਰਿਕ ਟਨ ਦੇ ਹਿਸਾਬ ਨਾਲ ਉਸ ਦਾ ਮੁਆਵਜ਼ਾ ਦੇਣਾ ਪੈਂਦਾ ਹੈ । ਅਸਲ ਵਿਚ ਨਾ ਉਹ ਖਾਦ ਬਣਦੀ ਹੈ ਅਤੇ ਨਾ ਹੀ ਵਿਕਦੀ ਹੈ । ਉਨ੍ਹਾਂ ਨੂੰ ਇਹ ਬਿੱਲ ਚਾਹੀਦੇ ਹੁੰਦੇ ਹਨ ਜਿਹੜੇ ਇਹ ਸ਼ੋਅ ਕਰ ਸਕਣ ਕਿ ਏਨੀ ਖਾਦ ਬਣੀ ਔਰ ਏਨੀ ਵਿਕੀ । ਪਹਿਲਾਂ ਇਸ ਕਿਸਮ ਦੀ ਬਿਲਿੰਗ

Original with;
Punjab Vidhan Sabha
Digitized by
Panjab Digital Library

ਇਰੀਗੇਸ਼ਨ ਮਹਿਕਮੇ ਵਿਚ ਹੁੰਦੀ ਸੀ । ਡਰੇਨੇਜ ਮਹਿਕਮੇ ਵਾਲੇ ਵੀ ਇਸ ਤਰ੍ਹਾਂ ਦੇ ਬਿੱਲ ਬਣਾਉਂਦੇ ਸੀ ਪਹਿਲਾਂ ਉਹ 10%, ਫਿਰ 15% ਜਾਂ 20% ਪੈਸੇ ਦੇ ਕੇ ਬਿੱਲ ਬਣਾਉਂਦੇ ਸੀ । ਇਸੇ ਤਰ੍ਹਾਂ ਹੀ ਸੁਪਰ ਫਾਸਫੇਟ ਦਾ ਵੀ ਇਹ ਏਡਾ ਵੱਡਾ ਸਕੈਂਡਲ ਸਾਹਮਣੇ ਆਇਆ ਹੈ । ਇਸ ਦੀ ਸੀ.ਬੀ.ਆਈ. ਤੋਂ ਉਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ । ਮੇਰੇ ਕੋਲ ਕੁਝ ਫਰਮਾਂ ਦੇ ਨਾਂ ਹਨ ਜਿਨ੍ਹਾਂ ਨੂੰ.....

Mr. Speaker: For your guidance, ਅੱਜ ਟਾਈਮ ਬਹੁਤ ਘੱਟ ਹੈ । ਜੋ ਗੱਲ ਕਹਿਣੀ ਹੈ ਉਹ ਜਲਦੀ ਜਲਦੀ ਪੂਰੀ ਕਰ ਲਓ । ਵੈਸੇ ਅਗਰ ਟਾਈਮ ਦੀ ਵੰਡ ਦੇਖੀ ਜਾਵੇ ਤਾਂ ਤੁਹਾਡੇ ਹਿੱਸੇ ਕੇਵਲ 4 ਮਿੰਟ ਆਉਂਦੇ ਹਨ ਲੇਕਿਨ ਫਿਰ ਵੀ ਤੁਸੀਂ 15 ਮਿੰਟ ਬੋਲ ਲਓ । You should plan your speech in such a way.

ਸ਼੍ਰੀ ਮਦਨ ਮੋਹਨ ਮਿੱਤਲ, ਸਪੀਕਰ ਸਾਹਿਬ, ਤੁਸੀਂ ਮੈਨੂੰ ਬਜਟ ਤੇ ਵੀ ਬੋਲਣ ਨਹੀ ਦਿੱਤਾ । ਅੱਜ ਤੁਸੀਂ ਟਾਇਮ ਦੀ ਸੀਮਾ ਲਗਾ ਦਿਤੀ ਹੈ । ਜੇ ਤੁਸੀਂ ਪੂਰਾ ਨਹੀਂ ਬੋਲਣ ਦੇਣਾ ਤਾਂ please excuse me, ਮੈਂ ਬੈਠ ਜਾਂਦਾ ਹਾਂ ।

Mr. Speaker : You can have 15 minutes maxium. Kindly finish within this time.

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਏਨੇ ਵੱਡੇ ਸਕੈਂਡਲ ਬਾਰੇ ਦੱਸਣਾ ਹੈ, ਟਾਇਮ ਤਾਂ ਲਗਦਾ ਹੀ ਹੈ ਮੈ ਅਰਜ਼ ਕਰ ਰਿਹਾ ਸੀ ਕਿ ਐਗਰੋ ਕੈਮੀਕਲ ਫਰਮ ਹੈ ਉਸ ਨੇ 11,000 ਮੀਟ੍ਰਿਕ ਟਨ ਦਾ ਆਰਡਰ ਇਕ ਰਾਜਪੁਰੇ ਦੀ ਫਰਮ ਦੇ ਨਾਂ ਤੇ ਕੱਟਿਆ ਔਰ ਮੈਂ ਇਹ ਗੱਲ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਔਰ ਸਾਡੇ ਸੀ. ਐਮ. ਸਾਹਿਬ ਵੀ ਬੈਠੇ ਹਨ ਉਨ੍ਹਾਂ ਨੂੰ ਵੀ ਦੱਸਣਾ ਚਾਹੁੰਦਾ ਹਾਂ ਕਿ ਡਿਸਟ੍ਰਿਕਟ ਪਟਿਆਲਾ ਦੀ ਕੋਈ ਵੀ ਅਜਿਹੀ ਫਰਮ ਨਹੀਂ ਜਿਸ ਦੀ ਸਲਾਨਾ ਸੇਲ 200 ਔਰ 250 ਮੀਟ੍ਰਿਕ ਟਨ ਤੋਂ ਵੱਧ ਹੋਵੇ । ਪਰ ਇਥੇ ਇਕ ਫਰਮ ਨੂੰ ਹੀ 11,000 ਮੀਟ੍ਰਿਕ ਟਨ ਦੀ ਸੇਲ ਦਰਸਾਈ ਗਈ ਔਰ ਉਸ ਨੂੰ ਵੀ 20/- ਰੁਪਏ ਤੋਂ 40/- ਰੁਪਏ ਪਰ ਮੀਟ੍ਰਿਕ ਟਨ ਦੇ ਹਿਸਾਬ ਨਾਲ ਪੈਸੇ ਦਿੱਤੇ ਗਏ ਜਦਕਿ ਮਾਲ ਬਣਿਆ ਹੀ ਨਹੀਂ । ਇਸੇ ਤਰ੍ਹਾਂ ਹੀ ਜਲੰਧਰ ਦੀ ਇਕ ਫਰਮ ਨੇ ਵੀ ਕੀਤਾ ਹੈ । ਇਸ ਲਈ ਮੈਂ ਇਹ ਗੱਲ ਤੁਹਾਡੇ ਨੋਟਿਸ ਦੇ ਵਿੱਚ ਲਿਆ ਰਿਹਾ ਹਾਂ ਕਿ ਖਾਦ ਬਣਦੀ ਹੀ ਨਹੀਂ ਔਰ ਕਿਸਾਨਾਂ ਦੇ ਹਿੱਤਾਂ ਦੀ ਰਖਵਾਲੀ ਦੇ ਨਾਂ ਤੇ, ਸਬਸਿਡੀ ਦੇ ਨਾਂ ਤੇ ਇਸ ਪ੍ਰਕਾਰ ਹੇਰਾ ਫੇਰੀ ਹੋ ਰਹੀ ਹੈ । ਅਗਰ ਇਸੇ ਤਰੀਕੇ ਦੇ ਨਾਲ ਬਜਟ ਪਾਸ ਕਰਕੇ ਔਰ ਡਿਮਾਂਡਜ਼ ਨੂੰ ਮਨਜ਼ੂਰ ਕਰਕੇ ਦੇਣਾ ਹੈ ਔਰ ਜੋ ਪੈਸਾ ਹੈ ਉਹ ਇਸੇ ਤਰ੍ਹਾਂ ਵਿਚੋਲਿਆਂ ਵਿੱਚ ਜਾਣਾ ਹੈ ਫਿਰ ਤਾਂ ਉਪਰ ਅਟੈਚੀ ਨੀਚੇ ਅਟੈਚੀ ਵਾਲੀ ਗੱਲ ਹੀ ਹੈ । ਕਿਸਾਨਾਂ ਦਾ ਇਸ ਨਾਲ ਨੁਕਸਾਨ ਹੋਵੇਗਾ ਔਰ ਸਾਡਾ ਵੀ ਇਥੇ ਗੱਲ ਕਰਨ ਦਾ ਕਈ ਮਤਲਬ ਨਹੀਂ ਰਹਿ ਜਾਂਦਾ, ਜੇਕਰ ਇਸ ਚੀਜ਼ ਨੂੰ ਚੈੱਕ ਨਹੀਂ ਕਰ ਸਕਦੇ ।

ਇਸੇ ਤਰੀਕੇ ਦੇ ਨਾਲ ਮੈਂ ਇਕ ਗੱਲ ਹੋਰ ਤੁਹਾਡੇ ਨੋਟਿਸ ਦੇ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਨੰਗਲ ਦੇ ਵਿਚ ਇਕ ਫੈਕਟਰੀ ਹੈ ਐੱਨ.ਐੱਫ.ਸੀ. ਜਿਸ ਦੇ ਵਿਚ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਅਮੋਨੀਆ ਕਲੋਰਾਈਡ ਬਣਦਾ ਹੈ । ਉਹ ਪੰਜਾਬ ਸਰਕਾਰ ਦੀ ਪਬਲਿਕ ਅੰਡਰਟੇਕਿੰਗ ਹੈ । ਇਹ ਫੈਕਟਰੀ ਇਸ ਕਰਕੇ ਲਗਾਈ ਗਈ ਸੀ ਕਿਉਂਕਿ ਜੋ ਉਥੇ ਅਮੋਨੀਆ ਕਲੋਰਾਈਡ ਬਣੇਗੀ, ਉਹ ਕਿਸਾਨਾਂ ਨੂੰ ਦਿੱਤੀ ਜਾਵੇਗੀ । ਉਹ ਫੈਕਟਰੀ 90% ਕਿਸਾਨਾਂ ਵਾਸਤੇ ਯੂਰੀਆ ਤਿਆਰ ਕਰੇਗੀ ਅੌਰ 10% ਕਮੱਰਸ਼ੀਅਲ ਅਦਾਰਿਆਂ ਵਾਸਤੇ ਤਿਆਰ ਕਰੇਗੀ ਲੇਕਿਨ ਉਥੇ ਸਾਰਾ ਕੁਝ ਰੀਵਰਸ ਹੋ ਗਿਆ ਹੈ । 10% ਕਿਸਾਨਾਂ ਵਾਸਤੇ ਸੇਲ ਕੀਤੀ ਜਾ ਰਹੀ ਹੈ ਅੌਰ 90% ਫਾਰਮਰ ਦੇ ਨਾਂ ਤੇ ਬਿਲ ਬਣਾ ਕੇ ਉਸ ਨੂੰ ਕਮੱਰਸ਼ੀਅਲ ਬਣਾ ਕੇ ਬਾਹਰ ਵੇਚਿਆ ਜਾ ਰਿਹਾ ਹੈ । ਅੈਗਰੀਕਲਚਰ ਵਾਸਤੇ ਸਰਕਾਰ ਵਲੋਂ ਕੋਟਾ ਰੱਖਿਆ ਹੋਇਆ ਹੈ ਅੌਰ ਅੈਗਰੀਕਲਚਰ ਵਾਸਤੇ ਜੋ ਅਮੋਨੀਆ ਕਲੋਰਾਈਡ ਵਿਕਦੀ ਹੈ, ਉਸ ਦਾ ਰੇਟ ਪਿਛਲੇ ਸਾਲ 1900/- ਰੁਪਏ ਸੀ ਜਦਕਿ ਇਸ ਸਾਲ 2800/- ਰੁਪਏ ਹੈ । ਪਰ ਇਹ ਵੀ ਮਹਾਂਰਾਸ਼ਟਰ ਦੇ ਵਿੱਚ ਅੈਗਰੀਕਲਚਰ ਦੇ ਨਾਂ ਤੇ ਲਿਖ ਕੇ ਏਥੋਂ ਬਾਹਰ ਲੈ ਜਾਂਦੇ ਹਨ ਅੌਰ ਬਾਹਰ ਜਾ ਕੇ ਇਹ 5800/- ਰੁਪਏ ਤੋਂ ਲੈ ਕੇ 6000/- ਰੁਪਏ ਟਨ ਦੇ ਹਿਸਾਬ ਨਾਲ ਵਿਕ ਰਹੀ ਹੈ । ਅੱਜ ਤੁਸੀਂ ਜਾ ਕੇ ਉਥੇ ਦੇਖ ਸਕਦੇ ਹੋ ਬਿਲ ਮਿਲੇਗਾ ਅਮੋਨੀਆ ਕਲੋਰਾਈਡ ਦਾ ਕਿਸਾਨਾਂ ਦੇ ਨਾਂ ਤੇ ਅੌਰ ਉਸ ਦੀ ਸੇਲ ਬਾਹਰ ਜਾ ਕੇ ਹੁੰਦੀ ਹੈ 6500/- ਰੁਪਏ ਪਰ ਟਨ ਦੇ ਹਿਸਾਬ ਨਾਲ । ਰੇਟ ਦੇ ਵਿੱਚ ਏਨਾ ਅੰਤਰ ਹੈ, ਤੁਸੀਂ ਆਪ ਹਿਸਾਬ ਲਗਾ ਸਕਦੇ ਹੋ ਕਿ ਇਸ ਤਰ੍ਹਾਂ ਕਿਸਾਨਾਂ ਦੇ ਹਿਤਾਂ ਦੀ ਰਖਵਾਲੀ ਹੋ ਰਹੀ ਹੈ ਜਾਂ ਕੁਝ ਵੈਸਟਿਡ ਇਨਟਰੈਸਟ ਵਾਲੇ ਲੋਕਾਂ ਦੇ ਵਾਸਤੇ ਕੰਮ ਕੀਤਾ ਜਾ ਰਿਹਾ ਹੈ । ਇਸ ਲਈ ਕਿਹੜੇ ਲੋਕ ਜ਼ਿੰਮੇਵਾਰ ਹਨ, ਇਸ ਗੱਲ ਦੀ ਉੱਚ ਕੋਟੀ ਦੀ ਪੜਤਾਲ ਹੋਣੀ ਚਾਹੀਦੀ ਹੈ । ਜੇਕਰ ਇਹ ਪੜਤਾਲ ਨਹੀਂ ਕਰਾਈ ਜਾਵੇਗੀ ਤਾਂ ਇਸ ਦਾ ਪਤਾ ਨਹੀਂ ਲਗਾਇਆ ਜਾ ਸਕਦਾ । ਜੇਕਰ ਅਜਿਹਾ ਨਹੀ ਕੀਤਾ ਜਾਂਦਾ ਤਾਂ ਡੀਮਾਂਡਜ਼ ਤੇ ਬਹਿਸ ਕਰਨਾ ਇਕ ਮਜ਼ਾਕ ਬਣ ਕੇ ਰਹਿ ਜਾਵੇਗਾ ।

ਏਸੇ ਤਰ੍ਹਾਂ ਹੀ ਖਾਦ, ਖੇਤੀਬਾੜੀ ਦੀ ਇਕ ਬਹੁਤ ਵੱਡੀ ਜ਼ਰਰਤ ਹੈ । ਮੈਂ ਸਮਝਦਾ ਹਾਂ ਕਿ ਖਾਦ ਦੇ ਕਾਰਨ ਹੀ ਸਾਡਾ ਕਿਸਾਨ ਅੱਗੇ ਵੱਧ ਸਕਿਆ ਹੈ । ਏਥੇ ਯੂਰੀਆ ਦੇ ਬਾਰੇ ਵਿੱਚ ਵੀ ਮੈਂ ਦੱਸਦਾ ਹਾਂ ਕਿ ਬਹੁਤ ਸਾਰੇ ਰੂਲਿੰਗ ਪਾਰਟੀ ਦੇ ਨੇਤਾ ਅੌਰ ਉਪ ਨੇਤਾ ਜਿਹੜੇ ਹੰਨ ਉਨ੍ਹਾਂ ਕੋਲ ਆਪਣੇ ਵੇਅਰ ਹਾਊਸ ਪ੍ਰਾਈਵੇਟ ਵੀ ਹਨ ਅੌਰ ਕੁਝ ਸਰਕਾਰੀ ਵੀ ਹਨ । ਉਨ੍ਹਾਂ ਨੂੰ ਸਰਕਾਰ ਦੀਆਂ ਨੀਤੀਆਂ ਦਾ ਪਤਾ ਹੁੰਦਾ ਹੈ । ਜਦੋਂ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਹੁਣ ਰੇਟ ਵਧਣਾ ਹੈ ਤਾਂ ਬੋਗਸ ਤਰੀਕੇ ਦੇ ਨਾਲ ਸਕੇਅਰਸਟੀ ਕਰੀਏਟ ਕੀਤੀ ਜਾਂਦੀ ਹੈ ਅੌਰ ਮਾਰਕੀਟ ਦੇ ਵਿੱਚ ਸਕੇਅਰਸਟੀ ਕਰੀਏਟ ਕਰਕੇ ਵੱਧ ਅਮਾਊਂਟ ਤੇ ਖਾਦ ਕਿਸਾਨਾਂ ਨੂੰ ਸਪਲਾਈ ਕੀਤੀ ਜਾਂਦੀ ਹੈ । ਵੇਅਰ ਹਾਊਸ ਵੱਡੇ ਆਦਮੀ ਹੀ ਰੱਖ ਸਕਦੇ ਹਨ, ਛੋਟੇ ਆਦਮੀ ਤਾਂ ਇਸ ਨੂੰ ਰੱਖ ਹੀ ਨਹੀਂ ਸਕਦੇ । ਇਨ੍ਹਾਂ ਵਿਚ ਵੀ ਵੱਡਾ ਘਪਲਾ ਹੈ । ਜੇਕਰ ਸਰਕਾਰ ਕਿਸਾਨਾਂ ਨੂੰ ਉਪਰ ਚੁੱਕਣਾ ਚਾਹੁੰਦੀ ਹੈ ਤਾਂ ਇਨ੍ਹਾਂ ਵੱਡੇ ਵੱਡੇ ਸਕੈਂਡਲਾਂ ਦੀ ਪੜਤਾਲ ਕਰਾਏ ।

ਬਿਜਲੀ ਦੇ ਰੇਟ ਇਸ ਸਰਕਾਰ ਦੇ ਬਣਨ ਤੋਂ ਬਾਅਦ ਅਨ-ਪਰਪੋਰਸ਼ਨੇਟਲੀ ਵਧਾ ਦਿੱਤੇ ਗਏ ਹਨ ਅਤੇ ਇਹ 3-4 ਦਫ਼ਾ ਇਨਕਰੀਜ਼ ਕੀਤੇ ਗਏ ਹਨ। ਪਹਿਲਾਂ ਜਿਹੜਾ 18/- ਰੁਪਏ ਤੋਂ ਲੈ ਕੇ 20/- ਰੁਪਏ ਪਰ ਹਾਰਸ ਪਾਵਰ ਬਿਜਲੀ ਦਾ ਫਲੈਟ ਰੇਟ ਲਿਆ ਜਾਂਦਾ ਸੀ, ਉਹ

Original with;
Punjab Vidhan Sabha
Digitized by;
Panjab Digital Library

ਹੁਣ ਵਧਾ ਕੇ 65/- ਰੁਪਏ ਤੱਕ ਪਹੁੰਚ ਗਿਆ ਹੈ । ਸਾਨੂੰ ਇਸ ਗੱਲ ਦਾ ਖਦਸ਼ਾ ਹੈ ਕਿ ਵਿੱਤ ਮੰਤਰੀ ਜੀ ਨੇ ਬਜਟ ਤਾਂ ਟੈਕਸ ਰਹਿਤ ਪੇਸ਼ ਕੀਤਾ ਹੈ ਪਰ ਕੁਝ ਕਲਾਜ਼ਾਂ ਐਸੀਆਂ ਹਨ ਜਿਨ੍ਹਾਂ ਤੋਂ ਲਗਦਾ ਹੈ ਕਿ ਬਾਅਦ ਵਿੱਚ ਬਿਜਲੀ ਚਾਰਜ ਰੇਟ ਵਧਾਏਗਾ । ਜੇਕਰ ਇਸੇ ਤਰੀਕੇ ਨਾਲ ਰੇਟ ਵਧਾਏ ਜਾਂਦੇ ਰਹੇ ਤਾਂ ਕਿਸਾਨਾਂ ਦੇ ਹਿਤਾਂ ਦੀ ਰਾਖੀ ਨਹੀਂ ਕੀਤੀ ਜਾ ਸਕਦੀ । ਮੈਂ ਸਮਝਦਾ ਹਾਂ ਕਿ ਇਕ ਪਾਸੇ ਤਾਂ ਸਰਕਾਰ ਦਾਅਵੇ ਕਰਦੀ ਹੈ ਕਿ ਅਸੀਂ ਕਿਸਾਨਾਂ ਨੂੰ ਭਾਅ ਵਧਾ ਕੇ ਦਿਤਾ ਹੈ । ਅਗਰ ਕੀਮਤਾਂ ਦੀ ਗੱਲ ਹੈ ਤਾਂ ਕਿਉਂ ਨਾ ਪ੍ਰਾਈਸ ਇੰਡੈਕਸ ਨਾਲ ਕੀਮਤਾਂ ਜੋੜ ਦੇਈਏ ਤਾਂ ਜੋ ਜਿਹੜੀਆਂ ਇਨਪੁਟਸ ਹਨ ਅਤੇ ਜਿਨ੍ਹਾਂ ਤੇ ਕਿਸਾਨ ਨੂੰ ਖੇਤੀਬਾੜੀ ਲਈ ਖਰਚਾ ਕਰਨਾ ਪੈਂਦਾ ਹੈ, ਉਸ ਸਾਰੇ ਖਰਚੇ ਨੂੰ ਅਨਾਜ ਦੀਆਂ ਕੀਮਤਾਂ ਨਾਲ ਹੀ ਜੋੜ ਦਿੱਤਾ ਜਾਵੇ ਤਾਂਕਿ ਕਿਸਾਨਾਂ ਨੂੰ ਇਸ ਗੱਲ ਦੀ ਗਰੰਟੀ ਹੋ ਜਾਵੇ ਕਿ ਜਿਸ ਜਿਸ ਸਮੇਂ ਵੀ ਡੀਜ਼ਲ ਦਾ ਭਾਅ ਵਧੇਗਾ ਅਤੇ ਹੋਰ ਇਨਪੁਟਸ ਦਾ ਭਾਅ ਵਧੇਗਾ ਤਾਂ ਉਨ੍ਹਾਂ ਨੂੰ ਵੀ ਆਪਣੀ ਜਿਣਸ ਦਾ ਪਰਾਪਰ ਪੈਸਾ ਮਿਲ ਜਾਵੇਗਾ ਅਤੇ ਕੀਮਤਾਂ ਪੂਰੀਆਂ ਮਿਲ ਜਾਣਗੀਆਂ । ਸਪੀਕਰ ਸਾਹਿਬ, ਕਿਸਾਨਾਂ ਨੂੰ ਸਿਕਿਓਰਿਟੀ ਦੇਣ ਵਾਸਤੇ ਨਾਰਮਲ ਸਿਚੂਏਸ਼ਨ ਦਾ ਹੋਣਾ ਬਹੁਤ ਜ਼ਰੂਰੀ ਹੈ, ਇੰਡੀਪੈਂਡੈਂਟ ਜੁਡੀਸ਼ਰੀ ਵੱਲੋਂ ਇਨਸਾਫ ਮਿਲਣਾ ਬਹੁਤ ਹੀ ਜ਼ਰੂਰੀ ਹੈ । ਜੁਡੀਸ਼ਰੀ ਦੇ ਬਾਰੇ ਬਹੁਤ ਕੁਝ ਕਿਹਾ ਗਿਆ ਹੈ । ਜੋ ਕੁਝ ਕਿਹਾ ਗਿਆ ਹੈ ਉਸ ਦੇ ਨਾਲ ਕਿਸਾਨਾਂ ਦੇ ਅੰਦਰ ਖਦਸ਼ਾ ਪੈਦਾ ਹੁੰਦਾ ਹੈ । ਅਸੀਂ ਤਾਂ ਇਸ ਗੱਲ ਦੇ ਹੱਕ ਵਿੱਚ ਹਾਂ ਕਿ ਜਸਟਿਸ ਹੋਣਾ ਚਾਹੀਦਾ ਹੈ । ਮੇਰੇ ਕਈ ਆਨਰੇਬਲ ਮੈਂਬਰਾਂ ਨੇ ਜੁਡੀਸ਼ਰੀ ਤੇ ਕੁਮੈਂਟ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ Justice should not only be done but it should appear to have been done. This is the law of Justice. ਇਸ ਤਰੀਕੇ ਨਾਲ ਰੂਲਿੰਗ ਪਾਰਟੀ ਵੱਲੋਂ ਜੁਡੀਸ਼ਰੀ ਦੇ ਖ਼ਿਲਾਫ ਕੁਝ ਕਹਿਣਾ ਠੀਕ ਨਹੀਂ ਹੈ । ਜੇਕਰ ਜੁਡੀਸ਼ਰੀ ਕਾਇਦੇ ਤੇ ਕਾਨੂੰਨ ਅਨੁਸਾਰ ਦੇਖ ਕੇ, ਜਾਂਚ ਕੇ ਸਰਕਾਰ ਦਾ ਕੋਈ ਫੈਸਲਾ ਰੱਦ ਕਰਦੀ ਹੈ ਤਾਂ ਇਹ ਕੋਈ ਠੀਕ ਗੱਲ ਨਹੀਂ ਕਿ ਸਰਕਾਰ ਵੱਲੋਂ ਜੁਡੀਸ਼ਰੀ ਦੀ ਨਿੰਦਾ ਕੀਤੀ ਜਾਵੇ । ਸਕਰੂਟਨੀ ਕਰਨਾ ਉਸ ਦੀ ਡਿਊਟੀ ਹੈ । ਮੈਂ ਇਹ ਵੀ ਕਹਿੰਦਾ ਹਾਂ ਕਿ ਅੱਜ ਜਿਸ ਤਰੀਕੇ ਨਾਲ ਨਾਮਜ਼ਦਗੀਆਂ ਕੀਤੀਆਂ ਗਈਆਂ ਹਨ ਉਹ ਵੀ ਹਾਈ ਕੋਰਟ ਵੱਲੋਂ ਰੱਦ ਕੀਤੀਆਂ ਗਈਆਂ ਹਨ । ਇਹ ਸਰਕਾਰ ਦੇ ਫੈਸਲੇ ਉਤੇ ਇਕ ਬੜੀ ਵੱਡੀ ਚੋਟ ਹੈ । ਸਰਕਾਰ ਨੂੰ ਨੌਮੀਨੇਸ਼ਨ ਕਰਨ ਤੋਂ ਪਹਿਲਾਂ ਵਿਚਾਰ ਕਰਨਾ ਚਾਹੀਦਾ ਹੈ, ਖ਼ੁਦ ਜਾਂਚ ਕਰਨੀ ਚਾਹੀਦੀ ਹੈ ਅਤੇ ਜਿਨ੍ਹਾਂ ਅਧਿਕਾਰੀਆਂ ਨੇ ਗਲਤ ਤਰੀਕੇ ਨਾਲ ਆਪਣੇ ਬੱਚਿਆਂ ਨੂੰ ਨੌਮੀਨੇਸ਼ਨ ਦਿਲਾਈ ਹੈ, ਬਾਈ ਐਨੀ ਮੀਨਜ਼, ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਕਾਨਫੀਡੈਂਸ ਨੂੰ ਬਰੀਚ ਕੀਤਾ ਹੈ ਅਤੇ ਉਨ੍ਹਾ ਅਫਸਰਾਂ ਦੇ ਖ਼ਿਲਾਫ ਸੀ. ਐਮ. ਸਾਹਿਬ ਨੂੰ ਕਾਰਵਾਈ ਕਰਨੀ ਚਾਹੀਦੀ ਹੈ ਤਾਂਕਿ ਆਮ ਜਨਤਾ ਨੂੰ ਇਸ ਗੱਲ ਦਾ ਵਿਸ਼ਵਾਸ ਹੋਵੇ ਕਿ ਕਿਸੇ ਨਾਲ ਜ਼ਿਆਦਤੀ ਨਹੀਂ ਹੋ ਰਹੀ । ਸਾਡਾ ਕਿਸਾਨ ਜਦੋਂ ਥਾਣੇ ਜਾਂਦਾ ਹੈ ਤਾਂ ਪਹਿਲਾਂ ਮੁਨਸ਼ੀ ਪੁੱਛਦਾ ਹੈ ਕਿ 'ਭਾਊ ਕਿੰਨੇ ਪੈਸੇ ਲਿਆਏ ਹੋ' । ਜੇਕਰ ਉਹ ਹਸਪਤਾਲ ਵਿੱਚ ਜਾਂਦਾ ਹੈ ਤਾਂ ਪੈਸੇ ਬਿਨਾਂ ਉਸ ਦੀ ਪਰਚੀ ਨਹੀਂ ਬਣਾਈ ਜਾਂਦੀ । ਜੇਕਰ ਉਹ ਸਕੂਲ ਖੁਲ੍ਹਵਾਉਣ ਵਾਸਤੇ ਜਾਂਦਾ ਹੈ ਤਾਂ ਪਹਿਲਾਂ ਉਸ ਨੂੰ ਕਿਹਾ ਜਾਂਦਾ ਹੈ ਕਿ ਆਪਣੀ ਜ਼ਮੀਨ ਦਿਓ ਅਤੇ ਬਿਲਡਿੰਗ ਵੀ ਬਣਾ ਦਿਓ । ਜੇਕਰ ਉਹ ਡਿਸਪੈਂਸਰੀ

Original with;
Punjab Vidhan Sabha
Digitized by;
Punjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਖੁਲ੍ਹਵਾਉਣ ਵਾਸਤੇ ਜਾਂਦਾ ਹੈ ਤਾਂ ਵੀ ਉਸ ਨੂੰ ਕਿਹਾ ਜਾਂਦਾ ਹੈ ਕਿ ਆਪਣੀ ਜ਼ਮੀਨ ਦਿਓ ਅਤੇ ਬਿਲਡਿੰਗ ਵੀ ਨਾਲ ਬਣਾ ਕੇ ਦਿਓ । ਜੇਕਰ ਪੰਚਾਇਤ ਘਰ ਬਣਾਉਣਾ ਹੈ ਤਾਂ ਵੀ ਜ਼ਮੀਨ ਦਿਓ ਤੇ ਪੈਸੇ ਦਿਓ । Whereas all these things are available in the towns. ਸਾਡਾ ਹਿੰਦੁਸਤਾਨ ਤਾਂ ਖੇਤੀਬਾੜੀ ਪ੍ਰਧਾਨ ਦੇਸ਼ ਹੈ । ਪੰਜਾਬ ਤਾਂ ਬਿਲਕੁਲ ਹੀ ਖੇਤੀਬਾੜੀ ਪ੍ਰਧਾਨ ਪ੍ਰਦੇਸ਼ ਹੈ । ਪਰ ਇਹ ਸਖਤ ਸ਼ਰਤਾਂ ਮੋਸਟਲੀ ਪਿੰਡਾਂ ਵਿੱਚ ਹੀ ਲਗਾਈਆਂ ਜਾਂਦੀਆਂ ਹਨ । ਜੇਕਰ ਅਸੀਂ ਇਹ ਸ਼ਰਤਾਂ ਨਹੀਂ ਘਟਾਵਾਂਗੇ ਤਾਂ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਨਹੀਂ ਕੀਤੀ ਜਾ ਸਕਦੀ । ਸਪੀਕਰ ਸਾਹਿਬ, ਇਰੀਗੇਸ਼ਨ ਦੀ ਫੈਸਿਲਟੀ ਪੰਜਾਬ ਵਿੱਚ ਬਾਕੀ ਸੂਬਿਆਂ ਨਾਲੋਂ ਜ਼ਿਆਦਾ ਹੈ ਅਤੇ ਇਥੇ ਜ਼ਮੀਨ ਦੀ ਇਰੀਗੇਸ਼ਨ ਵੀ ਜ਼ਿਆਦਾ ਹੁੰਦੀ ਹੈ ਲੇਕਿਨ ਹਾਲੇ ਵੀ ਬਹੁਤ ਸਾਰੇ ਇਲਾਕੇ ਐਸੇ ਹਨ ਜਿਵੇਂ ਵਿੱਤ ਮੰਤਰੀ ਜੀ ਦਾ ਜ਼ਿਲ੍ਹਾ ਹੈ, ਮੇਰਾ ਜ਼ਿਲ੍ਹਾ ਹੈ, ਸਹਦਾਰ ਦਿਲਬਾਗ ਸਿੰਘ ਜੀ ਦਾ ਇਲਾਕਾ ਹੈ ਅਤੇ ਹੋਰ ਵੀ ਕਈ ਇਲਾਕੇ ਹਨ ਜਿਥੇ ਇਰੀਗੇਸ਼ਨ ਦੀ ਬਹੁਤ ਘਾਟ ਹੈ . . (ਵਿਘਨ)

ਸ਼੍ਰੀ ਸਪੀਕਰ: ਮਿੱਤਲ ਜੀ, ਵਾਈਂਡ ਅੱਪ ਕਰੋ ।

ਸ਼੍ਰੀ ਮਦਨ ਮੋਹਨ ਮਿੱਤਲ ਸਰ, ਇਹ ਤਾਂ ਪ੍ਰਾਬਲਮ ਹੋ ਗਈ । I don't feel I am being given time to speak on this matter.

Mr. Speaker: You have been given fifteen minutes to speak and these fifteen minutes are over now.

ਸ਼੍ਰੀ ਮਦਨ ਮੋਹਨ ਮਿੱਤਲ ਸਰ; ਇਹ ਤਾਂ ਮੁਸ਼ਕਲ ਹੋ ਗਈ ।

ਸ਼੍ਰੀ ਸਪੀਕਰ: ਮੁਸ਼ਕਲ ਤਾਂ ਹੈ । ਚਾਰ ਤਾਂ ਤੁਸੀਂ ਜਿੱਤ ਕੇ ਆਏ ਹੋ । ਇਤਨਾ ਹੀ ਟਾਈਮ ਮਿਲਣਾ ਹੈ । ਤੁਸੀਂ ਟਾਈਮ ਵੈਸਟ ਨਾ ਕਰੋ । ਵਾਈਂਡ ਅੱਪ ਕਰੋ ।

ਸ਼੍ਰੀ ਮਦਨ ਮੋਹਨ ਮਿੱਤਲ: ਮੈਂ ਤਾਂ ਦੋਵੇਂ ਹੱਥ ਜੋੜੇ ਹਨ ।

ਸ਼੍ਰੀ ਸਪੀਕਰ: ਕਿਰਪਾ ਕਰਕੇ ਵਾਈਂਡ ਅੱਪ ਕਰੋ ।

ਸ਼੍ਰੀ ਮਦਨ ਮੋਹਨ ਮਿੱਤਲ: ਪਰ ਇਹ ਤਾਂ ਇਨਜਸਟਿਸ ਹੋ ਗਿਆ । ਗੱਲ ਸੁਣੀ ਨਹੀਂ ।

ਸ਼੍ਰੀ ਸਪੀਕਰ ਫਿਰ ਕੀ ਕੀਤਾ ਜਾਵੇ ।

ਸ਼੍ਰੀ ਮਦਨ ਮੋਹਨ ਮਿੱਤਲ ਮੈਂ ਤਾਂ ਇਰ-ਰੈਲੇਵੈਂਟ ਬੋਲਿਆ ਹੀ ਨਹੀਂ । ਜੇ ਬੋਲਿਆ ਹੁੰਦਾ ਤਾਂ ਤੁਸੀਂ ਟੋਕ ਦੇਣਾ ਸੀ ।

ਇਸ ਤੋਂ ਅੱਗੇ ਮੈਂ ਫਾਰੈਸਟ, ਡਿਪਾਰਟਮੈਂਟ ਦੀ ਗੱਲ ਕਰਦਾ ਹਾਂ । ਪ੍ਰਦੂਸ਼ਣਾਂ ਨੂੰ ਰੋਕਣ ਵਾਸਤੇ ਅਤੇ ਫਲੱਡਜ਼ ਨੂੰ ਰੋਕਣ ਵਾਸਤੇ ਫਾਰੈਸਟ ਡਿਪਾਰਟਮੈਂਟ ਦਰੱਖਤ ਲਗਾਉਂਦਾ ਹੈ ਅੌਰ ਦਰੱਖਤ ਲਗਾਉਣ ਲਈ ਹਰ ਸਾਲ ਬਹੁਤ ਸਾਰਾ ਪੈਸਾ ਖਰਚ ਕੀਤਾ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

ਇਹ ਬੜੀ ਚੰਗੀ ਗੱਲ ਹੈ । ਅਸੀਂ ਇਸ ਦੀ ਸ਼ਲਾਘਾ ਕਰਦੇ ਹਾਂ ਪਰ ਦਰੱਖਤ ਲਗਾਉਣ ਦੇ ਨਾਲ ਨਾਲ ਇਸ ਪਾਸੇ ਪੂਰੀ ਚੈਕਸੀ ਵਰਤੀ ਨਹੀਂ ਜਾ ਰਹੀ । ਬਹੁਤ ਸਾਰੇ ਨੇਤਾ, ਉਪ ਨੇਤਾ ਜੋ ਰੂਲਿੰਗ ਪਾਰਟੀ ਦੇ ਹਨੰ, ਉਹ ਇਸ ਵਿਚ ਇਨਵਾਲਵਡ ਹਨ, ਇਨਕੁਆਰੀਆਂ ਹੋ ਚੁੱਕੀਆਂ ਹਨ ਅੰਰ ਹਾਲੇ ਤੱਕ ਕੋਈ ਐਕਸ਼ਨ ਨਹੀਂ ਹੋ ਰਿਹਾ । ਮੰਤਰੀ ਜੀ ਇੱਥੇ ਬੈਠੇ ਹਨ, ਸੈਕ੍ਰੇਟਰੀ ਸਾਹਿਬ ਬੈਠੇ ਹਨ । ਇਹ ਫਾਈਲਾਂ ਕਿੱਥੇ ਦੱਬ ਗਈਆਂ ਹਨ ? ਰੋਪੜ ਦਾ ਥਰਮਲ ਪਲਾਂਟ ਹੈ.... ।

ਸ਼੍ਰੀ ਸਪੀਕਰ: ਨੰਕਸਟ ਸਪੀਕਰ ਸਰਦਾਰ ਹਰਨੇਕ ਸਿੰਘ ।

ਸ਼੍ਰੀ ਮਦਨ ਮੋਹਨ ਮਿੱਤਲ: ਉਥੇ ਮੈਟੀਰੀਅਲ ਦੀ ਚੋਰੀ ਹੋ ਰਹੀ ਹੈ । ਇਸ ਕਰਕੇ ਬਿਜਲੀ ਦੀਆਂ ਕੀਮਤਾਂ ਵੱਧ ਰਹੀਆਂ ਹਨ । ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਚੋਰੀ ਨਹੀਂ ਰੁਕੇਗੀ ਤਾਂ ਬਿਜਲੀ ਦੇ ਭਾਅ ਵੱਧ ਜਾਣਗੇ । ਉਥੋਂ ਕੋਲੇ ਦੇ ਭਰੇ ਵੈਗਨਜ਼ ਦੇ ਵੈਗਨਜ਼ ਬਾਹਰ ਆ ਜਾਂਦੇ ਹਨ । ਹੋਇਆ ਇਹ ਕਿ ਸਿਕਿਉਰਟੀ ਮਹਿਕਮੇ ਦੇ ਇੰਪਲਾਈਜ਼ ਨਾਲ ਆਪਸ ਵਿੱਚ ਗੱਲਬਾਤ ਨਹੀਂ ਹੋ ਸਕੀ and other man by accident was posted there. The man who was supposed to be there, he was not there and was absent for one reason or the other. ਸੋ ਇਸ ਤਰੀਕੇ ਨਾਲ ਕੋਲੇ ਦੇ ਲੱਦੇ ਹੋਏ ਵੈਗਨਜ਼ ਬਾਹਰ ਨਿਕਲ ਗਏ । ਮੈਨੂੰ ਟਾਈਮ ਥੋੜ੍ਹਾ ਦਿੱਤਾ ਹੈ, ਅਖੀਰ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਲਿਬਰਟੀ ਬਹੁਤ ਜ਼ਰੂਰੀ ਹੈ । ਇੱਥੇ ਕੁਝ ਐਸੀਆਂ ਗੱਲਾਂ ਹੋਈਆਂ । ਮੈਨੂੰ ਲੱਗ ਰਿਹਾ ਹੈ ਕਿ we are reverting back to 1975-76. ਅਖੀਰ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸਾਨ ਫਰੀਡਮ ਚਾਹੁੰਦਾ ਹੈ ਜਿਨ੍ਹਾਂ ਮੁਲਕਾਂ ਵਿੱਚ ਕਿਸਾਨਾਂ ਨੂੰ ਫਰੀਡਮ ਨਹੀਂ ਦਿੱਤੀ ਗਈ, ਉਹ ਇਕਨਾਮੀਕਲੀ, ਸੋਸ਼ਲੀ ਅੰਰ ਪੁਲੀਟੀਕਲੀ ਫਾਲ ਕਰ ਗਏ । ਮੈਂ ਨਵੇਂ ਨਾਹਰੇ ਨਹੀਂ ਲਗਾਉਣਾ ਚਾਹੁੰਦਾ ਅੰਰ ਨਾ ਹੀ ਅਸੀਂ 75 ਵਾਲੀ ਐਮਰਜੰਸੀ ਦੁਹਰਾਉਣ ਦੇ ਹੱਕ ਵਿਚ ਹਾਂ । ਉਹ ਹੀ ਲੋਕ ਦੁਹਰਾਉਣਾ ਚਾਹੁੰਦੇ ਹਨ ਜਿਹੜੇ ਉਸ ਸਮੇਂ ਐਮਰਜੰਸੀ ਦੇ ਹਾਮੀ ਸਨ ਅੰਰ ਜਿਨ੍ਹਾਂ ਨੇ ਐਮਰਜੰਸੀ ਦਾ ਸਮਰਥਨ ਕੀਤਾ ਸੀ । ਅਸੀਂ ਫਰੀ ਸਟੇਟ ਵਿਚ ਰਹਿਣ ਦੇ ਆਦੀ ਹਾਂ । ਸੋ, ਸਪੀਕਰ ਸਾਹਿਬ, ਆਖੀਰ ਵਿਚ ਮੈਂ ਇਹੀ ਕਹਾਂਗਾ ਕਿ ਇਨ੍ਹਾਂ ਡਿਮਾਂਡਜ਼ ਵਿਚ ਵੱਧ ਪੈਸਾ ਮੰਗਿਆ ਗਿਆ ਹੈ, ਫਿਰ ਵੀ ਸਪਲੀਮੈਂਟਰੀ ਡਿਮਾਂਡਜ਼ ਆ ਜਾਂਦੀਆਂ ਹਨ ਅੰਰ ਉਨ੍ਹਾਂ ਵਿਚ ਫਿਰ ਪੈਸਾ ਮੰਗਿਆ ਜਾਂਦਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਮੈਂ ਮੁੱਦੇ ਉਠਾਏ ਹਨ, ਸਰਕਾਰ ਉਨ੍ਹਾਂ ਤੇ ਚੈਕਸੀ ਵਰਤੇ ਅੰਰ ਚੋਰੀ ਨੂੰ ਰੋਕਿਆ ਜਾਵੇ । ਇਸ ਨਾਲ ਵੱਧ ਖਰਚ ਕਰਨ ਦੀ ਲੋੜ ਨਹੀਂ ਪਵੇਗੀ । ਅਖੀਰ ਵਿਚ ਮੈਂ ਕਹਿੰਦਾ ਹਾਂ ਕਿ ਇਰੀਗੇਸ਼ਨ ਡਿਪਾਰਟਮੈਂਟ ਦੇ ਇੰਪਲਾਈਜ਼ ਨੂੰ ਤਨਖਾਹ ਦੇਣ ਦੀ ਬਜਾਏ, ਉਨ੍ਹਾਂ ਦੀ ਤਨਖਾਹ ਦਾ ਪੈਸਾ ਹੋਰ ਪਾਸੇ ਡਾਰੀਵਰਟ ਕਰ ਦਿੱਤਾ ਗਿਆ ਹੈ । 105 ਵਰਕ ਚਾਰਜ ਇੰਪਲਾਈਜ਼ ਜੋ ਇਨਵੈਸਟੀਗੇਸ਼ਨ ਸਰਕਲ ਦੇ ਹਨ, ਉਨ੍ਹਾਂ ਨੂੰ ਸੱਤ ਮਹੀਨੇ ਤੋਂ ਤਨਖਾਹ ਨਹੀਂ ਮਿਲੀ । 900 ਡਿਮਪਲਾਈਜ਼ ਜੋ ਕੰਸਟਰਕਸ਼ਨ ਸਰਕਲ ਦੇ ਹਨ, ਉਨ੍ਹਾਂ ਨੂੰ ਦੋ ਮਹੀਨੇ ਤੋਂ ਤਨਖਾਹ ਨਹੀਂ ਮਿਲੀ ਅੰਰ ਆਫੀਸਰਜ਼ ਨੇ ਉਨ੍ਹਾਂ ਦਾ ਪੈਸਾ ਫਰਨੀਚਰ ਜਾਂ ਗੱਡੀਆਂ ਦੀ ਰਿਪੇਅਰ ਤੇ ਖਰਚ ਕਰ ਦਿੱਤਾ ਹੈ । ਉਨ੍ਹਾਂ ਇੰਪਲਾਈਜ਼ ਨੂੰ ਤਨਖਾਹ ਮਿਲਣੀ ਚਾਹੀਦੀ ਸੀ ਅੰਰ ਜਿਨ੍ਹਾਂ 850 ਇੰਪਲਾਈਜ਼ ਨੂੰ ਰਣਜੀਤ ਸਾਗਰ ਡੈਮ ਵਿਖੇ ਸ਼ਿਫਟ ਕੀਤਾ ਗਿਆ,

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਉਨ੍ਹਾਂ ਦੀ ਹਾਲੇ ਤੱਕ ਸੀਨੀਆਰਟੀ ਲਿਸਟ ਨਹੀਂ ਬਣੀ । ਭਾਖੜਾ ਡੈਮ ਜਿੱਥੇ ਬਿਜਲੀ ਬਣਦੀ ਹੈ, ਉਥੇ ਲੋਕ ਤਿੰਨ-ਤਿੰਨ ਪੁਸ਼ਤਾਂ ਤੋਂ ਰਹਿ ਰਹੇ ਹਨ, ਉਥੇ ਲੋਕਾਂ ਨੂੰ ਮਕਾਨ ਨਹੀਂ ਮਿਲੇ ਔਰ ਨਾ ਹੀ ਕੋਈ ਪ੍ਰਾਈਵੇਟ ਕਲੋਨੀ ਬਣੀ ਹੈ । ਜਿਨ੍ਹਾਂ ਮੁਲਾਜ਼ਮਾਂ ਨੇ ਖਾਦ ਪੈਦਾ ਕੀਤੀ, ਬਿਜਲੀ ਪੈਦਾ ਕੀਤੀ । ਉਨ੍ਹਾਂ ਨੂੰ ਰਹਿਣ ਵਾਸਤੇ ਮਕਾਨ ਮਿਲਣੇ ਚਾਹੀਦੇ ਹਨ, ਉਨ੍ਹਾਂ ਲਈ ਕਲੋਨੀ ਬਣਾਉਣੀ ਚਾਹੀਦੀ ਹੈ ਔਰ ਘਰ ਬਣਾਉਣੇ ਚਾਹੀਦੇ ਹਨ । ਬਹੁਤ ਬਹੁਤ ਸ਼ੁਕਰੀਆ ।

ਸਰਦਾਰ ਹਰਨੇਕ ਸਿੰਘ ਘੁੜੈਆਂ (ਖਰੜ): ਸਪੀਕਰ ਸਪੀਕਰ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਰੀਗੇਸ਼ਨ ਐਂਡ ਪਾਵਰ ਅਤੇ ਐਗਰੀਕਲਚਰ ਡਿਮਾਂਡਜ਼ ਤੇ ਬੋਲਣ ਦਾ ਮੌਕਾ ਦਿੱਤਾ ਹੈ । ਸਪੀਕਰ ਸਾਹਿਬ, ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ । ਪੰਜਾਬ ਦੀ ਖੁਸ਼ਹਾਲੀ ਨਾਲ ਹਿੰਦੁਸਤਾਨ ਦੀ ਖੁਸ਼ਹਾਲੀ ਹੈ । ਪਿਛਲੇ ਤਿੰਨ ਸਾਲਾਂ ਦੇ ਵਿਚ ਜਿਥੇ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਅੱਤਵਾਦ ਨੂੰ ਨੱਥ ਪਾਈ ਹੈ, ਉਥੇ ਪੰਜਾਬ ਦੇ ਕਿਸਾਨ ਨੂੰ ਬੜੀਆਂ ਸਹੂਲਤਾਂ ਦਿੱਤੀਆਂ ਹਨ ਜਿਸ ਕਾਰਨ ਖੇਤੀਬਾੜੀ ਦੇ ਵਿਚ ਵਾਧਾ ਹੋਇਆ ਹੈ । ਜਿਣਸ ਦੀਆਂ ਅੱਛੀਆਂ ਕੀਮਤਾਂ ਦਿੱਤੀਆਂ ਗਈਆਂ ਹਨ ਤੇ ਕਿਸਾਨ ਬੜਾ ਖੁਸ਼ਹਾਲ ਹੋਇਆ ਹੈ ।

ਸਪੀਕਰ ਸਾਹਿਬ, ਮੈਂ ਤੁਹਾਡੇ ਨਾਲ ਇਕ ਗੱਲ ਸਾਂਝੀ ਕਰਨੀ ਚਾਹੁੰਦਾ ਹਾਂ ਕਿ ਜਿਥੇ ਪੰਜਾਬੀ ਸੂਬਾ ਬਣਨ ਦੇ ਨਾਲ ਪੰਜਾਬ ਨੂੰ ਹੋਰ ਕਈ ਪੱਖਾਂ ਤੋਂ ਘਾਟਾ ਪਿਆ ਹੈ, ਉਥੇ ਮੈਂ ਮਹਿਸੂਸ ਕਰਦਾ ਹਾਂ ਕਿ ਸਾਡੇ ਕੁਦਰਤ ਦੇ ਵਸੀਲੇ ਜਿਨ੍ਹਾਂ ਦੇ ਰਾਹੀਂ ਸਸਤੇ ਰੇਟਾਂ ਤੇ ਬਿਜਲੀ ਪੈਦਾ ਕੀਤੀ ਜਾ ਸਕਦੀ ਸੀ, ਉਹ ਹਿਮਾਚਲ ਦੇ ਵਿਚ ਰਹਿ ਗਏ ਹਨ । ਪਰ ਫਿਰ ਵੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਚੰਗਾ ਹੰਭਲਾ ਮਾਰ ਕੇ ਇਥੇ ਅੱਛੀ ਬਿਜਲੀ ਪੈਦਾ ਕੀਤੀ ਹੈ ਅਤੇ ਸਿੰਜਾਈ ਦੇ ਸਾਧਨ ਪ੍ਰੋਵਾਈਡ ਕੀਤੇ ਹਨ । ਆਪਣੇ ਖਜ਼ਾਨੇ ਵਿਚੋਂ ਜਗ੍ਹਾ-ਜਗ੍ਹਾ ਪੈਸਾ ਲਾ ਕੇ ਕਿਸਾਨਾਂ ਨੂੰ ਸਹੂਲਤਾਂ ਦਿੱਤੀਆਂ ਹਨ ਤੇ ਜਿਥੋਂ ਤੱਕ ਬਿਜਲੀ ਦੀ ਗੱਲ ਹੈ, ਇਸ ਸਮੁੱਚੀ ਯੋਜਨਾ ਦੇ ਵਿਚ 42.4 % ਤੋਂ ਜ਼ਿਆਦਾ ਹਿੱਸਾ ਬਿਜਲੀ ਲਈ ਰੱਖਿਆ ਗਿਆ ਹੈ । ਜਿਥੇ 1994-95 ਵਿਚ ਬਿਜਲੀ ਪੈਦਾ ਕਰਨ ਵਾਸਤੇ 425.15 ਕਰੋੜ ਰੁਪਿਆ ਰੱਖਿਆ ਗਿਆ ਸੀ ਉਥੇ ਇਸ ਸਾਲ 704.22 ਕਰੋੜ ਦੀ ਰਕਮ ਰੱਖੀ ਗਈ ਹੈ ਜਿਹੜੀ ਕਿ ਲੱਗਭਗ ਦੁਗਣੀ ਬਣਦੀ ਹੈ । ਇਸ ਦੇ ਵਿਚੋਂ 400 ਕਰੋੜ ਰੁਪਿਆ ਸਿਰਫ ਰਣਜੀਤ ਸਾਗਰ ਡੈਮ ਵਾਸਤੇ ਰੱਖਿਆ ਗਿਆ ਹੈ, ਜੋ ਬੜਾ ਜ਼ਰੂਰੀ ਸੀ ।

ਜਿਥੇ ਇਸ ਡੈਮ ਤੇ ਅੱਜ 2179.56 ਕਰੋੜ ਰੁਪਏ ਲੱਗਣੇ ਹਨ, ਜੇਕਰ ਪਹਿਲੀਆਂ ਸਰਕਾਰਾਂ ਇਸ ਪਾਸੇ ਧਿਆਨ ਦਿੰਦੀਆਂ ਤਾਂ ਬੜੀ ਥੋੜ੍ਹੀ ਰਕਮ ਨਾਲ ਇਹ ਡੈਮ ਪੂਰਾ ਹੋ ਸਕਦਾ ਸੀ, ਜੋ ਫਿਗਰਾਂ ਦਸਦੀਆਂ ਹਨ । 1977 ਵਿਚ ਸਾਡੇ ਦੂਸਰੇ ਵੀਰਾਂ ਦੀ ਸਰਕਾਰ ਸੀ । ਜੇਕਰ ਉਸ ਵੇਲੇ ਕਿਸੇ ਤਰ੍ਹਾਂ ਇਸ ਡੈਮ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਤਾਂ ਉਸ ਵੇਲੇ 286.16 ਕਰੋੜ ਰੁਪਏ ਦੇ ਨਾਲ ਇਹ ਪ੍ਰੋਜੈਕਟ ਪੂਰਾ ਹੋ ਸਕਦਾ ਸੀ । ਇਸ ਤੋਂ ਬਾਅਦ ਸੰਨ 1986 ਵਿਚ ਫਿਰ ਸਾਡੇ ਵੀਰਾਂ ਦੀ ਸਰਕਾਰ ਆਈ । ਜੇ ਉਸ ਵੇਲੇ ਵੀ ਇਸ ਗੱਲ ਤੇ ਵਿਚਾਰ ਸੰਜੀਦਗੀ ਦੇ ਨਾਲ ਕੀਤਾ ਜਾਂਦਾ ਤਾਂ 760 ਕਰੋੜ ਰੁਪਏ

Original with;
Punjab Vidhan Sabha
Digitized by;
Panjab Digital Library

ਦ ਨਾਲ ਇਹ ਪ੍ਰੋਜੈਕਟ ਪੂਰਾ ਹੋ ਸਕਦਾ ਸੀ ਜਿਸ ਤੇ ਕਿ ਅੱਜ 2179.56 ਕਰੋੜ ਰੁਪਏ ਦੀ ਰਕਮ, ਇਸ ਸਰਕਾਰ ਨੂੰ, ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੂੰ ਲਗਾਉਣੀ ਪੈ ਰਹੀ ਹੈ ਜਦਕਿ ਇਸ ਰਕਮ ਦੀ ਕਾਫੀ ਬਚਤ ਹੋ ਸਕਦੀ ਸੀ। ਇਸ ਪ੍ਰੋਜੈਕਟ ਦੇ ਪੂਰਾ ਹੋਣ ਨਾਲ ਜਿਥੇ ਸਾਨੂੰ ਸਿੰਜਾਈ ਵਿਚ ਹੋਰ ਵੀ ਸਹੂਲਤ ਮੁਹੱਈਆ ਹੋਵੇਗੀ, ਉਥੇ ਸਾਡੀ ਬਿਜਲੀ ਦੀ ਜੋ ਤਾਕਤ ਹੈ, ਉਹ 3510 ਮੈਗਾਵਾਟ ਤੋਂ ਵੱਧ ਕੇ 4162 ਮੈਗਾਵਾਟ ਹੋ ਜਾਏਗੀ। ਇਸ ਪ੍ਰੋਜੈਕਟ ਦਾ ਕੰਮ 70% ਦੇ ਲੱਗਭਗ ਪੂਰਾ ਕਰ ਲਿਆ ਗਿਆ ਹੈ, ਇਹ ਖੁਸ਼ੀ ਦੀ ਗੱਲ ਹੈ। ਸਭ ਤੋਂ ਵੱਡੀ ਖੁਸ਼ੀ ਦੀ ਗੱਲ ਇਹ ਹੈ ਕਿ 7 ਨਵੰਬਰ, 1996 ਨੂੰ ਸਤਿਗੁਰੂ ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਤੇ ਇਹ ਪ੍ਰੋਜੈਕਟ ਪੂਰਾ ਹੋ ਜਾਏਗਾ। ਇਸੇ ਤਰ੍ਹਾਂ ਬਠਿੰਡਾ ਤੇ ਅਬੋਹਰ ਵਿਚ ਮਾਈਕਰੋ ਹਾਈਡਲ ਪ੍ਰੋਜੈਕਟ 18.62 ਕਰੋੜ ਰੁਪਏ ਦੀ ਲਾਗਤ ਨਾਲ ਚਲਾਏ ਜਾਣਗੇ ਜਿਸ ਦੇ ਨਾਲ 9.4 ਮੈਗਾਵਾਟ ਬਿਜਲੀ ਹੋਰ ਪੈਦਾ ਹੋਵੇਗੀ।

ਇਸੇ ਤਰ੍ਹਾਂ ਸਿੰਜਾਈ ਦੇ ਵੱਲ ਵੀ ਬੜਾ ਧਿਆਨ ਦਿੱਤਾ ਗਿਆ ਹੈ। ਬੇਅੰਤ ਸਿੰਘ ਜੀ ਦੀ ਸਰਕਾਰ ਦੇ ਵੇਲੇ 1992 ਤੋਂ 95 ਤੱਕ 1.4 ਲੱਖ ਹੈਕਟੇਅਰ ਸਿੰਜਾਈ ਦੇ ਰਕਬੇ ਵਿਚ ਵਾਧਾ ਹੋਇਆ ਹੈ। ਸਿੰਜਾਈ ਯੋਗ ਰਕਬਾ 44.50 ਲੱਖ ਹੈਕਟੇਅਰ ਹੈ, ਵਾਹੀ ਯੋਗ 42.70 ਲੱਖ ਹੈਕਟੇਅਰ ਹੈ ਤੇ ਬਾਕੀ ਮਾਰੂ ਰਕਬਾ ਜੋ 1.80 ਲੱਖ ਹੈਕਟੇਅਰ ਬਚਦਾ ਹੈ, ਜਲਦੀ ਹੀ ਸਰਕਾਰ ਇਸ ਨੂੰ ਸਿੰਜਾਈ ਦੀਆਂ ਸਕੀਮਾਂ ਹੇਠ ਲਿਆਏਗੀ। ਇਸ ਦੇ ਵਾਸਤੇ 135.40 ਕਰੋੜ ਰੁਪਿਆ ਰੱਖਿਆ ਗਿਆ ਹੈ ਜਿਸ ਦੇ ਨਾਲ ਵਧੀਆ ਸਹੂਲਤਾਂ ਦਿੱਤੀਆਂ ਜਾਣਗੀਆਂ। ਕੰਡੀ ਲਹਿਰ ਕੱਟ ਕੱਟ ਕੇ, ਡੂੰਘੇ ਟਿਊਬਵੈਲ ਲਗਾ ਕੇ, ਤੁਬਕਾ ਸਿੰਜਾਈ ਸਕੀਮ ਦੇ ਤਹਿਤ ਇਹ ਇਲਾਕਾ ਵੀ ਜਲਦੀ ਤੋਂ ਜਲਦੀ ਸਿੰਜਾਈ ਦੇ ਥੱਲੇ ਲਿਆਂਦਾ ਜਾਏਗਾ। ਇਹ ਬਹੁਤ ਖੁਸ਼ੀ ਦੀ ਗੱਲ ਹੈ।

ਇਸੇ ਤਰ੍ਹਾਂ ਨੀਮ ਪਹਾੜੀ ਇਲਾਕਿਆਂ ਦੇ ਵਿਚ, ਪਹਾੜੀ ਏਰੀਏ ਨੂੰ, ਸਬ-ਮਾਊਂਟੇਨਸ ਏਰੀਏ ਨੂੰ ਜਿਥੇ ਸਿੰਜਾਈ ਸਹੂਲਤਾਂ ਦਿੱਤੀਆਂ ਜਾਣਗੀਆਂ, ਉਥੇ ਜੋ ਅੱਜ ਸਭ ਤੋਂ ਵੱਡੀ ਸਮੱਸਿਆ ਪੰਜਾਬ ਦੇ ਵਿੱਚ ਦੇਖਣ ਵਾਸਤੇ ਆ ਰਹੀ ਹੈ, ਸਪੀਕਰ ਸਾਹਿਬ, ਪਾਣੀ ਦਾ ਤੱਲ ਦਿਨ-ਬ-ਦਿਨ ਡੂੰਘਾ ਜਾ ਰਿਹਾ ਹੈ, ਇਸ ਪਾਸੇ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਬਹੁਤ ਅੱਛੀਆਂ ਸਕੀਮਾਂ ਬਣਾ ਕੇ, ਡੈਮ ਬਣਾ ਕੇ ਜਿਥੇ ਪਹਾੜੀ ਇਲਾਕੇ ਨੂੰ ਪਾਣੀ ਦੇਣਾ ਹੈ, ਉਥੇ ਰੀਚਾਰਜਿੰਗ ਵੀ ਹੋਵੇਗੀ। ਮੈਂ ਮਹਿਸੂਸ ਕਰਦਾ ਹਾਂ ਕਿ ਜਿਥੇ ਪੰਜਾਬ ਦੇ ਕਿਸਾਨ ਨੇ ਪੰਜਾਬ ਦੀ ਉਪਜ ਵਿਚ ਵਾਧਾ ਕੀਤਾ ਹੈ ਉਥੇ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨੂੰ ਉਪਜ ਦੇ ਅੱਛੇ ਰੇਟ ਦਿਵਾਏ ਹਨ, ਜਿਸ ਦੇ ਨਾਲ ਪੰਜਾਬ ਦੇ ਕਿਸਾਨ ਨੂੰ ਸਮੁੱਚੇ ਤੌਰ ਤੇ ਬਹੁਤ ਫਾਇਦਾ ਹੋਇਆ ਹੈ। ਸਪੀਕਰ ਸਾਹਿਬ, ਅੰਕੜੇ ਦੱਸਦੇ ਹਨ ਕਿ 1993-94 ਵਿਚ ਪੰਜਾਬ ਦੀ ਕਣਕ 64.95 ਮੀਟਰਿਕ ਟਨ ਸੀ ਜੋ ਕੇਂਦਰੀ ਭੰਡਾਰ ਵਿਚ ਦਿੱਤੀ ਗਈ ਅੱਤੇ ਫਿਰ 1994-95 ਵਿਚ ਖੇਤੀਬਾੜੀ ਦੇ ਅੰਕੜੇ ਹਨ ਕਿ ਇਹ ਵਧਾ ਕੇ 72.85 ਮੀਟਰਿਕ ਟਨ ਸੈਂਟਰਲ ਪੂਲ ਵਿਚ ਦਿਤੀ ਗਈ। ਇਸੇ ਤਰ੍ਹਾਂ ਚਾਵਲਾਂ ਦੀ ਪੋਜੀਸ਼ਨ ਹੈ। 1993-94

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਨੇਕ ਸਿੰਘ ਘੜੂੰਆਂ]

ਵਿਚ ਝੋਨਾ 53.86 ਲੱਖ ਟਨ ਕੇਂਦਰੀ ਪੂਲ ਵਿਚ ਦਿੱਤਾ ਗਿਆ ਅਤੇ ਫਿਰ ਇਹ 1994-95 ਵਿਚ ਵਧਾ ਕੇ 57.25 ਲੱਖ ਟਨ ਸੈਂਟ੍ਰਲ ਪੂਲ ਵਿਚ ਦਿਤਾ ਗਿਆ । ਇਸ ਦੇ ਵਿਚ ਜੇ ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਕਿਸਾਨਾਂ ਨੂੰ ਇਸ ਦਾ ਕਿੰਨਾ ਫਾਇਦਾ ਹੋਇਆ ਹੈ । ਪਹਿਲੇ ਸਾਲ ਕਣਕ ਦਾ ਭਾਅ 225/- ਰੁਪਏ ਪ੍ਰਤੀ ਕੁਇੰਟਲ ਸੀ ਉਹ ਵਧਾ ਕੇ 280/- ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਜਿਸ ਦੇ ਨਾਲ 55/- ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਹੋਇਆ । ਇਸ ਦੇ ਨਾਲ 344 ਕਰੋੜ ਰੁਪਿਆ, ਪੰਜਾਬ ਦੇ ਕਿਸਾਨਾਂ ਦੀ ਜੇਬ ਵਿਚ ਪਾਇਆ ਗਿਆ । ਇਸੇ ਤਰ੍ਹਾਂ 1993-94 ਵਿਚ ਇਹ ਰੇਟ 280/- ਰੁਪਏ ਪ੍ਰਤੀ ਕੁਇੰਟਲ ਤੋਂ ਵਧਾ ਕੇ 330/- ਰੁਪਏ ਕੀਤਾ ਗਿਆ ਇਸ ਨਾਲ 50/- ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਹੋਇਆ ਹੈ ਅਤੇ 314 ਕਰੋੜ ਰੁਪਿਆ ਕਿਸਾਨਾਂ ਦੀਆਂ ਜੇਬਾਂ ਵਿਚ ਪਾਇਆ ਹੈ । ਇਸੇ ਤਰ੍ਹਾਂ 1994-95 ਵਿਚ 330 ਰੁਪਏ ਪ੍ਰਤੀ ਕੁਇੰਟਲ ਤੋਂ ਵਧਾ ਕੇ 350/- ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ । ਇਸ ਤਰ੍ਹਾਂ 20/- ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਹੋਇਆ ਅੱਰ 150 ਕਰੋੜ ਰੁਪਿਆ ਕਿਸਾਨਾਂ ਨੂੰ ਸਿੱਧੇ ਤੌਰ ਤੇ ਮਿਲਿਆ । ਝੋਨੇ ਵਿਚ ਜੋ ਕਿਸਾਨ ਨੂੰ ਅੱਛੇ ਰੇਟ ਦਿੱਤੇ ਗਏ ਉਹ ਸ਼ਲਾਘਾਯੋਗ ਹਨ । 1992-93 ਵਿਚ 250/- ਰੁਪਏ ਪ੍ਰਤੀ ਕੁਇੰਟਲ ਤੋਂ ਵਧਾ ਕੇ 290/- ਰੁਪਏ ਪ੍ਰਤੀ ਕੁਇੰਟਲ ਰੇਟ ਕੀਤਾ ਗਿਆ ਜੋ ਕਿ 40/- ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਹੈ ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਨਿਰਮਲ ਸਿੰਘ ਨਿੰਮਾ ਸਦਨ ਦੀ ਫਲੋਰ ਕਰਾਸ ਕਰ ਗਏ ।)

ਸ਼੍ਰੀ ਸਪੀਕਰ : ਨਿੰਮਾ ਜੀ, ਹੁਣ ਤਸੀਂ ਇਥੇ ਹੀ ਰਹਿ ਜਾਓ । You are crossing the floor for the second time.

ਸਰਦਾਰ ਹਰਨੇਕ ਸਿੰਘ ਘੜੂੰਆਂ : ਇਸ ਤਰ੍ਹਾਂ 223 ਕਰੋੜ ਰੁਪਿਆ ਕਿਸਾਨ ਨੂੰ ਝੋਨੇ ਦੇ ਵਿਚ ਵਾਧੂ ਮਿਲਿਆ । ਇਸੇ ਤਰ੍ਹਾਂ 1993-94 ਵਿੱਚ ਝੋਨੇ ਦਾ ਰੇਟ 290/-ਰਪਏ ਪ੍ਰਤੀ ਕੁਇੰਟਲ ਤੋਂ 350/- ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਜੋ ਕਿ 60/- ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਹੈ ਅਤੇ ਇਸ ਦੇ ਨਾਲ 545 ਕਰੋੜ ਰੁਪਿਆ ਕਿਸਾਨਾਂ ਦੀਆਂ ਜੇਬਾਂ ਵਿੱਚ ਪਿਆ । 1994-95 ਵਿੱਚ 350/- ਰੁਪਏ ਪ੍ਰਤੀ ਕੁਇੰਟਲ ਤੋਂ ਵਧਾ ਕੇ 380/- ਪ੍ਰਤੀ ਕੁਇੰਟਲ ਝੋਨੇ ਦਾ ਰੇਟ ਕੀਤਾ ਗਿਆ ਜੋ ਕਿ 30/- ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਹੈ ਅਤੇ ਇਸ ਦੇ ਨਾਲ 282 ਕਰੋੜ ਰੁਪਿਆ ਕਿਸਾਨਾਂ ਦੀਆਂ ਜੇਬਾਂ ਵਿੱਚ ਪਿਆ । ਇਸੇ ਤਰ੍ਹਾਂ, ਸਪੀਕਰ ਸਾਹਿਬ, ਗੰਨੇ ਵਿੱਚ ਵੀ ਕਿਸਾਨ ਨੂੰ ਵੱਧ ਰੇਟ ਦਿੱਤਾ ਗਿਆ ਅਤੇ ਕਿਸਾਨ ਨੂੰ ਗੰਨੇ ਦੀ ਉਪਜ ਦਾ ਵੀ ਬਹੁਤ ਬੈਨੀਫਿਟ ਦਿੱਤਾ ਗਿਆ । ਪਹਿਲੇ ਸਾਲ 49/- ਰੁਪਏ ਦਾ ਰੇਟ ਦੇ ਕੇ ਕਿਸਾਨ ਨੂੰ 4 ਕਰੋੜ ਰੁਪਏ ਦਾ ਵਾਧਾ ਮਿਲਿਆ ਹੈ । ਇਸੇ ਤਰ੍ਹਾਂ ਅਗਲੇ ਸਾਲ 50/- ਰੁਪਏ ਤੋਂ ਰੇਟ ਵਧਾ ਕੇ 62/- ਰੁਪਏ ਪ੍ਰਤੀ ਕੁਇੰਟਲ ਦਿੱਤਾ ਗਿਆ ਜਿਸ ਨਾਲ ਪੰਜਾਬ ਦੇ ਕਿਸਾਨ ਨੂੰ 12/- ਰੁਪਏ ਪ੍ਰਤੀ ਕੁਇੰਟਲ ਗੰਨੇ ਦੇ ਰੇਟ ਵਿਚ ਵਾਧਾ ਮਿਲਿਆ ਅਤੇ ਸਮੂਚੇ ਤੌਰ ਤੇ 40 ਕਰੋੜ ਰੁਪਏ ਦਾ ਲਾਭ ਮਿਲਿਆ । ਇਸੇ ਤਰ੍ਹਾਂ ਅਗਲੇ ਸਾਲ 62/- ਤੋਂ ਰੇਟ ਵਧਾ ਕੇ ਕਿਸਾਨ ਨੂੰ

Original with;
Punjab Vidhan Sabha
Digitized by;
Panjab Digital Library

72/- ਰੁਪਏ ਪ੍ਰਤੀ ਕੁਇੰਟਲ ਦਾ ਰੇਟ ਦਿੱਤਾ ਗਿਆ ਜੋ ਕਿ 10/- ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਸੀ ਅਤੇ ਇਸ ਦੇ ਨਾਲ ਕਿਸਾਨ ਨੂੰ 30 ਕਰੋੜ ਰੁਪਏ ਦਾ ਫਾਇਦਾ ਹੋਇਆ । ਜੇ, ਸਪੀਕਰ ਸਾਹਿਬ, ਕਿਸਾਨ ਦਾ ਟੋਟਲ ਫਾਇਦਾ ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ 2012 ਕਰੋੜ ਰੁਪਏ ਦਾ ਕਿਸਾਨ ਨੂੰ ਫਾਇਦਾ ਹੋਇਆ ਹੈ । ਸੋ, ਸਪੀਕਰ ਸਾਹਿਬ, ਸਾਡੇ ਤੋਂ ਪਹਿਲਾਂ ਵੀ ਸਰਕਾਰਾਂ ਆਉਂਦੀਆਂ ਰਹੀਆਂ ਹਨ ਜਿਹੜੀਆਂ ਭਾਵੇਂ ਕਹਿਣ ਨੂੰ ਤਾਂ ਕਹਿੰਦੀਆਂ ਰਹੀਆਂ ਕਿ ਅਸੀਂ ਕਿਸਾਨਾਂ ਦੇ ਹੱਕ ਵਿਚ ਹਾਂ ਪਰ ਉਨ੍ਹਾਂ ਨੇ ਕਦੇ ਕਿਸਾਨਾਂ ਵੱਲ ਆਪਣਾ ਧਿਆਨ ਨਹੀਂ ਦਿੱਤਾ । ਪਹਿਲੀ ਗੱਲ ਤਾਂ ਇਹ ਹੈ ਕਿ ਉਸ ਸਮੇਂ ਕਿਸਾਨ ਆਪਣੀ ਜਿਣਸ ਕੋਈ ਪੈਦਾ ਨਹੀਂ ਕਰ ਸਕਿਆ । ਜੇ ਉਹ ਜਿਣਸ ਪੈਦਾ ਕਰ ਸਕਿਆ ਹੈ ਤਾਂ ਉਸ ਨੂੰ ਸੰਭਾਲ ਨਹੀਂ ਸਕਿਆ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਵਾਜਿਬ ਭਾਅ ਦਿੱਤਾ ਗਿਆ । ਮੈਂ ਬੜੇ ਅਦਬ ਨਾਲ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਹਾਨੂੰ ਯਾਦ ਹੋਵੇਗਾ ਕਿ 1979 ਦੇ ਵਿਚ ਕਿਸਾਨਾਂ ਨੂੰ ਨਾ ਤਾਂ ਤੇਲ ਮਿਲਦਾ ਸੀ ਅਤੇ ਨਾ ਹੀ ਖਾਦਾਂ ਮਿਲਦੀਆਂ ਸਨ । ਕਿਲੋ ਕਿਲੋਮੀਟਰ ਦੀਆਂ ਲੰਮੀਆਂ ਲਾਈਨਾਂ ਪੈਟਰੋਲ ਪੰਪਾਂ ਤੇ ਲਗੀਆਂ ਅਸੀਂ ਦੇਖਦੇ ਸੀ । ਜਿਥੇ ਸਾਡੀਆਂ ਬਹੂ ਬੇਟੀਆਂ ਕਿਸਾਨ ਵਾਸਤੇ ਰੋਟੀ ਭੱਤਾ ਖੇਤਾਂ ਵਿਚ ਲੈ ਕੇ ਜਾਂਦੀਆਂ ਸਨ, ਉਥੇ ਅਸੀਂ ਦੇਖਿਆ ਹੈ ਕਿ ਉਨ੍ਹਾਂ ਸਮਿਆਂ ਵਿਚ ਸਾਡੀਆਂ ਬੀਬੀਆਂ ਅਤੇ ਭੈਣਾਂ ਪੈਟਰੋਲ ਪੰਪਾਂ ਤੇ ਰੋਟੀ ਲੈ ਕੇ ਜਾਂਦੀਆਂ ਰਹੀਆਂ ਹਨ । ਅੱਜ ਤਾਂ ਸਾਡੀ ਸਰਕਾਰ ਨੇ ਉਨ੍ਹਾਂ ਕਿਸਾਨਾਂ ਨੂੰ ਚੰਗੇ ਭਾਅ ਵੀ ਦਿੱਤੇ ਹਨ ਅਤੇ ਹੋਰ ਵੀ ਉਨ੍ਹਾਂ ਦਾ ਪੂਰਾ ਖ਼ਿਆਲ ਕਰ ਰਹੀ ਹੈ । ਕੋਈ ਸਮਾਂ ਸੀ ਜਦੋਂ ਇਹ ਕਿਹਾ ਜਾਂਦਾ ਸੀ ਕਿ ਉਤੇ ਜੱਟ ਥਲੇ ਜੱਟ, ਨਰਮਾ ਵਿਕੇ 260/- ਪਰ ਅੱਜ ਤਾਂ ਕਿਸਾਨਾਂ ਨੂੰ ਚੰਗੇ ਭਾਅ ਮਿਲ ਰਹੇ ਹਨ । ਉਸ ਸਮੇਂ ਜੋ ਆਲੂਆਂ ਦਾ ਹਾਲ ਹੋਇਆ, ਉਹ ਵੀ ਤੁਹਾਨੂੰ ਪਤਾ ਹੈ । ਜਦੋਂ ਆਲੂ ਪੈਦਾ ਹੋਏ ਤਾਂ ਕਿਸਾਨ ਬਹੁਤ ਖੁਸ਼ ਹੋਇਆ ਕਿ ਚੰਗੀ ਜਿਣਸ ਹੋਈ ਹੈ, ਚੰਗੀ ਪੈਦਾਵਾਰ ਹੋਈ ਹੈ ਅੱਤ ਉਸ ਨੂੰ ਕੁਝ ਰਾਹਤ ਮਿਲ ਜਾਵੇਗੀ ਪਰ ਉਸ ਵੇਲੇ ਉਨ੍ਹਾਂ ਦੇ ਆਲੂਆਂ ਨੂੰ ਕਿਸੇ ਨੇ ਨਹੀਂ ਸੰਭਾਲਿਆ । ਇਕ ਗੱਲ ਪਰਚੱਲਤ ਹੈ ਕਿ ਇਕ ਕਿਸਾਨ ਆਪਣੇ ਖੇਤ ਤੇ ਆਲੂਆਂ ਦੀ ਰਾਖੀ ਤੇ ਪਿਆ ਸੀ ਤਾਂ ਦੂਜੇ ਕਿਸਾਨ ਨੇ ਕਿਹਾ ਕਿ ਆਲੂਆਂ ਨੂੰ ਤਾਂ ਕੋਈ ਚੁੱਕਦਾ ਨਹੀਂ, ਤੂੰ ਇਸ ਦੀ ਰਾਖੀ ਕਿਉਂ ਕਰਦਾ ਹੈ, ਤਾਂ ਉਹ ਕਹਿਣ ਲਗਾ ਕਿ ਮੈਂ ਆਪਣੇ ਆਲੂਆਂ ਦੀ ਰਾਖੀ ਨਹੀਂ ਕਰ ਰਿਹਾ, ਮੈਂ ਇਹ ਰਾਖੀ ਕਰ ਰਿਹਾ ਹਾਂ ਕਿ ਕੋਈ ਹੋਰ ਆਪਣੀਆਂ 4 ਟਰਾਲੀਆਂ ਆਲੂਆਂ ਦੀਆਂ ਇਥੇ ਨਾ ਸੁੱਟ ਜਾਵੇ ਅਤੇ ਫਿਰ ਮੈਨੂੰ ਚੁਕਵਾਉਣੀਆਂ ਪੈਣ । (ਹਾਸਾ) ਇਹ ਹਾਲ ਉਸ ਵੇਲੇ ਕਿਸਾਨਾਂ ਦਾ ਹੋ ਰਿਹਾ ਸੀ ਪਰ ਅੱਜ ਸਰਦਾਰ ਬੇਅੰਤ ਸਿੰਘ ਨੇ ਅਤਿਵਾਦ ਨੂੰ ਕਾਬੂ ਕਰਨ ਤੋਂ ਬਾਅਦ ਕਿਸਾਨਾਂ ਦੀ ਸੇਵਾ ਕੀਤੀ ਹੈ । ਮੈਂ ਵੇਖਦਾ ਹਾਂ ਕਿ ਇਨ੍ਹਾਂ ਦਾ ਅਸਰ ਹਰ ਆਦਮੀ ਤੇ ਪਿਆ ਹੈ, ਸਿਰਫ ਪੰਜਾਬ ਦੇ ਲੰਕਾ ਤੇ ਹੀ ਨਹੀਂ, ਬਲਕਿ ਜਿਹੜੇ 4 ਸਾਥੀ ਪਹਿਲਾਂ ਪਰਲੇ ਪਾਸੇ ਬੈਠਦੇ ਸਨ ਉਨ੍ਹਾਂ ਤੇ ਵੀ ਅਸਰ ਪਿਆ ਅਤੇ ਉਨ੍ਹਾਂ ਨੇ ਵੀ ਮਹਿਸੂਸ ਕੀਤਾ ਕਿ ਅਸੀਂ ਗਲਤ ਬੈਠੇ ਹਾਂ ਤਾਂ ਉਹ ਵੀ ਇਧਰ ਆ ਕੇ ਸਾਡੇ ਵਿਚ ਸ਼ਾਮਲ ਹੋ ਗਏ । (ਵਿਘਨ)

Shri Vijay Kumar Sathi: On a Point of Order, Sir.

Original with;
Punjab Vidhan Sabha
Digitized by;
Panjab Digital Library

Mr. Speaker: You should sit. He has not said anything wrong. Let him speak. Please sit down. I have not allowed you. ਜਦੋਂ ਤੁਸੀਂ ਬੋਲੋਗੇ, ਆਪਣੀ ਗੱਲ ਕਹਿ ਲੈਣਾ । (ਵਿਘਨ)

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਮੈਂ ਪੁਆਇੰਟ ਆਫ ਆਰਡਰ ਤੇ ਖੜ੍ਹਾ ਹਾਂ....

Mr. Speaker: Not allowed. No Point of Order. Please, do not disturb. I am telling you. ਤੁਸੀਂ ਬੈਠ ਜਾਓ । You are interrupting all the time. Please do not interrupt.

ਸਰਦਾਰ ਹਰਨੇਕ ਸਿੰਘ ਘੜੂੰਆਂ: ਸਪੀਕਰ ਸਾਹਿਬ, ਮੈਂ ਸਾਥੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਪੁਆਇੰਟ ਆਫ ਆਰਡਰ ਬਾਰ ਬਾਰ ਨਾ ਕਰਨ । ਜੇ ਉਨ੍ਹਾਂ ਦਾ ਮਨ ਬਣ ਗਿਆ ਹੈ ਤਾਂ ਉਹ ਸਾਡੇ ਸੀ. ਐਮ. ਸਾਹਿਬ ਨੂੰ ਮਿਲ ਲੈਣ । (ਹਾਸਾ) (ਵਿਘਨ) ਅੰਤ ਵਿਚ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਥੇ ਬੋਲਣ ਦਾ ਸਮਾਂ ਦਿੱਤਾ ਹੈ ਅੱਤ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਮੰਗਾ ਯੂਨਾਨੀਮਸਲੀ ਪਾਸ ਕੀਤੀਆਂ ਜਾਣ ।

ਡਾ.ਮਰੇਡ ਹਤਦੇਵ ਅਰਸ਼ੀ (ਬੁਢਲਾਡਾ): ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਹ ਜਿਹੜੀਆਂ ਡਿਪਾਰਟਮੈਂਟ ਦੀਆਂ ਮੰਗਾਂ ਹਨ, ਉਨ੍ਹਾਂ ਤੇ ਬੋਲਣ ਦਾ ਸਮਾਂ ਦਿੱਤਾ ਹੈ । ਕੁਝ ਮਜਬੂਰੀ ਹੈ ਕਿ ਅੱਜ ਹਾਊਸ ਵੀ ਜਲਦੀ ਉਠਾ ਦੇਣਾ ਹੈ ਪਰ ਮੈਂ ਤੁਹਾਡੇ ਸਾਹਮਣੇ ਉਹ ਨੁਕਤੇ ਰਖਾਂਗਾ ਜਿਹੜੇ ਇਨ੍ਹਾਂ ਡਿਪਾਰਟਮੈਂਟਾਂ ਤਕ ਹੀ ਸੀਮਿਤ ਹੋਣਗੇ । ਇਥੇ ਜਿਸ ਤਰ੍ਹਾਂ ਮਿੱਤਲ ਸਾਹਿਬ ਨੇ ਦਸਿਆ ਹੈ ਕਿ ਸਾਨੂੰ ਇਹ ਇਤਰਾਜ਼ ਨਹੀਂ ਕਿ ਕਿਸੇ ਡਿਪਾਰਟਮੈਂਟ ਲਈ ਕਿੰਨੀ ਗਿਣਤੀ ਵਿਚ ਪੈਸਾ ਰਖਿਆ ਹੈ ਪਰ ਅਸੀਂ ਚਾਹੁੰਦੇ ਹਾਂ ਕਿ ਜਿਹੜੀ ਰਾਸ਼ੀ ਕਿਸੇ ਡਿਪਾਰਟਮੈਂਟ ਲਈ ਰਖੀ ਜਾਵੇ, ਉਹ ਪਬਲਿਕ ਦੇ ਹਿੱਤ ਵਿਚ ਖਰਚ ਹੋਵੇ । ਇਹ ਯਕੀਨੀ ਹੋਣਾ ਚਾਹੀਦਾ ਹੈ । ਅਗਰ ਇਹ ਰਾਸ਼ੀ ਪਬਲਿਕ ਹਿੱਤ ਵਿਚ ਖਰਚ ਨਹੀਂ ਹੁੰਦੀ, ਪਬਲਿਕ ਨੂੰ ਉਸ ਦਾ ਲਾਭ ਨਹੀਂ ਹੁੰਦਾ ਤਾਂ ਫਿਰ ਸਰਕਾਰ ਨੂੰ ਜ਼ਰੂਰ ਸਾਡੀ ਗੱਲ ਸੁਣਨੀ ਚਾਹੀਦੀ ਹੈ । ਸਭ ਤੋਂ ਪਹਿਲੇ ਮੈਂ ਬਿਜਲੀ ਦੇ ਮਹਿਕਮੇ ਤੋਂ ਆਪਣੀ ਗੱਲ ਆਰੰਭ ਕਰਨੀ ਚਾਹੁੰਦਾ ਹਾਂ । ਮੈਂ ਹਾਊਸ ਵਿਚ ਦਸਿਆ ਸੀ ਕਿ ਪਿਛਲੇ 6 ਮਹੀਨੇ ਤੋਂ ਬਿਜਲੀ ਵਿਭਾਗ ਜਿਹੜੀ ਪਾਲਿਸੀ ਬਣਾ ਰਿਹਾ ਹੈ, ਉਸ ਨਾਲ ਹੇਠਲੇ ਪੱਧਰ ਤੇ ਰਹਿਣ ਵਾਲੇ ਨੂੰ, ਗਰੀਬ ਵਰਗ ਨੂੰ ਕੋਈ ਲਾਭ ਨਹੀਂ ਹੋ ਰਿਹਾ, ਨਾ ਕੋਈ ਸਹੂਲਤ ਮਿਲ ਰਹੀ ਹੈ ਬਲਿਕ ਜਿਹੜਾ ਅਮੀਰ ਹੈ, ਉਹ ਹੀ ਬਿਜਲੀ ਦਾ ਆਨੰਦ ਮਾਣ ਸਕੇਗਾ । ਜਿਸ ਤਰ੍ਹਾਂ ਪਿਛੇ ਐਗਰੀਕਲਚਰ ਨੂੰ ਛੱਡ ਕੇ ਬਾਕੀ ਸਾਰਿਆਂ ਵਾਸਤੇ ਚਾਹੇ ਡੋਮੈਸਟਿਕ ਪਰਪਜ਼ ਵਾਸਤੇ ਹੋਵੇ, ਕਮਰਸ਼ੀਅਲ ਪਰਪਜ਼ ਵਾਸਤੇ ਹੋਵੇ ਜਾਂ ਸਨੱਅਤ ਲਈ ਹੋਵੇ, ਬਿਜਲੀ ਬੋਰਡ ਨੇ ਪਾਲਿਸੀ ਬਣਾ ਦਿੱਤੀ ਹੈ ਕਿ ਕੋਈ ਵੀ ਨਵਾਂ ਕੁਨੈਕਸ਼ਨ ਲੈਣ ਵਾਸਤੇ ਜਿਹੜਾ ਵੀ ਮੈਟੀਰੀਅਲ ਚਾਹੀਦਾ ਹੈ, ਜੋ ਵੀ ਰਿਕੁਆਇਰਮੈਂਟ ਹੈ, ਉਹ ਸਾਰੀ ਦੀ ਸਾਰੀ ਕੁਨੈਕਸ਼ਨ ਲੈਣ ਵਾਲਾ ਪ੍ਰਾਈਵੇਟ ਖਰੀਦ ਕੇ ਦੇਵੇਗਾ ਤਾਂ ਉਸ ਨੂੰ

Original with;
Punjab Vidhan Sabha
Digitized by;
Panjab Digital Library

ਕੁਨੈਕਸ਼ਨ ਦਿੱਤਾ ਜਾਵੇਗਾ । ਫੇਰ ਬਿਜਲੀ ਬੋਰਡ ਨੇ ਮੀਟਰ ਦੇਣ ਦੀ ਪਾਲਿਸੀ ਵਿਚ ਵੀ ਤਬਦੀਲੀ ਕੀਤੀ ਹੈ । ਘਰੇਲੂ ਮੀਟਰ ਦੇ ਲਈ ਅੱਤੇ ਇੰਡਸਟਰੀਅਲ ਮੀਟਰ ਦੇ ਲਈ ਬਿਜਲੀ ਬੋਰਡ ਨੇ ਦੋ ਫਰਮਾਂ ਨੂੰ ਪਰੈਸਕਰਾਈਬ ਕਰ ਦਿੱਤਾ ਹੈ ਅਤੇ ਇਨ੍ਹਾਂ ਦੋਨਾਂ ਫਰਮਾਂ ਨੇ ਮੀਟਰ ਦਾ ਖਰਚਾ ਡਬਲ ਕਰ ਦਿੱਤਾ ਹੈ ਜਿਸ ਨੂੰ ਕਿ ਸਾਧਾਰਣ ਵਿਅਕਤੀ ਨਹੀਂ ਦੇ ਸਕਦਾ । ਬਿਜਲੀ ਬੋਰਡ ਨੇ ਕੁਨੈਕਸ਼ਨ ਉਸ ਦਾ ਲਗਾਉਣਾ ਹੈ ਜਿਹੜਾ ਇਹ ਦੋਨਾਂ ਫਰਮਾਂ ਤੋਂ ਮੀਟਰ ਲਵੇਗਾ । ਪਹਿਲੇ ਬਿਜਲੀ ਬੋਰਡ ਦੀ ਪਾਲਿਸੀ ਮੁਤਾਬਿਕ ਮੀਟਰ ਨੂੰ ਟੈਸਟ ਕੀਤਾ ਜਾਂਦਾ ਸੀ, ਉਹ ਹੁਣ ਵੀ ਟੈਸਟ ਹੁੰਦਾ ਹੈ ਫਿਰ ਕੇਵਲ ਦੋ ਫਰਮਾਂ ਨੂੰ ਹੀ ਨਾਮਜ਼ਦ ਕਿਉਂ ਕੀਤਾ ਗਿਆ ਹੈ, ਇਹ ਸਮਝ ਨਹੀਂ ਆਉਂਦਾ । ਪਹਿਲੇ ਘਰੇਲੂ ਮੀਟਰ 300/- ਰੁਪਏ ਵਿਚ ਲਗ ਜਾਂਦਾ ਸੀ ਹੁਣ ਪ੍ਰਾਈਵੇਟ ਫਰਮਾਂ ਦੇ ਆਉਣ ਨਾਲ ਇਹ ਮੀਟਰ 650/- ਰੁਪਏ ਵਿਚ ਲਗਦਾ ਹੈ । ਇਸ ਨਵੀਂ ਪਾਲਿਸੀ ਦੇ ਮੁਤਾਬਿਕ ਜਿਹੜੇ ਬਿਜਲੀ ਬੋਰਡ ਦੇ ਆਪਣੇ ਸਟੋਰ ਹਨ, ਉਹ ਖਾਲੀ ਪਏ ਹੋਏ ਹਨ ਅਤੇ ਉਨ੍ਹਾਂ ਵਿਚ ਕੋਈ ਮੈਟੀਰੀਅਲ ਨਹੀਂ ਹੈ । ਇਹ ਕਹਿੰਦੇ ਹਨ ਕਿ ਅਸੀਂ ਬਿਜਲੀ ਬੋਰਡ ਦੇ ਖਰਚੇ ਘਟਾ ਦਿੱਤੇ ਹਨ ਪਰ ਜਿਹੜੀ ਉਥੇ ਅਫਸਰਾਂ ਦੀ ਫੌਜ ਹੈ, ਉਹ ਉਸੇ ਤਰ੍ਹਾਂ ਹੀ ਹੈ । 22 ਚੀਫ ਇੰਜੀਨੀਅਰਜ਼ ਹਨ, ਅਨੇਕਾਂ ਐਸ. ਈ. ਹਨ ਅਤੇ ਕਿੰਨਾ ਹੀ ਲੰਬਾ ਚੌੜਾ ਅਮਲਾ ਹੈ ਪਰ ਕੰਮ ਕਰਨ ਵਾਸਤੇ ਸਟੋਰਾਂ ਦੇ ਵਿਚ ਕੋਈ ਮੈਟੀਰੀਅਲ ਨਹੀਂ ਹੈ । ਇਸ ਤਰ੍ਹਾਂ ਕਰਨ ਨਾਲ ਖਰਚੇ ਘਟੇ ਨਹੀਂ ਬਲਕਿ ਵੱਧ ਹੋ ਰਹੇ ਹਨ । ਇਸ ਲਈ ਇਹ ਅਫਸਰਾਂ ਦੀ ਫੌਜ ਨੂੰ ਘੱਟ ਕੀਤਾ ਜਾਵੇ । ਇਹ ਲੋਕਾਂ ਦੇ ਵਿਚ ਇਕ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ । ਪਹਿਲੇ ਜਿਹੜਾ ਫਸਟ ਸਟੇਜ ਤੇ ਕੁਨੈਕਸ਼ਨ ਕਰਵਾ ਲੈਂਦਾ ਸੀ, ਬਾਅਦ ਵਿਚ ਮੀਟਰ ਉਸ ਦੇ ਲੋਡ ਦੇ ਮੁਤਾਬਿਕ ਇਨਕਰੀਜ਼ ਕਰ ਦਿੱਤਾ ਜਾਂਦਾ ਸੀ । ਉਦੋਂ ਬੋਰਡ ਕੋਲ ਮੈਟੀਰੀਅਲ ਹੁੰਦਾ ਸੀ ਪਰ ਹੁਣ ਸਾਰਾ ਮੈਟੀਰੀਅਲ ਇਨ੍ਹਾਂ ਦੋ ਫਰਮਾਂ ਤੋਂ ਇਲਾਵਾ ਹੋਰ ਕਿਸੇ ਦਾ ਨਹੀਂ ਖਰੀਦ ਸਕਦੇ । ਹੁਣ ਤਾਂ ਬਿਜਲੀ ਬੋਰਡ ਦੇ ਸਟੋਰਾਂ ਦੇ ਵਿਚ 20-25 ਮੀਟਰ ਪੀ. ਵੀ. ਸੀ. ਤਾਰ ਵੀ ਨਹੀਂ ਹੋਵੇਗੀ ਅਗਰ ਕਿਸੇ ਨੂੰ ਕੁਨੈਕਸ਼ਨ ਦੇਣਾ ਹੋਵੇ । ਸਟੋਰਾਂ ਦੇ ਵਿਚ ਹੋ ਸਕਦਾ ਹੈ ਚੰਡੀਗੜ੍ਹ ਦੇ ਵਿਚ ਪੁਰਾਣੀ ਟੁੱਟੀ ਫੁੱਟੀ ਤਾਰ ਮਿਲ ਜਾਵੇ । ਜਦੋਂ ਪਿੰਡਾਂ ਦੇ ਵਿਚ ਬਿਜਲੀ ਡਿਮ ਹੁੰਦੀ ਸੀ ਤਾਂ ਉਸ ਦੀ ਇੰਪਰੂਵਮੈਂਟ ਦਾ ਕੇਸ ਬਿਜਲੀ ਬੋਰਡ ਵਾਲੇ ਬਣਾਉਂਦੇ ਸਨ ਅਤੇ ਇਨ੍ਹਾਂ ਦੀਆਂ ਹਦਾਇਤਾਂ ਮੁਤਾਬਿਕ ਕੇਸ ਬਣ ਜਾਂਦਾ ਸੀ । ਪਰ ਹੁਣ ਅਗਰ ਕਿਸੇ ਛੱਪੜ ਵਿਚ ਪੋਲ ਆ ਜਾਵੇ ਅਤੇ ਲੋਕ ਉਸ ਨੂੰ ਉਥੋਂ ਹਟਵਾਉਣਾ ਚਾਹੁੰਦੇ ਹੋਣ ਤਾਂ ਕਿ ਕਰੰਟ ਨਾ ਆ ਜਾਵੇ ਅਤੇ ਪਸ਼ੂ ਧਨ ਦਾ ਨੁਕਸਾਨ ਨਾ ਹੋ ਜਾਵੇ ਤਾਂ ਹੁਣ ਦੀ ਪਾਲਿਸੀ ਦੇ ਮੁਤਾਬਿਕ ਜਿਸ ਵਿਅਕਤੀ ਨੇ ਜਾਂ ਜਿਹੜੇ ਵਿਅਕਤੀਆਂ ਨੇ ਉਸ ਪੋਲ ਨੂੰ ਹਟਵਾਉਣਾ ਹੋਵੇਗਾ, ਉਸ ਦਾ ਉਹ ਖਰਚਾ ਦੇਣਾ ਪਵੇਗਾ, ਫੇਰ ਪੋਲ ਹੋਰ ਥਾਂ ਪਵੇਗਾ । ਇਹ ਸ਼ਰਤ ਖਤਮ ਹੋਣੀ ਚਾਹੀਦੀ ਹੈ । ਇਸ ਤਰੀਕੇ ਨਾਲ ਬਿਜਲੀ ਬੋਰਡ ਲੋਕਾਂ ਨੂੰ ਕਿਸੇ ਕਿਸਮ ਦੀ ਸਹੂਲਤ ਨਹੀਂ ਦੇ ਰਿਹਾ । ਜਿਹੜੇ ਕਲਿਪਆਨ ਮੀਟਰ ਜੇ. ਈ. ਤੇ ਐਸ. ਡੀ. ਓ. ਕੋਲ ਹੁੰਦੇ ਹਨ ਤਾਂ ਕਿ ਲੋਡ ਨੂੰ ਚੈਕ ਕੀਤਾ ਜਾ ਸਕੇ, ਉਹ ਵੀ ਹੁਣ ਬਿਜਲੀ ਬੋਰਡ ਕੋਲ ਨਾਂ ਮਾਤਰ ਹੀ ਹਨ । ਜੇ ਇਸ ਤਰ੍ਹਾਂ ਦੇ ਟੈਕਨੀਕਲ ਇਨਸਟਰੂਮੈਂਟ ਵੀ ਨਹੀਂ ਹਨ ਤਾਂ ਫੇਰ ਬਿਜਲੀ ਬੋਰਡ ਕਿਸ ਤਰ੍ਹਾਂ ਲੋਕਾਂ ਨੂੰ ਸਹੂਲਤਾਂ ਪ੍ਰੋਵਾਈਡ ਕਰ ਸਕਦਾ ਹੈ । ਜੇਕਰ ਬਜਟ ਦੇ ਵਿਚ ਹੋਰ ਪੈਸੇ ਰਖਣ ਦੀ ਲੋੜ ਹੈ, ਉਹ ਤੁਸੀਂ ਰਖ

Original with;
Punjab Vidhan Sabha
Digitized by;
Punjab Digital Library

[ਕਾਮਰੇਡ ਹਰਦੇਵ ਅਰਸ਼ੀ]

ਸਕਦੇ ਹੋ, ਇਸ ਦੇ ਵਿਚ ਸਾਨੂੰ ਕੋਈ ਇਤਰਾਜ਼ ਨਹੀਂ ਹੈ ਕਿਉਂਕਿ ਬਿਜਲੀ ਬੋਰਡ ਦੀ ਕਾਫੀ ਅਹਿਮੀਅਤ ਹੈ। ਘਰੇਲੂ ਕੁਨੈਕਸ਼ਨਾਂ ਦਾ ਅਤੇ ਇੰਡਸਟਰੀਅਲ ਕੁਨੈਕਸ਼ਨਾਂ ਦਾ ਕਾਫੀ ਇੰਪਾਰਟੈਂਟ ਮਸਲਾ ਹੈ। ਮੁੱਖ ਮੰਤਰੀ ਸਾਹਿਬ ਦੇ ਪਾਸ ਇਹ ਮਹਿਕਮਾ ਹੈ, ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਕ ਪਾਸੇ ਤੁਸੀਂ ਕਹਿੰਦੇ ਹੋ ਕਿ ਸਰਕਾਰ ਕੋਲ ਪੈਸੇ ਨਹੀਂ ਹਨ ਇਸ ਦੇ ਲਈ ਅਸੀਂ ਪਾਲਿਸੀ ਨੂੰ ਚੇਂਜ ਕੀਤਾ ਹੈ ਤਾਂ ਕਿ ਬਿਜਲੀ ਬੋਰਡ ਦਾ ਘੱਟ ਖਰਚਾ ਹੋਵੇ। ਪਰ ਜਿਹੜੀ ਤੁਹਾਡੇ ਕੋਲ 22 ਚੀਫ ਇੰਜੀਨੀਅਰਜ਼ ਦੀ ਫੌਜ ਹੈ ਅਤੇ ਪੂਰਾ ਅਫਸਰਾਂ ਦਾ ਅਮਲਾ ਹੈ ਉਸ ਉਤੇ ਬਿਜਲੀ ਬੋਰਡ ਦ 60% ਖਰਚਾ ਹੁੰਦਾ ਹੈ ਬਾਕੀ ਜਿਹੜੇ 80 ਹਜ਼ਾਰ ਮੁਲਾਜ਼ਮ ਹਨ, ਉਨ੍ਹਾਂ ਉਤੇ 40% ਖਰਚਾ ਕੀਤਾ ਜਾਂਦਾ ਹੈ। ਅਗਰ ਤੁਸੀਂ ਖਰਚਿਆਂ ਦੇ ਵਿਚ ਕੱਟ ਲਗਾਉਣਾ ਹੈ ਤਾਂ ਅਫਸਰਾਂ ਦੀ ਫੌਜ ਨੂੰ ਘੱਟ ਕਰੋ ਅਤੇ ਲੋਕਾਂ ਨੂੰ ਸਹੂਲਤਾਂ ਜ਼ਿਆਦਾ ਤੋਂ ਜ਼ਿਆਦਾ ਦਿਓ। ਬਜਟ ਐਲੋਕੇਸ਼ਨ ਦੇ ਮੁਤਾਬਿਕ 532 ਲੱਖ ਰੁਪਿਆ ਇਸ ਦੇ ਵਿਚ ਦੇਣਦਾਰੀਆਂ ਕੰਪਲੀਟ ਕਰਨ ਵਾਸਤੇ ਰਖਿਆ ਗਿਆ ਹੈ। ਪਰ ਬਿਜਲੀ ਬੋਰਡ ਕਹਿੰਦਾ ਹੈ ਕਿ ਇਹ ਰੁਪਿਆ 500 ਲੱਖ ਤੇ ਅਸੀਂ ਖਰਚ ਕਰਨਾ ਹੈ ਨਵੇਂ ਕੰਮ ਲਈ ਅਤੇ ਇਹ ਗੌਰਮਿੰਟ ਨੇ ਹਾਲੇ ਦਿੱਤਾ ਨਹੀਂ। ਸਾਨੂੰ ਇਹ ਪਤਾ ਲਗਣਾ ਚਾਹੀਦਾ ਹੈ ਕਿ ਇਹ ਲਾਇਬਿਲਟੀ ਕਿਸ ਦੀ ਹੈ ਅਤੇ ਇਸ ਦੇ ਨਾਲ ਜੈਨਰੇਸ਼ਨ ਕਿੰਨੀ ਪੈਦਾ ਕਰਨੀ ਹੈ। ਇਹ ਵੀ ਕੰਟਰਾਡਿਕਸ਼ਨ ਸਾਹਮਣੇ ਆ ਰਹੀ ਹੈ ਅਤੇ ਇਸ ਨੂੰ ਕਲੀਅਰ ਕਰਨ ਦੀ ਲੋੜ ਹੈ।

ਸਪੀਕਰ ਸਾਹਿਬ, ਐਸ. ਵਾਈ ਐਲ. ਲਈ ਹੋਰ ਪੈਸਾ ਰਖਿਆ ਗਿਆ ਹੈ। ਮੈਂ ਇਸ ਬਾਰੇ ਸਾਰਾ ਜ਼ਿਕਰ ਨਹੀਂ ਕਰਨਾ ਚਾਹੁੰਦਾ। 1992 ਵਿਚ 152 ਕਰੋੜ 29 ਲੱਖ ਰੁਪਿਆ ਸੀ ਮਗਰ ਹੁਣ ਦਾ ਐਸਟੀਮੇਟ ਮੈਨੂੰ ਨਹੀਂ ਪਤਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਕਿਸੇ ਕੰਟ੍ਰੋਵਰਸੀ ਵਿਚ ਨਹੀਂ ਪੈਣਾ ਚਾਹੁੰਦਾ। ਐਸ. ਵਾਈ. ਐਲ. ਦਾ ਡਿਸਪਿਊਟਿਡ ਮਾਮਲਾ ਹੈ। ਇਹ ਪੁਲਿਟੀਕਲ ਮਾਮਲਾ ਹੈ। ਜਿਤਨਾ ਚਿਰ ਇਨ੍ਹਾਂ ਗੱਲਾਂ ਦੇ ਫੈਸਲੇ ਨਹੀਂ ਹੁੰਦੇ, ਉਦੋਂ ਤਕ ਬਜਟ ਵਿਚ ਇਸ ਲਈ ਪੈਸਾ ਕਿਉਂ ਰਖਿਆ ਗਿਆ ਹੈ। 160/- ਲੱਖ ਰੁਪਿਆ ਫਿਰ ਰਖ ਦਿਤਾ ਹੈ। ਜੋ ਵੀ ਪੁਰਾਣਾ ਲੈਣ ਦੇਣ ਹੈ, ਉਸ ਨੂੰ ਇਕੋ ਵਾਰੀ ਤੁਸੀਂ ਖਤਮ ਕਰੋ। ਇਸ ਮਕਸਦ ਲਈ ਪੈਸਾ ਰਖਣਾ ਤਾਂ ਕੁੰਦਰਤੀ ਤੌਰ ਤੇ ਸ਼ੰਕਾ ਪਰਗਟ ਕਰਾਉਂਦਾ ਹੈ।

ਇਸੇ ਤਰ੍ਹਾਂ ਹੀ, ਸਪੀਕਰ ਸਾਹਿਬ, ਇਰੀਗੇਸ਼ਨ ਡਿਪਾਰਟਮੈਂਟ ਬਾਰੇ ਮੈਂ ਦੋ ਤਿੰਨ ਨੁਕਤੇ ਕਹਿਣਾ ਚਾਹੁੰਦਾ ਹਾਂ। ਜਿਹੜਾ ਸਰਕਾਰ ਨੇ ਕੋਈ ਚੰਗਾ ਕੰਮ ਕੀਤਾ ਹੈ, ਉਸ ਦੀ ਐਪਰੀਸੀਏਸ਼ਨ ਵੀ ਕਰਨੀ ਚਾਹੀਦੀ ਹੈ। ਸਾਨੂੰ ਖੁਸ਼ੀ ਹੈ ਕਿ ਸਰਕਾਰ ਨੇ ਵੱਧ ਰਕਬਾ ਪਾਣੀ ਦੇ ਥੱਲੇ ਲਿਆਂਦਾ ਹੈ। ਨਹਿਰਾਂ ਵੀ ਇਕ ਸਾਧਨ ਹਨ। ਸਪੀਕਰ ਸਾਹਿਬ, ਮੈਂ ਇਰੀਗੇਸ਼ਨ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇਸ ਵਿਚ ਇੰਮਪਰੂਵਮੈਂਟ ਲਿਆਉਣ ਦੀ ਜ਼ਰੂਰਤ ਹੈ। ਪਾਣੀ ਦੀ ਵੰਡ ਸਾਰੀ ਜਗਾ ਇਕੋ ਜਿਹੀ ਨਹੀਂ ਹੋਈ। ਅਬੋਹਰ ਫਾਜ਼ਿਲਕਾ ਤੇ ਅੰਮ੍ਰਿਤਸਰ ਏਰੀਏ ਵਿਚ ਪ੍ਰਤੀ ਏਕੜ ਵੱਧ ਪਾਣੀ ਦਿਤਾ ਜਾਂਦਾ ਹੈ, ਜਦੋਂ ਕਿ ਦੂਸਰਿਆਂ ਵਿਚ ਘੱਟ। ਇਹ ਵਿਤਕਰਾ ਨਹੀਂ ਹੋਣਾ ਚਾਹੀਦਾ। ਪਾਣੀ ਦੀ ਬਰਾਬਰ ਵੰਡ ਕਰੋ। ਇਹ ਠੀਕ ਹੈ ਕਿ ਇਹ ਪੈਸਾ ਠੀਕ ਯੂਟੇਲਾਈਜ਼ ਕਰਨਾ ਚਾਹੀਦਾ ਹੈ। ਪਿਛਲੇ ਸਾਲ

Original with;
Punjab Vidhan Sabha
Digitized by;
Panjab Digital Library

ਇਸ ਮਕਸਦ ਲਈ 50/- ਲੱਖ ਰੁਪਿਆ ਰਖਿਆ ਗਿਆ ਸੀ ਅਤੇ ਹੁਣ ਵੀ ਇਸ ਮਕਸਦ ਲਈ ਰੁਪਿਆ ਬਜਟ ਵਿਚ ਰਖਿਆ ਗਿਆ ਹੈ ਪਰ ਇਸ ਪਾਸੇ ਅਚੀਵਮੈਂਟ ਵੀ ਹੋਣੀ ਚਾਹੀਦੀ ਹੈ । ਹਰ ਪੱਧਰ ਤੇ ਵਾਇਰਲੈਸ ਸੈਟਸ ਲਈ ਪ੍ਰਬੰਧ ਹੋਵੇ, ਪ੍ਰੰਤੂ ਹੈ ਨਹੀਂ । ਹਰ ਦੋ ਦਿਨਾਂ ਬਾਅਦ ਪਾਣੀ ਦੀ ਮਾਤਰਾ ਘੱਟ ਵੱਧ ਹੁੰਦੀ ਰਹਿੰਦੀ ਹੈ । ਓਵਰ ਆਲ ਇਸ ਵੱਲ ਸਰਕਾਰ ਨੂੰ ਪੂਰਾ ਧਿਆਨ ਦੇਣਾ ਚਾਹੀਦਾ ਹੈ ।

ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ 139/- ਲੱਖ ਰੁਪਿਆ ਇਰੀਗੇਸ਼ਨ ਡਿਪਾਰਟਮੈਂਟ ਨੇ ਟ੍ਰੇਨਿੰਗ ਇੰਸਟੀਚਿਊਟ ਜੋ ਅੰਮ੍ਰਿਤਸਰ ਚਲ ਰਿਹਾ ਹੈ, ਉਸ ਵਾਸਤੇ ਰਖਿਆ ਹੈ । ਟ੍ਰੇਨਿੰਗ ਦੀ ਪੂਰੀ ਡੀਟੇਲ ਸਰਕਾਰ ਨੇ ਨਹੀਂ ਦਿਤੀ ਜੋ ਕਿ ਦੇਣੀ ਚਾਹੀਦੀ ਹੈ । ਕਿਤਨੇ ਜੂਨੀਅਰ ਇੰਜੀਨੀਅਰ ਐਸ. ਡੀ. ਓਜ਼. ਅਤੇ ਹੋਰ ਅਫ਼ਸਰਾਂ ਵਗੈਰਾ ਨੂੰ ਉਥੇ ਇੰਸਟੀਚਿਊਸ਼ਨ ਵਿਚ ਟ੍ਰੇਨਿੰਗ ਦਿਤੀ ਹੈ ਕੁਝ ਮੈਨਸਨ ਨਹੀਂ । ਇਸ ਵਾਸਤੇ ਪਿਛਲੇ ਸਾਲ 1 ਕਰੋੜ 10 ਲੱਖ ਰੁਪਿਆ ਰਖਿਆ ਗਿਆ ਸੀ ਪਰ ਖਰਚ ਸਿਰਫ 10 ਲੱਖ ਰੁਪਿਆ ਕੀਤਾ ਹੈ ਬਾਕੀ ਦਾ ਇਕ ਕਰੋੜ ਰੁਪਿਆ ਕਿਥੇ ਗਿਆ ? ਹੁਣ ਵੀ 1 ਕਰੋੜ 39 ਲੱਖ ਰੁਪਿਆ ਰਖਿਆ ਗਿਆ ਹੈ । ਇਸ ਵਿਚੋਂ ਕਿਤਨਾ ਪੈਸਾ ਖਰਚ ਹੋਵੇਗਾ, ਦੂਸਰਾ ਕਿਤਨਿਆਂ ਨੂੰ ਉਥੇ ਟ੍ਰੇਨਿੰਗ ਦਿਤੀ ਜਾਵੇਗੀ, ਕੁਝ ਨਹੀਂ ਦੁਸਿਆ ਗਿਆ । ਇਹ ਠੀਕ ਹੈ ਕਿ ਉਨ੍ਹਾਂ ਦੀ ਟ੍ਰੇਨਿੰਗ ਬਹੁਤ ਜ਼ਰੂਰੀ ਹੈ ਅੱਜ ਇਹ ਟ੍ਰੇਨਿੰਗ ਹੋਣੀ ਚਾਹੀਦੀ ਹੈ । ਮੈਂ ਇਸ ਨੂੰ ਵੈਲਕਮ ਕਰਦਾ ਹਾਂ ਕਿ ਲੇਟੈਸਟ ਟੈਕਨੌਲੋਜੀ ਦੇ ਮੁਤਾਬਿਕ ਟ੍ਰੇਨਿੰਗ ਹੋਣੀ ਚਾਹੀਦੀ ਹੈ । ਇਸ ਦੇ ਮੁਤਾਬਿਕ ਹੀ ਚੰਗੇ ਸਿੱਟੇ ਨਿਕਲ ਸਕਦੇ ਹਨ ਲੇਕਿਨ ਸਰਕਾਰ ਵਲੋਂ ਟ੍ਰੇਨਿੰਗ ਲਈ ਨਾ ਮਾਤਰ ਖਰਚ ਹੁੰਦਾ ਹੈ । ਫਿਰ ਬਾਅਦ ਵਿਚ ਲੋਕਾਂ ਵਲੋਂ ਇਹੋ ਜਿਹੇ ਪ੍ਰਸ਼ਨ ਚਿੰਨ ਲਗਦੇ ਹਨ ! ਕੀ ਮੰਤਰੀ ਜੀ ਇਨ੍ਹਾਂ ਵੱਲ ਧਿਆਨ ਦੇਣਗੇ ? ਇਨ੍ਹਾਂ ਗੱਲਾਂ ਵੱਲ ਡਿਪਾਰਟਮੈਂਟ ਧਿਆਨ ਨਹੀਂ ਦੇ ਰਿਹਾ ਅਤੇ ਡਿਪਾਰਟਮੈਂਟ ਨੂੰ ਇਨ੍ਹਾਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਪੈਸਾ ਨੰਬਰ ਦੋ ਵਿਚ ਖਰਚ ਕੀਤਾ ਜਾਂਦਾ ਹੈ । ਮੰਤਰੀਆਂ ਅਤੇ ਅਫ਼ਸਰਾਂ ਦੇ ਦੌਰਿਆਂ ਲਈ ਖਰਚ ਹੁੰਦਾ ਹੈ ।

ਸਪੀਕਰ ਸਾਹਿਬ, ਮੈਂ ਹੋਰ ਜ਼ਰੂਰੀ ਨੁਕਤਾ ਨਹਿਰੀ ਰੈਸਟ ਹਾਊਸ ਬਾਰੇ ਕਹਿਣਾ ਚਾਹੁੰਦਾ ਹਾਂ । ਸਬ-ਡਵੀਜ਼ਨ ਬੁਢਲਾਡਾ ਵਿਚ ਘਟੋ ਘੱਟ 8 ਰੈਸਟ ਹਾਊਸ ਅਜਿਹੇ ਹਨ, ਜੋ ਬੇਕਾਰ ਪਏ ਹਨ ਅਤੇ ਜਿਨ੍ਹਾਂ ਦੀ ਵਰਤੋਂ ਨਹੀਂ ਹੋ ਰਹੀ । ਪੂਰੀ ਰੈਸਟ ਹਾਊਸ 10 ਏਕੜ ਜ਼ਮੀਨ ਵਰਤੀ ਹੋਈ ਹੈ । ਸਮੁੱਚੇ ਪੰਜਾਬ ਵਿਚ 40-50 ਰੈਸਟ ਹਾਊਸ ਹਨ ਜਿਨ੍ਹਾਂ ਦੀ ਕੀਮਤੀ ਜਮੀਨ 4-5 ਹਜ਼ਾਰ ਏਕੜ ਬਣਦੀ ਹੈ। ਉਨ੍ਹਾਂ ਤੇ ਲੋਕ ਨਜਾਇਜ਼ ਕਬਜ਼ੇ ਕਰ ਰਹੇ ਹਨ ਪਰ ਨਹਿਰੀ ਵਿਭਾਗ ਕੋਈ ਕਾਰਵਾਈ ਨਹੀਂ ਕਰ ਰਿਹਾ । ਜਾਂ ਤਾਂ ਕੀਮਤੀ ਜ਼ਮੀਨ ਚੰਗੇ ਕੰਮ ਤੇ ਲਾਓ ਜਾਂ ਘੱਟੋ ਘੱਟ ਇਥੇ ਜੰਗਲਾਤ ਹੀ ਡਿਵੈਲਪ ਕਰੋ ।

ਸਪੀਕਰ ਸਾਹਿਬ, ਮੈਂ ਹੜ੍ਹਾਂ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਹਾਲੇ ਤਕ ਕੋਈ ਯੋਗ ਮੀਟਿੰਗ ਕਰਕੇ ਨਾਜ਼ੁਕ ਥਾਵਾਂ ਦੀ ਨਿਸ਼ਾਨਦੇਹੀ ਨਹੀਂ ਕੀਤੀ ਗਈ ਅਤੇ ਨਾ ਹੀ ਫੰਡਜ਼ ਜਾਰੀ ਹੋਏ ਹਨ ਜਦੋਂ ਕਿ ਮਈ ਤਕ ਕੰਮ ਮੁਕੰਮਲ ਕਰਨਾ ਜ਼ਰੂਰੀ ਹੈ ਅੱਤ ਜੂਨ ਦੇ ਵਿਚ ਮਈਅਰਜ਼ ਲੈ ਲੈਣੇ ਚਾਹੀਦੇ ਹਨ ਜਿਨ੍ਹਾਂ ਕਰਕੇ ਫਲੱਡਜ਼ ਨੂੰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਰੋਕਿਆ ਜਾ ਸਕਦਾ ਹੈ । ਸਾਡਾ ਪਿਛਲਾ ਵੀ ਕੰਡਾ ਔਕਸਪੀਰੀਐਂਸ ਇਸ ਮੁਤੱਲਕ ਹੈ। ਪਰ ਅੱਜ ਵੀ ਡਰੇਨਾਂ ਦੀ ਕੋਈ ਸਫਾਈ ਨਹੀਂ ਹੋਈ । ਮੈਨੂੰ ਜਿਥੋਂ ਤੱਕ ਪਤਾ ਹੈ ਕਿ ਇਸ ਸਾਲ ਦੇ ਵਿਚ ਮੇਰੇ ਏਰੀਏ ਵਿਚ, ਮੇਰੇ ਡਿਸਟ੍ਰਿਕਟ ਵਿਚ ਫਲੱਡਜ਼ ਦੇ ਪਰੀਵੈਂਟਿਵ ਮਈਅਰਜ਼ ਲੈਣ ਵਾਸਤੇ ਕੋਈ ਪੈਸਾ ਹਾਲੇ ਤੱਕ ਨਹੀਂ ਆਇਆ । ਬਾਕੀ ਜੇ ਸਾਡੇ ਕੋਲ ਨਹੀਂ ਆਇਆ ਤਾਂ ਜ਼ਾਹਿਰ ਹੈ ਕਿ ਸਾਰੇ ਪੰਜਾਬ ਵਿਚ ਵੀ ਦਿੱਤਾ ਨਹੀਂ ਗਿਆ ਹੋਵੇਗਾ । ਪਰ ਜਿਸ ਵੇਲੇ ਫਲੱਡ ਆ ਗਿਆ, ਉਸ ਵੇਲੇ ਕਈ ਗੁਣਾਂ ਵਧ ਰਾਸ਼ੀ ਖਰਚ ਕਰਨੀ ਪੈਂਦੀ ਹੈ । ਮੇਰੀ ਸਮਝ ਤੋਂ ਇਹ ਗੱਲ ਦੂਰ ਹੈ ਕਿ ਲੋੜ ਵੇਲੇ ਪੈਸਾ ਖਰਚ ਕਰੋ ਨਾ ਪਰ ਜਦੋਂ ਜਾਨੀ ਨੁਕਸਾਨ ਹੋ ਜਾਵੇ, ਮਾਲੀ ਨੁਕਸਾਨ ਹੋ ਜਾਵੇ, ਖਰਚਾ ਕਈ ਗੁਣਾਂ ਵਧ ਜਾਵੇ, ਉਦੋਂ ਖਰਚ ਕਰ ਦਿਉ । ਇਹ ਤਾਂ ਅੱਗ ਲੱਗ ਜਾਵੇ ਤਾਂ ਫਾਇਰ ਬ੍ਰਿਗੇਡ ਬੁਲਾਉਣ ਵਾਲੀ ਗੱਲ ਹੋ ਜਾਂਦੀ ਹੈ । ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅੱਗ ਲਗੇ ਹੀ ਨਾ। ਸਰਕਾਰ ਨੂੰ ਇਸ ਮਸਲੇ ਵੱਲ ਗੰਭੀਰਤਾ ਨਾਲ ਧਿਆਨ ਦੇਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਮੈਂ ਅਗਲੀ ਬੇਨਤੀ ਕਰਨੀ ਹੈ ਕੁਰੱਪਸ਼ਨ ਬਾਰੇ, ਜਿਸਦਾ ਜ਼ਿਕਰ ਏਥੇ ਵੈਸੇ ਤਾਂ ਕਾਫੀ ਵਾਰ ਕੀਤਾ ਜਾ ਚੁੱਕਾ ਹੈ । ਇਹ ਸਾਡੇ ਵਾਸਤੇ ਬਹੁਤ ਵੱਡੀ ਚਿੰਤਾ ਦਾ ਮਾਮਲਾ ਹੈ । ਮੈਂ ਮਾਨਯੋਗ ਮੰਤਰੀ ਜੀ ਦੇ ਨੋਟਿਸ ਵਿਚ ਜ਼ਿਲ੍ਹਾ ਅੰਮ੍ਰਿਤਸਰ ਦਾ ਅਪ੍ਰੈਲ 1994 ਦਾ ਕੇਸ ਲਿਆਉਣਾ ਚਾਹੁੰਦਾ ਹਾਂ । ਰਈਆ ਚੀਫ ਰਜਵਾਹੇ ਦਾ ਜਿਥੇ 18 ਲੱਖ ਦੀ ਰੇਤ ਚੋਰੀ ਹੋਈ ਅਤੇ ਵਿਜੀਲੈਂਸ ਨੇ ਕਸੂਰਵਾਰ ਵਿਅਕਤੀ ਰੰਗੇ ਹੱਥੀਂ ਫੜੇ, ਉਨ੍ਹਾਂ ਤੇ ਕੇਸ ਬਣੇ ਪਰ ਫੇਰ ਮੁੜ ਕੇ ਕੇਸ ਰਫਾ ਦਫਾ ਹੋ ਗਿਆ ਅਤੇ ਉਹ ਛੱਡ ਛਡਾ ਗਏ । ਮੇਰੇ ਕਹਿਣ ਦਾ ਮਤਲਬ ਹੈ ਕਿ ਇਹੋ ਜਿਹੇ ਕੇਸ ਕਾਫੀ ਹੋਏ ਸਨ ਅਤੇ ਕਈ ਨਕਲੀ ਰਿੰਗ ਬੰਨ੍ਹ ਬਣਦੇ ਹਨ। ਸਾਨੂੰ ਸਰਕਾਰ ਦਾ ਪੈਸਾ ਠੀਕ ਥਾਂ ਤੇ ਲਾਉਣਾ ਚਾਹੀਦਾ ਹੈ, ਫੇਰ ਹੀ ਉਸਦੇ ਖਰਚਣ ਦੇ ਕੋਈ ਚੰਗੇ ਸਿੱਟੇ ਨਿਕਲ ਸਕਦੇ ਹਨ ।

ਸਪੀਕਰ ਸਾਹਿਬ, ਅੱਗੇ ਮੈਂ ਆਖਰੀ ਨੁਕਤਾ ਐਗਰੀਕਲਚਰ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਸਾਡੇ ਵਾਸਤੇ ਇਹ ਬੜੀ ਤਸੱਲੀ ਦੀ ਅਤੇ ਖੁਸ਼ੀ ਦੀ ਗੱਲ ਹੈ ਅਤੇ ਪੰਜਾਬ ਦੇ ਕਿਸਾਨ ਵਧਾਈ ਦੇ ਪਾਤਰ ਹਨ ਕਿਉਂਕਿ ਜਿਹੜਾ ਅਸੀਂ ਬਹੁਤ ਸਾਰੇ ਇੰਪੀਰੀਐਲਿਸਟ ਦੇਸ਼ਾਂ ਤੋਂ ਖਤਰਨਾਕ ਸ਼ਰਤਾਂ ਤੇ ਪਹਿਲਾਂ ਅਨਾਜ਼ ਲੈਂਦੇ ਸੀ, ਉਸ ਤੋਂ ਪੰਜਾਬ ਦੇ ਕਿਸਾਨ ਨੇ ਆਪਣੀ ਮਿਹਨਤ ਸਦਕਾ ਦੇਸ਼ ਨੂੰ ਅੱਜ ਆਤਮਨਿਰਭਰ ਬਣਾਇਆ ਹੈ । ਪਰ ਮੈਂ ਕਹਿੰਦਾ ਹਾਂ ਕਿ ਅੱਜ ਸਾਡੀ ਰਵਾਇਤੀ ਫਸਲ ਜਿਵੇਂ ਕਣਕ ਹੈ, ਉਹ ਪੰਜਾਬ ਦੀ ਮਨਾਪਲੀ ਨਹੀਂ ਰਹੀ । ਸਾਡੀਆਂ ਗਵਾਂਢੀ ਸਟੇਟਾਂ ਜਿਵੇਂ ਹਰਿਆਣਾ, ਵੈਸਟ ਬੰਗਾਲ ਅਤੇ ਯੂ. ਪੀ. ਵਿਚ ਵੀ ਹੁਣ ਕਣਕ ਦੇ ਝਾੜ ਲਗਾਤਾਰ ਵਧੇ ਹਨ । ਅੱਜ ਸਾਨੂੰ ਉਨ੍ਹਾਂ ਫਸਲਾਂ ਦੀ ਜ਼ਰੂਰਤ ਹੈ ਜਿਨ੍ਹਾਂ ਨਾਲ ਅਸੀਂ ਮਾਰਕੀਟ ਵਿਚ ਮੁਕਾਬਲਾ ਕਰ ਸਕੀਏ । ਅੱਜ ਸਾਡੇ ਐਗਰੀਕਲਚਰ ਡਿਪਾਰਟਮੈਂਟ ਵਲੋਂ ਡਾਈਵਰਸੀਫਿਕੇਸ਼ਨ ਆਫ ਕਰਾਪਸ ਵਲ ਕਿਸਾਨਾਂ ਨੂੰ ਮੋੜਿਆ ਜਾ ਰਿਹਾ ਹੈ । ਪਰ ਇਹ ਸਕੀਮ ਵੀ ਲਾਹੇਵੰਦ ਤਦ ਹੀ ਸਾਬਤ ਹੋ ਸਕਦੀ ਹੈ ਜੇ ਬਾਗਵਾਨੀ ਦੀ ਚੰਗੀ ਸੰਭਾਲ ਦੇ ਨਾਲ ਨਾਲ ਕਿਸਾਨਾਂ ਨੂੰ ਉਸਦੀ ਫਸਲ ਦੇ ਲਾਹੇਵੰਦ ਭਾਅ ਵੀ ਦਿੱਤੇ ਜਾਣ ਅਤੇ ਇਸ ਗੱਲ ਦੀ ਉਨ੍ਹਾਂ ਨੂੰ ਕੋਈ ਗਾਰੰਟੀ ਹੋਵੇ । ਅੱਜ ਅਸੀਂ ਸਬਜ਼ੀਆਂ ਅਤੇ ਫਰੂਟਸ ਦੀ ਨੁਮਾਇਸ਼ ਜ਼ਰੂਰ ਲਾਉਦੇ ਹਾਂ ਪਰ ਉਹ ਸਾਡੇ

Original with;
Punjab Vidhan Sabha
Digitized by;
Panjab Digital Library

ਦਿਲ ਨੂੰ ਖਿਚਦੀ ਨਹੀਂ ਕਿਉਂਕਿ ਜਦ ਕਿੰਨੂ ਲਗਾਇਆ ਗਿਆ ਸੀ ਤਾਂ ਉਹ ਮਾਰਕੀਟ ਵਿਚ ਰੁਲ ਰਿਹਾ ਸੀ, ਉਸਨੂੰ ਕੋਈ ਮੰਡੀ ਵਿਚ ਰੁਪਏ ਕਿਲੋ ਵੀ ਖਰੀਦਣ ਨੂੰ ਤਿਆਰ ਨਹੀਂ ਸੀ । ਸਪੀਕਰ ਸਾਹਿਬ, ਮੈਨੂੰ ਨਿੱਜੀ ਐਕਸਪੀਰੀਐਂਸ ਹੈ ਕਿਉਂਕਿ ਮੈਂ ਉਸ ਡਿਸਟ੍ਰਿਕਟ ਨੂੰ ਰਿਪ੍ਰੈਜੈਂਟ ਕਰਦਾ ਹਾਂ ਜਿਥੇ ਅੰਗੂਰਾਂ ਦੀ ਸਭ ਤੋਂ ਜ਼ਿਆਦਾ ਫਸਲ ਹੁੰਦੀ ਹੈ ਅਤੇ ਉਥੇ ਅੰਗੂਰ 35 ਹਜ਼ਾਰ ਪਰ ਏਕੜ ਲੋਨ ਲੈ ਕੇ ਲਾਏ ਸੀ ਪਰ ਉਨ੍ਹਾਂ ਦੀ ਬਾਅਦ ਵਿਚ ਪੁਛਤਾਛ ਕੋਈ ਨਹੀਂ ਹੋਈ ਅਤੇ ਉਦੋਂ ਐਗਰੋ ਇੰਡਸਟਰੀ ਨੇ ਦਖਲ ਦੇ ਕੇ ਕੋਈ ਲਾਹੇਵੰਦ ਭਾਅ ਕਿਸਾਨਾਂ ਨੂੰ ਨਹੀਂ ਚਿੱਤੇ । ਚਾਹੀਦਾ ਤਾਂ ਇਹ ਹੈ ਕਿ ਐਗਰੋ ਬੇਸਡ ਇੰਡਸਟਰੀ ਦੀ ਅਤੇ ਸਰਕਾਰ ਦੀ ਮਾਰਕੀਟ ਵਿਚ ਬਰਾਬਰ ਦਖਲਅੰਦਾਜ਼ੀ ਹੋਵੇ ਜਿਸ ਨਾਲ ਕਿਸਾਨ ਰਵਾਇਤੀ ਫਸਲਾਂ ਤੋਂ ਹਟਣ । ਪਰ ਅਜਿਹਾ ਨਹੀਂ ਹੋਇਆ ਜਿਸ ਕਰਕੇ ਅੰਗੂਰਾਂ ਦੇ ਬਾਗ ਪੁੱਟੇ ਜਾ ਰਹੇ ਹਨ । ਇਹ ਇਸ ਕਰਕੇ ਵੀ ਜ਼ਰੂਰੀ ਹੈ ਕਿ ਗਰਾਊਂਡ ਵਾਟਰ ਲੈਵਲ ਲਗਾਤਾਰ ਨੀਚੇ ਜਾ ਰਿਹਾ ਹੈ । ਅੱਜ ਜ਼ਰੂਰਤ ਹੈ ਸਮੇਂ ਦੀ ਕਿ ਝੋਨੇ ਵਰਗੀਆਂ ਫਸਲਾਂ ਤੋਂ ਹਟਿਆ ਜਾਵੇ ਅਤੇ ਕਿਸਾਨਾਂ ਨੂੰ ਘੱਟ ਮਾਤਰਾ ਵਿਚ ਪਾਣੀ ਲੈਣ ਵਾਲੀਆਂ ਫਸਲਾਂ ਵਲ ਪ੍ਰੇਰਿਆ ਜਾਵੇ । ਇਹ ਤਾਂ ਹੋ ਸਕਦਾ ਹੈ ਜੇ ਸਰਕਾਰ ਉਨ੍ਹਾਂ ਦੀਆਂ ਫਸਲਾਂ ਨੂੰ ਵਾਜਬ ਭਾਅ ਦੇਣ ਵਾਸਤੇ ਕਿਸਾਨਾਂ ਦੀ ਬਾਂਹ ਫੜੇ । ਇਸਦੇ ਨਾਲ ਹੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਅਤੇ ਆਸ ਕਰਦਾ ਹਾਂ ਕਿ ਮਾਨਯੋਗ ਮੰਤਰੀ ਜੀ ਇਨ੍ਹਾਂ ਗੱਲਾਂ ਵੱਲ ਜ਼ਰੂਰ ਧਿਆਨ ਦੇਣਗੇ ।

ਸਰਦਾਰ ਰਾਜ ਸਿੰਘ ਖੇੜੀ (ਸ਼ੇਰਪੁਰ, ਐਸ. ਸੀ.) ਸਪੀਕਰ ਸਾਹਿਬ, ਧੰਨਵਾਦ । ਸਪੀਕਰ ਸਾਹਿਬ, ਮੈਂ ਪਾਵਰ ਤੇ ਸਿੰਚਾਈ ਨੂੰ ਨਾਲ ਲੈ ਕੇ ਗੱਲ ਕਰਨੀ ਚਾਹੁੰਦਾ ਹਾਂ । ਵੈਸੇ ਤਾਂ ਪਹਿਲਾਂ ਵੀ ਸਾਡੇ ਮੈਂਬਰ ਸਾਹਿਬਾਨ ਇਸਤੇ ਬੋਲਦੇ ਰਹੇ ਹਨ । ਵਾਟਰ ਲੈਵਲ ਦੀ ਗੱਲ ਸਾਹਮਣੇ ਆਉਂਦੀ ਹੈ ਕਿ ਦਿਨ ਬਦਿਨ ਕਾਫੀ ਨੀਚੇ ਜਾ ਰਿਹਾ ਹੈ । ਮੈਂ ਵੀ ਇਕ ਗੱਲ ਕਹਿਣੀ ਚਾਹਵਾਂਗਾ ਕਿ ਮੇਰੇ ਹਲਕੇ ਦੇ ਨਾਲ ਇਕ ਪਿੰਡ ਫਾਮਣਿਆਲ ਦਾ ਵਾਟਰ ਲੈਵਲ ਕਾਫੀ ਨੀਚੇ ਜਾ ਰਿਹਾ ਹੈ । ਏਸੇ ਤਰ੍ਹਾਂ ਹੋਰ ਸਾਡੇ ਕਈ ਪਿੰਡ ਹਨ ਜਿਨ੍ਹਾਂ ਦਾ ਹਾਲ ਬਹੁਤ ਬੁਰਾ ਹੈ ਪਰ ਸਰਕਾਰ ਵਲੋਂ ਕੋਈ ਨਹਿਰਾਂ ਦਾ, ਸੂਇਆਂ ਦਾ ਪ੍ਰਬੰਧ ਨਹੀਂ ਕੀਤਾ ਜਾ ਰਿਹਾ । ਇਹ ਜਿਹੜੇ ਜ਼ਿਮੀਂਦਾਰ ਭਰਾ ਹਨ, ਜਿਹੜੇ ਖੇਤੀਬਾੜੀ ਕਰਨ ਵਾਲੇ ਲੋਕ ਹਨ, ਇਨ੍ਹਾਂ ਨੂੰ ਸਿੰਚਾਈ ਵਾਸਤੇ ਜ਼ਿਆਦਾ ਪਾਣੀ ਮਿਲੇ, ਇਸ ਦੇ ਵਾਸਤੇ ਉਪਰਾਲੇ ਕਰਨੇ ਚਾਹੀਦੇ ਹਨ । ਪਾਣੀ ਦਾ ਠੀਕ ਪ੍ਰਬੰਧ ਨਾ ਹੋਣ ਕਾਰਣ ਲੋਕਾਂ ਦਾ ਕੀ ਹਾਲ ਹੈ, ਮੈਂ ਇਸ ਦੀ ਇਕ ਮਿਸਾਲ ਤੁਹਾਨੂੰ ਦੇਣੀ ਚਾਹੁੰਦਾ ਹਾਂ । ਛੋਟੇ ਬ੍ਰਾਹਮਣ ਵਾਲਾ ਪਿੰਡ ਜੋ ਹੈ, ਉਥੇ ਬਹੁਤ ਟਿੱਬੇ ਹਨ । ਉਹ ਰੇਤਲਾ ਇਲਾਕਾ ਹੈ । ਉਸ ਪਿੰਡ ਵਿਚ ਲੋਕ ਖੂਹੀ ਪੁੱਟ ਰਹੇ ਸੀ, ਪਾਣੀ ਵਾਸਤੇ । ਉਸ ਖੂਹੀ ਦੇ ਵਿਚ ਇਕ ਨੌਜਵਾਨ ਦਬਿਆ ਗਿਆ ਅਤੇ ਉਸ ਨੂੰ ਅਸੀਂ 24 ਘੰਟੇ ਬਾਦ ਬਾਹਰ ਕੱਢਿਆ । ਵਾਹਿਗੁਰੂ ਦੀ ਮਿਹਰਬਾਨੀ ਨਾਲ ਉਹ ਬਚ ਗਿਆ । ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਸਿੰਚਾਈ ਵੱਲ ਪਹਿਲ ਦੇ ਆਧਾਰ ਤੇ ਧਿਆਨ ਦੇਣਾ ਚਾਹੀਦਾ ਹੈ । ਪਹਿਲਾਂ ਪਿੰਡਾਂ ਵਿੱਚ ਜਿਹੜੇ ਸੂਏ ਜਾਂ ਨਹਿਰਾਂ ਜਾਂਦੀਆਂ ਸਨ, ਉਹ ਕੱਚੀਆਂ ਹੁੰਦੀਆਂ ਸਨ । ਉਨ੍ਹਾਂ ਵਿਚੋਂ ਪਾਣੀ ਹਠਾਂ ਨੂੰ ਰਿਸਦਾ ਰਹਿੰਦਾ ਸੀ । ਹਣ ਪਿਛੇ ਜਿਹੇ ਕੁਝ ਇਹੋ ਜਿਹੀ ਸਕੀਮ ਬਣਾਈ ਗਈ ਜਿਸ ਅਨੁਸਾਰ ਉਹ ਕੱਚੀਆਂ ਨਹਿਰਾਂ ਜਾਂ ਸੂਏ ਪੱਕੇ ਕਰ ਦਿੱਤੇ ਹਨ । ਇਸ ਤਰ੍ਹਾਂ ਕਰਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਰਾਜ ਸਿੰਘ ਖੇੜੀ]

ਨਾਲ ਪਾਣੀ ਦਾ ਹੇਠਾਂ ਵੱਲ ਨੂੰ ਰਿਸਣਾ ਬੰਦ ਹੋ ਗਿਆ ਹੈ । ਇਸੇ ਤਰ੍ਹਾਂ ਹੀ ਪਿੰਡਾ ਦੇ ਲੋਕਾਂ ਦੀਆਂ ਪਾਣੀ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰੱਖ ਕੇ ਹੋਰ ਉਪਾਰਲੇ ਕਰਨੇ ਚਾਹੀਦੇ ਹਨ । ਇਹ ਠੀਕ ਹੈ ਕਿ ਹਰ ਮਹਿਕਮੇ ਵਾਸਤੇ ਫੰਡ ਰੱਖੇ ਗਏ ਹਨ ਲੇਕਿਨ ਜਦੋਂ ਅਸੀਂ ਵੱਖੋ ਵੱਖ ਮਹਿਕਮਿਆਂ ਵਾਸਤੇ ਫੰਡ ਐਲੋਕੇਟ ਕਰਦੇ ਹਾਂ ਤਾਂ ਉਸ ਵਕਤ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਖੇਤੀ ਵਾਸਤੇ ਪਾਣੀ ਦੀ ਅਤੀ ਜ਼ਰੂਰਤ ਹੈ ਅਤੇ ਉਸ ਜ਼ਰੂਰਤ ਨੂੰ ਠੀਕ ਤਰੀਕੇ ਨਾਲ ਪੂਰਾ ਕਰਨ ਵਾਸਤੇ ਜ਼ਿਆਦਾ ਪੈਸੇ ਦਿੱਤੇ ਜਾਣੇ ਚਾਹੀਦੇ ਹਨ । ਪਿੰਡਾਂ ਦੇ ਲੋਕਾਂ ਦੀ ਇਸ ਪੱਖੋਂ ਬਹੁਤ ਬੁਰੀ ਹਾਲਤ ਹੈ ।

ਹੁਣ ਮੈਂ ਬਿਜਲੀ ਦੇ ਬਾਰੇ ਕੁਝ ਗੱਲਾਂ ਆਪ ਦੇ ਸਾਹਮਣੇ ਰੱਖਣੀਆਂ ਚਾਹੁੰਦਾ ਹਾਂ । ਪਿੰਡਾਂ ਵਿਚ ਬਿਜਲੀ ਦਾ ਐਨਾ ਬੁਰਾ ਹਾਲ ਹੈ ਕਿ ਕਦੇ ਕੁਝ ਸੜ ਜਾਂਦਾ ਹੈ ਅਤੇ ਕਦੇ ਕੁਝ ਸੜ ਜਾਂਦਾ ਹੈ । ਕਈ ਕਿਸਮ ਦੇ ਨੁਕਸ ਪੈਂਦੇ ਹਨ ਜਿਸ ਕਰਕੇ ਬਿਜਲੀ ਦੀ ਮੇਨਟੀਨੈਂਸ ਬਹੁਤ ਵਧੀਆ ਤਰੀਕੇ ਨਾਲ ਨਹੀਂ ਨਾਲ ਨਹੀਂ ਹੁੰਦੀ । ਪਿੰਡਾਂ ਵਿਚ ਬਿਜਲੀ ਬਹੁਤ ਘਟ ਆਉਂਦੀ ਹੈ । ਲੋਕਾਂ ਨੇ ਆਪਣੀਆਂ ਫਸਲਾਂ ਨੂੰ ਪਾਣੀ ਦੇਣਾ ਹੁੰਦਾ ਹੈ ਅਤੇ ਇਸ ਦੇ ਵਾਸਤੇ ਬਿਜਲੀ ਦੀ ਸਹੀ ਸਪਲਾਈ ਮੁਹਈਆ ਕਰਨ ਵਾਸਤੇ ਇਸ ਨੂੰ ਪਹਿਲ ਦੇ ਆਧਾਰ ਤੇ ਲੈਣਾ ਚਾਹੀਦਾ ਹੈ ਤਾਂ ਕਿ ਪਿੰਡਾਂ ਦੇ ਲੋਕਾਂ ਨੂੰ ਵਧੀਆ ਤਰੀਕੇ ਨਾਲ ਬਿਜਲੀ ਦਿੱਤੀ ਜਾ ਸਕੇ । ਏਨਾ ਕਹਿੰਦਾ ਹੋਇਆ ਮੈਂ ਰਜ਼ਾ ਲੈਂਦਾ ਹਾਂ । ਜੈ ਭੀਮ, ਜੈ ਭਾਰਤ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ (ਖਡੂਰ ਸਾਹਿਬ, ਐਸ. ਸੀ..): ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਗਰੀਕਲਚਰ ਐਂਡ ਪਾਵਰ ਦੀ ਡਿਮਾਂਡ ਉਤੇ ਬੋਲਣ ਦਾ ਸਮਾਂ ਦਿੱਤਾ ਹੈ । ਖੇਤੀਬਾੜੀ ਸਾਡੇ ਹਿੰਦੁਸਤਾਨ ਦਾ ਸਭ ਤੋਂ ਮੁੱਖ ਧੰਦਾ ਹੈ । ਕੁੱਲ ਅਬਾਦੀ ਦਾ 80% ਹਿੱਸਾ ਪਿੰਡਾਂ ਵਿਚ ਵਸਦਾ ਹੈ ਅਤੇ ਉਨ੍ਹਾਂ ਵਿਚੋਂ ਬਹੁ-ਗਿਣਤੀ ਦੇ ਲੋਕ ਖੇਤੀਬਾੜੀ ਦਾ ਧੰਦਾ ਕਰਦੇ ਹਨ । ਸਾਡਾ ਦੇਸ਼ ਜ਼ਿਆਦਾਤਰ ਖੇਤੀਬਾੜੀ ਤੇ ਹੀ ਨਿਰਭਰ ਹੈ । ਪਹਿਲਾਂ ਪੀ. ਐਲ. 480 ਦੀਆਂ ਸ਼ਰਤਾਂ ਤਹਿਤ ਕਣਕ ਲੈ ਕੇ ਸਾਡੇ ਦੇਸ਼ ਨੂੰ ਅਮਰੀਕਾ ਹੱਥੋਂ ਜ਼ਲੀਲ ਹੋਣਾ ਪੈਂਦਾ ਸੀ । ਅੱਜ ਪੰਜਾਬ ਦੇ ਕਿਸਾਨ ਨੇ ਬੜੀ ਮਿਹਨਤ ਕਰਕੇ ਉਸ ਸ਼ਰਮਿੰਦਗੀ ਤੋਂ ਹਿੰਦੁਸਤਾਨ ਨੂੰ ਬਚਾਇਆ ਹੈ । ਇਸ ਦੇ ਵਾਸਤੇ ਪੰਜਾਬ ਦਾ ਕਿਸਾਨ ਵਧਾਈ ਦਾ ਪਾਤਰ ਹੈ । ਇਹ ਠੀਕ ਹੈ ਕਿ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਵੀ ਇਹ ਗਰੀਨ ਰੈਵੋਲੂਸ਼ਨ ਲਿਆਉਣ ਵਿਚ ਹਿੱਸਾ ਪਾਇਆ ਹੈ। ਲੇਕਿਨ ਅੱਜ ਹਾਲਤ ਇਹ ਹੋ ਗਈ ਹੈ ਕਿ ਜ਼ਮੀਨ ਦੀ ਵੰਡ ਦਰ ਵੰਡ ਹੋਣ ਕਾਰਣ ਨਵੀਂ ਮਸ਼ੀਨਰੀ ਇਥੇ ਚਲ ਨਹੀਂ ਸਕਦੀ । ਨਵੀਂ ਮਸ਼ੀਨਰੀ ਦੇ ਨਾ ਚਲਣ ਕਰਕੇ ਇਥੇ ਹੋਰ ਉਤਪਾਦਨ ਵਧ ਨਹੀਂ ਸਕਦਾ । ਇਸ ਕਰਕੇ ਜਿਥੇ ਮੰਜੂਦਾ ਸਰਕਾਰ ਨੇ ਕੰਡੀ ਏਰੀਏ ਵਿਚ ਨਵੀਆਂ ਨਹਿਰਾਂ ਕਢੀਆਂ ਹਨ, ਉਥੇ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਜ਼ਮੀਨ ਦੀ ਵੰਡ ਦਰ ਵੰਡ ਹੋਣ ਨਾਲ ਲੋਕਾਂ ਕੋਲ ਜ਼ਮੀਨ ਥੋੜ੍ਹੀ ਥੋੜ੍ਹੀ ਰਹਿ ਗਈ ਹੈ, ਉਥੇ ਡੀਪ ਟਿਊਬਵੈਲ ਹੀ ਲਗ ਸਕਦੇ ਹਨ ਜਿਸ ਕਰਕੇ ਉਥੇ 10-10 ਹਾਰਸ ਪਾਵਰ ਦੀਆਂ ਮੋਟਰਾ ਲਗਾਉਣੀਆ ਪੈਂਦੀਆਂ ਹਨ । 3-3, 4-4, ਏਕੜ ਜ਼ਮੀਨ ਦੇ ਜਿਹੜੇ ਮਾਲਕ ਹਨ, ਉਹ ਏਨੀਆਂ ਵੱਡੀਆਂ ਮੋਟਰਾਂ ਦਾ ਖਰਚਾ ਬਰਦਾਸ਼ਤ ਨਹੀਂ ਕਰ ਸਕਦੇ । ਇਸ ਕਰਕੇ ਮੇਰਾ ਸੁਝਾਅ ਹੈ ਕਿ ਘੱਟੋ ਘੱਟ 3 ਏਕੜ ਜ਼ਮੀਨ ਦੇ ਮਾਲਕਾਂ ਨੂੰ 10 ਹਾਰਸ ਪਾਵਰ ਦੀ ਮੋਟਰ ਦਾ ਬਿਲ 3 ਹਾਰਸ ਪਾਵਰ ਦੇ ਬਿੱਲ ਦੇ ਬਰਾਬਰ ਹੀ ਦੇਣਾ ਚਾਹੀਦਾ ਹੈ । ਉਨ੍ਹਾਂ ਨੂੰ ਬਿਲ ਦੇਣ ਦੇ ਮਾਮਲੇ ਵਿਚ

Original with;
Punjab Vidhan Sabha
Digitized by;
Panjab Digital Library

ਸਬਜੈਡਾਈਜ਼ ਕਰਨਾ ਚਾਹੀਦਾ ਹੈ । ਜਿਹੜੇ ਜਿਹੀਆਂ ਥਾਂਵਾਂ ਈਅਰਮਾਰਕ ਹੋਣੀਆਂ ਚਾਹੀਦੀਆਂ ਹਨ ।

ਮੇਰੇ ਤੋਂ ਪਹਿਲਾਂ ਮੇਰੇ ਇਕ ਸਾਥੀ ਐਮ. ਐਲ. ਏ. ਸਾਹਿਬ ਨੇ ਵੀ ਕਿਹਾ ਹੈ ਕਿ ਪਾਣੀ ਦਾ ਲੈਵਲ ਥੱਲੇ ਜਾ ਰਿਹਾ ਹੈ । ਪਾਣੀ ਦਾ ਸਰਕਲ ਅਜਿਹਾ ਬਣ ਗਿਆ ਹੈ ਕਿ ਹਰ ਸਾਲ ਬਾਰਸ਼ਾਂ ਲੇਟ ਆਉਣ ਕਾਰਨ ਪਾਣੀ ਦਾ ਲੈਵਲ ਜਿਹੜਾ ਹੈ, ਉਹ ਹੇਠਾਂ ਜਾਣਾ ਸ਼ੁਰੂ ਹੋ ਗਿਆ ਅੰਰ ਨਹਿਰਾਂ ਦੇ ਪੱਕੇ ਕਰਨ ਨਾਲ ਵੀ ਜਿਹੜੀ ਪਾਣੀ ਦੀ ਸੇਮ ਸੀ, ਉਹ ਘੱਟ ਗਈ ਹੈ । ਖੂਹਾਂ ਦੇ ਪੁੱਟਣ ਨਾਲ ਕਈ ਮੌਤਾਂ ਹੋਈਆਂ । ਜਿੱਥੇ ਪਰਿਵਾਰਾਂ ਦੇ ਪਰਿਵਾਰ ਉਜੜਦੇ ਹਨ, ਉਥੇ ਸਰਕਾਰ ਨੂੰ ਵੀ ਉਨ੍ਹਾਂ ਲੋਕਾਂ ਦੀ ਵਿੱਤੀ ਮਦਦ ਕਰਨੀ ਪੈਂਦੀ ਹੈ । ਇਸ ਚੀਜ਼ ਨੂੰ ਰੋਕਣ ਵਾਸਤੇ ਐਗਰੀਕਲਚਰ ਇੰਸਪੈਕਟਰਾਂ ਨੂੰ ਬੇਸ਼ਕ ਕਲਾਸ-1 ਦਾ ਦਰਜਾ ਦੇ ਦਿੱਤਾ ਗਿਆ ਹੈ, ਉਨ੍ਹਾਂ ਨੂੰ ਅੱਛੀਆਂ ਤਨਖਾਹਾਂ ਦੇ ਦਿੱਤੀਆਂ ਗਈਆਂ ਹਨ ਪਰ ਉਨ੍ਹਾਂ ਦੇ ਕੰਮ ਵਿਚ ਕੋਈ ਸੁਧਾਰ ਨਹੀਂ ਆਇਆ । ਇਨ੍ਹਾਂ ਇਨਸਪੈਕਟਰਾਂ ਦੇ ਵਾਸਤੇ ਘੱਟੋ ਘੱਟ ਇਹ ਪ੍ਰੋਵੀਜ਼ਨ ਕਰ ਦਿੱਤਾ ਜਾਵੇ ਕਿ ਤੁਸੀਂ ਸਾਲ ਦੇ ਵਿੱਚ ਏਨੇ ਪਿੰਡ ਦੇਖਣੇ ਹਨ ਜਿਨ੍ਹਾਂ ਦੇ ਵਿੱਚ ਤੁਸੀਂ ਡੀਮਾਂਸਟਰੇਸ਼ਨ ਕਰਕੇ ਆਉਣਾ ਹੈ । ਇਸ ਤਰ੍ਹਾਂ ਦੇ ਡੀਮਾਂਸਟਰੇਸ਼ਨ 5 ਤੋਂ 7 ਏਕੜ ਜ਼ਮੀਨ ਵਾਲੇ ਜ਼ਿਮੀਦਾਰਾਂ ਵਾਸਤੇ ਕਰਕੇ ਆਉਣਾ ਹੈ, ਛੋਟੇ ਜ਼ਿਮੀਂਦਾਰਾਂ ਵਾਸਤੇ ਕਰਕੇ ਆਉਣਾ ਹੈ । ਜੇ ਉਹ ਛੋਟੇ ਜ਼ਿਮੀਂਦਾਰਾਂ ਨੂੰ ਡੀਮਾਂਸਟਰੇਸ਼ਨ ਕਰਕੇ ਨਹੀਂ ਦਿਖਾਉਣਗੇ ਤਾਂ ਉਸ ਦਾ ਕੋਈ ਫਾਇਦਾ ਨਹੀਂ ਹੋਵੇਗਾ । ਉਨ੍ਹਾਂ ਇੰਸਪੈਕਟਰਾਂ ਦੇ ਜਾਣ ਤੋਂ ਪਹਿਲਾਂ ਪਿੰਡਾਂ ਦੇ ਵਿੱਚ ਮੁਨਿਆਦੀ ਵਗੈਰਾ ਵੀ ਕਰਾਈ ਜਾਣੀ ਚਾਹੀਦੀ ਹੈ ਕਿ ਫਲਾਣੇ ਦਿਨ ਐਗਰੀਕਲਚਰ ਇੰਸਪੈਕਟਰ ਆਵੇਗਾ ਅਤੇ ਉਹ ਇਨ੍ਹਾਂ ਗੱਲਾਂ ਬਾਰੇ ਜਾਣਕਾਰੀ ਦੇਵੇਗਾ । ਮੇਰਾ ਖਿਆਲ ਹੈ ਕਿ ਅੱਜ ਤੱਕ ਕਦੇ ਹੀ ਕੋਈ ਐਗਰੀਕਲਚਰ ਇੰਸਪੈਕਟਰ ਜਾਂ ਗਰਾਮ ਸੇਵਕ ਕਿਸੇ ਪਿੰਡ ਵਿਚ ਗਿਆ ਹੋਵੇਗਾ । ਇਸ ਤਰ੍ਹਾਂ ਕਰਨ ਨਾਲ ਕਿਸਾਨਾਂ ਨੂੰ ਜਾਣਕਾਰੀ ਵੀ ਮਿਲੇਗੀ ਅੰਰ ਉਨ੍ਹਾਂ ਨੂੰ ਪਤਾ ਵੀ ਲੱਗੇਗਾ ਕਿ ਕਿਹੜੇ ਬੀਜ ਅੰਰ ਖਾਦ ਦੀ ਵਰਤੋਂ ਕਿਸ ਵੇਲੇ ਕਿਸ ਤਰ੍ਹਾਂ ਕੀਤੀ ਜਾਵੇ । ਸਰਕਾਰ ਏਨਾ ਖ਼ਰਚ ਕਰ ਰਹੀ ਹੈ, ਇਸ ਦਾ ਕਿਸਾਨਾਂ ਨੂੰ ਫਾਇਦਾ ਵੀ ਮਿਲਣਾ ਚਾਹੀਦਾ ਹੈ ।

ਇਸ ਤੋਂ ਇਆਦ ਇਲੀਗੇਸ਼ਨ ਦੀ ਗੱਲ ਕਰ ਲਓ । ਗਰਮੀ ਦੇ ਸੀਜ਼ਨ ਦੇ ਵਿਚ ਬਿਜਲੀ ਦੀ ਸਪਲਾਈ ਲਗਾਤਾਰ ਨਹੀਂ ਰਹਿੰਦੀ ਕਿਉਂਕਿ ਕੋਲਾ ਬਹੁਤ ਦੂਰ ਤੋਂ ਆਉਂਦਾ ਹੈ । ਕੁਦਰਤੀ ਗੱਲ ਹੈ ਕਿ ਦੂਰ ਤੋਂ ਕੋਲਾ ਆਉਣ ਕਾਰਨ ਰਸਤੇ ਵਿਚ ਕੋਈ ਨਾ ਕੋਈ ਵਿਘਨ ਪੈ ਸਕਦਾ ਹੈ । ਸਰਕਾਰ ਨੂੰ ਇਸ ਦੇ ਵਾਸਤੇ ਘੱਟੋ ਘੱਟ ਤਿੰਨ ਚਾਰ ਮਹੀਨੇ ਲਈ ਅੰਡਵਾਂਸ ਕੋਲੇ ਦਾ ਸਟਾਕ ਰੀਜ਼ਰਵ ਰੱਖਣਾ ਚਾਹੀਦਾ ਹੈ ਤਾਂ ਕਿ ਕਿਸਾਨਾਂ ਨੂੰ ਇਹ ਐਸ਼ੀਓਰ ਕਰ ਦਿੱਤਾ ਜਾਵੇ ਕਿ ਆਉਣ ਵਾਲੇ ਸਮੇਂ ਵਿੱਚ ਤੁਸੀਂ ਤਕੜੇ ਹੋ ਕੇ ਫਸਲ ਲਾਓ, ਬਿਜਲੀ ਦੀ ਕੋਈ ਸ਼ਾਰਟੇਜ ਨਹੀਂ ਆਉਣ ਦਿੱਤੀ ਜਾਵੇਗੀ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਪਿੱਛੇ ਜਿਹੇ ਫਾਲਤੂ ਤੇ ਸਰਵੇ ਕਰਵਾਇਆ ਸੀ ਕਿ 300 ਫੁੱਟ ਤੋਂ ਉਪਰ ਜਿੰਨਾ ਵੀ ਏਰੀਆ ਹੈ ਉਸ ਤੇ ਹਾਈਡਰੋ ਪ੍ਰਾਜੈਕਟ ਲਗਾਏ ਜਾ ਸਕਦੇ ਹਨ । ਜਿਹੜੇ ਮਾਡੇ ਅਫਸਰ ਅਤੇ ਇੰਜੀਨੀਅਰ ਸਰਵੇ ਕਰਕੇ ਆਏ, ਉਨ੍ਹਾਂ ਨੇ ਸ਼ਾਇਦ ਹਾਈਡਰੋ ਪ੍ਰਾਜੈਕਟ ਲਗਾਉਣ ਲਈ ਕੁਲ ਖ਼ਰਚਾ ਵਧੇਰੇ ਦੱਸ ਦਿੱਤਾ ਜਿਸ ਕਰਕੇ ਉਹ ਲਗਾਉਣ ਵਿਚ ਢਿਲ-ਮੱਸ ਨਜ਼ਰ ਆਉਂਦੀ ਹੈ । ਮੇਰੀ ਬੇਨਤੀ ਹੈ ਕਿ ਜੇਕਰ ਕੁਝ ਪੈਸੇ ਖ਼ਰਚ ਕੇ ਸਾਨੂੰ ਲਗਾਤਾਰ ਬਿਜਲੀ ਮਿਲ ਸਕਦੀ ਹੈ ਤਾਂ ਲਗਾ ਲੈਣੇ ਚਾਹੀਦੇ ਹਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਰਣਜੀਤ ਸਿੰਘ ਛੱਜਲਵੱਡੀ]

ਕਿਉਂਕਿ ਕੋਲਾ ਬਹੁਤ ਦੂਰ ਤੋਂ ਆਉਂਦਾ ਹੈ ਅੱਰ ਜੇਕਰ ਕੋਲਾ ਆਏਗਾ ਤਾਂ ਹੀ ਸਾਡੇ ਥਰਮਲ ਪਲਾਂਟ ਚੱਲਣਗੇ। ਜੇ ਸਾਨੂੰ ਘਰ ਵਿਚ ਹੀ ਹਾਈਡਰੋ ਪ੍ਰਾਜੈਕਟ ਲਗਾ ਕੇ ਲਗਾਤਾਰ ਬਿਜਲੀ ਦੀ ਸਪਲਾਈ ਮਿਲ ਸਕਦੀ ਹੈ ਤਾਂ ਲਗਾ ਲੈਣੇ ਚਾਹੀਦੇ ਹਨ। ਇਸ ਦੇ ਨਾਲ ਜਿਹੜੇ ਸਾਡੇ ਵੱਡੀ ਗਿਣਤੀ ਦੇ ਵਿਚ ਇੰਜੀਨੀਅਰ ਵੀ ਵਿਹਲੇ ਹੀ ਤੁਰੇ ਫਿਰਦੇ ਹਨ, ਉਨ੍ਹਾਂ ਨੂੰ ਰੋਜ਼ਗਾਰ ਵੀ ਮਿਲੇਗਾ। ਉਨ੍ਹਾਂ ਨੂੰ ਕਹਿ ਦਿੱਤਾ ਜਾਵੇ ਕਿ ਫਾਲਜ਼ ਤੇ ਹਾਈਡਰੋ ਪ੍ਰਾਜੈਕਟ ਲਾਓ ਅੱਰ ਕੁਝ ਪਿੰਡਾਂ ਨੂੰ ਉਸ ਦੇ ਨਾਲ ਜੋੜ ਦਿੱਤਾ ਜਾਵੇ। ਇਸ ਨਾਲ ਬਿਜਲੀ ਦੀ ਸੁਚੱਜੇ ਢੰਗ ਨਾਲ ਸਪਲਾਈ ਨਿਰਵਿਘਨ ਦਿੱਤੀ ਜਾ ਸਕੇਗੀ।

ਇਸ ਤੋਂ ਬਾਅਦ ਹੁਣ ਮੈਂ ਫਲੱਡਜ਼ ਦੀ ਗੱਲ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਸਾਲ ਜਿਹੜੇ 1993 ਵਿਚ ਫਲੱਡ ਆਏ ਸੱਨ, ਉਨ੍ਹਾਂ ਬਾਰੇ ਮੈਂ ਇਸ ਹਾਊਸ ਦੇ ਵਿਚ ਵੀ ਮਾਨਯੋਗ ਮੁੱਖ ਮੰਤਰੀ ਜੀ ਨੂੰ ਬੇਨਤੀ ਕੀਤੀ ਸੀ ਕਿ ਮੇਰੇ ਹਲਕੇ ਵਿੱਚ ਬਿਆਸ ਤੋਂ ਲੈ ਕੇ ਹਰੀਕੇ ਤੱਕ 11,000 ਏਕੜ ਕਿਸਾਨਾਂ ਦੀ ਜ਼ਮੀਨ ਜਿਹੜੀ ਸੀ, ਉਹ ਹੜ੍ਹਾਂ ਥੱਲੇ ਆ ਗਈ ਸੀ ਅੱਰ ਹੜ੍ਹਾਂ ਨੇ ਉਹ ਜ਼ਮੀਨ ਤਬਾਹ ਕਰ ਦਿੱਤੀ ਸੀ। ਉਨ੍ਹਾਂ ਹੜ੍ਹਾਂ ਨੂੰ ਰੋਕਣ ਲਈ ਕੁਝ ਉਪਰਾਲੇ ਕੀਤੇ ਜਾਣ ਤਾਂ ਕਿ ਦੁਬਾਰਾ ਇਸ ਤਰ੍ਹਾਂ ਦਾ ਨਕਸਾਨ ਨਾ ਹੋਵੇ। ਮੇਰੀ ਬੇਨਤੀ ਪਰਵਾਨ ਕਰਕੇ ਮੁੱਖ ਮੰਤਰੀ ਸਾਹਿਬ ਨੇ ਆਪਣੇ ਇਸ ਮਹਿਕਮੇ ਦੇ ਐਸ. ਈ. ਭੇਜੇ ਸਨ। ਉਨ੍ਹਾਂ ਨੇ 1993 ਵਿੱਚ ਆਪਣੇ ਦੂਸਰੇ ਅਫਸਰਾਂ ਨਾਲ ਉਥੇ ਵਿਜ਼ਿਟ ਕੀਤਾ ਪਰ ਫੇਰ ਕੋਈ ਵੀ ਪਰਗਤੀ ਨਹੀਂ ਹੋਈ। ਕੁਝ ਮਜ਼ਬੂਰੀ ਲੋਕਾਂ ਦੇ ਘਰ ਵੀ ਢਹਿ ਗਏ ਸਨ। ਲੋਕਾਂ ਨੇ ਉਥੇ ਇਨ੍ਹਾਂ ਅਫਸਰਾਂ ਨੂੰ ਦੱਸਿਆ ਪਰ ਉਨ੍ਹਾਂ ਨੇ ਕਹਿ ਦਿੱਤਾ ਕਿ ਸਾਡੇ ਕੋਲ ਫੰਡ ਨਹੀਂ ਹੈ ਅੱਰ ਅਸੀਂ ਕੋਸ਼ਿਸ਼ ਕਰਾਂਗੇ। ਅੱਜ ਦੋ ਸਾਲ ਲੰਘ ਗਏ ਹਨ ਪਰ ਸਥਿਤੀ ਅਜੇ ਤੱਕ ਵੀ ਉਸੇ ਤਰ੍ਹਾਂ ਹੀ ਹੈ।

ਇਸੇ ਤਰ੍ਹਾਂ ਸਬਰਾਵਾਂ ਪੱਟੀ ਤੇ ਪੁੱਲ ਨਹੀਂ ਹੈ। ਕਈ ਵਾਰ ਇਹ ਇਲਾਕਾ ਦੋ ਦੋ ਤਿੰਨ ਤਿੰਨ ਜਾਂ ਕਈ ਵਾਰ ਚਾਰ ਚਾਰ ਮਹੀਨੇ ਤੱਕ ਬਾਰਸ਼ਾਂ ਦੇ ਦੌਰਾਨ ਦੂਜੇ ਪਿੰਡਾਂ ਨਾਲੋਂ ਕੱਟਿਆ ਰਹਿੰਦਾ ਹੈ। ਏਸੇ ਤਰ੍ਹਾਂ ਹੀ ਦੋ ਤਿੰਨ ਪਿੰਡ ਹੋਰ ਹਨ ਜਿਹੜੇ ਕਿ ਬਾਰਸ਼ਾਂ ਕਾਰਣ ਬਾਕੀ ਇਲਾਕਿਆਂ ਨਾਲੋਂ ਕੱਟ ਜਾਂਦੇ ਹਨ। ਉਥੇ ਲੋਕ ਹਸਪਤਾਲ ਵੀ ਨਹੀਂ ਜਾ ਸਕਦੇ ਅੱਰ ਨਾ ਹੀ ਬੱਚੇ ਸਕੂਲ ਜਾ ਸਕਦੇ ਹਨ। ਇਸ ਕਰਕੇ ਕਈ ਮੌਤਾਂ ਵੀ ਹੋ ਚੁੱਕੀਆਂ ਹਨ। ਉਨ੍ਹਾਂ ਪੁਲਾਂ ਬਾਰੇ ਵੀ ਸੀ. ਐਮ. ਸਾਹਿਬ ਨੇ ਹੁਕਮ ਕੀਤਾ ਸੀ ਕਿ ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਬਣਾ ਦਿੱਤਾ ਜਾਵੇ। ਉਨ੍ਹਾਂ ਨੇ ਤਾਂ ਹੁਕਮ ਕਰ ਦਿੱਤੇ ਪਰ ਮਹਿਕਮੇ ਨੇ ਪੇਪਰ ਤੱਕ ਲਿਆ ਕੇ ਵੀ ਸੀ. ਐਮ. ਸਾਹਿਬ ਤੱਕ ਨਹੀਂ ਪਹੁੰਚਾਏ ਤੇ ਨਾ ਹੀ ਕੋਈ ਖੇਚਲ ਕੀਤੀ। ਸਪੀਕਰ ਸਾਹਿਬ, ਇਹ ਜਿਹੜੇ ਬਿਆਸ ਦਰਿਆ ਦੇ ਕੰਢੇ ਤੇ ਵੱਸੇ ਲੋਕ ਹਨ, ਜੇਕਰ ਸਰਕਾਰ ਉਨ੍ਹਾਂ ਦੀ ਮਦਦ ਕਰੇ ਅਤੇ ਸਰਕਾਰ ਜ਼ਮੀਨ ਐਕਵਾਇਰ ਕਰਕੇ ਮੁਆਵਜ਼ਾ ਦੇਣ ਨੂੰ ਤਿਆਰ ਹੋਵੇ ਤਾਂ ਉਹ ਕਾਰ-ਸੇਵਾ ਰਾਹੀਂ ਧੁੱਸੀ ਬੰਨ੍ਹ ਬਣਾਉਣ ਨੂੰ ਤਿਆਰ ਹਨ। ਇਸ ਦੇ ਨਾਲ ਸਰਕਾਰ ਦਾ ਵੀ ਫਾਇਦਾ ਹੋਵੇਗਾ ਅਤੇ ਸੂਬੇ ਦਾ ਵੀ ਫਾਇਦਾ ਹੋਵੇਗਾ ਜਿਥੇ ਫਲੱਡਾਂ ਵਿੱਚ ਕਿਸਾਨਾਂ ਦਾ ਨੁਕਸਾਨ ਹੋ ਜਾਂਦਾ ਹੈ, ਉਨ੍ਹਾਂ ਦੀਆਂ ਫ਼ਸਲਾਂ ਤਬਾਹ ਹੋ ਜਾਂਦੀਆਂ ਹਨ, ਉਥੇ ਫਲੱਡਾਂ ਦਾ ਅਸਰ ਉਸ ਦੇ ਉਤੇ ਨਿਰਭਰ ਕਰਨ ਵਾਲਿਆਂ ਤੇ ਵੀ ਪੈਂਦਾ ਹੈ। ਜਿਵੇਂ ਛੋਟੇ ਦੁਕਾਨਦਾਰ ਜਾਂ ਮਜ਼ਬੀ ਸਿੱਖ ਜਾਂ ਹੋਰ ਛੋਟੀਆਂ ਜਾਤੀਆਂ ਦੇ ਲੋਕ ਜਿਹੜੇ ਕਿਸਾਨਾਂ ਨਾਲ ਕੰਮ ਕਰਦੇ ਹਨ, ਮਦਦ ਕਰਦੇ ਹਨ

Original with;
Punjab Vidhan Sabha
Digitized by;
Punjab Digital Library

ਉਹ ਵੀ ਫਲੱਡਾਂ ਦੇ ਅਸਰ ਹੇਠ ਆ ਜਾਂਦੇ ਹਨ । ਜਿੱਥੇ ਅਸੀਂ ਕਿਸਾਨਾਂ ਦੀ ਮਦਦ ਕਰਦੇ ਹਾਂ, ਉਥੇ ਸਰਕਾਰ ਨੂੰ ਅਜਿਹੇ ਲੋਕਾਂ ਦੀ ਵੀ ਉਤਨੀ ਹੀ ਮਦਦ ਕਰਨੀ ਚਾਹੀਦੀ ਹੈ ।

ਅੱਜ ਸਬਜ਼ੀਆਂ ਦਾ ਜ਼ਿਕਰ ਆਇਆ ਹੈ । ਠੀਕ ਹੈ ਕਿ ਐਗਰੀਕਲਚਰ ਯੂਨੀਵਰਸਟੀ ਵਾਲਿਆਂ ਨੇ ਸਬਜ਼ੀਆਂ ਦੇ ਨਵੇਂ ਬੀਜ ਪੈਦਾ ਕੀਤੇ ਹਨ । ਪ੍ਰੰਤੂ ਕਿਸਾਨ ਸਵੇਰੇ ਦਵਾਈਆਂ ਛਿੜਕਦੇ ਹਨ ਅਤੇ ਸ਼ਾਮ ਨੂੰ ਉਹੀ ਸਬਜ਼ੀਆਂ ਤੋੜ ਕੇ ਮੰਡੀ ਵਿੱਚ ਲੈ ਜਾਂਦੇ ਹਨ । ਇਸ ਦੇ ਨਾਲ ਲੋਕਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਰਿਹਾ ਹੈ, ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਹੋ ਰਹੀਆਂ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਇੰਸਪੈਕਟਰਾਂ ਰਾਹੀਂ ਪਬਲਿਕ ਰਿਲੇਸ਼ਨ ਵਾਲਿਆਂ ਰਾਹੀਂ ਦੱਸਿਆ ਜਾਵੇ ਅਤੇ ਮਨੁੱਖਤਾ ਦੇ ਹੋ ਰਹੇ ਘਾਣ ਨੂੰ ਰੋਕਿਆ ਜਾਵੇ ਅਤੇ ਨਾਲ ਦੀ ਨਾਲ ਸਖਤੀ ਵੀ ਵਰਤੀ ਜਾਵੇ । ਮੈਂ ਸਮਝਦਾ ਹਾਂ ਕਿ ਇਸ ਨਾਲ ਸਮੁੱਚੇ ਪੰਜਾਬ ਦਾ ਫਾਇਦਾ ਹੋਵੇਗਾ । ਇਨ੍ਹਾਂ ਸ਼ਬਦਾਂ ਨਾਲ ਮੈਂ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ।

ਸ਼੍ਰੀ ਗੁਰਪਾਲ ਚੰਦ ਸਰੋਆ (ਸ਼ਾਮ ਚੁਰਾਸੀ, ਐਸ. ਸੀ.) : ਸਤਿਕਾਰਯੋਗ ਸਪੀਕਰ ਸਾਹਿਬ । ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਿੰਚਾਈ ਤੇ ਬਿਜਲੀ ਦੀ ਮੰਗ ਬਾਰੇ ਬੋਲਣ ਦਾ ਮੌਕਾ ਦਿੱਤਾ ਹੈ ਸਪੀਕਰ ਸਾਹਿਬ, ਇਹ ਠੀਕ ਹੈ ਕਿ ਬਜਟ ਵਿੱਚ ਰੁਪਿਆ ਰੱਖਿਆ ਜਾਣਾ ਚਾਹੀਦਾ ਹੈ ਪਰ ਇਸ ਦੇ ਨਾਲ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਬਜਟ ਦੇ ਵਿੱਚ ਜਿੰਨਾ ਵੀ ਪੈਸਾ ਰੱਖਿਆ ਗਿਆ ਹੈ ਉਹ ਸਾਰਾ ਸਹੀ ਤੌਰ ਤੇ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ । ਜਿਸ ਤਰ੍ਹਾਂ ਸਰਕਾਰ ਨੇ ਇਹ ਗੱਲ ਆਖੀ ਹੈ ਕਿ ਖੇਤੀਬਾੜੀ ਦੇ ਪੱਖੋਂ ਪੰਜਾਬ ਬਹੁਤ ਮਹੱਤਤਾ ਰੱਖਦਾ ਹੈ । ਕਿਸਾਨਾਂ ਨੂੰ ਜਿਣਸਾਂ ਦੇ ਅੱਛੇ ਭਾਅ ਦਿੱਤੇ ਜਾ ਰਹੇ ਹਨ । ਸਪੀਕਰ ਸਾਹਿਬ, ਇਥੇ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਥੇ ਕਿਸਾਨਾਂ ਨੂੰ ਅੱਛੇ ਭਾਅ ਦਿੱਤੇ ਜਾ ਰਹੇ ਹਨ. ਉਥੇ ਜਿਹੜੀਆਂ ਖਾਦਾਂ ਦੀਆਂ ਕੀਮਤਾਂ ਹਨ, ਉਹ ਬਹੁਤ ਵਧਾਈਆਂ ਜਾ ਰਹੀਆਂ ਹਨ । ਉਹ ਖਾਦਾਂ ਦੀਆਂ ਕੀਮਤਾਂ ਨੂੰ ਘਟਾਇਆ ਜਾਣਾ ਚਾਹੀਦਾ ਹੈ । ਸਪੀਕਰ ਸਾਹਿਬ, ਇਸ ਦੇ ਨਾਲ ਜਿਥੇ ਕਿਸਾਨ ਖੇਤੀਬਾੜੀ ਵਾਸਤੇ, ਅਨਾਜ ਪੈਦਾ ਕਰਨ ਵਾਸਤੇ ਦਿਨ ਰਾਤ ਮਿਹਨਤ ਕਰਦਾ ਹੈ, ਉਥੇ ਜਦੋਂ ਕਿਸਾਨ ਨੂੰ ਨਵੇਂ ਟਿਊਬਵੈਲ ਵਾਸਤੇ ਬਿਜਲੀ ਦਾ ਕੁਨੈਕਸ਼ਨ ਲੈਣਾ ਪੈਂਦਾ ਹੈ ਤਾਂ ਜਿਥੇ ਪਹਿਲਾਂ 3 ਹਾਰਸ ਪਾਵਰ ਦੀ ਮੋਟਰ ਵਾਸਤੇ 3000/ ਰੁਪਏ ਸਕਿਉਰਿਟੀ ਲਈ ਜਾਂਦੀ ਸੀ, ਉਥੇ ਹੁਣ ਉਹੀ ਸਕਿਉਰਿਟੀ ਵਧਾ ਕੇ 7000/ ਰੁਪਏ ਤੋਂ 11000/ ਰੁਪਏ ਤੱਕ ਕਰ ਦਿੱਤੀ ਗਈ ਹੈ । ਸੋ, ਜਿਨ੍ਹਾਂ ਗਰੀਬ ਕਿਸਾਨਾਂ ਨੇ ਨਵੇਂ ਕੁਨੈਕਸ਼ਨ ਲੈਣੇ ਹੁੰਦੇ ਹਨ, ਉਨ੍ਹਾਂ ਵਾਸਤੇ ਇੰਨੀਆਂ ਜ਼ਿਆਦਾ ਸਕਿਉਰਟੀਆਂ ਨਹੀਂ ਹੋਣੀਆਂ ਚਾਹੀਦੀਆਂ ਕਿਉਂਕਿ ਉਨ੍ਹਾਂ ਵਾਸਤੇ ਇੰਨੀਆਂ ਜ਼ਿਆਦਾ ਸਕਿਉਰਟੀਆਂ ਭਰਨੀਆਂ ਬਹੁਤ ਮੁਸ਼ਕਲ ਹਨ । ਇਸੇ ਤਰ੍ਹਾਂ ਸਪੀਕਰ ਸਾਹਿਬ, ਬਿਜਲੀ ਦੇ ਬਿਲ ਵੀ ਵਧਾਏ ਗਏ ਹਨ । ਜਿਨ੍ਹਾਂ ਦੇ ਘਰ ਦੇ ਕੁਨੈਕਸ਼ਨ ਹਨ ਜਾਂ ਦੂਸਰੇ ਕੁਨੈਕਸ਼ਨ ਹਨ, ਉਨ੍ਹਾਂ ਦਾ ਬਿਲ ਪਹਿਲਾਂ 300/- ਰੁਪਏ ਦੇ ਕਰੀਬ ਆਉਂਦਾ ਸੀ, ਉਹ ਹੁਣ 1700/- ਰੁਪਏ ਦੇ ਕਰੀਬ ਆ ਰਿਹਾ ਹੈ । ਸੋ, ਸਪੀਕਰ ਸਾਹਿਬ, ਬਿਜਲੀ ਦੀਆਂ ਦਰਾਂ ਅੌਰ ਬਿਲ ਬਹੁਤ ਵਧਾਏ ਗਏ ਹਨ ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੁਰਪਾਲ ਚੰਦ ਸਰੋਆ]

ਇਸ ਕਰਕੇ ਕਿਸਾਨਾਂ ਨੂੰ ਬੜੀਆਂ ਮੁਸ਼ਕਲਾਂ ਪੇਸ਼ ਆ ਰਹੀਆਂ ਹਨ । ਇਸ ਕਰਕੇ ਇਹ ਬਿਲ ਅੰਦਰ ਸਕਿਉਰਟੀਆਂ ਘਟਾਈਆਂ ਜਾਣੀਆਂ ਚਾਹੀਦੀਆਂ ਹਨ ।

ਸਪੀਕਰ ਸਾਹਿਬ, ਅੱਗੇ ਗੱਲ ਆਉਂਦੀ ਹੈ ਟਿਊਬਵੈਲਾਂ ਬਾਰੇ । ਮੇਰੇ ਇਲਾਕੇ ਹੁਸ਼ਿਆਰਪੁਰ ਵਿਚ ਇਹੋ ਜਿਹੇ ਟਿਊਬਵੈਲ ਹਨ ਜੋ ਬੇਕਾਰ ਪਏ ਹਨ । ਇਕ ਪਾਸੇ ਤਾਂ ਸਰਕਾਰ ਨਵੇਂ ਟਿਊਬਵੈਲ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਦੂਸਰੇ ਪਾਸੇ ਪੁਰਾਣੇ ਟਿਊਬਵੈਲ ਬੇਕਾਰ ਪਏ ਹਨ । ਜਿਸ ਤਰ੍ਹਾਂ ਪੁਲਹਿਰਾ ਵਿੱਚ ਦੋ ਟਿਊਬਵੈਲ ਅਜਿਹੇ ਹਨ ਜੋ ਪਿਛਲੇ ਤਿੰਨ ਸਾਲ ਤੋਂ ਬੰਦ ਪਏ ਹਨ । ਜ਼ਿਮੀਂਦਾਰ ਸੋਚਦੇ ਹਨ ਕਿ ਲੱਖਾਂ ਰੁਪਏ ਟਿਊਬਵੈਲ ਲਗਾਉਣ ਤੇ ਲੱਗੇ ਪਰ ਕੋਈ ਟਿਊਬਵੈਲ ਚੱਲ ਨਹੀਂ ਸਕਿਆ । ਉਨ੍ਹਾਂ ਨੂੰ ਅੱਜ ਤੱਕ ਵੀ ਚਾਲੂ ਨਹੀਂ ਕੀਤਾ ਗਿਆ । ਸੋ, ਸਪੀਕਰ ਸਾਹਿਬ, ਪੁਰਾਣੇ ਟਿਊਬਵੈਲ ਚਾਲੂ ਹੋਣੇ ਚਾਹੀਦੇ ਹਨ ਅੰਦਰ ਨਵੇਂ ਟਿਊਬਵੈਲ ਲਗਾਉਣ ਤੋਂ ਪਹਿਲਾਂ ਇਹ ਸਾਰੇ ਪੁਰਾਣੇ ਟਿਊਬਵੈਲ ਚਾਲੂ ਹੋਣੇ ਚਾਹੀਦੇ ਹਨ । ਨਵੇਂ ਵੀ ਲਗਾਉਣੇ ਚਾਹੀਦੇ ਹਨ ਪਰ ਪਹਿਲਾਂ ਪੁਰਾਣੇ ਚਾਲੂ ਹੋਣੇ ਚਾਹੀਦੇ ਹਨ । ਸਪੀਕਰ ਸਾਹਿਬ, ਮੇਰਾ ਹੁਸ਼ਿਆਰਪੁਰ ਜ਼ਿਲ੍ਹਾ ਬੜਾ ਮਸ਼ਹੂਰ ਜ਼ਿਲ੍ਹਾ ਹੈ । ਉਥੇ ਬਹੁਤ ਜ਼ਿਆਦਾ ਚੋਅ ਹਨ ਅੰਦਰ ਮੇਰੇ ਇਲਾਕੇ ਵਿਚ ਹੀ ਸੱਤ-ਅੱਠ ਚੋਅ ਹਨ । ਇਨ੍ਹਾਂ ਚੋਆਂ ਕਾਰਣ ਕਿਸਾਨਾਂ ਦੀ ਹਜ਼ਾਰਾਂ ਘੁਮਾਂ ਜ਼ਮੀਨ ਤਬਾਹ ਹੋ ਗਈ ਹੈ ਅੰਦਰ ਬਹੁਤ ਰੇਤਾ ਹੋ ਗਿਆ ਹੈ । ਸੋ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਚੋਆਂ ਤੇ ਜਲਦੀ ਤੋਂ ਜਲਦੀ ਬੰਨ੍ਹ ਲਗਾ ਕੇ ਇਨ੍ਹਾਂ ਦਾ ਪ੍ਰਬੰਧ ਕੀਤਾ ਜਾਵੇ । ਸਪੀਕਰ ਸਾਹਿਬ, ਬਾਰਸ਼ਾਂ ਆਉਣ ਵਾਲੀਆਂ ਹਨ ਅੰਦਰ ਫਲੱਡ ਵੀ ਆ ਸਕਦੇ ਹਨ । ਸੋ, ਇਨ੍ਹਾਂ ਚੋਆਂ ਤੇ ਜਲਦੀ ਤੋਂ ਜਲਦੀ ਬੰਨ੍ਹ ਬਣਾਏ ਜਾਣ । ਕਈ ਪਿੰਡ ਇਹੋ ਜਿਹੇ ਹਨ ਜਿਥੇ ਬਾਰਸ਼ ਪੈਣ ਨਾਲ ਪਾਣੀ ਲੋਕਾਂ ਦੇ ਘਰਾਂ ਵਿਚ ਵੜ ਜਾਂਦਾ ਹੈ । ਜਿਸ ਤਰ੍ਹਾਂ ਬੱਸੀ ਰੂੜ, ਨੇੜਾ, ਰਹਗੜ੍ਹ, ਹਲਟਾ ਪਿੰਡ ਚੋਆਂ ਦੇ ਬਿਲਕੁਲ ਨਜ਼ਦੀਕ ਹਨ । ਇਨ੍ਹਾਂ ਪਿੰਡਾਂ ਵਿਚ ਚੋਆਂ ਤੇ ਜਲਦੀ ਤੋਂ ਜਲਦੀ ਬੰਨ੍ਹ ਬਣਾਉਣੇ ਚਾਹੀਦੇ ਹਨ । ਇਨ੍ਹਾਂ ਵਾਸਤੇ ਜੋ ਫੰਡ ਰੱਖਿਆ ਗਿਆ ਹੈ, ਇਹ ਬੜੀ ਅੱਛੀ ਗੱਲ ਹੈ ਪਰ ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਸੀ, ਬਿਜਲੀ ਦੇ ਬਿੱਲ ਵੱਧ ਆ ਰਹੇ ਹਨ, ਉਹ ਘਟਾਏ ਜਾਣ । ਇਸੇ ਤਰ੍ਹਾਂ ਜਿਹੜੇ ਮੀਟਰ ਸਰਕਾਰ ਘਰਾਂ ਵਿਚ ਲਗਾਉਂਦੀ ਸੀ ਜਾਂ ਜਿਨ੍ਹਾਂ ਟਿਊਬਵੈਲਾਂ ਤੇ ਕੁਨੈਕਸ਼ਨ ਦਿੰਦੀ ਸੀ, ਉਹ ਮੀਟਰ ਪਹਿਲਾਂ 300/- ਰੁਪਏ ਦੇ ਮਿਲਦੇ ਸਨ, ਅੱਜ ਉਹ 600/- ਰੁਪਏ ਦੇ ਮਿਲ ਰਹੇ ਹਨ । ਸਪੀਕਰ ਸਾਹਿਬ, ਅੱਜ ਜੇ ਕੋਈ ਸਵਿੱਚ ਲੈਣਾ ਹੈ, ਜਾਂ ਤਾਰ ਲੈਣੀ ਹੈ ਬਿਜਲੀ ਦਾ ਕੁਨੈਕਸ਼ਨ ਲੈਣ ਲਈ ਤਾਂ ਬਜ਼ਾਰ ਜਾਣਾ ਪੈਂਦਾ ਹੈ । ਮਹਿਕਮੇ ਵਾਲੇ ਆਪਣੇ ਕੋਲੋਂ ਕੁਝ ਨਹੀਂ ਲਾਉਂਦੇ । ਸਪੀਕਰ ਸਾਹਿਬ, ਸਾਡੀ ਬੇਨਤੀ ਹੈ ਕਿ ਜਿਸ ਤਰ੍ਹਾਂ ਮੀਟਰਾਂ ਦੇ ਬਿਲ ਹਨ, ਇਹ ਵਧਾਉਣੇ ਨਹੀਂ ਚਾਹੀਦੇ । ਸੋ, ਸਰਕਾਰ ਦਾ ਫਰਜ਼ ਹੈ ਕਿ ਜਿਸ ਤਰ੍ਹਾਂ ਪਹਿਲਾਂ ਕੁਨੈਕਸ਼ਨ ਦੇ ਰਹੀ ਸੀ, ਉਸੇ ਹਿਸਾਬ ਨਾਲ ਕੁਨੈਕਸ਼ਨ ਦੇਵੇ । ਏਨਾ ਕਹਿੰਦਾ ਹੋਇਆ ਮੈਂ ਰਜਾ ਲੈਂਦਾ ਹਾਂ । ਜੈ ਭੀਮ ਜੈ ਭਾਰਤ ।

Mr. Speaker : Sardar Brij Bhupinder Singh Ji, you plan in a manner that 4.30 ਵਜੇ ਤੁਸੀਂ ਆਪਣੀ ਗੱਲ ਖਤਮ ਕਰ ਦੇਣਾ । ਫਿਰ ਮੰਤਰੀ ਜੀ ਨੇ ਬੋਲਣਾ ਹੈ ।

Original with;
Punjab Vidhan Sabha
Digitized by;
Panjab Digital Library

ਸਰਦਾਰ ਬਰਿਜ ਭੁਪਿੰਦਰ ਸਿੰਘ ਕੰਗ (ਲੋਹੀਆਂ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਗਰੀਕਲਚਰ, ਪਾਵਰ ਅਤੇ ਇਰੀਗੇਸ਼ਨ ਦੀਆਂ ਮੰਗਾਂ ਉਤੇ ਬੋਲਣ ਦਾ ਸਮਾਂ ਦਿੱਤਾ ਹੈ । ਸਾਡੀ ਸਰਕਾਰ ਨੇ, ਸਪੀਕਰ ਸਾਹਿਬ, ਬੜਾ ਹੀ ਸੁਹਣਾ ਅੰਦਰ ਬੈਲੈਂਸਡ ਬਜਟ ਰੱਖਿਆ ਹੈ, ਜਿਸ ਦੀ ਅਗਰ ਸ਼ਰਦਾਰ ਬੇਅੰਤ ਸਿੰਘ ਅਤੇ ਫਾਈਨਾਂਸ ਮਨਿਸਟਰ ਨੂੰ ਵਧਾਈ ਨਾ ਦੇਈਏ ਤਾਂ ਮੈਂ ਸਮਝਾਂਗਾ ਕਿ ਸਾਡੀ ਕੁਤਾਹੀ ਹੋਵੇਗੀ । ਇਹ ਬਜਟ ਬੜਾ ਬੈਲੈਂਸਡ ਹੈ, ਜਿਸ ਵਿੱਚ ਹਰ ਵਰਗ ਵਾਸਤੇ, ਐਗਰੀਕਲਚਰ ਵਾਸਤੇ, ਇਰੀਗੇਸ਼ਨ ਵਾਸਤੇ ਅੰਦਰ ਖਾਸ ਤੌਰ ਤੇ ਬੀਨ ਡੈਮ ਵਾਸਤੇ, ਰਣਜੀਤ ਸਾਗਰ ਡੈਮ ਵਾਸਤੇ, ਜਿਸ ਵੱਲ ਕਿ ਪਹਿਲਾਂ ਧਿਆਨ ਹੀ ਨਹੀਂ ਸੀ ਦਿੱਤਾ ਜਾ ਰਿਹਾ, ਉਸ ਵਾਸਤੇ ਵੀ ਹੁਣ ਪੈਸਾ ਰੱਖਿਆ ਗਿਆ ਹੈ । ਇਸ ਨਾਲ ਪ੍ਰੋਡਕਸ਼ਨ ਹੀ ਅੱਛੀ ਨਹੀਂ ਹੋਵੇਗੀ ਸਗੋਂ ਜਿਹੜਾ ਸਰਪਲਸ ਪਾਣੀ ਪਾਕਿਸਤਾਨ ਨੂੰ ਜਾਂਦਾ ਸੀ, ਉਹ ਵੀ ਯੂਟੇਲਾਈਜ਼ ਕਰਨ ਵਿੱਚ ਇਹ ਡੈਮ ਸਹਾਈ ਹੋਵੇਗਾ ।

ਸਾਡਾ ਸੂਬਾ ਖੇਤੀ ਪ੍ਰਧਾਨ ਸੂਬਾ ਹੈ । ਸਪੀਕਰ ਸਾਹਿਬ, ਸਾਡੇ ਕੋਲ ਤਕਰੀਬਨ 1 ਕਰੋੜ 25 ਲੱਖ ਏਕੜ ਜ਼ਮੀਨ ਹੈ ਜਿਸਦਾ 84 ਫੀਸਦੀ ਹਿੱਸਾ ਐਗਰੀਕਲਚਰ ਦੇ ਥੱਲੇ ਹੈ । ਉਸ ਵਿਚੋਂ 93 ਫੀਸਦੀ ਜ਼ਮੀਨ ਦਾ ਰਕਬਾ ਇਰੀਗੇਟਿਡ ਹੈ । ਸਾਡਾ ਮੈਕਸੀਮਮ ਝੋਨਾ ਅੰਦਰ ਕਣਕ ਸੈਂਟਰਲ ਪੂਲ ਵਿੱਚ ਜਾਂਦਾ ਹੈ । ਇਥੇ ਪਾਵਰ ਬਾਰੇ ਕਈ ਗੱਲਾਂ ਹੋਈਆਂ ਪਰ ਮੈਂ 2-3 ਸੁਝਾਅ ਦੇਣੇ ਚਾਹੁੰਦਾ ਹਾਂ । ਪਹਿਲੀ ਗੱਲ ਜਿਹੜੀ ਸਾਡੀ ਹਾਈਡਲ ਪਾਵਰ ਬਾਰੇ ਹੈ, ਉਸ ਦੇ ਬਾਰੇ 1993 ਵਿੱਚ ਅੰਸਟੀਮੇਟ ਕਮੇਟੀ ਨਾਲ ਮੈਂ ਭਾਖੜਾ ਨੰਗਲ ਗਿਆ ਸੀ । ਉਥੇ ਅਸੀਂ ਦੋ ਦਿਨ ਰਹੇ ਅਤੇ ਬੜੀ ਡਿਟੇਲ ਵਿਚ ਸਟੱਡੀ ਕਰਕੇ ਆਏ । ਉਥੇ ਅਸੀਂ ਫੀਲ ਕੀਤਾ ਕਿ ਭਾਖੜਾ ਡੈਮ ਦੀ ਕਪੈਸਟੀ ਜ਼ਿਆਦਾ ਹੈ । ਜਿਹੜੇ ਅਸੀਂ ਛੋਟੇ ਛੋਟੇ ਥਰਮਲ ਪਲਾਂਟ ਬਣਾ ਰਹੇ ਹਾਂ, ਉਨ੍ਹਾਂ ਦੀ ਜਗ੍ਹਾ ਪਹਿਲਾਂ ਜਿਹੜੀ ਸਾਡੀ ਭਾਖੜਾ ਨੰਗਲ ਡੈਮ ਦੀ ਕਪੈਸਟੀ ਹੈ, ਉਸ ਨੂੰ ਪੂਰੀ ਤਰ੍ਹਾਂ ਯੂਟੇਲਾਈਜ਼ ਕਰਨਾ ਚਾਹੀਦਾ ਹੈ । ਇਸ ਵੇਲੇ ਮੈਨੂੰ ਪਤਾ ਲੱਗਾ ਹੈ ਕਿ ਇੱਕ ਪਾਸੇ 5 ਟਰਬਾਈਨਾਂ ਜਿਹੜੀਆਂ 60 ਮੈਗਾਵਾਟ ਦੀਆਂ ਸਨ ਅੰਦਰ 120 ਮੈਗਾਵਾਟ ਦੀਆਂ ਸਨ, ਉਸ ਪਾਸੇ ਅਸੀਂ ਜੋ ਬਚਤ ਕੀਤੀ ਸੀ, ਉਸ ਵਿਚ ਵੀ ਅਸੀਂ ਤਕਰੀਬਨ ਹਿੱਟ ਐਂਡ ਟਰਾਈਲ ਨਾਲ ਹੀ ਚੱਲ ਰਹੇ ਹਾਂ । ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਾਂਗਾ ਕਿ ਇਕ ਹਾਇਲੀ ਟੈਕਨੀਕਲ ਕਮੇਟੀ ਬਿਠਾਉਣ ਜਿਸ ਵਿੱਚ ਜੋ ਟਰਾਬਾਈਨਾਂ ਹਨ, ਉਹ ਪੂਰੀਆਂ ਯੂਟੇਲਾਈਜ਼ ਹੋਣ, ਉਸ ਬਾਰੇ ਵਿਚਾਰ ਹੋਵੇ । ਮੈਨੂੰ ਪਤਾ ਲੱਗਾ ਹੈ ਕਿ 5 ਟਰਬਾਈਨਾ, 120 ਤੋਂ 150 ਮੈਗਾਵਾਟ ਦੀਆਂ ਕਰ ਰਹੇ ਹਨ ਜਿਹੜੀਆਂ ਕਿ ਅਜੇ ਮੈਂ ਸਮਝਦਾ ਹਾਂ ਕਿ ਅੰਡਰ ਯੂਟੇਲਾਈਜੇਸ਼ਨ ਹਨ । ਹੁਣ ਅਸੀਂ ਟਰਬਾਈਨਾਂ 90 ਤਾਂ 108 108 ਤੋਂ 120 ਅਤੇ 120 ਤੋਂ 150 ਮੈਗਾਵਾਟ ਕਰ ਰਹੇ ਹਾਂ । ਰਿਸੋਰਸਿਜ਼ ਦੇ ਮੁਤਾਬਿਕ ਉਸ ਦਾ ਇਨਫ੍ਰਾਸਟ੍ਰਕਚਰ 180 ਮੈਗਾਵਾਟ ਟਰਬਾਈਨ ਚਲਾ ਸਕਦਾ ਹੈ । ਜਿਸ ਤਰ੍ਹਾਂ ਹੁਣ ਪਲਾਨ ਦੇ ਉਤੇ ਵੀ ਟਰਬਾਈਨਾਂ ਸਿਰਫ 90 ਮੈਗਾਵਾਟ ਦੀਆਂ ਹਨ । ਉਨ੍ਹਾਂ ਨੂੰ ਵੀ ਨਾਲ ਹੀ ਸ਼ੁਰੂ ਕਰ ਦੇਣਾ ਚਾਹੀਦਾ ਹੈ ਤਾਂ ਕਿ ਟਰਬਾਈਨਾਂ 90 ਤੋਂ 150 ਮੈਗਾਵਾਟ ਹੋਣ ਨਾਲ ਇੱਕ ਥਰਮਲ ਪਲਾਂਟ ਰੋਪੜ ਜਿੰਨੀ ਪਾਵਰ ਮਿਲ ਜਾਵੇਗੀ ਜੇਕਰ ਇਹ ਦਸ ਦੇ ਦਸ ਟਰਬਾਈਨ ਹੀ ਵੱਡੇ ਬਣਾਏ ਜਾਣ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਰਿਜ ਭੂਪਿੰਦਰ ਸਿੰਘ ਕੰਗ]

ਨੰਬਰ ਦੋ ਦੇ ਉਤੇ ਇਸੇ ਤਰ੍ਹਾਂ ਰਣਜੀਤ ਸਾਗਰ ਡੈਮ ਹੈ । ਉਸਦੇ ਵੀ ਕਿਉਂਕਿ ਬੜੇ ਪੁਰਾਣੇ ਐਸਟੀਮੇਟ ਲੱਗੇ ਹਨ, ਉਥੇ ਵੀ ਸਾਨੂੰ ਨਵੇਂ ਮਾਡਲ ਦੀਆਂ ਟਰਬਾਈਨਾਂ ਲਗਾਉਣੀਆਂ ਚਾਹੀਦੀਆਂ ਹਨ । ਉਥੇ ਮੈਨੂੰ ਪਤਾ ਲੱਗਿਆ ਹੈ ਕਿ ਟਰਬਾਈਨਾਂ ਰਸ਼ੀਆ ਤੋਂ ਲੈ ਰਹੇ ਹਨ । ਸੋ, ਰਣਜੀਤ ਸਾਗਰ ਡੈਮ ਲਈ ਇੰਪੋਰਟਿਡ ਟਰਬਾਈਨਾਂ ਮੰਗਾਉਣ ਲੱਗੇ ਹਨ ਜਿਹੜੀਆਂ ਬੜੀਆਂ ਹਾਈ ਕਪੈਸਿਟੀ ਦੀਆਂ ਹਨ ਅਤੇ ਜਿਹੜੀਆਂ ਥੋੜ੍ਹੇ ਪਾਣੀ ਦੇ ਨਾਲ ਹੀ ਬਿਜਲੀ ਪੈਦਾ ਕਰ ਦਿੰਦੀਆਂ ਹਨ ।

ਦੂਸਰਾ ਸਾਡਾ ਮਸਲਾ ਆਉਂਦਾ ਹੈ ਥਰਮਲ ਦੇ ਉਤੇ । ਥਰਮਲ ਦੇ ਉਤੇ, ਸਪੀਕਰ ਸਾਹਿਬ, ਸਾਨੂੰ ਬੜੀਆਂ ਸ਼ਿਕਾਇਤਾਂ ਆ ਰਹੀਆਂ ਹਨ ਕਿ ਸਾਨੂੰ ਕੋਲਾ ਜਿਹੜਾ ਆ ਰਿਹਾ ਹੈ, ਇਹ ਇਨਫੀਰੀਅਰ ਆ ਰਿਹਾ ਹੈ, ਅੰਡਰ ਵੇਟ ਆ ਰਿਹਾ ਹੈ ਅੰਰ ਇਸ ਦੇ ਵਿੱਚ ਬੜਾ ਪੱਥਰ ਹੈ । ਇਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਸਾਡਾ ਕੋਲ ਮੱਧ ਪ੍ਰਦੇਸ਼-ਦੀਆਂ ਕੋਲਰੀਜ਼ ਵਿਚੋਂ 1981 ਤੋਂ ਪਹਿਲਾਂ ਆਉਂਦਾ ਸੀ ਅੰਰ ਉਹ ਕੋਲਾ ਸੁਪੀਰੀਅਰ ਆਉਂਦਾ ਸੀ, ਉਸ ਦਾ ਵੇਟ ਵੀ ਪੂਰਾ ਹੁੰਦਾ ਸੀ । ਪਰ 1981 ਵਿਚ ਸਾਡੇ ਆਨਰੇਬਲ ਪ੍ਰਾਈਮ ਮਨਿਸਟਰ ਸ਼੍ਰੀ ਮੁਰਾਰ ਜੀ ਡਿਸਾਈ ਨੇ ਉਸ ਸਾਰੇ ਕੋਲ ਨੂੰ ਵੈਸਟਰਨ ਯੂਨਿਟ ਵਿਚ ਲਾ ਦਿੱਤਾ ਅਤੇ ਪੰਜਾਬ ਨੂੰ ਬਿਹਾਰ ਨਾਲ ਲਾ ਦਿੱਤਾ । ਗੁਜਰਾਤ ਅੰਰ ਮਹਾਰਾਸ਼ਟਰ ਉਸ ਨਾਲ ਜੋੜ ਦਿੱਤਾ । ਬਿਹਾਰ ਤੋਂ ਜੋ ਕੋਲਾ ਆਉਂਦਾ ਹੈ, ਉਸ ਦੇ ਨਾਲ ਸਾਨੂੰ ਕਾਫੀ ਨੁਕਸਾਨ ਹੁੰਦਾ ਹੈ ਅਤੇ ਫਿੰਗਰਜ਼ ਦੱਸਦੇ ਹਨ ਕਿ 70 ਲੱਖ ਟਨ ਕੋਲਾ ਸਾਨੂੰ ਆਉਂਦਾ ਹੈ ਅਤੇ ਇਹ ਜੋ ਕੋਲਾ ਆਉਂਦਾ ਹੈ, ਇਹ ਤਕਰੀਬਨ 8500/- ਕਰੋੜ ਰੁਪਏ ਦਾ ਹੈ । ਸਾਡੇ ਐਕਸਪਰਟਸ ਇਸ ਗੱਲ ਦਾ ਆਈਡੀਆ ਦਿੰਦੇ ਹਨ ਕਿ ਜੇ ਕੋਲਾ ਮੱਧ ਪ੍ਰਦੇਸ਼ ਤੋਂ ਲਿਆਉਣਾ ਹੋਵੇ ਤਾਂ ਇਸ ਦੇ ਨਾਲ 100/- ਕਰੋੜ ਰੁਪਏ ਦਾ ਤਾਂ ਕਿਰਾਏ ਵਿੱਚ ਫਰਕ ਪਵੇਗਾ ਅੰਰ ਤਕਰੀਬਨ 100/- ਕਰੋੜ ਰੁਪਿਆ ਇਸ ਕੋਲੇ ਦੇ ਸੁਪੀਰੀਅਰ ਹੋਣ ਨਾਲ ਜੋ ਇਸ ਦੀ ਵਰਤੋਂ ਹੋਵੇਗੀ, ਉਸ ਦੇ ਵਿੱਚ ਫਰਕ ਪਵੇਗਾ । ਇਕ ਹੋਰ ਥਾਂ ਤੋਂ ਸਪੀਕਰ ਸਾਹਿਬ, ਪਤਾ ਲਗਿਆ ਹੈ ਕਿ ਪ੍ਰਾਈਵੇਟ ਐਂਟਰਪ੍ਰਾਇਜ਼ਿਜ਼ ਥੋੜ੍ਹੇ ਰੇਟ ਤੇ ਕੋਲਾ ਦੇਣ ਨੂੰ ਤਿਆਰ ਹਨ, ਇਸ ਨੂੰ ਕੈਪੀਟਿਵ ਮਾਈਨਿੰਗ ਕਹਿੰਦੇ ਹਨ । ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਬੰਗਾਲ ਵਿੱਚ ਜਿਹੜਾ ਕੈਲਕਟਾ ਇਲੈਕਟ੍ਰਿਸਿਟੀ ਬੋਰਡ ਹੈ, ਉਹ ਖੁਦ ਪ੍ਰਾਈਵੇਟ ਫਰਮਜ਼ ਤੋਂ ਕੋਲਾ ਲੈ ਰਿਹਾ ਹੈ ਅੰਰ ਉਨ੍ਹਾਂ ਨੂੰ ਕੈਪੀਟਿਵ ਮਾਈਨਿੰਗ ਲਈ ਗੌਰਮਿੰਟ ਆਫ਼ ਇੰਡੀਆ ਨੇ ਅਲਾਓ ਕਰ ਦਿੱਤਾ ਹੈ । ਜਿਹੜਾ ਵੀ ਸਾਨੂੰ ਸਸਤਾ ਕੋਲਾ ਦੇਵੇ, ਉਸ ਤੋਂ ਇਹ ਲਿਆ ਜਾ ਸਕਦਾ ਹੈ । ਇਸ ਤਰ੍ਹਾਂ ਸਾਨੂੰ ਥਰਮਲ ਕੋਲਾ ਲੈਣਾ ਸਸਤਾ ਪੈ ਸਕਦਾ ਹੈ, ਵੇਟ ਵੀ ਪੂਰਾ ਹੋ ਸਕਦਾ ਹੈ ਅੰਰ ਅੰਨਰਜੀ ਵੀ ਪੂਰੀ ਹੋ ਸਕਦੀ ਹੈ । ਨਾਲ ਦੀ ਨਾਲ ਹੀ, ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਰਿਆਣਾ ਵਿੱਚ ਕਨਜੰਪਸ਼ਨ ਮੀਟਰ ਲਾਏ ਹੋਏ ਹਨ ਜਿਸ ਤੋਂ ਪਤਾ ਲਗਦਾ ਹੈ ਕਿ 66 ਕੇ. ਵੀ. ਤੋਂ ਜਾਂ 33 ਕੇ. ਵੀ. ਤੋਂ ਕਿੰਨੀ ਸਪਲਾਈ ਹੋਈ ਹੈ ਅਤੇ ਸਾਨੂੰ ਕਿੰਨੀ ਰਿਕਵਰੀ ਹੋਈ ਹੈ । ਜਿੰਨਾ ਇਕ ਸਟੇਸ਼ਨ ਤੇ ਗ੍ਰਿਡ ਦਾ ਲੋਡ ਹੈ, ਉਸ ਦੇ ਮੁਤਾਬਿਕ ਉਹ ਪਤਾ ਲਗ ਜਾਂਦਾ ਹੈ ਕਿ ਇਸ ਤੋਂ ਕਿੰਨੀ ਬਿਜਲੀ ਸਪਲਾਈ ਹੋਈ ਹੈ ਅੰਰ ਜਿਹੜੇ ਬਿਲ ਹਨ ਬਿਜਲੀ ਦੇ, ਉਸ ਦੇ ਨਾਲ ਸਾਨੂੰ ਕੀ ਰਿਕਵਰੀ ਹੋਈ

Original with;
Punjab Vidhan Sabha
Digitized by;
Panjab Digital Library

ਹੈ । ਇਸ ਤਰ੍ਹਾਂ ਬਿਜਲੀ ਦੀ ਚੋਰੀ ਦਾ ਵੀ ਪਤਾ ਲਗ ਜਾਂਦਾ ਹੈ ਕਿ ਬਿਜਲੀ ਦੀ ਚੋਰੀ ਕਿੰਨੀ ਹੋਈ ਹੈ । ਸਾਡੇ ਇਥੇ 22% ਬਿਜਲੀ ਦੀ ਚੋਰੀ ਕਾਗਜ਼ਾਂ ਵਿੱਚ ਦਿਖਾਈ ਗਈ ਹੈ ਜਿਹੜੀ ਕਿ ਮੈਂ ਸਮਝਦਾ ਹਾਂ ਬਹੁਤ ਜ਼ਿਆਦਾ ਹੈ । ਟੈਕਨੀਕਲੀ ਕੁਝ ਲਾਸਿਜ਼ ਆਫ ਟਰਾਂਸਮਿਸ਼ਨ ਵੀ ਦਿਖਾਏ ਗਏ ਹਨ । ਇਸ ਲਈ ਮੇਰੀ ਬੇਨਤੀ ਹੈ ਕਿ ਹਰਿਆਣਾ ਪੈਟਰਨ ਤੇ ਵੱਡੇ ਮੀਟਰ ਲਗਾ ਦਿੱਤੇ ਜਾਣ ਤਾਂ ਇਹ ਬਹੁਤ ਅੱਛੀ ਗੱਲ ਹੋਵੇਗੀ ।

ਨਾਲ ਦੀ ਨਾਲ, ਸਪੀਕਰ ਸਾਹਿਬ, ਮੈਂ ਐਗਰੀਕਲਚਰ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਸਾਡਾ ਸੂਬਾ ਐਗਰੀਕਲਚਰ ਬੇਸਡ ਸੂਬਾ ਹੈ । ਇਹ ਖੇਤੀਬਾੜੀ ਪ੍ਰਧਾਨ ਸੂਬਾ ਹੈ । ਤਕਰੀਬਨ 138/- ਕਰੋੜ ਰੁਪਿਆ ਮਾਰਕੀਟ ਕਮੇਟੀਆਂ ਦਾ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਜੈਨਰੇਟ ਕਰ ਦਿੱਤਾ ਹੈ । ਮੈਂ ਸਰਦਾਰ ਬੇਅੰਤ ਸਿੰਘ ਜੀ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਪਰਚੇਜ਼ ਟੈਕਸ 1% ਤੋਂ ਵਧਾ ਕੇ 2% ਕਰ ਦਿੱਤਾ ਹੈ ਅਤੇ ਸੈਂਟਰ ਤੋਂ ਤਰੀਕੇ ਨਾਲ 138/- ਕਰੋੜ ਰੁਪਏ ਵੱਧ ਲਏ ਹਨ । (ਥੰਪਿੰਗ)

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ ਹੁਣ ।

ਸਰਦਾਰ ਬਰਿਜ ਭੁਪਿੰਦਰ ਸਿੰਘ ਕੰਗ : ਇਹ ਪੈਸੇ ਜਿਹੜੇ ਸਾਨੂੰ ਮਿਲੇ ਹਨ, ਇਸ ਦੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਫਲੱਡਜ਼ ਆਉਂਦੇ ਹਨ, ਅਨਨੈਚੁਰਲ ਕਲੈਮਿਟੀਜ਼ ਜਿਹੜੀਆਂ ਹਨ, ਜਿਵੇਂ ਹੁਣੇ ਹੀ ਸਾਡੇ ਰੈਵੀਨਿਊ ਮਨਿਸਟਰ ਸਾਹਿਬ ਦੱਸ ਰਹੇ ਸਨ ਕਿ ਔਲੇ ਪੈ ਗਏ ਜਿਨ੍ਹਾਂ ਨਾਲ ਜ਼ਿਮੀਂਦਾਰਾਂ ਦਾ ਬਹੁਤ ਨੁਕਸਾਨ ਹੋਇਆ ਹੈ, ਜ਼ਿਮੀਂਦਾਰਾਂ ਦੇ ਕਣਕਾਂ ਦੇ ਪੌਦੇ ਖਤਮ ਹੋ ਗਏ ਹਨ । ਅਸੀਂ ਚਾਹੁੰਦੇ ਹਾਂ ਕਿ ਕਿਸੇ ਕਿਸਮ ਦੀ ਕੋਈ ਇਨਸ਼ੋਰੈਂਸ ਸਕੀਮ ਹੋ ਜਾਵੇ . . .

ਸ਼੍ਰੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ ਹੁਣ ।

ਸਰਦਾਰ ਬਰਿਜ ਭੁਪਿੰਦਰ ਸਿੰਘ ਕੰਗ : ਸਪੀਕਰ ਸਾਹਿਬ, ਬਸ ਜੀ ਮੈਂ 5 ਮਿੰਟ ਹੀ ਹੋਰ ਲਵਾਂਗਾ ।

ਮੈਂ ਬੇਨਤੀ ਕਰਾਂਗਾ ਕਿ ਜੇ 4/- ਰੁਪਏ ਵੀ ਪਰ ਏਕੜ ਅਸੀਂ ਲਾਈਏ ਤਾਂ 1 ਕਰੋੜ 25 ਲੱਖ ਏਕੜ ਦਾ ਪੰਜ ਕਰੋੜ ਰੁਪਿਆ ਬਣਦਾ ਹੈ । ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਇਹ ਜਿਹੜੀ ਇਨਸ਼ੋਰੈਂਸ ਦੀ ਪਾਲਿਸੀ ਹੈ, ਇਹ ਲਾਗੂ ਕਰਨੀ ਚਾਹੀਦੀ ਹੈ ਤਾਂ ਕਿ ਜਿਹੜੇ ਕਿਸਾਨ ਨੈਚੁਰਲ ਕਲੈਮਿਟੀਜ਼ ਦਾ ਸ਼ਿਕਾਰ ਹੋ ਜਾਂਦੇ ਹਨ, ਉਨ੍ਹਾਂ ਨੂੰ ਕੁਝ ਫਾਇਦਾ ਹੋ ਸਕੇ ।

ਸਹਿਕਾਰਤਾ ਅਤੇ ਸਿੰਚਾਈ ਮੰਤਰੀ (ਸ਼੍ਰੀ ਸੱਜਨ ਕੁਮਾਰ ਜਾਖੜ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ । ਪਰ ਅੱਜ ਏਥੇ ਪੰਜਾਬੀ ਵਿਚ ਬੋਲਾਂਗਾ । ਜੇ ਇਸ ਵਿਚ ਕੋਈ ਗਲਤੀ ਹੋ ਜਾਵੇ ਤਾਂ ਮੈਨੂੰ ਮਾਫ਼ੀ ਦੇ ਦੇਣਾ । (ਥੰਪਿੰਗ)

Original with;
Punjab Vidhan Sabha
Digitized by;
Punjab Digital Library

ਸ਼੍ਰੀ ਸਪੀਕਰ : ਥੋੜ੍ਹਾ ਬਹੁਤ ਇਧਰ ਵਾਲਿਆਂ ਨੂੰ ਵੀ ਖੁਸ਼ ਕਰੋ । ਹਿੰਦੀ ਵੀ ਬੋਲੋ ।

ਸਹਿਕਾਰਤਾ ਅਤੇ ਸਿੰਚਾਈ ਮੰਤਰੀ : ਮੈਂ ਹਿੰਦੁਸਤਾਨੀ ਬੋਲਾਂਗਾ ਜਿਸ ਵਿਚ ਹਿੰਦੀ ਵੀ ਹੋਵੇਗੀ, ਉਰਦੂ ਵੀ ਹੋਵੇਗੀ, ਬਾਗੜੀ ਵੀ ਹੋਵੇਗੀ ਪਰ ਜ਼ਿਆਦਾ ਪੰਜਾਬੀ ਹੋਵੇਗੀ । ਇਸ ਲਈ ਜੇ ਗਲਤੀ ਹੋ ਜਾਵੇ ਤਾਂ ਮੁਆਫ਼ ਕਰ ਦੇਣਾ ।

ਸਪੀਕਰ ਸਾਹਿਬ, ਸਾਡੀ ਸਟੇਟ ਇਕ ਐਗਰੀਕਲਚਰਲ ਸਟੇਟ ਹੈ ਔਰ 75% ਅਬਾਦੀ ਜਿਹੜੀ ਹੈ, ਉਹ ਐਗਰੀਕਲਚਰ ਤੇ ਡਿਪੈਂਡ ਕਰਦੀ ਹੈ । ਬਾਕੀ ਵੀ ਜਿਹੜੀ 25% ਅਬਾਦੀ ਹੈ ਉਹ ਵੀ ਕਿਸੇ ਨਾ ਕਿਸੇ ਰੂਪ ਵਿਚ ਇਸ ਤੇ ਡਿਪੈਂਡ ਕਰਦੀ ਹੈ । ਇਸ ਵੇਲੇ ਸਾਡੇ ਕੋਲ ਟੋਟਲ ਐਗਰੀਕਲਚਰ ਹੇਠ ਰਕਬਾ ਸਾਢੇ 50 ਲੱਖ ਹੈਕਟੇਅਰ ਹੈ । ਇਸ ਵਿਚੋਂ ਜਿਹੜਾ ਕਲਟੀਵੇਟਿਡ ਏਰੀਆ ਹੈ, ਉਹ 42.90 ਲੱਖ ਹੈਕਟੇਅਰ ਹੈ । ਇਸ ਵਿਚੋਂ ਵੀ ਜਿਹੜਾ ਕੈਨਾਲ ਕੁਨੈਕਟਿਡ ਹੈ, ਉਹ 30.70 ਲੱਖ ਹੈਕਟਰ ਹੈ । ਬਾਕੀ ਏਰੀਏ ਦੀ ਡੀਪ ਟਿਊਬਵੈਲਜ਼ ਔਰ ਹੋਰ ਢੰਗਾਂ ਨਾਲ ਸਿੰਚਾਈ ਕੀਤੀ ਜਾਂਦੀ ਹੈ । ਹੋਰ ਸਾਡੇ ਕੋਲ 14,500 ਕਿਲੋਮੀਟਰ ਡਿਸਟਰੀਬਿਊਟਰੀਜ਼ ਹਨ ਜਿਨ੍ਹਾਂ ਨਾਲ ਇਹ ਸਾਰੀ ਸਿੰਚਾਈ ਕੀਤੀ ਜਾਂਦੀ ਹੈ ।

ਸ਼੍ਰੀ ਸਪੀਕਰ : ਤੁਸੀਂ 4.40 ਵਜੇ ਆਪਣਾ ਭਾਸ਼ਣ ਖਤਮ ਕਰ ਦੇਣਾ ।

ਸਹਿਕਾਰਤਾ ਅਤੇ ਸਿੰਚਾਈ ਮੰਤਰੀ : ਸਪੀਕਰ ਸਾਹਿਬ, ਇਥੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਕਿਸਾਨਾਂ ਦੇ ਭਲੇ ਲਈ ਬਹੁਤ ਸੋਚਦੇ ਹਨ । ਉਨ੍ਹਾਂ ਨੇ ਇਹ ਸੋਚਿਆ ਕਿ ਜੇ ਇਰੀਗੇਸ਼ਨ ਨੂੰ ਪ੍ਰਾਇਰਟੀ ਦਿੱਤੀ ਜਾਵੇ ਤਾਂ ਇਸ ਨਾਲ ਪੰਜਾਬ ਦੇ ਕਿਸਾਨ ਦੀ ਹਾਲਤ ਵੀ ਸੁਧਰ ਸਕਦੀ ਹੈ ਔਰ ਪੈਦਾਵਾਰ ਵੀ ਵੱਧ ਸਕਦੀ ਹੈ । ਇਸ ਲਈ ਜਿਹੜਾ ਪਹਿਲੇ ਆਊਟ ਲੇਅ ਪਲਾਨ ਸਾਲ 1991-92 ਵਿਚ 75.06/- ਕਰੋੜ ਦਾ ਸੀ, ਉਸ ਨੂੰ ਵਧਾ ਕੇ ਹੁਣ ਸਾਲ 1995-96 ਵਿਚ 156/- ਕਰੋੜ ਦਾ ਕਰ ਦਿੱਤਾ ਹੈ ਯਾਨੀ ਲਗਭਗ ਡਬਲ ਹੋ ਗਿਆ ਹੈ । ਸਰਦਾਰ ਬੇਅੰਤ ਸਿੰਘ ਜੀ ਨੇ ਸੋਚਿਆ ਕਿ ਜੇ ਇਰੀਗੇਸ਼ਨ ਵਲ ਧਿਆਨ ਦੇਵਾਂਗੇ ਤਾਂ ਪੰਜਾਬ ਤਰੱਕੀ ਕਰੇਗਾ ਔਰ ਇਥੇ ਖੁਸ਼ਹਾਲੀ ਆਏਗੀ, ਇਸ ਵਾਸਤੇ ਇਨ੍ਹਾਂ ਨੇ ਕਈ ਪਰਪੋਜ਼ਲਾਂ ਬਣਾਈਆਂ । ਇਸ ਵਾਸਤੇ ਇਨ੍ਹਾਂ ਨੇ 70 ਕਿਲੋਮੀਟਰ ਨਿਊ ਡਿਸਟਰੀਬਿਊਟਰੀਜ਼ ਆਫ਼ ਕੈਨਾਲ ਦੀ ਕੰਸਟਰਕਸ਼ਨ ਐਂਡ ਰੀਮਾਡਲਿੰਗ ਕੀਤੀ ਹੈ । ਇਸ ਤੋਂ ਇਲਾਵਾ 23.370 ਐਡੀਸ਼ਨਲ ਇਰੀਗੇਸ਼ਨ ਪੋਟੈਂਸ਼ਿਅਲ ਬਣਾਏ । ਇਸ ਤੋਂ ਇਲਾਵਾ 115 ਕਿਲੋਮੀਟਰ ਨਵੀਆਂ ਡਰੇਨਜ਼ ਕੰਸਟ੍ਰਕਟ ਕੀਤੀਆਂ ਹਨ ਅਤੇ 427 ਓਲਡ ਡਰੇਨਜ਼ ਨੂੰ ਰਿਪੇਅਰ ਕੀਤਾ ਹੈ । ਇਸ ਤੋਂ ਇਲਾਵਾ 340 ਵਾਟਰ ਕੋਰਸਿਜ਼ ਤੇ ਬਰਿਜ ਬਣਾਏ ਹਨ ਅਤੇ 31 ਕਿਲੋਮੀਟਰ ਤਕ ਨਿਊ ਐਮਬੈਂਕਮੈਂਟਸ ਕੰਸਟ੍ਰਕਟ ਕੀਤੀਆਂ ਹਨ । (ਥੰਪਿੰਗ)

ਸਪੀਕਰ ਸਾਹਿਬ, ਜਿਵੇਂ ਡਰੇਨਜ਼ ਦਾ ਮਸਲਾ ਹੈ, ਸਾਡੇ ਕੋਲ ਟੋਟਲ ਡਰੇਨਜ਼ 6622 ਕਿਲੋਮੀਟਰ ਦੀਆਂ ਹਨ ਅਤੇ 1370 ਕਿਲੋਮੀਟਰ ਦੀ ਫਲੱਡਜ਼ ਨੂੰ ਰੋਕਣ ਲਈ ਐਮਬੈਂਕਮੈਂਟ ਕੀਤੀ ਗਈ ਹੈ । 1993-94 ਵਿਚ ਕਾਫੀ ਹੈਵੀ ਫਲੱਡਜ਼ ਸਟੇਟ ਵਿਚ ਆਏ

Original with;
Punjab Vidhan Sabha
Digitized by;
Punjab Digital Library

ਸਨ ਅਤੇ ਸਾਡਾ ਕਾਫੀ ਨੁਕਸਾਨ ਹੋਇਆ ਸੀ । ਇਸ ਨੂੰ ਅਸੀਂ 1994-95 ਵਿਚ ਘੱਟ ਕੀਤਾ ਹੈ। ਸਾਡੀ ਸਰਕਾਰ ਨੇ ਇਸ ਤਰਫ ਧਿਆਨ ਦਿੱਤਾ ਜਿਸ ਦੇ ਨਤੀਜੇ ਵਜੋਂ ਫਲੱਡਜ਼ ਦੇ ਨਾਲ ਸਾਡਾ ਨੁਕਸਾਨ ਘੱਟ ਹੋਇਆ । 1993-94 ਦੇ ਫਲੱਡਜ਼ ਵਿਚ ਅਫੈਕਟਿਡ ਲੋਕ 34 ਲੱਖ 85 ਹਜ਼ਾਰ 122 ਹੋਏ ਸਨ ਅੱਤੇ 1994-95 ਵਿਚ ਅਫੈਕਟਿਡ ਪਰਸਨ 29 ਹਜ਼ਾਰ 451 ਹੋਏ ਸਨ, ਜਿਨ੍ਹਾਂ ਦਾ ਫਲੱਡਜ਼ ਦੇ ਕਾਰਣ ਨੁਕਸਾਨ ਹੋਇਆ ਸੀ । 1993-94 ਵਿਚ ਫਲੱਡਜ਼ ਦੇ ਕਾਰਣ 333 ਜਾਨਾਂ ਦਾ ਨੁਕਸਾਨ ਹੋਇਆ ਸੀ ਅੱਤੇ 1994-95 ਵਿਚ ਕੇਵਲ 41 ਆਦਮੀ ਮਾਰੇ ਗਏ ਸਨ । ਜਿਹੜਾ ਏਰੀਆ ਇਸ ਦੇ ਨਾਲ ਅਫੈਕਟਿਡ ਹੋਇਆ 1993-94 ਵਿਚ ਉਨ 1 ਲੱਖ 47 ਹਜ਼ਾਰ 800 ਹੈਕਟਰਜ਼ ਸੀ ਅਤੇ 1994-95 ਵਿਚ ਅਫੈਕਟਿਡ ਏਰੀਆ 1 ਲੱਖ 34 ਹਜ਼ਾਰ ਹੈਕਟਰ ਹੈ । ਇਸ ਉਤੇ ਰੈਵੇਨਿਊ ਡਿਪਾਰਟਮੈਂਟ ਨੇ 1993-94 ਵਿਚ ਇਕ ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਸੀ ਅਤੇ 1994-95 ਵਿਚ ਸਾਨੂੰ 11 ਕਰੋੜ ਰੁਪਿਆ ਗ੍ਰਾਂਟ ਦਾ ਮਿਲਿਆ ਹੈ ਜਿਸ ਦੇ ਨਾਲ ਅਸੀਂ ਇਰੀਗੇਸ਼ਨ ਦੇ ਕਾਫੀ ਕੰਮ ਕੀਤੇ ਹਨ ਅਤੇ ਸਹਕਾਰ ਦਾ ਚੰਗਾ ਕੰਮ ਹੋਇਆ ਹੈ । ਜਿਸ ਤਰੀਕੇ ਨਾਲ ਇਥੇ 1993-94 ਵਿਚ ਫਲੱਡਜ਼ ਆਏ ਸਨ ਅਤੇ 1994-95 ਵਿਚ ਫਲੱਡਜ਼ ਆਏ ਸਨ, ਉਸ ਉਤੇ ਨਜ਼ਰ ਰਖਣ ਲਈ ਸਰਕਾਰ ਵਲੋਂ ਤਵੱਜੋ ਦਿੱਤੀ ਗਈ ਜਿਸ ਦੇ ਕਾਰਣ 1995-96 ਵਿਚ ਇਨ੍ਹਾਂ ਫਲੱਡਜ਼ ਨੂੰ ਰੋਕਣ ਲਈ ਸਰਦਾਰ ਬੇਅੰਤ ਸਿੰਘ ਨੇ ਪਹਿਲੇ ਹੀ ਸਾਨੂੰ 5 ਕਰੋੜ ਰੁਪਿਆ ਨੈਚੂਰਲ ਕਲੈਮਿਟੀ ਫੰਡਜ਼ ਦੇ ਵਿਚੋਂ ਦੇ ਦਿੱਤਾ ਹੈ ਤਾਂ ਕਿ ਮਈ, ਜੂਨ ਦੇ ਵਿਚ ਆਉਣ ਵਾਲੇ ਫਲੱਡਜ਼ ਦਾ ਪਹਿਲੇ ਹੀ ਇੰਤਜ਼ਾਮ ਕੀਤਾ ਜਾ ਸਕੇ । ਮੇਰੇ ਸਾਥੀਆਂ ਨੇ ਕਿਹਾ ਸੀ ਕਿ ਇਹ ਪੈਸਾ ਪਹਿਲੇ ਹੀ ਮਿਲ ਜਾਣਾ ਚਾਹੀਦਾ ਹੈ । ਇਸ ਗਲ ਨੂੰ ਦੇਖਦੇ ਹੋਏ ਸਰਦਾਰ ਬੇਅੰਤ ਸਿੰਘ ਜੀ ਨੇ ਇਹ 5 ਕਰੋੜ ਰੁਪਿਆ ਪਹਿਲੇ ਹੀ ਦੇ ਦਿੱਤਾ ਹੈ ਤਾਂ ਕਿ ਡਰੇਨਜ਼ ਉਤੇ ਕੰਮ ਠੀਕ ਠਾਕ ਹੋ ਸਕੇ । ਦੂਜਾ ਮੇਰੇ ਸਾਥੀਆਂ ਨੇ ਹਿਸਾਬ ਕਿਤਾਬ ਲਗਾਇਆ ਸੀ ਕਿ ਸਰਕਾਰ ਬਾਅਦ ਵਿਚ ਗ੍ਰਾਂਟਾਂ ਦਿੰਦੀ ਹੈ ਅੱਤੇ ਸਰਕਾਰ ਨੂੰ ਪਹਿਲੇ ਹੀ ਇਹ ਪੈਸਾ ਖਰਚ ਕਰ ਦੇਣਾ ਚਾਹੀਦਾ ਹੈ । ਮੈਂ ਆਪਣੇ ਭਰਾਵਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਹ ਕੰਮ ਸ਼ੁਰੂ ਕਰ ਦਿੱਤਾ ਹੈ ਅਤੇ ਡੀਸੀਜ਼. ਦੀ ਡਿਊਟੀ ਲਗਾ ਦਿੱਤੀ ਹੈ ਕਿ ਉਨ੍ਹਾਂ ਵਲੋਂ ਐਮ.ਐਲ.ਏਜ਼. ਦੇ ਨਾਲ ਮੀਟਿੰਗ ਕਰਕੇ ਪਤਾਇਦਗੀ ਇਸ ਕੰਮ ਵੱਲ ਦਿੱਤੀ ਜਾਵੇ । ਇਹ ਕੰਮ ਅਸੀਂ ਸ਼ੁਰੂ ਕਰ ਦਿੱਤਾ ਹੈ । (ਵਿਘਨ)

ਦੂਜਾ ਕੰਡੀ ਕਨਾਲ ਦਾ ਬੜਾ ਡਿਮਪਾਰਟੈਂਟ ਮਸਲਾ ਹੈ ਅਤੇ ਸ਼ਾਹਪੁਰ ਕੰਡੀ ਕਨਾਲ ਉਤੇ ਅਸੀ 45 ਕਿਲੋਮੀਟਰ ਦਾ ਕੰਮ ਕੰਪਲੀਟ ਕਰ ਲਿਆ ਹੈ । ਇਸ ਦਾ ਟੋਟਲ ਏਰੀਆ 54 ਕਿਲੋਮੀਟਰ ਦਾ ਹੈ । ਇਸ ਕੰਪੋਨੈਂਟ ਦੇ ਨਾਲ 15 ਹਜ਼ਾਰ 200 ਹੈਕਟਰ ਜ਼ਮੀਨ ਨੂੰ ਇਰੀਗੇਸ਼ਨ ਦੇ ਵੱਲੇ ਲਿਆਂਦਾ ਜਾਵੇਗਾ । ਅਸੀਂ ਲੋਅ ਡੈਮ ਵੀ ਬਣਾ ਰਹੇ ਹਾਂ ਜਿਸ ਤਰ੍ਹਾਂ ਚੌਲਬਾਹਾ, ਜਨੌਰੀ, ਸਲੇਰਾ, ਮਿਰਜ਼ਾਪੁਰ ਵਗੈਰਾ ਇਸ ਤਰ੍ਹਾਂ ਦੇ ਅਸੀਂ ਨੌਂ ਡੈਮ ਬਣਾ ਰਹੇ ਹਾਂ । ਇਨ੍ਹਾਂ ਵਿਚੋਂ ਪਹਿਲੇ 3 ਡੈਮ ਬਣਾਏ ਜਾ ਚੁੱਕੇ ਹਨ ਅਤੇ ਬਾਕੀਆਂ ਉਤੇ ਕੰਮ ਸ਼ੁਰੂ ਕਰ ਦਿੱਤਾ ਹੈ । ਉਮੀਦ ਹੈ ਕਿ ਇਨ੍ਹਾਂ ਨੂੰ ਵੀ ਅਸੀਂ ਟਾਈਮ ਸਿਰ ਕੰਪਲੀਟ ਕਰ ਸਕਾਂਗੇ । ਇਸ ਤਰਫ ਸਰਕਾਰ ਆਪਣਾ ਪੂਰਾ ਧਿਆਨ ਦੇ ਰਹੀ ਹੈ । ਅਗਲੀ ਗੱਲ ਵਾਟਰ ਲਾਈਨਿੰਗ ਦੀ ਹੈ ਤਾਂ ਕਿ ਵਾਟਰ ਨੂੰ ਕਨਜ਼ਰਵ ਕੀਤਾ ਜਾ ਸਕੇ ।

Original with;
Punjab Vidhan Sabha
Digitized by:
Panjab Digital Library

[ਸਹਿਕਾਰਤਾ ਅਤੇ ਸਿੰਚਾਈ ਮੰਤਰੀ]
ਵਾਟਰ ਦਾ ਲੈਵਲ ਥੱਲੇ ਨੂੰ ਜਾ ਰਿਹਾ ਹੈ ਜੋ ਸਾਡੇ ਲਈ ਕਾਫ਼ੀ ਪ੍ਰਾਬਲਮ ਖੜ੍ਹੀ ਕਰ ਸਕਦਾ ਹੈ ਕਿਉਂਕਿ ਕਿਸਾਨ ਅੰਨ੍ਹੇ-ਵਾਹ ਪਾਣੀ ਲਗਾਈ ਜਾਂਦਾ ਹੈ (ਹਾਸਾ) ਜੋ ਧਰਤੀ ਦੇ ਲਈ ਠੀਕ ਨਹੀਂ ਹੈ ।

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ ਜੀ ।

ਸਹਿਕਾਰਤਾ ਅਤੇ ਸਿੰਚਾਈ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਿਹਾ ਸੀ ਕਿ ਅਗਰ ਗ਼ਲਤੀ ਹੋ ਜਾਵੇ ਤਾਂ ਮੁਆਫ਼ ਕਰ ਦੇਣਾ । ਮੈਂ ਪੰਜਾਬੀ ਠੀਕ ਤਰ੍ਹਾਂ ਬੋਲ ਨਹੀਂ ਸਕਦਾ । ਸਪੀਕਰ ਸਾਹਿਬ, ਮੈਂ ਦਸ ਰਿਹਾ ਸੀ ਕਿ ਸਾਡਾ ਪਾਣੀ ਥੱਲੇ ਨੂੰ ਜਾ ਰਿਹਾ ਹੈ ਅਤੇ ਇਹ ਸਾਡੇ ਲਈ ਬਹੁਤ ਵੱਡੀ ਪ੍ਰਾਬਲਮ ਕਰੀਏਟ ਹੋ ਰਹੀ ਹੈ । ਇਸ ਨੂੰ ਜਿਥੋਂ ਤਕ ਰੀਚਾਰਜ ਕਰਨ ਦਾ ਸਵਾਲ ਹੈ ਜੋ ਰੀਚਾਰਜ ਆਫ਼ ਵਾਟਰਰਿੰਗ ਹੈ ਉਹ ਨਹੀਂ ਹੋ ਰਹੀ । ਅਗਰ ਇਹ ਨਹੀਂ ਹੋਵੇਗਾ ਤਾਂ ਫਿਰ ਸਾਨੂੰ ਪਾਣੀ ਕਿਥੋਂ ਮਿਲੇਗਾ । ਇਸ ਕਰਕੇ ਅਸੀਂ ਰੀਚਾਰਜਿੰਗ ਆਫ਼ ਵਾਟਰ ਵੱਲ ਠੀਕ ਢੰਗ ਨਾਲ ਤਵੱਜੋ ਦੇ ਰਹੇ ਹਾਂ । ਡੀਪ ਟਿਊਬਵੈਲ, ਸਪਰਿੰਗ ਟਿਊਬਵੈਲ ਵਲ ਸਰਕਾਰ ਤਵੱਜੋ ਦੇ ਰਹੀ ਹੈ । ਇਨ੍ਹਾਂ ਯੋਜਨਾਵਾਂ ਲਈ 50% ਸੈਂਟਰਲ ਗੌਰਮਿੰਟ ਵੀ ਸਬਸਿਡੀ ਦੇ ਰਹੀ ਹੈ । (ਥੰਪਿੰਗ)

ਸ਼੍ਰੀ ਸਪੀਕਰ : ਵਾਈਂਡ ਅਪ ਕਰੋ ।

ਸਹਿਕਾਰਤਾ ਅਤੇ ਸਿੰਚਾਈ ਮੰਤਰੀ : ਸਪੀਕਰ ਸਾਹਿਬ, 1995-96 ਵਿਚ ਇਰੀਗੇਸ਼ਨ ਦੀਆਂ 30 ਸਕੀਮਾਂ ਲਈ 145/- ਕਰੋੜ ਰੁਪਿਆ ਰੱਖਿਆ ਗਿਆ ਹੈ । ਸਪੀਕਰ ਸਾਹਿਬ, ਪਾਣੀ ਵਾਲੇ ਪਾਸੇ ਸਰਕਾਰ ਬਹੁਤ ਧਿਆਨ ਦੇ ਰਹੀ ਹੈ ਕਿ ਪਾਣੀ ਸਹੀ ਢੰਗ ਨਾਲ ਇਸਤੇਮਾਲ ਹੋਵੇ । ਇਥੇ ਹਾਊਸ ਵਿਚ ਐਮ.ਐਲ.ਏ. ਸਾਹਿਬਾਨ ਦੇ ਬੋਲਦਿਆਂ ਹੋਇਆਂ ਕੁਐਸ਼ਚਨ ਵੀ ਕੀਤਾ ਸੀ ਕਿ ਸਾਡੇ ਏਰੀਏ ਵਿਚ ਪਾਣੀ ਘੱਟ ਹੈ ਅਤੇ ਵੱਧ ਪਾਣੀ ਮਿਲਣਾ ਚਾਹੀਦਾ ਹੈ । ਪਾਣੀ ਅਗਰ ਕਿਸੇ ਏਰੀਏ ਵਿਚ ਘੱਟ ਜਾਂ ਵੱਧ ਮਿਲਦਾ ਹੈ ਤਾਂ ਉਹ ਅਵੇਲੇਬਿਲਟੀ ਦੇ ਹਿਸਾਬ ਨਾਲ ਮਿਲਦਾ ਹੈ ।

ਸਪੀਕਰ ਸਾਹਿਬ, ਥੀਨ ਡੈਮ ਪ੍ਰਾਜੈਕਟ ਨੂੰ ਸਰਕਾਰ ਛੇਤੀ ਤੋਂ ਛੇਤੀ ਕੰਪਲੀਟ ਕਰਨ ਜਾ ਰਹੀ ਹੈ । ਅਖੀਰ ਵਿਚ ਮੈਂ ਹਾਊਸ ਨੂੰ ਇਹ ਪੈਸਾ ਮੰਨਜ਼ੂਰ ਕਰਨ ਲਈ ਸਿਫ਼ਾਰਿਸ਼ ਕਰਦਾ ਹਾਂ ।

ਖੇਤੀਬਾੜੀ ਅਤੇ ਵਣ ਮੰਤਰੀ (ਸਰਦਾਰ ਦਿਲਬਾਗ ਸਿੰਘ ਨਵਾਂਸ਼ਹਿਰ) : ਸਪੀਕਰ ਸਾਹਿਬ, ਬੜੀ ਖੁਸ਼ੀ ਹੈ ਕਿ ਪੰਜਾਬ ਦੀ ਖੇਤੀਬਾੜੀ ਅਗਰ ਹਰ ਪਹਿਲੂ ਤੋਂ ਵੇਖੀ ਜਾਵੇ ਤਾਂ ਕੋਈ ਨੁਕਤਾਚੀਨੀ ਨਹੀਂ ਹੋ ਸਕਦੀ । ਪਰ ਨੁਕਤਾਚੀਨੀ ਕਰਨ ਵਾਲੇ ਸ਼ਖਸ਼ ਨੇ ਨੁਕਤਾਚੀਨੀ ਕੀਤੀ ਹੈ । ਮਿੱਤਲ ਸਾਹਿਬ ਨੇ ਕਿਹਾ ਹੈ ਕਿ ਸਰਦਾਰ ਗੁਰਨਾਮ ਸਿੰਘ ਦੀ ਜਦੋਂ ਸਰਕਾਰ ਸੀ ਤਾਂ ਖੇਤੀਬਾੜੀ ਵਿਚ ਬੜੀ ਤਰੱਕੀ ਹੋਈ ਸੀ । ਸਾਡੀ ਹਰ ਚੰਗੀ ਗੱਲ ਵੀ ਕੀਤੀ ਹੋਈ ਉਨ੍ਹਾਂ ਨੂੰ ਮਾੜੀ ਲਗਦੀ ਹੈ । ਇਨ੍ਹਾਂ ਨੂੰ ਥੋੜ੍ਹਾ ਜਿਹਾ ਦੇਖਣਾ ਚਾਹੀਦਾ ਹੈ । ਸਪੀਕਰ ਸਾਹਿਬ, ਜਦੋਂ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਆਈ

Original with;
Punjab Vidhan Sabha
Digitized by;
Panjab Digital Library

ਸੀ ਤਾਂ ਉਸ ਵੇਲੇ ਪੰਜਾਬ ਵਿਚ ਡਰ ਦਾ ਮਾਹੌਲ ਸੀ ਅਤੇ ਲੋਕ ਘਰਾਂ ਵਿਚੋਂ ਬਾਹਰ ਨਿਕਲਣ ਤੋਂ ਵੀ ਡਰਦੇ ਸਨ। ਉਸ ਵੇਲੇ ਮੁਸ਼ਕਲ ਇਹ ਵੀ ਸੀ ਕਿ ਖੇਤੀਬਾੜੀ ਮਹਿਕਮੇ ਦੇ ਜਿਹੜੇ ਕਾਮੇ ਸਨ ਉਹ ਹੜਤਾਲ ਕਰਕੇ ਬੈਠੇ ਸਨ ਕਿ ਸਾਨੂੰ ਤਨਖਾਹ ਹੋਰ ਵੱਧ ਦਿਓ। ਇਕ ਪਾਸੇ ਡਰ ਦਾ ਮਾਹੌਲ ਸੀ ਅਤੇ ਦੂਸਰੇ ਪਾਸੇ ਜਿਨ੍ਹਾਂ ਨੇ ਕੰਮ ਕਰਨਾ ਸੀ ਉਹ ਕਾਮੇ ਹੜਤਾਲ ਤੇ ਬੈਠੇ ਸਨ। ਉਸ ਵੇਲੇ ਸਪੀਕਰ ਸਾਹਿਬ ਪੰਜਾਬ ਦਾ ਖਜ਼ਾਨਾ ਵੀ ਖਾਲੀ ਸੀ। 4 ਕਰੋੜ ਰੁਪਿਆ ਉਨ੍ਹਾਂ ਕਾਮਿਆਂ ਨੂੰ ਦੇਣਾ ਪੈਣਾ ਸੀ। ਅਸੀਂ ਉਨ੍ਹਾਂ ਕਾਮਿਆਂ ਨੂੰ ਵੀ ਰਾਜੀ ਕੀਤਾ ਅਤੇ ਬਾਹਰ ਵੀ ਨਿਕਲੇ। ਸਪੀਕਰ ਸਾਹਿਬ, 1000 ਦੇ ਕਰੀਬ ਛੋਟੇ ਅਤੇ ਵੱਡੇ ਕੈਂਪ ਲਗਾਏ ਗਏ। ਐਗਰੀਕਲਚਰ ਯੂਨੀਵਰਸਿਟੀ ਨੇ ਵੀ ਕਿਸਾਨਾਂ ਨੂੰ ਜਾਣਕਾਰੀ ਦਿਤੀ। ਬੜੀ ਮੁਸ਼ਕਲ ਦੇ ਨਾਲ ਕਿਸਾਨ ਕੈਂਪਾਂ ਵਿਚ ਆਏ ਅਤੇ ਉਨ੍ਹਾਂ ਨੂੰ ਸਾਰੀ ਜਾਣਕਾਰੀ ਦਿਤੀ ਗਈ। ਕਿਸਾਨਾਂ ਨੇ ਉਸ ਤੇ ਅਮਲ ਕੀਤਾ, ਉਤਪਾਦਨ ਵਿਚ ਵਾਧਾ ਕੀਤਾ ਅਤੇ ਫੂਡਗਰੇਨ 18 ਲੱਖ 90 ਹਜ਼ਾਰ ਟਨ ਜ਼ਿਆਦਾ ਪੈਦਾ ਕੀਤਾ (ਥੰਪਿੰਗ) ਇਹ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਕੀਤਾ। ਸਪੀਕਰ ਸਾਹਿਬ, ਮੇਰੇ ਸਾਥੀਆਂ ਨੂੰ ਇਹ ਚੀਜ਼ ਨਜ਼ਰ ਨਹੀਂ ਆਈ। ਸੂਰਜਮੁਖੀ ਉਤਪਾਦਨ ਪਹਿਲਾਂ 22,000 ਟਨ ਸੀ। ਹੁਣ ਉਸ ਵਿਚ 1 ਲੱਖ 65,000 ਟਨ ਦਾ ਕਿਸਾਨਾਂ ਨੇ ਵਾਧਾ ਕੀਤਾ ਯਾਨੀ ਉਤਪਾਦਨ ਵਿਚ 7 ਗੁਣਾਂ ਤਰੱਕੀ ਕੀਤੀ। ਇਹ ਸਾਰੀਆਂ ਗੱਲਾਂ ਮਿੱਤਲ ਸਾਹਿਬ ਨੇ ਇਗਨੋਰ ਕੀਤੀਆਂ ਅਤੇ ਇਨ੍ਹਾਂ ਵੱਲ ਧਿਆਨ ਨਹੀਂ ਕੀਤਾ। ਇਨ੍ਹਾਂ ਨੂੰ ਇਸ ਵੱਲ ਧਿਆਨ ਕਰਨਾ ਚਾਹੀਦਾ ਸੀ। (ਥੰਪਿੰਗ)

ਸਪੀਕਰ ਸਾਹਿਬ, ਸਾਡੀ ਸਰਕਾਰ ਵਲੋਂ ਕਣਕ ਦਾ ਭਾਅ 135/- ਰੁਪਏ ਪ੍ਰਤੀ ਕੁਇੰਟਲ ਜ਼ਿਆਦਾ ਦਿੱਤਾ ਗਿਆ, ਝੋਨੇ ਤੇ 130/- ਰੁਪਏ ਜ਼ਿਆਦਾ ਅਤੇ ਗੰਨੇ ਤੇ 23/- ਰੁਪਏ ਭਾਅ ਜ਼ਿਆਦਾ ਦਿੱਤਾ ਗਿਆ। ਇਹ ਭਾਅ ਸਾਰੇ ਭਾਰਤ ਵਿਚ ਸਭ ਤੋਂ ਵੱਧ ਹਨ। (ਥੰਪਿੰਗ) ਸਪੀਕਰ ਸਾਹਿਬ, ਕਿਸਾਨਾਂ ਦੀ ਕੋਈ ਗੱਲ ਇਨ੍ਹਾਂ ਨੂੰ ਯਾਦ ਨਹੀਂ, ਇਹ ਤਾਂ ਗੁਰਨਾਮ ਸਿੰਘ ਦੇ ਰੋਣੇ ਰੋਈ ਜਾਂਦੇ ਹਨ ਜਦੋਂ ਉਤੇ ਜੱਟ ਥੱਲੇ ਜੱਟ ਹੁੰਦਾ ਸੀ। ਏਸੇ ਤਰ੍ਹਾਂ ਕੰਡੀ ਏਰੀਏ ਵਿਚ ਅਸੀਂ 75% ਸਬਸਿਡੀ ਦੇ ਕੇ 103 ਟਿਊਬਵੈਲ ਲਾਏ ਹਨ ਜਿਨ੍ਹਾਂ ਵਿਚੋਂ 67 ਚਾਲੂ ਹੋ ਗਏ ਹਨ। ਏਥੇ ਸਬਸਿਡੀ ਦੀ ਗੱਲ ਕਰ ਰਹੇ ਸੀ। ਸਪੀਕਰ ਸਾਹਿਬ, ਸਬਸਿਡੀ ਅਸੀਂ ਸਾਰੇ ਬੈਰੀਅਰ ਤੋੜ ਕੇ ਜਿਸ ਨੂੰ ਦੇਣੀ ਹੈ, ਉਸ ਦੇ ਹੱਥ ਵਿਚ ਦੇ ਦਿਤੀ ਹੈ। ਜਿਪਸਮ ਉਤੇ, ਪਾਈਪਾਂ ਉਤੇ, ਥਰੈਸ਼ਰ ਉਤੇ ਅਤੇ ਸ਼ਹਿਦ ਦੀਆਂ ਮੱਖੀਆਂ ਉਤੇ ਕੋਈ ਵੀ ਸਬਸਿਡੀ ਹੋਵੇ, ਸਾਡਾ ਮਹਿਕਮਾ ਨਹੀਂ ਵੰਡਦਾ, ਸਾਰੀ ਸਬਸਿਡੀ ਬਾਇਅਰ ਦੇ ਇਸਤੇਮਾਲ ਵਾਸਤੇ ਅਸੀਂ ਸਿੱਧੀ ਦਿੰਦੇ ਹਾਂ। ਇਸ ਤੋਂ ਇਲਾਵਾ ਜੇ ਤੁਹਾਡੇ ਕੋਲ ਕੋਈ ਚੰਗਾ ਤਰੀਕਾ ਹੋਵੇ, ਤਾਂ ਦੱਸੋ ਮਿਤਲ ਸਾਹਿਬ। 28,000/- ਰੁਪਏ ਵਾਲਾ ਥਰੈਸ਼ਰ ਅੱਜ ਕਿਸਾਨ ਨੂੰ 15,000/- ਰੁਪਏ ਮਿਲਦਾ ਹੈ। ਮਿੱਤਲ ਸਾਹਿਬ, ਕਮਿਸ਼ਨ ਵਾਲੀ ਜਿਹੜੀ ਤੁਸੀਂ ਗੱਲ ਕਹੀ ਹੈ, ਉਹ ਕੋਈ ਨਹੀਂ। ਮੇਰੀਆਂ ਗੱਲਾਂ ਤੁਸੀਂ ਸੁਣੀ ਵੀ ਜਾਇਓ ਅਤੇ ਲਿਖੀ ਵੀ ਜਾਇਓ।

ਅੱਗੇ ਖਾਦਾਂ ਦੀ ਗੱਲ ਆਈ ਹੈ, ਦਵਾਈਆਂ ਦੀ ਗੱਲ ਵੀ ਕੀਤੀ ਗਈ ਹੈ।

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਵਣ ਮੰਤਰੀ]

ਅਸੀਂ ਫਲਾਇੰਗ ਸੁਕੈਅਡ ਬਣਾਇਆ ਹੈ ਜਿਹੜਾ ਸਿੱਧਾ ਮੇਰੇ ਕੋਲ ਹੈ । ਜਿਥੋਂ ਵੀ ਕੋਈ ਸ਼ਿਕਾਇਤ ਆਉਂਦੀ ਹੈ, ਅਸੀਂ ਉਥੇ ਭੇਜਦੇ ਹਾਂ ਅਤੇ ਉਸ ਦੇ ਰਿਜ਼ਲਟ ਵੀ ਸਾਹਮਣੇ ਆਏ ਹਨ । ਕਈ ਲਾਇਸੰਸ ਜ਼ਬਤ ਕੀਤੇ ਹਨ । ਤੁਸੀਂ ਤਾਂ ਮਿੱਤਲ ਸਾਹਿਬ, ਕੋਈ ਸ਼ਿਕਾਇਤ ਕੀਤੀ ਹੀ ਨਹੀਂ । ਤੁਹਾਨੂੰ ਪਤਾ ਹੀ ਨਹੀਂ ।

ਅੱਗੇ ਮਸਲਾ ਆਇਆ ਹੈ, ਫਸਲੀ ਚੱਕਰ ਦਾ । ਫਸਲੀ ਚੱਕਰ ਬਾਰੇ ਹਾਲੇ ਵੀ ਇਨ੍ਹਾਂ ਦੀ ਤਸੱਲੀ ਨਹੀਂ ਹੋਈ । ਅਸੀਂ ਸਪੀਕਰ ਸਾਹਿਬ, ਏਨੇ ਵਿਚੋਂ 40 ਹਜ਼ਾਰ ਹੈਕਟੇਅਰ ਰਕਬਾ ਕੱਢ ਕੇ ਗੰਨੇ ਵਿਚ ਇਸ ਦਫਾ ਪਾਇਆ ਹੈ ਅਤੇ ਸੂਰਜਮੁਖੀ ਵਾਲੇ ਪਾਸੇ ਆਏ ਹਾਂ । ਦੂਜੀਆਂ ਫਸਲਾਂ ਜਿਵੇਂ ਸੋਇਆਬੀਨ ਅਤੇ ਮੂੰਗਫਲੀ ਹਨ, ਇਹ ਸਭ ਫਸਲੀ ਚੱਕਰ ਵਿਚ ਆਉਂਦੀਆਂ ਹਨ । ਮੇਰਾ ਖਿਆਲ ਹੈ, ਇਹ ਸਭ ਕੁਝ ਇਨ੍ਹਾਂ ਨੂੰ ਦੇਖ ਲੈਣਾ ਚਾਹੀਦਾ ਹੈ ਕਿ ਕੁਝ ਕੀਤਾ ਹੈ ਜਾਂ ਨਹੀਂ ਕੀਤਾ । ਇਥੇ ਕੁਝ ਸਾਥੀਆਂ ਨੇ ਕਿਹਾ ਹੈ ਕਿ ਜਿਹੜੇ ਬਾਹਰ ਫਲ ਫਰੂਟ ਰਖੇ ਹਨ, ਉਹ ਐਵੇਂ ਹੀ ਹਨ, ਕੋਈ ਖਾਸ ਗੱਲ ਨਹੀਂ ਹੋਈ । ਇਹ ਪ੍ਰਸੰਨ ਨਹੀਂ ਹੋਏ ਪਰ ਇਹ ਪ੍ਰਸੰਨ ਹੋ ਵੀ ਨਹੀਂ ਸਕਦੇ । ਏਡਾ ਵੱਡਾ ਸ਼ਲਗ਼ਮ ਦੇਖ ਕੇ ਵੀ ਪ੍ਰਸੰਨ ਨਹੀਂ ਹੋਏ ਅਤੇ ਜੇ ਹਾਲੇ ਵੀ ਨਹੀਂ ਹੋਏ ਤਾਂ ਕਦੋਂ ਹੋਣਗੇ । ਏਡਾ ਵੱਡਾ ਕਿੰਨੂੰ, ਏਡੇ ਵੱਡੇ ਫੁੱਲ ਜਿਹੜੇ ਹਾਲੈਂਡ ਜਾਣੇ ਹਨ, ਜੇ ਇਹ ਸਾਰੀਆਂ ਚੀਜ਼ਾਂ ਨੂੰ ਦੇਖ ਕੇ ਪ੍ਰਸੰਨ ਨਹੀਂ ਹੋਏ ਤਾਂ ਹੋ ਵੀ ਨਹੀਂ ਸਕਦੇ ।

ਸ਼੍ਰੀ ਸਪੀਕਰ : ਤੁਸੀਂ ਵੀ ਤਾਂ ਦਿਖਾ ਕੇ ਖੁਸ਼ ਕਰਦੇ ਹੋ, ਕੁਝ ਇਨ੍ਹਾਂ ਨੂੰ ਖਿਲਾਓ ਪਿਲਾਓ ।

ਖੇਤੀਬਾੜੀ ਅਤੇ ਵਣ ਮੰਤਰੀ : ਸਪੀਕਰ ਸਾਹਿਬ, ਮੈਂ, ਮੇਰਾ ਬਾਪ, ਦਾਦਾ ਅਤੇ ਪੜਦਾਦਾ ਵੀ ਖੇਤੀ ਕਰਦਾ ਰਿਹਾ ਹੈ । ਤੁਸੀਂ (ਆਪੋਜ਼ੀਸ਼ਨ ਬੈਂਚਾਂ ਵੱਲ ਇਸ਼ਾਰਾ) ਤਾਂ ਵੱਟੇ ਤੋਲਦੇ ਰਹੇ ਹੋ, ਤਹਾਨੂੰ ਕੀ ਪਤਾ ਲਗਣਾ ਹੈ ਮੇਰੀ ਜੱਲ ਦਾ ਜਾਂ ਖੇਤੀਬਾੜੀ ਦਾ (ਥੰਪਿੰਗ) ।

ਸ਼੍ਰੀ ਸਪੀਕਰ : ਤੁਸੀਂ ਚੇਅਰ ਨੂੰ ਐਡਰੈਸ ਕਰੋ ।

ਖੇਤੀਬਾੜੀ ਅਤੇ ਵਣ ਮੰਤਰੀ : ਮੇਰਾ ਬਾਪ ਉਹ ਬੈਠਾ ਹੈ (ਮੁੱਖ-ਮੰਤਰੀ ਵੱਲ ਇਸ਼ਾਰਾ) ਉਹ ਹੱਥ ਨਾਲ ਹਲ੍ਹ ਵਾਹੁੰਦਾ ਰਿਹਾ ਹੈ । ਬਾਕੀ ਸਪੀਕਰ ਸਾਹਿਬ, ਅਸੀਂ ਚਾਹੁੰਦੇ ਹਾਂ ਕਿ ਹਰ ਸਾਲ ਕਣਕ ਦਾ ਬੀਜ ਬਦਲਿਆ ਜਾਵੇ । ਅਸੀਂ ਉਸ ਤੇ 28% ਸਬਸਿਡੀ ਦਿੱਤੀ ਸੀ, ਅੱਜ ਉਹ 40% ਕਰ ਦਿੱਤੀ ਹੈ ।

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ ਜੀ।

ਖੇਤੀਬਾੜੀ ਅਤੇ ਵਣ ਮੰਤਰੀ : ਸਪੀਕਰ ਸਾਹਿਬ, ਮੇਰੇ ਬਹੁਤ ਸਾਰੇ ਮਸਲੇ ਰਹਿੰਦੇ ਹਨ ਏਨੀ ਜਲਦੀ ਨਾ ਕਰੋ ।

Mr. Speaker : Please conclude. C.M. has to speak at 4.50 P,M.

Original with;
Punjab Vidhan Sabha
Digitized by;
Panjab Digital Library

Shri Madan Mohan Mittal : Speaker Sahib, I have to seek one clarification.

ਖੇਤੀਬਾੜੀ ਅਤੇ ਵਣ ਮੰਤਰੀ : ਗੱਲ ਹੈ ਕਿ ਮਿੱਤਲ ਸਾਹਿਬ ਨੇ ਬਹੁਤ ਸਾਰੀਆਂ ਗੱਲਾਂ ਪਹਿਲਾਂ ਵੀ ਕਹੀਆਂ ਅਤੇ ਹੁਣ ਵੀ ਕਹਿੰਦੇ ਪਏ ਹਨ । ਲੇਕਿਨ ਜਿਥੋਂ ਤੱਕ ਇਨ੍ਹਾਂ ਦਾ ਤਅੱਲੱਕ ਹੈ, ਇਨ੍ਹਾਂ ਨੇ ਰਾਜ਼ੀ ਕਦੇ ਨਹੀਂ ਹੋਣਾ (ਆਪੋਜ਼ੀਸ਼ਨ ਵੱਲ ਇਸ਼ਾਰਾ) । ਨਾ ਹੀ ਇਹ ਕਦੇ ਹਸਦੇ ਹਨ । ਇਹ ਉਦੋਂ ਹੱਸਦੇ ਹਨ.....

ਸ਼੍ਰੀ ਸਪੀਕਰ : ਤੁਹਾਡਾ ਟਾਈਮ ਪੂਰਾ ਹੋ ਗਿਆ ਹੈ, ਵਾਈਂਡ ਅਪ ਕਰੋ ।

ਖੇਤੀਬਾੜੀ ਅਤੇ ਵਣ ਮੰਤਰੀ : ਸਪੀਕਰ ਸਾਹਿਬ, ਮੈਨੂੰ ਬੋਲਣ ਦਿਓ, ਇਹ ਸੁਣਨ ਵਾਲੀ ਗੱਲ ਹੈ । ** ** **

ਸ਼੍ਰੀ ਸਪੀਕਰ : ਵਾਈਂਡ ਅਪ ਕਰੋ ਜੀ ।

ਖੇਤੀਬਾੜੀ ਅਤੇ ਵਣ ਮੰਤਰੀ : ਮੈਂ ਬੰਦ ਕਰਦਾ ਹਾਂ ਜੀ । ਇਹ ਕਦੇ ਖੁਸ਼ ਨਹੀਂ ਹੁੰਦੇ (ਸ਼ੋਰ) (ਵਿਘਨ) ।

ਸ਼੍ਰੀ ਮਦਨ ਮੋਹਨ ਮਿਤਲ : ਸਪੀਕਰ ਸਾਹਿਬ, ਕੀ ਇਹ ਡਿਬੇਟ ਹੈ ? ਕੀ ਡਿਬੇਟ ਦਾ ਇਹੀ ਸਟੈਂਡਰਡ ਹੈ ? ** **

ਖੇਤੀਬਾੜੀ ਅਤੇ ਵਣ ਮੰਤਰੀ : ਇਨ੍ਹਾਂ ਦੇ ਉਲਟ ਅਸੀਂ ਉਸ ਵੇਲੇ ਹਸਦੇ ਹਾਂ ਜਦੋਂ ਪੰਜਾਬ ਵਿਚ ਅਮਨ ਹੋਵੇ । ਇਥੇ ਗਿੱਧੇ ਪੈਣ ਅਤੇ ਭੰਗੜੇ ਪੈਣ । ** ** ** (ਵਿਘਨ) (ਸ਼ੋਰ)

(ਇਸ ਵਕਤ ਬੀ.ਜੇ.ਪੀ. ਦੇ ਸਦਨ ਵਿਚ ਹਾਜ਼ਰ ਮੈਂਬਰ ਸਾਹਿਬਾਨ ਹਾਊਸ ਦੇ ਵੈੱਲ ਵਿਚ ਆ ਕੇ ਉੱਚੀ ਉੱਚੀ ਬੋਲਣ ਲੱਗ ਪਏ ਪਰ ਸ਼ੋਰ ਪੈਣ ਕਾਰਨ ਸਾਫ਼ ਸੁਣਾਈ ਨਹੀਂ ਸੀ ਦੇ ਰਿਹਾ ।)

Mr. Speaker : Please resume your seats. Agrioulture Minister to please resume his seat, Mittal Sahib please resume your seat. C.M. is on his legs. Please listen to him. (*Interruption*)

If any thing un-parliamentary has been said, that is expunged. Please resume your seats now. I have expunged the unparliamentry words.

**Expunged as ordered by the Chair.

Original with;
Punjab Vidhan Sabha
Digitized by;
Punjab Digital Library

ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਮੈਂ ਤਹਾਡੀ ਮਾਰਫਤ ਇਹ ਕਹਿਣਾ ਚਾਹੁੰਦਾ ਹਾਂ ਕਿ ਖੇਤੀਬਾੜੀ ਮੰਤਰੀ ਨੇ ਹਾਸੇ ਖੇਡੇ ਵਾਲੀ ਗੱਲ ਕੀਤੀ ਹੈ। ਹੋਰ ਕੋਈ ਐਸੀ ਗੱਲ ਨਹੀਂ ਕੀਤੀ। ਇਸ ਕਰਕੇ ਮੈਨੂੰ ਉਮੀਦ ਹੈ ਕਿ ਇਹ ਮਾਈਂਡ ਨਹੀਂ ਕਰਨਗੇ। ਮੈਂ ਇਕ ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ। ਪਹਿਲਾਂ ਮੈਂ ਬਿਜਲੀ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ ਕਿਉਂਕਿ ਅੱਜ ਐਗਰੀਕਲਚਰ ਅਤੇ ਇਰੀਗੇਸ਼ਨ ਐਂਡ ਪਾਵਰ ਤੇ ਬਹਿਸ ਹੋ ਰਹੀ ਹੈ। ਮੈਂ ਕੱਲ੍ਹ ਅੰਮ੍ਰਿਤਸਰ ਜ਼ਿਲ੍ਹੇ ਦੇ ਅੰਦਰ ਸੀ। ਮੈਂ ਰਾਈਟ ਅਪਟੂ ਬਾਰਡਰ ਤੱਕ ਗਿਆ—ਖੇਮ ਕਰਨ ਤੱਕ। ਜਿਥੋਂ ਖੜ੍ਹੇ ਹੋ ਕੇ ਕਸੂਰ, ਜੋ ਪਾਕਿਸਤਾਨ ਦਾ ਸ਼ਹਿਰ ਹੈ, ਉਹ ਦਿੱਸਦਾ ਸੀ। ਮੈਨੂੰ ਉਥੇ ਹਨੇਰਾ ਹੋ ਗਿਆ। ਕਾਫੀ ਹਨੇਰਾ ਹੋਏ ਜਦੋਂ ਮੈਂ ਵਾਪਸ ਆਇਆ ਤਾਂ ਰਾਹ ਵਿਚ ਦੇਖਿਆ ਕਿ ਕਿਸ ਤਰ੍ਹਾਂ ਟਿਊਬਵੈਲਾਂ ਤੇ ਬੱਤੀਆਂ ਜਗ ਰਹੀਆਂ ਸਨ, ਦੁਕਾਨਾਂ ਤੇ ਬੱਤੀਆਂ ਜਗ ਰਹੀਆਂ ਸਨ। ਹਰੀਕੇ ਪੱਤਨ ਤੋਂ ਅਗਲੇ ਪਾਸੇ ਜੋ ਪਿੰਡ ਹੈ, ਉਸ ਵਿਚੋਂ ਮੈਂ ਲੰਘ ਰਿਹਾ ਸੀ। ਉਥੇ ਬੜੀ ਰੌਣਕ ਸੀ ਔਰ ਬਿਜਲੀ ਇਸ ਤਰ੍ਹਾਂ ਚਮਕਦੀ ਸੀ ਜਿਸ ਤਰ੍ਹਾਂ ਦਿਵਾਲੀ ਹੁੰਦੀ ਹੈ। ਮੈਂ ਮਹਿਸੂਸ ਕੀਤਾ ਕਿ ਅੱਜ ਪਰਮਾਤਮਾ ਨੇ ਸਾਨੂੰ ਬੜੀ ਚੇਂਜ ਦੇਖਣ ਨੂੰ ਦਿੱਤੀ ਹੈ ਔਰ ਮੈਂ ਉਹ ਸਮਾਂ ਵੀ ਯਾਦ ਕੀਤਾ ਜਦੋਂ ਪੰਜਾਬ ਵਿਚ ਦਹਿਸ਼ਤ ਦਾ ਬੋਲ ਬਾਲਾ ਸੀ : ਸਪੀਕਰ ਸਾਹਿਬ, ਇਹ ਘੜਿਆਲ ਪਿੰਡ ਹੈ। ਮੈਂ ਉਹੋ ਬੋਲ ਰਿਹਾ ਸੀ, ਉਥੇ ਦੇ ਐਮ.ਐਲ.ਏ. ਸਰਦਾਰ ਅਰਜਨ ਸਿੰਘ ਮਸਤਾਨਾ ਸੀ.ਪੀ.ਆਈ. ਦੇ ਹੋਇਆ ਕਰਦੇ ਸਨ। ਔਰ ਖੁਸ਼ੀ ਦੀ ਗੱਲ ਇਹ ਹੈ ਕਿ ਉਨ੍ਹਾਂ ਦਾ ਲੜਕਾ ਉਥੇ ਸਰਪੰਚ ਹੈ। ਮੈਂ ਜਦੋਂ ਬੋਲ ਰਿਹਾ ਸੀ ਤਾਂ ਮੇਰੇ ਤੋਂ ਪਹਿਲਾਂ ਉਸ ਪਿੰਡ ਦੇ ਸਰਪੰਚ ਨੇ ਇਕ ਐਡਰੈਸ ਪੜ੍ਹਿਆ ਔਰ ਉਥੇ ਇਹ ਗੱਲ ਦੱਸੀ ਕਿ ਸਰਦਾਰ ਅਰਜਨ ਸਿੰਘ ਮਸਤਾਨਾ ਕਿਸ ਤਰ੍ਹਾਂ ਗੋਲੀਆਂ ਦੇ ਨਾਲ ਮਰਿਆ। ਮੈਨੂੰ ਉਸਦੇ ਘਰ ਜਾਣ ਦਾ ਵੀ ਮੌਕਾ ਮਿਲਿਆ ਔਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਲੋਕਾਂ ਨੂੰ ਕਿਹਾ ਜਾਂਦਾ ਸੀ ਕਿ ਰਾਤ ਨੂੰ ਬੱਤੀਆਂ ਨਾ ਬਾਲੋ। ਕਿਸੇ ਨੇ ਉਥੇ ਹੀ ਮੈਨੂੰ ਇਕ ਦਰਦਨਾਕ ਕਹਾਣੀ ਦੱਸੀ ਕਿ ਇਕ ਅੱਤਵਾਦੀ ਜਿਸ ਦਾ ਕਿ ਮੈਂ ਹੁਣ ਏਥੇ ਨਾਂ ਨਹੀਂ ਲੈਣਾ ਚਾਹੁੰਦਾ ਉਸ ਨੂੰ ਇਕ ਕੁੱਤਾ ਭੌਂਕਦਾ ਸੀ ਤਾਂ ਉਸ ਨੇ ਹੁਕਮ ਕਰ ਦਿੱਤਾ ਕਿ ਸਾਰੇ ਕੁੱਤੇ ਹੀ ਮਾਰ ਦਿਓ। ਮੈਂ ਇਹ ਗੱਲ ਦੱਸ ਕੇ ਕਹਿਣਾ ਚਾਹੁੰਦਾ ਹਾਂ ਕਿ ਅੱਜ ਕਿਸ ਤਰ੍ਹਾਂ ਏਥੇ ਚੇਂਜ ਆਈ ਹੈ। ਸਾਨੂੰ ਜਦੋਂ ਵੀ ਕੋਈ ਮੈਂਬਰ ਬੋਲਦਾ ਹੈ ਉਸ ਦੀ ਗੱਲ ਧਿਆਨ ਨਾਲ ਸੁਣਨੀ ਚਾਹੀਦੀ ਹੈ। ਸਰਦਾਰ ਦਿਲਬਾਗ ਸਿੰਘ, ਐਗਰੀ-ਕਲਚਰ ਦੀ ਗੱਲ ਕਰ ਰਹੇ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੰਨੀ ਖੇਤੀ ਸਾਡੀ ਮਾਰਫਤ ਚੰਗੀ ਹੋਈ ਹੈ ਉਨੀ ਕਿਸੇ ਹੋਰ ਦੀ ਮਾਰਫਤ ਕਦੇ ਵੀ ਚੰਗੀ ਨਹੀਂ ਹੋਈ। ਖੇਤੀ ਹੋਵੇ, ਇੰਡਸਟਰੀ ਹੋਵੇ ਇਸ ਨੂੰ ਚਲਾਉਣ ਲਈ ਬਿਜਲੀ ਔਰ ਤੇਲ ਦੀ ਬਹੁਤ ਜ਼ਰੂਰਤ ਹੈ। ਤੇਲ ਔਰ ਬਿਜਲੀ ਖੇਤੀ, ਇੰਡਸਟਰੀ ਦਾ ਧੁਰਾ ਹੈ। ਸਾਡੇ ਵਾਸਤੇ ਇਹ ਅਨ-ਫਾਰਚੁਨੇਟ ਗੱਲ ਸੀ ਕਿ ਸੰਨ 1966 ਵਿਚ ਪੰਜਾਬੀ ਸੂਬਾ ਬਣਿਆ ਔਰ ਜਦੋਂ ਪੰਜਾਬੀ ਸੂਬਾ ਬਣਿਆ ਤਾਂ ਸਾਡੇ ਕੋਲ ਕੇਵਲ 2550 ਮੈਗਾ ਯੂਨਿਟ ਬਿਜਲੀ ਸੀ ਔਰ ਜਦੋਂ ਹਿਮਾਚਲ ਪ੍ਰਦੇਸ਼ ਵਜੂਦ ਵਿਚ ਆਇਆ ਤਾਂ ਸਾਡੀਆਂ ਜਿੰਨੀਆਂ ਵੀ ਆਬਸ਼ਾਰਾਂ ਸੀ ਉਹ ਹਿਮਾਚਲ ਪ੍ਰਦੇਸ਼ ਵਿਚ ਰਹਿ ਗਈਆਂ। ਅੱਜ ਮੇਰੇ ਦੋਸਤ ਹਾਈਡਰੋ ਬਿਜਲੀ ਦੀ ਗੱਲ ਕਰਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਦੋਂ ਬੜੀ ਅਨ-ਫਾਰਚੁਨੇਟ ਗੱਲ ਹੋਈ ਜਦੋਂ ਸਾਡਾ ਉਹ ਪਾਣੀ ਵਾਲਾ ਹਿੱਸਾ ਸਾਥੋਂ ਟੁੱਟ ਕੇ ਚਲਾ ਗਿਆ। ਅੱਜ ਮੈਂ ਪੰਜਾਬੀ ਸੂਬੇ ਬਾਰੇ ਕੋਈ ਗੱਲ

Original with;
Punjab Vidhan Sabha
Digitized by;

ਨਹੀਂ ਕਹਿਣਾ ਚਾਹੁੰਦਾ । ਲੇਕਿਨ ਪਹਿਲੀ ਗੱਲ ਇਹ ਬਹੁਤ ਵੱਡੀ ਗਲਤੀ ਹੋਈ ਹੈ ਕਿ ਡੀਵੈਲਪਮੈਂਟ ਕਰਨ ਵਾਸਤੇ ਬਿਜਲੀ, ਜਿਹੜੀ ਕਿ ਬਹੁਤ ਹੀ ਜ਼ਰੂਰੀ ਹੈ, ਉਹੀ ਬਿਜਲੀ ਪੈਦਾ ਕਰਨ ਵਾਲਾ ਹਿੱਸਾ ਅਸੀਂ ਆਪਣੇ ਹੱਥੋਂ ਗੁਆ ਬੈਠੇ । ਮੈਨੂੰ ਇਹ ਕਹਿਣਾ ਪੈਂਦਾ ਹੈ ਕਿ ਜੋ ਸਾਡੇ ਕੋਲ ਬਹੁਤ ਵੱਡੇ ਪ੍ਰਾਜੈਕਟ ਸਨ ਔਰ ਅੱਜ ਜੋ ਉਨ੍ਹਾਂ ਦੀ ਅੱਕਸਟੈਂਸ਼ਨ ਸੀ ਉਹ ਵੀ ਹਿਮਾਚਲ ਪ੍ਰਦੇਸ਼ ਦੇ ਅੰਦਰ ਰਹਿ ਗਏ । ਅੱਜ ਵੀ ਅਸੀਂ ਇਸ ਗੱਲ ਲਈ ਤੱਤਪਰ ਰਹਿੰਦੇ ਹਾਂ ਕਿ ਜੋ ਵੀ ਉਥੇ ਬਿਜਲੀ ਪੈਦਾ ਹੋਵੇ ਅਸੀਂ ਉਸ ਵਿਚ ਆਪਣਾ ਹਿੱਸਾ ਪਾਈਏ । ਅਸੀਂ ਅੱਜ ਵੀ ਹਿਮਾਚਲ ਪ੍ਰਦੇਸ਼ ਨੂੰ ਚਿੱਠੀ ਲਿਖੀ ਹੈ ਕਿ ਸਾਨੂੰ ਜਿਹੜਾ ਉਥੇ ਨਵਾਂ ਡੈਮ ਬਨਣ ਵਾਲਾ ਹੈ ਉਹਦੇ ਵਿਚ ਹਿੱਸਾ ਪਾਉਣ ਦਾ ਮੌਕਾ ਦਿੱਤਾ ਜਾਵੇ, ਅਸੀਂ ਉਥੇ ਖਰਚਾ ਕਰੀਏ ਔਰ ਖਰਚਾ ਕਰਕੇ ਅਸੀਂ ਆਪਣਾ ਹਿੱਸਾ ਲਈਏ । ਬੇਸ਼ੱਕ ਉਹ ਸਾਡੇ ਕੋਲੋਂ ਰਾਇਲਟੀ ਲੈ ਲੈਣ । ਕਾਮਰੇਡ ਹਰਦੇਵ ਸਿੰਘ ਅੱਜ ਬੋਲ ਰਹੇ ਸੀ । ਮੈਂ ਉਨ੍ਹਾਂ ਨੂੰ ਧਿਆਨ ਨਾਲ ਸੁਣ ਰਿਹਾ ਸੀ । ਮੈਨੂੰ ਉਮੀਦ ਸੀ ਕਿ ਉਹ ਬਹੁਤ ਸਾਰੀਆਂ ਕਨਸ਼ਟਰਕਟਿਵ ਗੱਲਾਂ ਕਹਿਣਗੇ ਲੇਕਿਨ ਉਨ੍ਹਾਂ ਨੇ ਏਨੀਆਂ ਛੋਟੀਆਂ ਛੋਟੀਆਂ ਗੱਲਾਂ ਕੀਤੀਆਂ ਜਿਹੜੀਆਂ ਕਿ ਉਨ੍ਹਾਂ ਦੇ ਸਟੇਟੱਸ ਨੂੰ ਜ਼ੇਬਾ ਨਹੀਂ ਦਿੰਦੀਆਂ । ਮੈਂ ਬੇਨਤੀ ਕਰਨੀ ਚਾਹੁੰਦਾ ਸੀ ਕਿ ਅਸੀਂ ਬਿਜਲੀ ਪੈਦਾ ਕਰਨ ਵਾਸਤੇ ਬੜੇ ਉਪਰਾਲੇ ਕੀਤੇ ਹਨ । ਜਿਹੜੀ ਬਿਜਲੀ ਪਾਣੀ ਨਾਲ ਪੈਦਾ ਕੀਤੀ ਜਾਂਦੀ ਹੈ ਉਹ ਸਾਨੂੰ 7 ਪੈਸੇ ਪ੍ਰਤੀ ਯੂਨਿਟ ਕਾਸਟ ਕਰਦੀ ਹੈ ਔਰ ਜਿਹੜੀ ਬਿਜਲੀ ਕੋਲੇ ਨਾਲ ਪੈਦਾ ਕੀਤੀ ਜਾਂਦੀ ਹੈ ਉਹ ਸਾਨੂੰ 1.30 ਪੈਸੇ ਦੇ ਕਰੀਬ ਪੈਂਦੀ ਹੈ । ਦੋਨਾਂ ਦੇ ਰੇਟ ਵਿਚ ਕਿੰਨਾ ਫਰਕ ਹੈ ਜਦ ਕਿ ਸਾਨੂੰ ਕੋਲਾ ਬਾਹਰੋਂ ਦੂਰੋਂ ਲਿਆਉਣਾ ਪੈਂਦਾ ਹੈ । ਸਾਡੇ ਮੈਂਬਰ ਸਾਹਿਬਾਨ ਆਪ ਵੀ ਇਸ ਗੱਲ ਨੂੰ ਮੰਨਦੇ ਹਨ । . . . .

ਸ਼੍ਰੀ ਸਪੀਕਰ : ਸੀ.ਐਮ. ਸਾਹਿਬ, ਤੁਸੀਂ ਪੰਜ ਮਿੰਟ ਹੋਰ ਲੈ ਲਓ ।

ਮੁੱਖ ਮੰਤਰੀ : ਬੱਸ ਜੀ, ਮੈਂ ਦੋ ਤਿੰਨ ਮਿੰਟ ਹੋਰ ਲਵਾਂਗਾ । ਮੈਂ ਹੋਰ ਕੋਈ ਖਾਸ ਗੱਲ ਨਹੀਂ ਕਰਨੀ ।

EXTENSION OF TIME OF THE SITTING

Mr. Speaker : Is it the pleasure of the House that the time of the sitting may be extended till the conclusion of the speech by the C.M. ?

(Voices Yes . . . . . Yes)

The time of the sitting of the House is extended till the demands are passed.

Original with;
Punjab Vidhan Sabha
Digitized by;
Panjab Digital Library

DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 1995-96 (*Resumption*)

ਮੁੱਖ ਮੰਤਰੀ: ਬਹੁਤ ਸਾਰੇ ਮੈਂਬਰ ਸਾਹਿਬਾਨ ਚਾਹ ਪਾਣੀ ਵਾਸਤੇ ਤਿਆਰ ਹਨ ਮੈਂ ਉਨ੍ਹਾਂ ਦੀ ਚਾਹ ਵਿੱਚ ਖਲਲ ਨਹੀਂ ਬਣਨਾ ਚਾਹੁੰਦਾ । ਸ੍ਰੀ. ਮੈਂ ਬੇਨਤੀ ਕਰ ਰਿਹਾ ਸੀ ਕਿ ਅਸੀਂ ਕੋਸ਼ਿਸ਼ ਕਰਾਂਗੇ । ਅੱਜ ਸਾਨੂੰ ਥਰਮਲ ਵਾਲੀ ਬਿਜਲੀ ਬਹੁਤ ਮਹਿੰਗੀ ਪੈ ਰਹੀ ਹੈ । ਸਪੀਕਰ ਸਾਹਿਬ, ਰੇਲਵੇ ਦਾ ਬਜਟ ਆਇਆ ਹੈ ਉਸ ਵਿਚ 7% ਕੋਲੇ ਦਾ ਰੇਟ ਹੋਰ ਵਧ ਗਿਆ ਹੈ ਔਰ 42 ਕਰੋੜ ਰੁਪਏ ਸਾਡੇ ਹੋਰ ਲੱਗਣਗੇ ਕੋਲੇ ਨੂੰ ਇਥੇ ਮੰਗਵਾਉਣ ਵਾਸਤੇ ਲੇਕਿਨ ਫਿਰ ਵੀ ਸਾਡਾ ਯਤਨ ਜਾਰੀ ਹੈ । ਸਾਡੀ 1675/- ਕਰੋੜ ਰੁਪਏ ਦੀ ਪਲਾਨ ਹੈ ਅਤੇ ਇਸ ਪਲਾਨ ਦੇ ਵਿਚੋਂ 679/- ਕਰੋੜ ਰੁਪਿਆ ਅਸੀਂ ਸਿਰਫ਼ ਬਿਜਲੀ ਵਾਸਤੇ ਰੱਖਿਆ ਹੈ ਔਰ ਉਹ ਬਿਜਲੀ ਜਿਸਦੀ ਸਾਨੂੰ ਰੋਜ਼ ਲੋੜ ਹੈ । (ਥੰਪਿੰਗ) ਮੈਨੂੰ ਪਤਾ ਹੈ ਕਿ ਅੱਜ ਬਿਜਲੀ ਦੀ ਕਿੰਨੀ ਲੋੜ ਹੈ ਚਾਹੇ ਉਹ ਸਾਡਾ ਜ਼ਿੰਮੀਦਾਰ ਹੈ ਚਾਹੇ ਇੰਡਸਟਰੀਲਿਸਟ ਹੈ ਜਾਂ ਆਮ ਘਰ ਰਹਿਣ ਵਾਲਾ ਹੈ ਇਨ੍ਹਾਂ ਸਭਨਾਂ ਨੂੰ ਬਿਜਲੀ ਦੀ ਸਖਤ ਲੋੜ ਹੈ । ਅੱਜ ਅਸੀਂ ਸਮੁੱਚੀ ਪਲਾਨ ਦਾ 40% ਨਹੀਂ ਬਲਕਿ 42% ਪੈਸਾ ਬਿਜਲੀ ਤੇ ਲਾਉਣਾ ਹੈ । ਇਸ 679/- ਕਰੋੜ ਰੁਪਏ ਵਿਚੋਂ ਅਸੀਂ ਰਣਜੀਤ ਸਾਗਰ ਡੈਮ ਤੇ ਅੰਦਾਜ਼ਾ ਲਗਾਓ ਕਿ 400 ਕਰੋੜ ਰੁਪਿਆ ਲਗਾਉਣਾ ਹੈ ਜੋ ਕਦੇ ਕਿਸੇ ਨੇ ਪਹਿਲਾਂ ਨਹੀਂ ਲਗਾਇਆ । (ਥੰਪਿੰਗ) ਠੀਕ ਹੈ, ਇਕ ਚੇਅਰਮੈਨ ਨੇ ਕਿਹਾ ਹੈ ਕਿ ਪਹਿਲਾਂ ਇਹ ਇਕ ਛੋਟਾ ਜਿਹਾ ਪ੍ਰਾਜੈਕਟ ਸੀ ਪਰ ਅੱਜ ਖਰਚਾ ਵਧ ਕੇ 2000/- ਕਰੋੜ ਰੁਪਏ ਦੇ ਕਰੀਬ ਹੋਵੇਗਾ । ਤੁਸੀਂ ਆਪ ਅੰਦਾਜ਼ਾ ਲਗਾਓ । ਪਰ ਸਾਡੀ ਸਰਕਾਰ ਦਾ ਇਹ ਚਿੜ ਇਰਾਦਾ ਹੈ ਬਿਜਲੀ ਜਿਮੀਂਦਾਰਾਂ ਨੂੰ ਦੇਣ ਦਾ, ਇੰਡਸਟਰੀਲਿਸਟਾਂ ਨੂੰ ਦੇਣ ਦਾ ਅਤੇ ਅਸੀਂ ਪੰਜਾਬ ਦੇ ਅੰਦਰ ਰੈਵੋਲਿਊਸ਼ਨ ਲਿਆਉਣਾ ਹੈ । ਉਸ ਤੋਂ ਬਗੈਰ ਇਹ ਰੈਵੋਲਿਊਸ਼ਨ ਨਹੀਂ ਆ ਸਕਦਾ । ਅਸੀਂ 18000 ਕੁਨੈਕਸ਼ਨ ਚਿੱਤੇ ਹਨ ਫਾਰਮਰਜ਼ ਨੂੰ । ਇਸ ਦੇ ਨਾਲ ਜਿਹੜੇ 42,000 ਕੱਚੇ ਕੁਨੈਕਸ਼ਨ ਸਨ ਉਹ ਵੀ ਸਾਰੇ ਪੱਕੇ ਕਰ ਦਿੱਤੇ ਹਨ । ਇਸ ਤਰ੍ਹਾਂ 60,000 ਕੁਨੈਕਸ਼ਨ ਦਿੱਤੇ ਗਏ । 5200 ਕੁਨੈਕਸ਼ਨ ਇੰਡਸਟਰੀਲਿਸਟਾਂ ਨੂੰ ਚਿੱਤੇ ਗਏ । ਚਾਹੇ ਉਹ ਇੰਡਸਟਰੀ ਛੋਟੀ ਹੋਵੇ, ਵੱਡੀ ਹੋਵੇ ਜਾਂ ਮੀਡੀਅਮ ਹੋਵੇ । ਅੱਜ ਸਾਨੂੰ ਜਿਥੇ ਵੀ ਕੋਈ ਝਾਲ ਮਿਲਦੀ ਹੈ, ਅਸੀਂ ਉਥੋਂ ਹੀ ਬਿਜਲੀ ਬਣਾਉਣ ਵਿੱਚ ਲੱਗੇ ਹੋਏ ਹਾਂ । ਅੱਜ ਬਾਹਰੋਂ ਇੰਡਸਟਰੀਲਿਸਟ ਸਾਡੇ ਸੂਬੇ ਵਿਚ ਆ ਰਹੇ ਹਨ ਉਹ ਤਾਂ ਆ ਰਹੇ ਹਨ ਕਿ ਇਥੋਂ ਦਾ ਇਨਫਰਾਸਟਰਕਚਰ ਨੰਬਰ ਵੰਨ ਹੈ ਤੇ ਇਸ ਦੇ ਵਿੱਚ ਬਿਜਲੀ ਵੀ ਆ ਜਾਂਦੀ ਹੈ । ਸੋ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਿਜਲੀ ਨੂੰ ਵਧਾਉਣ ਵਾਸਤੇ ਹੀ ਅਸੀਂ ਥੀਨ ਡੈਮ ਨੂੰ ਹੱਥ ਪਾਇਆ ਹੈ । ਚੋ ਯੂਨਿਟਾਂ ਦਾ ਬੜਾ ਵੱਡਾ ਥਰਮਲ ਪਲਾਂਟ ਬਠਿੰਡਾ ਅੰਦਰ ਸ਼ੁਰੂ ਕੀਤਾ ਹੈ । ਮੈਂ ਅਰਜ਼ ਕਰਨੀ ਚਾਹੁੰਦੀ ਹਾਂ ਕਿ ਬੜੀ ਚਰਚਾ ਹੁੰਦੀ ਹੈ ਕਿ ਥਰਮਲ ਪਲਾਂਟ ਬਠਿੰਡਾ ਵਾਸਤੇ ਪੈਸਾ ਨਹੀਂ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਅਸੀਂ ਪ੍ਰਾਈਵੇਟਾਈਜ਼ ਕਰਨ ਵਾਸਤੇ ਜਾ ਰਹੇ ਹਾਂ । ਮੈਂ ਇਹ ਹਕੀਕਤ ਦੀ ਗੱਲ ਕਰਦਾ ਹਾਂ ਕਿ ਪ੍ਰਾਈਵੇਟਾਈਜ਼ ਦੀ ਗੱਲ ਕੀਤੀ ਜਾਏ ਇਹ ਪੈਸਾ ਜਿਹੜਾ ਲਾਉਣਾ ਹੈ ਇਸ ਨੂੰ ਬਣਾਉਣ ਵਾਸਤੇ ਉਹ ਕੋਈ ਬੁਰੀ ਗੱਲ ਨਹੀਂ । ਲੇਕਿਨ ਮੈਂ ਇਕ ਗੱਲ

Original with;
Punjab Vidhan Sabha
Digitized by;
Panjab Digital Library

ਜ਼ਰੂਰ ਕਹਾਂਗਾ ਕਿ ਟਰਾਂਸਮਿਸ਼ਨ ਅਤੇ ਡਿਸਟਰੀਬਿਊਸ਼ਨ ਸਿਸਟਮ ਨੂੰ ਬਿਜਲੀ ਵਿੱਚ ਅਸੀਂ ਬਿਲਕੁਲ ਪ੍ਰਾਈਵੇਟ ਨਹੀਂ ਕਰਾਂਗੇ । ਜੋ ਸਾਡੇ ਅਫਸਰ ਕੰਮ ਕਰਦੇ ਹਨ ਉਨ੍ਹਾਂ ਦੀ ਸਿਕਿਓਰਿਟੀ ਹਮੇਸ਼ਾ ਸਰਕਾਰ ਦੀ ਜ਼ਿੰਮੇਵਾਰੀ ਹੈ (ਥੰਪਿੰਗ) ਸਾਡੇ ਬਿਜਲੀ ਬੋਰਡ ਅੰਦਰ ਥਰਮਲ ਪਲਾਂਟ ਬਠਿੰਡੇ ਨੂੰ ਅਸੀਂ ਵਧਾ ਰਹੇ ਹਾਂ । ਉਥੇ ਬੜੇ ਬੜੇ ਪ੍ਰੋਗਰਾਮ ਬਣਾਏ ਗਏ ਹਨ ਕਿਉਂਕਿ ਇਸ ਸਰਕਾਰ ਨੇ ਚੇਖਿਆ ਕਿ ਅੱਠਵੀਂ ਪੰਜ ਸਾਲਾ ਪਲਾਠ ਅੰਦਰ ਕਿੰਨਾ ਖਰਚ ਕੀਤਾ ਜਾਵੇ, ਨੌਵੀ ਪੰਜ ਸਾਲਾ ਪਲਾਨ ਅੰਦਰ ਕਿਤਨਾ ਖਰਚ ਕਰਨਾ ਹੈ ਅਤੇ 10 ਵੀਂ ਪੰਜ ਸਾਲਾ ਪਲਾਨ ਆਉਣ ਵਾਲੀ ਦੇ ਅੰਦਰ ਕਿੰਨਾ ਖਰਚ ਕਰਨਾ ਹੈ । ਇਸ ਦਾ ਅਸੀਂ ਪੂਰਾ ਹਿਸਾਬ-ਕਿਤਾਬ ਲਗਾ ਕੇ ਰੱਖਿਆ ਹੋਇਆ ਹੈ । ਯੂ.ਬੀ.ਡੀ.ਸੀ. ਦਾ ਦੂਸਰਾ ਫੇਸ ਅਸੀਂ ਸ਼ੁਰੂ ਕਰ ਰਹੇ ਹਾਂ ਅਤੇ ਅਸੀਂ 8 ਮੈਗਾਵਾਟ ਬਿਜਲੀ ਹੋਰ ਪੈਦਾ ਕਰਾਂਗੇ । ਮੁਕੇਰੀਆਂ ਹਾਈਡਲ ਦੇ ਤੀਸਰੇ ਫੇਸ ਦੀ ਐਕਸਟੈਂਸ਼ਨ ਹੋਣੀ ਹੈ,ਉਸ ਦੇ ਨਾਲ ਅਸੀਂ 21 ਮੈਗਾਵਾਟ ਬਿਜਲੀ ਹੋਰ ਪੈਦਾ ਕਰਨ ਦਾ ਯਤਨ ਕੀਤਾ ਹੈ । ਇਸੇ ਤਰ੍ਹਾਂ ਸਪੀਕਰ ਸਾਹਿਬ, ਜੋ ਸਾਡਾ ਸ਼ਾਹਪੁਰ ਕੰਡੀ ਕੈਨਾਲ ਪ੍ਰੋਜੈਕਟ ਹੈ ਉਸ ਵਿਚੋਂ ਅਸੀਂ 163 ਮੈਗਾਵਾਟ ਬਿਜਲੀ ਪੈਦਾ ਕਰਨੀ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਪ੍ਰਾਈਮ ਮਨਿਸਟਰ ਸਾਹਿਬ ਨੇ ਮੈਨੂੰ ਇਹ ਗੱਲ ਆਖੀ ਸੀ ਕਿ ਸ਼ਾਹਪੁਰ ਕੰਡੀ ਪ੍ਰਾਜੈਕਟ ਦਾ ਜੋ ਖਰਚ ਹੈ ਉਹ ਸਾਰਾ ਸੈਂਟਰ ਦੀ ਸਰਕਾਰ ਉਠਾਵੇਗੀ ਅਤੇ ਮੈਂ ਇਹ ਗੱਲ ਯਕੀਨ ਨਾਲ ਕਹਿੰਦਾ ਹਾਂ ਕਿ ਅਸੀਂ ਉਹ ਸਾਰਾ ਪੈਸਾ ਲੈ ਕੇ ਬੜੀ ਜਲਦੀ ਹੀ ਉਸ ਨੂੰ ਬਣਾਵਾਂਗੇ । (ਥੰਪਿੰਗ) ਇਸ ਦੇ ਨਾਲ ਮੈਂ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਹਿੰਦ ਕੈਨਾਲ ਦੀਆਂ ਬ੍ਰਾਂਚਿਜ਼ ਹਨ, ਸਿਧਵਾਂ-ਬੇਟ ਬ੍ਰਾਂਚ ਹੈ, ਅਬੋਹਰ-ਬਠਿੰਡਾ ਬ੍ਰਾਂਚ ਹੈ, ਅਸੀਂ ਜਿਥੇ ਵੀ ਝਾਲ ਮਿਲਦੀ ਹੈ, ਜਿਸਨੂੰ ਪੰਜਾਬੀ ਵਿੱਚ ਝਾਲ ਕਿਹਾ ਜਾਂਦਾ ਹੈ ਉਥੇ ਹੀ ਅਸੀਂ ਇਕ ਵਰਕਸ਼ਾਪ ਬਣਾ ਕੇ ਕੋਸ਼ਿਸ਼ ਕੀਤੀ ਹੈ ਕਿ ਅਸੀਂ ਉਥੇ ਮਾਈਕਰੋ ਹਾਈਡਲ ਬਿਜਲੀ ਪੈਦਾ ਕਰੀਏ । ਇਸ ਸਾਲ ਅਸੀਂ 10 ਮੈਗਾਵਾਟ ਵੱਧ ਬਿਜਲੀ ਪੈਦਾ ਕਰਾਂਗੇ ਔਰ ਇਸ ਦੇ ਨਾਲ ਬੜਾ ਭਾਰੀ ਫਾਇਦਾ ਹੋਵੇਗਾ । ਅੱਗੇ ਅੱਗੇ ਜਿਥੇ ਵੀ ਸਾਨੂੰ ਨਹਿਰੀ ਪਾਣੀਆਂ ਦੀ ਫਾਲ ਮਿਲਦੀ ਜਾਵੇਗੀ ਉਸ ਨੂੰ ਅਸੀਂ ਇਸਤੇਮਾਲ ਕਰਕੇ ਬਿਜਲੀ ਪੈਦਾ ਕਰਦੇ ਚਲੇ ਜਾਵਾਂਗੇ । ਔਰ ਅਸੀਂ ਉਸ ਵਿਚੋਂ ਤਕਰੀਬਨ 45 ਮੈਗਾਵਾਟ ਹੋਰ ਬਿਜਲੀ ਅਗਲੇ ਸਾਲ ਪੈਦਾ ਕਰਾਂਗੇ ਜਿਹੜੀ ਪੰਜਾਬ ਦੀ ਇੰਡਸਟਰੀ ਵਾਸਤੇ ਕੰਮ ਆਵੇਗੀ । (ਥੰਪਿੰਗ)

ਹੋਰ ਵੀ ਗੱਲਾਂ ਆਉਂਦੀਆਂ ਹਨ । ਜ਼ਿਮੀਦਾਰ ਕਹਿੰਦਾ ਰਹਿੰਦਾ ਹੈ ਕਿ ਸਾਨੂੰ ਛੋਟਾਂ ਨਹੀਂ ਦਿੱਤੀਆਂ । ਸ਼ਾਇਦ ਉਸ ਨੂੰ ਪਤਾ ਨਹੀਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਿਜਲੀ ਜਿਹੜੀ ਉਸਨੂੰ 30 ਪੈਸੇ ਪ੍ਰਤੀ ਯੂਨਿਟ ਦਿਤੀ ਜਾਂਦੀ ਹੈ । ਉਸਦਾ ਖਰਚਾ ਪ੍ਰਤੀ ਯੂਨਿਟ ਬਹੁਤ ਜਿਆਦਾ ਹੁੰਦੀ ਹੈ ਅਤੇ ਇਸ ਤਰੀਕੇ ਨਾਲ ਅਸੀਂ ਕਿਸਾਨ ਨੂੰ ਤਕਰੀਬਨ 970 ਕਰੋੜ ਰੁਪਿਆ ਸਬਸਿਡੀ ਦੇਂਦੇ ਹਾਂ । (ਥੰਪਿੰਗ) । ਇਹ ਹਿਡਨ ਸਬਸਿਡੀ ਹੈ । ਇਹ ਬੜੀ ਭਾਰੀ ਗੱਲ ਹੈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਹੋਰ ਵੀ ਬੜੀਆਂ ਰਿਆਇਤਾਂ ਜ਼ਿੰਮੀਦਾਰਾਂ ਨੂੰ ਦਿੱਤੀਆਂ ਹਨ । ਅਸੀਂ ਇਹ ਵੀ ਗੱਲ ਆਖੀ ਹੈ ਕਿ ਹੁਣ ਜ਼ਿਮੀਦਾਰ ਸਿਰਫ ਐਫੀਡੇਵਿਟ ਦੇਵੇਗਾ । ਅਸੀਂ ਟੈਸਟ ਰਿਪੋਰਟ ਦਾ ਬਿਲਕੁਲ ਖਾਤਮਾ ਕਰ ਦਿੱਤਾ ਹੈ ਅਸੀਂ ਲੋਕਾਂ ਦੀ ਸਹੂਲਤ ਵਾਸਤੇ ਇਹ ਗੱਲ ਕਹੀ ਹੈ ਕਿ ਸਿਰਫ ਐਫੀਡੇਵਿਟ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦਿਓ ਭਾਵੇਂ ਉਸ ਦੀ ਤਿੰਨ ਹਾਰਸ ਪਾਵਰ ਦੀ ਹੈ ਜਾਂ ਪੰਜ ਹਾਰਸ ਪਾਵਰ ਦੀ ਮੋਟਰ ਹੈ । ਅਸੀਂ ਕੁਨੈਕਸ਼ਨ ਦੇ ਦੇਵਾਂਗੇ ਲੇਕਿਨ ਨਾਲ ਇਹ ਵੀ ਕਿਹਾ ਹੈ ਕਿ ਜਿਹੜਾ ਕੁਨੈਕਸ਼ਨ ਲੈਣ ਵਾਸਤੇ ਗਲਤ ਬਿਆਨ ਦੇਵੇਗਾ, ਉਸ ਨੂੰ ਸਜ਼ਾ ਦੇਵਾਂਗੇ । ਮੈਂ ਵਾਈਂਡ ਅਪ ਕਰਨ ਤੋਂ ਪਹਿਲਾਂ ਇੱਕ-ਦੋ ਗੱਲਾਂ ਕਹਿਣੀਆਂ ਚਾਹੁੰਦਾ ਹਾਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਤੋਂ ਪਹਿਲਾਂ ਪਿਛਲੇ ਪੰਦਰਾਂ ਸਾਲ ਵਿਚ ਬਿਜਲੀ ਬੋਰਡ ਜ਼ੀਰੋ ਪ੍ਰਾਫਿਟ ਵਿਚ ਹੁੰਦਾ ਸੀ । ਬੜਾ ਘਾਟਾ ਪੈਂਦਾ ਸੀ ਔਰ ਬਾਰਡਰ ਤੇ ਬਿਜਲੀ ਨਹੀਂ ਸੀ । ਕੋਈ ਬਿਲ ਦੇ ਪੈਸੇ ਨਹੀਂ ਦਿੰਦਾ ਸੀ । ਪਰ ਅੱਜ ਬਿਜਲੀ ਬੋਰਡ ਫਿਰ ਪ੍ਰਾਫਿਟ ਵਿਚ ਆਇਆ ਹੈ ।(ਥੰਪਿੰਗ) 230/- ਕਰੋੜ ਰੁਪਿਆ ਬਿਜਲੀ ਬੋਰਡ ਨੇ ਟੈਰਿਫ ਰਾਹੀਂ ਪ੍ਰਾਪਤ ਕੀਤਾ ਹੈ ਔਰ ਕੁਦਰਤ ਨੇ ਵੀ ਮਦਦ ਕੀਤੀ ਹੈ ਇਸੇ ਤਰ੍ਹਾਂ 163/- ਕਰੋੜ ਰੁਪਿਆ ਹੋਰ ਪੈਦਾ ਕੀਤਾ ਹੈ ਔਰ ਬਿਜਲੀ ਦੀ ਚੋਰੀ ਬਚਾਈ ਹੈ । ਇਸ ਵਾਸਤੇ ਮੈਂ ਬਿਜਲੀ ਬੋਰਡ ਨੂੰ ਵਧਾਈ ਦਿੰਦਾ ਹਾਂ । (ਥੰਪਿੰਗ) ਜਿਸ ਤਰ੍ਹਾਂ ਬਿਜਲੀ ਬੋਰਡ ਪ੍ਰਾਫਿਟ ਵਿਚ ਚਲ ਰਿਹਾ ਹੈ, ਇਸੇ ਤਰ੍ਹਾਂ ਅਸੀਂ ਅਗਲੇ ਸਾਲ ਡੈਫੀਨੇਟਲੀ ਪ੍ਰਾਫਿਟ ਵਿਚ ਆਵਾਂਗੇ । ਉਹ ਗੱਲਾਂ ਅੱਜ ਕੰਪਲਸਰੀ ਨਹੀਂ ਜੋ ਅਰਸ਼ੀ ਸਾਹਿਬ ਨੇ ਕਹੀਆਂ ਹਨ ਕਿ ਬਿਜਲੀ ਬੋਰਡ ਪੈਸੇ ਲੈਂਦਾ ਹੈ ਔਰ ਸਮਾਨ ਖਰੀਦਦਾ ਹੈ । ਅਸੀ ਜ਼ਿੰਮੀਦਾਰਾਂ ਨੂੰ ਪ੍ਰਾਫਿਟ ਦੇਵਾਂਗੇ ਲੇਕਿਨ ਜਿੱਥੇ ਵੀਹ ਹਜ਼ਾਰ ਰੁਪਿਆ ਇਕ ਟਿਊਬਵੈਲ ਤੇ ਖਰਚ ਕੀਤਾ ਜਾਂਦਾ ਸੀ. ਉਥੇ ਹੁਣ ਸਿਰਫ ਚਾਰ ਹਜ਼ਾਰ ਰੁਪਿਆ ਖਰਚ ਕੀਤਾ ਜਾਂਦਾ ਹੈ । ਇਹ ਬੜੀ ਭਾਰੀ ਗੱਲ ਹੈ । (ਥੰਪਿੰਗ) ਦੂਸਰੀ ਗੱਲ ਇਹ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਲੋਕਾਂ ਨੂੰ ਟਿਊਬਵੈਲਾਂ ਤੇ ਦਸ ਪਰਸੈਂਟ ਬੋਨਸ ਨਹੀਂ ਦਿੰਦੇ । ਜਿਹੜੇ ਛੇ ਮਹੀਨੇ ਦਾ ਕਿਰਾਇਆ ਪਹਿਲਾਂ ਜਮ੍ਹਾਂ ਕਰਵਾ ਦੇਣਗੇ. ਅਸੀਂ ਉਨ੍ਹਾਂ ਨੂੰ ਦਸ ਪਰਸੈਂਟ ਬੋਨਸ ਦੇਵਾਂਗੇ । ਇਹ ਥੜਾ ਭਾਰੀ ਰੈਵੋਲਿਊਸ਼ਨਰੀ ਸਟੈਪ ਹੈ । (ਥੰਪਿੰਗ) ਇਸ ਦੇ ਇਲਾਵਾ ਜਿਹੜੇ ਪੀਲੇ ਕਾਰਡਾਂ ਵਾਲੇ ਗਰੀਬ ਆਦਮੀਆਂ ਤੋਂ ਸਿਕਿਉਰਟੀ ਲਈ ਜਾਂਦੀ ਸੀ, ਉਹ ਬੰਦ ਕਰ ਦਿੱਤੀ ਗਈ ਹੈ । ਉਹ ਹੁਣ ਸਿਰਫ ਕੁਨੈਕਸ਼ਨ ਲਗਵਾ ਲੈਣ ਕਿਉਂਕਿ ਉਨ੍ਹਾਂ ਦੇ ਘਰ ਘਟੋ-ਘੱਟ ਲਾਟੂ ਤਾਂ ਜਗਣਾ ਚਾਹੀਦਾ ਹੈ । (ਥੰਪਿੰਗ) ਅਸੀਂ 24 ਘੰਟੇ ਬਿਜਲੀ ਐਨਸ਼ਿਓਰ ਕਰਨ ਵਾਸਤੇ ਇੱਕ ਹੋਰ ਸਟੈਪ ਚੁਕਿਆਂ ਹੈ ਪਹਿਲਾਂ ਇਹ ਕਹਿੰਦੇ ਸੀ ਕਿ ਪੰਜਾਹ ਪਰਸੈਂਟ ਪਿੰਡ ਵਾਲੇ ਪੈਸਾ ਦੇਣ ਤਾਂ ਅਸੀਂ ਚੌਵੀ ਘੰਟੇ ਬਿਜਲੀ ਦੇਵਾਂਗੇ ਪਰ ਅਸੀ ਫੈਸਲਾ ਕੀਤਾ ਹੈ ਕਿ 75% ਸਰਕਾਰ ਦੇਵੇਗੀ ਔਰ 25% ਪਿੰਡ ਵਾਲੇ ਦੇਣ ਤਾਂ ਅਸੀਂ 24 ਘੰਟੇ ਪਿੰਡ ਵਿਚ ਬਿਜਲੀ ਦੇਵਾਂਗੇ । (ਥੰਪਿੰਗ) ਪੀਲੇ ਕਾਰਡਾਂ ਵਾਲਿਆਂ ਨੂੰ ਕਿਹਾ ਹੈ ਕਿ ਤੁਸੀਂ ਕੁਨੈਕਸ਼ਨ ਲਗਾਓ ਔਰ ਤੁਹਾਡੇ ਤੋਂ ਸਿਕਿਉਰਟੀ ਨਹੀਂ ਲਵਾਂਗੇ ਲੇਕਿਨ ਦਸ ਰੁਪਏ ਹਰ ਮਹੀਨੇ ਤੁਸੀ ਆਪਣੇ ਬਿਲ ਨਾਲ ਜਮ੍ਹਾਂ ਕਰਵਾ ਦਿਆ ਕਰੋ । ਇਸ ਤਰ੍ਹਾਂ ਲੋਕਾਂ ਦੀ ਤਕਲੀਫ ਦੂਰ ਹੋਵੇਗੀ । ਅਸੀਂ ਯਤਨ ਕੀਤਾ ਹੈ ਕਿ ਇਨ੍ਹਾਂ ਦੇ ਘਰ ਵਿਚ ਬਿਜਲੀ ਜਾਵੇ ਔਰ ਸਾਡੇ ਉਹ ਭਰਾ ਸਤਿਕਾਰ ਪਾਉਣ । ਦੂਸਰੀ ਗੱਲ ਅਸੀਂ ਹੋਰ ਵੀ ਕੀਤੀ ਹੈ ਅੱਜ ਵੈਲਫੇਅਰ ਡਿਪਾਰਟਮੈਂਟ ਸਾਡੇ ਜੋ ਸ਼ਡਿਊਲਡ ਕਾਸਟ ਸਾਥੀ ਹਨ ਉਨ੍ਹਾਂ ਨੂੰ ਬਿਜਲੀ ਦੇ ਕੁਨੈਕਸ਼ਨਾਂ ਲਈ ਸਿਕਿਉਰਿਟੀ ਫੀਸ ਭਰਨ ਵਾਸਤੇ ਪੈਸੇ ਦਿੰਦਾ ਹੈ । ਅਸੀਂ ਇਹ ਫ਼ੈਸਲਾ ਕਰ ਲਿਆ ਹੈ ਕਿ ਵੈਲਫੇਅਰ ਮਹਿਕਮੇ ਵਾਲੇ ਜੋ ਪੈਸੇ ਦਿੰਦੇ ਹਨ, ਅਸੀਂ ਉਨ੍ਹਾਂ ਨੂੰ ਪ੍ਰਾਇਰਟੀ ਦੇ ਕੇ ਕੁਨੈਕਸ਼ਨ ਦੇਈਏ ਤਾਂਕਿ ਲੋਕ ਮਹਿਸੂਸ ਕਰ ਸਕਣ ਕਿ ਅਸੀਂ ਹਰ ਇੱਕ ਵਾਸਤੇ ਕੁਝ ਨਾ ਕੁਝ ਕੰਮ ਕੀਤਾ ਹੈ । (ਥੰਪਿੰਗ)

Original with;
Punjab Vidhan Sabha
Digitized by;
Punjab Digital Library

ਸੋ, ਸਪੀਕਰ ਸਾਹਿਬ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਬਿਜਲੀ ਦੀ ਐਕਸਟੈਂਸ਼ਨ ਹੋ ਰਹੀ ਹੈ, ਏਨਾ ਕੰਮ ਕਿਸੇ ਸਰਕਾਰ ਨੇ ਅੱਜ ਤੱਕ ਨਹੀਂ ਕੀਤਾ । ਇਹ ਖੁਸ਼ੀ ਦੀ ਗੱਲ ਹੈ ਕਿ ਅਸੀਂ ਨੋ ਪਰਾਫਿਟ ਨੋ ਲਾਸ ਤੇ ਦੇ ਰਹੇ ਹਾਂ । ਸਾਡੀਆਂ ਪਹਿਲੀਆਂ ਸਰਕਾਰਾਂ ਨੇ.....ਮੈਂ ਆਪੋਜੀਸ਼ਨ ਵਾਲਿਆਂ ਦੀ ਗੱਲ ਕਰਦਾ ਹਾਂ, ਮੈਨੂੰ ਅਫਸੋਸ ਹੈ ਸਪੀਕਰ ਸਾਹਿਬ, ਇੱਕ ਮਿੰਟ ਹੋਰ ਲਵਾਂਗਾ ਕਿ ਹੁਣੇ ਜਦੋਂ ਦਿਲਬਾਗ ਸਿੰਘ ਹੁਰੀਂ ਬੋਲਣ ਲੱਗੇ ਸੀ ਤਾਂ ਉਦੋਂ ਡਾਕਟਰ ਰਣਜੀਤ ਸਿੰਘ ਸਾਡੇ ਬੈਂਚਾਂ ਤੇ ਆ ਗਏ ਸਨ । ਮੈਂ ਤਾਂ ਸਮਝਿਆ ਸੀ ਕਿ ਇਹ ਸਾਡੇ ਵਿੱਚ ਜਾਇਨ ਕਰਨ ਆਏ ਹਨ । (ਹਾਸਾ) ਜਾਂ ਇਸ ਵਾਸਤੇ ਕਿ ਸ਼ਾਇਦ ਉਨ੍ਹਾਂ ਨੂੰ ਸਰਕਾਰ ਦੀਆਂ ਪਾਲਿਸੀਆਂ ਚੰਗੀਆਂ ਲੱਗੀਆਂ ਹੋਣ । ਇਥੇ ਇੱਕ ਸਾਡਾ ਸਾਥੀ ਭਰਾ ਹੈ ਜਿਹੜਾ ਕਿ ਕਾਫੀ ਕ੍ਰਿਟਿਸਿਜ਼ਮ ਕਰਦਾ ਰਹਿੰਦਾ ਹੈ ਪਰ ਅੰਦਰੋਂ ਕਹਿ ਰਿਹਾ ਹੈ ਕਿ ਮੈਨੂੰ ਜਾਇਨ ਕਰਾਓ । ਅਸੀਂ ਤਾਂ ਤਿਆਰ ਹਾਂ ਅਗਰ ਉਹ ਆਉਣਾ ਚਾਹੁੰਦਾ ਹੈ, ਐਸੀ ਕੋਈ ਗੱਲ ਨਹੀਂ । ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਜੋ ਕੁਝ ਕੀਤਾ ਹੈ....ਵਿਘਨ)

ਸ਼੍ਰੀ ਵਿਜੇ ਕੁਮਾਰ ਸਾਥੀ: ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ . .

Mr. Speaker: Sathi ji, please resume your seat.

ਮੁੱਖ ਮੰਤਰੀ : ਹੋਰ ਮੈਂ ਇਹ ਗੱਲ ਦੇਖੀ । ਮੇਰੇ ਭਰਾ ਬਰੀਫ ਦੇਖੇ ਭਾਲੇ, ਬਜਟ ਪੜ੍ਹੇ ਤੋਂ ਬਿਨਾਂ ਗੱਲਾਂ ਕਰਦੇ ਹਨ । ਸਾਥੀ ਸਾਹਿਬ, ਬੇਨਤੀ ਕਰਾਂਗਾ ਕਿ ਪਹਿਲਾਂ ਪੜ੍ਹ ਲਿਆ ਕਰੋ ਕਿ ਕੀ ਹੋਣ ਵਾਲਾ ਹੈ, ਪਹਿਲਾ ਦੇਖ ਲਿਆ ਕਰੋ ਕਿ ਕੀ ਹੋ ਗਿਆ ਹੈ ਤੇ ਕੀ ਨਹੀਂ । ਫਾਰ ਦੀ ਸੇਕ ਆਫ ਆਪੋਜ਼ੀਸ਼ਨ ਕ੍ਰਿਟਿਸਿਜ਼ਮ ਕਰੀ ਜਾਣਾ ਕੋਈ ਚੰਗੀ ਗੱਲ ਨਹੀਂ ਹੁੰਦੀ । ਮੈਂ ਤੁਹਾਨੂੰ ਬੇਨਤੀ ਕਰਾਂਗਾ । ਸਪੀਕਰ ਸਾਹਿਬ, ਮੈਂ ਬੋਲਣਾ ਤਾਂ ਕਾਫੀ ਸੀ ਪਰ ਸਾਡੇ ਸਾਥੀਆਂ ਨੇ ਚਾਹ ਤੇ ਜਾਣਾ ਹੈ. ਇਸ ਕਰਕੇ ਬੇਨਤੀ ਕਰਾਂਗਾ ਕਿ ਡਿਮਾਂਡਜ਼ ਨੂੰ ਪਾਸ ਕਰਵਾਇਆ ਜਾਵੇ । ਤੁਹਾਡੀ ਬਹੁਤ ਬਹੁਤ ਮਿਹਰਬਾਨੀ ।

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਮੈਂ ਜੋ ਪੁਆਇੰਟ ਉਠਾਇਆ ਸੀ ਉਹ ਇਹ ਸੀ ਕਿ ਜਿਹੜਾ ਅਮੋਨਿਆ ਕਲੋਰਾਈਡ ਹੈ ਇਹ ਕੈਮੀਕਲ ਤੇ ਫਰਟੇਲਾਈਜ਼ਰ ਦੋਨੋਂ ਤਰ੍ਹਾਂ ਵਿਕਦਾ ਹੈ । ਨੰਬਰ ਦੋ ਜੋ ਕੈਮੀਕਲ ਵਿਕਦਾ ਹੈ, ਉਸ ਦਾ ਪਬਲਿਕ ਅੰਡਰਟੇਕਿੰਗ ਨੂੰ ਘਾਟਾ ਪੈਂਦਾ ਹੈ । ਅਮੋਨੀਆ ਸਲਫਰ ਫਾਸਫੇਟ ਜਿਹੜਾ ਹੈ, ਇਹ ਮੈਨੂਫੈਕਚਰ ਨਹੀਂ ਹੁੰਦਾ । ਮੰਤਰੀ ਜੀ ਨੇ ਏਥੇ ਗੱਲ ਕਹੀ ਹੈ ਕਿ ਸਰਕਾਰ ਬਾਹਿਰ ਨੂੰ ਸਬਸਿਡੀ ਦਿੰਦੀ ਹੈ । ਜੋ ਸੁਪਰ ਫਾਸਫੇਟ ਹੈ, ਇਸ ਦੀ ਸਬਸਿਡੀ ਮੈਨੂਫੈਕਚਰਰ ਨੂੰ ਦਿੱਤੀ ਜਾਂਦੀ ਹੈ ਅਗੇਂਸਟ ਬਿੱਲ । ਕੀ ਅੱਗੇ ਵਾਸਤੇ ਪਾਲਿਸੀ ਬਣਾ ਦਿੱਤੀ ਹੈ ਕਿ ਜੋ ਕਿਸਾਨ ਹੈ ਜਿਸਨੇ ਉਹ ਸੁਪਰ ਫਾਸਫੇਟ ਖਰੀਦੀ ਹੈ ਉਸ ਦੀ ਸਬਸਿਡੀ ਕਿਸਾਨ ਨੂੰ ਦਿੱਤੀ ਜਾਏਗੀ ਜਾਂ ਕੀ ਕੋਈ ਪਾਲਿਸੀ ਚੇਂਜ ਕੀਤੀ ਹੈ ਜਾਂ ਮੈਨੂੰਫੈਕਚਰਰ ਨੂੰ ਸਬਸਿਡੀ ਦੇਣੀ ਕਰ ਲਈ ਹੈ । ਪਾਲਿਸੀ ਕੀ ਹੈ ਇਸ ਦੀ ਕਲੈਰੀਫਿਕਸ਼ਨ ਕੀਤੀ ਜਾਵੇ ।

ਸ਼੍ਰੀ ਸਪੀਕਰ: ਮੰਤਰੀ ਜੀ, ਕੁਝ ਕਹਿਣਾ ਚਾਹੋਗੇ ?

Original with;
Punjab Vidhan Sabha
Digitized by;
Panjab Digital Library

ਖੇਤੀਬਾੜੀ ਅਤੇ ਵਣ ਮੰਤਰੀ: ਕੋਈ ਹਰਜ਼ ਨਹੀਂ ਲਗਦਾ ।

ਸ੍ਰੀ ਸਪੀਕਰ ਜਿੰਨਾਂ ਕੁ ਪੁਛਿਆ ਹੈ ਉਨਾਂ ਕੁ ਕਹੋ । (ਹਾਸਾ)

ਖੇਤੀਬਾੜੀ ਅਤੇ ਵਣ ਮੰਤਰੀ: ਇਨ੍ਹਾਂ ਨੇ ਖਾਦਾਂ ਦੇ ਮੁਤੱਲਕ ਕਿਹਾ ਕਿ ਜਿਥੇ ਖਾਦਾਂ ਬਣਦੀਆਂ ਹਨ, ਤੁਸੀ ਸਬਸਿਡੀ ਉਨ੍ਹਾਂ ਨੂੰ ਦਿੰਦੇ ਹੋ । ਬੋਚਰਾਂ ਤੇ ਅਸੀਂ ਸਬਸਿਡੀ ਨਹੀਂ ਦਿੰਦੇ, ਸਬਸਿਡੀ ਭਾਰਤ ਸਰਕਾਰ ਦਿੰਦੀ ਹੈ । ਉਥੇ ਫੈਕਟਰੀ ਵਿੱਚ ਸਾਡੇ ਆਦਮੀ ਹੁੰਦੇ ਹਨ, ਉਹ ਬੋਚਰ ਚੈਕ ਕਰਕੇ ਜ਼ਿਲ੍ਹੇ ਵਿੱਚ ਭੇਜਦੇ ਹਨ । ਜ਼ਿਲ੍ਹੇ ਵਿੱਚ ਐਂਟਰੀ ਹੋਣ ਤੋਂ ਬਾਅਦ ਬੋਚਰਾਂ ਲਈ ਸਬਸਿਡੀ ਭਾਰਤ ਸਰਕਾਰ ਦਿੰਦੀ ਹੈ, ਇਸ ਬਜਟ ਨਾਲ ਇਸ ਦਾ ਕੋਈ ਤੁਅੱਲਕ ਨਹੀਂ ।

ਦੂਸਰਾ, ਨੰਗਲ ਫੈਕਟਰੀ ਬਾਰੇ ਪੁੱਛਿਆ ਹੈ । ਨੰਗਲ ਫੈਕਟਰੀ ਵਿੱਚ ਖਾਦ ਬਣਦੀ ਹੈ, ਉਥੇ ਯੂਰੀਆ ਵੀ ਬਣਦੀ ਹੈ । ਯੂਰੀਆ ਤੇ ਸਾਡੇ ਕਿਸਾਨਾਂ ਨੂੰ ਸਬਸਿਡੀ ਦਿੱਤੀ ਜਾਂਦੀ ਹੈ । ਸਰਕਾਰ ਦੀ ਪੱਧਰ ਤੇ ਐਸੀ ਕੋਈ ਗੱਲ ਨਹੀਂ ਹੋ ਰਹੀ ਜਿਸ ਨਾਲ ਗੌਰਮਿੰਟ ਕਿਸਾਨਾਂ ਦੀ ਹੈਲਪ ਨਾ ਕਰਦੀ ਹੋਵੇ ।

Mr. Speaker: Question is—

That a sum not exceeding Rs. 1,81,74,85,000 on Revenue Account and Rs. 12,34,05,36,000 on Capital Account be granted to the Governor to defray the charges that will come in course of payment for the year 1995-96, in respect of Irrigation and Power.

The motion was carried.

Mr. Speaker Question is—

That a sum not exceeding Rs. 1,47,82,93,000 on Revenue Account and Rs. 25,28,18,000 on capital Account be granted to the Governor to defray the charges that will come in course of payment for the year 1995-96, in respect of Agriculture and Forests.

The motion was carried.

Mr. Speaker The House Stands adjourned till 9.00 A.M. on Tuesday, the 28th March, 1995.

*5.15 P.M.

*(The Sabha then adjourned*till 9.00 A.M. on Tuesday, the 28th March, 1995)*

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA DEBATES

Dated 27th March, 1995

Vol. IX—No. 16

UNSTARRED/STARRED QUESTION AND ANSWER

ਸਟੈਨੋਗ੍ਰਾਫੀ ਕੋਰਸ ਲਈ ਦਾਖਲਾ

475. **ਸ਼੍ਰੀ ਰਾਜਿੰਦਰ ਕੁਮਾਰ** ਕੀ ਸਮਾਜਿਕ ਸੁਰੱਖਿਆ ਅਤੇ ਇਸਤਰੀਆਂ ਅਤੇ ਬਾਲ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਿਭਾਗ ਦੁਆਰਾ 1 ਅਗਸਤ, 1994 ਨੂੰ ਸ਼ੁਰੂ ਕੀਤੇ ਗਏ ਪੰਜਾਬੀ ਸਟੈਨੋਗ੍ਰਾਫੀ ਅਤੇ ਅੰਗਰੇਜ਼ੀ ਸਟੈਨੋਗ੍ਰਾਫੀ ਦੇ ਕੋਰਸਾਂ ਵਿਚ ਦਾਖਲੇ ਲਈ ਚੁਣੇ ਗਏ ਵਿਦਿਆਰਥੀਆਂ ਦੀ ਗਿਣਤੀ ਅਤੇ ਵੇਰਵੇ ਕੀ ਹਨ ;

(ਅ) 1 ਅਗਸਤ, 1994 ਤੋਂ ਫ਼ਰਵਰੀ, 1995 ਤੱਕ ਦੇ ਸਮੇਂ ਦੌਰਾਨ ਪ੍ਰਤੀ ਮਹੀਨਾ ਵਿਦਿਆਰਥੀ ਕਿੰਨਾ-ਕਿੰਨਾ ਸਟਾਈਪੈਂਡ ਦਿੱਤਾ ਗਿਆ ?

ਚੌਧਰੀ ਜਗਜੀਤ ਸਿੰਘ: (ੳ) ਪੰਜਾਬੀ ਸਟੈਨੋਗ੍ਰਾਫੀ ਸਿਖਿਆਰਥੀਆਂ ਦੀ ਗਿਣਤੀ = 37

ਅੰਗਰੇਜ਼ੀ ਸਟੈਨੋਗ੍ਰਾਫੀ ਸਿਖਿਆਰਥੀਆਂ ਦੀ ਗਿਣਤੀ = 25

(ਵੇਰਵੇ ਅਨੁਲੱਗ 'ੳ' ਵਿੱਚ ਦਰਸਾਏ ਗਏ ਹਨ)

(ਅ) ਮਿਤੀ 1 ਅਗਸਤ, 1994 ਤੋਂ ਫ਼ਰਵਰੀ, 1995 ਤੱਕ ਪ੍ਰਤੀ ਸਿਖਿਆਰਥੀ ਨੂੰ ਦਿੱਤੇ ਗਏ ਵਜ਼ੀਫੇ ਦੇ ਵੇਰਵੇ ਅਨੁਲੱਗ 'ਅ' ਤੇ ਦਰਸਾਏ ਗਏ ਹਨ ।

Original with;
Punjab Vidhan Sabha
Digitized by;
Punjab Digital Library

ਅਨੁਲੱਗ 'ਓ'

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਭਲਾਈ ਵਿਭਾਗ ਦੁਆਰਾ 1 ਅਗਸਤ, 1994 ਨੂੰ ਸ਼ੁਰੂ ਕੀਤੇ ਗਏ ਪੰਜਾਬੀ ਸਟੈਨੋਗਰਾਫੀ ਦੇ ਕੋਰਸ ਵਿੱਚ ਦਾਖਲੇ ਲਈ ਚੁਣੇ ਗਏ ਵਿਦਿਆਰਥੀਆਂ ਦੀ ਗਿਣਤੀ ।

ਪੰਜਾਬੀ ਸਟੈਨੋਗਰਾਫੀ

ਲੜੀ ਨੰ:	ਸਿਖਿਆਰਥੀ ਦਾ ਨਾਂ/ਪਿਤਾ ਦਾ ਨਾਂ
1.	ਦਰਸ਼ਨ ਸਿੰਘ/ਅਜੈਬ ਸਿੰਘ, ਪਿੰਡ ਬਰਸਾਲੂਪਰ, ਤਹਿਸੀਲ ਚਮਕੌਰ ਸਾਹਿਬ. ਜ਼ਿਲ੍ਹਾ ਰੋਪੜ ।
2.	ਰਾਜੇਸ ਕੁਮਾਰ/ਬਲਬੀਰ ਚੰਦ, ਮਾਰਫਤ ਸੁਲੇਮਾਨ ਦੀ ਚੱਕੀ, ਸੰਗਰੂਰ ਰੋਡ, ਨਾਭਾ, ਪਟਿਆਲਾ ।
3.	ਦਵਿੰਦਰ ਕੁਮਾਰ,/ਪਰਗਨ ਦਾਸ, ਪਿੰਡ ਈਸ਼ਾਪੁਰ ਮਖਸੂਲਪੁਰ, ਤਹਿ: ਗੜਸ਼ੰਕਰ, ਜ਼ਿਲ੍ਹਾ ਹੁਸਿਆਰਪੁਰ ।
4.	ਸੁਖਵੀਰ ਸਿੰਘ/ਗੁਰਦਿਆਲ ਸਿੰਘ, ਜੋਲਾ ਖੁਰਦ, ਡਾ. ਜੋਲਾ ਕਲਾਂ, ਤਹਿ:ਰਾਜਪੁਰਾ, ਪਟਿਆਲਾ ।
5.	ਕੁਲਵੀਰ ਕੌਰ/ਬਹਾਦਰ ਸਿੰਘ, ਪਿੰਡ ਦਤਿਆਲ ਛੇੜੀਆਂ, ਡਾ. ਕਥਲੇਰ, ਜ਼ਿਲ੍ਹਾ, ਗੁਰਦਾਸਪੁਰ ।
6.	ਭੁਵਨੇਸ਼ ਚੰਦਰ/ਲਛਮਣ ਦਾਸ, ਪਿੰਡ ਬਾਸੋਵਾਲ, ਡਾ. ਰੰਗੂਵਾਲ ।
7.	ਮੋਹਨ ਲਾਲ/ਮੋਤ ਰਾਮ ਪਿੰਡ ਮਥੋਪੁਰ, ਡਾਕਖਾਨਾ ਆਦਮਪੁਰ, ਤਹਿ ਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ।
8.	ਬਲਜੀਤ ਸਿੰਘ/.ਦਆਲ ਸਿੰਘ, ਪਿੰਡ ਮਦਨਹੇੜੀ, ਡਾ. ਚੋਲਟਾ ਖੁਰਦ, ਤਹਿ: ਖਰੜ, ਜ਼ਿਲ੍ਹਾ ਰੋਪੜ ।
9.	ਕੁਲਵਿੰਦਰ ਕੁਮਾਰ/ਬੁਜਾ ਰਾਮ, ਪਿੰਡ ਖਾੜੀਆਂ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ ।
10.	ਮਿੰਦਰਪਾਲ/ਭਾਗੂ ਰਾਮ, ਪਿੰਡ ਬਾੜੀਆਂ ਕਲਾਂ, ਜ਼ਿਲ੍ਹਾ ਹੁਸਿਆਰਪੁਰ ।
11.	ਬਲਵੰਤ ਸਿੰਘ/ਚੈਨ ਸਿੰਘ, ਪਿੰਡ ਟਾਹੜਾ, ਡਾ. ਜੰਡਵਾਲ, ਤਹਿਸੀਲ ਪਠਾਨਕੋਟ, ਜ਼ਿਲ੍ਹਾ ਹੁਸ਼ਿਆਰਪੁਰ ।
12.	ਰਾਜਿੰਦਰ ਸਿੰਘ/ਤਰਸੇਮ ਸਿੰਘ, ਮਕਾਨ ਨੰ 155, ਰਾਮਗੜੀਆ ਗਲੀ, ਜੀ. ਟੀ. ਰੋਡ, ਪਠਾਨਕੋਟ ।
13.	ਜਸਵਿੰਦਰ ਸਿੰਘ/ਬੇਲਾ ਰਾਮ, ਮੋਰਿੰਡਾ, ਤਹਿਸੀਲ ਤੇ ਜ਼ਿਲ੍ਹਾ ਰੋਪੜ ।
14.	ਅਸ਼ੋਕ ਕੁਮਾਰ/ਜਗਤ ਰਾਮ, ਇਬਰਾਹੀਮਪੁਰ, ਬਸਤੀ ਨੇੜੇ ਰੇਲਵੇ ਸਟੇਸ਼ਨ. ਨਵਾਂ ਸ਼ਹਿਰ, ਜਲੰਧਰ ।
15.	ਹਰਨੇਕ ਸਿੰਘ/ਕਰਨੈਲ ਸਿੰਘ, ਪਿੰਡ ਤੇ ਡਾਕਖਾਨਾ ਸਮਾਣਾ ਕਲਾਂ, ਤਹਿਸੀਲ ਤੇ ਜ਼ਿਲ੍ਹਾ ਰੋਪੜ ।
16.	ਜਗਤਾਰ ਸਿੰਘ/ਗੁਰਮੁੱਖ ਸਿੰਘ, ਪਿੰਡ ਲਖਨੌਰ, ਡਾਕਖਾਨਾ ਸਹੋੜ,ਾਂ ਤਹਿਸੀਲ ਖਰੜ, ਜ਼ਿਲ੍ਹਾ ਰੋਪੜ ।

Original with;
Punjab Vidhan Sabha
Digitized by;
Panjab Digital Library

ਲੜੀ ਨੰ.	ਸਿਖਿਆਰਥੀ ਦਾ ਨਾਂ/ਪਿਤਾ ਦਾ ਨਾਂ/ਪਤਾ
17.	ਹੀਰਾ ਲਾਲ/ਹਰਬੰਸ ਲਾਲ, ਪਿੰਡ ਫੈਜਪੁਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ।
18.	ਰਵਿੰਦਰ ਕੁਮਾਰ/ਰਾਮ ਦਾਸ, ਪਿੰਡ ਬਡਿਆਲ, ਡਾਕਖਾਨਾ ਹਸਨਪੁਰ ਲਝੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ।
19.	ਲਾਲ ਚੰਦ/ਲਛਮਣ ਦਾਸ, ਪਿੰਡ ਬਹਾਦਰਪੁਰ ਬਾਹੀਆਂ ਜ਼ਿਲ੍ਹਾ ਹੁਸ਼ਿਆਰਪੁਰ ।
20.	ਗੁਰਮੁਖ ਸਿੰਘ/ਕੇਹਰ ਸਿੰਘ, ਪਿੰਡ ਬੰਨ ਮਾਜਰਾ, ਡਾਕਖਾਨਾ ਕੁਰਾਲੀ, ਜ਼ਿਲ੍ਹਾ ਰੋਪੜ ।
21.	ਚੰਦ ਸਿੰਘ/ਗੁਰਦੇਵ ਸਿੰਘ, ਪਿੰਡ ਫਤਿਹਪੁਰ ਖੇੜੀ, ਤਹਿਸੀਲ ਤੇ ਜ਼ਿਲ੍ਹਾ ਰੋਪੜ ।
22.	ਕੁਲਵੰਤ ਸਿੰਘ/ਨੌਰੰਗ ਸਿੰਘ, ਪਿੰਡ ਖਮਾਣੋ ਕਮਲੀ, ਡਾ. ਖਮਾਣੋ ਕਲਾਂ, ਤਹਿਸੀਲ ਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ।
23.	ਜਗਦੀਸ਼ ਸਿੰਘ/ਗੁਰਨਾਮ ਸਿੰਘ, ਪਿੰਡ ਤੇ ਡਾਕਖਾਨਾ ਜੋਲੀ. ਤਹਿਸੀਲ ਰਾਜਪੁਰਾ, ਪਟਿਆਲਾ ।
24.	ਜਸਪਾਲ ਸਿੰਘ/ਮੁਨਸਾ ਸਿੰਘ, ਭਗਵੰਤਪੁਰਾ, ਤਹਿਸੀਲ ਤੇ ਜ਼ਿਲ੍ਹਾ ਰੋਪੜ ।
25.	ਸਤਿਨਾਮ ਸਿੰਘ/ਸ਼ਮੀਰ ਸਿੰਘ, ਪਿੰਡ ਬਾਸ਼ਮਾਂ, ਡਾਕਖਾਨਾ ਤੇਪਲਾ, ਤਹਿਸੀਲ ਰਾਜਪੁਰਾ, ਪਟਿਆਲਾ ।
26.	ਬਲਦੇਵ ਸਿੰਘ/ਅਜੀਤ ਸਿੰਘ, ਪਿੰਡ ਤੇ ਡਾਕਖਾਨਾ ਨਾਨੋਵਾਲ ਕਲਾਂ, ਤਹਿਸੀਲ ਖਮਾਣੋ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ।
27.	ਪੱਪੂ ਸਿੰਘ/ਦਿਆਲ ਸਿੰਘ, ਪਿੰਡ ਭੱਟਮਾਜਰਾ, ਡਾਕਖਾਨਾ ਸੈਦਪੁਰ, ਤਹਿਸੀਲ ਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ।
28.	ਟੋਡਰ ਮੱਲ/ਗੁਰਮੇਲ ਰਾਮ, ਪਿੰਡ ਤੇ ਡਾਕਖਾਨਾ ਕਮਾਮ, ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ ।
29.	ਰਮੇਸ਼ ਕੁਮਾਰ/ਸੀਤਲ ਰਾਮ, ਪਿੰਡ ਤੇ ਡਾਕਖਾਨਾ ਕਮਾਮ ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ ।
30.	ਬਲਵੀਰ ਕੌਰ/ਨਛੱਤਰ ਸਿੰਘ, ਪਿੰਡ ਤੇ ਡਾਕਖਾਨਾ ਜ਼ਰਖੜੀ, ਵਾਨੀਆਲ ਕਾਹੁਰਾ, ਤਹਿਸੀਲ ਪਾਇਲ, ਲੁਧਿਆਣਾ ।
31.	ਕਮਲਜੀਤ ਸਿੰਘ/ਹਰਭਜਨ, ਪਰੇਮ ਨਗਰ ਵਾ ਨੰਬਰ 1 ਹਰਦੋਛਨੀ ਰੋਡ, ਗੁਰਦਾਸਪੁਰ ।
32.	ਸੁਰਿੰਦਰ ਕੌਰ/ਜੰਗ ਸਿੰਘ, ਪਿੰਡ ਦਤਾਰਪੁਰ, ਤਹਿਸੀਲ ਤੇ ਜ਼ਿਲ੍ਹਾ ਰੋਪੜ ।
33.	ਗੱਜਣ ਸਿੰਘ/ਜੀਤ ਰਾਮ, ਭਾਗੋਮਾਜਰਾ, ਤਹਿਸੀਲ ਖਰੜ, ਜ਼ਿਲ੍ਹਾ ਰੋਪੜ ।
34.	ਮਜੂ ਕੁਮਾਰੀ/ਚੰਬੇਲ ਸਿੰਘ, ਪਿੰਡ ਲਾਲਰੂ ਜ਼ਿਲ੍ਹਾ ਪਟਿਆਲਾ ।
35.	ਜਸਵਿੰਦਰ ਕੌਰ/ਨਸੀਬ ਚੰਦ, ਮਾਣਕਪੁਰ, ਤਹਿਸੀਲ ਖਰੜ ਜ਼ਿਲ੍ਹਾ ਰੋਪੜ ।
36.	ਕਮਲੇਸ਼ ਕੁਮਾਰੀ/ਚੂੰਨੀ ਲਾਲ, ਪਿੰਡ ਤੇ ਡਾਕਖਾਨਾ ਮੁਹੰਮਦਪੁਰ ਕੀਰੇ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ।
37.	ਰੇਸ਼ਮ ਕੌਰ/ਸੀਤਲ ਸਿੰਘ, ਪਿੰਡ ਬ੍ਰਜੇਵਾਲ, ਤਹਿ. ਬਲਾਚੌਰ, ਜ਼ਿਲ੍ਹਾ ਹੁਸ਼ਿਆਰਪੁਰ ।

Original with;
Punjab Vidhan Sabha
Digitized by;
Panjab Digital Library

ਅਨੁਲੱਗ 'ਅ'

ਅਨੁਸੂਚਿਤ ਜਾਂਤੀਆਂ ਅਤੇ ਪਛੜੀਆਂ ਸ੍ਰੇਣੀਆਂ, ਭਲਾਈ ਵਿਭਾਗ, ਪੰਜਾਬ ਦੁਆਰਾ ਮਿਤੀ 1 ਅਗਸਤ, 1994 ਨੂੰ ਸ਼ੁਰੂ ਕੀਤੇ ਗਏ ਅੰਗਰੇਜ਼ੀ-ਸਟੈਨੋਗਰਾਫੀ ਦੇ ਕੋਰਸ ਵਿੱਚ ਦਾਖ਼ਲੇ ਲਈ ਚੁਣੇ ਗਏ ਵਿਦਿਆਰਥੀਆਂ ਦੀ ਗਿਣਤੀ ਅਤੇ ਵੇਰਵੇ ।

ਅੰਗਰੇਜ਼ੀ ਸਟੈਨੋਗਰਾਫੀ

ਲੜੀ ਨੰ:	ਸਿਖਿਆਰਥੀ ਦਾ ਨਾਂ/ਪਿਤਾ ਦਾ ਨਾਂ/ਪਤਾ
1.	ਰਕੇਸ਼ ਕੁਮਾਰ/ਕਰਨੈਲ ਸਿੰਘ, ਮਕਾਨ ਨੰ. 44, ਚਾਰ ਮੁਹੱਲਾ, ਕੁਆਟਰ ਨੰ: 11 ਮਾਡਲ ਟਾਊਨ, ਗੁਰਦਾਸਪੁਰ ।
2.	ਰਾਮ ਲਾਲ/ਮਿਲਖੀ ਰਾਮ, ਪਿੰਡ ਨੰਗਲ ਭੂਰੇ ਕਿਲਾ, ਤਹਿਸੀਲ ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ ।
3.	ਸੰਜੀਵ ਕੁਮਾਰ/ਹਰੀ ਰਾਮ, 94/5 ਸੈਕਟਰੀ ਮੁਹੱਲਾ, ਨੇੜੇ ਮਾਡਲ ਸਕੂਲ, ਗੁਰਦਾਸਪੁਰ ।
4.	ਅਸ਼ੋਕ ਕੁਮਾਰ/ਰੁਲੀਆ ਰਾਮ, ਮਾਰਫ਼ਤ ਕਰਨੈਲ ਸਿੰਘ, ਮਕਾਨ ਨੰ: 1180/ਏ, ਸੈਕਟਰ-35 ਬੀ, ਚੰਡੀਗੜ੍ਹ ।
5.	ਅਮਰਜੀਤ/ਹਰਬੰਸ ਲਾਲ, ਪਿੰਡ ਸੋਫੀਆਂ, ਡਾਕਖਾਨਾ ਬੋਹਾਰਾ, ਤਹਿਸੀਲ ਨਵਾਂ ਸ਼ਹਿਰ ਜ਼ਿਲ੍ਹਾ ਜਲੰਧਰ ।
6.	ਹਰਬੰਸ ਸਿੰਘ/ਹਜ਼ਾਰਾ ਸਿੰਘ, ਪਿੰਡ ਬੋਦਲ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ।
7.	ਸੋਮ ਨਾਥ/ਲੱਛਮਣ ਦਾਸ ਪਿੰਡ ਅਜਨਾਲੀ, ਡਾਕਖਾਨਾ ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ।
8.	ਦਵਿੰਦਰ ਸਿੰਘ/ਉਜਾਗਰ ਸਿੰਘ, ਪਿੰਡ ਤੇ ਡਾਕਖਾਨਾ ਪੂਤਕਲਾਂ, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ।
9.	ਜਸਪਾਲ ਸਿੰਘ/ਗੁਰਨਾਮ ਸਿੰਘ, ਪਿੰਡ ਜੋਲੀ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ ।
10.	ਨੈਬ ਸਿੰਘ/ਗੁਲਜ਼ਾਰ ਸਿੰਘ, ਪਿੰਡ ਤੇ ਡਾਕਖਾਨਾ ਦਾਦੂ ਮਾਜਰਾ, ਤਹਿਸੀਲ ਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ।
11.	ਬਿਮਲਾ ਦੇਵੀ/ਹੰਸ ਰਾਜ, ਪਿੰਡ ਦਾਖਲਾ, ਡਾ: ਚੋਰ ਸਿੱਧਵਾਂ, ਜ਼ਿਲ੍ਹਾ ਗੁਰਦਾਸਪੁਰ ।

Original with;
Punjab Vidhan Sabha
Digitized by;
Panjab Digital Library

ਲੜੀ ਨੰ	ਸਿਖਿਆਰਥੀ ਦਾ ਨਾਂ/ਪਿਤਾ ਦਾ ਨਾਂ/ਪਤਾ

12. ਕਿਸ਼ੋਰ ਚੰਦ/ਰਮੇਸ਼ ਲਾਲ, ਪਿੰਡ ਬਰਸਾ, ਤਹਿਸੀਲ ਹਾਜੂਹਾ, ਜ਼ਿਲ੍ਹਾ ਹੁਸ਼ਿਆਰਪੁਰ ।

13. ਰਾਮਸਰਨ ਦਾਸ/ਜੀਤ ਰਾਮ, ਪਿੰਡ ਬਗਰਾਵਲੀ, ਡਾਕ: ਭੱਟਨੂਰਾ, ਜ਼ਿਲ੍ਹਾ ਜਲੰਧਰ ।

14. ਰਣਜੀਤ ਕੁਮਾਰ/ਚੇਧ ਰਾਮ, ਪਿੰਡ ਕੋਟ ਕਪੂਰਾ, ਫਰੀਦਕੋਟ ।

15. ਹਜਿੰਦਰ ਕੁਮਾਰ/ਹਰੀ ਚੰਦਰ ਪਿੰਡ ਤਾਰਾ ਧਰਮਕੋਟ ਬੱਗਾ, ਤਹਿਸੀਲ ਬਟਾਲਾ, ਗੁਰਦਾਸਪੁਰ ।

16. ਸੁਰਿੰਦਰਪਾਲ/ਗੁਰਮੀਤ ਰਾਮ, ਪਿੰਡ ਤੇ ਡਾਕਖਾਨਾ ਕੋਟ ਗਰੇਵਾਲ, ਤਹਿਸੀਲ, ਫਿਲੌਰ, ਜ਼ਿਲ੍ਹਾ ਜਲੰਧਰ ।

17. ਅਨਿਲ ਕੁਮਾਰ/ਕਿਰਪਾਲ ਸਿੰਘ, ਪਿੰਡ ਸ਼ੇਰਪੁਰ, ਡਾਕਖਾਨਾ ਸੰਦਰਚੱਕ, ਤਹਿਸੀਲ ਪਠਾਨਕੋਟ, ਗੁਰਦਾਸਪੁਰ ।

18. ਰਣਜੀਤ ਕੁਮਾਰ/ਬਚਨ ਸਿੰਘ, ਪਿੰਡ ਚਰਿਆਹੀ ਡਾਕਖਾਨਾ ਰੋਲਾਂਗ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ।

19. ਜਗਤਾਰ ਸਿੰਘ/ਜਗੀਰ ਸਿੰਘ, ਪਿੰਡ ਘਨੌਰ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ।

20. ਸੰਤੋਖ/ਰਾਮ ਕਿਸ਼ਨ, ਪਿੰਡ ਮਹਿਦਮਪਰ, ਡਾਕ: ਆਮਦਪੁਰ, ਜ਼ਿਲ੍ਹਾ ਜਲੰਧਰ ।

21. ਅਵਤਾਰ ਸਿੰਘ/ਗੰਗਾ ਦਾਸ, ਪਿੰਡ ਤੇ ਡਾਕਖਾਨਾ ਕਮਾਨ, ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ ।

22. ਜਸਵੰਤ ਸਿੰਘ/ਗੁਰਚਰਨ ਸਿੰਘ, ਪਿੰਡ ਤੇ ਡਾਕਖਾਨਾ ਖਮਾਣੋ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ।

23. ਬਲਕਾਰ ਸਿੰਘ/ਦਲੀਪ ਸਿੰਘ ਪਿੰਡ ਬਾਗੋਵਾਲ, ਡਾਕਖਾਨਾ ਝੰਗੂਵਾਲ, ਤਹਿਸੀਲ ਅਨੰਦਪੁਰ ਸਾਹਿਬ, ਰੋਪੜ ।

24. ਗਿਆਨ ਚੰਦ/ਮਾਣਕ ਚੰਦ, ਸ਼ਹੀਦ ਭਗਤ ਸਿੰਘ ਨਗਰ, ਨੰਗਲ ਟਾਊਨਸ਼ਿਪ,, ਰੋਪੜ ।

25. ਤਰਸੇਮ ਲਾਲ/ ਚੁੰਨੀ ਲਾਲ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:

ਮਿਤੀ 1 ਅਗਸਤ, 1994 ਤੋਂ ਫਰਵਰੀ, 1995 ਤੱਕ ਦੇ ਸਮੇਂ ਦੌਰਾਨ ਪ੍ਰਤੀ ਮਹੀਨਾ, ਪ੍ਰਤੀ ਵਿਦਿਆਰਥੀ ਦਿਤੇ ਗਏ ਵਜੀਫੇ ਦਾ ਵੇਰਵਾ

ਲੜੀ ਨੰ:	ਸਿਖਿਆਰਥੀ ਦਾ ਨਾਂ/ਪਿਤਾ ਦਾ ਨਾਂ	ਅਗਸਤ	ਸਤੰਬਰ	ਅਕਤੂਬਰ	ਨਵੰਬਰ	ਦਸੰਬਰ	ਜਨਵਰੀ	ਫ਼ਰਵਰੀ	ਕੁੱਲ
1	2	3	4	5	6	7	8	9	10
1.	ਦਰਸ਼ਨ ਸਿੰਘ/ਅਜੈਬ ਸਿੰਘ	290/-	483/-	282/-	500/-	500/-	500/-	464/-	3,019/-
2.	ਰਾਜੇਸ਼ ਕੁਮਾਰ/ਬਲਵੀਰ ਚੰਦ	258/-	475/-	250/-	433/-	460/-	468/-	464/-	2,808/-
3.	ਦਵਿੰਦਰ ਕੁਮਾਰ/ਪਰਗਨ ਦਾਸ	210/-	500/-	298/-	475/-	492/-	500/-	482/-	2957/-
4.	ਸੁਖਵੀਰ ਸਿੰਘ/ਗੁਰਦਿਆਲ ਸਿੰਘ	210/-	500/-	298/-	492/-	500/-	492/-	500/-	2992/-
5.	ਕੁਲਵੀਰ ਕੌਰ/ਬਹਾਦਰ ਸਿੰਘ	161/-	483/-	298/-	500/-	484/-	435/-	464/-	2825/-
6.	ਭੁਵਨੇਸ਼ ਚੰਦਰ/ਲਛਮਣ ਦਾਸ	161 -	500/-	289/-	500/-	500/-	484/-	500/-	2,943/-
7.	ਮੋਹਨ ਲਾਲ/ਜੋਤ ਰਾਮ	129/-	483/-	298/-	458/-	452/-	468/-	446/-	2,718/-
8.	ਬਲਜੀਤ ਸਿੰਘ/ਦਿਆਲ ਸਿੰਘ	129/-	500/-	298/-	500/-	476/-	468/-	500/-	2871/-
9.	ਕੁਲਵਿੰਦਰ ਕੁਮਾਰ/ਬੂਜਾ ਰਾਮ	129/-	483/-	298/-	483/-	452/-	452/-	500/-	2,797/-
10.	ਮਿੰਦਰ ਪਾਲ/ਭਾਗੂ ਰਾਮ	113/-	500/-	298/-	383/-	435/-	500/-	500/-	2,729/-
11.	ਬਲਵੰਤ ਸਿੰਘ/ਚੈਨ ਸਿੰਘ	129/-	500/-	298/-	450/-	500/-	500/-	500/-	2,077/-

Original with:
Punjab Vidhan Sabha
Digitized by:
Paniab Digital Library

12.	ਰਾਜਿੰਦਰ ਸਿੰਘ/ਤਰਸੇਮ ਸਿੰਘ	..	194/-	500/-	298/-	467/-	484/-	500/-	455/-	2,898/-
13.	ਜਸਵਿੰਦਰ ਸਿੰਘ/ਬੇਲਾ ਰਾਮ	..	016/-	417/-	—	—	—	—	—	433/-
14.	ਅਸ਼ੋਕ ਕੁਮਾਰ/ਜਗਤ ਰਾਮ	..	129/-	475/-	282/-	417/-	444/-	484/-	482/-	2,713/-
15.	ਹਰਨੇਕ ਸਿੰਘ/ਕਰਨੈਲ ਸਿੰਘ	..	129/-	403/-	282/-	475/-	500/-	468/-	464/-	2,801/-
16.	ਜਗਤਾਰ ਸਿੰਘ/ਗੁਰਮੁੱਖ ਸਿੰਘ	..	116/-	467/-	298/-	392/-	427/-	452/-	500/-	2652/-
17.	ਹੀਰਾ ਲਾਲ/ਹਰਖ਼ਸ ਲਾਲ	..	—	383/-	298/-	475/-	492/-	484/-	491/-	2,623/-
18.	ਦੇਵਿੰਦਰ ਕੁਮਾਰ/ਰਾਮ ਦਾਸ	..	—	250/-	282/-	—	—	—	—	0532/-
19.	ਲਾਲ ਚੰਦ/ਲਛਮਣ ਦਾਸ	..	—	250/-	290/-	407/-	500/-	500/-	500/-	2,507/-
20.	ਗੁਰਮੁਖ ਸਿੰਘ/ਕੇਹਰ ਸਿੰਘ	..	129/-	500/-	290/-	433/-	419/-	492/-	500/-	2,763/-
21.	ਚੰਦ ਸਿੰਘ/ਗੁਰਦੇਵ ਸਿੰਘ	..	113/-	500/-	298/-	450/-	484/-	468/-	482/-	2,795/-
22.	ਕੁਲਵੰਤ ਸਿੰਘ/ਨਾਰੰਗ ਸਿੰਘ	..	129/-	500/-	290/-	485/-	500/-	484/-	402/-	2,868/-
23.	ਜਗਦੀਸ਼ ਸਿੰਘ/ਗੁਰਨਾਮ ਸਿੰਘ	..	129/-	483/-	298/-	500/-	500/-	460/-	500/-	2,870/-
24.	ਜਸਪਾਲ ਸਿੰਘ/ਮਨਸ਼ਾ ਸਿੰਘ	..	097/-	500/-	250/-	367/-	468/-	484/-	464/-	2 630/-
25.	ਸਤਨਾਮ ਸਿੰਘ/ਸ਼ਮੀਰ ਸਿੰਘ	..	113/-	500/-	298/-	467/-	500/-	460/-	482/-	2,820/-
26.	ਬਲਦੇਵ ਸਿੰਘ/ਅਜੀਤ ਸਿੰਘ	..	129/-	500/-	290/-	500/-	500/-	460/-	482/-	2,861/-

Original with: Punjab Vidhan Sabha
Digitized by: Punjab Digital Library

ਮਿਤੀ 1 ਅਗਸਤ, 1994 ਤੋਂ ਫ਼ਰਵਰੀ, 1995 ਤੱਕ ਦੇ ਸਮੇਂ ਦੌਰਾਨ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ ਦਿੱਤੇ ਗਏ ਵਜ਼ੀਫੇ ਦਾ ਵੇਰਵਾ

ਲੜੀ ਨੰ:	ਸਿਖਿਆਰਥੀ ਦਾ ਨਾਂ/ਪਿਤਾ ਦਾ ਨਾਂ	ਅਗਸਤ	ਸਤੰਬਰ	ਅਕਤੂਬਰ	ਨਵੰਬਰ	ਦਸੰਬਰ	ਜਨਵਰੀ	ਫ਼ਰਵਰੀ	ਕੁੱਲ
1	2	3	4	5	6	7	8	9	10
27,	ਪੱਪੂ ਸਿੰਘ/ਦਿਆਲ ਸਿੰਘ	097/-	483/-	282/-	383/-	—	—	—	1,245/-
28.	ਟੋਡਰ ਮੱਲ/ਗੁਰਮੇਲ ਰਾਮ	081/-	500/-	266/-	500/-	468/-	492/-	500/-	2,807/-
29.	ਰਮੇਸ਼ ਕੁਮਾਰ/ਸੀਤਲ ਰਾਮ	081/-	500/-	274/-	450/-	500/-	500/-	482/-	2,787/-
30.	ਕਮਲਜੀਤ ਕੌਰ/ਹਰਭਜਨ	032/-	467/-	282/-	483/-	500/-	468/-	482/-	2,714/-
31.	ਬਲਵੀਰ ਕੌਰ/ਨਛੱਤਰ ਸਿੰਘ	—	500/-	282/-	500/-	500/-	500/-	473/-	2,755/-
32.	ਸੁਰਿੰਦਰ ਕੌਰ/ਜੰਗ ਸਿੰਘ	—	467/-	298/-	500/-	500/-	500/-	482/-	2,747/-
33.	ਗੱਜਨ ਸਿੰਘ/ਜੀਤ ਰਾਮ	—	500/-	298/-	500/-	452/-	484/-	500/-	2,734/-
34.	ਮੰਜ ਕੁਮਾਰੀ/ਚਮਬੇਲ ਸਿੰਘ	—	400/-	298/-	500/-	500/-	484/-	446/-	2,628/-
35.	ਜਸਵਿੰਦਰ ਸਿੰਘ/ਨਸੀਬ ਚੰਦ	—	317/-	282/-	500/-	500/-	500/-	500/-	2,599/-
36.	ਕਮਲੇਸ਼ ਕੁਮਾਰੀ/ਚੁੰਨੀ ਲਾਲ	—	308/-	298/-	500/-	500/-	468/-	500/-	2,574/-
37.	ਰੇਸ਼ਮ ਕੌਰ/ਸੀਤਲ ਸਿੰਘ	—	300/-	288/-	467/-	484/-	500/-	500/-	2,533/-
38.	ਰਕੇਸ਼ ਕੁਮਾਰ/ਕਰਨੈਲ ਸਿੰਘ	226/-	500/-	298/-	500/-	492/-	500/-	500/-	3,018/-

Original with:
Punjab Vidhan Sabha
Digitized by:
Panjab Digital Library

39.	ਰਾਮ ਲਾਲ/ਮਿਲਖੀਰਾਮ	161/-	500/-	298/-	500/-	500/-	500/-	500/-	2,574/-
40.	ਸੰਜੀਵ ਕੁਮਾਰ/ਹਰੀ ਰਾਮ	081/-	500/-	226/-	442/-	484/-	480/-	500/-	2,693/-
41.	ਅਸ਼ੋਕ ਕੁਮਾਰ/ਰੁਲੀਆ ਰਾਮ	145/-	500/-	282/-	425/-	476/-	—	—	1,228/-
42.	ਅਮਰਜੀਤ/ਹਰਬੰਸ ਲਾਲ	161/-	500/-	282/-	500/-	500/-	500/-	464/-	2960/-
43.	ਹਰਬੰਸ ਸਿੰਘ/ਹਜ਼ਾਰਾ ਸਿੰਘ	129/-	500/-	290/-	217/-	500/-	484/-	464/-	2580/-
44.	ਸੋਮ ਨਾਥ/ਲਛਮਣ ਦਾਸ	113/-	483/-	282/-	317/-	411/-	468/-	411/-	2,480/-
45.	ਦਵਿੰਦਰ ਸਿੰਘ/ਉਜਾਗਰ ਸਿੰਘ	129/-	500/-	258/-	492/-	484/-	492/-	446/-	2,801/-
46.	ਜਸਪਾਲ ਸਿੰਘ/ਗੁਰਨਾਮ ਸਿੰਘ	113/-	475/-	298/-	500/-	500/-	484/-	402/-	2850/-
47.	ਨੈਬ ਸਿੰਘ/ਗੁਲਜਾਰ ਸਿੰਘ	032/-	500/-	411/-	500/-	492/-	500/-	482/-	2918/-
48.	ਬਿਮਲਾ ਦੇਵੀ/ਹੰਸ ਰਾਜ	016/-	500/-	290/-	492/-	484/-	500/-	464/-	2380/-
49.	ਕਿਸ਼ੋਰ ਚੰਦ/ਰਮੇਸ਼ ਲਾਲ	016/-	467/-	218/-	482/-	484/-	452/-	464/-	2583/-
50.	ਰਾਮਸ਼ਰਨ ਦਾਸ/ਜੀਤ ਰਾਮ	—	400/-	250/-	500/-	500/-	500/-	446/-	2,596/-
51.	ਰਣਜੀਤ ਕੁਮਾਰ/ਦਾਉਂਦ ਰਾਮ	—	317/-	282/-	500/-	435/-	419/-	482/-	2,435/-
52.	ਰਜਿੰਦਰ ਕੁਮਾਰ/ਹਰੀ ਚੰਦ	—	300/-	250/-	483/-	500/-	484/-	464/-	2,481/-
53.	ਸੁਰਿੰਦਰਪਾਲ/ਗੁਰਮੀਤ ਰਾਮ	—	208/-	290/-	467/-	468/-	484/-	482/-	2,399/-
54.	ਅਨਿੱਲ ਕੁਮਾਰ/ਕਿਰਪਾਲ ਸਿੰਘ	—	267/-	202/-	383/-	306/-	492/-	482/-	2,132/-

Original with:
Punjab Vidhan Sabha
Digitized by:

ਮਿਤੀ 1 ਅਗਸਤ, 1994 ਤੋਂ ਫ਼ਰਵਰੀ, 1995 ਤੱਕ ਦੇ ਸਮੇਂ ਦੌਰਾਨ ਪ੍ਰਤੀ ਮਹੀਨਾ, ਪ੍ਰਤੀ ਵਿਦਿਆਰਥੀ ਦਿੱਤੇ ਗਏ ਵਜ਼ੀਫੇ ਦਾ ਵੇਰਵਾ

ਲੜੀ ਨੰ:	ਸਿਖਿਆਰਥੀ ਦਾ ਨਾਂ/ਪਿਤਾ ਦਾ ਨਾਂ	ਅਗਸਤ	ਸਤੰਬਰ	ਅਕਤੂਬਰ	ਨਵੰਬਰ	ਦਸੰਬਰ	ਜਨਵਰੀ	ਫ਼ਰਵਰੀ	ਕੁੱਲ
1	2	3	4	5	6	7	8	9	10
55.	ਰਣਜੀਤ ਕੁਮਾਰ/ਬਚਨ ਸਿੰਘ	—	267/-	226/-	450/-	484/-	468/-	437/-	2,332/-
56.	ਜਗਤਾਰ ਸਿੰਘ/ਜਗੀਰ ਸਿੰਘ	—	267/-	234/-	425/-	427/-	436/-	429/-	2,217/-
57.	ਸ਼ਤੋਖ/ਰਾਮ ਕਿਸ਼ਨ	—	267/-	153/-	—	—	—	—	420/-
58.	ਅਵਤਾਰ ਸਿੰਘ/ਗੰਗਾ ਦਾਸ	—	267/-	298/-	450/-	500/-	484/-	491/-	2,490/-
59.	ਜਸਵੰਤ ਸਿੰਘ/ਗੁਰਚਰਨ ਸਿੰਘ	—	233/-	218/-	458/-	468/-	484/-	437/-	2,298/-
60.	ਬਲਕਾਸ ਸਿੰਘ/ਦਲੀਪ ਸਿੰਘ	—	233/-	298/-	—	—	—	—	531/-
61.	ਗਿਆਨ ਚੰਦ/ਮਾਣਕ ਚੰਦ	—	117/-	266/-	450/-	468/-	452/-	411/-	2,164/-
62.	ਤਰਸੇਮ ਲਾਲ/ਚੂੰਨੀ ਲਾਲ	—	142/-	298/-	500/-	484/-	500/-	464/-	2,388/-

ਜਵਾਹਰ ਰੋਜ਼ਗਾਰ ਯੋਜਨਾ ਅਧੀਨ ਗਰਾਂਟਾਂ

*2630. ਕਾਮਰੇਡ ਕੁਲਦੀਪ ਸਿੰਘ ਧੀਮਾਨ: ਕੀ ਮੁਖ ਮੰਤਰੀ ਦਸਣ ਦੀ ਖੇਚਲ ਕਰਨਗੇ: —

(ੳ) ਜਵਾਹਰ ਰੋਜ਼ਗਾਰ ਯੋਜਨਾ ਅਧੀਨ 1991 ਤੋਂ ਸਾਲ-ਵਾਰ ਗ੍ਰਾਂਟ ਦਾ ਵੇਰਵਾ ਜੋ ਕਿ ਰਾਜ ਸਰਕਾਰ ਨੇ ਭਾਰਤ ਸਰਕਾਰ ਪਾਸੋਂ ਪ੍ਰਾਪਤ ਕੀਤੀਆਂ;

(ਅ) ਮਿਤੀਆਂ ਜਿੰਨ੍ਹਾਂ ਨੂੰ ਇਹ ਗ੍ਰਾਂਟਾਂ ਜ਼ਿਲ੍ਹਿਆਂ ਵਿਚ ਵੰਡੀਆਂ ਗਈਆਂ ਅਤੇ

(ੲ) ਕੀ ਸਰਕਾਰ ਨੂੰ ਇਸ ਗ੍ਰਾਂਟਾਂ ਦੀ ਦੁਰਵਰਤੋਂ ਸਬੰਧੀ ਕੋਈ ਸ਼ਿਕਾਇਤਾਂ ਮਿਲੀਆਂ ਹਨ ਜੇ ਹਾਂ ਤਾਂ ਉਸ ਤੇ ਕੀਤੀ ਗਈ ਕਾਰਵਾਈ ਦਾ ਵੇਰਵਾ ?

ਸ੍ਰੀਮਤੀ ਹਰਚਰਨ ਸਿੰਘ ਬਰਾੜ: (ੳ) ਅਤੇ (ਅ) ਜਵਾਹਰ ਰੋਜ਼ਗਾਰ ਯੋਜਨਾ ਅਧੀਨ ਭਾਰਤ ਸਰਕਾਰ ਪਾਸੋਂ ਪ੍ਰਾਪਤ ਹੋਈਆਂ ਗ੍ਰਾਂਟਾਂ ਦਾ ਸਾਲ 1991 ਤੋਂ ਸਾਲਵਾਰ ਵੇਰਵਾ ਅਤੇ ਮਿਤੀਆਂ ਜਦੋਂ ਗ੍ਰਾਂਟਾਂ ਜ਼ਿਲ੍ਹਿਆਂ ਨੂੰ ਵੰਡੀਆਂ ਗਈਆਂ ਹੇਠ ਲਿਖੇ ਅਨੁਸਾਰ ਹੈ: —

ਸਾਲ	ਰਕਮ (ਲੱਖਾਂ ਵਿੱਚ)	ਮਿਤੀ ਜਦੋਂ ਰਾਜ ਸਰਕਾਰ ਵਲੋਂ ਜ਼ਿਲ੍ਹਿਆਂ ਨੂੰ ਗ੍ਰਾਂਟ ਵੰਡੀ ਗਈ ।
1	2	3
1991-92	175.86	22-7-1991
	299.43	09-9-1991
	635.35	25-11-1991
	273.78	26-3-1992
	1314.42	
1995-93	618.63	22-5-1992
	464.53	10-2-1993
	1083.16	

Original with;
Punjab Vidhan Sabha
Digitized by;
Panjab Digital Library

1993-94	222.87	23-4-1993
	55.72	28-4-1993
	309.37	05-5-1993
	309.32	52-12-1993
	897.23	
1994-95	637.99	ਭਾਰਤ ਸਰਕਾਰ ਵਲੋਂ ਸਿੱਧੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਰਲੀਜ਼ ਕੀਤੀ ਗਈ।
	41.72	—ਉਹੀ—
	339.78	—ਉਹੀ—
	221.59	—ਉਹੀ—
	8.30	—ਉਹੀ—
	1249.38	

(ਏ) ਸਕੀਮ ਅਧੀਨ ਫੰਡਾਂ ਦੀ ਦੁਰਵਰਤੋਂ ਦਾ ਪਤਾ ਲੱਗਣ ਤੇ ਡਿਪਟੀ ਕਮਿਸ਼ਨਰ ਕੰਮ ਪ੍ਰਬੰਧਕ, ਜ਼ਿਲ੍ਹਾ ਪ੍ਰੀਸ਼ਦ, ਗੁਰਦਾਸਪੁਰ ਵਲੋਂ ਪੁਲਿਸ ਸਟੇਸ਼ਨ ਸਿਟੀ, ਗੁਰਦਾਸਪੁਰ ਵਿੱਚ ਐਫ. ਆਈ. ਆਰ. ਸਕੱਤਰ, ਲੇਖਾਕਾਰ ਅਤੇ ਸਬੰਧਤ ਕਲੈਰਕ ਜ਼ਿਲ੍ਹਾ ਪ੍ਰੀਸ਼ਦ, ਗੁਰਦਾਸਪੁਰ ਵਿਰੁੱਧ ਦਰਜ ਕਰਵਾਈ ਗਈ। ਇਹ ਕੇਸ ਖੜਤਾਲ (ਇਨਵੈਸਟੀਗੇਸ਼ਨ) ਅਧੀਨ ਹੈ। ਇਸ ਤੋਂ ਇਲਾਵਾ ਮੁੱਖ ਦਫਤਰ ਵਿਖੇ ਵੀ ਇਕ ਸ਼ਕਾਇਤ ਪ੍ਰਾਪਤ ਹੋਈ ਹੈ ਅਤੇ ਉਸ ਦੀ ਪੜਤਾਲ ਚੱਲ ਰਹੀ ਹੈ।

1531 —18-9-95 —395 —ਪੰਜਾਬ ਸਰਕਾਰ ਪ੍ਰੈਸ, ਪਟਿਆਲਾ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1995

Published under the authority of the Punjab Vidhan Sabha and printed by the Controller, Printing and Stationery, Punjab at the Govt. Press, Patiala.

Original with;
Punjab Vidhan Sabha
Digitized by;
Panjab Digital Library

PUNJAB VIDHAN SABHA

DEBATES

28th March, 1995

(Morning Sitting)

Vol. IX-No. 17

OFFICIAL REPORT

CONTENTS

Tuesday, the 28th March, 1995

(Morning Sitting)

	PAGE
Postponed Starred Questions and Answers	(17)1
Starred Questions and Answers	(17)30
Written Answers to Starred Questions laid on the Table of the House under Rule 38	(17)41
Unstarred Questions and Answers	(17)57
Discussion and Voting on Demands for Grants relating to the Budget Estimates for the year 1995-96	(17)64
Walk-out(s)	(17)65
Discussion and Voting on Demands for Grants relating to the Budget Estimates for the years 1995-96 (*Resumption*)	(17)66
Extension of time of the sitting	(17)125
Discussion and Voting on Demands for Grants relating to the Budget Estimates for the year 1995-96 (*Resumption*)	(17)126

Punjab Vidhan Sabha Secretariat, Chandigarh.

Price: Rs.....

Original with;
Punjab Vidhan Sabha
Digitized by;
Punjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Tuesday, the 28th March, 1995

(Morning Sitting)

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9.00 A.M. Mr. Speaker (Shri Harnam Das Johar) in the Chair.

POSTPONED STARRED QUESTIONS AND ANSWERS

ਸਪੈਸ਼ਲ ਕੰਪੋਨੈਂਟ ਪਲੈਨ ਲਈ ਫੰਡਾਂ ਦੀ ਵੰਡ

*2403. ਸਰਦਾਰ ਜੋਗਿੰਦਰ ਸਿੰਘ ਮਾਨ : ਕੀ ਸਮਾਜਿਕ ਸੁਰੱਖਿਆ ਅਤੇ ਇਸਤਰੀਆਂ ਅਤੇ ਬੱਚਿਆਂ ਦੇ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਸਾਲ 1994-95 ਲਈ ਸਪੈਸ਼ਲ ਕੰਪੋਨੈਂਟ ਸਕੀਮ ਅਧੀਨ ਕੁੱਲ ਕਿੰਨੀ ਰਕਮ ਦੇ ਫੰਡ ਅਲਾਟ ਕੀਤੇ ਗਏ ਅਤੇ ਇਸ ਅਧੀਨ ਕਿਹੜੀਆਂ-ਕਿਹੜੀਆਂ ਸਕੀਮਾਂ ਆਉਂਦੀਆਂ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਫੰਡਾਂ ਵਿੱਚੋਂ ਜ਼ਿਲ੍ਹਾਵਾਰ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਕਿਹੜੇ ਮੰਤਵਾਂ ਲਈ ਅਤੇ ਉਕਤ ਪਲੈਨ ਹੇਠ 31 ਦਸੰਬਰ, 1994 ਤੱਕ ਆਉਂਦੇ ਲਾਭਪਾਤਰਾਂ ਦੇ ਨਾਂ ਅਤੇ ਪਤੇ ਕੀ ਕੀ ਹਨ ;

(ੲ) ਕੀ ਲਾਭਪਾਤਰਾਂ ਨੂੰ ਦਿਤੀ ਗਈ ਰਕਮ ਉਸ ਮੰਤਵ ਲਈ ਵਰਤ ਲਈ ਗਈ ਹੈ ਜਿਸ ਲਈ ਇਹ ਦਿੱਤੀ ਗਈ ਸੀ ਅਤੇ ਕੀ ਸਬੰਧਤ ਲਾਭਪਾਤਰਾਂ ਤੋਂ ਵਰਤੋਂ ਸਬੰਧੀ ਸਰਟੀਫਿਕੇਟ ਪ੍ਰਾਪਤ ਹੋ ਗਏ ਹਨ ?

Chaudhary Jagjit Singh: Yes, Sir.

(a) Rs. 200.07 Crores.

Schemewise list is at Annexure 'A'.

(b) and (c) Information is being collected.

ANNEXURE 'A'

Special Component Plan 1994-95

Sr. No.	Major/Minor head of Development	Outlay low to S.C.P.
1	2	3
		Amount (in lacs)
1	**Agriculture & Allied Activities**	
	Crop Husbandry	.. 46.00

Original with;
Punjab Vidhan Sabha
Digitized by:
Panjab Digital Library

[Minister of State for Social Security and Development of Women and Children]

1	2		3
	Soil Conservation	..	51.50
	Animal Husbandry	..	261.50
	Dairy Development	..	26.50
	Fisheries	..	10.00
	Forestry & Wild Life	..	10.00
	Cooperation	..	56.40
2.	Rural Development	..	2110.74
3.	Industries and Minerals	..	53.50
4.	Energy	..	477.00
5.	**General Economic Services**		
	District Planning	..	2250.00
6.	**Social Services**		
	General Education	..	1238.65
	Technical Education	..	483.25
	Sports and Youth Services	..	155.09
	Medical & Public Health	..	375.41
	Water Supply & Sanitation	..	2457.92
	Urban Development	..	318.00
	Housing (including Police Housing)	..	50.00
	Information & Publicity	..	5.75
	Welfare of SCs./BCs.	..	7676.06
	Lobour & Labour Welfare	..	197.79
	Social Welfare	..	1553.53
	Nutrition	..	140.00
	Secretariat Economic Services	..	13.00
	Total	..	20007.59

Punjab State Special Component Plan 1994-95

Sr. No.	Name of the Scheme	Outlay Flow to S.C.P.
1	2	3
		(Rs. in lacs)
	Agriculture & Horticulture	
1.	A(p) 7.4(ii) study tour of farmers	1.00

Original with;
Punjab Vidhan Sabha
Digitized by;
Punjab Digital Library

1	2	3
	A (P) 15.2 "Bee Keeping" ..	40.00
	A (P) 14.3 Dev. of Horticulture in the State including Dev. of Horticulture in Border areas for rehabilitation of misguided youths.	1.00
	CS 39 Estt. of Nutritional garden in Rural area. ..	2.00
	CS 34 Production of fruits and Vegitables. ..	2.00
	..	Total 46.00
	Soil Conservation	
1.	SC(A) 3.1 Soil & Water Conservation on water sheds basis in Kandi Non-projects areas. ..	24.50
2.	SC(A) 3.2 Soil and Water Conservation programme in other areas of the state. ..	27.00
	Total ..	51.50
	Animal Husbandry	
1.	AH 3.7 Foot & Mouth diseases control programme prophyliatic vaccination in Cattle and buffaloes against FMD. ..	15.00
2.	AH 9.4 Production & Distribution of quality fooder seeds providing technical services in the field. ..	7.00
3.	AH 3.1 Opening of new vety. dispensaries/ hospitals & strengthening of existing ones & upgradation of vety. dispensaries/units into regular Vety. hospitals (committed) ..	50.00
4.	AH 3.1 providing efficient Vety. Services Opening of new modern vety. hospitals settidg up of private vety. clinics and upgradation of existing vety. dispensaries into vety. hospitals (Distt. level) ..	62.50
5.	AH 4.11(I) Extn. of Frozen semen facilities production & supply of bulls/herd book registration of elitemilch animals. ..	12.00

Original with;
Punjab Vidhan Sabha
Digitized by;
Panjab Digital Library

[Minister of State for Social Security and Development of Women and Children]

1	2	3
6.	AH 3.3 Estt. of State Animal Health Institue disease diognosis/production of vaccine against newly emerging live stock poultry disease and setting up of Mobile Animal Health Care Units at Distt. and Sub-Divisional level.	.. 42.00
7.	AH 4.3 Modernisation & expansion of existing Semen Banks-cum-bull stations.	.. 73.00
	Total	.. 261.50
	Dairy Development	
1.	DM 2.1 Training infrastructure in dairing for rural un-employed youths for commercialised milk production	.. 20.00
2.	DM 3.1 Scheme for Extension, Trg. and eduction in improved methods of dairying to milk producers.	.. 6.50
	Total	.. 26.50
	Fisheries.	
1.	FH 2.7 Assistance to Fish farmers Dev. agencies in the state.	. 10.00
	Cooperation.	
1.	CN 9.1 Assistance to Punjab Cooperative Union for education, Trg. & Publicity.	.. 6.40
2.	HG 5.1 Share Cap. Assistance to Housing Societies/ Housing Federation as margin money.	.. 40.00
3.	IN 10.1 participation in the share Capital to Industrial cooperative including Apex handlooms/ primary handloom weavers.	.. 10.00
	Total	56.40
	Community Development.	
1.	CD 2.3 Promotion & Strengthening of Mahila Mandals.	.. 12.40
2.	CD 2.4 Composit programme for women & pre-school children.	.. 0.59

Original with;
Punjab Vidhan Sabha
Digitized by;
Panjab Digital Library

1	2		3
3.	CD. 2.6 Unnat Gramproject of streets, construction of drains and disposal of sullags water.	..	1500.00
4.	CD Jawahar Rozgar Yojna.	..	200.00
5.	CD 2-12 Issue of Yellow Cards for identification of weaker sections.	..	1.00
6.	CD 11.5 Dev. of women and children in rural areas (DWACRM) (State share).	..	7.75
7.	CD 1.2 Recurring Exp. on TRYSEM Trg. under (TRYSEM scheme) (State share)	..	24.00
8.	CD 1.3 Integrated rural Dev. programme (IRDP) (State share)	..	240.00
9.	CD 2.7 Matching grants to Panchayats for Dev., works.	..	21.00
10.	CD 2.8 Conctruction of Panchayat Ghars.	..	104.00
	Total	..	2110.74
	Industries		
1.	IN 10.4 Assistance as share capital to apex handloom cooperative societies for setting up of processing units/ shoddy spinning plants/Regional godowns.	..	2.00
2.	IN 10.5 Scheme for modernisation of handloom cooperative societies as share capital (State share)	..	1.50
3.	IN 10.7 Assistance to women weavers cooperative societies for the purchase of raw materials.	..	8.00
4.	IN 10.6 Assistance for grant of share capital to women shoe making cooperative societies to set up retail outlets and women embroided ready made garments to women weavers societies.	..	7.00
5.	15.1 Punjab State Leather Dev. Corporation.	..	10.00
6.	IN 3.4 Modernisation of small scale industries.	..	—
7.	IN 11.1 (i) Special Employment Programme.	..	25.00
	Total	..	53.50
	Power		
1.	PP 1.19 Rural Electrification.	..	277.00
2.	PP 1.12 Transmission and Distribution:		
	(i) Electricty supply to basties away villages.	..	200.00
	Total	..	477.00

Original with;
Punjab Vidhan Sabha
Digitized by;
Panjab Digital Library

[Minister of State for Social Security and Development of Women and Children]

1	2	3
	Secretariat Economic Services	
1.	PM 1.5 Formulation of District Plan at the distt. head quarters (united funds)	.. 2250.00
	General Education (P)	
1.	ED. 1.6 Part-time Sweepers in Schools.	.. 40.75
2.	ED 1.9 In-service Training to JBT Teachers in Districts.	.. 6.50
3.	ED 1.10 (ii) provision of facilities for improvement of primary education (Building).	.. 117.00
4.	ED 1.2 Opening of Primary Schools.	.. 20.00
	Total	.. 184.25
	Middle Education	
5.	ED 1.12 Upgrdation of primary school to middle standard.	.. 256.00
6.	ED 2.2 (i) posts of laboratory attendants.	.. 75.00
7.	ED 2.2 (ii) improvement of science education in schools.	.. 1.50
8.	ED 2.5 In service Training to Teacher Masters/ Mistresses.	.. 10.92
9.	ED 2.10 scholarships for poor but brilliant students.	.. 3.60
10.	ED 2.12 Holding of talent search examination.	.. 7.00
11.	ED 2.13 Upgradation of middle schools to high level.	.. 145.00
12.	ED 2.15 (a) Introduction of 10+2 System of Education in Govt. Schools.	.. 307.00
13.	(b) Vocational Stream of 10+2 system of education.	.. 30.00
14.	ED 2.16 Introduction of library services in Govt. High Schools.	.. 0.63
15.	ED 2.17 Adult Education.	.. 75.00
16.	ED 2.20 (b) for seating.	.. 15.00
	University and Administration	
17.	ED 3.4 Chairs and Job Oriented Courses.	.. 7.00
	Education	
18.	ED 1.12 Upgradation of Primary Schools to Middle Standard.	.. 37.50

Original with;
Punjab Vidhan Sabha
Digitized by;
Punjab Digital Library

1	2	3
19.	ED 2.13 Upgradation of Middle Schools to High level. ..	37.50
20.	ED 2.15 (a) Introduction of 10+2 system of Education in Govt. Schools. ..	50.00
21.	ED 3.16 Hostels in Govt. Colleges. ..	2.00
	Total ..	1238.65

Technical Education

1.	TE 1.2 Development of Special Trade Institutions. ..	12.50
2.	TE 1.6 (ii) Govt. Polytechnic for women Patiala. ..	21.25
3.	TE 1.6 (iii) Govt. Polytechnic at Ferozepur. ..	6.25
4.	TE 1.6 (iv) New Institute of Engineering Technology. ..	201.00
5.	TE 1.7 (i) Commercial practice at Govt. Polytenchnic, Amritsar. ..	1.19
6.	TE 1.7 (iii) Computer Engineering at G.P. Bhatinda. ..	1.00
7.	TE 1.7 (iv) Diploma in Computer Application in Govt. Polytechnics. ..	16.00
8.	TE 1.9 (i) Revision of staff structure in private polytechnics. ..	4.04
9.	TE 1.10 R.E.C. Jalandhar. ..	16.75
10.	TE 1.11 Engineering College at Bhatinda. ..	87.50
11.	TE 1.12 Apex Institute of ~~Enterprour~~ tural Development and Management, Ludhiana, ..	0.02
12.	TE 1.17 Students Amenities and Development of Campus. ..	10.00
13.	TE 1.15 Two New Degree Level Institutions. ..	105.00
14.	TE 1.25 Three Years Degree Courses for Diploma Holders, ..	0.75
	Total ..	483.25

Labour and Labour Welfare

1.	ITI 2.1 Substitution of unpopular trade with popular ones in ISIs and raplacement of Tools and equipments. ..	6.25

Original with;
Punjab Vidhan Sabha
Digitized by;
Panjab Digital Library

[Minister of State for Social Security and Development of Women and Children]

1	2		3
2.	ITI 2.2 Training, retraining, seminars and study tours of staff/traines for men and women.	..	0.75
3.	ITI 2.7 Opening of new ITIs in rural/unrepresented a eas.	..	50.00
4.	ITI 2.10 (i) Upgradation of Govt. ITIs for improving the quality of training and replacement of machinery.	..	25.00
5.	ITI 2.10 (iii) Introduction of new trades in existings ITIs	..	5.10
6.	ITI 2.10 (vii) Expansion of ITIs by introduction of additional seats.	..	12.50
7.	ITI 2.10 (x) Introduction of post skill development courses.	..	1.12
8.	ITI 2.3 Completion of existing buildings and construction of new buildings for existing ITI's/ITCs/RATs and provision of land.	..	50.00
9.	ITI 2.14 Enhancement of rate by Rs. 50 as per revised norms stipend/raw materials.	..	21.25
10.	ITI 3.5 Opening of new ITIs for women.	..	12.00
11.	ITI 2.10 (xi) setting up of ITI for women.	..	13.32
	Total	..	197.79
	Sports and Youth Services		
1.	SY 1.3 Holding of coaching camps and competitions	..	2.50
2.	SY 1.13 Teacher Training Camps.	..	0.18
3.	SY 1.16 Inter-State Tours.	..	2.69
4.	SY 1.20 Youth Leadership and Training wiking Tracking and mountraineering camps.	..	4.95
5.	SY 1.24 Centre for Training and Employment of Punjab Youth.	..	100.00
6.	Sy. 1.21 Establishment of village youth clubs.	..	3.35
7.	National Service Scheme.	..	41.15
8.	SY 1.2 Establishment of state youth Training and Dev. Centre.	..	0.27
	Total	..	155.09

Original with;
Punjab Vidhan Sabha
Digitized by;

1	2		3
	Medical and Public Health		
1.	PHI.2 (a) Intensive Dental Health Care programme for School children and Public.	..	9.00
2.	PH. 6.2 National Malaria Eradication programme (Rural) 50: 50	..	76.50
3.	PH 6.3 National Malaria Eradication programme (Urban) 50: 50	..	22.50
4.	PH 6.4 National T.B. Control Programme 50 : 50	..	45.00
5.	PH 6.5 National Programme for Control of Blindness opening of District Eye Mobile Dispensaries.	..	8.10
6.	PH 1.3 Opening of New Dispensaries in urban Slum Areas (Distt.)	..	35.00
7.	PH 3.5 Estt. of new PHCs by upgradation of existing SHCs to PHCs.	..	63.00
8.	PH 3.7 Estt. of CHCs.	..	60.00
9.	PH 3.5 (iv) Estt. of Mobile Medical Team in Border Areas.	..	3.00
10.	HM 2.3 and 2.4 Opening of Homoeopathy. Dispensaries in the state and Strengthening of existing Dispensaries.	..	53.31
	Total.	..	375.41
	Water supply and sewerage Board		
1.	RWS 1(i) Rural water supply (Distt. level)	..	750.00
2.	RWS 1(ii) Augmentation of rural water supply in Kandi areas.	..	90.00
3.	RWS 1(i) Water supply state level operation and maintenance.	..	—
4.	RWS 1(ii) Rural water supply and sanitation in the village having population of more than 5000.	..	112.50
5.	RWS 1(iii) Improvement of Sewerage system at Malout	..	—
6.	RWS 1(ii) Improvement of Sewerage system at Bhatinda.	..	—
7.	RWS 2 Low cost sanitation.	..	55.42
8.	RWS 2 World Bank aided water supply and Sewerage Projects.	..	1250.00

Original with;
Punjab Vidhan Sabha
Digitized by;
Panjab Digital Library

[Minister of State for Social Security and Development of Women and Children]

1	2		3
9.	RWS 10 prevention of pollution of river Satluj.	..	—
10.	RWS 4 HUDCO aided water supply and Sewerage project (i) Town having population less than 20,000.	..	200.00
11.	RWS 5.5. Punjab Urban Renewal project.		
	Total	..	2457.92
	Urban Development		
1.	UD 8(a) Grant in aid to Corpons./MCs/Nacs Schemes	..	—
2.	UD 8(i) Envioronmental improvement of Urban slums.	..	100.00
3.	UD 8(ii) Integrated Dev. small and medium towns.	..	—
4.	UD 9(i) Nehru Rozgar Yojna.	..	180.00
5.	UD 12 Urban Basic services for poor.	..	38.00
	Total	..	318.00
	Housing		
1.	HG 6.1. Rural housing programme	..	50.00
2.	HG 4.1. Houses for police.	..	—
	Total	..	50.00
	Information and Publicity		
1.	IP 1.1. purchase and production of films.	..	—
2.	IP 2.1. Display advertisement.	..	4.00
3.	IP 3.3. field publicity.	..	—
4.	IP 2.4. songs and drama services	..	—
5.	IP 2.9. Exhibition scheme including exhibition board	..	—
6.	IP 2.6 purchase and production of literature.	..	1.25
7.	IP 2.10 Wall painting and hoarding.	..	0.50
	Total	..	5.75

Original with;
Punjab Vidhan Sabha
Digitized by;
Panjab Digital Library

1	2	3
	Welfare of Scheduled Castes and Backward Classes	
	Beneficiary Oriented Schemes (State level) –	
1.	SCI Share Capital contribution to PSCFC State share ..	351.00
2.	SC2 (a) setting up of Residential Institution for IAS/PCS and allied services banking/LIC services for coaching to SCs (State level) ..	13.62
3.	(b) Construction of Residential Institute. ..	125.00
3.	SC 3.3 Hostel for boys/girls in Schools/Colleges (State share) ..	6.00
4.	SC 3.1(a) Removal of untouchability under programme for implementation of PCR Act 1955 (state share 50:50) ..	33.00
	(b) Awareness programme (New scheme) ..	5.00
5.	SC 2.4 grant to students studying in Medical/ Engg. Colleges. ..	15.28
6.	SC 15.1 Salary Component. ..	5.00
7.	SC 15.2 Creation of staff for newely created district (New scheme) ..	6.34
8.	SC 2.1 Grant of purchase of (a) Medical and Engg. Books (50:50 basic) ..	5.00
	(b) Law books. ..	0.80
9.	SC 4 Grant to SC Girls students studying in Post matric and post graduate classes ..	57.35
10.	SC 5(b) Coaching for stenography. ..	5.66
11.	SC 2.2 Award to brillient SC students. ..	54.43
12.	SC 2.1 Free books to SC Students (1 to 10th Class) ..	700.00
13.	SC.5.1 Pre-matric scholarships to children of those who engaged in un-clear occupations. ..	125.00
14.	SC Setting up of chairs. ..	15.00
15.	Construction and repair of SC Dharamshalas. ..	1200.00
16.	Equipment for Dharamshalas. ..	500.00
17.	Opening of reading rooms in SC Dharamshalas. ..	10.00
IV)	One electric point for SC. Dharamshalas. ..	10.00
V)	To provide one colour T.V. set for each Dharamshala for 1000 Dharamshalas in 1994-95. ..	200.00
VI)	Strengthening of community centres. ..	25.00
VII)	Grant in aid for voluntary organisations. ..	25.00
	Total State level ..	3493.48

Original with;
Punjab Vidhan Sabha
Digitized by;
Punjab Digital Library

[Minister of State For Social Security and Development of Women & Children]

1	2		3
	District Level Schemes		
1.	SC. 16.1 Capital subsidy to PSCFC under band tie up loaning programme to below poverty line SCs.	..	563.00
2.	SC 18.1 on the job training and guranteed employment to Scheduled Castes.	..	50.00
3.	SC 11.1 Award to SC sports students (6th to 12th classes.)	..	28.00
4.	SC 21.1 Assistance to SC for dev. of manurial pits.	..	100.00
5.	SC 22.2 Individual water borne latrines in rural areas.	..	500.00
6.	SC 22.1 Integrated and comprehensive programme for socio-economic house dev. ( ) share capital dontents. of SC landless scavangers and other artisans in rural/urban areas.	..	1032.98
7.	SC 24.3 Attendence Scholarship to SC primary girls students.	..	900.00
8.	SC 17.1 NURSERY school cum-creches in the locality of safai mazdoors.	..	38.60
9.	SC. 1. environmental improvement of SC. Basties including drinking water units.	..	565.00
10.	SC 24.7 Const. of Dr. B. R. Ambedkar Bhawans.	..	400.00
11.	Opening of libraries in Ambedkar Bhavans.	..	5.00
	Total	..	4182.58
	Grand total State & District.	..	7676.96
	Social Welfare Department		
1.	SW 9.1. Financial Assistance to disabled persons.	..	78.25
2.	SW 12.1. Financial assistance to widows and destitutes women.	..	171.20
3.	SW 1.1. Financial assistaece to dependent children	..	33.96
4.	SW 13.1 Old age pension.	..	807.61
5.	SW 1.10 setting up of SOS villages juvenile Home for girls and widows shortstay home including re-settlement of terrorist affected girls.	..	12.50
6.	SW Equipment and improvement of Angenwary ineluding buildings.	..	400.00

Original with;
Punjab Vidhan Sabha
Digitized by;
Punjab Digital Library

1	2		3
7.	SW training scheme for PNWAC upgradation skill in handblock printing embroided clay etc.	..	50.00
	Total	..	1553.53
Nutrition			
Nutrition		..	140.00
Secretariat Economic Services			
1.	Formulation, monitoring and review of Spl. Component Plan (To be added in welfare deptt.)	..	13.00

ਸਰਦਾਰ ਜੋਗਿੰਦਰ ਸਿੰਘ ਮਾਨ : ਮਾਨਯੋਗ ਸਪੀਕਰ ਸਾਹਿਬ, ਮੈਨੂੰ ਇਸ ਸਵਾਲ ਦਾ ਜਵਾਬ ਹੁਣ ਜਦੋਂ ਬਾਹਰ ਹਾਜ਼ਰੀ ਲਾਉਣ ਲੱਗਾ, ਤਾਂ ਉਸ ਵੇਲੇ ਮਿਲਿਆ । ਉਸ ਵੇਲੇ ਮੈਂ ਕੀ ਕਰ ਸਕਦਾ ਸੀ, What could I do ? ਕੀ ਪੜ੍ਹ ਸਕਦਾ ਸੀ ? ਇਸ ਵਿਚ ਕਿਸ ਦੀ ਨੈਗਲੀਜੈਂਸੀ ਹੈ, ਇਹ ਮੈਂ ਤੁਹਾਡੇ ਤੋਂ ਪੁੱਛਣਾ ਚਾਹੁੰਦਾ ਸੀ ।

ਦੂਜਾ ਮੈਂ ਇਹ ਪੁੱਛਣਾ ਹੈ ਕਿ Is there any scheme for the welfare of the scavangers and 'khet mazdoors' ?

Mr. Speaker : Please clear it.

Sardar Joginder Singh Mann : Is there any scheme for the welfare of the scavangers and 'khet mazdoors ?

ਰਾਜ ਮੰਤਰੀ : ਸਪੀਕਰ ਸਾਹਿਬ, ਸਵਾਲ ਪੁੱਛਿਆ ਗਿਆ ਸੀ ਕਿ ਸਪੈਸ਼ਲ ਕੰਪੋਨੈਂਟ ਪਲਾਨ ਵਿਚ ਸਾਲ 1994-95 ਵਿਚ ਕਿੰਨੀ ਰਕਮ ਰੱਖੀ ਗਈ ਹੈ, ਕਿੰਨੀ ਖਰਚ ਕੀਤੀ ਗਈ ਹੈ ਅੱਰ ਉਸ ਵਿਚੋਂ ਕਿੰਨੇ ਯੂਟੇਲਾਈਜ਼ੇਸ਼ਨ ਸਰਟੀਫਿਕੇਟ ਆਏ ਹਨ । ਮੈਂ ਦੱਸਦਾ ਹਾਂ ਕਿ ਕੋਈ 3.16 ਲੱਖ ਬੈਨੀਫੀਸ਼ਰੀਜ਼ ਹਨ । ਜਿਨ੍ਹਾਂ ਨੂੰ ਅਸੀਂ ਬੈਂਕਾਂ ਦੇ ਰਾਹੀਂ ਪੈਨਸ਼ਨ ਭੇਜਦੇ ਹਾਂ ਅੱਰ ਸਕੂਲਾਂ ਦੇ ਸ਼ਡਿਊਲਡ ਕਾਸਟ ਬੱਚਿਆਂ ਨੂੰ ਜਿਹੜੇ ਵਜ਼ੀਫੇ ਵਗੈਰਾ ਦਿੱਤੇ ਜਾਂਦੇ ਹਨ, ਉਨ੍ਹਾਂ ਦੀ ਗਿਣਤੀ ਵੀ ਬਹੁਤ ਹੈ । ਇਸ ਤਰ੍ਹਾਂ ਕੁੱਲ ਕੋਈ 16 ਲੱਖ ਦੇ ਕਰੀਬ ਬੈਨੀਫੀਸ਼ਰੀਜ਼ ਹਨ ਜਿਨ੍ਹਾਂ ਦੀ ਇਨਫਰਮੇਸ਼ਨ ਇਕੱਠੀ ਕਰਨ ਵਿਚ ਕਾਫੀ ਸਮਾਂ ਲਗ ਜਾਂਦਾ ਹੈ ਅੱਰ ਉਹ ਇਨਫਰਮੇਸ਼ਨ ਅਸੀਂ ਕੁਲੈਕਟ ਕਰ ਰਹੇ ਹਾਂ ।

Sardar Joginder Singh Mann : Sir, I do not need any explanation. I only want answer-yes or no.

ਸ਼੍ਰੀ ਸਪੀਕਰ : ਮੰਤਰੀ ਜੀ, ਤੁਸੀਂ ਇਹ ਦੱਸ ਦਿਓ ਕਿ ਸਕੈਵੈਂਜਰਜ਼ ਲਈ ਕੋਈ ਪਲਾਨ ਹੈ ਜਾਂ ਨਹੀਂ ?

ਰਾਜ ਮੰਤਰੀ : ਸਪੀਕਰ ਸਾਹਿਬ, ਸਕੈਵੈਂਜਰਜ਼ ਦਾ ਜਿਥੋਂ ਤਕ ਤਾਅਲੁੱਕ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਸਰਕਾਰ ਨੇ ਪੰਜਾਬ ਦੇ ਵਿਚ ਕੋਈ

Original with;
Punjab Vidhan Sabha
Digitized by;
Punjab Digital Library

[ਸਮਾਜਿਕ ਸੁਰੱਖਿਆ ਅਤੇ ਇਸਤਰੀਆਂ ਅਤੇ ਬੱਚਿਆਂ ਦੇ ਵਿਕਾਸ ਰਾਜ ਮੰਤਰੀ]

14 ਹਜ਼ਾਰ ਦੇ ਕਰੀਬ ਆਈਡੈਂਟੀਫਾਈ ਕੀਤੇ ਹਨ ਅੇਰ ਇਨ੍ਹਾਂ ਦੇ ਫੈਮਲੀ ਮੈਂਬਰਜ਼ ਮਿਲਾ ਕੇ ਕੋਈ 33 ਹਜ਼ਾਰ ਦੇ ਕਰੀਬ ਇਨ੍ਹਾਂ ਦੀ ਗਿਣਤੀ ਬਣਦੀ ਹੈ। ਇਨ੍ਹਾਂ ਵਾਸਤੇ ਇਕ ਸਪੈਸ਼ਲ ਸਕੀਮ ਪੰਜਾਬ ਸਰਕਾਰ ਨੇ ਲਾਗੂ ਕੀਤੀ ਹੈ ਜਿਸ ਅਧੀਨ ਇਨ੍ਹਾਂ ਨੂੰ ਟਰੇਨਿੰਗ ਦਿੱਤੀ ਜਾਂਦੀ ਹੈ ਅੇਰ ਬਾਅਦ ਵਿਚ ਇਨ੍ਹਾਂ ਤੋਂ ਆਪਸ਼ਨ ਲਈ ਜਾਂਦੀ ਹੈ। ਫਿਰ ਉਨ੍ਹਾਂ ਨੂੰ ਕੰਮ ਕਰਨ ਵਾਸਤੇ 10 ਹਜ਼ਾਰ ਰੁਪਏ ਲੋਨ ਵਜੋਂ ਦਿੱਤੇ ਜਾਂਦੇ ਹਨ। ਸਬਸਿਡੀ ਵੀ ਹੁੰਦੀ ਹੈ। ਕੋਈ ਸਾਢੇ ਚਾਰ ਹਜ਼ਾਰ ਫੈਮਲੀਜ਼ ਨੂੰ ਅਸੀਂ ਇਹ ਦੇ ਚੁੱਕੇ ਹਾਂ।

ਸਰਦਾਰ ਜੋਗਿੰਦਰ ਸਿੰਘ ਮਾਨ : ਸਪੀਕਰ ਸਾਹਿਬ, ਮੈਂ ਕੋਈ ਐਕਸਪਲੇਨੇਸ਼ਨ ਨਹੀਂ ਮੰਗੀ।

I want the number of scavangers and khet mazdoors. I am not asking about the welfare Department ਜਿਸ ਦਾ ਜਵਾਬ ਇਤਨਾ ਲੰਬਾ ਹੋ ਗਿਆ ਹੈ।

ਸ੍ਰੀ ਸਪੀਕਰ : ਇਹ ਤਾਂ ਉਨ੍ਹਾਂ ਨੇ ਦੱਸ ਦਿੱਤਾ ਹੈ ਕਿ ਇਸ ਪਲੰਨ ਵਿਚ ਕਿੰਨੀਆਂ ਫੈਮਲੀਜ਼ ਆ ਗੲੀਆਂ ਹਨ, ਕਿੰਨੀਆਂ ਫੈਮਲੀਜ਼ ਨੇ ਇਸ ਸਕੀਮ ਵਿਚ ਲੋਨ ਲਿਆ ਹੈ ਅਤੇ ਕਿੰਨੀ ਸਬਸਿਡੀ ਹੈ। ਇਹ ਤਾਂ ਸਭ ਇਨ੍ਹਾਂ ਨੇ ਦੱਸ ਦਿੱਤਾ ਹੈ। ਅਗਲਾ ਸਵਾਲ।

ਲਿੰਕ ਸੜਕਾਂ ਦੀ ਮੁਰੰਮਤ

*2449. 1 **ਸ੍ਰੀ ਬਲਦੇਵ ਸਿੰਘ ਬਲਮਗੜ੍ਹ**
2. **ਸਰਦਾਰ ਬਲਦੇਵ ਸਿੰਘ ਪੱਕਾ** } : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਹਜ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1994-95 ਦੌਰਾਨ ਰਾਜ ਵਿੱਚ ਲਿੰਕ ਸੜਕਾਂ ਦੀ ਮੁਰੰਮਤ ਲਈ ਕੁੱਲ ਕਿੰਨੀ ਰਕਮ ਦੇ ਫੰਡ ਰੱਖੇ ਗਏ ਅਤੇ ਹੁਣ ਤੱਕ ਇਸ ਮੰਤਵ ਲਈ ਖਰਚ ਕੀਤੀ ਗਈ ਰਕਮ ਦੇ ਵੇਰਵੇ ਕੀ ਹਨ;

(ਅ) ਸਾਲ 1995-96 ਦੇ ਦੌਰਾਨ ਰਾਜ ਵਿਚ ਲਿੰਕ ਸੜਕਾਂ ਦੀ ਮੁਰੰਮਤ ਲਈ ਜ਼ਿਲ੍ਹਾਵਾਰ ਕਿੰਨੀ ਰਕਮ ਦੇ ਫੰਡ ਅਲਾਟ ਕੀਤੇ ਜਾਣ ਦੀ ਤਜ਼ਵੀਜ਼ ਹੈ ?

Sardarni Rajinder Kaur Bhattal : (a) An amount of Rs. 67.00 crores was earmarked for the purpose; out of which, an amout of Rs. 40.52 Crores has been spent upto 31st January, 1995

(b) Allocation of funds for the year 1995-96 has not been finalised so far. Hence, no distictwise allocation can be given.

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਦੇਵ ਸਿੰਘ ਪੱਕਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕੈਣ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾਵਾਰ ਕਿੰਨਾ ਖਰਚ ਕੀਤਾ ਹੈ ਅਤੇ ਬਠਿੰਡਾ ਜ਼ਿਲ੍ਹੇ ਵਿਚ ਕਿੰਨਾ ਖਰਚ ਕੀਤਾ ਜਾ ਰਿਹਾ ਹੈ ?

ਸ਼੍ਰੀ ਸਪੀਕਰ : ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ।

ਸਹਿਕਾਰੀ ਸੰਸਥਾਵਾਂ ਦੀਆਂ ਚੋਣਾਂ ਕਰਵਾਉਣੀਆਂ

*2517 1. **ਕਾਮਰੇਡ ਅਜੈਬ ਸਿੰਘ ਰੌਂਤਾ**
2. **ਸ਼੍ਰੀਮਤੀ ਵਿਮਲਾ ਡਾਂਗ** } : ਕੀ ਸਹਿਕਾਰਤਾ ਅਤੇ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਰਾਜ ਵਿਚ ਕਿਸੇ ਸਹਿਕਾਰੀ ਬੈਂਕ/ਸਹਿਕਾਰੀ ਖੰਡ ਮਿੱਲ ਮਾਰਕਫੈਡ ਅਤੇ ਸਪਿਨਫੈਡ ਦੀਆਂ ਚੋਣਾਂ ਕਰਵਾਉਣੀਆਂ ਅਜੇ ਰਹਿੰਦੀਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਕਿਸ ਮਿਤੀ (ਮਿਤੀਆਂ) ਤੋਂ ਅਜਿਹੀਆਂ ਚੋਣਾਂ ਕਰਵਾਈਆਂ ਜਾਣੀਆਂ ਰਹਿੰਦੀਆਂ ਹਨ; ਅਤੇ ਇਨ੍ਹਾਂ ਚੋਣਾਂ ਨੂੰ ਅਜੇ ਤੱਕ ਨਾ ਕਰਵਾਏ ਜਾਣ ਦੇ ਕਾਰਣ ਕੀ ਹਨ;

(ਅ) ਅਜਿਹੀਆਂ ਚੋਣਾਂ ਨੂੰ ਕਿਸ ਮਿਤੀ (ਮਿਤੀਆਂ) ਨੂੰ ਕਰਵਾਏ ਜਾਣੇ ਦੀ ਤਜਵੀਜ਼ ਹੈ ?

ਸ਼੍ਰੀ ਸੱਜਨ ਕੁਮਾਰ ਜਾਖੜ : (ੳ) ਹਾਂ ਜੀ, ਕੁਝ ਇਕ ਸਹਿਕਾਰੀ ਬੈਂਕਾਂ ਸ਼ੂਗਰ ਮਿੱਲਾਂ ਅਤੇ ਮਾਰਕਫੈਡ ਦੀਆਂ ਚੋਣਾਂ ਦੀ ਮਿਆਦ ਪੁੱਗ ਚੁੱਕੀ ਹੈ ਅਤੇ ਇਨ੍ਹਾਂ ਸੰਸਥਾਵਾਂ ਦੀਆਂ ਚੋਣਾਂ ਦੀ ਮਿਤੀ ਅਤੇ ਇਨ੍ਹਾਂ ਨੂੰ ਸਮੇਂ ਸਿਰ ਨਾ ਕਰਵਾ ਸਕਣ ਦੇ ਕਾਰਨ ਹੇਠ ਲਿਖੇ ਅਨੁਸਾਰ ਹਨ:—

ਲੜੀ ਨੰ.	ਸੰਸਥਾ ਦਾ ਨਾਮ	ਚੋਣ ਡਿਊ ਹੋਣ ਦੀ ਮਿਤੀ	ਕਾਰਨ
1	2	3	4
	ਸੈਂਟਰਲ ਕੋਆ: ਬੈਂਕ		
1.	ਜਲੰਧਰ ..	7-2-91	ਇਨ੍ਹਾਂ ਸਹਿਕਾਰੀ ਸੰਸਥਾਵਾਂ ਦੀਆਂ ਚੋਣਾਂ ਪ੍ਰਬੰਧਕੀ ਮੁਸ਼ਕਲਾਂ ਕਾਰਨ ਨਹੀਂ ਕਰਵਾਈਆਂ ਜਾ ਸਕੀਆਂ।
2.	ਗੁਰਦਾਸਪੁਰ ..	2-11-90	-ਉਹੀ-

Original with;
Punjab Vidhan Sabha
Digitized by;
Panjab Digital Library

[ਸਹਿਕਾਰਤਾ ਅਤੇ ਸਿੰਚਾਈ ਮੰਤਰੀ]

1	2	3	4
3.	ਫਰੀਦਕੋਟ ..	4-9-90	ਇਨ੍ਹਾਂ ਸਹਿਕਾਰੀ ਸੰਸਥਾਵਾਂ ਦੀਆਂ ਚੋਣਾਂ ਪ੍ਰਬੰਧਕੀ ਮੁਸ਼ਕਲਾਂ ਕਾਰਨ ਨਹੀਂ ਕਰਵਾਈਆਂ ਜਾ ਸਕੀਆਂ ।
4.	ਮਾਨਸਾ ..	25-9-93	—ਉਹੀ—
5.	ਬਠਿੰਡਾ ..	12-8-90	—ਉਹੀ—
6.	ਮੋਗਾ ..	5-9-90	—ਉਹੀ—
7.	ਰੋਪੜ ..	28-11-93	—ਉਹੀ—
8.	ਪਟਿਆਲਾ ..	5-10-94	—ਉਹੀ—
9.	ਸੰਗਰੂਰ ..	28-11-91	—ਉਹੀ—
	ਸ਼ੂਗਰ ਮਿੱਲਜ਼		
1.	ਤਰਨ ਤਾਰਨ ..	13-4-86	—ਉਹੀ—
2.	ਗੁਰਦਾਸਪੁਰ ..	9-1-90	—ਉਹੀ—
3.	ਜ਼ੀਰਾ ..	8-3-91	—ਉਹੀ—
4.	ਫਰੀਦਕੋਟ ..	17-8-94	—ਉਹੀ—
5.	ਮੋਰਿੰਡਾ ..	8-9-94	—ਉਹੀ—
6.	ਜਗਰਾਉਂ ..	6-1-91	—ਉਹੀ—
	ਮਾਰਕਫੈਡ		
1.	ਮਾਰਕਫੈਡ ..	14-7-94	—ਉਹੀ—
	ਸਪਿੰਨਫੈਡ		
1.	ਸਪਿੰਨਫੈਡ	ਅਜੇ ਚੋਣ ਬਕਾਇਆ ਨਹੀਂ ਹੈ	

(ਅ) ਮਿਤੀ (ਆਂ) ਜਿਨ੍ਹਾਂ ਨੂੰ ਇਨ੍ਹਾਂ ਸੰਸਥਾਵਾਂ ਦੀਆਂ ਚੋਣਾਂ ਹੋਣੀਆਂ ਤਜਵੀਜ਼ ਕੀਤੀਆਂ ਗਈਆਂ ਹਨ, ਹੇਠ ਲਿਖੇ ਅਨੁਸਾਰ ਹੈ:—

ਲੜੀ ਨੰ:	ਸੰਸਥਾ ਦਾ ਨਾਂ	ਮਿਤੀ(ਆਂ) ਜਿਨ੍ਹਾਂ ਨੂੰ ਇਨ੍ਹਾਂ ਸੰਸਥਾਵਾਂ ਦੀ ਚੋਣ ਕਰਵਾਉਣੀ ਹੈ ।
1	2	3
	ਕੇਂਦਰੀ ਸਹਿਕਾਰੀ ਬੈਂਕ	
1.	ਜਲੰਧਰ ..	29-4-95

Original with;
Punjab Vidhan Sabha
Digitized by;
Punjab Digital Library

1	2		3
2.	ਗੁਰਦਾਸਪੁਰ	..	ਸਿਵਲ ਕੋਰਟ ਵਲੋਂ ਚੋਣ ਕਰਵਾਉਣ ਤੇ ਪਾਬੰਦੀ ਲੱਗੀ ਹੋਈ ਹੈ ।
3.	ਫਰੀਦਕੋਟ	..	8-5-95
4.	ਮਾਨਸਾ	..	15-5-95
5.	ਬਠਿੰਡਾ	..	ਮਈ, 1995
6.	ਮੋਗਾ	..	ਮਈ, 1995
7.	ਰੋਪੜ	..	28-4-95
8.	ਪਟਿਆਲਾ	..	ਮਈ, 1995
9.	ਸੰਗਰੂਰ	..	17-4-95
	ਸ਼ੂਗਰ ਮਿਲਜ਼		
1.	ਤਰਨ ਤਾਰਨ	..	2-5-95
2.	ਗੁਰਦਾਸਪੁਰ	..	2-5-95
3.	ਜ਼ੀਰਾ	..	9-5-95
4.	ਫਰੀਦਕੋਟ	..	25-4-95
5.	ਮੋਰਿੰਡਾ	..	ਮਈ, 1995
6.	ਜਗਰਾਉਂ	..	ਮਈ, 1995
	ਮਾਰਕਫੈਡ		
1.	ਮਾਰਕਫੈਡ		ਚੋਣ ਜਲਦੀ ਕਰਵਾਈ ਜਾ ਰਹੀ ਹੈ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਬੜੀ ਲੰਬੀ ਚੌੜੀ ਲਿਸਟ ਪੜ੍ਹ ਦਿੱਤੀ ਹੈ। ਸਾਢੇ ਚਾਰ ਸਾਲ ਹੋ ਗਏ ਹਨ, ਇਨ੍ਹਾਂ ਸ਼ੂਗਰ ਮਿੱਲਾਂ ਦੀਆਂ ਇਲੈਕਸ਼ਨਾਂ ਨਹੀਂ ਹੋਈਆ ਹਨ ਔਰ ਇਸ ਦਾ ਪ੍ਰਬੰਧਕੀ ਕਾਰਣ ਦੱਸਿਆ ਗਿਆ ਹੈ । ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਨ੍ਹਾਂ ਪ੍ਰਬੰਧਕੀ ਕਾਰਣਾਂ ਨੂੰ ਕਿੰਨੀ ਜਲਦੀ ਸਾਲਵ ਕਰ ਲਿਆ ਜਾਵੇਗਾ ਤਾਂ ਕਿ ਉਥੇ ਚੋਣਾਂ ਹੋ ਸਕਣ ਅਤੇ ਜਿਹੜੀਆਂ ਡੇਟਸ ਦਿੱਤੀਆਂ ਗਈਆਂ ਹਨ, ਕੀ ਉਨ੍ਹਾਂ ਡੇਟਸ ਉਤੇ ਚੋਣਾਂ ਹੋ ਜਾਣਗੀਆਂ ?

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਉਸ ਸਮੇਂ ਅੱਤਵਾਦ ਦਾ ਬਹੁਤ ਦਬਾਅ ਸੀ ਜਿਸ ਕਰਕੇ ਉਥੇ ਚੋਣਾਂ ਨਹੀਂ ਕਰਵਾਈਆਂ ਜਾ ਸਕੀਆਂ । ਕਿਸ ਤਰ੍ਹਾਂ ਇਹ ਚੋਣਾਂ ਹੋ ਸਕਦੀਆਂ ਸਨ ! ਅਸੀਂ ਅੱਤਵਾਦੀਆਂ ਨੂੰ ਥੋੜ੍ਹੇ ਹੀ ਸੀਟਾਂ ਦੇਣੀਆਂ ਸਨ । ਹੁਣ ਸਰਕਾਰ ਨੇ ਡੇਟਸ ਰੱਖ ਦਿੱਤੀਆਂ ਹਨ, ਉਨ੍ਹਾਂ ਡੇਟਸ ਤੇ ਚੋਣਾਂ ਕਰਵਾ ਦਿੱਤੀਆਂ ਜਾਣਗੀਆਂ ।

Original with;
Punjab Vidhan Sabha
Digitized by;
Punjab Digital Library

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਅੱਤਵਾਦ ਦਾ ਦਬਾਅ ਸੀ ਪਰ ਸਰਕਾਰ ਨੇ ਆ ਕੇ ਪੰਚਾਇਤਾਂ, ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਕਰਵਾ ਦਿੱਤੀਆਂ ਹਨ । ਫੇਰ ਕੀ ਕਾਰਣ ਹੈ, ਇਨ੍ਹਾਂ ਦੀਆਂ ਚੋਣਾਂ ਵਿਚ ਦੇਰੀ ਕਿਉਂ ਹੋ ਰਹੀ ਹੈ ਅਤੇ ਇਹ ਚੋਣਾਂ ਕਿਉਂ ਨਹੀਂ ਹੋ ਰਹੀਆਂ ? ਜਿਸ ਤਰ੍ਹਾਂ ਨਿਹਾਲ ਸਿੰਘ ਵਾਲਾ ਦੀ ਚੋਣ 21/3/93 ਨੂੰ ਹੋਣੀ ਸੀ ਪਰ ਬਾਅਦ ਵਿਚ ਸਰਕਾਰ ਨੇ ਉਥੇ ਆਪਣੇ ਆਪ ਆਪਣੇ ਬੰਦੇ ਰੱਖ ਲਏ ਨੋਮੀਨੇਸ਼ਨਾਂ ਦੇ ਰਾਹੀਂ । ਇਸ ਤਰ੍ਹਾਂ ਉਥੇ ਜ਼ਿਆਦਤੀ ਕੀਤੀ ਗਈ ਹੈ ।

ਸ਼੍ਰੀ ਸਪੀਕਰ : ਹੁਣ ਡੇਟਸ ਰੱਖ ਦਿੱਤੀਆਂ ਹਨ । ਚੋਣਾਂ ਹੋ ਜਾਣਗੀਆਂ ।

ਮੰਤਰੀ : ਸਪੀਕਰ ਸਾਹਿਬ, ਉਥੇ ਕੋਈ ਜ਼ਿਆਦਤੀ ਨਹੀਂ ਹੋਈ । ਇਹ ਮੈਨੂੰ ਲਿਖ ਕੇ ਦੇ ਦੇਣ, ਅਸੀਂ ਇਨਕੁਆਇਰੀ ਕਰਵਾ ਲਵਾਂਗੇ ।

ਸ਼੍ਰੀ ਸਪੀਕਰ : ਰੌਂਤਾ ਜੀ, ਤੁਸੀਂ ਲਿਖ ਕੇ ਦੇ ਦਿਉ ।

ਸ਼੍ਰੀ ਮਦਨ ਮੋਹਨ ਮਿੱਤਲ : ਮੋਰਿੰਡਾ ਕੋਆਪਰੇਟਿਵ ਸ਼ੂਗਰ ਮਿੱਲ ਦੀਆਂ ਇਲੈਕਸ਼ਨਾਂ ਓਵਰ ਡਿਊ ਹੋ ਚੁਕੀਆਂ ਹਨ । ਸੈਂਟਰਲ ਕੋਆਪਰੇਟਿਵ ਬੈਂਕ ਦੀਆਂ ਜਨਵਰੀ, ਫ਼ਰਵਰੀ ਵਿਚ ਇਲੈਕਸ਼ਨਾਂ ਦੀਆਂ ਡੇਟਸ ਫਿਕਸ ਹੋਈਆਂ ਸਨ । ਉਹ ਡੇਟਸ ਕਿਉਂ ਚੇਂਜ ਕਰ ਦਿੱਤੀਆਂ ਗਈਆਂ ? ਹੁਣ ਤਾਂ ਪੰਜਾਬ ਦਾ ਮਾਹੌਲ ਵੀ ਠੀਕ ਹੈ । ਡੇਟ ਚੇਂਜ ਕਰਨ ਵਿਚ ਕੀ ਪਰਾਬਲਮਜ਼ ਆਈਆਂ ਅਤੇ ਇਸ ਦੇ ਰੀਜ਼ਨਜ਼ ਕੀ ਹਨ ? What are the Compelling circumstances to change the dates now ?

ਮੰਤਰੀ : ਜਦੋਂ ਇਲੈਕਸ਼ਨਾਂ ਪੋਸਟਪੋਨ ਕੀਤੀਆਂ ਗਈਆਂ ਹਨ ਤਾਂ ਕੋਈ ਨਾ ਕੋਈ ਐਡਮਨਿਸਟ੍ਰੇਟਿਵ ਰੀਜ਼ਨ ਤਾਂ ਹੈ ਹੀ । ਇਸ ਵਕਤ ਰਿਕਵਰੀ ਦਾ ਸੀਜ਼ਨ ਚਲ ਰਿਹਾ ਹੈ । ਮਈ ਵਿਚ ਚੋਣਾਂ ਕਰਾ ਦੇਵਾਂਗੇ ।

ਸ਼੍ਰੀ ਮਦਨ ਮੋਹਨ ਮਿੱਤਲ : ਐਡਮਨਿਸਟ੍ਰੇਟਿਵ ਰੀਜ਼ਨ ਐਕਸਪਲੇਨ ਕਰ ਦਿਉ । That is not confidential. What is the administrative reason for postponing the election ? That is not confidential, I understand.

ਮੰਤਰੀ : ਰੀਜ਼ਨਜ਼ ਪਹਿਲਾਂ ਦਸ ਦਿੱਤੇ ਹਨ । ਦੂਸਰਾ ਕਾਰਨ ਇਹ ਹੈ ਕਿ ਰਿਕਵਰੀ ਦਾ ਸੀਜ਼ਨ ਚਲ ਰਿਹਾ ਹੈ । ਰਿਕਵਰੀ ਦਾ ਸੀਜ਼ਨ ਖਤਮ ਹੋ ਗਿਆ ਹੈ ਤਾਂ ਚੋਣਾਂ ਦਾ ਟਾਈਮ ਰੱਖ ਲਿਆ ਹੈ । ਮੈਂ ਸਪੀਕਰ ਸਾਹਿਬ, ਹਾਊਸ ਨੂੰ ਐਸ਼ੋਰੈਂਸ ਦਿੰਦਾ ਹਾਂ ਕਿ ਚੋਣਾਂ ਕਰਵਾ ਦਿਆਂਗੇ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਐਡਮਨਿਸਟ੍ਰੇਟਿਵ ਰੀਜ਼ਨਜ਼ ਕੀ ਹਨ ? Administrative reason is a very vague term. The Minister does not say these are confidential reasons. I want to know what are the administrative reasons ?

Original with;
Punjab Vidhan Sabha
Digitized by;
Panjab Digital Library

Mr. Speaker: Can you explain, Cooperation Minister ?

ਮੁੱਖ ਮੰਤਰੀ : ਸਪੀਕਰ ਸਾਹਿਬ, 14 ਫਰਵਰੀ ਅਤੇ ਮਾਰਚ ਵਿਚ ਸਭ ਤੋਂ ਵੱਡਾ ਅੰਡਮਨਿਸਟੇਰਟਿਵ ਰੀਜ਼ਨ ਇਹ ਸੀ ਕਿ ਸਾਰੇ ਅਫਸਰ ਸਾਹਿਬਾਨ ਸਾਰੇ ਐਮ. ਐਲ. ਏ. ਸਾਹਿਬਾਨ, ਸਾਰੇ ਮਨਿਸਟਰ ਸਾਹਿਬਾਨ ਸੈਸ਼ਨ ਕਰਕੇ ਬਿਜ਼ੀ ਹੁੰਦੇ ਹਨ । ਇਸ ਲਈ ਅਸੀਂ ਚੋਣਾਂ ਪੋਸਟਪੋਨ ਕਰਨ ਦਾ ਫੈਸਲਾ ਕੀਤਾ ਸੀ ।

ਇਕ ਆਵਾਜ਼ : ਕੀ ਇਹ ਪੁਲਿਟੀਕਲ ਫੈਸਲਾ ਸੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਪੁਲਿਟੀਕਲ ਫੈਸਲਾ ਨਹੀਂ ਹੈ । ਸੈਸ਼ਨ ਵਿਚ ਸਾਰਿਆਂ ਨੇ ਹਿੱਸਾ ਲੈਣਾ ਹੁੰਦਾ ਹੈ । This is not political. You are also to take part. ਅਸੀਂ ਇਲੈਕਸ਼ਨਾਂ ਤੋਂ ਡਰਦੇ ਨਹੀਂ ਹਾਂ । (ਬੰਪਿੰਗ) ਇਹ ਜਦੋਂ ਮਰਜ਼ੀ ਮੈਦਾਨ ਵਿਚ ਆ ਜਾਣ । ਐਡਮਨਿਸਟ੍ਰੇਟਿਵ ਅਫਸਰਾਂ ਦਾ ਜਵਾਬ ਲਿਖ ਕੇ ਆਇਆ ਕਿ ਇਹ ਕਨਵੀਨੀਐਂਟ ਹੋਵੇਗਾ ਕਿ ਇਲੈਕਸ਼ਨਾਂ ਸੈਸ਼ਨ ਤੋਂ ਬਾਅਦ ਕਰਵਾਈਏ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਅੱਤਵਾਦ ਦੇ ਕਾਰਣ ਚੋਣਾਂ ਨਹੀਂ ਕਰਾਈਆਂ ਗਈਆਂ । ਇਹ ਹੈਰਾਨੀ ਦੀ ਗੱਲ ਹੈ ਕਿ ਅੰਮ੍ਰਿਤਸਰ ਕੋਆਪ੍ਰੇਟਿਵ ਬੈਂਕ ਦੇ ਚੇਅਰਮੈਨ ਨੂੰ ਇਲੀਗਲੀ ਡਿਸਮਿਸ ਕੀਤਾ ਗਿਆ ਅਤੇ ਕਿਹਾ ਗਿਆ ਕਿ ਯੇਹ ਤੋ ਆਪ ਕੋ ਸਹਿਨਾ ਹੀ ਪੜੇਗਾ । ਇਸ ਤਰ੍ਹਾਂ ਦੀਆਂ ਸਹਕਾਰ ਨੇ ਚੋਣਾਂ ਕਰਵਾਈਆਂ ਹਨ । ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਮੁੜ ਕੇ ਇਸ ਤਰ੍ਹਾਂ ਨਹੀਂ ਹੋਵੇਗਾ ?

ਮੰਤਰੀ : ਸਪੀਕਰ ਸਾਹਿਬ, ਇਹ ਅੰਮ੍ਰਿਤਸਰ ਦੀ ਗੱਲ ਕਰ ਰਹੇ ਹਨ ਕਿ ਉਥੇ ਚੇਅਰਮੈਨ ਨਾਲ ਇਲ-ਲੀਗਲ ਕਾਰਵਾਈ ਹੋਈ ਹੈ । ਮੈਂ ਐਮ. ਐਲ. ਏ. ਸਾਹਿਬਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਉਸਨੇ ਗਲਤੀ ਕੀਤੀ ਹੈ ਤਾਂ ਉਸ ਨੂੰ ਯੇਹ ਤੋ ਸਹਿਨਾ ਹੀ ਪੜੇਗਾ ।

ਸ਼੍ਰੀਮਤੀ ਵਿਮਲਾ ਡਾਂਗ : ਮੰਤਰੀ ਜੀ, ਸਾਰੇ ਕੇਸ ਬਾਰੇ ਪੂਰੀ ਤਰ੍ਹਾਂ ਤਫ਼ਤੀਸ਼ ਨਹੀਂ ਹੋਈ ਅਤੇ ਚੇਅਰਮੈਨ ਨੂੰ ਇਲ-ਲੀਗਲੀ ਡਿਸਮਿਸ ਕਰ ਦਿੱਤਾ ਗਿਆ । ਉਥੇ ਹੁਣ ਚੇਅਰਮੈਨ ਘੁੱਗ ਸ਼ਾਹ ਲਾਇਆ ਗਿਆ ਹੈ । (ਹਾਸਾ)

ਸ਼੍ਰੀ ਸਪੀਕਰ : ਤੁਸੀਂ ਮੇਰੇ ਜ਼ਰੀਏ ਸਵਾਲ ਪੁੱਛ ਸਕਦੇ ਹੋ ਅਤੇ ਸਿਧੀ ਗੱਲ ਮੰਤਰੀ ਜੀ ਨਾਲ ਨਹੀਂ ਕਰ ਸਕਦੇ ।

ਮੰਤਰੀ : ਸਪੀਕਰ ਸਾਹਿਬ, ਮੈਂ ਉਹੀ ਜਵਾਬ ਦੇ ਰਿਹਾ ਸੀ ਕਿ ਉਹ ਆਦਮੀ ਜੋ ਚੇਅਰਮੈਨ ਲੱਗਾ ਹੈ, ਉਹ ਇਲੈਕਟਿਡ ਹੈ, ਵੋਟਾਂ ਨਾਲ ਜਿੱਤ ਕੇ ਆਇਆ ਹੈ । ਵੋਟਾਂ ਦੀ ਤਾਕਤ ਤਾਂ ਮੰਨਣੀ ਪੈਂਦੀ ਹੈ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਡਮ ਨੇ ਜੋ ਪ੍ਰਸ਼ਨ ਪੁੱਛਿਆ ਸੀ,

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਉਸ ਦਾ ਉੱਤਰ ਨਹੀਂ ਦਿੱਤਾ ਜਾ ਰਿਹਾ । ਪਹਿਲਾ ਚੇਅਰਮੈਨ ਇਲੈਕਟਿਡ ਚੇਅਰਮੈਨ ਸੀ । ਉਸ ਨੂੰ ਜ਼ਬਰਦਸਤੀ ਹਟਾ ਕੇ ਜੋ ਇਨ੍ਹਾਂ ਨੇ ਹੁਣ ਦੱਸਿਆ ਹੈ, ਉਸ ਨੂੰ ਉਥੇ ਨਾਮੀਨੇਟ ਕੀਤਾ ਗਿਆ ਹੈ । ਉਹ ਇਕ ਕੁਖਿਆਤ ਉਗਰਵਾਦੀ ਪਰਮਜੀਤ ਸਿੰਘ ਪੰਜਵਾੜ ਦਾ ਭਤੀਜਾ ਹੈ । ਮੈਡਮ ਨੇ ਪੁੱਛਿਆ ਹੈ ਕਿ ਉਸ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਕਿਉਂ ਲਗਾਇਆ ਗਿਆ ਹੈ ਅਤੇ ਪਹਿਲੇ ਨੂੰ ਜੋ ਕਿ ਇਲੈਕਟਿਡ ਸੀ, ਕਿਉਂ ਹਟਾਇਆ ਗਿਆ ਹੈ ?

ਮੰਤਰੀ : ਸਪੀਕਰ ਸਾਹਿਬ, ਜੋ ਚੇਅਰਮੈਨ ਹਟਾਇਆ ਹੈ, ਉਹ ਕਾਰਵਾਈ ਦੇ ਮੁਤਾਬਿਕ ਹਟਾਇਆ ਹੈ । ਅਗਰ ਉਸ ਨੇ ਕੋਈ ਗਲਤ ਕੰਮ ਕੀਤਾ ਹੈ ਤਾਂ ਹਟੇਗਾ ਹੀ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਅਗਰ ਹਟਾਇਆ ਸੀ ਤਾਂ ਮੁੜ ਕੇ ਇਲੈਕਸ਼ਨ ਕਰਵਾਉਂਦੇ, ਨਾਮੀਨੇਟ ਕਰਨ ਦੀ ਕੀ ਲੋੜ ਸੀ ?

ਮੰਤਰੀ : ਮੈਂ ਚੈੱਕ ਕਰ ਲੈਂਦਾ ਹਾਂ, ਅਗਰ ਕੋਈ ਗਲਤੀ ਪਾਈ ਗਈ ਤਾਂ ਠੀਕ ਕਰ ਲਵਾਂਗੇ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪਲੀਮੈਂਟਰੀ ਸਪੀਕਰ ਸਾਹਿਬ...

ਸ਼੍ਰੀ ਸਪੀਕਰ : ਸਪਲੀਮੈਂਟਰੀਜ਼ ਬਹੁਤ ਹੋ ਗਈਆਂ ਹਨ । ਸੀ. ਐਮ. ਸਾਹਿਬ ਨੇ ਜਵਾਬ ਵਿਚ ਸਭ ਕੁਝ ਕਵਰ ਕਰ ਲਿਆ ਹੈ, ਦੱਸ ਦਿੱਤਾ ਹੈ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਜਿਹੜਾ ਹੁਣ ਚੇਅਰਮੈਨ ਲਗਾਇਆ ਹੈ ਉਹ ਪੰਜਵਾੜ ਦਾ ਭਤੀਜਾ ਹੈ, ਉਸ ਨੂੰ ਕਿਉਂ ਲਗਾਇਆ ਗਿਆ ਹੈ ? ਉਹ ਕਿਸ ਦਾ ਰਿਸ਼ਤੇਦਾਰ ਹੈ ਅਤੇ ਕਿਸ ਨੂੰ ਔਬਲਾਈਜ ਕਰਨ ਲਈ ਉਸਨੂੰ ਲਗਾਇਆ ਹੈ ? ਇਕ ਪਾਸੇ ਤਾਂ ਸਾਹਿਕਾਹਤਾ ਮੰਤਰੀ ਕਹਿੰਦੇ ਹਨ ਕਿ ਇਲੈਕਟਿਡ ਦੀ ਪਾਵਰ ਮੰਨਣੀ ਪੈਂਦੀ ਹੈ ਪਰ ਹੁਣ ਜਿਹੜਾ ਉਥੇ ਸਿਰਤਾਜ ਕੀਤਾ ਹੈ, ਉਹ ਨਾਮੀਨੇਟ ਕਰਕੇ ਕਿਉਂ ਕੀਤਾ ਹੈ ? ਇਲੈਕਸ਼ਨ ਕਿਉਂ ਨਹੀਂ ਕਰਵਾਈ ਗਈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸਲੀਅਤ ਤਾਂ ਪਤਾ ਨਹੀਂ ਹੈ ਕਿ ਕੌਣ ਆਦਮੀ ਲਗਾਇਆ ਗਿਆ ਹੈ । ਅਗਰ ਕੋਈ ਨਾਮੀਨੇਟ ਗਲਤ ਹੋਇਆ ਹੈ ਤਾਂ ਸਰਕਾਰ ਇਨਕੁਆਇਰੀ ਕਰਨ ਵਾਸਤੇ ਹਮੇਸ਼ਾ ਤਿਆਰ ਹੈ । ਵੈਸੇ ਇਹ ਕੋਈ ਜ਼ਰੂਰੀ ਨਹੀਂ ਕਿ ਜੇ ਕੋਈ ਇਕ ਅੱਤਵਾਦੀ ਦਾ ਭਤੀਜਾ ਹੈ, ਤਾਂ ਉਹ ਉਸੇ ਵਰਗਾ ਹੀ ਹੋਵੇਗਾ, ਉਹ ਚੰਗਾ ਵੀ ਹੋ ਸਕਦਾ ਹੈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਲਿਖ ਕੇ ਦੇ ਦੇਣ ਕਿਉਂਕਿ ਮੈਂਬਰਜ਼ ਬੜੇ ਐਜੀਟੇਟਿਡ ਹਨ, ਅਗਰ ਕੋਈ ਗਲਤ ਆਦਮੀ ਹੋਵੇਗਾ ਤਾਂ ਹਟਾ ਦੇਵਾਂਗੇ ।

———

Original with;
Punjab Vidhan Sabha
Digitized by;
Punjab Digital Library

ਗੁਰੂ ਗੋਬਿੰਦ ਸਿੰਘ ਮਾਰਗ ਦੀ ਮੁਰੰਮਤ

*2556. **ਸਰਦਾਰ ਈਸ਼ਰ ਸਿੰਘ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1993-94 ਅਤੇ 1994-95 ਦੌਰਾਨ ਗੁਰੂ ਗੋਬਿੰਦ ਸਿੰਘ ਮਾਰਗ ਵਿਚੋਂ ਕਿੰਨੇ ਕਿਲੋਮੀਟਰ ਸੜਕ ਦੀ ਮੁਰੰਮਤ ਕੀਤੀ ਗਈ ਅਤੇ ਬਾਕੀ ਰਹਿੰਦੀ ਮਾਰਗ ਵਾਲੀ ਸੜਕ ਦੀ ਮੁਰੰਮਤ ਕਦੋਂ ਤਕ ਕਰਵਾਏ ਜਾਣ ਦੀ ਸੰਭਾਵਨਾ ਹੈ ?

Sardarni Rajinder Kaur Bhattal : A length of 196.93 Kms. of Guru Gobind Singh Marg was repaired during the year 1993-94 and 1994-95 (upto date), and the further repairs shall be carried out as and when needed.

ਸਰਦਾਰ ਈਸ਼ਰ ਸਿੰਘ: ਸਪਲੀਮੈਂਟਰੀ ਸਰ । ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਗੁਰੂ ਗੋਬਿੰਦ ਸਿੰਘ ਮਾਰਗ ਜਿਹੜਾ ਕਿ ਗਿਆਨੀ ਜੈਲ ਸਿੰਘ ਸਾਡੇ ਉਸ ਵੇਲੇ ਦੇ ਸੀ.ਐਮ. ਸਾਹਿਬ ਨੇ ਬਣਾਇਆ ਸੀ, ਉਸਦੀ ਰਿਪੇਅਰ 196.93 ਕਿਲੋਮੀਟਰ ਹੋ ਚੁੱਕੀ ਹੈ, ਮੈਂ ਧੰਨਵਾਦੀ ਹਾਂ । ਇਸ ਦੇ ਨਾਲ ਹੁਣ ਮੈਂ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਕਤ ਵੀ ਪੰਜਾਬ ਅੰਦਰ ਕਾਂਗਰਸ ਪਾਰਟੀ ਦੀ ਹੀ ਸਰਕਾਰ ਹੈ ਅਤੇ ਕਾਂਗਰਸ ਪਾਰਟੀ ਦੇ ਹੀ ਮੁੱਖ ਮੰਤਰੀ ਸਾਹਿਬ ਹਨ । ਕੀ ਇਸ ਸਮੇਂ ਦੇ ਦੌਰਾਨ ਵੀ ਕਿਸੇ ਹੋਰ ਮਾਰਗ ਦਾ ਨਾਂ ਹੋਰ ਗੁਰੂ ਸਾਹਿਬਾਨ ਦੇ ਨਾਂ ਤੇ ਰੱਖਣ ਦੀ ਇਨ੍ਹਾਂ ਦੀ ਕੋਈ ਪਰੋਪੋਜ਼ਲ ਹੈ ?

ਸ਼੍ਰੀ ਸਪੀਕਰ : ਇਸ ਦਾ ਇਸ ਸਵਾਲ ਨਾਲ ਕੋਈ ਤਾਅਲੱਕ ਨਹੀਂ ਹੈ ।

She can not tell like that. No, No, not admitted.

ਸਰਦਾਰ ਈਸ਼ਰ ਸਿੰਘ. ਸਪੀਕਰ ਸਾਹਿਬ, ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਮਾਰਗ ਬਣਾਇਆ ਗਿਆ ਸੀ. . . .।

ਸ਼੍ਰੀ ਸਪੀਕਰ: ਇਹ ਸਾਰੀ ਗੁਰੂਆਂ ਦੀ ਧਰਤੀ ਹੈ । ਬਾਕੀ ਜੇ ਕੋਈ ਇਨ੍ਹਾਂ ਦੀ ਮਰਜ਼ੀ ਹੋਵੇਗੀ, ਬਣਾ ਲੈਣਗੇ ਮਾਰਗ । ਤੁਸੀ ਕੋਈ ਹੋਰ ਸਵਾਲ ਕਰੋ ।

ਸਰਦਾਰ ਈਸ਼ਰ ਸਿੰਘ: ਸਪੀਕਰ ਸਾਹਿਬ, ਜਿਹੜਾ ਗੁਰੂ ਗੋਬਿੰਦ ਸਿੰਘ ਮਾਰਗ ਹੈ, ਹੀ ਉਸ ਨੂੰ ਹੋਰ ਸੁੰਦਰ ਬਣਾਉਣ ਵਾਸਤੇ ਅਤੇ ਉਸਦੇ ਕਿਨਾਰੇ ਫੁੱਲ ਬੂਟੇ ਲਾਉਣ ਵਾਸਤੇ ਸਰਕਾਰ ਕੁਝ ਕਰ ਰਹੀ ਹੈ ?

ਮੰਤਰੀ: ਸਪੀਕਰ ਸਾਹਿਬ, ਜੇ ਤੁਹਾਡੀ ਆਗਿਆ ਹੋਵੇ ਤਾਂ ਮੈਂ ਪਹਿਲੇ ਸਵਾਲ ਦਾ ਜਵਾਬ ਵੀ ਦੇ ਦਿੰਦੀ ਹਾਂ ਅਤੇ ਦੂਸਰੇ ਦਾ ਵੀ ਦੇ ਦਿੰਦੀ ਹਾਂ । ਪਹਿਲੀ ਗੱਲ ਤਾਂ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਮਾਰਗ ਜੋ ਬਣਾਇਆ ਹੈ, ਇਸ ਤੋਂ ਪਤਾ ਲੱਗਦਾ ਹੈ ਕਿ ਉਦੋਂ ਵੀ ਸਾਡੀ ਪਾਰਟੀ ਨੂੰ, ਪਾਰਟੀ ਦੇ ਲੀਡਰਾਂ ਨੂੰ ਅਤੇ ਉਸ ਵਕਤ ਦੇ ਮੁੱਖ-ਮੰਤਰੀ ਨੂੰ ਗੁਰੂ ਸਾਹਿਬਾਨ ਪ੍ਰਤੀ ਕਿੰਨੀ ਸ਼ਰਧਾ ਸੀ ਅਤੇ ਅੱਜ ਦੇ ਮੁੱਖ ਮੰਤਰੀ ਨੂੰ ਵੀ ਬੜੀ ਸ਼ਰਧਾ ਹੈ, ਸਿੱਖੀ

Original with;
Punjab Vidhan Sabha
Digitized by;
Panjab Digital Library

[ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ (ਭਵਨ ਅਤੇ ਸੜਕਾਂ) ਮੰਤਰੀ]

ਵਿਚ ਵਿਸ਼ਵਾਸ ਹੈ, ਇਨਸਾਨੀਅਤ ਵਿਚ ਵਿਸ਼ਵਾਸ ਹੈ। ਇਹ ਮਾਰਗ 196.93 ਕਿਲੋਮੀਟਰ ਪਹਿਲਾਂ ਰਿਪੇਅਰ ਕਰਵਾਇਆ ਅੱਜ ਫੇਰ ਸਾਡੀ ਪ੍ਰੋਪੋਜ਼ਲ ਹੈ ਲੇਕਿਨ ਇਸ ਸਾਲ ਵਿਚ ਸਿਰਫ 76.81 ਲੱਖ ਰੁਪਏ ਹੀ ਰੱਖੇ ਗਏ ਹਨ। ਇਸ ਕੰਮ ਵਾਸਤੇ 3-4 ਏਜੰਸੀਆਂ ਕੰਮ ਕਰਦੀਆਂ ਹਨ। ਲੋਕ ਨਿਰਮਾਣ ਵਿਭਾਗ ਵਲੋਂ ਵੀ ਇਹ ਕੰਮ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਜੀ ਨੇ ਵੀ ਅਤੇ ਸਰਦਾਰ ਦਿਲਬਾਗ ਸਿੰਘ ਜੀ ਨੇ ਵੀ ਸਾਨੂੰ ਕਿਹਾ ਹੈ ਕਿ ਇਸ ਮਾਰਗ ਤੇ ਫੁੱਲ ਬੂਟੇ ਲਾਏ ਜਾਣ। ਦੂਸਰੇ ਪਾਰਟ ਵਿਚ ਇਹ ਪੁੱਛਿਆ ਗਿਆ ਹੈ ਕਿ ਕੀ ਕਿਸੇ ਹੋਰ ਗੁਰੂ ਸਾਹਿਬਾਨ ਦੇ ਨਾਂ ਤੇ ਵੀ ਕੋਈ ਹੋਰ ਮਾਰਗ ਬਣਾਉਣ ਦਾ ਵਿਚਾਰ ਹੈ ? ਸਪੀਕਰ ਸਾਹਿਬ, ਗੁਰੂ ਸਾਹਿਬਾਨ ਵਾਸਤੇ ਸਾਡੀ ਹਮੇਸ਼ਾ ਹੀ ਸ਼ਰਧਾ ਰਹੀ ਹੈ। ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਇਕ ਹੋਰ ਅਜਿਹਾ ਮਾਰਗ ਬਣਾਉਣ ਵਾਸਤੇ ਕਿਹਾ ਹੈ ਅਤੇ ਇਹ ਮਾਰਗ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਂ ਤੇ ਬਣਾਇਆ ਜਾ ਰਿਹਾ ਹੈ। ਇਸ ਮਾਰਗ ਰਾਹੀਂ ਹਰਿਆਣਾ ਅਤੇ ਪੰਜਾਬ ਨੂੰ ਜੋੜਿਆ ਜਾਵੇਗਾ। ਅਸੀਂ ਜਲਦੀ ਹੀ ਪ੍ਰੋਪੋਜ਼ਲ ਤਿਆਰ ਕਰਕੇ ਇਹ ਮਾਰਗ ਬਣਾ ਰਹੇ ਹਾਂ।

ਸਰਦਾਰ ਈਸ਼ਰ ਸਿੰਘ: ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਂ ਤੇ ਮਾਰਗ ਬਣਾਇਆ ਜਾ ਰਿਹਾ ਹੈ, ਇਹ ਕਿਹੜੀ ਸੜਕ ਤੇ ਬਣੇਗਾ ? ਹਰਿਆਣਾ ਅਤੇ ਪੰਜਾਬ ਨੂੰ ਜੋੜਨ ਵਾਸਤੇ ਇਹ ਕਿਹੜੀ ਸੜਕ ਹੋਵੇਗੀ ?

ਮੰਤਰੀ: ਸਪੀਕਰ ਸਾਹਿਬ, ਹਰਿਆਣਾ ਕਿਸੇ ਵਕਤ ਸਾਡਾ ਹੀ ਪਾਰਟ ਸੀ ਜੋ ਕਿ ਕੁਝ ਭਰਾਵਾਂ ਦੀ ਅਣਗਹਿਲੀ ਕਾਰਣ ਦੂਸਰੇ ਪਾਸੇ ਚਲਾ ਗਿਆ। ਹੁਣ ਸਾਡੀ ਕਾਂਗਰਸ ਦੀ ਸਰਕਾਰ ਫਿਰ ਇਸ ਨੂੰ ਇਕੱਠਾ ਕਰਨ ਵਾਸਤੇ ਸੋਚਦੀ ਹੈ। ਜਿਸ ਤਰ੍ਹਾਂ ਗਰੂ ਗੋਬਿੰਦ ਸਿੰਘ ਮਾਰਗ ਫਰੀਦਕੋਟ ਬਠਿੰਡਾ ਅਤੇ ਰੋਪੜ ਵਿਚੋਂ ਦੀ ਹੁੰਦਾ ਹੋਇਆ ਗਿਆ ਹੈ, ਇਸੇ ਤਰ੍ਹਾਂ ਇਹ ਤਜਵੀਜ਼ ਸ਼ੁਦਾ ਮਾਰਗ ਗੁਰਦੁਆਰਾ ਧਮਧਾਮਸਰ ਜਿਹੜਾ ਕਿ ਬੜਾ ਹੀ ਪਵਿੱਤਰ ਅਤੇ ਇਤਿਹਾਸਕ ਗੁਰਦੁਆਰਾ ਹੈ, ਦੇ ਕੋਲੋਂ ਹੋ ਕ ਜਾਵੇਗਾ। ਇਹ ਸੰਗਰੂਰ ਦੇ ਨੇੜੇ ਹੈ ਅਤੇ ਹਰਿਆਣਾ ਦੇ ਇਸ ਪਾਸੇ ਵੱਲ ਹੈ।

ਸਰਦਾਰ ਸ਼ਮਸ਼ੇਰ ਸਿੰਘ ਰਾਏ: ਸਪੀਕਰ ਸਾਹਿਬ, ਮੰਤਰੀ ਸਾਹਿਬਾ ਨੂੰ ਇਹ ਗੱਲ ਕਲੀਅਰ ਕਰਨੀ ਚਾਹੀਦੀ ਹੈ ਕਿ ਕਿਸੇ ਦੀ ਗਲਤੀ ਕਰਕੇ ਹਰਿਆਣਾ ਨਹੀਂ ਬਣਿਆ ਬਲਕਿ ਸਿਰਫ ਅਕਾਲੀਆਂ ਦੀ ਗਲਤੀ ਕਰਕੇ ਹੀ ਇਹ ਬਣਿਆ ਹੈ।

ਸ਼੍ਰੀ ਸਪੀਕਰ: ਤੁਸੀਂ ਆਪਣਾ ਸਵਾਲ ਪੁੱਛੋ, ਇਸ ਬਾਰੇ ਤਾਂ ਸਾਰਿਆਂ ਨੂੰ ਹੀ ਪਤਾ ਹੈ।

ਸਰਦਾਰ ਸ਼ਮਸ਼ੇਰ ਸਿੰਘ ਰਾਏ: ਸਪੀਕਰ ਸਾਹਿਬ, ਇਹ ਜਿਹੜਾ ਗੁਰੂ ਗੋਬਿੰਦ ਸਿੰਘ ਮਾਰਗ ਹੈ ਇਹ ਐਸ. ਵਾਈ.ਐਲ. ਨਹਿਰ ਬਣਨ ਕਰਕੇ ਕਾਫੀ ਥਾਵਾਂ ਤੋਂ ਟੁੱਟ ਗਿਆ ਹੈ। ਮੈਂ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਥੋਂ ਜਿਥੋਂ ਇਹ ਮਾਰਗ ਟੁੱਟ ਗਿਆ ਹੈ, ਕੀ ਉਸ ਨੂੰ ਐਸ.ਵਾਈ.ਐਲ. ਵਾਲੇ ਹੀ ਬਣਾਉਣਗੇ ਜਾਂ ਪੀ. ਡਬਲਯੂ. ਡੀ. ਬਣਾਵੇਗਾ? ਜੇ ਇਨ੍ਹਾਂ ਨੇ ਬਣਾਉਣਾ ਹੈ ਤਾਂ ਕਦੋਂ ਤੱਕ ?

Original with;
Punjab Vidhan Sabha
Digitized by;
Panjab Digital Library

ਮੰਤਰੀ: ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਕਿਸ ਦੀ ਗਲਤੀ ਕਰਕੇ ਬਣਿਆ ਹੈ ਉਸ ਬਾਰੇ ਮੈਂ ਇਨ੍ਹਾਂ ਨੂੰ ਇਹੀ ਕਹਿਣਾ ਚਾਹੁੰਦੀ ਹਾਂ ਕਿ ਸਮਝਣੇ ਵਾਲੇ ਸਮਝ ਗਏ, ਜੋ ਨਾ ਸਮਝੇ ਵੋ ਅਨਾੜੀ ਹੈਂ । (ਹਾਸਾ) ਇਹ ਤਾਂ ਸਾਰੇ ਪੰਜਾਬ ਨੂੰ ਹੀ ਪਤਾ ਹੈ ਕਿ ਇਹ ਹਰਿਆਣਾ ਕਿਸ ਦੀ ਗਲਤੀ ਕਰਕੇ ਬਣਿਆ ਹੈ ।

ਸ਼੍ਰੀ ਸਪੀਕਰ: ਇਨ੍ਹਾਂ ਨੇ ਤਾਂ ਅਨਾੜੀ ਹੀ ਰਹਿਣਾ ਹੈ (ਹਾਸਾ) ।

ਮੰਤਰੀ: ਇਹ ਤਾਂ ਇਨ੍ਹਾਂ ਨੂੰ ਆਪੇ ਹੀ ਪਤਾ ਲੱਗ ਜਾਵੇਗਾ ਕਿ ਕਿਸ ਦਾ ਕਸੂਰ ਸੀ। ਮੈਂ ਤਾਂ ਕੁਝ ਨਹੀਂ ਕਿਹਾ । ਮੈਂ ਤਾਂ ਨਾਂ ਵੀ ਨਹੀਂ ਲਿਆ । ਬਾਕੀ ਜਿਥੋਂ ਤੱਕ ਇਨ੍ਹਾਂ ਦੇ ਸਵਾਲ ਦਾ ਸਬੰਧ ਹੈ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਜਿਹੜਾ ਪਾਰਟ ਪੀ. ਡਬਲਯੂ.ਡੀ ਦਾ ਹੋਵੇਗਾ, ਉਹ ਅਸੀਂ ਬਣਾਵਾਂਗੇ ਅਤੇ ਜਿਹੜਾ ਇਰੀਗੇਸ਼ਨ ਦਾ ਹੋਵੇਗਾ, ਉਹ ਇਰੀਗੇਸ਼ਨ ਵਾਲੇ ਬਣਾਉਣਗੇ । ਅਸੀਂ ਆਪਣੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਨਿਭਾਵਾਂਗੇ ।

ਸਰਦਾਰ ਜੋਗਿੰਦਰ ਸਿੰਘ ਮਾਨ: ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਮਾਰਗ ਬਾਰੇ ਦੱਸਿਆ ਹੈ, ਇਹ ਬੜੀ ਅੱਛੀ ਪ੍ਰੋਪੋਜ਼ਲ ਹੈ ਅਤੇ ਮੈਂ ਇਸ ਨੂੰ ਅੱਪਰੀਸ਼ੀਏਟ ਕਰਦਾ ਹਾਂ । ਅਸੀਂ ਵੀ ਚਾਹੁੰਦੇ ਹਾਂ ਕਿ ਗੁਰੂ ਤੇਗ ਬਹਾਦਰ ਮਾਰਗ ਬਣੇ । ਮੈਂ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿੰਨੀਆਂ ਸਟੇਟਾਂ ਨੂੰ ਲਿੰਕ ਕਰੇਗਾ ?

ਮੰਤਰੀ: ਮੈਨੂੰ ਤਾਂ ਸਪੀਕਰ ਸਾਹਿਬ, ਆਪਣੀ ਸਟੇਟ ਦਾ ਪਤਾ ਹੈ ਕਿ ਜਿਥੇ ਜਿਥੇ ਗੁਰੂ ਸਾਹਿਬ ਗਏ ਹਨ, ਉਥੇ ਉਥੇ ਇਹ ਮਾਰਗ ਬਣੇਗਾ । ਇਸ ਵਿਚ ਹਰਿਆਣਾ ਦਾ ਪਾਰਟ ਵੀ ਲੱਗਦਾ ਹੈ । ਅਸੀਂ ਹਰਿਆਣੇ ਦੇ ਬਾਰਡਰ ਤੋਂ ਹੀ ਸ਼ੁਰੂ ਕਰ ਰਹੇ ਹਾਂ ਅਤੇ ਜਿਥੇ ਜਿਥੇ ਗੁਰੂ ਸਾਹਿਬ ਦੀ ਚਰਨ ਛੋਹ ਹੋਈ ਹੈ, ਉਥੇ ਉਥੇ ਇਹ ਮਾਰਗ ਬਣਾਇਆ ਜਾਵੇਗਾ।

ਨਿਸ਼ਾਨ ਵਾਲੇ ਪ੍ਰਸ਼ਨ ਨੰ: 2322* ਅਤੇ 2634*

ਸ਼੍ਰੀ ਸਪੀਕਰ: ਇਨ੍ਹਾਂ ਸਵਾਲਾਂ ਦੀ ਐਕਸਟੈਨਸ਼ਨ ਮੰਗੀ ਗਈ ਹੈ !

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਪਹਿਲਾਂ ਵੀ ਮੇਰੇ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਸੀ । ਇਸ ਨੂੰ ਪਹਿਲਾਂ ਹੀ 10-12 ਦਿਨ ਨਿਕਲ ਗਏ ਹਨ । ਕੀ ਇਹ ਇਸੇ ਸੈਸ਼ਨ ਵਿਚ ਲੱਗ ਜਾਵੇਗਾ ?

ਸ਼੍ਰੀ ਸਪੀਕਰ: ਇਸ ਦੀ ਇਕ ਹਫਤੇ ਦੀ ਐਕਸਟੈਨਸ਼ਨ ਹੈ । ਅਗਲਾ ਸਵਾਲ ।

ਜ਼ਮੀਨ ਮਾਲਕਾਂ ਨੂੰ ਮੁਆਵਜ਼ਾ ਜਿਨ੍ਹਾਂ ਦੀ ਜ਼ਮੀਨ ਮੁੱਢਲੇ ਸਿਹਤ ਕੇਂਦਰ ਰਾਮਦਾਸ ਲਈ ਪ੍ਰਾਪਤ ਕੀਤੀ ਗਈ ਸੀ

*2641. **ਡਾਕਟਰ ਰਤਨ ਸਿੰਘ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੁੱਢਲੇ ਸਿਹਤ ਕੇਂਦਰ, ਰਾਮਦਾਸ ਦੀ ਇਮਾਰਤ ਦੀ ਉਸਾਰੀ ਲਈ ਪ੍ਰਾਪਤ ਕੀਤੀ ਗਈ ਜ਼ਮੀਨ ਦਾ ਮੁਆਵਜ਼ਾ ਸਬੰਧਤ ਜ਼ਮੀਨ ਮਾਲਕਾਂ ਨੂੰ ਅਦਾ ਕਰ ਦਿੱਤਾ ਗਿਆ ਹੈ; ਜੇਕਰ ਨਹੀਂ ਤਾਂ ਉਸਦੇ ਕਾਰਣ ਕੀ ਹਨ ਅਤੇ ਇਹ ਮੁਆਵਜ਼ਾ ਕਦੋਂ ਤੱਕ ਅਦਾ ਕੀਤੇ ਜਾਣ ਦੀ ਸੰਭਾਵਨਾ ਹੈ ?

---

* For Postponed Starred Questions No. 2322 and 2634 and replies there to, please see Punjab Vidhan Sabha Debates dated the 4th April, 1995.

Original with;
Punjab Vidhan Sabha
Digitized by;
Panjab Digital Library

Sardar Harcharan Singh Brar: No Please. The land was given free of cost for construction of Primary Health Centre by Shiromani Gurdwara Parbandhak Committee.

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਜ਼ਮੀਨ ਹੈਲਥ ਡਿਪਾਰਟਮੈਂਟ ਦੇ ਨਾਂ ਤੇ ਟਰਾਂਸਫਰ ਹੋ ਗਈ ਹੈ ਜਾਂ ਨਹੀਂ ?

ਮੰਤਰੀ : ਨਹੀਂ ਹੋਈ ਜੀ ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਜੇ ਨਹੀਂ ਹੋਈ ਤਾਂ ਇਸ ਨੂੰ ਟਰਾਂਸਫਰ ਕਰਵਾਉਣ ਲਈ ਕੀ ਇਹ ਕੋਈ ਉਪਰਾਲੇ ਕਰਨਗੇ ਕਿਉਂਕਿ ਉਥੇ ਕੰਪਲੀਟ ਬਿਲਡਿੰਗ ਬਣ ਚੁੱਕੀ ਹੈ । ਐਸ.ਜੀ.ਪੀ.ਸੀ. ਵਾਲੇ ਜੱਥੇ ਮਰੀਜ਼ ਬਹੁਤ ਪਏ ਹੁੰਦੇ ਹਨ, ਉਥੇ ਤੱਕ ਜ਼ਮੀਨ ਤੇ ਕਬਜ਼ਾ ਕਰ ਰਹੇ ਹਨ । ਕੀ ਇਹ ਇਸ ਨੂੰ ਟਰਾਂਸਫਰ ਕਰਵਾਉਣ ਲਈ ਕੋਈ ਉਪਰਾਲੇ ਕਰਨਗੇ ?

ਮੰਤਰੀ : ਅਸੀਂ ਐਸ.ਜੀ.ਪੀ.ਸੀ. ਨੂੰ ਇਸ ਬਾਰੇ ਲਿਖਿਆ ਹੈ ਜੀ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2673

ਸ਼੍ਰੀ ਸਪੀਕਰ: ਇਸ ਪ੍ਰਸ਼ਨ ਬਾਰੇ ਐਕਸਟੈਨਸ਼ਨ ਮੰਗੀ ਗਈ ਹੈ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਇਸ ਵਿੱਚ ਐਕਸਟੈਨਸ਼ਨ ਮੰਗਣ ਵਾਲੀ ਕਿਹੜੀ ਗੱਲ ਹੈ । ਗੌਰਮਿੰਟ ਨੂੰ ਇਸ ਦਾ ਜਵਾਬ ਦੇਣਾ ਚਾਹੀਦਾ ਹੈ । ਗੌਰਮਿੰਟ ਕੋਲ ਜਵਾਬ ਤਿਆਰ ਹੈ ਪਰ ਇਸ ਨੂੰ ਦਿੰਦੇ ਹੋਏ ਸ਼ਰਮ ਆਉਂਦੀ ਹੈ ।

ਸ਼੍ਰੀ ਸਪੀਕਰ : ਅਗਲਾ ਕੁਐਸ਼ਚਨ ਨੰ: 2674-ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਗੌਰਮਿੰਟ ਨੂੰ ਪਹਿਲਾਂ ਮੇਰੇ ਪਹਿਲੇ ਪ੍ਰਸ਼ਨ ਦਾ ਜਵਾਬ ਦੇਣਾ ਚਾਹੀਦਾ ਹੈ । ਇਸ ਨੂੰ ਦੋ ਵਾਰ ਪੋਸਟਪੋਨ ਕਰ ਦਿੱਤਾ ਗਿਆ ਹੈ । ਕੀ ਇਸ ਦਾ ਉਤਰ ਇਸ ਸਦਨ ਦੇ ਵਿੱਚ ਆ ਜਾਵੇਗਾ ?

ਸ਼੍ਰੀ ਸਪੀਕਰ : ਮਹਿਕਮੇ ਨੇ ਕਿਹਾ ਹੈ ਕਿ ਹਾਲੇ ਉਤਰ ਤਿਆਰ ਨਹੀਂ ਹੈ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਉੱਤਰ ਤਾਂ ਤਿਆਰ ਹੈ ਜੀ, ਦੇਣ ਵਿੱਚ ਸਰਕਾਰ ਨੂੰ ਸ਼ਰਮ ਆਉਂਦੀ ਹੈ ।

ਸ਼੍ਰੀ ਸਪੀਕਰ : ਹਾਲੇ ਤਿਆਰ ਨਹੀਂ ਹੈ । ਉਨ੍ਹਾਂ ਨੇ ਲਿਖ ਕੇ ਭੇਜਿਆ ਹੈ ਕਿ 10 ਦਿਨ ਤੱਕ ਭੇਜ ਦਿੱਤਾ ਜਾਵੇਗਾ ।

ਸ਼੍ਰੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਪ੍ਰਸ਼ਨ ਦਾ ਉਤਰ ਇਸੇ ਸਦਨ ਵਿੱਚ ਲੈ ਕੇ ਦਿਉ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਅਗਰ ਸਦਨ 10 ਦਿਨ ਰਹੇਗਾ ਤਾਂ ਉਤਰ ਜ਼ਰੂਰ ਆਏਗਾ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਇਹ ਨਿਆਂ ਨਹੀਂ ਹੈ । ਇਹ ਲੌਕਤੰਤਰ ਦੇ ਨਾਲ ਅਨਿਆਂ ਹੈ ।

(ਇਸ ਵੇਲੇ ਸਦਨ ਵਿੱਚ ਸ਼ੋਰ ਸੀ ਜਿਸ ਕਾਰਨ ਸਾਫ ਸੁਣਾਈ ਨਹੀਂ ਦਿੱਤਾ)

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਮੇਰੇ ਮਹਿਕਮੇ ਨਾਲ ਰੀਲੇਟ ਕਰਦਾ ਹੈ । ਇਹ ਸਵਾਲ ਜਿਹੜਾ ਹੈ, ਇਸ ਵਿੱਚ ਪੁੱਛਿਆ ਗਿਆ ਹੈ ਕਿ ਰੇਪ ਕੇਸ ਕਿੰਨੇ ਹੋਏ । ਮੈਂ ਸਮਝਦਾ ਹਾਂ ਕਿ ਅੈਸੀ ਗੱਲ ਸਦਨ ਦੇ ਵਿੱਚ ਬਾਰ ਬਾਰ ਪੁੱਛੀ ਜਾਣਾ ਚੰਗੀ ਗੱਲ ਨਹੀਂ ਹੈ । ਜੇਕਰ ਇਨ੍ਹਾਂ ਨੂੰ ਕੋਈ ਇਨਫਰਮੇਸ਼ਨ ਚਾਹੀਦੀ ਹੈ, ਇਹ ਮੇਰੇ ਕੋਲ ਆ ਜਾਣ । ਮੈਂ ਇਨ੍ਹਾਂ ਨੂੰ ਲੈ ਦਿਆਂਗਾ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਜਿਹੜਾ ਕੁਝ ਹੋ ਰਿਹਾ ਹੈ, ਉਸਨੂੰ ਸਵੀਕਾਰ ਕਰਨ ਵਿੱਚ ਸ਼ਰਮ ਕਿਉਂ ਆਉਂਦੀ ਹੈ । ਇਨ੍ਹਾਂ ਨੂੰ.....

Mr. Speaker: Mrs. Chawla don't waste time. ਸੀ.ਐਮ. ਸਾਹਿਬ ਨੇ ਕਹਿ ਦਿੱਤਾ ਹੈ । ਅਗਲਾ ਸਵਾਲ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਇਨ੍ਹਾਂ ਨੇ ਮੇਰਾ ਟਾਈਮ ਵੇਸਟ ਕੀਤਾ ਹੈ । ਮੈਂ ਕੋਈ ਟਾਈਮ ਵੇਸਟ ਨਹੀਂ ਕੀਤਾ ।

ਅੰਮ੍ਰਿਤਸਰ-ਜਲੰਧਰ ਨੈਸ਼ਨਲ ਹਾਈਵੇ ਤੇ ਬੱਸਾਂ ਦੀਆਂ ਦੁਰਘਟਨਾਵਾਂ

*2674. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਟਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਜਨਵਰੀ, 1994 ਤੋਂ 31 ਜਨਵਰੀ, 1995 ਤੱਕ ਦੇ ਸਮੇਂ ਦੌਰਾਨ ਅੰਮ੍ਰਿਤਸਰ-ਜਲੰਧਰ ਰਾਸ਼ਟਰੀ ਰਾਜ ਮਾਰਗ (ਨੈਸ਼ਨਲ ਹਾਈਵੇ) ਤੇ ਕੁਲ ਕਿੰਨੀਆਂ ਬੱਸਾਂ ਦੀਆਂ ਦੁਰਘਟਨਾਵਾਂ ਹੋਈਆਂ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਬੱਸਾਂ ਵਿਚੋਂ ਅਜਿਹੀਆਂ ਬੱਸਾਂ ਦੀ ਗਿਣਤੀ ਕਿੰਨੀ ਹੈ ਜਿਹੜੀਆਂ ਸਰਕਾਰੀ ਅਦਾਰਿਆਂ/ਰੋਡਵੇਜ਼ ਨਾਲ ਸਬੰਧਤ ਹਨ ਅਤੇ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਜਿਹੜੀਆਂ ਪ੍ਰਾਈਵੇਟ ਅਦਾਰਿਆਂ ਨਾਲ ਸਬੰਧਤ ਹਨ;

(ੲ) ਉਕਤ ਦੁਰਘਟਨਾਵਾਂ ਵਿਚ ਮਾਰੇ ਗਏ/ਪੂਰੀ ਤਰ੍ਹਾਂ ਨਕਾਰਾ ਹੋਏ ਅਤੇ ਜ਼ਖਮੀ ਹੋਏ ਵਿਅਕਤੀਆਂ ਦੀ ਵੱਖ ਵੱਖ ਗਿਣਤੀ ਕਿੰਨੀ-ਕਿੰਨੀ ਹੈ;

(ਸ) ਇਸ ਤਰ੍ਹਾਂ ਮਾਰੇ ਗਏ ਵਿਅਕਤੀਆਂ ਦੇ ਆਸ਼੍ਰਿਤਾਂ ਅਤੇ ਨਕਾਰਾ ਹੋਏ ਅਤੇ ਜ਼ਖਮੀ ਹੋਏ ਵਿਅਕਤੀਆਂ ਨੂੰ ਕਿਸ-ਕਿਸ ਦਰ ਨਾਲ ਮੁਆਵਜ਼ਾ/ਸਹਾਇਤਾ ਦਿੱਤੀ ਗਈ;

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

(ਹ) ਉਕਤ ਦੁਰਘਟਨਾਵਾਂ ਵਿਚ ਸਰਕਾਰੀ ਸੰਪਤੀ ਦਾ ਕੁੱਲ ਕਿੰਨਾ ਨੁਕਸਾਨ ਹੋਇਆ?

ਸ਼੍ਰੀ ਮਹਿੰਦਰ ਸਿੰਘ ਕੇ.ਪੀ. : (ੳ), (ਅ), (ੲ), (ਸ) ਅਤੇ (ਹ) : ਵਿਸਥਾਰ ਪੂਰਵਕ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸੂਚਨਾ

(ੳ) 31

(ਅ)	ਪੰਜਾਬ ਰੋਡਵੇਜ਼	ਪੀ.ਆਰ.ਟੀ.ਸੀ.	ਪ੍ਰਾਈਵੇਟ
	23	2	6
(ੲ)	ਵਿਅਕਤੀ ਮਾਰੇ ਗਏ		
	14	7	5
	ਪੂਰੀ ਤਰ੍ਹਾਂ ਨਕਾਰਾ ਹੋਏ		
	2	ਨਿਲ	ਨਿਲ
	ਜ਼ਖਮੀ ਹੋਏ		
	18	ਨਿਲ	2
(ਸ)	ਨਿਲ	ਨਿਲ	ਨਿਲ
(ਹ)	ਸਰਕਾਰੀ ਸੰਪਤੀ ਦਾ ਨੁਕਸਾਨ		
	76,589/- ਰੁ:	9,291/- ਰੁ:	ਨਿੱਲ ਕੁੱਲ 85880/-

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸੂਚਨਾ ਮਿਲ ਗਈ ਹੈ ਜੀ । ਸਪੀਕਰ ਸਾਹਿਬ, ਇਸ ਅਰਸੇ ਵਿਚ ਅੰਮ੍ਰਿਤਸਰ ਤੋਂ ਜਲੰਧਰ ਤੱਕ ਕੁਲ 31 ਐਕਸੀਡੈਂਟ ਹੋਏ ਹਨ ਜਿਸ ਵਿਚ 26 ਕੀਮਤੀ ਜਾਨਾਂ ਚਲੀਆਂ ਗਈਆਂ ਅੌਰ 2 ਆਦਮੀ ਬਿਲਕੁਲ ਅਪਾਹਜ ਹੋ ਗਏ ਹਨ । ਸਪੀਕਰ ਸਾਹਿਬ, ਟਰਾਂਸਪੋਰਟ ਮੰਤਰੀ ਕ੍ਰਿਪਾ ਕਰਕੇ ਇਹ ਦੱਸਣ ਕਿ ਜਿਹੜੇ ਲੋਕ ਮਰੇ ਹਨ, ਉਨ੍ਹਾਂ ਦੇ ਪਰਿਵਾਰਾਂ ਨੂੰ ਟਰਾਂਸਪੋਰਟ ਵਿਭਾਗ ਵਲੋਂ ਕੋਈ ਮਦਦ ਕਿਉਂ ਨਹੀਂ ਦਿੱਤੀ ਗਈ ?

ਰਾਜ ਮੰਤਰੀ : ਸਪੀਕਰ ਸਾਹਿਬ, ਨੋ ਫਾਲਟ ਲਾਇਬਿਲਟੀ ਬੱਲੇ ਪਹਿਲਾਂ ਇਨਜਰਡ ਵਿਅਕਤੀ ਨੂੰ 12,000 ਰੁਪਏ ਅੌਰ ਜਿੱਥੇ ਡੈਥ ਹੋ ਜਾਵੇ, ਉਸ ਨੂੰ 25,000 ਰੁਪਏ ਦਿੱਤੇ ਜਾਂਦੇ ਸਨ । ਰੀਸੈਂਟਲੀ ਮੋਟਰ ਵਹੀਕਲਜ ਐਕਟ ਬੱਲੇ ਇਹ ਰਾਸ਼ੀ ਵਧਾ ਕੇ 12,000/- ਰੁਪਏ ਤੋਂ 25,000/- ਅੌਰ ਡੈਥ ਕੇਸ ਵਿਚ 25,000/- ਰੁਪਏ ਤੋਂ 50,000/- ਰੁਪਏ ਕਰ ਦਿੱਤੀ ਗਈ ਹੈ । ਜਦੋਂ ਕੋਈ ਕਲੇਮ ਕਰਦਾ ਹੈ, ਉਸ ਵੇਲੇ ਇਹ ਰਾਸ਼ੀ ਦੇ ਦਿੱਤੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੇਰਾ ਦੂਸਰਾ ਪ੍ਰਸ਼ਨ ਇਹ ਹੈ ਕਿ ਇਨ੍ਹਾਂ ਨੇ ਉਤਰ ਵਿਚ ਲਿਖਿਆ ਹੈ ਕਿ ਕਿਸੇ ਨੂੰ ਕੋਈ ਮਦਦ ਨਹੀਂ ਦਿੱਤੀ ਗਈ। ਇਹ ਕਲੇਮ ਕਿਉਂ ਨਹੀਂ ਦਿੱਤਾ ਗਿਆ ਇਸਦੇ ਕੀ ਕਾਰਨ ਹਨ ? ਕੀ ਕਲੇਮ ਕਰਨ ਤੋਂ ਬਾਅਦ ਵੀ ਕਿਸੇ ਨੂੰ ਕਲੇਮ ਨਹੀਂ ਦਿੱਤਾ ਗਿਆ,ਔਰ ਅੰਮ੍ਰਿਤਸਰ, ਜਲੰਧਰ ਸੜਕ ਉਤੇ ਏਨੇ ਐਕਸੀਡੈਂਟ ਹੁੰਦੇ ਹਨ, ਇਸਦੇ ਕੀ ਕਾਰਨ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਨਿੱਲ' ਦਾ ਜਵਾਬ ਦਿੱਤਾ ਗਿਆ ਹੈ। ਇਹ ਪ੍ਰਾਈਵੇਟ ਬੱਸਾਂ ਨਾਲ ਰੀਲੇਟ ਕਰਦਾ ਹੈ ਜੀ। ਜਦੋਂ ਕੋਈ ਐਕਸੀਡੈਂਟ ਹੁੰਦਾ ਹੈ ਤਾਂ ਜਿਹੜੀ ਕੰਪਨੀ ਸਬੰਧਤ ਹੁੰਦੀ ਹੈ, ਇਹ ਉਸਦੀ ਜ਼ਿੰਮੇਵਾਰੀ ਹੁੰਦੀ ਹੈ। ਐਮ.ਏ.ਸੀ.ਟੀ. ਕੋਲ ਕੇਸ ਪੈਂਡਿੰਗ ਪਏ ਹਨ, ਜਦੋਂ ਫੈਸਲਾ ਹੋ ਜਾਵੇਗਾ ਤਾਂ ਕੰਪਨਸੇਸ਼ਨ ਮਿਲ ਜਾਵੇਗਾ। ਜਿਥੋਂ ਤੱਕ ਐਕਸੀਡੈਂਟ ਦੇ ਕਾਰਨਾਂ ਦੀ ਗੱਲ ਹੈ। ਐਕਸੀਡੈਂਟ ਤਾਂ ਕਦੇ ਵੀ ਹੋ ਸਕਦਾ ਹੈ। ਕਈ ਵਾਰ ਹਿਊਮੈਨ ਫਾਲਟ ਕਰਕੇ ਹੋ ਜਾਂਦਾ ਹੈ ਅਤੇ ਕਈ ਵਾਰ ਬੈਡ ਵੈਦਰ ਕਰਕੇ ਵੀ ਐਕਸੀਡੈਂਟ ਹੋ ਜਾਂਦਾ ਹੈ। ਕਈ ਕਾਰਨ ਹੋ ਜਾਂਦੇ ਹਨ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਇਨ੍ਹਾਂ ਨੇ ਪੰਜਾਬ ਰੋਡਵੇਜ ਦੇ ਕਾਰਨ ਮਰਨ ਵਾਲੇ 23 ਦੱਸੇ ਹਨ, ਪੀ.ਆਰ.ਟੀ.ਸੀ. ਦੇ ਕਾਰਨ 2 ਦੱਸੇ ਹਨ ਔਰ ਪ੍ਰਾਈਵੇਟ ਦੇ ਕਾਰਨ ਸਿਰਫ 6 ਦਸੇ ਹਨ। ਇਨ੍ਹਾਂ 25 ਬਾਰੇ ਇਨ੍ਹਾਂ ਨੇ ਕੁਝ ਵੀ ਨਹੀਂ ਦਿੱਤਾ। ਮੇਰਾ ਕਹਿਣਾ ਹੈ ਕਿ ਅੰਮ੍ਰਿਤਸਰ-ਜਲੰਧਰ ਸੜਕ ਬਹੁਤ ਛੋਟੀ ਹੈ ਜਿਸ ਦੇ ਕਾਰਨ ਉਥੇ ਐਕਸੀਡੈਂਟ ਬਹੁਤ ਹੁੰਦੇ ਹਨ। ਸੱਚ ਤਾਂ ਇਹ ਹੈ ਕਿ ਸਰਕਾਰ ਇਹ ਯਕੀਨ ਦਿਵਾਉਂਦੀ ਹੈ ਕਿ ਉਸ ਸੜਕ ਨੂੰ ਇਹ ਇਸ ਕਾਬਲ ਕਦਾ ਦੇਣਗੇ ਕਿ ਉਥੇ ਵਾਹਨ ਸੁਰੱਖਿਅਤ ਚੱਲ ਸਕਣ। ਇਹ ਕਦੋਂ ਤੱਕ ਕਰ ਦਿੱਤਾ ਜਾਵੇਗਾ।

ਰਾਜ ਮੰਤਰੀ : ਸਪੀਕਰ ਸਾਹਿਬ, ਵੈਸੇ ਤਾਂ ਜਲੰਧਰ ਤੋਂ ਅੰਮ੍ਰਿਤਸਰ ਤੱਕ ਦੀ ਸੜਕ ਪਹਿਲਾਂ ਹੀ ਕਾਫੀ ਚੌੜੀ ਹੈ ਅਤੇ ਡੈਂਨਸਿਟੀ ਆਫ ਵਹੀਕਲਜ ਦੇ ਅਨੁਸਾਰ ਹੈ। ਲੇਕਿਨ ਫਿਰ ਵੀ ਇਸ ਕੰਮ ਵਾਸਤੇ ਪੀ.ਡਬਲਯੂ. ਡੀ. ਦਾ ਮਹਿਕਮਾ ਪੈਸੇ ਦਾ ਪ੍ਰਬੰਧ ਕਰਦਾ ਹੈ। ਮੈਂ ਸਮਝਦਾ ਹਾਂ ਕਿ ਸ਼ੰਭੂ ਤੋਂ ਅੱਗੇ ਹਰਿਆਣਾ ਬਾਰਡਰ ਤੱਕ ਸੜਕ ਨੂੰ ਫੋਰ-ਲੇਨ ਕਰਨ ਦਾ ਕੰਮ ਚਲ ਰਿਹਾ ਹੈ। ਜਦੋਂ ਇਹ ਬਾਰਡਰ ਤੱਕ ਬਣਾਈ ਜਾਵੇਗੀ ਤਾਂ ਇਸ ਤੇ ਵੀ ਵਿਚਾਰ ਕਰ ਲਿਆ ਜਾਵੇਗਾ।

ਨਰਸਿੰਗ ਟ੍ਰੇਨਿੰਗ ਸਕੂਲ ਖੋਲ੍ਹਣੇ

***2416 ਸ਼੍ਰੀ ਮਦਨ ਮੋਹਨ ਮਿੱਤਲ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਨਰਸਿੰਗ ਟ੍ਰੇਨਿੰਗ ਸਕੂਲ ਚਲਾਉਣ ਲਈ ਸਰਕਾਰ/ਨਰਸਿੰਗ ਰਜਿਸਟਰੇਸ਼ਨ ਕੌਂਸਲ ਦੁਆਰਾ ਨਿਯਤ ਕੀਤੇ ਗਏ ਨਾਰਮਜ ਦੇ ਵੇਰਵੇ ਕੀ ਹਨ ;

(ਅ) 1992 ਤੋਂ ਰਾਜ ਵਿਚ ਕਿੰਨੇ ਅਜਿਹੇ ਨਰਸਿੰਗ ਟ੍ਰੇਨਿੰਗ ਸਕੂਲ ਚਲਾਉਣ ਦੀ ਇਜਾਜ਼ਤ ਦਿੱਤੀ ਗਈ ਹੈ ਅਤੇ ਉਨ੍ਹਾਂ ਦੇ ਨਾਂ ਕੀ ਕੀ ਹਨ ;

Original with;
Punjab Vidhan Sabha
Digitized by;
Punjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਉਹ ਕਿਥੇ ਕਿਥੇ ਹਨ, ਕਿੰਨੇ ਵਿਅਤੀਆਂ ਦੀ ਦਾਖਲੇ ਲਈ ਇਜ਼ਾਜ਼ਤ ਦਿੱਤੀ ਗਈ ਹੈ ਅਤੇ ਉਨ੍ਹਾਂ ਪ੍ਰਬੰਧਕਾਂ ਦੇ ਨਾਂ ਕੀ ਹਨ ਜਿਹੜੇ ਇਨ੍ਹਾਂ ਸਕੂਲਾਂ ਨੂੰ ਚਲਾ ਰਹੇ ਹਨ ;

(ਏ) ਕੀ ਇਹ ਸਕੂਲ ਸਰਕਾਰ ਦੁਆਰਾ ਨਿਯਤ ਕੀਤੀਆਂ ਗਈਆਂ ਸਾਰੀਆਂ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ ,

(ਸ) ਕੀ ਇਨ੍ਹਾਂ ਸਕੂਲਾਂ ਨੂੰ ਇਜ਼ਾਜ਼ਤ ਦੇਣ ਤੋਂ ਪਹਿਲਾਂ ਸਰਕਾਰ ਦੁਆਰਾ ਕੋਈ ਮੁਆਇਨਾ ਕੀਤਾ ਗਿਆ ਸੀ ? ਜੇਕਰ ਅਜਿਹਾ ਹੋਵੇ ਤਾਂ ਉਕਤ ਮੁਆਇਨੇ ਦੀ ਰਿਪੋਰਟ ਦੇ ਵੇਰਵੇ ਸਦਨ ਦੀ ਮੇਜ਼ ਤੇ ਰੱਖੇ ਜਾਣ ।

Sardar Harcharan Singh Brar : (a) No norms have been laid down by the Government/Nurses Registration Council for starting Nursing Training Schools in the State. But Punjab Nurses Registration Council follows the norms laid down by the Indian Nursing Council which are annexed at Annexure 'A'.

(b) Punjab Nurses Registration Council has granted permission to ten institutions for opening Nursing Training Schools in the State since 1992. Their names,location, number of students permitted for admission and the names of the management by which these are being run are attached Annexure 'B'

(c) Yes.

(d) No inspection was done by the Government in Health and Family Welfare Department. Inspections of these institutions are done by the Inspectors appointed by the Punjab Nurses Registration Council which is a statutory body constituted by the Government. Copies of inspection reports of these institutions are annexed at *Annexure 'C' for being laid down on the Table of the House.

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਕਾਫੀ ਵਿਸਥਾਰ ਵਿਚ ਦਿੱਤਾ ਹੈ ਪਰ ਇਹ ਮਿਲਿਆ ਮੈਨੂੰ ਅਜ ਸਵੇਰੇ ਹੀ ਹੈ ਜਿਸ ਕਰਕੇ ਮੈਂ ਥੋੜ੍ਹਾ ਹੀ ਪੜ੍ਹ ਸਕਿਆ ਹਾਂ । ਇਸ ਦੇ ਵਿਚ ਜਿਹੜੇ ਨਾਰਮਜ ਫਿਕਸ ਕੀਤੇ ਹੋਏ ਹਨ, ਉਨ੍ਹਾਂ ਦੇ ਅਨੁਸਾਰ ਉਥੇ ਇਕ ਹੋਸਟਲ ਹੋਵੇਗਾ,, ਬੈੱਡ ਰੂਮਾਂ ਦੀ ਐਨੀ ਲੈਂਥ ਅਤੇ ਬਰੈਡਥ

---

*Placed in the Library.

Original with;
Punjab Vidhan Sabha
Digitized by;
Panjab Digital Library

ਹੋਣੀ ਹੈ, ਐਨਾ ਰਸਤਾ ਛੱਡਿਆ ਜਾਣਾ ਹੈ. ਇਕ ਕਮਰੇ ਵਿਚ ਤਿੰਨ ਤੋਂ ਵੱਧ ਸਟੂਡੈਂਟ ਨਹੀਂ ਠਹਿਰ ਸਕਦੇ, ਇਕ ਮੈਸ ਹੋਵੇਗੀ ਆਦਿ । ਭਾਵ ਇਕ ਅੱਛੇ ਕਾਲਜ ਦੀਆਂ ਜੋ ਰਿਕੁਆਇਰਮੈਂਟਸ ਹਨ, ਉਹ ਸਾਰੀਆਂ ਹੀ ਪ੍ਰੋਸਕ੍ਰਾਈਬਡ ਕੀਤੀਆਂ ਹੋਈਆਂ ਹਨ । ਸਟਾਫ ਬਾਰੇ ਵੀ ਲਿਖਿਆ ਹੋਇਆ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਨਰਸਿੰਗ ਹੋਮ ਹੁਣੇ ਹੀ ਖੁਲ੍ਹਿਆ ਹੈ ਜਿਸ ਦਾ ਨਾਂ ਹੈ ਡਾਕਟਰ ਸ਼ਾਮ ਲਾਲ ਥਾਪਰ ਨਰਸਿੰਗ ਸਕੂਲ, ਮੋਗਾ । ਉਸ ਦੀ ਇੰਸਪੈਕਸ਼ਨ ਰਿਪੋਰਟ ਹੈ, ਉਸ ਉਤੇ ਕੋਈ ਡੇਟ ਨਹੀਂ ਦਿੱਤੀ ਹੋਈ ਕਿ ਇਹ ਰਿਪੋਰਟ ਕਿਸ ਤਰੀਕ ਨੂੰ ਕੀਤੀ ਗਈ ਹੈ । ਇਕ ਹੋਰ ਦੂਸਰੀ ਰਿਪੋਰਟ ਹੈ ਜਿਸ ਵਿਚ ਕਾਫੀ ਆਬਜੈਕਸ਼ਨ ਰੇਜ਼ ਕੀਤੇ ਹੋਏ ਹਨ ਅੰਰ ਉਸ ਦੇ ਨਾਲ ਇਕ ਡੀ.ਓ. ਲੈਟਰ ਵੀ ਲੱਗਿਆ ਹੋਇਆ ਹੈ ਜਿਹੜਾ ਕਿ ਉਥੋਂ ਦੀ ਪ੍ਰੈਜ਼ੀਡੈਂਟ ਵੂਮੈਨ ਵੈਲਫੇਅਰ ਐਸੋਸ਼ੀਏਸ਼ਨ, ਵੱਲੋਂ ਉਨ੍ਹਾਂ ਨੂੰ ਲਿਖਿਆ ਗਿਆ ਹੈ । ਸਪੀਕਰ ਸਾਹਿਬ, ਉਥੇ ਦੋ ਇੰਸਪੈਕਸ਼ਨਾਂ ਹੋ ਚੁੱਕੀਆਂ ਹਨ but I cannot ascertain whether this Report relates to the first inspection or to the second inspection. ਇਸ ਤੋਂ ਇਹ ਪਤਾ ਨਹੀਂ ਲਗਦਾ ਕਿ ਇਹ ਇੰਸਪੈਕਸ਼ਨ ਰਿਪੋਰਟ ਪਹਿਲੀ ਹੈ ਜਾਂ ਕਿ ਦੂਸਰੀ ਹੈ । ਸੈਕਿੰਡ ਰਿਪੋਰਟ ਵਿਚ ਐਸੇ ਪੁਆਇੰਟ ਉਠਾਏ ਗਏ ਹਨ, ਜਿਹੜੇ ਕਿ ਫੁਲਫਿਲ ਹੋਣੇ ਚਾਹੀਦੇ ਹਨ ਅਤੇ ਨਾਰਮਜ ਦੇ ਮੁਤਾਬਿਕ ਹੋਣੇ ਚਾਹੀਦੇ ਹਨ। ਕੀ ਮੰਤਰੀ ਜੀ ਨੂੰ ਇਸ ਸਭ ਦੀ ਜਾਣਕਾਰੀ ਹੈ ਜਾਂ ਉਹ ਮਹਿਕਮੇ ਰਾਹੀਂ ਇਹ ਜਾਣਕਾਰੀ ਲੈ ਕੇ ਦੇਣਗੇ ? (ਵਿਘਨ)

ਸ਼੍ਰੀ ਸਪੀਕਰ : ਮਿੱਤਲ ਜੀ, ਤੁਸੀਂ ਇਕ ਵੇਲੇ ਇਕ ਸਪਸ਼ਟ ਪ੍ਰਸ਼ਨ ਕਰਿਆ ਕਰੋ ਤੁਸੀਂ ਤਾਂ ਡਿਟੇਲ ਦੇਣ ਲੱਗ ਪਏ ਹੋ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੈਂ ਤਾਂ ਬੜਾ ਸਪੱਸ਼ਟ ਸਵਾਲ ਹੀ ਪੁੱਛਿਆ ਹੈ ਕਿ ਕੀ ਮੰਤਰੀ ਜੀ ਇਹ ਦੱਸਣਗੇ ਕਿ ਇੰਸਪੈਕਸ਼ਨ ਰਿਪੋਰਟਾਂ ਦੋ ਹੋਈਆਂ ਹਨ ਜਾਂ ਇਕ ਹੋਈ ਹੈ ਅਤੇ ਜਿਹੜੇ ਨਾਰਮਜ਼ ਲੇਅ-ਡਾਊਨ ਕੀਤੇ ਗਏ ਹਨ ਕੀ ਉਹ ਫੁੱਲਫਿਲ ਕਰਵਾਏ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਦਾ ਕੇਸ ਹਾਈ ਕੋਰਟ ਵਿਚ ਪੈਂਡਿੰਗ ਚਲ ਰਿਹਾ ਹੈ ਅਤੇ ਸਬਜੂਡਿਸ ਹੋਣ ਕਰਕੇ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਜਿਹੜਾ ਮੈਟਰ ਸਬਜੂਡਿਸ ਹੈ ਉਹ ਤਾਂ ਹੈ ਕਲੋਜ਼ ਕਰਨ ਦਾ ਜਾਂ ਨਾਨ-ਕਲੋਜ਼ਿੰਗ ਦਾ । ਅਰਥਾਤ ਇਸ ਨੂੰ ਬੰਦ ਕਰਨਾ ਹੈ ਜਾਂ ਨਹੀਂ ਕਰਨਾ । ਸੈਕਿੰਡ ਰਿਪੋਰਟ ਦਾ ਇਸ ਨਾਲ ਕੋਈ ਤੁਅੱਲਕ ਨਹੀਂ ਹੈ । ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਦੋ ਇੰਸਪੈਕਸ਼ਨਾਂ ਹੋਈਆਂ ਹਨ, ਦੂਜੀ ਇੰਸਪੈਕਸ਼ਨ ਦੀ ਰਿਪੋਰਟ ਕਿੱਥੇ ਹੈ ? ਕੀ ਮੰਤਰੀ ਜੀ ਪ੍ਰੋਵਾਈਡ ਕਰਨਗੇ ਜਾਂ ਉਹ ਫਾਈਲ ਵਿਚੋਂ ਹੀ ਨਿਕਲ ਗਈ ਹੈ ? ਇਹ ਤਾਂ ਸਬਜੂਡਿਸ ਨਹੀਂ ਹੈ । I don't think that it relates to the subjudiced matter.

ਸ਼੍ਰੀ ਸਪੀਕਰ : ਜਦੋਂ ਕੋਈ ਕੇਸ ਕੋਰਟ ਵਿਚ ਹੋਵੇ ਤਾਂ ਸਾਰਾ ਕੁਝ ਹੀ ਸਬਜੂਡਿਸ ਸਮਝਿਆ ਜਾਂਦਾ ਹੈ । ਇਸ ਕਰਕੇ ਇਨ੍ਹਾਂ ਨੇ ਜੋ ਕਿਹਾ ਹੈ, ਉਹ ਦਰੁਸਤ ਹੈ । It cannot be discussed further here as it is in the Court.

Original with;
Punjab Vidhan Sabha
Digitized by;
Panjab Digital Library

Shri Madan Mohan Mittal : Sir, I am only discussing as to whether there have been two reports or not.

Mr. Speaker : Mittal Sahib, he can be caught on the wrong foot by discussing a matter which is in the Court. He has rightly said that it is a subjudiced matter and cannot be discussed here.

Shri Madan Mohan Mittal : Sir, I want to submit that I am also a Lawyer and I know what is a subjudiced matter. My question does not relate to the subjudiced matter. ਸੈਕਿੰਡਰਿਪੋਰਟ ਸਬਜੂਡਿਸ ਨਹੀਂ ਹੈ। ਇਹ ਉਸ ਨੂੰ ਟਾਲ ਦੇਣਾ ਚਾਹੁੰਦੇ ਹਨ। I am not asking what is the Govt. doing. ਮੈਂ ਇਹ ਨਹੀਂ ਕਹਿੰਦਾ ਕਿ ਤਸੀਂ ਡਿਸੀਜ਼ਨ ਲਓ। ਨਾਰਮਜ਼ ਪਰੈਸਕਰਾਈਬਡ ਕੀਤੇ ਹਨ। ਦੋ ਇੰਸਪੈਕਸ਼ਨਜ਼ ਹੋਈਆਂ ਹਨ। ਦੂਜੀ ਸਬਜੂਡਿਸ ਨਹੀਂ ਹੈ। The documents show that there are two reports. Where is the second report ? Has it been withheld ? Sir; you should come to our rescue to provide us correct information in the House. Sir, this is a sacred House and we have right to information here.

Mr. Speaker : Mittal Sahib, you want to know as to whether there was one report or two reports ?

ਮੰਤਰੀ : ਸਪੀਕਰ ਸਾਹਿਬ, ਇਹ ਨਰਸਿੰਗ ਕੌਂਸਲ ਪੰਜਾਬ ਦੀ ਆਰਗੇਨਾਈਜੇਸ਼ਨ ਹੈ ਪਰ ਨੋਟੀਫਾਈ ਨਹੀਂ ਹੋਈ। ਪਹਿਲੀ ਕੌਂਸਲ ਕੰਮ ਨਹੀਂ ਕਰ ਰਹੀ।

ਸ਼੍ਰੀ ਵਿਜੇ ਕੁਮਾਰ ਸਾਥੀ : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਲਿਸਟ ਅਨੈਕਸਚਰ 'ਬੀ' ਵਿਚ ਦਿੱਤੀ ਹੈ, ਉਸ ਦੇ ਅੱਠ ਨੰਬਰ ਤੇ ਡਾਕਟਰ ਸ਼ਾਮ ਲਾਲ ਥਾਪਰ ਸਕੂਲ ਆਫ ਨਰਸਿੰਗ ਦਾ ਨਾਂ ਦਿੱਤਾ ਗਿਆ ਹੈ। ਕੀ ਉਸ ਵਿਚ ਸਾਡੀ ਵਿਧਾਨ ਸਭਾ ਦੇ ਕਿਸੇ ਮੈਂਬਰ ਦਾ ਵੀ ਤੁਅੱਲਕ ਹੈ ਜਾਂ ਕੋਈ ਹਿੱਸਾ ਹੈ।

ਸ਼੍ਰੀ ਸਪੀਕਰ : ਸਾਥੀ, ਜੀ, ਤੁਹਾਡਾ ਤੁਅੱਲਕ ਤਾਂ ਹੈ। ਮੈਨੂੰ ਪਤਾ ਹੈ। (ਹਾਸਾ) (ਵਿਘਨ)।

STARRED QUESTIONS AND ANSWERS

ਪੰਜਾਬ ਰਾਜ ਚਮੜਾ ਵਿਕਾਸ ਕਾਰਪੋਰੇਸ਼ਨ ਦੇ ਮਾਸਟਰ ਕਰਾਫਟ ਟੀਚਰਾਂ ਨੂੰ ਬਰਖਾਸਤ ਕਰਨਾ

---

*2656. **ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

Original with;
Punjab Vidhan Sabha
Digitized by;
Panjab Digital Library

(ੳ) ਪੰਜਾਬ ਰਾਜ ਚਮੜਾ ਵਿਕਾਸ ਕਾਰਪੋਰੇਸ਼ਨ ਦੀ ਟ੍ਰੇਨਿੰਗ ਸਕੀਮ ਅਧੀਨ ਨਿਯੁਕਤ ਕੀਤੇ ਗਏ 'ਮਾਸਟਰ ਕਰਾਫਟ ਟੀਚਰਾਂ' ਦੀ ਗਿਣਤੀ ਅਤੇ ਨਾਂ ਕੀ ਕੀ ਹਨ ਜਿਨ੍ਹਾਂ ਦੀਆਂ ਸੇਵਾਵਾਂ ਵਾਧੂ ਕਰਾਰ ਦਿੱਤੇ ਜਾਣ ਤੇ ਸਾਲ 1993 ਅਤੇ 1994 ਦੌਰਾਨ ਬਰਖਾਸਤ ਕਰ ਦਿੱਤੀਆਂ ਗਈਆਂ ਸਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਮੇਂ ਦੇ ਦੌਰਾਨ ਉਕਤ ਕਾਰਪੋਰੇਸ਼ਨ ਦੁਆਰਾ ਆਰਜ਼ੀ ਤੌਰ ਤੇ ਜਾਂ ਨਿਯਮਿਤ ਤੌਰ ਤੇ ਨਵੇਂ ਸਿਰਿਓਂ ਨਿਯੁਕਤ ਕੀਤੇ ਗਏ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ ?

ਸਰਦਾਰ ਕਰਮ ਸਿੰਘ ਗਿੱਲ (ਰਾਜ ਮੰਤਰੀ, ਉਦਯੋਗ) : (ੳ) ਸਾਲ 1993 ਅਤੇ 1994 ਦੇ ਦੌਰਾਨ ਕਿਸੇ ਵੀ ਮਾਸਟਰ ਕਰਾਫਟ ਟੀਚਰ ਦੀਆਂ ਸੇਵਾਵਾਂ ਸਰਪੱਲਸ ਘੋਸ਼ਿਤ ਹੋਣ ਕਾਰਨ ਬਰਖਾਸਤ ਨਹੀਂ ਕੀਤੀਆਂ ਗਈਆਂ ।

(ਅ) ਸਾਲ 1993 ਅਤੇ 1994 ਦੌਰਾਨ 2 ਮਾਸਟਰ ਕਰਾਫਟ ਟੀਚਰਾਂ ਦੀ ਬਿਲਕੁਲ ਆਰਜ਼ੀ ਅਤੇ ਕਾਨਟਰੈਕਟ ਦੇ ਆਧਾਰ ਤੇ ਨਿਯੁਕਤੀ ਕੀਤੀ ਗਈ ਸੀ ।

ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਨਵੇਂ ਨਿਯੁਕਤ ਕੀਤੇ ਗਏ ਮਾਸਟਰ ਕਰਾਫਟ ਟੀਚਰਾਂ ਵਿੱਚੋਂ ਕੋਈ ਅਜਿਹਾ ਕਰਮਚਾਰੀ ਜਾਂ ਕਰਮਚਾਰਨ ਨਿਯੁਕਤ ਕੀਤੀ ਗਈ ਹੈ ਜੋ ਟ੍ਰੇਨਿੰਗ ਲੈਣ ਲਈ ਟ੍ਰੇਨਿੰਗ ਸਕੀਮ ਵਿੱਚ ਭਾਰਤੀ ਕੀਤੀ ਗਈ ਹੋਵੇ ? ਜੇ ਹਾਂ ਤਾਂ ਕੀ ਉਸ ਨੂੰ ਟ੍ਰੇਨਿੰਗ ਪੂਰੀ ਕਰਵਾਈ ਗਈ ਹੈ ?

ਰਾਜ ਮੰਤਰੀ, : ਸਪੀਕਰ ਸਾਹਿਬ, ਦੋ ਟੀਚਰਾਂ ਰੱਖੀਆਂ ਗਈਆਂ ਹਨ ਇਕ ਮਿਸ ਪ੍ਰਵੀਨ ਕੁਮਾਰੀ ਅਤੇ ਦੂਸਰੀ ਮਿਸਿਜ਼ ਦਰਸ਼ਨਾ ਦੇਵੀ । ਇਹ ਇਕ ਸਾਲ ਟ੍ਰੇਨਿੰਗ ਦੇਣ ਤੋਂ ਬਾਅਦ ਕਾਂਟਰੈਕਟ ਬੇਸਿਜ਼ ਤੇ ਰੱਖੀਆਂ ਗਈਆਂ ਸਨ ਅਤੇ ਹਟਾ ਦਿੱਤੀਆਂ ਗਈਆਂ ਹਨ ।

ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਦੋ ਲੇਡੀਜ਼ ਸਨ ਪਰ ਉਨ੍ਹਾਂ ਵਿੱਚੋਂ ਜਿਹੜੀ ਇੱਕ ਲੇਡੀ ਨੂੰ ਟ੍ਰੇਨਿੰਗ ਲਈ ਭਰਤੀ ਕੀਤਾ ਗਿਆ ਸੀ, ਉਸਨੂੰ ਉਸ ਟ੍ਰੇਨਿੰਗ ਵਿੱਚੋਂ ਹਟਾ ਕੇ ਮਾਸਟਰ ਕਰਾਫਟ ਟੀਚਰ ਭਰਤੀ ਕੀਤਾ ਗਿਆ ਅੌਰ ਬਿਨਾਂ ਕਿਸੀ ਵਿਗਿਆਪਨ ਦੇ ਭਰਤੀ ਕੀਤਾ ਗਿਆ । ਕੀ ਮੰਤਰੀ ਜੀ ਇਹ ਵਿਸ਼ਵਾਸ਼ ਦਿਵਾਉਣਗੇ ਕਿ ਇਨਕੁਆਰੀ ਕਰਵਾ ਕੇ ਸਬੰਧਿਤ ਅਧਿਕਾਰੀ ਨੂੰ ਸਜ਼ਾ ਦਿੱਤੀ ਜਾਵੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਅਗਰ ਕਿਸੀ ਅਧਿਕਾਰੀ ਨੇ ਇਰਰੈਗੁਲੈਰਿਟੀ ਕਰਕੇ ਐਪੁਆਇੰਟਮੈਂਟ ਕੀਤੀ ਹੋਵੇਗੀ ਤਾਂ ਉਸ ਦੀ ਇਨਕੁਆਰੀ ਕਰਵਾ ਕੇ ਉਸ ਨੂੰ ਜ਼ਰੂਰ ਸਜ਼ਾ ਦੇਵਾਂਗੇ ।

———

Original with;
Punjab Vidhan Sabha
Digitized by;
Panjab Digital Library

ਬਲਾਕਾਂ ਨੂੰ ਗਰਾਂਟਾਂ ਦੇਣ ਦੀ ਕਸੌਟੀ

*2566. **ਸ਼ਰਦਾਰ ਈਸ਼ਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਦਿਹਾਤੀ ਵਿਕਾਸ ਲਈ ਸਰਕਾਰ ਵੱਲੋਂ ਬਲਾਕਾਂ ਨੂੰ ਗਰਾਂਟਾਂ ਦੇਣ ਲਈ ਕੀ ਕਸੌਟੀ ਅਪਣਾਈ ਜਾਂਦੀ ਹੈ, ਕੀ ਇਹ ਗਰਾਂਟਾਂ ਆਬਾਦੀ ਦੇ ਅਧਾਰ ਤੇ ਦਿੱਤੀਆਂ ਜਾਂਦੀਆਂ ਹਨ ਜਾਂ ਪਿੰਡਾਂ ਦੀ ਗਿਣਤੀ ਦੇ ਆਧਾਰ ਤੇ ?

Shri Santokh Singh Chaudhary (Chief Parliamentary Secretary) : Rural Development grants are not given to the blocks.

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, ਰੂਰਲ ਡਿਵੈਲਪਮੈਂਟ ਵਾਸਤੇ, ਪਿੰਡਾਂ ਦੇ ਬਿਹਤਰੀਨ ਵਿਕਾਸ ਵਾਸਤੇ ਗਰਾਂਟ ਜ਼ਿਲ੍ਹਾ ਪਲੈਨਿੰਗ ਬੋਰਡ ਰਾਹੀਂ ਦਿੱਤੀ ਜਾਂਦੀ ਹੈ । ਮੈਂ ਆਪ ਜੀ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੇ ਬਲਾਕ ਜਿਨ੍ਹਾਂ ਵਿੱਚ ਪਿੰਡਾਂ ਦੀ ਗਿਣਤੀ ਵੱਧ ਹੈ, ਕਿੰਨੇ ਹਨ ਅਤੇ ਜਿਨ੍ਹਾਂ ਬਲਾਕਾਂ ਵਿੱਚ ਪਿੰਡਾਂ ਦੀ ਗਿਣਤੀ ਵੱਧ ਹੈ, ਉਨ੍ਹਾਂ ਨੂੰ ਵੱਧ ਫੰਡ ਦੇਣ ਬਾਰੇ ਕੀ ਸਰਕਾਰ ਵਿਚਾਰ ਰੱਖਦੀ ਹੈ, ਤਾਂ ਕਿ ਉਨ੍ਹਾਂ ਦਾ ਵਿਕਾਸ ਬਰਾਬਰ ਹੋ ਸਕੇ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਜੋ ਗਰਾਂਟ ਦਿੱਤੀ ਜਾਂਦੀ ਹੈ ਜਿਸ ਤਰ੍ਹਾਂ ਕਿ ਮਾਨਯੋਗ ਮੈਂਬਰ ਸਾਹਿਬ ਨੇ ਵੀ ਜ਼ਿਕਰ ਕੀਤਾ ਹੈ, ਡਿਸਟ੍ਰਿਕਟ ਪਲੈਨਿੰਗ ਬੋਰਡ ਦੇ ਥਰੂ ਪਿੰਡਾਂ ਨੂੰ ਦਿੱਤੀ ਜਾਂਦੀ ਹੈ। ਕਈ ਜਗ੍ਹਾ ਇਹ ਬਲਾਕਵਾਈਜ਼ ਦਿੱਤੀ ਜਾਂਦੀ ਹੈ ਅੋਰ ਕਈ ਜਗ੍ਹਾ ਕਾਂਸਟੀਚਿਊਐਂਸੀਵਾਈਜ਼ ਦਿੱਤੀ ਜਾਂਦੀ ਹੈ । ਜਿਥੇ ਕੋਈ ਇਨ੍ਹਾਂ ਦਾ ਪਿੰਡ ਇਸ ਤਰ੍ਹਾਂ ਰਹਿ ਗਿਆ ਹੋਵੇ, ਉਥੇ ਅਸੀਂ ਪ੍ਰਬੰਧ ਕਰ ਦੇਵਾਂਗੇ ।

ਸ਼੍ਰੀ ਬਾਬੂ ਰਾਮ ਚਾਵਲਾ : ਸਪੀਕਰ ਸਾਹਿਬ, ਮੰਤਰੀ ਸਾਹਿਬ ਉਠ ਕੇ ਜਵਾਬ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਕਾਪੀ ਸਦਨ ਦੀ ਮੇਜ਼ ਤੇ ਹੈ । ਜੇਕਰ ਇਸ ਤਰ੍ਹਾਂ ਹੋ ਸਕੇ ਕਿ ਜਵਾਬ ਦੀ ਕਾਪੀ ਸਾਰੇ ਹੀ ਮੈਂਬਰਾਂ ਨੂੰ ਮਿਲ ਜਾਵੇ ਤਾਂ ਅਸੀਂ ਸਪਲੀਮੈਂਟਰੀ ਠੀਕ ਤਰ੍ਹਾਂ ਨਾਲ ਕਰ ਸਕਾਂਗੇ ।

ਸ਼੍ਰੀ ਸਪੀਕਰ : ਕੋਈ ਸੁਜੈਸ਼ਨ ਹੈ ਤਾਂ ਆ ਕੇ ਚੈਂਬਰ ਵਿੱਚ ਮਿਲ ਲੈਣਾ ।

You can give suggestion to me for this purpose.

ਇਹ ਕੋਈ ਸਪਲੀਮੈਂਟਰੀ ਨਹੀਂ ਹੈ । ਅਗਲਾ ਸਵਾਲ ।

ਸ਼੍ਰੀ ਬਾਬੂ ਰਾਮ ਚਾਵਲਾ : ਮੇਰਾ ਸਪਲੀਮੈਂਟਰੀ ਤਾਂ ਵਿੱਚ ਹੀ ਰਹਿ ਗਿਆ ।....

Mr. Speaker : I am allowing Shri Shingara Ram for next question.

"ਗੋਲਡਨ ਹੈਂਡ ਸ਼ੇਕ ਪਾਲਿਸੀ"

*2655. **ਸ਼੍ਰੀ ਸ਼ਿੰਗਾਰਾ ਰਾਮ ਸਹੁੰਗੜਾ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਜਨਵਰੀ, 1990 ਤੋਂ ਹੁਣ ਤੱਕ ਦੇ ਸਮੇਂ ਦੌਰਾਨ ਰਾਜ ਸਰਕਾਰ ਨੂੰ ਕੋਚਰੀ

Original with;
Punjab Vidhan Sabha
Digitized by;
Punjab Digital Library

ਸਰਕਾਰ ਤੋਂ ਸਰਕਾਰੀ ਅਦਾਰਿਆਂ ਦੇ ਕਰਮਚਾਰੀਆਂ ਸਬੰਧੀ 'ਗੋਲਡਨ ਹੈਂਡ ਸ਼ੇਕ ਪਾਲਿਸੀ' ਦੇ ਸਬੰਧ ਵਿਚ ਕੋਈ ਚਿੱਠੀ ਪ੍ਰਾਪਤ ਹੋਈ, ਜੇਕਰ ਅਜਿਹਾ ਹੋਵੇ, ਤਾਂ ਕੀ ਉਕਤ ਨੀਤੀ ਰਾਜ ਵਿਚਲੇ ਸਰਕਾਰੀ ਅਦਾਰਿਆਂ ਦੇ ਕੇਸ ਵਿਚ ਲਾਗੂ ਕਰ ਦਿੱਤੀ ਗਈ ਹੈ, ਜਿਹੜੇ ਸਰਕਾਰ ਦੁਆਰਾ ਬੰਦ ਕਰ ਦਿੱਤੇ ਗਏ ਹਨ ਜਾਂ ਬੰਦ ਕੀਤੇ ਜਾ ਰਹੇ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਉਨ੍ਹਾਂ ਕਰਮਚਾਰੀਆਂ ਦੀ ਗਿਣਤੀ ਅਤੇ ਵੇਰਵੇ ਕੀ ਹਨ, ਜਿਨ੍ਹਾਂ ਨੂੰ ਉਕਤ ਨੀਤੀ ਦੁਆਰਾ ਲਾਭ ਹੋਇਆ ਹੈ ?

Doctor Kewal Krishan : (a) The State Government, on its own request, has received, in October, 1992, a copy of the Union Government's Scheme for "Voluntary retirement for employees of Public Enterprises". The State Government has not yet finalised such a general policy for the State. However, four Public Sector Enterprises of the Industries Department have adopted voluntary retirement schemes of their own, with the approval of the Government.

(b) The details of employees who have availed of the provisions of the voluntary retiremement scheme in the four Public Sector Enterprises referred to in part 'a' are as follows :—

Sr. No.	Name of the Corporation	No. of employees who have availed of the provisions of voluntary retirement scheme
1.	Punjab State Handloom and Textile Development Corrporation (Puntex).	41
2.	Puujab State Leather Development Corporation. (Leathera).	51
3.	Punjab Tanneries Limited (A subsidiary of Leathera)	89
4.	Punjab Footwears Limited. (A subsidiary of Leathera).	28

ਸ਼੍ਰੀ ਸ਼ਿਗਾਰਾ ਰਾਮ ਸਹੂੰਗੜਾ : ਮਾਨਯੋਗ ਸਪੀਕਰ ਸਾਹਿਬ, ਸਵਾਲ ਦੇ 'ਬੀ' ਭਾਗ ਵਿੱਚ ਮਾਨਯੋਗ ਮੰਤਰੀ ਸਾਹਿਬ ਨੇ ਗਿਣਤੀ ਦਿੱਤੀ ਹੈ ਜਿਨ੍ਹਾਂ ਨੇ ਆਪਣੀ ਇੱਛਾ ਜ਼ਾਹਰ ਕੀਤੀ ਅਤੇ ਉਨ੍ਹਾਂ ਨੂੰ ਸੇਵਾ ਨਿਵਿਰਤ ਕਰ ਦਿੱਤਾ । ਮੈਂ ਮੰਤਰੀ ਸਾਹਿਬ ਤੋਂ

Original with;
Punjab Vidhan Sabha
Digitized by;
Punjab Digital Library

[ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ]

ਜਾਣਨਾ ਚਾਹਾਂਗਾ ਕਿ ਜਿਨ੍ਹਾਂ ਨੇ ਐਸੀ ਇੱਛਾ ਜ਼ਾਹਰ ਨਹੀਂ ਕੀਤੀ, ਉਨ੍ਹਾਂ ਦੀ ਗਿਣਤੀ ਕਿੰਨੀ ਹੈ ? ਕਿਹੜੇ ਵਾਲੰਟਰੀ ਸੇਵਾ ਨਿਵਿਰਤੀ ਸਕੀਮ ਅਧੀਨ ਆਏ ਨਹੀਂ ਫਿਰ ਵੀ ਕੱਢੇ ਗਏ ਉਨ੍ਹਾਂ ਦੀ ਗਿਣਤੀ ਕਿੰਨੀ ਹੈ ?

ਮੰਤਰੀ : ਸਪੀਕਰ ਸਾਹਿਬ, 'ਗੋਲਡਨ ਹੈਂਡ ਸ਼ੇਕ' ਦਾ ਮਤਲਬ ਹੈ ਕਿ ਸੋਨਾ ਹੱਥ ਵਿੱਚ ਫੜਾ ਕੇ ਸਮਝੌਤਾ ਕਰਨਾ । ਇਸ ਦੇ ਵਿੱਚ ਕੋਈ ਮਜਬੂਰ ਕਰਕੇ ਨਹੀਂ ਕੱਢਿਆ, ਸਮਝੌਤੇ ਨਾਲ ਕੱਢੇ ਗਏ ਹਨ ਅੰਤ ਉਨ੍ਹਾਂ ਇੰਪਲਾਈਜ਼ ਦੀ ਗਿਣਤੀ ਮੈਂ ਸਦਨ ਦੀ ਮੇਜ਼ ਤੇ ਹੀ ਨਹੀ ਰੱਖੀ ਬਲਕਿ ਪੜ੍ਹ ਕੇ ਸੁਣਾ ਵੀ ਦਿੱਤੀ ਹੈ । ਇਸ ਕਰਕੇ ਦੁਬਾਰਾ ਕਹਿਣਾ ਚਾਹੁੰਦਾ ਕਿ 'ਗੋਲਡਨ ਹੈਂਡ ਸ਼ੇਕ' ਨਾਲ ਅਸੀਂ ਕਿਸੇ ਨੂੰ ਮਜਬੂਰ ਕਰਕੇ ਨਹੀਂ ਕੱਢਿਆ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦੀ ਹਾਂ ਕਿ ਐਸੇ ਕਿੰਨੇ ਕਰਮਚਾਰੀ ਹਨ, ਜਿਨ੍ਹਾਂ ਦੇ ਹੱਥ ਵਿੱਚ ਸੋਨਾ ਫੜਾ ਕੇ ਕੱਢਿਆ ਤੇ ਮੁੜ ਦੂਸਰੇ ਪਾਸੇ ਦੁਬਾਰਾ ਨੌਕਰੀ ਦ ਦਿੱਤੀ ਹੈ ?

ਮੰਤਰੀ : ਪਨਟੈਕਸ ਦੇ 41, ਪੰਜਾਬ ਲੈਦਰਾ ਦੇ 51, ਪੰਜਾਬ ਟੈਨਰੀਜ਼ ਲਿਮਟਿਡ ਦੇ 89 ਅੰਤ ਪਜਾਬ ਫੁਟਵੀਅਰ ਲਿਮਟਿਡ ਦੇ 28 ।

ਸ਼੍ਰੀ ਸਪੀਕਰ : ਇਨ੍ਹਾਂ ਨੂੰ ਦੱਸੋ ਕਿ ਕੀ ਫਿਰ ਕਿਸੇ ਨੂੰ ਨੌਕਰੀ ਦਿੱਤੀ ਹੈ ?

ਮੰਤਰੀ : ਨਹੀਂ ਜੀ । ਹੱਥ ਵਿੱਚ ਸੋਨਾ ਦੇ ਕੇ ਪੈਸੇ ਦੇ ਕੇ ਸਮਝੌਤੇ ਨਾਲ ਕੱਢਿਆ ਹੈ ।

ਸ਼੍ਰੀ ਸਪੀਕਰ : ਇਹ ਡੀਟੇਲ ਤਾਂ ਤੁਸੀਂ ਪਹਿਲਾਂ ਹੀ ਦੇ ਚੁੱਕੇ ਹੋ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਪੁਛਿਆ ਹੈ ਕਿ ਦੁਬਾਰਾ ਨੌਕਰੀ ਕਿੰਨਿਆਂ ਨੂੰ ਦਿੱਤੀ ਗਈ ਹੈ ?

Mr. Speaker : Out of those people with whom you have had a golden hand shake, ਕਿੰਨਿਆਂ ਨਾਲ ਫਿਰ ਹੱਥ ਮਿਲਾ ਲਿਆ ? And whether they can be recruited again ?

ਮੰਤਰੀ : ਹੱਥ ਤਾਂ ਹਰ ਵੇਲੇ ਮਿਲਾਇਆ ਜਾਂਦਾ ਹੈ, ਹੱਥ ਕਰੇ ਕੋਈ ਸਹੀ । (ਵਿਘਨ) ਸਰਕਾਰ ਵਲੋਂ ਕੋਈ ਸ਼ਰਤ ਨਹੀਂ ਕਿ ਨੌਕਰੀ ਦਿੱਤੀ ਜਾਵੇਗੀ । (ਵਿਘਨ) ਗੌਰਮਿੰਟ ਦੀ ਕੋਈ ਜ਼ਿਮੇਂਵਾਰੀ ਨਹੀਂ ਕਿ ਨੌਕਰੀ ਦੇਣੀ ਹੈ ।

Mr. Speaker : Shri Vijay Kumar Sathi for Next Question. (Interruption) I have to complete the whole List.. .F.M. Sahib.

Shri Madan Mohan Mittal : ** ** **

Mr. Speaker : I have not allowed you. Please resume your seat. I have called the next question. (Interruption) He has given

---

**Not recorded as ordered by the Chair.

Original with;
Punjab Vidhan Sabha
Digitized by;
Punjab Digital Library

reply....You can't insist. (interruption) Please do not insist.... Resume your seat.....Please resume your seat. If a man is qualified, nobody can stop him. The points raised by this gentleman which I have not allowed are not to be recorded.

ਜਾਅਲੀ ਲਾਟਰੀ ਬਾਰੇ ਸ਼ਿਕਾਇਤਾਂ

*2550. **ਸ਼੍ਰੀ ਵਿਜੇ ਕੁਮਾਰ ਸਾਥੀ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਸਰਕਾਰ ਵੱਲੋਂ ਇਸ ਵੇਲੇ ਕੁੱਲ ਕਿੰਨੀਆਂ ਲਾਟਰੀਆਂ ਚਲਾਈਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਲਾਟਰੀਆਂ ਦੇ ਇਨਾਮ ਕਿਹੜੇ-ਕਿਹੜੇ ਦਿਨ ਕੱਢੇ ਜਾਂਦੇ ਹਨ ਅਤੇ ਹਰ ਇਕ ਲਾਟਰੀ ਦਾ ਡਰਾਅ ਮਹੀਨੇ ਵਿਚ ਕਿੰਨੀ ਵਾਰ ਕੱਢਿਆ ਜਾਂਦਾ ਹੈ;

(ਅ) ਕੀ ਸਰਕਾਰ ਨੂੰ ਸਾਲ 1994 ਤੋਂ ਹੁਣ ਤੱਕ ਜਾਅਲੀ ਲਾਟਰੀਆਂ ਬਾਰੇ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ; ਜੇਕਰ ਅਜਿਹਾ ਹੈ ਤਾਂ ਇਨ੍ਹਾਂ ਸ਼ਿਕਾਇਤਾਂ ਦੇ ਆਧਾਰ ਤੇ ਕੀਤੀ ਕਾਰਵਾਈ ਦੇ ਵੇਰਵੇ ਕੀ ਹਨ ?

Doctor Kewal Krishan : (a) At present, the Punjab Government is running 12 daily lotteries. The draws/prizes of these 12 lottery schemes are conducted daily.

(b) No Sir.

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਵੈਸੇ ਤਾਂ ਇਹ ਸਦਨ ਵਿੱਚ ਅਨਾਊਂਸਮੈਂਟ ਕਰ ਚੁੱਕੇ ਹਨ ਕਿ ਡੇਅਲੀ ਵਾਲੀ ਲਾਟਰੀ ਸਹਕਾਰ ਬੰਦ ਕਰਨ ਲੱਗੀ ਹੈ । ਮੈਂ ਇਨ੍ਹਾਂ ਤੋਂ ਇਹ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ 12 ਰੋਜ਼ਾਨਾ ਲਾਟਰੀ ਸਕੀਮਾਂ ਚਲਦੀਆਂ ਦੱਸੀਆਂ ਹਨ, ਡਾਕਟਰ ਸਾਹਿਬ ਬੜੇ ਸਿਆਣੇ ਹਨ, ਕੀ ਉਹ ਇਸ ਗੱਲ ਦੀ ਪੜਚੋਲ ਕਰਾਉਣਗੇ ਕਿ ਕਿਧਰੇ ਵੀ ਜਾ ਕੇ ਦੇਖ ਲਓ.....

ਸ਼੍ਰੀ ਸਪੀਕਰ : ਤੁਸੀਂ ਸਵਾਲ ਪੁੱਛੋ ।

ਸ਼੍ਰੀ ਵਿਜੇ ਕੁਮਾਰ ਸਾਥੀ : ਮੈਂ ਸਵਾਲ ਹੀ ਪੁੱਛਣ ਲੱਗਾ ਹਾਂ ਜੀ । ਜਿਹੜੀ ਲਾਟਰੀ ਚਲਦੀ ਹੈ, ਸਰਕਾਰ ਦੀ ਪਰਚੀ ਦਿੱਤੀ ਜਾਂਦੀ ਹੈ ਅਤੇ ਉਸ ਦੇ ਵਿੱਚ 10 ਗੁਣਾ ਚਲਦਾ ਹੈ ਜਿਸ ਦੇ ਵਿੱਚ ਪੁਲਿਸ ਵਾਲਿਆਂ ਦਾ ਵੀ ਹੱਥ ਹੈ, ਕੀ ਡਾਕਟਰ ਸਾਹਿਬ ਇਸ ਗੱਲ ਦੀ ਪੜਚੋਲ ਕਰਾਉਣਗੇ ਅਤੇ ਇਸ ਨੂੰ ਬੰਦ ਕਰਾਉਣ ਦਾ ਵਿਸ਼ਵਾਸ ਦਿਵਾਉਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਇਸ ਸਵਾਲ ਦਾ ਜਵਾਬ ਦਿੱਤਾ ਹੈ ਕਿ ਇਸ ਤਰ੍ਹਾਂ ਦੀ ਕੋਈ ਸ਼ਿਕਾਇਤ ਨਹੀਂ ਮਿਲੀ ਲੇਕਿਨ ਇਸ ਦੇ ਬਾਵਜੂਦ ਅਸੀਂ ਮਹਿਸੂਸ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕਰਦੇ ਹਾਂ ਕਿ ਇਹ ਸੋਸ਼ਲ ਈਵਲ ਹੈ ਅਤੇ ਲੋਕਾਂ ਦਾ ਇਸ ਦੇ ਨਾਲ ਨੁਕਸਾਨ ਹੁੰਦਾ ਹੈ । ਇਸ ਕਰਕੇ ਪੰਜਾਬ ਸਰਕਾਰ ਨੇ ਇਸ ਗੱਲ ਦਾ ਫੈਸਲਾ ਕੀਤਾ ਹੈ ਕਿ ਅਗਲੇ ਫਾਈਨਾਂਸ਼ੀਅਲ ਈਅਰ ਦੇ ਫਸਟ ਕੁਆਰਟਰ ਵਿੱਚ ਹਰ ਹਾਲਤ ਵਿੱਚ ਵਨ ਡਿਜ਼ਿਟ ਵਾਲੀ ਲਾਟਰੀ ਬੰਦ ਕਰ ਦੇਵਾਂਗੇ ।

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਮੈਂ ਤਾਂ ਇਹ ਬੇਨਤੀ ਕੀਤੀ ਹੈ ਕਿ ਸਰਕਾਰੀ ਤੌਰ ਤੇ ਇਲਲੀਗਲੀ ਦੜਾ ਚਲਦਾ ਹੈ ਅੱਜ ਵੀ ਚਲਦਾ ਹੈ, ਜਿਥੇ ਮਰਜ਼ੀ ਜਾ ਕੇ ਦੇਖ ਲਓ, ਉਥੋਂ ਟਰੈਫਿਕ ਨਹੀਂ ਲੰਘ ਸਕਦੀ.....

ਸ਼੍ਰੀ ਸਪੀਕਰ : ਸਾਥੀ ਸਾਹਿਬ, ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਵਨ ਡਿਜਿਟ ਲਾਟਰੀ ਬੰਦ ਕਰ ਦਿੱਤੀ ਹੈ ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 2663*

ਸ਼੍ਰੀ ਸਪੀਕਰ : ਇਸ ਸਵਾਲ ਵਿੱਚ ਐਕਸਟੈਨਸ਼ਨ ਦਿੱਤੀ ਗਈ ਹੈ ।

ਸਰਦਾਰ ਜੋਗਿੰਦਰ ਸਿੰਘ ਮਾਨ : ਸਪੀਕਰ ਸਾਹਿਬ, ਕੀ ਇਹ ਜਵਾਬ ਇਸੇ ਸੈਸ਼ਨ ਵਿੱਚ ਆ ਜਾਵੇਗਾ ?

ਸ਼੍ਰੀ ਸਪੀਕਰ : ਮੈਂ ਇੱਕ ਹਫ਼ਤੇ ਦੀ ਐਕਸਟੈਨਸ਼ਨ ਦਿੱਤੀ ਹੈ ।

ਸਰਦਾਰ ਜੋਗਿੰਦਰ ਸਿੰਘ ਮਾਨ : ਇਕ ਹਫ਼ਤੇ ਵਿੱਚ ਤਾਂ ਸੈਸ਼ਨ ਖ਼ਤਮ ਹੋ ਜਾਵੇਗਾ ਜੀ ।

Mr. Speaker : How do you know ? Only time will tell. Next Question by S. Gurnam Singh Dhirowal.

ਬਿਆਸ ਦਰਿਆ ਤੇ ਪੁਲ ਬਣਾਉਣਾ

*2682. **ਕਾਮਰੇਡ ਗੁਰਨਾਮ ਸਿੰਘ ਧੀਰੇਵਾਲ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸ੍ਰੀ ਹਰਗੋਬਿੰਦਪੁਰ, ਜ਼ਿਲ੍ਹਾ ਗੁਰਦਾਸਪੁਰ ਅਤੇ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਆਪਸ ਵਿਚ ਜੋੜਨ ਲਈ ਬਿਆਸ ਦਰਿਆ ਤੇ ਪੁਲ ਤੇ ਉਸਾਰੀ ਦਾ ਕੰਮ ਕਿਸ ਸਾਲ ਵਿਚ ਸ਼ੁਰੂ ਕੀਤਾ ਗਿਆ ਸੀ,

(ਅ) ਉਨ੍ਹਾਂ ਏਜੰਸੀਆਂ/ਅਦਾਰਿਆ ਦੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ ਉਕਤ ਕੰਮ ਸੌਂਪਿਆ ਗਿਆ ਸੀ ਅਤੇ ਉਕੰਤ ਪੁਲ ਦੀ ਉਸਾਰੀ ਤੇ ਕਿੰਨੀ ਲਾਗਤ ਆਉਣ ਦਾ ਅਨੁਮਾਨ ਹੈ;

---

*For Starred Question No. 2663 and reply thereto, please see Punjab Vidhan Sabha Debates dated the 4th April, 1995.

Original with;
Punjab Vidhan Sabha
Digitized by;

(ਏ) ਕੀ ਉਕਤ ਪੁਲ ਦੀ ਉਸਾਰੀ ਵਿਚ ਘਟੀਆ ਮਾਲ ਦੀ ਵਰਤੋਂ ਸਬੰਧੀ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਤੇ ਕੀਤੀ ਗਈ ਕਾਰਵਾਈ ਦਾ ਵੇਰਵਾ ਕੀ ਹੈ ?

ਸਰਦਾਰਨੀ ਰਾਜਿੰਦਰ ਕੌਰ ਭੱਠਲ : (ਓ) ਪੁਲ ਦੀ ਉਸਾਰੀ ਦਾ ਕੰਮ ਮਈ, 1988 ਵਿਚ ਸ਼ੁਰੂ ਕੀਤਾ ਗਿਆ ਸੀ ।

(ਅ) ਪੁਲ ਦੀ ਉਸਾਰੀ ਦਾ ਕੰਮ 7,03,50,000/- ਰੁਪਏ ਦੀ ਅਨੁਮਾਨਿਤ ਲਾਗਤ ਤੇ ਮੈਸਰਜ਼ ਗੈਮਨ ਇੰਡੀਆ ਲਿ: ਨੂੰ ਅਲਾਟ ਕੀਤਾ ਹੋਇਆ ਹੈ । ਸ੍ਰੀ ਹਰਗੋਬਿੰਦਪੁਰ ਪਾਸੇ ਦੀ ਪਹੁੰਚ ਸੜਕ ਦਾ ਕੰਮ 380.00 ਲੱਖ ਰੁਪਏ ਦੀ ਅਨੁਮਾਨਿਤ ਲਾਗਤ ਤੇ ਮੈਸਰਜ਼ ਦਲਜੀਤ ਸਿੰਘ ਐਂਡ ਬਰਦਰਜ਼ ਨੂੰ ਅਲਾਟ ਕੀਤਾ ਹੋਇਆ ਹੈ । ਸ੍ਰੀ ਹਰਗੋਬਿੰਦਪੁਰ ਪਾਸੇ ਦੀ ਗਾਈਡ ਬੰਧ ਦਾ ਕੰਮ 48.00 ਲੱਖ ਰੁਪਏ ਦੀ ਅਨੁਮਾਨਿਤ ਲਾਗਤ ਤੇ ਸੰਗਮ (ਐਲ ਅਤੇ ਸੀ) ਕੋਆਪਰੇਟਿਵ ਸੋਸਾਇਟੀ ਲਿਮਟਿਡ ਨੂੰ ਅਲਾਟ ਕੀਤਾ ਹੋਇਆ ਹੈ ।

(ਏ) ਪੁਲ ਦੀ ਉਸਾਰੀ ਵਿਚ ਘਟੀਆ ਮਾਲ ਦੀ ਵਰਤੋਂ ਕਰਨ ਬਾਰੇ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ । ਪਰ ਇਕ ਸ਼ਿਕਾਇਤ ਜਿਹੜੀ ਕਿ ਪਹੁੰਚ ਸੜਕ ਵਿਚ ਮਿੱਟੀ ਪਾਈ ਜਾ ਰਹੀ ਹੈ, ਬਾਰੇ ਪ੍ਰਾਪਤ ਹੋਈ ਸੀ । ਇਸ ਸ਼ਿਕਾਇਤ ਦੀ ਪੜਤਾਲ ਉਪਰੰਤ ਇਹ ਸ਼ਿਕਾਇਤ ਦਾਖਲ ਦਫ਼ਤਰ ਕਰ ਦਿੱਤੀ ਗਈ ਸੀ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਇਨ੍ਹਾਂ ਨੇ ਭਾਗ (ਏ) ਦੇ ਜਵਾਬ ਵਿਚ ਕਿਹਾ ਹੈ ਕਿ ਕੋਈ ਦਰਖਾਸਤ ਪ੍ਰਾਪਤ ਨਹੀਂ ਹੋਈ, ਇਕ ਹੋਈ ਸੀ ਜਿਹੜੀ ਕਿ ਫਾਈਲ ਕਰ ਦਿੱਤੀ ਗਈ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਕੁਝ ਸਮਾਂ ਪਹਿਲਾਂ ਮੈਂ ਮੁੱਖ ਮੰਤਰੀ ਜੀ ਨੂੰ ਇਕ ਦਰਖ਼ਾਸਤ ਦਿੱਤੀ ਸੀ ਜਿਸ ਵਿਚ ਲਿਖਿਆ ਸੀ ਕਿ ਜਿਹੜੀ ਐਪਰੋਚ ਰੋਡ ਹੈ, ਉਸ ਵਿਚ ਕਰੋੜਾਂ ਰੁਪਏ ਦਾ ਘਪਲਾ ਹੈ । ਮੁੱਖ ਮੰਤਰੀ ਸਾਹਿਬ ਨੇ ਉਹ ਇਨਕੁਆਇਰੀ ਕਰਵਾ ਲਈ ਅੱਗੇ ਉਹ ਫਾਈਲ ਹੋ ਗਈ, ਮੈਨੂੰ ਉਸ ਵਿਚ ਸੱਦਿਆ ਨਹੀਂ ਗਿਆ । ਮੈਂ ਦੱਸਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਅਫ਼ਸਰਾਂ ਨੇ ਠੇਕੇਦਾਰਾਂ ਦੀ ਮਿਲੀਭੁਗਤ ਨਾਲ ਇਸ ਕੇਸ ਤੇ ਪਰਦਾ ਪਾਇਆ ਹੈ । ਕੀ ਵਜ਼ੀਰ ਸਾਹਿਬ ਇਸ ਕੇਸ ਦੀ ਦੁਬਾਰਾ ਇਨਕੁਆਇਰੀ ਕਿਸੇ ਹਾਈ ਪਾਵਰ ਕਮੇਟੀ ਤੋਂ ਕਰਾਉਣ ਲਈ ਅਸ਼ੋਰੈਂਸ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਦੱਸਿਆ ਹੈ, ਇਕ ਸ਼ਿਕਾਇਤ ਪ੍ਰਾਪਤ ਹੋਈ ਸੀ ਜਿਹੜੀ ਕਿ ਸੜਕ ਤੇ ਕੋਈ ਲਾਲ ਰੰਗ ਦੀ ਮਿੱਟੀ ਪਾਉਣ ਬਾਰੇ ਸੀ । ਉਸ ਦੀ ਇਨਕੁਆਇਰੀ ਪੂਰੀ ਕਰਾਉਣ ਤੋਂ ਬਾਅਦ ਉਹ ਫਾਈਲ ਕੀਤੀ ਗਈ ਸੀ । ਉਸ ਕੇਸ ਦੀ ਪੂਰੀ ਇਨਕੁਆਇਰੀ ਹੋਈ ਸੀ ਅੱਗੇ ਡਾਇਰੈਕਟਰ ਲੈਵਲ ਤੋਂ 1 ਸਤੰਬਰ, 1994 ਨੂੰ ਇਹ ਰਿਪੋਰਟ ਆਈ ਸੀ ਜਿਸ ਵਿਚ ਡਾਇਰੈਕਟਰ ਨੇ ਤਸਦੀਕ ਕੀਤਾ ਸੀ ਕਿ ਕੰਮ ਸਪੈਸੀਫਿਕੇਸ਼ਨ ਦੇ ਮੁਤਾਬਿਕ ਹੈ । ਇਸ ਲਈ ਉਹ ਫਾਈਲ

Original with;
Punjab Vidhan Sabha
Digitized by;
Panjab Digital Library

[ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ (ਭਵਨ ਤੇ ਸੜਕਾਂ) ਮੰਤਰੀ]

ਕੀਤੀ ਗਈ ਸੀ । ਥੋੜ੍ਹੇ ਦਿਨ ਹੋਏ ਮੈਂਬਰ ਸਾਹਿਬ ਮੈਨੂੰ ਵੀ ਮਿਲੇ ਸਾਂ, ਮੈਂ ਇਨ੍ਹਾਂ ਨੂੰ ਦੱਸਿਆ ਸੀ ਕਿ ਮੈਂ ਉਥੇ ਖੁਦ ਜਾਣ ਨੂੰ ਵੀ ਤਿਆਰ ਹਾਂ ਜਾਂ ਕੋਈ ਜ਼ਿਮੇਂਵਾਰ ਅਫ਼ਸਰ ਨੂੰ ਲਾਕੇ ਇਸ ਦੀ ਪੜਤਾਲ ਕਰਾਉਣ ਨੂੰ ਤਿਆਰ ਹਾਂ ।

ਸਰਦਾਰ ਜੋਗਿੰਦਰ ਸਿੰਘ ਮਾਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਜਾਣਕਾਰੀ ਲੈਣਾ ਚਾਹੁੰਦਾ ਹਾਂ ਕਿ ਨੈਸ਼ਨਲ ਹਾਈ ਵੇਅ ਨੰ: ਵੰਨ ਤੇ ਕਿੰਨੇ ਐਸੇ ਬਰਿਜ ਹਨ ਜਿਹੜੇ ਸਮੇਂ ਸਿਰ ਨਹੀਂ ਬਣ ਸਕੇ ਅਤੇ ਇਸ ਨਾਲ ਕਿੰਨਾ ਨੁਕਸਾਨ ਹੋਇਆ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਇਸ ਨਾਲ ਰਿਲੇਟ ਨਹੀਂ ਕਰਦਾ, ਫਿਰ ਵੀ ਜੋ ਇਹ ਚਾਹੁੰਦੇ ਹਨ ਤਾਂ ਇਹ ਸਾਰੀ ਇਨਫਰਮੇਸ਼ਨ ਮੈਂ ਮੰਗਵਾ ਕੇ ਦੇ ਸਕਦੀ ਹਾਂ । ਪਰ ਇਹ ਤਾਂ ਇਹਨਾਂ ਨੂੰ ਆਪ ਪਤਾ ਹੋਣਾ ਹੈ, ਇਹ ਆਪ ਵਜ਼ੀਰ ਰਹੇ ਹਨ ।

ਸਰਦਾਰ ਜੋਗਿੰਦਰ ਸਿੰਘ ਮਾਨ : ਹੁਣ ਤਾਂ ਡੇਢ ਦੋ ਸਾਲ ਹੋ ਗਏ ਹਨ । ਇਹਨਾਂ ਨੂੰ ਇਸ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਮੈਂ ਹੀ ਉਹ ਸ਼ਿਕਾਇਤ ਕਰਤਾ ਸੀ ਪਰ ਮੈਨੂੰ ਬੁਲਾਏ ਬਗੈਰ ਹੀ ਮੇਰੀ ਸ਼ਿਕਾਇਤ ਨੂੰ ਫਾਈਲ ਕਰ ਦਿਤਾ । ਮੈਂ ਤੁਹਾਡੀ ਮਾਰਫਤ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਹੁਣ ਵੀ ਇਹ ਇਸ ਤਰ੍ਹਾਂ ਤਾਂ ਨਹੀਂ ਕਰਨਗੇ ? ਕੀ ਇਸਦੀ ਦੁਬਾਰਾ ਇਨਕੁਆਰੀ ਕਰਾਉਣ ਲਈ ਭਰੋਸਾ ਦਿਵਾਉਣਗੇ ?

ਮੰਤਰੀ : ਸਪੀਕਰ ਸਾਹਿਬ, ਉਸ ਵਕਤ ਇਹਨਾਂ ਨੂੰ ਨਹੀਂ ਬੁਲਾਇਆ ਸੀ । ਉਹ ਗੱਲ ਹੁਣ ਖਤਮ ਹੋ ਗਈ ਹੈ ਅਤੇ ਅਸੀਂ ਰੀਜ਼ਨਜ਼ ਵੀ ਦੇ ਦਿਤੇ ਹਨ ਪਰ ਹੁਣ ਤਾਂ ਮੈਂ ਕਿਹਾ ਹੈ ਕਿ ਮੈਂ ਖੁਦ ਆਵਾਂਗੀ ਅਤੇ ਤੁਹਾਨੂੰ ਵੀ ਉਥੇ ਬੁਲਾਇਆ ਜਾਵੇਗਾ ।

ਨਿਸ਼ਾਨ ਵਾਲਾ ਪ੍ਰਸ਼ਨ ਨੰ. 2662 *

ਸ਼੍ਰੀ ਸਪੀਕਰ : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ।

ਰਾਜ ਵਿਚ ਸੈਟ-ਲਾਇਟ ਸ਼ਹਿਰ ਦਾ ਵਿਕਾਸ

*2648. (1) **ਡਾਕਟਰ ਰਤਨ ਸਿੰਘ**
(2) **ਕਾਮਰੇਡ ਤਰਸੇਮ ਜੋਧਾਂ** } : ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਨਵੇਂ ਸੈਟ-ਲਾਈਟ ਸ਼ਹਿਰ ਦੇ ਵਿਕਾਸ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਕਿਸ ਜ਼ਿਲ੍ਹੇ ਵਿਚ ਇਸ ਸੈਟ-ਲਾਇਟ ਸ਼ਹਿਰ ਦਾ ਵਿਕਾਸ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਇਸ ਦਾ ਵਿਕਾਸ ਕਦੋਂ ਤੱਕ ਕੀਤਾ ਜਾਵੇਗਾ ?

**For starred Question No. 2662 and reply as thereto, please see Punjab Vidhan Sabha Debates dated the 4th April, 1995.

Original with;
Punjab Vidhan Sabha
Digitized by;
Panjab Digital Library

Shri Balmukand Sharma: No. Sir, However, there is a proposal to set up a new Urban Estate near Chandigarh in the District of Ropar. No time limit can be indicated at this stage in this regard.

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਜੋ ਚੰਡੀਗੜ੍ਹ ਦੇ ਲਾਗੇ ਬਣਾਇਆ ਜਾ ਰਿਹਾ ਹੈ, ਇਸ ਦੇ ਲਈ ਕਿੰਨੇ ਏਕੜ ਜਮੀਨ ਐਕਵਾਇਅਰ ਕੀਤੀ ਜਾ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਮਾਸਟਰ ਪਲਾਨ ਦੇ ਮੁਤਾਬਿਕ 25 ਹਜ਼ਾਰ ਤੋਂ 30 ਹਜ਼ਾਰ ਏਕੜ ਜ਼ਮੀਨ ਨੂੰ ਐਕਵਾਇਰ ਕੀਤਾ ਜਾਵੇਗਾ । ਪਰ ਫਸਟ ਫੇਸ ਦੇ ਲਈ ਅਸੀਂ 8 ਹਜ਼ਾਰ ਏਕੜ ਜ਼ਮੀਨ ਨੂੰ ਹੀ ਐਕਵਾਇਅਰ ਕਰ ਰਹੇ ਹਾਂ ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਇਹ ਜ਼ਮੀਨ ਰੋਪੜ ਜ਼ਿਲ੍ਹੇ ਦੀ ਕਿਹੜੀ ਤਹਿਸੀਲ ਵਿਚੋਂ ਲਈ ਜਾ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਬੜੀ ਸਿੰਪਲ ਗੱਲ ਹੈ । ਚੰਡੀਗੜ੍ਹ ਦੇ ਨਾਲ ਲੱਗਦਾ ਇਲਾਕਾ ਖਰੜ ਤਹਿਸੀਲ ਦਾ ਹੈ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਜਿਹੜੀ ਇਹ 8 ਹਜ਼ਾਰ ਏਕੜ ਜ਼ਮੀਨ ਐਕਵਾਇਅਰ ਕਰ ਰਹੇ ਹਨ, ਕੀ ਇਸ ਦੀ ਲੈਂਡ ਡੀਮਾਰਕੇਸ਼ਨ ਹੋ ਚੁੱਕੀ ਹੈ ਅਤੇ ਕਿਸ ਸਟੇਜ ਤੇ ਪ੍ਰੋਸੀਡਿੰਗਜ਼ ਚਲ ਰਹੀਆਂ ਹਨ ?

ਮੰਤਰੀ : ਸਪੀਕਰ ਸਾਹਿਬ ਹਾਲੇ ਪ੍ਰੋਸੈਸ ਚਲ ਰਿਹਾ ਹੈ ਅੋਰ ਅਜੇ ਸਾਰੀ ਚੀਜ਼ ਕਲੀਅਰ ਨਹੀਂ ਹੋਈ । ਜਿਨ੍ਹਾਂ ਦੀ ਜ਼ਮੀਨ ਐਕਵਾਇਅਰ ਕੀਤੀ ਜਾਣੀ ਹੈ, ਉਹ 14-15 ਪਿੰਡ ਹਨ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੈਂ ਪੁੱਛਿਆ ਸੀ ਕਿਸ ਸਟੇਜ ਤੇ ਪ੍ਰੋਸੀਡਿੰਗਜ਼ ਚਲ ਰਹੀਆਂ ਹਨ ?

ਸ਼੍ਰੀ ਸਪੀਕਰ : ਉਨ੍ਹਾਂ ਨੂੰ ਕਿਹਾ ਹੈ ਕਿ ਪ੍ਰੋਸੈਸ ਚਲ ਰਿਹਾ ਹੈ ।

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਕੀ ਇਸ ਸਬੰਧੀ ਕੋਈ ਨੋਟੀਫੀਕੇਸ਼ਨ ਸਰਕਾਰ ਵਲੋਂ ਕੀਤੀ ਗਈ ਹੈ ? ਜਿਹੜੇ ਪਿੰਡਾਂ ਨੂੰ ਉਜਾੜਿਆ ਜਾਵੇਗਾ ਉਨ੍ਹਾਂ ਨੂੰ ਕਿਨਾ ਮੁਆਵਜ਼ਾ ਦਿੱਤਾ ਜਾ ਰਿਹਾ ਹੈ ਅਤੇ ਕੀ ਉਨ੍ਹਾਂ ਨੂੰ ਸਰਕਾਰ ਰੀਹੈਬਲੀਟੇਟ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਇਸ ਦੇ ਲਈ ਸੈੱਟ ਪਾਲਿਸੀ ਹੈ ।

ਸ਼੍ਰੀ ਸਪੀਕਰ: ਤੁਸੀਂ ਇਹ ਦੱਸੋ ਕੀ ਇਸ ਦੀ ਨੋਟੀਫਿਕੇਸ਼ਨ ਹੋ ਗਈ ਹੈ ਜਾਂ ਨਹੀਂ ?

ਮੰਤਰੀ : ਨੋਟੀਫਿਕੇਸ਼ਨ ਨਹੀਂ ਹੋਈ ਹੈ ।

ਸ਼੍ਰੀ ਸਪੀਕਰ: ਜਿਹੜੇ ਪਿੰਡਾਂ ਵਾਲਿਆਂ ਨੂੰ ਉਠਾਇਆ ਜਾਵੇਗਾ, ਕੀ ਉਨ੍ਹਾਂ ਨੂੰ ਤੁਸੀਂ ਕੰਪਨਸੇਟ ਕਰੋਗੇ ?

Original with;
Punjab Vidhan Sabha
Digitized by;
Punjab Digital Library

ਮੰਤਰੀ: ਸਪੀਕਰ ਸਾਹਿਬ, ਜਿਹੜੇ ਇਸ ਪਿੰਡ ਦੀ ਲਾਲ ਲਕੀਰ ਅੰਦਰ ਬੈਠੇ ਹੋਏ ਹਨ, ਉਹ ਬਿਲਕੁਲ ਸੇਫ ਹਨ ।

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਕੰਪਨਸੇਸ਼ਨ ਬਾਰੇ ਨਹੀਂ ਦੱਸਿਆ ਗਿਆ ?

ਸ਼੍ਰੀ ਸਪੀਕਰ: ਜਿਸਦੀ ਜ਼ਮੀਨ ਇਹ ਲੈਣਗੇ, ਉਸਨੂੰ ਪਲਾਟ ਦੇਣਗੇ ਜਾਂ ਕੰਪਨਸੇਸ਼ਨ ਸਰਕਾਰ ਵਲੋਂ ਦਿੱਤਾ ਜਾਵੇਗਾ । ਇਹ ਪਾਲਿਸੀ ਦੇ ਮੁਤਾਬਿਕ ਹੁੰਦਾ ਹੈ ।

ਵਿਭਾਗੀ ਸਲਾਹਕਾਰ ਕਮੇਟੀਆਂ ਲਈ ਨਾਮਜ਼ਦਗੀ

***2677, ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ:** ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਸਰਕਾਰ ਨੇ ਸਾਲ 1993-94, 1994-95 ਦੇ ਦੌਰਾਨ ਅਤੇ ਸਾਲ 1995-96 ਲਈ ਕਿਸੇ ਵਿਭਾਗੀ ਹਿੰਦੀ ਸਲਾਹਕਾਰ ਕਮੇਟੀ ਵਿਚ ਨਾਮਜ਼ਦ ਕਰਨ ਲਈ ਪੰਜਾਬ ਰਾਜ ਵਿਚੋਂ ਕਿਸੇ ਵਿਅਕਤੀ (ਵਿਅਕਤੀਆਂ) ਦੀ ਭਾਰਤ ਸਰਕਾਰ ਨੂੰ ਸਿਫ਼ਾਰਸ਼ ਕੀਤੀ: ਜੇਕਰ ਅਜਿਹਾ ਹੋਵੇ ਤਾਂ ਅਜਿਹੇ ਵਿਅਕਤੀਆਂ ਦੇ ਨਾਂ ਕੀ ਹਨ;

(ਅ) ਅਜਿਹੀ ਸਿਫ਼ਾਰਸ਼ ਕਰਨ ਲਈ ਕੀ ਕਸੌਟੀ ਅਪਣਾਈ ਗਈ ਅਤੇ ਅਜਿਹੀ ਸਿਫ਼ਾਰਸ਼ ਕਰਨ ਵਾਲੀ ਅਥਾਰਟੀ ਦਾ ਨਾਂ ਕੀ ਹੈ ?

ਸਰਦਾਰ ਲਖਮੀਰ ਸਿੰਘ ਰੰਧਾਵਾ: (ੳ)-ਨਹੀਂ ਸ਼੍ਰੀ ਮਾਨ ਜੀ, ਰਾਜ ਸਰਕਾਰ ਵਲੋਂ ਸਾਲ 1993-94, 1994-95 ਅਤੇ ਸਾਲ 1995-96 ਲਈ ਕਿਸੇ ਨਾਂ ਦੀ ਨਾਮਜ਼ਦਗੀ ਨਹੀਂ ਕੀਤੀ ਗਈ । ਪਰ ਨਵੰਬਰ 1992 ਵਿਚ ਰਾਜ ਸਰਕਾਰ ਵਲੋਂ ਹੇਠ ਲਿਖੇ ਵਿਅਕਤੀਆਂ ਦੇ ਨਾਂ ਨਾਮਜ਼ਦ ਕੀਤੇ ਗਏ ਸਨ :—

1, ਸ਼੍ਰੀ ਸੁਰੇਸ਼ ਚੰਦਰ ਵਤਯਾਇਨ

2. ਸ਼੍ਰੀਮਤੀ ਸ਼ਕੁੰਤਲਾ ਸ਼੍ਰੀ ਵਾਸਤਵ

3. ਡਾਕਟਰ ਸੰਸਾਰ ਚੰਦਰ

(ਅ) ਸਿੱਖਿਆ ਅਤੇ ਭਾਸ਼ਾ ਵਿਭਾਗ ਵਲੋਂ ਇਹ ਨਾਮਜ਼ਦਗੀ ਸਬੰਧਤ ਵਿਅਕਤੀਆਂ ਦੀਆਂ ਬਤੌਰ ਲੇਖਕ, ਐਜੂਕੇਸ਼ਨਿਸ਼ਟ, ਪੱਤਰਕਾਰ ਵਗੈਰਾ ਪ੍ਰਾਪਤੀਆਂ ਨੂੰ ਮੁੱਖ ਰੱਖਕੇ ਉਨ੍ਹਾਂ ਦੀ ਹਿੰਦੀ ਦੇ ਵਿਕਾਸ ਅਤੇ ਪ੍ਰਸਾਰ ਵਿੱਚ ਰੁਚੀ ਅਤੇ ਉਨ੍ਹਾਂ ਦੀਆਂ ਇਨ੍ਹਾਂ ਕਮੇਟੀਆਂ ਦੀਆਂ ਮੀਟਿੰਗਾਂ ਜੋ ਕਿ ਆਮ ਤੌਰ ਤੇ ਦਿੱਲੀ ਵਿੱਚ ਹੁੰਦੀਆਂ ਹਨ, ਨੂੰ ਅਟੈਂਡ ਕਰਨ ਲਈ ਸਮਾਂ ਕੱਢਣ ਦੀ ਸਮਰੱਥਾ ਦੇ ਅਧਾਰ ਤੇ ਕੀਤੀਆਂ ਗਈਆਂ ਸਨ ।

Original with;
Punjab Vidhan Sabha
Digitized by;

Mr. Speaker : Question Hour is over. The remaining questions shall be deemed to have been answered under Rule 38 of the Rules of procedure and Conduct of Business in the Punjab Vidhan Sabha.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਉੱਘੇ ਲਿਖਾਰੀਆਂ ਲਈ ਪੈਨਸ਼ਨ ਸਕੀਮ

*2461. (1) **ਸ੍ਰੀ ਬਲਦੇਵ ਸਿੰਘ ਬਲਮਗੜ੍ਹ**
(2) **ਸਰਦਾਰ ਬਲਦੇਵ ਸਿੰਘ ਪੁੱਕਾ** } : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਉੱਘੇ ਲਿਖਾਰੀਆਂ ਨੂੰ ਪੈਨਸ਼ਨ ਦੇਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ, ਤਾਂ ਉਸਦੇ ਵੇਰਵੇ ਕੀ ਹਨ ?

ਸਰਦਾਰ ਲਖਮੀਰ ਸਿੰਘ ਰੰਧਾਵਾ : ਹਾਂ ਜੀ । ਉੱਘੇ ਸਾਹਿਤਕਾਰਾਂ ਨੂੰ ਪੈਨਸ਼ਨ ਦੇਣ ਲਈ ਸਕੀਮ ਸਾਲ 1978-79 ਤੋਂ ਚਲ ਰਹੀ ਹੈ । ਇਸ ਸਮੇਂ 800 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਅਜਿਹੇ 21 ਉੱਘੇ ਸਾਹਿਤਕਾਰਾਂ ਨੂੰ ਦਿੱਤੀ ਜਾ ਰਹੀ ਹੈ ਜਿਨ੍ਹਾਂ ਨੇ ਸਾਹਿਤ ਲਈ ਵਡਮੁੱਲਾ ਯੋਗਦਾਨ ਪਾਇਆ ਹੈ, 60 ਸਾਲ ਤੋਂ ਵੱਧ ਉਮਰ ਦੇ ਹਨ ਅਤੇ ਉਨ੍ਹਾਂ ਵਿਚੋਂ ਹਰੇਕ ਦੀ ਪ੍ਰਤੀ ਮਹੀਨਾ ਆਮਦਨ 1000/- ਰੁਪਏ ਤੋਂ ਘੱਟ ਹੈ ।

ਬੁਢਾਪਾ ਅਤੇ ਵਿਧਵਾ ਪੈਨਸ਼ਨਾਂ ਦੇਣ ਸਬੰਧੀ ਨਿਯਮ

*2703. **ਡਾਕਟਰ ਹਰਬੰਸ ਲਾਲ** : ਕੀ ਸਮਾਜਿਕ ਸੁਰੱਖਿਆ ਅਤੇ ਇਸਤਰੀਆਂ ਅਤੇ ਬਾਲ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਹਕਾਰ ਦਾ ਬੁਢਾਪਾ ਅਤੇ ਵਿਧਵਾ ਪੈਨਸ਼ਨ ਦੇਣ ਸਬੰਧੀ ਨਿਯਮਾਂ ਨੂੰ ਸਰਲ ਕਰਨ ਦਾ ਵਿਚਾਰ ਹੈ; ਜੇਕਰ ਨਹੀਂ ਤਾਂ ਇਸਦੇ ਕੀ ਕਾਰਣ ਹਨ ?

ਚੌਧਰੀ ਜਗਜੀਤ ਸਿੰਘ : ਹਾਂ ਜੀ । ਇਸ ਦੇ ਵੇਰਵੇ ਸਦਨ ਦੀ ਮੇਜ਼ ਤੇ ਰੱਖੇ ਜਾਂਦੇ ਹਨ । (ਅਨੁਲੱਗ)

ਅਨੁਲੱਗ

ਬੁਢਾਪਾ ਪੈਨਸ਼ਨ ਸਕੀਮ : ਇਸ ਸਮੇਂ ਤਜਵੀਜ਼ ਹੈ ਕਿ ਬਿਨੈਕਾਰ ਦੀ ਆਮਦਨੀ ਸਾਰੇ ਵਸੀਲਿਆਂ ਤੋਂ 300 ਰੁਪਏ ਮਹੀਨਾ, ਜੇਕਰ ਪਤੀ/ਪਤਨੀ ਦੋਵੇਂ ਹੋਣ ਤਾਂ ਆਮਦਨੀ 500 ਰੁਪਏ ਮਾਸਕ ਤੋਂ ਵੱਧ ਨਹੀਂ ਹੋਣੀ ਚਾਹੀਦੀ । ਪੁੱਤਰ/ਪੁੱਤਰਿਆਂ ਦੀ ਆਮਦਨੀ ਨੂੰ ਪੈਨਸ਼ਨ ਮਨਜ਼ੂਰ ਕਰਨ ਸਮੇਂ ਧਿਆਨ ਵਿੱਚ ਨਹੀਂ ਰੱਖਿਆ ਜਾਵੇਗਾ ਭਾਵੇਂ ਉਨ੍ਹਾਂ ਦੀ ਆਮਦਨੀ ਕਿਤਨੀ ਵੀ ਹੋਵੇ ।

Original with;
Punjab Vidhan Sabha
Digitized by;
Punjab Digital Library

[ਸਮਾਜਿਕ ਸੁਰੱਖਿਆ ਅਤੇ ਇਸਤਰੀਆਂ ਅਤੇ ਬਾਲ ਵਿਕਾਸ ਦੇ ਰਾਜ ਮੰਤਰੀ]

ਵਿਧਵਾ ਪੈਨਸ਼ਨ ਸਕੀਮ : ਇਸ ਸਮੇਂ ਤਜਵੀਜ਼ ਹੈ ਕਿ ਇਸ ਸਕੀਮ ਅਧੀਨ ਬਿਨੈਕਾਰ ਦੀ ਆਮਦਨੀ ਇੱਕ ਮੈਂਬਰ ਹੋਣ ਤੇ 500/- ਰੁਪਏ ਮਾਸਕ, ਜੇਕਰ ਆਸ਼ਰਿਤ ਪਤੀ ਹੋਵੇ ਅਤੇ ਰੋਜ਼ੀ ਕਮਾਉਣ ਤੋਂ ਅਸਮਰੱਥ ਹੋਵੇ ਤਾਂ 800/- ਰੁਪਏ ਮਾਸਕ, ਜੇਕਰ ਆਸ਼ਰਿਤ ਬੱਚੇ ਹੋਣ ਤਾਂ ਪ੍ਰਤੀ ਬੱਚਾ 300/- ਰੁਪਏ ਮਾਸਕ ਛੋਟ ਦਿੰਦੇ ਹੋਏ ਸਮੁਚੀ ਆਮਦਨੀ ਸਾਰੇ ਵਸੀਲਿਆਂ ਤੋਂ 1500/- ਰੁਪਏ ਮਾਸਕ ਤੋਂ ਵਧ ਨਹੀਂ ਹੋਣੀ ਚਾਹੀਦੀ। ਪੁਤਰ/ਪੋਤਰਾ ਰੋਜ਼ਗਾਰ ਤੇ ਲਗਣ ਜਾਂ 18 ਸਾਲ ਦੀ ਉਮਰ ਹੋਣ ਤੇ ਵੀ ਪੈਨਸ਼ਨ ਬੰਦ ਨਹੀਂ ਕੀਤੀ ਜਾਵੇਗੀ। ਭਾਵ ਕਿ ਪੁੱਤਰ/ਪੋਤਰੇ ਦੀ ਆਮਦਨੀ ਵਿਧਵਾ ਪੈਨਸ਼ਨ ਸਕੀਮ ਅਧੀਨ ਵਿਚਾਰੀ ਨਹੀਂ ਜਾਵੇਗੀ।

ਕੁਦਰਤੀ ਆਫ਼ਤਾਂ ਦੇ ਟਾਕਰੇ ਲਈ ਕੇਂਦਰੀ ਸਹਾਇਤਾ

*2552. (1) **ਸ਼੍ਰੀ ਵਿਜੇ ਕੁਮਾਰ ਸਾਥੀ**

(2) **ਕਾਮਰੇਡ ਤਰਸੇਮ ਜੋਧਾਂ** } ਕੀ ਮਾਲ ਅਤੇ

(3) **ਸਰਦਾਰ ਇੰਦਰਜੀਤ ਸਿੰਘ ਜ਼ੀਰਾ**

ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1992 ਤੋਂ ਹੁਣ ਤੱਕ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਵਲੋਂ ਕੁਦਰਤੀ ਆਫ਼ਤਾਂ ਦੇ ਟਾਕਰੇ ਲਈ ਗਰਾਂਟ ਵਜੋਂ ਸਾਲਵਾਰ ਕਿੰਨੀ ਰਾਸ਼ੀ ਦਿੱਤੀ ਗਈ ਅਤੇ ਅਕਤੂਬਰ, 1994 ਤੱਕ ਇਸ ਰਾਸ਼ੀ ਨਾਲ ਰਾਜ ਸਰਕਾਰ ਕੋਲ ਕਿੰਨੀ ਪੂੰਜੀ ਜਮ੍ਹਾਂ ਹੋ ਗਈ; ਵੇਰਵੇ ਦਿਤੇ ਜਾਣ;

(ਅ) ਮਾਰਚ, 1994 ਤੋਂ ਹੁਣ ਤੱਕ ਇਸ ਰਾਸ਼ੀ ਵਿਚੋਂ ਕੁੱਲ ਕਿੰਨੀ ਰਾਸ਼ੀ ਕਿਹੜੇ-ਕਿਹੜੇ ਕੰਮਾਂ ਲਈ ਖ਼ਰਚ ਕੀਤੀ ਗਈ; ਵੇਰਵੇ ਦਿੱਤੇ ਜਾਣ ?

ਮਾਸਟਰ ਜਾਗੀਰ ਸਿੰਘ : (ੳ) ਅਤੇ (ਅ) ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ੳ) **ਕੁਦਰਤੀ ਆਫ਼ਤਾਂ ਦੇ ਟਾਕਰੇ ਲਈ ਕੇਂਦਰੀ ਸਰਕਾਰ ਤੋਂ ਪ੍ਰਾਪਤ ਹੋਈਆਂ ਗਰਾਂਟਾਂ ਬਾਰੇ ਸੂਚਨਾ**

(ਰੁ: ਕਰੋੜਾਂ ਵਿੱਚ)

ਸਾਲ	ਭਾਰਤ ਸਰਕਾਰ ਤੋਂ ਆਫ਼ਤਾਂ ਰਾਹਤ ਫੰਡ ਲਈ ਪ੍ਰਾਪਤ ਰਾਸ਼ੀ	ਪ੍ਰਧਾਨ ਮੰਤਰੀ ਰਾਸ਼ਟਰੀ ਸਹਾਇਤਾ ਫੰਡ ਤੋਂ ਹੜ੍ਹਾਂ ਨਾਲ ਮਰੇ ਮ੍ਰਿਤਕਾਂ ਦੇ ਵਾਰਸਾਂ ਨੂੰ ਐਕਸ-ਗਰੇਸ਼ੀਆ ਗਰਾਂਟ ਦੇਣ ਲਈ ਪ੍ਰਾਪਤ ਰਾਸ਼ੀ
1	2	3
1992-93	21.00	—

Original with;
Punjab Vidhan Sabha
Digitized by;
Panjab Digital Library

1	2	3
1993-94	21.00	1.630
1994-95 (ਅਕਤੂਬਰ, 1994 ਤੱਕ)	15.75	0.205
1994-95 (ਨਵੰਬਰ, 94 ਤੋਂ 20-3-95 ਤੱਕ)	5.25	

(ਅ) ਉਨ੍ਹਾਂ ਕੰਮਾਂ ਬਾਰੇ ਸੂਚਨਾ ਜਿਨ੍ਹਾਂ ਲਈ ਕੁਦਰਤੀ ਆਫਤ ਫੰਡ ਵਿਚੋਂ 1-3-1994 ਤੋਂ 20-3-1995 ਤਕ ਫੰਡ ਮਨਜ਼ੂਰ ਕੀਤੇ ਗਏ

ਲੜੀ ਨੰ:	ਕੰਮ	ਰਕਮ (ਰੁਪਏ)
1	2	3
1.	ਹੜ੍ਹ ਰੋਕੂ ਕੰਮਾਂ ਦੀ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਮੁਰੰਮਤ ਲਈ ..	8,97,00,000
2.	ਕੁਦਰਤੀ ਆਫਤਾਂ (ਹੜ੍ਹਾਂ ਤੋਂ ਇਲਾਵਾ) ਕਾਰਨ ਮਾਰੇ ਗਏ ਵਿਅਕਤੀਆਂ ਦੇ ਆਸ਼ਰਿਤਾਂ ਨੂੰ ਐਕਸ ਗਰੇਸ਼ੀਆ ਗਰਾਂਟ ..	2,05,000
3.	ਕੁਦਰਤੀ ਆਫਤਾਂ ਨਾਲ ਫਸਲਾਂ ਨੂੰ ਹੋਏ ਨੁਕਸਾਨ ਲਈ ਰਾਹਤ ..	3,60,67,544
4.	ਕੁਦਰਤੀ ਆਫਤਾਂ ਨਾਲ ਮਕਾਨਾਂ ਨੂੰ ਹੋਏ ਨੁਕਸਾਨ ਲਈ ਸਹਾਇਤਾ ..	1,23,48,986
5.	ਕੁਦਰਤੀ ਆਫਤਾਂ ਕਾਰਨ ਮਾਰੇ ਗਏ ਪਸ਼ੂਆਂ ਲਈ ਰਾਹਤ ..	12,88,000
6.	ਹੜ੍ਹਾਂ ਦੌਰਾਨ ਰਾਹਤ ਕੈਂਪਾਂ ਵਿੱਚ ਸ਼ਰਨ ਲੈਣ ਵਾਲੇ ਵਿਅਕਤੀਆਂ ਲਈ ਗੁਜ਼ਾਰਾ ਭੱਤਾ ..	91,26,190
7.	ਹੜ੍ਹਾਂ ਕਾਰਨ ਪ੍ਰਭਾਵਿਤ ਪਸ਼ੂਆਂ ਲਈ ਚਾਰਾ ਗਰਾਂਟ ..	39,56,170

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ]

1	2	3
8.	ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਨੂੰ ਡਾਕਟਰੀ ਸਹਾਇਤਾ ਲਈ ..	50,00,000
9.	ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਵਿਚ ਪਸ਼ੂਆਂ ਲਈ ਡਾਕਟਰੀ ਸਹਾਇਤਾ ਲਈ ..	22,00,000

ਉਨ੍ਹਾਂ ਕੰਮਾਂ ਬਾਰੇ ਸੂਚਨਾ ਜਿਨ੍ਹਾ ਲਈ ਪ੍ਰਧਾਨ ਮੰਤਰੀ ਰਾਸ਼ਟਰੀ ਰਾਹਤ ਫੰਡ ਵਿਚੋਂ ਮਨਜ਼ੂਰ ਕੀਤੇ ਗਏ

ਲੜੀ ਨੰ.	ਕੰਮ	ਰਕਮ (ਰੁਪਏ)
1.	ਹੜ੍ਹਾਂ ਕਾਰਨ ਮਾਰੇ ਗਏ ਵਿਅਕਤੀਆਂ ਦੇ ਆਸ਼ਰਿਤਾਂ ਨੂੰ ਐਕਸ-ਗਰੇਸ਼ੀਆ ਗਰਾਂਟ ..	21,00,000

ਪੰਜਾਬ ਰੋਡਵੇਜ਼ ਵਰਕਸ਼ਾਪ ਚੰਡੀਗੜ੍ਹ ਦੀ ਉਸਾਰੀ

*2683. **ਕਾਮਰੇਡ ਗੁਰਨਾਮ ਸਿੰਘ ਧੀਰੇਵਾਲ** : ਕੀ ਟਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਰੋਡਵੇਜ਼ ਵਰਕਸ਼ਾਪ, ਚੰਡੀਗੜ੍ਹ ਦੀ ਉਸਾਰੀ ਕਿਸ ਸਾਲ ਕੀਤੀ ਗਈ ਸੀ ਅਤੇ ਇਸ ਤੇ ਕੀਤੇ ਗਏ ਖਰਚਿਆਂ ਦੇ ਵੇਰਵੇ ਕੀ ਹਨ ;

(ਅ) ਕੀ ਉਕਤ ਇਮਾਰਤ ਨੂੰ ਅਸੁਰੱਖਿਅਤ ਕਰਾਰ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਕੀ ਸਰਕਾਰ ਉਸ ਦੀ ਦੁਬਾਰਾ ਉਸਾਰੀ ਕਰਨ ਦਾ ਵਿਚਾਰ ਰੱਖਦੀ ਹੈ ?

ਸ਼੍ਰੀ ਮਹਿੰਦਰ ਸਿੰਘ ਕੇ.ਪੀ. : (ੳ) ਪੰਜਾਬ ਰੋਡਵੇਜ਼ ਵਰਕਸ਼ਾਪ ਚੰਡੀਗੜ੍ਹ ਦੀ ਉਸਾਰੀ ਸਾਲ 1977-78 ਵਿਚ ਕੀਤੀ ਗਈ ਸੀ ਅਤੇ ਇਸ ਵਰਕਸ਼ਾਪ ਦੀ ਉਸਾਰੀ ਤੇ ਕੁੱਲ ਖਰਚਾ 40,67,266/- ਰੁ: ਹੋਇਆ ਸੀ ।

(ਅ) ਨਹੀਂ ਜੀ ।

ਖੂਹ ਲਾਉਣ ਲਈ ਕੇਂਦਰੀ ਸਹਾਇਤਾ

*2865. **ਸਰਦਾਰ ਈਸ਼ਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1991-92 ਵਿਚ ਭਾਰਤ ਸਰਕਾਰ ਵਲੋਂ ਆਰਥਿਕ ਤੌਰ ਤੇ ਕਮਜੋਰ

Original with;
Punjab Vidhan Sabha
Digitized by;
Punjab Digital Library

ਵਰਗ ਦੇ ਲੋਕਾਂ ਲਈ ਖੂਹ ਲਾਉਣ ਲਈ ਕੁੱਲ ਕਿੰਨੀ ਗਰਾਂਟ ਰਾਜ ਸਰਕਾਰ ਨੂੰ ਮਿਲੀ ;

(ਅ) ਕੀ ਉੱਕਤ ਗਰਾਂਟ ਦੀ ਦੁਰਵਰਤੋਂ ਦਾ ਕੋਈ ਕੇਸ ਸਰਕਾਰ ਦੇ ਧਿਆਨ ਵਿਚ ਆਇਆ ; ਜੇਕਰ ਅਜਿਹਾ ਹੈ ਤਾਂ ਕੀ ਉਸ ਦੀ ਕੋਈ ਪੜਤਾਲ ਕੀਤੀ ਗਈ ।

(ਏ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿਚ ਹੋਵੇ ਤਾਂ ਪੜਤਾਲ ਦੀ ਰਿਪੋਰਟ ਦੇ ਵੇਰਵੇ ਕੀ ਹਨ ਅਤੇ ਦੋਸ਼ੀ ਪਾਏ ਗਏ ਵਿਅਕਤੀਆਂ ਵਿਰੁੱਧ ਕੀਤੀ ਗਈ ਕਾਰਵਾਈ ; ਜੇਕਰ ਕੋਈ ਹੋਵੇ, ਉਸਦੇ ਵੇਰਵੇ ਕੀ ਹਨ ?

ਸਰਦਾਰ ਬੇਅੰਤ ਸਿੰਘ : (ੳ) ਨਿਲ ।

(ਅ) ਅਤੇ (ਏ) ਸਵਾਲ ਪੈਦਾ ਨਹੀਂ ਹੁੰਦਾ ।

ਮੁਹਾਲੀ ਵਿਖੇ ਹੋਏ ਸਮਾਰੋਹ ਤੇ ਖਰਚਾ

*2462. (1) **ਸ੍ਰੀ ਬਲਦੇਵ ਸਿੰਘ ਬਲਮਗੜ੍ਹ**
(2) **ਸਰਦਾਰ ਬਲਦੇਵ ਸਿੰਘ ਪੱਕਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਅਪ੍ਰੈਲ, 1994 ਵਿਚ ਮੁਹਾਲੀ ਵਿਖੇ ਹੋਏ, ਸਟਾਰ ਨਾਈਟ ਸਮਾਰੋਹ ਤੇ ਸਰਕਾਰ ਦੁਆਰਾ ਕੁੱਲ ਕਿੰਨਾ ਖਰਚ ਕੀਤਾ ਗਿਆ ;

(ਅ) ਉਕਤ ਸਮਾਰੋਹ ਲਈ ਟਿਕਟਾਂ ਦੀ ਵਿਕਰੀ ਵਜੋਂ ਜਾਂ ਕਿਸੇ ਹੋਰ ਸਾਧਨ ਤੋਂ ਕੁੱਲ ਕਿੰਨੀ ਆਮਦਨ ਹੋਈ ?

ਸਰਦਾਰ ਬੇਅੰਤ ਸਿੰਘ : (ੳ) ਮੋਹਾਲੀ ਵਿਖੇ ਮਿਤੀ 27-4-1994 ਨੂੰ ਹੋਈ ਸਟਾਰ ਨਾਈਟ ਤੇ 24,60,286/- ਰੁਪਏ ਦੇ ਕੁੱਲ ਖਰਚੇ ਵਿਚੋਂ ਸਰਕਾਰ ਵਲੋਂ 15,47,286/- ਰੁ: ਖਰਚ ਕੀਤੇ ਗਏ ।

(ਅ) ਇਸ ਪ੍ਰੋਗਰਾਮ ਲਈ ਕੋਈ ਟਿਕਟਾਂ ਨਹੀਂ ਵੇਚੀਆਂ ਗਈਆਂ ਸਨ । ਪੰਜਾਬ ਕ੍ਰਿਕਟ ਐਸੋਸੀਏਸ਼ਨ ਨੇ ਇਸ ਪ੍ਰੋਗਰਾਮ ਤੇ 9,13,000/- ਰੁਪਏ ਖਰਚ ਕੀਤੇ।

Original with;
Punjab Vidhan Sabha
Digitized by;
Panjab Digital Library

ਸਰਹਿੰਦ ਰੇਲਵੇ ਲਾਈਨ ਤੇ ਇਕ ਫਲਾਈ ਓਵਰ ਪੁਲ ਦੀ ਉਸਾਰੀ

*2702. **ਡਾਕਟਰ ਹਰਬੰਸ ਲਾਲ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਸਰਹਿੰਦ ਰੇਲਵੇ ਲਾਈਨ ਤੇ ਇਕ ਫਲਾਈ ਓਵਰ ਪੁਲ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ, ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ ?

ਸਰਦਾਰਨੀ ਰਾਜਿੰਦਰ ਕੌਰ ਭੱਠਲ : ਵਿੱਤੀ ਔਕੜਾਂ ਕਰਕੇ, ਅਜਿਹੀ ਕੋਈ ਤਜਵੀਜ਼ ਇਸ ਵੇਲੇ ਵਿਚਾਰ ਅਧੀਨ ਨਹੀ ਹੈ ।

ਤਹਿਸੀਲ ਅਜਨਾਲਾ ਵਿਚ ਸਕੂਲਾਂ ਨੂੰ ਅਪਗ੍ਰੇਡ ਕਰਨਾ

*2646. **ਡਾਕਟਰ ਰਤਨ ਸਿੰਘ** : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1994-95 ਦੌਰਾਨ ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਪੱਧਰ ਤੱਕ ਕਿੰਨੇ ਕਿੰਨੇ ਸਕੂਲ ਅਪਗ੍ਰੇਡ ਕੀਤੇ ਗਏ ;

ਸਰਦਾਰ ਲਖਮੀਰ ਸਿੰਘ ਰੰਧਾਵਾ : ਸਾਲ 1994-95 ਵਿਚ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਸਕੂਲਾਂ ਦਾ ਪੱਧਰ ਉਚਾ ਕਰਨ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

ਪ੍ਰਦੂਸ਼ਨ ਫੈਲਾਉਣ ਦੇ ਕੇਸ

*2690. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਮੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪਹਿਲੀ ਜਨਵਰੀ, 1994 ਤੋਂ 6 ਮਾਰਚ 1995 ਤੱਕ ਦੇ ਸਮੇਂ ਦੌਰਾਨ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਦੁਆਰਾ ਪ੍ਰਦੂਸ਼ਨ ਫੈਲਾਉਣ ਲਈ ਦਰਜ ਕੀਤੇ ਗਏ ਕੇਸਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ;

(ਅ) ਕੀ ਦਰਜ ਕੀਤੇ ਗਏ ਕੋਈ ਉਕਤ ਕੇਸ ਬਾਅਦ ਵਿਚ ਵਾਪਸ ਲੈ ਲਏ ਗਏ ਸਨ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਕਾਰਣ ਕੀ ਹਨ ਅਤੇ ਅਜਿਹੇ ਉਦਯੋਗਿਕ ਯੂਨਿਟਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ;

Original with;
Punjab Vidhan Sabha
Digitized by;
Punjab Digital Library

(ਏ) ਅਜਿਹੀਆਂ ਉਦਯੋਗਿਕ ਯੂਨਿਟਾਂ ਦੇ ਜ਼ਿਲ੍ਹਾਵਾਰ ਨਾਂ ਕੀ ਕੀ ਹਨ ਜਿਨ੍ਹਾਂ ਵਿਰੁੱਧ ਪ੍ਰਾਪਤ ਹੋਈਆਂ ਸ਼ਿਕਾਇਤਾਂ ਅਤੇ ਦਰਜ ਕੀਤੇ ਗਏ ਕੇਸਾਂ ਦੇ ਆਧਾਰ ਤੇ ਕਾਰਵਾਈ ਕੀਤੀ ਗਈ ਸੀ ਅਤੇ ਹਰ ਇਕ ਕੇਸ ਵਿਚ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਬੇਅੰਤ ਸਿੰਘ : (ਓ) ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਇਸ ਸਮੇਂ ਦੌਰਾਨ ਰਜਿਸਟਰਡ ਕੀਤੇ/ਫਾਈਲ ਕੀਤੇ ਕੇਸਾਂ ਵਿਚੋਂ ਕੋਈ ਵੀ ਕੇਸ ਵਾਪਸ ਨਹੀਂ ਲਿਆ ਗਿਆ ਹੈ ।

(ਏ) ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸੂਚਨਾ

(ਓ) ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਜਨਵਰੀ, 1994 ਤੋਂ 6 ਮਾਰਚ 1995 ਤੱਕ ਅਜਿਹੇ 130 ਮਾਮਲੇ ਕੋਰਟਾਂ ਵਿਚ ਦਰਜ ਕੀਤੇ ਗਏ ਸਨ । ਇਨ੍ਹਾਂ ਕੇਸਾਂ ਦਾ ਜ਼ਿਲ੍ਹੇਵਾਰ ਵੇਰਵਾ ਅਨੁਲੱਗ-1 ਅਨੁਸਾਰ ਹੈ ।

(ਏ) 11 ਮਾਮਲੇ ਜਿਨ੍ਹਾਂ ਦੇ ਖਿਲਾਫ਼ ਸ਼ਿਕਾਇਤਾਂ ਪ੍ਰਾਪਤ ਹੋਈਆਂ, ਕੋਰਟਾਂ ਵਿਚ ਦਰਜ ਕੀਤੇ ਗਏ ਸਨ । ਜ਼ਿਲ੍ਹੇਵਾਰ ਵੇਰਵਾ ਅਨੁਲੱਗ-2 ਅਨੁਸਾਰ ਹੈ ।

ਅਨੁਲੱਗ—1

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਪਹਿਲੀ ਜਨਵਰੀ, 1994 ਤੋਂ ਲੈ ਕੇ 6 ਮਾਰਚ, 1995 ਤੱਕ ਪ੍ਰਦੂਸ਼ਣ ਕਰਨ ਵਾਲੀਆਂ ਇਕਾਈਆਂ ਵਿਰੁਧ ਜੋ ਕੇਸ ਰਜਿਸਟਰ/ਕੋਰਟ ਕੇਸ ਦਾਇਰ ਕੀਤੇ ਉਹਨਾਂ ਦੀ ਜ਼ਿਲ੍ਹਾਵਾਰ ਸੂਚੀ

ਲੜੀ ਨੰ:	ਜ਼ਿਲ੍ਹੇ ਦਾ ਨਾਮ		ਕੇਸਾਂ ਦੀ ਗਿਣਤੀ
1	2		3
1.	ਪਟਿਆਲਾ	..	01
2.	ਸੰਗਰੂਰ	..	08
3.	ਮਾਨਸਾ	..	00
4.	ਫਰੀਦਕੋਟ	..	03

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

1	2		3
5.	ਬਠਿੰਡਾ	..	02
6.	ਫਿਰੋਜ਼ਪੁਰ	..	14
7.	ਰੋਪੜ	..	05
8.	ਲੁਧਿਆਣਾ	..	59
9.	ਜਲੰਧਰ	..	16
10.	ਕਪੂਰਥਲਾ	..	03
11.	ਹੁਸ਼ਿਆਰਪੁਰ	..	06
12.	ਅੰਮ੍ਰਿਤਸਰ	..	08
13.	ਗੁਰਦਾਸਪੁਰ	..	00
14.	ਫਤਿਹਗੜ੍ਹ ਸਾਹਿਬ	..	05
	ਕੱਲ	..	130

ਅਨੁਲੱਗ 2

ਉਹ ਉਦਯੋਗਿਕ ਇਕਾਈਆਂ ਜਿਨ੍ਹਾਂ ਵਿਰੁਧ ਕੁਝ ਸ਼ਿਕਾਇਤਾਂ ਦੇ ਆਧਾਰ ਤੇ ਕੇਸ ਦਰਜ਼ ਕੀਤੇ ਗਏ ਦੇ ਨਾਵਾਂ ਅਨੁਸਾਰ ਜ਼ਿਲ੍ਹਾਵਾਰ ਵੇਰਵਾ

ਲੜੀ ਨੰ:	ਉਦਯੋਗ ਦਾ ਨਾਂ	ਕੀਤੀ ਕਾਰਵਾਈ
1	2	3
ਜ਼ਿਲ੍ਹਾ ਸੰਗਰੂਰ		
1.	ਮੈਸ: ਵਰਿੰਦਰਾ ਐਗਰੋ ਕੈਮੀਕਲ ਲਿਮਿਟਡ. (ਪੇਪਰ ਡਿਵੀਜ਼ਨ) ਧੌਲਾ. ਬਰਨਾਲਾ ।	.. "ਦੀ ਵਾਟਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਪੋਲੂਸ਼ਨ) ਐਕਟ, 1974 ਦੀਆਂ ਧਾਰਾਵਾਂ ਤਹਿਤ ਉਦਯੋਗ ਵਿਰੁੱਧ ਮੁਕੱਦਮਾ ਚਲਾਇਆ ਗਿਆ ਸੀ ।
2.	ਮੈਸ: ਸਰੀਆਂਸ ਇੰਡੀਸਟਰੀਜ਼, ਲਿਮਿਟਿਡ, (ਪੇਪਰ ਡਿਵੀਜ਼ਨ) ਅਹਿਮਦਗੜ੍ਹ, ਸੰਗਰੂਰ ।	.. "ਦੀ ਵਾਟਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਪੋਲੂਸ਼ਨ) ਐਕਟ, 1974 ਦੀਆਂ ਧਾਰਾਵਾਂ ਤਹਿਤ ਉਦਯੋਗ ਵਿਰੁੱਧ ਮੁਕੱਦਮਾ ਚਲਾਇਆ ਗਿਆ ਸੀ ।
ਜ਼ਿਲ੍ਹਾ ਲੁਧਿਆਣਾ		
1.	ਮੈਸ: ਨਾਹਰ ਸਪੀਨਿੰਗ ਮਿਲਜ,	.. "ਦੀ ਏਅਰ (ਪ੍ਰੀਵੈਨਸ਼ਨ ਐਂਡ ਕੰਟਰੋਲ

Original with;
Punjab Vidhan Sabha
Digitized by;
Panjab Digital Library

1	2	3
	ਲਿਮਿਟਿਡ, ਫੋਕਲ ਪੁਆਇੰਟ, ਲੁਧਿਆਣਾ ।	ਆਫ ਪੋਲੂਸ਼ਨ) ਐਕਟ, 1981 ਦੀਆਂ ਧਾਰਾਵਾਂ ਤਹਿਤ ਉਦਯੋਗ ਵਿਰੁੱਧ ਮੁਕੱਦਮਾ ਚਲਾਇਆ ਗਿਆ ਹੈ ।
2.	ਮੈਸ: ਸਵਾਸਟਿਕਾ ਨੀਟਿੰਗ ਐਂਡ ਸਪੀਨਿੰਗ ਮਿਲਜ਼, ਡਾਕਖਾਨਾ ਨੇੜਾ ਜੀ ਨਗਰ, ਲੁਧਿਆਣਾ ।	.. "ਦੀ ਵਾਟਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਪੋਲੂਸ਼ਨ) ਐਕਟ, 1974 ਦੀਆਂ ਧਾਰਾਵਾਂ ਤਹਿਤ ਉਦਯੋਗ ਵਿਰੁੱਧ ਮੁਕੱਦਮਾ ਚਲਾਇਆ ਗਿਆ ਹੈ ।
3.	ਮੈਸ: ਸੇਵਕ ਸਾਇੰਟੀਫਿਕ ਡਾਇਰਜ, 131, ਇੰਡਸਟਰੀਅਲ ਏਰੀਆ-ਏ, ਲੁਧਿਆਣਾ ।	.. "ਦੀ ਏਅਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਪੋਲੂਸ਼ਨ) ਐਕਟ, 1981 ਦੀਆਂ ਧਾਰਾਵਾਂ ਤਹਿਤ ਉਦਯੋਗ ਵਿਰੁੱਧ ਮੁਕੱਦਮਾ ਚਲਾਇਆ ਗਿਆ ਹੈ ।
4	ਮੈ: ਕ੍ਰਿਸ਼ਨਾ ਡਾਇਿਗ, ਬਾਜਰਾ ਰੋਡ, ਰਾਹੋਂ, ਲੁਧਿਆਣਾ ।	.. "ਦੀ ਵਾਟਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਪੋਲੂਸ਼ਨ) ਐਕਟ, 1974 ਦੀਆਂ ਧਾਰਾਵਾਂ ਤਹਿਤ ਉਦਯੋਗ ਵਿਰੁੱਧ ਮੁਕੱਦਮਾ ਚਲਾਇਆ ਗਿਆ ਹੈ ।
5.	ਮੈਸ: ਸਵਾਸਤਿਕਾ ਨੀਟਿੰਗ ਐਂਡ ਸਪੀਨਿੰਗ ਮਿਲਜ, ਡਾਕਖਾਨਾ ਨੇੜਾ ਜੀ ਨਗਰ, ਲੁਧਿਆਣਾ ।	.. "ਦੀ ਏਅਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਪੋਲੂਸ਼ਨ) ਐਕਟ, 1981 ਦੀਆਂ ਧਾਰਾਵਾਂ ਤਹਿਤ ਉਦਯੋਗ ਵਿਰੁੱਧ ਮੁਕੱਦਮਾ ਚਲਾਇਆ ਗਿਆ ਹੈ ।
	ਜ਼ਿਲ੍ਹਾ ਹੁਸ਼ਿਆਰਪੁਰ	
1.	ਮੈਸ: ਸੋਨਾਲੀਕਾ ਐਗਰੀਕਲਚਰ ਇੰਡਸਟਰੀਜ਼, ਇੰਡਸਟਰੀਅਲ ਐਸਟੇਟ, ਹੁਸ਼ਿਆਰਪੁਰ ।	.. "ਦੀ ਏਅਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਪੋਲੂਸ਼ਨ) ਐਕਟ, 1981 ਦੀਆਂ ਧਾਰਾਵਾਂ ਤਹਿਤ ਉਦਯੋਗ ਵਿਰੁੱਧ ਮੁਕੱਦਮਾ ਚਲਾਇਆ ਗਿਆ ਹੈ ।
	ਜ਼ਿਲ੍ਹਾ ਪਟਿਆਲਾ	
1.	ਮੈਸ: ਅੰਮ੍ਰਿਤ ਬਨਾਸਪਤੀ ਕੰਪਨੀ ਲਿਮਟਿਡ, ਚੰਡੀਗੜ੍ਹ ਰੋਡ, ਰਾਜਪੁਰਾ	.. "ਦੀ ਏਅਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਪੋਲੂਸ਼ਨ) ਐਕਟ, 1981 ਦੀਆਂ ਧਾਰਾਵਾਂ ਤਹਿਤ ਉਦਯੋਗ ਵਿਰੁੱਧ ਮੁਕੱਦਮਾ ਚਲਾਇਆ ਗਿਆ ਹੈ ।
	ਜ਼ਿਲ੍ਹਾ ਗੁਰਦਾਸਪੁਰ	
1.	ਮੈਸ: ਰਾਮਾ ਕੋਟਨ ਰਾਈਸ ਐਂਡ ਦਾਲ	.. "ਦੀ ਏਅਰ (ਪ੍ਰੀਵੈਨਸ਼ਨ ਐਂਡ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

1	2	3
	ਮਿਲਜ਼, ਡੇਰਾ ਬਾਬਾ ਨਾਨਕ ਰੋਡ, ਬਟਾਲਾ ।	ਕੰਟਰੋਲ ਆਫ਼ ਪੋਲੂਸ਼ਨ) ਐਕਟ, 1981 ਦੀਆਂ ਧਾਰਾਵਾਂ ਤਹਿਤ ਉਦਯੋਗ ਵਿਰੁੱਧ ਮੁਕੱਦਮਾ ਚਲਾਇਆ ਗਿਆ ਹੈ ।
ਜ਼ਿਲ੍ਹਾ ਅੰਮ੍ਰਿਤਸਰ		
1.	ਮੈਸ: ਲਕਸ਼ਮੀ ਪੇਪਰ ਐਂਡ ਬੋਰਡ ਮਿਲਜ਼, ਗਹਿਰੀ ਮੰਡੀ, ਅੰਮ੍ਰਿਤਸਰ ।	.. ''ਦੀ ਵਾਟਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ਼ ਪੋਲੂਸ਼ਨ) ਐਕਟ, 1974 ਦੀਆਂ ਧਾਰਾਵਾਂ ਤਹਿਤ ਉਦਯੋਗ ਵਿਰੁੱਧ ਮੁਕੱਦਮਾ ਚਲਾਇਆ ਗਿਆ ਹੈ ।

ਇੰਦਰਾ ਆਵਾਸ ਯੋਜਨਾ

*2528. **ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਫ਼ਰਵਰੀ, 1993 ਤੋਂ ਜਨਵਰੀ, 1994 ਅਤੇ ਫ਼ਰਵਰੀ, 1994 ਤੋਂ ਫ਼ਰਵਰੀ, 1995 ਤੱਕ ਇੰਦਰਾ ਆਵਾਸ ਯੋਜਨਾ ਅਧੀਨ ਪਿੰਡਵਾਰ-ਕੁੱਲ ਕਿੰਨੇ ਵਿਅਕਤੀਆਂ ਨੂੰ ਲਾਭ ਪ੍ਰਾਪਤ ਹੋਇਆ ।

ਸਰਦਾਰ ਬੇਅੰਤ ਸਿੰਘ : ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਫ਼ਰਵਰੀ, 1993 ਤੋਂ ਜਨਵਰੀ, 1994 ਤੱਕ ਲਾਭਪਾਤਰਾਂ ਦਾ ਵੇਰਵਾ

ਲੜੀ ਨੰ.	ਬਲਾਕ ਦਾ ਨਾਂ	ਪਿੰਡ ਦਾ ਨਾਂ	ਲਾਭਪਾਤਰਾਂ ਦੀ ਗਿਣਤੀ
1	2	3	4
1.	ਅਜਨਾਲਾ ..	(1) ਸ਼ੇਖ ਭੱਟੀ ..	16
		(2) ਚਾਹਰਪੁਰ ..	9
		(3) ਕਥੂ ਨੰਗਲ ..	1
		(4) ਜਗਦੇਵ ਖੁਰਦ ..	1
		(5) ਜਗਦੇਵ ਕਲਾਂ ..	15
		(6) ਨੰਗਲ ਸੋਹਾਲ ..	20
		ਜੋੜ	62
2.	ਖਡੂੰਰ ਸਾਹਿਬ ..	(1) ਖਡੂੰਰ ਸਾਹਿਬ ..	30

Original with;
Punjab Vidhan Sabha
Digitized by;
Punjab Digital Library

1	2	3		4
		(2)	ਕੀਰੀ ਸ਼ਾਹੀ ..	22
		(3)	ਦਾਰਾਪੁਰ ..	33
			ਜੋੜ	88
3.	ਜੰਡਿਆਲਾ ਗੁਰੂ ..	(1)	ਤਾਰਾਗੜ੍ਹ ..	30
		(2)	ਮਲ੍ਹੀਆ ..	17
		(3)	ਤਲਵੰਡੀ ਡੋਗਰਾਂ ..	16
		(4)	ਖੇਲਾ ..	20
		(5)	ਬਡਾਲੀ ਡੋਗਰਾਂ ..	25
		(6)	ਹਰਪਾਲ ਕਲਾਂ ..	12
		(7)	ਫਤਿਹਪੁਰ ..	14
		(8)	ਸਨਾਵਾਲਾ ..	12
		(9)	ਭਾਨੀ ਬੰਦੋਚੀਆਂ ..	21
		(10)	ਟੀਮੋਵਾਲ ..	30
			ਜੋੜ ..	197
4.	ਮਜੀਠਾ ..	(1)	ਲੱਗ ਖੁਰਦ ..	27
5.	ਵੇਰਕਾ ..	(1)	ਘੁਮਾਨਪੁਰਾ ..	15
		(2)	ਉਠੀਆਂ ..	17
			ਜੋੜ ..	32
6.	ਤਰਨ ਤਾਰਨ .	(1)	ਕੋਟ ਧਰਮ ਚੰਦ ਕਲਾਂ ..	60
		(2)	ਪੰਡੋਰੀ ਤਖਤਮੱਲ ..	15
		(3)	ਗਿੱਲ ਵੜੈਚ ..	30
		(4)	ਨੌਰਦੀ ..	30
		(5)	ਕੰਬੋਅ ..	25
		(6)	ਕੋਟ ਜਸਤਪੱਤ ..	29
			ਜੋੜ ..	189

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਫ਼ਰਵਰੀ 1994 ਤੋਂ ਫ਼ਰਵਰੀ 1995 ਤੱਕ ਲਾਭਪਾਤਰਾਂ ਦਾ ਵੇਰਵਾ

ਲੜੀ ਨੰ.	ਬਲਾਕ ਦਾ ਨਾਂ	ਪਿੰਡ ਦਾ ਨਾਂ	ਲਾਭਪਾਤਰਾਂ ਦੀ ਗਿਣਤੀ
1	2	3	4
1.	ਖਡੂਰ ਸਾਹਿਬ ..	(1) ਖਡੂਰ ਸਾਹਿਬ ..	92
		(2) ਕੁੱਟੀ ਵਿੰਡ ..	5
		(3) ਧੋਤਾ ..	5
		(4) ਵੈਰੰਗ ਸੂਬਾ ਸਿੰਘ ..	5
		(5) ਭਾਰੋਵਾਲਾ ..	5
		(6) ਸਖਣਵਾਲੀ ..	5
		(7) ਅਕਾਲ ਗੱਡਾ (Ekal Gadda)	28
		(8) ਮਲਾਹ ..	28
		(9) ਪੀਦੀਆਂ ..	24
		(10) ਮੁਗਲੈਣੀ ..	5
		(11) ਕੁੜੀਵਾਲਾ ..	8
		(12) ਸੰਘੇੜ ..	5
		(13) ਰਾਮਪੁਰ ਨਰੇੜਮਪੁਰ ..	5
		ਜੋੜ ..	220
2.	ਚੋਹਲਾ ਸਾਹਿਬ ..	(1) ਮੋਹਨਪੁਰ ..	15
		(2) ਧੋੜੀਆ ..	15
		(3) ਰਾਨੀਵਾਲਾ ..	4
		(4) ਵੀਰਿੰਗ ..	9
		(5) ਫਤਿਹਬਾਦ ..	4
		(6) ਸੇਹਾਵਾਂ ..	4
		(7) ਵਰਿਆਹ ..	4
		(8) ਕੀਰੀਆਂ ..	4
		(9) ਸ਼ਾਕਰੀ ..	4
		(10) ਰਤੋਕੇ ..	4

Original with;
Punjab Vidhan Sabha
Digitized by;
Panjab Digital Library

1	2	3		4
		(11) ਨਥੂਪੁਰ	..	4
		(12) ਰੂੜੀਵਾਲਾ	..	9
		(13) ਘਰਕਾ	..	15
		(14) ਸਰਹਾਣਾ	..	14
		(15) ਚੋਹਲਾ ਸਾਹਿਬ	..	5
		(16) ਗੰਡੀਵਿੰਡ	...	4
		(17) ਚੰਬਾ ਕਲਾਂ	..	4
		ਜੋੜ	..	122
3.	ਨੌਸ਼ਹਿਰਾ ਪੰਨੂਆਂ ..	(1) ਜੱਟਾਂ	..	5
		(2) ਨੌਸ਼ਹਿਰਾ ਪੰਨੂੰਆਂ	..	15
		(3) ਗੋਪਾਲਾ	..	5
		(4) ਖੇੜਾਂ	..	5
		(5) ਭੱਝਲ ਭਾਈਕੇ	..	5
		(6) ਜਵੀਡਾਂ ਕਲਾਂ	..	5
		(7) ਚੰਬਲ	..	5
		(8) ਚੌਧਰੀਵਾਲਾ	..	10
		(9) ਸ਼ੇਰੋਂ	...	5
		(10) ਦਿਆਲ	..	10
		(11) ਕੋਹਾੜਕਾਂ	..	5
		(12) ਜੋੜਾ	..	5
		(13) ਬਨਵਾਲੀ ਖੁਰ	..	5
		(14) ਸਾਹਬਪੁਰ	..	5
		(15) ਨੰਦਪੁਰ	..	5
		(16) ਜੰਡੋਕੇ	..	5
		(17) ਠਾਠੀਆਂ ਮਹੰਤਾ	..	5
		(18) ਵਰਾਨਾ	..	5
		(19) ਡੇਗਰੀ	..	5
		(20) ਦੁਰਗਾਪੁਰ	..	10
			..	135

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

1	2	3		4
4.	ਜੰਡਿਆਲਾ ਗੁਰੂ ..	(1)	ਚੋਹਾਨ .	30
		(2)	ਰੱਖਦੇਵੀਦਾਸਪੁਰ ..	21
		(3)	ਰਾਣਾ ਕਲਾਂ ..	17
		(4)	ਠਾਠੀਆਂ ..	22
		(5)	ਨਵਾਂਕੋਟ ...	24
		(6)	ਵਡਾਲਾ ਜੌਹਲ ..	11
		(7)	ਗੁਲੇਵਾਲੀ ..	20
		(8)	ਮਹਮਾ ..	20
		(9)	ਟੀਮੋਵਾਲ ..	28
		(10)	ਖੇਲਾ ..	24
			..	217
5.	ਵੇਰਕਾ ..	(1)	ਓਠੀਆਂ ..	25
6.	ਤਰਨ ਤਾਰਨ ..	(1)	ਜਰਮਸਤਪੁਰ ..	29
		(2)	ਝਮਕੇ ..	58
		(3)	ਬਕੀਪੁਰ ..	28
		(4)	ਜੋਓਵਾਲਾ ..	29
		(5)	ਗਿਲ ਵੜੈਚ ..	29
		(6)	ਮੀਰਪੁਰ ..	8
		(7)	ਸੰਘੇ ..	5
		(8)	ਮਸਾਨਕੇ ..	5
		(9)	ਗੁਲਾਲੀਪੁਰ ..	5
		(10)	ਕਮਾਲਪੁਰ ..	5
		(11)	ਪੰਜਵੜ ..	5
		(12)	ਪੰਡੋਰੀ ਗੋਲਾ ..	10
		(13)	ਸ਼ਾਹਬਾਜ਼ਪੁਰ ..	10
		(14)	ਦੁਬਲੀਆਂ ..	20

Original with;
Punjab Vidhan Sabha
Digitized by;
Digital Library

	(16)	ਪੰਡੋਰੀ ਤਖਤੂਮਲ	.. 21
	(16)	ਕੋਟ ਧਰਮਚੰਦ ਕਲਾਂ	.. 29
	(17)	ਕੱਕਾ ਕੰਡਿਆਲਾ	.. 5
	(18)	ਖਾਰਾ	.. 28
	(19)	ਗੁਰਖਾ	.. 16
	(20)	ਖੱਬੇ ਦੋਗਰਾ	.. 16
			.. 355
7. ਗੰਡੀਵਿੰਡ		ਬੁਰਜ-195	.. 23
8. ਮਜੀਠਾ	..	ਬਬੇਵਾਲ	.. 15
9. ਪੱਟੀ	..	(1) ਹਰੀਕੇ	.. 56
		(2) ਬਠੇ ਭਾਨੀ	.. 15
		(3) ਬੁਰਜ ਕਲਾਂ	.. 10
			75

ਗ੍ਰਾਮ ਪੰਚਾਇਤ, ਗੁਮਾਨਪੁਰਾ ਨੂੰ ਗ੍ਰਾਂਟਾਂ ਦੀ ਵੰਡ

*2264. **ਸ਼੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਫਰਵਰੀ, 1992 ਤੋਂ ਬਾਅਦ ਗ੍ਰਾਮ ਪੰਚਾਇਤ, ਗੁਮਾਨਪੁਰਾ, ਬਲਾਕ ਵੇਰਕਾ, ਜ਼ਿਲ੍ਹਾ ਅੰਮ੍ਰਿਤਸਰ ਨੂੰ ਦਿੱਤੀਆਂ ਗਈਆਂ ਗ੍ਰਾਟਾਂ ਦੇ ਵੇਰਵੇ ਕੀ ਹਨ ਅਤੇ ਹਰ ਇਕ ਕੇਸ ਵਿਚ ਗ੍ਰਾਂਟ ਕਿੰਨੀ ਕਿੰਨੀ ਸੀ; ਗ੍ਰਾਂਟ ਕਿਸ ਮੰਤਵ ਲਈ ਦਿੱਤੀ ਗਈ; ਕੀ ਹਰ ਇਕ ਗ੍ਰਾਂਟ ਦੀ ਵਰਤੋਂ ਉਸੇ ਮੰਤਵ ਲਈ ਕੀਤੀ ਗਈ; ਜਿਸ ਲਈ ਇਹ ਦਿੱਤੀ ਗਈ ਸੀ ਜੇਕਰ, ਨਹੀਂ ਤਾਂ ਇਸ ਦੇ ਕੀ ਕਾਰਣ ਹਨ ?

ਸਰਦਾਰ ਬੇਅੰਤ ਸਿੰਘ : ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:

ਫ਼ਰਵਰੀ, 1992 ਤੋਂ ਗਰਾਮ ਪੰਚਾਇਤ ਗੁਮਾਨਪੁਰਾ, ਬਲਾਕ ਵੇਰਕਾ, ਜ਼ਿਲ੍ਹਾ ਅੰਮ੍ਰਿਤਸਰ ਨੂੰ ਦਿੱਤੀਆਂ ਗਰਾਂਟਾਂ ਦਾ ਵੇਰਵਾ

ਲੜੀ ਨੰ:	ਗਰਾਂਟ ਦੀ ਰਕਮ	ਪ੍ਰਵਾਨਗੀ ਦੀ ਮਿਤੀ	ਮੰਤਵ	ਵਰਤੀ ਗਈ ਰਕਮ	ਕੀ ਉਸੇ ਮੰਤਵ ਲਈ ਰਕਮ ਦੀ ਵਰਤੋਂ ਹੋਈ ਹੈ ।
1	2	3	4	5	6
1.	87,300/-	16.2.92	ਪ੍ਰਾਇਮਰੀ ਸਕੂਲ ਦੀ ਇਮਾਰਤ ਲਈ	87,300	ਹਾਂ ਜੀ
2.	50,000/-	22.10.93	ਗਲੀਆਂ ਨਾਲੀਆਂ ਦੀ ਉਸਾਰੀ	50,000/-	ਹਾਂ ਜੀ
3.	1,20,750/-	15.11.92	-ਉਕਤ-	1,20,750/-	ਹਾਂ ਜੀ
4.	50,000/-	1.3.92	ਮੜ੍ਹੀਆਂ	50,000/-	ਹਾਂ ਜੀ
5.	30,000/-	29.3.93	ਹਰੀਜਨ ਧਰਮਸ਼ਾਲਾ	30,000/-	ਹਾਂ ਜੀ
6.	17,600/-	21.3.94	ਗਲੀਆਂ ਨਾਲੀਆਂ ਦੀ ਉਸਾਰੀ	17,600/-	ਹਾਂ ਜੀ
7.	25,000/-	28.2.94	-ਉਕਤ-	25,000/-	ਹਾਂ ਜੀ
ਕੁੱਲ ਜੋੜ	3,80,650			3,80,650	

UNSTARRED QUESTIONS AND ANSWERS

ਪੰਚਾਇਤ ਘਰਾਂ ਦੀ ਉਸਾਰੀ

469. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਵਿੱਤੀ ਸਾਲ 1992-93 ਦੌਰਾਨ ਰਾਜ ਵਿਚ ਜ਼ਿਲ੍ਹਾਵਾਰ ਕਿੰਨੇ ਕਿੰਨੇ ਪੰਚਾਇਤ ਘਰ ਉਸਾਰੇ ਗਏ;

(ਅ) ਉਪਰੋਕਤ ਭਾਗ(ੳ) ਵਿਚ ਵਰਣਿਤ ਹਰਇਕ ਪੰਚਾਇਤ ਘਰ ਦੀ ਉਸਾਰੀ ਤੇ ਕਿੰਨੀ ਕਿੰਨੀ ਰਕਮ ਖਰਚ ਕੀਤੀ ਗਈ ?

ਸ਼ਰਦਾਰ ਬੇਅੰਤ ਸਿੰਘ : (ੳ ਅਤੇ ਅ) ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Statement A & B

Sr. No.	Name of District	Panchayat Ghar constructed	Name of Block	Expenditure incurred
1	2	3	4	5
1.	Jalandhar	1. Jamsher	Jalandhar(E)	50,000/-
		2. Lambra	—do—	20,000/-
		3. Sarobad	Bhogpur	50,000/-
		4. Nangal Fida	—do—	1,00,000/-
		5. Chhokran	Philaur	21,600/-
		6. Saidpur	Nawan Shehar	95,000/-
		7. Palli Bhikhi	—do—	95,000/-
2.	Amritsar	1. Chak Aul	Ajnala	75,000/-
		2. Teri	—do—	75,000/-
		3. Jons	Chogawan	75,000/-
		4. Mode	Gandi wind	1,00,000/-
		5. Ranike	—do—	1,00,000/-
		6. Rasoolpur	Naushera Panuan	1,00,000/-
		7. Johal Dhalwala	Chola Sahib	1,00,000/-
		8. Jagatpura Bazaz	Majitha	1,00,000/-
		9. Chogawan Rupowali	—do—	1,00,000/-
		10. Bharowal	Khadoor Sahib	1,00,000/-
		11. Mandiala	—do—	75,000/-
		12. Bal Kalan	Verka	75,000/-
		13. Bakipur	Tarn Taran	1,00,000/-

Original with;
Punjab Vidhan Sabha
Digitized by;
Panjab Digital Library

1	2	3	4	5
		14. Chhabal Meman	Tarn Taran	1,00,000/-
		15. Fatehpur Rajputan	Jandiala	1,00,000/-
		16. Wanchari	—do—	1,00,000/-
		17. Banka	Bhikhi Wind	1,00,000/-
		18. Lakhna	Bhikhiwind	1,00,000/-
		19. Budarta	Rayya	1,00,000/-
		20. Dolonangal	—do—	1,00,000/-
		21. Rupowali Brahmna	Tarsikka	75,000/-
		22. Saido Lehal	—do—	75,000/-
		23. Bagga	—do—	75,000/-
3.	Gurdaspur	1. Khojepur	Gurdaspur	69,112/-
		2. Haibat Pind	Narot Jaimal Singh	69,112/-
		3. Gandhian	Gurdaspur	48,500/-
		4. Bianpur	Dina Nagar	69,112/-
		5. Kot Bhatian	Kahnuwan	69,112/-
4.	Patiala	1. Jansua	Rajpura	1,50,000/-
		2. Khangarh Garauchan	Samana	1,50,000/-
		3. Gulwali	Nabha	1,50,000/-
		4. Tambuwala	—do—	1,50,000/-
		5. Bapraur	Ghanaur	1,50,000/-
		6. Tajal Pur	Bhuner Heri	1,50,000/-
		7. Kheri Gujran	Dera Bassi	1,50,000/-
5.	Fatehgarh Sahib	Nil	—	Nil
6.	Ropar	1. Mansooha Khurad	Ropar	53,333/-
		2. Fatehpur Bet	Chamkaur Sahib	53,333/-
		3. Jhanjeeri	Kharar	53,333/-
		4. Togan	Majri	53,333/-
		5. Thalooh	Anandpur Sahib	53,334/-
		6. Kheri	Nurpur Bedi	53,334/-

Original with;
Punjab Vidhan Sabha
Digitized by;
Panjab Digital Library

1	2	3	4	5
7.	Sangrur	1. Sharifipur Kalan	Sunam	90,000/-
		2. Chotian	Lehragaga	90,000/-
		3. Nangal	Barnala	90,000/-
		4. Bathan	Malerkotla-I	1,20,000/-
8.	Ludhiana	1. Bhan Sahib		1,20,000/-
		2. Raiyan		1,50,000/-
		3. Nandpur		1,30,000/-
		4. Daulatpur		1,00,000/-
		5. Bhikhi Khatra		80,000/-
		6. Rurke		80,000/-
		7. Brahman Majra		80,000/-
		8. Kauatari		10,000/-
		9. Jaipura		80,000/-
		10. Alampur		80,000/-
		11. Bamb		80,000/-
9.	Ferozepur	Nil	—	Nil
10.	Bhatinda	1. Dhipali	Phul	1,00,000/-
		2. Kalyan Sukha	Nathana	95,000/-
		3. Jhumba	Bhatinda	1,33,000/-
		4. Phus Mandi	Bhatinda	99,000/-
		5. Chanar Thal	Talwandi Sabo	1,00,000/-
		6. Sangat Khurd	—do—	10,000/-
		7. Kamalu(R)	—do—	95,000/-
		8. Virk Kalan	Bhatinda	20,000/-
11.	Mansa	1. Makha	Mansa	1,11,000/-
		2. Gehle	—do—	1,02,000/-
		3. Hakam Wala	Budhlada	90,000/-
		4. Gamiwala	—do—	90,000/-
		5. Behni Wal	Jhunir	1,25,000/-
		6. Malkhera	—do—	1,17,000/-
		7. Malalkpur Khiala	Mansa	17,000/-
12.	Kapurthala	1. Dharwal Gate	Kapurthala	75,000/-
		2. Bahui—	—do—	75000/-

Original with;
Punjab Vidhan Sabha
Digitized by;
Panjab Digital Library

1	2	3	4	5
		3. Sukhani	Kapurthala	75,000/-
		4. Mangupur	Sultanpur Lodhi	38,000/-
		5. Hajipur	-do-	38,000/-
		6. Rampur Sunra	Phagwara	17,813/-
		7. Akalgarh	-do-	75,487/-
		8. Babeli	-do-	75,487/-
		9. Sapraur	-do-	75,487/-
		10. Bir Puad	-do-	75,487/-
		11. Talwandi kula	Nadala	1,00,000/-
		12. Badshah pur	-do-	1,00,000/-
		13. Kuka	-do-	1,00,000 -
13.	Hoshiarpur	1. Alowal	Hoshiarpur-I	95,384/-
		2. Ajowal	-do-	95,384/-
		3. Phatowal	-do-	95,384/-
		4. Kakkon	-do-	95,384/-
		5. Jamdoli	Mahalpur	95,384/-
		6. Nangal Choran	-do-	95,385/-
		7. Kalewal Bhagtan	-do-	95,385/-
		8. Panam	Garh Shankar	95,385/-
		9. Mutton	-do-	95,385/-
		10. M. Binjoh	-do-	95,385/-
		11. Thotia	Balachaur	95,385/-
		12. Malewal	Saroya	95,385/-
		13. Balchaur	Talwara	95,385/-
14.	Faridkot	1. Machaki Mal Singh	Faridkot	1,00,000
		2. Nahal	Moga-1	1,00,000
		3. Gill	Moga-2	1,00,000
		4. Samadh Bhai	Bhagapurana	1,00,000
		5. Mahan Badhar	Mukatsar	1,00,000
		6. Inna Khera	Malout	1,00,000
		7. Samag	Giddarbaha	1,00,000
		8. Kaddu Khera	Lambi	1,00,000

ਮਿਉਂਸਪਲ ਕੌਂਸਲ ਮਾਨਸਾ ਦੁਆਰਾ ਸੜਕਾਂ ਦੀ ਉਸਾਰੀ

470. **ਕਾਮਰੇਡ ਹਰਦੇਵ ਅਰਸ਼ੀ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮਿਉਂਸਪਲ ਕੌਂਸਲ, ਮਾਨਸਾ ਦੁਆਰਾ ਵਿੱਤੀ ਸਾਲਾਂ 1992-93, 1993-1994 ਅਤੇ 1994-95 ਦੌਰਾਨ ਕੁੱਲ ਕਿੰਨੀਆਂ ਕਿੰਨੀਆਂ ਲੰਬੀਆਂ ਸੜਕਾਂ ਦੀ ਉਸਾਰੀ ਕੀਤੀ ਗਈ;

(ਅ) ਉਕਤ ਸੜਕਾਂ ਦੀ ਉਸਾਰੀ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ;

Original with;
Punjab Vidhan Sabha
Digitized by;
Punjab Digital Library

(ਏ) ਉਪਰੋਕਤ ਭਾਗ (ਅ) ਵਿਚ ਵਰਣਿਤ ਖਰਚੇ ਕਿਹੜੇ ਸਾਧਨਾਂ ਤੋਂ ਪੂਰੇ ਕੀਤੇ ਗਏ ?

ਡਾਕਟਰ ਕੇਵਲ ਕ੍ਰਿਸ਼ਨ: (ੳ) ਨਗਰ ਕੌਂਸਲ, ਮਾਨਸਾ ਵਲੋਂ ਵਿੱਤੀ ਸਾਲਾਂ 1992-93, 1993-94 ਅਤੇ 1994-95 ਦੌਰਾਨ ਕੋਈ ਨਵੀਂ ਸੜਕ ਨਹੀਂ ਬਣਾਈ ਗਈ ।

(ਅ) ਨਿੱਲ ।

(ਏ) ਨਿੱਲ ।

ਚੁੰਗੀ ਤੋਂ ਆਮਦਨ

471. **ਕਾਮਰੇਡ ਹਰਦੇਵ ਅਰਸ਼ੀ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮਿਉਂਸਪਲ ਕੌਂਸਲ, ਮਾਨਸਾ, ਬੁਢਲਾਡਾ ਅਤੇ ਬਰੇਟਾ ਜ਼ਿਲ੍ਹਾ ਮਾਨਸਾ ਨੂੰ ਵਿੱਤੀ ਸਾਲਾਂ 1992-93, 1993-94 ਅਤੇ 1994-95 ਦੌਰਾਨ ਚੰਗੀ ਤੋਂ ਕੁੱਲ ਕਿੰਨੀ ਆਮਦਨ ਹੋਈ ;

(ਅ) ਕੀ ਉਕਤ ਮਿਉਂਸਪਲ ਕੌਂਸਲ ਵਿਚ ਵਰਣਿਤ ਚੁੰਗੀ ਇਕੱਠੀ ਕਰਨ ਦਾ ਕੰਮ ਪ੍ਰਾਈਵੇਟ ਠੇਕੇਦਾਰਾਂ ਨੂੰ ਅਲਾਟ ਕਰਨ ਦੀ ਕੋਈ ਤਜ਼ਵੀਜ਼ ਹੈ ?

ਡਾਕਟਰ ਕੇਵਲ ਕ੍ਰਿਸ਼ਨ : (ੳ) ਚੁੰਗੀ ਤੇ ਹੋਈ ਆਮਦਨ ਦਾ ਕਮੇਟੀਵਾਰ ਅਤੇ ਸਾਲਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ :—

(ਰੁਪਏ ਲੱਖਾਂ ਵਿਚ)

	1992-93	1993-94	1994-95 (15.3.95)
1. ਨਗਰ ਕੌਂਸਲ, ਮਾਨਸਾ	61.06	73.68	87.16
2. ਨਗਰ ਕੌਂਸਲ, ਬੁਢਲਾਡਾ	23.31	29.20	34.76
3. ਨਗਰ ਕੌਂਸਲ, ਬਰੇਟਾ	8.35	9.84	12.81

(ਅ) ਮਿਉਂਸਪਲ ਕੌਂਸਲ, ਮਾਨਸਾ ਅਤੇ ਬੁਢਲਾਡਾ ਵਲੋਂ ਚੁੰਗੀ ਨੂੰ ਠੇਕੇ ਤੇ ਦੇਣ ਦੀ ਤਜਵੀਜ਼ ਵਿਚਾਰ ਅਧੀਨ ਹੈ । ਨਗਰ ਕੌਂਸਲ, ਬਰੇਟਾ ਵਿਖੇ ਹਾਲ ਦੀ ਘੜੀ ਅਜਿਹੀ ਕੋਈ ਤਜਵੀਜ਼ ਨਹੀਂ ਹੈ ।

ਬਠਿੰਡਾ ਵਿਚ ਸੜਕਾਂ ਬਣਾਉਣ ਤੇ ਖਰਚ

472. **ਕਾਮਰੇਡ ਹਰਦੇਵ ਅਰਸ਼ੀ** : ਕੀ ਵਿੱਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਗਰਪਾਲਿਕਾ, ਬਠਿੰਡਾ ਦੁਆਰਾ ਵਿੱਤੀ ਸਾਲਾਂ 1992-93, 1993-94 ਅਤੇ 1994-95 ਦੇ ਦੌਰਾਨ ਨਵੀਆਂ ਸੜਕਾਂ ਬਣਾਉਣ ਅਤੇ ਪੁਰਾਣੀਆਂ ਸੜਕਾਂ ਦੀ ਮੁਰੰਮਤ ਤੇ ਵਾਰਡ-ਵਾਰ ਕਿੰਨੀ ਕਿੰਨੀ ਰਕਮ ਖਰਚ ਕੀਤੀ ਗਈ ?

ਡਾਕਟਰ ਕੇਵਲ ਕ੍ਰਿਸ਼ਨ : ਅਨੁਲੱਗ 'ੳ' ਅਨੁਸਾਰ ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:

ਅਨੁਲੱਗ 'ਓ'

ਨਗਰ ਕੌਂਸਲ, ਬਠਿੰਡਾ ਵਲੋਂ ਵੱਖ-ਵੱਖ ਵਾਰਡਾਂ ਵਿਚ ਨਵੀਆਂ/ਪੁਰਾਣੀਆਂ ਸੜਕਾਂ ਤੇ ਕੀਤੇ ਗਏ ਖਰਚ ਦਾ ਵੇਰਵਾ

ਲੜੀ ਨੰ.	ਵਾਰਡ ਨੰ.	ਨਵੀਆਂ ਸੜਕਾਂ ਤੇ ਖਰਚ ਕੀਤੀ ਰਕਮ (ਲੱਖਾਂ ਵਿਚ)				ਪੁਰਾਣੀਆਂ ਸੜਕਾਂ ਤੇ ਖਰਚ ਕੀਤੀ ਰਕਮ (ਲੱਖਾਂ ਵਿਚ)			
		1992-93	1993-94	1994-95	ਕੁਲ ਜੋੜ	1992-93	1993-94	1994-95	ਕੁਲ ਜੋੜ
1	2	3	4	5	6	7	8	9	10
1.	1	—	—	—	—	—	—	—	—
2.	2	—	—	—	—	—	—	—	—
3.	3	0.77	0.91	3.67	5.35	—	2.36	—	2.36
4.	4	3.55	—	—	3.55	—	—	—	—
5.	5	0.35	2.45	5.15	7.95	—	1.40	1.31	2.71
6.	6	—	—	—	—	—	9.49	3.16	12.65
7.	7	0.39	—	—	0.39	—	7.48	7.63	15.11
8.	8	—	2.76	—	2.76	0.39	3.88	1.60	5.87
9.	9	—	1.38	—	1.38	1.67	—	3.45	5.12
10.	10	—	—	—	—	—	—	—	—
11.	11	—	—	—	—	—	1.32	—	1.32
12.	12	—	—	—	—	—	0.25	3.86	4.11

Original with:
Punjab Vidhan Sabha
Digitized by:
Panjab Digital Library

13.	13	—	—	—	—	—	1.48	2.42	3.90
14.	14	—	—	—	—	0.40	—	—	0.65
15.	15	—	—	—	—	—	0.25	1.44	1.69
16.	16	—	—	—	—	2.22	2.13	3.76	8.11
17.	17	—	—	—	—	—	0.25	—	0.25
18.	18	—	—	—	—	—	1.81	1.93	3.74
19.	19	—	—	—	—	—	0.40	—	0.40
20.	20	—	—	—	—	—	1.66	—	1.66
21.	21	—	—	—	—	—	1.46	1.80	3.26
22.	22	—	—	—	—	—	2.76	9.79	12.35
23.	23	—	—	—	—	—	0.55	—	0.55
24.	24	—	—	—	—	—	0.30	—	0.30
25	25	—	—	—	—	—	0.30	—	0.30
26.	26	—	—	—	—	—	0.30	0.39	0.69
27.	27	—	—	—	—	—	6.73	2.35	9.08
	ਜੋੜ	5.06	7.50	8.82	21.38	4.68	46.81	44.89	96 38

ਸ਼੍ਰੀ ਸਤਨਾਮ ਸਿੰਘ ਕੈਂਥ : ** ** **

ਸ਼੍ਰੀ ਸਪੀਕਰ : ਇਸ ਬਾਰੇ ਤੁਸੀਂ ਕਲ੍ਹ ਵਾਕ ਆਊਟ ਕਰ ਚੁਕੇ ਹੋ । No. point of order. You have raised this issue twice, thrice and C.M. has replied also.

ਸ਼੍ਰੀ ਮਦਨ ਮੋਹਨ ਮਿੱਤਲ : ** ** **

Mr. Speaker: Chief Minister's view is to provail and he has stated.

Shri Madan Mohan Mittal : ** ** **

Mr. Speaker: This is no point of order.

Shri Madan Mohan Mittal: I have never asked for point of order. This is a point of information. This is important and he has already given his views that it is to be closed and I am satisfied with this but the confusion should be cleared.

(ਇਸ ਵੇਲੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।) (ਵਿਘਨ)(ਸ਼ੋਰ)

ਮੁੱਖ ਮੰਤਰੀ : ਸਪੀਕਰ ਸਾਹਿਬ ਮੈਂ ਅੱਗੇ ਵੀ ਗੱਲ ਕਹੀ ਹੈ ਕਿ ਜ਼ੀਰੋ ਆਵਰ ਵਿਚ ਬੋਲਦਿਆਂ ਹੋਇਆਂ ਜਵਾਬ ਮੰਗਣਾ ਠੀਕ ਨਹੀਂ ਹੈ ਜੋ ਲੀਡਰ ਆਫ ਦੀ ਆਪੋਜੀਸ਼ਨ ਨੇ ਗੱਲ ਕਹੀ ਹੈ ਅਤੇ ਰੋਪੜ ਵਿਚ ਕੀ ਹੋਇਆ ਹੈ, ਉਸ ਬਾਰੇ ਮੈਂ ਵਿਸਥਾਰ ਨਾਲ ਜਵਾਬ ਦੇ ਚੁੱਕਾ ਹਾਂ ਜੋ ਵੀ ਇਸ਼ੂ ਹੋਵੇਗਾ ਜਦ ਮੈਂ ਬੋਲਾਂਗਾ ਤਾਂ ਉਸ ਦਾ ਜਵਾਬ ਦੇਵਾਂਗਾ । ਆਪੋਜੀਸ਼ਨ ਦੇ ਮੈਂਬਰਾਂ ਨੂੰ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਕਰਕੇ ਚੀਪ ਪਾਪੂਲੈਰਿਟੀ ਲੈਣਾ ਠੀਕ ਨਹੀਂ ਹੈ । ਅਸੀਂ ਜਵਾਬ ਇਸ ਵੇਲੇ ਨਹੀਂ ਬਲਕਿ ਜਦ ਰਾਈਟ ਟਾਈਮ ਆਵੇਗਾ, ਦੇਵਾਂਗੇ ।

ਸ਼੍ਰੀਮਤੀ ਵਿਮਲਾ ਡਾਂਗ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਇਸ ਦਾ ਜਵਾਬ ਵੀ ਆ ਚੁੱਕਾ ਹੈ ।

Comrade Hardev Arshi: Speaker Sahib.....

Mr. Speaker: Arshi Ji, you always stand up. Can't she explain herself. Reply has already been given. It is no point of order. Please resume your seat. Reply has already been given.

Comrade Tarsem Jodhan: ** ** **

Mr. Speaker: It is not to be recorded, please resume your seat.

DISCUSSION AND VOTING ON DEMANDS FOR GRANTS RELATING TO THE BUDGET ESTIMATS FOR THE YEAR 1995-96

Mr. Speaker: There are two Demands for Grants i.e.

** Expunged, not recorded as ordered by the Chair.

Original with;
Punjab Vidhan Sabha
Digitized by
Panjab Digital Library

Demand No. 3 and 13 relating to Departments of Cooperation and Industries respectively for discussion. If the Hon'ble Members agree, these may be deemed to have been read and moved.

(Voices: Yes, Yes)

Demand No. 3

That a sum not exceeding Rs. 27,10,99,000 on Revenue Account and Rs. 15,60,03,000 on Capital Account be granted to the Governor to defray the charges that will come in course of payment for the year 1995-96 in respect of Co-operation.

Demand No. 13

That a sum not exceeding Rs. 58,85,30,000 on Revenue Account and Rs. 21,36,89,000 on Capital Account granted to the Governor to defray the charges that will come in course of payment for the year 1995-96 in respect of Industries.

WALK-OUT(s)

(At this stage, members belonging to C.P.I., Comrade Tarsem Jodhan, C.P.I. (M) and Sardar Inderjit Singh Zira, S.A.D. (K) were speaking ** ** ** without permission)

Mr. Speaker: What is being spoken without my permission is not to be recorded.

(At this stage, Members belonging to C.P.I., present in the House, Comrade Tarsem Jodhan, C.P.I (M) walked out of the House while raising slogans ** ** **)

Mr. Speaker: Slogans are not to be recorded.

(At this stage members belonging to B.S.P. were standing on their seats and speaking without permission which was not audible due to noises.)

Mr Speaker: Please resume your seats. I have given my ruling. Kindly sit down. C.M. has given his mind. He will make his statement as and when he feels, at an appropriate time. I cannot compel him. Please resume your seat. I have disallowed your point of order. After that you are obstructing the proceedings and it is not desirable. You see, you have made it a daily routine. If you are to walk out then nobody can help you. (Interruptions) (Noise). I have told you to resume your seats and participate in the proceedings. But I am sorry you have participated the minimum in the proceedings, you have made more noise you should have given more time to the discussion on the Budget

---

** Not recorded as ordered by the Chair.

Original with;
Punjab Vidhan Sabha
Digitized by;
Punjab Digital Library

[Mr. Speaker]

and on the Governor's Address. So, I request you that public money should not be wasted in just shouting slogans inside the Assembly. You can shout outside and not with in the Assembly. (Interruptions ... Noise) Again you are obstructing the proceedings and it is not desirable.

(At this stage members belonging to B.S.P., Present in the House, started raising slogans ** ** while standing on their seats)

Mr. Speaker: No slogan is to be recorded. They have made it a routine. Now the press also knows that it is your routine. Please sit down.

Shri Vijay Kumar Sathi: Point of order, Sir.

Mr. Speaker: Please resume your seat, Sathi Ji. Let the discussion start.

(At this stage, members belonging to B.S.P., present in the House, Sardar Inderjit Singh Zira, S.A.D. (K), Shri Vijay Kumar Sathi, Janata Dal and Doctor Rattan Singh, (Independent) staged a walkout while raising slogans ** **)

Mr. Speaker Slogans are not to be recorded. It is your routine that you are to walk-out.

DISCUSSION AND VOTING ON DEMANDS FOR GRANTS RELATING TO THF BUDGET ESTIMATES FOR THE YEAR 1995-96 (*Resumption*)

ਸ਼੍ਰੀ ਰਮੇਸ਼ ਦੱਤ ਸ਼ਰਮਾ: ਸਪੀਕਰ ਸਾਹਿਬ, ਮੈਂ ਸੀਟ ਤੇ ਖੜ੍ਹਾ ਹਾਂ ਜੀ....

(ਸ਼ੋਰ)

Mr. Speaker: Your voice is more louder then that of those people. Come on start the discussion.

ਸ਼੍ਰੀ ਰਮੇਸ਼ ਦੱਤ ਸ਼ਰਮਾ (ਆਨੰਦਪੁਰ ਸਾਹਿਬ) : ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਮਹਿਕਮਾ ਕੋਆਪ੍ਰੇਸ਼ਨ ਅਤੇ ਇੰਡਸਟਰੀ ਦੀਆਂ ਜਿਹੜੀਆਂ ਬਜਟ ਦੇ ਅੰਦਰ ਡਿਮਾਂਡਜ਼ ਮੰਗੀਆਂ ਗਈਆਂ ਹਨ, ਉਨ੍ਹਾਂ ਉਤੇ ਬੋਲਣ ਦਾ ਤੁਸੀਂ ਮੈਨੂੰ ਮੌਕਾ ਦਿੱਤਾ ਹੈ। ਉਨ੍ਹਾਂ ਦੇ ਹੱਕ ਵਿਚ ਅਤੇ ਉਨ੍ਹਾਂ ਨੂੰ ਯੂਨਾਨੀ ਮਸਲੀ ਪਾਸ ਕਰਨ ਵਾਸਤੇ ਉਨ੍ਹਾਂ ਦੀ ਪ੍ਰੋੜਤਾ ਕਰਦਾ ਹੋਇਆ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਹਿਕਾਰਤਾ ਜਿਹੜੀ ਹੈ, ਇਹ ਪੰਜਾਬ ਦੇ ਅੰਦਰ ਏਨੀ ਵਧ ਫੁੱਲ ਗਈ ਹੈ ਕਿ ਜਿਥੇ ਇਸ ਸਹਿਕਾਰਤਾ ਵਿਭਾਗ ਨੇ, ਸਹਿਕਾਰਤਾ ਡਿਪਾਰਟਮੈਂਟ ਨੇ ਪੰਜਾਬ ਦੀ ਇੰਡਸਟਰੀ ਅਤੇ ਵਪਾਰ ਦੇ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ, ਉਥੇ ਇਸ ਕੋਆਪ੍ਰੇਟਿਵ ਡਿਪਾਰਟਮੈਂਟ ਨੇ ਪੰਜਾਬ ਵਰਗੇ ਇਕ ਖੇਤੀ ਪ੍ਰਧਾਨ ਸੂਬੇ ਅੰਦਰ ਸ਼ਾਰਟ ਟਰਮ ਲੋਨ ਅਤੇ

**Not recorded as ordered by the Chair.

Original with;
Punjab Vidhan Sabha
Digitized by;

ਮਿਡ ਟਰਮ ਲੋਨ ਦੇ ਕੇ ਕਿਸਾਨ ਵਰਗ ਨੂੰ ਬਹੁਤ ਸਹਾਇਤਾ ਦਿੱਤੀ ਹੈ। ਪੰਜਾਬ ਦੀ ਖੇਤੀ ਦੀਆਂ ਫਿਗਰਜ਼ ਚਾਹੇ ਉਹ ਕਣਕ ਦੀਆਂ ਹਨ, ਝੋਨੇ ਦੀਆਂ ਹਨ ਜਾਂ ਕਪਾਹ ਦੀਆਂ ਹਨ ਉਹ ਫਿਗਰਜ਼ ਆਪਣੇ ਆਪ ਵਿਚ ਇਕ ਬੋਲਦੀ ਤਸਵੀਰ ਹਨ। ਕੋਆਪ੍ਰੇਸ਼ਨ ਡਿਪਾਰਟਮੈਂਟ ਬਾਰੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਅੱਜ ਪਹਿਲਾਂ ਵੀ ਇਥੇ ਇਸ ਮਹਿਕਮੇ ਦੀ ਗੱਲ ਚੱਲੀ ਹੈ। ਇਹ ਉਹੀ ਡਿਪਾਰਟਮੈਂਟ ਹੈ ਜਿਸ ਨੂੰ 1992-93 ਤੋਂ ਪਹਿਲਾਂ ਵੀ ਕੁਝ ਸਰਕਾਰਾਂ ਚਲਾਉਂਦੀਆਂ ਰਹੀਆਂ ਖਾਸ ਕਰਕੇ ਮੈਂ ਬਰਨਾਲਾ ਸਰਕਾਰ ਦਾ ਜਿਕਰ ਜਰੂਰ ਕਹਨਾ ਚਾਹਾਂਗਾ। ਬਰਨਾਲਾ ਸਰਕਾਰ ਵੇਲੇ ਆਮ ਲੋਕੀਂ ਇਸ ਡਿਪਾਰਟਮੈਂਟ ਨੂੰ ਕੋਆਪ੍ਰੇਸ਼ਨ ਡਿਪਾਰਟਮੈਂਟ ਦੀ ਬਜਾਏ ਕੁਰੱਪਸ਼ਨ ਡਿਪਾਰਮੈਂਟ ਕਹਿਣ ਲੱਗ ਪਏ ਸਨ। 1992-93 ਤੋਂ ਬਾਦ ਸਰਦਾਰ ਬੇਅੰਤ ਸਿੰਘ ਜੀ ਦੀ ਅਗਵਾਈ ਵਿਚ ਇਹ ਨਵੀਂ ਕਾਂਗਰਸ ਸਰਕਾਰ ਆਈ ਅਤੇ ਇਸ ਦੌਰਾਨ ਇਸ ਮਹਿਕਮੇ ਵਿਚ ਇਨਕਲਾਬੀ ਫੈਸਲੇ ਹੋਏ ਹਨ। ਇਸ ਮਹਿਕਮੇ ਦੇ ਜਿੰਨੇ ਵੀ ਅਦਾਰੇ ਪਹਿਲਾਂ ਘਾਟੇ ਵਿਚ ਚਲਦੇ ਸਨ, ਉਹ ਅੱਗੇ ਵਧਣੇ ਸ਼ੁਰੂ ਹੋ ਗਏ। ਅੱਜ ਪੰਜਾਬ ਦੇ ਜ਼ਿਮੀਂਦਾਰ ਨੂੰ ਵੀ ਅਤੇ ਗੈਰ-ਜ਼ਿਮੀਂਦਾਰ ਨੂੰ ਵੀ ਟਾਇਮ ਸਿਰ ਕਰਜ਼ੇ ਮਿਲਦੇ ਹਨ ਅਤੇ ਇਨ੍ਹਾਂ ਕਰਜ਼ਿਆਂ ਦੀ ਵਾਪਸੀ ਵੀ ਟਾਇਮ ਸਿਰ ਹੀ ਹੁੰਦੀ ਹੈ। ਇਹ ਪਹਿਲੀ ਵਾਰੀ ਹੈ ਜਦ ਸਾਲ 1994-95 ਵਿਚ ਸੈਂਟਰਲ ਕੋਆਪ੍ਰੇਟਿਵ ਬੈਂਕ ਦੇ ਕਰਜ਼ੇ ਦੀ ਰਿਕਵਰੀ 86% ਤੋਂ ਵੀ ਉਪਰ ਗਈ ਹੈ ਅਤੇ ਇਸ ਮਾਮਲੇ ਵਿਚ ਇਹ ਸਾਰੇ ਹਿੰਦੁਸਤਾਨ ਵਿਚ ਸਭ ਤੋਂ ਪਹਿਲੇ ਨੰਬਰ ਤੇ ਹੈ। ਇਸ ਦੇ ਵਾਸਤੇ ਕੋਆ-ਆਪ੍ਰੇਟਿਵ ਬੈਂਕ ਨੂੰ ਐਵਾਰਡ ਵੀ ਮਿਲਿਆ ਹੈ। ਇਸ ਪ੍ਰਾਪਤੀ ਲਈ ਸਰਦਾਰ ਬੇਅੰਤ ਸਿੰਘ ਜੀ ਅਤੇ ਕੋਆਪ੍ਰੇਸ਼ਨ ਮਨਿਸਟਰ ਜਾਖੜ ਜੀ ਵਧਾਈ ਦੇ ਪਾਤਰ ਹਨ। ਇਨ੍ਹਾਂ ਨੇ ਨਾ ਕੇਵਲ ਬੈਂਕਾਂ ਵਿਚ ਹੀ ਬਲਕਿ ਬਾਕੀ ਦੇ ਅਦਾਰਿਆਂ ਵਿਚ ਵੀ ਬਹੁਤ ਸੁਧਾਰ ਲਿਆਂਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਕੀਤਾ ਹੈ। ਇਸ ਸਰਕਾਰ ਦੇ ਵੇਲੇ ਬਹੁਤ ਇਨਕਲਾਬੀ ਫੈਸਲੇ ਹੋਏ ਹਨ। ਕੁਝ ਅਮੈਂਡਮੈਂਟਸ ਵੀ ਹੋਈਆਂ ਹਨ। ਪਹਿਲਾਂ ਤਾਂ ਲਗਾਤਾਰ 4-4 ਸਾਲ ਤੱਕ ਸੁਸਾਇਟੀਆਂ ਜਾਂ ਹੋਰ ਅਦਾਰੇ ਟੁੱਟੇ ਰਹਿੰਦੇ ਸਨ। ਐਡਮਨਿਸਟ੍ਰੇਟਰ ਦਾ ਪੀਰਅਡ ਵੀ 4-4 ਸਾਲ ਹੁੰਦਾ ਸੀ। ਕਿੰਨੀ-ਕਿੰਨੀ ਦੇਰ ਇਲੈਕਸ਼ਨ ਨਹੀਂ ਸਨ ਹੁੰਦੇ। ਸਪਿਨਫੈਡ ਹੈ, ਮਿਲਕਫੈਡ ਹੈ, ਸੈਂਟਰਲ ਕੋਆਪ੍ਰੇਟਿਵ ਬੈਂਕ ਹੈ ਜਾਂ ਮਾਰਕਫੈਡ ਹੈ। ਇਨ੍ਹਾਂ ਦੇ ਇਲੈਕਸ਼ਨ ਕਰਾਉਣ ਵਿਚ ਕਿੰਨੀ ਕਿੰਨੀ ਦੇਰ ਲੱਗ ਜਾਂਦੀ ਸੀ। ਮੈਨੂੰ ਇਸ ਗੱਲ ਦੇ ਲਈ ਪੰਜਾਬ ਸਰਕਾਰ ਨੂੰ ਵਧਾਈ ਦੇਣ ਵਿਚ ਫ਼ਖਰ ਮਹਿਸੂਸ ਹੁੰਦਾ ਹੈ ਅਤੇ ਦਿਲੀ ਖੁਸ਼ੀ ਹੁੰਦੀ ਹੈ ਕਿ ਸਰਕਾਰ ਨੇ ਇਨ੍ਹਾਂ ਅਦਾਰਿਆਂ ਦੀ ਮਿਆਦ 3 ਸਾਲ ਤੋਂ ਵਧਾ ਕੇ 5 ਸਾਲ ਕਰ ਦਿੱਤੀ ਹੈ। ਕੋਆਪ੍ਰੇਟਿਵ ਸੁਸਾਇਟੀਆਂ ਦੀ ਮਿਆਦ ਵੀ 5 ਸਾਲ ਤੱਕ ਵਧਾ ਕੇ ਕਰ ਦਿੱਤੀ ਗਈ ਹੈ। ਇਸ ਦੇ ਵਾਸਤੇ ਵੀ ਮੈਂ ਸਰਦਾਰ ਬੇਅੰਤ ਸਿੰਘ ਜੀ ਅਤੇ ਕੋਆਪ੍ਰੇਸ਼ਨ ਮਨਿਸਟਰ ਨੂੰ ਵਧਾਈ ਦੇਣੀ ਚਾਹੁੰਦਾ ਹਾਂ। ਇਲੈਕਸ਼ਨਾਂ ਦੇ ਸਬੰਧ ਵਿਚ ਜਿਥੇ ਹੋਰ ਅਮੈਂਡਮੈਂਟਾਂ ਕੀਤੀਆਂ ਗਈਆਂ ਹਨ, ਉਥੇ ਐਡਮਨਿਸਟ੍ਰੇਟਰ ਦੀ ਮਿਆਦ ਹੁਣ ਇਕ ਸਾਲ ਹੀ ਰਹਿ ਗਈ ਹੈ। ਪਹਿਲਾਂ ਸੁਸਾਇਟੀਆਂ ਵਿਚ ਬਹੁਤ ਸਾਰੀਆਂ ਘਪਲੇਬਾਜ਼ੀਆਂ ਹੁੰਦੀਆਂ ਸਨ। ਪਿਛਲੇ 3 ਸਾਲਾਂ ਵਿਚ ਇਸ ਚੀਜ਼ ਨੂੰ ਰੋਕਣ ਲਈ ਕੋਆਪ੍ਰੇਟਿਵ ਸੁਸਾਇਟੀਆਂ ਦੇ ਆਡਿਟ ਕਰਵਾਏ ਗਏ ਅਤੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਮੇਸ਼ ਦੱਤ ਸ਼ਰਮਾ]

ਇਸ ਤਰ੍ਹਾਂ ਕਹਕੇ ਹੇਠਲੇ ਪੱਧਰ ਤੋਂ ਹੀ ਇਹ ਕੰਮ ਕੀਤਾ ਗਿਆ । ਮੈਂ ਆਪ ਵੀ ਇਹ ਇਲੈਕਸ਼ਨ ਲੜਦਾ ਰਿਹਾ ਹਾਂ । ਉਸ ਵੇਲੇ ਇਹ ਹਾਲਤ ਸੀ ਕਿ ਇਲੈਕਸ਼ਨ ਜਾਂ ਅਪਲੇਬਾਜ਼ੀਆਂ ਤਾਂ ਸੈਕਟਰੀ ਕਰਾਉਂਦੇ ਸੀ ਲੇਕਿਨ ਬੱਝ ਜਾਂਦੇ ਸਨ, ਸੁਸਾਇਟੀਆਂ ਵਾਲੇ । ਅੱਜ 97% ਬੋਰਡ ਆਫ ਡਾਇਰੈਕਟਰਜ਼ ਜਾਂ ਮੈਨੇਜਿੰਗ ਕਮੇਟੀਆਂ ਦੀਆਂ ਇਲੈਕਸ਼ਨਾਂ ਪੰਜਾਬ ਸਰਕਾਰ ਨੇ ਠੀਕ ਤਰੀਕੇ ਨਾਲ ਅਤੇ ਲੋਕ ਤੰਤਰੀ ਤਰੀਕੇ ਨਾਲ ਕਰਾਈਆਂ ਹਨ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਕਿ ਪੰਚਾਇਤਾਂ, ਪੰਚਾਇਤ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਅਤੇ ਮਿਉਂਸਿਪਲ ਕਾਰਪੋਰੇਸ਼ਨਾਂ ਦੀਆਂ ਚੋਣਾਂ ਕਰਾਈਆਂ ਹਨ । ਜਿਸ ਤਰੀਕੇ ਦੇ ਨਾਲ 97% ਕੋਆਪ੍ਰੇਟਿਵ ਬੈਂਕਾਂ ਅਤੇ ਸੁਸਾਇਟੀਆਂ ਦੀਆਂ ਪੰਜਾਬ ਸਰਕਾਰ ਨੇ ਚੋਣਾਂ ਕਰਾਈਆਂ ਹਨ, ਇਸ ਨਾਲ ਇਨ੍ਹਾਂ ਅਦਾਰਿਆਂ ਵਿਚ ਦੁਬਾਰਾ ਫਿਰ ਲੋਕਾਂ ਦਾ ਵਿਸ਼ਵਾਸ ਬੱਝਾ ਹੈ । ਇਹੀ ਨਹੀਂ ਕੋਆਪ੍ਰੇਟਿਵ ਸੁਸਾਇਟੀਆਂ ਦੇ ਜਿਹੜੇ ਅਨੁਸੂਚਿਤ ਜਾਤੀਆਂ ਜਾਂ ਦਲਿਤ ਲੋਕਾਂ ਦੇ ਲੋਨ ਸਨ, ਉਹ ਵੀ ਪੰਜਾਬ ਸਰਕਾਰ ਨੇ ਮੁਆਫ ਕੀਤੇ ਹਨ । ਜਿਸ ਤਰ੍ਹਾਂ ਪਹਿਲਾਂ 67-ਏ. ਦੀ ਵਰਤੋਂ ਕਰਕੇ ਪਹਿਲਾਂ ਜ਼ਿਮੀਂਦਾਰਾਂ ਨੂੰ ਹਰਾਸਮੈਂਟ ਕੀਤੀ ਜਾਂਦੀ ਸੀ, ਉਨ੍ਹਾਂ ਨੂੰ ਜ਼ਲੀਲ ਕੀਤਾ ਜਾਂਦਾ ਸੀ । ਉਸ ਤੋਂ ਵੀ ਅੱਜ ਇਨ੍ਹਾਂ ਲੋਕਾਂ ਨੂੰ ਰਾਹਤ ਮਿਲੀ ਹੈ ਅਤੇ ਉਨ੍ਹਾਂ ਦੀ ਆਰਥਿਕ ਹਾਲਤ ਵਿਚ ਸੁਧਾਰ ਹੋਇਆ ਹੈ । ਚਾਹੇ ਉਹ ਫਾਰਮਰਜ਼ ਹਨ ਅਤੇ ਚਾਹੇ ਨਾਨ-ਫਾਰਮਰਜ਼ ਹਨ । ਉਨ੍ਹਾਂ ਦਾ ਦੁਬਾਰਾ ਫਿਰ ਇਸ ਲਹਿਰ ਵਿਚ ਵਿਸ਼ਵਾਸ ਬੱਝਾ ਹੈ ਅਤੇ ਉਹਨਾਂ ਨੇ ਦੁਬਾਰਾ ਫਿਰ ਕੋਆਪ੍ਰੇਸ਼ਨ ਅਦਾਰਿਆਂ ਵਿਚ ਇਲੈਕਸ਼ਨ ਲੜਨਾ ਸ਼ੁਰੂ ਕੀਤਾ ਹੈ । ਅੱਜ ਜੋ ਵੀ ਅਤੇ ਜਿੰਨੀਆਂ ਵੀ ਚੀਜ਼ਾਂ ਜ਼ਿਮੀਂਦਾਰਾਂ ਨੂੰ ਚਾਹੀਦੀਆਂ ਹਨ, ਉਨ੍ਹਾਂ ਨੂੰ ਮਿਲਦੀਆਂ ਹਨ । ਮੈਂ ਸਮਝਦਾ ਹਾਂ ਕਿ 70% ਤੋਂ ਵੱਧ ਦਾ ਲੋਨ ਚਾਹੇ ਉਹ ਲੋਨ ਮਾਰਟਗੇਜ ਬੈਂਕ ਦੇ ਦੁਆਰਾ ਟਰੈਕਟਰ ਲੈਣ ਵਾਸਤੇ ਹੈ, ਚਾਹੇ ਬਾਕੀ ਖੇਤੀ ਦੇ ਕੰਮਾਂ ਲਈ ਔਜ਼ਾਰ ਲੈਣ ਵਾਸਤੇ ਹੈ ਅਤੇ ਚਾਹੇ ਖਾਦ ਖਰੀਦਣ ਵਾਸਤੇ ਹੈ, ਉਹ ਲੋਨ ਲੈਂਦੇ ਹਨ । ਨਾਨ ਫਾਰਮਿੰਗ ਕੰਮ ਚਲਾਉਣ ਵਾਸਤੇ ਸਰਕਾਰ ਨੇ ਇਕ ਨਵੀਂ ਸਕੀਮ ਚਲਾਈ ਹੈ । ਜਿਸ ਤਰ੍ਹਾਂ ਪਹਿਲਾਂ ਹੀ ਕੋਆਪਰੇਟਿਵ ਅਦਾਰਿਆਂ ਰਾਹੀਂ ਡਾਇਰੈਕਟ ਔਰ ਇਨਡਾਇਰੈਕਟ ਤੌਰ ਤੇ ਪੇਂਡੂ ਨੌਜਵਾਨ ਜਿਹੜਾ ਬੇਕਾਰ ਹੈ, ਉਸ ਨੂੰ ਲੱਖਾਂ ਦੀ ਤਦਾਦ ਵਿੱਚ ਇੰਪਲਾਇਮੈਂਟ ਦਿੱਤਾ ਜਾ ਰਿਹਾ ਹੈ ਉਸੇ ਪ੍ਰਕਾਰ ਨਾਲ ਇਕ ਨਵੀਂ ਸਕੀਮ ਕੋਆਪ੍ਰੇਟਿਵ ਬੈਂਕ ਨੇ ਸ਼ੁਰੂ ਕੀਤੀ ਹੈ । ਅਨ-ਇੰਪਲਾਇਡ ਯੂਥ ਨੂੰ ਵੀ ਕੋਆਪ੍ਰੇਟਵ ਬੈਂਕ ਜਿਹੜੇ ਕਿ ਉਨ੍ਹਾਂ ਦੇ ਨੇੜੇ ਪੈਂਦੇ ਹਨ, ਕਰਜ਼ੇ ਦੇ ਰਹੇ ਹਨ । 690 ਬਰਾਂਚਾਂ ਔਰ 17 ਕੋਆਪਰੇਟਿਵ ਬੈਂਕ ਸਟੇਟ ਦੇ ਵਿੱਚ ਚਲਦੇ ਹਨ । ਇਨ੍ਹਾਂ ਦੀਆਂ ਤਕਰੀਬਨ ਹਰ ਪੰਜ ਕਿਲੋਮੀਟਰ ਦੇ ਅੰਦਰ ਪਿੰਡਾਂ ਵਿੱਚ ਨੇੜੇ ਨੇੜੇ ਬਰਾਂਚਾਂ ਹਨ ਤਾਂ ਕਿ ਆਮ ਆਦਮੀ ਜੋ ਪਿੰਡ ਦੇ ਵਿੱਚ ਰਹਿੰਦਾ ਹੈ, ਉਹ ਉਥੋਂ ਹੀ ਲੋਨ ਲੈ ਸਕੇ । ਸਰਕਾਰ ਨੇ 1992-93 ਵਿੱਚ ਇਹ ਕੰਮ 7 ਕਰੋੜ ਰੁਪਏ ਨਾਲ ਸ਼ੁਰੂ ਕੀਤਾ ਸੀ ਤਾਂ ਕਿ ਗਰੀਬ ਆਦਮੀ ਆਪਣੀ ਰੋਟੀ ਰੋਜ਼ੀ ਕਮਾ ਸਕਣ । ਮੈਨੂੰ ਇਹ ਗੱਲ ਕਹਿਣ ਵਿੱਚ ਖੁਸ਼ੀ ਹੈ ਕਿ ਹੁਣ 1995-96 ਵਿੱਚ ਸਰਕਾਰ ਨੇ ਇਸ ਰਾਸ਼ੀ ਨੂੰ ਵਧਾ ਕੇ 15 ਕਰੋੜ ਰੁਪਏ ਤੱਕ ਕਰ ਦਿੱਤਾ ਹੈ । ਅਨਇੰਪਲਾਇਡ ਯੂਥ ਨੂੰ ਲੋਨ ਦੇਣ ਵਾਸਤੇ ਇਹ ਜਿਹੜੀ ਸਕੀਮ ਲਿਆਂਦੀ ਹੈ, ਇਹ ਬਹੁਤ ਅੱਛੀ ਸਕੀਮ ਹੈ । ਜਿੱਥੇ ਮੈਂ ਇਨ੍ਹਾਂ ਨੂੰ ਇਸ ਗੱਲ ਵਾਸਤੇ ਵਧਾਈ ਦੇਣਾ ਚਾਹੁੰਦਾ ਹਾਂ, ਉਥੇ ਮੈਂ ਨਾਲ ਦੀ ਨਾਲ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ 15 ਕਰੋੜ ਰੁਪਏ ਦੀ ਰਕਮ ਸਾਰੇ ਪੰਜਾਬ ਦੇ ਅਨ-ਇੰਪਲਾਇਡ ਲੋਕਾਂ ਵਾਸਤੇ ਬਹੁਤ ਘੱਟ ਹੈ । ਇਸ ਨੂੰ ਹੋਰ

Original with;
Punjab Vidhan Sabha
Digitized by;
Panjab Digital Library

ਵੀ ਵਧਾਇਆ ਜਾਵੇ । ਇਸ ਦੇ ਨਾਲ ਹੀ ਮਾਨਯੋਗ ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਕੋਆਪਰੇਟਿਵ ਦੇ ਵਿੱਚ ਵੱਡੇ ਵੱਡੇ ਅਦਾਰੇ ਹਨ ਜਿਵੇਂ ਕਿ ਮਾਰਕਫੈੱਡ ਹੈ, ਮਿਲਕਫੈੱਡ ਹੈ । ਮਾਰਕਫੈੱਡ ਏਸ਼ੀਆ ਦੇ ਵਿੱਚ ਸੱਭ ਨਾਲੋਂ ਵੱਡਾ ਅਦਾਰਾ ਹੈ । 3400 ਕਰੋੜ ਰੁਪਏ ਇਸ ਦੀ ਆਊਟ-ਪੁੱਟ ਹੈ ਅੰਰ ਇਸ ਦਾ ਲੈਣ ਦੇਣ ਹੈ । ਇਸ ਵੱਲੋਂ ਬਣਾਇਆ ਗਿਆ ਮਾਲ ਐਕਸਪੋਰਟ ਕਰਕੇ ਪੰਜਾਬ ਵਿੱਚ ਫਾਰੇਨ ਐਕਸਚੇਂਜ ਲਿਆਂਦੀ ਗਈ ਜਿਸ ਨਾਲ ਕਿ ਪੰਜਾਬ ਨੂੰ ਕਾਫੀ ਵਿੱਤੀ ਮਦਦ ਮਿਲੀ ਹੈ । ਇਸ ਕਾਰਨ ਏਥੇ ਹੋਰ ਵੱਡੀ ਇੰਡਸਟਰੀ ਵੀ ਲੱਗੀ ਹੈ ਜਿਵੇਂ ਵੇਰਕਾ ਖਾਦ ਬਣਾਉਣ ਦਾ ਕਾਰਖਾਨਾ ਹੈ। ਉਨ੍ਹਾਂ ਅਦਾਰਿਆਂ ਦੇ ਵਿੱਚ ਵੀ ਅਸੀਂ ਲੱਖਾਂ ਹੀ ਨੌਜਵਾਨਾਂ ਨੂੰ ਰੋਜ਼ਗਾਰ ਦਿੱਤਾ ਹੈ । ਅਸੀਂ ਪਿਓਰ ਘੀ, ਸੋਹਣਾ ਘੀ, ਵਧੀਆ ਕੁਆਲਟੀ ਦੇ ਬਾਸਮਤੀ ਚਾਵਲ ਅੰਰ ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਠੀਕ ਤਰੀਕੇ ਦੇ ਨਾਲ ਕੇਵਲ ਪੰਜਾਬ ਅਤੇ ਸਾਰੇ ਹਿੰਦੁਸਤਾਨ ਵਿੱਚ ਹੀ ਨਹੀਂ, ਬਲਕਿ ਸਾਰੀ ਦੁਨੀਆਂ ਦੇ ਅੰਦਰ ਲੋਕਾਂ ਨੂੰ ਦਿੱਤੀਆਂ ਹਨ । ਇਹ ਅਦਾਰਾ ਜਿਹੜਾ ਕਿ ਪਹਿਲਾਂ ਘਾਟੇ ਵਿੱਚ ਜਾ ਰਿਹਾ ਸੀ, ਇਸ ਗੱਲ ਲਈ ਮੈਂ ਸਰਕਾਰ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਇਸ ਨੇ ਆਪਣਾ ਪੂਰਾ ਧਿਆਨ ਦੇ ਕੇ ਇਸ ਨੂੰ ਘਾਟੇ ਵਿੱਚੋਂ ਕੱਢ ਕੇ ਅੱਜ ਪਰਾਫਿਟ ਦੇ ਵਿੱਚ ਲੈ ਆਂਦਾ ਹੈ । ਕੋਆਪਰੇਟਿਵ ਜਾਂ ਪਬਲਿਕ ਸੈਕਟਰ ਦਾ ਜਿਸ ਤਰ੍ਹਾਂ ਪਹਿਲਾਂ ਕ੍ਰਿਟੀਸਿਜ਼ਮ ਕੀਤਾ ਜਾਂਦਾ ਸੀ, ਮੈਂ ਸਮਝਦਾ ਹਾਂ ਕਿ ਪਹਿਲੀ ਵਾਰ ਸਰਕਾਰ ਨੇ ਇਨ੍ਹਾਂ ਅਦਾਰਿਆਂ ਤੇ ਨਿਗਾਹ ਰੱਖੀ ਅੰਰ ਇਨ੍ਹਾਂ ਨੂੰ ਘਾਟਿਆਂ ਵਿਚੋਂ ਕੱਢ ਕੇ ਪਰਾਫਿਟ ਵਿੱਚ ਲਿਆਂਦਾ ਹੈ ਅੰਰ ਲੋਕਾਂ ਦਾ ਵਿਸ਼ਵਾਸ ਬਹਾਲ ਕੀਤਾ ਹੈ ।

ਸਪੀਕਰ ਸਾਹਿਬ, ਦੂਸਰਾ ਅਦਾਰਾ ਮਿਲਕਫੈੱਡ ਦਾ ਆਉਂਦਾ ਹੈ । ਪੰਜਾਬ ਦੇ ਵਿੱਚ ਜਿਹੜੇ ਛੋਟੇ ਜ਼ਿਮੀਂਦਾਰ ਜਾਂ ਛੋਟੇ ਦੁੱਧ ਉਤਪਾਦਕ ਸਨ, ਉਨ੍ਹਾਂ ਦੀ ਭਲਾਈ ਵਾਸਤੇ ਇਹ ਬਹੁਤ ਅੱਡੀ ਸਕੀਮ ਸੀ । ਇਸ ਦੇ ਨਾਲ ਸੁਸਾਇਟੀਆਂ ਬਣ ਗਈਆਂ ਜਿਸ ਕਰਕੇ ਲੱਖਾਂ ਲੋਕਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਗਿਆ ਅੰਰ ਦੁੱਧ ਦਾ ਉਤਪਾਦਨ ਵੀ ਵਧਿਆ ਹੈ । ਅੱਜ 9 ਲੱਖ ਲੀਟਰ ਦੇ ਕਰੀਬ ਦੁੱਧ ਹਰ ਰੋਜ਼ ਇਕੱਠਾ ਕੀਤਾ ਜਾਂਦਾ ਹੈ । ਜਿਥੇ ਪਹਿਲਾਂ ਪੰਜਾਬ ਦੇ ਅੰਦਰ ਐਨੀਮਲ ਹਸਬੈਂਡਰੀ ਦੇ ਸਹਿਯੋਗ ਦੇ ਨਾਲ ਅਤੇ ਕੋਆਪਰੇਟਿਵ ਅਦਾਰਿਆਂ ਦੇ ਸਹਿਯੋਗ ਦੇ ਨਾਲ ਹਰਾ ਇਨਕਲਾਬ ਆਇਆ, ਉਥੇ ਸਫੈਦ ਇਨਕਲਾਬ ਵੀ ਆਇਆ ਅੰਰ ਸਾਡਾ ਦੁੱਧ ਦਾ ਉਤਪਾਦਨ 7% ਵਧਿਆ । ਅੱਜ ਪੰਜਾਬ ਦੇ ਅੰਦਰ 707 ਗ੍ਰਾਮ ਦੁੱਧ ਪ੍ਰਤੀ ਵਿਅਕਤੀ ਮਿਲਦਾ ਹੈ ਅਤੇ ਇਸ ਲਿਹਾਜ ਨਾਲ ਸਾਰੇ ਹਿੰਦੁਸਤਾਨ ਵਿੱਚ ਅਸੀਂ ਅੱਜ ਪਹਿਲੇ ਨੰਬਰ ਤੇ ਹਾਂ । ਪਿੰਡਾਂ ਦੇ ਵਿੱਚ ਮਿਲਕ ਚਿਲਿੰਗ ਸੈਂਟਰ ਬਣਾ ਕੇ ਅਤੇ ਉਥੇ ਰੋਜ਼ ਦੀ ਰੋਜ਼ ਦੁੱਧ ਦੀ ਕੁਲੈਕਸ਼ਨ ਕਰਕੇ ਦੁੱਧ ਉਤਪਾਦਕਾਂ ਨੂੰ ਬਹੁਤ ਫਾਇਦਾ ਪਹੁੰਚਾਇਆ ਹੈ । ਜੇਕਰ ਜ਼ਿਮੀਂਦਾਰ ਦਾ ਕੋਈ ਆਦਮੀ ਬਿਮਾਰ ਹੋ ਜਾਵੇ ਤਾਂ ਉਸ ਦੀ ਦਵਾਈ ਲਿਆਉਣ ਵਾਸਤੇ ਤਾਂ ਉਹ ਕੁਝ ਕੁਤਾਹੀ ਕਰ ਸਕਦਾ ਹੈ ਪਰ ਜੇਕਰ ਉਸ ਦਾ ਕੋਈ ਜਾਨਵਰ ਬਿਮਾਰ ਹੋ ਜਾਵੇ ਜਾਂ ਢਿੱਲਾ-ਮੱਠਾ ਹੋ ਜਾਵੇ ਤਾਂ ਉਹ ਉਸਦਾ ਇਲਾਜ ਕਰਾਉਣ ਵਾਸਤੇ ਹਮੇਸ਼ਾਂ ਤੱਤਪਰ ਰਹਿੰਦਾ ਹੈ ਚਾਹੇ ਉਸ ਦਾ ਜਿੰਨਾ ਮਰਜ਼ੀ ਖਰਚ ਆ ਜਾਵੇ ਕਿਉਂਕਿ ਉਹ ਜਾਨਵਰ ਉਸ ਨੂੰ ਹਰ ਰੋਜ਼ ਦੁੱਧ ਦੇ ਪੈਸੇ ਦਿੰਦਾ ਹੈ । ਇਸ ਦੁੱਧ ਨੂੰ ਕੋਆਪਰੇਟਿਵ ਵਾਲੇ ਇਕ ਥਾਂ ਤੇ ਇਕੱਠਾ ਕਰਦੇ ਹਨ, ਬਕਾਇਦਾ ਤੋਰ ਤੇ ਦਫਤਰ ਵੀ ਬਣੇ ਹੋਏ ਹਨ ਅਤੇ ਉਨ੍ਹਾਂ ਨੂੰ ਹੋਣ ਵਾਲਾ ਮੁਨਾਫਾ ਵੀ ਵੰਡਿਆ ਜਾਂਦਾ ਹੈ । ਮੁਨਾਫਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਮੇਸ਼ ਦੱਤ ਸ਼ਰਮਾ]

ਵੰਡਣ ਤੋਂ ਇਲਾਵਾ ਕੋਆਪਰੇਟਿਵ ਡਿਪਾਰਟਮੈਂਟ ਵੱਲੋਂ ਮਿਲਕ ਚਿਲਿੰਗ ਸੈਂਟਰ ਵੀ ਚਲਾਏ ਜਾਂਦੇ ਹਨ। ਉਥੇ ਡਿਪਾਰਟਮੈਂਟ ਨੇ ਡਾਕਟਰ ਵੀ ਰੱਖੇ ਹੋਏ ਹਨ ਅਤੇ ਫਾਰਮਾਸਿਸਟ ਵੀ ਰੱਖੇ ਹੋਏ ਹਨ। ਜਦੋਂ ਵੀ ਉਨ੍ਹਾਂ ਦੇ ਜਾਨਵਰਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਦੀ ਡਾਕਟਰੀ ਸਹਾਇਤਾ ਦੀ ਜ਼ਰੂਰਤ ਹੈ, ਫੀਡ ਦੀ ਜ਼ਰੂਰਤ ਹੈ ਜਾਂ ਸੁਪਰ ਮਿਨਰਲ ਦੀ ਜ਼ਰੂਰਤ ਹੈ ਤਾਂ ਉਹ ਸਪਲਾਈ ਕਰਕੇ ਪਿੰਡਾਂ ਦੇ ਲੋਕਾਂ, ਦੁੱਧ ਉਤਪਾਦਕਾਂ ਨੂੰ ਪੂਰੀ ਤਰ੍ਹਾਂ ਮਦਦ ਦਿੱਤੀ ਜਾਂਦੀ ਹੈ। ਇਸ ਵਾਸਤੇ ਪੰਜਾਬ ਦਾ ਕੋਆਪਰੇਟਿਵ ਡਿਪਾਰਟਮੈਂਟ ਵਾਕਈ ਤੌਰ ਤੇ ਫਖਰ ਕਰ ਸਕਦਾ ਹੈ। ਅੱਜ ਦੁੱਧ ਦੇ ਖੇਤਰ ਅੰਦਰ ਜਿਹੜਾ ਇਨਕਲਾਬ ਲਿਆਂਦਾ ਹੈ, ਉਸ ਦੇ ਨਾਲ ਪੰਜਾਬ ਦੀ ਆਰਥਿਕ ਸਥਿਤੀ ਵਿੱਚ ਵੀ ਕਾਫੀ ਸੁਧਾਰ ਹੋਇਆ ਹੈ। ਇਸ ਦੇ ਨਾਲ ਪੰਜਾਬ ਦੇ ਜ਼ਿਮੀਂਦਾਰ ਖੁਸ਼ਹਾਲ ਹੋਏ ਹਨ, ਖਾਸ ਤੌਰ ਤੇ ਦੁੱਧ ਉਤਪਾਦਕ ਖੁਸ਼ ਹੋਏ ਹਨ। ਇਸ ਦੇ ਨਾਲ ਹੀ ਜਿਹੜੇ ਦੁੱਧ ਉਤਪਾਦਕ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਦੁੱਧ ਦਾ ਪੂਰਾ ਮੁੱਲ ਵੀ ਮਿਲਣ ਲੱਗਿਆ ਹੈ। ਅੱਜ ਹਰ ਘਰ ਵਿੱਚ 2-3 ਜਰਸੀ ਗਊਆਂ ਅਤੇ ਚੰਗੀ ਨਸਲ ਦੀਆਂ ਇਕ-ਦੋ ਮੱਝਾਂ ਜ਼ਰੂਰ ਵੇਖਣ ਨੂੰ ਮਿਲਦੀਆਂ ਹਨ ਕਿਉਂਕਿ ਇਨ੍ਹਾਂ ਦੇ ਹੋਣ ਨਾਲ ਉਨ੍ਹਾਂ ਦੀ ਰੋਜ਼ ਦੀ ਆਮਦਨ ਹੁੰਦੀ ਹੈ। ਇਸ ਦੇ ਨਾਲ ਸਾਰੇ ਪੰਜਾਬ ਵਿੱਚ, ਖਾਸ ਕਰਕੇ ਪਿੰਡਾਂ ਦੇ ਵਿੱਚ ਖੁਸ਼ਹਾਲੀ ਆਈ ਹੈ। ਇਸ ਦੇ ਲਈ ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਅਤੇ ਮਿਲਕਫੈੱਡ ਦਾ ਬੜਾ ਹੀ ਯੋਗਦਾਨ ਰਿਹਾ ਹੈ।

ਇਸ ਤੋਂ ਬਾਦ ਮੈਂ ਸਪਿਨਫੈੱਡ ਦੀ ਗੱਲ ਕਰਦਾ ਹਾਂ। ਸਪਿਨਫੈੱਡ ਵੀ ਕੋਆਪਰੇਟਿਵ ਦਾ ਇਕ ਬਹੁਤ ਵੱਡਾ ਅਦਾਰਾ ਹੈ। ਇਸ ਦੇ ਵਿੱਚ 7-8 ਮਿੱਲਾਂ ਚਲਦੀਆਂ ਹਨ। ਨਾਰਦਰਨ ਇੰਡੀਆ ਵਿੱਚ ਸ਼ੁੱਭ ਤੋਂ ਜ਼ਿਆਦਾ ਕਪਾਹ ਦੀਆਂ ਗੱਠਾਂ ਇਥੇ ਸਪਿਨ ਹੁੰਦੀਆਂ ਹਨ ਅਤੇ ਇਹ ਗੱਠਾਂ ਆਮ ਵੀਵਰਜ਼ ਨੂੰ ਜਾਂ ਛੋਟੇ ਵਿਅਕਤੀਆਂ ਨੂੰ ਜਿਨ੍ਹਾਂ ਦੀ ਆਮਦਨ ਦਾ ਹੋਰ ਕੋਈ ਸਾਧਨ ਨਹੀਂ ਹੈ, ਉਨ੍ਹਾਂ ਨੂੰ ਅੱਗੇ ਕੰਮ ਵਾਸਤੇ ਦਿੱਤੀਆਂ ਜਾਂਦੀਆਂ ਹਨ ਜਿਨ੍ਹਾਂ ਦੇ ਨਾਲ ਉਨ੍ਹਾਂ ਦਾ ਆਰਥਿਕ ਸੁਧਾਰ ਹੋਇਆ ਹੈ ਅਤੇ ਉਨ੍ਹਾਂ ਨੂੰ ਇੰਪਲਾਇਮੈਂਟ ਦਿੱਤੀ ਗਈ ਹੈ। ਇਸ ਤਰੀਕੇ ਨਾਲ ਧਾਗੇ ਦਾ ਉਤਪਾਦਨ ਕਰਕੇ ਫਾਰੇਨ ਅੰਦਰ ਭੇਜਿਆ ਜਾਂਦਾ ਹੈ ਪੈਸਾ ਕਮਾਇਆ ਜਾਂਦਾ ਹੈ। ਸਪਿਨਫੈੱਡ ਦਾ ਅਦਾਰਾ ਹੁਣ ਕੋਈ ਸ਼ਕ ਨਹੀਂ ਕਿ ਆਪਣੇ ਪੈਰਾਂ ਤੇ ਖੜਾ ਹੈ ਅਤੇ ਇਸ ਤੋਂ ਸਾਨੂੰ ਫਾਰੇਨ ਕਰੰਸੀ ਵੀ ਮਿਲਣ ਲੱਗੀ ਹੈ।

2-3 ਸਾਲ ਪਹਿਲਾਂ ਇਹ ਗੱਲ ਚਲਦੀ ਸੀ ਕਿ ਸ਼ੂਗਰਫੈੱਡ ਦੀਆਂ ਮਿੱਲਾਂ ਬੜੀਆਂ ਘਾਟੇ ਵਿਚ ਚਲ ਰਹੀਆਂ ਹਨ ਅਤੇ ਉਨ੍ਹਾਂ ਨੂੰ ਪ੍ਰਾਈਵੇਟ ਹੱਥਾਂ ਵਿੱਚ ਦਿੱਤਾ ਜਾ ਰਿਹਾ ਹੈ। ਇਹ ਠੀਕ ਹੈ, ਮੈਂ ਪ੍ਰਾਈਵੇਟਾਈਜ਼ੇਸ਼ਨ ਦੇ ਬਿਲਕੁਲ ਵਿਰੁੱਧ ਨਹੀਂ ਹਾਂ। ਕੋਈ ਵੀ ਕੋਆਪਰੇਟਿਵ ਅਦਾਰਾ ਜਾਂ ਪਬਲਿਕ ਅਦਾਰਾ ਹੈ, ਚਾਹੇ ਉਹ ਮੇਰੇ ਘਰ ਦਾ ਹੋਵੇ ਚਾਹੇ ਬਾਹਰ ਦਾ, ਜੇਕਰ ਉਹ ਘਾਟੇ ਦਾ ਵਪਾਰ ਕਰਦਾ ਹੈ ਤਾਂ ਉਸ ਨੂੰ ਪ੍ਰਾਈਵੇਟਾਈਜ਼ ਕਰ ਦੇਣਾ ਕੋਈ ਮਾੜੀ ਗੱਲ ਨਹੀਂ। ਇਹ ਠੀਕ ਹੈ ਕਿ ਸਰਕਾਰ ਨੇ ਲੋਕਾਂ ਨੂੰ ਇੰਪਲਾਇਮੈਂਟ ਦੇਣੀ ਹੁੰਦੀ ਹੈ ਤਾਂ ਕਿ ਉਹ ਬੇਰੁਜ਼ਗਾਰ ਨਾ ਹੋ ਜਾਣ ਅਤੇ ਕਿਤੇ ਉਨ੍ਹਾਂ ਦੀ ਰੋਟੀ-ਰੋਜ਼ੀ ਦਾ ਸਾਧਨ ਖਤਮ ਨਾ ਹੋ ਜਾਵੇ, ਇਸ ਕਰਕੇ ਉਨ੍ਹਾਂ ਅਦਾਰਿਆਂ ਨੂੰ ਸਹਕਾਰ ਦੇ ਥਰੂ ਚਲਾਉਂਦੇ ਹਾਂ। ਪਰ ਜੇਕਰ ਉਹ ਅਦਾਰੇ ਸੂਬੇ ਦੀ ਆਰਥਿਕਤਾ ਨੂੰ ਹੀ ਹਿਲਾ ਕੇ ਰੱਖ ਦੇਣ ਅਤੇ ਸਰਕਾਰ ਨੂੰ ਦੀਵਾਲੀਆ ਕਰਨ

Original with;
Punjab Vidhan Sabha
Digitized by
Panjab Digital Library

ਵੱਲ ਲੈ ਜਾਣ ਤਾਂ ਫਿਰ ਉਨ੍ਹਾਂ ਅਦਾਰਿਆਂ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣਾ ਹੀ ਚਾਹੀਦਾ ਹੈ ਅਤੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਸੁਰੱਖਿਅਤ ਰੱਖਦੇ ਹੋਏ ਜੇਕਰ ਕੋਈ ਪ੍ਰਾਈਵੇਟ ਵਿਅਕਤੀ ਜਾਂ ਸੰਸਥਾ ਉਨ੍ਹਾਂ ਨੂੰ ਚਲਾ ਸਕਦੀ ਹੈ ਤਾਂ ਉਹ ਉਨ੍ਹਾਂ ਨੂੰ ਦੇ ਦੇਣੇ ਚਾਹੀਦੇ ਹਨ। ਇਹ ਕੁਦਰਤੀ ਗੱਲ ਹੈ ਕਿ ਜੇਕਰ ਅਸੀਂ ਸਾਰੀਆਂ ਚੀਜ਼ਾਂ ਹੀ ਸਰਕਾਰ ਦੇ ਥੱਲੇ ਲੈ ਲਈਏ ਤਾਂ ਸ਼ਾਇਦ ਲੋਕ ਟਾਈਮ ਸਿਰ ਦੁਕਾਨਾਂ ਵੀ ਨਾ ਖੋਲ੍ਹਣ। ਪਹਿਲਾਂ ਜਦੋਂ ਤਾਂ ਨੌਕਰੀ ਲੈਣੀ ਹੁੰਦੀ ਹੈ ਤਾਂ ਵਿਅਕਤੀ ਬੜਾ ਉਤਾਵਲਾ ਹੁੰਦਾ ਹੈ, ਕਿਸੇ ਕੋਲੋਂ ਸਿਫਾਰਸ਼ ਵੀ ਕਰਵਾਉਂਦਾ ਹੈ ਪ੍ਰੰਤੂ ਜਦੋਂ ਨੌਕਰੀ ਮਿਲ ਜਾਂਦੀ ਹੈ ਤਾਂ ਫਿਰ ਉਹ ਕੰਮ ਕਰਕੇ ਰਾਜ਼ੀ ਨਹੀਂ ਹੁੰਦਾ ਕਿਉਂ ਜੋ ਉਹ ਸਮਝਦਾ ਹੈ ਕਿ ਤਨਖਾਹ ਤਾਂ ਉਸ ਨੂੰ ਮਿਲ ਹੀ ਜਾਣੀ ਹੈ ਉਹ ਤਨਖਾਹ ਲੈਣ ਦਾ ਆਪਣਾ ਰਾਈਟ ਸਮਝਦਾ ਹੈ ਪਰ ਇਹ ਨਹੀਂ ਸਮਝਦਾ ਕਿ ਰਾਈਟ ਦੇ ਨਾਲ ਨਾਲ ਸਾਡਾ ਕੁਝ ਫਰਜ਼ ਵੀ ਬਣਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਹ ਅਦਾਰੇ ਜਿਨ੍ਹਾਂ ਵਿੱਚ ਲੋਕਾਂ ਨੂੰ ਰੋਟੀ-ਰੋਜ਼ੀ ਦਾ ਸਾਧਨ ਮਿਲਦਾ ਹੈ, ਇਹ ਘਾਟੇ ਵਿੱਚ ਨਾ ਚੱਲਣ ਤਾਂ ਫਿਰ ਇਨ੍ਹਾਂ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣ ਦੀ ਜ਼ਰੂਰਤ ਹੀ ਨਹੀਂ ਪਵੇਗੀ। ਜਿਹੜੇ ਮੁਲਾਜ਼ਮ ਹਨ, ਉਨ੍ਹਾਂ ਦੀ ਇਹ ਡਿਊਟੀ ਬਣਦੀ ਹੈ ਕਿ ਉਹ ਸਮੇਂ ਸਿਰ ਆਪਣੀ ਡਿਊਟੀ ਦੇਣ ਅਤੇ ਇਸ ਨੂੰ ਆਪਣੀ ਨਿੱਜੀ ਸੰਪਤੀ ਨਾ ਸਮਝਣ ਬਲਕਿ ਦੇਸ਼ ਦੀ ਸੰਪਤੀ ਸਮਝਦੇ ਹੋਏ ਪੂਰੀ ਇਮਾਨਦਾਰੀ ਨਾਲ ਡਿਊਟੀ ਦੇਣ।

ਇਸ ਤਰੀਕੇ ਨਾਲ ਕੋਆਪ੍ਰੇਟਿਵ ਡਿਪਾਰਟਮੈਂਟ ਦੀਆਂ ਸ਼ੂਗਰ ਮਿੱਲਾਂ ਜਿਨ੍ਹਾਂ ਵਿਚ ਨਵਾਂ ਸ਼ਹਿਰ ਅਤੇ ਬੁੱਢੇਵਾਲ ਖਾਸ ਤੌਰ ਤੇ ਵਰਨਣਯੋਗ ਹਨ, ਉਨ੍ਹਾਂ ਨੇ ਆਪਣੀ ਟੈਕਨਾਲੋਜੀ ਨਾਲ ਪੰਜਾਬ ਦੇ ਪਿੰਡਾਂ ਨੂੰ ਗੰਨੇ ਥੱਲੇ ਦੁਬਾਰਾ ਲਿਆਂਦਾ ਹੈ। ਇਸੇ ਤਰ੍ਹਾਂ ਖਾਦਾਂ ਵਿੱਚ ਵੀ ਪਰਿਵਰਤਨ ਹੋਇਆ ਹੈ। ਜ਼ਮੀਨ ਦੀ ਸਮਰੱਥਾ ਜਿਹੜੀ ਕਿ ਪਹਿਲਾਂ ਘਟ ਗਈ ਸੀ, ਉਹ ਸਮਰੱਥਾ ਫਿਰ ਵਧੀ ਹੈ। ਇਸੇ ਤਰ੍ਹਾਂ ਅੱਜ ਪੰਜਾਬ ਵਿਚ ਝੋਨਾ, ਕਣਕ ਅਤੇ ਸੂਹਜ ਮੁਖੀ ਵੱਧ ਤੋਂ ਵੱਧ ਬੀਜਿਆ ਜਾਂਦਾ ਹੈ। ਪੰਜਾਬ ਸਰਕਾਰ ਨੇ 52 ਰੁਪਏ ਕੁਇੰਟਲ ਤੋਂ ਵਧਾ ਕੇ 72 ਰੁਪਏ ਜੋ ਗੰਨੇ ਦੀ ਕੀਮਤ ਦਿੱਤੀ ਹੈ, ਇਹ ਬਹੁਤ ਸ਼ਲਾਘਾਯੋਗ ਹੈ। ਇਸ ਸਾਲ ਇਨ੍ਹਾਂ ਮਿੱਲਾਂ ਦੀ ਸਮਰੱਥਾ ਵਿੱਚ ਵਾਧਾ ਹੋਇਆ ਹੈ। ਮੈਂ, ਸਪੀਕਰ ਸਾਹਿਬ, ਮਾਰਕਫੈੱਡ ਦੀ ਗੱਲ ਕਰ ਰਿਹਾ ਸੀ। ਉਨ੍ਹਾਂ ਨੇ ਕਾਫੀ ਅਦਾਰੇ ਲਗਾਏ ਹਨ ਅੱਜ ਪ੍ਰੋਡੱਕਸ਼ਨ ਕੀਤੀ ਜਾ ਰਹੀ ਹੈ ਇਨ੍ਹਾਂ ਵਲੋਂ ਕਣਕ, ਝੋਨਾ ਅਤੇ ਕਪਾਹ ਦੇ ਫੀਲਡ ਵਿੱਚ ਜ਼ਿਮੀਦਾਰਾਂ ਨੂੰ ਜਿਣਸ ਦੀ ਕੀਮਤ ਟਾਈਮ ਸਿਰ ਮਿਲ ਜਾਂਦੀ ਹੈ ਅੱਜ ਇਨ੍ਹਾਂ ਨੂੰ ਪੂਰੀ ਕੀਮਤ ਤੇ ਜਿਣਸ ਖਰੀਦਣ ਦਾ ਕਰੈਡਿਟ ਜਾਂਦਾ ਹੈ। ਮੁੱਖ ਮੰਤਰੀ ਜੀ ਬੈਠੇ ਹਨ। ਇਨ੍ਹਾਂ ਨੇ 1992-93 ਵਿੱਚ ਮਾਰਕਫੈੱਡ ਅਦਾਰੇ ਬਾਰੇ ਇੱਕ ਅਨਾਊਂਸਮੈਂਟ ਕੀਤੀ ਸੀ ਕਿ ਅਸੀਂ ਇਨ੍ਹਾਂ ਨੂੰ ਪੰਜ ਪਰਸੈਂਟ ਇਨਹਾਂਸਮੈਂਟ ਦੇਵਾਂਗੇ ਕਿਉਂਕਿ ਇਨ੍ਹਾਂ ਨੇ ਕਾਫੀ ਮੁਨਾਫਾ ਕਮਾਇਆ ਹੈ ਪਰ ਉਹ ਅਨਾਊਂਸਮੈਂਟ ਹਾਲੇ ਤੱਕ ਲਾਗੂ ਨਹੀਂ ਹੋਈ। ਕੋਆਪ੍ਰੇਟਿਵ ਮਨਿਸਟਰ ਸਾਹਿਬ ਵੀ ਬੈਠੇ ਹਨ। ਇਸ ਕਰਕੇ ਇਸ ਅਨਾਊਂਸਮੈਂਟ ਨੂੰ ਲਾਗੂ ਕਰਨਾ ਚਾਹੀਦਾ ਹੈ ਅੱਜ ਜਿਨ੍ਹਾਂ ਮੁਲਾਜ਼ਮਾਂ ਨੇ ਮਿਹਨਤ ਕਰਕੇ ਪੈਦਾਵਾਰ ਵਧਾਈ ਹੈ, ਉਨ੍ਹਾਂ ਦਾ ਖਿਆਲ ਰੱਖਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਕੋਆਪ੍ਰੇਟਿਵ ਮਨਿਸਟਰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਮੇਸ਼ ਦੱਤ ਸ਼ਰਮਾ]

ਸਾਹਿਬ 1992-93 ਵਿਚ ਝਿਓਂ ਦਾ ਮੁਨਾਫਾ ਵੰਡਣ ਵਾਸਤੇ ਨੂਰਪੁਰ ਬੇਦੀ ਦੇ ਪਿਛ ਅਬਿਆਨਾ ਵਿਖੇ ਗਏ ਸਨ । ਇਹ ਹਿਲੀ ਏਰੀਆ ਹੈ ਔਰ ਦਰਿਆ ਦੇ ਕੰਢੇ ਉਥੇ ਬੂਟੀ ਬਹੁਤ ਹੁੰਦੀ ਹੈ । ਉਥੋਂ ਦਾ ਘਾਹ ਕਾਗਜ਼ ਬਨਾਉਣ ਵਾਸਤੇ ਯਮੁਨਾਨਗਰ ਭੇਜਿਆ ਜਾਂਦਾ ਹੈ ਔਰ ਬਹੁਤ ਹੀ ਵਧੀਆ ਕੁਆਲਟੀ ਦਾ ਕਾਗਜ਼ ਬਣਦਾ ਹੈ । ਉਥੇ ਮਨਿਸਟਰ ਸਾਹਿਬ ਨੇ ਅਨਾਊਂਸਮੈਂਟ ਕੀਤੀ ਸੀ ਕਿ ਗੱਤੇ ਦੀ ਫੈਕਟਰੀ ਲਗਾਵਾਂਗੇ । ਮੈਂ ਇਸ ਮਹਿਕਮੇ ਦੀਆਂ ਮੰਗਾਂ ਤੇ ਬੋਲਦਾ ਹੋਇਆ ਕਹਿੰਦਾ ਹਾਂ ਕਿ ਇਹ ਫੈਕਟਰੀ ਜਲਦੀ ਤੋਂ ਜਲਦੀ ਲਗਾਈ ਜਾਵੇ । ਜੇ ਜ਼ਿਆਦਾ ਦੀ ਸੰਭਵ ਨਹੀਂ ਤਾਂ ਘੱਟ ਰਕਮ ਦੀ ਹੀ ਲਗਵਾ ਦਿਓ । ਇਹ ਪੰਜਾਬ ਦਾ ਪਛੜਿਆ ਹੋਇਆ ਬਲਾਕ ਹੈ ਔਰ ਉਥੋਂ ਦੀ ਲੇਬਰ ਸਾਰੇ ਹਿੰਦੁਸਤਾਨ ਵਿੱਚ ਫੈਲੀ ਹੋਈ ਹੈ । ਮੈਂ ਚਾਹੁੰਦਾ ਹਾਂ ਕਿ ਮਾਨਯੋਗ ਮੰਤਰੀ ਜੀ ਇਸ ਤੇ ਜ਼ਰੂਰ ਗੌਰ ਕਰਨ ।

ਮਾਨਯੋਗ ਸਪੀਕਰ ਸਾਹਿਬ, ਜਿੱਥੇ ਕੋਆਪ੍ਰੇਟਿਵ ਡਿਪਾਰਟਮੈਂਟ ਨੇ ਨਿਹਾਇਤ ਇਨਕਲਾਬੀ ਕਦਮ ਚੁੱਕੇ ਹਨ, ਉਥੇ ਇੰਡਸਟਰੀ ਵਿੱਚ ਵੀ ਪੰਜਾਬ ਨੇ ਬਹੁਤ ਤਰੱਕੀ ਕੀਤੀ ਹੈ । ਪੰਜਾਬ ਦੀ ਅੰਨੁਅਲ ਗਰੋਥ ਅੱਠ ਪਰਸੈਂਟ ਹੋਈ ਹੈ । ਜਿਹੜੀ ਇੰਡਸਟਰੀ ਪੰਜਾਬ ਵਿੱਚੋਂ ਲਿਮੀ ਵੇਲੇ ਨੱਠ ਗਈ ਸੀ, ਉਹ ਅੱਜ ਮੁੜ ਕੇ ਪੰਜਾਬ ਵਿੱਚ ਆ ਗਈ ਹੈ । ਜਿਥੇ ਕਦੀ ਪੰਜਾਬ ਦੇ ਇੰਡਸਟਰੀਅਲਿਸਟ ਇਹ ਸੋਚਦੇ ਸਨ ਕਿ ਅਸੀਂ ਪੰਜਾਬ ਵਿੱਚ ਰਹਿ ਵੀ ਸਕਾਂਗੇ ਜਾਂ ਨਹੀਂ, ਉਥੇ ਅੱਜ ਕਰੋੜਾਂ ਰੁਪਏ ਦੀਆਂ ਫਰਮਾਂ ਆਈਆਂ ਹਨ । ਇਸ ਤਰ੍ਹਾਂ ਪੰਜਾਬ ਦੀ ਜਿਹੜੀ ਇੰਡਸਟਰੀ ਭਾਰਤ ਵਿਚ ਸੋਲਵੇਂ ਸਤਾਰਵੇਂ ਨੰਬਰ ਤੇ ਚਲੀ ਗਈ ਸੀ, ਅੱਜ ਮੁੜ ਕੇ ਤੀਜੇ ਨੰਬਰ ਤੇ ਆਈ ਹੈ । ਇਸ ਨਾਲ ਜਿੱਥੇ ਬੇਰੁਜ਼ਗਾਰੀ ਘਟੀ ਹੈ, ਉਥੇ ਪੰਜਾਬ ਦੀ ਆਰਥਿਕ ਦਸ਼ਾ ਵੀ ਸੁਧਰੀ ਹੈ । ਕਿਸਾਨ ਪੰਜਾਬ ਦੇ ਲੋਕਾਂ ਦੀ ਰੀੜ੍ਹ ਦੀ ਹੱਡੀ ਹੈ । ਕੋਆਪ੍ਰੇਟਿਵ ਪੰਜਾਬ ਦੇ ਲੋਕਾਂ ਦੀ ਰੀੜ੍ਹ ਦੀ ਹੱਡੀ ਹੈ । ਇੰਡਸਟਰੀ ਵਿੱਚ ਪੰਜਾਬ ਨੇ ਜਿਸ ਤਰੀਕੇ ਨਾਲ ਤਰੱਕੀ ਕੀਤੀ ਹੈ, ਉਸ ਨਾਲ ਪੰਜਾਬ ਅੱਜ 2-3 ਸਾਲਾਂ ਵਿੱਚ ਤੀਜੇ ਨੰਬਰ ਤੇ ਆ ਗਿਆ ਹੈ । ਮਾਨਯੋਗ ਸਪੀਕਰ ਸਾਹਿਬ, ਕੋਆਪ੍ਰੇਟਿਵ ਡਿਪਾਰਟਮੈਂਟ ਨੇ ਇਲੈਕਸ਼ਨ ਕਰਵਾਏ ਹਨ ਔਰ ਕੋਆਪ੍ਰੇਟਿਵ ਦੀਆਂ ਸਾਰੀਆਂ ਸੋਸਾਇਟੀਆਂ ਜਿਹੜੀਆਂ ਹਨ, ਉਹ 3,449 ਦੇ ਕਰੀਬ ਹਨ । ਮੈਂ ਸਮਝਦਾ ਹਾਂ . . .

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਸਪੀਕਰ ਸਾਹਿਬ, ਮੈਂ ਦੋ ਕੁ ਗੱਲਾਂ ਕਹਿ ਕੇ ਵਾਈਂਡ ਅੱਪ ਕਰ ਦੇਵਾਂਗਾ । ਜਿਨ੍ਹਾਂ ਡਿਪਾਰਟਮੈਂਟ ਦੀਆਂ ਡਿਮਾਂਡਜ਼ ਆਈਆਂ ਹਨ, ਇਨ੍ਹਾਂ ਨੂੰ ਤਾਂ ਪੰਜਾਬ ਸਹਕਾਰ, ਦਾ ਕਮਾਊ ਪੁੱਤ ਕਹਿ ਸਕਦੇ ਹਾਂ । ਮੈਂ ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ । ਸਪੀਕਰ ਸਾਹਿਬ, ਇਥੇ ਅੱਜ ਵੀ ਗੱਲਾਂ ਚਲੀਆਂ ਕਿ ਕੋਆਪ੍ਰੇਟਿਵ ਸੁਸਾਇਟੀਆਂ ਦੇ ਇਲੈਕਸ਼ਨ ਮੁਲਤਵੀ ਕੀਤੇ ਜਾਂਦੇ ਹਨ, ਟਾਈਮ ਸਿਰ ਨਹੀਂ ਹੋ ਰਹੇ ਅਤੇ ਇਸ ਦਾ ਕੀ ਕਾਰਨ ਹੈ ? ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਅਤੇ ਇਹ ਗੱਲ ਮੈਂ ਮਾਨਯੋਗ ਮੰਤਰੀ ਜੀ ਨੂੰ ਵੀ ਕਹੀ ਸੀ ਕਿ ਅੱਤਵਾਦ ਦੌਰਾਨ ਤਿੰਨ ਸਾਲ ਵਾਸਤੇ ਇਲਕਸ਼ਨ ਹੁੰਦੇ ਸੀ ਔਰ ਹੁਣ ਪੰਜ ਸਾਲਾਂ ਬਅਦ ਇਲੈਕਸ਼ਨ ਹੋਣੇ ਹਨ । 97% ਦੇ ਕਰੀਬ ਇਲੈਕਸ਼ਨ ਕਰਵਾਏ ਗਏ ਹਨ । 2-3 ਪ੍ਰਤੀਸ਼ਤ ਇਲੈਕਸ਼ਨ ਰਹਿੰਦੇ ਹਨ ।

Original with;
Punjab Vidhan Sabha
Digitized by;
Panjab Digital Library

ਜਿਨ੍ਹਾਂ ਲੋਕਾਂ ਨੇ ਅੱਜ ਅੰਮ੍ਰਿਤਸਰ ਦਾ ਰੌਲਾ ਪਾਇਆ ਕਿ ਉਥੇ ਕਿਸੇ ਅੱਤਵਾਦੀ ਦੇ ਭਤੀਜੇ ਨੂੰ ਚੇਅਰਮੈਨ ਬਣਾ ਦਿੱਤਾ ਗਿਆ ਇਸ ਦੇ ਵਿੱਚ ਕਿੰਨੀ ਕ ਸਚਾਈ ਹੈ । ਜਿਹੜੇ ਰੌਲਾ ਪਾਉਂਦੇ ਹਨ ਉਹ ਦੇਖਣ ਕਿ 1991 ਵਿੱਚ ਰੋਪੜ ਜ਼ਿਲ੍ਹੇ ਦੇ ਸੈਂਟਰਲ ਕੋਆਪ੍ਰੇਟਿਵ ਬੈਂਕ ਦੇ ਇਲੈਕਸ਼ਨ ਹੋਏ, ਉਥੇ ਅੱਤਵਾਦੀਆਂ ਨੇ ਦਲਜੀ-ਸਿੰਘ ਦੱਲੀ, ਖਾਲਿਸਤਾਨ ਇੰਟਰਨੈਸ਼ਨਲ ਦੇ ਡਿਪਟੀ ਚੀਫ਼ ਦੇ ਭਾਈ ਨੂੰ ਜ਼ਬਰਦਸਤੀ ਏ. ਕੇ. 47 ਅਤੇ ਏ. ਕੇ. 74 ਨਾਲ ਕਬਜ਼ਾ ਦਿਵਾਇਆ । ਤਿੰਨ-ਚਾਰ ਸਾਲ ਲਗਾਤਾਰ ਉਹ ਬਣਿਆ ਰਿਹਾ । ਗਰੀਵੈਂਸਿਜ਼ ਕਮੇਟੀ ਵਿੱਚ ਰੌਲਾ ਪਿਆ । ਗਰੀਵੈਂਸਿਜ਼ ਕਮੇਟੀ ਵਿਚੋਂ ਮਸਲਾ ਹੈਡਕਵਾਟਰ ਵਿਚ ਆ ਗਿਆ ਕਿ ਕਿਸ ਤਰੀਕੇ ਨਾਲ 2-3 ਘੰਟੇ ਗੁੰਡਾਗਰਦੀ ਦੇ ਨਾਲ ਏ. ਕੇ. 47 ਅਤੇ ਏ. ਕੇ. 74 ਦੇ ਜ਼ੋਰ ਨਾਲ ਕਬਜ਼ਾ ਕੀਤਾ ਜ਼ਾ ਰਿਹਾ ਹੈ । ਚਸ਼ਮਦੀਦ ਗਵਾਹ ਕਹਿੰਦੇ ਸਨ ਜੇਕਰ ਆਪਣੀ ਜਾਨ ਬਚਾਉਣੀ ਹੈ ਤਾਂ ਮੰਨ ਲਉ । ਸਪੀਕਰ ਸਾਹਿਬ, ਇਨ੍ਹਾਂ ਲੋਕਾਂ ਨੂੰ ਗੱਲਾਂ ਕਰਨ ਦਾ ਕੋਈ ਅਧਿਕਾਰ ਨਹੀਂ । ਮੈਂ ਇਸ ਗੱਲ ਵਾਸਤੇ ਵਧਾਈ ਦੇਣੀ ਚਾਹੁੰਦਾ ਹਾਂ, ਸਪੀਕਰ ਸਾਹਿਬ.....।

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਮੈਂ ਇੱਕ ਗੱਲ ਕਰਕੇ ਵਾਈਂਡ ਅੱਪ ਕਰਾਗਾ । ਇਥੇ ਕਿਹਾ ਗਿਆ ਕਿ ਹਾਈ ਕੋਰਟ ਦੇ ਫੈਸਲੇ ਐਡਵਰਸ ਹੋ ਗਏ । ਫੈਸਲੇ ਹੱਕ ਵਿੱਚ ਵੀ ਹੁੰਦੇ ਹਨ ਤੇ ਖਿਲਾਫ ਵੀ ਹੁੰਦੇ ਹਨ । ਕੋਈ ਐਸਾ ਫੈਸਲਾ ਨਹੀਂ ਜਿਹੜਾ ਪੰਜਾਬ ਸਰਕਾਰ ਨੇ ਨਾ ਮੰਨਿਆ ਹੋਵੇ । ਉਹ ਲੋਕ ਜਿਹੜੇ ਇਹ ਗੱਲਾਂ ਕਹਿੰਦੇ ਹਨ, ਮੈਂ ਉਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ....।

ਸ਼੍ਰੀ ਸਪੀਕਰ : ਅਗਲਾ ਸਪੀਕਰ ਸਰਦਾਰ ਨਿਰਮਲ ਸਿੰਘ ਨਿੰਮਾ ਹੋਵੇਗਾ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਅੱਜ ਤੋਂ ਥੋੜ੍ਹੀ ਦੇਰ ਪਹਿਲਾਂ, ਉਨ੍ਹਾਂ ਦੇ ਸਾਬਕਾ ਮੁੱਖ ਮੰਤਰੀ ਨੂੰ ਕੰਟੈਪਟ ਆਫ਼ ਕੋਰਟ ਦੀ ਸਜ਼ਾ ਹੋਈ । ਉਸ ਨੂੰ ਜੇਲ੍ਹ ਵਿੱਚ ਏਦਾਂ ਭੇਜਿਆ ਜਿਵੇਂ ਪਦਮ ਭੂਸ਼ਣ ਮਿਲਣਾ ਹੋਵੇ ਜਿਨ੍ਹਾਂ ਨੂੰ ਕੰਟੈਂਪਟ ਆਫ਼ ਕੋਰਟ ਵਿੱਚ ਸਜ਼ਾ ਮਿਲੀ ਹੋਵੇ, ਉਨ੍ਹਾਂ ਲੋਕਾਂ ਨੂੰ ਇਹ ਗੱਲਾਂ ਕਹਿਣ ਦਾ ਕੋਈ ਹੱਕ ਨਹੀਂ । ਸਾਡੀ ਪਾਰਟੀ ਨੇ ਕੋਰਟ ਦਾ ਫੈਸਲਾ ਸਿਰ ਮੱਥੇ ਤੇ ਮੰਨਿਆ । ਉਨ੍ਹਾਂ ਲੋਕਾਂ ਨੂੰ ਇਸ ਤਰ੍ਹਾਂ ਦੇ ਕਟਾਕਸ਼ ਕਰਨ ਦਾ ਕੋਈ ਅਧਿਕਾਰ ਨਹੀਂ ਜਿਨ੍ਹਾਂ ਨੇ ਫੈਸਲਿਆਂ ਨੂੰ ਨਹੀਂ ਮੰਨਿਆ ਉਨ੍ਹਾਂ ਨੂੰ ਆਪਣੀ ਗੱਲ ਕਹਿਣ ਤੋਂ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਫੇਰ ਲੈਣਾ ਚਾਹੀਦਾ ਹੈ । ਪਹਿਲਾਂ ਆਪਣੇ ਕਿਰਦਾਰ ਨੂੰ ਵੇਖ ਲੈਣਾ ਚਾਹੀਦਾ ਹੈ । ਅੰਤ ਵਿੱਚ ਮੈਂ ਇਹ ਗੱਲ ਕਹਾਂਗਾ ਕਿ ਜੋ ਪੰਜਾਬ ਨੇ ਸੁਧਾਰ ਕੀਤਾ, ਉਸ ਨਾਲ ਹੁਣ ਇੰਡਸਟਰੀ ਦਿਨ ਦੁੱਗਣੀ ਤੇ ਰਾਤ ਚੌਗਣੀ ਤਰੱਕੀ ਕਰ ਰਹੀ ਹੈ । ਐਡਮਨਿਸਟ੍ਰੇਸ਼ਨ ਠੀਕ ਤਰ੍ਹਾਂ ਨਾਲ ਚੱਲ ਰਹੀ ਹੈ । ਅੱਜ ਪੰਜਾਬ ਵਿੱਚ ਅਮਨ ਔਰ ਸ਼ਾਂਤੀ ਹੈ । ਇਹ ਜਿਹੜੇ ਅਦਾਰੇ ਹਨ, ਇਨ੍ਹਾਂ ਦਾ ਸਾਰਾ ਪੈਸਾ ਪਾਸ ਹੋਣਾ ਚਾਹੀਦਾ ਹੈ । ਮੈਂ ਇਨ੍ਹਾਂ ਦੀ ਹਰ ਤਰ੍ਹਾਂ ਨਾਲ ਪ੍ਰੋੜਤਾ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਇਹ ਜਿਹੜੀਆਂ ਮੰਗਾਂ ਹਨ, ਇਹ ਯੂਨੈਨੀਮਸਲੀ ਪਾਸ ਹੋਣੀਆਂ ਚਾਹੀਦੀਆਂ ਹਨ । ਸਪੀਕਰ ਸਾਹਿਬ, ਅੰਤ ਵਿੱਚ ਇਨ੍ਹਾਂ ਮੰਗਾਂ ਦੀ ਪ੍ਰੋੜਤਾ ਕਰਦਾ ਹੋਇਆ ਮੈਂ ਤੁਹਾਡਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਨ੍ਹਾਂ ਮੰਗਾਂ ਤੇ ਮੈਨੂੰ ਬੋਲਣ ਦਾ ਟਾਈਮ ਦਿੱਤਾ । ਧੰਨਵਾਦ, ਜੈ ਹਿੰਦ ।

Original with;
Punjab Vidhan Sabha
Digitized by;
Panjab Digital Library

ਸਰਦਾਰ ਨਿਰਮਲ ਸਿੰਘ ਨਿੰਮਾ (ਭਦੌੜ, ਐਸ. ਸੀ.) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਕੋਆਪ੍ਰੇਸ਼ਨ ਉਤੇ ਬੋਲਣ ਦਾ ਸਮਾਂ ਦਿੱਤਾ ਹੈ । ਮੈਂ ਇਸ ਤੇ ਬੋਲਣ ਤੋਂ ਪਹਿਲਾਂ ਇਹ ਵੇਖਣਾ ਚਾਹੁੰਦਾ ਹਾਂ ਕਿ ਕੋਆਪ੍ਰੇਸ਼ਨ ਲਈ ਜੋ ਬਜਟ ਦੇ ਵਿੱਚ ਫੰਡ ਰੱਖਿਆ ਹੈ, ਕਿ ਇਹ ਕਾਫੀ ਹੈ । ਇਸ ਦੇ ਨਾਲ ਹੀ ਜੋ ਇਸ ਦੇ ਵਿੱਚ ਅਦਾਰੇ ਹਨ—ਸਪਿਨਫੈੱਡ, ਮਾਰਕਫੈੱਡ, ਸ਼ੂਗਰਫੈੱਡ, ਹਾਊਸਫੈੱਡ ਤੇ ਮਾਰਕਫੈੱਡ, ਇਨ੍ਹਾਂ ਦੇ ਵਿਚੋਂ ਮੈਂ ਇਹ ਕਹਾਂਗਾ ਕਿ ਸਾਰੇ ਤਾਂ ਨਹੀਂ ਇਕ ਅੱਧਾ ਅਦਾਰਾ ਹੀ ਜਿਵੇਂ ਮਾਰਕਫੈੱਡ ਹੈ ਕਮਾਊ ਪੁੱਤ ਦਾ ਕੰਮ ਕਰਦਾ ਹੈ, ਸਪਿਨਫੈੱਡ, ਸ਼ੂਗਰਫੈੱਡ ਜਾਂ ਹਾਊਸਫੈੱਡ ਹੈ ਸਰਕਾਰੀ ਫੰਡਾਂ ਦੀ ਵਰਤੋਂ ਕਰਕੇ ਬਜਟ ਦੇ ਹਿਸਾਬ ਨਾਲ ਇਨ੍ਹਾਂ ਅਦਾਰਿਆਂ ਵਲੋਂ ਜਿਸ ਤਰੀਕੇ ਨਾਲ ਲੋਕਾਂ ਨੂੰ ਕੋਆਪ੍ਰੇਸ਼ਨ ਦੇਣੀ ਚਾਹੀਦੀ ਸੀ, ਅਤੇ ਪੰਜਾਬ ਦੇ ਲੋਕਾਂ ਨੂੰ ਕੋਆਪ੍ਰੇਸ਼ਨ ਦੇਣੀ ਚਾਹੀਦੀ ਸੀ ਉਸ ਤਰੀਕੇ ਨਾਲ ਸਰਕਾਰ ਦੀਆਂ ਗਲਤ ਨੀਤੀਆਂ ਜਾਂ ਸਹੀ ਸੋਚ ਨਾ ਹੋਣ ਦੇ ਕਾਰਨ ਇਹ ਪੂਰੇ ਨਹੀਂ ਉਤਰੇ । ਸ਼ੂਗਰਫੈੱਡ ਦਾ ਜੋ ਅਦਾਰਾ ਹੈ, ਉਸ ਦੇ ਵਿੱਚ ਬੁਢਲਾਡਾ ਜਾਂ ਹੋਰ ਜਿਹੜੀਆਂ ਮਿੱਲਾਂ ਹਨ ਉਨ੍ਹਾਂ ਦਾ ਨਿਜੀਕਰਨ ਕੀਤਾ ਜਾ ਰਿਹਾ ਹੈ ਕਿਉਂਕਿ ਉਹ ਘਾਟੇ ਵਿਚ ਜਾ ਰਹੀਆਂ ਹਨ ਉਹ ਘਾਟੇ ਵਿਚ ਇਸ ਕਰਕੇ ਜਾ ਰਹੀਆਂ ਹਨ ਕਿਉਂਕਿ ਗੰਨੇ ਦੀ ਪੂਰੀ ਪ੍ਰੋਡਕਸ਼ਨ ਨਾ ਹੋਣ ਕਾਰਨ, ਗੰਨੇ ਦੀ ਸਪਲਾਈ ਸਹੀ ਨਾ ਹੋਣ ਕਾਰਨ ਕਰੋੜਾਂ ਰੁਪਿਆ ਸ਼ੂਗਰਫੈੱਡ ਵਿੱਚ ਲੋਕਾਂ ਦਾ ਬੇਕਾਰ ਹੋ ਕੇ, ਨਕਾਰਾ ਹੋ ਕੇ ਰਹਿ ਗਿਆ ਹੈ ਅੱਜ ਸਾਡਾ ਜਿਹੜਾ ਪੈਸਾ ਹੈ, ਲੋਕਾਂ ਦਾ ਜਿਹੜਾ ਪੈਸਾ ਹੈ ਉਸ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ । ਜਿਹੜੀ ਮਸ਼ੀਨਰੀ ਫੈਕਟਰੀਆਂ ਵਿੱਚ ਹੈ, ਉਹ ਸਹੀ ਅਤੇ ਪੂਰੀ ਨਹੀਂ । ਜਿੰਨਾ ਪੈਸਾ ਲਾ ਕੇ ਕਾਰਖਾਨੇ ਤਿਆਰ ਕੀਤੇ ਗਏ ਸਨ ਉਨ੍ਹਾਂ ਦੀ ਸਹੀ ਵਰਤੋਂ ਨਹੀਂ ਹੋ ਰਹੀ ਇਸੇ ਤਰੀਕੇ ਨਾਲ ਸਾਨੂੰ ਸ਼ੰਕਾ ਹੈ, ਸਾਨੂੰ ਖਤਰਾ ਹੈ ਕਿ ਸਪਿਨਫੈੱਡ ਵੀ ਜੋ ਹੈ ਉਸ ਦੇ ਵਿਚ ਧਾਗੇ ਦੀ ਪ੍ਰੋਡਕਸ਼ਨ ਜੋ ਹੈ, ਉਹ ਵੀ ਸਹੀ ਤਰੀਕੇ ਨਾਲ ਨਹੀਂ ਕੀਤੀ ਜਾ ਰਹੀ ਅਤੇ ਨਾ ਹੀ ਕਿਸਾਨਾਂ ਨੂੰ ਕਪਾਹ ਪੈਦਾ ਕਰਨ ਲਈ, ਨਰਮਾ ਪੈਦਾ ਕਰਨ ਲਈ ਕੋਈ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ । ਕੋਈ ਵੀ ਚੀਜ਼ ਹੈ ਜਿਸ ਤੋਂ ਅਸੀਂ ਕਮਾਈ ਕਰਦੇ ਹਾਂ, ਉਸ ਦੀ ਪ੍ਰੋਡਕਸ਼ਨ ਵੱਲ ਵੀ ਧਿਆਨ ਦੇਣ ਦੀ ਜ਼ਰੂਰਤ ਹੋਵੇਗੀ । ਇਸ ਦੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਪਿਨਫੈੱਡ ਦੇ ਵੀ ਆਉਣ ਵਾਲੇ ਸਮੇਂ ਵਿੱਚ ਫੇਲ੍ਹ ਹੋਣ ਦੇ ਆਸਾਰ ਨਜ਼ਰ ਆਉਂਦੇ ਹਨ ।

ਇਸੇ ਤਰ੍ਹਾਂ ਹਾਊਸਫੈੱਡ ਜੋ ਹੈ, ਉਸ ਦੇ ਵਿੱਚ ਵੀ ਲੋਕਾਂ ਦੇ ਨਾਲ ਵਿੱਤਕਰਾ ਰੱਖਿਆ ਹੋਇਆ ਹੈ । ਸ਼ਹਿਰਾਂ ਦੇ ਵਿੱਚ ਇਹ ਠੀਕ ਹੈ ਕਿ ਪਲਾਟਾਂ ਦੀਆਂ ਕੀਮਤਾਂ ਚਾਹੇ ਜ਼ਿਆਦਾ ਹਨ ਪਰ ਪਿੰਡਾਂ ਦੇ ਵਿੱਚ ਜਿਹੜੇ ਲੋਕ ਵਸਦੇ ਹਨ, ਉਨ੍ਹਾਂ ਲਈ ਮਕਾਨ ਬਣਾਉਣ ਵਾਸਤੇ ਜੋ ਸੋਸਾਇਟੀਆਂ ਬਣੀਆਂ ਹੋਈਆਂ ਹਨ ਅਤੇ ਉਨ੍ਹਾਂ ਰਾਹੀਂ ਪਿੰਡਾਂ ਵਿੱਚ ਵਸਣ ਵਾਲੇ ਲੋਕ ਆਪਣੇ ਰਹਿਣ ਵਾਸਤੇ ਮਕਾਨ ਬਣਾਉਣ ਵਾਸਤੇ ਹਾਊਸਫੈੱਡ ਤੋਂ ਜੋ ਕਰਜ਼ਾ ਲੈਂਦੇ ਹਨ, ਉਨ੍ਹਾਂ ਦੇ ਲਈ ਸ਼ਰਤਾਂ ਕਾਫੀ ਵੱਡੀਆਂ ਰੱਖੀਆਂ ਹੋਈਆਂ ਹਨ। ਜੋ ਸ਼ਹਿਰਾਂ ਵਿੱਚ ਵਸਣ ਵਾਲੇ ਲੋਕ ਹਨ, ਉਨ੍ਹਾਂ ਨੂੰ ਜੋ ਕਰਜ਼ਾ ਦਿੱਤਾ ਜਾਂਦਾ ਹੈ, ਪਿੰਡਾਂ ਵਿੱਚ ਵਸਣ ਵਾਲੇ ਲੋਕਾਂ ਨੂੰ ਉਨ੍ਹਾਂ ਨਾਲੋਂ ਘਟ ਰੇਟ ਤੇ ਕਰਜ਼ਾ ਦੇਣਾ ਚਾਹੀਦਾ ਹੈ। ਪਿੰਡਾਂ ਵਿੱਚ ਵਸਣ ਵਾਲਿਆਂ ਦੀ ਗਿਣਤੀ ਸ਼ਹਿਰਾਂ ਵਿੱਚ ਵਸਣ ਵਾਲੇ ਲੋਕਾਂ ਨਾਲੋਂ ਜ਼ਿਆਦਾ

Original with;
Punjab Vidhan Sabha
Digitized by;
Panjab Digital Library

ਹੈ । ਹਾਊਸਫੈੱਡ ਦਾ ਜੋ ਅਦਾਰਾ ਹੈ, ਸ਼ਹਿਰਾਂ ਅਤੇ ਪਿੰਡਾਂ ਵਿੱਚ ਵਸਣ ਵਾਲੇ ਲੋਕਾਂ ਵਿੱਚ ਵਿਤਕਰਾ ਖ਼ਤਮ ਕਰਨ ਲਈ ਪਿੰਡਾਂ ਦੇ ਲੋਕਾਂ ਵਾਸਤੇ ਕੋਈ ਵਧੀਆ ਸਕੀਮਾਂ ਬਣਾਏ । ਜਾਂ ਤਾਂ ਹਾਊਸਫੈੱਡ ਪਿੰਡਾਂ ਦੇ ਲੋਕਾਂ ਵਾਸਤੇ ਕੋਈ ਆਪ ਹੀ ਵਧੀਆ ਮਕਾਨ ਉਨ੍ਹਾਂ ਨੂੰ ਬਣਾ ਕੇ ਦੇਵੇ ਜਾਂ ਜੋ ਕਰਜ਼ੇ ਦਿੱਤੇ ਜਾਂਦੇ ਹਨ, ਕਰਜ਼ੇ ਦੇਣ ਲਈ ਸੁਸਾਇਟੀਆਂ ਜੋ ਇਲੈਕਟ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਤੋਂ ਸਹੀ ਵਿਆਜ ਅਤੇ ਸ਼ਹਿਰਾਂ ਤੋਂ ਘੱਟ ਵਿਆਜ ਦੀ ਦਰ ਲਈ ਜਾਵੇ ਅਤੇ ਸ਼ਰਤਾਂ ਵੀ ਸ਼ਹਿਰਾਂ ਦੇ ਲੋਕਾਂ ਨਾਲੋਂ ਘੱਟ ਪਿੰਡਾਂ ਦੇ ਲੋਕਾਂ ਵਾਸਤੇ ਹੋਣ ਤਾਂ ਕਿ ਪਿੰਡਾਂ ਦੇ ਲੋਕਾਂ ਨੂੰ ਵੀ ਸ਼ਹਿਰਾਂ ਵਿੱਚ ਵਸਣ ਵਾਲੇ ਲੋਕਾਂ ਦੇ ਬਰਾਬਰ ਲਿਆਂਦਾ ਜਾ ਸਕੇ ।

ਇਸੇ ਤਰ੍ਹਾਂ ਮਿਲਕਫੈੱਡ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਕੋਆਪਰੇਟਿਵ ਮਨਿਸਟਰ ਸਾਹਿਬ ਨੇ ਇਕ ਝੰਡੀ ਦੇ ਦਿੱਤੀ ਕਿ ਪੰਜਾਬ ਦਾ ਦੁੱਧ ਬਾਹਰ ਭੇਜਿਆ ਜਾਵੇ । ਸਪੀਕਰ ਸਾਹਿਬ, ਸਾਡਾ ਪੰਜਾਬ ਦਾ ਸੂਬਾ ਇਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਇਥੇ ਅਨਾਜ ਵੀ ਸੱਭ ਤੋਂ ਵੱਧ ਪੈਦਾ ਹੁੰਦਾ ਹੈ ਅੋਰ ਇਹ ਅਨਾਜ ਬਾਹਰ ਦੇ ਸੂਬਿਆਂ ਵਿੱਚ ਭੇਜਿਆ ਜਾਂਦਾ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਿਲਕਫੈੱਡ ਦਾ ਜੋ ਅਦਾਰਾ ਹੈ, ਇਸ ਦੇ ਰਾਹੀਂ ਪਿੰਡਾਂ ਦੇ ਵਿਚੋਂ ਜਿਹੜਾ ਦੁੱਧ ਇਕੱਠਾ ਕਰਕੇ ਬਾਹਰ ਭੇਜਿਆ ਜਾਂਦਾ ਹੈ, ਇਹ ਦੁੱਧ ਬਾਹਰ ਭੇਜਣ ਤੋਂ ਪਹਿਲਾਂ ਸਾਨੂੰ ਇਹ ਗੱਲ ਦੇਖਣੀ ਚਾਹੀਦੀ ਹੈ ਕਿ ਕੀ ਪਜਾਬ ਦੇ ਲੋਕਾਂ ਨੂੰ ਦੁੱਧ ਦੀ ਸਪਲਾਈ ਸਹੀ ਤਰੀਕੇ ਨਾਲ ਹੋ ਰਹੀ ਹੈ ? ਕੀ ਪੰਜਾਬ ਦੇ ਲੋਕਾਂ ਨੂੰ ਮੱਖਣ ਦੀ ਸਪਲਾਈ ਸਹੀ ਤਰੀਕੇ ਨਾਲ ਹੋ ਰਹੀ ਹੈ ? ਮੱਖਣ ਲਈ ਅੋਰ ਦੁੱਧ ਦੇ ਗਿਲਾਸ ਲਈ ਜੇ ਸਾਡੇ ਹੀ ਲੋਕ ਤਰਸਦੇ ਹੋਣ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਨੂੰ ਸਿਰਫ਼ ਨਾਮ ਖੱਟਣ ਲਈ ਜਾਂ ਸ਼ੋਹਰਤ ਲੈਣ ਲਈ ਮੱਖਣ ਜਾਂ ਦੁੱਧ ਬਾਹਰ ਦੂਸਰਿਆਂ ਸੂਬਿਆਂ ਵਿੱਚ ਨਹੀਂ ਦੇਣਾ ਚਾਹੀਦਾ, ਪੰਜਾਬ ਦਾ ਦੁੱਧ ਬਾਹਰ ਨਹੀਂ ਜਾਣਾ ਚਾਹੀਦਾ । ਜਿਹੜੇ ਮਿਲਕ ਚਿਲਿੰਗ ਸੈਂਟਰ ਬਣੇ ਹਨ, ਪਿੰਡਾਂ ਵਿਚੋਂ ਦੁੱਧ ਇਕੱਠਾ ਕਰਨ ਦਾ ਜੋ ਕੰਮ ਹੈ, ਪਿੰਡਾਂ ਵਿੱਚ ਜੋ ਸੋਸਾਇਟੀਆਂ ਬਣੀਆਂ ਹਨ, ਦੁੱਧ ਦੀ ਜੋ ਕੁਲੈਕਸ਼ਨ ਕੀਤੀ ਜਾਂਦੀ ਹੈ ਅਤੇ ਜੋ ਡੇਅਰੀ ਡਿਵੈਲਪਮੈਂਟ ਕੀਤੀ ਜਾਂਦੀ ਹੈ, ਉਸ ਦੇ ਵਿੱਚ ਸਾਨੂੰ ਦੇਖਣਾ ਚਾਹੀਦਾ ਹੈ ਕਿ ਜਿਹੜਾ ਅਸੀਂ ਇਸ ਦੇ ਲਈ ਕਰਜ਼ਾ ਦਿੰਦੇ ਹਾਂ, ਉਹ ਕਿੰਨਾ ਹੈ ਅਤੇ ਇਸ ਦੇ ਨਾਲ ਕਿੰਨੀ ਪ੍ਰੋਡਕਸ਼ਨ ਕੀਤੀ ਹੈ । ਇਹ ਸਾਰਾ ਕੁਝ ਦੇਖਣਾ ਚਾਹੀਦਾ ਹੈ । ਪਰ ਅਸੀਂ ਦੇਖਦੇ ਹਾਂ ਕਿ ਸੋਸਾਇਟੀਆਂ ਸਹੀ ਤਰੀਕੇ ਨਾਲ ਨਹੀਂ ਚਲ ਰਹੀਆਂ, ਜਿਹੜੀਆਂ ਸੋਸਾਇਟੀਆਂ ਘਾਟੇ ਵਿੱਚ ਜਾ ਰਹੀਆਂ ਹਨ, ਇਨ੍ਹਾਂ ਨੂੰ ਟੇਢੇ ਢੰਗ ਨਾਲ ਕੁਝ ਸਰਮਾਏਦਾਰ ਲੋਕ, ਪੈਸੇ ਵਾਲੇ ਲੋਕ ਆਪਣਾ ਬੋਲਬਾਲਾ ਰੱਖਣ ਲਈ, ਚੇਅਰ-ਮੈਨੀਆਂ, ਨਾਮਜ਼ਦਗੀਆਂ, ਪ੍ਰਧਾਨਗੀਆਂ ਰੱਖਣ ਲਈ ਵਰਤ ਰਹੇ ਹਨ । ਸੋ ਇਹ ਸਹੀ ਤਰੀਕੇ ਨਾਲ ਪੈਸੇ ਦੀ ਵਰਤੋਂ ਨਹੀਂ ਹੋ ਰਹੀ ਹੈ । ਇਸ ਦੇ ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਬਜਟ ਰੱਖਿਆ ਗਿਆ ਹੈ, ਇਸ ਵਿਚ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਕੋਆਪਰੇਸ਼ਨ ਦੇ ਵਿਚ ਜਿਹੜੀ 5 ਹਜ਼ਾਰ ਰੁਪਏ ਦੇ ਕਰਜ਼ੇ ਮੁਆਫ਼ ਕਰਨ ਦੀ ਗੱਲ ਕੀਤੀ ਹੈ. ਇਹ ਸਹੀ ਤਰੀਕੇ ਨਾਲ ਮੁਆਫ਼ ਨਹੀਂ ਕੀਤੇ ਗਏ । ਸਿਆਸੀ ਸਟੰਟ ਐਸੇ ਰੱਖੇ ਗਏ ਹਨ ਅਤੇ ਜਿਸ ਤਰੀਕੇ ਨਾਲ ਕਿਹਾ ਗਿਆ ਹੈ. ਉਸ ਹਿਸਾਬ

Original with;
Punjab Vidhan Sabha
Digitized by;
Panjab Digital Library

[ਸਰਦਾਰ ਨਿਰਮਲ ਸਿੰਘ ਨਿੰਮਾ]

ਨਾਲ ਕੋਆਪਰੇਸ਼ਨ ਡਿਪਾਰਟਮੈਂਟ ਦੇ ਇਹ ਕਰਜ਼ੇ ਮੁਆਫ਼ ਕਰਨ ਲਈ ਕੋਈ ਫੰਡਜ਼ ਅਲਾਟ ਨਹੀਂ ਕੀਤੇ ਗਏ । ਇਸ ਦਾ ਕੋਈ ਜ਼ਿਕਰ ਇਸ ਬਜਟ ਵਿਚ ਨਹੀਂ ਆਇਆ ਹੈ । ਫਿਰ ਕੋਆਪਰੇਸ਼ਨ ਦੇ ਮੁਲਾਜ਼ਮਾਂ ਦੀ ਗੱਲ ਹੈ । ਇਨ੍ਹਾਂ ਦੀਆਂ ਤਨਖ਼ਾਹਾਂ ਵਾਸਤੇ ਕਾਫੀ ਪੈਸੇ ਰੱਖੇ ਗਏ ਹਨ । ਅਸੀਂ ਇਸ ਦੀ ਵਿਰੋਧਤਾ ਨਹੀਂ ਕਰਦੇ ਪਰੰਤੂ ਇਹ ਜ਼ਰੂਰ ਚਾਹੁੰਦੇ ਹਾਂ ਕਿ ਇਨ੍ਹਾਂ ਦੀ ਜਿਹੜੀ ਕਾਰਗੁਜ਼ਾਰੀ ਹੈ, ਉਸ ਤੇ ਪੂਰੀ ਨਜ਼ਰ ਰੱਖੀ ਜਾਣੀ ਚਾਹੀਦੀ ਹੈ । ਅੱਜ ਪਿੰਡਾਂ ਦੇ ਅੰਦਰ ਜਿਹੜੀ ਲੈਂਡ ਸ਼ਡਿਊਲਡ ਕਾਸਟਸ ਵਗੈਰਾ ਨੂੰ ਦਿੱਤੀ ਹੈ, ਉਨ੍ਹਾਂ ਵਾਸਤੇ ਇਸ ਤਰ੍ਹਾਂ ਦੇ ਕਈ ਅਫ਼ਸਰ ਲਾਏ ਹਨ, ਏ. ਆਰ./ਡੀ. ਆਰ. ਵਰਗੇ, ਜਿਹੜੇ ਕਿ ਇਨ੍ਹਾਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਤੋਂ ਇਹ ਜ਼ਮੀਨਾਂ ਕਿਸੇ ਨਾ ਕਿਸੇ ਟੇਢੇ ਢੰਗ ਨਾਲ ਵਾਪਸ ਲੈ ਰਹੇ ਹਨ । ਜਿਹੜੇ ਇੰਨਸਪੈਕਟਰਜ਼ ਹਨ, ਉਹ ਟੇਡੇ ਢੰਗ ਨਾਲ ਜ਼ਮੀਨ ਦੀਆਂ 2-3 ਰਜਿਸਟਰੀਆਂ ਬਣਾ ਲੈਂਦੇ ਹਨ ਅੱਤ ਫਿਰ ਬਾਅਦ ਵਿਚ ਉਨ੍ਹਾਂ ਲੋਕਾਂ ਨੂੰ ਬਲੈਕ ਮੇਲ ਕਰੀ ਜਾਂਦੇ ਹਨ । ਇਸ ਲਈ ਮੈਂ ਕਹਿੰਦਾ ਹਾਂ ਕਿ ਜੇ ਮਹਿਕਮੇ ਵਾਲੇ ਸਹੀ ਢੰਗ ਨਾਲ ਕੰਮ ਕਰਨ ਤਾਂ ਜਿਹੜੇ ਸਪਲੀਮੈਂਟਰੀ ਡਿਮਾਂਡਜ਼ ਜੁਆਰਾ ਬਾਅਦ ਵਿਚ ਪੈਸੇ ਮੰਗੇ ਜਾਂਦੇ ਹਨ, ਉਨ੍ਹਾਂ ਦੀ ਜ਼ਰੂਰਤ ਹੀ ਨਾ ਰਹੇ । ਇਸ ਵੇਲੇ ਤਾਂ ਇਹ ਕਿਹਾ ਜਾਂਦਾ ਹੈ ਕਿ ਕੋਈ ਟੈਕਸ ਨਹੀਂ ਲਾਇਆ ਪਰ ਬਾਅਦ ਵਿਚ ਹੁੰਦਾ ਸਭ ਕੁਝ ਰਹਿੰਦਾ ਹੈ । ਇਹ ਜਿਹੜਾ ਬਜਟ ਹੈ, ਇਹ ਕਾਫੀ ਹੈ ਪਰ ਅਸੀਂ ਵੇਖਦੇ ਹਾਂ ਕਿ ਹਰ ਸਾਲ ਬਾਅਦ ਵਿਚ ਸਪਲੀਮੈਂਟਰੀ ਡਿਮਾਂਡਜ਼ ਨਾਲ ਇਸ ਵਿਚ ਵਾਧਾ ਕੀਤਾ ਜਾਂਦਾ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇ ਬਜਟ ਨੂੰ ਪਹਿਲਾਂ ਹੀ ਮਹਿਕਮੇ ਦੁਆਰਾ ਠੀਕ ਤਰ੍ਹਾਂ ਨਾਲ ਖਰਚ ਕੀਤਾ ਜਾਵੇ ਤਾਂ ਇਹ ਜਿਹੜੀਆਂ ਸਪਲੀਮੈਂਟਰੀ ਡਿਮਾਂਡਜ਼ ਆਉਂਦੀਆਂ ਹਨ, ਇਨ੍ਹਾਂ ਦੀ ਲੋੜ ਹੀ ਨਾ ਪਵੇ । ਇਸ ਲਈ ਮੈਂ ਸਮਝਦਾ ਹਾਂ ਕਿ ਸੱਭ ਤੋਂ ਪਹਿਲਾਂ ਕੋਆਪਰੇਸ਼ਨ ਡਿਪਾਰਟਮੈਂਟ ਦਾ ਆਪਰੇਸ਼ਨ ਕਰਨ ਦੀ ਜ਼ਰੂਰਤ ਹੈ । ਇਸ ਵਿਚ ਜੋ ਖਾਮੀਆਂ ਹਨ, ਉਹ ਦੂਰ ਕਰਨੀਆਂ ਚਾਹੀਦੀਆਂ ਹਨ । ਇਸ ਮਹਿਕਮੇ ਵਿਚ ਬਹੁਤ ਵੱਡੇ ਪੱਧਰ ਤੇ ਘਪਲੇਬਾਜ਼ੀ ਹੋ ਰਹੀ ਹੈ, ਇਸ ਲਈ ਪਹਿਲੇ ਇਸ ਦਾ ਆਪਰੇਸ਼ਨ ਕਰਨਾ ਜ਼ਰੂਰੀ ਹੈ ।

ਇਸ ਤੋਂ ਅੱਗੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਗੌਰਮਿੰਟ ਦਾ ਇਹ ਜਿਹੜਾ ਮਾਰਕਫੈੱਡ ਦਾ ਆਦਾਰਾ ਹੈ, ਇਸ ਨੇ ਸਿਰਫ਼ ਪੰਜਾਬ ਵਿਚ ਹੀ ਨਹੀਂ, ਸਿਰਫ਼, ਹਿੰਦੁਸਤਾਨ ਵਿਚ ਹੀ ਨਹੀਂ ਬਲਕਿ ਬਾਹਰਲੇ ਮੁਲਕਾਂ ਵਿਚ ਵੀ ਬੜਾ ਨਾਂ ਖੱਟਿਆ ਹੈ । ਇਸ ਲਈ ਇਸ ਦੀ ਜਿੰਨੀ ਹੋ ਸਕੇ, ਡਿਵੈਲਪਮੈਂਟ ਕਰਨੀ ਚਾਹੀਦੀ ਹੈ । ਇਸ ਲਈ ਅਜਿਹੇ ਅਦਾਰੇ ਲਈ ਵੱਧ ਤੋਂ ਵੱਧ ਫੰਡਜ਼ ਰੱਖੇ ਜਾਣੇ ਚਾਹੀਦੇ ਹਨ ਅਤੇ ਹੋਰ ਜ਼ਿਆਦਾ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਬਜਟ ਵਿਚ ਉਦਯੋਗ ਵਾਸਤੇ ਵੀ ਕਾਫੀ ਪੈਸਾ ਰੱਖਿਆ ਗਿਆ ਹੈ । ਜਿਸ ਵੇਲੇ ਕੋਈ ਉਦਯੋਗੀ ਕਿਸੇ ਨੇ ਲਾਉਣਾ ਹੁੰਦਾ ਹੈ ਤਾਂ ਉਸ ਨੂੰ ਲਾਇਸੈਂਸ ਜਾਰੀ ਕੀਤਾ ਜਾਂਦਾ ਹੈ ਜਿਸ ਵਿਚ ਕਈ ਸ਼ਰਤਾਂ ਲਿਖੀਆਂ ਜਾਂਦੀਆਂ ਹਨ ਅੱਤ ਕਈ ਡਿਪਾਰਟਮੈਂਟਸ ਤੋਂ ਉਸ ਦੀ ਮਨਜ਼ੂਰੀ ਲਈ ਜਾਂਦੀ ਹੈ । ਉਨ੍ਹਾਂ ਸ਼ਰਤਾਂ ਵਿਚ ਇਹ ਲਿਖਿਆ ਹੁੰਦਾ ਹੈ ਕਿ

Original with;
Punjab Vidhan Sabha
Digitized by;
Punjab Digital Library

ਇਹ ਸ਼ਹਿਰ ਦੀ ਅਬਾਦੀ ਤੋਂ ਦੂਰ ਹੋਵੇਗਾ, ਐਗਰੀਕਲਚਰ ਤੇ ਇਸ ਦਾ ਕੋਈ ਅਸਰ ਨਹੀਂ ਹੋਵੇਗਾ ਵਗੈਰਾ ਵਗੈਰਾ ! ਇਸ ਤਰਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਸ਼ਰਤਾਂ ਲਾਈਆਂ ਜਾਂਦੀਆਂ ਹਨ ਅੰਰ ਕਈ ਡਿਪਾਰਟਮੈਂਟਸ ਤੋਂ ਉਸ ਨੂੰ ਸਰਟੀਫਿਕੇਟ ਲੈਣ ਦੀ ਲੋੜ ਪੈਂਦੀ ਹੈ । ਪਰ ਮੈਂ ਸਮਝਦਾ ਹਾਂ ਕਿ ਇਸ ਮਹਿਕਮ ਵਿਚ ਕੁਰੱਪਸ਼ਨ ਇਤਨੀ ਫੈਲੀ ਹੋਈ ਹੈ ਕਿ ਜਦੋਂ ਉਦਯੋਗ ਲਾਇਆ ਜਾਂਦਾ ਹੈ ਤਾਂ ਉਹ ਸ਼ਹਿਰ ਦੀ ਅਬਾਦੀ ਦੇ ਨਜ਼ਦੀਕ ਹੁੰਦਾ ਹੈ, ਉਸ ਦਾ ਅਸਰ ਲੋਕਾਂ ਤੇ ਵੀ ਪੈਂਦਾ ਹੈ ਅਤੇ ਐਗਰੀਕਲਚਰ ਤੇ ਵੀ ਪੈਂਦਾ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਬਰਨਾਲਾ ਵਿਚ ਇਕ ਐਗਰੋ ਕੈਮੀਕਲ ਫੈਕਟਰੀ ਲੱਗੀ ਹੈ । ਉਸ ਦੀ ਜਿਹੜੀ ਗੈਸ ਨਿਕਲਦੀ ਹੈ, ਉਸ ਨਾਲ ਲੋਕਾਂ ਤੇ ਅਸਰ ਪੈਂਦਾ ਹੈ ਅੰਰ ਸਾਰਾ ਵਾਤਾਵਰਣ ਦੂਸ਼ਿਤ ਹੋ ਰਿਹਾ ਹੈ । ਖੇਤੀ ਵੀ ਪ੍ਰਭਾਵਿਤ ਹੁੰਦੀ ਹੈ ।

ਇਸ ਹਾਊਸ ਦੇ ਵਿਚ ਕਾਫੀ ਰਾਮ ਰੌਲਾ ਪੈਂਦਾ ਰਿਹਾ ਹੈ ਅਤੇ ਦੋਰਾਹਾ, ਲੁਧਿਆਣਾ ਵਿਖੇ ਇਕ ਵੱਡੀ ਇੰਡਸਟਰੀ ਲਗਾਉਣ ਬਾਰੇ ਗੱਲ ਚੱਲ ਰਹੀ ਹੈ । ਹੋ ਸਕਦਾ ਹੈ ਕਿ ਸਾਨੂੰ ਇਸ ਦੇ ਵਿਚ ਕੋਈ ਸ਼ੰਕਾ ਹੋਵੇ । ਇਥੇ ਸਰਕਾਰ ਨੇ ਬਿਆਨ ਦੇ ਕੇ ਸਾਨੂੰ 4 ਦਿਨ ਲਈ ਚੁੱਪ ਕਰਵਾ ਦਿੱਤਾ ਹੋਵੇ ਅਤੇ ਇਕ ਝੂਠੀ ਬਿਆਨਬਾਜ਼ੀ ਕਰ ਦਿੱਤੀ ਹੋਵੇ । ਅਗਰ ਸਰਕਾਰ ਦਾ ਇਹ ਬਿਆਨ ਪੱਕਾ ਹੈ ਫੇਰ ਅਸੀਂ ਇਨ੍ਹਾਂ ਦੇ ਧੰਨਵਾਦੀ ਹਾਂ । ਸਾਡੇ 'ਲਈ ਇਹ ਵੇਖਣਾ ਬੜਾ ਜ਼ਰੂਰੀ ਹੈ ਕਿ ਅਗਰ ਕੋਈ ਇੰਡਸਟਰੀ ਲਗਾਉਣੀ ਹੈ, ਉਹ ਕਿਸੇ ਵੀ ਉਪਜਾਊ ਜ਼ਮੀਨ ਉਤੇ ਨਾ ਲਗਾਈ ਜਾਵੇ ਅਤੇ ਉਸ ਇੰਡਸਟਰੀ ਦਾ ਅਸਰ ਉਥੋਂ ਦੇ ਲੋਕਾਂ ਉਤੇ ਨਾ ਪੈਂਦਾ ਹੋਵੇ । ਜਿਸ ਤਰ੍ਹਾਂ ਅਹਿਮਦਗੜ੍ਹ ਦੀ ਇਕ ਫੈਕਟਰੀ ਹੈ, ਉਸ ਬਾਰੇ ਹਾਊਸ ਦੇ ਵਿਚ ਵਾਰ ਵਾਰ ਵਾਅ ਵੇਲਾ ਖੜ੍ਹਾ ਹੁੰਦਾ ਹੈ ! ਉਸ ਫੈਕਟਰੀ ਦਾ ਗੰਦਾ ਪਾਣੀ ਨਹਿਰ ਵਿਚ ਜਾ ਰਿਹਾ ਹੈ । ਇਸ ਫੈਕਟਰੀ ਦਾ ਕੈਮੀਕਲ ਵਾਲਾ ਗੰਦਾ ਪਾਣੀ ਮਿਲਾਵਟ ਹੋ ਕੇ ਨਹਿਰ ਦੇ ਪਾਣੀ ਵਿਚ ਮਿਕਸ ਹੋ ਰਿਹਾ ਹੈ । ਇਹ ਪਾਣੀ ਲੋਕਾਂ ਨੇ ਪੀਣਾ ਹੈ ਅਤੇ ਇਸ ਪਾਣੀ ਨੇ ਖੇਤੀ ਬਾੜੀ ਦੇ ਵਿਚ ਵੀ ਯੂਜ਼ ਹੋਣਾ ਹੈ ਜਿਸ ਦਾ ਭੈੜਾ ਅਸਰ ਵੀ ਹੋ ਸਕਦਾ ਹੈ । ਇਹ ਜ਼ਹਿਰੀਲਾ ਪਾਣੀ ਸਾਡੇ ਮਾਲਵੇ ਦੇ ਲੋਕਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ । ਇਸ ਨਾਲ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਇਸ ਦਾ ਕੋਈ ਹੱਲ ਸਰਕਾਰ ਨੂੰ ਕਰਨਾ ਚਾਹੀਦਾ ਹੈ ਅਤੇ ਸਰਕਾਰ ਵਲੋਂ ਕਾਫੀ ਉਚੇਚੇ ਕਦਮ ਚੁੱਕੇ ਜਾਣੇ ਚਾਹੀਦੇ ਹਨ ਤਾਂ ਕਿ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਹੋ ਸਕਣ । ਜਿਸ ਤਰ੍ਹਾਂ ਚੀਫ ਮਨਿਸਟਰ ਸਾਹਿਬ ਨੇ ਲਾਲੜੂ ਬਾਰੇ ਬਿਆਨ ਦਿੱਤਾ ਸੀ ਕਿ ਅਸੀਂ ਉਸ ਫੈਕਟਰੀ ਨੂੰ ਬੰਦ ਕਰ ਦੇਵਾਂਗੇ ਅਤੇ ਚੀਫ ਮਨਿਸਟਰ ਸਾਹਿਬ ਹਾਊਸ ਵਿਚ ਇਸ ਬਾਰੇ ਭਰੋਸਾ ਵੀ ਦੇਣਗੇ ਪਰ ਸਰਕਾਰ ਨੂੰ ਬਿਆਨ ਦੇਣ ਤੋਂ ਪਹਿਲਾਂ ਫੈਕਟਰੀ ਦੇ ਮਾਲਕਾਂ ਦੇ ਨਾਲ ਗਲਬਾਤ ਜ਼ਰੂਰ ਪਹਿਲੇ ਕਰ ਲੈਣੀ ਚਾਹੀਦੀ ਸੀ ਅਤੇ ਆਪਸ ਵਿਚ ਤਾਲਮੇਲ ਕਰਕੇ ਸਰਕਾਰ ਨੂੰ ਬਿਆਨ ਦੇਣਾ ਚਾਹੀਦਾ ਸੀ । ਇਸ ਤਰ੍ਹਾਂ ਬਿਆਨ ਦੇ ਕੇ ਸਰਕਾਰ ਨੇ ਲੋਕਾਂ ਨੂੰ ਇਕ ਤਰ੍ਹਾਂ ਨਾਲ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ । ਇਹ ਝੂਠੀ ਬਿਆਨ ਬਾਜੀ ਹੈ ਅਤੇ ਸਰਕਾਰ ਵਲੋਂ ਇਹ ਇਕ ਘਿਨਾਉਣੀ ਹਰਕਤ ਹੈ । ਸਰਕਾਰ ਵਲੋਂ ਲੋਕਾਂ ਤੋਂ ਟੈਕਸਾਂ ਦੇ ਰਾਹੀਂ ਪੈਸਾ ਇਕੱਠਾ ਕੀਤਾ ਜਾਂਦਾ ਹੈ ਅਤੇ ਇਹ ਟੈਕਸ ਗਰੀਬਾਂ ਕੋਲੋਂ ਵੀ ਇਕੱਠਾ ਕੀਤਾ ਜਾਂਦਾ ਹੈ ਅਤੇ ਅਮੀਰਾਂ ਕੋਲੋਂ ਵੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਨਿਰਮਲ ਸਿੰਘ ਨਿੰਮਾ]

ਇਕੱਠਾ ਕੀਤਾ ਜਾਂਦਾ ਹੈ । ਲੋਕ ਚਾਹੁੰਦੇ ਹਨ ਕਿ ਸਰਕਾਰ ਸਾਡੇ ਇਨ੍ਹਾਂ ਫੰਡਜ਼ ਦੀ ਵਰਤੋਂ ਠੀਕ ਢੰਗ ਨਾਲ ਕਰੇ ਅਤੇ ਇਹ ਫੰਡਜ਼ ਲੋਕਾਂ ਦੀ ਬਿਹਤਰੀ ਲਈ ਡਿਵੈਲਪਮੈਂਟ ਲਈ ਯੂਜ਼ ਕੀਤੇ ਜਾਣੇ ਚਾਹੀਦੇ ਹਨ । ਬੇਸ਼ਕ ਇਹ ਫੰਡਜ਼ ਇੰਡਸਟਰੀ ਦੇ ਲਈ ਖਰਚ ਹੋਵੇ ਜਾਂ ਸਹਿਕਾਰਤਾ ਦੇ ਲਈ ਖਰਚ ਹੋਣ । ਇਕ ਗੱਲ ਹੋਰ ਮੇਰੇ ਨੋਟਿਸ ਵਿਚ ਆਈ ਹੈ ਕਿ 40 ਕਰੋੜ ਰੁਪਏ ਦਾ ਘਾਟਾ ਸਰਕਾਰ ਨੂੰ ਸੋਡਾ ਐਸ਼ ਕੈਮੀਕਲ ਇੰਡਸਟਰੀ ਵਿਚ ਪੈ ਰਿਹਾ ਹੈ ਅਤੇ ਸਰਕਾਰ ਇਸ ਨੂੰ ਬੰਦ ਕਰਨਾ ਚਾਹੁੰਦੀ ਹੈ ਪਰ ਜਿਹੜੇ ਇਸ ਦੇ ਮੁਲਾਜ਼ਮ ਪੱਕੇ ਅਤੇ ਕੱਚੇ ਹਨ, ਉਹ ਬੇਕਾਰ ਹੋ ਜਾਣਗੇ । ਇਸ ਦੇ ਵਿਚ 500 ਮੁਲਾਜ਼ਮ ਪੱਕੇ ਹਨ ਅਤੇ 500 ਕੱਚੇ ਲੱਗੇ ਹੋਏ ਹਨ । ਜੇਕਰ ਸਰਕਾਰ ਨੇ ਇਸ ਫੈਕਟਰੀ ਨੂੰ ਨਹੀਂ ਚਲਾਉਣਾ, ਫੇਰ ਸਰਕਾਰ ਇਸ ਨੂੰ ਨੈਸ਼ਨਲ ਫਰਟੇਲਾਈਜ਼ਰ ਫੈਕਟਰੀ ਦੇ ਵਿਚ ਤਬਦੀਲ ਕਰ ਦੇਵੇ ਤਾਂ ਕਿ ਜਿਹੜੇ ਮੁਲਾਜ਼ਮ ਹਨ, ਉਹ ਉਸ ਦੇ ਵਿਚ ਮਰਜ ਹੋ ਜਾਣ ਅਤੇ ਉਨ੍ਹਾਂ ਨੂੰ ਰਾਹਤ ਮਿਲ ਸਕੇ । ਇਹ ਬਹੁਤ ਜ਼ਰੂਰੀ ਹੈ । ਚਾਹੇ ਇਸ ਦੇ ਵਿਚ ਸਰਕਾਰ ਵਲੋਂ ਕਾਫੀ ਫੰਡਜ਼ ਰੱਖੇ ਗਏ ਹਨ ਪਰ ਇਸ ਦੇ ਵਿਚ ਫੰਡਜ਼ ਦੇਣ ਦਾ ਸਰਕਾਰ ਵਲੋਂ ਕਰਾਈਟੇਰੀਆ ਕੀ ਠੀਕ ਰੱਖਿਆ ਗਿਆ ਹੈ ?

ਸਾਡੇ ਦੇਸ਼ ਨੂੰ ਆਜ਼ਾਦ ਹੋਏ ਨੂੰ 46 ਸਾਲ ਹੋ ਗਏ ਹਨ । 1947 ਤੋਂ ਬਾਅਦ ਪੰਜਾਬ ਵਿਚ ਕਈ ਸਰਕਾਰਾਂ ਆਈਆਂ ਅਤੇ ਕਈ ਸਰਕਾਰਾਂ ਚਲੀਆਂ ਗਈਆਂ ਪਰ ਕਿਸੇ ਨੇ ਵੀ ਮੇਰੇ ਹਲਕੇ ਭਦੌੜ ਵੱਲ ਧਿਆਨ ਨਹੀਂ ਦਿੱਤਾ । ਉਥੇ ਕੋਈ ਵੱਡੀ ਇੰਡਸਟਰੀ ਸਰਕਾਰ ਵਲੋਂ ਹਾਲੇ ਤੱਕ ਨਹੀਂ ਲਗਾਈ ਗਈ ਅਤੇ ਇਸ ਬੈਕਵਰਡ ਇਲਾਕੇ ਵੱਲ ਕਿਸੇ ਨੇ ਵੀ ਧਿਆਨ ਨਹੀਂ ਦਿੱਤਾ ਜਿਸ ਹਲਕੇ ਦੀ ਮੈਂ ਨੁਮਾਇੰਦਗੀ ਕਰਦਾ ਹਾਂ । ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਬੈਕਵਰਡ ਇਲਾਕੇ ਦੇ ਵਿਚ ਕਿਸੇ ਵੱਡੀ ਇੰਡਸਟਰੀ ਦੀ ਸਥਾਪਨਾ ਕਰ ਦਿੱਤੀ ਜਾਵੇ ਤਾਂ ਕਿ ਇਥੋਂ ਦੇ ਲੋਕ ਵੀ ਵਿਕਾਸ ਦਾ ਆਨੰਦ ਲੈ ਸਕਣ । ਸਰਕਾਰ ਇਥੇ ਕਾਫੀ ਦਾਅਵੇ ਕਰਦੀ ਹੈ ਕਿ ਪੰਜਾਬ ਵਿਚ ਸਰਕਾਰ ਨੇ ਚਾਰ ਚੰਨ ਲਗਾ ਦਿੱਤੇ ਹਨ । ਮੇਰੇ ਹਲਕੇ ਵਿਚ ਡਿਵੈਲਪਮੈਂਟ ਕਰੋ ਤਾਂ ਹੀ ਇਸ ਬੈਕਵਰਡ ਇਲਾਕੇ ਦੇ ਲੋਕਾਂ ਨੂੰ ਚਾਰ ਚੰਨ ਦਾ ਪਤਾ ਲੱਗੇਗਾ । ਇਸ ਇਲਾਕੇ ਵਿਚ ਸਪਿਨਿੰਗ ਮਿੱਲ, ਰਾਈਸ ਸ਼ੈਲਰਜ਼ ਅਤੇ ਗੰਨੇ ਦੀ ਮਿੱਲ ਲਗਾਈ ਜਾਵੇ ਅਤੇ ਪ੍ਰੋਡਕਸ਼ਨ ਕੀਤੀ ਜਾਵੇ ਸ਼ੂਗਰਕੇਨ ਦੀਆਂ ਮਿਲਜ਼ ਲਗਾਈਆਂ ਜਾਣ, ਸ਼ੁਗਰਫੈੱਡ ਵਲੋਂ ਮਿੱਲ ਸਥਾਪਿਤ ਕੀਤੀ ਜਾਵੇ ਤਾਂ ਕਿ ਉਥੋਂ ਦੇ ਕਿਸਾਨਾਂ ਦਾ ਭਲਾ ਹੋ ਸਕੇ । ਪੰਜਾਬ ਸਰਕਾਰ ਨੂੰ ਇਸ ਬੈਕਵਰਡ ਏਰੀਆ ਦੇ ਵਿਚ ਮਿੱਲਾਂ ਲਗਾ ਕੇ ਲੋਕਾਂ ਨੂੰ ਰਾਹਤ ਦੇਣੀ ਚਾਹੀਦੀ ਹੈ । ਇਸ ਦੇ ਲਈ ਮੈਂ ਸਰਕਾਰ ਦਾ ਧੰਨਵਾਦੀ ਹੋਵਾਂਗਾ ।

Mr. Speaker : Please wind up.

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਤੁਸੀਂ ਮੈਨੂੰ ਇੰਡਸਟਰੀ ਦੀਆਂ ਮੰਗਾਂ ਤੇ ਬੋਲਣ ਦਾ ਮੌਕਾ ਦਿੱਤਾ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਦੇ ਲੋਕਾਂ ਨੂੰ ਕੋਆਪਰੇਸ਼ਨ ਦੇਵੇ । ਸਰਕਾਰ ਵਲੋਂ ਪੈਸੇ ਦੀ ਸਹੀ ਵਰਤੋਂ ਕਰਨੀ ਚਾਹੀਦੀ ਹੈ । ਚਾਹੇ ਕੋਈ ਵੱਡੀ ਇੰਡਸਟਰੀ ਹੈ ਜਾਂ ਸਮਾਲ ਸਕੇਲ ਇੰਡਸਟਰੀ ਨੂੰ ਕਰਜ਼ਾ ਦੇਣ ਦੀ ਗੱਲ ਹੈ, ਸਰਕਾਰ ਨੂੰ ਸਹੀ ਪਾਸੇ ਚਲਣਾ ਚਾਹੀਦਾ ਹੈ । ਕਰਜ਼ਾ ਦੇਣ ਦਾ ਢੰਗ ਸੌਖਾ ਹੋਣਾ

Original with;
Punjab Vidhan Sabha
Digitized by;
Panjab Digital Library

ਚਾਹੀਦਾ ਹੈ ਪਰ ਸਰਕਾਰ ਕੁਝ ਨਹੀਂ ਕਰਦੀ । ਵੇਖਣ ਨੂੰ ਤਾਂ ਠੀਕ ਨਜ਼ਰ ਆਉਂਦਾ ਹੈ ਪਰ ਸਰਕਾਰ ਪੈਸੇ ਦੀ ਦੁਰਵਰਤੋਂ ਕਰਦੀ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਪੈਸਾ ਠੀਕ ਢੰਗ ਨਾਲ ਵਰਤਿਆ ਜਾਵੇ । ਸਪੀਕਰ ਸਾਹਿਬ, ਪਿਛਲੇ ਤਿੰਨ ਸਾਲਾਂ ਤੋਂ ਬਜਟ ਪੇਸ਼ ਹੁੰਦੇ ਆਏ ਹਨ । ਪਹਿਲਾਂ ਸਰਕਾਰ ਕਹਿੰਦੀ ਹੈ ਕਿ ਪੰਜਾਬ ਦੇ ਲੋਕਾਂ ਉਤੇ ਕੋਈ ਨਵਾਂ ਟੈਕਸ ਨਹੀਂ ਲਗਾਇਆ ਜਾਵੇਗਾ ਅਤੇ ਪੰਜਾਬ ਦੇ ਲੋਕਾਂ ਵਾਸਤੇ ਬਹੁਤ ਸਹੂਲਤਾਂ ਦਿੱਤੀਆਂ ਜਾਣਗੀਆਂ ਪਰ ਬਾਅਦ ਵਿਚ ਲੋਕਾਂ ਨੂੰ ਕੋਈ ਸਹੂਲਤ ਨਹੀਂ ਦਿਤੀ ਜਾਂਦੀ ਅਤੇ ਲੋਕਾਂ ਉਤੇ ਟੈਕਸ ਲਗਾਏ ਜਾਂਦੇ ਹਨ ।

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ ।

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਮੈਂ ਦੋ ਮਿੰਟ ਵਿਚ ਖਤਮ ਕਰਦਾ ਹਾਂ । ਬਾਅਦ ਵਿਚ ਸਰਕਾਰ ਵਲੋਂ ਸਪਲੀਮੈਂਟਰੀ ਬਜਟ ਲਿਆ ਕੇ ਹਾਊਸ ਵਿਚ ਪੇਸ਼ ਕਰਕੇ ਪਾਸ ਕਰਵਾਇਆ ਜਾਂਦਾ ਹੈ । ਇਸ ਤਰੀਕੇ ਦੇ ਨਾਲ ਅਫਸਰਸ਼ਾਹੀ ਅਤੇ ਸਰਕਾਰ ਆਪਣੀ ਮਨਮਰਜ਼ੀ ਨਾਲ ਖਰਚ ਕਰਦੀ ਹੈ । ਇਸ ਤਰ੍ਹਾਂ ਕਰਕੇ ਪੈਸੇ ਦੀ ਦੁਰਵਰਤੋਂ ਕੀਤੀ ਜਾਂਦੀ ਹੈ । ਜਦੋਂ 31 ਮਾਰਚ ਨੇੜੇ ਆ ਜਾਂਦਾ ਹੈ ਤਾਂ ਪਲੈਨਿੰਗ ਬੋਰਡ, ਮਿਉਂਸਪਲ ਕਮੇਟੀਆਂ ਅਤੇ ਹੋਰ ਮਹਿਕਮੇ ਪੈਸੇ ਦੀ ਠੀਕ ਢੰਗ ਨਾਲ ਵਰਤੋਂ ਨਹੀਂ ਕਰਦੇ । ਇਸ ਦੇ ਨਾਲ ਹੀ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਹਿਕਾਰਤਾ ਅਤੇ ਇੰਡਸਟਰੀ ਦੀਆਂ ਮੰਗਾਂ ਤੇ ਬੋਲਣ ਦਾ ਮੌਕਾ ਦਿੱਤਾ ਹੈ । ਮੈਂ ਇਸ ਨਾਲ ਸਹਿਮਤ ਨਹੀਂ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ।

ਸ਼੍ਰੀ ਰਾਜ ਕੁਮਾਰ ਖੁਰਾਣਾ (ਰਾਜਪੁਰਾ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਸਹਿਕਾਰਤਾ ਅਤੇ ਇੰਡਸਟਰੀ ਦੀਆਂ ਮੰਗਾਂ ਤੇ ਬੋਲਣ ਦਾ ਮੌਕਾ ਦਿੱਤਾ ਹੈ । ਪੰਜਾਬ ਵਿਚ ਪਹਿਲਾਂ ਮਾੜੇ ਦਿਨ ਸੀ । ਲਾਲਾ ਜਗਤ ਨਰਾਇਣ ਦੇ ਕਤਲ ਤੋਂ ਬਾਅਦ ਆਏ ਦਿਨ ਕਤਲ ਹੁੰਦੇ ਗਏ ਅਤੇ ਪੰਜਾਬ ਵਿਚ ਖੂਨ ਖਰਾਬਾ ਹੁੰਦਾ ਰਿਹਾ ਹੈ । ਅਖਬਾਰਾਂ ਵਿਚ ਸੁਰਖੀਆਂ ਛਪਦੀਆਂ ਸਨ ਕਿ ਅੱਜ ਇਤਨੇ ਕਤਲ ਹੋਏ । ਉਨ੍ਹਾਂ ਦਿਨਾਂ ਵਿਚ ਆਮ ਲੋਕਾਂ ਵਿਚ ਕਿਹਾ ਜਾਂਦਾ ਸੀ ਕਿ ਅੱਜ ਪੰਜਾਬ ਦਾ ਸਕੋਰ ਕੀ ਹੈ । ਸਪੀਕਰ ਸਾਹਿਬ, ਕਤਲਾਂ ਨੂੰ ਸਕੋਰ ਨਾਲ ਗਿਣਿਆ ਜਾਂਦਾ ਸੀ । ਅੱਤਵਾਦ 15 ਸਾਲ ਪਹਿਲਾਂ ਵੀ ਰਿਹਾ । ਇਸ ਦੌਰਾਨ ਹੋਰ ਸਰਕਾਰਾਂ ਵੀ ਆਈਆਂ । ਅਕਾਲੀ ਸਰਕਾਰ ਵੀ ਬਣੀ ਅਤੇ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨਾਲ ਵਾਅਦਾ ਵੀ ਕੀਤਾ ਸੀ ਕਿ ਪੰਜਾਬ ਵਿਚ ਅਮਨ ਲਿਆ ਦਿਆਂਗੇ । ਲੇਕਿਨ ਅਕਾਲੀ ਸਰਕਾਰ ਖਾੜਕੂਆਂ ਉਤੇ ਕੰਟ੍ਰੋਲ ਨਹੀਂ ਕਰ ਸਕੀ ਬਲਕਿ ਖਾੜਕੂਆਂ ਨੇ ਉਨ੍ਹਾਂ ਉਤੇ ਕੰਟ੍ਰੋਲ ਕੀਤਾ । ਜੋ ਉਸ ਵੇਲੇ ਹਾਲ ਹੋਇਆ, ਉਹ ਸਭ ਦੇ ਸਾਹਮਣੇ ਹੈ । ਸਰਕਾਰ ਅੱਤਵਾਦ ਨੂੰ ਕੰਟ੍ਰੋਲ ਨਾ ਕਰ ਸਕੀ ਅਤੇ ਉਹ ਆਪਸ ਵਿਚ ਲੜਦੇ ਰਹੇ । ਅਕਾਲੀ ਸਰਕਾਰ ਵੇਲੇ ਹੋਰ ਜ਼ਿਆਦਾ ਖੂਨ ਖਰਾਬਾ ਹੋਇਆ ਅਤੇ ਆਪਸ ਦੀ ਲੜਾਈ ਕਾਰਨ ਸਰਕਾਰ ਟੁੱਟ ਗਈ । ਸਪੀਕਰ ਸਾਹਿਬ, ਫਿਰ 1992 ਵਿਚ ਇਲੈਕਸ਼ਨ ਹੋਏ ਪਰ ਅਕਾਲੀਆਂ ਨੇ ਅੱਤਵਾਦੀਆਂ ਨਾਲ ਮਿਲ ਕੇ ਇਲੈਕਸ਼ਨਾਂ ਵਿਚ ਹਿੱਸਾ ਨਾ ਲਿਆ । ਵੋਟਰਾਂ ਨੂੰ ਡਰਾਇਆ ਧਮਕਾਇਆ ਗਿਆ ਕਿ ਜਿਹੜੇ ਵੀ ਪਹਿਲੇ ਪੰਜ ਵੋਟਰ ਜਾਣਗੇ, ਉਨ੍ਹਾਂ ਨੂੰ ਮਾਰ ਦਿਆਂਗੇ । ਜਿਸ ਉਂਗਲੀ ਤੇ ਵੋਟ ਨਿਸ਼ਾਨ ਹੋਵੇਗਾ,

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਜ ਕੁਮਾਰ ਖੁਰਾਣਾ]

ਉਹ ਉੱਗਲ ਵੱਢ ਦਿਆਂਗੇ ਪਰ ਫਿਰ ਵੀ ਕਾਫੀ ਗਿਣਤੀ ਵਿਚ ਲੋਕਾਂ ਨੇ ਵੋਟਾਂ ਪਾ ਕੇ ਸਰਦਾਰ ਬੇਅਤ ਸਿਘ ਜੀ ਦੀ ਸਰਕਾਰ ਨੂੰ ਮੌਕਾ ਦਿੱਤਾ । (ਵਿਘਨ)

(ਇਸ ਵਕਤ ਕੁਝ ਮੈਂਬਰ ਮਾਹਿਬਾਨ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

ਸ਼੍ਰੀ ਸਪੀਕਰ : ਮੈਂਬਰ ਸਾਹਿਬ ਸਪੀਚ ਕਰ ਰਹੇ ਹਨ ਅਤੇ ਜੇਕਰ ਤੁਸੀਂ ਕੋਈ ਕਲੈਰੀਫਿਕੇਸ਼ਨ ਲੈਣੀ ਹੈ ਤਾਂ ਬਾਅਦ ਵਿਚ ਲੈ ਲੈਣਾ । ਖੁਰਾਣਾ ਜੀ ਸ਼ਰੀਫ ਆਦਮੀ ਹਨ ਅਤੇ ਬੜੀ ਨਿਮਰਤਾ ਦੇ ਨਾਲ ਬੋਲ ਰਹੇ ਹਨ ।

ਸ਼੍ਰੀ ਰਾਜ ਕੁਮਾਰ ਖੁਰਾਣਾ : ਸਪੀਕਰ ਸਾਹਿਬ, ਮੈਂ ਪਿਛਲੇ ਦਿਨਾਂ ਦੀ ਗੱਲ ਕਰ ਰਿਹਾ ਸੀ । ਉਸ ਵੇਲੇ ਜੋ ਕੋਈ ਵਪਾਰ ਕਰਨਾ ਚਾਹੁੰਦਾ ਸੀ ਅਤੇ ਪੰਜਾਬ ਵਿਚ ਜੋ ਕੋਈ ਸਮਰੱਥਾ ਰੱਖਦਾ ਸੀ, ਕੋਈ ਇੰਡਸਟਰੀ ਲਾਉਣੀ ਸੀ ਜਾਂ ਜੋ ਕਿਸੇ ਨੇ ਪਲਾਟ ਲੈਣਾ ਸੀ ਤਾਂ ਉਹ ਪੰਜਾਬ ਤੋਂ ਬਾਹਰ ਲਿਆ ਅੱਰ ਉਨ੍ਹਾਂ ਨੇ ਆਪਣੀ ਇਨਵੈਸਟਮੈਂਟ ਬਾਹਰ ਕਰਨੀ ਸ਼ੁਰੂ ਕਰ ਦਿੱਤੀ । 1992 ਦੀਆਂ ਇਲੈਕਸ਼ਨਾਂ ਤੋਂ ਬਾਅਦ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਵਿਚ ਏਥੇ ਅਮਨ ਚੈਨ ਲੌਟ ਕੇ ਆਇਆ । ਚਾਹੇ ਰੈਵੇਨਿਊ ਹੈ, ਐਕਸਾਈਜ਼ ਹੈ ਜਾਂ ਸੇਲਜ਼ ਟੈਕਸ ਹੈ, ਉਹ ਸਭ ਵਧਿਆ । ਉਹ ਇਸ ਕਰਕੇ ਵਧਿਆ ਕਿ ਏਥੇ ਕਾਰੋਬਾਰ ਵਿਚ ਵਾਧਾ ਹੋਇਆ ਹੈ । ਸਪੀਕਰ ਸਾਹਿਬ, ਪੰਜਾਬੀਆਂ ਦੇ ਖੂਨ ਵਿਚ ਮਿਹਨਤ ਦਾ ਜ਼ਜ਼ਬਾ ਹੈ ਅਤੇ ਉਹ ਇਥੋਂ ਦੀ ਖੇਤੀ ਅਤੇ ਇੰਡਸਟਰੀ ਦੀ ਤਰੱਕੀ ਤੋਂ ਨਜ਼ਰ ਆ ਰਿਹਾ ਹੈ । ਪਿਛਲੇ ਤਿੰਨ ਸਾਲਾਂ ਵਿਚ ਪੰਜਾਬ ਦਾ ਜੋ ਬਜਟ ਵਧਿਆ ਹੈ, ਇਹ ਉਸੇ ਮਿਹਨਤ ਦਾ ਨਤੀਜਾ ਹੈ । ਪੰਜਾਬ ਵੈਸੇ ਤਾਂ ਐਗਰੀਕਲਚਰਲ ਸਟੇਟ ਗਿਣਿਆ ਜਾਂਦਾ ਹੈ ਕਿਉਂਕਿ ਇਸ ਨੇ ਸੈਂਟਰਲ ਪੂਲ ਵਿਚ ਕਣਕ ਅਤੇ ਰਾਈਸ ਸਭ ਤੋਂ ਜ਼ਿਆਦਾ ਦਿੱਤਾ ਹੈ । ਪਰ ਹੁਣ ਇਸ ਨੇ ਇੰਡਸਟਰੀ ਵਿਚ ਵੀ ਬਹੁਤ ਜ਼ਿਆਦਾ ਤਰੱਕੀ ਕੀਤੀ ਹੈ ਅਤੇ ਇੰਡਸਟਰੀਅਲ ਗਰੋਥ ਦੇ ਲਿਹਾਜ ਨਾਲ ਜਿਹੜਾ ਪੰਜਾਬ ਪਹਿਲਾਂ 13ਵੇਂ ਨੰਬਰ ਤੇ ਸੀ, ਉਹ ਹੁਣ ਤੀਜੇ ਨੰਬਰ ਤੇ ਆ ਗਿਆ ਹੈ । ਇਸ ਦਾ ਸਾਰਾ ਸਿਹਰਾ ਪੰਜਾਬ ਸਰਕਾਰ ਨੂੰ ਜਾਂਦਾ ਹੈ । ਅੱਜ ਪੰਜਾਬ ਦੀ 84% ਲੈਂਡ ਤੇ ਖੇਤੀ ਹੋ ਰਹੀ ਹੈ । ਹੁਣ ਅਸੀਂ ਜ਼ਿਆਦਾ ਇੰਡਸਟਰੀ ਲਗਾ ਕੇ ਹੀ ਬੇਰੋਜ਼ਗਾਰ ਬੱਚਿਆਂ ਲਈ ਰੋਜ਼ਗਾਰ ਮੁਹਈਆ ਕਰਾ ਸਕਦੇ ਹਾਂ । ਸਮਾਲ ਸਕੇਲ ਇੰਡਸਟਰੀ ਵਿਚ 1991-92 ਵਿੱਚ 39359 ਅਤੇ 1992-93 ਵਿਚ 20993 ਅਨਇੰਪਲਾਇਡ ਲੋਕਾਂ ਨੂੰ ਰੋਜ਼ਗਾਰ ਦਿੱਤਾ ਗਿਆ ਹੈ । ਸਮਾਲ ਸਕੇਲ ਇੰਡਸਟਰੀ ਰਾਹੀਂ ਹੀ ਪਿਛਲੇ ਤਿੰਨਾਂ ਸਾਲਾਂ ਵਿਚ 58543 ਡਾਇਰੈਕਟ ਅਤੇ ਇਨਡਾਇਰੈਕਟ ਇੰਪਲਾਇਮੈਂਟ ਮਿਲੀ ਹੈ ਅਤੇ 1995-96 ਵਿਚ ਇਹ ਟੀਚਾ 6905 ਡਾਇਰੈਕਟ ਅਤੇ 3915 ਇਨਡਾਇਰੈਕਟ ਰੋਜ਼ਗਾਰ ਮੁਹਈਆ ਕਰਾਉਣ ਦਾ ਹੈ । ਜਿਹੜੇ 5 ਲੱਖ 58 ਹਜ਼ਾਰ ਅਨਇੰਪਲਾਇਡ ਰਜਿਸਟਰਡ ਹਨ, ਉਨ੍ਹਾਂ ਨੂੰ ਜ਼ਰੂਰਤ ਹੈ ਅੱਜ ਹੋਰ ਇੰਡਸਟਰੀ ਲਗਾ ਕੇ ਰੋਜ਼ਗਾਰ ਦੇਣ ਦੀ । ਸਰਕਾਰ ਨੇ ਉਨ੍ਹਾਂ ਲਈ ਵੀ ਐਸਾ ਐਟਮੌਸਫੀਅਰ ਪੈਦਾ ਕੀਤਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਜੋ 2500 ਕਰੋੜ ਦੀ ਨਵੀਂ ਇਨਵੈਸਟਮੈਂਟ ਲਾਉਣ ਦਾ ਪਲਾਨ ਕੀਤਾ ਹੈ, ਉਸ ਨਾਲ ਮੈਨੂੰ ਪੂਰਾ ਯਕੀਨ ਹੈ ਕਿ ਅਨਇੰਪਲਾਇਮੈਂਟ ਵਿਚ ਕਮੀ ਆਵੇਗੀ ਅਤੇ ਜੋ ਸਾਡੇ ਪੜ੍ਹੇ ਲਿਖੇ ਬੀ. ਏ., ਬੀ. ਕਾਮ. ਅਤੇ ਗਰੈਜੂਏਟ ਨੌਜਵਾਨਾਂ ਦੇ ਦਿਮਾਗਾਂ ਵਿਚ ਸੀ ਕਿ ਕਲਰਕ ਭਰਤੀ ਹੋ ਜਾਵਾਂਗੇ ਅਤੇ

Original with;
Punjab Vidhan Sabha
Digitized by;
Panjab Digital Library

ਵਾਈਟ ਕਾਲਰ ਜਾਬ ਕਰ ਲਵਾਂਗੇ, ਉਸ ਨੂੰ ਸਰਕਾਰ ਨੇ ਬਦਲਣ ਦੀ ਕੋਸ਼ਿਸ਼ ਕੀਤੀ ਹੈ । ਸਰਕਾਰ ਕੋਲ ਏਨੇ ਵਸੀਲੇ ਵੀ ਨਹੀਂ ਹਨ ਕਿ ਹਰੇਕ ਨੂੰ ਵਾਈਟ ਕਾਲਰ ਜਾਬ ਪ੍ਰੋਵਾਈਡ ਕਰਾਏ । ਇਸ ਲਈ ਅੱਜ ਨਵੀਆਂ ਆਈ.ਟੀ.ਆਈਜ਼ ਖੋਲ੍ਹ ਕੇ, ਪਾਲੀਟੈਕਨਿਕ, ਇੰਜੀਨੀ-ਅਰਿੰਗ ਕਾਲਜ ਅਤੇ ਮੈਡੀਕਲ ਕਾਲਜ ਖੋਲ੍ਹ ਕੇ ਇਕ ਵੋਕੇਸ਼ਨਲ ਯੁਗ ਦੀ ਸਥਾਪਨਾ ਕੀਤੀ ਗਈ ਹੈ ਤਾਂਕਿ ਸੈਲਫ ਇੰਪਲਾਇਮੈਂਟ ਵਾਸਤੇ ਅਤੇ ਇੰਡਸਟਰੀ ਵਾਸਤੇ ਟਰੇਡ ਵਰਕਰ ਪੈਦਾ ਕੀਤੇ ਜਾ ਸਕਣ । ਜੋ ਸੀ.ਪੀ.ਆਈ. ਅਤੇ ਸੀ.ਪੀ.ਐਮ. ਦੇ ਜ਼ਮਾਨੇ ਦੀਆਂ ਪਹਿਲਾਂ ਗੱਲਾਂ ਸਨ ਕਿ ਲਾਲ ਝੰਡੀ ਲਾ ਕੇ ਸਟ੍ਰਾਈਕ ਕਰ ਦਿੱਤੀ, ਅੱਜ 'ਨੋ ਸਟ੍ਰਾਈਕ' ਅਤੇ 'ਨੋ ਲਾਕ-ਆਊਟ' ਦਾ ਸਮਾਂ ਆ ਗਿਆ ਹੈ ਜਿਸ ਕਾਰਣ ਵੀ ਪ੍ਰੋਡਕਸ਼ਨ ਕਾਫੀ ਵਧ ਗਈ ਹੈ ।

ਕਾਮਰੇਡ ਤਰਸੇਮ ਜੋਧਾਂ : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ.....

Mr. Speaker: Please resume your seat. What is your point of order.' Unnecessarily you stand up every time. you can speak when your turn comes. you are just interrup—ting unnecessarily. He has right to speak whatever he likes on the subject.

ਸ਼੍ਰੀ ਰਾਜ ਕੁਮਾਰ ਖੁਰਾਣਾ: ਸਪੀਕਰ ਸਾਹਿਬ, ਕੋਈ ਵੀ ਇੰਡਸਟਰੀ ਬਿਨਾ ਪਾਵਰ ਤੋਂ ਨਹੀਂ ਚਲ ਸਕਦੀ । ਅੱਜ ਪੰਜਾਬ ਵਿਚ ਬਜਟ ਦਾ ਸਭ ਤੋਂ ਜ਼ਿਆਦਾ ਹਿੱਸਾ ਪਾਵਰ ਨੂੰ ਵਧਾਉਣ ਵਾਸਤੇ ਰੱਖਿਆ ਗਿਆ ਹੈ । ਥੀਨ ਡੈਮ ਜਿਸਦੀ ਕਿ ਕਾਸਟ ਪਹਿਲਾਂ 100 ਕਰੋੜ ਰੁਪਏ ਆਉਣੀ ਸੀ, ਉਸ ਨੂੰ ਅੱਜ 2200 ਕਰੋੜ ਰੁਪਏ ਲਾ ਕੇ ਸਰਕਾਰ ਪੂਰਾ ਕਰਨ ਮਗਰ ਲੱਗੀ ਹੋਈ ਹੈ ਅਤੇ ਇਸ ਨੂੰ ਆਉਣ ਵਾਲੇ ਸਾਲ ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਮੌਕੇ ਤੇ ਪੂਰਾ ਕਰ ਲਿਆ ਜਾਵੇਗਾ । ਵੈਸੇ ਤਾਂ ਪੰਜਾਬ ਵਿਚ ਪਹਿਲਾਂ ਹੀ ਪਾਵਰ ਦੀ ਅੱਛੀ ਪੁਜ਼ੀਸ਼ਨ ਹੈ । ਸਾਡੇ ਗੁਆਂਢੀ ਰਾਜ ਹਰਿਆਣੇ ਵਿਚ ਦੇਖ ਲਓ, ਜਿਥੇ 12 ਘੰਟੇ ਤੋਂ ਲੈ ਕੇ 6 ਘੰਟੇ ਤੱਕ ਡੇਅਲੀ ਕੱਟ ਡੋਮੈਸਟਿਕ ਅਤੇ ਇੰਡਸਟਰੀ ਨੂੰ ਲੱਗਦਾ ਹੈ । ਦੂਜੇ ਪਾਸੇ ਸਾਡੇ ਕੋਲ ਪਾਵਰ ਹੋਣ ਕਰਕੇ ਇੰਡਸਟਰੀ ਦੀ ਪ੍ਰੋਡਕਸ਼ਨ ਵਧੀ ਹੈ ਅਤੇ ਅੱਜ ਅਸੀਂ ਸਟੇਟ ਲੈਵਲ ਤੇ, ਨੈਸ਼ਨਲ ਲੈਵਲ ਅਤੇ ਇੰਟਰਨੈਸ਼ਨਲ ਲੈਵਲ ਤੇ ਕੰਪੀਟੀਟਿਵ ਹੋ ਕੇ ਆਪਣੇ ਪ੍ਰੋਡਕਟ ਨੂੰ ਆਸਾਨੀ ਨਾਲ ਵੇਚ ਸਕਦੇ ਹਾਂ ।

ਦੂਜੀ ਗੱਲ ਹੈ, ਪੈਸੇ ਦੀ । ਪੰਜਾਬ ਸਰਕਾਰ ਦੇ ਦੋ ਅਦਾਰੇ-ਪੀ.ਐਸ.ਆਈ ਡੀ.ਸੀ. ਅਤੇ ਪੀ. ਐਫ ਸੀ. ਐਨੇ ਸਮਰੱਥ ਹਨ ਕਿ ਬਹੁਤ ਅੱਛੀ ਤਰ੍ਹਾਂ ਨਾਲ ਇਹ ਇੰਡਸਟਰੀ ਨੂੰ ਪੈਸੇ ਦੇ ਰਹੇ ਹਨ ।ਸਾਲ 1991-92 ਵਿਚ ਪੀ.ਐਸ.ਆਈ ਡੀ.ਸੀ ਨੇ ਇਕੱਲੇ ਹੀ 2222 ਲੱਖ ਰੁਪਏ ਵੰਡੇ ਹਨ । 1992-93 ਵਿਚ 3001 ਲੱਖ ਰੁਪਏ, 1993-94 ਵਿਚ 3558 ਲੱਖ ਰੁਪਏ ਅਤੇ 1994-95 ਵਿਚ ਫ਼ਰਵਰੀ ਤੱਕ 2662 ਲੱਖ ਰੁਪਏ ਇਸ ਨੇ ਵੰਡੇ ਹਨ । ਆਉਣ ਵਾਲੇ ਸਾਲ ਵਿਚ 241 ਕਰੋੜ ਰੁਪਏ ਵੰਡਣ ਦਾ ਟੀਚਾ ਹੈ ਅਤੇ ਮੈਨੂੰ ਉਮੀਦ ਹੈ ਕਿ ਇਹ ਟੀਚਾ ਜ਼ਰੂਰ ਪੂਰਾ ਕੀਤਾ ਜਾਵੇਗਾ । ਪਿਛਲੇ ਸਾਲਾਂ ਵਿਚ 15875 ਕਰੋੜ ਰੁਪਏ ਦੀ ਲਾਗਤ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਜ ਕੁਮਾਰ ਖੁਰਾਣਾ]

ਵਧੀ ਹੈ । ਇਸ ਨਾਲ 41,385 ਲੋਕਾਂ ਨੂੰ ਡਾਇਰੈਕਟ ਇੰਪਲਾਇਮੈਂਟ ਮਿਲੇਗੀ । ਪੀ. ਐਫ. ਸੀ. ਜਿਹੜਾ ਕਿ ਸਮਾਲ ਸਕੇਲ ਇੰਡਸਟਰੀ ਨੂੰ ਫਾਈਨਾਂਸ ਕਰਨ ਵਾਲਾ ਦੂਸਰਾ ਵੱਡਾ ਆਦਾਰਾ ਹੈ ਨੇ ਸਾਲ 1991-92 ਵਿੱਚ 6601 ਲੱਖ ਰੁਪਏ, 1992-93 ਵਿਚ 7096 ਲੱਖ ਰੁਪਏ, 1993-94 ਵਿਚ 7243 ਲੱਖ ਰੁਪਏ ਅਤੇ 1994-95 ਵਿਚ 4037 ਲੱਖ ਰੁਪਏ ਵੰਡੇ ਹਨ । ਇਸ ਤੋਂ ਇਲਾਵਾ ਹੋਰ ਵੀ ਕਈ ਅਦਾਰੇ ਹਨ ਜਿਸ ਤਰ੍ਹਾਂ ਪੰਜਾਬ ਸਟੇਟ ਇਲੈਕਟ੍ਰੋਨਿਕਸ ਡਿਵੈਲਪਮੈਂਟ ਕਾਰਪੋਰੇਸ਼ਨ ਹੈ, ਇਹ 6 ਨਵੇਂ ਪ੍ਰਾਜੈਕਟ ਲਗਾ ਰਹੀ ਹੈ ਅਤੇ ਇਸ ਤਰ੍ਹਾਂ ਕਰਕੇ ਇਹ ਇਲੈਕਟ੍ਰੋਨਿਕਸ ਦੇ ਖੇਤਰ ਵਿਚ ਪੰਜਾਬ ਨੂੰ ਅੱਗੇ ਵਧਾ ਰਹੀ ਹੈ । ਇਹ ਪੰਜਾਬ ਸਰਕਾਰ ਦੀ ਨੀਤੀ ਦਾ ਹੀ ਪ੍ਰਮਾਣ ਹੈ ਕਿ ਅੱਜ ਪੰਜਾਬ ਵਿਚ ਉਦਯੋਗ ਅੱਗੇ ਵਧ ਰਿਹਾ ਹੈ ।

ਇਸੇ ਤਰ੍ਹਾਂ ਹੀ ਪੰਜਾਬ ਦੀ ਐਕਸਪੋਰਟ ਵੀ ਅੱਗੇ ਵਧ ਰਹੀ ਹੈ । ਕਿਹਾ ਜਾਂਦਾ ਹੈ ਕਿ ਜੇ ਕਿਸੇ ਕੰਟਰੀ ਦੀ ਮਾਲੀ ਹਾਲਤ ਦੇਖਣੀ ਹੋਵੇ ਤਾਂ ਉਸ ਦੇ ਰਿਜ਼ਰਵ ਸਟਾਕ ਨੂੰ ਦੇਖਣਾ ਚਾਹੀਦਾ ਹੈ । ਸ਼੍ਰੀ ਵੀ.ਪੀ. ਸਿੰਘ ਦੀ ਸਰਕਾਰ ਅਤੇ ਸ਼੍ਰੀ ਚੰਦਰ ਸ਼ੇਖਰ ਦੀ ਸਰਕਾਰ ਦੇ ਵੇਲੇ ਹਿੰਦੁਸਤਾਨ ਦਾ ਜਿਹੜਾ ਸੋਨਾ ਸੀ, ਉਹ ਬਾਹਰਲੇ ਮੁਲਕਾਂ ਵਿਚ ਗਹਿਣੇ ਪਿਆ ਹੋਇਆ ਸੀ । ਅੱਜ ਦੀ ਭਾਰਤ ਸਰਕਾਰ ਨੇ ਨਾ ਸਿਰਫ ਉਹ ਸੋਨਾ ਛੁਡਾਇਆ ਹੈ, ਬਲਕਿ ਐਕਸਪੋਰਟ ਵਿਚ ਵਾਧਾ ਕਰਕੇ ਦੁਨੀਆਂ ਨੂੰ ਦਿਖਾ ਦਿੱਤਾ ਹੈ ਕਿ ਅੱਜ ਦਾ ਰਿਜ਼ਰਵ ਸਟਾਕ ਪਹਿਲੇ ਸਾਰੇ ਸਾਲਾਂ ਤੋਂ ਵਧ ਹੈ । ਇਸ ਵਿਚ ਪੰਜਾਬ ਸਰਕਾਰ ਨੇ ਵੀ ਬਹੁਤ ਵੱਡਾ ਯੋਗਦਾਨ ਪਾਇਆ ਹੈ । ਸੈਂਟਰਲ ਐਕਸਾਈਜ਼ 1675/- ਕਰੋੜ ਰੁਪਏ ਤੱਕ ਪਹੁੰਚ ਗਿਆ ਹੈ ਅਤੇ ਆਉਣ ਵਾਲੇ ਸਾਲ ਵਿਚ ਇਸ ਦਾ 2100/- ਕਰੋੜ ਰੁਪਏ ਦਾ ਟੀਚਾ ਹੈ । ਇਸ ਨਾਲ ਜਿਥੇ ਸਾਰੇ ਹਿੰਦੁਸਤਾਨ ਦੀ ਫਾਈਨਾਂਸ਼ਲ ਪੁਜ਼ੀਸ਼ਨ ਮਜ਼ਬੂਤ ਹੋਵੇਗੀ, ਉਥੇ ਪੰਜਾਬ ਦੇ ਲੋਕਾਂ ਨੂੰ ਵੀ ਇਸ ਦਾ ਬਹੁਤ ਵੱਡਾ ਬੈਨੀਫਿਟ ਮਿਲੇਗਾ । ਚੰਡੀਗੜ੍ਹ ਰੀਜਨ ਜਿਸ ਵਿਚ ਪੰਜਾਬ, ਜੇ.ਐਂਡ ਕੇ., ਹਿਮਾਚਲ ਅਤੇ ਚੰਡੀਗੜ੍ਹ ਆਦਿ ਆਉਂਦੇ ਹਨ; ਉਸ ਵਿਚ ਪੰਜਾਬ ਇਕੱਲੇ ਨੇ ਹੀ 82% ਯੋਗਦਾਨ ਪਾ ਕੇ 812 ਕਰੋੜ ਰੁਪਏ ਇਕੱਠੇ ਕੀਤੇ ਹਨ ਅਤੇ 100 ਕਰੋੜ ਰੁਪਏ ਦਾ ਜ਼ਿਆਦਾ ਟਾਰਗੈੱਟ ਅਚੀਵ ਕੀਤਾ ਹੈ । ਇਹ ਸਾਰਾ ਕੁਝ ਦਰਸਾਉਂਦਾ ਹੈ ਕਿ ਪੰਜਾਬ ਵਿਚ ਇੰਡਸਟਰੀ ਨੇ ਕਿਤਨੀ ਤਰੱਕੀ ਕੀਤੀ ਹੈ । ਪੰਜਾਬ ਇਸ ਮਾਮਲੇ ਵਿਚ ਹਿੰਦੁਸਤਾਨ ਭਰ ਵਿਚ 13ਵੇਂ ਨੰਬਰ ਤੋਂ ਤੀਸਰੇ ਨੰਬਰ ਤੇ ਆ ਗਿਆ ਹੈ । ਅੱਜ ਵੱਡੇ ਵੱਡੇ ਯੂਨਿਟ ਪੰਜਾਬ ਵਿਚ ਆ ਰਹੇ ਹਨ । ਸ਼੍ਰੀ ਰਾਮ ਗਰੁੱਪ ਪੰਜਾਬ ਵਿਚ ਆ ਰਿਹਾ ਹੈ ਜੋ 12000 ਏਕੜ ਵਿਚ 2000 ਕਰੋੜ ਰੁਪਏ ਦੀ ਇਨਵੈਸਟਮੈਂਟ ਕਰੇਗਾ । ਇਸ ਨਾਲ 40000 ਨੌਜਵਾਨਾਂ ਨੂੰ ਰੋਜ਼ਗਾਰ ਪ੍ਰਾਪਤ ਹੋਵੇਗਾ । ਇਥੇ ਸਾਡੀਆਂ ਵਿਰੋਧੀ ਪਾਰਟੀਆਂ-ਅਕਾਲੀ ਦਲ (ਅ), ਅਕਾਲੀ ਦਲ (ਬ), ਵੀ.ਐਸ.ਪੀ., ਬੀ.ਜੇ.ਪੀ. ਅਤੇ ਸੀ.ਪੀ.ਆਈ., ਦੇ ਮੈਂਬਰ ਬੈਠੇ ਹਨ । ਇਨ੍ਹਾਂ ਨੇ 24 ਮਾਰਚ ਨੂੰ ਇਕ ਰੈਲੀ ਕਰਨ ਦਾ ਪ੍ਰੋਗਰਾਮ ਬਣਾਇਆ ਸੀ । ਇਨ੍ਹਾਂ ਸਾਰੀਆਂ ਵਿਰੋਧੀ ਪਾਰਟੀਆਂ ਦੇ ਇਕੱਠ ਵਿਚ 300 ਤੋਂ ਜ਼ਿਆਦਾ ਬੰਦਾ ਨਹੀਂ ਸੀ । ਇਹ ਚੀਜ਼ ਦਰਸਾਉਂਦੀ ਹੈ ਕਿ ਪੰਜਾਬ ਦੇ ਲੋਕ ਇਨ੍ਹਾਂ ਦੀਆਂ ਗੱਲਾਂ ਵਿਚ ਨਹੀਂ ਆਉਂਦੇ । ਉਹ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਦੀਆਂ ਨੀਤੀਆਂ ਨੂੰ ਹੀ ਠੀਕ ਸਮਝਦੇ ਹਨ ।

ਮੈਂ ਪੀ.ਡਬਲਯੂ. ਡੀ. ਮਨਿਸਟਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਮਹਿਕਮੇ ਨੂੰ

Original with;
Punjab Vidhan Sabha
Digitized by;
Punjab Digital Library

ਹੋਰ ਚੁਸਤ ਕਰਨ । ਨਾਲ ਹੀ ਮੈਂ ਦੂਸਰੇ ਮੰਤਰੀਆਂ ਨੂੰ ਵੀ ਬੇਨਤੀ ਕਰਦਾ ਹਾਂ ਕਿ ਉਹ ਪੰਜਾਬ ਸਰਕਾਰ ਦੀਆਂ ਨੀਤੀਆਂ ਨੂੰ ਸਹੀ ਤਰੀਕੇ ਨਾਲ ਲੋਕਾਂ ਵਿਚ ਲੈ ਕੇ ਜਾਣ ਤਾ ਕਿ ਵਿਰੋਧੀ ਪਾਰਟੀਆਂ ਦੀ ਰੈਲੀ ਵਿਚ ਇਹ ਜੋ ਥੋੜਾ ਜਿਹਾ ਇਕੱਠ ਹੋਇਆ ਹੈ, ਅੱਗੇ ਤੋਂ ਇਹ ਵੀ ਨਾ ਹੋਵੇ । ਇਸ ਤਰੀਕੇ ਨਾਲ ਜਿਥੇ ਮੈਂ ਇੰਡਸਟਰੀ ਦੀ ਇਸ ਡਿਮਾਂਡ ਦੀ ਪ੍ਰੋੜਤਾ ਕਰਦਾ ਹਾਂ, ਉਥੇ ਕੁਝ ਸੁਝਾਓ ਵੀ ਦੇਣਾ ਚਾਹੁੰਦਾ ਹਾਂ । ਅੱਜ ਇੰਡਸਟਰੀ ਦੇ ਖੇਤਰ ਵਿਚ ਬਹੁਤ ਕੰਪੀਟੀਸ਼ਨ ਚਲ ਰਿਹਾ ਹੈ । ਇਸ ਲਈ ਇਸ ਨੂੰ ਕੰਪੀਟੀਟਿਵ ਬਣਾਉਣ ਵਾਸਤੇ ਇਸ ਨੂੰ ਸਸਤੀ ਬਿਜਲੀ ਦਿੱਤੀ ਜਾਵੇ । ਹਿਮਾਚਲ ਦੇ ਹਾਈਡਰੋ ਰਿਸੋਰਸਿਜ਼ ਸਨ, ਉਹ ਹਿਮਾਚਲ ਦੇ ਅਲੱਗ ਹੋ ਜਾਣ ਨਾਲ ਸਾਡੇ ਹੱਥੋਂ ਨਿਕਲ ਗਏ । ਇਸ ਕਰਕੇ ਸਾਨੂੰ ਥਰਮਲ ਬਿਜਲੀ ਬਣਾਉਣੀ ਪੈਂਦੀ ਹੈ ਜੋ ਬਹੁਤ ਮਹਿੰਗੀ ਪੈਂਦੀ ਹੈ । ਪਿੱਛੇ ਜਿਹੇ ਇਕ ਸਰਵੇ ਕਰਵਾਇਆ ਗਿਆ ਸੀ । ਚੌਧਰੀ ਰਤਨ ਸਿੰਘ ਉਸ ਵੇਲੇ ਚੀਫ਼ ਇੰਜੀਨੀਅਰ ਸਨ । ਉਹ ਇਹ ਸੀ ਕਿ ਭਾਖੜਾ ਡੈਮ ਦੇ ਨਾਲ ਇਕ ਹੋਰ ਮਿਨੀ ਡੈਮ ਬਣਾਇਆ ਜਾਵੇ ਜਿਸ ਦੀ ਸਮਰਥਾ 400 ਮੈਗਾਵਾਟ ਦੇ ਕਰੀਬ ਹੋਵੇ । ਉਸ ਸਰਵੇ ਨੂੰ ਰੀਵਿਊ ਕਰਕੇ ਉਹ ਲਾਗੂ ਕੀਤਾ ਜਾਵੇ ਤਾਂ ਕਿ ਜਿਹੜਾ ਆਉਣ ਵਾਲਾ ਸਮਾਂ ਹੈ, ਉਸ ਵਿਚ ਬਿਜਲੀ ਦੀ ਮੰਗ ਨੂੰ ਪੂਰਾ ਕੀਤਾ ਜਾ ਸਕੇ । ਜੋ ਸਾਡੇ ਥਰਮਲ ਪਲਾਂਟ ਹਨ, ਇਹ ਕੋਲੇ ਦੇ ਨਾਲ ਚਲਦੇ ਹਨ । ਕੋਲੇ ਬਾਰੇ ਕੋਲ ਇੰਡੀਆ ਲਿਮਿਟਿਡ ਨੇ ਸਰਵੇ ਕੀਤਾ ਹੈ ਅੋਰ ਇਹ ਜਾਣਕਾਰੀ ਹਾਸਲ ਕੀਤੀ ਹੈ ਕਿ ਸਾਡੇ ਕੋਲ ਕੋਲੇ ਦਾ ਭੰਡਾਰ ਕੇਵਲ 25-30 ਸਾਲਾਂ ਵਾਸਤੇ ਹੀ ਅਵੇਲੇਬਲ ਹੈ । ਜੇਕਰ ਅਸੀਂ ਇਸ ਦਾ ਕੋਈ ਬਦਲਵਾਂ ਪਰਬੰਧ ਹੁਣੇ ਤੋਂ ਹੀ ਕਰਨਾ ਸ਼ੁਰੂ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਸਾਡੇ ਵਾਸਤੇ ਬਹੁਤ ਵੱਡੀ ਮੁਸ਼ਕਲ ਪੇਸ਼ ਆਵੇਗੀ । ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਾਪਾਨ ਜੋ ਕਿ ਵਰਲਡ ਦੇ ਵਿੱਚ ਇੰਡਸਟਰੀ ਦੇ ਖੇਤਰ ਵਿੱਚ ਨੰਬਰ ਵੰਨ ਤੇ ਹੈ ਉਥੇ ਸੋਲਰ ਐਨਰਜੀ ਦੇ ਨਾਲ ਸਟਰੀਟ ਲਾਈਟ, ਡੋਮੈਸਟਿਕ ਲਾਇਟ ਅੋਰ ਸਮਾਲ ਸਕੇਲ ਇੰਡਸਟਰੀ ਦੇ ਕੰਮ ਕੀਤੇ ਜਾਂਦੇ ਹਨ । ਸੂਰਜ ਦੀ ਰੌਸ਼ਨੀ ਸਾਡੇ ਕੋਲੋਂ ਕਦੇ ਵੀ ਖਤਮ ਨਹੀਂ ਹੋਵੇਗੀ । ਪੰਜਾਬ ਦੇ ਵਿੱਚ ਜੋ ਪੇਡਾ (ਪੰਜਾਬ ਐਨਰਜੀ ਡੀਵੈਲਪਮੈਂਟ ਏਜੰਸੀ) ਹੈ, ਉਸ ਤੋਂ ਇਸ ਬਾਰੇ ਰਿਸਰਚ ਕਰਵਾ ਕੇ ਇਸ ਨੂੰ ਚਾਲੂ ਕੀਤਾ ਜਾ ਸਕਦਾ ਹੈ । ਅੱਜ ਜ਼ਮਾਨਾ ਬਦਲ ਰਿਹਾ ਹੈ । ਨਵੀਂ ਤੋਂ ਨਵੀਂ ਰੀਸਰਚ ਹੋ ਰਹੀ ਹੈ । ਪੰਜਾਬ ਦੇ ਵਿੱਚ ਰੀਸਰਚ ਸੈਂਟਰ ਲੁਧਿਆਣਾ ਵਿੱਚ ਸਿਲਾਈ ਮਸ਼ੀਨਾਂ ਅਤੇ ਸਾਇਕਲ ਪਾਰਟਸ ਬਾਰੇ, ਬਟਾਲੇ ਵਿੱਚ ਹੈਂਡ ਟੂਲਜ਼ ਬਾਰੇ, ਰਾਜਪੁਰੇ ਵਿੱਚ ਇਲੈਕਟਰੀਕਲ ਐਪਲਾਇੰਸਿਜ਼ ਬਾਰੇ ਅੋਰ ਏਸੇ ਤਰ੍ਹਾਂ ਹੀ ਇਕ ਰਿਸਰਚ ਸੈਂਟਰ ਰੀਰੋਲਿੰਗ ਬਾਰੇ ਮੰਡੀ ਗੋਬਿੰਦਗੜ੍ਹ ਵਿੱਚ ਹੈ । ਜਲੰਧਰ ਵਿੱਚ ਰਬੜ ਦਾ ਰਿਸਰਚ ਸੈਂਟਰ ਹੈ ਜੋ ਕਿ ਨਿਊ ਰਿਸਰਚ ਕਰਕੇ ਪੰਜਾਬ ਦੇ ਐਂਟਰੀਪ੍ਰੀਨਿਉਰ ਦੀ ਨਾਲਿਜ ਹੋਰ ਵਧਾ ਰਿਹਾ ਹੈ । ਇਹੋ ਜਿਹੇ ਸੈਂਟਰ ਹੋਰ ਖੋਲ੍ਹੇ ਜਾਣ । ਸਰਕਾਰ ਦੇ ਪੱਧਰ ਤੇ ਕੋਈ ਅਜਿਹੀ ਪਾਲਿਸੀ ਬਣਾਈ ਜਾਵੇ ਕਿ ਜੇਕਰ ਕੋਈ ਐਂਟਰੀਪ੍ਰੀਨਿਉਰ ਆਪਣੀ ਰਿਸਰਚ ਅੈਂਡ ਡਿਵੈਲਪਮੈਂਟ ਤੇ ਖਰਚ ਕਰੇ, ਉਸ ਨੂੰ ਟੈਕਸ ਤੋਂ ਰਾਹਤ ਦਾ ਬੈਨੀਫਿਟ ਦਿੱਤਾ ਜਾਵੇ ਤਾਂ ਕਿ ਜਿਹੜਾ ਰਿਸਰਚ ਦਾ ਰੁਝਾਨ ਹੈ, ਉਹ ਲੋਕਾਂ ਦੇ ਅੰਦਰ ਵਧੇ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ ਵਾਈਂਡ-ਅੱਪ ਕਰੋ ਜੀ ।

ਸ਼੍ਰੀ ਰਾਜ ਕੁਮਾਰ ਖੁਰਾਣਾ : ਅੱਜ ਵੋਕੇਸ਼ਨਲ ਸਟੱਡੀ ਬਾਰੇ ਗੱਲ ਕੀਤੀ ਜਾਂਦੀ ਹੈ । ਮੈਨੂੰ ਪਿੱਛੇ ਜਿਹੇ ਜਾਪਾਨ ਦਾ ਇੱਕ ਆਦਮੀ ਮਿਲਿਆ । ਉਸ ਨੇ ਦੱਸਿਆ ਕਿ ਅਸੀਂ ਆਪਣੀਆਂ ਫੈਕਟਰੀਜ਼ ਦੇ ਵਿੱਚ ਕੇਵਲ ਵਰਕਰਜ਼ ਹੀ ਰੱਖਦੇ ਹਾਂ , ਕੋਈ ਸੁਪਰਵਾਈਜ਼ਰ ਵਗੈਰਾ ਨਹੀਂ ਰੱਖਦੇ ਜਦਕਿ ਹਿੰਦੁਸਤਾਨ ਦੇ ਵਿੱਚ ਮੈਨੇਜਰ ਅੌਰ ਸੁਪਰਵਾਈਜ਼ਰ ਰੱਖਣ ਦੀ ਪ੍ਰਥਾ ਚੱਲ ਰਹੀ ਹੈ । ਅੱਜ ਸਾਨੂੰ ਆਪਣੇ ਵਰਕਰਜ਼ ਨੂੰ ਟਰੇਨਿੰਗ ਦੇਣ ਦੀ ਲੋੜ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਅੱਛੀ ਤਰ੍ਹਾਂ ਸਮਝ ਕੇ ਨਿਭਾਉਣ ਤਾਂ ਕਿ ਸੁਪਰਵਾਈਜ਼ਰ ਰੱਖਣ ਦੀ ਲੋੜ ਹੀ ਨਾ ਪਵੇ ਅੌਰ ਉਸ ਪੈਸੇ ਦੇ ਨਾਲ ਡਿਵੈਲਪਮੈਂਟ ਦੇ ਹੋਰ ਕੰਮ ਹੋ ਸਕਣ । ਵਰਕਰ ਹੀ ਆਪਣੀ ਜ਼ਿੰਮੇਵਾਰੀ ਨਾਲ ਸਹੀ ਤੌਰ ਤੇ ਠੀਕ ਕੰਮ ਕਰਨ, ਇਸ ਤਰ੍ਹਾਂ ਦਾ ਸਟੱਡੀ ਪ੍ਰੋਗਰਾਮ ਸਰਕਾਰ ਵਲੋਂ ਬਣਾਇਆ ਜਾਣਾ ਚਾਹੀਦਾ ਹੈ । ਐਮ. ਐਲ. ਈਜ਼ ਦਾ ਜਾਂ ਇੰਪਲਾਈਜ਼ ਦਾ ਕੋਈ ਨਾ ਕੋਈ ਸਟੱਡੀ ਟੂਰ ਬਾਹਰ ਦੇ ਲੋਕਾਂ ਨੂੰ ਜਿਹੜੇ ਕਿ ਐਨ. ਆਰ. ਆਈਜ਼ ਹਨ, ਐਨਕੱਰੇਜ ਕਰੇ ਤਾਂ ਕਿ ਉਹ ਲੋਕ ਪੰਜਾਬ ਦੇ ਵਿੱਚ ਆ ਕੇ ਹੋਰ ਇੰਡਸਟਰੀ ਲਗਾਉਣ ਅੌਰ ਏਥੇ ਆ ਕੇ ਇਨਵੈਸਟਮੈਂਟ ਕਰਨ ।

ਸਪੀਕਰ ਸਾਹਿਬ, ਇਹ ਠੀਕ ਹੈ ਕਿ ਸਾਡੇ ਬਹੁਤ ਸਾਰੇ ਸੱਜਣ ਰੌਲਾ ਪਾਉਂਦੇ ਹਨ ਕਿ ਜਿਹੜੇ ਗੌਰਮਿੰਟ ਦੇ ਅਦਾਰੇ ਹਨ, ਉਨ੍ਹਾਂ ਨੂੰ ਪ੍ਰਾਈਵੇਟਾਈਜ਼ ਕਿਉਂ ਨਹੀਂ ਕਰਦੇ । ਮੈਂ ਨਿੱਜੀ ਤੌਰ ਤੇ ਵੀ ਪ੍ਰਾਈਵੇਟਾਈਜ਼ੇਸ਼ਨ ਦੇ ਹੱਕ ਵਿਚ ਹਾਂ । ਕਿਉਂਕਿ ਗੌਰਮਿੰਟ ਦਾ ਕੰਮ ਗਵਰਨ ਕਰਨਾ ਹੁੰਦਾ ਹੈ ਨਾ ਕਿ ਦੁਕਾਨਦਾਰੀ ਕਰਨਾ । ਬਹੁਤ ਸਾਰੇ ਸਾਡੇ ਸਿੱਕ ਯੂਨਿਟਸ ਹਨ ਜਿਹੜੇ ਕਿ ਘਾਟੇ ਵਿੱਚ ਚਲਦੇ ਹਨ । ਪੰਜਾਬ ਸਰਕਾਰ ਨੇ ਕਈ ਉਪਰਾਲੇ ਕਰਕੇ ਕਈ ਯੂਨਿਟ ਪ੍ਰਾਫਿਟ ਦੇ ਵਿੱਚ ਲੈ ਆਂਦੇ ਹਨ ਪਰ ਫਿਰ ਵੀ ਕਈ ਯੂਨਿਟਸ ਹਾਲੇ ਵੀ ਅਜਿਹੇ ਹਨ ਜਿਹੜੇ ਕਿ ਘਾਟੇ ਵਿੱਚ ਹਨ । ਮੈਂ ਸਰਕਾਰ ਨੂੰ ਇਸ ਬਾਰੇ ਰਿਕੁਐਸਟ ਕਰਾਂਗਾ ਕਿ ਇਨ੍ਹਾਂ ਨੂੰ ਪ੍ਰਾਈਵੇਟਾਈਜ਼ ਕਰ ਦਿਉ ਤਾਂ ਕਿ ਜਿਹੜਾ ਲੋਕਾਂ ਦਾ ਪੈਸਾ ਹੈ, ਉਹ ਵੇਸਟ ਨਾ ਜਾਵੇ । ਉਹ ਪ੍ਰਾਈਵੇਟਾਈਜ਼ ਹੋ ਜਾਣ ਨਾਲ ਪ੍ਰਾਫਿਟ ਵਿੱਚ ਆ ਜਾਣਗੇ । ਇਸ ਦੇ ਨਾਲ ਹੀ ਅੌਗਰੋ ਬੇਸਡ ਇੰਡਸਟਰੀ ਨੂੰ ਵੀ ਐਨਕਰੇਜ ਕਰਨਾ ਚਾਹੀਦਾ ਹੈ । ਜਿਹੜੇ 'ਏ' ਕੈਟੇਗਰੀਜ਼ ਦੇ ਵਿੱਚ ਬਾਰਡਰ ਡਿਸਟ੍ਰਿਕਟਸ ਦੇ ਯੂਨਿਟ ਗਿਣੇ ਜਾਂਦੇ ਹਨ, ਉਨ੍ਹਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ । ਜਿਸ ਤਰ੍ਹਾਂ ਸਾਡੇ ਫਾਇਨਾਂਸ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਸੇਲਜ਼ ਟੈਕਸ ਅੌਗਜ਼ੰਪਟ ਕਰ ਦਿੱਤਾ ਹੈ ਅੌਰ ਸੇਲਜ਼ ਟੈਕਸ ਬੈਰੀਅਰ ਖਤਮ ਕਰ ਦਿੱਤੇ ਹਨ, ਇਸ ਦਾ ਵਪਾਰੀ ਵਰਗ ਵੱਲੋਂ ਬੜਾ ਵੈਲਕਮ ਕੀਤਾ ਗਿਆ ਹੈ । ਇਸ ਸਹੂਲਤ ਨੂੰ ਉਨ੍ਹਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ । ਬ੍ਰੈੱਡ ਅੌਰ ਬਿਸਕੁਟ ਤੇ ਵੀ ਛੋਟਾਂ ਦਿੱਤੀਆਂ ਗਈਆਂ ਹਨ । ਪੰਜਾਬ ਦੇ ਵਿੱਚ ਅਨਾਜ ਬਹੁਤ ਸਰਪਲੱਸ ਹੈ । ਇਸੇ ਤਰ੍ਹਾਂ ਕੋਈ ਸਕੀਮ ਬਣਾ ਕੇ ਇਸ ਦੀ ਵੀ ਕਨਜ਼ੰਪਸ਼ਨ ਵਧਾਈ ਜਾਵੇ । ਜੋ ਬ੍ਰੈੱਡ ਅੌਰ ਬਿਸਕੁਟ ਹੈ, ਇਹ ਸਾਡਾ ਪਰਾਸੈਸੱਡ ਫੂਡ ਹੈ, ਇਸ ਨੂੰ ਹੋਰ ਇਨਸੈਂਟਿਵ ਦਿੱਤਾ ਜਾਵੇ ।

Original with;
Punjab Vidhan Sabha
Digitized by;
Punjab Digital Library

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ ਜੀ ।

ਸ਼੍ਰੀ ਰਾਜ ਕੁਮਾਰ ਖੁਰਾਣਾ : ਸਾਨੂੰ ਵੱਧ ਤੋਂ ਵੱਧ ਫੋਕਲ ਪੁਆਇੰਟ ਬਣਾਉਣੇ ਚਾਹੀਦੇ ਹਨ ਤਾਂ ਕਿ ਇੰਡਸਟਰੀਅਲਿਸਟ ਖੇਤਾਂ ਵਿੱਚ ਜਾ ਕੇ ਇੰਡਸਟਰੀ ਨਾ ਲਗਾਉਣ ਸਗੋਂ ਫੋਕਲ ਪੁਆਇੰਟ ਵਿੱਚ ਪਲਾਨਡ ਵੇਅ ਨਾਲ ਇੰਡਸਟਰੀ ਲਗਾਉਣ । ਇਸ ਸਰਕਾਰ ਨੇ ਕਈ ਫੋਕਲ ਪੁਆਇੰਟ ਬਣਾਏ ਹਨ । ਹਾਜੀਪੁਰਾ ਵਿੱਚ ਫੇਸ-2 ਫੋਕਲ ਪੁਆਇੰਟ ਵੀ ਹੋਣਾ ਚਾਹੀਦਾ ਹੈ ਅੌਰ ਹਾਜੀਪੁਰਾ ਵਿੱਚ ਜਿਸ ਡਰਾਈ ਪੋਰਟ ਵਾਸਤੇ ਜ਼ਮੀਨ ਸਰਕਾਰ ਨੇ ਖਰੀਦੀ ਹੈ, ਉਸ ਨੂੰ ਛੇਤੀ ਡਾਮੀਰ ਕਰਨਾ ਚਾਹੀਦਾ ਹੈ । ਇਸ ਤੋਂ ਬਾਅਦ ਸੇਲਜ਼ ਟੈਕਸ ਦੀ ਜਿਹੜੀ ਸਿੰਪਲੀਫਿਕੇਸ਼ਨ ਅਤੇ ਰੈਸ਼ਨੇਲਾਈਜ਼ੇਸ਼ਨ ਕੀਤੀ ਗਈ ਹੈ, ਉਸ ਨੂੰ ਹੋਰ ਅੱਗੇ ਸਿੰਪਲੀਫਾਈ ਕੀਤਾ ਜਾਵੇ ਅਤੇ ਫਸਟ ਸਟੇਜ ਤੇ ਹੀ ਟੈਕਸ ਲਗਾਇਆ ਜਾਵੇ । ਇਸ ਦੇ ਨਾਲ ਹੀ ਜਿਹੜੀ ਪੰਜਾਬ ਸਰਕਾਰ ਨੇ ਬਜਟ ਡਿਮਾਂਡ 58,85,30,000 ਰੁਪਏ ਦੀ ਰੱਖੀ ਹੈ, ਉਸ ਦੀ ਪ੍ਰੋੜਤਾ ਕਰਦਾ ਹੋਇਆ ਮੈਂ ਧੰਨਵਾਦ ਕਰਦਾ ਹਾਂ ।

ਕਾਮਰੇਡ ਅਜੈਬ ਸਿੰਘ ਰੌਂਤਾ (ਨਿਹਾਲ ਸਿੰਘ ਵਾਲਾ, ਐਸ. ਸੀ.) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤਸੀਂ ਮੈਨੂੰ ਇੰਡਸਟਰੀ ਅਤੇ ਸਹਿਕਾਰਤਾ ਵਿਭਾਗ ਦੀਆਂ ਬਜਟ ਡਿਮਾਂਡਜ਼ ਉਤੇ ਸੀ. ਪੀ. ਆਈ. ਗਰੁੱਪ ਵੱਲੋਂ ਇਸ ਮਹਾਨ ਸਦਨ ਵਿੱਚ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ । ਸਰ, ਬਾਰ ਬਾਰ ਇਹ ਗੱਲ ਆਉਂਦੀ ਹੈ ਕਿ ਸਾਡੇ ਇਸ ਪੰਜਾਬ ਵਿੱਚ ਇੰਡਸਟਰੀ ਲੱਗ ਰਹੀ ਹੈ ਅਤੇ ਪੰਜਾਬ ਦੇ ਬੇਰੁਜ਼ਗਾਰ ਨੌਜਵਾਨ ਨੂੰ ਰੁਜ਼ਗਾਰ ਦੇਣ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ ਗਿਆ ਹੈ । ਮੇਰੇ ਸਾਹਮਣੇ ਬੈਠੇ ਵੀਰ, ਟਰੈਜ਼ਰੀ ਬੈਂਚਾਂ ਵੱਲੋਂ ਵੀ ਬਾਰ ਬਾਰ ਇਨ੍ਹਾਂ ਗੱਲਾਂ ਦਾ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬ ਵਿੱਚ ਅਮਨ ਆਉਣ ਤੋਂ ਬਾਅਦ, ਪੰਜਾਬ ਦੇ ਮਾੜੇ ਹਾਲਾਤ ਤੋਂ ਬਾਅਦ ਸਾਡੇ ਪੰਜਾਬ ਨੇ ਇੰਡਸਟਰੀ ਵੱਲ ਮੋੜਾ ਕੱਟਿਆ ਹੈ ਅਤੇ ਅਸੀਂ ਹਰ ਬੇਰੁਜ਼ਗਾਰ ਨੌਜਵਾਨ ਨੂੰ ਰੁਜ਼ਗਾਰ ਦੇ ਕੇ ਪੰਜਾਬ ਨੂੰ ਪੱਕੇ ਪੈਰੀਂ ਖੜ੍ਹਾ ਕਰ ਦਿੱਤਾ ਹੈ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਵਿੱਚ ਲਗਾਤਾਰ ਮਸ਼ੀਨੀਕਰਨ ਹੋਣ ਨਾਲ ਜਿਹੜੀ ਕੰਮ ਦੀ ਦਰ ਹੈ, ਉਹ ਘਟ ਗਈ ਹੈ । ਗਰੀਬ ਕਿਸਾਨ ਨੂੰ, ਗਰੀਬ ਮਜ਼ਦੂਰ ਨੂੰ 365 ਦਿਨਾਂ ਵਿੱਚ ਕੇਵਲ 100 ਦਿਨ ਹੀ ਕੰਮ ਜੁੜਦਾ ਹੈ ਅਤੇ ਇਹ ਸੌ ਦਿਨ ਕੰਮ ਕਰਕੇ ਜਦੋਂ ਉਹ ਫਿਰ ਬੇਰੁਜ਼ਗਾਰ ਹੋ ਗਿਆ ਤਾਂ ਪੰਜਾਬ ਦਾ ਨੌਜਵਾਨ ਜਿਹੜਾ ਪਹਿਲਾਂ ਹੀ ਬੇਰੁਜ਼ਗਾਰ ਹੈ, ਉਸ ਦਾ ਕੀ ਹਾਲ ਬਣੇਗਾ, ਇਸ ਗੱਲ ਲਈ ਸਾਨੂੰ ਚਿੰਤਾਤੁਰ ਹੋਣਾ ਚਾਹੀਦਾ ਹੈ । ਸਤਿਕਾਰਯੋਗ ਸਪੀਕਰ ਸਾਹਿਬ, ਮਸ਼ੀਨੀਕਰਨ ਹੋਣ ਤੋਂ ਬਾਅਦ ਜੇਕਰ ਕਾਮਿਆਂ ਨੂੰ ਰੁਜ਼ਗਾਰ ਨਾ ਮਿਲਿਆ, ਪੰਜਾਬ ਦੇ ਕਿਸਾਨ ਨੂੰ ਅਤੇ ਮਜ਼ਦੂਰ ਵਰਗ ਨੂੰ ਜਦੋਂ ਕੰਮ ਨਾ ਮਿਲਿਆ ਜਿਸ ਕੰਮ ਦੇ ਲਈ ਉਹ ਕਿੰਨਾ ਤਰਲੋਮੱਛੀ ਹੁੰਦਾ ਰਹਿੰਦਾ ਹੈ ਤਾਂ ਫਿਰ ਉਹ ਸ਼ਹਿਰਾਂ ਵਾਲੇ ਪਾਸੇ ਨੂੰ ਉਠ ਤੁਰੇਗਾ । ਜੇਕਰ ਉਸ ਨੂੰ ਉਥੇ ਵੀ ਕੰਮ ਨਹੀਂ ਮਿਲਦਾ ਤਾਂ ਫਿਰ ਉਸ ਨੂੰ ਭੰਗ ਟਪਾਉਣ ਲਈ ਜ਼ਿਮੀਂਦਾਰ ਕੋਲ ਜਾ ਕੇ ਦਿਹਾੜੀ ਕਰਨੀ ਪਵੇਗੀ ਅਤੇ ਫਿਰ ਸ਼ਾਮ ਨੂੰ ਜਦੋਂ ਉਹ ਰੋਟੀ ਲਈ ਹੱਥ ਅੱਡੇਗਾ ਤਾਂ ਫਿਰ ਜ਼ਿਮੀਂਦਾਰ ਨੂੰ ਮੌਤ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅੰਜੈਬ ਸਿੰਘ ਰੌਂਤਾ]

ਨਜ਼ਰ ਆਉਂਦੀ ਹੈ । ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਇੰਡਸਟਰੀ ਲਗਾ ਕੇ ਦੇਵੇ ਅਤੇ ਮਜ਼ਦੂਰਾਂ ਨੂੰ, ਗਰੀਬਾਂ ਨੂੰ, ਛੋਟੇ ਕਿਸਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਜਾਵੇ । ਸਾਡੀ ਪਾਰਟੀ ਨੇ ਵੀ ਅਤੇ ਹੋਰ ਸੂਝਵਾਨ ਲੋਕਾਂ ਨੇ ਵੀ ਬਾਰ ਬਾਰ ਇਹ ਕਿਹਾ ਹੈ ਕਿ ਜੋ ਮਿੱਲਾਂ ਸਾਡੇ ਪੰਜਾਬ ਵਿੱਚ ਲੱਗ ਰਹੀਆਂ ਹਨ ਅਤੇ ਜਿੱਸ ਤਰ੍ਹਾਂ ਬਾਰ ਬਾਰ ਪੰਜਾਬ ਅਸੈਂਬਲੀ ਵਿੱਚ ਵੀ ਕਿਹਾ ਗਿਆ ਹੈ, ਉਹ ਘਾਟੇ ਦੀਆਂ ਮਿੱਲਾਂ ਹਨ ਅਤੇ ਉਨ੍ਹਾਂ ਉਤੇ ਖਪਤ ਕਰਨ ਤੋਂ ਇਲਾਵਾ ਹੋਰ ਕੁਝ ਨਹੀਂ ਪੱਲੇ ਪੈਣਾ । ਜਿਵੇਂ ਗੰਨਾ ਮਿੱਲਾਂ ਹਨ, ਜੇਕਰ ਉਨ੍ਹਾਂ ਨੂੰ ਗੰਨਾ ਹੀ ਨਾ ਪੂਰਾ ਮਿਲਿਆ ਤਾਂ ਫਿਰ ਉਹ ਘਾਟੇ ਵਿਚ ਹੀ ਜਾਣਗੀਆਂ । ਇਸ ਤਰ੍ਹਾਂ ਨਾਲ ਜਿਹੜਾ ਸਾਡੇ ਪੰਜਾਬ ਦਾ ਸਰਮਾਇਆ ਹੈ, ਉਸ ਸਾਰੇ ਨੂੰ ਤੁਸੀਂ ਥੋੜ੍ਹੇ ਥੋੜ੍ਹੇ ਪੈਸਿਆਂ ਵਿੱਚ ਆਪਣੇ ਬੰਦਿਆਂ ਨੂੰ ਵੇਚ ਦੇਣਾ ਹੈ । ਸਪੀਕਰ ਸਾਹਿਬ, ਇਥੇ ਜ਼ਿਕਰ ਹੋਇਆ ਕਿ ਫਰੀਦਕੋਟ ਮਿੱਲ ਲੱਗੀ ਹੈ, ਜਗਰਾਵਾਂ ਵਿੱਚ ਮਿੱਲ ਲੱਗੀ ਹੈ, ਬੁਢਲਾਡਾ ਵਿੱਚ ਲੱਗੀ ਹੈ, ਬੁੱਢੇਵਾਲ ਵਿੱਚ ਲੱਗੀ ਹੈ । ਇਨ੍ਹਾਂ ਮਿੱਲਾਂ ਵਿੱਚ, ਸਪੀਕਰ ਸਾਹਿਬ, ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਸਹਿਕਾਰਤਾ ਅਤੇ ਇੰਡਸਟਰੀ ਦੇ ਵਜ਼ੀਰਾਂ ਨੇ ਇਹ ਕਿਹਾ ਕਿ ਸੀ.ਪੀ.ਆਈ. ਅਤੇ ਸੀ. ਪੀ. ਐਮ. ਵਾਲੇ ਲਾਲ ਝੰਡੇ ਚੁੱਕ ਕੇ ਮੁਜ਼ਾਹਰੇ ਹੀ ਕਰਦੇ ਫਿਰਦੇ ਰਹਿੰਦੇ ਹਨ ਪਰ ਹੁਣ ਕੋਈ ਮੁਜ਼ਾਹਰੇ ਨਹੀਂ ਹੋ ਰਹੇ । ਇਕ ਗੱਲ ਮੇਰੀ ਇਹ ਕੰਨ ਖੋਲ੍ਹ ਕੇ ਸੁਣ ਲੈਣ ਕਿ ਮੁਜ਼ਾਹਰੇ ਅੱਜ ਵੀ ਹੋ ਰਹੇ ਹਨ । ਤਿੰਨ ਮਹੀਨੇ ਹੋ ਗਏ ਹਨ, ਬਠਿੰਡਾ ਮਿੱਲ ਨੂੰ ਬੰਦ ਪਈ ਨੂੰ । ਉਥੇ ਬਾਵਾ ਸ਼ੂ ਫੈਕਟਰੀ ਵਿੱਚ ਜੋ ਸਾਡੀਆਂ ਬੇਰੁਜ਼ਗਾਰ ਲੜਕੀਆਂ ਜੁੱਤੀਆਂ ਬਣਾਉਂਦੀਆਂ ਹਨ, ਉਹ ਅੱਜ ਧਰਨਾ ਮਾਰ ਕੇ ਬੈਠੀਆਂ ਹੋਈਆਂ ਹਨ । ਪੰਜਾਬ ਅਸੈਂਬਲੀ ਵਿੱਚ ਕਿਹਾ ਗਿਆ ਹੈ ਕਿ ਮਿੱਲ ਵੇਚਣ ਤੋਂ ਬਾਅਦ ਅਸੀਂ ਉਥੋਂ ਦੇ ਵਰਕਰਾਂ ਨੂੰ ਤਨਖਾਹ ਦੇਵਾਂਗੇ । ਮੇਰੇ ਸਾਹਮਣੇ ਬੈਠੇ ਸਾਥੀ ਕਹਿ ਰਹੇ ਹਨ ਕਿ ਪੰਜਾਬ ਦੇ ਹਾਲਾਤ ਠੀਕ ਹੋ ਰਹੇ ਹਨ ਪਰ ਹਾਲਤ ਇੱਥੋਂ ਤੱਕ ਪੁੱਜ ਚੁੱਕੀ ਹੈ ਕਿ ਪੰਜਾਬ ਦੇ ਖੇਤ ਮਜ਼ਦੂਰਾਂ ਅਤੇ ਬੇ-ਜ਼ਮੀਨੇ ਕਿਸਾਨਾਂ ਬਾਰੇ ਕਿਸੀ ਸ਼ਾਇਰ ਨੇ ਲਿਖਿਆ ਹੈ :

"ਤੇਰੀ ਜ਼ਿੰਦਗੀ ਕਾਮਿਆ ਬੜੀ ਔਖੀ,
ਭੁੱਖ ਨੰਗ ਦੇ ਨਾਲ ਜੋ ਮੁਕਦੀ ਏ ।

ਜਿਸ ਬੰਦੇ ਨੂੰ ਰੱਜ ਨਾ ਮਿਲੇ ਰੋਟੀ,
ਕੀ ਜ਼ਿੰਦਗੀ ਉਸ ਮਨੁੱਖ ਦੀ ਏ ।

ਸ਼ਰੇ ਆਮ ਅੱਜ ਸੜਕਾਂ ਤੇ ਰੁਲਣ ਕਾਮੇ,
ਨਾ ਗੱਲ ਕਿਸੇ ਤੋਂ ਰੌਂਤਿਆ ਲੁਕਦੀ ਏ ।"

ਇਹ ਠੀਕ ਹੈ ਕਿ ਇੰਡਸਟਰੀ ਪੰਜਾਬ ਵਿੱਚ ਲੱਗਣੀ ਚਾਹੀਦੀ ਹੈ ਪਰ ਸਾਡੀ ਸਹਕਾਰ ਉਨ੍ਹਾਂ ਲੋਕਾਂ, ਇੰਡਸਟਰੀਅਲਿਸਟਾਂ ਨਾਲ ਰਲੀ ਹੋਈ ਹੈ ਔਰ ਮਿੱਲਾਂ ਨੂੰ ਕੌਡੀਆਂ ਦੇ ਭਾਅ ਵੇਚ ਰਹੀ ਹੈ । ਇੰਡਸਟਰੀ ਪੰਜਾਬ ਵਿੱਚ ਲੱਗੇ, ਅਸੀਂ ਇਸ ਦੀ ਵਿਰੋਧਤਾ ਨਹੀਂ ਕਰਦੇ ਪਰ ਇੰਡਸਟਰੀ ਉਥੇ ਲੱਗਣੀ ਚਾਹੀਦੀ ਹੈ ਜਿੱਥੇ ਇੰਡਸਟਰੀ

Original with;
Punjab Vidhan Sabha
Digitized by;
Panjab Digital Library

ਦਾ ਪ੍ਰਦੂਸ਼ਣ ਲੋਕਾਂ ਤੇ ਪ੍ਰਭਾਵੀ ਨਾ ਹੋਵੇ ਅੱਤੇ ਕਿਸਾਨਾਂ ਤੇ ਮਾੜਾ ਪ੍ਰਭਾਵ ਨਾ ਪਾਵੇ। ਇਨ੍ਹਾਂ ਗੱਲ੍ਹਾਂ ਨੂੰ ਮੁੱਖ ਰੱਖ ਕੇ ਹੀ ਇੰਡਸਟਰੀ ਵਾਸਤੇ ਜ਼ਮੀਨ ਖਰੀਦਣੀ ਚਾਹੀਦੀ ਹੈ ਅੱਤੇ ਬੰਜਰ ਜ਼ਮੀਨ ਜਾਂ ਜਿੱਥੇ ਪਾਣੀ ਮੁਹੱਈਆ ਨਹੀਂ ਹੁੰਦਾ, ਉਥੇ ਸਰਕਾਰ ਜ਼ਮੀਨ ਐਕੁਆਇਰ ਕਰੁਕੇ ਇੰਡਸਟਰੀ ਲਗਾਵੇ। ਇਹ ਸਾਡੀ ਪੁਰਜ਼ੋਰ ਮੰਗ ਹੈ। ਇਸ ਦੇ ਨਾਲ ਹੀ ਅਸੀਂ ਪੰਜਾਬ ਅਸੈਂਬਲੀ ਵਿੱਚ ਇਹ ਮੰਗ ਕਰਦੇ ਹਾਂ ਕਿ ਜ਼ਮੀਨਾਂ ਦੇ ਅਸਲੀ ਰੇਟ ਲਾਗੂ ਹੋਣੇ ਚਾਹੀਦੇ ਹਨ। ਅਸਲ ਗੱਲ ਕੀ ਹੁੰਦੀ ਹੈ ! ਸਪੀਕਰ ਸਾਹਿਬ, ਜਦੋਂ ਜ਼ਮੀਨ ਖਰੀਦਣੀ ਹੁੰਦੀ ਹੈ ਤਾਂ ਉਸ ਦੀ ਕੀਮਤ ਦਹ ਘੱਟ ਰੱਖ ਕੇ ਕੌਡੀਆਂ ਦੇ ਭਾਅ ਖਰੀਦੀ ਜਾਂਦੀ ਹੈ। ਮੈਂ ਆਪਣੇ ਗਰੁੱਪ ਵੱਲੋਂ ਪੁਰਜ਼ੋਰ ਮੰਗ ਕਰਦਾ ਹਾਂ ਕਿ ਇੰਡਸਟਰੀ ਲਿਸਟਾਂ ਨੂੰ ਬੰਜਰ ਥਾਂ ਤੇ ਜ਼ਮੀਨ ਮਹੱਈਆ ਕੀਤੀ ਜਾਵੇ ਅੱਤੇ ਜ਼ਮੀਨ ਨੂੰ ਕੌਡੀਆਂ ਦੇ ਭਾਅ ਨਾ ਵੇਚਿਆ ਜਾਵੇ। ਜਿਹੜਾ ਜ਼ਮੀਨ ਦਾ ਮਾਲਕ ਹੈ, ਉਸ ਨੂੰ ਜ਼ਮੀਨ ਦਾ ਪੂਰਾ ਮੁੱਲ ਮਿਲਣਾ ਚਾਹੀਦਾ ਹੈ। ਕਾਰਖਾਨੇਦਾਰ ਆਪਣੇ ਆਪ ਨੂੰ ਅਠਾਰਵੀਂ ਸਦੀ ਦੇ ਇਜਾਰੇਦਾਰ ਕਹਾਉਂਦੇ ਹਨ। ਮਜ਼ਦੂਰਾਂ ਦੀ ਛਿੱਲ ਲਾਹੁੰਦੇ ਹਨ। ਜਦੋਂ ਮਜ਼ਦੂਰ ਪ੍ਰਾਈਵੇਟ ਮਾਲਕਾਂ ਤੋਂ ਕੋਈ ਮੰਗ ਕਰਦਾ ਹੈ ਜਾਂ ਬੋਨਸ ਦੀ ਮੰਗ ਕਰਦਾ ਹੈ ਤਾਂ ਉਸ ਸਮੇਂ ਪੰਜਾਬ ਸਰਕਾਰ ਇੰਡਸਟਰੀਲਿਸਟਾਂ ਦਾ ਪੱਖ ਪੂਰਦੀ ਹੈ, ਉਥੇ ਪੰਜਾਬ ਪੁਲਿਸ ਭੇਜੀ ਜਾਂਦੀ ਹੈ ਅੱਤੇ ਸਾਡੇ ਮਜ਼ਦੂਰਾਂ ਤੇ ਬੇਤਹਾਸ਼ਾ ਜ਼ੁਲਮ ਹੁੰਦਾ ਹੈ। ਉਨ੍ਹਾਂ ਦੇ ਬੈਨਰ ਫਾੜ ਦਿੱਤੇ ਜਾਂਦੇ ਹਨ, ਉਨ੍ਹਾਂ ਦੇ ਲਗਾਏ ਝੰਡੇ ਉਖਾੜ ਦਿੱਤੇ ਜਾਂਦੇ ਹਨ। ਮੇਰੇ ਸਾਥੀ ਕਹਿੰਦੇ ਹਨ ਕਿ ਪੰਜਾਬ ਵਿੱਚ ਇਤਨਾ ਕੰਮ ਹੋਇਆ ਹੈ ਜਿੰਨਾ ਪਹਿਲਾਂ ਕਿਸੀ ਨੇ ਨਹੀਂ ਕੀਤਾ।

*11.19 ਵਜੇ ਪੂਰਵ ਦੁਪਹਿਰ

(* ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਮੈਂ ਬੇਨਤੀ ਕਰਦਾ ਹਾਂ ਕਿ ਗੋਇੰਦਵਾਲ ਦੀ ਗੱਲ ਲੈ ਲਓ। ਉਥੇ ਸਾਡੀਆਂ ਧੀਆਂ ਜੋ ਫੈਕਟਰੀ ਵਿਚ ਕੰਮ ਕਰਦੀਆਂ ਸਨ, ਬਾਹਰ ਬੈਠੀਆਂ ਹਨ। ਬਠਿੰਡੇ ਦੀ ਸਥਾਨਕ ਮਿੱਲ ਬਾਵਾ ਸ਼ੂ ਫੈਕਟਰੀ ਵਿਖੇ ਹੜਤਾਲ ਚਲ ਰਹੀ ਹੈ। ਇਸੇ ਤਰ੍ਹਾਂ ਰੋਪੜ ਦੀ ਪੰਜਾਬ ਲੈਦਰ ਲਿਮਟਿਡ ਫੈਕਟਰੀ ਹੈ ਜੋ ਮਨਮਾਜਰੇ ਹੈ, ਉਥੇ ਜਿਹੜੇ ਵਰਕਰ ਆਪਣੀਆਂ ਮੰਗਾਂ ਵਾਸਤੇ, ਡਿਮਾਂਡਾਂ ਵਾਸਤੇ ਲਗਾਤਾਰ ਸੰਘਰਸ਼ ਕਰਨ ਵਿੱਚ ਯਤਨਸ਼ੀਲ ਸਨ, ਉਨ੍ਹਾਂ ਤੇ ਮਿੱਲ ਮਾਲਕਾਂ ਦੇ ਗੁੰਡਿਆਂ ਨੇ ਜ਼ੁਲਮ ਕੀਤਾ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਦੇ ਜਥਰ ਨੂੰ ਰੋਕੇ ਤਾਂ ਕਿ ਮਜ਼ਦੂਰਾਂ ਦੇ ਘਰ ਦੇ ਠੰਡੇ ਚੁੱਲ੍ਹੇ ਫਿਰ ਤਪਣ ਅੱਤੇ ਉਨ੍ਹਾਂ ਨੂੰ ਰੁਜ਼ਗਾਰ ਮੁਹੱਈਆ ਹੋਵੇ। ਡਿਪਟੀ ਸਪੀਕਰ ਸਾਹਿਬ, ਇੰਡਸਟਰੀਆਂ ਲਗਾਈਆਂ ਜਾਂਦੀਆਂ ਹਨ। ਇੰਡਸਟਰੀ ਲੱਗਣ ਤੋਂ ਪਹਿਲਾਂ ਇੰਡਸਟਰੀ-ਲਿਸਟ ਅੱਤੇ ਡਿਪਾਰਟਮੈਂਟ ਨਾਲ ਅੱਡਜਸਟਮੈਂਟ ਹੋਣੀ ਚਾਹੀਦੀ ਹੈ। ਇਥੇ ਡੇਰਾਬੱਸੀ ਦੀ ਗੱਲ ਚੱਲੀ ਹੈ। ਇਹ ਇਸ ਹਾਊਸ ਵਿਚ ਲਗਾਤਾਰ ਕਈ ਦਿਨ ਚਰਚਾ ਦਾ ਵਿਸ਼ਾ ਬਣੀ ਰਹੀ ਹੈ ਅੱਤੇ ਇਸ ਹਾਊਸ ਵਿਚ ਸੀ, ਐਮ. ਸਾਹਿਬ ਨੇ ਕਿਹਾ ਹੈ ਕਿ ਡੇਰਾਬੱਸੀ ਵਿਖੇ ਜਿਹੜਾ ਬੁੱਚੜਖਾਨਾ ਹੈ, ਉਸ ਨੂੰ ਬੰਦ ਕਰ ਦਿੱਤਾ ਗਿਆ ਹੈ ਪਰ ਉਥੇ ਦੇ ਇੰਡਸਟਰੀ-ਲਿਸਟ ਨੇ ਅਖਬਾਰਾਂ ਵਿਚ ਬਿਆਨ ਦਿੱਤਾ ਹੈ ਕਿ ਅਸੀਂ ਕੋਈ ਕਾਰਖਾਨਾ ਬੰਦ ਨਹੀਂ ਕਰਾਂਗੇ। ਇਸ ਨਾਲ ਸਰਕਾਰ ਦੀ ਪੁਜ਼ੀਸ਼ਨ ਹਾਸੋਹੀਣੀ ਬਣ ਜਾਂਦੀ ਹੈ। ਮੈਂ ਕਹਾਂਗਾ :

Original with;
Punjab Vidhan Sabha
Digitized by;
Punjab Digital Library

[ਕਾਮਰੇਡ ਅਜੈਬ ਸਿੰਘ ਰੌਂਤਾ]

ਕਰਨਾ ਹੋਵੇ ਜੇ ਮੋਰਚਾ ਫਤਹਿ ਕੋਈ,
ਪਹਿਲਾਂ ਆਪਣਾ ਸੀਸ ਕਟਾਉਣਾ ਸਿੱਖੋ ।
ਬੁਝਦੀ ਹੁੰਦੀ ਏ ਕਿਸੇ ਦੇ ਫੇਰ ਮਗਰੋਂ,
ਪਹਿਲਾਂ ਆਪਣੀ ਲੱਗੀ ਬੁਝਾਉਣਾ ਸਿੱਖੋ ।

ਪਹਿਲਾਂ ਆਪਣੀ ਪੀੜ੍ਹੀ ਥੱਲੇ ਸੋਟਾ ਫੇਰ ਕੇ ਫਿਰ ਗੱਲਾਂ ਕਰਨੀਆਂ ਚਾਹੀਦੀਆਂ ਹਨ । ਉਸ ਤੋਂ ਬਾਅਦ ਹਾਊਸ ਵਿੱਚ ਗੱਲਾਂ ਕਰੋ । ਇੰਡਸਟ੍ਰੀਲਿਸਟ ਜਾਂ ਮੁੱਖ ਮੰਤਰੀ ਹੋਣ, ਉਸ ਦੇ ਬਰਾਬਰਤਾ ਦੇ ਬਿਆਨ ਹੋਣ, ਤਾਂ ਹੀ ਪਿੰਡਾਂ ਵਿਚਲੇ ਲੋਕ ਇਸ ਬਿਆਨ ਨੂੰ ਠੀਕ ਸਮਝਣਗੇ । ਇਹ ਸਾਰੀ ਗੱਲ ਗੁਮਰਾਹਕੁੰਨ ਸਾਬਤ ਹੋਈ ਹੈ । ਮੈਂ ਬੇਨਤੀ ਕਰਨੀ ਚਾਹਾਂਗਾ ਕਿ ਇਹ ਜਿਹੜੀ ਫੈਕਟਰੀ ਹੈ, ਇਸ ਦਾ ਮਸਲਾ ਹੱਥ ਵਿੱਚ ਲੈ ਕੇ ਖੁੱਚੜਖਾਨਾ ਬੰਦ ਕੀਤਾ ਜਾਵੇ । ਮੈਂ ਸਮਝਦਾ ਹਾਂ ਕਿ ਗਊਆਂ ਦਾ ਕਤਲ ਕਰਨਾ ਜਾਂ ਮੀਟ ਲੈ ਕੇ ਜਾਣਾ, ਇਹ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦੇ ਵਿਰੁੱਧ ਹੈ । ਲੋਕਾਂ ਨੇ ਰਾਜਭਾਗ ਲੈ ਕੇ ਦਿੱਤਾ । ਲੋਕ ਰਾਤਾਂ ਨੂੰ ਜਾਗ ਕੇ ਪਹਿਰੇ ਲਾ ਕੇ ਅਵਾਰਾ ਡੰਗਰਾਂ ਤੋਂ ਆਪਣੀਆਂ ਫਸਲਾਂ ਨੂੰ ਬਚਾਉਂਦੇ ਹਨ । ਕਿਸ ਤਰ੍ਹਾਂ ਉਹ ਦਿਨ ਰਾਤ ਬੈਠੇ ਰਹਿੰਦੇ ਹਨ ਅਤੇ ਕਿਸ ਤਰ੍ਹਾਂ ਲੜਾਈਆਂ ਹੁੰਦੀਆਂ ਹਨ । ਡਿਪਟੀ ਸਪੀਕਰ ਸਾਹਿਬ, ਕਿਸ ਤਰ੍ਹਾਂ ਉਨ੍ਹਾਂ ਅਵਾਰਾ ਡੰਗਰਾਂ ਨਾਲ ਪਿੰਡਾਂ ਵਿੱਚ ਮਸਲੇ ਖੜ੍ਹੇ ਹੁੰਦੇ ਹਨ । ਖੁੱਚੜਖਾਨਾ ਬੰਦ ਕਰਨਾ, ਉਸ ਨੂੰ ਲਾਉਣ ਦੀ ਗੱਲ ਹੈ ਜਾਂ ਨਾ ਲਾਉਣ ਦੀ ਗੱਲ ਹੈ, ਇਹ ਸਰਕਾਰ ਦੀ ਆਪਣੀ ਪਾਲਿਸੀ ਹੈ, ਲੇਕਿਨ ਮੈਂ ਕਹਿਣਾ ਚਾਹਾਂਗਾ ਕਿ ਪੰਜਾਬ ਦੇ ਕਿਸਾਨਾਂ ਦਾ ਜਿਹੜਾ ਸਰਮਾਇਆ ਹੈ, ਜੋ ਅਨਾਜ ਹੈ, ਉਹ ਆਵਾਰਾ ਪਸ਼ੂਆਂ ਦੇ ਨਾਲ ਉਜਾੜਿਆ ਜਾਂਦਾ ਹੈ । ਇਸ ਲਈ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਕਿਸਾਨਾਂ ਨੂੰ ਇਸ ਗੱਲ ਦੀ ਰਾਹਤ ਦੇਵੇ ।

ਇੰਡਸਟਰੀ ਲਾਈ ਜਾਂਦੀ ਹੈ, ਇੰਡਸਟਰੀ ਲਾਉਣੀ ਚਾਹੀਦੀ ਹੈ ਲੇਕਿਨ ਮੈਂ ਇਸ ਹਾਊਸ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਖੇਤੀ ਅਧਾਰਤ ਮਿੱਲਾਂ ਲਾਉਣੀਆਂ ਚਾਹੀਦੀਆਂ ਹਨ । ਪਿੰਡ ਦਾ ਜਿਹੜਾ ਖੇਤ ਮਜ਼ਦੂਰ ਹੈ, ਪਿੰਡ ਦਾ ਜਿਹੜਾ ਬੇਰੁਜ਼ਗਾਰ ਕਾਮਾ ਹੈ, ਪਹਿਲਾਂ ਹੀ ਸਾਡੇ ਬਹੁਤ ਬੇਰੁਜ਼ਗਾਰੀ ਹੈ, ਉਨ੍ਹਾਂ ਨੌਜਵਾਨਾਂ ਵਾਸਤੇ ਇਹ ਮਿੱਲਾਂ ਲਾਉਣੀਆਂ ਚਾਹੀਦੀਆਂ ਹਨ । ਜਿਥੇ ਨਰਮਾ ਹੁੰਦਾ ਹੈ, ਕਪਾਹ ਹੁੰਦੀ ਹੈ, ਉਥੇ ਕਾਟਨ ਮਿੱਲਾਂ ਲਾਈਆਂ ਜਾਣੀਆਂ ਚਾਹੀਦੀਆਂ ਹਨ ।

ਸ਼੍ਰੀ ਡਿਪਟੀ ਸਪੀਕਰ : ਪਲੀਜ਼ ਵਾਈਂਡ ਅੱਪ ਕਰੋ ।

ਕਾਮਰੇਡ ਅਜੈਬ ਸਿੰਘ ਰੌਂਤਾ : ਡਿਪਟੀ ਸਪੀਕਰ ਸਾਹਿਬ, ਅਜੇ ਤਾਂ ਸ਼ੁਰੂ ਹੀ ਕੀਤਾ ਹੈ । ਪਿੰਡਾਂ ਵਿਚ ਝੋਨਾ ਹੁੰਦਾ ਹੈ ਅਤੇ ਪਰਾਲੀ ਝੋਨੇ ਤੋਂ ਬਣਦੀ ਹੈ । ਅਸੀਂ ਦੇਖਦੇ ਹਾਂ ਕਿ ਕਿਸ ਤਰ੍ਹਾਂ ਸਾਡੇ ਪਿੰਡਾਂ ਵਿੱਚ ਸਰ, ਕਾਹੀ, ਕਾਨਾ ਆਦਿ ਹੁੰਦਾ ਹੈ । ਸਰਕਾਰ ਦਾ ਫਰਜ਼ ਹੈ ਕਿ ਉਥੇ ਕੋਈ ਗੱਤਾ ਫੈਕਟਰੀ ਲਾਵੇ । ਸਰਕਾਰ ਅਜਿਹੀਆਂ ਮਿੱਲਾਂ/ਫੈਕਟਰੀਆਂ ਲਾਵੇ ਜਿਨ੍ਹਾਂ ਨਾਲ ਜਿਹੜੇ ਸਾਡੇ ਪੰਜਾਬ ਦੇ ਬੇਰੁਜ਼ਗਾਰ ਕਾਮੇ ਹਨ, ਉਨ੍ਹਾਂ ਨੂੰ ਸਰਕਾਰ ਰੋਜ਼ਗਾਰ ਮੁਹੱਈਆ ਕਰਾ ਸਕੇ । ਮੈਂ ਬੇਨਤੀ ਕਰਨੀ ਚਾਹਾਂਗਾ ਕਿ ਮੇਰਾ ਹਲਕਾ ਨਿਹਾਲ ਸਿੰਘ ਵਾਲਾ ਹੈ ਜਿਹੜਾ ਕਿ ਜ਼ਿਆਦਾ ਪਛੜਿਆ ਇਲਾਕਾ ਹੈ ।

Original with;
Punjab Vidhan Sabha
Digitized by;
Panjab Digital Library

ਉਥੋਂ ਅੱਜ ਤੱਕ ਆਪੋਜ਼ੀਸ਼ਨ ਦਾ ਐਮ. ਐਲ ਏ. ਬਣਦਾ ਰਿਹਾ ਹੈ, ਸਰਕਾਰੀ ਬੈਂਚਾਂ ਤੇ ਕੋਈ ਐਮ. ਐਲ. ਏ. ਨਹੀਂ ਆਇਆ । ਮੇਰੇ ਹਲਕੇ ਵਿੱਚ ਕੋਈ ਅਜਿਹੀ ਇੰਡਸਟਰੀ ਨਹੀਂ ਲੱਗੀ । ਇੰਡਸਟਰੀ ਤੋਂ ਬਿਨਾਂ ਪਿੰਡਾਂ ਦੇ ਕਾਮੇ ਤੇ ਖੇਤ ਮਜ਼ਦੂਰ ਲਗਾਤਾਰ ਬੇਕਾਰ ਹਨ । ਸਾਡੇ ਪੰਜਾਬ ਦੇ ਮੁੱਖ ਮੰਤਰੀ ਉਥੇ ਜਾ ਕੇ ਆਏ ਹਨ, ਉਨ੍ਹਾਂ ਨੇ ਜਾ ਕੇ ਐਲਾਨ ਕੀਤਾ ਸੀ ਕਿ ਇਥੇ ਕਾਟਨ ਜਿਨਿੰਗ ਮਿੱਲ ਲਾਈ ਜਾਏਗੀ । ਮੈਂ ਸਰਕਾਰ ਤੋਂ ਮੰਗ ਕਰਾਂਗਾ ਕਿ ਉਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਮੁੱਖ ਰਖਦੇ ਹੋਏ, ਸਾਡੇ ਲੋਕਾਂ ਦੀਆਂ ਮੁੱਖ ਮੰਗਾਂ ਪੂਰੀਆਂ ਕੀਤੀਆਂ ਜਾਣ । ਭਾਵੇਂ ਮੰਗਾਂ ਹੋਰ ਵੀ ਲੋਕਾਂ ਨੇ ਕੀਤੀਆਂ ਸਨ, ਉਹ ਪੂਰੀਆਂ ਹੋਈਆਂ ਜਾਂ ਨਹੀਂ ਹੋਈਆਂ ਲੇਕਿਨ ਅੱਜ ਦੀ ਭਖਦੀ ਮੰਗ ਤੇ ਸਰਕਾਰ ਨੂੰ ਜ਼ੋਰ ਦੇਣਾ ਚਾਹਾਂਗਾ ਕਿ ਸਾਡੇ ਇਲਾਕੇ ਵਿੱਚ ਅਜਿਹੀ ਫੈਕਟਰੀ ਲਾਉਣੀ ਚਾਹੀਦੀ ਹੈ, ਜਿਸ ਤੋਂ ਮੇਰੇ ਇਲਾਕੇ ਦੇ ਲੋਕ ਲਾਭ ਉਠਾ ਸਕਣ ।

ਡਿਪਟੀ ਸਪੀਕਰ ਸਾਹਿਬ, ਨੈਸ਼ਨਲ ਟੈਕਸਟਾਈਲ ਕਾਰਪੋਰੇਸ਼ਨ ਦੀਆਂ ਚਾਰ ਮਿੱਲਾਂ ਹਨ ਜਿਨ੍ਹਾਂ ਵਿਚੋਂ 2 ਖਰੜ, ਇੱਕ ਮਲੋਟ ਵਿੱਚ ਤੇ ਇੱਕ ਅੰਮ੍ਰਿਤਸਰ ਵਿੱਚ ਹੈ । ਉਨ੍ਹਾਂ ਦੀ ਹਾਲਤ ਨੂੰ ਸੁਧਾਰਣ ਵਾਸਤੇ, ਉਥੇ ਜੋ ਕਾਮੇ ਹਨ, ਉਨ੍ਹਾਂ ਦੀ ਹਾਲਤ ਨੂੰ ਮੱਦੇ ਨਜ਼ਰ ਰੱਖਦੇ ਹੋਏ ਉਨ੍ਹਾਂ ਦੀਆਂ ਮੰਗਾਂ ਮੰਨਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਬੇਰੁਜ਼ਗਾਰ ਹੋ ਕੇ ਉਨ੍ਹਾਂ ਦੇ ਬਾਲ ਬੱਚੇ ਭੁੱਖੇ ਨਾ ਮਰਨ । ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਉਨ੍ਹਾਂ ਦੀ ਹਾਲਤ ਸੁਧਾਰੇ ।

ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਇਲੈਕਸ਼ਨਾਂ ਹਨ, ਉਹ ਕਿੰਨੀ ਕਿੰਨੀ ਦੇਰ ਨਹੀਂ ਹੁੰਦੀਆਂ । ਕੁਝ ਇਲੈਕਸ਼ਨਾਂ ਹੋਈਆਂ ਨੂੰ ਸਾਢੇ ਪੰਜ ਸਾਲ ਹੋ ਗਏ ਹਨ, ਉਹ ਅੱਜ ਤੱਕ ਨਹੀਂ ਕਰਾਈਆਂ ਗਈਆਂ । ਬੜੀਆਂ ਗੱਲਾਂ ਕੀਤੀਆਂ ਗਈਆਂ ਕਿ ਪੰਜਾਬ ਦੇ ਹਾਲਾਤ ਮਾੜੇ ਸੀ, ਪੰਜਾਬ ਦਾ ਮਾਹੌਲ ਮਾੜਾ ਸੀ, ਅੱਤਵਾਦ ਸੀ । ਅੱਤਵਾਦ ਲਈ ਕਿਹੜੇ ਲੋਕ ਨਹੀਂ ਲੜੇ ? ਕੀ ਸੀ. ਪੀ. ਆਈ. ਵਾਲੇ ਨਹੀਂ ਲੜੇ, ਕੀ ਬੀ. ਐਸ. ਪੀ. ਵਾਲੇ ਨਹੀਂ ਲੜੇ, ਕੀ ਕਿਸਾਨ ਤੇ ਖੇਤ ਮਜ਼ਦੂਰ ਨਹੀਂ ਲੜੇ, ਉਨ੍ਹਾਂ ਦਾ ਖੂਨ ਇਸ ਦੇਸ਼ ਵਾਸਤੇ, ਪੰਜਾਬ ਵਾਸਤੇ ਨਹੀਂ ਡੁਲ੍ਹਿਆ ? ਲੇਕਿਨ ਜੇ ਹੋਰ ਚੋਣਾਂ ਪੰਜਾਬ ਦੇ ਵਿੱਚ ਹੋ ਸਕਦੀਆਂ ਹਨ, ਪੰਚਾਇਤ ਸੰਮਤੀਆਂ ਦੀਆਂ ਚੋਣਾਂ ਹੋ ਸਕਦੀਆਂ ਹਨ, ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਹੋ ਸਕਦੀਆਂ ਹਨ ਤਾਂ ਬਾਕੀ ਰਹਿੰਦੀਆਂ ਕਿਉਂ ਨਹੀਂ ਹੋ ਸਕਦੀਆਂ ? ਭਾਵੇਂ ਧੱਕੇਬਾਜ਼ੀ ਦੇ ਨਾਲ ਇਹ ਆਪਣੇ ਬੰਦੇ ਲਿਆਏ ਔਰ ਜਿਥੇ ਆਪੋਜ਼ੀਸ਼ਨ ਨੂੰ ਸੀਟ ਜਾਂਦੀ ਦਿੱਸਦੀ ਸੀ ਉਥੇ ਡਿਕਲੇਅਰ ਨਹੀਂ ਕੀਤੀ, ਇਸ ਤਰ੍ਹਾਂ ਦੀਆਂ ਚੋਣਾਂ ਜੇ ਬਾਕੀ ਦੀਆਂ ਹੋ ਸਕਦੀਆਂ ਹਨ ਤਾਂ ਕੋਆਪਰੇਟਿਵ ਅਦਾਰਿਆਂ ਦੀਆਂ ਚੋਣਾਂ ਜੋ ਹਨ, ਉਨ੍ਹਾਂ ਵਿਚ ਕੀ ਦੇਰੀ ਹੈ, ਉਹ ਕਿਉਂ ਨਹੀਂ ਕਰਵਾਈਆਂ ਜਾ ਰਹੀਆਂ ? ਪੰਜਾਬ ਸਰਕਾਰ ਨੂੰ ਇਸ ਪਾਸੇ ਵੱਲ ਨੂੰ ਕਦਮ ਚੁਕਣੇ ਚਾਹੀਦੇ ਹਨ ।

Mr. Deputy Speaker: Try to wind up please.

Original with;
Punjab Vidhan Sabha
Digitized by;
Panjab Digital Library

ਕਾਮਰੇਡ ਅਜੈਬ ਸਿੰਘ ਰੌਂਤਾ : ਡਿਪਟੀ ਸਪੀਕਰ ਸਾਹਿਬ, ਮੈਂ ਇਕ ਦੋ ਮਿੰਟ ਹੀ ਹੋਰ ਲਵਾਂਗਾ । ਡਿਪਟੀ ਸਪੀਕਰ ਸਾਹਿਬ, ਜੋ ਇਹ ਕਹਿੰਦੇ ਹਨ, ਇਹ ਇਨ੍ਹਾਂ ਦੀ ਜ਼ਬਾਨੀ ਹੈ ਕਿ ਹੁਣ ਹਾਲਾਤ ਚੰਗੇ ਹੋ ਗਏ ਹਨ ਅਤੇ ਜੇ ਹਾਲਾਤ ਚੰਗੇ ਹੋ ਗਏ ਹਨ ਤਾਂ ਫਿਰ ਇਹ ਚੋਣਾਂ ਕਰਾਉਣ ਵਿੱਚ ਕੀ ਦੇਰੀ ਹੈ ? 31 ਮਾਰਚ, 1994 ਨੂੰ ਨਿਹਾਲ ਸਿੰਘ ਵਾਲਾ ਵਿੱਚ ਲੈਂਡ ਮਾਰਟਗੇਜ਼ ਦੀ ਚੋਣ ਕੀਤੀ ਗਈ ਸੀ । ਉਥੇ ਮੈਂਬਰ ਸਾਹਿਬਾਨ ਨੂੰ ਬੁਲਾਇਆ ਤੱਕ ਨਹੀਂ ਗਿਆ । ਪਹਿਲਾਂ ਅਖ਼ਬਾਰਾਂ ਵਿੱਚ ਡਿਕਲੇਅਰ ਕੀਤਾ ਗਿਆ ਕਿ ਉਥੇ ਚੋਣ ਮੁਲਤਵੀ ਕੀਤੀ ਜਾਂਦੀ ਹੈ ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਉਥੇ ਚੋਣ ਕੀਤੀ ਗਈ, ਆਪਣੇ ਬੰਦੇ ਨਾਮੀਨੇਟ ਕੀਤੇ ਗਏ ਅਤੇ ਆਪੋਜ਼ੀਸ਼ਨ ਨੂੰ ਬੁਲਾਇਆ ਤੱਕ ਨਹੀਂ ਗਿਆ । ਮੇਰੇ ਆਪਣੇ ਇਲਾਕੇ ਦੇ ਲੋਕ ਕਹਿੰਦੇ ਹਨ । ਸਰਕਾਰ ਦਾ ਫਰਜ਼ ਹੈ ਕਿ ਇਸ ਦੀ ਇਨਕੁਆਇਰੀ ਕਰਵਾਈ ਜਾਵੇ ।

ਸ਼੍ਰੀ ਡਿਪਟੀ ਸਪੀਕਰ : ਇਹ ਗੱਲ ਤਾਂ ਪਹਿਲਾਂ ਹਾਊਸ ਵਿੱਚ ਹੋ ਚੁੱਕੀ ਹੈ ਕਿ ਇਨਕੁਆਇਰੀ ਕਰਵਾਈ ਜਾਵੇਗੀ । Now try to wind up. The next Speaker will be Sardar Jagtar Singh Multani.

ਕਾਮਰੇਡ ਅਜੈਬ ਸਿੰਘ ਰੌਂਤਾ : ਡਿਪਟੀ ਸਪੀਕਰ ਸਾਹਿਬ, ਖਾਦ ਕਿਸਾਨ ਨੂੰ ਦਿੱਤੀ ਜਾਣੀ ਚਾਹੀਦੀ ਹੈ, ਯੂਰੀਆ ਖਾਦ ਕਿਸਾਨਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ । ਇਥੇ 50 ਹਜ਼ਾਰ ਬੋਰੀਆਂ ਦਾ ਮਾਮਲਾ ਆਇਆ । ਡਿਪਟੀ ਸਪੀਕਰ ਸਾਹਿਬ, ਬੜਾ ਦੁੱਖ ਹੁੰਦਾ ਹੈ ਇਥੇ ਇਸ ਪਵਿੱਤਰ ਸਦਨ ਵਿੱਚ ਕਹਿੰਦਿਆਂ ਕਿ ਕਿਸ ਤਰ੍ਹਾਂ 50 ਹਜ਼ਾਰ ਬੋਰੀਆਂ ਆਪਣਿਆਂ ਚਹੇਤਿਆਂ ਨੂੰ ਵੰਡੀਆਂ ਗਈਆਂ ਅੱਤੇ ਨਿਹਾਲ ਸਿੰਘ ਵਾਲਾ ਦੇ ਥਾਣੇ ਦੇ ਨਾਲ ਲਗਦੀ ਗਲੀ ਦੇ ਪਿਛਲੇ ਪਾਸੇ ਬੋਰੀਆਂ ਚੁਕਵਾਈਆਂ ਗਈਆਂ ਲੇਕਿਨ ਕਿਸਾਨਾਂ ਨੂੰ ਖਾਦ ਨਹੀਂ ਦਿੱਤੀ । (ਵਿਘਨ)

ਸ਼੍ਰੀ ਡਿਪਟੀ ਸਪੀਕਰ : ਹੁਣ ਵਾਈਂਡ ਅੱਪ ਕਰੋ ਜੀ ।

ਕਾਮਰੇਡ ਅਜੈਬ ਸਿੰਘ ਰੌਂਤਾ : ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਖਾਦ ਵੰਡੀ ਗਈ ਹੈ, ਉਸ ਦਾ ਜਿਹੜਾ ਬਣਦਾ ਵਿਆਜ ਹੈ, ਉਹ ਸੋਸਾਇਟੀਆਂ ਨੂੰ ਦਿੱਤਾ ਜਾਣਾ ਚਾਹੀਦਾ ਹੈ । ਤਿੰਨ ਮਹੀਨੇ ਦਾ ਜੋ ਵਿਆਜ 17½ ਪਰਸੈਂਟ ਹੈ, ਉਹ ਸੋਸਾਇਟੀਆਂ ਦੇ ਲੇਖੇ ਵਿੱਚ ਪਾਇਆ ਜਾਵੇ । ਇਹ ਪੈਸਾ ਜੋ ਕਿਸਾਨਾਂ ਦਾ ਹੈ, ਉਹ ਉਨ੍ਹਾਂ ਨੂੰ ਦਿੱਤਾ (ਵਿਘਨ) ਜਾਣਾ ਚਾਹੀਦਾ ਹੈ । ਇਹ ਜੋ ਵਿਆਜ ਦਾ ਮੁਨਾਫਾ ਹੈ, ਇਹ ਉਨ੍ਹਾਂ ਨੂੰ ਵੰਡਿਆ ਜਾਣਾ ਚਾਹੀਦਾ ਹੈ । (ਵਿਘਨ)

Mr. Deputy Speaker : Please resume your seat now.

ਕਾਮਰੇਡ ਅਜੈਬ ਸਿੰਘ ਰੌਂਤਾ : ਮੈਂ ਬੇਨਤੀ ਕਰਾਂਗਾ ਕਿ ਇਹ ਪੈਸਾ ਉਨ੍ਹਾਂ ਨੂੰ ਦਿੱਤਾ ਜਾਵੇ । ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ, ਡਿਪਟੀ ਸਪੀਕਰ ਸਾਹਿਬ, ਧੰਨਵਾਦ ਕਰਦਾ ਹਾਂ ।

ਸਰਦਾਰ ਜਗਤਾਰ ਸਿੰਘ ਮੁਲਤਾਨੀ (ਭੁਲੱਥ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੱਜ ਕੋਆਪਰੇਟਿਵ ਡੀਪਾਰਟਮੈਂਟ ਦੀਆਂ ਮੰਗਾਂ

Original with;
Punjab Vidhan Sabha
Digitized by;
Panjab Digital Library

ਤੇ ਬੋਲਣ ਦਾ ਮੌਕਾ ਦਿੱਤਾ ਹੈ । ਡਿਵੈਲਪਮੈਂਟ ਡੀਪਾਰਟਮੈਂਟ ਤੋਂ ਬਾਅਦ ਅਗਰ ਪਿੰਡਾਂ ਦੇ ਵਿੱਚ ਸਹੀ ਮਾਅਨਿਆਂ ਵਿੱਚ ਕੋਈ ਮਹਿਕਮਾ ਲੋਕਾਂ ਦੀ ਸੇਵਾ ਕਰ ਰਿਹਾ ਹੈ ਤਾਂ ਉਹ ਕੋਆਪਰੇਟਿਵ ਡੀਪਾਰਟਮੈਂਟ ਹੈ । ਇਹ ਕੋਆਪਰੇਟਿਵ ਡੀਪਾਰਟਮੈਂਟ ਵੱਖ ਵੱਖ ਸੈਕਟਰਾਂ ਦੇ ਵਿੱਚ ਚਲਦਾ ਹੈ । ਸਭ ਤੋਂ ਪਹਿਲਾਂ ਪਿੰਡਾਂ ਦੇ ਵਿੱਚ ਐਗਰੀਕਲਚਰਲ ਸਰਵਿਸ ਸੋਸਾਇਟੀਜ਼, ਏ.ਐਸ.ਐਸ. ਚਲਦੀਆਂ ਹਨ ਅੱਰ ਇਹ ਪਿੰਡਾਂ ਵਿੱਚ ਬਹੁਤ ਵਧੀਆ ਸੇਵਾ ਕਰਦੀਆਂ ਹਨ । ਉਹ ਉਨ੍ਹਾਂ ਨੂੰ ਖਾਦ ਵਾਸਤੇ, ਇਨਸੈਕਟੀਸਾਈਡਜ਼ ਵਾਸਤੇ ਪੈਸੇ ਦਿੰਦੀਆਂ ਹਨ ਅੱਰ ਕੈਸ਼-ਇਨ-ਹੈਂਡ ਵੀ ਦਿੰਦੀਆਂ ਹਨ । ਉਨ੍ਹਾਂ ਦੀ ਸੀਲਿੰਗ ਲਿਮਿਟ 25 ਹਜ਼ਾਰ ਰੁਪਏ ਹੈ । 10 ਏਕੜ ਤੋਂ ਘੱਟ ਛੋਟੇ ਜ਼ਿਮੀਦਾਰ ਵਾਸਤੇ, ਇਹ ਬਹੁਤ ਅੱਛਾ ਕੀਤਾ ਹੈ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਅੱਰ ਸਾਡੇ ਕੋਆਪਰੇਟਿਵ ਮਨਿਸਟਰ ਜਾਖੜ ਸਾਹਿਬ ਨੇ । ਇਸ ਕਰੈਡਿਟ ਲਿਮਿਟ ਬਾਰੇ ਆਲ ਇੰਡੀਆ ਕਾਂਗਰਸ ਸੈਸ਼ਨ ਵਿੱਚ ਵੀ ਗੱਲ ਹੋਈ ਸੀ ਕਿ ਇਹ ਲਿਮਿਟ ਵਧਾਈ ਗਈ ਹੈ । ਮੈਂ ਸਮਝਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਇਸ ਗੱਲ ਦੇ ਲਈ ਵਧਾਈ ਦੇ ਪਾਤਰ ਹਨ ਅੱਰ ਜਾਖੜ ਸਾਹਿਬ ਵੀ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਹੁਣ ਇਹ ਲਿਮਿਟ ਵਧਾ ਕੇ 50 ਹਜ਼ਾਰ ਰੁਪਏ ਕਰ ਦਿੱਤੀ ਹੈ । ਜ਼ਿਮੀਂਦਾਰ $12\frac{1}{2}$ ਹਜ਼ਾਰ ਰੁਪਏ ਖਾਦ ਵਾਸਤੇ ਅੱਰ $12\frac{1}{2}$ ਹਜ਼ਾਰ ਰੁਪਏ ਕੈਸ਼-ਇਨ-ਹੈਂਡ ਲੈ ਸਕਦੇ ਹਨ । ਇਸ ਤੋਂ ਇਲਾਵਾ ਇਕ ਹੋਰ ਜਿਹੜੀ ਬੜੀ ਚੰਗੀ ਸਕੀਮ ਸ਼ੁਰੂ ਕੀਤੀ ਹੈ, ਉਹ ਇਹ ਹੈ ਕਿ 25 ਹਜ਼ਾਰ ਰੁਪਿਆ ਕਿਸੇ ਵੀ ਕੰਮ ਵਾਸਤੇ ਉਹ ਖਰਚ ਸਕਦੇ ਹਨ ਭਾਵੇਂ ਉਹ ਆਪਣੇ ਬੱਚਿਆਂ ਦੇ ਕੰਮ ਤੇ ਖਰਚਣ ਜਾਂ ਆਪ ਕੋਈ ਦੁਕਾਨ ਵਗੈਰਾ ਖੋਲ੍ਹਣ । ਮੈਂ ਸਮਝਦਾ ਹਾਂ ਇਸ ਨਾਲ ਜਿਹੜਾ ਪਛੜਿਆ ਵਰਗ ਹੈ, ਉਸ ਦਾ ਬਹੁਤ ਜ਼ਿਆਦਾ ਫਾਇਦਾ ਹੋਇਆ ਹੈ । ਇਹ ਜਿਹੜੀ ਸਕੀਮ ਚਾਲੂ ਕੀਤੀ ਹੈ, ਇਹ ਬੜੀ ਚੰਗੀ ਸਕੀਮ ਹੈ ਅੱਰ ਮੈਂ ਇਸ ਵਾਸਤੇ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ । ਇਸ ਦੇ ਨਾਲ ਹੀ ਮੈਂ ਇਹ ਮੰਗ ਕਰਦਾ ਹਾਂ ਕਿ ਜਿਵੇਂ ਛੋਟੀ ਇੰਡਸਟਰੀ ਦੀ ਹੱਦ 25 ਲੱਖ ਰੁਪਏ ਰੱਖੀ ਹੈ ਅੱਰ ਵੱਡੀ ਇੰਡਸਟਰੀ ਵਾਲੇ ਤਾਂ ਕਰੋੜਾਂ ਰੁਪਏ ਤੱਕ ਕਰਜ਼ਾ ਲੈ ਸਕਦੇ ਹਨ, ਇਸ ਤਰ੍ਹਾਂ ਜਦੋਂ ਅਸੀਂ 20 ਪੁਆਇੰਟ ਪ੍ਰੋਗ੍ਰਾਮ ਲਾਗੂ ਕਰਨ ਲੱਗੇ ਹਾਂ ਤਾਂ ਮੈਂ ਸਮਝਦਾ ਹਾਂ ਕਿ ਜਿਥੇ ਜਾਖੜ ਸਾਹਿਬ ਨੇ ਹੋਰ ਇਤਨੇ ਚੰਗੇ ਕੰਮ ਕੀਤੇ ਹਨ, ਉਥੇ ਇਹ ਵੀ ਜਿਹੜੀ ਲਿਮਿਟ ਰੱਖੀ ਹੈ, ਇਹ ਥੋੜੀ ਹੈ ਅਤੇ ਇਹ ਵੀ ਵਧਾ ਕੇ ਇਕ ਲੱਖ ਰੁਪਏ ਤੱਕ ਕਰ ਦਿੱਤੀ ਜਾਵੇ ਤਾਂ ਕਿ ਪੇਂਡੂ ਲੋਕਾਂ ਨੂੰ ਜਿਹੜੀ ਮੁਸ਼ਕਲ ਆਉਂਦੀ ਹੈ ਅੱਰ ਉਨ੍ਹਾਂ ਨੂੰ ਸ਼ਾਹੂਕਾਰਾਂ ਕੋਲ ਭੱਜਣਾ ਪੈਂਦਾ ਹੈ, ਉਹ ਨਾ ਭੱਜਣਾ ਪਵੇ ਅੱਰ ਆਪਣੀ ਅਜ਼ਾਦੀ ਨਾਲ ਜਿਹੜਾ ਕਾਰੋਬਾਰ ਉਹ ਕਰਨਾ ਚਾਹੁਣ ਕਰ ਸਕਣ । ਡਿਪਟੀ ਸਪੀਕਰ ਸਾਹਿਬ, ਇਸ ਤੋਂ ਅੱਗੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਵੇਂ ਇਨਸਾਨ ਦੀਆਂ ਰਗਾਂ ਵਿਚ ਖੂਨ ਚਲਦਾ ਹੈ, ਇਸੇ ਤਰ੍ਹਾਂ ਅੱਜ ਸਹਿਕਾਰਤਾ ਲਹਿਰ ਵੀ ਪੇਂਡੂ ਸਮਾਜ ਦੇ ਅੰਦਰ ਖੂਨ ਦੀ ਤਰ੍ਹਾਂ ਹੀ ਕੰਮ ਕਰ ਰਹੀ ਹੈ । ਕਈ ਐਗਰੀਕਲਚਰਲ ਸੁਸਾਇਟੀਆਂ ਹਨ, ਮਿਲਕਫੈੱਡ ਹੈ, ਸ਼ੂਗਰ ਮਿੱਲਾਂ 14 ਦੇ ਕਰੀਬ ਹਨ ਅਤੇ 11 ਦੇ ਕਰੀਬ ਮਿਲਕ ਪਲਾਂਟ ਹਨ । ਇਹ ਸਭ ਪੇਂਡੂ ਲੋਕਾਂ ਦੇ ਫਾਇਦੇ ਲਈ ਕੰਮ ਕਰ ਰਹੇ ਹਨ । ਅੱਜ ਉਨ੍ਹਾਂ ਨੂੰ ਦੁੱਧ ਦੇ ਰੇਟ ਵੀ ਠੀਕ ਮਿਲ ਰਹੇ ਸਨ, ਕਣਕ ਦੇ ਰੇਟ ਵੀ ਵਧਾ ਦਿੱਤੇ ਹਨ, ਚਾਵਲਾਂ ਦੇ ਰੇਟ ਵੀ ਵਧਾ ਦਿੱਤੇ ਹਨ ਅਤੇ ਗੰਨੇ ਦੇ ਰੇਟ ਵੀ ਵਧਾ ਦਿੱਤੇ ਹਨ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਤਾਰ ਸਿੰਘ ਮਲਤਾਨੀ]

ਇਸ ਤਰ੍ਹਾਂ ਨਾਲ ਕੁਲ ਮਿਲਾ ਕੇ 3 ਹਜ਼ਾਰ ਕਰੋੜ ਰੁਪਏ ਦਾ ਕਿਸਾਨਾਂ ਨੂੰ ਫਾਇਦਾ ਦਿੱਤਾ ਗਿਆ ਹੈ । ਮਿਲਕ ਪਲਾਂਟ ਵੀ ਬਹੁਤ ਖੋਲ੍ਹੇ ਗਏ ਹਨ ਪਰ ਮੈਂ ਇਸ ਸਬੰਧ ਵਿਚ ਇਥੇ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕਪੂਰਥਲੇ ਜ਼ਿਲ੍ਹੇ ਵਿਚ ਕੋਈ ਮਿਲਕ ਪਲਾਂਟ ਨਹੀਂ ਹੈ । ਇਸ ਲਈ ਕਪੂਰਥਲਾ ਏਹੀਆ ਜਿਹੜਾ ਕਿ ਬੈਕਵਰਡ ਏਹੀਆ ਹੈ, ਬੇਟ ਦਾ ਏਰੀਆ ਹੈ, ਉਥੇ 80-85% ਲੋਕ ਦੁੱਧ ਦਾ ਹੀ ਕਿੱਤਾ ਕਰਦੇ ਹਨ ਲੇਕਿਨ ਉਥੇ ਕੋਈ ਮਿਲਕ ਪਲਾਂਟ ਨਹੀਂ ਹੈ । ਇਸ ਲਈ ਮੈਂ ਇਹ ਫਿਰ ਬੇਨਤੀ ਕਰਦਾ ਹਾਂ ਕਿ ਕਪੂਰਥਲੇ ਜ਼ਿਲ੍ਹੇ ਵਿਚ ਚਾਹੇ ਹਮੀਰਪੁਰਾ ਵਿਖੇ ਮਿਲਕ ਪਲਾਂਟ ਲਾ ਦਿੱਤਾ ਜਾਵੇ, ਚਾਹੇ ਭੁਲੱਥ ਵਿਖੇ ਲਾ ਦਿੱਤਾ ਜਾਵੇ ਅੱਰ ਚਾਹੇ ਕਰਤਾਰਪੁਰ ਵਿਖੇ ਮਿਲਕ ਪਲਾਂਟ ਲਾਇਆ ਜਾਵੇ ਪਰ ਲੱਗਣਾ ਇਹ ਜ਼ਰੂਰ ਚਾਹੀਦਾ ਹੈ । ਇਸ ਨਾਲ ਉਥੋਂ ਦੇ ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਨੂੰ ਬਹੁਤ ਫਾਇਦਾ ਹੋਵੇਗਾ । ਇਸ ਲਈ ਇਸ ਵੱਲ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਕੋਆਪਰੇਟਿਵ ਡਿਪਾਰਟਮੈਂਟ ਵਿਚ ਸ਼ੂਗਰਫੈੱਡ ਅਤੇ ਹਾਊਸਫੈੱਡ ਵੀ ਬਹੁਤ ਸੇਵਾ ਕਰ ਰਹੇ ਹਨ । ਹੁਣ ਹਾਊਸਫੈੱਡ ਨੇ ਇਕ ਲੱਖ ਰੁਪਏ ਦੀ ਜਿਹੜੀ ਲਿਮਿਟ ਸੀ, ਉਹ 2 ਲੱਖ ਰੁਪਏ ਕਰ ਦਿੱਤੀ ਹੈ । ਇਹ ਸਲਾਘਾਯੋਗ ਗੱਲ ਹੈ ਅੱਰ ਇਹ ਜਿਹੜੇ ਅੱਡਵਾਂਸ ਦੇਣੇ ਸ਼ੁਰੂ ਕੀਤੇ ਹਨ, ਇਸ ਨਾਲ ਲੋਕਾਂ ਨੂੰ ਕਾਫੀ ਫਾਇਦਾ ਹੋਇਆ ਹੈ । ਇਸ ਸਬੰਧ ਵਿਚ ਵੀ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜ਼ਿਮੀਂਦਾਰਾਂ ਨੂੰ ਜਿਹੜੇ 50 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਕੋਆਪਰੇਟਿਵ ਡਿਪਾਰਟਮੈਂਟ ਦੁਆਰਾ ਪੈਸੇ ਦਿੱਤੇ ਜਾਂਦੇ ਸਨ, ਇਹ ਰੇਟ ਬਹੁਤ ਪੁਰਾਣੇ ਹਨ । ਮੈਂ ਇਸ ਸਬੰਧ ਵਿਚ ਬੇਨਤੀ ਕਰਦਾ ਹਾਂ ਕਿ ਜਿਹੜੀ ਚੰਦਰਾ ਕਮੇਟੀ ਨੇ ਰਿਪੋਰਟ ਦਿੱਤੀ ਹੈ, ਉਸ ਮੁਤਾਬਿਕ ਉਹ ਰੇਟ ਲਾਗੂ ਕਰਨੇ ਚਾਹੀਦੇ ਹਨ । ਉਸ ਹਿਸਾਬ ਨਾਲ ਲੋਨ ਅੱਡਵਾਂਸ ਕੀਤੇ ਜਾਣੇ ਚਾਹੀਦੇ ਹਨ ਅਤੇ ਕੁਲਕੈਟਰ ਰੇਟ ਡਿਸਟ੍ਰਿਕਵਾਈਜ਼ ਫਿਕਸ ਕੀਤੇ ਜਾਣੇ ਚਾਹੀਦੇ ਹਨ । ਜਿਹੜੀ ਇਨ੍ਹਾਂ ਦੇ ਲੋਨ ਦੀ ਲਿਮਿਟ ਫਿਕਸ ਕੀਤੀ ਹੋਈ ਹੈ, ਇਸ ਨੂੰ ਇਨਕਰੀਜ਼ ਕਰਨ ਦੀ ਲੋੜ ਹੈ । ਐਗਰੀਕਲਚਰ ਸੈਕਟਰ ਦੀ ਡਿਵੈਲਪਮੈਂਟ ਲਈ ਬੈਂਕਿੰਗ ਸੇਵਾ ਵੀ ਮਾਰਟਗੇਜ਼ ਬੈਂਕ ਕਹ ਰਹੇ ਹਨ । ਜ਼ਿਮੀਂਦਾਰਾਂ ਦੀ ਸੇਵਾ ਲਈ ਪੰਜਾਬ ਵਿਚ 71 ਮਾਰਟਗੇਜ ਬੈਂਕ ਕੰਮ ਕਰ ਰਹੇ ਹਨ । ਇਸੇ ਤਰ੍ਹਾਂ ਕੋਆਪਰੇਟਿਵ ਡਿਪਾਰਟਮੈਂਟ ਦੇ ਸੈਂਟਰਲ ਕੋਆਪਰੇਟਿਵ ਬੈਂਕਸ ਉਪਰੇਟ ਕਰ ਰਹੇ ਹਨ ਅਤੇ ਇਹ ਵੀ 71 ਕੋਆਪਰੇਟਿਵ ਬੈਂਕ ਹਨ । ਮੈਂ ਪਲਾਨ ਅਤੇ ਡੀਮਾਂਡ ਨੂੰ ਦੇਖਿਆ ਹੈ ਕਿ 1995-96 ਵਿਚ ਪਲਾਨ ਸਕੀਮ ਵਿਚ 23 ਕਰੋੜ 67 ਲੱਖ ਰੁਪਿਆ ਮੰਗਿਆ ਗਿਆ ਹੈ ਜਦਕਿ 1994-95 ਵਿਚ 19 ਕਰੋੜ 82 ਲੱਖ ਰੁਪਿਆ ਮਿਲਿਆ ਸੀ ਅਤੇ 1993-94 ਵਿਚ ਸਰਕਾਰ ਵਲੋਂ 13 ਕਰੋੜ 73 ਲੱਖ ਰੁਪਿਆ ਦਿੱਤਾ ਗਿਆ ਸੀ । ਭਾਵੇਂ ਸਰਕਾਰ ਵਲੋਂ ਇਸ ਮਹਿਕਮੇ ਦੀ ਡੀਮਾਂਡ ਨੂੰ ਵੇਖਦੇ ਹੋਏ ਪੈਸੇ ਦੀ ਰਕਮ ਨੂੰ ਇਨਕਰੀਜ਼ ਕੀਤਾ ਹੈ ਅਤੇ ਕਾਫੀ ਵਾਧਾ ਕੀਤਾ ਹੈ ਪਰ ਮੈਂ ਇਸ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿਉਂਕਿ ਮੈਂ ਪਿੰਡਾਂ ਦੇ ਲੋਕਾਂ ਦੀ ਤਰਜਮਾਨੀ ਕਰਦਾ ਹਾਂ, ਕਿ ਇਹ ਜਿਹੜਾ ਬਜਟ ਇਸ ਮਹਿਕਮੇ ਦੇ ਲਈ ਰੱਖਿਆ ਗਿਆ ਹੈ, ਇਸ ਵਿਚ ਹੋਰ ਵਾਧਾ ਕਰਨ ਦੀ ਲੋੜ ਹੈ ਤਾਂ ਕਿ ਲੋਕਾਂ ਦੀ ਹੋਰ ਸੇਵਾ ਕੀਤੀ ਜਾ ਸਕੇ । ਇਸ ਦੇ ਬਜਟ ਵਿਚ ਵਾਧਾ ਕਰਨ ਲਈ ਮੈਂ ਪੁਰਜ਼ੋਰ ਸਿਫਾਰਿਸ਼ ਕਰਦਾ ਹਾਂ । ਇਹ ਬਹੁਤ ਵੱਡਾ ਮਹਿਕਮਾ ਹੈ ਜਿਸ ਨੇ ਬੇ-ਹੱਦ ਕੰਮ ਕਰਨੇ ਹੁੰਦੇ ਹਨ । ਇਸ ਦਾ ਸ਼ੇਅਰ ਕੈਪੀਟਲ ਘੱਟੋ ਘੱਟ 261 ਕਰੋੜ

Original with;
Punjab Vidhan Sabha
Digitized by;
Punjab Digital Library

ਰੁਪਿਆ ਸਰਕਾਰ ਨੇ ਗਲੀਆਂ ਨਾਲੀਆਂ ਨੂੰ ਪੱਕਾ ਕਰਨ ਲਈ ਰੱਖਿਆ ਹੈ । ਇਹ ਸਰਕਾਰ ਵਲੋਂ ਬਹੁਤ ਵੱਡਾ ਕਦਮ ਹੈ ਅਤੇ ਸਰਕਾਰ ਦੀ ਚੰਗੀ ਕਾਰਗੁਜ਼ਾਰੀ ਹੈ ਜਿਸ ਦਾ ਲੋਕਾਂ ਨੂੰ ਫਾਇਦਾ ਹੋਵੇਗਾ । ਇਸ ਦੇ ਨਾਲ ਹੀ ਐਗਰੀਕਲਚਰਲ ਸਰਵਿਸ ਸੋਸਾਇਟੀਜ਼ ਦੇ ਮੈਂਬਰਾਂ ਨੂੰ ਘੱਟ ਰੇਟ ਆਫ ਇੰਟਰੈਸਟ ਉਤੇ ਲੋਨ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਇਹ ਗਰੀਬ ਜ਼ਿਮੀਂਦਾਰਾਂ ਦੇ ਨਾਲ ਸਬੰਧ ਰੱਖਦੇ ਹਨ । ਡਿਵੈਲਪਮੈਂਟ ਦੇ ਮਹਿਕਮੇਂ ਵਿਚੋਂ 10-20 ਕਰੋੜ ਰੁਪਿਆ ਕੱਢ ਕੇ ਪਿੰਡਾਂ ਦੇ ਵਿਚ ਐਗਰੀਕਲਚਰਲ ਸਰਵਿਸ ਸੋਸਾਇਟੀਜ਼ ਦੇ ਲੋਕਾਂ ਨੂੰ ਜਿਹੜਾ ਹੁਣ 12% ਤੇ ਲੋਨ ਮਿਲਦਾ ਹੈ, ਉਹ ਲੋਨ 6-7% ਤੱਕ ਵਿਆਜ ਉਤੇ ਮਿਲਣਾ ਚਾਹੀਦਾ ਹੈ ਜਿਸ ਤਰ੍ਹਾਂ ਕਿ ਸ਼ਡਿਊਡਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ ਕਾਰਪੋਰੇਸ਼ਨ ਵਾਲੇ 4% ਤੇ ਲੋਨ ਦਿੰਦੇ ਹਨ ਅਤੇ ਬੈਕਵਰਡ ਕਲਾਸਿਜ਼ ਦੇ ਲੋਕਾਂ ਨੂੰ ਲੋਨ ਬੈਕਫਿਨਕੋ ਵਲੋਂ ਦਿੱਤਾ ਜਾਂਦਾ ਹੈ । ਇਸ ਤਰ੍ਹਾਂ ਇਨ੍ਹਾਂ ਲੋਕਾਂ ਨੂੰ ਐਗਰੀਕਲਚਰਲ ਸੈਕਟਰ ਦੇ ਬੈਂਕਾਂ ਦੇ ਰਾਹੀਂ ਲੋਨ 6-7% ਤੱਕ ਰੇਟ ਆਫ ਇੰਟਰੈਸਟ ਨਾਲ ਮਿਲਣਾ ਚਾਹੀਦਾ ਹੈ ਕਿਉਂਕਿ ਇਹ ਛੋਟੇ ਜ਼ਿਮੀਂਦਾਰ ਹਨ ਜਿਨ੍ਹਾਂ ਦੀ 10 ਏਕੜ ਤੋਂ ਘੱਟ ਜ਼ਮੀਨ ਹੈ । ਇਹ ਐਗਰੀਕਲਚਰਲ ਸਰਵਿਸ ਸੋਸਾਇਟੀਜ਼ ਦੇ ਮੈਂਬਰਜ਼ ਤਕਰੀਬਨ 40 ਲੱਖ ਦੇ ਕਰੀਬ ਹੋਣਗੇ ਅਤੇ 25 ਹਜ਼ਾਰ ਸੋਸਾਇਟੀਜ਼ ਹੋਣਗੀਆਂ । ਇਸ ਦੇ ਰਾਹੀਂ ਲੋਕਾਂ ਨੂੰ ਫਾਇਦਾ ਹੋਵੇਗਾ । ਇਨ੍ਹਾਂ ਐਗਰੀਕਲਚਰਲ ਸਰਵਿਸ ਸੋਸਾਇਟੀਜ਼ ਦੇ ਸ਼ੇਅਰ ਕੈਪੀਟਲ ਦੀ ਠੀਕ ਢੰਗ ਨਾਲ ਐਲੋਕੇਸ਼ਨ ਕੀਤੀ ਜਾਣੀ ਚਾਹੀਦੀ ਹੈ । ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਸੀ—"ਨਾਨਕ ਨਾਮ ਚੜਦੀ ਕਲਾ । ਤੇਰੇ ਭਾਣੇ ਸਰਬੱਤ ਦਾ ਭਲਾ ।" ਇਸ ਤਰ੍ਹਾਂ ਕਰਨ ਨਾਲ ਇਨ੍ਹਾਂ ਛੋਟੇ ਜ਼ਿਮੀਂਦਾਰਾਂ ਨੂੰ 12% ਵਿਆਜ ਦੀ ਥਾਂ ਤੇ 6 ਜਾਂ 7% ਤੱਕ ਰੇਟ ਆਫ ਇੰਟਰੈਸਟ ਤੇ ਲੋਨ ਮਿਲ ਜਾਵੇਗਾ । ਇਸ ਦੇ ਨਾਲ ਗਰੀਬ ਲੋਕਾਂ ਦਾ ਕਾਫੀ ਭਲਾ ਹੋਵੇਗਾ । ਜਿਸ ਤਰ੍ਹਾਂ ਪੰਜਾਬ ਸਰਕਾਰ ਨੇ ਲਾਅ ਐਂਡ ਆਰਡਰ ਉਤੇ ਕਾਬੂ ਪਾਇਆ ਹੈ ਅਤੇ ਪੰਜਾਬ ਦੀ ਕਿਸਾਨੀ ਲਈ ਕਾਫੀ ਕੰਮ ਕੀਤੇ ਹਨ, ਚੰਗੇ ਭਾਅ ਦਿਵਾਏ ਹਨ, ਉਸੇ ਤਰ੍ਹਾਂ ਪਿੰਡਾਂ ਦੀ ਗਰੀਬ ਜਨਤਾ ਵਾਸਤੇ ਇਹ ਜ਼ਰੂਰੀ ਹੈ ਕਿ ਇਨ੍ਹਾਂ ਐਗਰੀਕਲਚਰਲ ਸਰਵਿਸ ਸੋਸਾਇਟੀਜ਼ ਨੂੰ ਘੱਟ ਵਿਆਜ ਉਤੇ ਕਰਜ਼ੇ ਦਿੱਤੇ ਜਾਣ ਤਾਂ ਕਿ ਇਨ੍ਹਾਂ ਲੋਕਾਂ ਨੂੰ ਫਾਇਦਾ ਹੋ ਸਕੇ । 6 ਜਾਂ 7% ਵਿਆਜ ਉਤੇ ਇਹ ਕਰਜ਼ੇ ਮਿਲਣੇ ਚਾਹੀਦੇ ਹਨ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ (ਬੈਠੇ, ਬੈਠੇ) : ਡਿਪਟੀ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ 5 ਹਜ਼ਾਰ ਰੁਪਏ ਦੇ ਕਰਜ਼ੇ ਬਾਰੇ ਵੀ ਗੱਲ ਕਰਨ ।

ਸ਼੍ਰੀ ਡਿਪਟੀ ਸਪੀਕਰ : ਧੀਰੋਵਾਲ ਜੀ, ਤੁਸੀਂ ਬੈਠੇ ਬੈਠੇ ਨਾ ਬੋਲਿਆ ਕਰੋ । ਅਗਰ ਤੁਸੀਂ ਕੋਈ ਗੱਲ ਕਰਨੀ ਹੈ ਤਾਂ ਸੀਟ ਤੇ ਖੜ੍ਹੇ ਹੋ ਕੇ ਗੱਲ ਕਰੋ । Is it your Point of Order. What do you want to say ? Resume your seat.

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਡਿਪਟੀ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ 5 ਹਜ਼ਾਰ ਰੁਪਏ ਦੇ ਕਰਜ਼ਿਆਂ ਦੇ ਬਾਰੇ ਗਿਆਤ ਕਰਵਾਉਣਾ ਚਾਹੁੰਦਾ ਸੀ ।

Original with;
Punjab Vidhan Sabha
Digitized by;
Panjab Digital Library

Mr. Deputy Speaker : You can do it during your speech. Shri Multani Ji, please continue.

ਸਰਦਾਰ ਜਗਤਾਰ ਸਿੰਘ ਮੁਲਤਾਨੀ : ਡਿਪਟੀ ਸਪੀਕਰ ਸਾਹਿਬ, ਮੈਂ ਹਮੇਸ਼ਾਂ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਹਾਊਸ ਹੈ, ਇਹ ਪਵਿੱਤਰ ਹੈ । ਇਥੇ ਇਕ ਇਕ ਮਿੰਟ ਤੇ ਕਿਤਨਾ ਖਰਚਾ ਹੋ ਰਿਹਾ ਹੈ । ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਪੰਜਾਬ ਦੇ ਲੋਕਾਂ ਦੇ ਭਲੇ ਦੀ ਗੱਲ ਕਰੀਏ । ਇਸ ਨਾਲ ਪੰਜਾਬ ਦੀ 2 ਕਰੋੜ ਜਨਤਾ ਦਾ ਭਲਾ ਹੋਵੇਗਾ । ਮਾਨਯੋਗ ਮੈਂਬਰ ਸਰਦਾਰ ਗੁਰਨਾਮ ਸਿੰਘ ਜੀ ਇੰਟਰੱਪਟ ਨਾ ਕਰੋ । ਕਰਜ਼ੇ ਤਾਂ ਪਹਿਲਾਂ ਹੀ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਮਾਫ ਕਰ ਦਿੱਤੇ ਹਨ । ਇਹ ਹੋਰ ਅੱਗੇ ਕੋਸ਼ਿਸ਼ ਕਰ ਰਹੇ ਹਨ । 5,000/- ਰੁਪਏ ਦੇ ਕਰਜ਼ੇ ਮਾਫ ਕਰਕੇ ਸਰਕਾਰ ਨੇ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ । ਸਰਕਾਰ ਨੇ ਆਉਂਦਿਆਂ ਹੀ ਇਹ ਕਰਜ਼ੇ ਮਾਫ ਕਰ ਦਿੱਤੇ ਹਨ । ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਰੇਟ ਆਫ ਇੰਟਰੈਸਟ ਰਿਜ਼ਰਵ ਬੈਂਕ ਆਫ ਇੰਡਆ ਦਾ ਹੋਰ ਹੈ । ਇਸ ਨੂੰ ਕੰਟ੍ਰੋਲ ਕਰਨ ਵਾਸਤੇ ਸ਼ੇਅਰ ਕੈਪੀਟਲ ਦੇ ਦੇਈਏ । ਅਸੀਂ ਇਸ ਤਰ੍ਹਾਂ ਕਰਕੇ ਰੇਟ ਆਫ ਇੰਟਰੈਸਟ ਘਟ ਕਰ ਸਕਦੇ ਹਾਂ, ਰੇਟ ਆਫ ਇੰਟਰੈਸਟ ਨੂੰ ਸਬਸੇਡਾਈਜ਼ ਕਰ ਸਕਦੇ ਹਾਂ । 20 ਕਰੋੜ ਰੁਪਏ ਹਨ ਅਤੇ 3499 ਸੁਸਾਇਟੀਆਂ ਹਨ। ਜਿਹੜਾ ਕੰਮ ਹੋ ਸਕਦਾ ਹੈ, ਉਹ ਕੰਮ ਅਸੀਂ ਜ਼ਰੂਰ ਕਰੀਏ ।

ਸ਼੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ ।

ਸਰਦਾਰ ਜਗਤਾਰ ਸਿੰਘ ਮੁਲਤਾਨੀ ਡਿਪਟੀ ਸਪੀਕਰ ਸਾਹਿਬ, ਕਰੈਡਿਟ ਲਿਮਿਟ ਜ਼ਿਮੀਂਦਾਰਾਂ ਦੀ ਇਕ ਲੱਖ ਰੁਪਿਆ ਜ਼ਰੂਰ ਕਰ ਦਿਉ । 20 ਕਰੋੜ ਰੁਪਿਆ ਤੁਸੀਂ ਵਧਾ ਦੇਣਾ ਹੈ । ਮੈਂ ਇਕ ਮਿਲਕ ਪਲਾਂਟ ਦੀ ਬੇਨਤੀ ਕੀਤੀ ਹੈ । ਮੇਰਾ ਇਲਾਕਾ ਭੁਲੱਥ ਹੈ। ਇਹ ਬੇਟ ਏਰੀਆ ਹੈ ਅਤੇ ਪਛੜਿਆ ਹੋਇਆ ਇਲਾਕਾ ਹੈ । ਉਨ੍ਹਾਂ ਦੀ ਮਦਦ ਸਰਕਾਰ ਕਰੇ ਤਾਂ ਕਿ ਉਹ ਪਛੜੇ ਹੋਏ ਇਲਾਕੇ ਦੇ ਲੋਕ ਅੱਗੇ ਵਧ ਸਕਣ । ਜਿਹੜਾ ਮਿਲਕ ਪਲਾਂਟ ਹੈ, ਉਸ ਨੇ ਪ੍ਰਾਈਵੇਟ ਅਦਾਰਿਆਂ ਨੂੰ ਕੰਪੀਟ ਕਰਨਾ ਹੈ । ਡਿਪਟੀ ਸਪੀਕਰ ਸਾਹਿਬ, ਉਥੇ ਵੀ ਕੰਪੀਟੀਸ਼ਨ ਹੈ । ਇਹ ਜਿਹੜਾ ਅਦਾਰਾ ਮਿਲਕ ਪਲਾਂਟ ਦਾ ਹੈ ਉਸ ਨੂੰ ਪ੍ਰਾਈਵੇਟ ਅਦਾਰਿਆਂ ਦੇ ਮੁਕਾਬਲੇ ਵਿਚ ਅੱਗੇ ਆਉਣਾ ਚਾਹੀਦਾ ਹੈ । ਹਜ਼ਾਰਾਂ ਲੋਕ ਇਨ੍ਹਾਂ ਥਾਵਾਂ ਤੇ ਕੰਮ ਕਰਦੇ ਹਨ ਅਤੇ ਉਨ੍ਹਾਂ ਨੂੰ ਰੋਜ਼ਗਾਰ ਮਿਲਿਆ ਹੋਇਆ ਹੈ, ਤਾਂ ਕੋਈ ਹਰਜ਼ ਵਾਲੀ ਗੱਲ ਨਹੀਂ ਹੈ ਇਨ੍ਹਾਂ ਮਿਲਕ ਪਲਾਂਟਾਂ ਨੂੰ 5-7 ਕਰੋੜ ਰੁਪਿਆ ਦਿੱਤਾ ਜਾਵੇ ਤਾਂ ਕਿ ਉਹ ਪ੍ਰਾਈਵੇਟ ਅਦਾਰਿਆਂ ਮੁਕਾਬਲੇ ਅੱਗੇ ਜਾ ਸਕਣ । ਮਿਲਕਫੈਡ ਅਦਾਰਾ ਹੈ, ਇਸ ਨੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦੌਰਾਨ ਪਿਛਲੇ ਸਾਲਾਂ ਵਿਚ ਕਈ ਕਰੋੜ ਰੁਪਏ ਮੁਨਾਫਾ ਕਮਾਇਆ ਹੈ ਅਤੇ ਇਸ ਸਾਲ ਇਹ ਮੁਨਾਫਾ ਹੋਰ ਵਧੇਗਾ । ਸਰਕਾਰ ਸ਼ਹਿਰਾਂ ਅਤੇ ਪਿੰਡਾਂ ਨੂੰ ਬਰਾਬਰ ਕਰ ਰਹੀ ਹੈ । ਪਿੰਡਾਂ ਨੂੰ ਸ਼ਹਿਰਾਂ ਦੇ ਬਰਾਬਰ ਲਿਆਉਣ ਲਈ ਐਗਰੀਕਲਚਰ ਤੇ ਜ਼ਿਆਦਾ ਖਰਚਾ ਕਰਨਾ ਚਾਹੀਦਾ ਹੈ ਤਾਂ ਕਿ ਪਿੰਡਾਂ ਦੇ ਲੋਕਾਂ ਨੂੰ ਰੋਜ਼ਗਾਰ ਮਿਲ ਸਕੇ । ਪਿੰਡਾਂ ਵਿਚ ਐਗਰੋ ਇੰਡਸਟਰੀ ਚਲਾਈ ਜਾਵੇ । ਪਿੰਡਾਂ ਦੀ ਤਰੱਕੀ ਕਰਨ ਵਾਸਤੇ ਇਹ ਅਦਾਰਾ ਬਹੁਤ ਕੰਮ ਕਰ ਸਕਦਾ ਹੈ । ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਅਮਨ ਕਾਇਮ ਕੀਤਾ ਹੈ । ਡਿਪਟੀ ਸਪੀਕਰ ਸਾਹਿਬ,

Original with;
Punjab Vidhan Sabha
Digitized by;

ਮੈਨੂੰ ਯਾਦ ਹੈ (ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ ਜੀ ਵੱਲ ਇਸ਼ਾਰਾ ਕਰਕੇ)—"ਕੁਝ ਵੇਹ ਹੈਂ ਜੋ ਚਲਤੇ ਹੈਂ ਜ਼ਮਾਨੇ ਕੇ ਸਾਥ, ਕੁਝ ਵੇਹ ਹੈਂ ਜੋ ਜ਼ਮਾਨੇ ਕੋ ਬਦਲ ਦੇਤੇ ਹੈਂ।" ਸਾਡੇ ਇਲਾਕੇ ਦੇ ਲੋਕਾਂ ਨੇ ਜੇਕਰ ਕਪੂਰਥਲਾ ਜਾਣਾ ਹੋਵੇ ਤਾਂ ਇਸ ਤਰ੍ਹਾਂ ਹੁੰਦਾ ਹੈ ਕਿ ਪਹਿਲਾਂ ਫਗਵਾੜਾ ਜਾਉ। ਫਗਵਾੜੇ ਤੋਂ ਫਿਰ ਉਹ ਜਲੰਧਰ ਜਾਣ, ਫਿਰ ਕਰਤਾਰਪੁਰ ਜਾਣ ਅਤੇ ਫਿਰ ਉਹ ਕਪੂਰਥਲਾ ਦੀ ਕਚਹਿਰੀ ਵਿਚ ਜਾਕੇ ਵੜਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਰੀਆਰਗੇਨਾਈਜ਼ੇਸ਼ਨ ਦਾ ਪ੍ਰੋਗਰਾਮ ਚਲ ਰਿਹਾ ਹੈ। ਸਰਦਾਰ ਬੇਅੰਤ ਸਿੰਘ ਜੋ ਇਕ ਭਗਤ ਆਦਮੀ, ਇਕ ਸੰਤ ਆਦਮੀ ਅਤੇ ਇਕ ਯੋਧਾ ਹੈ ਅਤੇ ਉਨ੍ਹਾਂ ਦੀ ਗੁਰੂ ਮਹਾਰਾਜ ਵੀ ਰੱਖਿਆ ਕਰ ਰਿਹਾ ਹੈ। ਮੈਂ ਉਨ੍ਹਾਂ ਨੂੰ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਰੀ-ਆਰਗੇਨਾਈਜ਼ੇਸ਼ਨ ਵਿਚ ਇਹ ਕੰਮ ਦਰੁਸਤ ਹੋ ਜਾਣਾ ਹੈ, ਉਹ ਇਸ ਨੂੰ ਕਰ ਦੇਣ। ਅੱਗੇ ਜਿਹੜਾ ਸਾਡਾ ਕਪੂਰਥਲਾ ਜ਼ਿਲ੍ਹਾ ਹੈ, ਇਸ ਵਿਚ ਸੈਂਟਰਲ ਕੋਆਪਰੇਟਿਵ ਬੈਂਕਾਂ ਦੇ ਚਾਰ ਜ਼ੋਨ ਹਨ। ਉਨ੍ਹਾਂ ਜ਼ੋਨਜ਼ ਦੀ ਵੀ ਰੀਆਰਗੇਨਾਈਜ਼ੇਸ਼ਨ ਹੋਣੀ ਚਾਹੀਦੀ ਹੈ ਅਤੇ ਲੋਕਾਂ ਨੂੰ ਇਸ ਸਬੰਧੀ ਪਰਾਪਰ ਨੋਟਿਸ ਹੋਣਾ ਚਾਹੀਦਾ ਹੈ ਤਾਂਕਿ ਹਰ ਸੈਗਮੈਂਟ ਵਿਚੋਂ ਨੁਮਾਇੰਦੇ ਜਾ ਸਕਣ। ਡਿਪਟੀ ਸਪੀਕਰ ਸਾਹਿਬ, ਇਹ ਕੋਆਪਰੇਟਿਵ ਮੂਵਮੈਂਟ ਇਕ ਤਕੜੀ ਮੂਵਮੈਂਟ ਹੈ ਅਤੇ ਇਹ ਪਿੰਡਾਂ ਦੇ ਲੋਕਾਂ ਦਾ ਬਹੁਤ ਵੱਡਾ ਫਾਇਦਾ ਕਰ ਰਹੀ ਹੈ। ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਕਿ ਭੁਲੱਥ ਦਾ ਏਰੀਆ ਇਕ ਬੇਟ ਏਰੀਆ ਹੈ, ਇਕ ਬੈਕਵਰਡ ਏਰੀਆ ਹੈ ਅਤੇ ਬੈਕਵਰਡ ਕਲਾਸ ਦਾ ਏਰੀਆ ਹੈ। ਏਥੇ ਪਿਛਲੇ 40 ਸਾਲ ਤੋਂ ਕੋਈ ਇੰਡਸਟਰੀ ਨਹੀਂ ਲੱਗੀ। ਇਹ ਉਥੇ ਮਾਰਕਫੈੱਡ ਦਾ ਹੀ ਕੋਈ ਪਲਾਂਟ ਲਗਾ ਦੇਣ। ਇਕ ਜਗਤਜੀਤ ਇੰਡਸਟਰੀ ਹੈ ਜਿਹੜੀ ਬਿਲਕੁਲ ਕੋਨੇ ਵਿਚ ਪੈ ਜਾਂਦੀ ਹੈ। ਇਸੇ ਕਰਕੇ ਇਥੇ ਬੇਰੋਜ਼ਗਾਰੀ ਦੀ ਸਮੱਸਿਆ ਹੈ। ਮੈਂ ਮੰਗ ਕਰਾਂਗਾ ਕਿ ਮਾਰਕਫੈੱਡ ਦੇ ਰਾਹੀਂ ਉਥੇ ਕੋਈ ਐਗਰੋ ਇੰਡਸਟਰੀ ਲਾ ਦਿੱਤੀ ਜਾਵੇ। ਮੈਂ ਹੋਰ ਬੇਨਤੀ ਕਰਾਂਗਾ ਕਿ ਜਿਹੜੇ ਕਰਤਾਰਪੁਰ ਅਤੇ ਕਪੂਰਥਲਾ ਦੇ ਸੈਂਟਰ ਵਿਚ ਪਿੰਡ ਲਗਦੇ ਹਨ, ਉਥੇ ਇਕ ਇੰਡਸਟਰੀਅਲ ਫੋਕਲ ਪੁਆਇੰਟ ਬਣਾ ਦਿੱਤਾ ਜਾਵੇ ਤਾਂ ਕਿ ਉਥੋਂ ਦੇ ਲੋਕਾਂ ਦੀ ਬੇਰੋਜ਼ਗਾਰੀ ਦੂਰ ਹੋ ਸਕੇ। ਇਸ ਨਾਲ ਜ਼ਿਆਦਾ ਖੁਸ਼ਹਾਲੀ ਆਵੇਗੀ ਅੱਰ ਜਿਵੇਂ ਸਾਡਾ ਪੰਜਾਬ ਅੱਗੇ ਤਰੱਕੀ ਕਰ ਰਿਹਾ ਹੈ, ਹੋਰ ਜ਼ਿਆਦਾ ਤਰੱਕੀ ਕਰੇਗਾ।

ਏਸੇ ਤਰ੍ਹਾਂ ਹੀ ਸਾਡਾ ਏਰੀਆ ਹੈ। ਸੀ.ਐਮ. ਸਾਹਿਬ ਪਹਿਲਾਂ ਹੀ 6-3-95 ਨੂੰ ਕਹਿ ਕੇ ਆਏ ਹਨ ਕਿ ਭੁਲੱਥ ਨੂੰ ਸਬ-ਡਿਵੀਜ਼ਨ ਬਣਾ ਦਿਆਂਗੇ। ਮੈਂ ਸਰਕਾਰ ਦਾ ਧੰਨਵਾਦ ਕਰਾਂਗਾ ਅਤੇ ਬੇਨਤੀ ਕਰਾਂਗਾ ਕਿ ਜਦੋਂ ਵੀ ਰੀਆਰਗੇਨਾਈਜ਼ੇਸ਼ਨ ਹੋਵੇ, ਭੁਲੱਥ ਸਬ-ਡਿਵੀਜ਼ਨ ਚਾਲੂ ਹੋ ਜਾਵੇ। ਜਿਵੇਂ ਅੱਜ ਵੀ ਸਵੇਰੇ ਸਰਦਾਰ ਗੁਰਨਾਮ ਸਿੰਘ ਨੇ ਸ੍ਰੀ ਹਰਗੋਬਿੰਦਪੁਰ ਦੇ ਪੁਲ ਦੀ ਗੱਲ ਕੀਤੀ ਹੈ, ਏਸੇ ਤਰ੍ਹਾਂ ਸਾਡੇ ਭੁਲੱਥ ਦਾ ਪੁਲ ਹੈ, ਉਸ ਲਈ ਸਰਕਾਰ ਨੇ 5 ਕਰੋੜ ਦੀ ਰਕਮ ਰੱਖੀ ਹੈ ਪਰ ਪੁਲ ਦਾ ਕੰਮ ਬੜਾ ਸਲੋ ਚਲ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਜਿਹੜੇ ਲੋਕਾਂ ਨੇ ਉਸ ਪੁਲ ਨੂੰ ਕਰਾਸ ਕਰਕੇ ਜਾਣਾ ਹੁੰਦਾ ਹੈ, ਫਾਟਕ ਬੰਦ ਰਹਿੰਦਾ ਹੈ ਅਤੇ ਲੋਕਾਂ ਦਾ ਟਾਈਮ ਬਰਬਾਦ ਹੁੰਦਾ ਹੈ। ਇਸ ਵੱਲ ਵੀ ਸਰਕਾਰ ਧਿਆਨ ਦੇਵੇ। ਦੂਜੇ ਪਾਸੇ ਅੰਮ੍ਰਿਤਸਰ ਦਾ ਜ਼ਿਲ੍ਹਾ ਹੈ ਜਿਸ ਦੀ ਸ੍ਰੀ ਹਰਮੰਦਿਰ ਸਾਹਿਬ ਹੋਣ ਕਰਕੇ ਬੜੀ ਮਹੱਤਤਾ ਹੈ। ਉਸ ਬਾਰੇ ਸਵੇਰੇ ਵੀ ਸ਼੍ਰੀਮਤੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਤਾਰ ਸਿੰਘ ਮੁਲਤਾਨੀ]

ਲਕਸ਼ਮੀ ਕਾਂਤਾ ਚਾਵਲਾ ਨੇ ਸਵਾਲ ਕੀਤਾ ਸੀ ਪਰ ਉਨਦਾ ਸ਼ੁਬੇਲੁਬਾਇ ਹੋਰ ਸੀ । ਮੈਂ ਕਹਿੰਦਾ ਹਾਂ ਕਿ ਇਹ ਸਿੱਧੀ ਤਰ੍ਹਾਂ ਮੰਗ ਕਰਨ ਕਿ ਅੰਮ੍ਰਿਤਸਰ ਜੋ ਕਿ ਇਤਿਹਾਸਿਕ ਸਥਾਨ ਹੈ ਅਤੇ ਜਿਥੇ ਸਾਰੇ ਹਿੰਦੁਸਤਾਨ ਵਿਚੋਂ ਹੀ ਨਹੀਂ, ਸਾਰੀ ਦਨੀਆਂ ਵਿਚੋ ਲੋਕ ਆਉਂਦੇ ਹਨ, ਉਸ ਦੀ ਜਲੰਧਰ ਤੋਂ ਅੰਮ੍ਰਿਤਸਰ ਤੱਕ ਡਬਲ ਸੜਕ ਕੀਤੀ ਜਾਵੇ । ਇਹ ਮੰਗ ਰੋਜ਼ ਇਹੀ ਕਰੀ ਜਾਂਦੇ ਹਨ ਅਤੇ ਤੁਸੀਂ ਇਨ੍ਹਾਂ ਨੂੰ ਟਾਈਮ ਦੇਂਦੇ ਰਹਿੰਦੇ ਹੋ ।

ਸ਼੍ਰੀ ਜਗਦੀਸ਼ ਸਾਹਨੀ (ਬੈਠੇ ਬੈਠੇ) : ਕੀ ਇਹ ਕੋਆਪਰੇਸ਼ਨ ਤੇ ਬਹਿਸ ਹੋ ਰਹੀ ਹੈ ?

Mr. Deputy Speaker : Sawhnay Sahib, please speak through me. You can not ask him directly.

ਸਰਦਾਰ ਜਗਤਾਰ ਸਿੰਘ ਮੁਲਤਾਨੀ : ਜੇ ਮੈਂ ਇਨ੍ਹਾਂ ਦੀ ਡਿਮਾਂਡ ਪੁੱਟ ਕਰ ਦਿੱਤੀ ਹੈ ਤਾਂ ਕੀ ਮੈਂ ਗਲਤ ਕੰਮ ਕਰ ਦਿੱਤਾ ਹੈ ?

ਸ਼੍ਰੀ ਜਗਦੀਸ਼ ਸਾਹਨੀ (ਬੈਠੇ ਬੈਠੇ) : ਅਸੀਂ ਆਪਣੀ ਡਿਮਾਂਡ ਅਪ ਪੁੱਟ ਕਰ ਲਵਾਂਗੇ, ਤੁਹਾਡੀ ਲੋੜ ਨਹੀਂ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਡਿਪਟੀ ਸਪੀਕਰ ਸਾਹਿਬ,...

ਸ਼੍ਰੀ ਡਿਪਟੀ ਸਪੀਕਰ : ਹਾਂ ਜੀ, ਮਿਸਿਜ਼ ਚਾਵਲਾ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੁਆਰਾ ਸਰਕਾਰੀ ਪੱਖ ਦੇ ਇਸ ਮੈਂਬਰ ਦਾ ਧੰਨਵਾਦ ਕਰਦੀ ਹਾਂ ਕਿਉਂਕਿ ਮੰਤਰੀ ਨੇ ਜਦ ਕਿਹਾ ਹੈ ਕਿ ਸੜਕ ਬੜੀ ਚੌੜੀ ਹੈ ਤਾਂ ਇਨ੍ਹਾਂ ਨੇ ਮੇਰੀ ਸਪੋਰਟ ਕਰ ਦਿੱਤੀ ਹੈ । ਮੈਂ ਆਪਣਾ ਧੰਨਵਾਦ ਰਿਕਾਰਡ ਕਰਾਉਂਦੀ ਹਾਂ ।

ਸਰਦਾਰ ਜਗਤਾਰ ਸਿੰਘ ਮੁਲਤਾਨੀ : ਡਿਪਟੀ ਸਪੀਕਰ ਸਾਹਿਬ, ਮੈਂ ਬਹੁਤਾ ਵਕਤ ਨਹੀਂ ਲੈਣਾ । ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਇਹ ਬੜਾ ਅਹਿਮ ਮਸਲਾ ਹੈ । ਉਥੇ 31 ਮੌਤਾਂ ਹੋ ਚੁੱਕੀਆਂ ਹਨ । ਸੁਭਾਨਪੁਰ ਦਾ ਐਸ.ਐਸ.ਓ. ਕਹਿੰਦਾ ਹੈ ਕਿ ਸਿਵਾਏ ਮੌਤਾਂ ਅਤੇ ਐਕਸੀਡੈਂਟਾਂ ਦੇ ਕੇਸਾਂ ਦੇ, ਮੇਰੇ ਕੋਲ ਹੋਰ ਕੋਈ ਕੰਮ ਨਹੀਂ ਹੈ । ਸਾਡੇ ਮੰਤਰੀ ਸਰਦਾਰ ਸਰਦੂਲ ਸਿੰਘ ਦਾ ਉਥੇ ਐਕਸੀਡੈਂਟ ਹੋਇਆ ਅਤੇ ਉਨ੍ਹਾਂ ਦਾ ਗੰਨਮੈਨ ਮਾਰਿਆ ਗਿਆ । ਇਸੇ ਤਰ੍ਹਾਂ ਇਕ ਐਸ. ਡੀ. ਓ. ਵੀ ਉਥੇ ਐਕਸੀਡੈਂਟ ਵਿਚ ਮਾਰਿਆ ਗਿਆ । ਉਸ ਸੜਕ ਤੇ ਹੁਣ 2 ਲੱਖ ਰੁਪਏ ਦੀਆਂ ਲਾਈਟਾਂ ਲਾ ਕੇ ਕੁਝ ਬਚਾਅ ਕੀਤਾ ਗਿਆ ਹੈ । ਉਹ ਜਿਹੜਾ ਸੁਭਾਨਪੁਰ ਦਾ ਚੌਂਕ ਹੈ, ਉਸ ਨੂੰ ਬਣਾਉਣ ਵਾਸਤੇ ਇਕ ਸਾਲ ਤੋਂ ਕੇਸ ਚਲ ਰਿਹਾ ਹੈ । ਮੈਂ ਪੀ.ਡਬਲਯੂ.ਡੀ. ਮਨਿਸਟਰ ਸਾਹਿਬਾ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਇਸ ਚੌਂਕ ਦੀ ਮਨਜ਼ੂਰੀ ਜਲਦੀ ਤੋਂ ਜਲਦੀ ਭੇਜਣ । ਹਰ 15 ਦਿਨਾਂ ਬਾਅਦ ਉਥੇ 1-2 ਮੌਤਾਂ ਹੋ ਜਾਂਦੀਆਂ ਹਨ । ਮਿਤੀ 6.3.94 ਨੂੰ ਸਾਡੇ ਮਾਨਯੋਗ ਮੁੱਖ ਮੰਤਰੀ ਜੀ ਉਥੇ ਗਏ ਸਨ । ਉਥੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਯਾਦ ਵਿਚ ਬੜਾ ਵੱਡਾ ਟੂਰਨਾਮੈਂਟ ਹੋਇਆ ਸੀ । ਗੜ੍ਹਦੀਵਾਲਾ, ਕਪੂਰਥਲਾ ਅਤੇ ਦਸੂਹਾ ਆਦਿ ਏਰੀਏ ਦੇ ਲੋਕਾਂ

Original with;
Punjab Vidhan Sabha
Digitized by;
Panjab Digital Library

ਦੀ ਮੰਗ ਸੀ ਕਿ ਕਪੂਰਥਲਾ ਤੋਂ ਲੈ ਕੇ ਦਸੂਹਾ ਤੱਕ ਦੀ ਸੜਕ ਦਾ ਨਾਂ ਬਾਬਾ ਮੱਖਣ ਸ਼ਾਹ ਲੁਬਾਣਾ ਰੋਡ ਰੱਖ ਦਿੱਤਾ ਜਾਵੇ। ਉਨ੍ਹਾਂ ਨੇ ਇਸ ਵਾਸਤੇ ਹਾਂ ਕਰ ਦਿੱਤੀ ਸੀ ਅਤੇ ਇਹ ਵੀ ਕਿਹਾ ਸੀ ਕਿ ਉਥੇ ਗੇਟ ਵੀ ਬਣਾਏ ਜਾਣਗੇ ਪਰ ਇਸ ਦੇ ਵਾਸਤੇ ਅਜੇ ਤੱਕ ਕੰਮ ਸ਼ੁਰੂ ਨਹੀਂ ਕੀਤਾ ਗਿਆ। ਉਹ ਬੜੇ ਵੱਡੇ ਮਹਾਂਪੁਰਖ ਹੋਏ ਹਨ। ਸਵੇਰੇ ਰਾਏ ਸਾਹਿਬ ਸਵਾਲ ਕਰ ਰਹੇ ਸਨ ਕਿ..

ਸ਼੍ਰੀ ਵਿਜੇ ਕੁਮਾਰ ਸਾਥੀ: ਡਿਪਟੀ ਸਪੀਕਰ ਸਾਹਿਬ, ਸਾਡਾ ਵੀ ਜੀਅ ਕਰਦਾ ਹੈ ਕਿ ਅਸੀਂ ਵੀ ਡਿਮਾਂਡਜ ਤੇ ਬੋਲੀਏ। ਅਸੀਂ ਵੀ ਟਾਈਮ ਲੈਣਾ ਹੈ। ਇਨ੍ਹਾਂ ਨੂੰ ਛੇਤੀ ਖਤਮ ਕਰਨਾ ਚਾਹੀਦਾ ਹੈ।

ਸ਼੍ਰੀ ਡਿਪਟੀ ਸਪੀਕਰ : ਇਹ ਉਨ੍ਹਾਂ ਦੀ ਪਾਰਟੀ ਦਾ ਟਾਈਮ ਹੈ। ਮੁਲਤਾਨੀ ਜੀ, ਤੁਸੀਂ ਕੰਟੀਨਿਓ ਰੱਖੋ।

ਸਰਦਾਰ ਜਗਤਾਰ ਸਿੰਘ ਮੁਲਤਾਨੀ : ਡਿਪਟੀ ਸਪੀਕਰ ਸਾਹਿਬ, ਇਹ ਸਾਥੀ ਜੀ ਦੀ ਆਦਤ ਹੈ, ਇਹ ਹਮੇਸ਼ਾ ਮੈਨੂੰ ਟੋਕਦੇ ਰਹਿੰਦੇ ਹਨ। ਉਹ ਮੈਨੂੰ ਸਾਹ ਦਿਵਾਉਂਦੇ ਰਹਿੰਦੇ ਹਨ ਅਤੇ ਇਸ ਤਰ੍ਹਾਂ ਕਰਕੇ ਮੇਰੀ ਮਦਦ ਹੀ ਕਰਦੇ ਹਨ। ਮੈਂ ਇੰਡਸਟਰੀਅਲ ਫੋਕਲ ਪੁਆਇੰਟ ਦੀ ਗੱਲ ਕਰ ਰਿਹਾ ਸੀ। ਉਹ ਤਾਂ ਜ਼ਰੂਰ ਬਣਾ ਦੇਣਾ ਹੈ। ਮਾਨਯੋਗ ਸਰਦਾਰ ਗੁਲਜ਼ਾਰ ਸਿੰਘ ਜੀ ਕਪੂਰਥਲਾ ਦੇ ਐਮ.ਐਲ.ਏ. ਹਨ। ਕਪੂਰਥਲਾ ਵਿਚ ਇੰਪਰੂਵਮੈਂਟ ਟਰੱਸਟ ਚਲ ਰਿਹਾ ਹੈ। ਸਰਕਾਰ ਨੇ ਬੇਹੱਦ ਅਮਨ ਸ਼ਾਂਤੀ ਕੀਤੀ ਹੈ। ਲੋਕ ਹੁਣ ਵੱਡੇ ਸ਼ਹਿਰਾਂ ਵੱਲ ਭੱਜਣ ਦੀ ਥਾਂ ਵਾਪਸ ਪਿੰਡਾਂ ਵਿਚ ਆ ਗਏ ਹਨ। ਪਿੰਡਾਂ ਵਿਚ ਖੁਸ਼ਹਾਲੀ ਆ ਰਹੀ ਹੈ। ਇਸ ਦੇ ਲਈ ਮੈਂ ਸਰਦਾਰ ਬੇਅੰਤ ਸਿੰਘ ਜੀ ਦਾ ਬੜਾ ਧੰਨਵਾਦੀ ਹਾਂ। ਅੱਜ ਦੁਨੀਆਂ ਵਿਚ ਜੋ ਹਾਊਸਿੰਗ ਪਾਲਿਸੀ ਚਲ ਰਹੀ ਹੈ, ਉਹ ਮੈਂ ਕੈਨੇਡਾ ਅਤੇ ਅਮਰੀਕਾ ਵਿਚ ਜਾਕੇ ਵੇਖੀ ਹੈ। ਉਥੇ ਵੱਡੇ ਵੱਡੇ ਸ਼ਹਿਰਾਂ ਤੋਂ 20-20, 30-30 ਕਿਲੋਮੀਟਰ ਦੂਰ ਮਕਾਨ ਉਸਾਰੇ ਜਾਂਦੇ ਹਨ। ਪਿੰਡ ਬੇਗੋਵਾਲ ਵਿਚ ਨਗਰ ਪੰਚਾਇਤ ਦੀ 40-50 ਏਕੜ ਜਮੀਨ ਹੈ, ਉਹ ਜ਼ਮੀਨ ਅਸੀਂ ਦੇਣ ਨੂੰ ਤਿਆਰ ਹਾਂ। ਇਸ ਕਰਕੇ ਜਮੀਨ ਦੀ ਐਕਿਊ-ਜੀਸ਼ਨ ਦੀ ਉਥੇ ਕੋਈ ਪ੍ਰਾਬਲਮ ਨਹੀਂ ਹੈ। ਜ਼ਮੀਨ ਲੈਣ ਵਾਸਤੇ ਸਰਕਾਰ ਦਾ ਕੋਈ ਟਾਈਮ ਨਹੀਂ ਲੱਗਣਾ। ਇਸ ਕਰਕੇ ਮੇਰੀ ਬੇਨਤੀ ਹੈ ਕਿ ਮੇਰੇ ਹਲਕੇ ਵਿਚ ਪਿੰਡ ਬੇਗੋਵਾਲ ਵਿਚ ਇਕ ਅਰਬਨ ਐਸਟੇਟ ਬਣਾ ਦਿੱਤਾ ਜਾਵੇ। ਇਨ੍ਹਾਂ ਲਫਜ਼ਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਨ੍ਹਾਂ ਡਿਮਾਂਡਜ਼ ਤੇ ਬੋਲਣ ਲਈ ਸਮਾਂ ਦਿੱਤਾ ਹੈ।

ਡਾਕਟਰ ਰਤਨ ਸਿੰਘ (ਅਜਨਾਲਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਰਿਣੀ ਹਾਂ ਕਿ ਤੁਸੀਂ ਮੈਨੂੰ ਕੋਆਪ੍ਰੇਸ਼ਨ ਅਤੇ ਇੰਡਸਟਰੀ ਮਹਿਕਮਿਆਂ ਦੀਆਂ ਡਿਮਾਂਡਜ਼ ਤੇ ਬੋਲਣ ਦਾ ਟਾਈਮ ਦਿੱਤਾ ਹੈ। ਮੇਰੇ ਸਾਥੀ ਇਥੇ ਕਹਿ ਰਹੇ ਹਨ ਕਿ ਕੋਆਪ੍ਰੇਸ਼ਨ ਡਿਪਾਰਟਮੈਂਟ ਨੇ ਜੋ ਪਿੰਡਾਂ ਵਿਚ ਡਿਵੈਲਪਮੈਂਟ ਕੀਤੀ ਹੈ, ਉਸ ਕੰਮ ਵਿਚ ਅਸੀਂ ਤੀਸਰੇ ਨੰਬਰ ਤੇ ਹਾਂ। ਕੋਆਪ੍ਰੇਸ਼ਨ ਮਹਿਕਮੇ ਵਿਚ ਤਾਂ ਅੱਗੇ ਹੋਰ ਬਹੁਤ ਸਾਰੇ ਅਦਾਰੇ ਹਨ ਅਤੇ ਸਿਵਾਏ ਮਾਰਕਫੈੱਡ ਦੇ, ਬਾਕੀ ਸਾਰੇ ਹੀ ਘਾਟੇ ਵਿਚ ਜਾ ਰਹੇ ਹਨ। ਇਹ (ਗੁਲਿੰਗ ਬੈਂਚਾਂ ਵੱਲ ਇਸ਼ਾਰਾ) ਕੋਆਪ੍ਰਸ਼ਨ ਮਹਿਕਮੇ ਲਈ ਵਰਤੋਂ ਕੇਵਲ ਤੇ ਕੇਵਲ ਆਪਣੀ ਡਿਵੈਲਪਮੈਂਟ ਲਈ ਹੀ ਕਰਦੇ ਹਨ।

Original with;
Punjab Vidhan Sabha
Digitized by;
Punjab Digital Library

[ਡਾਕਟਰ ਰਤਨ ਸਿੰਘ]

ਇਹ ਜੋ ਵੀ ਕੰਮ ਕਰਦੇ ਹਨ, ਆਪਣੀ ਡਿਵੈਲਪਮੈਂਟ ਲਈ ਕਰਦੇ ਹਨ ਅੱਰ ਪੰਜਾਬ ਦੀ ਇਹ ਹਾਲਤ ਹੈ, ਡਿਪਟੀ ਸਪੀਕਰ ਸਾਹਿਬ, ਕਿ ਜਿੰਨੀਆਂ ਵੀ ਪਿੰਡਾਂ ਦੇ ਵਿਚ ਸੋਸਾਇਟੀਆਂ ਹਨ, ਉਹ ਸਾਰੀਆਂ ਹੀ ਘਾਟੇ ਵਿਚ ਚਲ ਰਹੀਆਂ ਹਨ। ਜਿੰਨੇ ਵੀ ਸੇਲਜ਼ਮੈਨ ਹਨ, ਜਿੰਨੇ ਵੀ ਇੰਸਪੈਕਟਰ ਹਨ, ਏ.ਆਰ. ਹਨ, ਸਿਵਾਏ ਸੋਸਾਇਟੀਆਂ ਦੇ ਖਾਣ ਤੋਂ ਉਨ੍ਹਾਂ ਨੂੰ ਕੋਈ ਹੋਰ ਕੰਮ ਨਹੀਂ ਹੈ। ਇਹ ਜਿਹੜੀ ਖਾਦ ਸੋਸਾਇਟੀਆਂ ਵਿਚ ਜਾਂਦੀ ਹੈ, ਤੁਸੀਂ ਹੈਰਾਨ ਹੋਵੋਗੇ ਕਿ ਇਹ ਖਾਦ ਅਸਲ ਵਿਚ ਉਥੇ ਜਾਂਦੀ ਹੀ ਨਹੀਂ। ਇਹ ਖਾਦਾਂ ਤਾਂ ਗਰੀਬਾਂ ਤੱਕ ਪਹੁੰਚਦੀਆਂ ਹੀ ਨਹੀਂ ਹਨ, ਇਹ ਰਸਤੇ ਵਿਚ ਹੀ ਵਪਾਰੀਆਂ ਦੇ ਕੋਲ ਚਲੀਆਂ ਜਾਂਦੀਆਂ ਹਨ। ਇਹ ਖਾਦਾ ਦੁਕਾਨਾਂ ਤੇ ਮਿਲਦੀਆਂ ਹਨ, ਸੋਸਾਇਟੀਆਂ ਵਿਚ ਬਿਲਕੁਲ ਨਹੀਂ ਮਿਲਦੀਆਂ। ਮੈਂ ਹੋਰ ਵੀ ਦੱਸਣਾ ਚਾਹੁੰਦਾ ਹਾਂ ਕਿ 90% ਸੋਸਾਇਟੀਆਂ ਘਾਟੇ ਵਿਚ ਜਾਂਦੀਆਂ ਹਨ ਅੱਰ ਜਿਹੜੇ ਗਰੀਬ ਲੋਕ ਹਨ, ਇਹ ਵਿਚਾਰੇ ਸੋਸਾਇਟੀਆਂ ਦੇ ਕਰਜ਼ਿਆਂ ਵਿਚ ਫਸੇ ਪਏ ਹਨ। ਜਦੋਂ ਵੀ ਕਦੇ ਇਹ ਦੱਸਦੇ ਹਾਂ ਕਿ ਸੋਸਾਇਟੀ ਘਾਟੇ ਵਿਚ ਹੈ, ਉਸ ਦੀ ਇਨਕੁਆਰੀ ਕਰਾਈ ਜਾਵੇ ਤਾਂ ਹੁੰਦਾ ਕੀ ਹੈ ਕਿ ਇਨਕੁਆਰੀ ਤਾਂ ਕੀ ਕਰਾਉਣੀ ਸਗੋਂ ਇਹ ਕਹਿੰਦੇ ਹਨ ਕਿ ਅਸੀਂ ਇਲੈਕਸ਼ਨ ਕਰਵਾ ਰਹੇ ਹਾਂ। ਤੁਸੀਂ ਹੈਰਾਨ ਹੋਵੋਗੇ ਕਿ ਸੋਸਾਇਟੀਆਂ ਨੂੰ ਕਿਹਾ ਗਿਆ ਕਿ ਤੁਹਾਡੀ ਇਲੈਕਸ਼ਨ ਫਲਾਨੀ ਡੇਟ ਨੂੰ ਹੋਵੇਗੀ, ਏ. ਆਰ. ਅੱਰ ਡਿਊਟੀ ਅਫ਼ਸਰ ਪਹੁੰਚਣਗੇ ਪਰ ਜਦੋਂ ਉਹ ਤਾਰੀਖ ਆਉਂਦੀ ਹੈ ਤਾਂ ਉਸ ਦਿਨ ਨਾ ਕੋਈ ਡਿਊਟੀ ਅਫਸਰ ਪਹੁੰਚਦਾ ਹੈ, ਨਾ ਹੀ ਏ. ਆਰ. ਆਉਂਦਾ ਹੈ ਅੱਰ ਜਿਹੜੀ ਇਲੈਕਸ਼ਨ ਹੈ, ਉਹ ਏ. ਆਰ. ਦੇ ਦਫ਼ਤਰ ਵਿਚ ਬੈਠ ਕੇ ਹੀ ਹੋ ਜਾਂਦੀ ਹੈ।

ਹੁਣ ਮੈਂ ਸ਼ੂਗਰਫੈਡ ਦੀ ਗੱਲ ਕਰਦਾ ਹਾਂ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕਿਹਾ ਗਿਆ ਹੈ ਕਿ ਸਾਰੀਆਂ ਕੋਆਪਰੇਟਿਵ ਮਿੱਲਾਂ ਪ੍ਰਾਈਵੇਟ ਹੱਥਾਂ ਦੇ ਵਿਚ ਦਿੱਤੀਆਂ ਜਾਣਗੀਆਂ ਅੱਰ ਇਸ ਨਾਲ ਲੋਕਾਂ ਨੂੰ ਫਾਇਦਾ ਹੋਵੇਗਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇਥਰ ਪ੍ਰਾਈਵੇਟ ਅਦਾਰਿਆਂ ਵਾਲੇ ਇਨ੍ਹਾਂ ਤੋਂ ਫਾਇਦਾ ਉਠਾ ਸਕਦੇ ਹਨ ਤਾਂ ਸਰਕਾਰ ਫਾਇਦਾ ਕਿਉਂ ਨਹੀਂ ਲੈ ਸਕਦੀ। ਇਹ ਪ੍ਰਾਈਵੇਟ ਹੱਥਾਂ ਵਿਚ ਕਿਉਂ ਵੇਚੀਆਂ ਜਾਂਦੀਆਂ ਹਨ ? ਇਹ ਚਾਹੁੰਦੇ ਹਨ ਕਿ ਇਨ੍ਹਾਂ ਮਿੱਲਾਂ ਨੂੰ ਪ੍ਰਾਈਵੇਟ ਕਰਕੇ ਆਪਣੇ ਚਹੇਤਿਆਂ ਨੂੰ ਸਸਤੇ ਮੁੱਲਾਂ ਤੇ ਵੇਚ ਦਿੱਤੀਆਂ ਜਾਣ। ਕਰੋੜਾਂ ਰੁਪਏ ਦਾ ਫਾਇਦਾ ਇਹ ਆਪਣੇ ਬੰਦਿਆਂ ਨੂੰ ਦੇਣਾ ਚਾਹੁੰਦੇ ਹਨ। ਮੈਂ ਅਜਨਾਲਾ ਸ਼ੂਗਰ ਮਿੱਲ ਦੀ ਗੱਲ ਕਰਨਾ ਚਾਹੁੰਦਾ ਹਾਂ। ਜਦੋਂ ਇਹ ਸਰਕਾਰ ਆਈ ਤਾਂ ਲੋਕਾਂ ਨੂੰ ਕਿਹਾ ਗਿਆ ਕਿ ਗੰਨਾ ਬੀਜੋ। ਲੋਕਾਂ ਨੇ ਬਹੁਤ ਗੰਨਾ ਬੀਜਿਆ ਕਿਉਂਕਿ ਉਥੇ ਸ਼ੂਗਰ ਮਿੱਲ ਲਗਾਈ ਜਾਣੀ ਸੀ। ਜਦੋਂ ਗੰਨਾ ਤਿਆਰ ਹੋ ਗਿਆ ਤਾਂ ਲੋਕਾਂ ਵਿਚ ਬੜਾ ਉਤਸ਼ਾਹ ਸੀ ਪਰ ਸ਼ੂਗਰ ਮਿੱਲ ਤਿਆਰ ਨਹੀਂ ਹੋਈ ਅੱਰ ਲੋਕਾਂ ਨੂੰ ਆਪਣਾ ਗੰਨਾ ਫਗਵਾੜਾ, ਨਵਾਂ ਸ਼ਹਿਰ ਲਿਆਉਣਾ ਪਿਆ। ਲੋਕੀਂ ਲਗਾਤਾਰ 10-15 ਦਿਨ ਗੰਨਾ ਢੋਂਦੇ ਰਹੇ। ਇਹ ਗੱਲ ਠੀਕ ਹੈ ਕਿ, ਹੁਣ ਉਹ ਅਜਨਾਲਾ ਸ਼ੂਗਰ ਮਿੱਲ ਤਿਆਰ ਹੋ ਗਈ ਹੈ ਪਰ ਹੁਣ ਉਥੇ ਗੰਨਾ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ, ਉਥੇ ਲੋਕਾਂ ਵਿਚ ਬੜਾ ਉਤਸ਼ਾਹ ਹੈ। ਇਹ ਅਦਾਰਾ ਲੋਕਾਂ ਦਾ ਅਦਾਰਾ ਹੈ ਅਤੇ ਇਸ ਨੂੰ ਕਾਇਮ ਰੱਖਣ ਲਈ ਅਸੀਂ ਗੰਨੇ ਵਾਸਤੇ ਬੜੀਆ ਕੋਸ਼ਿਸ਼ਾਂ ਕਰ ਰਹੇ ਹਾਂ। ਇਕ ਪਾਸੇ ਅਸੀਂ ਗੰਨੇ ਵਾਸਤੇ ਲੋਕਾਂ ਨੂੰ, ਕਿਸਾਨਾਂ ਨੂੰ

Original with;
Punjab Vidhan Sabha
Digitized by;
Panjab Digital Library

ਬੇਨਤੀ ਕਰ ਰਹੇ ਹਾਂ ਕਿ ਗੰਨਾ ਬੀਜਿਆ ਜਾਵੇ ਅੌਰ ਦੂਸਰੇ ਪਾਸੇ ਸਾਡੇ ਮਨਿਸਟਰ ਸਾਹਿਬ ਕਹਿ ਰਹੇ ਹਨ ਕਿ ਅਸੀਂ ਇਹ ਮਿੱਲ ਪ੍ਰਾਈਵੇਟ ਹੱਥਾਂ ਵਿਚ ਵੇਚ ਰਹੇ ਹਾਂ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਦੋਂ ਕੋਈ ਮਿੱਲ ਲਗਾਈ ਜਾਵੇ ਤਾਂ ਇਹ ਸਭ ਤੋਂ ਪਹਿਲਾਂ ਅਸੈਸੱ ਕਰਨਾ ਚਾਹੀਦਾ ਹੈ ਕਿ ਜਿਹੜੀ ਮਿਲ ਲੱਗ ਰਹੀ ਹੈ, ਉਸ ਵਾਸਤੇ ਰਾਅ-ਮੈਟੀਰੀਅਲ ਉਥੇ ਤਿਆਰ ਹੁੰਦਾ ਹੈ । ਇਕ ਸ਼ੂਗਰ ਮਿਲ ਬੁਢਲਾਡੇ ਬਣਾਈ ਗਈ ਪਰ ਉਥੇ ਪਾਣੀ ਦੀ ਸ਼ਾਰਟੇਜ਼ ਹੋਣ ਕਰਕੇ ਗੰਨਾ ਤਿਆਰ ਨਹੀਂ ਹੁੰਦਾ, ਇਸ ਕਰਕੇ ਉਹ ਮਿਲ ਵੀ ਘਾਟੇ ਵਿਚ ਜਾ ਰਹੀ ਹੈ । ਕੋਈ ਵੀ ਮਿੱਲ ਜਾਂ ਇੰਡਸਟਰੀ ਲਗਾਉਣ ਤੋਂ ਪਹਿਲਾਂ ਉਹਦੇ ਰਾਅ-ਮੈਟੀਰੀਅਲ ਬਾਰੇ ਪਤਾ ਹੋਣਾ ਚਾਹੀਦਾ ਹੈ ਕਿ ਉਸ ਇਲਾਕੇ ਵਿਚ ਉਸ ਵਾਸਤੇ ਲੋੜੀਂਦਾ ਕੱਚਾ ਮਾਲ ਮਿਲੇਗਾ ਜਾਂ ਨਹੀਂ । ਜਿਸ ਕਿਸਮ ਦਾ ਕੱਚਾ ਮਾਲ ਮਿਲ ਸਕਦਾ ਹੋਵੇ, ਉਸੇ ਪਰਕਾਰ ਦੀ ਇੰਡਸਟਰੀ ਲਗਾਉਣੀ ਚਾਹੀਦੀ ਹੈ । ਇਹ ਅੌਸ਼ਿਓਰ ਕਰਾਉਣ ਕਿ ਅਜ਼ਨਾਲਾ ਸ਼ੂਗਰ ਮਿਲ ਪ੍ਰਾਈਵੇਟ ਹੱਥਾਂ ਵਿਚ ਨਹੀਂ ਦਿਤੀ ਜਾਵੇਗੀ । ਅਸੀਂ ਯਕੀਨ ਦਿਵਾਉਦੇ ਹਾਂ ਕਿ ਅਸੀਂ ਉਥੇ ਗੰਨੇ ਦੀ ਕਿਲਤ ਨਹੀਂ ਆਉਣ ਦੇਵਾਂਗੇ । ਬੁਢਲਾਡਾ ਦੀ ਸ਼ੂਗਰ ਮਿਲ ਬਾਰੇ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਇਸ ਨੂੰ 10 ਲੱਖ ਰੁਪਏ ਵਿਚ ਵੇਚਿਆ ਜਾ ਰਿਹਾ ਹੈ ।ਤੁਸੀਂ ਹੈਰਾਨ ਹੋਵੋਗੇ ਕਿ ਇਹ ਰਕਮ ਤਾਂ ਕੇਵਲ ਜ਼ਮੀਨ ਦੀ ਹੀ ਕੀਮਤ ਹੈ । ਇਸ ਤੋਂ ਬਾਅਦ ਜਿਹੜੀ ਪਾਰਟੀ ਇਸ ਨੂੰ ਖਰੀਦਣ ਵਾਲੀ ਹੈ, ਉਹ ਇਹ ਵੀ ਅੌਸ਼ੋਰੈਂਸ ਨਹੀਂ ਚਿੰਦੀ ਕਿ ਇਹ ਮਿੱਲ ਖਰੀਦਣ ਤੋਂ ਬਾਅਦ ਇਥੇ ਰਹੇਗੀ ਜਾਂ ਕਿਤੇ ਹੋਰ ਚਲੀ ਜਾਵੇਗੀ । ਜਿਹੜੇ ਬੁਢਲਾਡੇ ਦੇ ਮਿੱਲ ਮਜ਼ਦੂਰ ਹਨ, ਉਹਨਾਂ ਨੂੰ ਅੱਜ ਤੱਕ ਤਨਖੋਹ ਨਹੀਂ ਮਿਲੀਆਂ। ਇਹ ਕਹਿੰਦੇ ਹਨ ਕਿ ਜਦੋਂ ਇਹ ਮਿੱਲ ਵਿਕੇਗੀ, ਉਦੋਂ ਤੁਹਾਨੂੰ ਤਨਖਾਹਾਂ ਦੇਵਾਂਗੇ । ਇਹ ਕਹਿੰਦੇ ਹਨ ਕਿ ਜਦੋਂ ਦੀ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਆਈ, ਉਦੋਂ ਤੋਂ ਪੰਜਾਬ ਦੇ ਵਿਚ ਛੋਟੇ ਵਰਗ ਦੇ ਮਜ਼ਦੂਰਾਂ ਦੀਆਂ ਹੜਤਾਲਾਂ ਖਤਮ ਹੋ ਗਈਆਂ ਹਨ । ਡਿਪਟੀ ਸਪੀਕਰ ਸਾਹਿਬ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੋਈ ਵੀ ਅਜਿਹੀ ਫੈਕਟਰੀ ਦੱਸ ਦਿਓ ਜਿਥੇ ਹੜਤਾਲ ਨਾ ਹੋਈ ਹੋਵੇ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਕ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਹੈ, ਇਹ ਪੰਜਾਬ ਦੀ ਪਹਿਲੀ ਸਰਕਾਰ ਹੈ ਜਿਸ ਦੇ ਖਿਲਾਫ ਹਾਈ ਕੋਰਟ ਨੇ 17 ਫੈਸਲੇ ਦਿੱਤੇ ਹਨ ਅਤੇ ਇਨ੍ਹਾਂ ਦਾ ਨਾਂ ਉਸ ਬੁੱਕ ਵਿਚ ਆਏਗਾ ਕਿ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਜਿੰਨੇ ਵੀ ਫੈਸਲੇ ਕੀਤੇ, ਉਹ ਸਾਰੇ ਹਾਈ ਕੋਰਟ ਨੇ ਫੇਲ੍ਹ ਕੀਤੇ ।

Mr. Deputy Speaker: Please try to wind up.

ਡਾਕਟਰ ਰਤਨ ਸਿੰਘ: ਪਹਿਲੀ ਗੱਲ ਤਾਂ ਇਹ ਹੈ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਹੀ ਘੱਟ ਦਿੰਦੇ ਹੋ ਅੌਰ ਜਦੋਂ ਮੈਂ ਸੱਚੀ ਗੱਲ ਬੋਲਣ ਲੱਗਾ ਹਾਂ ਤਾਂ ਤੁਸੀਂ ਕਹਿੰਦੇ ਹੋ ਪਲੀਜ ਵਾਈਂਡ ਅੱਪ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਬੱਸ ਜੁਡੀਸ਼ਰੀ ਦਾ ਹੀ ਅਦਾਰਾ ਹੈ ਜਿਥੋਂ ਲੋਕਾਂ ਨੂੰ ਰਿਲੀਫ ਮਿਲੀ ਹੈ । ਮੇਰੇ ਸਾਹਮਣੇ ਬੈਠੇ ਟਰੈਜ਼ਰੀ ਬੈਂਚਾਂ ਵਾਲੇ ਵੀਰ ਹਮੇਸ਼ਾ ਹੀ ਜੁਡੀਸ਼ਰੀ ਦੇ ਖਿਲਾਫ ਬੋਲਦੇ ਹਨ ਜੋ ਕਿ ਬਿਲਕੁਲ ਗਲਤ ਗੱਲ

Original with;
Punjab Vidhan Sabha
Digitized by;
Panjab Digital Library

[ਡਾਕਟਰ ਰਤਨ ਸਿੰਘ]

ਹੈ । ਜੇਕਰ ਅੱਜ ਜੁਡੀਸ਼ਰੀ ਨਾ ਹੁੰਦੀ ਤਾਂ ਇਨ੍ਹਾਂ ਨੇ ਲੋਕਾਂ ਦੇ ਕੱਪੜੇ ਲਾਹ ਲੈਣੇ ਸਨ । ਅੱਜ ਸਾਨੂੰ ਜੁਡੀਸ਼ਰੀ ਨੇ ਹੀ ਬਚਾਇਆ ਹੈ । ਜੇਕਰ ਸਾਨੂੰ ਕੋਈ ਦੁੱਖ ਤਕਲੀਫ ਹੁੰਦੀ ਹੈ ਤਾਂ ਅਸੀਂ ਲੋਕ ਜੁਡੀਸ਼ਰੀ ਕੋਲ ਜਾ ਕੇ ਬੇਨਤੀ ਕਰਦੇ ਹਾਂ । ਇਥੇ ਅੰਗਰੀਕਲਚਰ ਮਨਿਸਟਰ ਸਾਹਿਬ ਬੈਠੇ ਨਹੀਂ ਹਨ, ਇਹ ਕਹਿ ਰਹੇ ਸਨ ਕਿ ਅਸੀਂ ਇਲੈਕਸ਼ਨ ਕਰਵਾ ਰਹੇ ਹਾਂ । ਅਸੀਂ ਕਹਿੰਦੇ ਹਾਂ ਕਿ ਮਾਰਕੀਟ ਕਮੇਟੀ ਦੀਆਂ ਇਲੈਕਸ਼ਨਾਂ ਕਰਵਾ ਦਿਓ ਤਾਂ ਇਹ ਕਹਿੰਦੇ ਹਨ ਕਿ ਸ਼ਰੋਮਣੀ ਅਕਾਲੀ ਦਲ ਵਾਲਿਆਂ ਨੇ ਸਟੇਅ ਲਈ ਹੋਈ ਹੈ । (ਵਿਘਨ)

ਸ਼੍ਰੀ ਡਿਪਟੀ ਸਪੀਕਰ: ਡਾਕਟਰ ਰਤਨ ਸਿੰਘ ਜੀ, ਕੀ ਤੁਸੀਂ ਇਹ ਬਜਟ ਡਿਮਾਂਡਜ਼ ਤੇ ਬੋਲ ਰਹੇ ਹੋ ?

ਡਾਕਟਰ ਰਤਨ ਸਿੰਘ: ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਨ੍ਹਾਂ ਦੀਆਂ ਗੱਲਾਂ (ਟਰੈਜ਼ਰੀ ਬੈਂਚਾਂ ਵੱਲ ਇਸ਼ਾਰਾ) ਦਾ ਜਵਾਬ ਹੀ ਦੇ ਰਿਹਾ ਹਾਂ ਕਿਉਂਕਿ ਇਨ੍ਹਾਂ ਦਾ ਅਕਾਲੀ ਦਲ ਨਾਲ ਬੜਾ ਪਿਆਰ ਹੈ । ਇਹ ਜਾ ਰਹੇ ਹਨ ਅਤੇ ਅਕਾਲੀ ਦਲ ਆ ਰਿਹਾ ਹੈ, ਇਸ ਲਈ ਅਕਾਲੀ ਦਲ ਨੂੰ ਇਹ ਬਹੁਤ ਪਿਆਰ ਕਰਦੇ ਹਨ ।

ਸ਼੍ਰੀ ਡਿਪਟੀ ਸਪੀਕਰ: ਪਲੀਜ਼ ਵਾਈਂਡ ਅੱਪ ਕਰੋ ।

ਡਾਕਟਰ ਰਤਨ ਸਿੰਘ: ਡਿਪਟੀ ਸਪੀਕਰ ਸਾਹਿਬ, ਬੜੀ ਹੈਰਾਨਗੀ ਦੀ ਗੱਲ ਹੈ ਕਿ (ਇਕ ਅਵਾਜ਼ : ਪਹਿਲਾਂ ਏਕਾ ਤਾਂ ਕਰ ਲਓ) ਜਦੋਂ ਵੀ ਇਹ ਗੱਲ ਸ਼ੁਰੂ ਕਰਦੇ ਹਨ ਤਾਂ ਅੱਤਵਾਦ ਦੀ ਗੱਲ ਨਾਲ ਕਰਦੇ ਹਨ । ਇਹ ਵੀ ਕੋਈ ਬਜਟ ਦੀ ਗੱਲ ਨਹੀਂ ਕਰਦੇ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਅਤੇ ਅਸੀਂ ਹਮੇਸ਼ਾ ਕਿਹਾ ਹੈ ਕਿ ਅੱਤਵਾਦ ਕਿਸ ਨੇ ਫੈਲਾਇਆ, ਇਸ ਦੀ ਨਿਰਪੱਖ ਇਨਕੁਆਰੀ ਕਰਵਾ ਲਈ ਜਾਵੇ । ਕਿਸੇ ਸੁਪਰੀਮ ਕੋਰਟ ਦੇ ਜੱਜ ਕੋਲੋਂ (ਵਿਰੋਧੀ ਧਿਰਾਂ ਵੱਲੋਂ ਥੰਪਿੰਗ) । ਪਰ ਡਾਕਟਰ ਕੇਵਲ ਕ੍ਰਿਸ਼ਨ ਜੀ ਬੋਲਦੇ ਹੋਏ ਜਵਾਬ ਦਿੰਦੇ ਹਨ ਕਿ ਸਾਨੂੰ ਲੋਕਾਂ ਨੇ ਚੁਣ ਕੇ ਭੇਜਿਆ ਹੈ । ਮੈਂ ਕਹਿੰਦਾ ਹਾਂ ਕਿ ਇਹ ਲੋਕਾਂ ਦੀ ਚੁਣੀ ਹੋਈ ਸਰਕਾਰ ਨਹੀਂ ਹੈ । ਇਹ ਤਾਂ ਕੇ. ਪੀ. ਐਸ ਗਿੱਲ ਦੀ ਸਰਕਾਰ ਹੈ । ਜੇਕਰ ਇਨ੍ਹਾਂ ਨੂੰ ਲੋਕਾਂ ਨੇ ਚੁਣ ਕੇ ਭੇਜਿਆ ਹੁੰਦਾ ਤਾਂ ਅਜਨਾਲੇ ਵਿਚ ਇਹ ਦੇਖਦੇ ਕਿ ਇਨ੍ਹਾਂ ਨੂੰ ਕਿੰਨੀਆਂ ਕੁ ਵੋਟਾਂ ਪਈਆਂ ਹਨ । ਜਿਹੜੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹੁੰਦੇ ਹਨ, ਉਹ ਹਮੇਸ਼ਾ ਲੋਕਾਂ ਦੀ ਹੀ ਗੱਲ ਕਰਦੇ ਹਨ । ਇਹ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਨਹੀਂ . . . . (ਵਿਘਨ)

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ : ** ** **

ਸ਼੍ਰੀ ਡਿਪਟੀ ਸਪੀਕਰ. ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । Please resume your seat. Doctor Rattan Singh Ji, please try to put yourself to the subject. The subject is "Budget Estimates in respect of Co-operation and Industries."

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਡਾਕਟਰ ਰਤਨ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਬਜਟ ਡਿਮਾਂਡਜ਼ ਨੂੰ ਸਮਝਦਾ ਹਾਂ ਪਰ ਜਦੋਂ ਇਹ ਗੱਲਾਂ ਕਰਦੇ ਹਨ ਤਾਂ ਮੇਰਾ ਜੀਅ ਕਰਦਾ ਹੈ ਕਿ ਮੈਂ ਜਵਾਬ ਦੇਵਾਂ। ਇਸ ਕਰਕੇ ਕਦੇ ਕਦੇ ਮੈਨੂੰ ਬੋਲਣਾ ਪੈਂਦਾ ਹੈ।

ਸ਼੍ਰੀ ਡਿਪਟੀ ਸਪੀਕਰ: ਫਿਰ ਕਦੀ ਅੋਪਰੇਪਰੀਏਟ ਮੌਕੇ ਤੇ ਬੋਲ ਲੈਣਾ। ਤੁਹਾਡਾ ਟਾਈਮ ਖਤਮ ਹੋ ਗਿਆ ਹੈ।

(ਇਕ ਅਵਾਜ਼: ਇਹ ਤਾਂ 'ਕੇਵਲ ਤੇ ਕੇਵਲ' ਉਪਰ ਹੀ ਜ਼ੋਰ ਦਿੰਦੇ ਹਨ)

ਡਾਕਟਰ ਰਤਨ ਸਿੰਘ: ਮੈਂ ਕੇਵਲ ਤੇ ਕੇਵਲ, ਕੇਵਲ ਡਾਕਟਰ ਕੇਵਲ ਕ੍ਰਿਸ਼ਨ ਲਈ ਹੀ ਕਹਿੰਦਾ ਹਾਂ, ਹੋਰ ਕਿਸੇ ਲਈ ਨਹੀਂ (ਵਿਘਨ....)

ਸਰਦਾਰ ਸਮਸੇਰ ਸਿੰਘ ਰਾਏ: ** ** **

Mr. Deputy Speaker: Resume your seat. What is there in this Point of order. Let Doctor Rattan Singh complete his speech.

ਸ਼੍ਰੀ ਜਗਦੀਸ਼ ਸਾਹਨੀ: ਡਿਪਟੀ ਸਪੀਕਰ ਸਾਹਿਬ, ਇਸ ਵਿਚ ਪੁਆਇੰਟ ਆਫ ਆਰਡਰ ਵਾਲੀ ਕਿਹੜੀ ਗੱਲ ਹੈ (ਸਰਦਾਰ ਸ਼ਮਸ਼ੇਰ ਸਿੰਘ ਰਾਏ ਵੱਲ ਇਸ਼ਾਰਾ)

Mr. Deputy Speaker: That is no Point of order. Dr. Rattan Singh, Please try to wind up. I cannot give you more time,

ਡਾਕਟਰ ਰਤਨ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਨੂੰ ਤੁਸੀਂ ਬੜਾ ਘੱਟ ਟਾਈਮ ਦਿੰਦੇ ਹੋ।

ਸ਼੍ਰੀ ਡਿਪਟੀ ਸਪੀਕਰ: ਤੁਹਾਨੂੰ 6 ਮਿੰਟ ਦਾ ਸਮਾਂ ਦੇਣਾ ਸੀ ਪਰ ਹੁਣ 10 ਮਿੰਟ ਦਾ ਸਮਾਂ ਹੋ ਗਿਆ ਹੈ।

ਡਾਕਟਰ ਰਤਨ ਸਿੰਘ; ਡਿਪਟੀ ਸਪੀਕਰ ਸਾਹਿਬ, ਦਖਲ-ਅੰਦਾਜ਼ੀ ਕਰਕੇ ਜਿਤਨਾ ਮੇਰਾ ਟਾਈਮ ਖਰਾਬ ਕੀਤਾ ਗਿਆ ਹੈ, ਉਤਨਾ ਟਾਈਮ ਮੈਨੂੰ ਹੋਰ ਦਿੱਤਾ ਜਾਵੇ। ਮੈਂ ਮਿਲਕਫੈੱਡ ਦੀ ਗੱਲ ਕਰ ਰਿਹਾ ਹਾਂ। ਜਦੋਂ ਇਲੈਕਸ਼ਨ ਹੋਈ ਅੰਮ੍ਰਿਤਸਰ ਜ਼ਿਲ੍ਹੇ ਵਿਚ, ਮਾਸਟਰ ਜਗੀਰ ਸਿੰਘ ਜੀ ਇਥੇ ਬੈਠੇ ਨਹੀਂ ਹਨ, ਤੁਸੀਂ ਹੈਰਾਨ ਹੋਵੋਗੇ ਕਿ ਜਦੋਂ ਅਸੀਂ ਇਲੈਕਸ਼ਨਾਂ ਲਈ ਜਾਂਦੇ ਸਾਂ ਤਾਂ ਪਤਾ ਲਗਦਾ ਸੀ ਕਿ ਇਲੈਕਸ਼ਨ ਪੋਸਟਪੋਨਡ ਕਰ ਦਿਤੀ ਗਈ ਹੈ। ਆਖਰ ਅਸੀਂ ਹਾਈ ਕੋਰਟ ਦੀ ਦਖਲ-ਅੰਦਾਜ਼ੀ ਨਾਲ ਉਥੇ ਇਲੈਕਸ਼ਨ ਕਰਵਾਏ, ਅਸੀਂ ਜਿਤੇ ਅਤੇ ਉਥੇ ਚੇਅਰਮੈਨ ਬਣਿਆ। ਤੁਸੀਂ ਹੈਰਾਨ ਹੋਵੋਗੇ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਮਿਲਕਫੈਡ ਸੁਸਾਇਟੀਆਂ ਦੀਆਂ ਇਲੈਕਸ਼ਨਾਂ ਵਿਚ ਸਾਡੇ ਡਾਇਰੈਕਟਰਾਂ ਦੀ ਟੀਮ ਹੀ ਮੈਜਾਰਿਟੀ ਵਿਚ ਕੰਮ ਕਰ ਰਹੀ ਹੈ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਸਾਨੂੰ ਪਤਾ ਹੈ ਕਿ ਪੰਜਾਬ ਵਿਚ ਕੀ ਹੋ ਰਿਹਾ ਹੈ। ਲੋਕ ਤਾਂ ਸੋਚਦੇ ਹਨ ਕਿ ਡਿਵੈਲਪਮੈਂਟ ਦੇ ਕੰਮਾਂ ਵਿਚ ਕਿਵੇਂ ਹੱਥ ਵਟਾਇਆ ਜਾਵੇ ਪਰ ਇਹ ਸੋਚਦੇ ਹਨ ਕਿ ਕਿਵੇਂ ਡਿਵੈਲਪਮੈਂਟ ਦੇ ਕੰਮਾਂ ਵਿਚ ਲੱਤਾਂ ਅੜਾਈਆਂ ਜਾਣ।

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ: ਡਾਕਟਰ ਰਤਨ ਸਿੰਘ ਜੀ, ਤੁਹਾਡਾ ਟਾਈਮ ਹੋ ਗਿਆ ਹੈ। ਵਾਈਂਡ ਅੱਪ ਕਰ ਦਿਓ।

ਡਾਕਟਰ ਰਤਨ ਸਿੰਘ: ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕੋਆਪ੍ਰੇਟਿਵ ਸੁਸਾਇਟੀਆਂ ਦੀਆਂ ਮੰਗਾਂ ਵਿਚ ਗਰੀਬਾਂ ਦਾ ਧਿਆਨ ਨਹੀਂ ਰੱਖਿਆ ਗਿਆ ਅੱਰ ਜਦ ਤੱਕ ਗਰੀਬ ਲੋਕਾਂ ਜਾਂ ਪਿੰਡ ਦੇ ਲੋਕਾਂ ਤੱਕ ਇਹ ਲਾਭ ਨਹੀਂ ਪਹੁੰਚੇਗਾ, ਤਦ ਤੱਕ ਕਿਸੀ ਨੂੰ ਫਾਇਦਾ ਨਹੀਂ ਹੋਵੇਗਾ। ਬਹੁਤ ਬਹੁਤ ਧੰਨਵਾਦ।

ਸ਼੍ਰੀ ਜੈ ਕਿਸ਼ਨ ਸੈਣੀ (ਜਲੰਧਰ ਕੇਂਦਰੀ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਡਿਮਾਂਡਜ਼ ਤੇ ਬੋਲਣ ਦਾ ਮੌਕਾ ਦਿਤਾ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਇਕ ਬਾਰਡਰ ਸਟੇਟ ਹੈ ਅੱਰ ਇਥੇ ਦੇ ਲੋਕ ਬੜੇ ਐਕਟਿਵ ਹਨ। ਬਹੁਤ ਸਾਰਾ ਸਮਾਨ ਹਿੰਦੁਸਤਾਨ ਦੇ ਵੱਖ ਵੱਖ ਸੂਬਿਆਂ ਤੋਂ ਇਥੇ ਆਉਦਾ ਹੈ ਅੱਰ ਇਥੇ ਦੇ ਇੰਡਰਸਟਰੀਅਲਿਸਟ ਸਮਾਨ ਬਣਾ ਕੇ ਬਾਹਰਲੇ ਸੂਬਿਆਂ ਵਿਚ ਭੇਜਦੇ ਹਨ ਅੱਰ ਆਪਣੀ ਹਿੰਮਤ ਤੇ ਸਰਕਾਰ ਦੀ ਹਿੰਮਤ ਨਾਲ ਆਪਣੀ ਇੰਡਸਟਰੀ ਚਲਾਉਦੇ ਹਨ।

ਪਿਛਲੇ ਸਾਲਾਂ ਦੌਰਾਨ ਜੇ ਦੇਖੀਏ ਤਾਂ ਪੰਜਵੀਂ ਪੰਜ ਸਾਲਾ ਪਲਾਨ ਵਿਚ ਸਾਡੀ 10.2% ਗਰਥ ਸੀ ਲੇਕਿਨ ਹਾਲਾਤ ਖਰਾਬ ਹੋਣ ਕਾਰਨ ਇਨਕਮ ਥੱਲੇ ਆ ਗਈ। ਗਰੋਥ ਘੱਟ ਗਈ। ਪਰ ਸਰਦਾਰ ਬੇਅੰਤ ਸਿੰਘ ਜੀ ਦੀ ਮਿਹਰਬਾਨੀ ਸਦਕਾ ਪੰਜਾਬ ਵਿਚ ਅਮਨ ਬਹਾਲ ਹੋਇਆ। ਹੁਣ ਜਦੋਂ ਕਿ ਅੱਠਵੀਂ ਪਲਾਨ ਖਤਮ ਹੋ ਰਹੀ ਹੈ, ਇਸ ਦੇ ਖਤਮ ਹੋਣ ਤੱਕ ਇੰਡਸਟਰੀ ਦੀ ਗਰੋਥ 20% ਹੋ ਜਾਵੇਗੀ। ਜੋ ਲੋਕ ਬਾਹਰ ਚਲੇ ਗਏ ਸਨ, ਉਹ ਵਾਪਸ ਆਉਣੇ ਸ਼ੁਰੂ ਹੋ ਗਏ ਹਨ ਅੱਰ ਇੰਡਸਟਰੀ ਵਿਚ ਹੁਣ ਸਾਡੀ ਸਟੇਟ ਕਾਫੀ ਉਤੇ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਲਾਨਾ ਆਊਟ ਲੇਅ ਪਲਾਨ 65.65 ਕਰੋੜ ਦਾ ਰੱਖਿਆ ਗਿਆ ਸੀ। ਉਸ ਵਿਚੋਂ ਸੋਲਾਂ ਕਰੋੜ ਸਮਾਲ ਸਕੇਲ ਇੰਡਸਟਰੀ ਅੱਰ 49 ਕਰੋੜ ਹੈਵੀ ਅੱਰ ਮੀਡੀਅਮ ਇੰਡਸਟਰੀ ਵਾਸਤੇ ਰੱਖਿਆ ਗਿਆ ਸੀ। ਮੈਂ ਦੇਖਿਆ ਹੈ ਕਿ ਇਹਨਾਂ ਡਿਮਾਂਡਜ਼ ਵਿਚ ਕਾਫੀ ਅੱਛੀਆਂ ਗੱਲਾਂ ਹਨ। ਜਿਸ ਤਰ੍ਹਾਂ ਉਸ ਸਟਾਫ ਵਾਸਤੇ ਪੈਸਾ ਰੱਖਿਆ ਗਿਆ ਹੈ ਜਿਹੜਾ ਬਾਹਰ ਜਾਵੇ ਅੱਰ ਦੇਖੇ ਕਿ ਉਥੇ ਕਿਸ ਤਰ੍ਹਾਂ ਦੀ ਇੰਡਸਟਰੀ ਲੱਗੀ ਹੋਈ ਹੈ। ਜਦੋ ਸਾਡੇ ਅਫਸਰ ਬਾਹਰ ਜਾਂਦੇ ਹਨ ਤਾਂ ਉਥੇ ਜਿਹੜੀ ਟੈਕਨਾਲੋਜੀ ਲੱਗੀ ਦੇਖਦੇ ਹਨ ਤਾਂ ਉਹ ਯਤਨ ਕਰਦੇ ਹਨ ਕਿ ਇਥੇ ਵੀ ਅੱਛੀ ਅੱਰ ਲੇਟੈਸਟ ਟੈਕਨਾਲੋਜੀ ਦੀ ਇੰਡਸਟਰੀ ਲਗਾਈ ਜਾਵੇ। ਇਸ ਤਰ੍ਹਾਂ ਬਾਈਸਾਈਕਲ ਅੱਰ ਸੀਵਿੰਗ ਮਸ਼ੀਨਾਂ ਦਾ ਆਰ.ਐਂਡ.ਡੀ. ਸੈਂਟਰ ਹੈ। ਇਨ੍ਹਾਂ ਵਾਸਤੇ ਵੀ ਕਾਫੀ ਰੁਪਿਆ ਰੱਖਿਆ ਗਿਆ ਹੈ ਤਾਂ ਕਿ ਇਹ ਸੈਂਟਰ ਚਲਦੇ ਰਹਿਣ। ਭਾਵੇਂ ਕੋਈ ਇੰਡਸਟਰੀਅਲਿਸਟ ਬਾਈਸਾਈਕਲ ਨੂੰ ਡੀਲ ਕਰਦਾ ਹੈ ਜਾਂ ਸੀਵਿੰਗ ਮਸ਼ੀਨ ਨੂੰ, ਉਹ ਹੁਣ ਆਪਣੀ ਕੁਆਲਿਟੀ ਨੂੰ ਇੰਪਰੂਵ ਕਰ ਸਕਣਗੇ ਅੱਰ ਜਿਸ ਤਰ੍ਹਾਂ ਫਾਰਨ ਕੰਟਰੀਜ਼ ਦੇ ਇੰਪੋਰਟਰਜ਼ ਸਾਈਕਲ ਬਣਾਉਂਦੇ ਹਨ, ਉਸੇ ਤਰ੍ਹਾਂ ਆਰ. ਐਂਡ.ਡੀ. ਸੈਂਟਰ ਵਾਲੇ ਅੱਛੀ ਕੁਆਲਿਟੀ ਦਾ ਸਮਾਨ ਬਣਾ ਸਕਣਗੇ। ਜਦ ਤੱਕ ਇਹ ਸੈਂਟਰ ਇੰਡਸਟਰੀਜ਼ ਨੂੰ ਅੱਛੀ ਕੁਆਲਿਟੀ ਨਹੀਂ ਦੱਸਣਗੇ ਜਾਂ

Original with;
Punjab Vidhan Sabha
Digitized by;
Panjab Digital Library

ਗਾਈਡ ਨਹੀਂ ਕਰਨਗੇ ਉਹ ਨਵੀਂ ਸੋਚ ਮੁਤਾਬਿਕ ਚੀਜ਼ ਨਹੀਂ ਬਣਾ ਸਕਣਗੇ। ਸੋ, ਸਰਦਾਰ ਬੇਅੰਤ ਸਿੰਘ ਜੀ ਦੀ ਮਿਹਰਬਾਨੀ ਨਾਲ ਦੋਵੇਂ ਸੈਂਟਰਾਂ ਨੂੰ ਹੋਰ ਮਦਦ ਦਿੱਤੀ ਗਈ ਹੈ। ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਸੈਂਟਰਾਂ ਨੂੰ ਜ਼ਿਆਦਾ ਮਦਦ ਮਿਲਣੀ ਚਾਹੀਦੀ ਹੈ। ਇਸ ਦੇ ਨਾਲ ਨਾਲ ਹੀ ਜਿਹੜਾ ਇਕਨਾਮਿਕ ਪੈਕੇਜ ਹੈ ਜਿਸ ਵਿਚ ਸੈਂਟਰਲ ਅਦਾਰਿਆਂ ਨਾਲ ਮਿਲ ਕੇ ਗੌਰਮਿੰਟ ਕੰਮ ਕਰਦੀ ਹੈ, ਉਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਟਾਲੇ ਦੇ ਕਾਰਖਾਨੇ ਤੇ ਇਨ੍ਹਾਂ ਦੀਆਂ ਡਰਿਲ ਮਿੱਲਾਂ, ਮਿਲਿੰਗ ਮਸ਼ੀਨਾਂ ਤੇ ਲੇਥ ਮਸ਼ੀਨਾਂ ਜੋ ਸਾਰੇ ਹਿੰਦੁਸਤਾਨ ਵਿਚ ਮਸ਼ਹੂਰ ਸਨ, ਉਹ ਬੰਦ ਹੋ ਗਈਆਂ ਸਨ ਪਰ ਸਰਕਾਰ ਦੀ ਮਿਹਰਬਾਨੀ ਨਾਲ, ਸਰਦਾਰ ਬੇਅੰਤ ਸਿੰਘ ਜੀ ਦੇ ਉਪਰਾਲਿਆਂ ਨਾਲ ਇਹ ਮੁੜ ਕੇ ਫਿਰ ਖੁਲ੍ਹਣੀਆਂ ਸ਼ੁਰੂ ਹੋ ਗਈਆਂ ਹਨ ਅੱਤੇ ਸਰਕਾਰ ਉਨ੍ਹਾਂ ਨੂੰ ਪੂਰਾ ਸਹਿਯੋਗ ਦੇ ਰਹੀ ਹੈ। 2.40 ਕਰੋੜ ਦੀ ਲਾਗਤ ਨਾਲ ਇਥੇ ਸੈਂਟਰ ਬਣਾਇਆ ਜਾ ਰਿਹਾ ਹੈ। ਜਿਸ ਦੇ ਨਾਲ ਸਾਡੇ ਇਥੇ ਇੰਡਸਟ੍ਰੀਅਲਿਸਟ ਭਰਾ ਮੁੜ ਕੇ ਆਪਣੀ ਮਾਰਕਿਟ ਬੜੀ ਅੱਛੀ ਬਣਾ ਸਕਣਗੇ। ਇਹ ਵੀ ਦੇਖਿਆ ਹੈ ਕਿ ਲੁਧਿਆਣੇ ਦੇ ਵਿੱਚ ਮੋਟਰ ਪਾਰਟਸ ਕਾਫੀ ਬਣ ਰਹੇ ਹਨ ਅੱਤੇ ਐਕਸਪੋਰਟ ਹੋ ਰਹੇ ਹਨ। ਲੇਕਿਨ ਅੱਜ ਕਲ੍ਹ ਲੇਟੈਸਟ ਗੱਡੀਆਂ ਆ ਰਹੀਆਂ ਹਨ, ਉਨ੍ਹਾਂ ਵਾਸਤੇ ਉਨ੍ਹਾਂ ਨੂੰ ਸਪਲਾਈ ਕਰਨ ਲਈ ਜਾਂ ਉਨ੍ਹਾਂ ਦੇ ਪਾਰਟਸ ਬਾਹਰ ਐਕਸਪੋਰਟ ਕਰਨ ਲਈ ਵੀ ਜ਼ਰੂਰੀ ਸੀ ਕਿ ਉਨ੍ਹਾਂ ਨੂੰ ਮੱਦਦ ਦਿੱਤੀ ਜਾਵੇ। ਉਸ ਦੇ ਵਾਸਤੇ ਵੀ ਸਰਕਾਰ ਨੇ ਮੱਦਦ ਦਿੱਤੀ ਹੈ। ਬਾਹਰਲੀਆਂ ਏਜੰਸੀਆਂ ਨੇ ਵੀ ਇਕ ਕਰੋੜ 93 ਲੱਖ ਰੁਪਈਆ ਲਾ ਕੇ ਕੰਮ ਸ਼ੁਰੂ ਕੀਤਾ ਹੈ। ਇਸ ਹਿਸਾਬ ਨਾਲ ਸਾਡੀ ਐਕਸਪੋਰਟ ਵਧੇਗੀ ਫੈਕਟਰੀਆਂ ਹੋਰ ਲਗਣਗੀਆਂ ਅਤੇ ਇਸ ਨਾਲ ਸਾਡੀ ਅਨ-ਇੰਪਲਾਇਮੈਂਟ ਦੂਰ ਹੋਵੇਗੀ।

ਅਸੀਂ ਦੇਖਦੇ ਹਾਂ ਕਿ ਇਲੈਕਟਰੀਕਲ ਐਪਲਾਇੰਸਜ਼ ਬਾਰੇ ਆਰ.ਐਂਡ.ਡੀ. ਸੈਂਟਰ ਜਿਹੜੇ ਹਨ, ਉਨ੍ਹਾਂ ਵਾਸਤੇ ਕਾਫੀ ਰੁਪਈਆ ਰੱਖਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਇਲੈਕਟਰੀਕਲ ਐਪਲਾਇੰਸੰਜ਼ ਹਾਊਸ ਹੋਲਡ ਹੁੰਦੇ ਹਨ ਅੱਤੇ ਇਹ ਬੜੇ ਸੈਂਸੇਟਿਵ ਹੁੰਦੇ ਹਨ, ਇਨ੍ਹਾਂ ਨੂੰ ਘਰਾਂ ਵਿਚ ਬੱਚੇ ਅਤੇ ਲੇਡੀਜ਼ ਯੂਜ਼ ਕਰਦੀਆਂ ਹਠ। ਇਸ ਲਈ ਉਨ੍ਹਾਂ ਦੀ ਕਵਾਲਿਟੀ ਮੇਨਟੇਨ ਹੋਣੀ ਚਾਹੀਦੀ ਹੈ, ਉਨ੍ਹਾਂ ਦਾ ਅੱਛੀ ਕਵਾਲਿਟੀ ਵਿੱਚ ਆਉਣਾ ਬੜਾ ਜ਼ਰੂਰੀ ਹੈ। ਜੇ ਇਨ੍ਹਾਂ ਤੇ ਹੋਰ ਅਮਾਉਂਟ ਨਾ ਰੱਖੀ ਜਾਵੇ ਜਾਂ ਧਿਆਨ ਨਾ ਦਿੱਤਾ ਜਾਵੇ ਤਾਂ ਇਨ੍ਹਾਂ ਦੀ ਕਵਾਲਿਟੀ ਤੇ ਮਾੜਾ ਅਸਰ ਪਵੇਗਾ। ਸਾਡੇ ਮੁਲਕ ਵਿੱਚ ਆਬਾਦੀ ਦੇ ਵਧਣ ਨਾਲ ਇੰਡਸਟਰੀਅਲ ਰੈਵੋਲਿਊਸ਼ਨ ਆਇਆ ਹੈ ਅਤੇ ਜਿਦਾਂ ਦੇ ਐਪਲਾਇੰਸਜ਼ ਬਣਦੇ ਹਨ, ਵਿਕਦੇ ਚਲੇ ਜਾਂਦੇ ਹਨ। ਅਗਰ ਆਰ.ਐਂਡ.ਡੀ. ਸੈਂਟਰ ਜਿਹੜੇ ਹਨ, ਇਨ੍ਹਾਂ ਦੀ ਚੈਕਿੰਗ ਨਾ ਹੋਵੇ ਤਾਂ ਰੱਦੀ ਮਾਲ ਵਿਕਣ ਲੱਗ ਪਵੇਗਾ। ਸਰਕਾਰ ਬੜੇ ਅੱਛੇ ਉਪਰਾਲੇ ਕਰ ਰਹੀ ਹੈ। ਕਵਾਲਿਟੀ ਮੇਨਟੇਨ ਕਰਨ ਵਾਸਤੇ, ਚੈਕਿੰਗ ਵਾਸਤੇ ਸਰਕਾਰ ਰੈਗੂਲਰ ਜ਼ੋਰ ਪਾ ਰਹੀ ਹੈ ਅੱਤੇ ਪੈਸੇ ਰੱਖ ਰਹੀ ਹੈ। ਮੈਂ ਇਹ ਵੀ ਕਹਾਂਗਾ ਕਿ ਆਰ. ਐਂਡ. ਡੀ. ਸੈਂਟਰ ਦੇ ਥਰੂ ਜਿਹੜਾ ਪੈਸਾ ਰੱਖਿਆ ਹੈ, ਉਹ ਰਾਜਪੁਰੇ ਤੇ ਮੰਡੀ ਗੋਬਿੰਦਗੜ੍ਹ ਵਿੱਚ ਰੀਰੋਲਿੰਗ ਮਿੱਲਾਂ ਲਈ ਲੇਟੈਸਟ ਟੈਕਨਾਲੋਜੀ ਅਡਾਪਟ ਕਰਨ ਵਾਸਤੇ ਰੱਖਿਆ ਹੈ। ਮੈਂ ਸਮਝਦਾ ਹਾਂ ਕਿ ਬਹੁਤ ਸਾਰੀਆਂ ਮਿੱਲਾਂ ਵਿੱਚ ਇਲੈਕਟ੍ਰੀਸਿਟੀ ਤੇ ਬਹੁਤ ਜ਼ਿਆਦਾ ਖਰਚ ਹੁੰਦਾ ਹੈ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜੈ ਕਿਸ਼ਨ ਸ਼ੈਣੀ]

ਜੋ ਲੇਟੈਸਟ ਟੈਕਨਾਲੋਜੀ ਅਡਾਪਟ ਕਰਾਂਗੇ, ਜਿਸ ਤਰ੍ਹਾਂ ਕਿ ਸਰਕਾਰ ਨੇ ਇਸ ਵਾਸਤੇ ਫੰਡਜ਼ ਰੱਖੇ ਹਨ, ਉਸ ਨਾਲ ਉਨ੍ਹਾਂ ਦੀ ਪ੍ਰੋਡਕਸ਼ਨ ਵਧੇਗੀ, ਇਲੈਕਟ੍ਰੀਸਿਟੀ ਵੀ ਘੱਟ ਯੂਜ਼ ਹੋਏਗੀ ਔਰ ਕਵਾਲਿਟੀ ਵੀ ਠੀਕ ਹੋਵੇਗੀ । ਅੱਗੇ ਅਸੀਂ ਬਾਹਰੋਂ ਟਾਟਾ ਤੋਂ ਸਟੀਲ ਲੈਂਦੇ ਸੀ ਜਾਂ ਹੋਰ ਜਗ੍ਹਾਂ ਤੋਂ ਲੈਂਦੇ ਸੀ । ਹੁਣ ਸਾਡੇ ਮੰਡੀ ਗੋਬਿੰਦਗੜ੍ਹ ਦਾ ਲੋਹਾ ਇਹ ਟੈਕਨਾਲੋਜੀ ਅਡਾਪਟ ਕਰਨ ਨਾਲ ਹੋਰ ਵੀ ਜ਼ਿਆਦਾ ਅੱਛੀ ਕਵਾਲਿਟੀ ਵਿੱਚ ਆਏਗਾ । ਮੈਂ ਦੇਖਿਆ ਹੈ ਕਿ ਜਲੰਧਰ ਵਿੱਚ ਆਰ. ਐਂਡ. ਡੀ. ਸੈਂਟਰ ਨੇ ਰਬੜ ਗੂਡਜ਼ ਐਂਡ ਪਲਾਸਟਿਕ ਗੂਡਜ਼ ਵਿੱਚ ਕਾਫੀ ਹੈਲਪ ਦਿੱਤੀ ਹੈ । ਮੈਂ ਸਮਝਦਾ ਹਾਂ ਕਿ ਅਗਰ ਅਸੀਂ ਇਸ ਨੂੰ ਲੇਟੈਸਟ ਟੈਕਨਾਲੋਜੀ ਨਹੀਂ ਦੇਵਾਂਗੇ ਤਾਂ ਇਹ ਪਿੱਛੇ ਰਹਿ ਜਾਣਗੇ । ਸਰਕਾਰ ਨੇ ਬੜੀ ਮਿਹਰਬਾਨੀ ਕੀਤੀ ਹੈ ਕਿ ਉਨ੍ਹਾਂ ਦੇ ਵਾਸਤੇ ਕਾਫੀ ਫੰਡਜ਼ ਰੱਖੇ ਹਨ ਔਰ ਇੰਡਸਟਰੀ ਵਾਸਤੇ ਕਾਫੀ ਇਨਸੈਂਟਿਵ ਵੀ ਰੱਖੇ ਹਨ ਲੇਕਿਨ ਮੈਂ ਇਹ ਚਾਹੁੰਦਾ ਹਾਂ ਕਿ ਇਹ ਜੋ ਵੀ ਅਮਾਊਂਟ ਰੱਖੀ ਗਈ ਹੈ, ਇਹ ਫਿਰ ਵੀ ਘੱਟ ਹੈ । ਸਾਡੇ ਕਈ ਸਾਥੀ ਇਸ ਦੀ ਵਿਰੋਧਤਾ ਕਰਦੇ ਹਨ, ਇਸ ਦੀ ਮੁਖਾਲਫਤ ਕਰਦੇ ਹਨ । ਮੈਨੂੰ ਸੁਣ ਕੇ ਦੁੱਖ ਹੁੰਦਾ ਹੈ । ਇਨ੍ਹਾਂ ਨੂੰ ਇਹ ਕਹਿਣਾ ਚਾਹੀਦਾ ਹੈ ਕਿ ਜੋ ਫੰਡਜ਼ ਇੰਡਸਟਰੀ ਵਾਸਤੇ ਰੱਖੇ ਜਾ ਰਹੇ ਹਨ, ਉਹ ਹੋਰ ਜ਼ਿਆਦਾ ਰੱਖਣੇ ਚਾਹੀਦੇ ਹਨ ਤਾਂ ਕਿ ਅਸੀਂ ਬਾਕੀ ਦੇਸ਼ਾਂ ਨਾਲ ਮੁਕਾਬਲਾ ਕਰ ਸਕੀਏ । ਖੁਸ਼ੀ ਹੁੰਦੀ ਹੈ ਇਹ ਗੱਲ ਕਹਕੇ ਕਿ ਸਰਦਾਰ ਜੀ ਦੀ ਮਿਹਰਬਾਨੀ ਨਾਲ, ਇਨ੍ਹਾਂ ਨੇ ਬੜੀ ਹਿੰਮਤ, ਦਲੇਰੀ ਔਰ ਕੋਸ਼ਿਸ਼ ਦੇ ਨਾਲ ਭਾਰੀ ਉਪਰਾਲੇ ਕਰਕੇ ਜਿੰਨੇ ਵੀ ਅਦਾਰੇ ਹਨ, ਜਿਸ ਤਰ੍ਹਾਂ ਪੰਜਾਬ ਸਮਾਲ ਇੰਡਸਟਰੀ ਅਤੇ ਐਕਸਪੋਰਟ ਕਾਰਪੋਰੇਸ਼ਨ ਹੈ, ਉਸ ਨੂੰ ਔਰ ਪੰਜਾਬ ਫਾਈਨੈਂਸ਼ੀਅਲ ਕਾਰਪੋਰੇਸ਼ਨ ਨੂੰ ਕਾਫੀ ਉਤਸ਼ਾਹ ਦਿੱਤਾ ਹੈ । ਮੈਂ ਦੇਖਿਆ ਹੈ ਕਿ ਪਿਛੇ 1993-94 ਅਤੇ 1994-95 ਵਿੱਚ 6 ਫੋਕਲ ਪੁਆਇੰਟ ਪੂਰੇ ਹੋਣ ਜਾ ਰਹੇ ਹਨ ਅਤੇ ਇਸ ਸਾਲ ਵਿੱਚ 4 ਫੋਕਲ ਪੁਆਇੰਟ ਤਿਆਰ ਕਰਨ ਦਾ ਫੈਸਲਾ ਕੀਤਾ ਹੈ ਜਿਸ ਤੇ 6 ਕਰੋੜ ਤੋਂ ਜ਼ਿਆਦਾ ਕਾਸਟ ਆਏਗੀ । ਮੈਂ ਸਮਝਦਾ ਹਾਂ ਕਿ ਜਿੰਨੇ ਵੀ ਨਵੇਂ ਫੋਕਲ ਪੁਆਇੰਟ ਬਣ ਰਹੇ ਹਨ, ਇਸ ਨਾਲ ਇੰਡਸਟਰੀ ਵਾਲਿਆਂ ਨੂੰ ਬੜਾ ਅੱਛਾ ਮੌਕਾ ਰੋਜ਼-ਬ-ਰੋਜ਼ ਮਿਲ ਰਿਹਾ ਹੈ ਅਤੇ ਉਹ ਜ਼ਿਆਦਾ ਤੋਂ ਜ਼ਿਆਦਾ ਲੇਟੈਸਟ ਪ੍ਰੋਜੈਕਟ ਲਾ ਕੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਦੀ ਸੇਵਾ ਕਰ ਸਕਦੇ ਹਨ । ਮੈਂ ਦੇਖਦਾ ਹਾਂ ਕਿ ਸਾਡੇ ਇਥੇ ਗਰੋਥ ਸੈਂਟਰ ਬਣਾਏ ਜਾ ਰਹੇ ਹਨ । ਮੈਨੂੰ ਪੜ੍ਹ ਕੇ ਵੀ ਖੁਸ਼ੀ ਹੋਈ ਕਿ ਇਕ ਗਰੋਥ ਸੈਂਟਰ ਟਾਂਡਾ, ਡਿਸਟ੍ਰਿਕਟ ਹੁਸ਼ਿਆਰਪੁਰ ਵਿੱਚ ਬਣਾਇਆ ਜਾ ਰਿਹਾ ਹੈ । ਸਰਕਾਰ ਦੀ ਹੈਲਪ ਨਾਲ ਟਾਂਡਾ, ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਗਰੋਥ ਸੈਂਟਰ ਬਣਨ ਨਾਲ ਲੋਕਾਂ ਵਿੱਚ ਇੰਡਸਟਰੀ ਲਈ ਉਤਸ਼ਾਹ ਬਣਨਾ ਸ਼ੁਰੂ ਹੋ ਜਾਵੇਗਾ, ਲੋਕਾਂ ਵਿਚ ਬੜਾ ਸੁਧਾਰ ਹੋਵੇਗਾ ਔਰ ਲੋਕ ਜ਼ਿਆਦਾ ਤੋਂ ਜ਼ਿਆਦਾ ਉਥੇ ਇੰਡਸਟਰੀ ਲਗਾਉਣੀ ਸ਼ੁਰੂ ਕਰ ਦੇਣਗੇ । ਸੋ ਮੈਂ ਦੇਖਦਾ ਹਾਂ ਕਿ ਕੁਆਲਿਟੀ ਕੰਟਰੋਲ ਆਰਡਰ ਜੋ ਇਲੈਕਟਰੀਕਲ ਐਪਲਾਇੰਸਸ ਦਾ ਹੈ, ਉਸ ਦੇ ਬਾਰੇ ਵੀ ਸਰਕਾਰ ਨੇ ਕਾਫੀ ਇਹਤਿਆਤ ਵਰਤਿਆ ਹੈ । ਜਿਥੇ ਕੁਆਲਟੀ ਦੀ ਪ੍ਰੋਡਕਸ਼ਨ ਬਣਦੀ ਹੈ, ਉਸ ਦੇ ਨਾਲ ਸਟੈਂਡਰਡਾਈਜ਼ੇਸ਼ਨ ਵੀ ਜ਼ਰੂਰੀ ਹੈ । ਕੋਈ ਦੁਰਘਟਨਾ ਹੋ ਸਕਦੀ ਹੈ, ਕੋਈ ਜਾਨੀ ਨੁਕਸਾਨ ਹੋ ਸਕਦਾ ਹੈ, ਉਸ ਦੇ ਲਈ ਵੀ ਕਾਫੀ ਪ੍ਰੋਵੀਜ਼ਨ ਰੱਖਿਆ ਗਿਆ ਹੈ । ਸਰਦਾਰ ਹੋਰਾਂ ਦੀ ਮਿਹਰਬਾਨੀ ਨਾਲ ਪੰਜਾਬ ਫਾਈਨਾਂਸ਼ੀਅਲ ਕਾਰਪੋਰੇਸ਼ਨ ਹੈ, ਉਹ ਬੜੀ

Original with;
Punjab Vidhan Sabha
Digitized by;
Punjab Digital Library

ਹਿੰਮਤ ਨਾਲ ਅੱਗੇ ਤੇਜ਼ੀ ਨਾਲ ਕੰਮ ਵਿੱਚ ਲੱਗੀ ਹੋਈ ਹੈ। ਜਿਸ ਤੇ ਸਦਕਾ ਕਾਫੀ ਅੱਛਾ ਕੰਮ ਕੀਤਾ ਜਾ ਰਿਹਾ ਹੈ। ਮੈਂ ਦੇਖਿਆ ਹੈ ਕਿ 2 ਹਜ਼ਾਰ ਰੁਪਏ ਤੋਂ 90 ਲੱਖ ਰੁਪਿਆ ਜਿਹੜੇ ਨਵੇਂ ਐਂਟਰੀਪ੍ਰਨੀਅਰ ਆਣਗੇ, ਉਨ੍ਹਾਂ ਨੂੰ ਦਿੱਤਾ ਜਾਵੇਗਾ। ਜਿਹੜੇ ਟੈਕਨੀਕਲੀ ਕੁਆਲੀਫਾਈਡ ਬੱਚੇ ਹਨ, ਜੋ ਹੈਂਡੀਕੈਪਡ ਬੱਚੇ ਹਨ ਜਾਂ ਜਿਹੜੇ ਅੰਕਸ-ਸਰਵਿਸ ਮੈਨ ਹਨ, ਉਹ ਅਗਰ ਸਰਵਿਸ ਦੇ ਬਾਅਦ ਆਪਣਾ ਕੋਈ ਕਾਰੋਬਾਰ ਸ਼ੁਰੂ ਕਰਨਾ ਚਾਹੁਣ ਤਾਂ ਉਸ ਤੋਂ ਮਦਦ ਲੈ ਕੇ ਆਪਣਾ ਕੰਮ ਕਰ ਸਕਦੇ ਹਨ। ਇਸੇ ਤਰ੍ਹਾਂ ਮੈਡੀਕਲ ਪ੍ਰੈਕਟੀਸ਼ਨਰਜ਼ ਵਾਸਤੇ ਵੀ ਪ੍ਰੋਵਾਈਡ ਕੀਤਾ ਗਿਆ ਹੈ। ਛੋਟੇ ਕਾਰੋਬਾਰਾਂ ਵਾਸਤੇ ਵੀ ਇੰਤਜ਼ਾਮ ਕੀਤਾ ਗਿਆ ਹੈ ਤਾਂ ਜੋ ਲੋਕ ਪਿੰਡਾਂ ਵਿਚ ਕਾਟੇਜ ਇੰਡਸਟਰੀ ਲਗਾ ਸਕਣ ਅਤੇ ਉਥੇ ਛੋਟੀ ਜਿਹੀ ਇੰਡਸਟਰੀ ਲਗਾ ਕੇ ਆਪਣਾ ਕੰਮ ਕਰ ਸਕਣ। ਖਾਸ ਤੌਰ ਤੇ ਲੈਦਰ ਐਂਡ ਸਪੋਰਟਸ ਗੁਡਜ਼ ਦੀ। ਜਲੰਧਰ ਦੇ ਵਿੱਚ ਲੈਦਰ ਐਂਡ ਸਪੋਰਟਸ ਗੁਡਜ਼ ਕੰਪਲੈਕਸ ਹੈ। ਜਿਹੜਾ ਇਸ ਕਿਸਮ ਦੀ ਕੋਈ ਇੰਡਸਟਰੀ ਲਗਾਉਂਦਾ ਹੈ, ਉਸ ਨੂੰ 20 ਪ੍ਰਤੀਸ਼ਤ ਤੱਕ ਸਬਸਿਡੀ ਦਿੱਤੀ ਜਾਂਦੀ ਹੈ। ਪਿੰਡਾਂ ਵਿੱਚ ਜੋ ਫੋਕਲ ਪੁਆਇੰਟ ਬਣੇ ਹੋਏ ਹਨ, ਜਲੰਧਰ, ਲੁਧਿਆਣਾ ਅੱਗੇ ਮੁਹਾਲੀ ਦੀ ਮਿਉਂਸਪਲ ਲਿਮਟ ਤੋਂ ਬਾਹਰ ਜੇਕਰ ਕੋਈ ਫੋਕਲ ਪੁਆਇੰਟ ਵਿਚ ਇੰਡਸਟਰੀ ਲਾਉਂਦਾ ਹੈ ਤਾਂ ਉਸ ਦੇ ਵਾਸਤੇ 2 ਲੱਖ ਰੁਪਏ ਤੱਕ ਉਹ ਸਬਸਿਡੀ ਲੈ ਸਕਦਾ ਹੈ। ਇਸ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਵਾਲੇ ਪਾਸੇ ਸਰਦਾਰ ਹੋਰਾਂ ਨੇ ਆਪਣਾ ਪੂਰਾ ਧਿਆਨ ਦੇ ਕੇ ਲੋਕਾਂ ਵਿੱਚ ਇਸ ਦੇ ਬਾਰੇ ਹਿੰਮਤ ਅੱਗੇ ਉਤਸ਼ਾਹ ਵਧਾਇਆ ਹੈ। ਪੰਜਾਬ ਸਟੇਟ ਇਲੈਕਟਰੋਨਿਕਸ ਡਿਵੈਲਪਮੈਂਟ ਐਂਡ ਪ੍ਰੋਡਕਸ਼ਨ ਕਾਰਪੋਰੇਸ਼ਨ ਜੋ ਹੈ ਮੈਂ ਦੇਖਦਾ ਹਾਂ ਕਿ ਉਸ ਨੇ ਵੀ ਬਹੁਤ ਕੰਮ ਕੀਤਾ ਹੈ।

ਸਾਡੇ ਚੰਡੀਗੜ੍ਹ ਦੇ ਲਾਗੇ ਇਲੈਕਟਰੋਨਿਕਸ ਦੇ ਇਸ ਤਰ੍ਹਾਂ ਯੂਨਿਟਸ ਲੱਗੇ ਹੋਏ ਹਨ ਜਿਸ ਤਰ੍ਹਾਂ ਫਾਰੇਨ ਕੰਟਰੀਜ਼ ਵਿੱਚ ਕੈਲੇਫੋਰਨੀਆਂ ਅਤੇ ਸੈਨ ਫਰਾਂਸਿਸਕੋ ਵਿੱਚ ਹਨ। ਇਸ ਪਾਸੇ ਵੀ ਅਸੀਂ ਦੇਖਦੇ ਹਾਂ ਕਿ ਬਹੁਤ ਧਿਆਨ ਦਿੱਤਾ ਗਿਆ ਹੈ। ਪਿਛਲੇ ਹਫਤੇ ਮੈਂ ਜਲੰਧਰ ਗਿਆ ਸੀ, ਉਥੇ ਦੇਖਿਆ ਕਿ ਛੋਟੀਆਂ ਛੋਟੀਆਂ ਇਲੈਕਟਰੋ-ਨਿਕਸ ਦੀਆਂ ਆਈਟਮਜ਼ ਜਿਵੇਂਕਿ ਪੇਜਰ ਮਾਰਕਿਟ ਵਿਚ ਆ ਰਹੀਆਂ ਹਨ। ਮੈਨੂੰ ਇਹ ਦਸਦਿਆਂ ਬੜੀ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਮਿਹਰਬਾਨੀ ਨਾਲ ਪੰਜਾਬ ਵਿਚ ਅਮਨ ਅੱਗੇ ਸ਼ਾਂਤੀ ਆਈ ਹੈ, ਲੋਕਾਂ ਦੀ ਜਾਨ ਤੇ ਮਾਲ ਦੀ ਹਿਫਾਜ਼ਤ ਹੋਈ ਹੈ। ਇਸੇ ਤਰਾਂ ਇੰਡਸਟਰੀ ਲਾਉਣ ਲਈ ਵੀ ਹਿਫਾਜ਼ਤ ਦੀ ਬੜੀ ਜ਼ਰੂਰਤ ਹੈ। ਲੋਕਾਂ ਦੀ ਜਾਨ ਤੇ ਮਾਲ ਦੀ ਖੁੱਲ੍ਹ ਕੇ ਹਿਫਾਜ਼ਤ ਹੋਣ ਨਾਲ ਲੋਕ ਨੇ ਖੁਲ੍ਹ ਕੇ ਇੰਡਸਟਰੀ ਇਥੇ ਲਾਉਣੀ ਸ਼ੁਰੂ ਕਰ ਦਿੱਤੀ ਹੈ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ 290 ਏਕੜ ਜ਼ਮੀਨ ਵਿੱਚ ਇਲੈਕਟਰੋਨਿਕ ਹਾਰਡਵੇਅਰ ਐਂਡ ਸਾਫਟਵੇਅਰ ਟੈਕਨਾਲਜੀ ਪਾਰਕ ਬਣ ਰਿਹਾ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦਾ ਪਾਰਕ ਬਣਨ ਨਾਲ ਪੰਜਾਬ ਹਿੰਦੂਸਤਾਨ ਵਿੱਚ ਕਿਸੇ ਵੀ ਪੱਖੋਂ ਪਿਛੇ ਨਹੀਂ ਰਹੇਗਾ। ਸਾਡੀ ਇਸ ਦੇ ਨਾਲ ਗਰੋਥ ਵੀ ਵਧੇਗੀ ਅੱਗੇ ਪਰ ਕੈਪੀਟਾ ਆਮਦਨੀ ਵੀ ਵਧੇਗੀ। ਇਸ ਤਰ੍ਹਾਂ ਦਾ ਪਾਰਕ ਲਗਾਉਣ ਵਾਸਤੇ ਜੋ ਇੰਤਜ਼ਾਮ ਕੀਤਾ ਗਿਆ ਹੈ, ਉਸ ਦੇ ਲਈ ਬਾਹਰੋਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜੈ ਕਿਸ਼ਨ ਸੈਣੀ]

ਜੋ ਚੀਜ਼ਾਂ ਇਮਪੋਰਟ ਕੀਤੀਆਂ ਜਾਣੀਆਂ ਹਨ, ਉਨ੍ਹਾਂ ਤੇ ਕੋਈ ਕਸਟਮ ਵੀ ਨਹੀਂ ਦੇਣੀ ਪਵੇਗੀ ਅਤੇ ਇਸ ਤਰ੍ਹਾਂ ਸੇਲਜ਼ ਟੈਕਸ ਅਤੇ ਦੂਸਰੀਆਂ ਸਹੂਲਤਾਂ ਵੀ ਦੇਣਗੀਆਂ । ਇਸ ਦੇ ਨਾਲ, ਡਿਪਟੀ ਸਪੀਕਰ ਸਾਹਿਬ ਜਿਥੇ ਪਿਛਲੇ ਤਿੰਨ ਸਾਲਾਂ ਵਿਚ ਪੰਜਾਬ ਤਰੱਕੀ ਦੇ ਰਾਹ ਤੇ ਗਿਆ ਹੈ, ਉਥੇ ਇਹ ਹੋਰ ਜ਼ਿਆਦਾ ਛਲਾਗਾਂ ਤਰੱਕੀ ਦੇ ਰਾਹ ਤੇ ਮਾਰੇਗਾ ਪੰਜਾਬ ਅੱਗੇ ਤੋਂ ਅੱਗੇ ਹੋਰ ਵਧੇਗਾ ਅੌਰ ਜਿਹੜਾ ਇਮੇਜ਼ ਪੰਜਾਬ ਦਾ ਪਿਛਲੇ ਤਿੰਨ ਸਾਲਾਂ ਵਿੱਚ ਬਣਿਆ ਹੈ, ਉਹ ਹੋਰ ਜ਼ਿਆਦਾ ਬਣੇਗਾ । ਇਸ ਗੱਲ ਦੀ ਮੈਂ ਸਰਦਾਰ ਬੇਅੰਤ ਸਿੰਘ ਜੀ ਨੂੰ ਅਤੇ ਉਨ੍ਹਾਂ ਦੀ ਸਰਕਾਰ ਨੂੰ ਬਹੁਤ-ਬਹੁਤ ਵਧਾਈ ਦਿੰਦਾ ਹਾਂ । ਪੰਜਾਬ ਸਟੇਟ ਲੈਦਰ ਕਾਰਪੋਰੇਸ਼ਨ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਕੱਲ ਲੈਦਰ ਦੀਆਂ ਜੈਕਟਾਂ, ਦਸਤਾਨੇ ਅਤੇ ਹੋਰ ਇਸ ਤਰ੍ਹਾਂ ਦੀਆਂ ਆਈਟਮਜ਼ ਦੀ ਬਹੁਤ ਡੀਮਾਂਡ ਵੱਧ ਗਈ ਹੈ । ਇਸ ਦੇ ਲਈ ਵੀ 10 ਕਰੋੜ ਰੁਪਿਆ ਰੱਖਿਆ ਗਿਆ ਹੈ ਤਾਂਕਿ ਸਾਡੇ ਲੋਕ ਇਥੋਂ ਲੈਦਰ ਦੀਆਂ ਚੀਜ਼ਾਂ ਬਣਾ ਕੇ ਬਾਹਰ ਭੇਜ ਸਕਣ । ਕਿਉਂਕਿ ਇਥੇ ਲੈਦਰ ਸਸਤਾ ਹੁੰਦਾ ਹੈ। ਇਸ ਲਈ ਇਥੋਂ ਲੈਦਰ ਦੀਆਂ ਚੀਜ਼ਾਂ ਬਾਹਰ ਐਕਸਪੋਰਟ ਕੀਤੀਆਂ ਜਾ ਸਕਦੀਆਂ ਹਨ । ਇਹ ਇਕ ਅੱਛਾ ਕਦਮ ਹੈ ਅਤੇ ਸਰਕਾਰ ਨੇ ਇਸ ਵੱਲ ਕਾਫੀ ਧਿਆਨ ਦਿੱਤਾ ਹੈ । ਇਸ ਲਈ ਮੈਂ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ।

ਇਸ ਤੋਂ ਇਲਾਵਾ ਸਾਡੀ ਸਰਕਾਰ ਇਕ ਐਕਸਪੋਰਟ ਪ੍ਰਮੋਸ਼ਨ ਇੰਡਸਟਰੀਅਲ ਪਾਰਕ ਲੁਧਿਆਣਾ ਵਿਚ ਬਣਾ ਰਹੀ ਹੈ, ਇਹ ਬੜੀ ਚੰਗੀ ਗੱਲ ਹੈ । ਇਸ ਤੇ ਕੋਈ 7 ਕਰੋੜ ਰੁਪਿਆ ਖਰਚ ਹੋਣਾ ਹੈ । ਜਿਹੜੀ ਉਥੇ ਇੰਡਸਟਰੀ ਹੈ, ਜਿਨ੍ਹਾਂ ਨੂੰ ਆਪਣਾ ਮਾਲ ਐਕਸਪੋਰਟ ਕਰਨ ਵਾਸਤੇ ਕਾਫੀ ਸਟਾਫ਼ ਵਗੈਰਾ ਰੱਖਣਾ ਪੈਂਦਾ ਸੀ, ਇਸ ਐਕਸਪੋਰਟ ਪਾਰਕ ਦੇ ਬਣਨ ਨਾਲ ਉਨ੍ਹਾਂ ਨੂੰ ਕਾਫੀ ਰਾਹਤ ਮਿਲੇਗੀ ਅੌਰ ਉਹ ਲੋਕ ਵੀ ਆਪਣਾ ਮਾਲ ਲੁਧਿਆਣਾ ਤੋਂ ਬਾਹਰਲੇ ਦੇਸ਼ਾਂ ਨੂੰ ਐਕਸਪੋਰਟ ਕਰ ਸਕਣਗੇ ।

ਇਸ ਦੇ ਨਾਲ ਹੀ ਮੈਂ ਇਕ ਹੋਰ ਅਰਜ਼ ਕਰਦਾ ਹਾਂ ਕਿ ਇਨ੍ਹਾਂ ਕੰਮਾਂ ਵਾਸਤੇ ਜਿਹੜੇ ਪੈਸੇ ਰੱਖੇ ਗਏ ਹਨ, ਇਹ ਘੱਟ ਹਨ । ਇਸ ਵਾਸਤੇ ਇਹ ਰਕਮ ਜ਼ਰੂਰ ਵਧਾਉਣੀ ਚਾਹੀਦੀ ਹੈ । ਮੈਂ ਦਸਦਾ ਹਾਂ ਕਿ ਜਿਸ ਤਰ੍ਹਾਂ ਜਲੰਧਰ ਹੈਂਡ ਟੂਲਜ਼ ਇੰਡਸਟਰੀ ਹੈ ਸਪੋਰਟਸ ਦੀ ਇੰਡਸਟਰੀ ਹੈ ਅਤੇ ਹੋਰ ਵੀ ਕਈ ਇੰਡਸਟਰੀਆਂ ਹਨ, ਇਹਨਾਂ ਨੂੰ ਉਤਸ਼ਾਹਿਤ ਕਰਨ ਵਾਸਤੇ ਫੰਡਜ਼ ਬਹੁਤ ਘੱਟ ਰੱਖੇ ਗਏ ਹਨ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅੌਰ ਸਾਨੂੰ ਵੀ ਇਸ ਤਰ੍ਹਾਂ ਦੀਆਂ ਡਿਮਾਂਡਜ਼ ਯੂਨਾਨੀ ਮਸਲੀ ਪਾਸ ਕਰਨੀਆਂ ਚਾਹੀਦੀਆਂ ਹਨ ਕਿਉਂਕਿ ਇਹ ਡਿਮਾਂਡਜ਼ ਡਿਵੈਲਪਮੈਂਟ ਨਾਲ ਤੁਅੱਲਕ ਰੱਖਦੀਆਂ ਹਨ ਅੌਰ ਇਸ ਡਿਵੈਲਪਮੈਂਟ ਨਾਲ ਯੂਥ ਜੁੜਿਆ ਹੋਇਆ ਹੈ । ਯੂਥ ਨੂੰ ਕੰਮ ਮਿਲਦਾ ਹੈ ਅੌਰ ਇਹ ਜਿਹੜੀ ਅਮਨ ਅਤੇ ਸ਼ਾਂਤੀ ਕਾਫੀ ਸਮੇਂ ਬਾਅਦ ਸਾਨੂੰ ਮਿਲੀ ਹੈ, ਇਹ ਤਾਂ ਹੀ ਕਾਇਮ ਰਹਿ ਸਕਦੀ ਹੈ ਜੇ ਯੂਥ ਨੂੰ ਬਿਜ਼ੀ ਰੱਖਿਆ ਜਾਵੇ । ਇਤਨਾ ਕਹਿੰਦਾ ਹੋਇਆ ਮੈਂ ਇਨ੍ਹਾਂ ਡਿਮਾਂਡਜ਼ ਦੀ ਪ੍ਰੋੜਤਾ ਕਰਦਾ ਹਾਂ ਅਤੇ ਆਪ ਦੀ ਇਜਾਜ਼ਤ ਲੈਂਦਾ ਹਾਂ । ਜੈ ਹਿੰਦ ।

ਸ਼੍ਰੀ ਜਗਦੀਸ਼ ਸਾਹਨੀ (ਬਟਾਲਾ) : ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਕੋਆਪਰੇਸ਼ਨ ਅਤੇ ਇੰਡਸਟਰੀ ਦੀਆਂ ਡਿਮਾਂਡਜ਼ ਤੇ ਬੋਲਣ ਦਾ ਸਮਾਂ ਦਿੱਤਾ ਹੈ, ਇਸ ਲਈ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ । ਠੀਕ ਹੈ ਇੰਡਸਟਰੀ ਬਾਰੇ ਸਰਕਾਰ ਨੇ ਬੜੇ ਉਪਰਾਲੇ

Original with;
Punjab Vidhan Sabha
Digitized by;
Panjab Digital Library

ਕੀਤੇ ਹਨ, ਹੈਵੀ ਇੰਡਸਟਰੀ ਲਈ ਇਹ ਕੁਝ ਉਤਸ਼ਾਹਜਨਕ ਵੀ ਹੈ ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸ਼ਾਮਲ ਇੰਡਸਟਰੀ ਵੱਲ ਸਰਕਾਰ ਕੋਈ ਖਾਸ ਧਿਆਨ ਨਹੀਂ ਦੇ ਰਹੀ ਹੈ । ਮੈਂ ਬਟਾਲਾ ਸ਼ਹਿਰ ਦਾ ਰਹਿਣ ਵਾਲਾਂ ਹਾਂ । ਇਹ ਬਾਰਡਰ ਏਰੀਆ ਸਾਰਾ ਸਮਾਲ ਸਕੇਲ ਇੰਡਸਟਰੀ ਤੇ ਡਿਪੈਂਡ ਕਰਦਾ ਹੈ ਇਸ ਸਰਕਾਰ ਨੂੰ ਹੋਂਦ ਵਿਚ ਆਇਆਂ 3 ਸਾਲ ਹੋ ਚੁੱਕੇ ਹਨ ਪਰ ਮੈਂ ਸਮਝਦਾ ਹਾਂ ਕਿ ਇਸ ਪਾਸੇ ਕੋਈ ਉਪਰਾਲੇ ਨਹੀਂ ਕੀਤੇ ਗਏ । ਮੇਰੀ ਅਰਜ਼ ਹੈ ਕਿ ਸਮਾਲ ਸਕੇਲ ਇੰਡਸਟਰੀ ਦੀ ਦੇਖਭਾਲ ਕੀਤੀ ਜਾਵੇ ।

*12.22 ਵਜੇ ਬਾਅਦ ਦੁਪਹਿਰ

(ਇਸ ਵੇਲੇ* ਸ਼੍ਰੀ ਸਪੀਕਰ ਨੇ ਪ੍ਰਧਨਗੀ ਦੀ ਕੁਰਸੀ ਸੰਭਾਲੀ ।)

ਸਪੀਕਰ ਸਾਹਿਬ, ਬਟਾਲਾ ਸ਼ਹਿਰ ਵਿਚ ਮਸ਼ੀਨ ਟੂਲਜ਼ ਦਾ ਸੈਂਟਰ ਖੋਲ੍ਹਣ ਵਾਸਤੇ ਕਿਹਾ ਗਿਆ ਸੀ ਪਰ ਅੱਜ ਤਕ ਇਹ ਉਥੇ ਖੋਲ੍ਹਿਆ ਨਹੀਂ ਗਿਆ । ਠੀਕ ਹੈ ਹੈਵੀ ਇੰਡਸਟਰੀ ਵੱਲ ਕੁਝ ਧਿਆਨ ਕੀਤਾ ਜਾ ਰਿਹਾ ਹੈ ਪਰ ਅਸੀਂ ਇਹ ਨਹੀਂ ਚਾਹੁੰਦੇ ਕਿ ਹੈਵੀ ਇੰਡਸਟਰੀ ਦੇ ਨਾਂ ਤੇ ਸਮਾਲ ਇੰਡਸਟਰੀ ਬੰਦ ਹੋ ਜਾਵੇ । ਪਿਛਲੇ ਸੈਸ਼ਨ ਵਿਚ ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਉਹ ਫਰੀ ਟੈਕਸ ਕਰਨ ਬਾਰੇ ਕੋਸ਼ਿਸ਼ ਕਰਨਗੇ ਪਰ ਮੈਂ ਸਮਝਦਾ ਹਾਂ ਕਿ ਇਸ ਪਾਸੇ ਕੋਈ ਉਪਰਾਲੇ ਹੁਣ ਤਕ ਨਹੀਂ ਕੀਤੇ ਗਏ । ਜਿਹੜੀ ਇੰਡਸਟਰੀ ਲਈ ਜ਼ਮੀਨ ਲਈ ਜਾਂਦੀ ਹੈ, ਉਹ ਇੰਡਸਟਰੀ ਉਪਜਾਊ ਜ਼ਮੀਨ ਤੇ ਲਾਈ ਜਾਂਦੀ ਹੈ ਅੱਰ ਬਾਅਦ ਵਿਚ ਇਸੇ ਕਰਕੇ ਕੋਰਟ ਦੇ ਥਰੂ ਉਸ ਦਾ ਕਾਫੀ ਮੁਆਵਜ਼ਾ ਮਾਲਕ ਨੂੰ ਦੇਣਾ ਪੈਂਦਾ ਹੈ ਇਸ ਲਈ ਮੈਂ ਸਮਝਦਾ ਹਾਂ ਕਿ ਇਹ ਜਿਹੜੀ ਜ਼ਮੀਨ ਇੰਡਸਟਰੀ ਲਈ ਲੈ ਕੇ ਦਿੱਤੀ ਜਾਵੇ, ਉਹ ਲੇਟੈਸਟ ਪ੍ਰਾਈਸ ਦੇ ਹਿਸਾਬ ਨਾਲ ਲੈ ਕੇ ਦਿੱਤੀ ਜਾਵੇ ਤਾਂ ਕਿ ਉਨ ਦਾ ਕੋਈ ਮੁਆਵਜ਼ਾ ਬਾਦ ਵਿਚ ਨਾ ਦੇਣਾ ਪਵੇ। ਇਸ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

ਇਕ ਗੱਲ ਮੈਂ ਇਹ ਕਹਿਣੀ ਹੈ ਕਿ ਬਟਾਲਾ ਵਿਚ ਪਿੱਗ ਆਇਰਨ ਦੀ ਇੰਡਸਟਰੀ ਬੰਦ ਹੋਣ ਤੇ ਆ ਗਈ ਹੈ ਕਿਉਂਕਿ ਵੈਸਟ ਬੰਗਾਲ ਗੌਰਮਿੰਟ ਨੇ ਇਕ ਫਰੇਟ ਇਕੂਅ-ਲਾਈਜੇਸ਼ਨ ਪਾਲਿਸੀ ਬਣਾਈ ਹੈ, ਇਸ ਨਾਲ ਜਿਹੜਾ ਮਾਲ ਵੈਸਟ ਬੰਗਾਲ ਤੋਂ ਇਥੇ ਆਉਂਦਾ ਹੈ, ਉਹ ਇਥੇ ਬਾਰਡਰ ਏਰੀਆ ਤੇ ਆ ਕੇ 1200-1400 ਰੁਪਏ ਪਰ ਟਨ ਦੇ ਹਿਸਾਬ ਨਾਲ ਜ਼ਿਆਦਾ ਪੈਂਦਾ ਹੈ । ਫਿਰ ਇਥੋਂ ਟੱਕੇ ਵਗੈਰਾ ਤਿਆਰ ਹੋ ਕੇ ਯੂ. ਪੀ. ਸਟੇਟ ਵਿਚ ਜਾਂਦੇ ਹਨ ਅਤੇ ਹੋਰ ਸਟੇਟਸ ਵਿਚ ਵੀ ਜਾਂਦੇ ਹਨ ।....

ਸ਼੍ਰੀ ਸਪੀਕਰ: ਸਾਹਨੀ ਸਾਹਿਬ, ਇਕ ਵਜੇ ਤੁਸਾਂ ਕਨਕਲੂਡ ਕਰਨਾ । ਸੌਰੀ, 12-30 ਵਜੇ ਕਨਕਲੂਡ ਕਰਨਾ ।

ਸ਼੍ਰੀ ਜਗਦੀਸ਼ ਸਾਹਨੀ: ਸਪੀਕਰ ਸਾਹਿਬ, ਫਰੇਟ ਇਕੂਲਾਈਜੇਸ਼ਨ ਦੀ ਪਾਲਿਸੀ ਹੈ, ਇਹ ਸਾਡੇ ਤੇ ਨਹੀਂ ਲੱਗਣੀ ਚਾਹੀਦੀ ਜਿਹੜਾ ਮੈਟੀਰੀਅਲ ਕਲਕੱਤੇ ਤਾਂ ਬਟਾਲੇ ਵਿਚ ਆਵੇਗਾ, ਉਸ ਦਾ ਖਰਚਾ 1500-1700 ਰੁਪਿਆ ਹੋਰ ਲੱਗ ਜਾਂਦਾ ਹੈ । ਇਸੇ ਤਰ੍ਹਾਂ ਯੂ.ਪੀ. ਅਤੇ ਬਿਹਾਰ ਵਿਚੋਂ ਮੰਗਵਾਉਣ ਉਤੇ ਖਰਚਾ ਬਹੁਤ ਲੱਗ ਜਾਂਦਾ ਹੈ । ਜਿਹੜਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜਗਦੀਸ਼ ਸਾਹਨੀ]

ਯੂ.ਪੀ. ਅਤੇ ਬਿਹਾਰ ਹੈ, ਇਹ ਕਲਕੱਤਾ ਦੇ ਨਜ਼ਦੀਕ ਪੈ ਜਾਂਦੇ ਹਨ ਪਰ ਬਟਾਲਾ ਕਾਫੀ ਦੂਰ ਪੈ ਜਾਂਦਾ ਹੈ। ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਬਟਾਲਾ ਦੀ ਇੰਡਸਟਰੀ ਇਕ ਮੰਨੀ ਹੋਈ ਇੰਡਸਟਰੀ ਸੀ ਜਿਸ ਉਤੇ ਹਰ ਕੋਈ ਮਾਣ ਕਰਦਾ ਸੀ ਪਰ ਹੁਣ ਉਸ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਬਟਾਲਾ ਇੰਡਸਟਰੀ ਨੂੰ ਕਿਸੇ ਮੈਪ ਤੇ ਨਹੀਂ ਰੱਖਿਆ ਗਿਆ। ਪਹਿਲੇ ਉਥੇ ਪੇਪਰ ਮਿੱਲ ਲੱਗੀ ਸੀ ਪਰ ਉਸ ਦੀ ਕੋਈ ਪ੍ਰੋਡਕਸ਼ਨ ਨਹੀਂ ਹੋ ਸਕੀ ਅਤੇ ਉਸ ਦੀ ਸਾਨੂੰ ਕੋਈ ਯੂਟਿਲਿਟੀ ਨਹੀਂ ਹੋਈ। ਸਾਡਾ ਮਸਲਾ ਤਾਂ ਇੰਪਲਾਇਮੈਂਟ ਦਾ ਹੁੰਦਾ ਹੈ। ਇੰਡਸਟਰੀਅਲ ਵਰਕਰਜ਼ ਨੂੰ ਇੰਪਲਾਇਮੈਂਟ ਜ਼ਿਆਦਾ ਤੋਂ ਜ਼ਿਆਦਾ ਮਿਲਣੀ ਚਾਹੀਦੀ ਹੈ ਪਰ ਸਰਕਾਰ ਵਲੋਂ ਬਟਾਲਾ ਇੰਡਸਟਰੀ ਵੱਲ ਅਣਦੇਖੀ ਕਰਨ ਕਰਕੇ ਜਿਹੜੀ ਉਥੇ ਸਸਤੀ ਲੇਬਰ ਢਲਾਈ ਵਾਸਤੇ ਮਿਲ ਜਾਂਦੀ ਸੀ, ਉਹ ਹੁਣ ਲੁਧਿਆਣਾ, ਜਲੰਧਰ ਵਿਚ ਚਲੀ ਗਈ ਹੈ ਕਿਉਂਕਿ ਉਥੇ ਹੁਣ ਕੋਈ ਵੱਡੀ ਇੰਡਸਟਰੀ ਰਹੀ ਨਹੀਂ ਹੈ। ਬਿਜਲੀ ਦੀ ਸਪਲਾਈ ਪੂਰੀ ਨਹੀਂ ਮਿਲਦੀ ਅਤੇ ਇਹ ਇਜ਼ੈਟਿਕ ਹੁੰਦੀ ਹੈ। ਸਾਰਿਆਂ ਨੂੰ ਪਤਾ ਹੈ ਕਿ ਮੰਗਲਵਾਰ ਇੰਡਸਟਰੀ ਬੰਦ ਰਹਿੰਦੀ ਹੈ। ਉਸ ਦਿਨ ਬਿਜਲੀ ਬੰਦ ਕਰਕੇ ਇਹ ਆਪਣੀ ਮੇਨਟੀਨੈਂਸ ਕਰ ਸਕਦੇ ਹਨ ਪਰ ਬਿਨਾ ਨੋਟਿਸ ਦੇ ਅਚਾਨਕ ਇਹ ਬਿਜਲੀ ਬੰਦ ਕਰ ਦਿੰਦੇ ਹਨ ਜਿਸ ਦੇ ਨਾਲ ਲੋਕ ਬਹੁਤ ਪਰੇਸ਼ਾਨ ਹਨ ਅਤੇ ਉਨ੍ਹਾਂ ਨੂੰ ਘਾਟਾ ਪੈ ਰਿਹਾ ਹੈ। ਹੁਣ ਪੰਜਾਬ ਦੇ ਹਾਲਾਤ ਵਿਚ ਕਾਫੀ ਸੁਧਾਰ ਆ ਗਿਆ ਹੈ, ਇਸ ਲਈ ਬਟਾਲਾ ਦੀ ਇੰਡਸਟਰੀ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਜਿਹੜੀ ਖਤਮ ਹੁੰਦੀ ਜਾ ਰਹੀ ਹੈ। ਉਥੇ ਕੋਈ ਸਮਾਲ ਸਕੇਲ ਇੰਡਸਟਰੀ ਨਹੀਂ ਹੈ। ਇਸ ਦੇ ਲਈ ਸਰਕਾਰ ਨੇ ਕੋਈ ਉਪਰਾਲੇ ਨਹੀਂ ਕੀਤੇ ਹਨ। ਇਥੇ ਮਸ਼ੀਨ ਟੂਲ ਸੈਂਟਰ ਖੋਲ੍ਹਿਆ ਜਾਣਾ ਸੀ ਅਤੇ ਇਸ ਦੇ ਲਈ ਜ਼ਮੀਨ ਨੂੰ 10 ਸਾਲਾਂ ਤੋਂ ਐਕਵਾਇਅਰ ਕੀਤਾ ਹੋਇਆ ਹੈ ਪਰ ਸਾਰੀ ਤਿਆਰੀ ਹੋਣ ਦੇ ਬਾਵਜੂਦ ਵੀ ਇਹ ਸੈਂਟਰ ਨਹੀਂ ਚੱਲਿਆ ਅਤੇ ਇਹ ਸੈਂਟਰ ਨਾ ਚੱਲਣ ਕਰਕੇ ਸਾਨੂੰ ਇਹ ਨੁਕਸਾਨਦੇਹ ਸਾਬਤ ਹੋ ਰਿਹਾ ਹੈ।

ਦੂਜੀ ਕੋਆਪਰੇਸ਼ਨ ਮਹਿਕਮੇ ਬਾਰੇ ਗੱਲ ਕਰਦਾ ਹਾਂ। ਵਿਧਾਨ ਸਭਾ ਦੇ ਵਿਚ ਕਾਫੀ ਰੌਲਾ ਪੈਂਦਾ ਹੈ ਕਿ ਸ਼ੂਗਰ ਮਿੱਲਾਂ ਘਾਟੇ ਵਿਚ ਚੱਲ ਰਹੀਆਂ ਹਨ। ਬਟਾਲਾ ਦੇ ਵਿਚ ਇਕ ਸ਼ੂਗਰ ਮਿੱਲ ਹੈ ਜੋ ਸਭ ਤੋਂ ਪੁਰਾਣੀ ਹੈ। ਕੁਝ ਸ਼ੂਗਰ ਮਿੱਲਾਂ ਬੰਦ ਹੋ ਗਈਆਂ ਹਨ due to non availability of sugarcane in Batala. ਜਿਹੜੀ ਸਭ ਨਾਲੋਂ ਪੁਰਾਣੀ ਸ਼ੂਗਰ ਮਿੱਲ ਹੈ, ਉਸ ਮਿੱਲ ਨੂੰ ਘਾਟਾ 7 ਕਰੋੜ 82 ਲੱਖ ਰੁਪਏ ਦਾ ਹੈ। ਇਸ ਮਿੱਲ ਦੇ ਵਿਚ ਜਿਹੜੇ ਅਫਸਰ ਲੱਗੇ ਹੋਏ ਹਨ। ਐਮ.ਡੀ. ਅਤੇ ਜਨਰਲ ਮੈਨੇਜਰ, ਉਹ ਆਪਣੀ ਮਨਮਰਜ਼ੀ ਕਰਦੇ ਹਨ ਅਤੇ ਅਗਰ ਕਿਸੇ ਨੂੰ ਇੰਪਲਾਇਮੈਂਟ ਦੇ ਲਈ ਕਿਹਾ ਜਾਵੇ ਤਾਂ ਕਹਿੰਦੇ ਹਨ ਕਿ ਇਹ ਸਰਵਿਸ ਸਿਲੈਕਸ਼ਨ ਬੋਰਡ ਦੇ ਰਾਹੀਂ ਰੱਖਿਆ ਜਾਵੇਗਾ। ਇਹ ਮਿੱਲ ਕਿਸ ਤਰ੍ਹਾਂ ਘਾਟੇ ਵਿਚ ਚਲੀ ਗਈ, ਇਹ ਬੜੀ ਹੈਰਾਨਗੀ ਵਾਲੀ ਗੱਲ ਹੈ। ਇਹ ਸ਼ੂਗਰ ਮਿੱਲ 1963 ਵਿਚ ਲੱਗੀ ਸੀ ਅਤੇ 1964 ਵਿਚ ਇਸ ਨੇ ਵਰਕਿੰਗ ਸ਼ੁਰੂ ਕਰ ਦਿੱਤੀ ਸੀ। 1965 ਤੋਂ ਬਾਅਦ ਇਸ ਨੇ ਕਾਫੀ ਵਾਧਾ ਕੀਤਾ ਪਰ ਹੁਣ ਪਤਾ ਲੱਗਾ ਹੈ ਕਿ ਇਸ ਮਿੱਲ ਵਿਚ 7 ਕਰੋੜ 82 ਲੱਖ ਰੁਪਏ ਦਾ ਘਾਟਾ ਪੈ ਰਿਹਾ ਹੈ। ਇਹ ਸੁਣ ਕੇ ਬੜੀ ਹੈਰਾਨਗੀ ਹੋਈ ਕਿ ਬਟਾਲਾ ਕੋਆਪਰੇਟਿਵ ਸ਼ੂਗਰ ਮਿੱਲ ਘਾਟੇ ਵਿਚ ਜਾ ਰਹੀ ਹੈ ਅੱਜ

Original with;
Punjab Vidhan Sabha
Digitized by;
Digital Library

ਬੁਢਲਾਡਾ ਸ਼ੂਗਰ ਮਿੱਲ ਵੀ ਘਾਟੇ ਵਿਚ ਜਾ ਰਹੀ ਹੈ ਅੱਰ ਇਸ ਦੀ ਆਫਰ ਇਕ ਆਦਮੀ ਨੇ ਕੇਵਲ 10-11 ਲੱਖ ਰਪਿਆ ਦਿੱਤੀ ਹੈ। ਸੇਮ ਪੁਜ਼ੀਸ਼ਨ ਬਟਾਲਾ ਦੀ ਹੋ ਜਾਵੇਗੀ ਪਰ ਜਿਹੜੀਆਂ ਪ੍ਰਾਈਵੇਟ ਸੈਕਟਰ ਦੀਆਂ ਮਿੱਲਾਂ ਹਨ, ਜਿਸ ਤਰ੍ਹਾਂ ਮਹਿਤਾ ਚੌਂਕ ਵਿਚ ਰਾਣਾ ਸ਼ੂਗਰ ਮਿੱਲ ਹੈ, ਉਸ ਨੇ ਡੇਢ ਸਾਲ ਦੇ ਵਿਚ ਪ੍ਰਾਫਿਟ ਦੇਣਾ ਸ਼ੁਰੂ ਕਰ ਦਿੱਤਾ ਹੈ। ਨਾ ਕੋਈ ਉਸ ਦੀ ਲਾਇਬਿਲਟੀ ਹੈ ਅਤੇ ਕੋਈ ਨਵੀਂ ਇੰਪਲਾਇਮੈਂਟ ਵੀ ਨਹੀਂ ਲਗਾਈ। ਸਰਕਾਰ ਦੇ ਹੁਕਮਾਂ ਮੁਤਾਬਿਕ ਇੰਪਲਾਈਜ਼ ਵੀ ਘੱਟ ਹਨ। ਪਰ ਸਾਡੀਆਂ ਮਿੱਲਾਂ ਘਾਟੇ ਵਿਚ ਜਾ ਰਹੀਆਂ ਹਨ ਅਤੇ ਕੋਈ ਨਵਾਂ ਬੰਦਾ ਭਰਤੀ ਨਹੀਂ ਕੀਤਾ ਜਾਂਦਾ। ਇਸ ਬਟਾਲਾ ਸ਼ੂਗਰ ਮਿੱਲ ਦਾ ਐਮ.ਡੀ. ਜ਼ੀਰਾ ਸ਼ੂਗਰ ਮਿੱਲ ਵਿਚੋਂ ਆਇਆ ਸੀ ਜਿਸ ਨੇ ਉਥੇ ਜ਼ੀਰਾ ਮਿੱਲ ਦੇ ਵਿਚ 57 ਲੱਖ ਰੁਪਏ ਦਾ ਘਾਟਾ ਪਾਇਆ ਸੀ।

ਸ਼੍ਰੀ ਸਪੀਕਰ: ਸਾਹਨੀ ਜੀ, ਤੁਹਾਡਾ ਟਾਈਮ ਹੋ ਗਿਆ ਹੈ। ਤਸੀਂ ਆਪਣੀ ਸਪੀਚ 2-4 ਮਿੰਟਾਂ ਵਿਚ ਕਨਕਲੂਡ ਕਰੋ।

ਸ਼੍ਰੀ ਜਗਦੀਸ਼ ਸਾਹਨੀ: ਸਪੀਕਰ ਸਾਹਿਬ, ਮੈਂ ਤਾਂ ਆਪਣੀ ਸਪੀਚ ਜਦੋਂ ਤੁਸੀਂ ਆਏ ਸੀ ਉਦੋਂ ਸ਼ੁਰੂ ਹੀ ਕੀਤੀ ਸੀ। ਸਪੀਕਰ ਸਾਹਿਬ, ਜ਼ੀਰੇ ਵਾਲੀ ਮਿੱਲ ਦਾ 57 ਲੱਖ ਰੁਪਏ ਦਾ ਘਾਟੇ ਦਾ ਕੇਸ ਹੈ। ਉਸ ਕੇਸ ਨੂੰ ਸਰਕਾਰ ਵਲੋਂ ਦਬਾਇਆ ਗਿਆ। ਉਹ ਐਮ.ਡੀ. ਇਕ ਆਈ.ਏ.ਐਸ. ਅਫ਼ਸਰ ਹੈ। ਉਸ ਦੀ ਟਰਾਂਸਫਰ ਜ਼ੀਰੇ ਮਿਲ ਤੋਂ ਬਟਾਲਾ ਸ਼ੂਗਰ ਮਿੱਲ ਵਿਚ ਹੋ ਗਈ ਹੈ। ਇਹ ਮਿੱਲ ਜੀ. ਟੀ. ਰੋਡ ਤੇ ਹੈ। (ਵਿਘਨ) ਇਸ ਪਿੰਡ ਵਿਚ ਰਹਿਣ ਵਾਲੇ ਮਜ਼ਦੂਰ ਜੋ ਕੰਮ ਕਰ ਸਕਦੇ ਹਨ, ਜੇਕਰ ਉਨ੍ਹਾਂ ਨੂੰ ਕਲਾਸ-4 ਵਿਚ ਰਖਣਾ ਹੋਵੇ ਤਾਂ ਐਮ.ਡੀ. ਸਾਹਿਬ ਕਹਿੰਦੇ ਹਨ ਕਿ ਅਸੀਂ ਕੋਈ ਬੰਦਾ ਨਹੀਂ ਰੱਖ ਸਕਦੇ ਹਾਲਾਂ ਕਿ ਐਮ. ਡੀ. ਨੇ ਦੋ ਇੰਪਲਾਈਜ਼ ਰੱਖੇ ਹਨ। ਇਕ ਅਜੀਤ ਸਿੰਘ ਪੁੱਤਰ ਜਗਤਾਰ ਸਿੰਘ ਨੂੰ ਕੰਬਾਈਨ ਆਪਰੇਟਰ ਰੱਖਿਆ ਹੈ ਜਦੋਂ ਕਿ ਆਲਰੈਡੀ ਉਥੇ ਇਕ ਬੰਦਾ ਕੰਮ ਕਰ ਰਿਹਾ ਹੈ। ਇਕ ਬੰਦੇ ਨਾਲ ਕੰਮ ਚਲ ਸਕਦਾ ਸੀ ਪਰ ਉਸ ਨੇ ਇਕ ਹੋਰ ਰੱਖ ਲਿਆ। ਦੂਸਰਾ ਕਰਮਜੀਤ ਸਿੰਘ, ਫਰੀਦਕੋਟ ਤੋਂ ਲਿਆ ਕੇ ਰੱਖ ਲਿਆ ਅੱਰ ਉਸ ਨੂੰ ਪੱਕੀ ਅਪਾਇੰਟਮੈਂਟ ਦੇ ਦਿੱਤੀ। ਉਸ ਨੂੰ 89 ਦਿਨਾਂ ਵਾਸਤੇ ਨਹੀਂ ਰੱਖਿਆ ਬਲਕਿ ਪੱਕਾ ਰੱਖ ਲਿਆ। ਜੇਕਰ ਇਸ ਤਰ੍ਹਾਂ ਦਾ ਮਾਹੌਲ ਚੱਲਣਾ ਹੈ ਤਾਂ ਮਿੱਲ ਵਾਧੇ ਦੀ ਥਾਂ ਘਾਟੇ ਵਿਚ ਹੀ ਜਾਣੀ ਹੈ। ਫੇਰ ਨਵਾਂ ਬੋਰਡ ਬਣਿਆ ਅੱਰ ਨਵੀਆਂ ਇਲੈਕਸ਼ਨਾਂ ਹੋਈਆਂ ਨਵੇਂ ਚੇਅਰਮਨ ਬਣ ਗਏ। ਐਮ. ਡੀ. ਵਲੋਂ ਨਵੇਂ ਚੇਅਰਮੈਨ ਨੂੰ ਕਈ ਚੀਜ਼ਾਂ ਨਹੀਂ ਦਿਖਾਈਆਂ ਜਾਂਦੀਆਂ। ਜੇਕਰ ਚੇਅਰਮੈਨ ਐਮ. ਡੀ. ਨੂੰ ਪੁੱਛਦਾ ਹੈ ਤਾਂ ਐਮ.ਡੀ. ਜਵਾਬ ਦਿੰਦਾ ਹੈ ਕਿ ਮੈਂ ਦੱਸ ਦੇਵਾਂਗਾ। ਫੇਰ ਨਵੇਂ ਬੋਰਡ ਸਰਕਾਰ ਨੂੰ ਬਨਾਉਣ ਦੀ ਕੀ ਜ਼ਰੂਰਤ ਸੀ ? (ਵਿਘਨ) ਡਾਇਰੈਕਟਰ ਬੈਠੇ ਹਨ ਅੱਰ ਜੇਕਰ ਸ਼ੂਗਰ ਮਿੱਲਾਂ ਨੂੰ ਗੰਨਾ ਨਹੀਂ ਮਿਲੇਗਾ, ਬੀਜ ਨਹੀਂ ਮਿਲੇਗਾ ਤਾਂ ਉਹ ਕੰਮ ਕਿਸ ਤਰ੍ਹਾਂ ਕਰਨਗੀਆਂ ? ਮਿੱਲਾਂ ਬੰਦ ਹੋ ਗਈਆਂ ਸਨ ਕਿਉਂਕਿ ਗੰਨਾ ਅਵੇਲੇਬਲ ਨਹੀਂ ਸੀ। ਪਹਿਲਾਂ ਉਥੇ ਗੰਨਾ ਅਵੇਲੇਬਲ ਸੀ ਅਤੇ ਟਰਾਂਸਪੋਰਟੇਸ਼ਨ ਤੇ ਪੈਸਾ ਖਰਚ ਕਰਨ ਦੀ ਜ਼ਰੂਰਤ ਨਹੀਂ ਸੀ। ਪਿਛਲੇ ਸਾਲ ਅਤੇ ਇਸ ਸਾਲ ਵੀ ਮਿੱਲ ਬੰਦ ਪਈ ਹੈ।

ਸਪੀਕਰ ਸਾਹਿਬ, ਸੁਸਾਇਟੀਆਂ ਬਣਾਈਆਂ ਗਈਆਂ ਹਨ। ਪਿੰਡਾਂ ਵਿਚ ਖਾਦਾਂ ਅਤੇ ਹੋਰ ਸਾਰੀਆਂ ਸਹੂਲਤਾਂ ਕਿਸਾਨਾਂ ਨੂੰ ਮਿਲਣੀਆਂ ਚਾਹੀਦੀਆਂ ਹਨ ਪਰ ਹਰ ਇਕ ਨੇ

Original with;
Punjab Vidhan Sabha
Digitized by:
Panjab Digital Library

[ਸ਼੍ਰੀ ਜਗਦੀਸ਼ ਸਾਹਨੀ]

ਆਪੋ ਆਪਣੀ ਮਨਾਪਲੀ ਬਣਾਈ ਹੋਈ ਹੈ । ਇਸ ਬਾਰੇ ਅਖਬਾਰਾਂ ਵਿਚ ਵੀ ਆਇਆ ਹੈ । ਗੁਰਦਾਸਪੁਰ ਦਾ ਪੈਸਾ ਖਾ ਗਏ । ਜਦੋਂ ਨੋਟਿਸ ਆਉਂਦਾ ਹੈ ਤਾਂ ਉਹ ਆਪੇ ਹੀ ਪੈਸੇ ਜਮ੍ਹਾਂ ਕਰਾ ਦਿੰਦੇ ਹਨ ਅਤੇ ਆਪੇ ਹੀ ਪੈਸਾ ਕਢਾ ਲੈਂਦੇ ਹਨ । ਕਿਸੇ ਦਾ ਕੋਈ ਅੰਗੂਠਾ ਨਹੀਂ ਲੱਗਦਾ । ਇਸ ਸਾਲ ਪਪੜ ਕੋਆਪਰੇਟਿਵ ਸੁਸਾਇਟੀ ਵਿਚ 2 ਕਰੋੜ ਰੁਪਏ ਦਾ ਗਬਨ ਹੋਇਆ । 2 ਕਰੋੜ ਰੁਪਏ ਵਿਚੋਂ ਸਿਰਫ 1500-1700 ਰੁਪਏ ਦੀ ਰਿਕਵਰੀ ਹੋਈ । ਦੋ ਬੰਦਿਆਂ ਨੂੰ ਡਿਸਮਿਸ ਕੀਤਾ ਗਿਆ ਸੀ । ਇਸੇ ਤਰ੍ਹਾਂ ਮਿਲਕਫੈੱਡ ਘਾਟੇ ਵਿਚ ਚਲਾ ਗਿਆ ਹੈ । ਜਿਥੋਂ ਤਕ ਮੁਨਾਫੇ ਦੀ ਗੱਲ ਹੈ । ਮਿਲਕਫੈੱਡ ਨੇ ਕੋਈ ਮੁਨਾਫਾ ਨਹੀਂ ਕਢਿਆ । ਉਸ ਨੂੰ ਖੁਲ੍ਹੇ ਨੂੰ ਕਿੰਨੀ ਦੇਰ ਹੋ ਗਈ ਹੈ, ਉਸ ਤੇ ਕਿੰਨਾ ਪੈਸਾ ਲੱਗਾ ਹੈ....

ਸ਼੍ਰੀ ਸਪੀਕਰ: ਵਾਈਂਡ ਅੱਪ ਕਰੋ ।

ਸ਼੍ਰੀ ਜਗਦੀਸ਼ ਸਾਹਨੀ: ਇਸ ਕਰਕੇ ਮੇਰੀ ਕੋਈ ਸਹਿਮਤੀ ਇਨ੍ਹਾਂ ਮੰਗਾਂ ਨਾਲ ਨਹੀਂ ਹਾਲਾਂਕਿ ਇਹ ਪੂਰੀਆਂ ਵੀ ਹੋ ਜਾਣੀਆਂ ਹਨ ਕਿਉਂਕਿ ਸਰਕਾਰ ਮੈਜਾਰਿਟੀ ਵਿਚ ਹੈ । ਹਾਂ, ਜੇ ਸਾਡੇ ਦਿੱਤੇ ਸੁਝਾਅ ਅਗਰ ਪੂਰਨ ਕੀਤੇ ਜਾਣ ਤਾਂ ਮਹਿਕਮੇ ਨੂੰ ਹੋਰ ਵੀ ਫਾਇਦਾ ਮਿਲੇਗਾ । ਜੈ ਹਿੰਦ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ (ਜ਼ੀਰਾ): ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਨ੍ਹਾਂ ਮੰਗਾਂ ਤੇ ਬੋਲਣ ਦਾ ਸਮਾਂ ਦਿੱਤਾ ਹੈ । ਸਮਾਂ ਥੋੜ੍ਹਾ ਹੈ, ਇਸ ਕਰਕੇ ਮੈਂ ਆਪਣੇ 2-4 ਸੁਝਾਉ ਹੀ ਰੱਖਾਂਗਾ । ਗੱਲ ਸਾਹਿਕਾਰਤਾ ਦੀ ਆਈ ਹੈ । ਸਪੀਕਰ ਸਾਹਿਬ, ਮੈਂ ਦੱਸਾਂਗਾ ਕਿ ਸ਼ੂਗਰ ਮਿੱਲਾਂ ਜਿਵੇਂ ਪ੍ਰਾਈਵੇਟ ਹੱਥਾਂ ਵਿਚ ਦਿੱਤੀਆਂ ਜਾ ਰਹੀਆਂ ਹਨ, ਇਹ ਬਹੁਤ ਮਾੜੀ ਗੱਲ ਹੈ । ਇਹ ਚੰਗੀ ਗੱਲ ਨਹੀਂ । ਸਰਕਾਰ ਨੂੰ ਚਾਹੀਦਾ ਸੀ ਕਿ ਘਾਟਾ ਪੂਰਾ ਕਰਨ ਲਈ ਚੰਗੇ ਪ੍ਰਬੰਧਕ ਲਾ ਕੇ, ਚੋਣਾਂ ਕਰਾ ਕੇ ਮਿੱਲਾਂ ਚੰਗੇ ਹੱਥਾਂ ਵਿਚ ਦੇ ਕੇ ਘਾਟਾ ਪੂਰਾ ਕੀਤਾ ਜਾਂਦਾ । ਹੁਣ ਸਰਕਾਰ ਨੇ ਮਿੱਲਾਂ ਦਾ 56 ਕਰੋੜ ਰੁਪਿਆ ਸੀਰੇ ਦਾ ਦੇਣਾ ਹੈ । ਸਰਕਾਰ ਉਧਰ ਧਿਆਨ ਨਹੀਂ ਦੇ ਰਹੀ । ਦੂਜੇ ਪਾਸੇ ਜਿਨ੍ਹਾਂ ਜ਼ਿਮੀਂਦਾਰਾਂ ਨੇ ਮਿੱਲਾਂ ਤੋਂ ਪੈਸੇ ਲੈਣੇ ਹਨ, ਉਹ ਰੁਲਦੇ ਫਿਰਦੇ ਹਨ, ਉਨ੍ਹਾਂ ਨੂੰ ਪੈਸੇ ਮਿਲ ਨਹੀਂ ਰਹੇ । ਜ਼ੀਰਾ ਮਿੱਲ ਨੇ ਜ਼ਿਮੀਂਦਾਰਾਂ ਦਾ 80 ਲੱਖ ਰੁਪਿਆ ਦੇਣਾ ਹੈ ਅਤੇ ਮਿੱਲ ਨੇ 2 ਕਰੋੜ 71 ਲੱਖ ਰੁਪਿਆ ਸਰਕਾਰ ਤੋਂ ਲੈਣਾ ਹੈ । ਜੇ ਮਿੱਲ ਨੂੰ ਉਹ ਪੈਸਾ ਸਰਕਾਰ ਤੋਂ ਮਿਲ ਜਾਵੇ ਤਾਂ ਅੱਗੇ ਜ਼ਿਮੀਂਦਾਰਾਂ ਨੂੰ ਵੀ ਮਿੱਲ ਤੋਂ ਪੈਸਾ ਮਿਲ ਜਾਵੇਗਾ ਅਤੇ ਮਿੱਲਾਂ ਦਾ ਕੰਮ ਵੀ ਟਾਈਮ ਤੇ ਸ਼ੁਰੂ ਹੋ ਜਾਵੇਗਾ । ਪ੍ਰਾਈਵੇਟ ਹੱਥਾਂ ਵਿਚ ਮਿੱਲਾਂ ਦਿੱਤੀਆਂ ਜਾ ਰਹੀਆਂ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸਾਨਾਂ ਦੀਆਂ ਕਮੇਟੀਆਂ ਬਣਾ ਕੇ ਮਿੱਲਾਂ ਨੂੰ ਚਾਲੂ ਰੱਖਿਆ ਜਾਵੇ । ਉਹ ਘਾਟਾ ਵੀ ਦੂਰ ਕਰ ਦੇਣਗੇ । ਜੇ ਮਿੱਲਾਂ ਵੇਚਣੀਆਂ ਹੀ ਹਨ ਤਾਂ ਕਿਸਾਨ ਲੈਣ ਨੂੰ ਤਿਆਰ ਹਨ । ਜਿੰਨੇ ਰੇਟ ਵਿਚ ਪਾਤੜਾਂ ਵਰਗੀਆਂ ਮਿੱਲਾਂ ਵੇਚੀਆਂ ਹਨ, ਜ਼ਿਮੀਂਦਾਰ ਉਨੇ ਰੇਟ ਵਿਚ ਲੈਣ ਨੂੰ ਤਿਆਰ ਹਨ, ਉਹ ਕਮੇਟੀਆਂ ਬਣਾ ਕੇ ਲੈਣ ਨੂੰ ਤਿਆਰ ਹਨ । ਸੋ, ਮਿੱਲਾਂ ਪ੍ਰਾਈਵੇਟ ਹੱਥਾਂ ਵਿਚ ਨਹੀਂ ਦੇਣੀਆਂ ਚਾਹੀਦੀਆਂ, ਵੇਚਣੀਆਂ ਨਹੀਂ ਚਾਹੀਦੀਆਂ ।

ਸਹਿਕਾਰਤਾ ਸਬੰਧੀ ਇਕ 67-ਏ. ਕਾਨੂੰਨ ਸੀ ਜਿਹੜਾ ਪਿਛਲੀ ਅਕਾਲੀ ਸਰਕਾਰ

Original with;
Punjab Vidhan Sabha
Digitized by
Panjab Digital Library

ਵੇਲੇ ਸਸਪੈਂਡ ਕੀਤਾ ਗਿਆ ਸੀ । ਉਸ ਵਿਚ ਅਗਰ ਜ਼ਿਮੀਂਦਾਰ ਨੇ 200 ਰੁਪਿਆ ਵੀ ਦੇਣਾ ਹੁੰਦਾ ਸੀ ਤਾਂ ਉਸ ਨੂੰ ਹੱਥਕੜੀ ਲੱਗ ਜਾਂਦੀ ਹੈ । ਇਹ ਬੜੀ ਮਾੜੀ ਗੱਲ ਹੈ । ਅਗਰ ਜ਼ਿਮੀਂਦਾਰ ਕਿਸੇ ਮਜ਼ਬੂਰੀ ਕਰਕੇ ਕਰਜ਼ਾ ਲੈਂਦਾ ਹੈ ਅਤੇ ਨਹੀਂ ਤਾਰ ਸਕਦਾ ਤਾਂ ਉਸ ਨੇ ਜਿਹੜੀ ਜ਼ਮੀਨ ਵਗੈਰਾ ਗਹਿਣੇ ਰੱਖੀ ਹੁੰਦੀ ਹੈ, ਉਹ ਦਬਾਉਣੀ ਨਹੀਂ ਚਾਹੀਦੀ ਅਤੇ ਹੱਥਕੜੀ ਨਹੀਂ ਲਾਉਣੀ ਚਾਹੀਦੀ । ਮੇਰੀ ਬੇਨਤੀ ਹੈ ਕਿ ਕਾਂਗਰਸ ਸਰਕਾਰ ਨੇ ਉਸ ਕਾਨੂੰਨ ਨੂੰ ਫਿਰ ਸ਼ੁਰੂ ਕਰ ਦਿੱਤਾ ਹੈ, ਉਸ ਨੂੰ ਬੰਦ ਕਰਨਾ ਜ਼ਰੂਰੀ ਹੈ ।

ਅੱਗੇ ਹੱਦ ਕਰਜ਼ੇ ਦੀ ਗੱਲ ਹੈ । ਚਾਰ ਜ਼ਿਲ੍ਹਿਆਂ ਵਿਚ ਜਮ੍ਹਾਂਬੰਦੀਆਂ ਮੰਗੀਆਂ ਜਾ ਰਹੀਆਂ ਹਨ । ਜਦੋਂ ਪਟਵਾਰੀ ਕੋਲ ਜ਼ਿਮੀਂਦਾਰ ਜਾਂਦਾ ਹੈ ਤਾਂ ਉਸ ਨੂੰ ਕਈ ਕਈ ਗੇੜੇ ਮਾਰਨੇ ਪੈਂਦੇ ਹਨ । ਪਟਵਾਰੀ ਅੱਗੋਂ ਦੋ ਸੌ, ਤਿੰਨ ਸੌ ਰੁਪਏ ਤੋਂ ਇਕ ਹਜ਼ਾਰ ਰੁਪਏ ਤੱਕ ਮੰਗਦੇ ਹਨ ਅਤੇ ਜ਼ਿਮੀਂਦਾਰ ਗੇੜੇ ਮਾਰ ਮਾਰ ਕੇ ਥੱਕ ਜਾਂਦਾ ਹੈ । ਮੇਰੀ ਬੇਨਤੀ ਹੈ ਕਿ ਹੱਦ ਕਰਜ਼ੇ ਦੀਆਂ ਸ਼ਰਤਾਂ ਨੂੰ ਉਸੇ ਤਰ੍ਹਾਂ ਰੱਖਿਆ ਜਾਵੇ ।

ਅੱਗੇ ਚੋਣਾਂ ਦੀ ਗੱਲ ਸੀ । ਸਾਡੀ ਮਿੱਲ ਦੀਆਂ ਚੋਣਾਂ ਲਈ 9 ਤਾਰੀਖ ਮਿਥੀ ਹੈ । ਦੋ ਵਾਰੀ ਅੱਗੇ ਡੇਟ ਮਿਥੀ ਗਈ ਹੈ ਪਰ ਮੌਕੇ ਤੇ ਜਦੋਂ ਪਿੰਡਾਂ ਵਿਚ ਲੋਕ ਚੋਣਾਂ ਲੜਨ ਲਈ ਤਿਆਰ ਹੋ ਜਾਂਦੇ ਹਨ, ਚੋਣਾਂ ਕੈਂਸਲ ਕਰ ਦਿੱਤੀਆਂ ਜਾਂਦੀਆਂ ਹਨ । ਉਹ ਲੋਕ ਕਿੰਨਾਂ ਪੈਸਾ ਖਰਚ ਬੈਠਦੇ ਹਨ । ਹੁਣੇ ਲੈਂਡ ਮਾਰਟਗੇਜ ਬੈਂਕ ਜ਼ੀਰਾ ਦੀ ਚੋਣ ਕੈਂਸਲ ਕੀਤੀ ਗਈ । ਇਸੇ ਤਰ੍ਹਾਂ ਲੈਂਡ ਮਾਰਟਗੇਜ ਬੈਂਕ, ਫਿਰੋਜ਼ਪੁਰ ਦੀ ਚੋਣ ਕੈਂਸਲ ਕੀਤੀ ਗਈ । ਜੇ ਇਲੈਕਸ਼ਨ ਇਕ ਵਾਰ ਰੱਖ ਦਿੱਤੀ ਜਾਵੇ, ਅਖਬਾਰਾਂ ਵਿਚ ਡੇਟ ਆ ਜਾਵੇ ਤਾਂ ਮੁੜ ਕੈਂਸਲ ਨਹੀਂ ਕਰਨੀ ਚਾਹੀਦੀ ।

ਇਸੇ ਤਰ੍ਹਾਂ ਇਸ ਮਹਿਕਮੇ ਵਿਚ ਕੁਰੱਪਸ਼ਨ ਬਾਰੇ ਦੱਸਿਆ ਹੈ । ਮੇਰੇ ਐਮ.ਐਲ.ਏ. ਸਾਥੀਆਂ ਨੇ ਕਿ ਇਹ ਬਹੁਤ ਵਧ ਚੁਕੀ ਹੈ । ਇਹ ਇਸ਼ਾਰਾ ਸਰਕਾਰ ਦਾ ਹੀ ਹੈ । ਰਾਜਪੁਰੇ ਲੈਂਡ ਮਾਰਟਗੇਜ ਬੈਂਕ ਦੇ ਮੈਨੇਜਰ ਦੀ ਗੱਲ ਹੈ । ਉਸ ਨੇ ਬਹੁਤ ਜ਼ਿਆਦਾ ਪੈਸੇ ਲਏ ਲੋਕਾਂ ਤੋਂ । ਉਸਦੀ ਇਨਕੁਆਰੀ ਹੋਈ ਅਤੇ ਲਿਖਿਆ ਵੀ ਗਿਆ ਕਿ ਉਹ ਕੁਰੱਪਟ ਹੈ, ਬਦਲਿਆ ਜਾਵੇ । ਸਸਪੈਂਡ ਕਰਨ ਦੇ ਆਰਡਰ ਵੀ ਦਿੱਤੇ ਗਏ ਪਰ ਬਾਅਦ ਵਿਚ ਕੀ ਹੋਇਆ, ਉਸੇ ਬੰਦੇ ਨੂੰ ਫਿਰ ਰੱਖਿਆ ਗਿਆ । ਉਹ ਬੰਦੇ ਸੀ.ਐਮ. ਸਾਹਿਬ ਕੋਲ ਪੇਸ਼ ਹੋਏ ਤਾਂ ਉਨ੍ਹਾਂ ਵੀ ਕਹਿ ਦਿੱਤਾ ਕਿ ਕੋਈ ਗੱਲ ਨਹੀਂ, ਨਿੱਕੀਆਂ ਮੋਟੀਆਂ ਭ੍ਰਿਸ਼ਟਾਚਾਰ ਦੀਆਂ ਗੱਲਾਂ ਤਾਂ ਚਲਦੀਆਂ ਹੀ ਰਹਿੰਦੀਆਂ ਹਨ । ਜੇ ਉਸ ਬੰਦੇ ਨੂੰ ਇਹ ਸਰਟੀਫਿਕੇਟ ਹੀ ਦੇਣਾ ਹੈ ਅਤੇ ਉਸ ਬੰਦੇ ਨੂੰ ਉਥੇ ਹੀ ਰੱਖਣਾ ਹੈ ਤਾਂ ਇਹ ਭ੍ਰਿਸ਼ਟਾਚਾਰ ਨੂੰ ਖੁਲ੍ਹ ਦੇਣ ਵਾਲੀ ਗੱਲ ਹੈ ।

ਅੱਗੇ ਗੱਲ ਉਦਯੋਗ ਦੀ ਆਈ ਹੈ । ਇਹ ਠੀਕ ਹੈ ਕਿ ਉਦਯੋਗ ਲਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਬੜਾ ਉਤਸ਼ਾਹ ਵੀ ਦਿੱਤਾ ਹੈ, ਮੈਂ ਕਹਾਂਗਾ ਕਿ ਇਹ ਚੰਗੀ ਗੱਲ ਹੈ ਲੇਕਿਨ ਇਸ ਦੇ ਵਿਚ ਬੜੀਆਂ ਮੁਸ਼ਕਲਾਂ ਹਨ । ਪੀ. ਐਫ. ਸੀ. ਦਾ ਲੋਨ ਹੈ ਜਾਂ ਕੋਈ ਹੋਰ ਲੋਨ ਹੈ ਉਸ ਵਿਚ ਬੜਾ ਲੰਮਾ ਪ੍ਰੋਸੀਜਰ ਹੈ । ਇਸ ਤੋਂ ਇਲਾਵਾ ਇਕ ਗੱਲ ਇਹ ਵੀ ਹੈ ਕਿ ਜੇ ਕਿਸੇ ਨੇ ਪੀ.ਐਫ. ਸੀ. ਤੋਂ ਲੋਨ ਲੈਣਾ ਹੈ ਤਾਂ ਫਿਰ ਤਾਂ ਇਨ੍ਹਾਂ ਪ੍ਰਾਜੈਕਟਾਂ ਨੂੰ ਸਬਸਿਡੀ ਦਿੱਤੀ ਜਾਵੇਗੀ ਪਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਜੇ ਕਿਸੇ ਨੇ ਬੈਂਕਾਂ ਤੋਂ ਲੋਨ ਲੈਣਾ ਹੈ ਤਾਂ ਉਸ ਨੂੰ ਸਬਸਿਡੀ ਨਹੀਂ ਦਿੱਤੀ ਜਾਵੇਗੀ । ਚਾਹੀਦਾ ਇਹ ਹੈ ਕਿ ਉਹ ਲੋਕ ਲੋਨ ਕਿਤਿਓਂ ਵੀ ਲੈਣ, ਉਨ੍ਹਾਂ ਨੂੰ ਸਬਸਿਡੀ ਜ਼ਰੂਰ ਮਿਲੇ । ਇਹ ਲੋਨ ਲੈਣ ਦਾ ਪ੍ਰੋਸੀਜਰ ਵੀ ਬੜਾ ਮੁਸ਼ਕਲ ਹੈ । ਇਸ ਦੇ ਲਈ ਬਹੁਤ ਸਾਰੇ ਕਾਗਜ਼ ਪੱਤਰ ਤਿਆਰ ਕਰਨੇ ਪੈਂਦੇ ਹਨ । ਇਹ ਤਰੀਕਾ ਆਸਾਨ ਕਰਨਾ ਚਾਹੀਦਾ ਹੈ । ਜਦੋਂ ਕੋਈ ਪ੍ਰਾਜੈਕਟ ਚਾਲੂ ਹੁੰਦਾ ਹੈ, ਉਦੋਂ ਹੀ ਉਸ ਨੂੰ ਸਬਸਿਡੀ ਦੇ ਦਿੱਤੀ ਜਾਣੀ ਚਾਹੀਦੀ ਹੈ । ਇਸ ਲੋਨ ਤੇ ਵਿਆਜ ਐਨਾ ਜ਼ਿਆਦਾ ਪੈ ਜਾਂਦਾ ਹੈ ਕਿ ਸਬਸਿਡੀ ਵਕਤ ਸਿਰ ਨਾ ਮਿਲਣ ਕਰਕੇ ਉਹ ਪ੍ਰਾਜੈਕਟ ਬੰਦ ਹੋਣ ਤੱਕ ਪਹੁੰਚ ਜਾਂਦਾ ਹੈ । ਇਸ ਪਾਸੇ ਵੱਲ ਫੌਰੀ ਤੌਰ ਤੇ ਧਿਆਨ ਦਿੱਤਾ ਜਾਵੇ ।

ਇਸੇ ਤਰ੍ਹਾਂ ਪਿੰਡਾਂ ਵਿਚ ਪ੍ਰਾਜੈਕਟ ਲਾਉਣ ਦੀ ਗੱਲ ਹੈ । ਪਿੰਡਾਂ ਵਿਚ ਪ੍ਰਾਜੈਕਟ ਲਾਉਣ ਵਾਸਤੇ ਖਾਸ ਰਿਆਇਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ । ਤੁਸੀਂ ਬਿਜਲੀ ਦੀ ਗੱਲ ਹੀ ਲੈ ਲਓ । ਪਿੰਡਾਂ ਵਿੱਚ ਜੇ ਕਿਸੇ ਨੇ ਕਿਸੇ ਪ੍ਰਾਜੈਕਟ ਵਾਸਤੇ ਬਿਜਲੀ ਲੈਣੀ ਹੋਵੇ ਤਾਂ ਬਿਜਲੀ ਵਾਲੇ ਕਹਿੰਦੇ ਹਨ ਕਿ ਲਾਈਨ ਵਿਛਾਉਣ ਦਾ ਖਰਚਾ ਤੁਹਾਡਾ ਆਪਣਾ ਹੋਵੇਗਾ । ਇਕ ਪਾਸੇ ਤਾਂ ਅਸੀਂ ਕਹਿੰਦੇ ਹਾਂ ਕਿ ਪਿੰਡਾਂ ਨੂੰ ਡਿਵੈਲਪ ਕਰਨਾ ਹੈ ਅਤੇ ਉਨ੍ਹਾਂ ਨੂੰ ਸ਼ਹਿਰਾਂ ਦੇ ਬਰਾਬਰ ਲਿਆਉਣਾ ਹੈ ਜੇ ਅਸੀਂ ਇਸ ਤਰ੍ਹਾਂ ਕਰਨਾ ਹੈ ਤਾਂ ਸਰਕਾਰ ਆਪਣੇ ਖਰਚੇ ਤੇ ਉਨ੍ਹਾਂ ਨੂੰ ਬਿਜਲੀ ਦੇਵੇ । ਮੈਂ ਕਹਿ ਰਿਹਾ ਹਾਂ ਕਿ ਉਦਯੋਗ ਲਾਉਣ ਵਾਸਤੇ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਕਈ ਕਈ ਚੱਕਰ ਦਫਤਰਾਂ/ਬੈਂਕਾਂ ਦੇ ਲਾਉਣੇ ਪੈਂਦੇ ਹਨ ।

ਬਿਜਲੀ ਵਾਸਤੇ ਐਕਸੀਅਨ ਕੋਲ ਪਟਿਆਲੇ ਜਾਣਾ ਪੈਂਦਾ ਹੈ । ਮੇਰੀ ਬੇਨਤੀ ਇਹ ਹੈ ਕਿ ਬਿਜਲੀ ਦੇਣ ਦੀਆਂ ਇਹ ਪਾਵਰਾਂ ਜੀ. ਐਮ. ਇੰਡਸਟਰੀਜ਼ ਨੂੰ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਉਥੇ ਹੀ ਕੋਸ਼ਿਸ਼ ਕਰਕੇ ਸਾਰਾ ਕੰਮ ਕੀਤਾ ਕਰਾਇਆ ਜਾ ਸਕੇ । ਇਸ ਲਈ ਸਰਕਾਰ ਨੂੰ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ । ਇਸ ਸਬੰਧ ਵਿਚ ਪਿੱਛੇ ਬੜਾ ਰਾਮ ਰੌਲਾ ਪੈਂਦਾ ਰਿਹਾ ਹੈ ਕਿ ਜ਼ਮੀਨ ਐਕਵਾਇਰ ਕੀਤੀ ਜਾ ਰਹੀ ਹੈ । ਲਾਲੜੂ ਜ਼ਮੀਨ ਐਕਵਾਇਰ ਕੀਤੀ ਗਈ ਹੈ, ਰਾਜਪੁਰੇ ਕੀਤੀ ਗਈ ਹੈ । ਸਾਡੇ ਧਰਮਕੋਟ ਹਲਕੇ ਵਿਚ ਵੀ ਬੜਾ ਰੌਲਾ ਪਿਆ ਹੈ । ਉਥੇ 4-4, 5-5 ਲੱਖ ਰੁਪਏ ਦਾ ਇਕ ਕਿੱਲਾ ਜ਼ਮੀਨ ਦਾ ਹੈ, ਇੰਡਸਟਰੀ ਪੰਜਾਬ ਵਿੱਚ ਆਉਣੀ ਚਾਹੀਦੀ ਹੈ, । ਇਹ ਲੱਗਣੀ ਚਾਹੀਦੀ ਹੈ ਲੇਕਿਨ ਇਹ ਜਗ੍ਹਾ ਵੇਖ ਕੇ ਹੀ ਲਗਾਉਣੀ ਚਾਹੀਦੀ ਹੈ । ਇਸ ਦੇ ਲਈ ਚੰਗੀ ਜ਼ਮੀਨ ਐਕਵਾਇਰ ਕਰਕੇ ਉਸ ਨੂੰ ਬਰਬਾਦ ਨਹੀਂ ਕਰਨਾ ਚਾਹੀਦਾ ਪਰ ਜੇ ਚੰਗੀ ਜ਼ਮੀਨ ਲੈਣੀ ਵੀ ਹੋਵੇ ਤਾਂ ਉਸ ਦਾ ਠੀਕ ਮੁੱਲ ਦੇਣਾ ਚਾਹੀਦਾ ਹੈ । ਜਿਹੜੇ ਲੋਕ ਉਥੋਂ ਉਜੜਨੇ ਹਨ, ਉਨ੍ਹਾਂ ਨੂੰ ਵਸਾਉਣ ਦੀ ਗੱਲ ਵੀ ਕਰਨੀ ਚਾਹੀਦੀ ਹੈ । ਉਨ੍ਹਾਂ ਨੂੰ ਹੋਰ ਥਾਵਾਂ ਤੇ ਜ਼ਮੀਨਾਂ ਦਿੱਤੀਆਂ ਜਾਣ । ਇਹ ਵੀ ਇਨਸ਼ੋਅਰ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਪ੍ਰਾਜੈਕਟਾਂ ਦੇ ਜੋ ਮੁਲਾਜ਼ਮ ਲੈਣੇ ਹਨ, ਉਨ੍ਹਾਂ ਵਿਚੋਂ 90% ਮੁਲਾਜ਼ਮ ਪੰਜਾਬ ਦੇ ਹੀ ਲਏ ਜਾਣ । ਇਹ ਨਾ ਹੋਵੇ ਕਿ ਪ੍ਰਾਜੈਕਟ ਲਾਉਣ ਵਾਲੇ ਬਾਹਰੋਂ ਭਈਏ ਲੈ ਆਉਣ । ਠੀਕ ਹੈ, ਟੈਕਨੀਕਲ ਬੰਦੇ ਬੇਸ਼ੱਕ ਬਾਹਰੋਂ ਆਕੇ ਕੰਮ ਕਰਨ ਪਰ ਜਿਹੜੇ ਮਜ਼ਦੂਰ ਹਨ, ਲੇਬਰ ਹੈ, ਉਹ ਇਥੋਂ ਦੀ ਹੀ ਹੋਣੀ

Original with;
Punjab Vidhan Sabha
Digitized by;
Panjab Digital Library

ਚਾਹੀਦੀ ਹੈ ਕਿਉਂ ਕਿ ਜੇ ਬਿਜਲੀ ਸਾਡੀ ਹੈ, ਜ਼ਮੀਨ ਸਾਡੀ ਹੈ ਤਾਂ ਮੁਲਾਜ਼ਮ ਵੀ ਜ਼ਿਆਦਾਤਰ ਸਾਡੇ ਹੀ ਹੋਣੇ ਚਾਹੀਦੇ ਹਨ । ਜਿਸ ਤਰ੍ਹਾਂ ਕੋਈ ਹਿਮਾਚਲ ਵਿਚ ਕੋਈ ਜ਼ਮੀਨ ਖਰੀਦ ਨਹੀਂ ਸਕਦਾ, ਕੋਈ ਕਾਰੋਬਾਰ ਨਹੀਂ ਕਰ ਸਕਦਾ, ਇਸੇ ਤਰ੍ਹਾਂ ਪੰਜਾਬ ਵਿਚ ਵੀ ਬਾਹਰੋਂ ਲੇਬਰ ਨਹੀਂ ਆਉਣੀ ਚਾਹੀਦੀ । ਜਿਹੜੇ ਲੋਕਾਂ ਦੀ ਜ਼ਮੀਨ ਐਕਵਾਇਰ ਹੋ ਜਾਣੀ ਹੈ, ਉਨ੍ਹਾਂ ਨੂੰ ਹੋਰ ਥਾਵਾਂ ਤੇ ਵਸਾਉਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ । ਜ਼ਮੀਨ ਅਕਵਾਇਰ ਹੋ ਗਈ, ਪ੍ਰਾਜੈਕਟ ਲੱਗ ਗਿਆ ਪਰ ਜ਼ਮੀਨ ਦਾ ਮਾਲਕ ਕਿਧਰ ਜਾਵੇਗਾ ? ਅਖੀਰ ਵਿਚ ਮੈਂ ਇਹੀ ਕਹਾਂਗਾ ਕਿ ਇਨ੍ਹਾਂ ਡਿਮਾਂਡਜ਼ ਵਿਚ ਕੋਈ ਚੰਗੀ ਗੱਲ ਨਹੀਂ ਅਤੇ ਮੈਂ ਇਨ੍ਹਾਂ ਨਾਲ ਬਿਲਕੁਲ ਸਹਿਮਤ ਨਹੀਂ । ਇੰਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸ਼੍ਰੀ ਸਪੀਕਰ : ਹਾਂ ਜੀ, ਕੋਆਪਰੇਸ਼ਨ ਮਨਿਸਟਰ ਸਾਹਿਬ ।

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਮੈਨੂੰ ਕਲ ਵੀ ਟਾਈਮ ਨਹੀਂ ਦਿੱਤਾ ਗਿਆ ਅਤੇ ਅੱਜ ਵੀ ਨਹੀਂ ਦਿੱਤਾ ਗਿਆ . . .

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਮੈਨੂੰ ਵੀ ਟਾਈਮ ਨਹੀਂ ਮਿਲਿਆ ਹਾਲਾਂ ਕਿ ਮੈਨੂੰ 2 ਦਿਨ ਹੋ ਗਏ ਹਨ, ਤਿਆਰੀ ਕਰਦਿਆਂ ਨੂੰ ।

ਸ਼੍ਰੀ ਸਪੀਕਰ : ਤੁਹਾਨੂੰ ਬਾਅਦ ਦਪਹਿਰ ਟਾਈਮ ਦਿੱਤਾ ਜਾਵੇਗਾ । ਹੁਣ ਇਹ ਪਾਸੀਬਲ ਨਹੀਂ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਆਪਾਂ ਨੂੰ ਪਤਾ ਹੀ ਹੈ ਕਿ ਇਨ੍ਹਾਂ ਨੇ ਕੀ ਕਹਿਣਾ ਹੈ, ਕਹਿ ਲੈਣ ਦਿਓ ।

ਸ਼੍ਰੀ ਸਪੀਕਰ : ਇਹ ਤਾਂ ਫਿਰ ਚਾਚੇ ਭਤੀਜੇ ਵਾਲੀ ਗੱਲ ਆ ਗਈ । ਅੰਦਰੋਂ ਇੱਕ ਦੂਜੇ ਨਾਲ ਬੜੇ ਮਿਲੇ ਹੋਏ ਹੋ । (ਹਾਸਾ) ਹਾਂ ਜੀ, ਸਾਥੀ ਜੀ ਬੋਲੋ ।

ਸ਼੍ਰੀ ਵਿਜੇ ਕੁਮਾਰ ਸਾਥੀ (ਬਾਘਾ ਪੁਰਾਣਾ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਔਰ ਨਾਲ ਦੀ ਨਾਲ ਹੀ ਮੁੱਖ ਮੰਤਰੀ ਜੀ ਦਾ ਵੀ ਕਿ ਇਨ੍ਹਾਂ ਨੇ ਮੈਨੂੰ ਤੁਹਾਡੇ ਕੋਲੋਂ ਬੋਲਣ ਵਾਸਤੇ ਟਾਈਮ ਦਿਵਾਇਆ ਹੈ ।

ਸ਼੍ਰੀ ਸਪੀਕਰ : ਸਾਥੀ ਜੀ ਤੁਸੀਂ ਪੰਜ ਮਿੰਟ ਬੋਲ ਲਓ ।

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਜੀ ਨੇ ਆਪਣੇ ਭਾਸ਼ਣ ਵਿੱਚ ਮੈਨੂੰ ਕਿਹਾ ਸੀ ਕਿ ਵਿਜੇ, ਤੂੰ ਪੜ੍ਹ ਕੇ ਆਇਆ ਕਰ । ਸੋ, ਅੱਜ ਮੈਂ ਪੜ੍ਹ ਕੇ ਆਇਆ ਹਾਂ ਅਤੇ ਪੜ੍ਹ ਕੇ ਹੀ ਗੱਲ ਕਰਾਂਗਾ । ਦੂਜੀ ਗੱਲ ਇਹ ਹੈ ਕਿ ਇਨ੍ਹਾਂ ਨੇ ਕਿਹਾ ਸੀ ਕਿ ਤੂੰ ਸਾਡੇ ਵੱਲ ਆ ਜਾ । ਮੈਂ ਸਪੀਕਰ ਸਾਹਿਬ, ਪੁੱਛਣਾ ਚਾਹੁੰਦਾ ਹਾਂ ਕਿ ਡੁੱਬਦੇ ਜਹਾਜ਼ ਵਿੱਚ ਕਿਹੜਾ ਬੈਠ ਜੂ ।

ਸ਼੍ਰੀ ਸਪੀਕਰ : ਸਾਥੀ ਜੀ, ਦੋ ਮਿੰਟ ਤਾਂ ਤੁਸੀਂ ਆਪਣੇ ਆਪ ਹੀ ਜਾਇਆ ਕਰ ਲਏ ਹਨ । ਹੁਣ ਤਹਾਡੇ ਤਿੰਨ ਮਿੰਟ ਬਾਕੀ ਰਹਿ ਗਏ ਹਨ ।

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਪਲਾਨ ਐਕਸਪੈਂਡੀਚਰ ਤੇ 6ਵੇਂ ਨੰਬਰ ਤੇ ਉਦਯੋਗ ਦੀ ਗੱਲ ਕੀਤੀ ਗਈ ਹੈ। ਇਹਦੇ ਵਿੱਚ ਜਿਹੜਾ ਇਨ੍ਹਾਂ ਨੇ ਕਿਹਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਵਿਜੇ ਕੁਮਾਰੇ ਸਾਥੀ]

ਕਿ 3.92 ਕਰੋੜ ਰੁਪਿਆ ਰੱਖਿਆ ਹੈ ਇਸ ਵਾਰ ਬਜਟ ਦੇ ਵਿੱਚ, ਪਿਛਲੇ ਸਾਲ ਇਹ 4.10 ਕਰੋੜ ਰੁਪਿਆ ਸੀ, ਉਸ ਤੋਂ ਪਹਿਲਾਂ ਇਹ 5.3 ਕਰੋੜ ਰੁਪਿਆ ਸੀ ਅੱਤੇ ਉਸ ਤੋਂ ਪਿਛਲੇ ਸਾਲ ਇਹ 6.31 ਕਰੋੜ ਰੁਪਿਆ ਸੀ । ਇਹ ਗੱਲ ਕੀ ਦਰਸਾਉਂਦੀ ਹੈ ? ਇਹ ਗੱਲ ਦਰਸਾਉਂਦੀ ਹੈ ਕਿ ਪੰਜਾਬ ਸਰਕਾਰ ਜਾਂ ਸਾਡੇ ਦੇਸ਼ ਦੀ ਹਿੰਦ ਸਰਕਾਰ ਜਿਹੜੀ ਹੈ, ਇਹ ਸਾਡੀ ਸਮਾਲ ਸਕੇਲ ਇੰਡਸਟਰੀ ਨੂੰ ਖਤਮ ਕਰਨ ਤੇ ਤੁਲੀ ਹੈ । ਮਹਾਤਮਾ ਗਾਂਧੀ ਦਾ ਨਾਂ ਲੈਣ ਵਾਲੀ ਪੰਜਾਬ ਸਰਕਾਰ ਜਾਂ ਹਿੰਦ ਸਰਕਾਰ ਜਦੋਂ ਇੰਡਸਟਰੀ ਦੀ ਗੱਲ ਕਹਦੀ ਹੈ ਤਾਂ ਉਹ ਵਰਲਡ ਬੈਂਕ ਜਾਂ ਆਈ. ਐਮ. ਐਫ. ਦੇ ਹੁਕਮਾਂ ਮੁਤਾਬਿਕ ਗੱਲ ਕਰਦੀ ਹੈ । ਜਿਹੜੀ ਇੰਡਸਟਰੀ ਅੱਜ ਹਿੰਦੋਸਤਾਨ ਦੇ ਵਿੱਚ ਆ ਰਹੀ ਹੈ, ਉਹ ਪੋਲਿਊਸ਼ਨ ਪੈਦਾ ਕਰਨ ਵਾਲੀ ਆ ਰਹੀ ਹੈ ਅੱਤੇ ਉਹ ਸਾਡੇ ਕਾਮਿਆਂ ਦੇ ਹੱਥਾਂ ਵਿੱਚੋਂ ਕੰਮ ਖੋਹਣ ਵਾਲੀ ਇੰਡਸਟਰੀ ਹੈ । ਇਸ ਵੇਲੇ ਇਹ ਇੰਡਸਟਰੀ ਚਾਰ ਤਰ੍ਹਾਂ ਦੀ ਗਿਣੀ ਜਾ ਰਹੀ ਹੈ— (1) ਸਮਾਲ ਸਕੇਲ ਇੰਡਸਟਰੀ, (2) ਮੀਡੀਅਮ ਇੰਡਸਟਰੀ (3) ਲਾਰਜ ਸਕੇਲ ਇੰਡਸਟਰੀ ਅਤੇ ਚੌਥੇ ਨੰਬਰ ਤੇ ਆਉਂਦੀ ਹੈ ਮਲਟੀਨੈਸ਼ਨਲ । ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮਿਸਿਜ਼ ਗਾਂਧੀ ਤੱਕ ਤਾਂ ਜਦੋਂ ਉਹ ਪ੍ਰਧਾਨ ਮੰਤਰੀ ਸਨ, ਉਨ੍ਹਾਂ ਦਾ ਕੰਟਰੋਲ ਸੀ । ਲੇਕਿਨ ਅੱਜ ਜਿਹੜਾ ਮਲਟੀਨੈਸ਼ਨਲ ਆ ਰਿਹਾ ਹੈ, ਉਨ੍ਹਾਂ ਦੀ ਕੁਆਲਿਟੀ ਅੱਤੇ ਕੁਆਂਟਿਟੀ ਬਿਲਕੁਲ ਖਤਮ ਹੈ , ਮਿਸਿਜ਼ ਗਾਂਧੀ ਤੱਕ ਤਾਂ ਇਹ ਚੀਜ਼ ਕੰਟਰੋਲ ਵਿੱਚ ਸੀ ਲੇਕਿਨ ਹੁਣ ਹਿੰਦਸਤਾਨ ਦੇ ਵਿੱਚ ਇਸ ਤੇ ਕੋਈ ਕੰਟਰੋਲ ਨਹੀਂ ਰਿਹਾ । ਅੱਜ ਪੰਜਾਬ ਦੇ ਵਿੱਚ ਪੈਪਸੀ ਲੱਗੀ ਹੈ । ਪੈਪਸੀ ਇਸ ਵੇਲੇ ਮਿੱਠਾ ਪਾਣੀ ਪਿਆ ਪਿਆ ਕੇ ਦੇਸ਼ ਦਾ ਪੈਸਾ ਬਾਹਰ ਲਿਜਾ ਰਿਹਾ ਹੈ । ਅੱਜ ਸਾਡੇ ਦੇਸ਼ ਦੇ ਵਿੱਚ ਪੀਣ ਵਾਲਾ ਪਾਣੀ ਮੁਹੱਈਆ ਨਹੀਂ ਹੋ ਰਿਹਾ ਪਰ ਦੂਜੇ ਪਾਸੇ ਇਹੋ ਜਿਹੀਆਂ ਫੈਕਟਰੀਆਂ ਲਗਾਈਆਂ ਜਾ ਰਹੀਆਂ ਹਨ । ਸੈਂਟਰ ਨੇ ਸਾਨੂੰ ਸਪੀਕਰ ਸਾਹਿਬ, ਇਕ ਰੇਲ ਕੋਚ ਫੈਕਟਰੀ ਦਿੱਤੀ ਹੈ, ਕਪੂਰਥਲੇ ਵਾਲੀ । ਮੈਨੂੰ ਇਕ ਗੱਲ ਸਮਝ ਨਹੀਂ ਆਈ ਕਿ ਪੰਜਾਬ ਵਿੱਚ ਰੇਲ ਕੋਚ ਫੈਕਟਰੀ ਲਗਾ ਦਿੱਤੀ ਗਈ ਅੱਤੇ ਇਸ ਵਾਸਤੇ ਜਿਹੜਾ ਕੱਚਾ ਮਾਲ ਹੈ, ਉਹ ਕਿੱਥੋਂ ਆਉਂਦਾ ਹੈ । ਸਾਡੇ ਦੇਸ਼ ਦੇ ਵਿੱਚ, ਇਸ ਸੂਬੇ ਵਿਚ ਸਾਨੂੰ ਉਹ ਫੈਕਟਰੀ/ਇੰਡਸਟਰੀ ਦਿੱਤੀ ਜਾਣੀ ਚਾਹੀਦੀ ਸੀ, ਜਿਸ ਵਿਚ ਪੰਜਾਬ ਦਾ ਕੱਚਾ ਮਾਲ ਯੂਟੇਲਾਈਜ਼ ਹੋ ਸਕੇ । ਸਪੀਕਰ ਸਾਹਿਬ, ਅੱਜ ਕਪਾਹ ਦੀ ਗੱਲ ਕਰੀਏ, ਨਰਮੇ ਦੀ ਗੱਲ ਕਰੀਏ । ਸਾਡੀ ਕਪਾਹ ਅੱਤੇ ਨਰਮਾ ਤਾਂ ਗੰਢਾਂ ਬੰਨ੍ਹ ਬੰਨ੍ਹ ਕੇ ਮਹਾਂਰਾਸ਼ਟਰ ਦੇ ਵਿੱਚ ਲਿਜਾ ਰਹੇ ਹਨ । ਮੈਂ ਤੁਹਾਡੇ ਰਾਹੀਂ ਮੁਖ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਏਥੇ ਪੰਜਾਬ ਦੇ ਅੰਦਰ ਅੱਗਰੋ ਬੇਸਡ ਇੰਡਸਟਰੀ ਲੱਗਣੀ ਚਾਹੀਦੀ ਹੈ । ਸਾਨੂੰ ਅੱਗਰੋ ਬੇਸਡ ਇੰਡਸਟਰੀ ਦੀ ਲੋੜ ਹੈ । ਇਸ ਦੇ ਉਲਟ ਵਰਲਡ ਬੈਂਕ ਅੱਤੇ ਆਈ. ਐਮ. ਐਫ. ਦੇ ਹੁਕਮਾਂ ਮੁਤਾਬਿਕ ਜੋ ਉਹ ਕਹਿੰਦੇ ਹਨ, ਉਸ ਇੰਡਸਟਰੀ ਨੂੰ ਏਥੇ ਤਰਜੀਹ ਦਿੱਤੀ ਜਾ ਰਹੀ ਹੈ । ਅੱਜ ਲੁਧਿਆਣੇ ਦੀ ਕੀ ਹਾਲਤ ਹੈ ! ਮਾਨਯੋਗ ਮੁੱਖ ਮੰਤਰੀ ਸਾਹਿਬ ਬੈਠੇ ਹਨ, (ਵਿਘਨ)।

Mr. Speaker : It is my duty to see. please don't interrupt. Let him carry on.

ਸ਼੍ਰੀ ਵਿਜੇ ਕੁਮਾਰ ਸਾਥੀ : ਸਰਕਾਰ ਵੱਡੇ ਮਿੱਲ ਮਾਲਕਾਂ ਨੂੰ ਜ਼ਮੀਨ ਅਕੁਆਇਰ

Original with;
Punjab Vidhan Sabha
Digitized by;
Punjab Digital Library

ਕਰਕੇ ਵਧੀਆ ਉਪਜਾਊ ਜ਼ਮੀਨ ਘੱਟ ਭਾਅ ਤੇ ਲੈ ਕੇ ਦੇ ਰਹੀ ਹੈ। ਇਹ ਪੰਜਾਬ ਸਰਕਾਰ ਦੀ ਕਿਹੜੀ ਨੀਤੀ ਹੈ! ਮੈਂ ਪੁੱਛਣਾ ਚਾਹੁੰਦਾ ਹਾਂ ਸਾਰੇ ਦੇਸ਼ ਦੇ ਵਿੱਚ ਇਨ੍ਹਾਂ ਕਿਸਾਨਾਂ ਦੀ ਕਿੰਨੀ ਆਬਾਦੀ ਹੈ! ਸਾਡੇ ਮੁੱਖ ਮੰਤਰੀ ਸਾਹਿਬ ਕਿਸਾਨੀ ਦਾ ਕੰਮ ਕਰਦੇ ਰਹੇ ਹਨ, ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਆਓ, ਆਪਾਂ ਗੱਲ ਕਰੀਏ ਕਿਸਾਨੀ ਦੀ। ਕਿਸਾਨੀ ਨੂੰ ਵੀ ਇੰਡਸਟਰੀ ਡਿਕਲੇਅਰ ਕਰੀਏ ਤਾਂ ਕਿ ਕਿਸਾਨ ਵੀ ਹੋਰ ਤਰੱਕੀ ਕਰ ਸਕਣ ਅੱਰ ਉਨ੍ਹਾਂ ਦੀ ਕੋਈ ਹੋਰ ਗੱਲਬਾਤ ਬਣ ਸਕੇ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਕ ਗੱਲ ਕਹਿਣਾ ਚਾਹਾਂਗਾ ਕਿ ਇਸ ਵੇਲੇ ਐਕਸਪੋਰਟ ਦੀ ਜਿਹੜੀ ਪਾਲਿਸੀ ਹੈ ਅਤੇ ਜੋ ਇਹ ਸਮਾਲ ਸਕੇਲ ਇੰਡਸਟਰੀ ਦੀ ਗੱਲ ਕਰਦੇ ਹਨ, ਇਨ੍ਹਾਂ ਦਾ ਜਿਹੜਾ ਮਾਲ ਤਿਆਰ ਹੁੰਦਾ ਹੈ, ਉਹ ਕੌਣ ਲੈ ਜਾਂਦੇ ਹਨ! ਉਹ ਵਿਚੋਲੇ ਹੀ ਲੈ ਜਾਂਦੇ ਹਨ ਅਤੇ ਜਿਹੜਾ ਜ਼ਿਆਦਾ ਮੁਨਾਫਾ ਹੈ, ਉਹ ਤਾਂ ਵਿਚੋਲੀਏ ਹੀ ਖਾ ਰਹੇ ਹਨ। ਸਪੀਕਰ ਸਾਹਿਬ, ਪੰਜਾਬ ਵਿੱਚ ਓਸਵਾਲ ਗਰੁੱਪ ਨੂੰ 2500 ਏਕੜ ਜ਼ਮੀਨ ਦੇ ਦਿੱਤੀ ਗਈ ਹੈ, ਸ਼੍ਰੀ ਰਾਮ ਗਰੁੱਪ ਨੂੰ 1500 ਏਕੜ ਜ਼ਮੀਨ ਦੇ ਦਿੱਤੀ ਗਈ ਅਤੇ ਏਵਨ ਗਰੁੱਪ ਨੂੰ 100 ਏਕੜ ਦਿੱਤੀ ਗਈ ਹੈ, ਇਸੇ ਤਰ੍ਹਾਂ ਹੋਰ ਵੀ ਜਮੀਨਾਂ ਦਿੱਤੀਆਂ ਗਈਆਂ ਹਨ। ਇਹ ਜ਼ਮੀਨਾਂ ਕੌਡੀਆਂ ਦੇ ਭਾਅ ਉਤੇ ਉਨ੍ਹਾਂ ਨੂੰ ਦਿੱਤੀਆਂ ਜਾ ਰਹੀਆਂ ਹਨ। ਇਹ ਇੰਡਸਟਰੀ ਦੇ ਨਾਂ ਤੇ ਇਹ ਗੱਲਾਂ ਹੋ ਰਹੀਆਂ ਹਨ। ਸਪੀਕਰ ਸਾਹਿਬ, ਜਿਥੋਂ ਤੱਕ ਤੁਅੱਲਕ ਹੈ ਹਿੰਦੁਸਤਾਨ ਦੀ ਇੰਡਸਟਰੀ ਦੀ, ਮੈਂ ਇਸ ਦੀ ਇਕ ਉਦਾਹਰਣ ਦੇਣਾ ਚਾਹੁੰਦਾ ਹਾਂ ਕਿ ਜਿਵੇਂ ਅੱਜ ਦੇਸ਼ ਵਿੱਚ ਮਲਟੀਨੈਸ਼ਨਲ ਕੰਪਨੀਆਂ ਦਾ ਪਸਾਰ ਹੋ ਰਿਹਾ ਹੈ ਅਤੇ ਇਸ ਵਿਚ ਜੋ ਕੁਝ ਹੋ ਰਿਹਾ ਹੈ, ਇਸੇ ਤਰ੍ਹਾਂ ਸਾਡੇ ਗੁਆਂਢ ਦੇਸ਼ ਹੈ ਚੀਨ ਅਤੇ ਉਸ ਦੀਆਂ ਸ਼ਰਤਾਂ ਹਨ ਕਿ ਜਿਹੜੀ ਇੰਡਸਟਰੀ ਲੱਗਣੀ ਹੈ, ਉਹ ਉਨ੍ਹਾਂ ਦੀ ਮਰਜ਼ੀ ਨਾਲ ਹੀ ਆਵੇਗੀ ਪਰ ਅਸੀਂ ਇਸ ਸਬੰਧ ਵਿਚ ਬਿਲਕੁਲ ਛੋਟ ਦਿੱਤੀ ਹੋਈ ਹੈ। ਉਨ੍ਹਾਂ ਨੇ ਕਿਹਾ ਹੈ ਕਿ 60 : 40 ਦਾ ਅਨੁਪਾਤ ਹੋਵੇਗਾ ਅਤੇ ਜਿਹੜੀ ਇੰਪੋਰਟ-ਐਕਸਪੋਰਟ ਹੋਵੇਗੀ ਉਹ ਵੀ 50% ਹੋਵੇਗੀ। ਇਸੇ ਤਰ੍ਹਾਂ ਹੀ ਜੇਕਰ ਅਸੀਂ ਵੀ ਕਰਾਂਗੇ, ਤਾਂ ਹੀ ਬਚ ਸਕਾਂਗੇ। ਕਿਤੇ ਇਹ ਨਾ ਹੋਵੇ, ਬਾਹਰਲੇ ਦੇਸ਼ਾਂ ਤੇ ਕੰਪਨੀਆਂ ਸਾਡੇ ਕੱਚੇ ਮਾਲ ਨੂੰ ਛਕ ਕੇ ਕਰੋੜਾਂ ਅਰਬਾਂ ਰੁਪਿਆ ਇਕੱਠਾ ਕਰਕੇ ਲੈ ਜਾਣ ਅਤੇ ਸਾਡਾ ਦੇਸ਼ ਮਲੀਆਮੇਟ ਹੋ ਜਾਵੇ।

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ।

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਇੰਡਸਟਰੀ ਜ਼ਰੂਰ ਲਜਾਓ ਪਰ ਉਥੇ, ਜਿਥੇ ਕੱਲਰੀ ਜ਼ਮੀਨ ਹੈ। ਮਾੜੀ ਜ਼ਮੀਨ ਹੈ। ਜੇਕਰ ਉਪਜਾਊ ਜ਼ਮੀਨ ਨੂੰ ਮਾਰ ਦੇਵਾਂਗੇ ਤਾਂ ਆਉਣ ਵਾਲੇ ਸਮੇਂ ਵਿੱਚ ਜਿਹੜੀ ਕਿਸਾਨੀ ਹੈ, ਉਹ ਖਤਮ ਹੋ ਜਾਵੇਗੀ। ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਜ਼ਿਕਰ ਕੀਤਾ ਸੀ ਕਿ ਇਕ ਬੀ. ਐਮ. ਸੀ. ਕੰਪਨੀ ਹੈ, ਜਿਸ ਦਾ 80% ਹਿੱਸਾ ਹੈ ਇਨ੍ਹਾਂ ਕੰਪਨੀਆਂ ਦੀ ਐਸਟੈਬਲਿਸ਼ਮੈਂਟ ਵਿੱਚ। ਹੁਣ ਭਾਵੇਂ ਉਹ ਬੀ. ਐਮ. ਸੀ. ਟੁੱਟ ਗਈ ਪਰ ਜ਼ਰਾ ਘੋਖ ਕਰਵਾ ਕੇ ਦੇਖੋ ਕਿ ਕਿੰਨੇ ਬੇਨਾਮੀ ਸ਼ੇਅਰ ਉਨ੍ਹਾਂ ਪਾਸ ਹਨ। ਮੈਂ ਮੁੱਖੀ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਇਹੋ ਜਿਹੀਆਂ ਗੱਲਾਂ ਵੱਲ ਧਿਆਨ ਦੇਣ। ਕੋਆਪਰੇਟਿਵ ਮਹਿਕਮੇ ਦੀ ਗੱਲ ਮੈਂ ਕਰਦਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਵਿਜੇ ਕੁਮਾਰ ਸਾਥੀ]

ਹਾਂ । ਮਾਨਯੋਗ ਮੰਤਰੀ ਜਾਖੜ ਸਾਹਿਬ ਬੈਠੇ ਹਨ, ਬੜੇ ਇਮਾਨਦਾਰ ਹਨ ਪਰ ਮਹਿਕਮਾ ਇਨ੍ਹਾਂ ਦੇ ਗਲ ਮਾੜਾ ਪੈ ਗਿਆ ਹੈ (ਹਾਸਾ) । ਕੋਆਪਰੇਟਿਵ ਮਹਿਕਮੇ ਬਾਰੇ ਜ਼ੀਰਾ ਸਾਹਿਬ ਨੇ ਕਈ ਉਦਾਹਰਣਾਂ ਦਿੱਤੀਆਂ ਹਨ ਅਤੇ ਸੁਜੇਸ਼ਨਜ਼ ਵੀ ਦਿੱਤੇ ਹਨ । ਬੱਸ ਉਨ੍ਹਾਂ ਨੂੰ ਦਿਮਾਗ ਵਿੱਚ ਰੱਖ ਲਓ ਕਿ ਇਨ੍ਹਾਂ ਮਿੱਲਾਂ ਨੂੰ ਨਾ ਵੇਚਿਓ । ਕਿਸਾਨਾਂ ਨੇ ਬਹੁਤ ਗੰਨਾ ਬੀਜਿਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਤੁਹਾਨੂੰ ਇਹ ਲੋੜ ਨਹੀਂ ਪੈਣੀ, ਇਸ ਕਰਕੇ ਮਿੱਲਾਂ ਨਾ ਵੇਚੋ ।

Mr. Speaker. Wind up please.

ਸ਼੍ਰੀ ਵਿਜੇ ਕੁਮਾਰ ਸਾਥੀ : ਅੱਜ ਬੜਾ ਧੱਕਾ ਹੋ ਰਿਹਾ ਹੈ ਜਦੋਂ ਕੋਈ ਬੈਂਕ ਮੈਨੇਜਰ ਕਿਸਾਨਾਂ ਤੋਂ ਉਗਰਾਹੀ ਕਰਨ ਜਾਂਦਾ ਹੈ ਤਾਂ ਬਿਨਾਂ ਕੋਈ ਨੋਟਿਸ ਦੇ ਅਤੇ ਬਿਨਾਂ ਕਿਸੇ ਇਨਕੁਆਇਰੀ ਦੇ ਕਿਸਾਨ ਨੂੰ ਚੁਕਾ ਕੇ ਪੁਲਿਸ ਦੀ ਵੈਨ ਵਿੱਚ ਬਿਠਾ ਕੇ ਠਾਣੇ ਲੈ ਜਾਇਆ ਜਾਂਦਾ ਹੈ । ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਉਹ ਮੈਨੇਜਰ ਬਾਂ-ਬਾਂ ਕਰਦਾ ਫਿਰਦਾ ਹੈ । ਕੱਲ੍ਹ ਨੂੰ ਆਉਣ ਵਾਲੇ ਸਮੇਂ ਵਿੱਚ ਤੁਹਾਨੂੰ ਵੀ ਮੁਸ਼ਕਲਾਂ ਆਉਣੀਆਂ ਹਨ । ਇਹ ਗੱਲਾਂ ਤੁਹਾਨੂੰ ਦੇਖਣੀਆਂ ਪੈਣਗੀਆਂ ।

Mr. Speaker : You have taken your time Sathi ji. Next speaker is Comrade Tarsem Jodhan. Sathi ji please sit down. I have told you many times to resume you seat. Let Mr. Jodhan conclude what you have spoken. (Laughter)

ਸ਼੍ਰੀ ਵਿਜੇ ਕੁਮਾਰ ਸਾਥੀ : ਇਨ੍ਹਾਂ ਗੱਲਾਂ ਦਾ ਸਾਰਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ । ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ । ਸੀ. ਐਮ. ਸਾਹਿਬ ਇਹ ਵੀ ਦੱਸ ਦੇਣਗੇ ਕਿ ਮੈਂ ਪੜ੍ਹ ਕੇ ਆਇਆ ਹਾਂ ਜਾਂ ਨਹੀਂ । ਧੰਨਵਾਦ ।

ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ) : ਸਪੀਕਰ ਸਾਹਿਬ, ਵਿਚਾਰ ਤਾਂ ਸਾਡੇ ਇਕੋ ਹਨ । ਮੈਂ ਇੰਡਸਟਰੀ ਤੇ ਕੋਆਪਰੇਟਿਵ ਤੇ ਬੋਲਣ ਲੱਗਿਆ ਹਾਂ । ਇਹ ਇਨ੍ਹਾਂ ਸ਼ੇਰਾਂ ਅੱਗੇ ਬੱਕਰੀਆਂ ਸੁੱਟ ਦਿੱਤੀਆਂ ਹਨ ਅਤੇ ਇਨ੍ਹਾਂ ਦਾ ਮਾਸ ਬਚਣਾ ਨਹੀਂ । ਕੋਆਪਰੇਟਿਵ ਅਤੇ ਇੰਡਸਟਰੀ ਦੋਨੋਂ ਹੀ ਨਾਲ ਨਾਲ ਹਨ । ਅੱਜ ਜਿਸ ਤਰ੍ਹਾਂ ਦੀ ਉਦਾਰ ਨੀਤੀ ਸਾਡੇ ਦੇਸ਼ ਦੀ ਸਰਕਾਰ ਨੇ ਅਪਣਾਈ ਹੈ, ਇਸ ਦੇ ਨਾਲ ਜਿਹੜੀ ਸਮਾਲ ਸਕੇਲ ਇੰਡਸਟਰੀ ਹੈ, ਉਹ ਬਿਲਕੁਲ ਤਬਾਹ ਹੋ ਜਾਵੇਗੀ ਅਤੇ ਕੋਆਪਰੇਟਿਵ ਇੰਡਸਟਰੀ ਵੀ ਖਤਮ ਹੋ ਜਾਵੇਗੀ । ਅੱਜ ਇਨ੍ਹਾਂ ਅੰਦਰ ਬੜਾ ਭ੍ਰਿਸ਼ਟਾਚਾਰ ਅਤੇ ਕੁਰੱਪਸ਼ਨ ਦਾ ਬੋਲਬਾਲਾ ਹੋਇਆ ਹੋਇਆ ਹੈ । ਮਿੱਲਾਂ ਨੂੰ ਵੇਚ ਕੇ ਮੁਲਾਜ਼ਮਾਂ ਨੂੰ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਹੋਰ ਮਿੱਲਾਂ ਨੂੰ ਵੇਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਪੰਡਤ ਨਹਿਰੂ ਅਤੇ ਮਹਾਤਮਾ ਗਾਂਧੀ ਨੇ ਇਸ ਲਹਿਰ ਵੱਲ ਬੜਾ ਵੱਡਾ ਯੋਗਦਾਨ ਪਾਇਆ ਸੀ, ਅੱਜ ਉਨ੍ਹਾਂ ਨੂੰ ਸਿਰ ਪਰਨੇ ਖੜ੍ਹਾ ਕੀਤਾ ਜਾ ਰਿਹਾ ਹੈ । ਇਹ ਖਦਸ਼ਾ ਹੀ ਨਹੀਂ ਸਗੋਂ ਚਿੱਟੇ ਦਿਨ ਵਾਂਗ ਸਚਾਈ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਹ ਸਾਰਾ ਕੁਝ ਵੇਚ ਕੇ ਫਾਇਦਾ ਵੱਡੇ-ਵੱਡੇ ਮਹਾਂਰਥੀਆਂ ਨੇ, ਅਫਸਰਸ਼ਾਹੀ ਨੇ ਅਤੇ ਸਿਆਸਤਦਾਨਾਂ ਨੇ ਛਕ ਜਾਣਾ ਹੈ । ਇਸ ਕਰਕੇ ਮੈਂ ਇਸ ਪਵਿੱਤਰ ਸਦਨ ਵਿੱਚ ਕਹਿਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Punjab Digital Library

ਇਸ ਕੋਆਪ੍ਰੇਟਿਵ ਲਹਿਰ ਨੂੰ ਬਚਾਇਆ ਜਾਵੇ । ਜਿੱਥੋਂ ਤੱਕ ਇੰਡਸਟਰੀ ਦਾ ਸਵਾਲ ਹੈ, ਮੇਰੇ ਸੀ. ਪੀ. ਆਈ. ਦੇ ਵੀਰ ਠੀਕ ਗੱਲ ਕਰਦੇ ਹਨ ਅੱਜ ਮਜ਼ਦੂਰਾਂ ਦੀ ਗੱਲ ਕਰਦੇ ਹਨ । ਸਮਾਲ ਸਕੇਲ ਇੰਡਸਟਰੀ ਬਾਰੇ ਮੈਂ ਸਾਹਨੀ ਸਾਹਿਬ ਨਾਲ ਸਹਿਮਤ ਹਾਂ ਕਿ ਇਹ ਪੰਜਾਬ ਵਿਚੋਂ ਖਤਮ ਹੋ ਰਹੀ ਹੈ । ਜਿੱਥੋਂ ਤੱਕ ਜ਼ਮੀਨ ਦਾ ਸਬੰਧ ਹੈ, 15-20 ਲੱਖ ਰੁਪਏ ਦੀ ਜ਼ਮੀਨ ਜੋ ਹੈ, ਉਹ ਨੱਬੇ ਹਜ਼ਾਰ ਜਾਂ ਲੱਖ ਰੁਪਏ ਵਿਚ ਐਕੁਆਇਰ ਕੀਤੀ ਜਾ ਰਹੀ ਹੈ । ਸਮਾਲ ਸਕੇਲ ਇੰਡਸਟਰੀ ਵਾਲੇ ਚੀਕਾਂ ਮਾਰਦੇ ਹਨ ਕਿ ਸਾਡੀ ਸਮਾਲ ਸਕੇਲ ਇੰਡਸਟਰੀ ਖਤਮ ਹੋ ਰਹੀ ਹੈ.....।

ਸ੍ਰੀ ਸਪੀਕਰ : ਤੁਸੀਂ ਇੱਕ ਵਜੇ ਤੱਕ ਬੋਲਣਾ ਹੈ ।

ਕਾਮਰੇਡ ਤਹਸੇਮ ਜੋਧਾਂ : ਜੇਕਰ ਅਸੀਂ ਸਰਕਾਰ ਦੀ ਇਸ ਉਦਾਰ ਨੀਤੀ ਨੂੰ ਨਾ ਸਮਝੀਏ ਤਾਂ ਅਸੀਂ ਜੋ ਇੱਥੇ ਅਸੈਂਬਲੀ ਦੇ ਸਦਨ ਵਿਚ ਜਾਂ ਪਾਰਲੀਮੈਂਟ ਵਿਚ ਬੈਠੇ ਹਾਂ, ਇਸ ਦਾ ਢਾਂਚਾ ਬਦਲ ਜਾਵੇਗਾ ਅੱਤੇ ਹੋ ਸਕਦਾ ਹੈ ਕਿ ਅਸੀਂ ਇਸ ਹਾਊਸ ਵਿਚ ਚੁਣ ਕੇ ਨਾ ਆ ਸਕੀਏ । ਇੱਕ ਈਸਟ ਇੰਡੀਆ ਕੰਪਨੀ ਇੱਥੇ ਵਪਾਰ ਕਰਨ ਆਈ ਸੀ, ਉਸ ਨੇ ਇੱਥੋਂ ਦੇ ਕਾਰੋਬਾਰ ਤੇ ਕਬਜ਼ਾ ਕੀਤਾ ਅੱਤੇ ਜਿਸ ਦਾ ਕਾਰੋਬਾਰ ਤੇ ਕਬਜ਼ਾ ਹੋ ਜਾਵੇ, ਉਸ ਦਾ ਰਾਜਨੀਤੀ ਤੇ ਵੀ ਕਬਜ਼ਾ ਹੋ ਜਾਂਦਾ ਹੈ । ਅੱਜ ਓਸਵਾਲ ਵਾਲੇ ਪੱਚੀ ਸੌ ਕਿੱਲੇ ਦੀ ਗੱਲ ਕਰਦੇ ਹਨ । ਜੋਧਾਂ ਵਿਚ ਪੰਦਰਾਂ ਵੀਹ ਲੱਖ ਦੀ ਜ਼ਮੀਨ ਇੱਕ-ਦੋ ਲੱਖ ਵਿਚ ਖਰੀਦੀ ਗਈ, ਸ਼੍ਰੀਰਾਮ ਗਰੁੱਪ ਨੇ ਪੰਦਰਾਂ ਸੌ ਕਿੱਲੇ ਜ਼ਮੀਨ ਐਕੁਆਇਰ ਰਾਜਪੁਰੇ ਵਿਚ ਕੀਤੀ । ਇਸ ਤੋਂ ਇਲਾਵਾ ਮਲਟੀਨੈਸ਼ਨਲ ਕਾਰਪੋਰੇਸ਼ਨਾਂ ਵੀ ਹਨ । ਸਪੀਕਰ ਸਾਹਿਬ, ਤੁਸੀਂ ਲੁਧਿਆਣੇ ਦੇ ਰਹਿਣ ਵਾਲੇ ਹੋ । ਅਸੀਂ ਦੋਵਾਂ ਨੇ ਇਕੱਠੇ ਅੱਤਵਾਦ ਦੇ ਦੌਰ ਵਿਚ ਕੰਮ ਕੀਤਾ । ਇੱਥੇ ਸਮਾਲ ਸਕੇਲ ਇੰਡਸਟਰੀ ਦਾ ਮਾੜਾ ਹਾਲ ਹੈ । 400 ਕਿਲੇ ਜ਼ਮੀਨ ਐਕੁਆਇਰ ਕੀਤੀ ਗਈ ਹੈ ਅੱਤੇ ਸਮਾਲ ਸਕੇਲ ਇੰਡਸਟਰੀ ਵਾਲੇ ਪ੍ਰੋਟੈਸਟ ਕਰ ਰਹੇ ਹਨ । ਉਨ੍ਹਾਂ ਦਾ ਕਹਿਣਾ ਹੈ ਕਿ ਅਸੀਂ ਇਸ ਤੋਂ ਵੱਧ ਪੈਸੇ ਦੇਣ ਲਈ ਤਿਆਰ ਹਾਂ । ਉਨ੍ਹਾਂ ਨੇ ਪੈਸੇ ਜਮ੍ਹਾਂ ਕਰਵਾਏ ਹੋਏ ਹਨ । ਜੇਕਰ ਸਮਾਲ ਸਕੇਲ ਇੰਡਸਟਰੀ ਖਤਮ ਹੋ ਜਾਵੇਗੀ ਤਾਂ ਬੇਰੁਜ਼ਗਾਰੀ ਦੀ ਬੜੀ ਵੱਡੀ ਸਮੱਸਿਆ ਖੜ੍ਹੀ ਹੋ ਜਾਵੇਗੀ । ਅੱਜ ਇੱਥੇ ਉਹ ਇੰਡਸਟਰੀ ਲੱਗ ਰਹੀ ਹੈ, ਜਿਸ ਨੂੰ ਅਮਰੀਕਾ, ਕੈਨੇਡਾ ਦੇ ਲੋਕ ਆਪਣੇ ਦੇਸ਼ ਵਿਚ ਲੱਗਣ ਨਹੀਂ ਦਿੰਦੇ ਕਿਉਂਕਿ ਉਨ੍ਹਾਂ ਇੰਡਸਟਰੀਆਂ ਦੇ ਪ੍ਰਦੂਸ਼ਣ ਕਾਰਨ ਕਈ ਬਿਮਾਰੀਆਂ ਜਿਵੇਂ ਕੈਂਸਰ ਆਦਿ ਪੈਦਾ ਹੋ ਸਕਦੀਆ ਹਨ । ਬੇਰੁਜ਼ਗਾਰੀ ਦੀ ਹਾਲਤ ਅੱਜ ਦੇਸ਼ ਵਿੱਚ ਜਾਂ ਪੰਜਾਬ ਵਿਚ ਇਹ ਹੈ ਕਿ ਜੇ ਅਸੀਂ ਪਿਛਲੇ ਤਿੰਨ ਸਾਲ ਦਾ ਲੇਖਾ ਜੋਖਾ ਦੇਖੀਏ ਤਾਂ ਪਤਾ ਲੱਗੇਗਾ ਕਿ ਕਿੰਨੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਗਿਆ ਹੈ । ਉਨ੍ਹਾਂ ਨਾਲ ਧੱਕਾ ਹੋ ਰਿਹਾ ਹੈ । ਉਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ ਅੱਤੇ ਉਪਜਾਊ ਜ਼ਮੀਨ ਵਿਦੇਸ਼ੀਆਂ ਨੂੰ ਮਿਲ ਰਹੀ ਹੈ । ਪਿਛਲੇ ਤਿੰਨ ਸਾਲਾਂ ਵਿਚ ਸਾਡੇ ਪੰਜਾਬ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਅੱਤੇ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਨਹੀਂ ਮਿਲ ਰਹੀਆਂ । ਮਿੱਲਾਂ ਵਿਚ ਉਨ੍ਹਾਂ ਦਾ ਸੇਵਾ-ਕਾਲ ਘੱਟ ਕਰਵਾਇਆ ਜਾ ਰਿਹਾ ਹੈ । ਮੈਂ ਬਾਹਰਲੇ ਮਜ਼ਦੂਰਾਂ ਦਾ ਪੰਜਾਬ ਵਿਚ ਆਉਣ ਦੇ ਵਿਰੁੱਧ ਨਹੀਂ ਹਾਂ ਪਰ ਇੰਡਸਟਰੀ ਵਿਚ ਪੰਜਾਬ ਦੇ ਲੋਕਾਂ ਨੂੰ ਕੰਮ ਨਹੀਂ ਮਿਲ ਰਿਹਾ । ਓਸਵਾਲ ਵਿਚ ਸਿਰਫ 200 ਦੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਤਰਸੇਮ ਜੋਧਾਂ]

ਕਰੀਬ ਸਾਰੇ ਪੰਜਾਬੀ ਹਨ । ਬਾਕੀ ਸਾਰੇ ਬਾਹਰਲੇ ਹਨ । ਕੋਈ ਗਰੈਜੂਏਟ ਹੈ, ਕੋਈ ਪੋਸਟ ਗਰੈਜੂਏਟ ਹੈ । ਕਿਸੇ ਨੂੰ 25 ਰਪਏ ਤੇ ਕਿਸੇ ਨੂੰ 30 ਰੁਪਏ ਦਿਹਾੜੀ ਮਿਲਦੀ ਹੈ ।

ਸ਼੍ਰੀ ਸਪੀਕਰ : ਵਾਈਂਡ ਅਪ ਕਰੋ ।

ਕਾਮਰੇਡ ਤਰਸੇਮ ਜੋਧਾਂ : ਮੈਂ ਕਹਿਣਾ ਚਾਹੁੰਦਾ ਹਾਂ ਕਿ ਸ਼ੇਰਾਂ ਦੇ ਸਾਹਮਣੇ ਬੱਕਰੀਆਂ ਸੁੱਟ ਦਿਓ, ਇਹ ਦੇਸ਼ ਖਤਮ ਹੋ ਜਾਣਾ ਹੈ । ਅੱਜ ਦੇਸ਼ ਗੁਲਾਮੀ ਵਾਲੇ ਪਾਸੇ ਜਾ ਰਿਹਾ ਹੈ । ਇਸ ਲਈ ਇਸ ਸਦਨ ਵਿਚ ਇਸ ਦੀ ਵਿਰੋਧਤਾ ਕਰਨੀ ਚਾਹੀਦੀ ਹੈ ਅੌਰ ਇਨ੍ਹਾਂ ਮੰਗਾਂ ਦੀ ਮੈਂ ਵਿਰੋਧਤਾ ਕਰਦਾ ਹਾਂ । ਇਹ ਦੇਸ਼ ਕੁਰਬਾਨੀਆਂ ਦੇ ਕੇ ਅਜ਼ਾਦ ਹੋਇਆ । ਇਸ ਦੇਸ਼ ਨੂੰ ਅਜ਼ਾਦ ਕਰਵਾਉਣ ਵਾਸਤੇ ਕਈਆਂ ਨੇ ਕੁਰਬਾਨੀਆਂ ਦਿੱਤੀਆਂ ਪਰ ਨਰਸਿਮਹਾ ਰਾਓ ਦੀ ਸਰਕਾਰ ਦੇਸ਼ ਨੂੰ ਗਹਿਣੇ ਪਾ ਰਹੀ ਹੈ । ਅੰਤ ਵਿਚ ਮੈਂ ਇਸ ਦਾ ਵਿਰੋਧ ਕਰਦਾ ਹੋਇਆ ਆਪਣਾ ਸਥਾਨ ਲੈਂਦਾ ਹਾਂ ।

ਸਹਿਕਾਰਤਾ ਅਤੇ ਸਿੰਚਾਈ ਮੰਤਰੀ (ਸ਼੍ਰੀ ਸੱਜਨ ਕੁਮਾਰ ਜਾਖੜ) : ਸਪੀਕਰ ਸਾਹਿਬ, ਅੱਜ ਕੋਆਪ੍ਰੇਸ਼ਨ ਦੇ ਮਹਿਕਮੇ ਤੇ ਬਹਿਸ ਹੋਈ ਹੈ ਅਤੇ ਮੇਰੇ ਸਾਥੀ ਐਮ. ਐਲ. ਏ. ਸਾਹਿਬਾਨ ਨੇ ਆਪਣੇ ਆਪਣੇ ਵਿਚਾਰ ਰੱਖੇ ਹਨ । ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਕੋਆਪ੍ਰੇਸ਼ਨ ਦਾ ਮਹਿਕਮਾ ਜਿਹੜਾ ਹੈ, ਇਹ ਪੰਜਾਬ ਦੇ ਵਿੱਚ ਹਰ ਬੰਦੇ ਨਾਲ ਜੁੜਿਆ ਹੋਇਆ ਹੈ । ਜੇਕਰ ਕੋਈ ਡਿਪਾਰਟਮੈਂਟ ਆਮ ਪਬਲਿਕ ਨਾਲ ਜੁੜਿਆ ਹੈ ਤਾਂ ਉਹ ਕੋਆਪ੍ਰੇਸ਼ਨ ਡਿਪਾਰਟਮੈਂਟ ਹੀ ਹੈ । ਕੋਆਪ੍ਰੇਸ਼ਨ ਮਹਿਕਮੇ ਦੀ ਅਹਿਮੀਅਤ ਨੂੰ ਧਿਆਨ ਵਿੱਚ ਰਖਦੇ ਹੋਏ ਸਰਦਾਰ ਬੇਅੰਤ ਸਿੰਘ ਜੀ ਨੇ ਇਹ ਸਾਡਾ ਬਜਟ ਜਿਹੜਾ ਕਿ ਸੰਨ 1992-93 ਵਿੱਚ 25.53 ਕਰੋੜ ਸੀ, ਇਸ ਨੂੰ ਵਧਾ ਕੇ 1995-96 ਵਿੱਚ 37.02 ਕਰੋੜ ਤੇ ਲੈ ਆਂਦਾ ਹੈ । (ਥੰਪਿੰਗ) ਇਹ ਦਰਸਾਉਂਦਾ ਹੈ ਕਿ ਜਿਹੜੀ ਸਾਡੀ ਪਲੈਨ 1992-93 ਵਿੱਚ 17.75 ਕਰੋੜ ਦੀ ਸੀ, ਉਹ 1995-96 ਵਿੱਚ 23.67 ਕਰੋੜ ਦੀ ਹੋਈ ਹੈ । ਇਹ ਦਰਸਾਉਂਦਾ ਹੈ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਕੋਆਪ੍ਰੇਸ਼ਨ ਮਹਿਕਮੇ ਨੂੰ ਕਿੰਨੀ ਇੰਪਾਰਟੈਂਸ ਦਿੱਤੀ ਹੈ । ਸਰਦਾਰ ਬੇਅੰਤ ਸਿੰਘ ਜੀ ਨੇ ਕੋਆਪ੍ਰੇਸ਼ਨ ਮਹਿਕਮੇ ਨੂੰ ਅਹਿਮੀਅਤ ਇਸ ਕਰਕੇ ਦਿੱਤੀ ਹੈ ਕਿ ਲੋਕਾਂ ਦਾ ਇਸ ਨਾਲ ਜਨ ਸੰਪਰਕ ਮੁਹਿੰਮ ਦੌਰਾਨ ਕੰਮ ਹੁੰਦਾ ਰਹੇ । ਅਗਰ ਸਾਰੇ ਲੋਕਾਂ ਨੂੰ ਇਸ ਬਾਰੇ ਧੰਨਵਾਦ ਕਰਨਾ ਚਾਹੀਦਾ ਹੈ ਤਾਂ ਉਹ ਸਰਦਾਰ ਬੇਅੰਤ ਸਿੰਘ ਜੀ ਦਾ ਕਰਨਾ ਚਾਹੀਦਾ ਹੈ ਅੌਰ ਇਹ ਗੱਲ ਮੈਂ ਕੋਆਪ੍ਰੇਸ਼ਨ ਮਨਿਸਟਰ ਹੋਣ ਦੇ ਨਾਤੇ ਨਹੀਂ ਕਹਿ ਰਿਹਾ, ਸਿਰਫ ਇਸੇ ਕਰਕੇ ਸਰਦਾਰ ਬੇਅੰਤ ਸਿੰਘ ਜੀ ਦੀ ਵਡਿਆਈ ਨਹੀਂ ਕਰ ਰਿਹਾ ਬਲਕਿ ਇਹ ਬਿਲਕੁਲ ਸਹੀ ਗੱਲ ਹੈ । ਜਦੋਂ ਸਾਡੀ ਸਰਕਾਰ ਬਣੀ ਤਾਂ ਸਰਦਾਰ ਬੇਅੰਤ ਸਿੰਘ ਜੀ ਦੀ ਅਗਵਾਈ ਹੇਠ ਪਹਿਲਾ ਕੰਮ ਅਸੀਂ ਇਹ ਕੀਤਾ ਕਿ ਅਸੀਂ ਆਲ ਪਾਰਟੀ ਮੀਟਿੰਗ ਬੁਲਾਈ ਜਲੰਧਰ ਵਿੱਚ । ਇਸ ਆਲ ਪਾਰਟੀ ਮੀਟਿੰਗ ਦੇ ਵਿੱਚ ਬਹਿ ਕੇ ਅਸੀਂ ਹਾਇ ਕੀਤੀ ਕਿ ਕੋਆਪ੍ਰੇਸ਼ਨ ਡਿਪਾਰਟਮੈਂਟ ਦੇ ਵਿੱਚ ਕੀ-ਕੀ ਕੰਮ ਕੀਤਾ ਜਾਵੇ ਜਿਸ ਨਾਲ ਕੋਆਪ੍ਰੇਟਿਵ ਡਿਪਾਰਟਮੈਂਟ ਅੱਗੇ ਵਧ ਸਕੇ, ਸਹਿਕਾਰਤਾ ਲਹਿਰ ਅੱਗੇ ਵਧ ਸਕੇ । ਤੁਹਾਨੂੰ, ਸਪੀਕਰ ਸਾਹਿਬ, ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਅਸੀਂ ਜਿਹੜੇ ਫੈਸਲੇ ਬਹਿ ਕੇ ਕੀਤੇ ਸਨ ਆਲ ਪਾਰਟੀ ਮੀਟਿੰਗ ਵਿੱਚ, ਉਹ ਤਕਰੀਬਨ ਤਕਰੀਬਨ ਸਾਰੇ ਲਾਗੂ ਕਰ ਦਿੱਤੇ ਹਨ । (ਥੰਪਿੰਗ) ਏਸੇ ਮੀਟਿੰਗ ਵਿੱਚ ਫੈਸਲਾ ਕੀਤਾ ਸੀ ਕਿ ਪਰਮ ਪ੍ਰਕਾਸ਼ ਕਮੇਟੀ ਦੀ ਰਿਪੋਰਟ

Original with;
Punjab Vidhan Sabha
Digitized by;
Panjab Digital Library

ਸੰਸ਼ੋਧਿਤ ਰੂਪ ਵਿਚ ਲਾਗੂ ਕੀਤੀ ਜਾਵੇ । ਜਿਸ ਨੂੰ ਕਿ ਆਲ ਪਾਰਟੀ ਮੀਟਿੰਗ ਨੇ ਪਾਸ (Record) ਕੀਤਾ ਸੀ । ਤੁਹਾਨੂੰ ਇਹ ਜਾਣ ਕੇ ਹੋਰ ਵੀ ਪੁਸ਼ੀ ਹੋਵੇਗੀ ਕਿ ਲੈਜਿਸਲੇਸ਼ਨ ਬਾਰੇ ਪਰਮ ਪ੍ਰਕਾਸ਼ ਕਮੇਟੀ ਦੀ ਰਿਕੁਮੈਂਡੇਸ਼ਨ ਅਸੀਂ ਲਾਗੂ ਕੀਤੀ ਹੈ । (ਥੰਪਿੰਗ) ਇਹ ਬਹੁਤ ਵੱਡੀ ਗੱਲ ਹੈ, ਇਹ ਛੋਟੀ ਜਿਹੀ ਗੱਲ ਨਹੀਂ । ਬਾਕੀ ਜਿਹੜੀਆਂ ਗੱਲਾਂ ਚਲਦੀਆਂ ਹਨ, ਗੱਲਾਂ ਹੁੰਦੀਆਂ ਹਨ ਲੇਕਿਨ ਸਭ ਤੋਂ ਵੱਡੀ ਗੱਲ ਇਹ ਹੈ ਕਿ ਬੇਸੀਕਲੀ ਕੋਆਪ੍ਰੇਸ਼ਨ ਮਹਿਕਮੇ ਨੂੰ ਅੱਗੇ ਵਧਾਉਣ ਵਾਸਤੇ ਸਾਡੀ ਸਰਕਾਰ ਨੇ ਬਹੁਤ ਕੁਝ ਕੀਤਾ ਹੈ । ਸਰਦਾਰ ਬੇਅੰਤ ਸਿੰਘ ਜੀ ਨੇ ਬਹੁਤ ਤੰਗੇ ਢੰਗ ਨਾਲ ਇਸ ਨੂੰ ਅੱਗੇ ਵਧਾਇਆ ਹੈ । ਜਿਹੜੀਆਂ ਸਹਕਾਰੀ ਕੋਆਪ੍ਰੇਟਿਵ ਸੋਸਾਇਟੀਆਂ ਹਨ ਜਾਂ ਦੂਜੀਆਂ ਕੋਆਪ੍ਰੇਟਿਵ ਸੋਸਾਇਟੀਆਂ ਹਨ ਜਦੋਂ ਪਹਿਲਾਂ ਵੋਟਾਂ ਪੈਂਦੀਆਂ ਸਨ ਤਾਂ ਤੁਸੀਂ ਉਨ੍ਹਾਂ ਨੂੰ ਚਾਰ ਸਾਲ ਵਾਸਤੇ ਤੋੜ ਸਕਦੇ ਸੀ । ਪਰਮ ਪ੍ਰਕਾਸ਼ ਕਮੇਟੀ ਅਨੁਸਾਰ ਅਸੀਂ ਤਹਿ ਕੀਤਾ ਹੈ ਅਤੇ ਹੁਣ ਉਸ ਨੂੰ ਘਟਾ ਕੇ ਅਸੀਂ ਇੱਕ ਸਾਲ ਕਰ ਦਿੱਤਾ ਹੈ ਯਾਨੀ ਇੱਕ ਸਾਲ ਤੋਂ ਵੱਧ ਸਰਕਾਰ ਤੋੜ ਨਹੀਂ ਸਕਦੀ । ਇੱਕ ਸਾਲ ਤੋਂ ਬਾਅਦ ਸਾਨੂੰ ਚੁਨਾਓ ਕਰਾਉਣੇ ਪੈਂਦੇ ਹਨ । ਇਸੇ ਤਰ੍ਹਾਂ ਹੋਰ ਰਿਕੁਮੈਂਡੇਸ਼ਨਜ਼ ਸਨ ਜਿਵੇਂ ਕਿ ਬੋਰਡ ਆਫ਼ ਡਾਇਰੈਕਟਰ ਬਾਰੇ ਸੀ, ਪਹਿਲਾਂ ਉਨ੍ਹਾਂ ਦਾ ਸਮਾਂ ਤਿੰਨ ਸਾਲ ਸੀ, ਹੁਣ ਤਿੰਨ ਸਾਲ ਤੋਂ ਵਧਾ ਕੇ ਪੰਜ ਸਾਲ ਕਰ ਦਿੱਤਾ ਹੈ । (ਥੰਪਿੰਗ)

ਇਸੇ ਤਰ੍ਹਾਂ ਹੋਰ ਵੀ ਕੰਮ ਕੀਤਾ ਹੈ । ਸਾਰੇ ਪਾਸਿਆਂ ਤੋਂ ਇਹ ਗੱਲ ਆਈ ਸੀ ਕਿ ਗੌਰਮਿੰਟ ਦੀ ਕੋਆਪ੍ਰੇਸ਼ਨ ਮਹਿਕਮੇ ਵਿੱਚ ਬਹੁਤ ਜ਼ਿਆਦਾ ਦਖਲ-ਅੰਦਾਜ਼ੀ ਹੈ ਔਰ ਉਸ ਨੂੰ ਘੱਟ ਕੀਤਾ ਜਾਵੇ । ਸੋ, ਇਸ ਕਰਕੇ ਅਸੀਂ ਇਹ ਕੰਮ ਕੀਤਾ ਹੈ ਕਿ ਕੋਈ ਸੋਸਾਇਟੀ ਹੈ ਜਾਂ ਹੋਰ ਹੈ, ਉਸ ਨੂੰ ਇੱਕ ਸਾਲ ਤੋਂ ਜ਼ਿਆਦਾ ਸਮਾਂ ਤੋੜ ਨਹੀਂ ਸਕਦੇ, ਸਸਪੈਂਡ ਨਹੀਂ ਰੱਖ ਸਕਦੇ, ਸਾਨੂੰ ਚੋਣਾਂ ਕਰਵਾਉਣੀਆਂ ਪੈਣੀਆਂ ਹਨ । ਇਸ ਕਰਕੇ ਸਾਰੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰਖਦੇ ਹੋਏ ਸਰਦਾਰ ਬੇਅੰਤ ਸਿੰਘ ਦੀ ਅਗਵਾਈ ਅਧੀਨ ਹੀ ਅਸੀਂ ਇਹ ਕੰਮ ਕੀਤਾ ਹੈ ।

ਦੂਜੀ ਗੱਲ ਆਉਂਦੀ ਹੈ ਰਿਕਵਰੀ ਦੀ ਇਥੇ ਮੇਰੇ ਭਰਾਵਾਂ ਨੇ, ਕਾਂਗਰਸ ਦੇ ਐਮ. ਐਲ. ਏਜ਼. ਨੇ ਵੀ ਔਰ ਅਪੋਜੀਸ਼ਨ ਦੇ ਐਮ. ਐਲ. ਏ. ਨੇ ਵੀ ਇਸ ਬਾਰੇ ਆਖਿਆ ਹੈ । ਮੈਂ ਡਿਟੇਲ ਵਿੱਚ ਨਹੀਂ ਜਾਣਾ ਚਾਹੁੰਦਾ ਕਿਉਂਕਿ ਟਾਈਮ ਬਹੁਤ ਜ਼ਿਆਦਾ ਲੱਗ ਜਾਵੇਗਾ ਔਰ ਮੇਰਾ ਖਿਆਲ ਹੈ ਕਿ ਤੁਸੀਂ ਮੈਨੂੰ ਏਨਾ ਟਾਈਮ ਨਹੀਂ ਦੇਵੋਗੇ । ਇਸ ਕਰਕੇ ਇਹ ਜ਼ਰੂਰ ਦੱਸਣਾ ਚਾਹਾਂਗਾ ਕਿ ਪਹਿਲਾਂ ਸਾਡੀ ਰਿਕਵਰੀ ਦੀ ਪੁਜੀਸ਼ਨ ਇਹ ਸੀ ਕਿ 1989-90 ਵਿੱਚ ਅਸੀਂ ਰਿਕਵਰ ਕੀਤਾ ਸੀ ਸਿਰਫ 57.6 ਪ੍ਰਤੀਸ਼ਤ ਲੇਕਿਨ ਅੱਜ 1993-94 ਵਿਚ ਇਹ 86.8 ਪ੍ਰਤੀਸ਼ਤ ਤੇ ਆ ਚੁੱਕੀ ਹੈ । (ਥੰਪਿੰਗ) ਇਹ ਕਿੰਨਾ ਵੱਡਾ ਕੰਮ ਕੀਤਾ ਹੈ । ਇਸੇ ਤਰ੍ਹਾਂ 1994-95 ਦੀ 80.6% ਰਿਕਵਰੀ ਹੈ । ਜੂਨ ਤਕ ਇਹ ਸਾਲ ਕੰਪਲੀਟ ਹੋਣਾ ਹੈ ਕਿਉਂਕਿ 1 ਜੁਲਾਈ ਤੋਂ 30 ਜੂਨ ਤਕ ਇਸ ਦਾ ਇਕ ਸਾਲ ਹੁੰਦਾ ਹੈ । ਔਰ ਅਸੀਂ 90% ਰਿਕਵਰੀ ਤੱਕ ਜੂਨ ਤੱਕ ਲੈ ਜਾਵਾਂਗੇ । (ਥੰਪਿੰਗ) ਇਹ ਕੋਈ ਛੋਟੀ ਜਿਹੀ ਗੱਲ ਨਹੀਂ ਹੈ । ਸਾਥੀ ਸਾਹਿਬ, ਠੀਕ ਹੈ ਹਥੌੜੇ ਵਾਲਾ ਡਰਾਵਾ ਤਾਂ ਤੁਸੀਂ ਰੱਖਣਾ ਹੀ ਹੁੰਦਾ ਹੈ (ਸ਼੍ਰੀ ਵਿਜੇ ਕੁਮਾਰ ਸਾਥੀ ਵਲੋਂ ਵਿਘਨ) ਹੁਣ ਪ੍ਰੇਮ ਨਾਲ ਮੇਰੀ ਗੱਲ ਸੁਣ ਲਓ । (ਇਕ ਆਵਾਜ਼: ਹੱਥਕੜੀ ਵਾਲੀ ਗੱਲ ਵੀ ਦੱਸ ਦਿਓ) । ਜੇ ਹੱਥਕੜੀ ਵਾਲੀ ਗੱਲ ਹੈ, ਉਹ ਤਾਂ ਸਰਦਾਰ ਜਸਵਿੰਦਰ ਸਿੰਘ ਬਰਾੜ ਨੇ

Original with;
Punjab Vidhan Sabha
Digitized by;
Panjab Digital Library

[ਸਹਿਕਾਰਤਾ ਅਤੇ ਸਿੰਚਾਈ ਮੰਤਰੀ]

ਕੀਤੀ ਸੀ। ਇਨ੍ਹਾਂ ਦੇ (ਅਕਾਲੀ ਪਾਰਟੀ ਵੱਲ ਇਸ਼ਾਰਾ) ਉਹ ਮੰਤਰੀ ਸਨ। ਸੋ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਹਦਾਰ ਬੇਅੰਤ ਸਿੰਘ ਜੀ ਦੀ ਅਗਵਾਈ ਹੇਠ ਅਸੀਂ ਜੋ ਕੋਅਪਰੇਸ਼ਨ ਵਾਲੇ ਪਾਸੇ ਲੱਗੇ ਹੋਏ ਹਾਂ, ਉਸ ਦੇ ਰਿਜ਼ਲਟਸ ਆਉਣ ਵਾਲੇ ਸਮੇਂ ਵਿੱਚ ਤੁਹਾਨੂੰ ਪਤਾ ਲੱਗਣਗੇ। ਹਾਲੀਂ ਰਿਜ਼ਲਟਸ ਇਸ ਦੇ ਨਿਕਲਣੇ ਹਨ, ਜਦੋਂ ਰਿਜ਼ਲਟਸ ਨਿਕਲਣਗੇ ਤਾਂ ਅਸੀਂ ਸਾਰੇ ਹਿੰਦੁਸਤਾਨ ਵਿਚੋਂ ਫਸਟ ਆਵਾਂਗੇ। (ਥੰਪਿੰਗ)

ਇਸੇ ਤਰ੍ਹਾਂ, ਸਪੀਕਰ ਸਾਹਿਬ, ਪੰਜਾਬ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਜੋ ਹੈ ਉਸ ਦੀ ਰਿਕਵਰੀ ਵੀ ਜੇ ਆਪ ਦੇਖੋਗੇ ਤਾਂ ਤੁਸੀਂ ਹੈਰਾਨ ਹੋ ਜਾਵੋਗੇ ਕਿ 1990-91 ਵਿੱਚ ਇਹ ਰਿਕਵਰੀ 29% ਸੀ ਅੱਜ ਉਸ ਦੀ ਰਿਕਵਰੀ 90.6% ਹੈ। (ਥੰਪਿੰਗ) ਕਿਥੇ 29% ਤੇ ਕਿਥੇ 90% ਇਹ ਕੋਈ ਘੱਟ ਗੱਲ ਨਹੀਂ। ਕਿਸੇ ਨਾਲ ਕੋਈ ਜ਼ਿਆਦਤੀ ਨਹੀਂ, ਕਿਸੇ ਨਾਲ ਕੋਈ ਧੱਕਾ ਨਹੀਂ ਐਹ ਇਤਨੀ ਰਿਕਵਰੀ! ਜੇ ਕਿਧਰੇ ਕੋਈ ਮਾੜੀ ਮੋਟੀ ਜ਼ਿਆਦਤੀ ਹੋਈ ਵੀ ਹੈ ਤਾਂ ਉਸ ਦੀ ਇਨਕੁਆਇਰੀ ਕਰਵਾ ਲਵਾਂਗੇ, ਪੜਤਾਲ ਕਰਵਾ ਲਵਾਂਗੇ ਮੈਨੂੰ ਇਹ ਗੱਲ ਸਮਝ ਨਹੀਂ ਆਈ ਕਿ ਇਹ ਭਰਾ (ਆਪੋਜ਼ੀਸ਼ਨ ਵੱਲ ਇਸ਼ਾਰਾ) ਕਿਸ ਵਾਸਤੇ ਔਰ ਕਿਸ ਗੱਲ ਤੇ ਇਤਰਾਜ਼ ਕਹਦੇ ਹਨ, ਇਤਰਾਜ਼ ਉਠਾਉਂਦੇ ਹਨ। ਪੀ. ਐਸ. ਏ. ਡੀ. ਬੀ. ਦੀ ਸਟੇਟ ਲੈਵਲ ਦੀ ਰਿਕਵਰੀ ਜੋ ਹੈ, ਉਹ ਸੈਂਟ ਪਰ ਸੈਂਟ ਹੈ। ਇਹ ਅਸੀਂ ਪਿਛਲੇ ਸਾਲ ਲਿਆਂਦੀ ਹੈ ਔਰ ਇਸ ਸਾਲ ਵੀ ਲਿਆਂਦੀ ਹੈ। (ਥੰਪਿੰਗ) ਤੁਹਾਡਾ (ਆਪੋਜ਼ੀਸ਼ਨ ਵਲ ਇਸ਼ਾਰਾ) ਤਾਂ ਸਿਰ ਗੌਰਵ ਨਾਲ ਉੱਚਾ ਹੋਣਾ ਚਾਹੀਦਾ ਹੈ ਪਰ ਤੁਸੀਂ ਗੱਲਾਂ ਕਰ ਰਹੇ ਹੋ ਉਲਟੀਆਂ। (ਹਾਸਾ) (ਥੰਪਿੰਗ) ਪੀ.ਐਸ.ਏ.ਡੀ.ਬੀ. ਦਾ ਜਦੋਂ ਅਸੀਂ ਚਾਰਜ ਟੇਕ ਓਵਰ ਕੀਤਾ ਸੀ ਤਾਂ ਉਸ ਵੇਲੇ 20 ਬੈਂਕ ਘਾਟੇ ਵਿੱਚ ਸਨ ਪਰ ਉਹ ਘਾਟਾ ਅਸੀਂ 20 ਬੈਂਕਾਂ ਤੋਂ 10 ਬੈਂਕਾਂ ਤੱਕ ਲਿਆਂਦਾ ਹੈ, ਹੁਣ ਕੇਵਲ 10 ਬੈਂਕ ਹੀ ਘਾਟੇ ਵਿਚ ਹਨ। ਅਸੀਂ ਚੰਗਾ ਕੰਮ ਕਰ ਰਹੇ ਹਾਂ, ਅਸੀਂ ਉਤੇ ਵੱਲ ਨੂੰ ਜਾ ਰਹੇ ਹਾਂ ਪਰ ਤੁਸੀਂ ਪਿੱਛੇ ਨੂੰ ਖਿੱਚਦੇ ਹੋ। (ਥੰਪਿੰਗ) ਚੰਗੇ ਕੀਤੇ ਕੰਮ ਨੂੰ ਮਾੜਾ ਨਹੀਂ ਕਹਿਣਾ ਚਾਹੀਦਾ। ਪੀ.ਐਸ.ਏ.ਡੀ.ਬੀ. ਦਾ 1990-91 ਵਿਚ 5 ਕਰੋੜ ਰੁਪਿਆ ਸੀ, ਉਹ ਹੁਣ ਅਸੀਂ ਵਧਾ ਕੇ 9.27 ਕਰੋੜ ਰੁਪਿਆ ਕੀਤਾ ਹੈ। ਯਾਰੋ ਕਮਾਲ ਹੋ ਗਈ ਹੈ, ਅਸੀਂ ਚੰਗਾ ਕੰਮ ਕਰਦੇ ਹਾਂ ਪਰ ਤੁਸੀਂ ਉਸ ਨੂੰ ਮਾੜਾ ਦੱਸਦੇ ਹੋ। ਜੇ ਤੁਸੀਂ ਚੰਗੇ ਕੰਮ ਨੂੰ ਮਾੜਾ ਦੱਸਣਾ ਹੈ ਤਾਂ ਫਿਰ ਇਹ ਤੁਹਾਡੀ ਮਰਜ਼ੀ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਵੀਵਕੋ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ reg. providing loans for power looms. ਜਿਨ੍ਹਾਂ ਲੋਕਾਂ ਨੂੰ ਨੌਕਰੀਆਂ ਨਹੀਂ ਮਿਲਦੀਆਂ, ਉਨ੍ਹਾਂ ਲਈ ਪਾਵਰ ਲੂਮ ਲਾਉਣ ਵਾਸਤੇ ਪੈਸਾ ਰੱਖਿਆ ਗਿਆ ਹੈ ਔਰ ਇਹ 5 ਕਰੋੜ ਰੁਪਿਆ ਰੱਖਿਆ ਗਿਆ ਹੈ ਤਾਂ ਕਿ ਇਹ ਲੋਕ ਪਾਵਰ ਲੂਮਜ਼ ਲਾ ਕੇ ਆਪਣਾ ਰੋਜ਼ਗਾਰ ਕਮਾ ਸਕਣ। ਸੈਂਡੀ ਸਪਿੰਨਿੰਗ ਮਿੱਲ ਹੰਭੜਾ ਵਿਚ ਹੋਵੇਗੀ। 116 ਲੱਖ ਰੁਪਏ ਦਾ ਯਾਰਨ ਵੀਵਰਜ਼ ਸੋਸਾਇਟੀ ਨੂੰ ਦਿੱਤਾ ਗਿਆ ਹੈ। ਭਰਾਵੋ ਤੁਹਾਨੂੰ ਖੁਸ਼ੀ ਹੋਵੇਗੀ....(ਇਕ ਆਵਾਜ਼ : ਸਪੀਕਰ ਸਾਹਿਬ ਨੂੰ) ਕਹਿਣਾ ਤਾਂ ਸਪੀਕਰ ਸਾਹਿਬ ਨੂੰ ਹੀ ਹੈ ਪਰ ਸੁਣਾਉਣਾ ਤਾਂ ਤੁਹਾਨੂੰ ਹੈ ਨਾ। ਕੋਅਪਰੇਟਿਵ ਡਿਪਾਰਟਮੈਂਟ ਨੇ ਇਸ ਸਾਲ ਇਕ ਨਵਾਂ ਕੰਮ ਸ਼ੁਰੂ ਕੀਤਾ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਬੇਅੰਤ ਸਿੰਘ ਜੀ ਨੇ ਜਦੋਂ ਗੌਰਮਿੰਟ ਦਾ ਚਾਰਜ ਸੰਭਾਲਿਆ ਸੀ ਤਾਂ ਮੈਨੂੰ ਬੁਲਾ ਕੇ ਕਿਹਾ ਸੀ ਕਿ ਲੋਕ ਸਾਥੋਂ ਨੌਕਰੀਆਂ ਮੰਗਦੇ ਹਨ ਅੌਰ ਨੌਕਰੀਆਂ ਇਤਨੀਆਂ ਹੈ ਨਹੀਂ ਹਨ ਤਾਂ ਮੈਂ ਕਿਹਾ ਸੀ ਕਿ ਜੇ ਤੁਸੀਂ ਇਜ਼ਾਜ਼ਤ ਦੇ ਦਿਓ ਤਾਂ ਅਸੀਂ ਇਨ੍ਹਾਂ ਨੂੰ ਆਪਣੇ ਕੰਮਾਂ ਤੇ ਲਾ ਸਕਦੇ ਹਾਂ ਅੌਰ ਇਸ ਵਾਸਤੇ ਜੇ ਉਹ ਨਾਨ-ਫਾਰਮਿੰਗ ਕੰਮਾਂ ਵਾਸਤੇ ਕਰਜ਼ੇ ਦਿਵਾਉਣ ਦੀ ਇਜ਼ਾਜ਼ਤ ਦਿਵਾ ਦੇਣ ਤਾਂ ਅਸੀਂ ਇਹ ਨੌਕਰੀਆਂ ਵਾਲੀ ਗੱਲ ਖਤਮ ਕਰ ਸਕਦੇ ਹਾਂ । ਸਰਦਾਰ ਸਾਹਿਬ ਨੇ ਇਹ ਇਜ਼ਾਜ਼ਤ ਦਿਵਾ ਦਿੱਤੀ ਤਾਂ ਅਸੀਂ ਪਹਿਲਾਂ 4 ਬੈਂਕਾਂ ਵਿਚ ਇਹ ਸਕੀਮ ਸ਼ੁਰੂ ਕੀਤੀ । 4 ਬੈਂਕਾਂ ਨੇ ਨਾਨ-ਫਾਰਮਿੰਗ ਕਰਜ਼ੇ ਦੇਣੇ ਸ਼ੁਰੂ ਕੀਤੇ । ਇਸ ਨੂੰ ਚੈੱਕ ਕਰਨ ਵਾਸਤੇ ਨੈਬਾਰਡ ਦੀ ਟੀਮ ਵੀ ਇਥੇ ਆਈ । ਉਨ੍ਹਾਂ ਨੇ ਇਸ ਸਕੀਮ ਦੀ ਬੜੀ ਪ੍ਰਸ਼ੰਸ਼ਾ ਕੀਤੀ ਅੌਰ ਆਪਣੀ ਰਿਪੋਰਟ ਦਿੱਤੀ ਕਿ 85% ਕਰਜ਼ੇ ਜਿਹੜੇ ਦਿੱਤੇ ਹਨ, ਉਨ੍ਹਾਂ ਨਾਲ ਉਨ੍ਹਾਂ ਨੇ ਆਪਣੇ ਬੜੇ ਚੰਗੇ ਕੰਮ ਚਲਾਏ ਹਨ ਅੌਰ ਲੋਕਾਂ ਨੂੰ ਇਸ ਦਾ ਬਹੁਤ ਫਾਇਦਾ ਹੋਇਆ ਹੈ । ਇਸ ਕਰਕੇ ਇਸ ਸਾਲ ਤੋਂ ਇਹ ਨਾਨ-ਫਾਰਮਿੰਗ ਕਰਜ਼ੇ ਦੇਣ ਲਈ ਤਕਰੀਬਨ ਸਾਰੇ ਬੈਂਕਾਂ ਨੇ ਇਹ ਸਕੀਮ ਚਾਲੂ ਕਰ ਦਿੱਤੀ ਹੈ । ਪਿਛਲੇ ਸਾਲ ਜਿਹੜਾ ਪੈਸਾ ਰੱਖਿਆ ਸੀ, ਇਸ ਸਾਲ ਅਸੀਂ ਇਸ ਨੂੰ ਵਧਾ ਦਿੱਤਾ ਹੈ ਅੌਰ ਇਸ ਨਾਨ-ਫਾਰਮਿੰਗ ਸਕੀਮ ਦੇ ਅੰਦਰ ਕੋਈ ਵੀ ਆਦਮੀ, ਜਿਸ ਨੇ ਕੋਈ ਡਿਪਲੋਮਾ ਵਗੈਰਾ ਕੀਤਾ ਹੋਇਆ ਹੈ, ਉਹ ਆਪਣਾ ਕੰਮ ਚਲਾਉਣ ਵਾਸਤੇ 10 ਲੱਖ ਰੁਪਏ ਤੱਕ ਲੋਨ ਲੈ ਸਕਦਾ ਹੈ । ਇਹ ਕੰਮ ਬੜਾ ਅੱਛਾ ਚਲ ਰਿਹਾ ਹੈ ਅੌਰ ਇਸ ਦਾ ਲੋਕਾਂ ਨੂੰ ਬਹੁਤ ਫਾਇਦਾ ਹੋਇਆ ਹੈ ।

ਸਪੀਕਰ ਸਾਹਿਬ, ਇਥੇ ਮੈਨੂੰ ਖੁਸ਼ੀ ਹੈ ਕਿ ਸਾਡੇ ਸਾਥੀਆਂ ਨੇ ਮਾਰਕਫੈੱਡ ਦੀ ਕਾਫੀ ਪ੍ਰਸ਼ੰਸਾ ਕੀਤੀ ਹੈ ਅੌਰ ਇਹ ਜ਼ਰੂਰ ਹੋਣੀ ਚਾਹੀਦੀ ਹੈ । ਇਸ ਲਈ ਮੈਂ ਇਕ ਗੱਲ ਆਪਣੇ ਫੂਡ ਮਨਿਸਟਰ ਸਾਹਿਬ ਨੂੰ ਜ਼ਰੂਰ ਕਹਾਂਗਾ ਕਿ ਉਹ ਇਹ ਜਿਹੜਾ ਥੋੜ੍ਹਾ ਬਹੁਤ ਕੰਮ ਝੋਨੇ ਦਾ ਬੰਦ ਪਿਆ ਹੈ, ਇਸ ਨੂੰ ਸ਼ੁਰੂ ਕਰਵਾ ਦੇਣ । ਕਿਉਂਕਿ ਇਸ ਸਾਲ ਝੋਨੇ ਦੀ ਪੈਦਾਵਾਰ ਬਹੁਤ ਹੋਈ ਹੈ ਅੌਰ ਇਸ ਦੀ ਰੱਖਣ ਦੀ ਵੀ ਪਰਾਬਲਮ ਹੋ ਰਹੀ ਹੈ, ਇਸ ਲਈ ਇਹ ਜਿਹੜਾ ਇਸ ਦੀ ਮਿਲਿੰਗ ਦਾ ਕੰਮ ਹੈ, ਇਸ ਨੂੰ ਅਗਰ ਇਹ ਛੇਤੀ ਤੋਂ ਛੇਤੀ ਸ਼ੁਰੂ ਕਰਵਾ ਦੇਣ ਤਾਂ ਲੋਕਾਂ ਨੂੰ ਇਸ ਦਾ ਬਹੁਤ ਫਾਇਦਾ ਹੋ ਸਕਦਾ ਹੈ ।

ਇਸੇ ਤਰ੍ਹਾਂ ਮਿਲਕਫੈੱਡ ਵਾਸਤੇ ਇਥੇ ਕੁਝ ਸਾਥੀਆਂ ਨੇ ਇਤਰਾਜ਼ ਕੀਤੇ ਹਨ । ਮੈਨੂੰ ਬਹੁਤ ਅਫਸੋਸ ਹੈ ਕਿ ਚੰਗਾ ਕੰਮ ਹੋ ਰਿਹਾ ਹੈ ਤਾਂ ਇਹ ਨਹੀਂ ਮੰਨਦੇ । ਇਹ ਕਹਿੰਦੇ ਹਨ ਕਿ ਦੁੱਧ ਬਾਹਰ ਜਾ ਰਿਹਾ ਹੈ । ਪਤਾ ਨਹੀਂ ਇਹ ਸੱਚੀ ਗੱਲ ਤੋਂ ਕਿਉਂ ਭੱਜਦੇ ਹਨ । ਅਸੀਂ ਤਾਂ ਪੰਜਾਬ ਦੀ ਲੱਸੀ ਬੰਗਲਾ ਦੇਸ਼ ਨੂੰ ਭੇਜੀ ਹੈ । ਪੰਜਾਬ ਵਿਚ ਦੁੱਧ ਬਹੁਤ ਹੈ, ਦੁੱਧ ਰੱਖਣ ਨੂੰ ਥਾਂ ਨਹੀਂ, ਮੱਖਣ ਪਨੀਰ ਬਹੁਤ ਹੈ । ਅਸੀਂ ਤਾਂ ਹੋਰ ਮਿਲਕ ਪਲਾਟਾਂ ਨੂੰ ਆਪਣਾ ਮਾਲ ਭੇਜਦੇ ਹਾਂ । ਐਨ.ਬੀ.ਡੀ. ਨੇ ਵੀ ਕਿਹਾ ਹੈ ਕਿ ਮਿਲਕਫੈੱਡ ਨੇ ਬਹੁਤ ਅੱਛਾ ਕੰਮ ਕੀਤਾ ਹੈ । ਸਾਨੂੰ ਇਸ ਗੱਲ ਦੀ ਖੁਸ਼ੀ ਹੋਣੀ ਚਾਹੀਦੀ ਹੈ ਕਿ ਜਿਹੜੇ ਰੇਟ ਤੇ ਅਸੀਂ ਸਰਦੀਆਂ ਵਿਚ ਦੁੱਧ ਵੇਚਦੇ ਸੀ, ਉਸੇ ਰੇਟ ਤੇ ਹੀ ਇਹ ਗਰਮੀਆਂ ਵਿਚ ਵੀ ਵਿਕ ਰਿਹਾ ਹੈ । ਸਰਦੀਆਂ ਵਿਚ ਦੁੱਧ ਬਹੁਤ ਹੁੰਦਾ ਹੈ ਪਰ ਗਰਮੀਆਂ ਵਿਚ

Original with;
Punjab Vidhan Sabha
Digitized by;
Panjab Digital Library

[ਸਹਿਕਾਰਤਾ ਅਤੇ ਸਿੰਚਾਈ ਮੰਤਰੀ]

ਇਸ ਦੀ ਕਮੀ ਹੋ ਜਾਂਦੀ ਹੈ, ਜਿਸ ਕਰਕੇ ਰੇਟ ਕੁਝ ਵਧ ਜਾਂਦਾ ਹੈ ਪਰ ਇਸ ਸਾਲ ਹੁਣ ਤੱਕ ਉਸੇ ਸਰਦੀਆਂ ਵਾਲੇ ਰੇਟ ਤੇ ਹੀ ਦੁੱਧ ਵਿਕ ਰਿਹਾ ਹੈ। ਇਹ ਚੰਗੀ ਗੱਲ ਹੈ ਪਰ ਇਹ ਸਾਥੀ ਇਸ ਤੇ ਵੀ ਇਤਰਾਜ਼ ਕਰਦੇ ਹਨ। ਮੈਂ ਵੀ ਇਹ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿਚ ਜਿਹੜਾ ਇਸ ਦਾ ਘਾਟਾ 4.75 ਲੱਖ ਰੁਪਏ ਦਾ ਚਲ ਰਿਹਾ ਸੀ, ਇਸ ਸਾਲ ਉਹ ਲਾੱਸ ਪੂਰਾ ਕਰਕੇ ਇਸ ਮਿਲਕਫੈੱਡ ਨੇ 45 ਲੱਖ ਰੁਪਏ ਦਾ ਮੁਨਾਫਾ ਕਮਾਇਆ ਹੈ। ਇਸੇ ਤਰ੍ਹਾਂ ਜਿਹੜੀਆਂ ਸਪਿਨਿੰਗ ਮਿੱਲਾਂ ਹਨ, ਹਾਲਾਂਕਿ ਸਾਰੇ ਹਿੰਦੁਸਤਾਨ ਵਿਚ ਇਨ੍ਹਾਂ ਦੀ ਮਾੜੀ ਹਾਲਤ ਹੈ ਪਰ ਸਾਡੇ ਇਥੇ 6-7 ਮਿੱਲਾਂ ਲੱਗੀਆਂ ਹਠ ਜਿਨ੍ਹਾਂ ਵਿਚੋਂ 3 ਮਿੱਲਾਂ ਪ੍ਰਾਫਿਟ ਵਿਚ ਜਾ ਰਹੀਆਂ ਹਨ। ਯੂ.ਪੀ., ਮਹਾਰਾਸ਼ਟਰਾ ਵਿਚ ਤਾਂ ਇਹ ਮਿੱਲਾਂ ਬੰਦ ਹੋਣ ਨੂੰ ਜਾ ਰਹੀਆਂ ਹਨ, ਇਤਨੀ ਮਾੜੀ ਹਾਲਤ ਹੈ, ਪਰ ਸਾਡੀ ਤਾਂ ਫਿਰ ਵੀ ਚੰਗੀ ਹਾਲਤ ਹੈ। ਫਿਰ ਵੀ ਇਨ੍ਹਾਂ ਨੂੰ ਚੰਗੀ ਨਹੀਂ ਲੱਗਦੀ, ਕਮਾਲ ਹੋ ਗਿਆ ਹੈ। (ਹਾਸਾ) ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਨੂੰ ਸਾਡੇ ਚੰਗੇ ਕੰਮ ਵੀ ਮਾੜੇ ਲੱਗਣਗੇ ਤਾਂ ਫਿਰ ਚੰਗੇ ਕੰਮ ਕੌਣ ਕਰੇਗਾ? (ਹਾਸਾ)

ਸ਼੍ਰੀ ਸਪੀਕਰ : ਜਿਨ੍ਹਾਂ ਨੇ ਚੰਗਾ ਕਰਨਾ ਹੈ, ਉਨ੍ਹਾਂ ਨੇ ਤਾਂ ਚੰਗਾ ਕਰਦੇ ਹੀ ਰਹਿਣਾ ਹੈ।

ਸਹਿਕਾਰਤਾ ਅਤੇ ਸਿੰਚਾਈ ਮੰਤਰੀ : ਸਪੀਕਰ ਸਾਹਿਬ, ਸਾਹਨੀ ਸਾਹਿਬ ਨੇ ਗੁਰਦਾਸਪੁਰ ਦੀ ਸੋਸਾਇਟੀ ਦੀ ਗੱਲ ਕੀਤੀ ਸੀ ਕਿ ਉਸ ਦਾ ਆਡਿਟ ਨਹੀਂ ਕੀਤਾ ਗਿਆ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ 80% ਸੋਸਾਇਟੀਜ਼ ਦਾ ਆਡਿਟ ਹੋ ਚੁੱਕਾ ਹੈ ਅਤੇ 15% ਤੋਂ 20% ਸੋਸਾਇਟੀਜ਼ ਜਿਨ੍ਹਾਂ ਦਾ ਆਡਿਟ ਰਹਿ ਗਿਆ ਹੈ, ਉਹ ਵੀ ਅਸੀਂ ਜਲਦੀ ਕਰਵਾ ਲਵਾਂਗੇ। ਇਸੇ ਤਰ੍ਹਾਂ ਮਿਸਿਜ਼ ਵਿਮਲਾ ਡਾਂਗ ਜੀ ਨੇ ਕਿਹਾ ਸੀ ਕਿ ਅੰਮ੍ਰਿਤਸਰ ਦੇ ਬੈਂਕ ਦੇ ਵਿਚ ਸਰਕਾਰ ਨੇ ਨੌਮੀਨੇਸ਼ਨ ਕੀਤੀ ਹੈ। ਮੈਂ ਆਪਣੀ ਸਤਿਕਾਰਯੋਗ ਭੈਣ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਕੋਈ ਨੌਮੀਨੇਸ਼ਨ ਨਹੀਂ ਕੀਤੀ ਹੈ। ਤੁਹਾਨੂੰ ਮਿਸਲੀਡਿੰਗ ਇਨਫਰਮੇਸ਼ਨ ਮਿਲੀ ਹੈ। ਅਸੀਂ ਉਥੇ ਕੋਈ ਨੌਮੀਨੇਸ਼ਨ ਨਹੀਂ ਕੀਤੀ ਹੈ। ਦੂਜਾ ਡਾਕਟਰ ਰਮੇਸ਼ ਦੱਤ ਜੀ ਨੇ ਕਿਹਾ ਸੀ ਕਿ ਮੈਂ ਉਥੇ ਫੈਕਟਰੀ ਦੀ ਅਨਾਊਸਮੈਂਟ ਕਰਕੇ ਆਇਆ ਸੀ। ਮੈਂ ਉਥੇ ਕੋਈ ਅਨਾਊਸਮੈਂਟ ਨਹੀਂ ਕੀਤੀ ਸੀ, ਮੈਂ ਤਾਂ ਕੇਵਲ ਇਹ ਕਿਹਾ ਸੀ ਕਿ ਮਾਰਕਫੈੱਡ ਦੇ ਨਾਲ ਗੱਲ ਕਰਾਂਗਾ ਔਰ ਅਗਰ ਇਥੇ ਫੈਕਟਰੀ ਪ੍ਰਾਫਿਟੇਬਲ ਹੋਈ ਤਾਂ ਫੈਕਟਰੀ ਖੋਲ੍ਹ ਦੇਵਾਂਗੇ ਪਰ ਮਾਰਕਫੈੱਡ ਦੇ ਐੱਮ.ਡੀ. ਦੇ ਨਾਲ ਹਾਲੇ ਗੱਲ ਨਹੀਂ ਹੋਈ। ਗੱਲ ਕਰਾਂਗੇ ਕਿ ਆਇਆ ਉਥੇ ਸਾਨੂੰ ਕੋਈ ਪ੍ਰਾਫਿਟ ਹੋ ਸਕਦਾ ਹੈ ਜਾਂ ਨਹੀਂ?

ਸ਼੍ਰੀ ਸਪੀਕਰ : ਜਾਖੜ ਸਾਹਿਬ, ਵਾਈਂਡ ਅੱਪ ਕਰੋ।

ਸਹਿਕਾਰਤਾ ਅਤੇ ਸਿੰਚਾਈ ਮੰਤਰੀ : ਸਪੀਕਰ ਸਾਹਿਬ, ਬੀ.ਐਸ.ਪੀ. ਦੇ ਐਮ.ਐਲ.ਏ. ਸਾਹਿਬ ਨੇ ਕਰਜ਼ੇ ਮੁਆਫੀ ਬਾਰੇ ਗੱਲ ਕੀਤੀ ਸੀ। ਮੇਰੇ ਖਿਆਲ ਵਿਚ ਉਹ ਬਜਟ ਨੂੰ ਚੰਗੀ ਤਰ੍ਹਾਂ ਪੜ੍ਹਦੇ ਨਹੀਂ ਹਨ।

ਸ਼੍ਰੀ ਸਪੀਕਰ : ਚਲੋ ਗੱਲ ਮੁਕ ਗਈ। ਵਾਈਂਡ ਅੱਪ ਪਲੀਜ਼।

Original with;
Punjab Vidhan Sabha
Digitized by;
Panjab Digital Library

ਸਹਿਕਾਰਤਾ ਅਤੇ ਸਿੰਚਾਈ ਮੰਤਰੀ : ਸਪੀਕਰ ਸਾਹਿਬ, ਕਰਜ਼ੇ ਮੁਆਫੀ ਦੇ ਬਾਰੇ ਦੱਸਦਾ ਹਾਂ ਕਿ ਐਫ.ਐਮ. ਸਾਹਿਬ ਨੇ ਆਪਣੀ ਬਜਟ ਸਪੀਚ ਵਿਚ ਆਖਿਆ ਸੀ ਕਿ 55.72 ਕਰੋੜ ਰੁਪਿਆ ਅਸੀਂ ਆਪਣੇ ਰਿਜੋਰਸਿਜ਼ ਪੈਦਾ ਕਰਕੇ ਅਤੇ ਪੈਸੇ ਇਕੱਠੇ ਕਰਕੇ ਦੇਵਾਂਗੇ ਤਾਂ ਕਿ ਗਰੀਬ ਲੋਕਾਂ ਨੂੰ ਫਾਇਦਾ ਹੋ ਸਕੇ । ਸ਼ੂਗਰ ਮਿੱਲਾਂ ਦੇ ਬਾਰੇ ਕਹਿੰਦੇ ਹਨ ਕਿ ਇਹ ਘਾਟੇ ਵਿਚ ਜਾ ਰਹੀਆਂ ਹਨ ਔਰ ਜਿਹੜੀ ਅਸੀਂ ਨਵੀਂ ਸ਼ੂਗਰ ਮਿੱਲਜ਼ ਲਗਾ ਰਹੇ ਹਾਂ (ਵਿਘਨ) ਟਾਈਮ ਸਪੀਕਰ ਸਾਹਿਬ, ਥੋੜ੍ਹਾ ਹੈ ਪਰ ਮੈਂ ਡੀਟੇਲਜ਼ ਵਿਚ ਦੱਸਣਾ ਚਾਹੁੰਦਾ ਸੀ । ਜਿਹੜੀਆਂ ਨਵੀਆਂ ਸ਼ੂਗਰ ਮਿੱਲਾਂ ਲਗਦੀਆਂ ਹਨ, ਉਥੇ ਲੈਵੀ ਸ਼ੂਗਰ ਫਰੀ ਹੁੰਦੀ ਹੈ ਅਤੇ ਮਹਿੰਗੇ ਭਾਅ ਵਿਚ ਇਹ ਸ਼ੂਗਰ ਵਿਕਦੀ ਹੈ । ਪ੍ਰਾਈਵੇਟ ਮਿੱਲਾਂ ਵਾਲੇ 15-20 ਰੁਪਏ ਟਰਾਂਸਪੋਰਟੇਸ਼ਨ ਦਾ ਖਰਚਾ ਫਾਲਤੂ ਦੇ ਕੇ ਗੰਨਾ ਲੈ ਜਾਂਦੇ ਸਨ । ਇਹ ਗੱਲ ਸਾਡੇ ਨੋਟਿਸ ਵਿਚ ਹੈ ਅਤੇ ਸਰਕਾਰ ਕੋਈ ਤਰੀਕਾ ਇਖਤਿਆਰ ਕਰ ਰਹੀ ਹੈ ਜਿਸ ਦੇ ਨਾਲ ਇਸ ਨੂੰ ਰੋਕਿਆ ਜਾ ਸਕੇ । ਸਾਡੀਆਂ ਮਿੱਲਾਂ ਦੇ ਕੋਲ ਗੰਨਾ ਥੋੜ੍ਹਾ ਸੀ ਅਤੇ ਗੰਨਾ ਘੱਟ ਹੋਣ ਕਰਕੇ ਅਸੀਂ ਘਾਟੇ ਵਿਚ ਗਏ ਹਾਂ ਅਤੇ ਮਿੱਲਾਂ ਇਸੇ ਕਰਕੇ ਨਹੀਂ ਚੱਲੀਆਂ । ਜਿਹੜੀ ਕੋਈ ਬਦਮਾਸ਼ੀ ਦੀ ਸ਼ਿਕਾਇਤ ਹੈ, ਇਹ ਸਾਨੂੰ ਦੱਸ ਦੇਣ, ਅਸੀਂ ਉਸ ਦੀ ਇਨਕੁਆਇਰੀ ਕਰਵਾ ਲਵਾਂਗੇ । ਬਾਕੀ ਜਿਹੜਾ ਮੁਲਤਾਨੀ ਸਾਹਿਬ ਨੇ ਕਿਹਾ ਹੈ, ਇਸ ਉਤੇ ਸਰਕਾਰ ਗੌਰ ਕਰੇਗੀ ਅਤੇ ਕੁਲੈਕਟਰ ਰੇਟ ਦੀ ਅਸੀਂ ਗਰੰਟੀ ਲਵਾਂਗੇ । ਇਹ ਚੰਗੀ ਗੱਲ ਹੈ, ਇਸ ਉਤੇ ਅਸੀਂ ਗੌਰ ਕਰਾਂਗੇ । ਕੋਆਪਰੇਟਿਵ ਬੈਂਕ ਨਿਸ਼ਾਨ ਸਿੰਘ ਵਾਲਾ ਦੀ ਇਨਕੁਆਇਰੀ ਵਾਸਤੇ ਕਿਹਾ ਗਿਆ ਹੈ, ਇਸ ਦੀ ਇਨਕੁਆਇਰੀ ਵੀ ਅਸੀਂ ਕਰਵਾ ਲਵਾਂਗੇ ਅਤੇ ਜੇਕਰ ਕਿਸੇ ਦੀ ਗਲਤੀ ਹੋਵੇਗੀ, ਉਸ ਨੂੰ ਅਸੀਂ ਸਜ਼ਾ ਵੀ ਦੇਵਾਂਗੇ । ਸਜ਼ਾ ਨਾ ਦੇਣ ਵਾਲੀ ਕੋਈ ਗੱਲ ਨਹੀਂ ਹੈ । ਸਾਹਨੀ ਸਾਹਿਬ ਨੇ ਬਟਾਲਾ ਸ਼ੂਗਰ ਮਿੱਲ ਬਾਰੇ ਗੱਲ ਕੀਤੀ ਹੈ ਅਤੇ ਉਸ ਦੇ ਐਮ.ਡੀ. ਬਾਰੇ ਕਿਹਾ ਹੈ । ਇਸ ਨੂੰ ਅਸੀਂ ਚੈੱਕ ਕਰ ਲਵਾਂਗੇ ਔਰ ਜਿਹੜਾ 56 ਕਰੋੜ ਦੀ ਪੇਮੈਂਟ ਬਾਰੇ ਕਿਹਾ ਗਿਆ ਹੈ, ਕਾਫੀ ਲੋਕਾਂ ਦੀ ਪੇਮੈਂਟ ਅਸੀਂ 6-7 ਮਹੀਨਿਆਂ ਦੇ ਵਿਚ ਕਰ ਦਿੱਤੀ ਹੈ । ਪਿਛਲੇ 2 ਸਾਲਾਂ ਦੇ ਵਿਚ 31 ਜੁਲਾਈ ਤੱਕ ਦੀ ਪੇਮੈਂਟ ਅਸੀਂ ਕਰ ਚੁੱਕੇ ਹਾਂ ਅਤੇ ਜਿਹੜੀਆਂ ਪਹਿਲੇ ਲਾਈਨਾਂ ਲੱਗਦੀਆਂ ਸਨ, ਉਹ ਲਾਈਨਾਂ ਅਸੀਂ ਤੋੜ ਦਿੱਤੀਆਂ ਹਨ । ਲੋਕ ਉਥੇ 2-2 ਦਿਨ ਖੜ੍ਹੇ ਰਹਿੰਦੇ ਸਨ, ਉਹ ਲਾਈਨਾਂ ਖਤਮ ਕਰ ਦਿੱਤੀਆਂ ਹਨ । ਜਿਹੜਾ ਅਸੀਂ ਚੰਗਾ ਕੰਮ ਕਰਦੇ ਹਾਂ, ਉਸ ਦੀ ਪ੍ਰਸ਼ੰਸਾ ਵੀ ਕਰਿਆ ਕਰੋ ਤਾਂ ਕਿ ਸਾਨੂੰ ਸਹਾਰਾ ਮਿਲੇ । ਇਸ ਦੇ ਨਾਲ ਹੀ ਮੈਂ ਸਪੀਕਰ ਸਾਹਿਬ, ਬੇਨਤੀ ਕਰਦਾ ਹਾਂ ਕਿ ਇਸ ਗ੍ਰਾਂਟ ਨੂੰ ਪਾਸ ਕਰ ਦਿੱਤਾ ਜਾਵੇ ।

ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਅੱਜ ਕੋਆਪਰੇਟਿਵ ਅਤੇ ਇੰਡਸਟ੍ਰੀਜ਼ ਦੀਆਂ ਮੰਗਾਂ ਉਤੇ ਬਹਿਸ ਹੋਈ ਹੈ । ਮੈਂ ਇਹ ਸਮਝਦਾ ਹਾਂ ਕਿ ਸਾਡੇ ਆਪੋਜੀਸ਼ਨ ਦੇ ਭਰਾਵਾਂ ਉਤੇ ਬੜੀ ਭਾਰੀ ਜ਼ਿਮੇਂਵਾਰੀ ਅਤੇ ਰਿਸਪਾਂਸੇਬਿਲਟੀ ਹੈ ਪਰ ਉਨ੍ਹਾਂ ਨੇ ਚੰਗੇ ਸੁਝਾਓ ਨਹੀਂ ਰੱਖੇ । ਕੋਆਪਰੇਟਿਵ ਦੀਆਂ ਗੱਲਾਂ ਵੀ ਕਹਦੇ ਰਹੇ ਅਤੇ ਕਈਆਂ ਨੇ ਖੁਲ੍ਹ ਕੇ ਵੀ ਗੱਲ ਕੀਤੀ । ਪਿਛਲੇ ਤਿੰਨ ਸਾਲਾਂ ਵਿਚ, ਪੰਜਾਬ ਵਿਚ, ਸਹਿਕਾਰਤਾ ਲਹਿਰ ਨੇ ਬੜੀ ਤਰੱਕੀ ਕੀਤੀ ਹੈ ਪਰ ਸਾਹਨੀ ਸਾਹਿਬ ਦੀ ਸਪੀਚ ਮੈਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸੁਣ ਰਿਹਾ ਸੀ ਅਤੇ ਮੈਨੂੰ ਅਫਸੋਸ ਹੈ ਕਿ ਉਹ ਬਟਾਲੇ ਤੋਂ ਉਪਰ ਨਹੀਂ ਉਠੇ । ਇੰਡਸਟਰੀ ਦੀ ਗੱਲ ਕਰੀਏ । ਸਪੀਕਰ ਸਾਹਿਬ, ਇਹ ਗੱਲ ਜ਼ਰੂਰੀ ਹੈ ਕਿ ਜਦੋਂ ਅਸੈਂਬਲੀ ਦੇ ਅੰਦਰ ਗੱਲ ਕਰੀਏ ਤਾਂ ਸਾਰੇ ਪੰਜਾਬ ਦੀ ਗੱਲ ਕਰੀਏ । ਇੰਡਸਟਰੀ ਦੇ ਅੰਦਰ ਐਗਰੋ ਇੰਡਸਟਰੀ ਦੀ ਗੱਲ ਵੀ ਇਥੇ ਹੋਈ ਹੈ । ਇੰਡਸਟਰੀ ਵਿਚ ਬੜੇ ਵੱਡੇ-ਵੱਡੇ ਕਾਰਖਾਨੇ ਲੱਗੇ ਹਨ । ਮਾਰਕਫੈੱਡ ਨੈ, ਘਿਉ ਦੀ ਮਿੱਲ ਹੈ, ਸ਼ੂਗਰ ਮਿੱਲਾਂ ਹਨ । ਇਹ ਸਾਰੀਆਂ ਮਿੱਲਾਂ ਇੰਡਸਟਰੀ ਨਾਲ ਸਬੰਧ ਰੱਖਦੀਆਂ ਹਨ । ਮੈਂ ਇਹ ਗੱਲ ਜ਼ਰੂਰ ਖੁਲ੍ਹ ਕੇ ਕਹਾਂਗਾ ਕਿ ਜ਼ੀਰਾ ਸਾਹਿਬ, ਇਥੇ ਕੁੱਰਪਸ਼ਨ ਦੀ ਗੱਲ ਕਰ ਰਹੇ ਸਨ । ਬੈਂਕਾਂ ਦੇ ਅੰਦਰ ਕੁਰੱਪਸ਼ਨ ਹੋਈ ਹੈ ਪਰ ਬੈਂਕਾਂ ਦੇ ਅੰਦਰ ਤੁਸੀਂ, ਸਪੀਕਰ ਸਾਹਿਬ, ਅੰਦਾਜ਼ਾ ਲਗਾਉ ਕਿ 29% ਰਿਕਵਰੀ ਹੋਈ ਹੈ । ਬਟਾਲੇ ਦੀ ਗੱਲ ਸਾਹਨੀ ਸਾਹਿਬ ਨੇ ਕੀਤੀ । ਸਪੀਕਰ ਸਾਹਿਬ, 1986 ਵਿਚ ਮੈਂ ਬਟਾਲੇ ਦੇ ਅੰਦਰ ਗਿਆ ਸੀ । 1986 ਵਿਚ ਲੋਕਾਂ ਨੂੰ ਆਪਣੀ ਜਾਨ ਦਾ ਪਤਾ ਨਹੀਂ ਲਗਦਾ ਸੀ ਕਿ ਰਹੇਗੀ ਜਾਂ ਨਹੀਂ ਰਹੇਗੀ । ਉਸ ਵੇਲੇ ਅਕਾਲੀਆਂ ਦੀ ਸਰਕਾਰ ਸੀ ਅਤੇ ਮੁੱਖ ਮੰਤਰੀ ਬਰਨਾਲਾ ਸਾਹਿਬ ਸਨ । ਉਨ੍ਹਾਂ ਨੂੰ ਬਟਾਲੇ ਵਿਚ ਘੇਰਾ ਪਾਇਆ ਹੋਇਆ ਸੀ । ਟਰੈਕਟਰ ਖੜ੍ਹੇ ਹੋਏ ਸਨ, ਸਿਰਫ ਦੁੱਧ ਸਬਜ਼ੀ ਜਾਣ ਦਿੰਦੇ ਸਨ । ਉਸ ਵੇਲੇ ਸਾਡੀ ਪਾਰਟੀ ਨੇ ਵੈੱਲ ਆਫ ਦੀ ਹਾਊਸ ਵਿਚ ਧਰਨਾ ਦਿੱਤਾ ਸੀ ਅਤੇ, ਸਪੀਕਰ ਸਾਹਿਬ, ਤੁਸੀਂ ਵੀ ਉਸ ਵਿਚ ਸ਼ਾਮਲ ਸੀ । ਉਸ ਤੋਂ ਬਾਅਦ ਘੇਰਾ ਟੁੱਟਿਆ ਪਰ ਇਸ ਗੱਲ ਨੂੰ ਇਹ ਭੁਲ ਜਾਂਦੇ ਹਨ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਗੱਲ ਨੂੰ ਭੁਲਾਉਣਾ ਨਹੀਂ ਚਾਹੀਦਾ । ਅਸੀਂ ਤਿੰਨ ਸਾਲਾਂ ਦੇ ਥੋੜ੍ਹੇ ਜਿਹੇ ਸਮੇਂ ਵਿਚ ਹਰ ਸਫੀਅਰ ਦੇ ਅੰਦਰ ਸੁਧਾਰ ਕੀਤਾ ਹੈ । ਅਸੀਂ ਇਹ ਕਲੇਮ ਤਾਂ ਨਹੀਂ ਕਰਦੇ ਕਿ ਅਸੀਂ ਬਹੁਤ ਕੁਝ ਕੀਤਾ ਹੈ । ਅਸੀਂ ਆਪਣੀ ਵਡਿਆਈ ਲੈਣ ਨੂੰ ਤਿਆਰ ਨਹੀਂ ਹਾਂ । ਅਸੀਂ ਹਰ ਤਰ੍ਹਾਂ ਦੇ ਨਾਲ ਯਤਨ ਕੀਤਾ ਹੈ ਕਿ ਪੰਜਾਬ ਦੇ ਲੋਕਾਂ ਦੇ ਜ਼ਖਮਾਂ ਨੂੰ ਮਲ੍ਹਮ ਪੱਟੀ ਲਾ ਸਕੀਏ । ਸਪੀਕਰ ਸਾਹਿਬ, ਬਟਾਲੇ ਦੇ ਅੰਦਰ ਮੈਂ ਇਕ ਵਾਰ ਫੇਰ ਗਿਆ ਜਦੋਂ ਉਥੇ 36 ਆਦਮੀ ਮਾਰ ਦਿੱਤੇ ਗਏ ਸਨ । ਬਟਾਲੇ ਦੇ ਸ਼ਮਸ਼ਾਨ ਘਾਟ ਹਨ, ਉਥੇ ਵੀ ਗਿਆ, ਹਸਪਤਾਲ ਦੇ ਅੰਦਰ ਵੀ ਗਿਆ । ਸਾਹਨੀ ਸਾਹਿਬ, ਜਾਣਦੇ ਹਨ ਕਿ ਕਿਤਨੇ ਬੰਦੇ ਉਦੋਂ ਜ਼ਖਮੀ ਹੋਏ । ਇੰਡਸਟਰੀ ਪੰਜਾਬ ਦੇ ਅੰਦਰ, ਬਟਾਲੇ ਦੇ ਅੰਦਰ ਚਾਲੂ ਹੋਈ ਹੈ । ਬਟਾਲੇ ਦੇ ਲੋਕ ਕੰਮ ਕਰਨ ਵਾਲੇ ਹਨ, ਉਥੇ ਬੜੀ ਭਾਰੀ ਤਰੱਕੀ ਹੋਈ ਹੈ । ਸਮਾਲ ਸਕੇਲ ਇੰਡਸਟਰੀ ਲੜਖੜਾਉਂਦੀ ਹੋਈ ਦੋਬਾਰਾ ਕਾਇਮ ਹੋਈ ਹੈ । ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਬੈਂਕ ਵੀ ਲੁੱਟੇ ਗਏ । ਅੱਜ ਤਾਂ ਕਹਿੰਦੇ ਹਨ ਕਿ ਬੈਂਕਾਂ ਦੇ ਅੰਦਰ ਕੁੱਰਪਸ਼ਨ ਹੈ । ਬੈਂਕਾਂ ਦੇ ਅੰਦਰ ਡਾਕੇ ਪਏ । ਉਸ ਸਮੇਂ ਦੇ ਅੰਦਰ ਅੱਤਵਾਦੀ ਕਮਰਸ਼ੀਅਲ ਬੈਂਕਾਂ ਨੂੰ, ਕੋਆਪਰੇਟਿਵ ਬੈਂਕਾਂ ਨੂੰ ਲੁੱਟਦੇ ਰਹੇ । ਉਸ ਵੇਲੇ ਬਰਨਾਲਾ ਸਾਹਿਬ ਦੀ ਸਰਕਾਰ ਸੀ ਅਤੇ ਉਹ ਉਸ ਵਿਚੋਂ ਹਿੱਸਾ ਲੈਂਦੇ ਰਹੇ । (ਥੰਪਿੰਗ) ਮੈਨੂੰ ਦੱਸਿਆ ਗਿਆ ਕਿ ਜਦੋਂ ਮੈਂ ਬਟਾਲੇ ਗਿਆ ਕਿ ਵਜ਼ੀਰਾਂ ਚੁੀਆਂ ਗੱਡੀਆਂ ਵਿਚ ਅੱਤਵਾਦੀ ਘੁੰਮਦੇ ਹਨ । ਸੋ, ਸਪੀਕਰ ਸਾਹਿਬ, ਸਾਨੂੰ ਕੋਈ ਐਸਾ ਕੋਡ ਆਫ ਕੰਡਕਟ ਬਣਾਉਣਾ ਚਾਹੀਦਾ ਹੈ ਤਾਂ ਕਿ ਅਸੀਂ ਦੱਸ ਸਕੀਏ ਕਿ ਅਸੀਂ ਡੈਮੋਕਰੇਸੀ ਚਾਹੁੰਦੇ ਹਾਂ, ਪੀਸ ਚਾਹੁੰਦੇ ਹਾਂ ਅੌਰ ਹੋਰ ਕੋਈ ਗੱਲ

Original with;
Punjab Vidhan Sabha
Digitized by;

ਜਿਹੜੀ ਗਲਤ ਹੋਵੇ, ਨਹੀਂ ਚਾਹੁੰਦੇ । ਅਸੀਂ ਇਹੋ ਜਿਹੇ ਹਾਲਾਤ ਅੰਦਰ ਆਏ । ਮੈਂ ਇਕ 'ਇਕਨਾਮਿਕ ਟਾਈਮਜ਼' ਅਖਬਾਰ ਦੀ ਕੋਟੇਸ਼ਨ ਦੇਣੀ ਚਾਹੁੰਦਾ ਹਾਂ । ਇਹ ਅਖਬਾਰ ਇਕਨਾਮਿਕਸ ਦੀਆਂ ਗੱਲਾਂ ਕਰਦਾ ਹੈ, ਉਸ ਦਾ ਇਕ ਹੋਰ ਛੋਟਾ ਜਿਹਾ ਅਖਬਾਰ ਨਿਕਲਦਾ ਹੈ, ਜ਼ਮੀਮਾ ਕਹਿ ਲਓ, ਕੁਝ ਕਹਿ ਲਓ "ਬਿਜ਼ਨਸ ਇਨ ਨਾਰਥ ਇੰਡੀਆ ।" ਮੈਂ ਉਸ ਵਿਚੋਂ ਕੋਟ ਕਰਨਾ ਚਾਹੁੰਦਾ ਹਾਂ। ਮੈਨੂੰ ਕੋਈ ਸ਼ੌਕ ਨਹੀਂ ਇਸ ਗੱਲ ਦਾ, ਇਸ ਲਈ ਕੋਟ ਨਹੀਂ ਕਰਨ ਲੱਗਾ ਕਿ ਕੀ ਹਾਲਾਤ ਪੰਜਾਬ ਦੇ ਸਨ ਅਤੇ ਇਸ ਦੇ ਬਾਅਦ ਕੀ ਹੋਇਆ । ਸਪੀਕਰ ਸਾਹਿਬ, ਉਹ ਅਖਬਾਰ ਇਹ ਲਿਖਦਾ ਹੈ, 2-3 ਦਿਨ ਹੋਏ, ਇਹ ਅਖਬਾਰ ਵਿਚ ਗੱਲ ਛਪੀ ਹੈ ਕਿ—

"Three years ago, Punjab Presented a dismal picture. With militancy still at its peak, there was a panicky flight of capital" ਪੈਨਾ ਜਿਹੜਾ ਹੈ, ਉਹ ਬਾਹਰ ਜਾ ਰਿਹਾ ਸੀ' with many businessmen quietly shifting their company's offices out of the state. The state had become an area of industrial darkness with several units having upped their shutters and entrepreneurs adopting a wait-and-watch policy." ਬਾਹਰ ਜਾਣ ਦੀ ਕੋਸ਼ਿਸ਼ ਕਰ ਰਹੇ ਸਨ "Today, however, with the decade long turmoil over and militancy having taken the back seat, Punjab has once again come alive economically." (thumping) "The dark clouds have lifted and business is booming, with all-round revival of economic development." (thumping.) "The boom in real estate prices is visible, agricultural production is on the up-swing and the pace of investments in the industrial sector has accelerated. While much of the credit goes to this government" (thumping) "which in a span of three years has been instrumental in bringing near normal situation, it is however, the grit and determination of the people of Punjab to excel in every field which has helped transform the situation and put the economy back on the rails."

ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਮੈਂ 2-3 ਗੱਲਾਂ ਇੰਡਸਟਰੀ ਤੇ ਕਹਿਣਾ ਚਾਹੁੰਦਾ ਹਾਂ, ਅੱਰ ਮੈਂ ਇਹ ਤੁਹਾਨੂੰ ਦੱਸ ਕੇ ਖੁਸ਼ੀ ਪ੍ਰਗਟ ਕਰਦਾ ਹਾਂ ਕਿ ਸਾਡੀ . .

EXTENSION OF TIME OF THE SITTING

ਸ਼੍ਰੀ ਸਪੀਕਰ: ਮੁੱਖ ਮੰਤਰੀ ਜੀ, ਹਾਊਸ ਦਾ ਰੋੜਾ ਸਮਾਂ ਵਧਾ ਦੇਈਏ ?

ਮੁੱਖ ਮੰਤਰੀ: ਕੋਈ ਜ਼ਿਆਦਾ ਵਧਾਉਣ ਦੀ ਲੋੜ ਨਹੀਂ । ਮੈਂ ਥੋੜ੍ਹਾ ਹੀ ਬੋਲਣਾ ਹੈ ।

Mr. Speaker: Is it the pleasure of the House that the time of the sitting may be extended till the Demands are passed?

(*Voices*: Yes, yes)

Mr. Speaker. The time of the sitting of the House is extended till the Demands are passed.

Original with;
Punjab Vidhan Sabha
Digitized by;
Punjab Digi

DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 1995-96 (*Resumption*)

ਮੁੱਖ ਮੰਤਰੀ: ਸਪੀਕਰ ਸਾਹਿਬ, ਏਥੇ ਜ਼ਿਕਰ ਬੜਾ ਚਲਿਆ ਕਿ ਇੰਡਸਟਰੀ ਨੇ ਕੋਈ ਤਰੱਕੀ ਨਹੀਂ ਕੀਤੀ । ਮੈਂ ਦੱਸਦਾ ਹਾਂ ਕਿ ਅੱਜ ਜੋ ਗਰੋਥ ਹੋਈ ਹੈ ਇੰਡਸਟਰੀ ਦੀ ਉਹ 8% ਹੈ ਅੱਰ ਇਹ ਕਈ ਯੂਰਪੀਨ ਕੰਟਰੀਜ਼ ਤੋਂ ਜ਼ਿਆਦਾ ਹੈ । ਜੋ ਸਾਡਾ ਡੋਮੈਸਟਿਕ ਪ੍ਰੋਡਕਟ ਹੈ, ਉਸ ਦਾ ਨੈਸ਼ਨਲ ਰੇਟ 2) % ਹੈ ਅਤੇ ਸਾਡਾ ਰੇਟ 17.75% ਹੈ, ਇਹ ਕਿੱਡੀ ਵੱਡੀ ਗੱਲ ਹੈ । ਇੰਡਸਟਰੀ ਦੇ ਅੰਦਰ ਪੰਜਾਬ ਜਿਹੜਾ ਪਹਿਲਾਂ 13 ਵੀਂ ਪੁਜ਼ੀਸ਼ਨ ਤੇ ਸੀ. ਉਹ ਹੁਣ ਤੀਸਰੀ ਪੁਜ਼ੀਸ਼ਨ ਤੇ ਆ ਚੁਕਾ ਹੈ । ਮਹਾਂ ਰਾਸ਼ਟਰ, ਗੁਜਰਾਤ ਅਤੇ ਫੇਰ ਪੰਜਾਬ । ਤੁਸੀਂ ਅੰਦਾਜ਼ਾ ਲਗਾਓ । ਮੇਰੇ ਦੋਸਤ ਕਹਿੰਦੇ ਹਨ, ਏਥੇ ਜੋਧਾਂ ਸਾਹਿਬ ਬੋਲ ਰਹੇ ਸਨ, ਇਹ ਵੈਸਟ ਬੰਗਾਲ ਦੀ ਗੱਲ ਤਾਂ ਕਰਨ । ਏਥੇ ਜਯੋਤੀ ਬਾਸੂ ਨੇ ਆਉਣਾ ਹੈ, ਇਹ ਉਨ੍ਹਾਂ ਨੂੰ ਪੁੱਛਣ ।ਕਿ ਵੈਸਟ ਬੰਗਾਲ ਨੇ ਕਿਸ ਤਰ੍ਹਾਂ ਤਰੱਕੀ ਕੀਤੀ ਹੈ, ਉਥੇ ਕਿਸ ਕਿਸ ਨੇ ਕਾਰਖਾਨੇ ਲਾਏ ਹਨ । ਸਾਥੀ ਸਾਹਿਬ ਨੇ ਕਿਹਾ ਹੈ ।ਕਿ ਮੈਂ ਪੜ੍ਹ ਕੇ ਆਇਆ ਹਾਂ । ਮੈਨੂੰ ਨਹੀਂ ਲੱਗਦਾ, ਜੇ ਪੜ੍ਹ ਕੇ ਆਇਆ ਹੁੰਦਾ ਤਾਂ ਕੋਈ ਤਾਂ ਗੱਲਾਂ ਕੰਮ ਦੀਆਂ ਆਖਦਾ । ਕੰਮ ਦੀ ਕੋਈ ਗੱਲ ਨਹੀਂ ਆਖੀ ....। ਮੈਂ ਦੇਖਿਆ ਹੈ ਕਿ ਕੰਮ ਦੀਆਂ ਗੱਲਾਂ ਤਾਂ ਇਹ ਕਰਦੇ ਨਹੀਂ । ਇਹ ਕਹਿੰਦੇ ਹਨ ਕਿ ਮੈਂ ਬਜਟ ਸਪੀਚ ਪੜ੍ਹੀ ਹੈ ਪਰ ਮੈਨੂੰ ਇਸ ਤੇ ਸ਼ੱਕ ਹੈ ਕਿਉਂਕਿ ਟਾਈਮ ਤਾਂ ਇਨ੍ਹਾਂ ਕੋਲ ਹੁੰਦਾ ਨਹੀਂ । ਸ਼ਾਮ ਨੂੰ ਪਤਾ ਨਹੀਂ ਇਹ ਕਿਹੜੇ ਕੰਮਾਂ ਵਿਚ ਗੁਲਤਾਨ ਹੋ ਜਾਂਦੇ ਹਨ ।

ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ 17 ਹੋਰ ਫੋਕਲ ਪੁਆਇੰਟ ਬਣਾਉਣੇ ਹਨ । ਇਥੇ ਕਿਹਾ ਗਿਆ ਕਿ ਜਿਹੜੀ ਛੋਟੀ ਇੰਡਸਟਰੀ ਹੈ, ਉਸ ਨੂੰ ਉਤਸ਼ਾਹ ਨਹੀਂ ਮਿਲਿਆ । ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ 1 ਲੱਖ 25 ਹਜ਼ਾਰ ਨਵੇਂ ਯੂਨਿਟ ਸਮਾਲ ਸਕੇਲ ਇੰਡਸਟਰੀ ਦੇ ਅੰਦਰ ਲੱਗੇ ਹਨ । ਫਿਰ ਐਕਸਪੋਰਟ ਵੀ ਬਹੁਤ ਹੋਈ । ਹੋਜ਼ਰੀ ਐਕਸਪੋਰਟ ਹੋਈ । 2,900 ਕਰੋੜ ਰੁਪਏ ਦੀ ਐਕਸਪੋਰਟ ਹੋਈ ਜਿਹੜੀ ਕਿ ਆਲ ਟਾਈਮ ਰਿਕਾਰਡ ਹੈ । ਅਸੀਂ ਪਹਿਲਾਂ ਵੀ ਕੋਸ਼ਿਸ਼ ਕੀਤੀ ਹੈ ਅਤੇ ਹੁਣ ਵੀ ਕੋਸ਼ਿਸ਼ ਕਰ ਰਹੇ ਹਾਂ ਕਿ ਲੁਧਿਆਣੇ ਦੇ ਅੰਦਰ 2 000 ਏਕੜ ਜ਼ਮੀਨ ਲੈ ਕੇ ਇੰਡਸਟਰੀਅਲ ਪਾਰਕ ਬਣਾਇਆ ਜਾਵੇ । ਉਥੇ ਛੋਟੀ ਇੰਡਸਟਰੀ ਲਗਾ ਰਹੇ ਹਾਂ । ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਇਸ ਦੇ ਵਾਸਤੇ ਬੈਂਕਾਂ ਤੋਂ ਕਰਜ਼ੇ ਦਾ ਵੀ ਨੀਕ ਪ੍ਰਬੰਧ ਕੀਤਾ ਜਾਵੇ । ਇਥੇ ਬਿਲਕੁਲ ਗਲਤ ਗੱਲਾਂ ਕਹਿਣੀਆਂ ਠੀਕ ਨਹੀਂ ਹੈ । ਇਥੇ ਕਿਹਾ ਗਿਆ ਕਿ ਪੀ. ਐਫ. ਸੀ. ਦਾ ਕਰਜ਼ਾ ਘਟ ਜਾਂਦਾ ਹੈ । ਮੈਂ ਪੁੱਛਦਾ ਹਾਂ ਕਿ ਪੈਸਾ ਕਿਸ ਦਾ ਜਾਂਦਾ ਹੈ। ਬੈਂਕਾਂ ਦਾ ਜ਼ਰਾ ਹਿਸਾਬ ਕਿਤਾਬਲਾ ਕੇ ਵੇਖੋ ਤਾਂ ਸਹੀ । ਮੈਨੂੰ ਮਿੱਤਲ ਸਾਹਿਬ ਦੀ ਗੱਲ ਦਾ ਅਫਸੋਸ ਹੈ ! ਉਹ ਸਿਆਣੇ ਹਨ ਲੇਕਿਨ ਇਹੋ ਜਿਹੀਆਂ ਗੱਲਾਂ ਕਹਿਣੀਆਂ ਚਾਹੀਦੀਆਂ ਹਨ, ਜਿਸ ਨਾਲ ਸਾਨੂੰ ਵੀ ਪਤਾ ਲੱਗੇ ਕਿ ਠੀਕ ਸੁਝਾਓ ਦਿੱਤੇ ਹਨ । ਮੈਨੂੰ ਇਸ ਗੱਲ ਦਾ ਦੁੱਖ ਹੈ । ਪਿਛੇ ਜਿਹੇ ਗੱਲ ਚੱਲੀ ਅਤੇ ਕਿਹਾ ਗਿਆ ਕਿ ਰੋਪੜ ਦੇ ਅੰਦਰ ਐਸੀ ਗੱਲ ਹੋ ਗਈ । ਸਾਨੂੰ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਜਿਹੜੇ ਜ਼ਰੂਰੀ ਸਬਜੈਕਟਸ ਹਨ, ਉਨ੍ਹਾਂ ਤੇ ਜ਼ਰੂਰ ਬੋਲਣਾ ਚਾਹੀਦਾ ਅਤੇ ਚੰਗੇ ਸੁਝਾਅ ਦੇਣੇ ਚਾਹੀਦੇ ਹਨ। ਇਸ ਦੇ ਨਾਲ ਹੀ ਸਾਡੀ ਗੱਲ ਨੂੰ ਵੀ ਇਨ੍ਹਾਂ ਨੂੰ ਸੁਣਨਾ ਚਾਹੀਦਾ ਹੈ ।

Original with;
Punjab Vidhan Sabha
Digitized by;
Punjab Digital Library

ਮੈਂ ਕਹਿ ਰਿਹਾ ਸੀ ਕਿ ਅਸੀਂ ਇੰਡਸਟਰੀਅਲ ਪਾਰਕ ਬਣਾਉਣਾ ਹੈ ਅਤੇ ਅਸੀਂ ਬੈਂਕਾਂ ਤੋਂ ਇਸ ਵਾਸਤੇ ਕਰਜ਼ਾ ਲੈ ਕੇ ਵੀ ਦੇਣਾ ਹੈ। ਟੈਕਨਾਲੋਜੀ ਵੀ ਮੁਹੱਈਆ ਕਰ ਰਹੇ ਹਾਂ ਤਾਂ ਕਿ ਲੋਕ ਸਿੱਖ ਸਕਣ। ਸਾਡੀ ਕੋਸ਼ਿਸ਼ ਹੈ ਕਿ ਜਿਹੜੇ ਬੈਨੀਫੀਸ਼ੀਅਰੀ ਹੋਣ, ਉਨ੍ਹਾਂ ਨੂੰ ਅਸੀਂ ਸਾਰੀਆਂ ਸਹੂਲਤਾਂ ਦੇਈਏ। ਉਨ੍ਹਾਂ ਨੂੰ 'ਵੰਨ ਵਿੰਡੋ ਸਰਵਿਸ' ਦੇਈਏ। ਅੱਜ ਇੰਡਸਟਰੀ ਪੰਜਾਬ ਵਿਚ ਕਿਉਂ ਪੈੜੀ ਆ ਰਹੀ ਹੈ ? ਇਸ ਕਰਕੇ ਕਿ ਪੰਜਾਬ ਅੰਦਰ ਇਨਫਰਾਸਟਰੱਕਚਰ ਬਾਕੀ ਸਾਰੇ ਹਿਦੁੰਸਤਾਨ ਨਾਲੋਂ ਚੰਗਾ ਹੈ। ਅਸੀਂ ਜਿਹੜੇ ਵੀ ਫੋਕਲ ਪੁਆਇੰਟ ਬਣਾਉਂਦੇ ਹਾਂ ਉਨ੍ਹਾਂ ਦੇ ਅੰਦਰ ਸੜਕਾਂ, ਬਿਜਲੀ ਅਤੇ ਪਾਣੀ ਦਾ ਠੀਕ ਬੰਦੋਬਸਤ ਕਰਦੇ ਹਾਂ। ਇਸੇ ਕਰਕੇ ਉਥੇ ਪਲਾਟ ਵਿਕਦੇ ਹਨ। ਅਸੀਂ 13 ਹੋਰ ਨਵੇਂ ਫੋਕਲ ਪੁਆਇੰਟ ਬਣਾ ਕੇ ਰੱਖਾਂਗੇ (ਬੰਪਿੰਗ) ਇਥੇ ਕਈ ਵਾਰ ਗੱਲ ਚਲਦੀ ਰਹੀ ਕਿ ਵੱਡੇ ਵੱਡੇ ਲੋਕਾਂ ਨੂੰ ਪਲਾਟ ਦਿੱਤੇ ਹਨ। ਹਾਊਸ ਦੇ ਅੰਦਰ ਵੀ ਅਤੇ ਬਾਹਰ ਵੀ ਕਈ ਕਿਸਮ ਦੀਆਂ ਗੱਲਾਂ ਹੁੰਦੀਆਂ ਹਨ। ਕਈ ਵਾਰੀ ਕਿਹਾ ਜਾਂਦਾ ਹੈ ਕਿ ਇਥੇ ਹੈਵੀ ਇੰਡਸਟਰੀ ਲਾਉਣੀ ਹੈ ਅਤੇ ਕਈ ਵਾਰੀ ਕਿਹਾ ਜਾਂਦਾ ਹੈ ਕਿ ਹੈਵੀ ਇੰਡਸਟਰੀ ਨਹੀਂ ਲਾਉਣੀ ਹੈ। ਕਦੀ ਕਿਹਾ ਜਾਂਦਾ ਹੈ ਕਿ ਇਥੇ ਹੈਵੀ ਨਹੀਂ, ਛੋਟੀ ਇੰਡਸਟਰੀ ਲਾਉ। ਮੈਂ ਤਾਂ ਇਹ ਕਹਿੰਦਾ ਹਾਂ ਕਿ ਇੰਡਸਟਰੀ ਉਹ ਚੰਗੀ ਹੁੰਦੀ ਹੈ ਜਿਹੜੀ ਹੈਵੀ ਵੀ ਹੋਵੇ, ਮੀਡੀਅਮ ਵੀ ਹੋਵੇ, ਅਤੇ ਸਮਾਲ ਸਕੇਲ ਵੀ ਹੋਵੇ। ਬੜੀ ਭਾਰੀ ਮੀਡੀਅਮ ਇੰਡਸਟਰੀ ਵੀ ਇਥੇ ਆਈ। ਮੈਂ ਕਿਸ ਕਿਸ ਦਾ ਨਾਂ ਲਵਾਂ ਗੁਜਰਾਤ ਅੰਬੂਜਾ ਵਾਲੇ ਰੋਪੜ ਦੇ ਕੋਲ ਸੀਮਿੰਟ ਦਾ ਪਲਾਂਟ ਲਗਾ ਰਹੇ ਹਨ। ਇਸੇ ਤਰ੍ਹਾਂ ਏ.ਸੀ.ਸੀ. ਨੇ ਵੀ ਬਠਿੰਡੇ ਦੇ ਅੰਦਰ ਆਪਣਾ ਕਾਰਖਾਨਾ ਲਾਉਣਾ ਸ਼ੁਰੂ ਕੀਤਾ ਹੈ। ਇਹ ਸਾਡੀ ਹੀ ਸਰਕਾਰ ਹੈ, ਜਿਸ ਨੇ ਬਠਿੰਡੇ ਦੇ ਅੰਦਰ ਟੈਕਸਟਾਇਲ ਸਿਟੀ ਬਣਾਉਣ ਦਾ ਫੈਸਲਾ ਕੀਤਾ ਹੈ। ਇਥੇ ਹੀ ਇਕ ਜਰਮਨ ਫਰਮ ਮੀਡੀਅਮ ਡੈਨਸਿਟੀ ਫਾਈਬਰ ਦਾ ਕਾਰਖਾਨਾ ਲਗਾ ਰਹੀ ਹੈ। ਇਸ ਦੀ ਕਾਸਟ ਪਤਾ ਹੈ, ਕੀ ਹੈ 192 ਕਰੋੜ ਰੁਪਏ ! ਬੜੀਆਂ ਭਾਰੀਆਂ ਭਾਰੀਆਂ ਫੈਕਟਰੀਆਂ ਇਥੇ ਲੱਗ ਰਹੀਆਂ ਹਨ। ਕਿਉਂ ? ਇਸ ਕਰਕੇ ਕਿ ਬੇਮਿਸਾਲ ਪੰਜਾਬ ਦੇ ਅੰਦਰ ਅੱਜ ਸ਼ਾਂਤੀ ਹੈ, ਪੀਸ ਹੈ, ਅਗਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਮੈਂ ਦਾਅਵੇ ਦੇ ਨਾਲ ਕਹਿੰਦਾ ਹਾਂ ਕਿ ਸਾਡੀ ਇੰਡਸਟਰੀ ਜਿਹੜੀ ਹੈ, ਉਹ ਜ਼ਰੂਰ ਤਰੱਕੀ ਕਰਦੀ ਚਲੀ ਜਾਵੇਗੀ। ਮੈਂ ਇਸ ਗੱਲ ਦਾ ਸਪੀਕਰ ਸਾਹਿਬ, ਭਾਰ ਬਾਰ ਜ਼ਿਕਰ ਕੀਤਾ ਹੈ ਕਿ ਐਗਰੀਕਲਚਰ ਸਾਡੀ ਪੀਕ ਤੇ ਪਹੁੰਚ ਗਈ ਹੈ। ਮੈਂ ਅੱਗੇ ਵੀ ਕਿਹਾ ਸੀ ਅਤੇ ਅੱਜ ਵੀ ਕਹਿਣਾ ਚਾਹੁੰਦਾ ਹਾਂ, ਰਿਪੀਟ ਕਰਨਾ ਚਾਹੁੰਦਾ ਹਾਂ ਕਿ ਅਸੀਂ ਇਸ ਇੰਡਸਟਰੀ ਦੇ ਅੰਦਰ 12% ਗਰੋਥ ਰੇਟ ਲਿਆਉਣਾ ਹੈ ਅੱਰ ਇੰਨਾ ਗਰੋਥ ਰੇਟ ਤਾਂ ਹੀ ਲਿਆ ਸਕਾਂਗੇ ਅਗਰ ਜਿਹੜੇ ਮੈਂ ਪੁਆਇੰਟ ਆਖੇ ਹਨ, ਉਨ੍ਹਾਂ ਤੇ ਅਸੀਂ ਅਮਲ ਕਰਾਂਗੇ। ਅਸੀਂ 15% ਖੇਤੀ ਤੇ ਭਾਰ ਘਟਾ ਕੇ ਇੰਡਸਟਰੀ ਤੇ ਲਿਆਉਣਾ ਚਾਹੁੰਦੇ ਹਾਂ। ਅਸੀਂ ਅੱਜ ਇੰਡਸਟਰੀਅਲ ਰੈਵੋਲਿਊਸ਼ਨ ਦੀ ਗੱਲ ਕਰਦੇ ਹਾਂ। ਜੇਕਰ ਏਥੇ ਇੰਡਸਟਰੀ ਰੈਵੋਲਿਊਸ਼ਨ ਆਵੇਗਾ ਤਾਂ ਅਸੀਂ ਕਹਾਂਗੇ ਕਿ ਸਾਡਾ ਸਟੈਂਡਰਡ ਆਫ ਲਿਵਿੰਗ ਹੋਰ ਉੱਚਾ ਹੋਇਆ ਹੈ ਅਤੇ ਅਸੀਂ ਉਸ ਅੱਤਵਾਦ ਤੋਂ ਹੋਰ ਦੂਰ ਹੋਵਾਂਗੇ ਜਿਸ ਨੇ ਕਈ ਸਾਲ ਸਾਨੂੰ ਸੂਲੀ ਤੇ ਟੰਗਿਆ ਹੋਇਆ ਸੀ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਬੜੀਆਂ ਗੱਲਾਂ ਅਖਬਾਰਾਂ ਵਿੱਚ ਆਉਂਦੀਆਂ ਹਨ। ਮੈਂ ਪਹਿਲਾਂ ਵੀ ਕਈ ਵਾਰ ਇਹ ਗੱਲ ਕਹੀ ਸੀ ਅੱਰ ਜਦੋਂ ਡੀਬੇਟ ਹੋ ਰਹੀ ਸੀ ਤਾਂ ਉਦੋਂ

Original with;
Punjab Vidhan Sabha
Digitized by;
Punjab Digital Library

[ਮੁੱਖ ਮੰਤਰੀ]

ਵੀ ਮੈਂ ਇੰਟਰਵੀਨ ਕਰਦੇ ਹੋਏ ਇਹ ਗੱਲ ਆਖੀ ਸੀ ਕਿ ਤਿੰਨ ਪਹਿਲੂ ਹਨ, ਜਿਨ੍ਹਾਂ ਤੇ ਅੱਜ ਮੈਂ ਬੋਲਦਾ ਹਾਂ। ਇਕ ਪਹਿਲੂ ਪੁਲੀਟੀਕਲ, ਦੂਸਰਾ ਪਹਿਲੂ,ਇਕਨਾਮਿਕ ਔਰ ਤੀਸਰਾ ਰਿਲੀਜੀਅੱਸ ਪਹਿਲੂ ਹੈ। ਮੈਂ ਇਹ ਗੱਲ ਕਹਿ ਸਕਦਾ ਹਾਂ ਕਿ ਜੇਕਰ ਅਸੀਂ ਪੁਲੀਟੀਕਲੀ ਇਕ ਦੂਜੇ ਨੂੰ ਤੰਗ ਕਰਨ ਵਾਸਤੇ ਕੰਮ ਕਰੀਏ ਤਾਂ ਸਾਡੀ ਸ਼ਾਨ ਨਹੀਂ ਬਣਦੀ ਲੇਕਿਨ ਸਾਨੂੰ ਇਕਨਾਮਿਕ ਪਹਿਲੂ ਦੇਖਣਾ ਪੈਂਦਾ ਹੈ ਕਿ ਸਾਡੀ ਜੇਬ ਵਿੱਚ ਪੈਸੇ ਕਿੰਨੇ ਹਨ। ਸਰਕਾਰ ਨੂੰ ਦੇਖਣਾ ਪੈਂਦਾ ਹੈ ਕਿ ਅਸੀਂ ਸਟੇਟ ਨੂੰ ਚਲਾ ਸਕਦੇ ਹਾਂ ਜਾਂ ਨਹੀਂ। ਲੇਕਿਨ ਇਸ ਤੋਂ ਵੱਧ ਕੇ ਗੱਲ ਇਹ ਹੈ ਕਿ ਇਹ ਜੋ ਕਤਲ ਪੰਜਾਬ ਵਿੱਚ ਹੁੰਦੇ ਰਹੇ ਹਨ ਉਨ੍ਹਾਂ ਪਿੱਛੇ ਗੱਲ ਹੋਰ ਨਿਕਲਦੀ ਸੀ ਲੇਕਿਨ ਕਿਹਾ ਜਾਂਦਾ ਸੀ ਕਿ ਇਹ ਸਾਡੇ ਜਜ਼ਬਾਤ ਨੇ। ਕਈ ਲੋਕ ਆਪਣੇ ਨਸ਼ੇ ਵਿੱਚ ਸਨ, ਉਨ੍ਹਾਂ ਕਿਹਾ ਕਿ ਸਾਡਾ ਧਰਮ ਵਿਗੜਦਾ ਹੈ, ਅਸੀਂ ਧਰਮ ਦੇ ਨਾਂ ਤੇ ਕਤਲ ਕਰਦੇ ਹਾਂ ਲੇਕਿਨ ਫਿਰ ਵੀ ਮੈਂ ਕਹਾਂਗਾ, ਸਪੀਕਰ ਸਹਿਬ ਕਿ ਧਰਮ ਬੜਾ ਸੁਪਰੀਮ ਹੈ। ਇਹ ਗੱਲਾਂ ਕਹੀਆਂ ਗਈਆਂ ਕਿ ਪੁਲੀਟੀਕਲ ਫੈਸਲਾ ਕੀਤਾ ਪੰਜਾਬ ਮੀਟ ਲਿਮਿਟਿਡ ਬੰਦ ਕਰਨ ਦਾ। ਮੈਂ ਬੁੱਚੜਖਾਨੇ ਦੀ ਗੱਲ ਕਹਿੰਦਾ ਹਾਂ। ਮੈਂ ਇਹ ਵੀ ਗੱਲ ਕਹੀ ਸੀ ਕਿ ਬੁੱਚੜਖਾਨੇ ਬੰਦ ਕਰਨ ਦਾ ਕੰਮ ਸਾਡੇ ਹੀ ਹਿੱਸੇ ਆਇਆ ਹੈ ? ਸਾਡੇ ਹਿੱਸੇ ਹੋਰ ਕੋਈ ਗੱਲ ਨਹੀਂ ਆਈ ? ਅਸੀਂ ਪਹਿਲਾਂ ਪੰਜਾਬ ਦੇ ਵਿੱਚ ਇਕ ਬੜਾ ਭਾਰੀ ਬੁੱਚੜਖਾਨਾ ਬੰਦ ਕੀਤਾ। ਕਈ ਸਾਥੀ ਓਥੇ ਬੈਠੇ ਹਨ, ਉਹ ਕੋਈ ਲਫਜ਼ ਨਹੀਂ ਬੋਲੇ। ਮੁੜ ਕੇ ਇਲਜ਼ਾਮ ਲਾਇਆ ਗਿਆ ਕਿ ਇਹ ਬੁੱਚੜਖਾਨਾ ਪੁਲੀਟੀਕਲੀ ਬੰਦ ਕੀਤਾ ਹੈ ਔਰ ਮੈਂ ਅੱਜ ਇਕ ਬਿਆਨ ਵੀ ਪੜ੍ਹਿਆ ਹੈ. ਡਾਕਟਰ ਏ. ਐਸ. ਬਿੰਦਰਾ ਦਾ, ਜਿਹੜਾ ਉਸ ਦਾ ਮਾਲਕ ਹੈ ਔਰ ਜੋ ਆਪਣੇ ਆਪ ਨੂੰ ਇਕੱਲਾ ਹੀ ਵੈਟਰਨਰੀ ਦਾ ਗਰੈਜੂਏਟ ਕਹਿੰਦਾ ਹੈ। ਉਸ ਵੈਟਰਨਰੀ ਗਰੈਜੂਏਟ ਨੂੰ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਤੂੰ ਪੰਜਾਬ ਦੇ ਅੰਦਰ ਹੀ ਆ ਕੇ ਇਹ ਪਾਪ ਕਰਨਾ ਸੀ। ਮੈਂ ਬੇਸ਼ੱਕ ਪੁਲੀਟੀਕਲ ਆਦਮੀ ਹਾਂ ਲੇਕਿਨ ਮੈਂ ਇਹ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਮੈਂ ਰਿਲੀਜੀਅੱਸ ਆਦਮੀ ਵੀ ਹਾਂ। ਮੈਂ ਕਮਿਊਨਲ ਨਹੀਂ ਹਾਂ ਕਿਸੇ ਆਦਮੀ ਨੂੰ ਕਮਿਊਨਲ ਨਹੀਂ ਹੋਣਾ ਚਾਹੀਦਾ। ਕਮਿਊਨਲ ਹੋਣ ਦਾ ਮਤਲਬ ਹੈ ਦੂਸਰੇ ਨੂੰ ਨਫਰਤ ਕਰਨਾ। ਲੇਕਿਨ ਮੈਂ ਰਿਲੀਜੀਅਸ ਆਦਮੀ ਹਾਂ ਅਤੇ ਮੈਂ ਇਹ ਗੱਲ ਜ਼ਰੂਰ ਕਹੀ ਹੈ ਜੋ ਮੇਰਾ ਧਰਮ ਮੇਰੀ ਜ਼ਮੀਰ ਕਹਿੰਦੀ ਹੈ। ਇਕ ਵਾਰੀ, ਸਪੀਕਰ ਸਾਹਿਬ, ਮੈਨੂੰ ਅਸਟਰੇਲੀਆ ਜਾਣ ਦਾ ਮੌਕਾ ਲੱਗਿਆ। ਮੈਂ ਉਥੇ ਦੇਖਿਆ ਕਿ ਵੱਡੇ ਵੱਡੇ ਫਾਰਮ ਹਨ, ਉਨ੍ਹਾਂ ਵਿੱਚ ਵੱਡੀਆਂ ਵੱਡੀਆਂ, ਚੰਗੀਆਂ ਤਕੜੀਆਂ ਗਾਈਆਂ ਉਥੇ ਚਰ ਰਹੀਆਂ ਹਨ। ਮੈਂ ਪੁੱਛਿਆ ਇਹ ਦੁੱਧ ਦੇਣ ਵਾਲੀਆਂ ਗਾਈਆਂ ਹਨ ? ਅੱਜ ਜਿਹੜੀਆਂ ਪੰਜਾਬ ਦੀਆਂ ਗਾਈਆਂ ਦੁੱਧ ਦਿੰਦੀਆਂ ਹਨ, ਉਨ੍ਹਾਂ ਨੇ ਲਹਿਰਾਂ ਬਹਿਰਾਂ ਲਾਈਆਂ ਹੋਈਆਂ ਹਨ। ਮੈਂ ਪੁੱਛਿਆ ਕਿ ਇਹ ਤਾਂ ਬੜਾ ਦੁਧ ਦਿੰਦਿਆਂ ਹੋਣਗੀਆਂ ਲੇਕਿਨ ਮੈਨੂੰ ਦੱਸਿਆ ਗਿਆ ਕਿ ਇਨ੍ਹਾਂ ਦਾ ਦੁੱਧ ਨਹੀਂ ਚੋਇਆ ਜਾਂਦਾ, ਇਨ੍ਹਾਂ ਨੂੰ ਸਟਾਕ ਕੀਤਾ ਜਾਂਦਾ ਹੈ ਔਰ ਫਿਰ ਇਨ੍ਹਾਂ ਨੂੰ ਬੁੱਚੜਖਾਨੇ ਦੇ ਵਿੱਚ ਲਿਜਾਇਆ ਜਾਂਦਾ ਹੈ। ਇਸ ਫਾਰਮ ਵਿਚ ਹੈਲੀਕਾਪਟਰ ਆਉਂਦਾ ਹੈ, ਉਹ ਇਨ੍ਹਾਂ ਨੂੰ ਏਥੋਂ ਲੈ ਜਾਂਦਾ ਹੈ। ਉਨ੍ਹਾਂ ਨੂੰ ਉਥੇ ਲਿਜਾ ਕੇ ਜ਼ਿਬਾ ਕੀਤਾ ਜਾਂਦਾ ਹੈ ਔਰ ਲੋਕੀਂ ਖੁਸ਼ੀ ਦੇ ਨਾਲ ਉਨ੍ਹਾਂ ਦਾ ਗੋਸ਼ਤ ਖਾਂਦੇ ਹਨ। ਸਪੀਕਰ ਸਾਹਿਬ, ਮੇਰੇ ਮਨ ਦੇ ਅੰਦਰ ਇਹ ਗੱਲ ਬੁਰੀ ਲੱਗੀ ਕਿ ਇਹ ਗਾਈਆਂ ਜਿਹੜੀਆਂ ਕਿ ਦੇਖਣ ਨੂੰ

Original with;
Punjab Vidhan Sabha.
Digitized by;
Panjab Digital Library

ਬਹੁਤ ਚੰਗੀਆਂ ਅੌਰ ਖੂਬਸੂਰਤ ਲੱਗਦੀਆਂ ਹਨ, ਇਨ੍ਹਾਂ ਨੂੰ ਮਾਰਨ ਵਾਸਤੇ ਸ਼ਾਇਦ ਸਾਡੀ ਜ਼ਮੀਰ ਇਜ਼ਾਜ਼ਤ ਨਹੀਂ ਦਿੰਦੀ । ਉਸੇ ਜ਼ਮੀਰ ਦੇ ਤਹਿਤ ਮੈਂ, ਸਪੀਕਰ ਸਾਹਿਬ, ਇਹ ਗੱਲ ਪੰਜਾਬ ਦੇ ਸਾਰੇ ਜ਼ਜ਼ਬਾਤ ਨੂੰ ਸਮਝਦੇ ਹੋਏ ਆਖੀ । ਸਾਡੇ ਵਿੱਚ ਬੜੇ ਧਾਰਮਿਕ ਲੋਕ ਹਨ । ਜੈਨ ਮੱਤ ਨੂੰ ਮੰਨਣ ਵਾਲੇ ਹਨ, ਬੁੱਧ ਮਤ ਵਾਲੇ ਹਨ, ਨਾਮਧਾਰੀ ਹਨ ਅਤੇ ਸਾਡੇ ਵਿੱਚ ਬਿਆਸ ਵਾਲੇ ਰਾਧਾ ਸੁਆਮੀ ਲੋਕ ਹਨ । ਸਾਡੇ ਵਿੱਚ ਅਨੇਕਾਂ ਸਖਸ਼ੀਅਤਾਂ ਹਨ ਜਿਹੜੀਆਂ ਨਹੀਂ ਚਾਹੁੰਦੀਆਂ ਕਿ ਜੀਵ ਹੱਤਿਆ ਹੋਵੇ । ਕਈ ਵਾਰੀ ਮੇਰੇ ਭਰਾ ਬੀ. ਜੇ. ਪੀ. ਵਾਲੇ, ਗੁੱਸਾ ਨਾ ਕਰਨ, ਪੁਲੀਟੀਕਲ ਫਾਇਦਾ ਉਠਾਉਂਦੇ ਹਨ । ਜੇਕਰ ਪੁਲੀਟੀਕਲ ਫਾਇਦਾ ਨਾ ਉਠਾਉਂਦੇ ਹੁੰਦੇ ਤਾਂ ਜਦੋਂ ਸਰਕਾਰ ਆਈ ਸੀ ਤਾਂ ਉਦੋਂ ਹੀ ਬੁੱਚੜਖਾਨਾ ਬੰਦ ਕਰਾਉਣ ਵਾਸਤੇ ਜ਼ੋਰ ਲਾਉਂਦੇ । ਬੜੀ ਖੁਸ਼ੀ ਦੀ ਗੱਲ ਸੀ ਜੇਕਰ ਉਦੋਂ ਇਹ ਸਾਨੂੰ ਕਹਿੰਦੇ । ਮੈਂ ਕਹਿੰਦਾ ਹਾਂ ਕਿ ਡਬਲ ਸਟੈਂਡਰਡ ਨਾ ਰੱਖਣ ਕਿ ਇਥੇ ਅਸੀਂ ਇਹ ਗੱਲ ਕਹਿਣੀ ਹੈ ਅਤੇ ਉਥੇ ਅਸੀਂ ਉਹ ਗੱਲ ਕਹਿਣੀ ਹੈ । ਮੈਂ ਏ. ਐਨ. ਬਿੰਦਰਾ ਦਾ ਬਿਆਨ ਪੜ੍ਹ ਰਿਹਾ ਸੀ, ਉਸ ਨੇ ਮੇਰੇ ਬਾਰੇ ਬੜਾ ਅੰਟ-ਸ਼ੰਟ ਬੋਲਿਆ ਹੈ । ਲੇਕਿਨ ਮੇਰੀ ਸਰਕਾਰ ਦ੍ਰਿੜ ਹੈ ਅੌਰ, ਅਸੀਂ ਉਸ ਬੱਚੜਖਾਨੇ ਨੂੰ ਬੰਦ ਕਰਕੇ ਰਹਾਂਗੇ, ਉਸ ਨੂੰ ਚੱਲਣ ਨਹੀਂ ਦਿਆਂਗੇ (ਥੰਪਿੰਗ) । ਅਸੀਂ ਚਿੱਠੀ ਵੀ ਲਿਖੀ ਹੈ । ਭਾਵੇਂ ਕਿ ਕਿਸੇ ਨੇ ਕਿਹਾ ਹੈ ਕਿ ਕੋਈ ਚਿੱਠੀ ਨਹੀਂ ਲਿਖੀ । ਉਸ ਦੇ ਮਾਲਕ ਬਿੰਦਰਾ ਨੇ ਸਾਡੇ ਕੋਲੋਂ ਫੂਡ ਪ੍ਰੋਸੈਸਿੰਗ ਅਗਰੋ ਇਡਸਟਰੀ ਦੀ ਗੱਲ ਕੀਤੀ ਹੈ, ਇਜ਼ਾਜ਼ਤ ਮੰਗੀ ਹੈ ਕਿ ਉਹ 190 ਕਰੋੜ ਰੁਪਿਆ ਲਗਾ ਕੇ ਫੂਡ ਪ੍ਰੋਸੈਸਿੰਗ ਪਲਾਂਟ ਲਾਉਣਾ ਚਾਹੁੰਦਾ ਹੈ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਸੀਂ ਉਸ ਨੂੰ ਜ਼ਰੂਰ ਇਜ਼ਾਜ਼ਤ ਦਿਆਂਗੇ । ਜੇ ਤਾਂ ਉਹ ਭਲਾਮਾਣਸੀ ਤਰੀਕੇ ਨਾਲ ਸਾਡੇ ਨਾਲ ਕੋ-ਆਪਰੇਟ ਕਰੇਗਾ ਤਾਂ ਅਸੀ ਉਸ ਨੂੰ ਕੰਪਨਸੇਟ ਵੀ ਕਰਾਂਗੇ, ਜਿਹੜਾ ਉਹ ਫੂਡ ਪਸੈਸਿੰਗ ਪਲਾਂਟ ਲਗਾਉਣਾ ਚਾਹੁੰਦਾ ਹੈ (ਥੰਪਿਗ) । ਲੇਕਿਨ ਇਹ ਇਜ਼ਾਜ਼ਤ ਨਹੀਂ ਦਿੱਤੀ ਜਾ ਸਕਦੀ । ਅਤੇ ਜਿਹੜੀ ਗੱਲ ਇਸ ਮੁਕੱਦਸ ਹਾਊਸ ਵਿਚ ਕਹੀ ਜਾ ਚੱਕੀ ਹੈ, ਉਸ ਤੋਂ ਪਿੱਛੇ ਨਹੀਂ ਹਟਿਆ ਜਾਂ ਸਕਦਾ । ਬੜੇ ਅਫਸੋਸ ਦੀ ਗੱਲ ਹੈ ਜੋ ਕਿਹਾ ਗਿਆ ਹੈ ਕਿ ਮੇਰਾ ਗਰੈਂਡਸਨ ਬੜਾ ਐਕਟਿਵ ਹੋਇਆ ਹੋਇਆ ਹੈ ਅਤੇ ਉਸ ਨੇ ਬਨੂੜ ਤੋਂ ਇਲੈਕਸ਼ਨ ਲੜਨੀ ਹੈ । ਵੱਡੇ ਵੱਡੇ ਜ਼ਿੰਮੇਵਾਰ ਬੰਦਿਆਂ ਨੇ ਇਹ ਗੱਲ ਕਹੀ ਹੈ । ਸਪੀਕਰ ਸਾਹਿਬ, "ਏਜੀਅਨ ਏਜ" ਵਿੱਚ ਵੀ ਮੈਂ ਪੜ੍ਹਿਆ ਹੈ ਅਤੇ "ਹਿੰਦੂ" ਅੰਦਰ ਵੀ ਪੜ੍ਹਿਆ ਹੈ । ਮੈਂ ਹੈਰਾਨ ਹਾਂ, ਮੇਰਾ ਗਰੈਂਡਸਨ ਤਾਂ ਅਜੇ 20 ਸਾਲ ਦਾ ਹੈ ਅਤੇ ਜੇਕਰ ਦੋ ਸਾਲ ਤੱਕ ਵੀ ਇਲੈਕਸ਼ਨ ਹੋਏ ਤਾਂ ਵੀ 22 ਸਾਲ ਦਾ ਹੀ ਹੋਵੇਗਾ ਅਤੇ ਇਲੈਕਸ਼ਨ ਲੜਨ ਵਾਸਤੇ ਕੁਆਲੀਫਾਈ ਨਹੀਂ ਕਰੇਗਾ । ਇਹ ਗੱਲਾਂ ਝੂਠਆਂ ਕੀਤੀਆਂ ਗਈਆਂ ਹਨ। ਸਪੀਕਰ ਸਾਹਿਬ, ਇਹ ਕੋਈ ਪੁਲੀਟੀਕਲ ਮਕਸਦ ਨਹੀਂ ਸੀ ਬੱਚੜਖਾਨੇ ਨੂੰ ਬੰਦ ਕਰਨ ਦਾ । ਇਹ ਤਾਂ ਰਿਲੀਜੱਸ ਮੁਕਸਦ ਕਰਕੇ ਬੰਦ ਕੀਤਾ ਗਿਆ ਹੈ ।

ਸਪੀਕਰ ਸਾਹਿਬ, ਹਾਊਸ ਦਾ ਸਮਾਂ ਪੰਜ ਮਿੰਟ ਭਾਵੇਂ ਹੋਰ ਵਧਾ ਲਓ । ਵੈਸੇ ਤਾਂ ਤੁਸੀਂ ਕਹਿ ਹੀ ਚੁੱਕਾ ਹੈ, ਮਿਹਰਬਾਨੀ ਮੈਂ ਇਕ-ਦੋ ਗੱਲਾਂ ਅਜੇ ਹੋਰ ਕਰਨੀਆਂ ਚਾਹੁੰਦਾ

Original with;
Punjab Vidhan Sabha
Digitized by;

[ਮੁੱਖ ਮੰਤਰੀ]

ਹਾਂ। ਪੈਟਰੋ-ਕੈਮੀਕਲ ਪਲਾਂਟ ਨੂੰ, ਸਪੀਕਰ ਸਾਹਿਬ, ਅਸੀਂ ਬੜੀ ਕੋਸਿਸ਼ ਕਰਕੇ ਅਤੇ ਬੜੀ ਮੁਸ਼ਕਲ ਨਾਲ ਲਿਆਂਦਾ ਹੈ। ਇਹ ਬਾਰ ਬਾਰ ਗੱਲਾਂ ਕਰਦੇ ਹਨ, ਸਪੀਕਰ ਸਾਹਿਬ, ਤਾਂ ਕਹਿਣਾ ਪੈਂਦਾ ਨੈ। ਮੇਰੇ ਦੋਸਤ ਹੁਣ ਸੁਣਦੇ ਨਹੀਂ ਪਰ ਫਿਰ ਸਵਾਲ ਕਰਦੇ ਹਨ। ਜ਼ੀਰਾ ਸਾਹਿਬ ਬੜਾ ਬੋਲੇ ਹਨ। ਉਨ੍ਹਾਂ ਦਾ ਹੱਕ ਹੈ, ਬੋਲੀ ਜਾਣ। ਪਹਿਲਾਂ ਵੀ ਉਨ੍ਹਾਂ ਨੇ ਮੇਰੀ ਸਪੀਚ ਸੁਣੀ ਨਹੀਂ ਸੀ। ਇਹ ਜਿਹੜਾ ਪੈਟਰੋ ਕੈਮੀਕਲ ਪਲਾਂਟ ਅਸੀਂ ਅੱਖੇ ਹੋ ਕੇ ਲਿਆਂਦਾ ਹੈ, ਇਹ 7,000 ਕਰੋੜ ਰੁਪਏ ਦਾ ਪਲਾਂਟ ਨੈ। ਇਕ ਪਾਸੇ ਤਾਂ ਇਹ ਕਹਿੰਦੇ ਹਨ ਕਿ ਹੈਵੀ ਇੰਡੀਸਟਰੀ ਲਿਆਓ। ਜਦੋਂ ਅਸੀਂ ਹੈਵੀ ਇੰਡਸਟਰੀ ਲਿਆਉਂਦੇ ਹਾਂ ਤਾਂ ਫਿਰ ਇਹ ਉਸ ਦੀ ਕੋਈ ਗੱਲ ਨਹੀਂ ਕਰਦੇ। ਆਖਰਕਾਰ, ਸਪੀਕਰ ਸਾਹਿਬ, ਜਿਹੜੇ ਕਾਰਖਾਨੇ ਲੱਗਣੇ ਹਨ, ਉਹ ਅਸਮਾਨ ਤੇ ਤਾਂ ਨਹੀਂ ਲੱਗਣੇ, ਉਹ ਜ਼ਮੀਨ ਉਤੇ ਹੀ ਲੱਗਣੇ ਹਨ। ਮੈਂ ਬੜਾ ਹੈਰਾਨ ਹਾਂ ਕਿ ਬੜੇ ਬੜੇ ਜ਼ਿੰਮੇਂਵਾਰ ਲੋਕ ਇਹੋ ਜਿਹੀਆਂ ਗੱਲਾਂ ਕਹਿੰਦੇ ਹਨ.. (ਵਿਘਨ)

(ਇਸ ਸਮੇਂ ਮਾਨਯੋਗ ਮੈਂਬਰ ਇੰਦਰਜੀਤ ਸਿੰਘ ਜ਼ੀਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਜੋ ਕਿ ਸ਼ੋਰ ਪੈਣ ਕਾਰਨ ਸਾਫ ਸੁਣਾਈ ਨਹੀਂ ਦਿੱਤਾ)।

Mr. Speaker: Please resume your seat. Do not disturb him. You please resume your seat.

ਮੁੱਖ ਮੰਤਰੀ: ਮੈਂ ਬੇਨਤੀ ਕਰ ਰਿਹਾ ਸੀ ਕਾਰਖਾਨੇ ਲਾਉਣ ਬਾਰੇ। ਇਥੇ ਜ਼ਮੀਨਾਂ ਨੂੰ ਕੋਈ ਪੁੱਛਦਾ ਨਹੀਂ ਸੀ, ਜ਼ਮੀਨ ਦੇ ਭਾਅ ਗਿਰ ਚੁੱਕੇ ਸੀ। ਲੋਕ ਪਾਣੀਪਤ ਅੰਦਰ ਜਾ ਰਹੇ ਸਨ ਤੇ ਜ਼ਮੀਨਾਂ ਖਰੀਦ ਰਹੇ ਸਨ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਜ਼ੀਰਾ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੀਰਾ ਸਾਹਿਬ, ਤੁਹਾਡੀ ਜ਼ਮੀਨ ਦਾ ਕੋਈ ਮੁੱਲ ਪੈਂਦਾ ਸੀ ? ਅੱਜ ਪੰਜ ਲੱਖ ਰੁਪਏ ਏਕੜ ਦਾ ਮੁੱਲ ਪੈ ਰਿਹਾ ਹੈ। ਇਹ ਤਾਂ ਆਪ ਜ਼ਮੀਨਾਂ ਛੱਡ ਕੇ ਭੱਜਣ ਨੂੰ ਤਿਆਰ ਸਨ ਸ਼ਹਿਰਾਂ ਵੱਲ। ਮੈਨੂੰ ਬੜਾ ਦੁੱਖ ਹੈ ਕਿਉਂਕਿ ਮੈਂ ਆਪ ਕਿਸਾਨ ਹਾਂ। ਸਪੀਕਰ ਸਾਹਿਬ, ਮੇਰੀ ਗੱਲ ਧਿਆਨ ਨਾਲ ਸੁਣ ਲਵੋ। ਇਹ ਠੀਕ ਹੈ ਕਿ ਰੇਟ ਵਧੇ ਹਨ ਅਤੇ ਮੈਨੂੰ ਪਤਾ ਹੈ ਕਿ ਕਿੰਨੇ ਰੇਟ ਵਧ ਗਏ ਹਨ। ਅੱਜ ਉਸੇ ਜ਼ਮੀਨ ਦੀ ਕੀਮਤ 10-20 ਗੁਣਾ ਵੱਧ ਗਈ ਹੈ। ਸਪੀਕਰ ਸਾਹਿਬ, ਅੰਮ੍ਰਿਤਸਰ ਤੋਂ ਚਲੀਏ ਤੇ ਰਾਜਪੁਰੇ ਤੱਕ ਆਈਏ ਤਾਂ ਉਥੇ ਸਾਨੂੰ ਜੀ.ਟੀ. ਰੋਡ ਤੇ ਇੱਕ ਕਿੱਲਾ ਜ਼ਮੀਨ 10 ਲੱਖ ਤੋਂ ਘੱਟ ਨਹੀਂ ਮਿਲਦੀ। ਇਸ ਵਿਚ ਕੋਈ ਵੱਡਾ ਅਫਸਰ ਜਾਂ ਕੁਲੈਕਟਰ ਪੰਜ ਸਾਲ ਦੀ ਔਸਤ ਕੱਢ ਕੇ ਐਵਾਰਡ ਦਿੰਦਾ ਹੈ। ਜਦੋਂ ਉਹ ਔਸਤ ਕਢਦਾ ਹੈ ਤਾ ਦੇਖਦਾ ਹੈ ਕਿ ਇਹ ਬੜੇ ਘੱਟ ਕੀਮਤ ਤੇ ਜ਼ਮੀਨ ਵਿਕੀ ਹੋਈ ਹੈ। ਇਹ ਦੇਖਿਆ ਗਿਆ ਹੈ ਕਿ ਲੋਕਾਂ ਦੀ ਆਦਤ ਹੈ ਕਿ ਉਹ ਘੱਟ ਮੁੱਲ ਤੇ ਰਜਿਸਟਰੀਆਂ ਕਰਵਾਉਂਦੇ ਹਨ ਅੱਧ ਅਸ਼ਟਾਮ ਫੀਸ ਦੀ ਚੋਰੀ ਵੀ ਹੁੰਦੀ ਹੈ। ਮੈਂ ਇਨ੍ਹਾਂ ਗੱਲਾਂ ਵਿੱਚ ਨਹੀਂ ਜਾਣਾ ਚਾਹੁੰਦਾ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਕੈਬਨਿਟ,ਐਮ. ਐਲ. ਏਜ਼ ਅੱਤ ਸਾਡੀ ਪਾਰਟੀ ਨੇ ਇਹ ਫੈਸਲਾ ਕਰ ਲਿਆ ਹੈ ਕਿ ਇਸ ਐਕਟ ਨੂੰ ਅਮੈਂਡ ਕਰਾਂਗੇ ਅੱਤ ਉਨ੍ਹਾਂ ਨੂੰ ਜ਼ਮੀਨ ਦਾ ਮਾਰਕੀਟ ਰੇਟ ਦਿੱਤਾ ਜਾਵੇਗਾ (ਥੰਪਿੰਗ) ਇਹ ਪਹਿਲਾਂ ਕਿਸੇ ਵੀ ਸਰਕਾਰ ਨੇ ਨਹੀਂ

Original with;
Punjab Vidhan Sabha
Digitized by;
Panjab Digital Library

ਕੀਤਾ । ਇਹ ਜੋ ਕਲੇਮ ਕਰਦੇ ਹਨ (ਅਕਾਲੀ ਦਲ ਵੱਲ ਇਸ਼ਾਰਾ) ਕਿ ਸਾਡੀ ਪਾਰਟੀ ਕਿਸਾਨਾਂ ਦੀ ਪਾਰਟੀ ਹੈ ਇਨ੍ਹਾਂ ਨੇ ਉਨ੍ਹਾਂ ਵਾਸਤੇ ਕੁਝ ਨਹੀਂ ਕੀਤਾ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਅੌਰ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਇਥੇ ਬੜੀ ਬਹਿਸ ਹੋਈ । ਹੁਣੇ ਕਿਸੇ ਸੱਜਣ ਨੇ ਕਿਹਾ ਕਿ ਬੜਾ ਝੋਨਾ ਪਿਆ ਹੈ ਅੌਰ ਕੋਆਪ੍ਰੇਟਿਵ ਮਨਿਸਟਰ ਝੋਨਾ ਚੁੱਕਣ । ਸਪੀਕਰ ਸ਼ਾਹਿਬ, ਸਾਡਾ ਝੋਨਾ ਰੁੜ੍ਹ ਰਿਹਾ ਹੈ, ਕਣਕ ਰੁੜ੍ਹ ਰਹੀ ਹੈ, ਸਟੋਰ ਭਰੇ ਪਏ ਹਨ ਪਰ ਸਰਕਾਰ ਨੇ ਭਾਅ ਡਿੱਗਣ ਨਹੀਂ ਦਿੱਤਾ । (ਥੰਪਿੰਗ) । ਮੈਂ ਪਰਸੋਂ ਸ਼੍ਰੀ ਅਜੀਤ ਸਿੰਘ ਜੋ ਸੈਂਟਰ ਦਾ ਵਜ਼ੀਰ ਹੈ ਅੌਰ ਸਰਦਾਰ ਬੂਟਾ ਸਿੰਘ ਜੋ ਸਿਵਲ ਸਪਲਾਈਜ਼ ਦਾ ਵਜ਼ੀਰ ਹੈ, ਉਨ੍ਹਾਂ ਦੋਨਾਂ ਨਾਲ ਗੱਲ ਕੀਤੀ ਕਿ ਸਾਡੇ ਸਟੋਰ ਭਰੇ ਪਏ ਹਨ ਅੌਰ ਝੋਨਾ ਚੁੱਕੋ । ਉਨ੍ਹਾਂ ਖੁਸ਼ੀ ਨਾਲ ਕਿਹਾ ਕਿ ਚੰਦ ਦਿਨਾਂ ਤੱਕ ਗੱਡੀਆਂ ਲਾਵਾਂਗੇ ਅੌਰ ਬੜੀ ਜਲਦੀ ਸਟੋਰ ਖਾਲੀ ਕਰਾਂਗੇ । ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਰੀਆਲਿਸਟਿਕ ਹਾਂ । ਅਸੀਂ ਦੇਖਣਾ ਹੈ ਕਿ ਅਸੀਂ ਆਖਰਕਾਰ ਕਰਨਾ ਕੀ ਹੈ ? ਅਸੀਂ ਪੰਜਾਬ ਵਿੱਚ ਵਿਚਰਨਾ ਕਿਵੇਂ ਹੈ ? ਅਸੀਂ ਪੰਜਾਬ ਵਿੱਚ ਕਰਨਾ ਕੀ ਹੈ ? ਕੀ ਪੰਜਾਬ ਵਿੱਚ ਅੱਗ ਲਗਾਉਣੀ ਹੈ ਜਾਂ ਪੁਲੀਟੀਕਲ ਗੱਲਾਂ ਕਹਿ ਕੇ ਪੰਜਾਬ ਦੇ ਜ਼ਖਮਾਂ ਤੇ ਮਰਹੱਮ ਲਗਾਉਣੀ ਹੈ ! ਅੱਜ ਇਹ ਦੋ ਸਵਾਲ ਹਨ । ਕਿਸੇ ਨੇ ਕਿਹਾ ਕਿ ਕੱਟੇ ਬੜੇ ਮਹਿੰਗੇ ਵਿਕਦੇ ਸਨ । ਮਹਿੰਗੇ ਵਿਕਦੇ ਹੋਣਗੇ । ਮੈਂ ਸਮਝਦਾ ਹਾਂ ਕਿ ਜਿਹੜੇ ਆਦਮੀ, ਆਦਮੀ ਨੂੰ ਕੰਡੇਮ ਨਹੀਂ ਕਰ ਸਕਦੇ. ਉਹ ਕੱਟੇ ਦੀ ਕੀ ਪਰਵਾਹ ਕਰਨਗੇ (ਥੰਪਿੰਗ) । ਇੰਡਸਟਰੀ ਤੇ ਬੋਲਦਾ ਹੋਇਆ ਮੈਂ ਇਹ ਬੇਨਤੀ ਕਰਦਾ ਹਾਂ ਕਿ ਅਜ ਇੰਡਸਟਰੀ ਛਾਲਾਂ ਮਾਰਦੀ ਅੱਗੇ ਤੁਰ ਰਹੀ ਹੈ । ਅਸੀਂ ਪੂਰੀ ਕੋਸ਼ਿਸ਼ ਕਰਕੇ ਪੰਜਾਬ ਵਿਚ ਛੋਟੀ, ਮੀਡੀਅਮ, ਸਮਾਲ ਸਕੇਲ ਅੌਰ ਹੈਵੀ ਇੰਡਸਟਰੀ ਸਭ ਨੂੰ ਇਕੱਠਾ ਕਰਕੇ ਚਲਾਵਾਂਗੇ । ਸਪੀਕਰ ਸਾਹਿਬ, ਮੈਂ ਇੱਥੇ ਇੱਕ ਹਵਾਲਾ ਦੇਣਾ ਚਾਹੁੰਦਾ ਹਾਂ। ਸਾਡੀ ਸਰਕਾਰ ਤੇ ਬੜੇ ਦੂਸ਼ਣ ਲੱਗਦੇ ਰਹਿੰਦੇ ਹਨ ਅੌਰ ਕਈ ਗੱਲਾਂ ਚੁੰਦੀਆਂ ਹਨ । ਮੈਂ ਇੱਕ ਨਿਊਜ਼ ਕੰਟਰਾਡਿਕਟ ਕਰਨੀ ਚਾਹੁੰਦਾ ਹਾਂ । ਸਪੀਕਰ ਸਾਹਿਬ, 'ਹਿੰਦੂ' ਅਖਬਾਰ ਵਿਚ ਇੱਕ ਖਬਰ ਲੱਗੀ ਹੈ ਅੌਰ 'ਹਿੰਦੂ' ਅਖਬਾਰ ਬੜਾ ਪੜ੍ਹਿਆ ਜਾਂਦਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਹਿੰਦੂ' ਅਖਬਾਰ ਵਿੱਚ.....

(ਇਸ ਸਮੇਂ ਵਿਧਾਨ ਸਭਾ ਸਕੱਤਰ ਅਪਣੀ ਸੀਟ ਤੋਂ ਉਠ ਕੇ ਮਾਨਯੋਗ ਸਪੀਕਰ ਕੋਲ ਗਏ ।)

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਹੀ ਗੱਲ ਸੁਣ ਲਓ, ਕਿਰਪਾ ਕਰਕੇ, ਪਲੀਜ਼ ।

ਮੈਂ ਗੱਲ ਕਹਿਣੀ ਚਾਹੁੰਦਾ ਸੀ ਕਿ, ਸਪੀਕਰ ਸਾਹਿਬ,..... .. .. ..

(*Interruption*) I am sorry for that. Rather, I am going to say something but your Secretary does not want that the same should go to the Speaker. So, I am sorry for that. ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਅੱਜ 'ਹਿੰਦੂ' ਅਖਬਾਰ ਵਿੱਚ ਛਪਿਆ ਹੈ ਕਿ ਬੇਅੰਤ ਸਿੰਘ ਮਿਡ ਟਰਮ ਚੋਣਾਂ ਕਰਵਾਉਣ ਚਾਹੁੰਦਾ ਹੈ । ਉਸ ਨੇ ਬੜੇ ਹਵਾਲੇ ਦਿੱਤੇ ਹਨ । ਕਿਸੇ ਐਮ. ਐਲ. ਏ. ਦਾ ਹਵਾਲਾ ਦਿੱਤਾ ਹੈ, ਕਿਸੇ ਲੀਡਰ ਦਾ ਹਵਾਲਾ ਦਿੱਤਾ ਹੈ, ਕਿਸੇ ਬਿਊਰੋਕਰੇਟ ਦਾ ਹਵਾਲਾ ਦਿੱਤਾ ਹੈ ਅੌਰ ਕਿਹਾ ਹੈ ਕਿ ਤਿੰਨ ਸਾਲ ਚੰਗੇ ਲੰਘੇ ਹਨ ਅੌਰ ਸ਼ਾਇਦ ਅਗਲੇ ਦੋ ਸਾਲ ਇਹ ਚੰਗੇ ਨਾ ਲੰਘਾ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਕਣ, ਇਸ ਕਰਕੇ ਹੁਣ ਇਹ ਲੋਕਾਂ ਕੋਲੋਂ ਫਤਵਾ ਲੈਣਾ ਚਾਹੁੰਦੇ ਹਨ ਲੇਕਿਨ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਫਤਵਾ ਮਿਲਿਆ ਹੈ ਪੰਜ ਸਾਲ ਦਾ ਅੱਰ ਪੰਜ ਸਾਲ ਪੂਰੇ ਕੀਤੇ ਜਾਣਗੇ, ਉਦੋਂ ਤੱਕ ਚੋਣਾਂ ਨਹੀਂ ਕਰਵਾਈਆਂ ਜਾਣਗੀਆਂ । (ਥੰਪਿੰਗ) ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦੀ ਹਾਂ ।

Demand No. 3

Mr. Speaker: Question is—

That a sum not exceeding Rs. 27,10,99,000 on Revenue Account and Rs. 15,60,03,000 on Capital Account be granted to the Governor to defray the charges that will come in course of payment for the year 1995-96, in respect of Co-operation.

The motion was carried.

Demand No . 13

Mr. Speaker: Question is—

That a sum not exceeding Rs. 58,85,30,000 on Revenue Account and Rs. 21,36,89,000 on capital Account be granted to the Governor to defray the charges that will come in course of payment for the year 1995-96 , in respect of Industries,

The motion was carried.

ਸ਼੍ਰੀ ਸਪੀਕਰ: ਜੇ ਹਾਊਸ ਦੀ ਸਹਿਮਤੀ ਹੋਵੇ ਤਾਂ ਹਾਊਸ ਦੀ ਦੂਸਰੀ ਸਿਟਿੰਗ ਦਾ ਸਮਾਂ 2.30 ਵਜੇ ਬਾਅਦ ਦੁਪਹਿਰ ਦੀ ਬਜਾਏ 3-00 ਵਜੇ ਬਾਅਦ ਦੁਪਹਿਰ ਕਰ ਦਿੱਤਾ ਜਾਵੇ ?

ਆਵਾਜ਼ਾਂ: ਹਾਂ ਜੀ, ਹਾਂ ਜੀ।

ਸ਼੍ਰੀ ਸਪੀਕਰ: ਹਾਊਸ ਤੀ ਦੂਸਰੀ ਸਿਟਿੰਗ ਹੁਣ 2-30 ਵਜੇ ਬਾਅਦ ਦੁਪਹਿਰ ਦੀ ਬਜਾਏ 3.00 ਵਜੇ ਬਾਅਦ ਦੁਪਹਿਰ ਹੋਵੇਗੀ ।

Mr. Speaker: The House stands adjourned till 3.00 P. M. today, the 28th March, 1995.

*1. 51 P.M.

(The Sabha then adjourned till 3.00 P. M., today, the 28th March, 1995)*

—O—

1543—11-10-95—305 Copies—Pb. Govt. Press, Patiala.

Original with;
Punjab Vidhan Sabha
Digitized by;
Punjab Digital Library

Original with;
Punjab Vidhan Sabha
Digitized by;
Panjab Digital Library

© 1995

Published under the authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

18

PUNJAB VIDHAN SABHA

DEBATES

28th March, 1995

(Afternoon Sitting)

Vol. IX –No. 18

OFFICIAL REPORT

CONTENTS

Tuesday, the 28th March, 1995

(Afternoon Sitting)

	PAGE
Starred Questions and Answers ..	(18)1
Written Answer to Starred Question laid on the Table of the House under Rule 38 ..	(18)48
Unstarred Questions and Answers ..	(18)48
Point of order re. Dispensing with Zero Hour ..	(18)52
Papers Laid on the Table ..	(18)53
Dharna ..	(18)54
Discussion and Voting on Demands for Grants relating to the Budget Estimates for the year 1995-96 ..	(18)54

Punjab Vidhan Sabha Secretariat, Chandigarh.

Price: Rs.....

Original with;
Punjab Vidhan Sabha
Digitized by;

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Tuesday, the 28th March, 1995

(Afternoon Sitting)

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 3.00 P.M. Mr. Speaker (Shri Harnam Das Johar) in the Chair.

STARRED UESTIONS AND ANSWERS

ਮੈਡੀਕਲ ਕਾਲਜ, ਜਲੰਧਰ

*2269. **ਸ਼੍ਰੀਮਤੀ ਵਿਮਲਾ ਡਾਂਗ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1993-94 ਦੇ ਦੌਰਾਨ ਜਲੰਧਰ ਵਿਖੇ ਤਜਵੀਜ਼ਤ ਨਵੇਂ ਮੈਡੀਕਲ ਕਾਲਜ ਲਈ ਕੁੱਲ ਕਿੰਨੀ ਰਕਮ ਮਨਜ਼ੂਰ ਕੀਤੀ ਗਈ;

(ਅ) ਕੀ ਉਕਤ ਕਾਲਜ ਵਿਚ ਕੋਈ ਪ੍ਰਿੰਸੀਪਲ ਨਿਯੁਕਤ ਕਰ ਦਿਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਕਿਸ ਤਰੀਕ ਤੋਂ;

(ਏ) ਇਸ ਕਾਲਜ ਵਿਚ ਪਹਿਲਾ ਦਾਖਲਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

Sardar Harcharan Singh Brar : (a) Rupees 3 crore have been released as seed money out of the capital project grant during 1994-95.

(b) Yes please. With effect from 23rd Aug., 1994, Dr. B. D. Gupta, a former Professor and Head, Department of Radiotherapy, Post Graduate Institute of Medical Education and Research, Chandigarh, has been appointed.

(c) The first batch of M.B.B.S. (50 students) is likely to be admitted from the session beginning July-August, 1995. However, a final decision will be taken during the ensuing meeting of the Governing body.

Original with;
Punjab Vidhan Sabha
Digitized by;
Punjab Digital Library

ਸ਼੍ਰੀਮਤੀ ਵਿਮਲਾ ਡਾਂਗ : ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹਾਂਗੀ ਕਿ ਯਾਦ ਹੋਵੇਗਾ ਕਿ ਗੰਨਾ ਰਿਸਰਚ ਫਾਰਮ ਨੂੰ ਹਟਾ ਕੇ ਬੜੇ ਸਖਤ ਵਿਰੋਧ ਵਿਚ ਮੈਡੀਕਲ ਕਾਲਜ ਬਣਾਇਆ ਗਿਆ ਸੀ । ਸੀ. ਐਮ. ਸਾਹਿਬ ਨੇ ਵਿਧਾਨ ਸਭਾ ਵਿਚ ਇੰਟਰਵੀਨ ਕਰਕੇ ਕਿਹਾ ਸੀ ਕਿ ਪ੍ਰਾਈਵੇਟ ਕਾਲਜ ਨਹੀਂ, ਇਹ ਗੌਰਮਿੰਟ ਕਾਲਜ ਹੈ । ਸਵਾਲ ਦੇ ਜਵਾਬ ਵਿਚ ਇਨ੍ਹਾਂ ਨੇ ਦੱਸਿਆ ਹੈ ਕਿ 3 ਕਰੋੜ ਰੁਪਏ ਦੀ ਰਕਮ ਰਿਲੀਜ਼ ਹੋ ਗਈ ਹੈ, ਪਤਾ ਨਹੀਂ ਬਿਲਡਿੰਗ ਬਣੀ ਹੈ ਜਾਂ ਨਹੀਂ । ਜੇ ਬਣੀ ਹੈ ਤਾਂ ਕਿੰਨੇ ਕਮਰੇ ਹਨ, ਮੈਡੀਕਲ ਕਾਲਜ ਵਿਚ ਹਸਪਤਾਲ ਵੀ ਜ਼ਰੂਰੀ ਹੈ । ਇਨ੍ਹਾਂ ਨੇ ਦੱਸਿਆ ਹੈ ਕਿ ਪ੍ਰਿੰਸੀਪਲ ਅਗਸਤ, 1994 ਵਿਚ ਅੱਪੁਆਇੰਟ ਹੋ ਚੁਕਿਆ ਹੈ, ਜੇ ਐਡਮਿਸ਼ਨ ਹੀ ਸ਼ੁਰੂ ਨਹੀਂ ਹੋਈ, ਕਲਾਸਾਂ ਹੀ ਚਾਲੂ ਨਹੀਂ ਹੋਈਆਂ ਤਾਂ ਪ੍ਰਿੰਸੀਪਲ ਸਾਹਿਬ ਪੜ੍ਹਾਉਂਦੇ ਕਿਸ ਨੂੰ ਹਨ ?

ਮੰਤਰੀ : ਸਪੀਕਰ ਸਾਹਿਬ, ਪ੍ਰਿੰਸੀਪਲ ਹੋਣਾ ਜ਼ਰੂਰੀ ਹੈ ਕਿਉਂਕਿ ਕਾਲਜ ਦੀ ਬਿਲਡਿੰਗ ਕੋਈ ਆਰਡੀਨਰੀ ਬਿਲਡਿੰਗ ਨਹੀਂ ਹੈ । ਉਥੇ ਕੀ ਕੀ ਕੁਝ ਚਾਹੀਦਾ ਹੈ---

Being a medical man he will guide the people who are constructing that building, who are designing that building.

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦੀ ਹਾਂ ਕਿ ਸਵਾਲ ਦੇ ਜਵਾਬ ਵਿਚ ਇਨ੍ਹਾਂ ਨੇ ਕਿਹਾ ਹੈ ਕਿ 50 ਬੱਚਿਆਂ ਦਾ ਫੈਸਲਾ ਹੋ ਗਿਆ ਹੈ ਕਿ 50 ਵਿਦਿਆਰਥੀਆਂ ਦੇ ਪਹਿਲੇ ਬੈਚ ਦਾ ਦਾਖਲਾ ਸ਼ੁਰੂ ਹੋਣ ਦੀ ਸੰਭਾਵਨਾ ਹੈ ਅਤੇ ਨਾਲ ਹੀ ਕਿਹਾ ਹੈ ਕਿ ਅੰਤਿਮ ਫੈਸਲਾ ਗਵਰਨਿੰਗ ਬਾਡੀ ਦੀ ਹੋਣ ਵਾਲੀ ਮੀਟਿੰਗ ਵਿਚ ਲਿਆ ਜਾਣਾ ਹੈ । ਫੀਸਾਂ ਜੋ ਹਨ ਉਹ ਗੌਰਮਿੰਟ ਕਾਲਜਾਂ ਦੇ ਮੁਤਾਬਿਕ ਲਈਆਂ ਜਾਣਗੀਆਂ ਜਾਂ ਸੁਪਰੀਮ ਕੋਰਟ ਦਾ ਜੋ ਅਜਿਹੇ ਕੇਸਾਂ ਵਿਚ ਫੈਸਲਾ ਹੈ, ਉਸ ਮੁਤਾਬਿਕ ਲਈਆਂ ਜਾਣਗੀਆਂ ਅਤੇ ਦੂਸਰਾ, ਗਵਰਨਿੰਗ ਬਾਡੀ ਦੇ ਮੈਂਬਰ ਕਿਹੜੇ ਕਿਹੜੇ ਹਨ ?

ਮੰਤਰੀ : ਸਪੀਕਰ ਸਾਹਿਬ, ਫੀਸਾਂ ਤਾਂ ਸੁਪਰੀਮ ਕੋਰਟ ਦੇ ਫੈਸਲੇ ਦੇ ਮੁਤਾਬਿਕ ਹੀ ਲਈਆਂ ਜਾਣਗੀਆਂ । ਦੂਸਰਾ, ਇਨ੍ਹਾਂ ਨੇ ਆਪਣੇ ਮੇਨ ਕੁਐਸਚਨ ਵਿਚ ਬਾਡੀ ਦੇ ਮੈਂਬਰਾਂ ਦੇ ਨਾਮ ਤਾਂ ਨਹੀਂ ਸੀ ਪੁੱਛੇ, ਇਹ ਸੈਪਰੇਟ ਕੁਐਸਚਨ ਦੇ ਦੇਣ ਮੈਂ ਦੱਸ ਦੇਵਾਂਗਾ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਮੈਡੀਕਲ ਕਾਲਜ ਖੋਲ੍ਹਣਾ ਹੈ ਉਥੋਂ ਗੰਨਾਂ ਰਿਸਰਚ ਫਾਰਮ ਨਾ ਹਟਾਇਆ ਜਾਵੇ, ਇਸ ਦੇ ਬਾਰੇ ਇਕ ਐਕਸ ਐਮ.ਐਲ.ਏ, ਸਾਹਿਬ ਨੇ ਹਾਈਕੋਰਟ ਵਿਚ ਰਿੱਟ ਵੀ ਕੀਤੀ ਸੀ । ਕੀ ਇਸ ਕੇਸ ਵਿਚ ਹਾਈਕੋਰਟ ਨੇ ਕੋਈ ਆਰਡਰ ਪਾਸ ਕੀਤਾ ਹੈ; ਜੇ ਕੀਤਾ ਹੈ ਤਾਂ ਕੀ ਸਰਕਾਰ ਉਸ ਨੂੰ ਇੰਪਲੀਮੈਂਟ ਕਰ ਰਹੀ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਬੜੇ ਇਮਪਾਰਟੈਂਟ ਸਵਾਲ ਮੈਂਬਰ ਸਾਹਿਬਾਨ ਨੇ ਕੀਤੇ ਹਨ, ਗੱਲ ਇਹ ਹੈ ਕਿ ਮੈਡੀਕਲ ਕਾਲਜ ਬਣਾਉਣਾ ਹੈ ਅੱਤ ਪ੍ਰਿੰਸੀਪਲ ਇਸ ਕਰਕੇ ਰੱਖਿਆ ਹੈ, ਜਿਸ ਤਰ੍ਹਾਂ ਮਨਿਸਟਰ ਸਾਹਿਬ ਨੇ

Original with;
Punjab Vidhan Sabha
Digitized by;
Panjab Digital Library

ਦੱਸਿਆ ਉਸ ਨੂੰ ਕਿਸ ਤਰ੍ਹਾਂ ਟੈਕਨੀਕਲੀ ਹੈਂਡਲ ਕਰਨਾ ਹੈ ਜੋ ਉਥੇ ਬਿਲਡਿੰਗ ਬਣਨੀ ਹੈ। ਇਸੇ ਵੇਲੇ ਇੰਜੀਨੀਅਰਿੰਗ ਕਾਲਜ ਦੀ ਇਕ ਬਿਲਡਿੰਗ ਲਈ ਹੈ ਜਿਸ ਦੇ ਵਿਚ ਕਲਾਸਿਜ਼ ਸ਼ੁਰੂ ਹੋ ਜਾਣਗੀਆਂ। ਇਨ੍ਹਾਂ ਨੇ ਕਿਹਾ ਹੈ ਕਿ ਇਹ ਸਰਕਾਰੀ ਕਾਲਜ ਹੈ ਜਾਂ ਨਹੀਂ; ਇਹ ਸਰਕਾਰੀ ਕਾਲਜ ਹੈ। ਕਾਲਜ ਵਾਸਤੇ ਇਕ ਗਵਰਨਿੰਗ ਬਾਡੀ ਹੁੰਦੀ ਹੈ ਜਿਹੜੀ ਐਡਵਾਈਜ਼ਰੀ ਬਾਡੀ ਦਾ ਕੰਮ ਕਰਦੀ ਹੈ। ਤੀਸਰਾ, ਜ਼ਮੀਨ ਬਾਰੇ ਇਨ੍ਹਾਂ ਨੇ ਕਿਹਾ ਹੈ, ਇਹ ਬੈਸਟ ਜ਼ਮੀਨ ਹੈ। ਅਸੀਂ ਇਹ ਫੈਸਲਾ ਕੀਤਾ ਹੈ ਕਿ ਗੰਨਾ ਰਿਸਰਚ ਫਾਰਮ ਨੂੰ ਕੋਈ ਹੋਰ ਜ਼ਮੀਨ ਦੇ ਦੇਈਏ। ਉਨ੍ਹਾਂ ਨੂੰ ਹੋਰ ਜ਼ਮੀਨ ਚੇ ਕੇ ਇਹ ਜ਼ਮੀਨ ਅਸੀਂ ਲਈ ਹੈ। ਬਾਕੀ ਜੋ ਹਾਈਕੋਰਟ ਵਿਚ ਰਿੱਟ ਹੈ। ਮੈਂ ਉਸ ਫੈਸਲੇ ਦਾ ਸਤਿਕਾਰ ਕਰਾਂਗਾ। ਪਤਾ ਨਹੀਂ ਉਸ ਦਾ ਕੀ ਫੈਸਲਾ ਹੋਣਾ ਹੈ। ਬਾਕੀ ਗੌਰਮਿੰਟ ਦ੍ਰਿੜ ਹੈ ਕਿ ਉਥੇ ਗੌਰਮਿੰਟ ਕਾਲਜ ਬਣਾਉਣਾ ਹੈ।

ਸਿਹਤ ਸੇਵਾਵਾਂ ਲਈ ਫੰਡਾਂ ਦੀ ਐਲੋਕੇਸ਼ਨ

*2574. **ਸ਼੍ਰੀ ਰਮੇਸ਼ ਦੱਤ ਸ਼ਰਮਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਵਿੱਤੀ ਸਾਲ 1994-95 ਲਈ ਸਿਹਤ ਸੇਵਾਵਾਂ ਲਈ ਜ਼ਿਲ੍ਹਾ-ਵਾਰ ਕਿੰਨੇ ਕਿੰਨੇ ਫੰਡ ਐਲੋਕੇਟ ਕੀਤੇ ਗਏ;

(ਅ) ਕੀ ਇਹ ਠੀਕ ਹੈ ਕਿ ਚੰਡੀਗੜ੍ਹ ਵਿਖੇ ਸਥਿਤ ਰਾਜ ਸਰਕਾਰ ਦੀਆਂ ਡਿਸਪੈਂਸਰੀਆਂ ਵਿਚ ਖਰਚੇ, ਜ਼ਿਲ੍ਹਾ ਰੋਪੜ ਨੂੰ ਐਲੋਕੇਟ ਹੋਏ ਫੰਡਾਂ ਵਿਚੋਂ ਕੀਤੇ ਜਾਂਦੇ ਹਨ; ਜੇਕਰ ਅਜਿਹਾ ਹੋਵੇ, ਤਾਂ ਚੰਡੀਗੜ੍ਹ ਵਿਖੇ ਸਥਿਤ ਡਿਸਪੈਂਸਰੀਆਂ ਵਿਚ ਵਿੱਤੀ ਸਾਲ 1994-95 ਦੇ ਦੌਰਾਨ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ;

(ੲ) ਕੀ ਸਰਕਾਰ ਦਾ ਉਪਰੋਕਤ ਭਾਗ (ਅ) ਵਿਚ ਵਰਣਿਤ ਡਿਸਪੈਂਸਰੀਆਂ ਲਈ ਕੋਈ ਵਿਸ਼ੇਸ਼ ਫੰਡ ਰੱਖਣ ਦਾ ਪ੍ਰਸਤਾਵ ਹੈ ?

Sardar Harcharan Singh Brar : (a) The district-wise amount of funds allocated for Health Services in the State for the financial year 1994-95 is given in the Annexure.

(b) Yes, it is a fact that the funds being spent in the Dispensaries of the State Government stationed at Chandigarh are met out of the funds allocated to Distt. Ropar, except for M.L.A. Hostel Dispensary, Chandigarh for which the funds are directly allocated from the Directorate. The expenditure incurred by these dispen-

Original with;
Punjab Vidhan Sabha
Digitized by;

[Minister for Health and Family Welfare]

saries upto 28th Feb., 1995 is given below :-

Sr. No.	Name of Dispensary	Amount spent upto 28th Feb., 1995
1	2	3
1.	Civil Disp., Sector 39, Chandigarh. ..	2,31,999/-
2.	Civil Disp., Mini Secretariat, Sec.-9, Chandigarh. ..	61,760/-
3.	Civil Disp. Civil Secretariat, Chandigarh. ..	7,130/-
4.	Vidhan Sabha Disp., during Session. ..	8,821/-
5.	M.L.A. Hostel Disp. Chandigarh. ..	7,88 150/-
	Total ..	10,97,860/-

(c) There is no such proposal under consideration.

ANNEXURE

(Figures in thousands of Rupees).

Sr. No.	Name of Distt.	Total Budget allocated during 1994-95.
1	2	3
1.	Amritsar ..	14,72,94/-
2.	Bhatinda ..	7,16,28/-
3.	Ferozepur ..	8,79,05/-
4.	Faridkot ..	11,73,62/-
5.	Fatehgarh Sahib ..	3,29,17/-
6.	Gurdaspur ..	13,80,70/-

Original with;
Punjab Vidhan Sabha
Digitized by;

1	2		3
7.	Hoshiarpur	..	7,64,60/-
8.	Jalandhar	..	13,26,79/-
9.	Kapurthala	..	4,98,35/-
10.	Ludhiana	..	11,63,19/-
11.	Mansa	..	3,21,76/-
12.	Patiala	..	11,21,38/-
13.	Ropar	..	8,72,50/-
14.	Sangrur	..	10,58,11/-
	Total		1,30,78,44/-

ਸ਼੍ਰੀ ਰਮੇਸ਼ ਦੱਤ ਸ਼ਰਮਾ : ਮਾਨਯੋਗ ਸਪੀਕਰ ਸਾਹਿਬ, ਜਿਹੜਾ ਜਵਾਬ ਦਿੱਤਾ ਹੈ ਉਸ ਵਿਚ ਰੋਪੜ ਜ਼ਿਲ੍ਹੇ ਵਾਸਤੇ 8 ਲੱਖ 72 ਹਜ਼ਾਰ ਰੁਪਿਆ ਰਖਿਆ ਗਿਆ ਹੈ, ਜਿਸ ਵਿਚੋਂ ਸਾਢੇ 3 ਲੱਖ ਦੇ ਕਰੀਬ ਸਿਰਫ ਚੰਡੀਗੜ੍ਹ ਡਿਸਪੈਂਸਰੀਆਂ ਤੇ ਖ਼ਰਚ ਹੋ ਰਿਹਾ ਹੈ। ਇਸ ਲਈ ਜਿਹੜਾ ਰੋਪੜ ਜ਼ਿਲ੍ਹੇ ਦਾ ਖ਼ਰਚਾ ਹੈ ਉਹ ਘੱਟ ਰਹਿ ਜਾਂਦਾ ਹੈ। ਇਸ ਲਈ ਕੀ ਮੰਤਰੀ ਸਾਹਿਬ ਚੰਡੀਗੜ੍ਹ ਡਿਸਪੈਂਸਰੀਆਂ ਵਾਸਤੇ ਕੋਈ ਵਖਰੀ ਲਿਮਿਟ ਫਿਕਸ ਕਰਨਗੇ ?

ਮੰਤਰੀ : ਸ਼ਪੀਕਰ ਸਾਹਿਬ, ਜਦੋਂ ਰੋਪੜ ਜ਼ਿਲ੍ਹੇ ਨੂੰ ਫੰਡਜ਼ ਅਲਾਟ ਕੀਤੇ ਜਾਂਦੇ ਹਨ ਉਸ ਵੇਲੇ ਇਨ੍ਹਾਂ ਡਿਸਪੈਂਸਰੀਆਂ ਨੂੰ ਧਿਆਨ ਵਿੱਚ ਰੱਖ ਕੇ ਹੀ ਕੀਤੇ ਜਾਂਦੇ ਹਨ ਅੱਤੇ ਜ਼ਿਆਦਾ ਫੰਡਜ਼ ਰਖੇ ਜਾਂਦੇ ਹਨ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਮਾਨਯੋਗ ਸਪੀਕਰ ਸਾਹਿਬ, ਮੈਂ ਇਹ ਕਿਹਾ ਹੈ ਕਿ 8 ਲੱਖ ਵਿਚੋਂ ਕੋਈ 3 ਲੱਖ ਰੁਪਿਆ ਚੰਡੀਗੜ੍ਹ ਡਿਸਪੈਂਸਰੀਆਂ ਤੇ ਖ਼ਰਚ ਹੋ ਜਾਂਦਾ ਹੈ ਇਸ ਲਈ ਰੋਪੜ ਜ਼ਿਲ੍ਹੇ ਦਾ ਆਪਣਾ ਖਰਚ ਘੱਟ ਜਾਂਦਾ ਹੈ । ਇਸ ਲਈ ਕੀ ਇਹ ਚੰਡੀਗੜ੍ਹ ਡਿਸਪੈਂਸਰੀਆਂ ਵਾਸਤੇ ਵੱਖਰੀ ਲਿਮਿਟ ਕਰ ਦੇਣਗੇ । ਕਲ੍ਹ ਨੂੰ ਇਹ ਖਰਚਾ 5 ਲੱਖ ਵੀ ਹੋ ਸਕਦਾ ਹੈ ਕੋਈ ਲਿਮਿਟ ਤਾਂ ਹੈ ਨਹੀਂ । ਇਸ ਲਈ ਜਾਂ ਤਾਂ ਇਹ ਰੋਪੜ ਜ਼ਿਲ੍ਹੇ ਦੇ ਫੰਡਜ਼ ਵਧਾ ਦੇਣ ਜਾਂ ਚੰਡੀਗੜ੍ਹ ਡਿਸਪੈਂਸਰੀਆਂ ਦਾ ਖਰਚਾ ਵੱਖਰਾ ਕਰ ਦੇਣ ਤਾਕਿ ਰੋਪੜ ਜ਼ਿਲ੍ਹੇ ਨਾਲ ਅਟੈਚ ਨਾ ਹੋਵੇ ।

Original with;
Punjab Vidhan Sabha
Digitized by;
Punjab Digital Library

ਮੰਤਰੀ : ਇਹ ਤਾਂ, ਸਪੀਕਰ ਸਾਹਿਬ, ਹਾਈਪੋਥੈਟੀਕਲ ਗਲ ਕਰਦੇ ਹਨ . . .

(ਇਸ ਵੇਲੇ ਸ਼੍ਰੀ ਰਮੇਸ਼ ਦੱਤ ਜੀ ਫਿਰ ਉਠ ਕੇ ਬੋਲਣ ਲਗੇ ।)

ਸ਼੍ਰੀ ਸਪੀਕਰ : ਬੈਠ ਜਾਓ । ਡਿਸਟਰਬ ਨਾ ਕਰੋ । ਉਨ੍ਹਾਂ ਨੂੰ ਸੁਣ ਲਵੋ । ਮੰਤਰੀ ਦਾ ਵੀ ਹੱਕ ਹੈ ।

ਮੰਤਰੀ : ਇਹ ਜੋ ਚੰਡੀਗੜ੍ਹ ਡਿਸਪੈਂਸਰੀਆਂ ਤੇ ਖਰਚ ਕੀਤਾ ਹੈ, ਇਹ ਖਿਆਲ ਵਿਚ ਰੱਖ ਕੇ ਹੀ ਫੰਡਜ ਰਖੇ ਜਾਂਦੇ ਹਨ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਸਪੀਕਰ ਸਾਹਿਬ, ਇਹ ਜਿਹੜੀ ਲਿਸਟ ਆਈ ਹੈ ਇਸ ਵਿਚ 3 ਲੱਖ ਰੁਪਿਆ ਇਕਲਾ ਇਥੋਂ ਦੀ ਡਿਸਪੈਂਸਰੀਆਂ ਦਾ ਖਰਚ ਹੈ ਜਦ ਕਿ ਸਾਰਾ ਰੋਪੜ ਨੂੰ 8 ਲੱਖ ਮਿਲਦਾ ਹੈ ਇਹ ਰੋਪੜ ਨਾਲ ਧੱਕਾ ਹੈ । ਇਸ ਵਿਚ ਹੋਲਾ ਮਹੱਲਾ ਵੀ ਆ ਜਾਂਦਾ ਹੈ ਉਥੇ ਵੀ ਹੈਲਥ ਸਰਵਿਸਿਜ਼ ਤੇ ਖਰਚ ਕੀਤਾ ਜਾਂਦਾ ਹੈ । ਫਿਰ ਨੈਨਾਦੇਵ ਦਾ ਮੇਲਾ ਵੀ ਆ ਜਾਂਦਾ ਹੈ ਉਥੇ ਵੀ ਹੈਲਥ ਸਰਵਿਸਿਜ਼ ਤੇ ਖਰਚ ਕੀਤਾ ਜਾਂਦਾ ਹੈ । ਇਸ ਤਰ੍ਹਾਂ ਨਾਲ ਤਾਂ ਇਹ 8 ਦਾ 8 ਲੱਖ ਹੀ ਇਧਰ ਖਰਚ ਹੋ ਜਾਣਾ ਹੈ ਤਾਂ ਫਿਰ ਰੋਪੜ ਵਾਸਤੇ ਕੀ ਖਰਚ ਹੋਣਾ ਹੈ । ਇਸ ਲਈ ਮੈਂ ਪੁੱਛਦਾ ਹਾਂ ਕਿ ਇਹ ਚੰਡੀਗੜ੍ਹ ਨੂੰ ਜ਼ਿਲ੍ਹਾ ਮੰਨ ਕੇ ਇਸ ਵਾਸਤੇ ਇਥੋਂ ਦੀ ਡਿਸਪੈਂਸਰੀਆਂ ਦਾ ਖਰਚਾ ਵੱਖਰਾ ਅਲਾਟ ਕਰ ਦੇਣਗੇ । ਰੋਪੜ ਜ਼ਿਲ੍ਹੇ ਦੇ ਖਰਚੇ ਵਿਚੋਂ ਇਹ ਨਾ ਕੱਢਿਆ ਜਾਵੇ ।

ਮੰਤਰੀ : ਸਪੀਕਰ ਸਾਹਿਬ, ਜੇ ਇਹ ਚੰਡੀਗੜ੍ਹ ਨੂੰ ਪਜਾਬ ਵਿਚ ਮਿਲਾ ਦੇਣ ਤਾਂ ਅਸੀਂ ਇਸ ਨੂੰ ਜ਼ਿਲ੍ਹਾ ਬਣਾ ਦੇਵਾਂਗੇ ਔਰ ਵੱਖਰੇ ਫੰਡਜ਼ ਅਲਾਟ ਕਰ ਦੇਵਾਂਗੇ (ਹਾਸਾ)

ਸ਼੍ਰੀ ਸਪੀਕਰ : ਇਨ੍ਹਾਂ ਨੇ ਇਹ ਕਿਹਾ ਹੈ ਕਿ ਕੀ ਚੰਡੀਗੜ੍ਹ ਦੀਆਂ ਡਿਸਪੈਂਸਰੀਆਂ ਨੂੰ ਰੋਪੜ ਜ਼ਿਲ੍ਹੇ ਨਾਲੋਂ ਸੈਪਰੇਟ ਕਰਨ ਦਾ ਵਿਚਾਰ ਹੈ ? ਐਮ.ਐਲ.ਏ. ਹੋਸਟਲ ਦੀ ਡਿਸਪੈਂਸਰੀ ਤਾਂ ਸੈਪਰੇਟ ਹੈ । ਜਿਹੜੀਆਂ ਹੋਰ ਰੋਪੜ ਦੀਆਂ ਤਿੰਨ ਡਿਸਪੈਂਸਰੀਆਂ ਚੰਡੀਗੜ੍ਹ ਵਿਚ ਹਨ ਕੀ ਉਨ੍ਹਾਂ ਲਈ ਵੀ ਅਲਹਿਦਾ ਫੰਡਜ਼ ਐਲੋਕੇਟ ਕਰੋਗੇ ?

ਮੰਤਰੀ : ਸਪੀਕਰ ਸਾਹਿਬ, ਜੇ ਇਨ੍ਹਾਂ ਨੂੰ ਤਕਲੀਫ ਹੁੰਦੀ ਹੈ ਤਾਂ ਫੇਰ ਅਸੀਂ ਇਸ ਨੂੰ ਅਲਹਿਦਾ ਕਰਾਂਗੇ । It is clearly stated. (ਹਾਸਾ)

ਨਜ਼ੂਲ ਜ਼ਮੀਨ ਤੇ ਅਣ-ਅਧਿਕਾਰਤ ਕਬਜ਼ਾ

*2691. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੂੰ ਮਿਉਂਸਪਲ ਕਾਰਪੋਰੇਸ਼ਨ, ਅੰਮ੍ਰਿਤਸਰ ਦੀ ਨਜ਼ੂਲ ਜ਼ਮੀਨ ਤੇ ਇਸ ਦੇ ਇਕ ਕੌਂਸਲਰ ਦੁਆਰਾ ਅਣ-ਅਧਿਕਾਰਤ ਕਬਜ਼ੇ ਦਾ ਦੋਸ਼ ਲਗਾਉਂਦੀ ਕੋਈ ਸ਼ਿਕਾਇਤ ਪ੍ਰਾਪਤ ਹੋਈ;

Original with;
Punjab Vidhan Sabha
Digitized by;
Panjab Digital Library

(ਅ) ਜੇਕਰ ਉਪਰੋਕਤ ਵਿਭਾਗ (ਓ) ਦਾ ਉੱਤਰ ਹਾਂ ਵਿਚ ਹੋਵੇ ਤਾਂ ਸਰਕਾਰ ਦੁਆਰਾ ਜ਼ਮੀਨ ਕੌਂਸਲਰ ਦੇ ਅਣ-ਅਧਿਕਾਰਤ ਕਬਜ਼ੇ ਤੋਂ ਛੁਡਾਉਣ ਲਈ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ ;

(ਏ) ਕੀ ਮਿਊਂਸਪਲ ਕਾਰਪੋਰੇਸ਼ਨ, ਅੰਮ੍ਰਿਤਸਰ ਨੇ ਉਕਤ ਜ਼ਮੀਨ ਖਾਲੀ ਕਰਵਾਉਣ ਦੇ ਮਾਮਲੇ ਤੇ ਚਰਚਾ ਕਰਨ ਤੋਂ ਬਾਅਦ ਇਕ ਵੀ ਮਤਾ ਪਾਸ ਕੀਤਾ ;

(ਸ) ਕੀ ਜ਼ਮੀਨ ਅਣ-ਅਧਿਕਾਰਤ ਕਬਜ਼ੇ ਤੋਂ ਛੁਡਵਾ ਲਈ ਗਈ ਹੈ ?

Doctor. Kewal Krishan : (a) Government had received a complaint dated 22nd Sept.. 1992 from Smt. Laxmi Kanta Chawla, M.L.A. alleging unauthorised occupation of Government land by the Senior Deputy Mayor of Amritsar, Sh. Raminder Singh Bularia.

(b), (c), (d) A statement is laid on the Table of the House.

STATEMENT

On enquiry, it has been found that land measuring 4 kanals 17 marlas comprised in Khasra No. 613 was given on lease for three years by Municipal Corporation Amritsar to Sari Punardeep Singh Bularia, nephew of Shri Raminder Singh Bularia, Senior Deputy Mayor, Amritsar. Since the land was not vacated on the expiry of lease period on 31st March, 1992, eviction proceedings have been filed under the Publie Premises Act in the Court of S.D.O. (Civil), Amritsar.

On consideration of the matter, Municipal Corporation, Amritsar passed Resolution No. 553, dated 22nd June, 1992 as a follow upto which a Sub-Committee was constituted to suggest further action in the matter. On the recommendations of the Sub-Committee, proceedings under the Public Permises Act have been filed.

Action to remove unauthorised possession shall be taken after decision of the Court case.

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਆਪਣੇ ਉੱਤਰ ਵਿਚ ਇਹ ਦਸ ਦਿੱਤਾ ਹੈ ਕਿ ਖਸਰਾ ਨੰ. 613 ਦੇ ਹਿਸਾਬ ਨਾਲ ਜੋ ਕਿ ਜ਼ਮੀਨ ਖਾਲੀ ਕਰਵਾਉਣੀ ਹੈ ਉਸ ਜ਼ਮੀਨ ਉਤੇ ਸੀਨੀਅਰ ਡਿਪਟੀ ਮੇਅਰ ਬੁਲਾਰੀਆ ਨੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ । ਇਸ ਤੋਂ ਇਲਾਵਾ ਉਸ ਨੇ ਖਸਰਾ ਨੰ. 663, 664, 665 ਅਤੇ ਖਸਰਾ ਨੰ. 937 ਵਿਚ ਲਿਖੀ ਜ਼ਮੀਨ ਤੇ ਵੀ ਉਨ੍ਹਾਂ ਨੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ । ਇਸ ਦਾ ਬੁਲਾਰੀਆ ਦੇ ਦੋ ਨੈਫਊਆਂ ਦੇ ਨਾਲ ਸਬੰਧ ਹੈ ਇਸ ਨਜਾਇਜ਼ ਕਬਜ਼ੇ ਨੂੰ ਕਦੋਂ ਤੱਕ ਖਾਲੀ ਕਰਵਾ ਲਵੋਗੇ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਦੀ 22 ਸਤੰਬਰ, 1992 ਨੂੰ ਚਿੱਠੀ ਆਈ ਸੀ, ਉਸ ਦੇ ਮੁਤਾਬਿਕ ਇਨਫਰਮੇਸ਼ਨ ਦੇ ਦਿੱਤੀ ਹੈ । ਇਸ ਨਜਾਇਜ਼ ਕਬਜ਼ੇ ਵਿਚ ਸੀਨੀਅਰ ਡਿਪਟੀ ਮੇਅਰ ਦਾ ਸਬੰਧ ਹੈ । ਚਿੱਠੀ ਵਿਚ ਇਨ੍ਹਾਂ ਦੇ ਨੈਫਊ ਦਾ ਜਾਂ ਹੋਰ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਖਸਰਾ ਦਾ ਜ਼ਿਕਰ ਨਹੀਂ ਹੈ । ਇਸ ਲਈ ਇਸ ਦਾ ਜਵਾਬ ਨਹੀਂ ਦਿੱਤਾ ਜਾ ਸਕਦਾ । ਜਵਾਬ ਦੇਣਾ ਅਸੰਭਵ ਹੈ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਜਦੋਂ ਮੈਂ ਇਨ੍ਹਾਂ ਨੂੰ ਸ਼ਿਕਾਇਤ ਕੀਤੀ ਉਸ ਵਿਚ ਕੋਈ ਖਸਰਾ ਨੰਬਰ ਦਾ ਹਵਾਲਾ ਨਹੀਂ ਸੀ । ਉਸ ਵਿਚ ਕੇਵਲ ਸੀਨੀਅਰ ਡਿਪਟੀ ਮੇਅਰ ਦੇ ਨਜਾਇਜ਼ ਕਬਜ਼ੇ ਬਾਰੇ ਸੀ ਅਤੇ ਖਸਰਾ ਨੰ. 613 ਵੀ ਇਨ੍ਹਾਂ ਨੇ ਦੱਸਿਆ ਹੈ । ਇਨ੍ਹਾਂ ਦੇ ਡਿਪਾਰਟਮੈਂਟ ਨੇ ਇਨ੍ਹਾਂ ਨੂੰ ਗਲਤ ਇਨਫਰਮੇਸ਼ਨ ਦਿੱਤੀ ਹੈ । ਬਲਾਰੀਆ ਦੇ ਦੋ ਨੈਫਊ (ਭਤੀਜੇ ਜਾਂ ਭਣੇਵੇਂ) ਜਿਨ੍ਹਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ ਉਨ੍ਹਾਂ ਨੇ ਐਡਰੈਸ ਬੁਲਾਰੀਆ ਦਾ ਦਿੱਤਾ ਹੋਇਆ ਹੈ । ਕੀ ਮਨਿਸਟਰ ਸਾਹਿਬ ਹਾਊਸ ਵਿਚ ਆਸ਼ਵਾਸਨ ਦੇਣਗੇ ਕਿ ਇਨ੍ਹਾਂ ਨਜਾਇਜ਼ ਕਬਜ਼ਿਆਂ ਨੂੰ ਜਲਦੀ ਤੋਂ ਜਲਦੀ ਖਾਲੀ ਕਰਵਾ ਲਿਆ ਜਾਵੇਗਾ । ਬੁਲਾਰੀਆ ਨੇ ਕਈ ਕਨਾਲ ਜ਼ਮੀਨ ਜਿਹੜੀ ਕਾਰਪੋਰੇਸ਼ਨ ਦੀ ਹੈ, ਉਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ਅਤੇ ਡੈਮਰਜ ਸਕੂਲ ਦੀ ਜ਼ਮੀਨ ਉਤੇ ਵੀ ਕਬਜ਼ਾ ਕੀਤਾ ਹੋਇਆ ਹੈ । ਕੀ ਸਰਕਾਰ ਇਨ੍ਹਾਂ ਨਜਾਇਜ਼ ਕਬਜ਼ਿਆਂ ਨੂੰ ਹਟਵਾਉਣ ਲਈ ਜ਼ਰੂਰੀ ਕਾਰਵਾਈ ਕਰੇਗੀ ਕਿਉਂ ਕ ਅੰਮਿਤਸਰ ਵਿਚ ਮੰਤਰੀ ਜੀ ਐਲਾਨ ਕਰਕੇ ਆਏ ਸੀ ਕਿ ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਕਰਨ ਵਾਲਿਆਂ ਦੇ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਨਜਾਇਜ਼ ਕਬਜ਼ੇ ਖਾਲੀ ਕਰਵਾਉਣ ਲਈ ਪੰਜਾਬ ਸਰਕਾਰ ਡਿਟਰਮੰਡ ਹੈ ਅਤੇ ਕਿਸੇ ਪਾਸ ਨਜਾਇਜ਼ ਕਬਜ਼ੇ ਨਹੀਂ ਰਹਿਣ ਦਿੱਤੇ ਜਾਣਗੇ । ਜਿਸ ਤਰ੍ਹਾਂ ਪਹਿਲੇ ਦਸਿਆ ਹੈ ਕਿ ਨਜਾਇਜ਼ ਕਬਜ਼ੇ ਉਠਾਉਣ ਲਈ ਇਸ ਸੈਸ਼ਨ ਵਿਚ ਸਰਕਾਰ ਬਿਲ ਲਿਆ ਰਹੀ ਹੈ । ਇਹ ਨਾ ਕਾਬਲੇ ਜ਼ਮਾਨਤ ਹੋਵੇਗੀ । ਜੋ ਇਨ੍ਹਾਂ ਨੇ ਦੂਸਰੇ ਖਸਰਾ ਨੰਬਰਾਂ ਬਾਰੇ ਗੱਲ ਕੀਤੀ ਹੈ ਇਹ ਦੁਬਾਰਾ ਪ੍ਰਸ਼ਨ ਦੇ ਦੇਣ, ਅਸੀਂ ਉਸ ਦਾ ਜਵਾਬ ਦੇ ਦੇਵਾਂਗੇ । ਚੂੰਕਿ ਇਹ 1992 ਦੀ ਗੱਲ ਹੈ ਜਿਸ ਦਾ ਜਵਾਬ ਦਿੱਤਾ ਗਿਆ ਹੈ ਅਗਰ ਉਸ ਤੋਂ ਬਾਅਦ ਕੋਈ ਗੱਲ ਹੋਈ ਹੈ ਤਾਂ ਇਹ ਲਿਖ ਕੇ ਦੇ ਦੇਣ, ਅਸੀਂ ਨਜਾਇਜ਼ ਕਬਜ਼ੇ ਨੂੰ ਖਾਲੀ ਕਰਾਵਾਂਗੇ ?

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, 1992 ਤੋਂ ਪਹਿਲਾਂ ਦਾ ਕਬਜ਼ਾ ਕੀਤਾ ਹੋਇਆ ਹੈ ਅੌਰ ਕਾਰਪੋਰੇਸ਼ਨ ਦੀ ਟੀਮ ਨੇ ਮੌਕੇ ਤੇ ਜਾ ਕੇ ਸਰਵੇਖਣ ਵੀ ਕੀਤਾ ਹੈ । ਬਿਟੂ ਅਤੇ ਵਿਕੀ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ । ਇਹ ਦੋਨੇ ਸੀਨੀਅਰ ਡਿਪਟੀ ਮੇਅਰ ਦੇ ਨੈਫਊ ਹਨ । ਬਿੱਟੂ ਅਤੇ ਵਿੱਕੀ ਤੋਂ ਨਜਾਇਜ਼ ਕਬਜ਼ੇ ਕਦੋਂ ਤੱਕ ਖਾਲੀ ਕਰਵਾ ਲਏ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਜਲਦੀ ਤੋਂ ਜਲਦੀ ਕਬਜ਼ੇ ਖਾਲੀ ਕਰਵਾਵਾਂਗੇ ।

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਇਹ 22 ਫਰਵਰੀ, 1992 ਦੀ ਗੱਲ ਹੈ ਅਤੇ ਹੁਣ 1995 ਆ ਗਿਆ ਹੈ । ਇਹ ਅਵਿਕੇਸ਼ਨ ਕਰਨ ਦਾ ਕੇਸ ਕਦੋਂ ਕੀਤਾ ਗਿਆ ਹੈ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਖਸਰਾ ਨੰ: 613 ਵਿਚ ਵਾਕਿਆ 4 ਕਨਾਲ, 17 ਮਰਲੇ ਜਗ੍ਹਾ ਹੈ । ਇਸ ਦੀ, ਸਪੀਕਰ ਸਾਹਿਬ, ਡਿਪਟੀ ਕਮਿਸ਼ਨਰ ਸਾਹਿਬ ਨੇ 31 ਮਾਰਚ, 1992 ਨੂੰ ਇਨਕੁਆਇਰੀ ਕੀਤੀ ਸੀ । ਇਸ ਨੂੰ ਖਾਲੀ ਕਰਵਾਉਣ ਲਈ ਪਬਲਿਕ ਪ੍ਰੀਮਿਸਿਜ਼ ਐਕਟ ਅਧੀਨ ਐਸ.ਡੀ.ਓ. (ਸਿਵਲ) ਅੰਮ੍ਰਿਤਸਰ ਦੀ ਕੋਰਟ ਵਿਚ ਕੇਸ ਚਲ ਰਿਹਾ ਹੈ ਅਤੇ ਅਗਲੀ ਤਾਰੀਖ ਨੈਕਸਟ ਮੰਥ ਦੀ ਪਾਈ ਹੈ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਜੋ ਡਿਪਾਰਟਮੈਂਟ ਹੈ ਉਸ ਨੇ ਵੀ ਇਨਕੁਆਇਰੀ ਕੀਤੀ ਸੀ ਉਸ ਤੋਂ ਬਾਅਦ ਬਹੁਤ ਸਾਰੀ ਜ਼ਮੀਨ ਬੀਟੂ, ਕੀਟੂ ਕੰਪਨੀ ਨੇ ਵੇਚ ਦਿਤੀ ਹੈ । ਹੁਣ ਪਤਾ ਨਹੀਂ ਹੈ ਕਿ ਇਹ ਕੇਸ ਕਿਸ ਸਟੇਜ ਤੇ ਹੈ । ਇਹ ਜ਼ਮੀਨ ਤਿੰਨ ਸਾਲਾਂ ਤੋਂ ਖਾਲੀ ਨਹੀਂ ਹੋਈ । ਹੁਣ ਸਰਕਾਰ ਇਸ ਤੇ ਕੀ ਕਾਰਵਾਈ ਕਰ ਰਹੀ ਹੈ ?

(ਕੋਈ ਉੱਤਰ ਨਹੀਂ ਆਇਆ)

ਪੰਜਾਬ ਰਾਜ ਮੰਡੀਕਰਣ ਬੋਰਡ ਦੁਆਰਾ ਡਾਇਰੀਆਂ ਛਪਵਾਉਣਾ

*2576. **ਕਾਮਰੇਡ ਤਰਸੇਮ ਜੋਧਾਂ** : ਕੀ ਖੇਤੀਬਾੜੀ ਅਤੇ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਰਾਜ ਮੰਡੀਕਰਣ ਬੋਰਡ ਦੁਆਰਾ ਸਾਲ 1995 ਲਈ ਕਿੰਨੀਆਂ ਡਾਇਰੀਆਂ ਛਪਵਾਈਆਂ ਗਈਆਂ ਅਤੇ ਹਰ ਇਕ ਡਾਇਰੀ ਤੇ ਕਿੰਨੀ ਕਿੰਨੀ ਲਾਗਤ ਆਈ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ : ਸਟੇਟਮੈਂਟ ਸਦਨ ਦੀ ਟੇਬਲ ਤੇ ਰੱਖੀ ਜਾਂਦੀ ਹੈ ।

ਸਟੇਟਮੈਂਟ

ਪੰਜਾਬ ਰਾਜ ਮੰਡੀਕਰਣ ਬੋਰਡ ਵਿੱਚ ਸਾਲ 1995 ਵਿੱਚ ਹੇਠ ਲਿਖੇ ਅਨੁਸਾਰ ਡਾਇਰੀਆਂ ਛਪਵਾਈਆਂ ਗਈਆਂ ਹਨ :—

(ਰੁਪਏ)

ਲੜੀ ਨੰ:	ਆਈਟਮ	ਗਿਣਤੀ	ਰੇਟ ਪ੍ਰਤੀ ਡਾਇਰੀ	ਕੁੱਲ ਖਰਚਾ
1	2	3	4	5
1.	ਐਗਜ਼ੈਕਟਿਵ ਡਾਇਰੀ ..	3,000	37	1,11,000/-
2.	ਸਧਾਰਣ ਡਾਇਰੀ ..	7,000	34	2,38,000/-
	ਕੁਲ ਜੋੜ ..			3,49,000/-

Original with;
Punjab Vidhan Sabha
Digitized by;
Punjab Digital Library

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਪੰਜਾਬ ਮੰਡੀ ਬੋਰਡ ਵੱਲੋਂ 3,49,000/- ਰੁਪਏ ਡਾਇਰੀ ਛਪਵਾਉਣ ਦੇ ਖਰਚ ਕੀਤੇ ਗਏ । ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਮੰਡੀ ਬੋਰਡ ਸੈਕਟਰ 35 ਵੱਲੋਂ ਕਲੈਂਡਰ ਵੀ ਛਪਵਾਏ ਗਏ ਅਤੇ ਕੀ ਮੰਡੀ ਬੋਰਡ ਨੇ ਮਾਰਕਿਟ ਕਮੇਟੀਆਂ ਨੂੰ ਹੁਕਮ ਦਿੱਤਾ ਕਿ 3,000 ਕਲੈਂਡਰ ਉਥੋਂ ਚੁਕਿਆ ਜਾਵੇ ?

ਮੰਤਰੀ : ਸਪੀਕਰ ਸਾਹਿਬ, ਸਵਾਲ ਤਾਂ ਇਹ ਸੀ ਕਿ ਕਿੰਨੀਆਂ ਡਾਇਰੀਆਂ ਛਪਵਾਈਆਂ ਗਈਆਂ ਅਤੇ ਹਰ ਇਕ ਡਾਇਰੀ ਤੇ ਕਿੰਨੀ ਕਿੰਨੀ ਲਾਗਤ ਆਈ ਹੈ । ਉਸ ਦਾ ਮੈਂ ਜਵਾਬ ਦੇ ਦਿੱਤਾ ਹੈ । ਬਾਕੀ ਵਿਜੀਲੈਂਸ ਡਿਪਾਰਟਮੈਂਟ ਇਨਕੁਆਇਰੀ ਕਰ ਰਿਹਾ ਹੈ ।

ਕਾਮਰੇਡ ਤਰਸੇਮ ਜੋਧਾਂ : ਪੰਜਾਬ ਸਰਕਾਰ ਦੇ ਕਲੈਂਡਰ ਦੀ ਕੀਮਤ 7/-ਰੁਪਏ ਬਣੀ ਹੈ ਜਦ ਕਿ ਮੰਡੀ ਬੋਰਡ ਦਾ ਕਲੈਂਡਰ 21/-ਰੁਪਏ ਵਿਚ ਛਪਵਾਇਆ ਗਿਆ ਹੈ । ਕੀ ਮੰਤਰੀ ਜੀ ਇਸ ਗੱਲ ਦੀ ਇਨਕੁਆਇਰੀ ਕਰਵਾਉਣ ਲਈ ਹਾਊਸ ਨੂੰ ਵਿਸ਼ਵਾਸ ਦਿਵਾਉਣਗੇ ?

ਮੰਤਰੀ : ਮੈਂ ਦਸਿਆ ਹੈ ਕਿ ਵਿਜੀਲੈਂਸ ਡਿਪਾਰਟਮੈਂਟ ਇਨਕੁਆਇਰੀ ਕਰ ਰਿਹਾ ਹੈ । ਉਨ੍ਹਾਂ ਦੀ ਇਨਕੁਆਇਰੀ ਤੋਂ ਬਾਅਦ ਮੈਂ ਵੀ ਇਨਕੁਆਇਰੀ ਕਰਵਾ ਲਵਾਂਗਾ ।

ਅਧਿਆਪਕਾਂ ਦੀ ਭਰਤੀ

*2553. (1) **ਸ਼੍ਰੀ ਵਿਜੇ ਕੁਮਾਰ ਸਾਥੀ**
(2) **ਸਰਦਾਰ ਇੰਦਰਜੀਤ ਸਿੰਘ ਜ਼ੀਰਾ** } : ਕੀ ਸਿੱਖਿਆ
(3) **ਕਾਮਰੇਡ ਤਰਸੇਮ ਜੋਧਾਂ**

ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1993 ਤੋਂ ਹੁਣ ਤਕ ਵਿਸ਼ਾ-ਵਾਰ ਕੁੱਲ ਕਿੰਨੇ ਅਧਿਆਪਕ ਰੈਗੂਲਰ ਭਰਤੀ ਕੀਤੇ ਗਏ ਅਤੇ ਕਿੰਨੇ ਅਧਿਆਪਕ ਤਦ-ਅਰਥ ਆਧਾਰ ਤੇ ਭਰਤੀ ਕੀਤੇ ਗਏ;

(ਅ) ਸਰਕਾਰ ਵੱਲੋਂ ਉਕਤ ਭਰਤੀ ਕਰਨ ਲਈ ਦਿੱਤੇ ਗਏ ਇਸ਼ਤਿਹਾਰਾਂ ਦੇ ਵੇਰਵੇ ਕੀ ਹਨ ?

Original with;
Punjab Vidhan Sabha
Digitized by;
Panjab Digital Library

ਸਰਦਾਰ ਲਖਮੀਰ ਸਿੰਘ ਰੰਧਾਵਾ: (ੳ) ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਬਾਬਤ ਸਾਲ 1993 ਤੋਂ ਹੁਣ ਤੱਕ ਕੁੱਲ 2,455 ਅਧਿਆਪਕ ਰੈਗੂਲਰ ਅਤੇ 4,452 ਤਦ-ਅਰਥ ਆਧਾਰ ਤੇ ਭਰਤੀ ਕੀਤੇ ਗਏ ਹਨ ਜਿਨ੍ਹਾਂ ਦੇ ਵਿਸ਼ੇਵਾਰ ਵੇਰਵੇ ਬਾਰੇ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਜਿੱਥੋਂ ਤੱਕ ਪ੍ਰਾਈਮਰੀ ਟੀਚਰਾਂ ਦਾ ਸਬੰਧ ਹੈ ਸਾਲ 1993-94 ਅਤੇ 1994-95 ਦੌਰਾਨ ਕੁੱਲ 1,534 ਜੇ.ਬੀ.ਟੀ./ਈ.ਟੀ.ਟੀ. ਟੀਚਰਾਂ ਦੀ ਪੱਕੇ ਤੌਰ ਤੇ ਭਰਤੀ ਕੀਤੀ ਗਈ ਅਤੇ ਮਿਤੀ 29-12-94 ਨੂੰ 440 ਟੀਚਰ ਤਦ-ਅਰਥ ਆਧਾਰ ਤੇ ਰੱਖੇ ਗਏ । ਇਹ ਟੀਚਰ ਵਿਸ਼ੇਵਾਰ ਨਹੀਂ ਹੁੰਦੇ ।

(ਅ) ਸੀਨੀਅਰ ਸੈਕੰਡਰੀ/ਹਾਈ ਅਤੇ ਪ੍ਰਾਇਮਰੀ ਟੀਚਰਾਂ ਦੀ ਭਰਤੀ ਸਬੰਧੀ ਇਸ਼ਤਿਹਾਰਾਂ ਆਦਿ ਦੀਆਂ ਸੂਚੀਆਂ ਸਦਨ ਦੀ ਮੇਜ਼ ਤੇ ਰੱਖੀਆਂ ਜਾਂਦੀਆਂ ਹਨ ।

ਭਾਗ (ੳ) ਦੇ ਉੱਤਰ ਵਿਚ ਵਰਣਿਤ ਸੂਚੀ

ਵਿਸ਼ਾ		ਸਥਾਈ ਨਿਯੁਕਤੀਆਂ	ਤਦ-ਅਰਥ ਨਿਯੁਕਤੀਆਂ
ਐਸ.ਐਸ.ਮਾਸਟਰ	..	1,030	1,670
ਸਾਇੰਸ ਮਾਸਟਰ	..	159	541
ਹਿਸਾਬ ਮਾਸਟਰ	..	116	562
ਪੰਜਾਬੀ ਮਾਸਟਰ	..	300	150
ਹਿੰਦੀ ਮਾਸਟਰ	..	250	300
ਆਰਟ ਐਂਡ ਕਰਾਫਟ ਟੀਚਰ	..	30	400
ਡੀ.ਪੀ.ਈ.	..	75	204
ਲੈਕਚਰਾਰ	..	175	625
ਵੋਕੇਸ਼ਨਲ ਮਾਸਟਰ	..	320	—
ਕੁੱਲ	..	2,455	4,452

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਭਾਗ 'ਅ' ਦੇ ਉੱਤਰ ਵਿਚ ਵਰਣਿਤ ਪ੍ਰਾਇਮਰੀ ਟੀਚਰਾਂ ਦੀ ਭਰਤੀ ਸਬੰਧੀ ਦਿੱਤੇ ਗਏ ਇਸ਼ਤਿਹਾਰਾਂ ਦੀ ਸੂਚੀ

1.	ਭਰਤੀ ਬਾਰੇ ਇਸ਼ਤਿਹਾਰ	..	29-3-93
	ਸੋਧ	..	11-9-93
2.	ਭਰਤੀ ਬਾਰੇ ਇਸ਼ਤਿਹਾਰ	..	20-7-94
		..	28-11-94
		..	22-2-95
3	ਇੰਟਰਵਿਊ ਮੁਲਤਵੀ ਕਰਨ ਸਬੰਧੀ ਸੋਧ	..	23-9-94

ਭਾਗ (ਅ) ਦੇ ਉੱਤਰ ਵਿਚ ਵਰਣਿਤ ਸੂਚੀ

1.	ਭਰਤੀ ਬਾਰੇ ਇਸ਼ਤਿਹਾਰ	..	19-8-92
	ਸੋਧ ਬਾਰੇ ਇਸ਼ਤਿਹਾਰ	..	31-8-92
	ਨਤੀਜੇ ਬਾਰੇ ਇਸ਼ਤਿਹਾਰ	..	28-11-94
2.	ਭਰਤੀ ਬਾਰੇ ਇਸ਼ਤਿਹਾਰ	..	28-12-94
	ਸੋਧ ਬਾਰੇ ਇਸ਼ਤਿਹਾਰ	..	31-12-94
	ਨਤੀਜੇ ਬਾਰੇ ਇਸ਼ਤਿਹਾਰ	..	17-2-95

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਜਿਹੜੀਆਂ 4,452 ਤਦ-ਅਰਥ ਆਧਾਰ ਤੇ ਨਿਯੁਕਤੀਆਂ ਕੀਤੀਆਂ ਗਈਆਂ ਹਨ, ਕੀ ਇਹ ਨਿਯੁਕਤੀਆਂ ਥਰੂ ਇੰਪਲਾਇਮੈਂਟ ਐਕਸਚੇਂਜ ਕੀਤੀਆਂ ਗਈਆਂ ਹਨ ਜਾਂ ਬਿਨਾ ਇੰਪਲਾਇਮੈਂਟ ਐਕਸਚੇਂਜ ਤੋਂ ਕੀਤੀਆਂ ਗਈਆਂ ਹਨ ?

ਮੰਤਰੀ : ਸਪੀਕਰ ਸਾਹਿਬ, ਜੋ 1992 ਵਿਚ ਅਰਜ਼ੀਆਂ ਮੰਗੀਆਂ ਗਈਆਂ ਸਨ, ਸਿਲੈਕਸ਼ਨ ਕਮੇਟੀ ਨੇ ਉਨ੍ਹਾਂ ਦੀ ਇੰਟਰਵਿਊ ਕੀਤੀ ਸੀ। ਉਸ ਸਿਲੈਕਸ਼ਨ ਕਮੇਟੀ ਦੀ ਇੰਟਰਵਿਊ ਦੇ ਆਧਾਰ ਤੇ ਜੋ ਲਿਸਟਾਂ ਤਿਆਰ ਸਨ, ਉਸੇ ਆਧਾਰ ਤੇ ਇਹ ਨਿਯਕਤੀਆਂ ਕੀਤੀਆਂ ਗਈਆਂ ਹਨ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਉਹੀ 4,452 ਟੀਚਰਜ਼ ਹਨ, ਜਿਨ੍ਹਾਂ ਦੀ ਨਿਯੁਕਤੀ ਹਾਈਕੋਰਟ ਨੇ ਰੱਦ ਕਰ ਦਿੱਤੀ ਸੀ ਅਤੇ ਜਿਹੜੇ ਪਰਮਾਨੈਂਟ ਰੱਖੇ ਸੀ ? ਕੀ ਫੇਰ ਉਹੀ ਟੀਚਰ ਤਦਅਰਥ ਆਧਾਰ ਤੇ ਰੱਖੇ ਹਨ ?

ਮੰਤਰੀ : ਹਾਂ ਜੀ ।

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਮੈਂ ਤੁਹਾਡ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ ਸਿਲੈਕਸ਼ਨ ਕਮੇਟੀ ਵਲੋਂ ਪਿਛਲੇ ਸਮੇਂ ਵਿਚ, ਕੀ ਉਨ੍ਹਾਂ ਵਿਚ ਉਰਦੂ ਦੇ ਅਧਿਆਪਕ ਵੀ ਨਿਯੁਕਤ ਕੀਤੇ ਗਏ ਹਨ ? ਜੇ ਕੀਤੇ ਗਏ ਹਨ ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਜੇ ਨਹੀਂ ਕੀਤੇ ਗਏ ਤਾਂ ਇਹ ਦੱਸਣ ਕਿ ਕਿੰਨੇ ਸਟੂਡੈਂਟਸ ਦੇ ਮਗਰ ਉਰਦੂ ਦੇ ਅਧਿਆਪਕ ਨਿਯੁਕਤ ਕੀਤੇ ਜਾਂਦੇ ਹਨ ?

ਮੰਤਰੀ : ਉਰਦੂ ਦੇ ਅਧਿਆਪਕਾਂ ਦੀ ਪੋਸਟ ਵਾਸਤੇ ਮੰਗ ਨਹੀਂ ਸੀ, ਉਹ ਨਹੀਂ ਕੀਤੇ ਗਏ ।

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ, ਮੈਂ ਪੁਛਿਆ ਸੀ ਅਤੇ ਜਿਵੇਂ ਪਿਛੇ ਸੀ.ਐਮ. ਸਾਹਿਬ ਨੇ ਮਲੇਰਕੋਟਲਾ ਵਿਚ ਐਲਾਨ ਕੀਤਾ ਸੀ ਕਿ 10 ਸਟੂਡੈਂਟਸ ਦੇ ਮਗਰ ਇਕ ਟੀਚਰ ਲਾਇਆ ਜਾਵੇਗਾ....

ਸ਼੍ਰੀ ਸਪੀਕਰ : ਜੋ ਉਨ੍ਹਾਂ ਨੇ ਐਲਾਨ ਕੀਤਾ ਹੈ, ਠੀਕ ਹੈ । ਮੈਂ ਤੁਹਾਨੂੰ ਦੱਸ ਦਿੰਦਾ ਹਾਂ ਕਿ ਸਿਰਫ ਉਰਦੂ ਵਿਚ ਹੀ ਨਹੀਂ ਬਲਕਿ ਜੋ ਵੀ ਜ਼ਬਾਨ ਬੱਚੇ ਕਿਸੇ ਸਕੂਲ ਵਿਚ ਪੜ੍ਹਨਾ ਚਾਹੁੰਦੇ ਹਨ, ਇਹ ਸਰਕਾਰ ਦੀ ਨੀਤੀ ਹੈ ਕਿ ਉਥੇ ਟੀਚਰ ਪ੍ਰੋਵਾਈਡ ਕੀਤਾ ਜਾਵੇ । Next Question.

ਰਾਜ ਤੋਂ ਬਾਹਰ ਪ੍ਰੀਖਿਆ ਕੇਂਦਰ

*2649. **ਡਾਕਟਰ ਰਤਨ ਸਿੰਘ** : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਆਪਣੇ ਇਮਤਿਹਾਨ ਲੈਣ ਲਈ ਰਾਜ ਤੋਂ ਬਾਹਰ ਕਿਸ ਥਾਂ ਤੇ ਪ੍ਰੀਖਿਆ ਕੇਂਦਰ ਸਥਾਪਤ ਕੀਤੇ ਗਏ ਹਨ;

(ਅ) ਉਕਤ ਪ੍ਰੀਖਿਆਵਾਂ ਵਿਚ ਨਿਗਰਾਨ ਅਮਲੇ ਦਾ ਪ੍ਰਬੰਧ ਕਿਹੜੇ ਸਾਧਨਾਂ ਤੋਂ ਕੀਤਾ ਜਾਂਦਾ ਹੈ ?

Original with;
Punjab Vidhan Sabha
Digitized by;
Punjab Digital Library

ਸਰਦਾਰ ਲਖਮੀਰ ਸਿੰਘ ਰੰਧਾਵਾ : (ਓ) ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਇਮਤਿਹਾਨ ਲੈਣ ਲਈ ਪੰਜਾਬ ਰਾਜ ਤੋਂ ਬਾਹਰ ਸੁੰਦਰ ਨਗਰ, ਪੰਡੋਹ ਅਤੇ ਸਲਾਪੜ੍ਹ (ਹਿਮਾਚਲ ਪ੍ਰਦੇਸ਼) ਅਤੇ ਦੇਹਰਾਦੂਨ (ਉੱਤਰ ਪ੍ਰਦੇਸ਼) ਵਿਖੇ ਹਰ ਇਕ ਜਗ੍ਹਾ ਤੇ ਇਕ-ਇਕ ਪ੍ਰੀਖਿਆ ਕੇਂਦਰ ਸਥਾਪਤ ਕੀਤਾ ਗਿਆ ਹੈ ।

(ਅ) ਉਕਤ ਪ੍ਰੀਖਿਆ ਕੇਂਦਰਾਂ ਵਿਚ ਨਿਗਰਾਨ ਅਮਲਾ ਪੰਜਾਬ ਦੇ ਸਰਕਾਰੀ ਸਕੂਲਾਂ ਵਿਚੋਂ ਨਿਯੁਕਤ ਕੀਤਾ ਜਾਂਦਾ ਹੈ ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਯੂ.ਪੀ. ਅਤੇ ਹਿਮਾਚਲ ਦੇ ਵੀ ਐਜੂਕੇਸ਼ਨ ਬੋਰਡ ਹਨ । ਕੀ ਉਨ੍ਹਾਂ ਦਾ ਵੀ ਕੋਈ ਸੈਂਟਰ ਪੰਜਾਬ ਵਿਚ ਹੈ ?

ਮੰਤਰੀ : ਸਪੀਕਰ ਸਾਹਿਬ, ਜਿਹੜੇ ਹਿਮਾਚਲ ਪ੍ਰਦੇਸ਼ ਵਿਚ ਸੈਂਟਰ ਹਨ, ਇਹ ਸਕੂਲ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫੀਲੀਏਟਿਡ ਹਨ । ਜਦ ਪੰਜਾਬ ਅੱਡ ਹੋਇਆ ਸੀ, ਉਸ ਵੇਲੇ ਤੋਂ ਪਹਿਲਾਂ ਇਹ ਸਿਸਟਮ ਉਥੇ ਚਲਦਾ ਸੀ । ਉਥੇ ਬਹੁਤ ਸਾਰੇ ਪੰਜਾਬ ਦੇ ਮੁਲਾਜ਼ਮ ਹਨ ਜਿਹੜੇ ਜਿਵੇਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚ ਸਰਵਿਸ ਕਰਦੇ ਹਨ । ਉਨ੍ਹਾਂ ਦੀ ਮੰਗ ਅਨੁਸਾਰ ਸੈਂਟਰ ਉਥੇ ਚਲ ਰਿਹਾ ਹੈ । ਦੇਹਰਾਦੂਨ ਵਿਚ ਵੀ ਪੰਜਾਬੀ ਲੋਕਾਂ ਦੀ ਮੰਗ ਅਨੁਸਾਰ ਸੈਂਟਰ ਚਲਦਾ ਹੈ ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਦਿੱਲੀ ਦੇ ਲੋਕਾਂ ਦੀ ਵੀ ਡਿਮਾਂਡ ਹੈ । ਕੀ ਇਨ੍ਹਾਂ ਦਾ ਵਿਚਾਰ ਉਥੇ ਸੈਂਟਰ ਖੋਲ੍ਹਣ ਦਾ ਵੀ ਹੈ ?

ਮੰਤਰੀ : ਨਹੀਂ ਜੀ ।

श्रीमती लक्ष्मी कांता चावला : स्पीकर साहिब, मैं आपके द्धारा मंत्री जी से जानना चाहती हूं कि क्या ऐसे बच्चे भी देहरादून, सुंदरनगर, पंडोह परीक्षा देने जाते है जो पंजाब मे रहते हैं और किसी विशेष कारण आपने परीक्षा केन्द्र बाहर बनवाते है ?

ਮੰਤਰੀ : ਇਸ ਸਾਲ ਜੋ ਬੱਚੇ ਉਥੇ ਇਮਤਿਹਾਨ ਦੇ ਰਹੇ ਹਨ, ਉਹ ਉਨ੍ਹਾਂ ਦੇ ਰੈਗੂਲਰ ਸਟੂਡੈਂਟਸ ਹਨ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸ਼੍ਰੀਮਾਨ ਜੀ, ਮੰਤਰੀ ਜੀ ਇਹ ਦੱਸ ਦੇਣ, ਪਿਛਲੇ 2 ਸਾਲ ਤੋਂ ਇਹ ਪ੍ਰੈਕਟਿਸ ਰਹੀ ਹੈ ਕਿ ਜਿਹੜੇ ਬੱਚੇ ਰਹਿੰਦੇ ਪੰਜਾਬ ਵਿਚ ਹਨ ਅਤੇ ਇਥੇ ਕਿਸੇ ਕਾਰਣ ਪਾਸ ਨਹੀਂ ਹੋ ਸਕਦੇ, ਕੀ ਉਹ ਉਥੇ ਜਾ ਕੇ ਪ੍ਰੀਖਿਆ ਦੇ ਕੇ ਆਏ ਹਨ ?

ਮੰਤਰੀ : ਉਹ ਪੁਰਾਣੀ ਪ੍ਰੈਕਟਿਸ ਸੀ । ਉਸ ਵਿਚ ਖਾਮੀਆਂ ਪਾਈਆਂ ਗਈਆਂ ਸਨ । ਉਹ ਸਾਰੇ ਸੈਂਟਰ ਜੋ ਪ੍ਰਾਈਵੇਟ ਬੱਚਿਆਂ ਲਈ ਬਣਦੇ ਸੀ, ਬੰਦ ਕਰ ਦਿੱਤੇ ਹਨ । ਹੁਣ ਪੰਜਾਬ ਦੇ ਅੰਦਰ ਹੀ ਪ੍ਰਾਈਵੇਟ ਸਕੂਲਾਂ ਲਈ ਸੈਂਟਰ ਬਣਾਏ ਜਾਂਦੇ ਹਨ । ਉਸ ਵਿਚ ਬਾਹਰੋਂ ਆ ਕੇ ਬੱਚੇ ਅੰਗਜ਼ਾਮ ਦੇ ਸਕਦੇ ਹਨ ।

———

Original with;
Punjab Vidhan Sabha
Digitized by;

ਬੁਢਾਪਾ/ਵਿਧਵਾ ਪੈਨਸ਼ਨ ਰੂਲਜ਼ ਵਿੱਚ ਸੋਧ

*2276. **ਕਾਮਰੇਡ ਹਰਦੇਵ ਅਰਸ਼ੀ**: ਕੀ ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਸਰਕਾਰ ਨੇ ਬੁਢਾਪਾ/ਵਿਧਵਾ ਪੈਨਸ਼ਨਾਂ ਦੇਣ ਦੇ ਰੂਲਾਂ ਵਿੱਚ ਕੋਈ ਨਵੀਂ ਸੋਧ ਕੀਤੀ ਹੈ; ਜੇਕਰ ਅਜਿਹਾ ਹੈ, ਤਾਂ ਸੋਧੇ ਹੋਏ ਰੂਲ ਕਿਸ ਮਿਤੀ ਤੋਂ ਲਾਗੂ ਕੀਤੇ ਗਏ ਹਨ;

(ਅ) ਸੋਧੇ ਹੋਏ ਰੂਲਾਂ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ।

Chaudhary Jagjit Singh: (a) No, Sir.

(b) In the light of 'a' question does not arise.

ਕਾਮਰੇਡ ਹਰਦੇਵ ਅਰਸ਼ੀ. ਸਪੀਕਰ ਸਾਹਿਬ, ਇਹ ਤਾਂ ਮੈਨੂੰ ਪਹਿਲਾਂ ਹੀ ਪਤਾ ਸੀ ਕਿ "ਨੋ, ਸਰ" ਵਿਚ ਹੀ ਜਵਾਬ ਆਵੇਗਾ । ਫਿਰ ਵੀ ਮੇਰੀ ਅਰਜ਼ ਹੈ ਕਿ ਪਹਿਲਾਂ 1992 ਵਿਚ ਇਸ ਬਾਰੇ ਅਸ਼ੋਰੈਂਸ ਦਿੱਤੀ ਗਈ ਸੀ । ਫਿਰ ਮਾਰਚ, 1994 ਵਿਚ ਮੇਰੇ ਸਵਾਲ ਨੰ: 1304 ਵਿਚ ਤਜਵੀਜ਼ ਡਰਾਫਟ ਕਰਕੇ ਦਿੱਤੀ ਗਈ । ਅੱਜ ਸੁਬਾ ਫਿਰ ਸਵਾਲ ਨੰ: 2703 ਦੇ ਜਵਾਬ ਵਿਚ ਵਿਸ਼ਵਾਸ ਦਿਵਾਇਆ ਗਿਆ ਕਿ ਮੌਜੂਦਾ ਓਲਡ ਏਜ ਅਤੇ ਵਿਡੋ ਪੈਨਸ਼ਨ ਦੇ ਨਾਰਮਜ਼ ਨਰਮ ਕਰਨ ਵਾਸਤੇ ਪ੍ਰੋਪੋਜ਼ਲ ਵਿਚਾਰ ਅਧੀਨ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਪਿਛਲੇ 3 ਸਾਲਾਂ ਵਿਚ ਇਹ ਪ੍ਰੋਪੋਜ਼ਲ ਵਿਚਾਰ ਅਧੀਨ ਹੈ, ਇਸੇ ਤਰ੍ਹਾਂ ਹੀ ਅੱਗੇ ਨੂੰ ਵੀ ਇਹ ਵਿਚਾਰ ਅਧੀਨ ਹੀ ਰਹੇਗੀ ਜਾਂ ਇਸ ਤੋਂ ਕੋਈ ਅਮਲ ਵੀ ਕੀਤਾ ਜਾਵੇਗਾ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਆਉਣ ਤੋਂ ਪਹਿਲਾਂ 100/- ਰੁਪਏ ਪੈਨਸ਼ਨ ਦਿੱਤੀ ਜਾਂਦੀ ਸੀ । ਇਹ ਸਰਕਾਰ ਆਉਣ ਤੋਂ ਬਾਅਦ 150/- ਰੁਪਏ ਇਹ ਪੈਨਸ਼ਨ ਕੀਤੀ ਅਤੇ ਹੁਣ ਇਹ ਪੈਨਸ਼ਨ 200/- ਰੁਪਏ ਕਰ ਦਿੱਤੀ ਹੈ ਜਿਹੜੀ ਕਿ ਮਿਤੀ 1-4-95 ਤੋਂ ਲਾਗੂ ਹੋਣੀ ਹੈ । ਇਹ ਬਹੁਤ ਵੱਡਾ ਕਦਮ ਇਸ ਸਰਕਾਰ ਨੇ ਉਠਾਇਆ ਹੈ । ਦੂਸਰਾ, ਜਿਹੜਾ ਇਨ੍ਹਾਂ ਨੇ ਕਿਹਾ ਹੈ ਉਸ ਬਾਰੇ ਪਿਛਲੀ ਵਾਰ ਵੀ ਦਸਿਆ ਗਿਆ ਸੀ, ਅੱਜ ਹੁਣ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਚੀਜ਼ ਸਾਡੇ ਵਿਚਾਰ ਅਧੀਨ ਸੀ । ਹੁਣ ਅਸੀਂ ਇਸ ਵਿਚ ਚੇਂਜ ਕਰਨੀ ਹੈ । ਇਹ ਹੁਣ ਸਰਗਰਮੀ ਨਾਲ ਸਾਡੇ ਵਿਚਾਰ ਅਧੀਨ ਹੈ ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਜਿਥੋਂ ਤੱਕ ਪੈਨਸ਼ਨ ਵਿਚ ਵਾਧੇ ਦਾ ਸਵਾਲ ਹੈ, ਅਸੀਂ ਇਸ ਦਾ ਸਵਾਗਤ ਕਰਦੇ ਹਾਂ ਅਤੇ ਇਸ ਦਾ ਵਿਰੋਧ ਨਹੀਂ ਕਰਦੇ । ਲੇਕਿਨ ਅਸਲ ਗੱਲ ਇਹ ਹੈ ਕਿ ਇਹ ਪੈਨਸ਼ਨ ਲੈਣ ਵਾਸਤੇ ਜਿਹੜੀਆਂ ਕੰਡੀਸ਼ਨਜ਼ ਹਨ, ਉਹ ਬਹੁਤ ਹਾਰਡ ਹਨ । ਓਲਡ ਏਜ ਪੈਨਸ਼ਨ ਲੈਣ ਵਾਸਤੇ 50/- ਰੁਪਏ ਦੀ ਹੱਦ ਹੈ । ਇਹ ਜਿਹੜਾ ਅਸੀਂ ਪੈਨਸ਼ਨ ਵਿਚ ਵਾਧਾ ਕਰ ਰਹੇ ਹਾਂ, ਇਸ ਦੇ ਨਾਲ ਲੱਗੀਆਂ ਕੰਡੀਸ਼ਨਜ਼

Original with;
Punjab Vidhan Sabha
Digitized by;
Punjab Digital Library

[ਕਾਮਰੇਡ ਹਰਦੇਵ ਅਰਸ਼ੀ]

ਹੀ ਜੇ ਅਸੀਂ ਨਰਮ ਨਹੀਂ ਕਰਾਂਗੇ ਤਾਂ ਇਸ ਦਾ ਕੋਈ ਫਾਇਦਾ ਨਹੀਂ ਹੋਣਾ । ਪਹਿਲਾਂ ਇਹ ਕਿਹਾ ਜਾਂਦਾ ਸੀ —ਵਿਚਾਰ ਕਰ ਰਹੇ ਹਾਂ । ਹੁਣ ਇਕ ਹੋਰ ਸ਼ਬਦ ਐਡ ਕਰ ਦਿੱਤਾ—ਸਰਗਰਮੀ ਨਾਲ ਵਿਚਾਰ ਕਰ ਰਹੇ ਹਾਂ । ਮੰਤਰੀ ਜੀ ਘਟੋ ਘਟ ਇਹ ਤਾਂ ਅਸ਼ੋਰੈਂਸ ਦੇ ਦੇਣ ਅਤੇ ਇਸ ਨੂੰ ਟਾਈਮ ਬਾਊਂਡ ਕਰਕੇ ਦੱਸ ਦੇਣ ਕਿ ਕਦੋਂ ਤੱਕ ਇਨ੍ਹਾਂ ਕੰਡੀਸ਼ਨਜ਼ ਨੂੰ ਨਰਮ ਕੀਤਾ ਜਾਵੇਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਨੂੰ ਟਾਈਮ ਬਾਊਂਡ ਤਾਂ ਨਹੀਂ ਕੀਤਾ ਜਾ ਸਕਦਾ ।

ਸ਼੍ਰੀ ਸਪੀਕਰ : ਕੰਡੀਸ਼ਨ ਦੇ ਮੁਤਾਬਿਕ 50/- ਰੁਪਏ ਮਹੀਨੇ ਦੀ ਇਨਕਮ ਦੀ ਲਿਮਿਟ ਸੀ ।

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜੀ ਚੀਜ਼ ਸਾਡੀ ਸਰਕਾਰ ਦੇ ਜ਼ੇਰੇ-ਗੌਰ ਹੈ, ਉਹ ਇਹ ਹੈ ਕਿ ਪਹਿਲਾਂ ਪੈਨਸ਼ਨ ਪ੍ਰਾਪਤ ਕਰਨ ਵਾਸਤੇ 50/- ਰੁਪਏ ਮਹੀਨਾ ਅਤੇ 30/- ਰੁਪਏ ਮਹੀਨਾ ਇਨਕਮ ਦੀ ਕੰਡੀਸ਼ਨ ਸੀ । ਹਸਬੈਂਡ-ਵਾਈਫ ਵਾਸਤੇ 50/- ਰੁਪਏ ਮਹੀਨਾ ਸਿੰਗਲ ਵਾਸਤੇ 30/- ਰੁਪਏ ਮਹੀਨਾ ਇਨਕਮ ਦੀ ਕੰਡੀਸ਼ਨ ਸੀ ਲੇਕਿਨ ਹੁਣ ਇਹ ਕੰਡੀਸ਼ਨ ਹਸਬੈਂਡ-ਵਾਈਫ ਵਾਸਤੇ 500/- ਰੁਪਏ ਮਹੀਨਾ ਅਤੇ ਸਿੰਗਲ ਵਾਸਤੇ 300/- ਰੁਪਏ ਮਹੀਨਾ ਕਰਨ ਦੀ ਸਾਡੀ ਪ੍ਰੋਪੋਜ਼ਲ ਹੈ । ਸਾਡੀ ਪ੍ਰੋਪੋਜ਼ਲ ਹੈ ਕਿ ਇਹ ਲਿਮਿਟ ਅਸੀਂ ਵਧਾ ਦੇਈਏ ਅਤੇ ਓਲਡ ਏਜ ਪੈਨਸ਼ਨ ਵਾਸਤੇ ਉਸ ਦੇ ਬੱਚਿਆਂ ਨੂੰ ਡੀਲਿੰਕ ਕਰ ਦੇਈਏ । ਵਿਡੋ ਪੈਨਸ਼ਨ ਵਾਸਤੇ ਵੀ 500/- ਰੁਪਏ ਦੀ ਇਨਕਮ ਦੀ ਕੰਡੀਸ਼ਨ ਲਗਾਉਣ ਦੀ ਅਸੀਂ ਪ੍ਰੋਪੋਜ਼ਲ ਬਣਾਈ ਹੈ । ਜੇ ਕਿਸੇ ਵਿਡੋ ਦੇ ਬੱਚੇ 18 ਸਾਲ ਦੇ ਹੋ ਜਾਂਦੇ ਸਨ ਤਾਂ ਪਹਿਲਾਂ ਉਸ ਦੀ ਪੈਨਸ਼ਨ ਬੰਦ ਹੋ ਜਾਂਦੀ ਸੀ ਲੇਕਿਨ ਸਾਡੇ ਮਾਨਯੋਗ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਇੰਟਰਨੈਸ਼ਨਲ /ਵੋਮੈਨ ਡੇਅ ਦੇ ਅਵਸਰ ਤੇ ਇਹ ਸ਼ਰਤ ਉਡਾ ਦਿੱਤੀ ਹੈ । ਹੁਣ ਕੋਈ ਵੀ ਵਿਡੋ ਸਾਰੀ ਉਮਰ ਪੈਨਸ਼ਨ ਪ੍ਰਾਪਤ ਕਰ ਸਕੇਗੀ ।

ਸਰਦਾਰ ਹਰਗੋਪਾਲ ਸਿੰਘ : ਸਪੀਕਰ ਸਾਹਿਬ, ਜਿਹੜਾ ਮੰਤਰੀ ਜੀ ਨੇ ਦਸਿਆ ਹੈ ਕਿ ਪਹਿਲਾਂ ਬੱਚੇ 18 ਸਾਲ ਦੇ ਹੋਣ ਤੋਂ ਬਾਅਦ ਪੈਨਸ਼ਨ ਬੰਦ ਹੋ ਜਾਂਦੀ ਸੀ ਲੇਕਿਨ ਹੁਣ ਇਹ ਪੈਨਸ਼ਨ ਬੰਦ ਨਹੀਂ ਹੋਵੇਗੀ ਅਤੇ ਲੱਗੀ ਰਹੇਗੀ, ਇਹ ਸਕੀਮ ਕਦੋਂ ਤੋਂ ਲਾਗੂ ਹੈ ?

ਸ਼੍ਰੀ ਸਪੀਕਰ : ਇਹ ਸਕੀਮ ਲਾਗੂ ਨਹੀਂ ਹੈ ਬਲਕਿ ਇਹ ਇਸ ਨੂੰ ਲਾਗੂ ਕਰਨ ਜਾ ਰਹੇ ਹਨ ।

ਸਰਦਾਰ ਸ਼ਮਸ਼ੇਰ ਸਿੰਘ ਰਾਏ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੈਨਸ਼ਨ ਦੇਣ ਵਾਸਤੇ ਪਿਛਲੇ ਸਾਲ ਵਿਚ ਟੋਟਲ ਕਿੰਨਾ ਖਰਚਾ ਆਇਆ?

ਸ਼੍ਰੀ ਸਪੀਕਰ : ਇਹ ਵੱਖਰਾ ਸਵਾਲ ਹੈ । ਅਗਲਾ ਸਵਾਲ ।

Original with;
Punjab Vidhan Sabha
Digitized by;
Punjab Digital Library

ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਵਜ਼ੀਫੇ

*2568. **ਸਰਦਾਰ ਈਸ਼ਰ ਸਿੰਘ**: ਕੀ ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪ੍ਰਾਇਮਰੀ ਤੇ ਹਾਈ ਸਕੂਲਾਂ ਵਿੱਚ ਪੜ੍ਹਦੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਪ੍ਰਤੀ ਮਹੀਨਾ ਕਿੰਨਾ ਵਜ਼ੀਫਾ ਦਿੱਤਾ ਜਾਂਦਾ ਹੈ;

(ਅ) ਕੀ ਸਰਕਾਰ ਦੀ ਸਾਲ 1995-96 ਵਿਚ ਇਸ ਵਜ਼ੀਫੇ ਦੀ ਰਕਮ ਨੂੰ ਵਧਾਉਣ ਦੀ ਕੋਈ ਤਜਵੀਜ਼ ਹੈ ?

Chaudhary Jagjit Singh: (a) Attendance Scholarship is paid to Scheduled Caste girl students studying in Ist to 5th classes @ Rs. 30/- P.M. per student. Scholarship to Vimukat Jaties is paid @ Rs 2/- P.M. per student to primary students and Rs. 5/- to 25/- P. M. to Scheduled Caste students studying in 6th to 10th classes,

(b) Yes, please.

ਸਰਦਾਰ ਈਸ਼ਰ ਸਿੰਘ: ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਤਿਕਾਰਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਦਰਾਂ ਹਨ ਇਹ ਕਿਸ ਸਾਲ ਤੋਂ ਲਾਗੂ ਕੀਤੀਆਂ ਗਈਆਂ ਸਨ ?

ਰਾਜ ਮੰਤਰੀ: ਸਪੀਕਰ ਸਾਹਿਬ, ਇਹ ਦਰਾਂ ਸ਼ਡਿਊਲਡ ਕਾਸਟਸ ਵਾਸਤੇ 1969 ਤੋਂ ਲਾਗੂ ਕੀਤੀਆਂ ਗਈਆਂ ਸਨ ਅੱਤ ਵਿਮੁਕਤ ਜਾਤੀਆਂ ਵਾਸਤੇ 1914 ਤੋਂ ਲਾਗੂ ਕੀਤੀਆਂ ਗਈਆਂ ਸਨ ।

ਸਰਦਾਰ ਈਸ਼ਰ ਸਿੰਘ: ਸਪੀਕਰ ਸਾਹਿਬ, ਸਤਿਕਾਰਯੋਗ ਮੰਤਰੀ ਜੀ ਨੇ ਦੱਸਿਆ ਹੈ ਕਿ ਇਹ ਦਰਾਂ ਸ਼ਡਿਊਲਡ ਕਾਸਟਸ ਵਾਸਤੇ 1969 ਤੋਂ ਅੱਤ ਵਿਮੁਕਤ ਜਾਤੀਆਂ ਵਾਸਤੇ 1914 ਤੋਂ ਲਾਗੂ ਕੀਤੀਆਂ ਗਈਆਂ ਹਨ । ਸਪੀਕਰ ਸਾਹਿਬ, ਇਹ ਬਹੁਤ ਪੁਰਾਣੀ ਗੱਲ ਹੈ ਅੱਤ ਜੋ ਦਰ 2/- ਰੁਪਏ ਪ੍ਰਤੀ ਮਹੀਨਾ ਵਿਮੁਕਤ ਜਾਤੀਆਂ ਵਾਸਤੇ ਪ੍ਰਾਇਮਰੀ ਤੱਕ ਅੱਤ 6ਵੀਂ ਤੋਂ ਲੈ ਕੇ ਅੱਠਵੀਂ ਤੱਕ 5/- ਰੁਪਏ ਅੱਤ 9ਵੀਂ ਤੋਂ ਲੈ ਕੇ ਅੱਗੇ 25/- ਰੁਪਏ ਦੀ ਹੈ ਇਹ ਬਹੁਤ ਘੱਟ ਹੈ । ਮੈਂ ਆਪ ਜੀ ਦੇ ਰਾਹੀਂ ਸਤਿਕਾਰਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਪ੍ਰਾਇਮਰੀ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਬੱਚੀਆਂ ਵਾਸਤੇ ਮੁੱਖ ਮੰਤਰੀ ਜੀ ਨੇ 30/- ਰੁਪਏ ਹਾਜ਼ਰੀ ਵਜ਼ੀਫਾ ਕੀਤਾ ਹੈ ਕੀ ਉਹ ਵਿਮੁਕਤ ਜਾਤੀਆਂ ਵਾਸਤੇ 2/- ਰੁਪਏ ਤੋਂ ਵੱਧ ਕੇ 30/- ਰੁਪਏ ਪ੍ਰਾਇਮਰੀ ਤੱਕ ਕਰ ਦੇਣਗੇ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ: ਸਪੀਕਰ ਸਾਹਿਬ, ਇਸ ਤੇ ਵਿਚਾਰ ਕਰ ਲਿਆ ਜਾਵੇਗਾ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਮੇਰਾ ਨਿਵੇਦਨ ਇਹ ਹੈ ਕਿ ਸਮਾਜਿਕ ਸੁਰੱਖਿਆ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਇਹ ਦੱਸਣ ਕਿ ਜੋ ਬੱਚੇ ਆਰਥਕ ਦ੍ਰਿਸ਼ਟੀ ਤੋਂ ਪਛੜੇ ਪਰਿਵਾਰਾਂ ਦੇ ਹਨ, ਕੀ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਕੋਈ ਸਹਾਇਤਾ ਸਟਾਈਪੈਂਡ ਦੇ ਰੂਪ ਵਿੱਚ ਸੱਚੀ ਮੁੱਚੀ ਦੇਣ ਲਈ ਵਿਚਾਰ ਕਰਨਗੇ ? ਕੇਵਲ ਵਿਚਾਰ ਨਹੀਂ ਕਰਨਗੇ ? (ਹਾਸਾ)

ਸ਼੍ਰੀ ਸਪੀਕਰ: ਇਹ ਬਹੁਤ ਅੱਛਾ ਸਵਾਲ ਕੀਤਾ ਹੈ ਤੁਸੀਂ ।

ਰਾਜ ਮੰਤਰੀ: ਸਪੀਕਰ ਸਾਹਿਬ, ਹਾਲੇ ਤਾਂ ਕੋਈ ਵਿਚਾਰ ਨਹੀਂ ਹੈ ਜੀ ।

ਸ਼੍ਰੀ ਸਪੀਕਰ: ਵਿਚਾਰ ਤਾਂ ਕਰ ਲਓ । ਇਨ੍ਹਾਂ ਨੇ ਇੰਨਾ ਸੋਹਣਾ ਸਪਲੀਮੈਂਟਰੀ ਕੀਤਾ ਹੈ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਮੇਰਾ ਨਿਵੇਦਨ ਇਹ ਹੈ ਕਿ ਸ਼ੁੱਭ ਜਾਣਦੇ ਹਨ ਕਿ 1914 ਵਿਚ 2/- ਰੁਪਏ ਔਰ ਅੱਜ ਦੇ 30/- ਰੁਪਏ ਵਿੱਚ ਕੀ ਕੋਈ ਸਮਾਨਤਾ ਨਹੀਂ ਹੈ ? ਕੀ ਇਸ ਵਿੱਚ ਸਮਾਨਤਾ ਲਿਆਉਣ ਲਈ ਸਰਕਾਰ ਕੋਈ ਯਤਨ ਕਰੇਗੀ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਜਦੋਂ ਸਰਦਾਰ ਈਸ਼ਰ ਸਿੰਘ ਜੀ ਨੇ ਗੱਲ ਕੀਤੀ ਸੀ ਉਸ ਦੇ ਜਵਾਬ ਵਿੱਚ ਕਿਹਾ ਸੀ ਕਿ ਅਸੀਂ ਵਿਚਾਰ ਕਰ ਲਵਾਂਗੇ ਜੀ ।

Starred Question No. 2487*

Mr. Speaker. Extension has been asked for in respect of Starred Question No. 2487.

ਨੌਕਰੀਆਂ ਲਈ ਉਮਰ-ਸੀਮਾ ਵਿਚ ਛੋਟ

*2347. **ਕਾਮਰੇਡ ਤਰਸੇਮ ਜੋਧਾਂ** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਨੌਕਰੀਆਂ ਤੇ ਬੈਨ ਲੱਗੇ ਹੋਣ ਕਾਰਨ ਓਵਰ ਏਜ ਹੋਏ ਉਮੀਦਵਾਰਾਂ ਨੂੰ ਨੌਕਰੀ ਪ੍ਰਾਪਤ ਕਰਨ ਵੇਲੇ ਉਮਰ ਵਿਚ ਛੋਟ ਦਿੱਤੀ ਜਾਂਦੀ ਹੈ; ਜੇਕਰ ਅਜਿਹਾ ਹੈ, ਤਾਂ ਕਿਸ ਹੱਦ ਤੱਕ ?

---

*For Starred Question No. 2487 and reply thereto, please see P.V.S. Debates dated4th April, 1995.

Original with;
Punjab Vidhan Sabha
Digitized by;
Punjab Digital Library

Sardar Beant Singh: The normal prescribed upper-age limit for recruitment in the State Services is 30 years for non-technical posts, 33 years for technical posts and 35 years for class-IV posts. Keeping in view the unstable conditions in the state and the demand of the public, the upper-age limit for recruitment is being enhanced from time to time since the year 1986. At present the upper-age limit has been fixed as under up to 24.8.1995—

(1)	Class-I, Class-II and Class-III (Technical and non-technical posts)	.. 35 Years
(2)	Teachers	.. 36 Years
(3)	Class-IV posts	.. 37 Years

2. As a one time measure, all those candidates who were born on or after January 1, 1953, have been allowed to apply in response to the advertisement given on 28.12.1994 by the Education Department for the recruitment of teachers.

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੱਖ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਵੇਂ ਅਧਿਆਪਕਾਂ ਨੂੰ 1953 ਤੋਂ ਵੰਨ ਟਾਈਮ ਮੱਦੀਯਰ ਦਾ ਲਾਭ ਦਿੱਤਾ ਗਿਆ ਹੈ ਕੀ ਬਾਕੀ ਮਹਿਕਮਿਆਂ ਦੇ ਮੁਲਾਜ਼ਮਾਂ ਨੂੰ ਵੀ ਸਰਕਾਰ ਇਹ ਲਾਭ ਦੇਣ ਦਾ ਕੋਈ ਇਰਾਦਾ ਰਖਦੀ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਗੱਲ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਅਧਿਆਪਕਾਂ, ਟੀਚਰਜ਼ ਦੀ ਗੱਲ ਅਲਹਿਦਾ ਸੀ ਕਿਉਂਕਿ ਬਹੁਤ ਸਾਲ ਪਹਿਲਾਂ ਬਹੁਤ ਸਾਰੇ ਬੀ. ਐਡ. ਕਰ ਚੁੱਕੇ ਸਨ ਅੱਤ ਉਨ੍ਹਾਂ ਨੂੰ ਸਰਵਿਸ ਵਾਸਤੇ ਅਪਲਾਈ ਕਰਨ ਦਾ ਮੌਕਾ ਹੀ ਨਹੀਂ ਮਿਲਿਆ । ਅਸੀਂ ਕੇਵਲ ਉਨ੍ਹਾਂ ਵਾਸਤੇ ਵਿਸ਼ੇਸ਼ ਗੱਲ ਕੀਤੀ ਹੈ । ਬਾਕੀਆਂ ਦੀ ਏਜ ਲਿਮਿਟ ਉਹੀ ਰਹੇਗੀ ।

ਕਾਰਪੋਰੇਸ਼ਨਾਂ ਦੁਆਰਾ ਇਸ਼ਤਿਹਾਰਬਾਜ਼ੀ ਤੇ ਖ਼ਰਚ

*2399. **ਕਾਮਰੇਡ ਹਰਦੇਵ ਅਰਸ਼ੀ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1994-95 ਦੌਰਾਨ ਉਦਯੋਗ ਵਿਭਾਗ ਅਧੀਨ ਪੰਜਾਬ ਸਰਕਾਰ ਦੀ ਹਰ ਇਕ ਕਾਰਪੋਰੇਸ਼ਨ ਦੁਆਰਾ ਇਸ਼ਤਿਹਾਰਾਂ ਤੇ ਖ਼ਰਚ ਕੀਤੀ ਗਈ ਕੁਲ ਰਕਮ ਦੇ ਵੇਰਵੇ ਕੀ ਹਨ ਅਤੇ ਇਹ ਇਸ਼ਤਿਹਾਰ ਕਿਹੜੀ ਕਿਹੜੀ ਏਜੰਸੀ/ ਸੰਸਥਾ/ਪੱਤ੍ਰਿਕਾ ਵਿਚ ਦਿੱਤੇ ਗਏ;

(ਅ) ਕੀ ਇਸ ਤਰ੍ਹਾਂ ਕੀਤਾ ਗਿਆ ਖ਼ਰਚਾ ਸਰਕਾਰੀ ਹਦਾਇਤ /ਨਾਰਮਜ਼/ਨਿਯਮਾਂ ਅਨੁਸਾਰ ਕੀਤਾ ਗਿਆ ਸੀ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

ਸਰਦਾਰ ਕਰਮ ਸਿੰਘ ਗਿੱਲ (ਰਾਜ ਮੰਤਰੀ, ਉਦਯੋਗ): (ੳ) ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਖਰਚਾ ਸਰਕਾਰ ਵਲੋਂ ਮਨਜ਼ੂਰਸ਼ੁਦਾ ਨਾਰਮ ਮੁਤਾਬਿਕ ਕੀਤਾ ਗਿਆ ਪ੍ਰੰਤੂ ਮਾਹਿਰ ਸੇਵਾਵਾਂ, ਸਮਾਂ-ਬੱਧਤਾ ਅਤੇ ਤੁਰੰਤ ਲੋੜ ਨੂੰ ਮੁੱਖ ਰੱਖਦਿਆਂ ਕਈ ਕੇਸਾਂ ਵਿਚ ਨਿਗਮਾਂ ਵਲੋਂ ਲੋਕ ਸੰਪਰਕ ਵਿਭਾਗ ਰਾਹੀਂ ਇਸ਼ਤਿਹਾਰ ਜਾਰੀ ਨਹੀਂ ਕੀਤੇ ਜਾ ਸਕੇ ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਉਦਯੋਗ]

ਸੂਚਨਾ

ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ

ਲੜੀ ਨੰ:	ਅਖਬਾਰ/ਪੀਰੀਆਡੀਕਲ/ਮੈਗਜ਼ੀਨਾਂ/ ਏਜੰਸੀਆਂ ਦੇ ਨਾਂ	ਰਕਮ (ਰੁ:)
1	2	3
1.	ਹਿੰਦੁਸਤਾਨ ਟਾਈਮਸ ਲਿਮਿਟਿਡ ..	1,05,380.00
2.	ਹਿੰਦ ਸਮਾਚਾਰ ..	24,580.00
3	ਇੰਡੀਅਨ ਐਕਸਪਰੈਸ ..	1,22,050.00
4.	ਪਰੀਤ ਲੜੀ ..	850.00
5.	ਟਾਈਮਸ ਆਫ ਇੰਡੀਆ ਲਿਮਿਟਿਡ ..	27,000.00
6.	ਦੀ ਸਟੇਟਸਮੈਨ ਲਿਮਿਟਿਡ ਦਿੱਲੀ-ਕਲਕੱਤਾ ..	31,500.00
7.	ਦੀ ਟ੍ਰਿਬਿਊਨ ਟ੍ਰਸਟ, ਚੰਡੀਗੜ੍ਹ ..	87,620.00
8.	ਦੀ ਡੇਲੀ ਅਜੀਤ ਨਿਊਜ਼ਪੇਪਰ, ਜਲੰਧਰ .	20,638.00
9,	ਬਿਜ਼ਨੈਸ ਸਟੈਂਡਰਡ (ਅਨੰਦ ਬਜ਼ਾਰ ਪਤ੍ਰਿਕਾ) ..	17,340.00
10.	ਨਿਊ ਇੰਡੀਆ ਟਾਈਮਸ-ਇੰਟਰਨੈਸ਼ਨਲ ਵੀ. ਐਸ. ..	5,000.00
11.	ਐਮ/ਮੈਸਰਜ਼ ਚੜਦੀ ਕਲਾ ਅਖਬਾਰ ..	11,272.00
12.	ਬਲੱਡ ਬੈਂਕ ਸੋਸਾਇਟੀ, ਚੰਡੀਗੜ੍ਹ ..	20,000.00
13.	ਅੋਰੋਵਿੰਦੋ ਸੋਸਾਇਟੀ (ਰਜਿ.) ..	6,000.00
14.	ਇੰਨਟੈਗਰੇਸ਼ਨਿਸਟਸ ..	28,000.00
15.	ਪੰਜਾਬ ਵਿਕਾਸ ਬੋਰਡ, ਜਲੰਧਰ ..	5,000.00
16.	ਚੰਡੀਗੜ੍ਹ ਪ੍ਰੈਸ ਕਲੱਬ ..	3,000.00

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਅਖਬਾਰ/ਪੀਰੀਆਡੀਕਲ/ਮੈਗਜ਼ੀਨਾਂ/ ਏਜੰਸੀਆਂ ਦੇ ਨਾਂ	ਰਕਮ (ਰੁ.)
1	2	3
17.	ਡਾਕਟਰ ਅੰਬੇਦਕਰ ਵੈਲਫੇਅਰ ਕੌਂਸਲ ..	3,000.00
18.	ਨਿਊਜ਼ ਇੰਡੀਆ ਇੰਟਰਨੈਸ਼ਨਲ ..	5,000.00
19.	ਨਾਰਦਨ ਨਿਊਜ਼, ਚੰਡੀਗੜ੍ਹ ..	11,000.00
20.	ਆਰਟ ਲਵਰ ਮਿਊਜ਼ਿਕਲ ਗਰੁੱਪ ਐਂਡ ਟ੍ਰੇਨਿੰਗ ..	1,500.00
21.	ਸੀ.ਏ.ਐਸ. ਆਈ. ਡੀ. ਆਈ. ਸੀ. ਆਈ., ਨਿਊ ਦਿੱਲੀ ..	2,500.00
22.	ਜਨਤਾ ਲਹਿਰ ..	5,000,00
23.	ਰਾਸ਼ਟ੍ਰੀਆ ਦੂਤ ..	3,4500 00
24.	ਦੁਰਗਾ ਭਾਈ ਪੂਜਾ ਸਮਿਤੀ ..	5.000.00
25.	ਪ੍ਰੈਸਫੈਕਟ-94 ..	6,000\00
26.	ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ .	2,000,00
27.	ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ..	2,000.00
28.	ਜੰਗ ਫਾਰਮਜ਼ ਐਸੋਸੀਏਸ਼ਨਸ ..	5,000.00
29.	ਜਗਰਾਉਂ ਪ੍ਰਕਾਸ਼ਨ ਪ੍ਰਾਈਵੇਟ ਲਿਮਿ: ..	2.000.00
30.	ਆਇਸਕ-ਚੰਡੀਗੜ੍ਹ ਐਨ. ਐਲ. ਡੀ. ਐਸ.-94 ..	2,000.00
31.	ਨਿਊ ਐਂਟਰਪ੍ਰੀਨਿਊਰਸ, ਦਿੱਲੀ ..	4,000.00
32.	ਮਾਡਰਨ ਪ੍ਰੈਕਟੀਕਲ ਫਿਜ਼ੋਲੋਜੀ ਐਮ. ਜੀ. ਟੀ. ..	2,500.00
33.	ਐਗਰੋਟੈਕ-94 ..	1,382.00
34.	ਇਨਰ ਵਹੀਲ ਕਲੱਬ ..	1,000.00
35.	ਪ੍ਰੈਜ਼ੀਡੈਂਟ, ਬੈਡਮਿੰਟਨ ਐਸੋਸੀਏਸ਼ਨ, ਚੰਡੀਗੜ੍ਹ ..	3,000.00
36.	ਗੁਰੂ ਹਰਿ ਕਿਸ਼ਨ ਐਜੂਕੇਸ਼ਨਲ ਸੋਸਾਇਟੀ ..	2,500.00
37.	ਇਕਨਾਮਿਕਸ ਟਾਈਮਜ਼ ..	1,07,500.00
38.	ਹਿੰਦ ਸਮਾਚਾਰ ..	16,200.00
39.	ਅਜੀਤ ਜਲੰਧਰ ..	9,000,00
40.	ਸਟੇਟਸਮੈਨ, ਦਿੱਲੀ/ਕਲਕਤਾ ..	24,500,00

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਉਦਯੋਗ]

ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਲਿਮਿਟਿਡ

ਲੜੀ ਨੰ:	ਅਖਬਾਰ ਦਾ ਨਾਂ		ਖਰਚ ਕੀਤੀ ਰਕਮ
1	2		3
1.	ਟਾਈਮਜ਼ ਆਫ ਇੰਡੀਆ	..	73,113.00
2.	ਇਕਨਾਮਿਕਸ ਟਾਈਮਜ਼	..	73,455,00
3.	ਫਾਈਨੈਂਸ਼ੀਅਲ ਐਕਸਪਰੈਸ	..	36,840.00
4.	ਹਿੰਦੁਸਤਾਨ ਟਾਈਮਜ	..	80,640.00
5.	ਸਟੇਟਸਮੈਨ	..	27,460.00
6.	ਰਾਜਸਥਾਨ ਪਤਰਿਕਾ	..	5,600.00
7.	ਦੀ ਟਰੀਬਿਊਨ	..	3,63,206.00
8.	ਅਜੀਤ	..	3,20,945.00
9.	ਪੰਜਾਬ ਕੇਸਰੀ	..	4,12,010.00
10.	ਇੰਡੀਅਨ ਐਕਸਪਰੈਸ	..	41,413.00
11.	ਦੀ ਗੈਰਤ ਵੀਕਲੀ, ਪਟਿਆਲਾ	..	2,013.00
12,	ਰੋਜ਼ਾਨਾ ਸੈਨਾਪਤੀ, ਪਟਿਆਲਾ	..	6,875.00
13.	ਸਖਰਾਜ ਵੀਕਲੀ, ਪਟਿਆਲਾ	..	2,053.00
14.	ਨਗਰਾਹਾ, ਸੈਕਟਰ-35-ਡੀ, ਚੰਡੀਗੜ੍ਹ	..	1,700.00
15.	ਸ਼ਹਾਦਤ, ਸੈਕਟਰ 19-ਸੀ, ਚੰਡੀਗੜ੍ਹ	..	3,400.00
16.	ਨਵਾਂ ਜ਼ਮਾਨਾ, ਜਲੰਧਰ	..	10,584.00
17.	ਵੀਰ ਪਰਤਾਪ, ਜਲੰਧਰ	..	1,528.00
18.	ਪਰੀਤ ਲੜੀ, ਅੰਮ੍ਰਿਤਸਰ	..	850.00
19.	ਦੀ ਜਗਨੈਕ ਵੀਕਲੀ, ਲੁਧਿਆਣਾ	..	765.00
20.	ਅਨੰਦ ਬਜ਼ਾਰ ਪਤਰਿਕਾ ਲਿਮ; ਕਲੱਕਤਾ	..	8,160.00
21.	ਸੈਂਟ ਜੋਨਸ ਸਕੂਲ, ਚੰਡੀਗੜ੍ਹ	..	1,200.00
22.	ਟੈਲੀਗਰਾਫ ਅਤੇ ਬਿਜ਼ਨੈਸ ਸਟੈਂਡਰਡ, ਨਵੀਂ ਦਿੱਲੀ	..	8,160.00

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਅਖਬਾਰ ਦਾ ਨਾਂ	ਖ਼ਰਚ ਕੀਤੀ ਰਕਮ
1	2	3
23.	ਨਿਊ ਐਂਟਰਪਰੀਨਿਊਅਰ, ਨਵੀਂ ਦਿੱਲੀ	5,950.00
24.	ਪੰਜਾਬ ਕਰਿਕਟ ਐਸੋ., ਮੁਹਾਲੀ	2,10,000.00
25.	ਚੰਡੀਗੜ੍ਹ ਪਰੈਸ ਕਲੱਬ, ਸੈਕਟਰ-17, ਚੰਡੀਗੜ੍ਹ	2,975.00
26.	ਨਾਰਦਰਨ ਨਿਊਜ਼, ਚੰਡੀਗੜ੍ਹ	15,300,00
27.	ਇੰਟੈਗਰੇਸ਼ਨ, ਚੰਡੀਗੜ੍ਹ	9,435.00
28.	ਚੜ੍ਹਦੀ ਕਲਾ, ਪਟਿਆਲਾ	2,530 80
29.	ਪੰਜਾਬ ਲੁੱਕ, ਪਟਿਆਲਾ	2,550.00
30.	ਰੋਮਾ ਪਬਲੀਕੇਸ਼ਨ, ਚੰਡੀਗੜ੍ਹ	2,550.00
31.	ਪੰਜਾਬ ਟੂਡੇ, ਪਟਿਆਲਾ	2,125.00
32.	ਇੰਨੂਰ ਵੀਲ੍ਹ ਕਲੱਬ, ਰਾਜਪੁਰਾ	850.00
33.	ਗੁਰੂ ਹਰਕ੍ਰਿਸ਼ਨ ਐਜੂਕੇਸ਼ਨਲ ਸੋਸਾਇਟੀ ਚੰਡੀਗੜ੍ਹ	2,125.00
34.	ਯਾਦਗਾਰ-ਏ-ਰਫੀ ਸੋਸਾਇਟੀ, ਸੈਕਟਰ-29-ਡੀ, ਚੰਡੀਗੜ੍ਹ ।	1,700.00
35.	ਚੰਡੀਗੜ੍ਹ ਵੂਮੈਨ ਹਾਕੀ ਐਸੋਸੀਏਸ਼ਨ ਚੰਡੀਗੜ੍ਹ	1,700.00
36.	ਚਾਈਲਡ ਵੈਲਫੇਅਰ ਕਾਊਂਸਲ, ਪੰਜਾਬ, ਚੰਡੀਗੜ੍ਹ	1,700.00
37.	ਡੀਪਾਰਟਮੈਂਟ ਆਫ ਇਕਨਾਮਿਕਸ, ਪਟਿਆਲਾ	4,250.00
38.	ਨੈਸ਼ਨਲ ਇੰਨਸਟੀਚਿਊਟ ਆਫ ਸੈਕੰਡਰੀ ਸਟੀਲ ਟੈਕਨਾਲੋਜੀ, ਚਿੱਲੀ	4,000.00
39.	ਮੈਡੀਕਲ ਸਟੂਡੈਂਟ ਐਸੋਸੀਏਸ਼ਨ, ਅੰਮ੍ਰਿਤਸਰ	10,999.00
40.	ਰੋਜ਼ਾਨਾ ਆਜ਼ੀਆਨਾ, ਪਟਿਆਲਾ	1,766.00
41.	ਇੰਨਰਵੀਲ੍ਹ ਕਲੱਬ, ਰਾਜਪੁਰਾ	2,550.00

Original with;
Punjab Vidhan Sabha
Digitized by:
Punjab Digital Library

[ਰਾਜ ਮੰਤਰੀ, ਉਦਯੋਗ]

ਪੰਜਾਬ ਫਾਇਨੈਂਸ਼ਲ ਕਾਰਪੋਰੇਸ਼ਨ

(ੳ) ਪੰਜਾਬ ਫਾਇਨੈਂਸ਼ਲ ਕਾਰਪੋਰੇਸ਼ਨ ਨੇ ਸਾਲ 1994-95 ਦੇ ਵਿੱਤੀ ਸਾਲ ਦੌਰਾਨ ਵੱਖ ਵੱਖ ਅਖਬਾਰਾਂ ਅਤੇ ਪ੍ਰਕਾਸ਼ਨਾਂ ਵਿਚ ਇਸ਼ਤਿਹਾਰ ਜਾਰੀ ਕਰਨ ਉੱਤੇ ਲਗਭਗ 7.13 ਲੱਖ ਰੁਪੇ ਖ਼ਰਚ ਕੀਤਾ ਜਿਸਦਾ ਵੇਰਵਾ ਨਿਮਨ ਅਨੁਸਾਰ ਹੈ :—

ਲੜੀ ਨੰ.	ਨਾਮ			ਰਕਮ
1	2			3
1.	ਮੈਸ: ਚੰਡੀਗੜ੍ਹ ਇੰਸਟੀਚੀਊਟ ਆਫ ਪਰਫਾਰਮਿੰਗ ਆਰਟਸ	..	ਰੁ:	5,000.00
2.	ਬਲੱਡ ਬੈਂਕ ਸੁਸਾਇਟੀ ਪੀ.ਜੀ.ਆਈ., ਚੰਡੀਗੜ੍ਹ	..	ਰੁ:	20,000.00
3.	ਨਾਰਦਰਨ ਵੈਸਟਰਨ ਕਰੂਜ਼ੈਡਰ	..	ਰੁ:	850.00
4.	ਇੰਟਰਨੈਸ਼ਨਲ ਕਲਚਰਲ ਥੀਏਟਰ, ਚੰਡੀਗੜ੍ਹ	..	ਰੁ:	2,000.00
5.	ਐਮਚਿਊਰ ਜੂਡੋ ਐਸੋਸੀਏਸ਼ਨ ਆਫ ਚੰਡੀਗੜ੍ਹ	..	ਰੁ:	1,000.00
6.	ਨਾਰਥ ਜ਼ੋਨ ਚੈਪਟਰ ਦੀ 13ਵੀਂ ਸਾਲਾਨਾ ਕਾਨਫਰੰਸ ਆਈ. ਓ. ਏ., ਪੀ. ਜੀ. ਆਈ., ਚੰਡੀਗੜ੍ਹ	..	ਰੁ:	5,000.00
7.	ਸ਼ਹੀਦ ਊਧਮ ਸਿੰਘ ਮੈਮੋਰੀਅਲ ਭਵਨ ਸੁਸਾਇਟੀ, (ਰੋਪੜ) ਚੰਡੀਗੜ੍ਹ	..	ਰੁ:	2,000.00
8.	ਸੁਖਰਾਜ ਵੀਕਲੀ	..	ਰੁ:	2,000.00
9.	ਚੰਡੀਗੜ੍ਹ ਪਬਲੀਕੇਸ਼ਨਜ਼ ਪ੍ਰਾ: ਲਿਮ.	..	ਰੁ:	3,300.00
10.	ਇੰਟਰਨੈਸ਼ਨਲਿਸਟ, ਚੰਡੀਗੜ੍ਹ	..	ਰੁ:	3,000.00
11.	ਰਾਈਟ ਐਕਸ਼ਨ, ਪਟਿਆਲਾ	..	ਰੁ:	2,000.00
12.	ਭਾਰਤ ਦੇਸ਼ ਹਮਾਰਾ, ਪਟਿਆਲਾ	..	ਰੁ:	1,960.00
13.	ਇੰਡੀਅਨ ਇੰਸਟੀਚਿਊਟ ਆਫ ਕੈਮੀਕਲ ਇੰਜੀਨੀਅਰਜ਼ ਚੰਡੀਗੜ੍ਹ (ਰੀਜਨਲ ਸੈਂਟਰ)	..	ਰੁ:	5,000.00

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਨਾਮ		ਰਕਮ
1	2		3
14.	ਦੀ ਨਿਊ ਇੰਟਰਪਰੀਨਿਊਰ	.. ਰੁ:	7,000.00
15.	ਦੈਨਿਕ ਜਾਗਰਣ, ਨਵੀਂ ਦਿਲੀ	.. ਰੁ:	3,150.0
16.	ਸੁਖਰਾਜ ਵੀਕਲੀ	.. ਰੁ:	2,100.000
17.	ਨਾਰਦਰਨ ਨਿਯੂਜ਼	.. ਰੁ:	3,500.00
18.	ਯੰਗ ਫਾਰਮਰਜ਼ ਐਸੋਸੀਏਸ਼ਨ, ਪਟਿਆਲਾ	.. ਰੁ:	5,000.00
19.	ਪੰਜਾਬੀ ਕਿੰਗ, ਚੰਡੀਗੜ੍ਹ	.. ਰੁ:	4,000.00
20.	ਡੇਲੀ ਆਸ਼ੀਆਨਾ	.. ਰੁ:	1960.00
21.	ਇੰਡੀਅਨ ਨੈਸ਼ਨਲ ਪੋਸਟੇਜ, ਐਸੋਸੀਏਸ਼ਨ	.. ਰੁ:	4,000.00
22	ਇੰਟੈਗਰੇਸ਼ਨਿਸਟ	.. ਰੁ:	5,000.00
23.	ਕੇ. ਐਲ. ਸਹਿਗਲ ਮੈਮੋਰੀਅਲ ਟਰਸਟ	.. ਰੁ:	2,500.00
24.	ਚਿਲਡਰਨ ਵੈਲਫੇਅਰ ਕੌਂਸਿਲ ਪੰਜਾਬ	... ਰੁ:	2,000.00
25.	ਪੰਜਾਬ ਵਿਕਾਸ ਮੰਚ	.. ਰੁ:	10,000.00
26.	ਗੁਰੂ ਹਰਕਿਸ਼ਨ ਐਜੂਕੇਸ਼ਨ ਸੁਸਾਇਟੀ (ਰਜਿ.)	.. ਰੁ:	1,500.00
27.	ਚੰਡੀਗੜ੍ਹ ਪ੍ਰੈਸ ਕਲੱਬ ਨਿਊਜ਼	.. ਰੁ:	2,975.00
28.	ਚੜ੍ਹਦੀ ਕਲਾ ਪਬਲੀਕੇਸ਼ਨ ਪ੍ਰਾਈਵੇਟ ਲਿਮੀਟਿਡ	.. ਰੁ:	3,168.00
		.. ਰੁ:	1,14,303.00
29.	ਮੈਸ. ਇੰਡੀਅਨ ਐਕਸਪ੍ਰੈਸ ਗਰੁੱਪ, ਚੰਡੀਗੜ੍ਹ	.. ਰੁ:	2017.00
30.	—ਉਹੀ—	.. ਰੁ:	1,249.50
31.	ਮੈਸ. ਦੀ ਟ੍ਰਿਬਿਊਨ ਗਰੁੱਪ, ਚੰਡੀਗੜ੍ਹ	.. ਰੁ:	6,774.00
32.	ਮੈਸ. ਪੰਜਾਬ ਕੇਸਰੀ, ਜਲੰਧਰ	.. ਰੁ:	9,756.00
33.	ਅਜੀਤ ਜਲੰਧਰ,	.. ਰੁ:	5,130.00

Original with;
Punjab Vidhan Sabha
Digitized by;
Punjab Digital Library

[ਰਾਜ ਮੰਤਰੀ, ਉਦਯੋਗ]

ਲੜੀ ਨੰ:	ਨਾਮ		ਰਕਮ
1	2		3
34.	ਮੈਸ. ਦੀ ਇੰਡੀਅਨ ਐਕਸਪ੍ਰੈਸ, ਚੰਡੀਗੜ੍ਹ	.. ਰੁ:	1,614.00
35.	ਦੀ ਟ੍ਰਿਬਿਊਨ ਚੰਡੀਗੜ੍ਹ	.. ਰੁ:	3,285.00
36.	ਮੈਸ. ਕੇਸਰੀ	.. ਰੁ:	7,317.00
37.	ਮੈਸ. ਅਜੀਤ	.. ਰੁ:	3,847 50
38.	ਮੈਸ. ਇੰਡੀਅਨ ਐਕਸਪ੍ਰੈਸ	.. ਰੁ:	1,210.50
39.	ਦੀ ਟ੍ਰਿਬਿਊਨ	.. ਰੁ:	3,285.00
40.	ਪੰਜਾਬ ਕੇਸਰੀ	.. ਰੁ:	7,317.00
41.	ਅਜੀਤ	.. ਰੁ:	3,847.50
42.	ਦੀ ਟ੍ਰਿਬਿਊਨ	.. ਰੁ:	3,285.00
43.	ਪੰਜਾਬ ਕੇਸਰੀ	.. ਰੁ:	7317.00
44.	ਅਜੀਤ	.. ਰੁ:	3,847.50
45.	ਦੀ ਟ੍ਰਿਬਿਊਨ	.. ਰੁ:	3,285.00
46.	ਪੰਜਾਬ ਕੇਸਰੀ	.. ਰੁ:	7,317.00
47.	ਅਜੀਤ	.. ਰੁ:	3,847.50
48.	ਦੀ ਟ੍ਰਿਬਿਊਨ	.. ਰੁ:	8,467.00
49.	ਸਟੇਟਸ ਮੈਨ	.. ਰੁ:	31,500.00
50.	ਦੀ ਬਿਜ਼ਨਸ ਸਟੈਂਡਰਡ ਅਲੀਗਾਫ	.. ਰੁ:	34,680.00
51.	ਦੀ ਇੰਡੀਅਨ ਐਕਸਪ੍ਰੈਸ	.. ਰੁ:	1250.00
52.	—ਉਹੀ —	.. ਰੁ:	1,210.50
53.	ਦੀ ਟ੍ਰਿਬਿਊਨ	.. ਰੁ:	4,161.00

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਨਾਮ		ਰਕਮ
1	2		3
54.	ਅਜੀਤ	.. ਰੁ:	4,873.50
55.	ਪੰਜਾਬ ਕੇਸਰੀ	.. ਰੁ:	9,268.00
56.	ਇੰਡੀਅਨ ਐਕਸਪ੍ਰੈਸ	.. ਰੁ:	1,533.00
57.	—ਉਹੀ—	.. ਰੁ:	1,210 50
58.	ਅਜੀਤ	.. ਰੁ:	3,847.50
59.	ਦੀ ਟ੍ਰਿਬਿਊਨ	.. ਰੁ:	3,285.00
60.	ਪੰਜਾਬ ਕੇਸਰੀ	.. ਰੁ:	7,317.00
61.	ਦੀ ਟ੍ਰਿਬਿਊਨ	.. ਰੁ:	4,818.00
62.	ਅਜੀਤ	.. ਰੁ:	4,873.50
63.	ਪੰਜਾਬ ਕੇਸਰੀ	.. ਰੁ:	9,268.20
64.	ਦੀ ਟਾਈਮਜ਼ ਆਫ ਇੰਡੀਆ	.. ਰੁ:	27,000.00
65.	ਦੀ ਟ੍ਰਿਬਿਊਨ	.. ਰੁ:	3,285.00
66.	ਅਜੀਤ	.. ਰੁ:	3,247.50
67.	ਪੰਜਾਬ ਕੇਸਰੀ	.. ਰੁ:	7,317.00
68.	ਇੰਡੀਅਨ ਐਕਸਪ੍ਰੈਸ	.. ਰੁ:	1,210.50
69.	ਪੰਜਾਬ ਕੇਸਰੀ	.. ਰੁ:	7,879.50
70.	ਅਜੀਤ	.. ਰੁ:	3,847,50
71.	ਦੀ ਇੰਡੀਅਨ ਐਕਸਪ੍ਰੈਸ	.. ਰੁ:	1,210.50
72.	ਦੀ ਟ੍ਰਿਬਿਊਨ	.. ਰੁ:	1,752.00
73.	ਪੰਜਾਬ ਕੇਸਰੀ	.. ਰੁ:	4,202.40
74.	ਅਜੀਤ ਜਲੰਧਰ	.. ਰੁ:	2,052.00

Original with;
Punjab Vidhan Sabha
Digitized by:
Punjab Digital Library

[ਰਾਜ ਮੰਤਰੀ, ਉਦਯੋਗ]

ਲੜੀ ਨੰ:	ਨਾਮ		ਰਕਮ
1	2		3
75.	ਦੀ ਇੰਡੀਅਨ ਐਕਸਪ੍ਰੈਸ	.. ਰੁ:	645.50
76.	ਦੀ ਟ੍ਰਿਬਿਊਨ	.. ਰੁ:	4,380,00
77.	ਪੰਜਾਬ ਕੇਸਰੀ	.. ਰੁ:	10,506.00
78.	ਅਜੀਤ	.. ਰੁ:	5,130.00
79.	ਦੀ ਟ੍ਰਿਬਿਊਨ	.. ਰੁ:	3,613.50
80.	ਪੰਜਾਬ ਕੇਸਰੀ	.. ਰੁ:	8,667.45
81.	ਅਜੀਤ	.. ਰੁ:	3,847.50
82.	ਦੀ ਇੰਡੀਅਨ ਐਕਸਪ੍ਰੈਸ	.. ਰੁ:	1,210 50
83.	ਦੀ ਟ੍ਰਿਬਿਊਨ	.. ਰੁ:	4,380.00
84.	ਪੰਜਾਬ ਕੇਸਰੀ	.. ਰੁ:	10,505.00
85.	ਦੀ ਅਜੀਤ, ਜਲੰਧਰ	.. ਰੁ:	4,373.50
86.	ਦੀ ਚੜ੍ਹਦੀ ਕਲਾ, ਪਟਿਆਲਾ	.. ਰੁ:	1,533.30
87.	ਦੀ ਇੰਡੀਅਨ ਐਕਸਪ੍ਰੈਸ	.. ਰੁ:	1 614.00
88.	—ਉਹੀ—	.. ਰੁ:	2 017.50
89.	ਦੀ ਟ੍ਰਿਬਿਊਨ ਗਰੁੱਪ	.. ਰੁ:	4,603.50
90.	ਅਜੀਤ	.. ਰੁ:	3 847.50
91.	ਇੰਡੀਅਨ ਐਕਸਪ੍ਰੈਸ	.. ਰੁ:	1,210.50
92	ਦੀ ਟ੍ਰਿਬਿਊਨ	.. ਰੁ:	4,380.00
93,	ਅਜੀਤ	.. ਰੁ:	5,130.00
94.	ਦੀ ਪੰਜਾਬ ਕੇਸਰੀ	.. ਰੁ:	10,506.00
95.	ਦੀ ਇੰਡੀਅਨ ਐਕਸਪ੍ਰੈਸ	.. ਰੁ:	1,614.00

Original with;
Punjab Vidhan Sabha
Digitized by;
Panjab Digital Library

ਲੜੀ ਨੰ.	ਨਾਮ		ਰਕਮ
1	2		3
96.	ਦੀ ਇੰਡੀਅਨ ਐਕਸਪ੍ਰੈਸ	.. ਰੁ:	1,210.50
97.	ਦੀ ਇੰਡੀਅਨ ਐਕਸਪ੍ਰੈਸ	.. ਰੁ:	1,614.00
98.	ਦੀ ਟ੍ਰਿਬਿਊਨ	.. ਰੁ:	7,938 75
99.	ਪੰਜਾਬ ਕੇਸਰੀ	.. ਰੁ:	16,284.30
100.	ਅਜੀਤ	.. ਰੁ:	7,695.00
101.	ਦੀ ਇੰਡੀਅਨ ਐਕਸਪ੍ਰੈਸ	.. ਰੁ:	2,725.38
102.	ਅਜੀਤ	... ਰੁ:	6,071.04
103.	ਦੀ ਟ੍ਰਿਬਿਊਨ ਗਰੁੱਪ	.. ਰੁ:	6,834.00
104.	ਪੰਜਾਬ ਕੇਸਰੀ	.. ਰੁ:	10,506.00
105.	ਅਜੀਤ	.. ਰੁ:	4,464.00
106.	ਦੀ ਟ੍ਰਿਬਿਊਨ	.. ਰੁ:	8,976.00
107.	ਪੰਜਾਬ ਕੇਸਰੀ	.. ਰੁ:	21,012.00
108.	ਦੀ ਅਜੀਤ	.. ਰੁ:	8,928.00
109.	ਦੀ ਇਕਨੌਮਿਕ ਟਾਈਮਜ	.. ਰੁ:	47,840.00
110.	ਦੀ ਟ੍ਰਿਬਿਊਨ	.. ਰੁ:	1,314.00
111.	ਦੀ ਟ੍ਰਿਬਿਊਨ	... ਰੁ:	1,314-00
112.	ਦੀ ਟ੍ਰਿਬਿਊਨ	.. ਰੁ:	2,190.00
113.	ਪੰਜਾਬ ਕੇਸਰੀ	.. ਰੁ:	4,878.00
114.	ਦੀ ਅਜੀਤ	... ਰੁ:	3,249.00
115.	ਦੀ ਇੰਡੀਅਨ ਐਕਸਪ੍ਰੈਸ	. ਰੁ:	430.40
116.	ਪੰਜਾਬ ਕੇਸਰੀ	.. ਰੁ:	5,853.60
117.	ਦੀ ਅਜੀਤ	.. ਰੁ:	3,078.00

Original with;
Punjab Vidhan Sabha
Digitized by;
Punjab Digital Library

[ਰਾਜ ਮੰਤਰੀ, ਉਦਯੋਗ]

ਲੜੀ ਨੰ:	ਨਾਮ		ਰਕਮ
1	2		3
118	ਦੀ ਇੰਡੀਅਨ ਐਕਸਪ੍ਰੈਸ	.. ਰੁ:	968.40
119.	—ਓਹੀ—	.. ਰੁ:	807.00
120.	ਦੀ ਟ੍ਰਿਬਿਊਨ	.. ਰੁ:	1,606.00
121.	ਪੰਜਾਬ ਕੇਸਰੀ	.. ਰੁ:	3,852.20
122.	ਦੀ ਅਜੀਤ	.. ਰੁ:	1,881 00
123.	ਦੀ ਟ੍ਰਿਬਿਊਨ	.. ਰੁ:	3,942.00
124.	ਦੀ ਇੰਡੀਅਨ ਐਕਸਪ੍ਰੈਸ	.. ਰੁ:	1,452 60
125.	ਇੰਡੀਅਨ ਐਕਸਪ੍ਰੈਸ	.. ਰੁ:	1,452.60
126.	—ਓਹੀ —	.. ਰ.	322.80
127.	ਦੀ ਟ੍ਰਿਬਿਊਨ	.. ਰੁ:	1,346.50
128.	ਦੀ ਪੰਜਾਬ ਕੇਸਰੀ	.. ਰੁ:	6,303.60
129.	ਦੀ ਅਜੀਤ	.. ਰੁ:	2,678.40
130.	ਪੰਜਾਬ ਕੇਸਰੀ	.. ਰ:	11,031.30
131.	ਦੀ ਅਜੀਤ	.. ਰੁ:	4,687.20
132.	ਦੀ ਇੰਡੀਅਨ ਐਕਸਪ੍ਰੈਸ	.. ਰ:	538.00
133.	ਦੀ ਟ੍ਰਿਬਿਊਨ	.. ਰੁ:	1,645.60
134.	ਦੀ ਪੰਜਾਬ ਕੇਸਰੀ	.. ਰੁ:	3,852.20
135.	ਦੀ ਅਜੀਤ	.. ਰੁ:	1,636.80
		.. ਰੁ:	7,13,037,00

(ਅ) ਕਾਰਪੋਰੇਸ਼ਨ ਵਲੋਂ ਜਾਰੀ ਕੀਤੇ ਜਾਣ ਵਾਲੇ ਇਸ਼ਤਿਹਾਰ ਇਸ ਦੀਆਂ ਆਪਣੀਆਂ ਸੇਵਾਵਾਂ ਦੀ ਮਸ਼ਹੂਰੀ ਸਬੰਧੀ ਹੁੰਦੇ ਹਨ । ਨਾ ਕਿ ਸਰਕਾਰ ਦੀਆਂ ਨੀਤੀਆਂ ਸਬੰਧੀ । ਇਸ ਲਈ ਇਹ ਡੀ.ਪੀ.ਆਰ ਰਾਹੀਂ ਨਹੀਂ ਜਾਰੀ ਕੀਤੇ ਗਏ ਲੇਕਿਨ ਇਹ ਇਸ਼ਤਿਹਾਰ ਜਾਰੀ ਡੀ.ਪੀ.ਆਰ ਚਰਾਂ ਉੱਤੇ ਹੀ ਕੀਤੇ ਗਏ ।

Original with;
Punjab Vidhan Sabha
Digitized by;
Punjab Digital Library

ਪੰਜਾਬ ਰਾਜ ਇਲੈਕਟ੍ਰੋਨਿਕਸ ਵਿਕਾਸ ਅਤੇ ਉਤਪਾਦਨ ਨਿਗਮ ਸੀਮਿਤ

ਲੜੀ ਨੰ	ਅਖਬਾਰ/ਏਜੇਂਸੀ ਦਾ ਨਾਂ	ਖਰਚ (ਰੁ:)
1.	ਟਾਈਮਜ਼ ਆਫ ਇੰਡੀਆ . .	30,675-00
2.	ਟ੍ਰਿਬਿਊਨ	6,426-00
3.	ਅਸੈਟਰ ਜੂਡੋ ਐਸੋਸੀਏਸ਼ਨ . .	2,000-00
4.	ਇੰਡੀਅਨ ਐਕਸਪ੍ਰੈਸ . .	807-00
5.	ਅਜੀਤ . .	7,695-00

ਪੰਜਾਬ ਰਾਜ ਚਮੜਾ ਵਿਕਾਸ ਨਿਗਮ

ਸਾਲ 1994-95 ਦੌਰਾਨ ਇਸ਼ਤਿਹਾਰਾਂ ਤੇ ਕੋਈ ਰਾਸ਼ੀ ਨਹੀਂ ਖਰਚੀ ਗਈ ।

ਪੰਜਾਬ ਰਾਜ ਹੋਜ਼ਰੀ ਅਤੇ ਨਿਟਵੀਅਰ ਵਿਕਾਸ ਨਿਗਮ ਲਿਮਟਿਡ

ਲੜੀ ਨੰ:	ਅਖਬਾਰ ਦਾ ਨਾਂ	ਖ਼ਰਚ ਕੀਤੀ ਰਕਮ (ਰੁਪਿਆਂ ਵਿਚ)
1.	ਟ੍ਰਿਬਿਊਨ-ਖਾਲੀ ਆਸਾਮੀਆਂ ਦੀ ਭਰਤੀ ਸਬੰਧੀ । . .	6,300.00
2.	ਟ੍ਰਿਬਿਊਨ/ਪੰਜਾਬ ਕੇਸਰੀ-ਨਿਗਮ ਦੇ ਪਲਾਟਾਂ ਸਬੰਧੀ । . .	18,640.00
3.	ਟਾਈਮਜ਼ ਆਫ ਇੰਡੀਆ/ਪੰਜਾਬ ਕੇਸਰੀ/ਟ੍ਰਿਬਿਊਨ- . . ਨਿਗਮ ਵਿਚ ਪ੍ਰਾਈਵੇਟ ਹਿੱਸੇਦਾਰੀ ਕਰਨ ਸਬੰਧੀ ਇਸ਼ਤਿਹਾਰ	10,230.00

ਪੰਜਾਬ ਰਾਜ ਹੈਂਡਲੂਮ ਤੇ ਟੈਕਸਟਾਈਲ ਕਾਰਪੋਰੇਸ਼ਨ

ਇਸ ਕਾਰਪੋਰੇਸ਼ਨ ਨੂੰ ਬੰਦ ਕਰਨ ਸਬੰਧੀ ਕਾਰਵਾਈ ਚਲ ਰਹੀ ਹੈ । ਕਿਸੇ ਵੀ ਏਜੰਸੀ/ਸੰਸਥਾ/ਪੱਤ੍ਰਿਕਾ ਨੂੰ ਇਸ਼ਤਿਹਾਰ ਨਹੀਂ ਦਿੱਤਾ ਗਿਆ ਫਿਰ ਵੀ ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ ਅਤੇ ਅਜੀਤ ਅਖਬਾਰਾਂ ਵਿੱਚ ਨਿਗਮ ਦੇ ਨਾਂ ਵਰਤਣਯੋਗ ਫੈਬਰਿਕਸ/ਕਪੜੇ ਅਤੇ ਪੂੰਜੀ ਦੇ ਪੰਜਾਬ ਤੇ ਚੰਡੀਗੜ੍ਹ ਵਿੱਚ ਸੰਸਥਾਵਾਂ ਰਾਹੀਂ 24,640/- ਰੁਪਏ ਦੇ ਟੈਂਡਰ ਨੋਟਿਸ ਦਿੱਤੇ ਗਏ ।

Original with;
Punjab Vidhan Sabha
Digitized by;
Panjab Digital Library

[ਰਾਜ਼ ਮੰਤਰੀ, ਉਦਯੋਗ]

ਗੋਇੰਦਵਾਲ ਉਦਯੋਗਿਕ ਅਤੇ ਪੂੰਜੀ ਨਿਵੇਸ਼ ਨਿਗਮ ਪੰਜਾਬ ਲਿਮਿਟਿਡ

ਲੜੀ ਨੰ:	ਅਖਬਾਰ ਦਾ ਨਾਂ	ਖਰਚ ਕੀਤੀ ਰਕਮ ਰੁਪਿਆਂ ਵਿਚ
1.	ਇੰਡੀਅਨ ਐਕਸਪ੍ਰੈਸ ..	5,380.00
2.	ਜਨਸੱਤਾ, ਚੰਡੀਗੜ੍ਹ ..	3,920.00
3.	ਪੰਜਾਬ ਕ੍ਰਿਕਟ ਐਸੋਸੀਏਸ਼ਨ ਮੋਹਾਲੀ ..	5,000.00
4.	ਚੰਡੀਗੜ੍ਹ ਵੂਮੈਨ ਹਾਕੀ ਐਸੋਸੀਏਸ਼ਨ (ਸੋਵੀਨੀਰ) ..	1,700.00
5.	ਸੈਟ ਜੋਹਨਜ਼ ਹਾਈ ਸਕੂਲ (ਸੋਵੀਨੀਰ) ..	1,200.00

ਪੰਜਾਬ ਖਾਦੀ ਅਤ ਗਰਾਮ ਉਦਯੋਗ ਬੋਰਡ

ਲੜੀ ਨੰ	ਅਖਬਾਰ ਦਾ ਨਾਂ	ਕਿਸ ਮਿਤੀ ਨੂੰ ਦਿੱਤਾ	ਖਰਚ ਕੀਤੀ ਰਕਮ
1	2	3	4
1.	ਅੰਗਰੇਜ਼ੀ ਟ੍ਰਿਬਿਊਨ ..	25-12-1994	8,370.60 ਰੁ:
2.	,, ,, ..	18-2-1995	ਬਿਲ ਪ੍ਰਾਪਤ ਨਹੀਂ ਹੋਇਆ
3.	,, ,, ..	22-2-1995	,,
4.	,, ,, ..	23-2-1995	,,
5.	ਪੰਜਾਬੀ ਟ੍ਰਿਬਿਊਨ ..	24-12-1994	6,360.00 ਰੁ:
6.	,, ,, ..	18-2-1995	ਬਿਲ ਪ੍ਰਾਪਤ ਨਹੀਂ ਹੋਇਆ
7.	,, ,, ..	22-2-1995	,,
8.	,, ,, ..	23-2-1995	,,
9.	ਇੰਡੀਅਨ ਐਕਸਪ੍ਰੈਸ ..	26-1-1995	2,690.00 ਰੁ:

Original with;
Punjab Vidhan Sabha
Digitized by;
Panjab Digital Library

1	2	3	4
10.	ਇੰਡੀਅਨ ਐਕਸਪ੍ਰੈਸ ..	19-2-1995	ਬਿਲ ਪਾਪਤ ਨਹੀਂ ਹੋਇਆ
11.	,, ,, ..	22-2-1995	,,
12.	,, ,, ..	23-2-1995	,,
13.	ਅਜੀਤ (ਪੰਜਾਬੀ) ..	25-12-1994	15,600.00 ਰੁ:
14.	,, ,, ..	19-2-1995	ਬਿਲ ਪ੍ਰਾਪਤ ਨਹੀਂ ਹੋਇਆ
15.	,, ,, ..	22-2-1995	,,
16.	,, ,, ..	23-2-1995	,,
17.	ਨਵਾਂ ਜ਼ਮਾਨਾ (ਪੰਜਾਬੀ) ..	25-12-1994	15,600.00 ਰੁ:
18.	,, ,, ..	19-2-1995	ਬਿਲ ਪ੍ਰਾਪਤ ਨਹੀਂ ਹੋਇਆ
19.	ਜਨ ਸੱਤਾ (ਹਿੰਦੀ) ..	26-1-1995	1,887.00 ਰੁ:
20.	,, ,, ..	19-2-1995	ਬਿਲ ਪ੍ਰਾਪਤ ਨਹੀਂ ਹੋਇਆ
21.	ਪੰਜਾਬ ਕੇਸਰੀ (ਹਿੰਦੀ) ..	20-1-1995	,,
22.	,, ,, ..	22-2-1995	,,
23.	ਜਗਬਾਣੀ (ਪੰਜਾਬੀ) ..	26-1-1995	4,329.00
24.	,, ,, ..	22-2-1995	ਬਿਲ ਪ੍ਰਾਪਤ ਨਹੀਂ ਹਇਆ
25.	ਵੀਰ ਪ੍ਰਤਾਪ (ਹਿੰਦੀ) ..	31-1-1995	2,207.45
26.	,, ..	24-2-1995	ਬਿਲ ਪ੍ਰਾਪਤ ਨਹੀਂ ਹੋਇਆ
27.	ਹਿੰਦ ਸਮਾਚਾਰ (ਉਰਦੂ)..	11-2-1995	,,
28.	ਰੋਜ਼ਾਨਾ ਮੇਹਨਤ (ਪੰਜਾਬੀ)..	13-1-1995	3,120.00 ਰੁ:
29.	ਪੰਜਾਬੀ ਕਿੰਗ (ਪੰਜਾਬੀ)..	26-1-1995	2,250.00 ਰੁ:
30.	ਨਾਰਦਨ ਨਿਯੂਜ਼ (ਅੰਗਰੇਜ਼ੀ) ..	10-2-1995	1,530.00 ਰੁ:

Original with;
Punjab Vidhan Sabha
Digitized by;
Punjab Digital Library

ਕਾਮਰੇਡ ਹਰਦੇਵ ਅਰਸ਼ੀ. ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿਚ ਦੋ ਤਰ੍ਹਾਂ ਦੀ ਐਡ ਦਿੱਤੀ ਗਈ ਹੈ । ਇਕ ਨਿਊਜ਼ ਪੇਪਰਜ਼ ਨੂੰ ਅਤੇ ਇਕ ਜਿਹੜੇ ਦੂਸਰੇ ਇੰਸਟੀਚਿਊਸ਼ਨਜ਼ ਹਨ ਜਿਵੇਂ ਵਲੰਟੀਅਰਜ਼ ਆਰਗੇਨਾਈਜੇਸ਼ਨ, ਕ੍ਰਿਕਟ ਐਸੋਸੀਏਸ਼ਨ ਅਤੇ ਬਲੱਡ ਡੋਨਰਜ਼ ਆਦਿ ਨੂੰ ਐਡ ਦਿੱਤੀ ਗਈ ਹੈ । ਉਨ੍ਹਾਂ ਨੇ ਕੁਝ ਸੋਵੀਨੀਰ ਕੱਢੇ । ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਬਕਾਇਦਾ ਨਾਰਮਜ਼ ਦੇ ਮੁਤਾਬਿਕ ਐਡ ਦਿੱਤੀ ਹੈ । ਹੋ ਸਕਦਾ ਹੈ ਕਿ ਜਿਹੜੀ ਅਖ਼ਬਾਰਾਂ ਨੂੰ ਐਡ ਦਿੱਤੀ ਹੈ ਉਹ ਨਾਰਮਜ਼ ਦੇ ਮੁਤਾਬਿਕ ਹੋਵੇ । ਕੀ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਜਿਹੜੇ ਬਾਕੀ ਦੇ ਅਦਾਰੇ ਹਨ, ਉਨ੍ਹਾਂ ਵਾਸਤੇ ਐਡ ਦੇਣ ਲਈ ਵੀ ਕੋਈ ਨਾਰਮਜ਼ ਹਨ; ਜੇ ਹਨ, ਤਾਂ ਕੀ ਹਨ ?

ਰਾਜ ਮੰਤਰੀ, ਉਦਯੋਗ: ਇਨ੍ਹਾਂ ਨੇ ਜਿਹੜਾ ਪ੍ਰਸ਼ਨ ਪੁੱਛਿਆ ਸੀ, ਉਸ ਬਾਰੇ ਮੈਂ ਡਿਟੇਲ ਦੱਸ ਦਿੱਤੀ ਹੈ । ਜਿਹੜੇ ਇਨ੍ਹਾਂ ਨੇ ਬਾਕੀ ਐਡਵਰਟਾਈਜ਼ਮੈਂਟ ਬਾਰੇ ਨਾਰਮਜ਼ ਪੁੱਛੇ ਹਨ ਉਸ ਬਾਰੇ ਸਾਰੀਆਂ ਕਾਰਪੋਰੇਸ਼ਨ ਦੇ ਬੋਰਡ ਆਫ ਡਾਇਰੈਕਟਰਜ਼ ਫੈਸਲਾ ਕਰਦੇ ਹਨ ਅਤੇ ਉਹ ਜੋ ਵੀ ਫੈਸਲਾ ਕਰਦੇ ਹਨ ਉਸ ਅਨੁਸਾਰ ਹੀ ਐਡਜ਼ ਦਿੱਤੀਆਂ ਜਾਂਦੀਆਂ ਹਨ । ਪਰ ਫਿਰ ਵੀ ਜੇ ਇਨ੍ਹਾਂ ਨੂੰ ਕਿਸੇ ਗੱਲ ਤੇ ਸ਼ੱਕ ਹੈ ਤਾਂ ਇਨਕੁਆਇਰੀ ਕਰਵਾਈ ਜਾ ਸਕਦੀ ਹੈ । ਜਿਥੇ ਵੀ ਇਨ੍ਹਾਂ ਨੂੰ ਕੋਈ ਗਲਤੀ ਲਗਦੀ ਹੈ, ਉਹ ਦੱਸਣ, ਪੁਆਇੰਟ ਆਊਟ ਕਰਨ, ਉਥੇ ਮੈਂ ਇਨਕੁਆਇਰੀ ਕਰਵਾ ਲਵਾਂਗਾ ਅਤੇ ਜੇ ਕਿਸੇ ਨੇ ਕੋਈ ਗਲਤੀ ਕੀਤੀ ਹੈ ਤਾਂ ਉਸ ਨੂੰ ਸਜ਼ਾ ਜ਼ਰੂਰ ਦਿਆਂਗੇ ।

ਕਾਮਰੇਡ ਹਰਦੇਵ ਅਰਸ਼ੀ: ਵੈਸੇ ਤਾਂ ਮੇਰੀ ਤਸੱਲੀ ਹੈ ਜੋ ਮੰਤਰੀ ਜੀ ਨੇ ਉੱਤਰ ਦਿੱਤਾ ਹੈ, ਜ਼ਰੂਰ ਇਸ ਦੀ ਇਨਕੁਆਇਰੀ ਕਰਾਉਣਗੇ ਮੈਂ ਇਹ ਕਹਿਣਾ ਵੀ ਚਾਹੁੰਦਾ ਸੀ ਜਿਸ ਤਰ੍ਹਾਂ ਕ੍ਰਿਕਟ ਐਸੋਸੀਏਸ਼ਨ ਨੂੰ ਲੱਖਾਂ ਰੁਪਏ ਦੀ ਐਡ ਦਿੱਤੀ ਉਹ ਕਿਸ ਨਾਰਮਜ਼ ਅਧੀਨ ਹੈ । ਆਇਆ ਕੀ ਇਹ ਬੋਰਡ ਆਫ ਡਾਇਰੈਕਟਰਜ਼ ਦੀ ਬਕਾਇਦਾ ਮੀਟਿੰਗ ਹੋ ਕੇ ਦਿੱਤੀ ਗਈ ਹੈ ? ਕੀ ਇਸ ਦੀ ਇਨਕੁਆਇਰੀ ਕਰਾਉਣਗੇ । ਮੈਂ ਸਪਲੀਮੈਂਟਰੀ ਇਹ ਪੁੱਛਣਾ ਚਾਹੁੰਦਾ ਹਾਂ ਕਿ ਦੋ ਤਰ੍ਹਾਂ ਦੇ ਪੇਪਰ ਹਨ । ਜਿਨ੍ਹਾਂ ਨੂੰ ਐਡ ਦਿੱਤੀ ਗਈ । ਇਕ ਤਾਂ ਐਸਟੈਬਲਿਸ਼ਡ ਹਨ ਅਤੇ ਨੌਨ ਹਨ ਨੈਸ਼ਨਲ ਲੈਵਲ ਤੇ ਅਤੇ ਸਟੇਟ ਲੈਵਲ ਉਤੇ । ਕੁਝ ਇਸ ਤਰ੍ਹਾਂ ਦੇ ਡੇਅਲੀ ਹਨ ਜਿਨ੍ਹਾਂ ਦਾ ਨੰਬਰ ਬੜਾ ਨਾਮਾਤਰ ਛੱਪਦਾ ਹੈ । ਕਿਸੇ ਦੀ ਗਿਣਤੀ 50 ਛਪਦੀ ਹੈ ਅਤੇ ਕਿਸੇ ਦੀ 100 ਔਰ ਬਹੁਤ ਬੋਗਸ ਰੂਪ ਵਿਚ ਵੀ ਹਨ । ਕੀ ਇਸ ਤਰ੍ਹਾਂ ਦੇ ਜਿਹੜੇ ਸੋ-ਕਾਲਡ ਪੇਪਰਜ਼ ਹਨ ਉਨ੍ਹਾਂ ਦੇ ਬਾਰੇ ਵੀ ਤੁਸੀਂ ਕੋਈ ਪੜਤਾਲ ਕਰਾਓਗੇ ?

ਰਜ ਮੰਤਰੀ : ਤੁਸੀਂ ਸਪੈਸਿਫਿਕ ਤੌਰ ਤੇ ਪੁਆਇੰਟ ਆਊਟ ਕਰ ਦਿਓ । ਅਸੀਂ ਪੜਤਾਲ ਕਰਾਵਾਂਗੇ । ਜਿਹੜਾ ਵੀ ਚਾਹੁੰਦੇ ਹੋ, ਉਸਦੀ ਇਨਕੁਆਇਰੀ ਕਰਵਾ ਲਵਾਂਗੇ ।

ਨਰਸਾਂ ਦੀ ਭਰਤੀ

*2554. (1) ਸ਼੍ਰੀ ਵਿਜੇ ਕੁਮਾਰ ਸਾਥੀ
(2) ਸਰਦਾਰ ਇੰਦਰਜੀਤ ਸਿੰਘ ਜ਼ੀਰਾ
(3) ਕਾਮਰੇਡ ਤਰਸੇਮ ਜੋਧਾਂ

} : ਕੀ ਸਿਹਤ ਅਤੇ ਪਰਿਵਾਰ

Original with;
Punjab Vidhan Sabha
Digitized by;
Punjab Digital Library

ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮਾਰਚ, 1993 ਤੋਂ ਹੁਣ ਤੱਕ ਰਾਜ ਵਿਚ ਰੈਗੂਲਰ ਅਤੇ ਤਦ-ਅਰਥ ਆਧਾਰ ਤੇ ਭਰਤੀ ਕੀਤੀਆਂ ਗਈਆਂ ਨਰਸਾਂ ਦੀ ਵੱਖ-ਵੱਖ ਗਿਣਤੀ ਕਿੰਨੀ ਹੈ ।

(ਅ) ਸਰਕਾਰ ਵੱਲੋਂ ਇਸ ਭਰਤੀ ਸਬੰਧੀ ਦਿੱਤੇ ਗਏ ਇਸ਼ਤਿਹਾਰਾਂ ਦੇ ਵੇਹਵੇ ਕੀ ਹਨ ?

Sardar Harcharan Singh Brar: (a) Since March, 1993 to date, 442 Staff Nurses have been recruited on regular basis and no adhoc recruitment has been made.

(b) Applications were invited by the Director Health and Family Welfare, Punjab-cum-Chairman, Departmental Selection Committee for the filling up of 400 posts of Staff Nurses (female) alongwith other categories of posts through Public notice published in The Tribune. The Indian Express, Nawan Zamana, Jagbani and Hindi Milap, on 12-7-92. The prescribed qualifications were-(1) Matric or its equivalent ; (2) Registered 'A' division Nurse with the Nursing Registration Council of Punjab or B. Sc (Hons.) Nursing. (3) Punjab upto Matric. Applications were to be submitted by 29-7-1992 in prescribed form alongwith attested copies of the testimonials. The age limit mentioned inthe advertisement was 18 to 33 years. Thereafter, a corrigendum was issued on 8-8-92 in the above mentioned Newspapers to change the age limit as 20 to 35 years in accordance with the Rules and the last date for receipt of applications was extended upto 21-8-1992.

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਇਸ ਪ੍ਰਸ਼ਨ ਦੇ ਦੋ ਭਾਗ ਹਨ 'ਏ' ਅੌਰ 'ਬੀ' । ਭਾਗ 'ਏ' ਬਾਰੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅੈਡਵਰਟਾਈਜ਼ਮੈਂਟ ਵਿਚ ਨਰਸਾਂ ਦੀ ਕਿੰਨੀ ਗਿਣਤੀ ਸੀ ਅੌਰ ਰਖੀਆਂ ਕਿੰਨੀਆਂ ਗਈਆਂ ਹਨ ?

ਮੰਤਰੀ: ਅੈਡਵਰਟਾਈਜ਼ਮੈਂਟ 400 ਵਾਸਤੇ ਸੀ ਅੌਰ 442 ਰਖੀਆਂ ਗਈਆਂ ਹਨ ।

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਅੈਡਵਰਟਾਈਜ਼ਮੈਂਟ 400 ਵਾਸਤੇ ਸੀ ਅੌਰ 442 ਅੇਰਖੀਆਂ ਗਈਆਂ ਹਨ । ਕੀ ਇਹ ਗੈਰ ਕਾਨੂੰਨੀ ਗੱਲ ਨਹੀਂ ? ਕੀ ਮੰਤਰੀ ਜੀ ਇਸ ਦਾ ਜਵਾਬ ਦੇਣਗੇ ?

ਮੰਤਰੀ: ਜ਼ਰੂਰ ਦੇਵਾਂਗੇ । ਇਹ ਆਨਰੇਬਲ ਹਾਈ ਕੋਰਟ ਦੇ ਹੁਕਮ ਨਾਲ ਰਖੀਆਂ ਹਨ । ਉਨ੍ਹਾਂ ਨੇ ਕਿਹਾ ਕਿ ਕੁਝ ਹੋਰ ਅੈਡ ਕਰ ਲਓ ਅੌਰ ਮੈਰਿਟ ਤੇ ਰਖੋ । ਇਸ ਕਰਕੇ ਮੈਰਿਟ ਦੇ ਆਧਾਰ ਤੇ ਹੀ ਰਖੀਆਂ ਗਈਆਂ ਹਨ ।

(ਇਸ ਸਮੇਂ ਕਾਮਰੇਡ ਤਰਸੇਮ ਜੋਧਾਂ ਸਪਲੀਮੈਂਟਰੀ ਕਰਨ ਵਾਸਤੇ ਖੜ੍ਹੇ ਹੋਏ ਪਰ ਸ਼੍ਰੀ ਵਿਜੇ ਕੁਮਾਰ ਸਾਥੀ ਨੇ ਉਨ੍ਹਾਂ ਨੂੰ ਬਿਠਾ ਦਿੱਤਾ)

Original with;
Punjab Vidhan Sabha
Digitized by;

ਸ਼੍ਰੀ ਸਪੀਕਰ : ਸਾਥੀ ਜੀ, ਤੁਸੀਂ ਉਨ੍ਹਾਂ ਨੂੰ ਜ਼ੋਰ ਨਾਲ ਧੱਕਾ ਮਾਰ ਕੇ ਕਿਉਂ ਬਿਠਾ ਦਿੱਤਾ ਹੈ । ਤੁਸੀਂ ਤਾਂ ਸਿਰਫ ਨਰਸਿੰਗ ਸਕੂਲ, ਮੋਗੇ ਦੀ ਹੀ ਗੱਲ ਕਰਨੀ ਹੈ ।(ਹਾਸਾ)(ਵਿਘਨ)

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਗੱਲ ਤਾਂ ਸਾਡੀ ਇੱਕੋ ਹੀ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਏ.ਐਨ. ਐਮ. ਅੰਰ ਸਟਾਫ ਨਰਸਾਂ ਦੀਆਂ ਪੋਸਟਾਂ ਕਦੋਂ ਤਕ ਭਰ ਦਿੱਤੀਆਂ ਜਾਣਗੀਆਂ ਅੰਰ ਕਿੰਨੀਆਂ ਪੋਸਟਾਂ ਖਾਲੀ ਹਨ ? ਉਨ੍ਹਾਂ ਵਿਚ ਬੜੀ ਰੀਜ਼ੈਂਟਮੈਂਟ ਹੈ । ਇਸ ਕਰਕੇ ਸਰਕਾਰ ਇਹ ਕਦੋਂ ਤੱਕ ਪੋਸਟਾਂ ਭਰੇਗੀ ਅੰਰ ਕਿੰਨੀਆਂ ਪੋਸਟਾਂ ਹਨ ?

ਮੰਤਰੀ : ਇਹ ਸਪਲੀਮੈਂਟਰੀ ਇਸ ਕੁਐਸਚਨ ਵਿਚੋਂ ਰਾਈਜ਼ ਨਹੀਂ ਹੁੰਦੀ । ਇਹ ਸੈਪਰੇਟ ਨੋਟਿਸ ਦੇ ਦੇਣ ।

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਜਿਹੜੀਆਂ ਏ.ਐਨ.ਐਮ. ਭਰਤੀ ਕੀਤੀਆਂ ਗਈਆਂ ਸਨ, ਉਨ੍ਹਾਂ ਨੂੰ ਹੁਣ ਹਟਾ ਦਿੱਤਾ ਗਿਆ ਹੈ । ਕੀ ਸਰਕਾਰ ਜਿਨ੍ਹਾਂ ਦੀ ਸਰਵਿਸ 240 ਦਿਨ ਪੂਰੀ ਹੋ ਚੁੱਕੀ ਹੈ, ਉਨ੍ਹਾਂ ਨੂੰ ਐਡਜਸਟ ਕਰਨ ਦਾ ਵਿਚਾਰ ਰੱਖਦੀ ਹੈ ?

ਮੰਤਰੀ ਸਪੀਕਰ ਸਾਹਿਬ, ਇਹ ਸਵਾਲ ਨਰਸਾਂ ਦੇ ਬਾਰੇ ਹੈ ਪਰ ਇਨ੍ਹਾਂ ਨੇ ਏ. ਐਨ.ਐਮ. ਬਾਰੇ ਕਿਹਾ ਹੈ ।

(ਇਸ ਸਮੇਂ ਸ਼੍ਰੀ ਵਿਜੇ ਕੁਮਾਰ ਸਾਥੀ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ ।)

ਸ਼੍ਰੀ ਸਪੀਕਰ : ਅੱਛਾ, ਤੁਸੀਂ ਇਕ ਹੋਰ ਸਪਲੀਮੈਂਟਰੀ ਕਰ ਲਓ ।

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਭਾਗ 'ਅ' ਵਿਚ ਸਰਕਾਰ ਵਲੋਂ ਭਰਤੀ ਸਬੰਧੀ ਦਿੱਤੇ ਗਏ ਇਸ਼ਤਿਹਾਰਾਂ ਦਾ ਵੇਰਵਾ ਪੁੱਛਿਆ ਸੀ ਜਿਸ ਬਾਰੇ ਮਾਨਯੋਗ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਪਰ ਇਸ ਵਿਚ ਇਸ਼ਤਿਹਾਰਾਂ ਦੇ ਖ਼ਰਚੇ ਦਾ ਵੇਰਵਾ ਨਹੀਂ ਦਿੱਤਾ ਕਿ ਕਿੰਨਾ ਖਰਚਾ ਹੋਇਆ ? ਕੀ ਮੰਤਰੀ ਜੀ ਦੱਸਣਗੇ ?

ਮੰਤਰੀ : ਨਹੀਂ ਜੀ, ਨਹੀਂ ਦੱਸ ਸਕਦੇ ਜਦ ਤੱਕ ਸੈਪਰੇਟ ਨੋਟਿਸ ਨਾ ਦੇਣ ।

ਪਰਿਵਾਰ ਨਿਯੋਜਨ ਪ੍ਰੋਗਰਾਮ ਤੇ ਖ਼ਰਚਾ

*2460. (1) ਸ਼੍ਰੀ ਬਲਦੇਵ ਸਿੰਘ ਬਲਮਗੜ੍ਹ
(2) ਸਰਦਾਰ ਬਲਦੇਵ ਸਿੰਘ ਪੱਕਾ } : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1993-94 ਅਤੇ 1994-95 ਲਈ ਪਰਿਵਾਰ ਨਿਯੋਜਨ ਦੇ ਕੇਸਾਂ ਸਬੰਧੀ ਕੀ ਟੀਚੇ ਮਿਥੇ ਗਏ ਸਨ;

Original with;
Punjab Vidhan Sabha
Digitized by;
Panjab Digital Library

(ਅ) ਉਕਤ ਸਮੇਂ ਦੌਰਾਨ ਉਪਰੋਕਤ ਟੀਚਿਆਂ ਦੀ ਕਿਸ ਹੱਦ ਤੱਕ ਪ੍ਰਾਪਤੀ ਹੋਈ ਅਤੇ ਇਸ ਮੰਤਵ ਲਈ ਸਾਲ-ਵਾਰ ਕਿੰਨੀ ਰਕਮ ਖਰਚ ਕੀਤੀ ਗਈ ?

Sardar Harcharan Singh Brar: (a) The requisite information is as under :—

	Targets for 1993-94	Targets for 1994-95
Sterilisation cases ..	85,000	1,20,000
I. U. D. cases ..	4,50,000	4,96,000
C.C. User cases ..	6,37,000	7,00,000
O. P. User cases ..	85,000	94,000

(b) Targets were achieved as under —

	1993-94	1994-95 (Upto 31-12-94)
Sterilisation ..	1,30,230	76,135
I. U. D. ..	4,56,670	3,23,639
C. C. Users ..	7,08,931	4,53,814
O. P. Users ..	91,391	70,147

Year-wise funds spent are as under :—

1993-94	1994-95 (upto 31-12-94)
Rs. 2,49,22,897/-	Rs. 1,01,79,363/-

Original with;
Punjab Vidhan Sabha
Digitized by;
Panjab Digital Library

ਸ਼੍ਰੀ ਬਲਦੇਵ ਸਿੰਘ ਬਲਮਗੜ੍ਹ. ਸਰ, ਕੀ ਮੰਤਰੀ ਜੀ ਇਹ ਦੱਸਣਗੇ ਕਿ ਇਹ ਜਿਹੜਾ ਫੈਮਲੀ ਪਲੈਨਿੰਗ ਪ੍ਰੋਗਰਾਮ ਹੈ, ਇਹ ਬੜਾ ਇੰਪਾਰਟੈਂਟ ਹੈ । ਇਸ ਲਈ ਇਸ ਨੂੰ ਹੋਰ ਹਰਮਨ ਪਿਆਰਾ ਬਣਾਉਣ ਦੇ ਖਾਤਰ ਸਰਕਾਰ ਵੱਧ ਖਰਚ ਕਰਨ ਦਾ ਇਰਾਦਾ ਰੱਖਦੀ ਹੈ, ਕੋਈ ਤਜਵੀਜ਼ ਹੈ ?

ਮੰਤਰੀ : ਇਹ ਪ੍ਰੋਗਰਾਮ ਹਰਦਿਲ ਅਜ਼ੀਜ਼ ਤਾਂ ਨਹੀਂ ਹੋ ਸਕਦਾ । ਵੈਸੇ ਅਸੀਂ ਪੂਰੀ ਕੋਸ਼ਿਸ਼ ਕਰਾਂਗੇ ।

ਸ਼੍ਰੀ ਮਦਨ ਮੋਹਨ ਮਿੱਤਲ : ਸਰ, ਮੇਰਾ ਸਪਲੀਮੈਂਟਰੀ ਹੈ ਕਿ ਮੰਤਰੀ ਜੀ ਨੇ ਜੋ 1993-94 ਦੇ ਟਾਰਗੈਟ ਦੀਆਂ ਫਿਗਰਾਂ ਪੜ੍ਹੀਆਂ ਹਨ ਉਸ ਮੁਤਾਬਿਕ ਸਾਲ 1994-95 ਵਿਚ ਇਨ੍ਹਾਂ ਨੇ ਟਾਰਗੈਟ ਘਟਾ ਦਿੱਤਾ ਹੈ । ਕੀ ਮੰਤਰੀ ਜੀ ਦੱਸਣਗੇ ਕਿ ਕੀ ਪੰਜਾਬ ਦੀ ਪਾਪੂਲੇਸ਼ਨ ਅੱਗੇ ਨਾਲੋਂ ਘਟੀ ਹੈ ਜਾਂ ਉਸੇ ਤਰੀਕੇ ਨਾਲ ਵਧਦੀ ਜਾ ਰਹੀ ਹੈ ? 1994 ਦੀ ਪਾਪੂਲੇਸ਼ਨ ਨੂੰ ਕੰਟਰੋਲ ਕਰਨ ਲਈ different types of programmes have been taken up.

ਮੰਤਰੀ : ਇਨ੍ਹਾਂ ਨੇ ਜਿਹੜੀਆਂ ਫਿਗਰਜ਼ ਦੇਖੀਆਂ ਹਨ, ਉਹ ਦਸੰਬਰ ਤੱਕ ਹਨ ਜਾਂ 31 ਮਾਰਚ ਤੱਕ ਹੋਣਗੀਆਂ । ਕੁਝ ਹੋਰ ਵਧ ਜਾਣਗੀਆਂ ਲੇਕਿਨ ਜਿਹੜੀ ਪਾਪੂਲੇਸ਼ਨ ਹੈ ਉਹ ਘਟੀ ਤਾਂ ਨਹੀਂ ਲੇਕਿਨ ਅਸੀਂ ਉਸ ਦੀ ਸਪੀਡ ਜ਼ਰੂਰ ਘੱਟ ਕੀਤੀ ਹੈ ।

ਰਾਜ ਦੇ ਕੰਡੀ ਇਲਾਕੇ ਵਿਚ ਬਿਜਲੀ ਦੇ ਕੁਨੈਕਸ਼ਨ

*2603. **ਸ਼੍ਰੀ ਰਮੇਸ਼ ਦੱਤ ਸ਼ਰਮਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਦੇ ਕੰਡੀ ਇਲਾਕੇ ਦੇ ਪਿੰਡਾਂ ਦੇ ਨਿਵਾਸੀਆਂ ਨੇ ਸਾਲ 1990-91 ਵਿਚ ਘਰੇਲੂ ਖਪਤ ਲਈ ਬਿਜਲੀ ਦੇ ਕੁਨੈਕਸ਼ਨ ਲੈਣ ਲਈ ਸਿਕਿਉਰਿਟੀ ਦੀ ਰਕਮ ਜਮ੍ਹਾਂ ਕਰਵਾਈ ਸੀ ਪਰ ਉਨ੍ਹਾਂ ਨੂੰ ਅਜੇ ਤੱਕ ਕੁਨੈਕਸ਼ਨ ਨਹੀਂ ਦਿੱਤੇ ਗਏ ਹਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਅਜਿਹੇ ਪਿੰਡਾਂ ਦੇ ਜ਼ਿਲ੍ਹਾ-ਵਾਰ ਨਾਂ ਕੀ ਕੀ ਹਨ ਅਤੇ ਉਨ੍ਹਾਂ ਨੂੰ ਅਜੇ ਤੱਕ ਕੁਨੈਕਸ਼ਨ ਨਾ ਦਿੱਤੇ ਜਾਣ ਦੇ ਕੀ ਕਾਰਣ ਹਨ ?

Sardar Beant Singh: (a) Yes Sir.

(b) The information is placed on the Table of the House,

Original with;
Punjab Vidhan Sabha
Digitized by;
Panjab Digital Library

STATEMENT

Sr. No.	Name of Village of Kandi area where domestic connection applied	Distt.	Reasons for not giving Connections
1	2	3	4
1.	Basti Labher	Hoshiarpur	The connection could not be released earlier because the unjustified cost could not be arranged from any source.
2.	Bela Dhiani	Ropar	—do—
3.	Tanda Bardar	—do—	—do—

ਸ਼੍ਰੀ ਰਮੇਸ਼ ਦੱਤ ਸ਼ਰਮਾ: ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੇਰਾ ਸਵਾਲ ਤਾਂ ਪਿੰਡਾਂ ਦੀ ਆਬਾਦੀ ਦਾ ਸੀ ਕਿਉਂਕਿ ਜਿਹੜੀ ਸਾਡੀ ਆਬਾਦੀ ਹੈ, ਉਹ ਕਿਤੇ ਇਕ ਕਿਲੋਮੀਟਰ ਤੇ ਕਿਤੇ ਦੋ ਕਿਲੋਮੀਟਰ ਤੇ ਹੈ। ਕਿਆ ਮੁੱਖ ਮੰਤਰੀ ਜੀ ਦੱਸਣਗੇ ਕਿ ਜਿਥੇ ਆਬਾਦੀ 10-10 ਤੇ 15-15 ਹਜ਼ਾਰ ਦੀ ਹੈ, ਉਨ੍ਹਾਂ ਨੂੰ ਬਿਜਲੀ ਬੋਰਡ ਨੇ 30-30, 40-40 ਹਜ਼ਾਰ ਖਰਚਾ ਪਾਇਆ ਹੈ ਜਿਹੜਾ ਕਿ ਉਹ ਅਫੋਰਡ ਨਹੀਂ ਕਰ ਸਕਦੇ। ਮੇਰੀ ਤਜਵੀਜ਼ ਹੈ ਕਿ ਉਨ੍ਹਾਂ ਨੂੰ ਯੋਜਨਾ ਬੋਰਡ ਵਲੋਂ ਜਾਂ ਹੋਰ ਜਗ੍ਹਾ ਤੋਂ ਬਿਜਲੀ ਦਾ ਫਾਲਤੂ ਖਰਚਾ ਜਮ੍ਹਾਂ ਕਰਵਾ ਕੇ ਉਨ੍ਹਾਂ ਨੂੰ ਕੁਨੈਕਸ਼ਨ ਦਿੱਤਾ ਜਾ ਸਕਦਾ ਹੈ ਕਿਉਂਕਿ 6-6 ਸਾਲ ਦਾ ਸਮਾਂ ਉਨ੍ਹਾਂ ਵੱਲੋਂ ਸਿਕਿਉਰਟੀ ਵਗੈਰਾ ਦਿੱਤਿਆਂ ਨੂੰ ਹੋ ਗਿਆ ਹੈ।

ਮੁੱਖ ਮੰਤਰੀ : ਇਹ ਸਵਾਲ ਠੀਕ ਹੈ ਜੋ ਮਾਨਯੋਗ ਮੈਂਬਰ ਸਾਹਿਬ ਦੀ ਤਜਵੀਜ਼ ਹੈ। ਅਸੀਂ ਇਹ ਫੈਸਲਾ ਕੀਤਾ ਹੈ ਕਿਉਂਕਿ ਦੂਰ-ਦੂਰ ਬਸਤੀਆਂ ਹਨ, ਉਨ੍ਹਾਂ ਨੂੰ ਦੋ ਲੱਖ, ਢਾਈ ਲੱਖ ਰੁਪਿਆ ਜੋ ਕੰਡੀ ਏਰੀਏ ਦੇ ਅੰਦਰ ਬਸਤੀਆਂ ਹਨ, ਉਨ੍ਹਾਂ ਨੂੰ ਦੇਣਾ ਹੈ। ਇਹ ਤਿੰਨ ਹਨ; ਇਕ ਹੁਸ਼ਿਆਰਪੁਰ ਦੇ ਅੰਦਰ, ਦੋ ਰੋਪੜ ਦੇ ਅੰਦਰ। ਹੁਸ਼ਿਆਰਪੁਰ ਦੇ ਅੰਦਰ ਪਲੈਨਿੰਗ ਬੋਰਡ ਤੋਂ ਪੈਸਾ ਫਿਰਵਾ ਦਿੱਤਾ ਗਿਆ ਹੈ ਔਰ ਇਹ ਵੀ ਫੈਸਲਾ ਕੀਤਾ ਹੈ ਕਿ ਰੋਪੜ ਦੇ ਜ਼ਿਲ੍ਹੇ ਨੂੰ ਪਲੈਨਿੰਗ ਬੋਰਡ ਤੋਂ ਪੈਸਾ ਦੇਈਏ। (ਥੰਪਿੰਗ)

ਪਸ਼ੂ ਚਿਕਿਤਸਾ ਹਸਪਤਾਲ, ਸਹਿਣਾ ਦੀ ਚਾਰ-ਦੀਵਾਰੀ ਦੀ ਉਸਾਰੀ

*2620. **ਸਰਦਾਰ ਨਿਰਮਲ ਸਿੰਘ ਨਿੰਮਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਗ੍ਰਾਮ ਪੰਚਾਇਤ, ਸਹਿਣਾ, ਜ਼ਿਲ੍ਹਾ ਸੰਗਰੂਰ ਨੇ ਸਾਲ 1993-94 ਜਾਂ 1994-95 ਦੇ ਦੌਰਾਨ ਪਸ਼ੂ ਚਿਕਿੱਤਸਾ ਹਸਪਤਾਲ, ਸਹਿਣਾ, ਜ਼ਿਲ੍ਹਾ ਸੰਗਰੂਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਨਿਰਮਲ ਸਿੰਘ ਨਿੰਮਾ]

ਦੀ ਚਾਰ ਦੀਵਾਰੀ ਦੀ ਉਸਾਰੀ ਤੇ ਕੋਈ ਖ਼ਰਚਾ ਕੀਤਾ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੀ ਰਕਮ ਕਿੰਨੀ ਹੈ;

(ਅ) ਕੀ ਚੁਕਤ ਕੰਮ ਲਈ ਕੋਈ ਪ੍ਰਬੰਧਕੀ ਅਤੇ ਤਕਨੀਕੀ ਪ੍ਰਵਾਨਗੀ ਦਿੱਤੀ ਗਈ ਸੀ ?

Chaudhary Santokh Singh (Chief Parliamentary Secretary):

(a) Yes please. Rs. 29018/-

(b) Administrative approval is not required but technical has been obtained.

ਸਰਦਾਰ ਨਿਰਮਲ ਸਿੰਘ ਨਿੰਮਾ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਗਰਾਮ ਪੰਚਾਇਤ ਨੇ ਸਹਿਣਾ ਅੰਦਰ ਪਸ਼ੂ ਹਸਪਤਾਲ ਦੀ ਚਾਰ ਦੀਵਾਰੀ ਲਈ 29 ਹਜ਼ਾਰ 18 ਰੁਪਏ ਖਰਚ ਕੀਤੇ ਹਨ । ਕੀ ਪਸ਼ੂ ਹਸਪਤਾਲ ਲਈ ਡਿਪਾਰਟਮੈਂਟ ਵੱਲੋਂ ਪੰਚਾਇਤ ਨੂੰ ਲਿਖ ਕੇ ਭੇਜਿਆ ਗਿਆ ਸੀ; ਜੇ ਭੇਜਿਆ ਗਿਆ ਸੀ, ਤਾਂ ਜਿਹੜੀ ਚਾਰ ਦੀਵਾਰੀ ਲਈ ਰਿਕੁਐਸਟ ਕੀਤੀ ਗਈ ਸੀ, ਉਹ ਕਿਸ ਡੇਟ ਨੂੰ ਕੀਤੀ ਗਈ ਸੀ ?ਨਾਲ ਹੀ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਇਹ ਚਾਰ ਦੀਵਾਰੀ ਇਸ ਤੋਂ ਪਹਿਲਾਂ ਜਿਹੜੇ ਪਸ਼ੂ ਪਾਲਣ ਡਿਪਾਰਟਮੈਂਟ ਦੇ ਫੰਡ ਸੀ, ਉਦੋਂ ਕਿਉਂ ਨਹੀਂ ਬਣਾਈ ਗਈ ਸੀ ?

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਇਹ 1993-94 ਵਿਚ ਡਿਸਟ੍ਰਿਕਟ ਅਨਟਾਈਡ ਫੰਡ ਵਿਚੋਂ 24 ਹਜ਼ਾਰ ਰੁਪਿਆ ਇਸ ਪਿੰਡ ਦੇ ਪਸ਼ੂ ਹਸਪਤਾਲ ਦੀ ਚਾਰ ਦੀਵਾਰੀ ਵਾਸਤੇ ਦਿੱਤਾ ਗਿਆ ਸੀ ਜਿਹੜਾ ਕਿ 1993-94 ਲਈ ਦੀਵਾਰ ਬਣਾਉਣ ਲਈ ਦਿੱਤਾ ਗਿਆ ਹੈ । ਬਾਕੀ ਦੀ ਰਕਮ ਪੰਚਾਇਤ ਨੇ ਆਪਣੇ ਕੋਲੋਂ ਪਾਈ ।

ਸਰਦਾਰ ਨਿਰਮਲ ਸਿੰਘ ਨਿੰਮਾ: ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ 24 ਹਜ਼ਾਰ ਤੇ ਕੁਝ ਰੁਪਿਆ ਪਲੈਨਿੰਗ ਬੋਰਡ ਦੇ ਫੰਡ ਵਿਚੋਂ ਪਸ਼ੂ ਹਸਪਤਾਲ ਦੀ ਚਾਰ ਦੀਵਾਰੀ ਲਈ ਦਿੱਤਾ । ਲੇਕਿਨ ਉਸੇ ਹੀ ਪੰਚਾਇਤ ਨੇ 29 ਹਜ਼ਾਰ ਦੇ ਲਗਭਗ ਖਰਚਾ ਕੀਤਾ । ਕੀ ਮੰਤਰੀ ਜੀ ਭਰੋਸਾ ਦੇਣਗੇ ਕਿ ਉਸ ਪੰਚਾਇਤ ਦੇ ਖਿਲਾਫ਼ ਕਾਰਵਾਈ ਕੀਤੀ ਜਾਵੇਗੀ ?

ਮੁੱਖ ਸੰਸਦੀ ਸਕੱਤਰ: ਸਰਕਾਰ ਦੇ ਧਿਆਨ ਵਿਚ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ । ਜੇਕਰ ਇਨ੍ਹਾਂ ਨੂੰ ਕੋਈ ਸ਼ਿਕਾਇਤ ਹੈ ਤਾਂ ਲਿਖ ਦੇਣ, ਅਸੀਂ ਅੰਗਜ਼ਾਮਿਨ ਕਰਵਾ ਲਵਾਂਗੇ ।

ਸਰਦਾਰ ਨਿਰਮਲ ਸਿੰਘ ਨਿੰਮਾ: ਲਿਖਕੇ ਦੇਣ ਵਾਲੀ ਕੀ ਗੱਲ ਹੈ, ਅਸੈਂਬਲੀ ਵਿਚ ਗੱਲ ਹੋਈ ਹੈ, ਇਹ ਭਰੋਸਾ ਦੇ ਦੇਣ ।

Original with;
Punjab Vidhan Sabha
Digitized by;
Punjab Digital Library

ਸ਼੍ਰੀ ਸਪੀਕਰ ਭਰੋਸਾ, ਭਰੋਸਾ ਰਹਿ ਗਿਆ । ਤੁਸੀਂ ਲਿਖ ਦਿਉ, ਕਾਰਵਾਈ ਹੋ ਜਾਵੇਗੀ । (ਵਿਘਨ) ..... ਉਨ੍ਹਾਂ ਨੇ ਕਹਿ ਦਿੱਤਾ ਹੈ, ਜਵਾਬ ਦੇ ਦਿੱਤਾ ਹੈ ।

Next question,

ਏਡਜ਼ ਅਤੇ ਪਲੇਗ ਦੇ ਕੇਸ

*2632. (1) **ਸ਼੍ਰੀ ਬਲਦੇਵ ਸਿੰਘ ਬਲਮਗੜ੍ਹ**
(2) **ਸਰਦਾਰ ਬਲਦੇਵ ਸਿੰਘ ਪੱਕਾ** } : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ 1993-94 ਅਤੇ 1994-95 ਦੌਰਾਨ ਪਤਾ ਲਗਾਏ ਗਏ ਏਡਜ਼ ਅਤੇ ਪਲੇਗ ਦੇ ਰੋਗੀਆਂ ਦੀ ਸਾਲ-ਵਾਰ ਕੁੱਲ ਗਿਣਤੀ ਕਿੰਨੀ ਕਿੰਨੀ ਹੈ;

(ਅ) ਇਨ੍ਹਾਂ ਦੇ ਸਾਲਾਂ ਦੌਰਾਨ ਸਰਕਾਰ ਦੁਆਰਾ ਕੀ ਬਚਾਓ ਕਾਰਵਾਈ ਕੀਤੀ ਗਈ ਅਤੇ ਇਸ ਮੰਤਵ ਲਈ ਸਾਲ-ਵਾਰ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ?

Sardar Harcharan Singh Brar: (a) The requisite information is as under :—

	1993-94	1994-95
AIDS	12	10
PLAGUE	nil	nil

(b) Following steps were taken :—

AIDS

(i) Extensive Health Education through media, Health Education camps, Seminars, Rallies, Hoardings Paintings and slogan competition.

(ii) Strengthening of 52 Blood Banks with provision of HIV test kits and training to the technical staff.

(iii) Free distribution of contraceptives to susceptible groups.

PLAGUE

(i) Deputing Medical teams at all entry points of the State.

Original with;
Punjab Vidhan Sabha
Digitized by;
Panjab Digital Library

[Minister for Health and Family Welfare]

(ii) Setting up of a control room in each district and at the State Headquarter,

(iii) Extensive Health Education through media as well as through Health Education Camps.

The year-wise expenditure is as under :—

1993-94	1994-95
Rs. 26.90 lacs	Rs. 80.00 lacs

As far as plague is concerned there was no case. I donot know why he has asked and what should I say. There was no case of plague.

Mr. Speaker: Shri Ballamgarh Ji, do you want to ask any supplementary ?

ਸ਼੍ਰੀ ਬਲਦੇਵ ਸਿੰਘ ਬਲਮਗੜ੍ਹ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਬਾਹਰੋਂ ਡਰਾਈਵਰ ਜਾਂ ਹੋਰ ਕੋਈ ਵੀ ਐਂਟਰ ਹੁੰਦੇ ਹਨ ਸਟੇਟ ਵਿਚ ਤਾਂ ਉਨ੍ਹਾਂ ਦੇ ਟੈਸਟ ਵਾਸਤੇ ਕਈ ਸੈਂਟਰਜ਼ ਬਣਾਏ ਗਏ ਹਨ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬਾਹਰੋਂ ਫਾਰਨਰਜ਼ ਆਉਂਦੇ ਹਨ, ਕੀ ਉਨ੍ਹਾਂ ਦੇ ਟੈਸਟ ਕਰਨ ਵਾਸਤੇ ਕੋਈ ਏਡਜ਼ ਦੇ ਸੈਂਟਰਜ਼ ਖੋਲ੍ਹੇ ਗਏ ਹਨ ?

ਮੰਤਰੀ : ਹਾਂ ਜੀ, ਉਨ੍ਹਾਂ ਨੂੰ ਵੀ ਕਰਦੇ ਹਾਂ । ਪੰਜਾਬ ਵਿਚ ਕੋਈ ਇੰਟਰਨੈਸ਼ਨਲ ਏਅਰ ਪੋਰਟ ਨਹੀਂ ਹੈ ਲੇਕਿਨ ਜਿਥੇ ਹੈ, ਜਦੋਂ ਉਹ ਆਉਂਦੇ ਹਨ ਤਾਂ ਕਰਦੇ ਹਨ ।

ਸਰਦਾਰ ਨਿਰਮਲ ਸਿੰਘ ਨਿੰਮਾ: ** ** **

Mr. Speaker : Not allowed. Since it is an aspersion on an hon. Member of the House, it is expunged.

Next Question. Sardar Nirmal Singh Nimma.

ਗ੍ਰਾਮ ਪੰਚਾਇਤ, ਸਹਿਣਾ ਦੀ ਆਮਦਨ

*2621. **ਸਰਦਾਰ ਨਿਰਮਲ ਸਿੰਘ ਨਿੰਮਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1993-94 ਅਤੇ 1994-95 ਦੌਰਾਨ ਗ੍ਰਾਮ ਪੰਚਾਇਤ ਸਹਿਣਾ, ਜ਼ਿਲ੍ਹਾ ਸੰਗਰੂਰ ਨੂੰ ਸਾਰੇ ਹੀ ਸਾਧਨਾਂ ਤੋਂ ਹੋਣੀ ਆਮਦਨ ਦੇ ਵੇਰਵੇ ਕੀ ਕੀ ਹਨ;

**Expunged as ordered by the Chair.

Original with;
Punjab Vidhan Sabha
Digitized by;
Panjab Digital Library

(ਅ) ਸਾਲ 1993-94 ਅਤੇ 1994-95 ਦੌਰਾਨ ਪਿੰਡ ਵਿਚ ਹੁੱਡਾ ਰੋੜੀ ਦੀ ਬੋਲੀ ਤੋਂ ਹੋਈ ਵੱਟਕ ਦੇ ਸਾਲ-ਵਾਰ ਵੇਰਵੇ ਕੀ ਹਨ ਅਤੇ ਸਫਲ ਠੇਕੇਦਾਰਾਂ ਦੇ ਨਾਂ ਕੀ ਹਨ ;

(ਏ) ਕੀ ਉਕਤ ਥਾਂ ਦੀ ਬੋਲੀ ਮੁਨਾਦੀ ਰਾਹੀਂ ਕੀਤੀ ਗਈ ਸੀ ਜਾਂ ਇਸ਼ਤਿਹਾਰ ਦੇ ਕੇ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ ?

Sardar Beant Singh: (a) Annexure-I is laid on the Table of the house.

(b) During the year 1993-94, Hudda Rori was auctioned to Sh. Randhir Singh for Rs. 40,000/- but the auction could not take place for the year 1994-95 due to stay granted by the Court.

(c) Yes please, through beat of drums.

ANNEXURE—I

Year-wise income of Gram Panchayat Sehna from different sources

Sources of income

Year	Grant from Govt.	House-Tax	Shamlat Land	Carcass (Hadda Rori)	Donation
1	2	3	4	5	6
1993-94	3,66,287	9,940	2,01,430	13,000	—
1994-95	1,99,302	19,075	2,11,200	27,000	20,000

Original with;
Punjab Vidhan Sabha
Digitized by;
Panjab Digital Library

ਸਰਦਾਰ ਨਿਰਮਲ ਸਿੰਘ ਨਿੰਮਾ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ, ਇਨ੍ਹਾਂ ਨੇ ਕਿਹਾ ਕਿ 1993-94 ਦੌਰਾਨ ਹੱਡਾਂ ਰੋੜੀ ਦੀ ਬੋਲੀ 40,000 ਰਪਏ ਵਿਚ ਹੋਈ, ਇਤਨੀ ਆਮਦਨੀ ਹੋਈ ਪਰ 1994-95 ਵਿਚ ਅਦਾਲਤ ਦੇ ਰੋਕ ਹੁਕਮਾਂ ਕਾਰਨ ਬੋਲੀ ਨਹੀਂ ਕੀਤੀ ਜਾ ਸਕੀ ਅੱਤ ਇਨ੍ਹਾਂ ਨੇ ਕਿਹਾ ਹੈ ਕਿ ਬੋਲੀ ਮੁਨਿਆਦੀ ਰਾਹੀਂ ਹੋਈ। ਜਿਹੜਾ ਜਵਾਬ ਇਨ੍ਹਾਂ ਨੇ ਸਦਨ ਵਿਚ ਦਿੱਤਾ ਹੈ, ਇਹ ਸੈਟਿਸਫੈਕਟਰੀ ਨਹੀਂ ਹੈ ਕਿਉਂਕਿ ਮੁਨਿਆਦੀ ਹੱਡਾਂ ਰੋੜੀ ਪਿੰਡ ਦੀ ਨਹੀਂ ਕੀਤੀ ਗਈ ਅਤੇ ਨਾ ਹੀ ਇਤਰਿਹਾਰ ਜਿਹੜਾ ਦੇਣਾ ਬਣਦਾ ਸੀ, ਉਹ ਦਿੱਤਾ ਗਿਆ ਹੈ।....(ਵਿਘਨ)

ਸ਼੍ਰੀ ਸਪੀਕਰ. ਤੁਸੀਂ ਸਵਾਲ ਪੱਛੋ।

ਸਰਦਾਰ ਨਿਰਮਲ ਸਿੰਘ ਨਿੰਮਾ: ਸਵਾਲ ਹੀ ਪੁੱਛ ਰਿਹਾ ਹਾਂ ਜੀ। ਇਹ ਬੋਲੀ ਦੋ ਲੱਖ ਦੇ ਕਰੀਬ ਜਾਣੀ ਸੀ। ਕੀ ਕਾਰਨ ਹੈ ਕਿ ਨਾ ਮੁਨਿਆਦੀ ਕਰਵਾਈ ਗਈ ਅਤੇ ਨਾ ਕੋਈ ਇਸ਼ਤਿਹਾਰ ਆਦਿ ਦਿੱਤਾ ਗਿਆ ਅਤੇ ਹੱਡਾ ਰੋੜੀ ਦੀ ਬੋਲੀ ਕਿਸੇ ਖਾਸ ਬੰਦੇ ਦੇ ਨਾਮ ਤੇ ਹੋਈ ?

ਸ਼੍ਰੀ ਸਪੀਕਰ. ਨਿੰਮਾ ਸਾਹਿਬ, ਉਨ੍ਹਾਂ ਨੇ ਸਾਫ਼ ਲਿਖ ਕੇ ਦਿੱਤਾ ਹੈ ਕਿ ਮੁਨਿਆਦੀ ਕਰਵਾਈ ਸੀ।

ਸਰਦਾਰ ਨਿਰਮਲ ਸਿੰਘ ਨਿੰਮਾ: ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਮੁਨਿਆਦੀ ਨਹੀਂ ਕਰਵਾਈ ਗਈ। ਇਹ ਮੇਰਾ ਪਿੰਡ ਹੈ, ਇਸ ਦਾ ਮੈਨੂੰ ਪਤਾ ਹੈ ਕਿ ਮੁਨਿਆਦੀ ਨਹੀਂ ਕਰਵਾਈ ਗਈ।

ਸ਼੍ਰੀ ਸਪੀਕਰ. ਇਨ੍ਹਾਂ ਨੂੰ ਜੋ ਇਨਫਰਮੇਸ਼ਨ ਮਿਲੀ ਹੈ, ਉਸ ਦੇ ਮੁਤਾਬਿਕ ਤੁਹਾਨੂੰ ਜਵਾਬ ਦੇ ਦਿੱਤਾ ਹੈ। ਇਹ ਕਹਿੰਦੇ ਹਨ ਕਿ ਨਿਲਾਮੀ ਲਈ ਮੁਨਿਆਦੀ ਹੋਈ ਹੈ।

ਸਰਦਾਰ ਨਿਰਮਲ ਸਿੰਘ ਨਿੰਮਾ: ਸਪੀਕਰ ਸਾਹਿਬ, ਇਹ ਮੇਰਾ ਪਿੰਡ ਹੈ, ਮੈਂ ਉਥੇ ਦਾ ਐਮ. ਐਲ. ਏ. ਹਾਂ, ਮੈਨੂੰ ਪਤਾ ਹੈ ਕਿ ਮੁਨਿਆਦੀ ਨਹੀਂ ਹੋਈ। ਸਪੀਕਰ ਸਾਹਿਬ, ਮੈਂ ਕਹਿ ਰਿਹਾ ਹਾਂ ਕਿ ਜਿਹੜੀ ਮੁਨਿਆਦੀ ਹੋਣੀ ਚਾਹੀਦੀ ਸੀ, ਉਸ ਵਿਚ ਬਹੁਤ ਵਡੀ ਘਪਲੇਬਾਜ਼ੀ ਕੀਤੀ ਗਈ ਹੈ। ਮੈਂ ਹਾਊਸ ਦਾ ਮੈਂਬਰ ਕਹਿ ਰਿਹਾ ਹਾਂ, ਇਸ ਤੇ ਭਰੋਸਾ ਕਰਨਾ ਚਾਹੀਦਾ ਹੈ।

ਸ਼੍ਰੀ ਸਪੀਕਰ: ਹਾਊਸ ਦਾ ਮੈਂਬਰ ਤਾਂ ਇਹ ਵੀ ਕਹਿੰਦਾ ਹੈ ਕਿ ਇਥੇ ਕਿਸੇ ਮੈਂਬਰ ਨੂੰ ਏਡਜ਼ ਦੀ ਬਿਮਾਰੀ ਹੈ। ਪਤਾ ਨਹੀਂ ਹੈ ਕਿ ਨਹੀਂ। (ਹਾਸਾ) Next Question.

ਪੰਜਾਬ ਰਾਜ ਚਮੜਾ ਵਿਕਾਸ ਕਾਰਪੋਰੇਸ਼ਨ ਵਿਚ ਲੇਖਾ ਅਫ਼ਸਰਾਂ ਦੀ ਨਿਯੁਕਤੀ

*2657 **ਸ਼੍ਰੀ ਸ਼ਿੰਗਾਰਾ ਰਾਮ ਸ਼ਾਹੂਗੜਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਰਾਜ ਚਮੜਾ ਵਿਕਾਸ ਕਾਰਪੋਰੇਸ਼ਨ ਅਤੇ ਇਸ ਦੇ ਸਹਾਇਕ ਯੂਨਿਟਾਂ ਵਿਚ ਲੇਖਾ ਅਫਸਰਾਂ ਦੀਆਂ ਆਸਾਮੀਆਂ ਲਈ ਨੀਯਤ ਕੀਤੀਆਂ ਗਈਆਂ ਯੋਗਤਾਵਾਂ ਅਤੇ ਦੂਜੀਆਂ ਸ਼ਰਤਾਂ ਕੀ ਕੀ ਹਨ ਅਤੇ ਸਾਲ 1985-86 ਦੇ ਦੌਰਾਨ ਉਕਤ ਕਾਰਪੋਰੇਸ਼ਨ ਦੁਆਰਾ ਨਿਯੁਕਤ ਕੀਤੇ ਗਏ ਲੇਖਾ ਅਫਸਰਾਂ ਦੀ ਗਿਣਤੀ ਕਿੰਨੀ ਹੈ ?

Original with;
Punjab Vidhan Sabha
Panjab Digital Library

ਸਰਦਾਰ ਕਰਮ ਸਿੰਘ ਗਿੱਲ (ਰਾਜ ਮੰਤਰੀ, ਉਦਯੋਗ). ਪੰਜਾਬ ਰਾਜ ਚਮੜਾ ਵਿਕਾਸ ਕਾਰਪੋਰੇਸ਼ਨ ਅਤੇ ਇਸ ਦੇ ਸਹਾਇਕ ਯੂਨਿਟਾਂ ਵਿਚ ਲੇਖਾ ਅਫਸਰਾਂ ਦੀਆਂ ਆਸਾਮੀਆਂ ਲਈ ਨਿਯਤ ਕੀਤੀਆਂ ਗਈਆਂ ਯੋਗਤਾਵਾਂ ਅਤੇ ਦੂਜੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ :—

> "ਬਿਨੈਕਾਰ ਐਮ. ਕਾਮ. ਅਤੇ 7-10 ਸਾਲ ਦਾ ਤਜਰਬਾ ਜਾਂ ਚਾਰਟਿਡ ਅਕਾਊਂਟੈਂਟ ਅਤੇ ਦੋ ਸਾਲ ਦਾ ਤਜਰਬਾ; ਕਮਰਸ਼ੀਅਲ ਅਕਾਊਂਟ ਰੱਖਣ ਦੀ ਕਾਬਲੀਅਤ ਰੱਖਦਾ ਹੋਵੇ । ਉਦਯੋਗਿਕ ਅਦਾਰੇ ਵਿਚ ਤਜਰਬਾ ਰੱਖਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ ।"

ਸਾਲ 1985-86 ਦੌਰਾਨ ਉਕਤ ਕਾਰਪੋਰੇਸ਼ਨ ਵਿਚ 4 ਲੇਖਾ ਅਫਸਰ ਨਿਯੁਕਤ ਕੀਤੇ ਗਏ ਸਨ ।

ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜੇ 4 ਲੇਖਾ ਅਫਸਰ ਨਿਯੁਕਤ ਕੀਤੇ ਹਨ, ਕੀ ਉਹ ਸਾਰੀਆਂ ਯੋਗਤਾਵਾਂ ਜਿਹੜੀਆਂ ਨਿਰਧਾਰਤ ਕੀਤੀਆਂ ਹਨ, ਉਹ ਪੂਰੀਆਂ ਕਰਦੇ ਸਨ ?

ਰਾਜ ਮੰਤਰੀ: ਉਹ ਪੂਰੀਆਂ ਕਰਦੇ ਹਨ ਪਰ ਉਨ੍ਹਾਂ ਵਿਚੋਂ ਇਕ ਆਦਮੀ ਨੂੰ ਰਿਲੈਕਸੇਸ਼ਨ ਦਿੱਤੀ ਗਈ ਹੈ । ਤਜਰਬੇ ਦੇ ਤੌਰ ਤੇ ਰਖਿਆ ਗਿਆ ਹੈ ।

ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ: ਸਪੀਕਰ ਸਾਹਿਬ, ਇਨ੍ਹਾਂ ਨੇ ਦਸਿਆ ਹੈ ਕਿ ਇਕ ਆਦਮੀ ਨੂੰ ਰਿਲੈਕਸੇਸ਼ਨ ਦਿੱਤੀ ਗਈ ਸੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਵਾਸਤੇ ਕੋਈ ਐਡਵਰਟਾਈਜ਼ਮੈਂਟ ਕੀਤੀ ਗਈ ਸੀ; ਜੇ ਕੀਤੀ ਗਈ ਸੀ, ਤਾਂ ਕਿਹੜੀ ਤਾਰੀਖ ਨੂੰ ਕੀਤੀ ਗਈ ਸੀ ?

ਸ਼੍ਰੀ ਸਪੀਕਰ: ਰਿਲੈਕਸੇਸ਼ਨ ਵਾਸਤੇ ਐਡਵਰਟਾਈਜ਼ਮੈਂਟ ਕੀ ਹੋ ਸਕਦੀ ਹੈ । Next Question.

ਅੱਤਵਾਦ ਤੋਂ ਪ੍ਰਭਾਵਿਤ ਪਰਿਵਾਰਾਂ ਨੂੰ ਸਹਾਇਤਾ

*2486. **ਸ਼੍ਰੀ ਮਦਨ ਮੋਹਨ ਮਿੱਤਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੱਤਵਾਦੀਆਂ ਹੱਥੋਂ ਮਾਰੇ ਗਏ ਵਿਅਕਤੀਆਂ ਤੇ ਨਿਰਭਰ ਪਰਿਵਾਰਾਂ ਦੇ ਮੈਂਬਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਜਾਂ ਨੌਕਰੀ ਦੇਣ ਸਬੰਧੀ ਕੁਝ ਕੇਸਿਜ਼ ਸਰਕਾਰ ਕੋਲ ਪੈਂਡਿੰਗ ਪਏ ਹਨ ; ਜੇਕਰ ਅਜਿਹਾ ਹੈ ਤਾਂ ਇਨ੍ਹਾਂ ਦੇ ਵੇਰਵੇ ਕੀ ਹਨ ਅਤੇ ਲੋੜੀਂਦੀ ਸਹਾਇਤਾ ਜਾਂ ਨੌਕਰੀ ਕਦੋਂ ਤੱਕ ਦਿੱਤੇ ਜਾਣ ਦੀ ਸੰਭਾਵਨਾ ਹੈ ?

ਪ੍ਰੋਫੈਸਰ (ਕੁਮਾਰੀ) ਸੁਸ਼ੀਲ ਮਹਾਜਨ (ਰਾਜ ਮੰਤਰੀ, ਸਹਾਇਤਾ ਅਤੇ ਮੁੜ ਵਸਾਊ): ਹਾਂ ਜੀ । ਇਸ ਬਾਰੇ ਚੁੱਕਵੀਂ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਸਹਾਇਤਾ ਅਤੇ ਮੁੜ ਵਸਾਊ]

ਪੰਜਾਬ ਰਾਜ ਵਿਚ ਅਤਿਵਾਦੀਆਂ ਹੱਥੋਂ ਮਾਰੇ ਗਏ ਵਿਅਕਤੀਆਂ ਦੇ ਆਸ਼ਰਿਤਾਂ/ਉਤਰਜੀਵੀਆਂ ਦੇ ਸਹਾਇਤਾ/ਰੁਜ਼ਗਾਰ ਸਬੰਧੀ ਲੰਬਿਤ ਕੇਸਾਂ ਦਾ ਵੇਰਵਾ

ਲੜੀ ਨੰ:	ਸਹਾਇਤਾ ਦੀ ਮੱਦ	ਲੰਬਿਤ ਕੇਸਾਂ ਦੀ ਗਿਣਤੀ	ਉਹ ਸਮਾਂ ਜਿਸ ਵਿਚ ਸਹਾਇਤਾ/ਰੁਜ਼ਗਾਰ ਦੇ ਦਿਤਾ ਜਾਵੇਗਾ
1	2	3	4
1.	ਮ੍ਰਿਤਕ ਵਿਅਕਤੀਆਂ ਦੇ ਸਬੰਧੀਆਂ ਨੂੰ ਅੰਕਸ ਗ੍ਰੇਜ਼ੀਆਂ ਗ੍ਰਾਂਟ	27	ਸਾਰੇ ਲੰਬਿਤ ਕੇਸਾਂ ਤੇ ਕਾਰਵਾਈ ਸਬੰਧਤ ਉਪ-ਮੰਡਲ ਅਫਸਰਾਂ (ਸਿਵਲ) ਵਲੋਂ ਕਰਵਾਈ ਜਾ ਰਹੀ ਹੈ ਅਤੇ ਇਨ੍ਹਾਂ ਸਬੰਧੀ ਕੋਰਟਾਂ ਵਲੋਂ ਨਾਬਾਲਗ ਲਾਭਪਾਤਰਾਂ ਦੇ ਸਰਪ੍ਰਸਤ ਥਾਪਨ ਉਪਰੰਤ, ਤਫਤੀਸ਼/ਪੜਤਾਲ ਰਿਪੋਰਟਾਂ ਮਾਲ ਅਫ਼ਸਰਾਂ/ਪੁਲਿਸ ਅਧਿਕਾਰੀਆਂ ਤੋਂ ਪ੍ਰਾਪਤ ਹੋਣ ਉਪਰੰਤ ਸਾਰੇ ਕੇਸਾਂ ਵਿਚ ਅਗਲੇ ਵਿੱਤੀ ਸਾਲ ਦੀ ਪਹਿਲੀ ਤਿਮਾਹੀ ਵਿਚ ਬਣਦੀ ਅਦਾਇਗੀ ਕਰ ਦਿਤੀ ਜਾਵੇਗੀ। ਕੁਝ ਕੇਸਾਂ ਵਿਚ ਮ੍ਰਿਤਕ ਵਿਅਕਤੀਆਂ ਦੇ ਸਕੇ-ਸਬੰਧੀ ਦੂਜੇ ਰਾਜਾਂ ਜਿਵੇਂ ਕਿ ਉੱਤਰ-ਪ੍ਰਦੇਸ਼, ਆਂਧਰਾ ਪ੍ਰਦੇਸ਼ ਅਤੇ ਬਿਹਾਰ ਵਿਚ ਰਹਿ ਰਹੇ ਹਨ। ਇਸ ਤਰ੍ਹਾਂ ਉਨ੍ਹਾਂ ਦੀ ਤਫ਼ਤੀਸ਼ ਸਬੰਧੀ ਰਿਪੋਰਟਾਂ ਜ਼ਿਲ੍ਹੇ ਦੇ ਸਬੰਧਤ ਕੁਲੈਕਟਰਾਂ ਪਾਸੋਂ ਪ੍ਰਾਪਤ ਕੀਤੀਆਂ ਜਾ ਰਹੀਆਂ ਹਨ।
2.	ਮ੍ਰਿਤਕਾਂ ਦੀਆਂ ਵਿਧਵਾਵਾਂ ਨੂੰ ਗੁਜ਼ਾਰਾ ਭੱਤਾ	32	
3.	ਵਿਆਹੁਤਾ ਸਹਾਇਤਾ	4	
4.	ਜ਼ਖ਼ਮੀਆਂ ਨੂੰ ਸਹਾਇਤਾ	4	
5.	ਜਾਇਦਾਦ ਦਾ ਨੁਕਸਾਨ	12	
6.	ਸਕੂਲ ਜਾ ਰਹੇ ਬੱਚਿਆਂ ਨੂੰ ਅੰਕਸ ਗ੍ਰੇਜ਼ੀਆਂ ਗ੍ਰਾਂਟ	10	ਇਨ੍ਹਾਂ ਕੇਸਾਂ ਵਿਚ ਵਜ਼ੀਫੇ ਦੀ ਸਹਾਇਤਾ ਸਬੰਧਤ ਸਕੂਲਾਂ ਤੋਂ ਵੈਰੀਫਿਕੇਸ਼ਨ ਕਰਨ ਉਪਰੰਤ ਅਗਲੇ ਵਿੱਤੀ ਸਾਲ ਦੇ ਪਹਿਲੇ ਸਮੇਂ ਵਿਚ ਹੀ ਦੇ ਦਿਤੀ ਜਾਵੇਗੀ।

Original with;
Punjab Vidhan Sabha
Digitized by;
Punjab Digital Library

1	2	3	4
7.	ਕੈਟਾਗਿਰੀ ਨੰ: 1 ਅਧੀਨ ਨੌਕਰੀ ਦੇਣ ਬਾਰੇ ।	230	ਇਨ੍ਹਾਂ ਸਾਰੇ ਲੰਬਿਤ ਕੇਸਾਂ ਵਿਚ ਅਗਲੇ ਵਿੱਤੀ ਸਾਲ ਵਿਚ ਸਬੰਧਤ ਵਿਭਾਗਾਂ ਤੋਂ ਕਲਾਸ 2, 3, 4 ਸਬੰਧੀ ਖਾਲੀ ਆਸਾਮੀਆਂ ਬਾਰੇ ਜੂਚਨਾ ਆਉਣ ਤੇ ਜਿਨ੍ਹਾਂ ਨੂੰ ਕਿ ਮੁੱਖ ਸਕੱਤਰ, ਪੰਜਾਬ ਵਲੋਂ ਚਿਤਾਵਨੀ ਪੱਤਰ ਜਾਰੀ ਕੀਤੇ ਜਾ ਰਹੇ ਹਨ, ਰੁਜ਼ਗਾਰ ਪ੍ਰਦਾਨ ਕਰ ਦਿੱਤਾ ਜਾਵੇਗਾ ।

ਸ਼੍ਰੀ ਮਦਨ ਮੋਹਨ ਮਿੱਤਲ : ਜਿਹੜੇ ਕੇਸਿਜ਼ ਪੈਂਡਿੰਗ ਪਏ ਹਨ, ਉਹ 230 ਹਨ ਜਿਹੜੇ ਕਿ Grant of Employment under Priority Category No. 1 ਆਉਂਦੇ ਹਨ ਅਤੇ ਜਿਹੜੇ ਟੈਰੋਰਿਸਟਸ ਦੇ ਹੱਥੋਂ ਮਾਰੇ ਗਏ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੁੱਤਰ ਦੀ ਥਾਂ ਉਸ ਬੰਦੇ ਦਾ ਗਰਾਂਡ ਸਨ ਜਾਂ ਗਰਾਂਡ ਡਾਟਰ ਨੂੰ ਵੀ ਸਰਵਿਸ ਵਾਸਤੇ ਕੰਸਿਡਰ ਕੀਤਾ ਜਾ ਸਕਦਾ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ 230 ਕੇਸਿਜ਼ ਹਨ ਜਿਹੜੇ ਨੌਕਰੀਆਂ ਦੇਣ ਵਾਸਤੇ ਪਏ ਹਨ । ਉਨ੍ਹਾਂ ਬਾਰੇ ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਜਿਹੜੇ ਟੈਰੋਰਿਸਟਸ ਅਫੈਕਟਿਡ ਪਰਸਨਜ਼ ਹਨ ਉਨ੍ਹਾਂ ਦੇ ਬੇਟਾ, ਬੇਟੀ ਨੂੰ ਜੇ ਉਹ ਨਾ ਹੋਵੇ ਤਾਂ ਉਸ ਦੀ ਪੋਤਰਾ, ਪੋਤਰੀ ਨੂੰ ਸਰਵਿਸ ਵਿਚ ਲੈ ਲਿਆ ਜਾਵੇ ਜੇ ਉਹ ਉਸ ਦੇ ਨਾਲ ਰਹਿੰਦੇ ਹੋਣ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੈਂ ਪੁਛਿਆ ਹੈ ਕਿ ਟੇਰੋਰਿਸਟਸ ਅਫੈਕਟਿਡ ਪਰਸਨ ਹੋਵੇ ਪਰ ਉਸ ਦਾ ਪੁਤਰ ਫਿਟ ਫਾਰ ਸਰਵਿਸ ਨਾ ਹੋਵੇ ਜਾਂ ਉਹ ਕਾਫੀ ਬੁਢਾ ਹੋਵੇ ਤਾਂ ਕੀ ਉਸ ਦੇ ਪੋਤਰੇ ਨੂੰ ਅੰਡਜਸਟ ਕੀਤਾ ਜਾ ਸਕਦਾ ਹੈ ?

ਰਾਜ ਮੰਤਰੀ : ਜੇ ਉਸ ਡਿਸੀਜ਼ਡ ਪਰਸਨ ਦਾ ਪੁੱਤਰ ਨਹੀਂ ਰਿਹਾ ਤਾਂ ਉਸ ਦੇ ਪੋਤਰੇ ਜਾਂ ਪੋਤਰੀ ਨੂੰ ਨੌਕਰੀ ਵਿਚ ਐਡਜਸਟ ਕੀਤਾ ਜਾ ਸਕਦਾ ਹੈ ।

ਸ਼੍ਰੀ ਮਦਨ ਮੋਹਨ ਮਿੱਤਲ : ਮੇਰਾ ਸਵਾਲ ਇਹ ਹੈ ਕਿ ਜੇ ਉਸ ਦੇ ਪੁੱਤਰ ਦੀ ਉਮਰ 50 ਸਾਲ ਹੋਵੇ ਤਾਂ only grandson is eligible for government job. Whether he can be considered?

ਰਾਜ ਮੰਤਰੀ : ਅਸੀਂ ਉਸ ਨੂੰ ਕੰਸਿਡਰ ਕਰਦੇ ਹਾਂ ।

Original with;
Punjab Vidhan Sabha
Digitized by:
Punjab Digital Library

Mr. Speaker: Question Hour is over. The remaining question shall be deemed to have been answered under Rule 38 of the Rules of Procedure and Conduct of Business in the Punjab Vidhan Sabha.

WRITTEN ANSWER TO STARRED QUESTION LAID ON THE TABLE OF THE HOUSE UNDER RULE 38

ਤਹਿਸੀਲ ਸਮਰਾਲਾ ਵਿਚ ਬਿਜਲੀ ਸਬ-ਸਟੇਸ਼ਨਾਂ ਦੀ ਗਿਣਤੀ

*2567. **ਸਰਦਾਰ ਈਸ਼ਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਵਿਚ ਬਿਜਲੀ ਦੇ ਕਿੰਨੇ ਸਬ-ਸਟੇਸ਼ਨ ਹਨ ਅਤੇ ਕਿੰਨੀ ਪਾਵਰ ਦੇ ਹਨ;

(ਅ) ਇਸ ਤਹਿਸੀਲ ਵਿਚ ਸਾਲ 1993-94 ਅਤੇ 1994-95 ਵਿਚ ਕਿੰਨੇ ਨਵੇਂ ਸਬ-ਸਟੇਸ਼ਨ ਬਣਾਏ ਗਏ ਅਤੇ ਸਰਕਾਰ ਦੀ ਸਾਲ 1995-96 ਵਿਚ ਅਜਿਹੇ ਹੋਰ ਕਿੰਨੇ ਸਬ-ਸਟੇਸ਼ਨ ਬਣਾਉਣ ਦੀ ਤਜਵੀਜ਼ ਹੈ ?

ਸਰਦਾਰ ਬੇਅੰਤ ਸਿੰਘ : (ੳ) ਇਕ 132 ਕੇ. ਵੀ., ਚਾਰ 66 ਕੇ. ਵੀ. ਅਤੇ ਇਕ 33 ਕੇ. ਵੀ. ਸਬ-ਸਟੇਸ਼ਨ ।

(ਅ) ਕੋਈ ਨਹੀਂ ।

1995-96 ਦੌਰਾਨ ਕੋਈ ਸਬ-ਸਟੇਸ਼ਨ ਸਥਾਪਿਤ ਕਰਨ ਦੀ ਤਜਵੀਜ਼ ਨਹੀਂ ਹੈ ।

UNSTARRED QUESTIONS AND ANSWERS

ਪਰਿਵਾਰ ਨਿਯੋਜਨ ਆਪਰੇਸ਼ਨ ਲਈ ਉਤਸ਼ਾਹ

473. **ਕਾਮਰੇਡ ਹਰਦੇਵ ਅਰਸ਼ੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਵਿਚ ਸਾਲ 1993-94 ਅਤੇ 1994-95 ਦੇ ਦੌਰਾਨ ਬਲਾਕ-ਵਾਰ ਕੁਲ ਕਿੰਨੇ-ਕਿੰਨੇ ਪਰਿਵਾਰ ਨਿਯੋਜਨ ਦੇ ਆਪਰੇਸ਼ਨ ਕੀਤੇ ਗਏ ਅਤੇ ਆਪਰੇਸ਼ਨ ਕਰਵਾਉਣ ਵਾਲੇ ਵਿਅਕਤੀਆਂ ਨੂੰ ਉਤਸ਼ਾਹ ਵਜੋਂ ਕੁੱਲ ਕਿੰਨੀ ਰਕਮ ਵੰਡੀ ਗਈ ?

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚਰਨ ਸਿੰਘ ਬਰਾੜ : ਸੂਚਨਾ ਅਨੁਲੱਗ ਤੇ ਨੱਥੀ ਹੈ ਜੀ ।

ਅਨੁੱਲਗ

ਬਲਾਕ	1993-94	1994-95 (2/95 ਤੱਕ)
ਜ਼ਿਲ੍ਹਾ ਬਠਿੰਡਾ		
1. ਬੱਲੀਆਂ ਵਾਲੀ	434	328
2. ਭਗਤਾ	350	205
3. ਗੁਨਿਆਣਾ	561	457
4. ਨਥਾਣਾ	512	430
5. ਸੰਗਤ	686	472
6. ਤਲਵੰਡੀ ਸਾਬੋ	1,061	884
7. ਬਠਿੰਡਾ	2,356	1,627
8. ਰਾਮਪੁਰਾ ਫੂਲ	812	723
9. ਰਾਮਾਂ	202	183
10. ਮੌੜ	188	138
ਜੋੜ	7,162	5,447
ਜ਼ਿਲ੍ਹਾ ਮਾਨਸਾ		
1. ਮਾਨਸਾ	479	317
2. ਖਿਆਲਾ ਕਲਾਂ	1,486	1,577
3. ਸਰਦੂਲ ਗੜ੍ਹ	948	1,159
4. ਬੁਢਲਾਡਾ	1,282	1,232
ਜੜ	4,195	4,285

27, 40, 130 ਰੁਪਏ ਦੀ ਰਕਮ ਹੇਠ ਅਨੁਸਾਰ ਵੰਡੀ ਗਈ :—

	1993-94	1994-95 (2/95 ਤੱਕ)
ਬਠਿੰਡਾ	9,30,240 ਰੁਪੈ	7,07,490 ਰੁਪੈ
ਮਾਨਸਾ	5,45,350 ਰੁਪੈ	5,57,050 ਰੁਪੈ

Original with;
Punjab Vidhan Sabha
Digitized by;
Punjab Digital Library

ਰਿਆਇਤੀ ਦਰਾਂ ਤੇ ਕੀਟ-ਨਾਸ਼ਕ ਦਵਾਈਆਂ

474. **ਕਾਮਰੇਡ ਹਰਦੇਵ ਅਰਸ਼ੀ**: ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਵਿੱਤੀ ਸਾਲ 1993-94 ਅਤੇ 1994-95 ਦੇ ਦੌਰਾਨ ਖੇਤੀਬਾੜੀ ਵਿਭਾਗ ਦੁਆਰਾ ਕਿਸਾਨਾਂ ਨੂੰ ਜ਼ਿਲ੍ਹਾ-ਵਾਰ ਕੁੱਲ ਕਿੰਨੇ ਮੁੱਲ ਦੀਆਂ ਕੀਟ ਨਾਸ਼ਕ ਦਵਾਈਆਂ ਰਿਆਇਤੀ ਦਰਾਂ ਤੇ ਵੇਚੀਆਂ ਗਈਆਂ;

(ਅ) ਉਨ੍ਹਾਂ ਸਰਕਾਰੀ ਏਜੰਸੀਆਂ ਅਤੇ ਪ੍ਰਾਈਵੇਟ ਫਰਮਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਤੋਂ ਉਕਤ ਭਾਗ (ੳ) ਵਿਚ ਵਰਣਿਤ ਕੀਟ-ਨਾਸ਼ਕ ਦਵਾਈਆਂ ਖਰੀਦੀਆਂ ਗਈਆਂ ਹਨ;

(ੲ) ਉਕਤ ਕੀਟ-ਨਾਸ਼ਕ ਦਵਾਈਆਂ ਦੇ ਘਟੀਆਂ ਕਿਸਮ ਦੀਆਂ ਹੋਣ ਸਬੰਧੀ ਕੁੱਲ ਕਿੰਨੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਅਤੇ ਉਨ੍ਹਾਂ ਤੇ ਕੀ ਕਾਰਵਾਈ ਕੀਤੀ ਗਈ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ : (ੳ) (i) ਵਿੱਤੀ ਸਾਲ 1993-94 ਦੇ ਦੌਰਾਨ ਖੇਤੀਬਾੜੀ ਵਿਭਾਗ ਦੁਆਰਾ ਕਿਸਾਨਾਂ ਨੂੰ ਜ਼ਿਲ੍ਹਾ-ਵਾਰ, ਹੇਠ ਲਿਖੇ ਮੁੱਲ ਦੀਆਂ ਕੀਟ-ਨਾਸ਼ਕ ਦਵਾਈਆਂ ਰਿਆਇਤੀ ਦਰਾਂ ਤੇ ਵੇਚੀਆਂ ਗਈਆਂ :—

ਲੜੀ ਨੰ:	ਜ਼ਿਲ੍ਹੇ ਦਾ ਨਾਂ	ਦਵਾਈ ਦੀ ਕੀਮਤ (ਲੱਖਾਂ ਵਿਚ ਰੁਪਏ)
1.	ਅੰਮ੍ਰਿਤਸਰ	873.06
2.	ਬਠਿੰਡਾ	289.22
3.	ਫਰੀਦਕੋਟ	685.48
4.	ਫਿਰੋਜ਼ਪੁਰ	552.22
5.	ਫਤਹਿਗੜ੍ਹ ਸਾਹਿਬ	221.27
6.	ਗੁਰਦਾਸਪੁਰ	501.28
7.	ਹੁਸ਼ਿਆਰਪੁਰ	247.01
8.	ਜਲੰਧਰ	471.83
9.	ਕਪੂਰਥਲਾ	242.94
10.	ਲੁਧਿਆਣਾ	613.68
11.	ਮਾਨਸਾ	168.73
12.	ਪਟਿਆਲਾ	594.59
13.	ਰੋਪੜ	176.44
14.	ਸੰਗਰੂਰ	965.61
	ਜੋੜ	6,653.36

Original with;
Punjab Vidhan Sabha
Digitized by;
Panjab Digital Library

(ii) ਵਿੱਤੀ ਸਾਲ 1994-95 ਵਿਚ ਖੇਤੀਬਾੜੀ ਵਿਭਾਗ ਨੇ ਸਬਸਿਡੀ ਤੇ ਕੋਈ ਕੀਟਨਾਸ਼ਕ ਦਵਾਈ ਨਹੀਂ ਵੇਚੀ ਹੈ ।

(ਅ) ਜਿਨ੍ਹਾਂ ਸਰਕਾਰੀ ਅਤੇ ਪ੍ਰਾਈਵੇਟ ਫਰਮਾਂ ਤੋਂ ਕੀਟਨਾਸ਼ਕ ਦਵਾਈਆਂ ਖਰੀਦੀਆਂ ਗਈਆਂ ਸਨ, ਦੇ ਨਾਂ ਹੇਠ ਲਿਖੇ ਅਨੁਸਾਰ ਹਨ—

1.	ਮੈਸਰਜ਼ ਮਾਰਕਫੈਡ, ਪੰਜਾਬ	..	ਚੰਡੀਗੜ੍ਹ
2.	ਮੈਸ : ਹਰਿਆਣਾ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ	..	ਦਿੱਲੀ
3.	ਮੈਸ : ਮੋਨਤਾਰੀ ਇੰਡਸਟਰੀਜ਼ ਲਿਮ:	..	ਦਿੱਲੀ
4.	ਮੈਸ : ਮੋਨਸੈਂਟੋ ਕੈਮੀਕਲ ਇੰਡੀਆ	..	ਨਵੀਂ ਦਿੱਲੀ
5.	ਮੈਸ : ਹਾਕੈਸਟ ਇੰਡੀਆ ਲਿਮ :	..	,,
6.	ਮੈਸ : ਘਾਰੜਾ ਕੈਮੀਕਲ	..	ਬੰਬਈ
7.	ਮੈਸ : ਪੈਸਟੋ ਕੈਮੀਕਲਜ਼	..	ਨਵੀਂ ਦਿੱਲੀ
8.	ਮੈਸ : ਨੋਸਿਲ	..	,, ,,
9.	ਮੈਸ : ਕਰਾਪ ਹੈਲਥ	..	,, ,,
10.	ਮੈਸ : ਸਰਲ ਇੰਡੀਆ ਲਿਮ :	..	,, ,,
11.	ਮੈਸ : ਰੈਲੀਜ਼ ਇੰਡੀਆ ਲਿਮ :	..	,, ,,
12.	ਮੈਸ : ਜੈ ਕੈਮੀਕਲਜ਼	..	,, ,,
13.	ਮੈਸ : ਹਿੰਦੁਸਤਾਨ ਇੰਸੈਕਟੀਸਾਈਡ ਲਿਮ :	..	,, ,,
14.	ਮੈਸ : ਯੂਨਾਇਟਿਡ ਫਾਸਫੋਰਸ ਲਿਮ :	..	,, ,,
15.	ਮੈਸ : ਪੈਸਟੀਸਾਈਡ ਇੰਡੀਆ	..	,, ,,
16.	ਮੈਸ : ਕੇਅਰਵੈਲ ਐਂਟਰਪ੍ਰਾਈਜ਼ਜ਼	..	,, ,,
17.	ਮੈਸ : ਮਾਡਰਲ ਐਗਰੀ ਸਪਲਾਈ ਕੰ :	..	,, ,,
18.	ਮੈਸ : ਨੈਸ਼ਨਲ ਔਰਗੈਨਿਕ ਇੰਡਸਟਰੀਜ਼ ਲਿਮ :	..	,, ,,
19.	ਮੈਸ : ਰੋਨ ਪੋਲੈਸ	..	,, ,,
20	ਮੈਸ: ਸ਼ਾਹ ਵੈਲੇਸ	..	ਚੰਡੀਗੜ੍ਹ
21.	ਮੈਸ : ਬਾਅਰ ਇੰਡੀਆ, ਚੰਡੀਗੜ੍ਹ	..	ਚੰਡੀਗੜ੍ਹ
22.	ਮੈਸ : ਹਿੰਦੁਸਤਾਨਪੁਰ ਐਂਟੀ ਬਾਇਉਟਿਕ, ਦਿੱਲੀ	..	ਦਿੱਲੀ
23.	ਮੈਸ : ਭਾਰਤ ਇੰਸੈਕਟੀਸਾਈਡ	..	ਨਵੀਂ ਦਿੱਲੀ
24.	ਮੈਸ : ਸਾਈਨਾਮਿਡ ਇੰਡੀਆ	..	ਦਿੱਲੀ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

(ਏ) ਇਨ੍ਹਾਂ ਕੀਟਨਾਸ਼ਕ ਦਵਾਈਆਂ ਵਿਚੋਂ ਕੇਵਲ ਇਕ ਦੇ ਘਟੀਆ ਕਿਸਮ ਦੀ ਹੋਣ ਸਬੰਧੀ ਪੰਜਾਬੀ ਟ੍ਰਿਬਿਊਨ ਮਿਤੀ 21 ਦਸੰਬਰ, 1993 ਵਿਚ ਸ਼ਿਕਾਇਤ ਛਪੀ ਸੀ । ਪੜਤਾਲ ਕਰਨ ਤੇ ਇਹ ਸ਼ਿਕਾਇਤ ਸੱਚੀ ਨਹੀਂ ਪਾਈ ਗਈ ਸੀ । ਇਕ ਹੋਰ ਸ਼ਿਕਾਇਤ ਵੀ ਪ੍ਰਾਪਤ ਹੋਈ ਸੀ ਪ੍ਰੰਤੂ ਇਨਕੁਆਰੀ ਕਰਨ ਤੇ ਸ਼ਿਕਾਇਤ ਕਰਤਾ ਇਸ ਗਲ ਦਾ ਸਬੂਤ ਪੇਸ਼ ਨਹੀਂ ਕਰ ਸਕਿਆ ਕਿ ਦਵਾਈ ਪੰਜਾਬ ਦੀ ਕਿਸੇ ਏਜੰਸੀ ਜਾਂ ਪ੍ਰਾਈਵੇਟ ਫਰਮ ਤੋਂ ਖਰੀਦੀ ਸੀ ।

POINT OF ORDER RE. DISPENSING WITH ZERO HOUR

ਸ਼੍ਰੀ ਸਤਨਾਮ ਸਿੰਘ ਕੈਂਥ: ** ** **

Mr. Speaker: This is no Point of Order.

ਸ਼੍ਰੀ ਮਦਨ ਮੋਹਨ ਮਿੱਤਲ ਸਪੀਕਰ ਸਾਹਿਬ, ਤੁਸੀਂ ਜਿਹੜੀ 21 ਤਾਰੀਖ ਨੂੰ ਰੂਲਿੰਗ ਦਿੱਤੀ ਹੈ ਉਸ ਦਾ ਬੁਲੇਟਿਨ ਵਿਚ ਇਸ ਤਰ੍ਹਾਂ ਲਿਖਿਆ ਹੈ ਕਿ

"The Speaker gave his ruling henceforth that Zero Hour is dispensed with because it is not being utilised properly and beneficially."

ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸਾਡੇ ਤੇ ਐਸਪਰਸ਼ਨ ਹੈ ਕਿ ਅਸੀਂ ਹਾਊਸ ਦਾ ਟਾਈਮ ਵੇਸਟ ਕਰਦੇ ਹਾਂ । ਜੇ ਅਸੀਂ ਜ਼ੀਰੋ ਆਵਰ ਵਿਚ ਟਾਈਮ ਮੰਗਦੇ ਹਾਂ ਤਾਂ ਤੁਸੀਂ ਕਹਿ ਦਿੰਦੇ ਹੋ ਕਿ ਫਲਾਣੇ ਫਲਾਣੇ ਦਿਨ ਤੁਸੀਂ ਬਜਟ ਉਤੇ ਬੋਲ ਲੈਣਾ । ਪਰ ਹੁਣ ਤੁਸੀਂ ਸਾਡਾ ਟਾਈਮ ਖਤਮ ਕਰ ਰਹੇ ਹੋ । ਸਾਡੀ ਬੇਨਤੀ ਹੈ ਕਿ ਇਸ ਤਰੀਕੇ ਨਾਲ ਜ਼ੀਰੋ ਆਵਰ ਨੂੰ ਤੁਸੀਂ ਕਰਟੇਲ ਨਾ ਕਰੋ as if we are wasting the time of the House.

ਸਪੀਕਰ ਸਾਹਿਬ, ਤੁਸੀਂ ਪ੍ਰੈਸ ਵਾਲਿਆਂ ਨੂੰ ਬੁਲਾ ਕੇ ਕਹਿ ਦਿੱਤਾ ਹੈ ਕਿ ਪ੍ਰੈਸ ਵਿਚ ਇਸ ਨੂੰ ਪਬਲਿਸ਼ ਨਹੀਂ ਕਰਨਾ ਹੈ । 22 ਤਾਰੀਖ ਨੂੰ ਤੁਸੀਂ ਕਿਹਾ ਸੀ ਕਿ ਜ਼ਰੂਰੀ ਮਸਲੇ ਉਠਾ ਸਕਦੇ ਹੋ । ਤੁਸੀਂ ਆਪਣੀ ਰੂਲਿੰਗ ਨੂੰ ਵਿਦਡਰਾਅ ਕਰੋ ਅਤੇ ਪਹਿਲੇ ਵਾਲੀ ਪ੍ਰੈਕਟਿਸ ਚਲਣ ਦਿਓ । ਅਸੀਂ ਟਾਈਮ ਵੇਸਟ ਨਹੀਂ ਕਰਦੇ ।

ਸ਼੍ਰੀ ਸਪੀਕਰ ਜਿਹੜਾ ਪੁਆਇੰਟ ਆਫ਼ ਆਰਡਰ ਨਹੀਂ ਹੈ ਉਹ ਪਬਲਿਸ਼ ਨਹੀਂ ਕੀਤਾ ਜਾ ਸਕਦਾ । Again if I say you are wasting time, it will not be improper. There is no zero hour according to the Rule of Procedure,

---

**Expunged as ordered by the Chair.

Original with;
Punjab Vidhan Sabha
Digitized by:
Panjab Digital Library

ਵਿੱਤ ਮੰਤਰੀ: ਸਪੀਕਰ ਸਾਹਿਬ, ਰੂਲਜ਼ ਆਫ ਪ੍ਰੋਸੀਜਰ ਐਂਡ ਕੰਡਕਟ ਆਫ ਬਿਜਨੈਸ ਆਫ ਦਾ ਹਾਊਸ ਵਿਚ ਜਿਹੜੇ ਰੂਲ ਹਨ ਉਹ ਪਰਵੇਲ ਕਰਦੇ ਹਨ ਕਿ ਹਾਊਸ ਨੂੰ ਚਲਾਣਾ ਹੈ। ਜ਼ੀਰੋ ਅਵਰ ਦੀ ਕੋਈ ਪ੍ਰਥਾ ਨਹੀਂ ਹੈ। ਇਹ ਪੁਆਇੰਟ ਆਫ ਆਰਡਰ ਰਾਹੀਂ ਹਮਸ਼ਾ ਉਠਾਇਆ ਜਾਂਦਾ ਹੈ। ਇਸ ਨੂੰ ਮਿਸਯੂਜ਼ ਕੀਤਾ ਜਾ ਰਿਹਾ ਹੈ। ਪੁਆਇੰਟ ਆਫ ਆਰਡਰ ਕਹਿਣ ਦੀ ਕੋਸ਼ਿਸ਼ ਕਰਦੇ ਹਨ ਅਤੇ ਚੇਅਰ ਤੋਂ ਰੂਲਿੰਗ ਆ ਜਾਂਦੀ ਹੈ। ਹਾਊਸ ਵਿਚ ਪ੍ਰੋਸੀਜਰ ਦੇ ਮੁਤਾਬਿਕ ਬਿਜ਼ਨੈਸ ਕੀਤਾ ਜਾਵੇ ਤਾਂ ਫੇਰ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਸਪੀਕਰ ਸਾਹਿਬ, ਤੁਸੀਂ ਜਿਹੜਾ ਫੈਸਲਾ ਕੀਤਾ ਹੈ ਅਸੀਂ ਤੁਹਾਡੇ ਫੈਸਲੇ ਦੀ ਸ਼ਲਾਘਾ ਕਰਦੇ ਹਾਂ।

ਸ਼੍ਰੀਮਤੀ ਵਿਮਲਾ ਡਾਂਗ: ** ** **

Mr. Speaker: No Point of Order,

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਜਿਸ ਤਰ੍ਹਾਂ ਦੂਸਰੇ ਸਾਥੀਆਂ ਨੇ ਕਿਹਾ ਹੈ। ਮੈਂ ਦਸਦਾ ਹਾਂ ਕਿ ਜ਼ੀਰੋ ਆਵਰ ਦੀ ਕੋਈ ਪ੍ਰਥਾ ਨਹੀਂ ਹੈ। ਜੇ ਇਹ ਕੋਈ ਗੱਲ ਕਰਨੀ ਚਾਹੁੰਦੇ ਹਨ ਤਾਂ ਉਹ ਆਪਣੀ ਗੱਲ ਰੂਲਜ਼ ਕਮੇਟੀ ਵਿਚ ਕਰ ਸਕਦੇ ਹਨ। ਜਿਹੜੀ ਤੁਸੀਂ ਰੂਲਿੰਗ ਦਿੱਤੀ ਹੈ ਅਤੇ ਫੈਸਲਾ ਕੀਤਾ ਹੈ ਉਹ ਠੀਕ ਹੈ।

Mr. Speaker: He has rightly said. It can be raised only in the Rules Committee if a decision regarding change in the Rules has to be taken. My ruling cannot be discussed here and it is right. Again I am repeating that where the Point of Order is declared No Point of Order that cannot be published.

Finance Minister: Sir, there should be no discussion on your Ruling. Your Ruling should not be discussed here.

(Interruptions.....Noises....)

PAPERS LAID ON THE TABLE

Chief Parliamentary Secretary (Chaudhary Santokh Singh): Sir, I beg to lay on the Table—

1. The Punjab Panchayat Election (First Amedment) Rules, 1994, as required under Section 139 of the Punjab State Election Commission Act, 1994.

2. The Annual Administrative Report of Local Fund Audit Organisation, Punjab for the year 1991-92 (Part 2 Audit Portion).

(ਇਸ ਵੇਲੇ ਹਾਊਸ ਵਿਚ ਬਹੁਤ ਸ਼ੋਰ ਸੀ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤੁਸੀਂ ਸਾਰੇ ਬੈਠ ਜਾਓ । ਜਿਸ ਤਰ੍ਹਾਂ ਚੌਧਰੀ ਸਾਹਿਬ ਨੇ ਦਸਿਆ ਹੈ ਉਹ ਠੀਕ ਹੈ । ਸਪੀਕਰ ਦੀ ਰੂਲਿੰਗ ਇਥੇ ਹਾਊਸ ਵਿਚ ਡਿਸਕਸ ਨਹੀਂ ਹੋ ਸਕਦੀ । ਨੰਬਰ 2 ਰੂਲਾਂ ਵਿਚ ਜੇਕਰ ਕੋਈ ਅਮੈਂਡਮੈਂਟ ਕਰਨੀ ਹੈ ਤਾਂ ਉਹ ਰੂਲਜ਼ ਕਮੇਟੀ ਵਿਚ ਹੀ ਹੋ ਸਕਦੀ ਹੈ । (ਵਿਘਨ)

(ਇਸ ਵੇਲੇ ਅਪੋਜ਼ੀਸ਼ਨ ਦੇ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਪ੍ਰਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ । (ਵਿਘਨ) (ਸ਼ੋਰ) ਉਹ ਖੜ੍ਹੇ ਹੋ ਕੇ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਸਨ । ਹਾਊਸ ਵਿਚ ਬਹੁਤ ਜ਼ਿਆਦਾ ਸ਼ੋਰ ਸੀ) । (ਵਿਘਨ) (ਸ਼ੋਰ)

Mr. Speaker : This is always that when a point of order is not allowed that does not become part of the proceedings and what does not become part of the proceedings that cannot be published.

DHARNA

(At this stage all the Opposition Members, present in the House, entered the Well of the House. They sat on Dharna and were also raisings slogans ** **)

Mr. Speaker : Slogans are not to be recorded.

DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 1995-96

Mr. Speaker : There are 26 Demands for Grants on today's agenda. Out of these Demands, Demand No. 27 and 21 relating to Technical Education and Industrial Training and Public Works respectively will be discussed specifically and for the remaining 24 Demands guillotine will be applied under Rule 168(4) of the Rules of Procedure and Conduct of Business in the Punjab Vidhan Sabha at 6.00 P.M. If the hon. Members agree all these demands may be deemed to have been read and moved.

Demand No. 27

That a sum not exceeding Rs. 67,01,09,000 on Revenue Account and Rs. 38,05,000 on Capital Account be granted to the Governor to defray the charges that will come in course of payment for the year 1995-96 in respect of Technical Education and Industrial Training

Demand No. 21

That a sum not exceeding Rs. 2,56,51,19,000 on Revenue Account Rs. 1,29,41,76,000 on capital Account be granted to the Governor to defray the charges that will come in course of payment for the year 1995-96, in respect of Public Works.

**Not recorded as ordered by the Chair.

Original with;
Punjab Vidhan Sabha
Digitized by;
Punjab Digital Library

Demand No. 2

That a sum not exceeding Rs. 65,84,02,000 on Revenue Account and Rs. 1,95,10,000 on Capital Accoount be granted to the Governor to defray the charges that will come in course of payment for the year 1995-96, in respect Animal Husbandry and Fisheries.

Demand No. 4

That a sum not exceeding Rs. 6,70,84,000 on Revenue Account and Rs. 1,00,000 on Capital Account be granted to the Governor to defray the charges that will come in course of payment for the year 1995-96 in respect of Defence Services Welfare

Demand No. 5

That a sum not exceeding Rs. 8,22,90,23,000 on Revenue Account and Rs. 74,58,000 on Capital Account be granted to the Governor to defray the charges that will come in course of payment for the year 1995-96, in respect of Education.

Demand No. 6

That a sum not exeeding Rs. 23,12,72,000 on Revenue Account to be granted to the Governor to defray the charges that will come in course of payment for the year 1995-96, in respect of Elections

Demand No. 7

That a sum not exceeding Rs. 20,51,86,000 on Revenue Account be granted to the Governor to defray the charges that will come in course of payment for the year 1995-96, in respect of Excise and Taxation.

Demand No. 8

That a sum not exceeding Rs. 29,31,62,24,000 on Revenue Account and Rs. 28,95,00,000 on Capital Account be granted to the Governor to defray the charges that will come in course of payment for the year 1995-96, in respect of Finance.

Demand No. 9

That a sum not exceeding Rs. 8,99,12,000 on Revenue Account and Rs. 13,74,80,10,000 on Capital Account be granted to the Governor to defray the charges that will come in course of payment for the year 1995-96, in respect of Food and Supplies.

Demand No. 10

That a sum not exceeding Rs. 33,14,25,000 on Revenue Account b granted to the Governor to defray the charges that will come in course of payment for the year 1995-96, in respect of General Administration.

Original with;
Punjab Vidhan Sabha
Digitized by;
Panjab Digital Library

[Mr. Speaker]

Demand No. 11

That a sum not exceeding Rs. 2,58,59,98,000 on Revenue Account be granted to the Governor to defray the charges that will come in course of payment for the year 1995-96, in respect of Health and Family Welfare.

Demand No. 12

That a sum not exceeding Rs. 4,76,24,37,000 on Revenue Account and Rs. 15,00,00,000 on Capital Account be granted to the Governor to defray the charges that will come in course of payment for the year 1995-96, in respect of Home Affairs and Justice.

Demand No. 14

That a sum not exceeding Rs. 10,56,15,000 on Revenue Account be granted to the Governor to defray the charges that will come in course of payment for the year 1995-96, in respect of Information and Public Relations.

Demand No. 16

That a sum not exceeding Rs. 8,91,78,000 on Revenue Account be granted to the Governor to defray the charges that will come in course of payment for the year 1995-96. in respect of Labour and Employment.

Demand No. 17

That a sum not exceeding Rs. 45,22,51,000 on Revenue Account and Rs. 61,77,81,000 on Capital Account be granted to the Governor to defray the charges that will come in course of payment for the year 1995-96, in respect of Local Goverment, Housing and Urban Development.

Demand No. 18

That a sum not exceeding Rs. 1,35,68,000 on Revenue Account and Rs. 5,00,00,000 on Capital Account be granted to the Governor to defray the charges that will come in course of payment for the year 1995-96, in respect of Personnel and Administrative Reforms.

Demand No. 19

That a sum not exceeding Rs. 1,30,22,94,000 on Revenue Account and Rs. 1,60,68,47,000 on Capital Account be granted to the Governor to defray the charges that will come in course of payment for the year 1995-96, in respect of Planning.

Demand No. 20

That a sum not exceeding Rs. 4,00,000 on Revenue Account be granted to the Governor to defray the charges that will come in course of payment for the year 1995-96, in respect of Programme Implementation.

Demand No. 22

That a sum not exceeding Rs. 1,10,02,94,000 on Revenue Account and Rs. 98,00,000 on Capital Account be granted to the Governor to defray the charges that will come in course of payment for the year 1995-96, in respect of Revenue and Rehabilitation.

Original with;
Punjab Vidhan Sabha
Digitized by;
Panjab Digital Library

DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 1995-96

Demand No. 23

That a sum not exceeding Rs. 58,81,34,000 on Revenue Account be granted to the Governor to defray the charges that will come in course of payment for the year 1995-96, in respect of Rural Development and Panchayats

Demand No. 24

That a sum not exceeding Rs. 1,09,00,000 on Revenue Account and Rs. 9,47,00,000 on Capital Account be granted to the Governor to defray the charges that will come in course of payment for the year 1995-96, in respect of Science, Technology and Environment.

Demand No. 25

That a sum not exceeding Rs. 68,46,72,000 on Revenue Account and Rs. 1,17,00,000 on Capital Account be granted to the Governor to defray the charges that will come in course of payment for the year 1995-96, in respect of Social and Women's Welfare and Welfare of Scheduled Castes and Backward Classes.

Demand No. 26

That a sum not exceeding Rs. 3,92,01,000 on Revenue Account be granted to the Governor to defray the charges that will come in course of payment for the year 1995-96, in respect of State Legislature.

Demand No. 28

That sum not exceeding Rs. 4,54,22,000 on Revenue Account and Rs. 2,30,00,000 on Capital Account be granted to the Governor to defray the charges that will come in course of payment for the year 1995-96, in respect of Tourism and Cultural Affairs.

Demand No. 29

That a sum not exceeding Rs. 2,17,36,03,000 on Revenue Account and Rs. 9,65,00,000 on Capital Account be granted to the Governor to defray the charges that will come in course of payment for the year 1995-96, in respect of Transport.

Demand No. 30

That a sum not exceeding Rs. 3,79,38,000 on Revenue Account be granted to the Governor to defray the charges that will come in course of payment for the year 1995-96, in respect of Vigilance.

Mr. Speaker: Does any body want to speak ?

(No body rose to speak)

(Interruptions Noises. . .)

Original with;
Punjab Vidhan Sabha
Digitized by;
Panjab Digital Library

Demand No. 27

Mr. Speaker: Question is—

That a Sum not exceeding Rs. 67,01,09,000 on Revenue Account and Rs. 38,05,000 on Capital Account be granted to the Governor to defray the charges that will come in course of payment for the year 1995-96 in respect of Technical Education and Industrial Training.

The motion was carried,

Demand No. 21

Mr. Speaker: Question is—

That a sum not exceeding Rs. 2,56,51,19,000 on Revenue Account and Rs. 1,29,41,76,000 on Capital Account be granted to the Governor to defray the charges that will come in course of payment for the year 1995-96, in respect of Public Works.

The motion was carried,

Demand No. 2

Mr. Speaker: Question is—

That a sum not-exceeding Rs. 65,84,02,000 on Revenue Account and Rs. 1,95,10,000 on Capital Account be granted to the Governor to defray the charges that will come in course of payment for the year 1995-96 in respect of Animal Husbandry and Fisheries.

The motion was carried,

Demand No. 4

Mr. Speaker: Question is—

That a sum not exceeding Rs. 6,70,84,800 on Revenue Account and Rs. 1,00,000 on Capital Account be granted to the Governor to defray the charges that will come in course of payment for the year 1995-96 in respect of Defence Services Welfare.

The motion was carried.

Demand No. 5

Mr. Speaker: Question is—

That a sum not exceeding Rs. 8,22,90,23,000 on Revenue Account and Rs. 74, 58,000 on Capital Account be granted to the Governor to defray the charges that will come in course of payment for the year 1995-96 in respect of Education.

The motion was carried.

Original with;
Punjab Vidhan Sabha
Digitized by;
Panjab Digital Library

Demand No. 6

Mr. Speaker: Question is—

That a sum not exceeding Rs. 23,12,72,000 on Revenue Account to be granted to the Governor to defray the charges that will come in course of payment for the year 1995-96 in respect of Elections.

The motion was carried.

Demand No. 7

Mr. Speaker: Question is—

That a sum not exceeding Rs. 20,51,86,000 on Revenue Account be granted to the Governor to defray the charges that will come in course of payment for the year 1995-96 in respect of Excise and Taxation.

The motion was carried.

Demand No. 8

Mr. Speaker: Question is—

That a sum not exceeding Rs. 29,31,62,24,000 on Revenue Account and Rs. 28,95,00,000 on Capital Account be granted to the Governor to defray the charges that will come in course of payment for the year 1995-96 in respect of Finance.

The motion was carried,

Demand No. 9

Mr. Speaker: Question is—

That a sum not exceeding Rs. 8,99,12,000 on Revenue Account and Rs. 13,74,80,10,000 on Capital Account be granted to the Governor to defray the charges that will come in course of payment for the year 1995-96 in respect of Food and Supplies.

The motion was carried.

Demand No. 10

Mr. Speaker: Question is—

That a sum not exceeding Rs. 33,14,25,000 on Revenue Account be granted to the Governor to defray the charges that will come in course of payment for the year 1995-96 in respect of General Administration.

The motion was carried.

Demand No. 11

Mr. Speaker: Question is—

That a sum not exceeding Rs. 2,58,59,98,000 on Revenue Account be granted to the Governor to defray the charges that will come in course of payment for the year 1995-96 in respect of Health and Family Welfare.

The motion was carried.

Original with;
Punjab Vidhan Sabha
Digitized by;
Panjab Digital Library

Demand No. 12

Mr. Speaker: Question is—

That a sum not exceeding Rs. 4,76,24,37,000 on Revenue Account and Rs. 15,00,00,000 on Capital Account be granted to the Governor to defray the charges that will come in course of payment for the year 1995-96 in respect of Home Affairs and Justice.

The motion was carried.

Demand No. 14

Mr. Speaker: Question is—

That a sum not exceeding Rs. 10,56,15,000 on Revenue Account be granted to the Governor to defray the charges that will come in course of payment for the year 1995-96 in respect of Information and Public Relations.

The motion was carried.

Demand No. 16

Mr. Speaker: Question is—

That a sum not exceeding Rs. 8,91,78,000 on Revenue Account be granted to the Governor to defray the charges that will come in course of payment for the year 1995-96 in respect of Labour and Employment.

The motion was carried.

Demand No. 17

Mr. Speaker: Question is—

That a sum not exceeding Rs. 45,22,51,000 on Revenue Account and Rs. 61,77,81,000 on Capital Account be granted to the Governor to defray the charges that will come in course of payment for the year 1995-96 in respect of Local Government, Housing and Urban Development.

The motion was carried.

Demand No. 18

Mr. Speaker: Question is—

That a sum not exceeding Rs. 1,35,68,000 on Revenue Account and Rs. 5,00,00,000 on Capital Account be granted to the Governor to defray the charges that will come in course of payment for the year, 1995-96 in respect of Personnel and Administrative Refoms.

The motion was carried.

Demand No. 19

Mr. Speaker: Question is—

That a sum not exceeding Rs. 1,30,22,94,000 on Revenue Account and Rs. 1,60,68,47,000 on Capital Account be granted to the Governor to defray the charges that will come in course of payment for the year 1995-96 in respect of Planning.

The motion was carried.

Original with;
Punjab Vidhan Sabha
Digitized by;
Panjab Digital Library

Demand No. 20

Mr. Speaker: Question is—

That a sum not exceeding Rs. 4,00,000 on Revenue Account be granted to the Governor to defray the charges that will come in course of payment for the year 1995-96 in respect of Programme Implementation.

The motion was carried,

Demand No. 22

Mr. Speaker: Question is—

That a sum not exceeding Rs. 1,10,02,94,000 on Revenue Account and Rs. 98,00,000 on Capital Account be granted to the Governor to defray the charges that will come in course of payment for the year 1995-96 in respect of Revenue and Rehabilitation.

The motion was carried-

Demand No. 23

Mr. Speaker: Question is—

That a sum not exceeding Rs. 58,81,34,000 on Revenue Account be granted to the Governor to defray the charges that will come in course of payment for the year 1995-96 in respect of Rural Development and Panchayats.

The motion was carried.

Demand No. 24

Mr. Speaker: Question is—

That a sum not exceeding Rs. 1,09,00,000 on Revenue Account and Rs. 9,47,00,000 on Capital Account be granted to the Governor to defray the charges that will come in course of payment for the year 1995-96 in respect of Science, Technology and Environment.

The motion was carried.

Demand No. 25

Mr. Speaker: Question is—

That a sum not exceeding Rs. 68,46,72,000 on Revenue Account and Rs. 1,17,00,000 on Capital Account be granted to be the Governor to defray the charges that will come in course of payment for the year 1995-96 in respect of Social and Women's Welfare and Welfare of Scheduled Castes and Backward Classes.

The motion was carried.

Demand No. 26

Mr. Spea ker: Question is—

That a sum not exceeding Rs. 3,92,01,000 on Revenue Account be granted to the Governor to defray the charges that will come in course of payment for the year 1995-96 in respect of State Legislature.

The motion was carried.

Original with;
Punjab Vidhan Sabha
Digitized by;
Panjab Digital Library

Demand No. 28

Mr. Speaker: Question is—

That a sum not exceeding Rs. 4,54,22,000 on Revenue Account and Rs. 2,30,00,000 on Capital Account be granted to the Governor to defray the charges that will come in course of payment for the year 1995-96 in respect of Tourism and Cultural Affairs.

The motion was carried.

Demand No. 29

Mr. Speaker: Question is—

That a sum not exceeding Rs. 2,17,36,03,000 on Revenue Account and Rs. 9,65,00,000 on Capital Account be granted to the Governor to defray the charges that will come in course of payment for the year 1995-96 in respect of Transport.

The motion was carried.

Demand No. 30

Mr. Speaker: Question is—

That a sum not exceeding Rs. 3,79,38,000 on Revenue Account be granted to the Governor to defray the charges that will come in course of payment for the year 1995-96 in respect of Vigilance.

The motion was carried.

Mr. Speaker: The House stands adjourned till 9.00 A.M. on Wednesday, the 29th March, 1995.

* 4.14 P.M.

(The Sabha then adjourned till 9.00 A. M. on Wednesday, the 29th March, 1995)

1518—19-8-95—305—Punjab Govt. Press, Patiala.

Original with;
Punjab Vidhan Sabha
Digitized by;

Original with;
Punjab Vidhan Sabha
Digitized by;
Punjab Digital Library

© 1995

Published under the authority of the Punjab Vidhan Sabha and printed by the Controller, Printing and Stationery Punjab at the Govt. Press, Patiala.

Original with;
Punjab Vidhan Sabha
Digitized by;
Digital Library

19

PUNJAB VIDHAN SABHA

DEBATES

29th March, 1995

Vol. IX—No. 19

OFFICIAL REPORT

Chief Reporter
Punjab Vidhan Sabha
Chandigarh

CONTENTS

Wednesday, the 29th March, 1995

		PAGE
Starred Questions and Answers	..	(19) 1
Unstarred Questions and Answers	..	(19)37
Call Attention Notices under Rule 66	..	(19)39
Presentation of Reports of the Committees	..	(19)43
Financial Business		
The Punjab Appropriation (No. 2) Bill, 1995	..	(19)47
Appendix	..	(i)

Punjab Vidhan Sabha Secretariat, Chandigarh.

Price: Rs.

Original with;
Punjab Vidhan Sabha
Digitized by;
Panjab Digital Library



Original with;
Punjab Vidhan Sabha
Digitized by;
Panjab Digital Library

PUNJAB VIDHAN SABHA

Wednesday, the 29th March, 1995

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9.00 A.M. Mr. Speaker (Shri Harnam Das Johar) in the Chair.

STARRED QUESTIONS AND ANSWERS

ਸਰਹਿੰਦ ਸ਼ਹਿਰ ਵਿਚ ਸੀਵਰੇਜ ਵਿਛਾਉਣਾ

*2704. **ਡਾਕਟਰ ਹਰਬੰਸ ਲਾਲ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਸਰਕਾਰ ਦਾ ਸਰਹਿੰਦ, ਸ਼ਹਿਰ, ਜ਼ਿਲ੍ਹਾ ਫਤਿਹਗੜ੍ਹ ਵਿਖੇ ਸੀਵਰੇਜ ਵਿਛਾਉਣ ਦਾ ਕੋਈ ਪ੍ਰਸਤਾਵ ਹੈ; ਜੇਕਰ ਅਜਿਹਾ ਹੋਵੇ, ਤਾਂ ਕਦੋਂ ?

Doctor Kewal Krishan : Yes Sir, It is proposed to lay sewerage system in Sirhind City within the next 2 years subject to the availability of funds and Municipal Council Sirhind contributing 20% of the total cost of Rs. 2.00 crores.

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਮੰਤਰੀ ਜੀ ਨੇ ਵਿਸ਼ਵਾਸ ਦਿਵਾਇਆ ਹੈ ਕਿ ਆਉਣ ਵਾਲੇ 2 ਸਾਲਾਂ ਤੱਕ ਸੀਵਰੇਜ ਪਾ ਦਿੱਤਾ ਜਾਵੇਗਾ ਪਰ ਮੇਰੀ ਅਰਜ਼ ਹੈ ਕਿ ਇਸ ਵਕਤ ਸ਼ਹਿਰ ਦੀ ਹਾਲਤ ਬਹੁਤ ਬੁਰੀ ਹੈ ਅਤੇ ਉਪਰੋਂ ਬਰਸਾਤ ਦਾ ਮੌਸਮ ਵੀ ਆਉਣ ਵਾਲਾ ਹੈ । ਸਰਹਿੰਦ ਇਕ ਇਤਿਹਾਸਕ ਸ਼ਹਿਰ ਹੈ ਅਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦਾ ਮੇਨ ਸ਼ਹਿਰ ਹੈ । ਅਸੀਂ ਇਹ ਵੀ ਮੰਨਦੇ ਹਾਂ ਕਿ ਸਰਕਾਰ ਬਹੁਤ ਕੁਝ ਕਰ ਰਹੀ ਹੈ ਅਤੇ ਪਿਛਲੇ 3 ਸਾਲਾਂ ਵਿਚ ਇਸ ਨੇ ਬਹੁਤ ਕੁਝ ਕੀਤਾ ਵੀ ਹੈ । ਫਿਰ ਵੀ ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਇਹ ਕੰਮ ਇਸੇ ਸਾਲ ਹੀ ਸ਼ੁਰੂ ਕਰ ਦਿੱਤਾ ਜਾਵੇਗਾ ?

ਮੰਤਰੀ: ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਅਸੀਂ ਇਹ ਕੰਮ 2 ਸਾਲਾਂ ਵਿਚ ਪੂਰਾ ਕਰਾਂਗੇ ਬਸ਼ਰਤੇ ਕਿ ਹੁਣਕੇ ਤੋਂ ਪੈਸੇ ਮਿਲ ਜਾਣ । ਇਸ ਹਿਸਾਬ ਨਾਲ ਜੇ ਕੰਮ ਇਸੇ ਸਾਲ ਹੀ ਸ਼ੁਰੂ ਹੋਵੇਗਾ ਤਾਂ ਹੀ ਇਹ ਅਗਲੇ 2 ਸਾਲਾਂ ਵਿਚ ਪੂਰਾ ਹੋ ਸਕੇਗਾ । ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਪੈਸੇ ਮਿਲ ਜਾਣ ਦੀ ਸੂਰਤ ਵਿਚ ਇਹ ਕੰਮ ਇਸ ਸਾਲ ਹੀ ਸ਼ੁਰੂ ਕਰ ਦਿੱਤਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

ਡਾਕਟਰ ਹਰਬੰਸ ਲਾਲ: ਸਪੀਕਰ ਸਾਹਿਬ, ਸਾਡੀ ਕਮੇਟੀ ਪੈਸੇ ਭਰਨ ਲਈ ਤਿਆਰ ਹੈ ਅਤੇ ਬਾਕੀ ਦੀਆਂ ਸ਼ਰਤਾਂ ਵੀ ਪੂਰੀਆਂ ਕਰਨ ਲਈ ਤਿਆਰ ਹੈ । ਕੀ ਇਹ ਵਿਸ਼ਵਾਸ ਦਿਵਾਉਣਗੇ ਕਿ ਇਸੇ ਸਾਲ ਹੀ ਇਹ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ?

ਸ਼੍ਰੀ ਸਪੀਕਰ: ਉਨ੍ਹਾਂ ਨੇ ਕਹਿ ਤਾਂ ਦਿੱਤਾ ਹੈ । You are repeating the same question. He has already replied to it.

ਨਿਸ਼ਾਨਵਾਲਾ ਪ੍ਰਸ਼ਨ ਨੰਬਰ 2350

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

ਸਬਜ਼ੀ ਮੰਡੀ,ਬਟਾਲਾ ਨੂੰ ਬਦਲਣਾ

*2270. **ਸ਼੍ਰੀਮਤੀ ਵਿਮਲਾ ਡਾਂਗ:** ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਮਿਤੀ 7 ਸਤੰਬਰ, 1994 ਲਈ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ "ਸਬਜ਼ੀ ਮੰਡੀ, ਬਟਾਲਾ ਦੀ ਜਗਾਹ ਨੂੰ ਬਦਲਣਾ " ਸਬੰਧੀ ਨਿਸ਼ਾਨ ਵਾਲੇ ਪ੍ਰਸ਼ਨ ਨੰ: 2084 ਦੇ ਆਪਣੇ ਉੱਤਰ ਦੇ ਹਵਾਲੇ ਨਾਲ ਦੱਸਣ ਦੀ ਕਿਰਪਾ ਕਰਣਗੇ ਕਿ ਕੀ ਫਲ ਅਤੇ ਸਬਜ਼ੀਆਂ ਦੇ ਕਾਰੋਬਾਰ ਨੂੰ ਨਵੀਂ ਮੰਡੀ (ਬਟਾਲਾ-ਡੇਰਾ ਬਾਬਾ ਨਾਨਕ ਸੜਕ) ਵਿਖੇ ਤਬਦੀਲ ਕਰ ਦਿੱਤਾ ਗਿਆ ਹੈ; ਜੇਕਰ ਨਹੀਂ ਤਾਂ ਇਸ ਦੇ ਕਾਰਣ ਕੀ ਹਨ ਅਤੇ ਇਸ ਦੇ ਕਦੋਂ ਤੱਕ ਬਦਲ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ: ਜੀ ਨਹੀਂ । ਆੜ੍ਹਤੀਆਂ ਵਲੋਂ ਪੁਰਾਣੀ ਸਬਜ਼ੀ ਮੰਡੀ ਦਾ ਵਪਾਰ ਨਵੀਂ ਮੰਡੀ ਵਿਖੇ ਸ਼ਿਫਟ ਕਰਨ ਵਿਰੁੱਧ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿਟ ਪਟੀਸ਼ਨ ਨੰ: 179 ਆਫ 1995 ਦਾਇਰ ਕੀਤੀ ਗਈ, ਜਿਸ ਦਾ ਫੈਸਲਾ ਮਿਤੀ 8 ਫਰਵਰੀ, 1995 ਨੂੰ ਹੇਠ ਲਿਖੇ ਅਨੁਸਾਰ ਸੁਣਾਇਆ ਗਿਆ :—

> "Mr. Jain contends that the petitioner be permitted to carry on his business in old Sabzimandi upto 31st March 1995 and thereafter the petitioner undertakes to shift to the new Sabzimandi. In view of the said undertaking given by the petitioner, the writ petition is disposed of accordingly."

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਉਕਤ ਹੁਕਮਾਂ ਅਨੁਸਾਰ ਬਟਾਲਾ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਫਲ ਅਤੇ ਸਬਜ਼ੀਆਂ ਦਾ ਵਪਾਰ ਮਿਤੀ 31 ਮਾਰਚ, 1995 ਤੋਂ ਬਾਅਦ ਨਵੀਂ ਮੰਡੀ ਵਿਖੇ ਸ਼ਿਫਟ ਕਰ ਦਿੱਤਾ ਜਾਵੇਗਾ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਇਹ ਜਿਹੜਾ ਐਕਚੂਅਲ ਸ਼ਿਫਟਿੰਗ ਦਾ ਪ੍ਰੋਸੈੱਸ ਹੈ, ਇਹ 31 ਮਾਰਚ ਤੱਕ ਪੂਰਾ ਹੋ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਅਸੀਂ ਕਾਫੀ ਸਮੇਂ ਤੋਂ ਇਸ ਪਾਸੇ ਲੱਗੇ ਹੋਏ ਸੀ ਲੇਕਿਨ ਕੋਰਟਾਂ ਨੇ ਸਾਨੂੰ ਰੋਕਿਆ ਹੋਇਆ ਸੀ । ਜਿਹੜੇ ਆੜ੍ਹਤੀਆਂ ਨੇ ਹਾਈ ਕੋਰਟ ਵਿਚ ਕੇਸ ਕੀਤਾ ਸੀ, ਹੁਣ ਉਹਨਾਂ ਨੇ ਉਥੇ ਬਿਆਨ ਦੇ ਦਿਤਾ ਹੈ ਕਿ ਉਹ 31 ਮਾਰਚ, 1995 ਤੱਕ ਸ਼ਿਫਟ ਕਰ ਦੇਣਗੇ ।

Original with;
Punjab Vidhan Sabha
Digitized by;
Panjab Digital Library

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁਛਣਾ ਚਾਹੁੰਦੀ ਹਾਂ ਕਿ ਜਿਹੜੇ ਫਿਰ ਵੀ ਨਹੀਂ ਸ਼ਿਫਟ ਕਰਨਗੇ; ਉਨ੍ਹਾਂ ਦੀ ਕੀ ਪੁਜ਼ੀਸ਼ਨ ਹੋਵੇਗੀ ?

ਮੰਤਰੀ : ਸਪੀਕਰ ਸਾਹਿਬ, ਅਸੀਂ ਇਸ ਨੂੰ ਡੀਨੋਟੀਫਾਈ ਕਰ ਦਿੱਤਾ ਹੈ । ਇਸ ਕਰਕੇ ਉਨ੍ਹਾਂ ਨੂੰ ਜਾਣਾ ਤਾਂ ਪਵੇਗਾ ਹੀ । ਪੁਰਾਣੀ ਮੰਡੀ ਨੂੰ ਅਸੀਂ ਡੀਨੋਟੀਫਾਈ ਕਰ ਦਿੱਤਾ ਹੈ । ਇਹ ਕੰਮ ਤਾਂ ਕੋਰਟ ਦੀ ਵਜ੍ਹਾ ਕਰਕੇ ਰੁਕਿਆ ਹੋਇਆ ਸੀ । ਹੁਣ ਇਸ ਕੰਮ ਵਿਚ ਦੇਰੀ ਨਹੀਂ ਹੋਵੇਗੀ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਸਪੀਕਰ ਸਾਹਿਬ, ਮੈਂ ਮਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਅੰਮ੍ਰਿਤਸਰ ਵਾਲੀ ਪੁਰਾਣੀ ਮੰਡੀ ਨੂੰ ਵੀ ਡੀਨੋਟੀਫਾਈ ਕਰ ਰਹੇ ਹੋ ?

ਮੰਤਰੀ: ਇਸ ਦਾ ਵੱਖਰਾ ਸਵਾਲ ਦੇ ਦਿਓ, ਦੱਸ ਦਿਆਂਗੇ ।

ਲਿੰਕ ਸੜਕਾਂ ਤੋਂ ਬਿਨਾਂ ਪਿੰਡ

*2604 **ਸ਼੍ਰੀ ਰਮੇਸ਼ ਦੱਤ ਸ਼ਰਮਾ**: ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਸਾਰੇ ਪਿੰਡਾਂ ਨੂੰ ਪਹਿਲੀ ਲਿੰਕ ਸੜਕਾਂ ਨਾਲ ਜੋੜ ਦਿੱਤਾ ਗਿਆ ਹੈ; ਜਕਰ ਨਹੀਂ ਤਾਂ ਅਜਿਹੇ ਪਿਡਾਂ ਦੇ ਬਲਾਕ ਵਾਰ ਨਾਂ ਕੀ ਕੀ ਹਨ ?

ਸਰਦਾਰਨੀ ਰਾਜਿੰਦਰ ਕੌਰ ਭੱਠਲ : ਨਹੀਂ ਜੀ । ਨਵੀਆਂ ਵਸੀਆਂ ਕੁਝ ਆਬਾਦੀਆਂ ਤੋਂ ਇਲਾਵਾ ਹੇਠ ਦੱਸੇ 9 ਪਿੰਡਾਂ ਨੂੰ ਹਾਲੇ ਪਹਿਲੀ ਲਿੰਕ ਸੜਕ ਨਾਲ ਨਹੀਂ ਜੋੜਿਆ ਜਾ ਸਕਿਆ ਹੈ :—

ਲੜੀ ਨੰ:	ਪਿੰਡ ਦਾ ਨਾਂ ਅਤੇ ਹੱਦਬਸਤ ਨੰਬਰ	ਬਲਾਕ
1	2	3
1.	ਭਨੋਲੀ (ਹੱਦ-ਬੱਸਤ ਨੰ: 622)	.. ਤਲਵਾੜਾ-(ਜ਼ਿਲ੍ਹਾ ਹੁਸ਼ਿਆਰਪੁਰ)
2.	ਧਰਮਪੁਰ (ਹੱਦ-ਬਸਤ ਨੰ: 586)	.. ਤਲਵਾੜਾ-(ਉਪਰੋਕਤ)
3.	ਨਾਰੀ (ਹੱਦ-ਬਸਤ ਨੰ: 498)	.. ਹੁਸ਼ਿਆਰਪੁਰ-1 (ਉਪਰੋਕਤ)
4.	ਧਾਰੀਅਨ (ਹੱਦ-ਬਸਤ ਨੰ: 471)	.. ਮੁੰਗਾਂ-(ਉਪਰੋਕਤ)
5.	ਰਾਜਵਾ (ਹੱਦ-ਬਸਤ ਨੰ: 288)	.. ਹੁਸ਼ਿਆਰਪੁਰ-2 (ਉਪਰੋਕਤ)

Original with;
Punjab Vidhan Sabha
Digitized by;
Panjab Digital Library

[ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਕਾਰਜ ਵਿਭਾਗ (ਭਵਨ ਤੇ ਸੜਕਾਂ) ਮੰਤਰੀ]

1	2	3
6.	ਮੁਬਾਰਿਕਪੁਰ (ਹੱਦਬਸਤ ਨੰ: 439)	.. ਬਲਾਚੌਰ (ਉਪਰੋਕਤ)
7.	ਬੇਲਾ ਸਾਰੀਆਨਾ (ਹੱਦ-ਬਸਤ ਨੰ: 386)	.. ਤਲਵਾੜਾ (ਉਪਰੋਕਤ)
8.	ਬੱਠਲੋੜ ਖੱਡ (ਹੱਦ-ਬੱਸਤ ਨੰ: 521)	.. ਨੂਰਪੁਰ ਬੇਦੀ (ਜ਼ਿਲ੍ਹਾ ਰੋਪੜ)
9.	ਭੀਮ ਕਾਦੀਮ (ਹੱਦ-ਬਸਤ ਨੰ: 161)	.. ਸੁਲਤਾਨਪੁਰ ਲੋਧੀ-(ਜ਼ਿਲ੍ਹਾ ਕਪੂਰਥਲਾ)

ਸ਼੍ਰੀ ਰਮੇਸ਼ ਦੱਤ ਸ਼ਰਮਾ: ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਦਾ ਧੰਨਵਾਦੀ ਹਾਂ ਕਿ ਐਨੇ ਜ਼ਿਆਦਾ ਪਿੰਡਾਂ ਵਿਚੋਂ ਕੇਵਲ 9 ਪਿੰਡ ਹੀ ਅਜਿਹੇ ਹਨ ਜਿਨ੍ਹਾਂ ਨੂੰ ਇਨ੍ਹਾਂ ਦੇ ਦੱਸਣ ਮੁਤਾਬਿਕ ਹਾਲੇ ਤੱਕ ਫਸਟ ਲਿੰਕ ਨਹੀਂ ਮਿਲਿਆ । ਲੇਕਿਨ ਮੇਰੀ ਜਾਣਕਾਰੀ ਦੇ ਮੁਤਾਬਿਕ ਇਨ੍ਹਾਂ 9 ਪਿੰਡਾਂ ਤੋਂ ਇਲਾਵਾ ਕੁਝ ਹੋਰ ਪਿੰਡ ਵੀ ਐਸੇ ਹਨ ਜਿਨ੍ਹਾਂ ਨੂੰ ਹਾਲੇ ਤੱਕ ਹੱਦਬਸਤ/ਫਸਟ ਲਿੰਕ ਨਹੀਂ ਮਿਲਿਆ ਹੈ । ਕੀ ਮੰਤਰੀ ਜੀ ਉਨ੍ਹਾਂ ਪਿੰਡਾਂ ਨੂੰ ਵੀ ਇਨਕਲੂਡ ਕਰਨ ਵਾਸਤੇ ਤਿਆਰ ਹਨ ?

ਮੰਤਰੀ: ਸਪੀਕਰ ਸਾਹਿਬ, ਮਿਤੀ 30 ਅਗਸਤ, 1994 ਨੂੰ ਮੁੱਖ ਮੰਤਰੀ ਜੀ ਦੀ ਚੇਅਰਮੈਨਸ਼ਿਪ ਥੱਲੇ ਇਕ ਮੀਟਿੰਗ ਹੋਈ ਸੀ ਅਤੇ ਉਸ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ ਸੀ ਕਿ 1971, 1981 ਅਤੇ 1991 ਦੀ ਮਰਦਮ ਸ਼ੁਮਾਰੀ ਅਨੁਸਾਰ ਜਿਹੜੇ ਬਾਕੀ ਦੇ ਅਜਿਹੇ ਪਿੰਡ ਹੋਣਗੇ, ਉਨ੍ਹਾਂ ਨੂੰ ਵੀ ਲਿੰਕ ਸੜਕਾਂ ਨਾਲ ਜੋੜਿਆ ਜਾਵੇਗਾ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਜਿਹੜੇ ਪਿੰਡਾਂ ਦੀ ਸੂਚੀ ਦਿੱਤੀ ਹੈ ਉਨ੍ਹਾਂ ਵਿਚੋਂ ਕੁਝ ਪਿੰਡ ਅਜਿਹੇ ਹਨ ਜਿਵੇਂ ਧਰਮਪੁਰ ਬਲਾਕ ਤਲਵਾੜਾ ਵਿਚ ਹੈ ਇਸਦੇ ਬਾਰੇ ਅਨਾਊਂਸਮੈਂਟ ਹੋਈ ਸੀ ਕਿ 31 ਮਾਰਚ, 1995 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ ਪਰ, ਹਾਲੇ ਤੱਕ ਇਸ ਨੂੰ ਫਸਟ ਲਿੰਕ ਸੜਕ ਨਾਲ ਨਹੀਂ ਜੋੜਿਆ ਗਿਆ । ਕੀ ਮੰਤਰੀ ਜੀ ਹਾਊਸ ਦੇ ਵਿੱਚ ਇਹ ਭਰੋਸਾ ਦਿਵਾਉਣਗੇ ਕਿ ਇਸ ਸਾਲ ਦੇ ਅੰਤ ਤੱਕ ਜਿਨ੍ਹਾਂ ਪਿੰਡਾਂ ਨੂੰ ਫਸਟ ਲਿੰਕ ਵੀ ਨਹੀਂ ਮਿਲਿਆ ਉਨ੍ਹਾਂ ਨੂੰ ਫਸਟ ਲਿੰਕ ਨਾਲ ਜੋੜ ਦਿਤਾ ਜਾਵੇਗਾ ?

ਮੰਤਰੀ: ਸਪੀਕਰ ਸਾਹਿਬ, ਸ਼ਮਾਂ ਬੱਧ ਗੱਲ ਨਹੀਂ ਕੀਤੀ ਜਾ ਸਕਦੀ ਜੀ ਕਿਉਂਕਿ 1981 ਵਾਲੀ ਮਰਦਮਸ਼ੁਮਾਰੀ ਅਤੇ 1991 ਵਾਲੀ ਮਰਦਮ ਸ਼ੁਮਾਰੀ ਦੇ ਅਨੁਸਾਰ ਪਿੰਡ ਜੋੜਣ ਲਈ ਕਿਹਾ ਹੈ । ਉਨ੍ਹਾਂ ਸਾਰਿਆਂ ਬਾਰੇ ਰੈਵੀਨਿਊ ਡਿਪਾਰਟਮੈਂਟ ਨਾਲ ਗੱਲਬਾਤ ਚੱਲ ਰਹੀ ਹੈ ਕਿ ਸਾਰਿਆਂ ਦਾ ਹੱਦ-ਬਸਤ ਨੰਬਰ ਕੀ ਹੈ ਜਦੋਂ ਤੱਕ ਉਹ ਯਾਰ ਕੁਝ ਆ ਨਹੀਂ ਜਾਂਦਾ ਉਨੀ ਦੇਰ ਤੱਕ ਇਹ ਮੁਮਕਿਨ ਨਹੀਂ ਕਿ ਮੈਂ ਐਸ਼ੋਰੈਂਸ ਦੇ ਸਕਾਂ ।

Original with;
Punjab Vidhan Sabha
Digitized by;
Panjab Digital Library

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ 9 ਪਿੰਡਾਂ ਦੇ ਨਾਂ ਦਸੇ ਹਨ। ਇਨ੍ਹਾਂ ਪਿੰਡਾਂ ਨੂੰ ਫਸਟ ਲਿੰਕ ਸੜਕ ਨਾਲ ਜੋੜਿਆ ਨਹੀਂ ਗਿਆ। ਇਨ੍ਹਾਂ ਤੋਂ ਇਲਾਵਾ ਰੁਕਣੇਵਾਲਾ, ਗੱਟੀ ਹਰੀਕੇ ਅਤੇ ਇਕ ਹੋਰ ਪਿੰਡ ਸਭਰਾਂ ਵੀ ਹਨ ਇਨ੍ਹਾਂ ਪਿੰਡਾਂ ਨੂੰ ਇਹ ਕਦੋਂ ਤਕ ਫਸਟ ਲਿੰਕ ਸੜਕ ਨਾਲ ਜੋੜ ਦੇਣਗੇ ? ਮੈਂ ਅੱਗੇ ਵੀ ਇਸ ਬਾਰੇ ਇਨ੍ਹਾਂ ਨੂੰ ਲਿਖ ਕੇ ਦੇ ਚੁੱਕਾ ਹਾਂ।

ਮੰਤਰੀ: ਸਪੀਕਰ ਸਾਹਿਬ, ਜੋ ਸਵਾਲ ਸੀ ਉਸ ਦੇ ਮੁਤਾਬਿਕ ਸਾਡੇ ਕੋਲ 1971 ਦੀ ਮਰਦਮ ਸ਼ੁਮਾਰੀ ਮੁਤਾਬਿਕ ਸਿਰਫ 9 ਪਿੰਡ ਹੀ ਰਹਿੰਦੇ ਹਨ ਜਿਨ੍ਹਾਂ ਨੂੰ ਫਸਟ ਲਿਕ ਸੜਕ ਨਾਲ ਜੋੜਿਆ ਨਹੀਂ ਗਿਆ। ਉਨ੍ਹਾਂ ਵਿੱਚ ਇਨ੍ਹਾਂ ਦੇ ਇਹ ਪਿੰਡ ਨਹੀਂ ਆਉਂਦੇ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਸਪੀਕਰ ਸਾਹਿਬ, ਜਿਹੜੇ ਹੱਦਬਸਤ ਰਹਿ ਗਏ ਹਨ ਕੀ ਉਹ ਬਾਅਦ ਵਿੱਚ ਇਨਕਲੂਡ ਕਰ ਲੈਣਗੇ ਅੌਰ ਜਿਹੜੇ 9 ਪਿੰਡਾਂ ਦੇ ਨਾਂ ਦਿਤੇ ਹਨ ਕੀ ਇਨ੍ਹਾਂ ਨੂੰ ਇਸ ਸਾਲ ਦੇ ਅੰਤ ਤੱਕ ਫਸਟ ਲਿੰਕ ਨਾਲ ਜੋੜ ਦਿੱਤਾ ਜਾਵੇਗਾ ?

ਮੰਤਰੀ : ਅਸੀਂ ਆਪਣੇ ਵੱਲੋਂ ਕੋਈ ਕਸਰ ਨਹੀਂ ਛੱਡਾਂਗੇ। ਜਿੰਨੀ ਛੇਤੀ ਹੋ ਸਕੇਗਾ, ਕਰਾਂਗੇ। ਅਸੀਂ ਸਾਰਾ ਕੰਮ ਕਰਵਾ ਰਹੇ ਹਾਂ, ਇਸ ਨੂੰ ਵੀ ਕਰਵਾ ਦਿਆਂਗੇ।

ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਪਾਲੀਟੈਕਨਿਕ ਖੋਲ੍ਹਣਾ

*2705. **ਡਾਕਟਰ ਹਰਬੰਸ ਲਾਲ** ; ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਵਰਕਸ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਕੋਈ ਪਾਲੀਟੈਕਨਿਕ ਖੋਲ੍ਹਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਕਦੋਂ, ਜੇਕਰ ਨਹੀਂ ਤਾਂ, ਇਸ ਦੇ ਕਾਰਨ ਕੀ ਹਨ ?

ਸਰਦਾਰਨੀ ਰਾਜਿੰਦਰ ਕੌਰ ਭੱਠਲ : ਫੰਡਾਂ ਉਤੇ ਬੋਝ ਨੂੰ ਧਿਆਨ ਵਿਚ ਰਖਦੇ ਹੋਏ, ਹਾਲ ਦੀ ਘੜੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਬਹੁਤਕਨੀਕੀ ਖੋਲ੍ਹਣ ਦੀ ਕੋਈ ਤਜ਼ਵੀਜ਼ ਨਹੀਂ ਹੈ।

ਡਾਕਟਰ ਹਰਬੰਸ ਲਾਲ : ਮਾਨਯੋਗ ਸਪੀਕਰ ਸਾਹਿਬ, ਵਜ਼ੀਰ ਸਾਹਿਬਾ ਨੇ ਕਿਹਾ ਹੈ ਕਿ ਕੋਈ ਤਜਵੀਜ਼ ਨਹੀਂ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿੱਛੇ ਮਿਤੀ 20 ਅਗਸਤ, 1994 ਨੂੰ ਜਦੋਂ ਸ਼੍ਰੀ ਰਾਜੀਵ ਗਾਂਧੀ ਜੀ ਦਾ 50ਵਾਂ ਜਨਮ ਦਿਹਾੜਾ ਮਨਾਇਆ ਜਾ ਰਿਹਾ ਸੀ ਤਾਂ ਮੁੱਖ ਮੰਤਰੀ ਸਾਹਿਬ ਨੇ 25-30 ਹਜ਼ਾਰ ਦੇ ਕਰੀਬ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਇਹ ਅਨਾਊਂਸਮੈਂਟ ਕੀਤੀ ਸੀ ਕਿ ਫਤਹਿਗੜ੍ਹ ਸਾਹਿਬ ਵਿੱਚ ਬਹੁ-ਤਕਨੀਕੀ ਖੋਲ੍ਹੀ ਜਾਵੇਗੀ। ਇਹ ਲੋਕਾਂ ਦੀ ਡੀਮਾਂਡ ਹੈ ਅੌਰ ਲੋਕੀਂ

Original with;
Punjab Vidhan Sabha
Digitized by;
Panjab Digital Library

[ਡਾਕਟਰ ਹਰਬੰਸ ਲਾਲ]

ਮੈਨੂੰ ਉਥੇ ਬਾਰ ਬਾਰ ਪੁੱਛਦੇ ਹਨ । ਕੀ ਇਹ ਮੁੱਖ ਮੰਤਰੀ ਜੀ ਦੀ ਅਨਾਊਂਸਮੈਂਟ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਸ ਸਾਲ ਪਹਿਲ ਦੇ ਆਧਾਰ ਤੇ ਪਾਲੀਟੈਕਨਿਕ ਖੋਲ੍ਹ ਦੇਣਗੇ ?

ਸ਼੍ਰੀ ਸਪੀਕਰ : ਇਹ ਕਹਿ ਰਹੇ ਹਨ ਕਿ ਇਸ ਸਾਲ ਕੋਈ ਤਜਵੀਜ਼ ਨਹੀਂ ਹੈ । ਤੁਸੀਂ ਪੁੱਛ ਰਹੇ ਹੋ ਕਿ ਕੀ ਇਸ ਸਾਲ ਖੋਲ੍ਹ ਦਿੱਤੀ ਜਾਵੇਗੀ ?

ਡਾਕਟਰ ਹਰਬੰਸ ਲਾਲ: ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਉਥੇ ਇਸ ਬਾਰੇ ਅਨਾਊਂਸਮੈਂਟ ਕਰਕੇ ਆਏ ਹਨ ।

ਸ਼੍ਰੀ ਸਪੀਕਰ : ਜਿਹੜੀਆਂ ਅਨਾਊਂਸਮੈਂਟਸ ਹਨ ਉਹ ਪੂਰੀਆਂ ਕਰਨਗੇ, ਇਸ ਬਾਰੇ ਉਹ ਪਹਿਲਾਂ ਵੀ ਕਹਿ ਚੁੱਕੇ ਹਨ ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਜੀ; ਇਨ੍ਹਾਂ ਨੂੰ ਇਸ ਦਾ ਜਵਾਬ ਦੇਣਾ ਚਾਹੀਦਾ ਹੈ ਜੀ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਵਜ਼ੀਰ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮਾਨਸਾ ਵਿੱਚ ਪਾਲੀਟੈਕਨਿਕ ਖੋਲ੍ਹਣ ਦੀ ਤਜਵੀਜ਼ ਹੈ ਅੌਰ ਇਸ ਵਾਸਤੇ ਲੈਂਡ ਵੀ ਐਕੁਆਇਰ ਕਰ ਲਈ ਗਈ ਹੈ। ਕੁਝ ਲੋਕ ਹਾਈਕੋਰਟ ਦੇ ਵਿੱਚ ਚਲੇ ਗਏ, ਹਾਈਕੋਰਟ ਤੋਂ ਸਰਕਾਰ ਦੇ ਹੱਕ ਵਿੱਚ ਫੈਸਲਾ ਵੀ ਹੋ ਗਿਆ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਾਸ਼ਤੇ ਉਸਾਰੀ ਦਾ ਕੰਮ ਕਦੋਂ ਤੱਕ ਸਟਾਰਟ ਕਰ ਦਿੱਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਮੁੱਖ ਮੰਤਰੀ ਸਾਹਿਬ ਨੇ ਜਿੱਥੇ ਕਿਤੇ ਵੀ ਕੋਈ ਅਨਾਊਂਸਮੈਂਟ ਕੀਤੀ ਹੈ ਉਹ ਸਾਡੇ ਵਾਸਤੇ ਪੱਥਰ ਤੇ ਲਕੀਰ ਹੈ ਅਸੀਂ ਉਸ ਨੂੰ ਪ੍ਰਾਇਰਟੀ ਦੇ ਕੇ ਪੂਰਾ ਕਰਨਾ ਹੈ । ਕੁਝ ਫਾਰਮੈਲਟੀਜ਼ ਹੁੰਦੀਆਂ ਹਨ, ਉਹ ਫਾਰਮੈਲਟੀਜ਼ ਪੂਰੀਆਂ ਕਰਨ ਵਾਸਤੇ ਕੁਝ ਸਮਾਂ ਲਗਦਾ ਹੈ । ਜਿਥੋਂ ਤੱਕ ਅਰਸ਼ੀ ਜੀ ਨੇ ਜੋ ਗੱਲ ਕੀਤੀ ਹੈ ਉਸ ਬਾਰੇ ਪੋਜ਼ੀਸ਼ਨ ਇਹ ਹੈ ਕਿ ਅਸੀਂ ਸਾਰਾ ਕੁਝ ਕਰਕੇ ਖਜ਼ਾਨੇ ਵਿੱਚ ਪੈਸੇ ਵੀ ਜਮ੍ਹਾ ਕਰਵਾ ਦਿੱਤੇ ਲੇਕਿਨ ਬਾਅਦ ਵਿੱਚ ਕੋਰਟ ਵਿਚ ਕੇਸ ਚਲਿਆ ਗਿਆ । ਕੋਰਟ ਦਾ ਫੈਸਲਾ ਹਾਲੇ ਸਾਡੇ ਕੋਲ ਪਹੁੰਚਿਆ ਨਹੀਂ ਹੈ । ਜਦੋਂ ਤੱਕ ਇਹ ਮਾਮਲਾ ਕੋਰਟ ਦੇ ਵਿੱਚ ਰਹੇਗਾ ਅਸੀਂ ਦਖਲ ਨਹੀਂ ਦੇਵਾਂਗੇ ।

ਪਨਸਪ ਦੇ ਝੋਨੇ ਦੀ ਸ਼ੈਲਰ ਮਾਲਕਾਂ ਦੁਆਰਾ ਵਿਕਰੀ

*2741. (1) **ਕਾਮਰੇਡ ਅਜੈਬ ਸਿੰਘ ਰੌਂਤਾ**
(2) **ਸ਼੍ਰੀਮਤੀ ਵਿਮਲਾ ਡਾਂਗ** } : ਕੀ ਖੁਰਾਕ ਅਤੇ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਹ ਠੀਕ ਹੈ ਕਿ ਕੁਝ ਸ਼ੈਲਰ ਮਾਲਕਾਂ ਨੇ ਸਾਲ 1994 ਦੌਰਾਨ ਉਨ੍ਹਾਂ ਨੂੰ ਪਨਸਪ ਦੁਆਰਾ ਪ੍ਰਾਸੈਸਿੰਗ ਲਈ ਦਿਤੇ ਗਏ ਝੋਨੇ ਨੂੰ ਅਣਅਧਿਕਾਰਤ

Original with;
Punjab Vidhan Sabha
Digitized by;
Panjab Digital Library

ਤੌਰ ਤ ਵੇਚ ਦਿਤਾ ਅਤੇ ਪਨਸਪ ਨੂੰ ਰਕਮਾਂ ਦੀ ਅਦਾਇਗੀ ਨਹੀਂ ਕੀਤੀ ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਸ਼ੈਲਰਾਂ ਦੇ ਨਾਂ ਕੀ ਹਨ, ਉਹ ਕਿਹੜੀ ਕਿਹੜੀ ਥਾਂ ਤੇ ਸਥਿਤ ਹਨ ਅਤੇ ਹਰ ਇਕ ਕੇਸ ਵਿਚ ਪਨਸਪ ਨੂੰ ਕਿੰਨਾ-ਕਿੰਨਾ ਨੁਕਸਾਨ ਹੋਇਆ)

(ਅ) ਪਨਸਪ ਦੁਆਰਾ ਅਜਿਹੇ ਸ਼ੈਲਰ ਮਾਲਕਾਂ ਤੋਂ ਬਣਦੀ ਰਕਮ ਵਸੂਲ ਕਰਨ ਲਈ ਕੀ ਕਾਰਵਾਈ ਕੀਤੀ ਗਈ ਅਤੇ ਉਸਦੇ ਕੀ ਨਤੀਜੇ ਨਿਕਲੇ ?

ਸਰਦਾਰ ਲਾਲ ਸਿੰਘ : ਨਹੀਂ, ਸ਼੍ਰੀ ਮਾਨ ਜੀ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਵਾਬ ਵਿਚ 'ਨਹੀਂ ਜੀ, ਕਿਹਾ ਹੈ । ਮੈਂ ਪੁਛਿਆ ਸੀ ਕਿ ਪਨਸਪ ਨੈ ਸ਼ੈਲਰ ਮਾਲਕਾਂ ਨੂੰ ਕੋਈ ਝੋਨਾ ਪ੍ਰਾਸੈਸਿੰਗ ਵਾਸਤੇ ਦਿੱਤਾ ਸੀ, ਜੇਕਰ ਦਿੱਤਾ ਸੀ ਤਾਂ ਕੀ ਉਨ੍ਹਾਂ ਨੇ ਵੇਚ ਕੇ ਪੈਸੇ ਪਨਸਪ ਵਿਚ ਜਮ੍ਹਾਂ ਕਰਵਾਏ ਹਨ ? ਇਨ੍ਹਾਂ ਨੇ ਕਿਹਾ ਹੈ ਕਿ 'ਨਹੀਂ ਜੀ' । ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਖਮਾਣੋ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਇਕ ਸ਼ੈਲਰ ਮਾਲਕ ਨੇ ਜਿਸ ਨੂੰ ਉਚ ਅਧਿਕਾਰੀਆਂ ਦੀ ਸਰਪ੍ਰਸਤੀ ਵੀ ਹਾਸਲ ਹੈ 45 ਲੱਖ ਰੁਪਏ ਦਾ ਝੋਨਾ ਵੇਚਿਆ । ਫਗਵਾੜੇ ਵਾਲੇ ਨੇ 35 ਲੱਖ ਰੁਪਏ ਦਾ, ਸਰਹਿੰਦ ਵਾਲੇ ਨੇ 16 ਲੱਖ ਰੁਪਏ ਦਾ ਅਤੇ ਲਹਿਰਾਗਾਗਾ ਸੰਗਰੂਰ ਨੈ 24 ਲੱਖ ਰੁਪਏ ਦਾ ਝੋਨਾ ਵੇਚਿਆ । 17 ਸਤੰਬਰ, 1994 ਦੇ 'ਅਜੀਤ' ਵਿਚ ਇਕ ਖਬਰ ਛਪੀ ਸੀ ਕਿ ਇਹ ਝੋਨਾ ਵੇਚਿਆ ਗਿਆ ਹੈ । ਕੀ ਇਹ ਮੰਤਰੀ ਜੀ ਦੀ ਨਾਲੇਜ ਵਿਚ ਹੈ ? ਕੀ ਮੰਤਰੀ ਜੀ ਉਨ੍ਹਾਂ ਸ਼ੈਲਰ ਮਾਲਕਾਂ ਦੇ ਖਿਲਾਫ ਕੋਈ ਕਾਰਵਾਈ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮੈਨੂੰ ਸਮਝ ਨਹੀਂ ਆਉਂਦੀ ਕਿ ਮੈਂਬਰ ਸਾਹਿਬ ਇਹ ਫਿਗਰਾਂ ਕਿਥੋਂ ਇਕੱਠੀਆਂ ਕਰਕੇ ਲੈ ਕੇ ਆਏ ਹਨ । ਸਾਲ 1993-94 ਵਿਚ ਪਨਸਪ ਨੇ ਕੁੱਲ ਪੈਡੀ 10 ਲੱਖ 49 ਹਜ਼ਾਰ ਮੀ. ਟਨ ਦੇ ਕਰੀਬ ਖਰੀਦੀ ਸੀ । ਜਿਸ ਵਿਚੋਂ ਜਿਹੜੇ ਚਾਵਲ ਨਿਕਲਣੇ ਸਨ ਉਹ 7 ਲੱਖ 17 ਹਜ਼ਾਰ 993 ਮੀ. ਟਨ ਨਿਕਲਣੇ ਸਨ । ਇਹ ਸਾਰਾ ਬਣਦਾ ਚਾਵਲ ਐਫ. ਸੀ. ਆਈ. ਨੂੰ ਹੈਂਡ-ਓਵਰ ਕਰ ਦਿੱਤਾ । ਕੇਵਲ 894 ਮੀ. ਟਨ ਚਾਵਲ ਬਕਾਇਆ ਰਹਿੰਦਾ ਹੈ ਜਿਹੜਾ ਕਿ ਕੁੱਲ ਚਾਵਲਾਂ ਦਾ 1% ਬਣਦਾ ਹੈ ਜਿਸ ਦੀ ਡਿਟੇਲ ਮੇਰੇ ਕੋਲ ਹੈ । ਅਸੀਂ ਮਿਲ ਮਾਲਕਾਂ ਤੇ ਜ਼ੋਰ ਪਾ ਰਹੇ ਹਾਂ ਕਿ ਉਹ ਜਲਦੀ ਤੋਂ ਜਲਦੀ ਚਾਵਲ ਸਾਡੇ ਕੋਲ ਜਮ੍ਹਾਂ ਕਰਵਾ ਦੇਣ । ਮੇਰੇ ਕੋਲ ਕੋਈ ਵੀ ਐਸੀ ਇਨਫਰਮੇਸ਼ਨ ਨਹੀਂ ਕਿ ਚਾਵਲ ਜਾਂ ਝੋਨਾ ਮਿੱਲ ਮਾਲਕਾਂ ਨੇ ਬਾਹਰ ਦੀ ਬਾਹਰ ਵੇਚ ਕੇ ਕੋਈ ਪੈਸਾ ਕਮਾਇਆ ਹੋਵੇ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਝੋਨਾ ਸ਼ੈਲਰ ਮਾਲਕਾਂ ਕਸਟਮ ਮਿਲਿੰਗ ਵਾਸਤੇ ਦਿੱਤਾ ਸੀ, ਪਨਸਪ ਨੇ ਉਸ ਬਾਰੇ ਤਾਂ ਕੀ ਕਾਰਵਾਈ ਕਰਨੀ ਸੀ, ਸਗੋਂ 9 ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ । ਪਨਸਪ ਨੇ ਇਹ ਜਿਹੜੇ ਮੁਲਾਜ਼ਮ ਸਸਪੈਂਡ ਕੀਤੇ ਹਨ ਕੀ ਸਰਕਾਰ ਉਨ੍ਹਾਂ ਨੂੰ ਬਹਾਲ ਕਰੇਗੀ ? ਉਨ੍ਹਾਂ ਨੂੰ ਸਸਪੈਂਡ ਕਰਨ ਦੇ ਕੀ ਕਾਰਨ ਹਨ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਜੇਕਰ ਕੋਈ ਵੀ ਮੁਲਾਜ਼ਮ ਕੁਤਾਹੀ ਕਰਦਾ ਹੈ ਤਾਂ ਉਸ ਦੇ ਖ਼ਿਲਾਫ ਕਾਰਵਾਈ ਤਾਂ ਹੋਣੀ ਹੀ ਹੈ। ਹੋ ਸਕਦਾ ਹੈ ਕਿ ਉਹ ਮੁਲਾਜ਼ਮ ਕਿਸੇ ਹੋਰ ਕਾਰਨ ਸਸਪੈਂਡ ਕੀਤੇ ਗਏ ਹੋਣ । ਕੇਵਲ 894 ਮੀ. ਟਨ ਚਾਵਲ ਹੀ ਮਿੱਲਾਂ ਕੋਲ ਬਕਾਇਆ ਪਿਆ ਹੈ ਅਤੇ ਉਹ ਵਸੂਲ ਕੀਤਾ ਜਾਣਾ ਹੈ। ਇਸ ਦੇ ਵਿਚ ਜਿਸ ਦੀ ਕੁਤਾਹੀ ਨੈ ਉਸ ਦੇ ਖ਼ਿਲਾਫ ਕਾਰਵਾਈ ਤਾਂ ਹੋਣੀ ਹੀ ਹੈ । ਉਨ੍ਹਾਂ ਨੂੰ ਬਹਾਲ ਕਰਨਾ ਜਾਂ ਨਾ ਕਰਨਾ ਤਾਂ ਮੈਰਿਟ ਤੇ ਵੇਖਿਆ ਜਾਵੇਗਾ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜਦੋਂ ਕੋਈ ਕੁਰੱਪਸ਼ਨ ਮਹਿਕਮੇ ਅੰਦਰ ਹੁੰਦੀ ਹੈ ਤਾਂ ਮੁਲਾਜ਼ਮ ਉਸ ਨੂੰ ਐਕਸਪੋਜ਼ ਕਰਨ ਦੀ ਕੋਸਿਸ਼ ਕਰਦੇ ਹਨ ਤਾਂ ਉਨ੍ਹਾਂ ਨੂੰ ਸਸਪੈਂਡ ਕਰ ਦਿੱਤਾ ਜਾਂਦਾ ਹੈ । ਸਾਡੇ ਮੈਂਬਰਾਂ ਨੇ ਪੁਛਿਆ ਹੈ ਕਿ ਉਨ੍ਹਾਂ ਨੂੰ ਸਸਪੈਂਡ ਕਿਉਂ ਕੀਤਾ ਗਿਆ । ਜੇਕਰ ਕੋਈ ਐਮਬੈਜ਼ਲਮੈਂਟ ਦਾ ਕੇਸ ਹੋਇਆ ਹੈ ਅਤੇ ਮੁਲਾਜ਼ਮ ਉਸ ਨੂੰ ਐਕਸਪੋਜ਼ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਦੀ ਜ਼ਬਾਨ ਬੰਦ ਕਰ ਦਿੱਤੀ ਜਾਂਦੀ ਹੈ । ਮੈਂ ਪੁੱਛਦੀ ਹਾਂ ਕਿ ਜਿਨ੍ਹਾਂ ਨੂੰ ਇਹ ਅਲਾਟ ਕੀਤੇ ਉਹ ਕਿਸ ਆਧਾਰ ਤੇ ਅਲਾਟ ਕੀਤੇ ਗਏ ? ਕੀ ਕੋਈ ਟੈਂਡਰ ਵਗੈਰਾ ਮੰਗੇ ਗਏ ਸਨ ?

ਮੰਤਰੀ : ਸਪੀਕਰ ਸਾਹਿਬ, ਇਹ ਕਿਸ ਦੇ ਟੈਂਡਰਾਂ ਬਾਰੇ ਗੱਲ ਕਰਦੇ ਹਨ ਇਹ ਕੋਈ ਸਮਝ ਨਹੀਂ ਪਈ । ਸ਼ੈਲਰ ਮਾਲਕਾਂ ਨੂੰ ਝੋਨਾ ਦੇਣ ਵਾਸਤੇ ਕੋਈ ਟੈਂਡਰਾਂ ਦੀ ਜ਼ਰੂਰਤ ਨਹੀਂ ਹੁੰਦੀ । ਉਨ੍ਹਾਂ ਨੂੰ ਪ੍ਰਤੀ ਕੁਇੰਟਲ ਫਿਕਸ ਰੇਟ 9 ਰੁਪਏ ਦਿੱਤਾ ਜਾਂਦਾ ਹੈ । ਜਿਥੋਂ ਤੱਕ ਗੱਲ ਮੁਲਾਜ਼ਮਾਂ ਦੀ ਕੀਤੀ ਹੈ ਜੇਕਰ ਕੋਈ ਉਲਟ ਗੱਲ ਹੋਈ ਹੈ ਤਾਂ ਇਹ ਸਪੈਸੀਫਿਕ ਲਿਖ ਕੇ ਦੇਣ । ਮੈਂ ਉਸ ਦੀ ਇਨਕੁਆਰੀ ਕਰਵਾ ਲਵਾਂਗਾ, ਜੇਕਰ ਉਨ੍ਹਾਂ ਨਾਲ ਕੋਈ ਧੱਕਾ ਹੋਇਆ ਹੈ ਤਾਂ ਇਨਸਾਫ ਕੀਤਾ ਜਾਵੇਗਾ ।

ਸ਼੍ਰੀਮਤੀ ਵਿਮਲਾ ਡਾਂਗ : ਮੈਂ ਤਾਂ ਇਹ ਪੁਛਿਆ ਹੈ ਕਿ ਉਨ੍ਹਾਂ ਨੂੰ ਸਸਪੈਂਡ ਕਿਉਂ ਕੀਤਾ ਗਿਆ ਹੈ ?

ਮੰਤਰੀ : ਤੁਸੀਂ ਜੇਕਰ ਸਪੈਸੀਫਿਕ ਕੋਈ ਕੇਸ ਹੈ ਤਾਂ ਨਾਂ ਲਿਖ ਕੇ ਦੇ ਦਿਓ, ਮੈਂ ਆਪ ਪਤਾ ਕਰਵਾ ਲਵਾਂਗਾ ।

ਸ਼੍ਰੀ ਸਪੀਕਰ : ਕੀ ਤੁਸੀਂ ਕੋਈ ਨਾਂ ਦੇਣਾ ਚਾਹੋਗੇ ? ਤਾਂ ਹੀ ਤਾਂ ਪਤਾ ਲੱਗੇਗਾ ।

ਕਾਮਰੇਡ ਅਜੈਬ ਸਿੰਘ ਰੌਂਤਾ (ਬੈਠੇ ਬੈਠੇ) : ਨਾਂ ਦੇ ਦਿਆਂਗੇ ਜੀ ।

ਜ਼ਮੀਨੀ ਰਿਕਾਰਡ ਲਈ ਪਾਸ ਬੁਕਾਂ ਜਾਰੀ ਕਰਨਾ

*2275. **ਕਾਮਰੇਡ ਹਰਦੇਵ ਅਰਸ਼ੀ** : ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਰਾਜ ਵਿਚ ਕਿਸਾਨਾਂ ਨੂੰ ਜ਼ਮੀਨੀ ਰਿਕਾਰਡ ਰੱਖਣ ਲਈ ਪਾਸ ਬੁੱਕਾਂ ਜਾਰੀ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ;

Original with;
Punjab Vidhan Sabha
Digitized by;
Punjab Digital Library

(ਅ) ਜੇਕਰ ਅਜਿਹਾ ਹੈ ਤਾਂ ਪਾਸ ਬੁੱਕਾਂ ਕਦੋਂ ਤੱਕ ਜਾਰੀ ਕਰ ਦਿਤੀਆਂ ਜਾਣਗੀਆਂ ; ਅਤੇ

(ਏ) ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ?

Master Jagir Singh: (a) and (b) No, Sir,

(c) The Pass Book Scheme was introduced on experimental basis in a few selected tehsils in the State but the scheme had to be discontinued as the response to the scheme from farmers was not encouraging.

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਉੱਤਰ ਵਿਚ ਕਿਹਾ ਹੈ ਕਿ ਕਿਸਾਨਾਂ ਵੱਲੋਂ ਕੋਈ ਚੰਗਾ ਹੁੰਗਾਰਾ ਨਹੀਂ ਭਰਿਆ ਗਿਆ ਅਤੇ ਇਸ ਸਕੀਮ ਤੇ ਅਮਲ ਨਹੀਂ ਕੀਤਾ ਜਾ ਸਕਿਆ । ਇਸ ਸਰਕਾਰ ਵੱਲੋਂ ਅਤੇ ਪਹਿਲੀਆਂ ਸਰਕਾਰਾਂ ਵੱਲੋਂ ਸਮੇਂ ਸਮੇਂ ਸਿਰ ਪਰਪੋਜ਼ਲਾਂ ਆਉਦੀਆਂ ਰਹੀਆਂ ਹਨ । ਕੀ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਕਿਸਾਨਾਂ ਦੇ ਸਹੂਲਤ ਦੀ ਚੀਜ਼ ਹੋਣ ਦੇ ਬਾਵਜੂਦ ਉਨ੍ਹਾਂ ਵੱਲੋਂ ਹੁੰਗਾਰਾ ਕਿਉਂ ਨਹੀਂ ਭਰਿਆ ਗਿਆ ? ਕੀ ਪਾਲਿਸੀ ਵਿਚ ਕੋਈ ਡੀਫੈਕਟ ਜਾਂ ਕਮੀ ਪੇਸ਼ੀ ਤਾਂ ਨਹੀਂ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਾਸ ਬੁੱਕ ਸਕੀਮ ਚਾਲੂ ਕੀਤੀ ਗਈ ਸੀ ਤਾਂ ਕਿ ਜ਼ਿਮੀਂਦਾਰਾਂ ਨੂੰ ਘੜੀ ਘੜੀ ਪਟਵਾਰੀ ਕੋਲ ਨਾ ਜਾਣਾ ਪਵੇ ਅਤੇ ਜੇ ਬੈਂਕ ਤੋਂ ਕਰਜ਼ਾ ਲੈਣਾ ਹੈ ਤਾਂ ਉਹ ਪਾਸ ਬੁੱਕ ਤੇ ਨੰਬਰ ਵਿਖਾ ਕੇ ਬੈਂਕ ਤੋਂ ਕਰਜ਼ਾ ਲੈ ਲਵੇ । ਦੂਜੀ ਗੱਲ ਇਹ ਸੀ ਕਿ ਰਜਿਸਟਰੀ ਕਰਨ ਵੇਲੇ ਜ਼ਿਮੀਂਦਾਰ ਸਬ ਰਜਿਸਟਰਾਰ ਕੋਲ ਜਾਂਦਾ ਹੈ ਤਾਂ ਕਿ ਉਹ ਆਪਣੀ ਰਜਿਸਟਰੀ ਕਰਵਾ ਸਕੇ ਲੇਕਿਨ ਇਸ ਵਿਚ ਬਹੁਤ ਭਾਰੀ ਦਿੱਕਤਾਂ ਆਉਂਦੀਆਂ ਸਨ । ਬੈਂਕਾਂ ਵਾਲਿਆਂ ਨੇ ਆਪਣੇ ਤੌਰ ਤੇ ਦੁਬਾਰਾ ਇਨਕੁਆਇਰੀ ਕਰਨੀ ਸ਼ੁਰੂ ਕਰ ਦਿੱਤੀ । ਉਹ ਪਾਸ ਬੁੱਕ ਨੂੰ ਲੀਗਲ ਨਹੀਂ ਮੰਨਦੇ ਸਨ ਔਰ ਬੈਂਕਾਂ ਵਾਲਿਆਂ ਨੇ ਕਰਜ਼ਾ ਦੇਣ ਵੇਲੇ ਆਪਣੀ ਇਨਕੁਆਇਰੀ ਕਰਨੀ ਸ਼ੁਰੂ ਕਰ ਦਿੱਤੀ । ਇਸ ਤਰ੍ਹਾਂ ਫਾਰਮਰਜ਼ ਜਾਂ ਜ਼ਿਮੀਂਦਾਰਾਂ ਨੂੰ ਦੁਬਾਰਾ ਝਮੇਲਾ ਪੈ ਗਿਆ । ਮੈਂ ਅਰਸ਼ੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਪੈਲੀ ਗਹਿਣੇ ਪੈਂਦੀ ਹੈ ਜਾਂ ਬੈਅ ਹੁੰਦੀ ਹੈ ਤਾਂ ਪਟਵਾਰੀ ਕੋਲ ਜਾ ਕੇ ਇੰਦਰਾਜ਼ ਕਰਵਾਉਣਾ ਹੁੰਦਾ ਹੈ । ਲਗਾਤਾਰ ਪੰਜਾਹ ਕੋਸ ਰੋਜ਼ ਡੀਲ ਹੁੰਦੇ ਹਨ, ਕਿਸੀ ਦੀ ਗਹਿਣੇ ਪੈਂਦੀ ਹੈ ਜਾਂ ਕਿਸੀ ਦੀ ਬੈਅ ਹੁੰਦੀ ਹੈ, ਜ਼ਿਮੀਂਦਾਰ ਨੂੰ ਪਟਵਾਰੀ ਕੋਲ ਜਾਣਾ ਪੈਂਦਾ ਹੈ । ਇਸ ਲਈ ਜੇ ਉਹ ਇਸ ਤਰ੍ਹਾਂ ਦੇ ਨੰਬਰਾਂ ਦੀ ਕਾਪੀ ਲੈ ਕੇ ਆਉਂਦਾ ਹੈ ਕਿ ਰਜਿਸਟਰੀ ਕਰ ਲਓ ਤਾਂ ਤਕਲੀਫ ਹੁੰਦੀ ਹੈ । ਫਿਰ ਵਕੀਲ ਕੋਲ ਜਾਣਾ ਪੈਂਦਾ ਹੈ । ਮੈਂ ਕਾਮਰੇਡ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਤਕਲੀਫ ਹੋਣ ਕਰਕੇ ਬੰਦ ਕਰ ਦਿੱਤੀ ਔਰ ਇਹ ਜਾਰੀ ਨਹੀਂ ਹੋ ਸਕੀ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਇਨ੍ਹਾਂ ਨੇ ਉੱਤਰ ਤਸਲੀਬਖਸ਼ ਦਿੱਤਾ ਹੈ, ਮੇਰੀ ਸੰਤੁਸ਼ਟੀ ਹੈ, ਇਨ੍ਹਾਂ ਨੇ ਪਾਸ ਬੁੱਕ ਦੇ ਰਸਤੇ ਜੋ ਤਕਲੀਫਾਂ ਜਾਂ ਦਿੱਕਤਾਂ ਆ ਰਹੀਆਂ ਸਨ, ਇਸ ਕਰਕੇ ਉਹ ਬੰਦ ਕੀਤੀਆਂ । ਮੈਂ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਤਜਰਬੇ ਦੇ ਤੌਰ ਤੇ ਜੋ ਜੋ ਦਿੱਕਤਾਂ ਨੋਟ ਕੀਤੀਆਂ, ਕੀ ਵਰਤਮਾਨ ਸਰਕਾਰ ਉਨ੍ਹਾਂ ਦਿੱਕਤਾਂ ਜਾਂ ਕਮੀਆਂ ਪੇਸ਼ੀਆਂ ਨੂੰ ਦੂਰ ਕਰਕੇ ਕੋਈ ਮਲਟੀ ਪਰਪਜ਼ ਪਾਸ ਬੁੱਕ ਬਣਾਉਣ ਵਾਸਤੇ ਤਜਵੀਜ਼ ਇੰਪਲੀਮੈਂਟ ਕਰੇਗੀ ?

ਰਾਜ ਮੰਤਰੀ : ਹਾਂ ਜੀ । ਜ਼ਿਮੀਂਦਾਰਾਂ ਨੂੰ ਦਿੱਕਤਾਂ ਨਾ ਆਉਣ ਵਾਸਤੇ ਅਸੀਂ ਸੈਂਟਰ ਦੀ ਸਕੀਮ ਲਾਗੂ ਕੀਤੀ ਹੈ । ਇਸ ਵਾਸਤੇ ਅਸੀਂ ਹਰ ਜ਼ਿਲ੍ਹੇ ਵਿਚ ਡਿਪਟੀ ਕਮਿਸ਼ਨਰ ਅੰਦਰ ਤਹਿਸੀਲ ਹੈਡਕੁਆਰਟਰ ਤੇ ਫੈਟੇ ਸਟੇਟ ਮਸ਼ੀਨਾਂ ਰੱਖੀਆਂ ਹਨ । ਮੈਂ ਅਰਸ਼ੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਕ ਸੈਂਟਰ ਦੀ ਸਕੀਮ ਰੋਪੜ ਵਿਖੇ ਚੱਲ ਰਹੀ ਹੈ ਤਾਂ ਕਿ ਰਿਕਾਰਡ ਨੂੰ ਠੀਕ ਤਰ੍ਹਾਂ ਰਖਿਆ ਜਾ ਸਕੇ ਅਤੇ ਜ਼ਿਮੀਦਾਰਾਂ ਨੂੰ ਤੰਗੀ ਨਾ ਆਵੇ । 45 ਲੱਖ ਰੁਪਿਆ ਸੈਂਟਰ ਗੌਰਮਿੰਟ ਨੇ ਚਾਰ ਜ਼ਿਲ੍ਹਿਆਂ ਵਿਚ ਸਕੀਮ ਲਾਗੂ ਕਰਨ ਵਾਸਤੇ ਦਿੱਤਾ ਹੈ। ਇਨ੍ਹਾਂ ਵਿਚ ਕਪੂਰਥਲਾ, ਬਠਿੰਡਾ ਅੰਦਰ ਜਲੰਧਰ ਆਦਿ ਹਨ । ਫਾਰੀ ਫਾਰੀ ਸਾਰੇ ਜ਼ਿਲ੍ਹਿਆਂ ਦਾ ਰਿਕਾਰਡ ਠੀਕ ਕਰਨ ਵਾਸਤੇ ਇਹ ਸਕੀਮ ਚਲਾਈ ਜਾਵੇਗੀ । ਜ਼ਿਮੀਂਦਾਰਾਂ ਨੂੰ ਹੋਰ ਸਹੂਲਤ ਦੇਣ ਵਾਸਤੇ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦੇ ਯਤਨ ਜਾਰੀ ਹਨ ਤਾਂ ਕਿ ਜ਼ਿਮੀਂਦਾਰਾਂ ਨੂੰ ਕੋਈ ਦਿੱਕਤ ਨਾ ਆਵੇ ਅੰਦਰ ਪਟਵਾਰੀ ਵੀ ਉਨ੍ਹਾਂ ਨੂੰ ਖਰਾਬ ਨਾ ਕਰਨ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਮਾਨਯੋਗ ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਸਰਕਾਰ ਨੇ ਜੋ ਸਮੇਂ ਸਮੇਂ ਤੇ ਰਿਕਾਰਡ ਵਿਚ ਟੈਂਪਰਿੰਗ ਕਰਨੀ ਹੁੰਦੀ ਹੈ, ਉਸ ਕਰਕੇ ਪਾਸ ਬੁੱਕ ਨਹੀਂ ਬਣਾਈ ਜਾ ਰਹੀ ? ਟੈਂਪਰਿੰਗ ਦਾ ਭਾਵ ਜਿਵੇਂ ਹੇਰਾ-ਫੇਰੀ ਕਰਨੀ ਜਾਂ ਅਦਲਾ ਬਦਲੀ ਕਰਨੀ ਹੁੰਦੀ ਹੈ, ਜਿਵੇਂ ਖਡੂਰ ਸਾਹਿਬ ਵਿਖੇ ਹੋਇਆ ਕਿ ਉਥੇ ਸਾਰਾ ਰਿਕਾਰਡ ਹੀ ਬਦਲ ਦਿੱਤਾ ਗਿਆ । ਕੀ ਇਸ ਕਰਕੇ ਤਾਂ ਪਾਸ ਬੁੱਕ ਸਕੀਮ ਲਾਗੂ ਨਹੀਂ ਕੀਤੀ ਜਾ ਰਹੀ ?

ਰਾਜ ਮੰਤਰੀ : ਜਵਾਬ ਇਹ ਹੈ ਕਿ ਮਾਨਯੋਗ ਮੈਂਬਰ ਸਾਹਿਬ ਨੇ ਜੋ ਕਿਹਾ ਹੈ ** ** ** ** **

ਸ਼੍ਰੀ ਸਪੀਕਰ : ਇਹ ਕੋਈ ਜਵਾਬ ਨਹੀਂ ਹੈ। ਜਿਹੜੀ ਗੱਲ ਫਾਲਤੂ ਹੈ that is expunged (Interruption) I have given my ruling. ਹੁਣ ਮਿੱਤਲ ਸਾਹਿਬ, ਤੁਸੀਂ ਕੀ ਪੁੱਛਣਾ ਹੈ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਜਿਹੜਾ ਪਾਸ ਬੁੱਕ ਸਿਸਟਮ ਇੰਟਰੋਡਿਊਸ ਕੀਤਾ ਗਿਆ ਸੀ, ਉਹ ਇਸ ਕਰਕੇ ਸੀ ਕਿ ਕਿਸਾਨਾਂ ਨੂੰ ਪਟਵਾਰੀ ਕੋਲ ਫਰਦ ਲਾਉਣ ਵਾਸਤੇ ਨਾ ਜਾਣਾ ਪਵੇ । ਜਿਸ ਤਰ੍ਹਾਂ ਕਿਸੇ ਆਦਮੀ ਨੇ ਬੈਂਕਾਂ ਤੋਂ ਜਾਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਹੋਰ ਕਿਤੋਂ ਲੋਨ ਵਗੈਰਾ ਲੈਣਾ ਹੋਵੇ ਤਾਂ ਦਿੱਕਤ ਨਾ ਆ ਸਕੇ ਕਿਉਂਕਿ ਬੈਂਕਾਂ ਵਾਲਿਆਂ ਨੇ ਰਿਕੁਗਨਾਈਜ਼ ਕਰਨਾ ਬੰਦ ਕਰ ਦਿੱਤਾ, ਇਸ ਕਰਕੇ ਪਾਲਿਸੀ ਡਿਸ-ਕੰਟੀਨਿਊ ਕਰ ਦਿੱਤੀ । ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰੀ ਬੈਂਕ ਜਾਂ ਦੂਸਰੇ ਆਫਿਸ ਹਨ ਜਿਨ੍ਹਾਂ ਵਿਚ ਇਸ ਪਾਸ ਬੁੱਕ ਨੂੰ ਚਲਾਇਆ ਜਾਵੇ, ਇਸ ਵਾਸਤੇ ਲੈਂਡ ਮੈਨੂਅਲ ਜਾਂ ਪੰਜਾਬ ਲੈਂਡ ਐਕਟ ਵਿਚ ਤਰਮੀਮ ਕਰਕੇ ਇਸ ਨੂੰ ਕਾਨੂੰਨੀ ਸ਼ਕਲ ਦੇਣਗੇ, ਜਿਸ ਕਰਕੇ ਇਸ ਪਾਸ ਬੁੱਕ ਦੀ ਵੈਲਡਿਟੀ ਬਣੇ ।

ਮੁੱਖ ਮੰਤਰੀ : ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਪਾਸ ਬੁੱਕ ਸਕੀਮ ਬਣਾਈ ਸੀ, ਇਹ ਕੋਈ ਜ਼ਿਆਦਾ ਕਾਮਯਾਬ ਨਹੀਂ ਹੋਈ । ਮੈਨੂੰ ਇਸ ਗੱਲ ਦਾ ਪਤਾ ਹੈ ਕਿਉਂਕਿ ਪਹਿਲਾਂ ਪਾਕਿਸਤਾਨ ਦੇ ਅੰਦਰ ਪਾਸ ਬੁੱਕ ਸਕੀਮ ਸੀ, ਅੱਜ ਮੈਂ ਰੈਵੀਨਿਊ ਮਨਿਸਟਰ ਦੇ ਤੌਰ ਤੇ ਇਸ ਸਕੀਮ ਨੂੰ ਸਟੱਡੀ ਕਰਨ ਵਾਸਤੇ ਪਾਕਿਸਤਾਨ ਗਿਆ ਸੀ । ਮੈਂ ਦੱਸਣਾ ਚਾਹੁੰਦਾ ਹਾਂ ਕਿ ਕਿੰਨਾ ਵੀ ਪਾਸ ਬੁੱਕ ਨੂੰ ਦਰੁਸਤ ਕਰ ਲਈਏ ਸਾਨੂੰ ਪਟਵਾਰੀ ਕੋਲੋਂ ਛੁਟਕਾਰਾ ਨਹੀਂ ਮਿਲ ਸਕਦਾ ।

ਅਗਰ ਕਿਸੇ ਆਦਮੀ ਨੇ ਜ਼ਮੀਨ ਵੇਚਣੀ ਹੈ ਤਾਂ ਉਸ ਦੇ ਰਿਕਾਰਡ ਦੇ ਅੰਦਰ ਜੋ ਅੰਮੈਂਡ-ਮੈਂਟ ਕਰਨੀ ਹੈ, ਉਹ ਵੀ ਪਟਵਾਰੀ ਨੇ ਕਰਨੀ ਹੈ । ਮੈਂ ਸਮਝਦਾ ਹਾਂ ਕਿ ਪਟਵਾਰੀ ਕੋਲੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ । ਇਸ ਕਰਕੇ ਪਾਸ ਬੁੱਕ ਸਕੀਮ ਨੂੰ ਕਾਰਗਰ ਨਹੀਂ ਸਮਝਿਆ ਗਿਆ ।

ਸਹਿਕਾਰੀ ਸਭਾਵਾਂ (ਖੇਤੀਬਾੜੀ) ਦੇ ਫੰਡਾਂ ਦਾ ਗਬਨ

*2684. **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ** : ਕੀ ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇਪੈਨਸ਼ਨਰਾਂ ਦੀ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਜਨਵਰੀ, 1994 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਦੀ ਸ਼ਿਕਾਇਤ ਨਿਵਾਰਣ ਕਮੇਟੀ ਨੂੰ ਉਸ ਜ਼ਿਲ੍ਹੇ ਦੀਆਂ ਸਹਿਕਾਰੀ ਸਭਾਵਾਂ (ਖੇਤੀਬਾੜੀ) ਦੇ ਫੰਡਾਂ ਦੇ ਗਬਨ ਸਬੰਧੀ ਕੁੱਝ ਸ਼ਿਕਾਇਤਾਂ ਮਿਲੀਆਂ ਹਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਅਜਿਹੀਆਂ ਸਭਾਵਾਂ ਦੇ ਨਾਂ ਕੀ ਕੀ ਹਨ ਅਤੇ ਉਹ ਕਿਹੜੇ-ਕਿਹੜੇ ਪਿੰਡਾਂ ਵਿਚ ਸਥਿਤ ਹਨ ਅਤੇ ਹਰ ਇਕ ਸਭਾ ਦੀ ਇਸ ਤਰ੍ਹਾਂ ਕਿੰਨੀ ਕਿੰਨੀ ਰਕਮ ਸ਼ਾਮਲ ਹੈ ਅਤੇ ਹਰ ਇਕ ਕੇਸ ਵਿਚ ਕੀ ਕਾਰਵਾਈ ਕੀਤੀ ਗਈ ?

Shri Santokh Singh Chaudhary (Chief Parliamentary Secretary): (a) From January, 1994 uptil now some Complaints have been received in the District Grievances Committee in Gurdaspur District.

(b) The number of complaints is five. The name of these societies, the amount of embazzlement and the action taken in each case has been depicted in the enclosed statement.

Original with;
Punjab Vidhan Sabha
Digitized by;
Panjab Digital Library

[Chief Parliamentry Secretary]

LIST

1.	Co-operative Societies Vill: Anori.	34570/-	An amount of Rs. 28429/- has rightly been advanced as loan whereas Rs. 6145/- has been wrongly shown as to loan advanced by Shri Amrik Singh, Ex- .Secretary of Co-operative Societies Basrwan who is reported to have gone to America. The amount involved will be recovered from him.
2.	Co-operative Societies, Basrwan.	—do	—do—
3.	Co-operative Societies, Chatha, Teh. Batala.	Rs. 27,000	Inquiries reveal that no amount was embazzled as complained. The complaint was false.
4.	Co-operative, Societies, Mannan, Vill. Mirpur.	Rs. 22.69 lacs	So for as Societies at Sr. No. 4 & 5 are concerned, the criminal case No. 119/94 has been registered against the defaulting officials/officers under
5.	Co-operaiive Societies Vill. Dadiala Neara	Rs. 20.92 lacs	section 408,409, 420, 466, 471 and 465 IPC. Some of the defaulting officials/officers in these cases have been arrested by police and departmental inquiry is also being conducted. —do—

ਕਾਮਰੇਡ ਗੁਰਨਾਮ ਸਿੰਘ ਧੀਰੇਵਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਸੰਸਦੀ ਸਕੱਤਰ ਹੋਰਾਂ ਕੋਲੋਂ ਇਸ ਗੱਲ ਦੀ ਜਾਣਕਾਰੀ ਚਾਹਾਂਗਾ ਕਿ ਇਨ੍ਹਾਂ ਨੇ 5 ਸੋਸਾਇਟੀਆਂ ਦਾ ਜ਼ਿਕਰ ਕੀਤਾ ਹੈ ਲੇਕਿਨ ਇਨ੍ਹਾਂ ਪੰਜ ਸੋਸਾਇਟੀਆਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਕੰਪਲੇਂਟਸ ਗਰੀਵੈਂਸਿਜ਼ ਕਮੇਟੀ ਦੇ ਅੰਦਰ ਆਈਆਂ ਹਨ ਲੇਕਿਨ ਰਿਪੋਰਟ ਦੇ ਵਿਚ ਦਰਜ਼ ਨਹੀਂ। ਬਹਰਹਾਲ, ਮੈਂ ਮਾਨਯੋਗ ਚੀਫ਼ ਪਾਰਲੀਮੈਂਟਰੀ ਸੈਕਰੇਟਰੀ ਹੋਰਾਂ ਕੋਲੋਂ ਇਸ ਗੱਲ ਦੀ ਜਾਣਕਾਰੀ ਚਾਹਾਂਗਾ ਕਿ ਇਨ੍ਹਾਂ ਨੇ ਦੱਸਿਆ ਹੈ ਕਿ ਮਨਣ ਸਹਿਕਾਰੀ ਸਭਾ ਵਿਚ 22.69 ਲੱਖ ਦਾ ਗਬਨ ਹੋਇਆ ਤੇ ਦੂਸਰਾ ਢਡਿਆਲਾ ਵਿਚ 20.92 ਲੱਖ ਦਾ ਜਿਹੜਾ ਗਬਨ ਹੋਇਆ ਹੈ, ਆਇਆ ਉਨ੍ਹਾਂ ਵਿਚੋਂ ਕਿੰਨੇ ਅਫ਼ਸਰ ਹਨ ਜਿਨ੍ਹਾਂ ਦੇ ਖਿਲਾਫ਼ ਐਕਸ਼ਨ ਲਿਆ ? ਕੁਝ ਜ਼ਿੰਮੇਵਾਰ ਅਧਿਕਾਰੀਆਂ ਨੂੰ ਛੱਡਿਆ ਤੇ ਛੋਟਿਆਂ ਤੇ ਐਕਸ਼ਨ ਲਿਆ ਤਾਂ ਕਿ ਵੱਡੇ ਬਚ ਜਾਣ।

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਸ ਵਾਸਤੇ ਸੈਪਰੇਟ ਸਵਾਲ ਕਰ ਦੇਣ, ਮੈਂ ਜਵਾਬ ਦੇ ਦੇਵਾਂਗਾ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਅਜ਼ਲੀ ਗੱਲ, ਸਪੀਕਰ ਸਾਹਿਬ, ਕਿਹੜੇ ਆਦਮੀ ਹਨ, ਜਿਨ੍ਹਾਂ ਨੂੰ ਛੱਡ ਦਿੱਤਾ । ਨੰਬਰ 2, ਉਨ੍ਹਾਂ ਵਿਚੋਂ ਕਿਹੜੇ ਆਦਮੀ ਹਨ ਜਿਨ੍ਹਾਂ ਨੇ ਗਬਨ ਕੀਤਾ ਅੱਰ ਗਬਨ ਕਰਨ ਪਿੱਛੋਂ ਡਿਪਾਰਟਮੈਂਟ ਛੱਡ ਕੇ ਪੁਲਿਸ ਡਿਪਾਰਟਮੈਂਟ ਵਿਚ ਭਰਤੀ ਹੋ ਗਏ, ਉਨ੍ਹਾਂ ਦੇ ਖਿਲਾਫ ਕਾਰਵਾਈ ਨਹੀਂ ਹੋਈ ? ਉਨ੍ਹਾਂ ਦੇ ਨਾਮ ਦੱਸੇ ਜਾਣ ।

ਮੁੱਖ ਮੰਤਰੀ : ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਏਡਾ ਭਾਰਾ ਵੇਰਵਾ ਹਾਊਸ ਦੇ ਅੰਦਰ ਆ ਨਹੀਂ ਸਕਦਾ । ਇਹ ਮੈਨੂੰ ਮਿਲ ਲੈਣ, ਮੈਂ ਇਹ ਕੋਆਪਰੇਟਿਵ ਮਨਿਸਟਰ ਨੂੰ ਕਹਿ ਦੇਵਾਂਗਾ ਕਿ ਜਿਹੜੇ ਅਧਿਕਾਰੀਆਂ ਨੂੰ ਕਸੂਰਵਾਰ ਪਾਇਆ ਗਿਆ, ਉਨਾਂ ਨੂੰ ਸਜ਼ਾ ਦਿੱਤੀ ਜਾਵੇ ।

ਨਿਸ਼ਾਨਵਾਲਾ ਪ੍ਰਸ਼ਨ ਨੰਬਰ : 2343

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

ਟਿਊਬਵੈਲ ਲਗਾਉਣ ਦੀ ਨੀਤੀ ਵਿਚ ਤਬਦੀਲੀ

*2740. (1) **ਕਾਮਰੇਡ ਅਜੈਬ ਸਿੰਘ ਰੌਂਤਾ**
(2) **ਸ਼੍ਰੀਮਤੀ ਵਿਮਲਾ ਡਾਂਗ** } ਕੀ ਜਨ-ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਰਾਜ ਵਿਚ ਪੀਣ ਵਾਲੇ ਪਾਣੀ ਲਈ ਟਿਊਬਵੈਲ ਲਗਾਉਣ ਦੀ ਨੀਤੀ/ਕਾਰਜਵਿਧੀ ਵਿਚ ਕੋਈ ਤਬਦੀਲੀ ਕੀਤੀ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਅਤੇ ਕਾਰਣ ਕੀ ਕੀ ਹਨ ?

ਸ਼੍ਰੀ ਸੁਰਿੰਦਰ ਕਪੂਰ : ਨਹੀਂ ਜੀ ।

ਕਾਮਰੇਡ ਅਜੈਬ ਸਿੰਘ ਰੌਂਤਾ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਦੇ ਦੁਆਰਾ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ, ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਪਾਲਿਸੀ ਚੇਂਜ ਕਰਨ ਦੀ ਕੋਈ ਤਜਵੀਜ਼ ਨਹੀਂ ਹੈ, ਅਗੇ ਪੰਜਾਬ ਦੇ ਵਿਚ ਪਬਲਿਕ ਹੈਲਥ ਡੀਪਾਰਟਮੈਂਟ ਦੇ 10 ਐਸ. ਈਜ਼. ਸਨ ਜੋ ਇਹ ਕੰਮ ਕਰਦੇ ਸਨ ਅਤੇ ਕੀ ਇਹ ਸੱਚ ਹੈ ਕਿ ਹੁਣ ਜਿਲ੍ਹਾ ਇਕੋ ਐਸ.ਈ. ਨੂੰ, ਐਸ. ਈ., ਪਟਿਆਲਾ ਨੂੰ ਹੀ ਇਹ ਸਾਰਾ ਕੰਮ ਕਾਜ ਸੰਭਾਲ ਦਿੱਤਾ ਗਿਆ ਹੈ ? ਇਸ ਦੇ ਕੀ ਕਾਰਨ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਬਲਿਕ ਹੈਲਥ ਦਾ ਮਕੈਨੀਕਲ ਸਾਈਡ ਦਾ ਸੀਨੀਅਰ ਮੋਸਟ ਐਸ. ਈ. ਜੋ ਹੈ ਉਸ ਦੇ ਚਾਰਜ ਵਿਚ ਇਹ ਕੰਮ ਦਿੱਤਾ ਗਿਆ ਹੈ, ਡਰਿਲਿੰਗ ਜਿਹੜੀ ਟਿਊਬਵੈਲ ਦੀ ਹੈ ਉਸ ਦੇ ਰਾਹੀਂ ਕੀਤੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਅਜੈਬ ਸਿੰਘ ਰੌਂਤਾ : ਸਰ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ, ਇਹ ਵਰਲਡ ਬੈਂਕ ਦੀ 816 ਕਰੋੜ ਰੁਪਏ ਦੀ ਸਕੀਮ ਹੈ ਅੱਰ ਇਹ 6 ਸਾਲਾਂ ਦੀ ਸਕੀਮ ਹੈ, ਕੀ ਸਾਡੀ ਅਸੈਂਬਲੀ ਦੇ ਗਰੁੱਪ ਲੀਡਰ ਸਾਹਿਬ ਨੇ ਇਸ ਦੇ ਬਾਰੇ ਕੋਈ ਇਤਰਾਜ਼ ਕੀਤਾ ਸੀ ; ਜੇ ਕੀਤਾ ਸੀ ਤਾਂ ਉਸ ਦਾ ਜਵਾਬ ਕੀ ਦਿੱਤਾ ਗਿਆ ਹੈ ? ਕੀ ਇਹ ਸੱਚ ਹੈ ਕਿ ਅਗੇ ਸਰਕਾਰ 30% ਕੰਮ ਕਰਦੀ ਸੀ ਅਤੇ ਬਾਕੀ ਦਾ 70% ਕੰਮ ਠੇਕੇ ਤੇ ਕਰਵਾਇਆ ਜਾਂਦਾ ਸੀ ਅਤੇ ਹੁਣ ਐਸ. ਈ. ਦੀ ਮਿਲੀ ਭੁਗਤ ਨਾਲ ਸਕੀਮ ਨੂੰ ਤਹਿਸ ਨਹਿਸ ਕਰਕੇ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਇਕੋ ਜਗ੍ਹਾ ਹੀ ਸੈਂਟਰੇਲਾਈਜ਼ ਕੀਤਾ ਜਾਵੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਕੰਮ ਦੀ ਇਮਪਰੂਵਮੈਂਟ ਵਾਸਤੇ, ਸੁਧਾਰ ਲਿਆਉਣ ਵਾਸਤੇ ਕੀਤਾ ਗਿਆ ਹੈ, ਬਲਕਿ ਮੈਂ ਤਾਂ ਸਮਝਦਾ ਹਾਂ ਕਿ ਮੈਂਬਰ ਸਾਹਿਬ ਨੂੰ ਇਹ ਅੱਪਰੀਸ਼ੀਏਟ ਕਰਨਾ ਚਾਹੀਦਾ ਸੀ । ਇਸ ਦੇ ਵਿਚ, ਸਪੀਕਰ ਸਾਹਿਬ, ਤਿੰਨ ਏਜੰਸੀਜ਼ ਕੰਮ ਕਰਦੀਆਂ ਹਨ । ਇਕ ਤਾਂ ਡੀਪਾਰਟਮੈਂਟ ਖੁਦ ਡੀਲ ਕਰਦਾ ਹੈ ਦੂਸਰਾ ਓਪਨ ਟੈਂਡਰਜ਼ ਰਾਹੀਂ ਵੀ ਇਹ ਕੰਮ ਕਰਦੇ ਹਾਂ ਅੱਰ ਟਿਊਬਵੈਲ ਕਾਰਪੋਰੇਸ਼ਨ ਜੋ ਸਰਕਾਰ ਦੀ ਸੰਸਥਾ ਹੈ ਉਹ ਵੀ ਇਸ ਦੇ ਵਿਚ ਐਸੋਸੀਏਟ ਕਰਦੀ ਹੈ ਤਾਂਕਿ ਇਹ ਸਾਰਾ ਕੰਮ ਟਾਈਮਲੀ ਹੋ ਸਕੇ ਅੱਰ ਉਸ ਦੀ ਇਮਪਰੂਵਮੈਂਟ ਤੇ ਕੁਆਲਟੀ ਚੰਗੀ ਹੋ ਸਕੇ । ਇਸ ਕਰਕੇ ਸੁਧਾਰ ਲਿਆਉਣ ਵਾਸਤੇ ਇਹ ਕੀਤਾ ਗਿਆ ਹੈ ।

ਸ਼੍ਰੀਮਤੀ ਵਿਮਲਾ ਡਾਂਗ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜੋ ਲੋਕਾਂ ਦੀ ਸਮੱਸਿਆ ਹੈ ਟਿਊਬਵੈਲਜ਼ ਦੀ ਰਿਪੇਅਰ ਵੀ ਅਤੇ ਇਨਸਟਾਲੇਸ਼ਨ ਵੀ ਸਟੇਟ ਲੈਵਲ ਤੇ ਸਰਕਾਰ ਆਪ ਦੇਵੇਗੀ ਤਾਂ ਉਸ ਦੇ ਨਾਲ ਲੋਕਾਂ ਦੀ ਖਜ਼ਲ ਖੁਆਰੀ ਹੋਵੇਗੀ, ਪਹਿਲਾਂ ਸਰਕਾਰ ਕੰਟਰੈਕਟਰਜ਼ ਨੂੰ ਦੇ ਕੇ ਇਨਸਟਾਲੇਸ਼ਨ ਕਰਾਉਂਦੀ ਸੀ ਅਤੇ ਕਮਪੀਟੀਸ਼ਨ ਹੋਣ ਕਰਕੇ ਚੀਪਰ ਰੇਟਸ ਤੇ ਇਨਸਟਾਲੇਸ਼ਨ ਹੁੰਦੀ ਸੀ ਜੇ ਇਸ ਦੀ ਸੈਂਟਰੇਲਾਈਜੇਸ਼ਨ ਹੋਵੇਗੀ ਤਾਂ ਇਸ ਗੱਲ ਦੀ ਚਿੰਤਾ ਹੈ ਲੋਕਾਂ ਨੂੰ, ਇਹ 810 ਕਰੋੜ ਰੁਪਏ ਦਾ ਵਰਲਡ ਬੈਂਕ ਦਾ ਪ੍ਰੋਜੈਕਟ ਹੈ ਅਤੇ ਇਹ ਲੋਕਾਂ ਦੀ ਮਦਦ ਕਰਨ ਵਾਸਤੇ ਹੈ, ਇਸ ਤਰ੍ਹਾਂ ਹੋਣ ਨਾਲ ਜਨਤਾ ਨੂੰ ਪ੍ਰੇਸ਼ਾਨੀ ਹੋਵੇਗੀ ਰਿਪੇਅਰ ਦੇ ਕੰਮ ਵਿਚ ਵੀ ਅਤੇ ਇਨਸਟਾਲੇਸ਼ਨ ਦੇ ਕੰਮ ਵਿਚ ਵੀ ਜੇ ਇਸ ਨੂੰ ਪਟਿਆਲੇ ਹੀ ਸੈਂਟਰੇਲਾਈਜ਼ ਕਰਕੇ ਇਹ ਸਾਰਾ ਕੰਮ ਕਰਵਾਉਂਗੇ । ਇਸ ਦੇ ਬਾਰੇ ਮੰਤਰੀ ਜੀ ਆਪਣਾ ਸਪੱਸ਼ਟੀਕਰਨ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਪਹਿਲਾਂ ਹੀ ਦੱਸਿਆ ਹੈ ਕਿ ਲੋਕਾਂ ਦੀ ਤਕਲੀਫ ਨਾਲ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਪਹਿਲਾਂ ਹੀ ਦੱਸਿਆ ਹੈ ਕਿ ਲੋਕਾਂ ਦੀ ਤਕਲੀਫ ਨਾਲ ਇਸ ਦਾ ਕੋਈ ਸਬੰਧ ਨਹੀਂ ਹੈ । ਵਰਕਿੰਗ ਦੀ ਇਮਪਰੂਵਮੈਂਟ ਲਿਆਉਣ ਵਾਸਤੇ 3 ਏਜੰਸੀਆਂ ਕੰਮ ਕਰਦੀਆਂ ਹਨ । ਡੀਪਾਰਟਮੈਂਟ ਆਪ ਖੁਦ ਵੀ ਇਸਦੀ ਡਰਿਲਿੰਗ ਕਰਦਾ ਹੈ, ਪੰਜਾਬ ਟਿਊਬਵੈਲਜ਼ ਕਾਰਪੋਰੇਸ਼ਨ ਜੋ ਸਰਕਾਰ ਦੀ ਆਪਣੀ ਸੰਸਥਾ ਹੈ, ਉਹ ਦੀ ਕੰਮ ਕਰਦੀ ਹੈ ਅਤੇ ਓਪਨ ਟੈਂਡਰਜ਼ ਵੀ ਕੰਟਰੈਕਟਰਜ਼ ਤੋਂ ਕਰਾਉਣ ਵਾਸਤੇ ਇਨਵਾਈਟ ਕੀਤੇ ਹਨ ਲੇਕਿਨ ਕੁਆਲਿਟੀ ਦਾ ਇਸ ਦੇ ਵਿਚ ਖਾਸ ਤੌਰ ਤੇ ਧਿਆਨ ਰੱਖਦੇ ਹਾਂ ।

Original with;
Punjab Vidhan Sabha
Digitized by;
Punjab Digital Library

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਇਮਪਰੂਵਮੈਂਟ ਲਿਆਉਣ ਵਾਸਤੇ ਇਹ ਕੀਤਾ ਗਿਆ ਹੈ, ਪਹਿਲਾਂ 10 = 12 ਐਸ. ਈਜ. ਜੋ ਵੱਖ ਵੱਖ ਸਰਕਲਜ਼ ਦੇ ਹਨ ਉਹ ਟਿਊਬਵੈਲ ਦੀ ਇਨਸਟਾਲੇਸ਼ਨ ਦਾ ਕੰਮ ਅੰਰ ਮੇਨਟੇਨੈਂਸ ਦਾ ਕੰਮ ਕਰਦੇ ਸਨ ਪਰ ਹੁਣ ਇਕ ਨਵੀਂ ਚੀਜ਼ ਹੋਈ ਹੈ ਕਿ ਸਾਰੇ ਐਸ. ਈਜ਼, ਨਹੀਂ ਕੇਵਲ ਇਕੋ ਐਸ. ਈ., ਪਟਿਆਲਾ ਜੋ ਹੈ ਉਸ ਦੀ ਸੁਪਰਵੀਜ਼ਨ ਵਿਚ ਲਗਣਗੇ ਅੰਰ ਲਗਣ ਤੇ ਬਾਅਦ ਮੇਨਟੇਨੈਂਸ ਦਾ ਕੰਮ ਸਾਰਿਆਂ ਐਸ. ਈਜ਼. ਪਾਸ ਹੋਵੇਗਾ ।

ਇਹ ਕਿਸ ਹਿੱਤ ਵਿਚ ਹੈ ਕਿ ਸਿਰਫ ਇਕ ਵਿਅਕਤੀ ਨੂੰ ਹੀ ਅਧਿਕਾਰ ਦੇ ਦਿੱਤਾ ਜਾਵੇ ਬਾਕੀ ਜਿਹੜੇ ਐਸ. ਈਜ਼ ਨੇ ਉਨ੍ਹਾਂ ਨੂੰ ਤੁਸੀਂ ਬਾਈਪਾਸ ਕਰ ਦਿੱਤਾ ਹੈ ।

ਰਾਜ ਮੰਤਰੀ : ਸਪੀਕਰ ਸਾਹਿਬ, ਜੋ ਇਹ ਕਹਿ ਰਹੇ ਹਨ ਇਹ ਠੀਕ ਨਹੀਂ ਹੈ । ਸਿਰਫ ਐਕਸ. ਈ. ਐਨ. ਹੀ ਟੈਂਡਰ ਕਾਲ ਕਰਦਾ ਹੈ ਉਸ ਦੀ ਸੁਪਰਵੀਜ਼ਨ ਵਿਚ ਹੀ ਸਭ ਕੁਝ ਹੁੰਦਾ ਹੈ । ਇਸ ਕੇਸ ਵਿਚ ਐਸ. ਈ (ਮਕੈਨੀਕਲ) ਜੋ ਸੀਨੀਅਰ ਮੋਸਟ ਹੈ ਉਸ ਨੂੰ ਸੁਪਰਵੀਜ਼ਨ ਵਾਸਤੇ ਰਖਿਆ ਗਿਆ ਸੀ ਵੈਸੇ ਜਿਸ ਜ਼ਿਲ੍ਹੇ ਵਿਚ ਹੀ ਡਰਿਲਿੰਗ ਵਗੈਰਾ ਹੁੰਦੀ ਹੈ ਐਕਸੀਅਨ ਹੀ ਸੁਪਰਵੀਜ਼ਨ ਕਰਦਾ ਹੈ । ਇਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 2622*

ਸ੍ਰੀ ਸਪੀਕਰ : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ।

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਐਕਸਟੈਨਸ਼ਨ ਕਿੰਨੇ ਸਮੇਂ ਦੀ ਹੈ ?

ਸ੍ਰੀ ਸਪੀਕਰ : 3 ਤਾਰੀਖ ਤਕ ਜਵਾਬ ਆ ਜਾਵੇਗਾ ।

ਬਿਜਲੀ ਦਾ ਕਰੰਟ ਲੱਗਣ ਕਾਰਣ ਮੌਤਾਂ

*2605. **ਸ੍ਰੀ ਰਮੇਸ਼ ਦੱਤ ਸ਼ਰਮਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਸਾਲ 1994-95 ਦੇ ਦੌਰਾਨ ਰਾਜ ਵਿਚ ਬਿਜਲੀ ਦਾ ਕਰੰਟ ਲੱਗਣ ਨਾਲ ਕੁਝ ਪੁਰਸ਼ਾਂ, ਇਸਤਰੀਆਂ ਅਤੇ ਪਸ਼ੂਆਂ ਦੀ ਮੌਤ ਹੋਈ ਹੈ ; ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਵਿਅਕਤੀਆਂ ਦੇ ਜ਼ਿਲ੍ਹਾ ਵਾਰ ਨਾਂ ਕੀ ਕੀ ਹਨ ਅਤੇ ਕਿਨ੍ਹਾਂ ਕਾਰਣਾਂ ਕਰਕੇ ਬਿਜਲੀ ਦਾ ਕਰੰਟ ਲੱਗਿਆ ;

(ਅ) ਅਜਿਹੀਆਂ ਮੌਤਾਂ ਦੇ ਕੇਸਾਂ ਵਿਚ ਮੁਆਵਜ਼ੇ ਦੀ ਰਕਮ ਕਿੰਨੀ ਦਿੱਤੀ ਗਈ?

Sardar Beant Singh: (a) & (b) Yes Sir, A statement containing desired information is placed on the Table of the House.

---

*For Starred Question No. 2622 and reply thereto, please see P.V.S. Debate dateds 4th April, 1995.

Original with;
Punjab Vidhan Sabha
Digitized by;
Punjab Digital Library

[Chief Minister]

STATEMENT

Sr. No.	Name of Person	Reason	Amount of compensation Paid.
1	2	3	4
1.	**Sangrur**		
	1. Sh. Tarsem Kumar, L.M. 2. Sh. Karnail Singh, A.L.M. 3. Sh. Rajpal, A.L.M.	Accident occured while working.	Cases under process hence, yet to be decided.
	4. Sh. Charan Singh, P.V.T. person. 5. Sh. Surjit Singh P. P. 6. Sh. Gurtej Singh, P. P. 7. Sh. Bhura Singh, P. P.	Handling of unauthorised equipment.	Compensation not permissible.
2.	**Faridkot**		
	1. Sh. Nasib Singh, A.L.M. 2. Sh. Om Parkash, L. M.	Due to self negligency while they were working.	NIL
	3. Sh. Balwinder Singh, P.P. 4. Sh. Gandhi Mahato, P.P. 5. Smt. Rama Devi, P.P	Due to leakage in the motor, Handling equipment in un authorised way and leakage in ceiling fan.	NIL
3.	**Ferozepur**		
	1. Sh. Jagat Narain, P. P. 2. Sh. Kala, P. P.	Due to self-negligency.	NIL
4.	**Bathinda**		
	1. Sh. Gurtej Singh, L. M. 2. Sh. Bhura Singh, A.L.M.	Due to self negligency.	NIL
5.	**Mansa**		
	1. Sita Ram, Yadav, P. P. 2. Sh. Sukhdev Singh, A.L.M.	(i) Due to leakage in his equipment. (ii) Due to negligency.	Cases under Process
6.	**Patiala**		
	1. Sh. Dev Raj, P.P.	Due to negligency	NIL
	2. Sh. Nasib Chand, P.P.	Due to leakage in his equipment.	NIL
	3. Sh. Satish Kumar, P. P	Due to high Voltage	Rs. 81,388/-

Original with;
Punjab Vidhan Sabha
Digitized by;
Panjab Digital Library

1	2	3	4
7.	**Ropar**		
	1. Sh. Inder Singh, A.L.M..	While falling from the stair, hand touched live wire.	Nil due to get pensionary benefit as per option.
	2. Sh. Balbir Singh, P. P. ..	Due to touching of truck with live wire.	Under Process
	3. Sh. Labh Singh, P. P. ..	Due to stricking of truck with the live LT line.	Under Process.
8,	**Ludhiana**		
	1. Sh. Mohon Lal Sharma,.. L. M.	Due to negligency of the work while trying to remove fault at his own accord.	NIL
	2. Sh. Veekan, alias Menu .. P. P.	Due to failure of Brakes of the truck and struck with 11 KV live line.	NIL
	3. Sh. Gurdip Singh, work-.. Charge	While working on LT line, touched with the live street light.	NIL
	4. Sh. Avtar Singh, A.L.M. ..	While erecting 11 KV line pole, touched with live line.	NIL due to get pensionary benefits as peroption
	5. Sh. Budha, P. P. ..	While cleaning the rain water pipe, touched with the iron rod which was touching LT line.	NIL
	6. Sh. Nirmal Singh, R.T.M..	Unauthorised tapping of line.	NIL
9.	**Hoshiarpur**		
	1. Sh. Hari Lal and his wife..	Due to defect in his own wiring.	NIL
	2. Sh. Ajit Singh, P. P. ..	While plucking mangoes with the steel rod touched with 11 KV line.	NIL
	3. Sh. Mohan Lal, A.L.M...	While working on the 11 KV feeder, due to arrival of sudden current.	Compensation not payable due to opting for pensionary benefits.
	4. Sh. Karamjit Singh, L.M.,.	Due to climbing on alive feeder, during power cut hours.	—do—
	5. Sh. Ram Gopal, A.L.M. ..	He himself alone went for rectifying the fault.	NIL

Original with;
Punjab Vidhan Sabha
Digitized by;
Panjab Digital Library

1	2	3	4
	6. Sh. Jagmohan Singh, L.M.	.. While sectionalising the G.O. switch fuse, he was flashed.	Compensation not payable due to opting for pensionary benifits.
10.	**Jalandhar**		
	1. Sh. Ravi Kumar, P. P.	.. Due to storm iron wire touched with the live line.	Case under process.
	2. Sh. Ranjit Singh, P. P.	.. Due to rain & storm, the nail with which service line was tied left its original place from the wall and the live wire fell down. The deceased tried to set right the same and died.	NIL
	3. Sh. Pritpal Singh, P.P.	.. While setting right the house wiring in his house, he died.	Case under consideration.
	4. Sh. Mohan Singh A.L.M.	.. While he was cleaning the G.O. switch of 25 KVA transformer, suddenly his hand touched with the female contact resulting death.	Case under process
	5. Sh. Harbhajan Singh, P.P.	.. Due to running his T/W motor on single phase un-authorisedly with the help of condenser, his hand touched with the live wire.	NIL
	6. Sh. Nasib Chand, Daily wages.	.. Electrocuted at the time of setting right 11 KV fuse un-authorisedly while he was not on official duty.	NIL
	7. Sh. Harmesh Lal, Chowkidar	.. While he was on night duty, he opened the main gate of the office in the morning and was electrocuted due to leakage in the gate.	Under process for pensionary benefits.
11.	**Kapurthala**		
	NIL	NIL	NIL
12.	**Amritsar**		
	1. Sh. Raj Kumar, P.P.	.. Died due to electrocution while setting right his house wiring.	NIL

Original with;
Punjab Vidhan Sabha
Digitized by;

1	2	3	4
2.	Sh. Kashmir Singh, P.P. ..	Due to breakage of conductor at night, the deceased touched with it.	Case under process.
3.	Sh. Lal Bahadur, P.P. ..	Due to leakage in his equipment.	NIL
4.	Sh. Gobind Lal, P.P. ..	While the deceased was setting right TV antenna, he touched with the overhead live wire.	Case under process.
5.	Sh. Rup Singh, Work-Charged. ..	While he was working on the LT pole to shift the Jumper.	Rs. 83,192/- sanctioned as Compensation.
6.	Mrs. Paramjit Kaur, P.P. ..	While she was coming down from the roof of the house carrying some article, she struck with the TV antenna which touched the over-head 11 KV line,	NIL
7.	Mrs. Baljit Kaur, P.P. ..	Accident occured due to wiring of her house.	NIL
8.	Sh. Gurpreet Singh, P.P. ..	Due to naked-joints in the PVC wire, the current came in stay wire and deceased touched it	Report of Chief Electrical Inspector Pb., is awaited.
9.	Sh. Jiwan Kumar, P.P. ..	While he was trying to start his tractor, there was spark due to dirty oil in the tractor and the trolly caught fire.	—do—
10.	Sh. Raj Kumar, W/C T-Mate. ..	On the request of a consumer, he climbed up the pole for setting right the jumper on his own accord and got electrocuted.	—do—
13.	**Gurdaspur**		
1.	Sh. Swaran Singh, ALM ..	Due to supply from other side of the line	Request from the widow of the deceased for pensionary benefits.
2.	Sh. Ashok Kumar, P.P. ..	Deceased touched the over-head line.	Compensation amounting to Rs. 89,600/- sanctioned.
14.	**Fatehgarh Sahib**		
	NIL	NIL	NIL

Original with;
Punjab Vidhan Sabha
Digitized by;
Panjab Digital Library

[Chief Minister]

The district-wise information regarding deaths due to electrocution of cattle occured during the year 1994-95 is as under :—

Sr. No.	No. of cattle electrocuted	Reason	Amount of compensation paid
1.	**Sangrur**		
	Buffaloes	.. Cause of accident could not be established.	No compensation payable.
2.	**Faridkot**		
	2 Buffaloes	.. Due to negligence/ theft of energy by the consumers.	No compensation payable.
3.	**Ferozepur**		
	9 Nos. cattle	.. Due to mishandling of the equipment and negligence of owners.	No compensation payable
4.	**Bhatinda**		
	3 Nos. Cattle	.. Due to negligence of owners.	No compensation payable.
5.	**Mansa**		
	NIL	NIL	NIL
6.	**Patiala**		
	13 Nos. Cattle	.. (i) Electrocuted	(i) Rs. 15,000/- paid as compensation in 6 cases out of 13 cases.
			(ii) 7 cases under investigation.
7.	**Ropar**		
	2 Nos. cattle	.. Due to electrocution	Out of these two cases, one has been filed and Rs. 3,000/- has been paid as compensation in the other case.
8.	**Ludhiana**		
	7 Nos. Cattle	.. —do—	(i) Out of 7 cases, a sum of Rs. 3,600/- paid as compensation for 2 cattle (one Katti).
			(ii) Cases for 4 cattle under process.
			(iii) In one case, compensation not payable.

Original with;
Punjab Vidhan Sabha
Digitized by;
Panjab Digital Library

1	2	3	4
9.	**Hoshiarpur**		
	1 No. Cattle	.. Due to electrocution.	No compensation is payable.
10.	**Jalandhar**		
	1 No.Cattle	.. Breakdown of LT line and fell down on earth touching the cattle resulting in death.	Rs. 2500/- paid as compensation.
11.	**Kapurthala**		
	NIL	NIL	NIL
12.	**Amritsar**		
	14 Nos. Cattle	.. Due to electrocution	(i) Rs. 12,000/- has been paid in cases of 3 cattle. (ii) One case belongs to M.C. Amritsar. (iii) In five cases no compensation is payable. (iv) In five cases, under process *i.e.* report of chief Electrical Inspector awaited.
13.	**Gurdaspur**		
	11 Nos. Cattle	.. Due to electrocution.	(i) Rs. 12,000/- has been paid in respect of 4 cases of cattle. (ii) In 4 cases, documents awaited from the owners of cattle. (iii) In 3 cases, no compensation is payable.
14.	**Fatehgarh Sahib**		
	3 Nos. cattle	.. Due to electrocution	(i) Rs. 3,000/- paid in one case. In other two cases, no compensation is payable.

Original with;
Punjab Vidhan Sabha
Digitized by;
Punjab Digital Library

ਸ਼੍ਰੀ ਰਮੇਸ਼ ਦੱਤ ਸ਼ਰਮਾ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸਾਲ 1994-95 ਵਿਚ ਬਿਜਲੀ ਦੇ ਕਰੰਟ ਲਗਣ ਨਾਲ ਡੈਥਜ਼ ਹੋਈਆਂ ਹਨ । ਇਸ ਵਿਚ ਬਿਜਲੀ ਮਹਿਕਮੇ ਦੀ ਅਣਗਹਿਲੀ ਕਾਰਣ ਵੀ ਕਈ ਮੌਤਾਂ ਹੋਈਆਂ ਹਨ, ਇਸ ਲਈ ਕੀ ਮੁੱਖ ਮੰਤਰੀ ਸਾਹਿਬ ਇਸ ਦਾ ਕੋਈ ਪਰਮਾਨੈਂਟ ਸੋਲੂਸ਼ਨ ਲਭਣਗੇ ਅੌਰ ਜਿਹੜੀ ਇਨ੍ਹਾਂ ਨੂੰ ਕੋਈ ਕੀਮਤ ਵਗੈਰਾ ਦੇਣੀ ਹੈ ਉਹ ਜਲਦੀ ਤੋਂ ਜਲਦੀ ਦਿੱਤੀ ਜਾਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਬੜਾ ਰੇਗੂਲੇਟਿਡ ਸਿਸਟਮ ਹੈ ਇਸ ਤਰ੍ਹਾਂ ਨਾਲ ਜਿਹੜਾ ਆਦਮੀ ਮਰ ਜਾਂਦਾ ਹੈ ਤਾਂ ਉਸ ਦੀ ਇਨਕੁਆਇਰੀ ਇਕ ਮਹੀਨੇ ਵਿਚ ਕੀਤੀ ਜਾਂਦੀ ਹੈ ਅੌਰ ਉਸ ਲਈ ਕਾਨੂੰਨ ਦੇ ਮੁਤਾਬਿਕ ਮੁਆਵਜ਼ਾ ਦਿੱਤਾ ਜਾਂਦਾ ਹੈ ਅੌਰ ਜੇ ਕੋਈ ਪਸ਼ੂ ਮਰ ਜਾਂਦਾ ਹੈ ਤਾਂ ਉਸ ਦੀ ਦੋ ਮਹੀਨੇ ਵਿਚ ਇਨਕੁਆਇਰੀ ਕੀਤੀ ਜਾਂਦੀ ਹੈ ਅੌਰ ਦੋ ਮਹੀਨੇ ਬਾਅਦ ਪੈਸੇ ਦਿੱਤੇ ਜਾਂਦੇ ਹਨ । ਪਰ ਫਿਰ ਵੀ ਜੇ ਕੋਈ ਹੋਰ ਵੀ ਅਮੈਂਡਮੈਂਟ ਦੀ ਲੋੜ ਹੋਈ ਤਾਂ ਕੀਤੀ ਜਾ ਸਕਦੀ ਹੈ ।

ਸ਼੍ਰੀ ਰਮੇਸ਼ ਦੱਤ ਸ਼ਰਮਾ : ਕੀ ਮੁੱਖ ਮੰਤਰੀ ਸਾਹਿਬ ਇਹ ਦੱਸਣਗੇ ਕਿ ਜਿਹੜੇ ਕੇਸ ਹਾਲੇ ਅਨਟਰੇਸਡ ਹਨ, ਫੈਸਲੇ ਨਹੀਂ ਹੋਏ, ਕੀ ਉਨ੍ਹਾਂ ਕੇਸਾਂ ਵਿਚ ਜਲਦੀ ਫੈਸਲਾ ਕਰ ਕੇ ਇਸ ਸਾਲ ਦੇ ਅੰਦਰ ਅੰਦਰ ਪੇਮੈਂਟ ਕਰ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, 18 ਕੇਸ ਅਨਟਰੇਸਡ ਹਨ । ਸਾਡੀ ਕੋਸ਼ਿਸ਼ ਹੈ ਕਿ ਇਸ ਸਾਲ ਵਿਚ ਪੇਮੈਂਟ ਕਰ ਦਿੱਤੀ ਜਾਵੇ ।

ਜ਼ਿਲ੍ਹਾ ਗੁਰਦਾਸਪੁਰ ਵਿਚ ਨਵੀਆਂ ਡਿਸਪੈਂਸਰੀਆਂ ਖੋਲ੍ਹਣਾ

*2679. **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਵਿੱਤੀ ਸਾਲ 1995-96 ਦੇ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਵਿਚ ਕੋਈ ਨਵੀਆਂ ਡਿਸਪੈਂਸਰੀਆਂ/ਸਿਹਤ ਕੇਂਦਰ ਖੋਲ੍ਹਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਅਜਿਹੀਆਂ ਡਿਸਪੈਂਸਰੀਆਂ/ਸਿਹਤ ਕੇਂਦਰਾਂ ਦੀ ਗਿਣਤੀ ਅਤੇ ਵੇਰਵੇ ਕੀ ਕੀ ਹਨ ਜਿਨ੍ਹਾਂ ਨੂੰ ਤਹਿਸੀਲ ਬਟਾਲਾ ਵਿਚ ਖੋਲ੍ਹੇ ਜਾਣ ਦੀ ਤਜਵੀਜ਼ ਹੈ ?

Sardar Harcharan Singh Brar : Yes please, a target of establishment of 20 Health Centres (Mini Primary Health Centres) has been fixed by the Government for the year 1995-96 for the whole State. Due consideration can be given to Tehsil Batala while opening such Health Centres on the receipt of recommendations of the District Planning and Development Board, Gurdaspur.

List of Sub-sidiary Health Centres functioning in Tehsil Batala, Distt. Gurdaspur is laid on the Table of the House.

Original with;
Punjab Vidhan Sabha
Digitized by;
Punjab Digital Library

List of Subsidiary Health Centres functioning in Tehsil Batala Distt. Gurdaspur.

Sr. No.	Name of the Subsidiary Health Centres
1	2
1.	Subsidiary Health Centre, Ghasitpura.
2.	Subsidiary Health Centre, Jaura Singha.
3.	Subsidiary Health Centre, Chahal.
4.	Subsidiary Health Centre, Malakpur.
5.	Subsidiary Health Centre, Manan.
6.	Subsidiary Health Centre, Bhagowal.
7.	Subsidiary Health Centre, Sarupwali.
8.	Subsidiary Health Centre, Bijliwal.
9.	Subsidiary Health Centre, Talwandi Lal Singh.
10.	Subsidiary Health Centre, Thind Dhariwal.
11.	Subsidiary Health Centre, Vero Nangal.
12.	Subsidiary Health Centre, Dialgarh.
13.	Subsidiary Health Centre, Bahadur Hussain.
14.	Subsidiary Health Centre, Hardo Rawal.
15.	Subsidary Health Centre, Chanie Ke Bangar.
16.	Subsidiary Heath Centre, Nasar-Ke-Sarchur.
17.	Subsidiary Health Centre, Shankarpura.
18.	Subsidiary Health Centre, Panwan.
19.	Subsidiary Health Centre, Dalechak.
20.	Subsidiary Health Centre, Sehra.
21.	Subsidiary Health Centre, Villa Teja.
22.	Subsidiary Health Centre, Cheema Khudi.
23.	Subsidiary Health Centre, Gande-Ke-Chone.
24.	Subsidiary Health Centre. Mari Buchian.
25.	Subsidiary Health Centre, Mallowali.

Original with;
Punjab Vidhan Sabha
Digitized by;
Panjab Digital Library

[Health and Family Welfare Minister]

Sr. No.	Name of the Subsidiary Health Centres
1	2
26.	Subsidiary Health Centre, Aulakh.
27.	Subsidiary Health Centre, Mari Panwan.
28.	Subsidiary Health Centre, Dhapai.
29.	Subsidiary Health Centre, Akarpura.
30.	Subsidiary Healh Centre, Dalam Nangal.
31.	Subsidiary Health Centre, Dharowali.
32.	Subsidiary Health Centre, Chanie-Ke-Bet.
33.	Subsidiary Health Centre, Rahimabad.
34.	Subsidiary Health Centre, Khushalpur.
35.	Subsidiary Health Centre, Rupowali.
36.	Subsidiary Health Centre, Singhpura.
37.	Subsidiary Health Centre, Talwandi Rama.

Original with;
Punjab Vidhan Sabha
Digitized by;
Panjab Digital Library

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਦਾ ਜਿਹੜਾ ਮਸਲਾ ਹੈ, ਮੇਰੇ ਹਲਕੇ ਵਿਚ ਬਧਨੀਕਲਾਂ ਅਤੇ ਰਜੂਲਪੁਰ (ਜਗਰਾਉਂ) ਦੇ ਪਿੰਡ ਐਸੇ ਹਨ ਜਿਥੇ ਆਮ ਲੋਕਾਂ ਨੇ ਬਿਲਡਿੰਗ ਵੀ ਬਣਾ ਦਿੱਤੀ ਹੈ ਹੋਰ ਵੀ ਪੈਸੇ ਵਗੈਰਾ ਦੀ ਹੈਲਪ ਕਰਨ ਨੂੰ ਤਿਆਰ ਹਨ ਤਾਂ ਫਿਰ ਕੀ ਵਜ਼ੀਰ ਸਾਹਿਬ ਉਥੇ ਸਟਾਫ ਅੌਰ ਦਵਾਈਆਂ ਵਗੈਰਾ ਭੇਜ ਕੇ ਉਨ੍ਹਾਂ ਲੋਕਾਂ ਨੂੰ ਕੁਝ ਰਾਹਤ ਦੇਣਗੇ ? ਤਕਰੀਬਨ 5 ਲੱਖ ਰੁਪਿਆ ਜਮ੍ਹਾਂ ਪਿਆ ਹੈ । ਹੈਲਥ ਕਮੇਟੀ ਬਣਾਈ ਹੈ ਜਿਸਦਾ ਹਿਸਾਬ ਕਿਤਾਬ ਹੈਲਥ ਕਮੇਟੀ ਕੋਲ ਹੈ । ਪੈਸਾ ਕੈਨੇਡਾ ਤੋਂ ਹਰਬਖਸ਼ ਸਿੰਘ ਬਾਈ ਉਰਫ ਸੋਹਣ ਦੀ ਅਗਵਾਈ ਵਿਚ ਇਕੱਠਾ ਕਰਕੇ ਭੇਜਿਆ। ਬਾਹਰੋਂ ਲੋਕਾਂ ਨਾਲ 8 ਲੱਖ ਦੇ ਪਰਾਮਿਸ ਹਨ । ਸਹਕਾਰ ਕੰਮ ਚਾਲੂ ਕਰੇ ਭਾਵ ਦਵਾਈਆਂ ਅਤੇ ਸਟਾਫ ਭੇਜੇ ਤਾਂ ਕਿ ਲੋਕਾਂ ਦਾ ਵਿਸ਼ਵਾਸ ਬਣ ਸਕੇ । ਕੀ ਮੰਤਰੀ ਜੀ ਦੱਸਣਗੇ ਕਿ ਹਸਪਤਾਲ ਕਦੋਂ ਤੱਕ ਅੱਪਗਰੇਡ ਕਰਕੇ ਸਟਾਫ ਭੇਜ ਦਿੱਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਇਹ ਬਿਲਡਿੰਗ ਸਾਡੇ ਸਿਵਲ ਸਰਜਨ ਦੇਖ ਲੈਣਗੇ ਅੌਰ ਜੇ ਉਹ ਠੀਕ ਹੋਈ ਤਾਂ ਉਸ ਨੂੰ ਕਨਸਿਡਰ ਕਰ ਲਿਆ ਜਾਵੇਗਾ । ਜੇ ਕੋਈ ਪੰਚਾਇਤ ਇਸ ਤਰ੍ਹਾਂ ਪਾਰਟੀਸਿਪੇਸ਼ਨ ਕਰਦੀ ਹੈ ਤਾਂ ਉਸ ਨੂੰ ਐਨਕਰੇਜ ਕੀਤਾ ਜਾਂਦਾ ਹੈ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਡਿਸਪੈਂਸਰੀ ਖੋਲ੍ਹਣ ਦਾ ਕੀ ਕਰਾਈਟੇਰੀਆ ਹੈ ਅਤੇ ਕਿਸ ਆਧਾਰ ਤੇ ਪਰਾ-ਇਰਟੀ ਦਿੱਤੀ ਜਾਂਦੀ ਹੈ ?

ਮੰਤਰੀ : ਸਪੀਕਰ ਸਾਹਿਬ, 30 ਹਜ਼ਾਰ ਦੀ ਪਾਪੂਲੇਸ਼ਨ ਤੇ ਇਕ ਮਿਨੀ ਪ੍ਰਾਇਮਰੀ ਹੈਲਥ ਸੈਂਟਰ ਖੋਲ੍ਹਿਆ ਜਾਂਦਾ ਹੈ ।

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, 13 ਕਿੱਲੇ ਪੈਲੀ ਵਿਚ ਬਟਾਲਾ ਦਾ ਹਸਪਤਾਲ ਬਣਿਆ ਅਤੇ ਬਿਲਡਿੰਗ ਕੰਪਲੀਟ ਹੋ ਚੁੱਕੀ ਹੈ । ਉਥੇ ਸਟਾਫ ਕਦੋਂ ਤੱਕ ਸ਼ਿਫਟ ਕਰ ਦਿੱਤਾ ਜਾਵੇਗਾ, ਟਾਈਮ ਬਾਉਂਡ ਦਸਿਆ ਜਾਵੇ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਇਸ ਦੇ ਵਿਚੋਂ ਅਰਾਈਜ਼ ਨਹੀਂ ਹੁੰਦਾ । ਇਹ ਸੈਪਰੇਟ ਨੋਟਿਸ ਦੇ ਦੇਣ ।

ਏਡਜ਼ ਨਾਲ ਮੌਤਾਂ

*2281. **ਸ਼੍ਰੀਮਤੀ ਵਿਮਲਾ ਡਾਂਗ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਾਲ 1992, 1993, 1994 ਦੇ ਦੌਰਾਨ ਏਡਜ਼ ਨਾਲ ਮਰੇ ਮਰੀਜ਼ਾਂ ਦੀ ਸਾਲਵਾਰ ਗਿਣਤੀ ਕਿੰਨੀ ਕਿੰਨੀ ਹੈ ਅਤੇ ਅਜਿਹੇ ਹਸਪਤਾਲਾਂ ਦੇ ਨਾਂ ਕੀ ਹਨ ਜਿਨ੍ਹਾਂ ਵਿਚ ਉਨ੍ਹਾਂ ਦਾ ਇਲਾਜ ਕੀਤਾ ਗਿਆ ਸੀ ਅਤੇ ਹਰ ਇਕ ਮਰੀਜ਼ ਦੀ ਮੌਤ ਦੀ ਮਿਤੀ ਕੀ ਕੀ ਹੈ ?

Original with;
Punjab Vidhan Sabha
Digitized by;
Panjab Digital Library

Sardar Harcharan Singh Brar : The names and other particulars of the persons affected by AIDS is not disclosed as per advice of the Govt. of India to save the victims from social stigma and embarrassment. The deaths due to this disease are as under year-wise :-

Year 1992	.	8
Year 1993	..	2
Year 1994	..	2

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਭਾਵੇਂ ਨਾਂ ਨਾ ਦਸੇ ਜਾਣ ਪਰ ਇਨ੍ਹਾਂ ਵਿਚ ਕਿੰਨੇ ਮਰੀਜ਼ ਐਸੇ ਹਨ । ਜਿਨ੍ਹਾਂ ਨੂੰ ਬਲੱਡ ਚੜ੍ਹਾਇਆ ਗਿਆ ਅਤੇ ਕਿਡਨੀ ਟਰਾਂਸਪੇਰੈਂਟ ਤੋਂ ਬਾਅਦ ਮੌਤ ਹੋ ਗਈ ਅਤੇ ਡੋਨਰ ਦਾ ਬਲੱਡ ਦੇਣ ਤੋਂ ਪਹਿਲੇ ਟੈਸਟ ਨਹੀਂ ਕੀਤਾ ਗਿਆ ? ਕੀ ਇਹ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਹੈ ?

ਮੰਤਰੀ : ਸਪੀਕਰ ਸਾਹਿਬ, ਜਦੋਂ ਕਿਸੇ ਮਰੀਜ਼ ਨੂੰ ਬਲੱਡ ਦਿੱਤਾ ਜਾਂਦਾ ਹੈ ਤਾਂ ਬਲੱਡ ਦੇਣ ਵਾਲੇ ਦਾ ਪਹਿਲਾਂ ਬਲੱਡ ਟੈਸਟ ਕੀਤਾ ਜਾਂਦਾ ਹੈ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਇਸ ਬਿਮਾਰੀ ਦੀ ਪ੍ਰੀਵੈਨਸ਼ਨ ਲਈ ਸਰਕਾਰ ਵਲੋਂ ਕੀ ਉਪਾਏ ਕੀਤੇ ਜਾ ਰਹੇ ਹਨ ?

ਮੰਤਰੀ : ਸਪੀਕਰ ਸਾਹਿਬ, ਅਸੀਂ ਪਹਿਲੇ ਬਲੱਡ ਟੈਸਟ ਕਰਦੇ ਹਾਂ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਪਿਛਲੇ ਸਾਲ ਬਠਿੰਡਾ ਨਰਸਿੰਗ ਹੋਮ ਵਿਚ ਏਡਜ਼ ਦੇ ਇਕ ਮਰੀਜ਼ ਨੂੰ ਏਡਜ਼ ਵਾਲਾ ਖੂਨ ਦੇਣ ਦਾ ਕੇਸ ਸਰਕਾਰ ਦੇ ਨੋਟਿਸ ਵਿਚ ਲਿਆਂਦਾ ਗਿਆ ਸੀ ਅਤੇ ਮਨਿਸਟਰ ਸਾਹਿਬ ਨੂੰ ਵੀ ਪਤਾ ਹੈ ਅਤੇ ਇਨ੍ਹਾਂ ਨੇ ਉਸ ਦੀ ਇਨਕੁਆਇਰੀ ਦੇ ਆਰਡਰ ਵੀ ਕੀਤੇ ਸਨ । ਉਸ ਦੀ ਰਿਪੋਰਟ ਆ ਗਈ ਹੋਵੇਗੀ, ਉਸ ਨਰਸਿੰਗ ਹੋਮ ਦੇ ਡਾਕਟਰ ਦੇ ਖ਼ਿਲਾਫ਼ ਕੀ ਕਾਰਵਾਈ ਕੀਤੀ ਗਈ ਹੈ ਜਿਸ ਨੇ ਟੈਸਟ ਕੀਤੇ ਬਿਨਾਂ ਬਲੱਡ ਚੜ੍ਹਾ ਦਿੱਤਾ ਸੀ ?

ਮੰਤਰੀ : ਸਪੀਕਰ ਸਾਹਿਬ, ਜਿਹੜਾ ਦੋਸ਼ੀ ਹੋਵੇਗਾ ਅਤੇ ਇਨਕੁਆਇਰੀ ਵਿਚ ਸਾਬਤ ਹੋ ਜਾਵੇਗਾ, ਅਸੀਂ ਉਸ ਨੂੰ ਜ਼ਰੂਰ ਸਜ਼ਾ ਦੇਵਾਂਗੇ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਪਿਛਲੇ ਸਾਲ ਦਾ ਕੇਸ ਹੈ ਅੰਰ ਕੀ ਇਕ ਸਾਲ ਵਿਚ ਸਿਵਲ ਸਰਜਨ ਨੇ ਇਨ੍ਹਾਂ ਨੂੰ ਰਿਪੋਰਟ ਨਹੀਂ ਭੇਜੀ ਅੰਰ ਅਗਰ ਰਿਪੋਰਟ ਆ ਗਈ ਹੈ ਤਾਂ ਫਿਰ ਉਸ ਉਤੇ ਕਾਰਵਾਈ ਕਿਉਂ ਨਹੀਂ ਹੋਈ ?

ਮੰਤਰੀ : ਸਪੀਕਰ ਸਾਹਿਬ, ਇਹ ਆਪ ਵੀ ਇਕ ਸਾਲ ਬਾਅਦ ਕੁਐਸਚਨ ਕਰਨ ਲਗੇ ਹਨ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਅਸੀਂ ਅਸੈਂਬਲੀ ਵਿਚ ਸੈਸ਼ਨ ਦੌਰਾਨ ਹੀ ਸਵਾਲ ਪੁੱਛ ਸਕਦੇ ਹਾਂ । ਇਹ ਪਿਛਲੇ ਸਾਲ ਦਾ ਮਾਮਲਾ ਹੈ, ਇਹ ਦੱਸ ਕਿਉਂ ਨਹੀਂ ਰਹੇ ? ਇਨ੍ਹਾਂ ਨੇ ਖੁਦ ਇਨਕੁਆਇਰੀ ਮਾਰਕ ਕੀਤੀ ਸੀ । ਕੀ ਇਨ੍ਹਾਂ ਕੋਲ ਰਿਪੋਰਟ ਆ ਗਈ ਹੈ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲੇ ਹੀ ਕਹਿ ਚੁੱਕਾ ਹਾਂ ਕਿ ਅਗਰ ਇਨਕੁਆਇਰੀ ਵਿਚ ਸਾਬਤ ਹੋਵੇਗਾ ਤਾਂ ਕਸੂਰਵਾਰ ਦੇ ਖਿਲਾਫ਼ ਕਾਰਵਾਈ ਕਰਾਂਗਾ । ਅਸੀਂ ਜ਼ਰੂਰ ਸਜ਼ਾ ਦੇਵਾਂਗੇ ।

ਸ਼੍ਰੀ ਸਪੀਕਰ : ਅਗਰ ਇਨਕੁਆਇਰੀ ਕਰਵਾਈ ਹੈ ਔਰ ਰਿਪੋਰਟ ਆ ਗਈ ਹੈ ਤਾਂ ਕੀ ਉਸ ਉਤੇ ਐਕਸ਼ਨ ਹੋ ਰਿਹਾ ਹੈ, ਤੁਸੀਂ ਇਸ ਦਾ ਜਵਾਬ ਨਹੀਂ ਦਿੱਤਾ (ਵਿਘਨ)

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੇਰੀ ਗੱਲ ਦਾ ਹਾਲ ਜਵਾਬ ਨਹੀਂ ਆਇਆ ।

ਸਰਦਾਰ ਹਰਗੋਪਾਲ ਸਿੰਘ : ਸਪੀਕਰ ਸਾਹਿਬ, ਕੀ ਪੰਜਾਬ ਵਿਚ ਏਡਜ਼ ਨੂੰ ਟੈਸਟ ਕਰਨ ਵਾਸਤੇ ਕੋਈ ਸਪੈਸ਼ਲ ਸੈਂਟਰ ਬਣਾਏ ਗਏ ਹਨ ?

ਮੰਤਰੀ : ਸਪੀਕਰ ਸਾਹਿਬ, ਸਾਡੀਆਂ 3 ਲੈਬਾਰਿਟਰੀਜ਼ ਬਲੱਡ ਨੂੰ ਟੈਸਟ ਕਰਨ ਲਈ ਹਨ, ਇਨ੍ਹਾਂ ਦੇ ਸੈਂਟਰ ਅੰਮ੍ਰਿਤਸਰ, ਲੁਧਿਆਣਾ ਅਤੇ ਪਟਿਆਲਾ ਵਿਚ ਹਨ ਅਤੇ ਜਿਹੜੇ ਸਾਡੇ 52 ਬਲੱਡ ਬੈਂਕ ਹਨ ਉਥੇ ਵੀ ਬਲੱਡ ਟੈਸਟ ਕਰਨ ਵਾਲੇ ਸੈਂਟਰ ਹਨ ਜਿਥੇ ਅਸੀਂ ਬਲੱਡ ਨੂੰ ਟਰਾਂਸਫਿਊਜ਼ ਕਰਦੇ ਹਾਂ ।

ਸ਼੍ਰੀ ਮਲਕੀਤ ਸਿੰਘ ਬੀਰਮੀ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਸਹੀ ਗੱਲ ਦੱਸਣ ਔਰ ਉਹ ਸਹੀ ਗੱਲ ਦੱਸਣ ਤੋਂ ਹੈਜੀਟੇਟ ਕਿਉਂ ਕਰ ਰਹੇ ਹਨ ?

ਸ਼੍ਰੀ ਸਪੀਕਰ: ਤੁਸੀਂ ਉਨ੍ਹਾਂ ਨੂੰ ਸਵਾਲ ਪੁੱਛੋ ਅਤੇ ਸਵਾਲ ਰਪੀਟ ਨਾ ਕਰੋ ।

ਸ਼੍ਰੀ ਮਲਕੀਤ ਸਿੰਘ ਬੀਰਮੀ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਦੱਸਣ ਕਿ ਇਨਅੁਆਇਰੀ ਦੀ ਰਿਪੋਰਟ ਆ ਗਈ ਹੈ ਜਾਂ ਨਹੀਂ ਅਤੇ ਇਨਕੁਆਇਰੀ ਹੋਈ ਹੈ ਜਾਂ ਨਹੀਂ ਹੋਈ ? ਅਗਰ ਏਡਜ਼ ਦੇ ਮਰੀਜ਼ ਨੂੰ ਖ਼ੂਨ ਟੈਸਟ ਕਰਨ ਤੋਂ ਬਗੈਰ ਦਿੱਤਾ ਗਿਆ ਹੈ ਤਾਂ ਇਹ ਬਿਮਾਰੀ ਦੂਸਰਿਆਂ ਨੂੰ ਵੀ ਲਗ ਸਕਦੀ ਹੈ । ਕੀ ਮੰਤਰੀ ਜੀ ਸਹੀ ਤਰੀਕੇ ਦੇ ਨਾਲ ਇਨਕੁਆਇਰੀ ਕਰਵਾਉਣਗੇ ?

ਮੰਤਰੀ: ਸਪੀਕਰ ਸਾਹਿਬ, ਮੈਂ ਤਾਂ ਬੜੀ ਵਾਰ ਕਿਹਾ ਹੈ । ਮੈਂਬਰ ਸਾਹਿਬਾਨ ਦੱਸਣ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਵਿਸ਼ਵਾਸ ਆ ਸਕਦਾ ਹੈ, ਉਸੇ ਤਰ੍ਹਾਂ ਕਰ ਦੇਵਾਂਗੇ ।

ਫੌਜੀ ਅਫ਼ਸਰ ਦਾ ਬੁੱਤ ਲਗਾਉਣਾ

*2650. (1) **ਡਾਕਟਰ ਰਤਨ ਸਿੰਘ**
(2) **ਕਾਮਰੇਡ ਤਰਸੇਮ ਜੋਧਾਂ** } ਕੀ ਵਿੱਤ ਮੰਤਰੀ ਕਿਰਪਾ

ਕਰਕੇ ਦੱਸਣਗੇ ਕਿ ਕੀ ਭਾਰਤ ਨਗਰ ਚੌਕ, ਲੁਧਿਆਣਾ ਸ਼ਹਿਰ ਵਿਖੇ ਕਿਸੇ ਫੌਜੀ ਅਫ਼ਸਰ ਦਾ ਬੁੱਤ ਲਗਾਇਆ ਗਿਆ ਸੀ ; ਜੇਕਰ ਅਜਿਹਾ ਹੋਵੇ, ਤਾਂ ਉਕਤ ਫੌਜੀ ਅਫ਼ਸਰ ਦਾ ਨਾਂ ਅਤੇ ਰੈਂਕ ਕੀ ਹੈ ਅਤੇ ਉਨ੍ਹਾਂ ਲੜਾਈਆਂ ਦੇ ਵੇਰਵੇ ਕੀ ਕੀ ਹਨ ਜਿਨ੍ਹਾਂ ਵਿਚ ਉੱਕਤ ਅਫ਼ਸਰ ਨੇ ਹਿੱਸਾ ਲਿਆ ?

Original with;
Punjab Vidhan Sabha
Digitized by;
Panjab Digital Library

Doctor Kewal Krishan: Yes Sir. A statue of Martyr Major Bhupinder Singh was installed in Bharat Nagar Chowk, Ludhiana. He had participated in the Indo-Pak War of 1965.

ਡਾਕਟਰ ਰਤਨ ਸਿੰਘ: ਸਪੀਕਰ ਸਾਹਿਬ, ਕੀ ਇਹ ਸ਼ਹੀਦ ਭੁਪਿੰਦਰ ਸਿੰਘ ਦਾ ਬੁੱਤ ਭਾਰਤ ਨਗਰ ਚੌਕ ਤੇ ਹੈ ਜਾਂ ਨਹੀਂ ?

ਮੰਤਰੀ: ਸਪੀਕਰ ਸਾਹਿਬ, ਇਹ ਬੁੱਤ ਉਸ ਜਗ੍ਹਾ ਤੇ ਹੈ ਨਹੀਂ ਕਿਉਂਕਿ ਉਥੇ ਟ੍ਰੈਫਿਕ ਵਾਸਤੇ ਰੈਡ ਲਾਈਟ, ਗਰੀਨ ਲਾਈਟ, ਦੀ ਬੜੀ ਜ਼ਰੂਰਤ ਸੀ ਕਿਉਂਕਿ ਐਕਸੀਡੈਂਟ ਹੁੰਦੇ ਸੀ ਜੋ ਬੜੇ ਫੈਟਲ ਸੀ । ਅਸੀਂ ਉਸ ਬੁੱਤ ਨੂੰ ਬੜੇ ਮਾਨ ਅਤੇ ਸਤਿਕਾਰ ਨਾਲ ਉਥੋਂ ਰਿਮੂਵ ਕਰਕੇ ਵਾਰ ਮਿਉਜ਼ਮ ਵਿਚ ਲੈ ਗਏ ਹਾਂ । ਇਹ ਗਰਲਜ਼ ਕਾਲਜ ਕੋਲ 70,000/- ਰੁਪਏ ਦੇ ਖਰਚੇ ਨਾਲ ਇਸ ਨੂੰ ਦੋਬਾਰਾ ਗਰੀਨ ਬੈਲਟ ਵਿਚ ਬੜੇ ਸਨਮਾਨ ਨਾਲ ਸਥਾਪਤ ਕਰਾਂਗੇ ਤਾਂ ਕਿ ਆਮ ਪਬਲਿਕ ਦਰਸ਼ਨ ਕਰ ਸਕੇ ।

ਸਰਦਾਰ ਨਿਰਮਲ ਸਿੰਘ ਨਿੰਮਾ: ਸਪੀਕਰ ਸਾਹਿਬ, ਪਰਮਵੀਰ ਚਕਰ ਸਰਦਾਰ ਕਰਮਜੀਤ ਸਿੰਘ ਮਲੀਆਂ ਨੂੰ ਮਿਲਿਆ ਸੀ ਅਤੇ 1993 ਵਿਚ ਸਰਕਾਰ ਵੱਲੋਂ ਸੰਗਰੂਰ ਵਿਖੇ ਅਨਾਊਂਸਮੈਂਟ ਕੀਤੀ ਸੀ ਕਿ ਉਥੇ ਬੁੱਤ ਲਗਾਇਆ ਜਾਵੇਗਾ । ਕੀ ਸਰਕਾਰ ਹੁਣ ਉਥੇ ਬੁੱਤ ਲਗਾਵੇਗੀ ?

ਮੰਤਰੀ: ਸਪੀਕਰ ਸਾਹਿਬ, ਇਸ ਸਵਾਲ ਬਾਰੇ ਨਵਾਂ ਨੋਟਿਸ ਚਾਹੀਦਾ ਹੈ ।

ਸ਼੍ਰੀ ਸਪੀਕਰ: ਉਹ ਕੁਐਸਚਨ ਮਿਊਂਸਪੈਲਟੀ ਨਾਲ ਰੀਲੇਟਿਡ ਸੀ ਇਸ ਕਰਕੇ ਉਨ੍ਹਾਂ ਨੇ ਜਵਾਬ ਦਿੱਤਾ ਸੀ । ਮੇਰਾ ਹਲਕਾ ਲੁਧਿਆਣਾ ਹੈ ਅਤੇ ਮੈਂ ਵੀ ਇੰਟਰੈਸਟਿਡ ਹਾਂ ਕਿ ਉਸ ਜਗ੍ਹਾ ਬੁੱਤ ਲਗਾਉਣਾ ਚਾਹੀਦਾ ਹੈ । ਇਹ ਬੁੱਤ ਬੜੀ ਇਮਪਾਰਟੈਂਟ ਜਗ੍ਹਾ ਤੇ ਲਗ ਰਿਹਾ ਹੈ । ਉਹ ਗਰਲਜ਼ ਕਾਲਜ ਜਗਰਾਉਂ ਰੋਡ ਤੇ ਹੈ ਉਥੇ ਆਉਂਦਿਆਂ ਜਾਂਦਿਆਂ ਉਨ੍ਹਾਂ ਦੇ ਦਰਸ਼ਨ ਹੋਣਗੇ ।

ਗਰਾਮ ਪੰਚਾਇਤ, ਨੂਰਪੁਰ ਬੇਦੀ ਦੇ ਖ਼ਿਲਾਫ ਸ਼ਿਕਾਇਤ

*2488. **ਸ਼੍ਰੀ ਮਦਨ ਮੋਹਨ ਮਿੱਤਲ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ : —

(ੳ) ਕੀ ਸਾਲ 1992 ਤੋਂ ਹੁਣ ਤਕ ਦੇ ਸਮੇਂ ਦੌਰਾਨ ਗਰਾਮ ਪੰਚਾਇਤ, ਨੂਰਪੁਰ-ਬੇਦੀ, ਜ਼ਿਲ੍ਹਾ ਰੋਪੜ ਦੀ ਪੰਚਾਇਤ ਦੇ ਖ਼ਿਲਾਫ ਸ਼ਮਸ਼ਾਨ ਘਾਟ ਬਣਾਉਣ ਸਬੰਧੀ ਕੋਈ ਸ਼ਿਕਾਇਤ ਸਰਕਾਰ ਨੂੰ ਪ੍ਰਾਪਤ ਹੋਈ ਹੈ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਕੀ ਇਸ ਸ਼ਿਕਾਇਤ ਦੇ ਆਧਾਰ ਤੇ ਕੋਈ ਜਾਂਚ ਕੀਤੀ ਗਈ ; ਜੇਕਰ ਅਜਿਹਾ ਹੈ ਤਾਂ ਜਾਂਚ ਦੀ ਰਿਪੋਰਟ ਦੇ ਵੇਰਵੇ ਕੀ ਹਨ ?

Original with;
Punjab Vidhan Sabha
Digitized by;
Punjab Digital Library

Shri Santokh Singh Chaudhary (Chief Parliamentary Secretary): Yes Sir.

(b) Investigation is still going on.

ਸ਼੍ਰੀ ਮਦਨ ਮੋਹਨ ਮਿੱਤਲ: ਇਹ ਜੋ ਸ਼ਿਕਾਇਤ ਹੈ ਉਹ ਬੜੀ ਪੁਰਾਣੀ ਹੈ । ਇਨ੍ਹਾਂ ਨੇ ਕਿਹਾ ਹੈ ਕਿ investigation is still going on ਇਹ ਕਿਸ ਸਟੇਜ ਤੇ ਹੈ ਅਤੇ ਕਿੰਨੇ ਟਾਈਮ ਵਿਚ ਕੰਪਲੀਟ ਹੋ ਜਾਵੇਗੀ ?

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਇਸ ਦੇ ਮੈਟੀਰੀਅਲ ਨੂੰ ਲੈਬਾਰਟਰੀ ਵਿਚ ਭੇਜਿਆ ਗਿਆ ਹੈ । ਜਦੋਂ ਇਸ ਦੀ ਰਿਪੋਰਟ ਆ ਜਾਵੇਗੀ ਉਸ ਦਿਨ ਇਹ ਕੰਪਲੀਟ ਹੋ ਜਾਵੇਗਾ ਅਤੇ ਦੋਸ਼ੀਆਂ ਤੇ ਐਕਸ਼ਨ ਲਵਾਂਗੇ ।

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਲੈਬਾਰਟਰੀ ਵਿਚ ਕੇਸ ਕਿਸ ਤਾਰੀਖ ਨੂੰ ਭੇਜਿਆ ਗਿਆ ਸੀ । ਲੈਬਾਰਟਰੀ ਹੈ ਕੋਈ ਸਟੋਰੇਜ ਤਾਂ ਨਹੀਂ ਕਿ ਉਥੋਂ ਰਿਪੋਰਟ ਨਾ ਆਵੇ । ਲੈਬਾਰਟਰੀ ਦੀ ਰਿਪੋਰਟ ਮੰਗਵਾਉਣ ਲਈ ਕੀ ਸਰਕਾਰ ਨੇ ਕੋਈ ਰਿਮਾਈਂਡਰ ਭੇਜਿਆ ਹੈ ਕਿ ਜਲਦੀ ਰਿਪੋਰਟ ਭੇਜੀ ਜਾਵੇ ?

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਇਸ ਬਾਰੇ ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਲੈਬਾਰਟਰੀ ਦੀ ਰਿਪੋਰਟ ਮੰਗਵਾ ਕੇ ਕਾਰਵਾਈ ਕਰਾਂਗੇ ।

ਸ਼੍ਰੀ ਸਪੀਕਰ: ਹੁਣ ਕਿਤਨਾ ਟਾਈਮ ਲਗੇਗਾ ।

ਮੁੱਖ ਸੰਸਦੀ ਸਕੱਤਰ ਸਪੀਕਰ ਸਾਹਿਬ, ਇਕ ਮਹੀਨੇ ਦੇ ਅੰਦਰ ਅੰਦਰ ਕਰਾਂਗੇ ।

श्रीमती लक्ष्मी कांता चावला: अध्यक्ष महोदय, मैं मुख्य संसदीय सचिव जी से पूछना चाहती हूं कि यह बताएं कि शिकायत किस तारीख को मिली थी बिल्डिंग का मैटीरीयल किस तारीख को भेजा गया था, लैबारटरी को कितना समय लेना चाहिए इनके नियमों के मुताबिक ?

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਇਸ ਦੀ ਕੰਪਲੇਂਟ ਮਿਲੀ ਸੀ ਅਤੇ ਸਾਡੇ ਜੇ. ਡੀ. ਸੀ. ਨੇ ਇਹ ਇਨਕੁਆਇਰੀ ਕੀਤੀ ਹੈ ।

श्रीमती लक्ष्मी कांता चावला: हमने तारीख पूछी है, तारीख ।

ਮੁੱਖ ਸੰਸਦੀ ਸਕੱਤਰ: ਮੈਂ ਦੱਸਿਆ ਹੈ ਕਿ 3 ਮਹੀਨੇ, 4 ਮਹੀਨੇ ਹੋਏ ਹਨ ਮੈਟੀਰੀਅਲ ਨੂੰ ਲੈਬਾਰਟਰੀ ਵਿਚ ਭੇਜੇ ਨੂੰ ਅਤੇ ਇਹ ਇਕ ਮਹੀਨੇ ਦੇ ਅੰਦਰ ਅੰਦਰ ਰਿਪੋਰਟ ਆ ਜਾਵੇਗੀ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਲੈਬਾਰਟਰੀ 7 ਦਿਨ ਲੈਂਦੀ ਹੈ ।

ਸ਼੍ਰੀ ਸਪੀਕਰ: ਇਨ੍ਹਾਂ ਨੇ ਪੁਛਿਆ ਹੈ ਕਿ ਕਿਹੜੀ ਡੇਟ ਨੂੰ ਸ਼ਿਕਾਇਤ ਮਿਲੀ, ਕਿਹੜੀ ਡੇਟ ਨੂੰ ਲੈਬਾਰਟਰੀ ਨੂੰ ਭੇਜਿਆ, ਕਿੰਨਾ ਟਾਈਮ ਅੱਗੇ ਫਿਕਸ ਹੈ ਰਿਪੋਰਟ ਭੇਜਣ ਲਈ, ਤੁਸੀਂ ਇਹ ਦੱਸੋ ।

Original with;
Punjab Vidhan Sabha
Digitized by;
Panjab Digital Library

ਮੁੱਖ ਸੰਸਦੀ ਸਕੱਤਰ : ਇਸ ਵਿਚ ਕੋਈ ਟਾਈਮ ਫਿਕਸ ਨਹੀਂ ਹੈ । ਮੈਂ ਐਸ਼ਿਓ-ਰੈਂਸ ਦਿੱਤੀ ਹੈ ਕਿ ਵਿਦਿਨ ਵਨ ਮੰਥ ਕਰ ਦਿਆਂਗੇ । ਬਾਕੀ 4 ਮਹੀਨੇ ਪਹਿਲਾਂ ਮੈਟ-ਰੀਅਲ ਭੇਜਿਆ ਸੀ ਉਸ ਦੀ ਐਗਜ਼ੈਕਟ ਡੇਟ ਮੇਰੇ ਕੋਲ ਨਹੀਂ ਹੈ ।

श्रीमती लक्ष्मी कांता चावला. क्या यह हाऊस को विश्वास देते हैं कि जो भी होना है, वह एक महीने के अन्दर अन्दर हो जाएगा ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਮੈਂ ਆਲਰੈਡੀ ਕਹਿ ਚੁੱਕਾ ਹਾਂ ਅਤ ਮੈਂ ਮਾਨਯੋਗ ਮੈਂਬਰ ਦੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਡਿਪਾਰਟਮੈਂਟ ਨੂੰ ਜਿਹੜੇ ਪੰਚਾਇਤ ਦੇ ਮੈਂਬਰ ਜਾਂ ਦੂਸਰੇ ਬੰਦੇ ਹਨ, ਉਨ੍ਹਾਂ ਦੇ ਅਗੇਂਸਟ ਐਕਸ਼ਨ ਲੈਣ ਵਾਸਤੇ ਕਹਿ ਦਿੱਤਾ ਹੈ । ਲੈਬਾਰਟਰੀ ਦੀ ਰਿਪੋਰਟ ਦੀ ਵੇਟ ਕਰ ਰਹੇ ਹਾਂ ਕਿਉਂਕਿ ਜੇ ਜੇ. ਈ. ਦੇ ਖਿਲਾਫ ਐਕਸ਼ਨ ਲੈਣਾ ਪਿਆ, ਤਾਂ ਵੇਟ ਕਰ ਰਹੇ ਹਾਂ ।

ਉੱਨਤ ਗ੍ਰਾਮ ਸਕੀਮ ਹੇਠ ਪੰਚਾਇਤਾਂ ਨੂੰ ਹਿੱਸਾ ਪਾਉਣ ਤੋਂ ਛੋਟ ਦੇਣਾ

* 2623. **ਸਰਦਾਰ ਨਿਰਮਲ ਸਿੰਘ ਨਿੰਮਾ** . ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੇ ਵਿਚਾਰ ਅਧੀਨ ਅਜਿਹੀਆਂ ਗ੍ਰਾਮ-ਪੰਚਾਇਤਾਂ ਜਿਨ੍ਹਾਂ ਦੀ ਆਮਦਨ ਦੇ ਆਪਣੇ ਕੋਈ ਸਾਧਨ ਨਹੀਂ ਹਨ ਨੂੰ ' ਉੱਨਤ ਗ੍ਰਾਮ ਸਕੀਮ ' ਅਤੇ ਹੋਰ ਵਿਕਾਸ ਦੇ ਕੰਮਾਂ ਹੇਠ ਕੰਮਾਂ ਵਿਚ ਆਪਣਾ ਬਣਦਾ ਹਿੱਸਾ ਪਾਉਣ ਤੋਂ ਛੋਟ ਦੇਣ ਦੀ ਕੋਈ ਤਜਵੀਜ਼ ਹੈ ; ਜੇਕਰ ਨਹੀਂ ਤਾਂ ਉਸ ਦੇ ਕੀ ਕਾਰਣ ਹਨ ?

Shri Santokh Singh Chaudhary (Chief Parliamentary Secretary):

Exemption has already been granted under ' Unnat Gram Scheme '.

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉੱਨਤ ਗ੍ਰਾਮ ਸਕੀਮ ਅਧੀਨ ਛੋਟ ਦਿੱਤੀ ਗਈ ਹੈ । ਪਰ ਜਿਹੜੇ ਉੱਨਤ ਗ੍ਰਾਮ ਸਕੀਮ ਅਧੀਨ ਨਹੀਂ ਲਿਆਂਦੇ, ਉਨ੍ਹਾਂ ਨੂੰ ਪਲਾਨਿੰਗ ਬੋਰਡ ਤੋਂ ਗਰਾਂਟ ਜਾਂਦੀ ਹੈ, ਕੀ ਉਨ੍ਹਾਂ ਨੂੰ ਸ਼ੇਅਰ ਪਾਉਣ ਤੋਂ ਐਗਜ਼ੈਂਪਸ਼ਨ ਦਿੱਤੀ ਜਾਵੇਗੀ ?

ਮੁੱਖ ਸੰਸਦੀ ਸਕੱਤਰ : ਇਹ ਸਪੀਕਰ ਸਾਹਿਬ, ਉੱਨਤ ਗ੍ਰਾਮ ਸਕੀਮ, ਵਿਚ ਪ੍ਰੋਵੀਜ਼ਨ ਸੀ ਕਿ ਜਿਹੜੀ ਗ੍ਰਾਮ ਪੰਚਾਇਤ ਆਪਣਾ 25% ਸ਼ੇਅਰ ਦੇਵੇਗੀ, ਉਸ ਨੂੰ ਗਰਾਂਟ ਰਿਲੀਜ਼ ਹੋਵੇਗੀ । ਹੁਣ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਫੈਸਲਾ ਲੈ ਲਿਆ ਹੈ ਕਿ ਇਹ ਕੰਡੀਸ਼ਨ ਵੀ ਨਹੀਂ ਲਗਾਈ ਜਾਵੇਗੀ ਅਤੇ ਸਿਰਫ ਜਿਥੇ ਜ਼ਰੂਰੀ ਹੋਵੇਗਾ, ਅਰਥ ਵਰਕ ਵਾਸਤੇ ਪੰਚਾਇਤ ਨੂੰ ਕਿਹਾ ਜਾਵੇਗਾ, 25% ਵਾਲੀ ਸ਼ਰਤ ਵੇਵ ਕਰ ਦਿੱਤੀ ਹੈ । ਐਸੀਆਂ ਹੋਰ ਮੈਚਿੰਗ ਗ੍ਰਾਂਟਸ ਦੀਆਂ ਹੋਰ ਸਕੀਮਾਂ ਵੀ ਹੁੰਦੀਆਂ ਹਨ, ਉਹ ਵੀ ਅਸੀਂ ਸੋਚ ਰਹੇ ਹਾਂ ਕਿ ਬੰਦ ਕਰ ਦੇਈਏ ।

Original with;
Punjab Vidhan Sabha
Digitized by;
Panjab Digital Library

ਸਰਦਾਰ ਸ਼ਮਸੇਰ ਸਿਘ ਰਾਏ: ਸਪੀਕਰ ਸਾਹਿਬ, ਮੈ ਚੀਫ ਪਾਰਲੀਮੈਂਟਰੀ ਸੈਕੇਟਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਸਦੇ ਵਿਚ ਅਮਾਊਂਟ ਰਖੀ ਗਈ ਹੈ, ਉਸ ਦੇ ਵਿਚ ਪੰਚਾਇਤ ਵਲੋਂ ਕਿੰਨੀ ਅਮਾਊਂਟ ਤਕ ਕੰਸਟ੍ਰਕਸ਼ਨ ਕੀਤੀ ਜਾਵੇਗੀ ਅਤੇ ਪੰਚਾਇਤੀ ਰਾਜ ਵਲੋਂ ਕਿੰਨੀ ਅਮਾਊਂਟ ਤਕ ਕੀਤੀ ਜਾਵੇਗੀ ?

ਮੁੱਖ ਸੰਸਦੀ ਸਕੱਤਰ: 5 ਲੱਖ ਰੁਪਏ ਤੱਕ ਪੰਚਾਇਤ ਕੰਸਟ੍ਰਕਸ਼ਨ ਕਰੇਗੀ ਅਤੇ ਉਸ ਤੋਂ ਬਾਅਦ ਪੰਚਾਇਤੀ ਰਾਜ ਦਾ ਇੰਜੀਨੀਰਿੰਗ ਵਿੰਗ ਕਰੇਗਾ ।

ਸਰਦਾਰ ਸ਼ਮਸ਼ੇਰ ਸਿੰਘ ਰਾਏ: ਸਪੀਕਰ ਸਾਹਿਬ, ਪਿਛਲੀ ਵਾਰ ਇਸ ਅਮਾਊਂਟ ਨੂੰ 10 ਲੱਖ ਰੁਪਏ ਤਕ ਵਧਾਇਆ ਗਿਆ ਸੀ, ਇਸ ਦੀ ਐਸ਼ਿਓਰੈਂਸ ਹੋਈ ਸੀ, ਇਸ ਦਾ ਫੈਸਲਾ ਹੋਇਆ ਸੀ ? ਮੈਂ ਮਾਨਯੋਗ ਮੁੱਖ ਸੰਸਦੀ ਸਕੱਤਰ ਤੋਂ ਪੁੱਛਣਾ ਚਾਹੁੰਦਾ ਹਾਂ ।

ਸ਼੍ਰੀ ਸਪੀਕਰ ਕਿਥੇ ਫੈਸਲਾ ਹੋਇਆ ਸੀ ?

ਸਰਦਾਰ ਸ਼ਮਸ਼ੇਰ ਸਿੰਘ ਰਾਏ ਇਸ ਦਾ ਫੈਸਲਾ 10 ਲੱਖ ਰੁਪਏ ਤੱਕ ਹੋਇਆ ਸੀ ਜੀ ਅਤੇ ਇਸ ਸਬੰਧੀ ਐਸ਼ਿਓਰੈਂਸ ਹਾਊਸ ਵਿਚ ਦਿੱਤੀ ਗਈ ਸੀ ।

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਇਹ ਗੱਲ ਸਾਡੇ ਧਿਆਨ ਵਿਚ ਨਹੀਂ । 5 ਲੱਖ ਤੱਕ ਵਰਕ ਪੰਚਾਇਤ ਕਰੇਗੀ ਅਤੇ ਉਸ ਤੋਂ ਬਾਅਦ ਪੰਚਾਇਤੀ ਰਾਜ ।

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਲਾਸਟ ਈਯਰ, ਮੈਂ ਤੁਹਾਡੇ ਦੁਆਰਾ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ, ਨੂੰ ਦੱਸਣਾ ਵੀ ਚਾਹੁੰਦਾ ਹਾਂ ਤੇ ਐਸ਼ਿਓਰੈਂਸ ਵੀ ਚਾਹੁੰਦਾ ਹਾਂ ਕਿ ਕੁਐਸਚਨ ਰੇਜ਼ ਹੋਇਆ ਸੀ ਅਤੇ ਮੁੱਖ ਮੰਤਰੀ ਸਾਹਿਬ, ਨੇ ਕਹਿ ਛੱਤਾ ਸੀ ਕਿ ਗਰਾਂਟ 5 ਲੱਖ ਤੋਂ 10 ਲੱਖ ਰੁਪਏ ਤੱਕ ਵਧਾ ਦਿੱਤੀ ਜਾਵੇਗੀ । ਇਸ ਦੀਆਂ ਇੰਸਟ੍ਰਕਸ਼ਨਾਂ ਇਸ਼ੂ ਹੋਈਆਂ ਹਨ ਜਾਂ ਨਹੀਂ ਅਤੇ ਅਗੋਂ ਉਨ੍ਹਾਂ ਤੇ ਕੁਝ ਹੋਇਆ ਹੈ ਜਾਂ ਨਹੀਂ I don't know, but it was definitely stated on the floor of the House. ਉਨ੍ਹਾਂ ਨੇ ਕਿਹਾ ਹੈ ਕਿ 10 ਲੱਖ ਰੁਪਏ ਤਕ ਵਰਕ ਪੰਚਾਇਤਾਂ ਕਰਨਗੀਆਂ ਅਤੇ ਉਸ ਤੋਂ ਬਾਅਦ ਪੰਚਾਇਤੀ ਰਾਜ ਡਿਪਾਰਟਮੈਂਟ ਵਾਲੇ ਕਰਵਾਉਣਗੇ ।

ਮੁੱਖ ਸੰਸਦੀ ਸਕੱਤਰ : ਨਹੀਂ ਜੀ, ਐਸੀ ਕੋਈ ਇਤਲਾਹ ਸਾਡੇ ਕੋਲ ਨਹੀਂ ਹੈ । 5 ਲੱਖ ਤੋਂ ਉਪਰ ਦੀ ਅਮਾਊਂਟ ਵਿਚ ਕੁਝ ਟੈਕਨੀਕਲ ਇਨਵਾਲਵਮੈਂਟ ਹੋ ਜਾਂਦੀ ਹੈ, ਇਸ ਕਰਕੇ ਉਸ ਕੇਸ ਵਿਚ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਕੰਮ ਇੰਜਨੀਰਿੰਗ ਵਿੰਗ ਕਰੇ । ਫਿਰ ਵੀ ਅਸੀਂ ਇਸ ਨੂੰ ਅੰਗਜ਼ਾਮਿਨ ਕਰ ਲਵਾਂਗੇ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ: ਸਪੀਕਰ ਸਾਹਿਬ, ਇਨ੍ਹਾਂ ਕੋਲ ਤਾਂ ਇਹ ਮਹਿਕਮਾ ਬਾਅਦ ਵਿਚ ਆਇਆ ਹੈ । ਪਹਿਲੇ ਵਜ਼ੀਰ ਸਾਹਿਬ, ਵੀ ਇਥੇ ਬੈਠੇ ਹਨ । ਉਨ੍ਹਾਂ ਨੂੰ ਹੀ ਇਹ ਪੁੱਛ ਲੈਣ (ਹਾਸਾ) ।

Original with;
Punjab Vidhan Sabha
Digitized by;
Panjab Digital Library

ਵੋਟਰਾਂ ਨੂੰ ਫੋਟੋ ਸ਼ਨਾਖਤੀ ਕਾਰਡ ਜਾਰੀ ਕਰਨਾ

*2316. (1) ਕਾਮਰੇਡ ਹਰਦੇਵ ਅਰਸ਼ੀ,
(2) ਸ਼੍ਰੀਮਤੀ ਵਿਮਲਾ ਡਾਂਗ, } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਵੋਟਰਾਂ ਨੂੰ ਫੋਟੋ ਸ਼ਨਾਖਤੀ ਕਾਰਡ ਕਿਹੜੀਆਂ-ਕਿਹੜੀਆਂ ਭਾਸ਼ਾਵਾਂ ਵਿਚ ਜਾਰੀ ਕੀਤੇ ਜਾ ਰਹੇ ਹਨ/ਜਾਰੀ ਕੀਤੇ ਜਾਣ ਦੀ ਤਜਵੀਜ਼ ਹੈ ;

(ਅ) ਰਾਜ ਵਿਚ ਸਾਰੇ ਵੋਟਰਾਂ ਨੂੰ ਸ਼ਨਾਖਤੀ ਕਾਰਡ ਜਾਰੀ ਕਰਨ ਦਾ ਕੰਮ ਨੂੰ ਕਿਹੜੀ ਤਾਰੀਖ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

Sardar Beant Singh: (a) As per directions of the Election Com mission of India, the photo identity cards to voters are being issued in two languages i. e. English and Punjabi.

(b) The first round of photography for preparing identity cards to the voters in the State will be completed on 10th April, 1995. The cards shall be issued as soon as these are printed out and laminated by ESPL. Normally it takes one to two months depending upon the number of correction required in the electoral rolls and the time taken in carrying these out. In Ropar and Faridkot districts cards are being distributed alongwith the second round of photography commending 19th March, 1995 and 20th March, 1995 respectively.

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਇਹ ਜਿਹੜੇ ਆਈਡੈਂਟਿਟੀ ਕਾਰਡ ਹਨ, ਇਹ ਮੌਜੂਦਾ ਵੋਟਰ ਸੂਚੀਆਂ ਦੇ ਅਧਾਰ ਤੇ ਬਣਾਏ ਜਾਂਦੇ ਹਨ । ਅਸੀਂ ਦੇਖਦੇ ਹਾਂ ਕਿ ਆਪਸੀ ਧੜੇਬੰਦੀ ਕਾਰਣ ਬਹੁਤ ਸਾਰੇ ਨਾਮ ਇਨ੍ਹਾਂ ਸੂਚੀਆਂ ਵਿਚੋਂ ਕਟਵਾ ਦਿਤੇ ਜਾਂਦੇ ਹਨ । ਇਸ ਹਿਸਾਬ ਨਾਲ ਜਿਹੜੇ ਵੋਟਰਾਂ ਦੇ ਨਾਂ ਕੱਟੇ ਗਏ ਹਨ, ਉਹਨਾਂ ਦੇ ਤਾਂ ਇਹ ਕਾਰਡ ਨਹੀਂ ਬਣਨਗੇ । ਕੀ ਮੁੱਖ ਮੰਤਰੀ ਜੀ ਇਸ ਦਾ ਕੋਈ ਹਲ ਕਢਣਗੇ ।

ਮੁੱਖ ਮੰਤਰੀ: ਸਪੀਕਰ ਸਾਹਿਬ, ਵੋਟਰਾਂ ਦੀਆਂ ਲਿਸਟਾਂ ਦੁਬਾਰਾ ਬਣ ਰਹੀਆਂ ਹਨ ਅਤੇ ਮੈਂਬਰ ਸਾਹਿਬ ਨੂੰ ਇਸ ਗਲ ਦਾ ਪਤਾ ਹੈ । ਜਿਹੜੀਆਂ ਟੀਮਾਂ ਨੇ ਇਹ ਕਾਰਡ ਬਣਾਉਣੇ ਹਨ, ਉਨਾਂ ਨੂੰ ਹਦਾਇਤਾਂ ਹਨ ਕਿ ਉਨ੍ਹਾਂ ਨੇ ਕਾਰਡ ਬਣਾਉਣ ਵਾਸਤੇ ਤਿੰਨ ਵਾਰ ਜਾਣਾ ਹੈ । ਇਸ ਕਰਕੇ ਉਨ੍ਹਾਂ ਨੇ ਹੁਣ ਤੀਸਰੀ ਵਾਰ ਵੀ ਜਾਣਾ ਹੈ । ਇਸ ਕਰਕੇ ਵੋਟਰ ਸੂਚੀਆਂ ਵਿਚ ਜਿਹੜੀ ਸੋਧ ਹੋਵੇਗੀ, ਉਨ੍ਹਾਂ ਨੂੰ ਵੀ ਆਈਡੈਂਟਿਟੀ ਕਾਰਡ ਦਿੱਤੇ ਜਾਣਗੇ ।

Original with;
Punjab Vidhan Sabha
Digitized by:
Panjab Digital Library

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਹੋ ਸਕਦਾ ਹੈ ਕਿ ਜਿਹੜਾ ਭਾਰਤ ਦਾ ਇਲੈਕਸ਼ਨ ਕਮਿਸ਼ਨ ਹੈ, ਉਸ ਦੀਆਂ ਗਾਈਡਲਾਈਨਜ਼ ਦੇ ਮੁਤਾਬਿਕ ਹੀ ਇਹ ਕਾਰਡ ਬਣਨ ਅਤੇ ਆਗੇ ਆਪਣੇ ਵਲੋਂ ਇਸ ਵਿਚ ਕੋਈ ਅਮੈਂਡਮੈਂਟ ਨਾ ਕਰ ਸਕਦੇ ਹੋਈਏ। ਲੇਕਿਨ ਕੀ ਇਹ ਇਲੈਕਸ਼ਨ ਕਮਿਸ਼ਨ ਨੂੰ ਕੋਈ ਪ੍ਰੋਪੋਜ਼ਲ ਭੇਜਣ ਦਾ ਵਿਚਾਰ ਰੱਖਦੇ ਹਨ ਕਿ ਜਿਹੜਾ ਵੀ ਕੋਈ ਵਿਅਕਤੀ 18 ਸਾਲ ਦਾ ਹੋ ਜਾਵੇ, ਉਸ ਨੂੰ ਇਹ ਆਈਡੈਂਟਿਟੀ ਕਾਰਡ ਜਾਰੀ ਹੋ ਜਾਵੇ ? ਉਸ ਤੋਂ ਬਾਅਦ ਜੇ ਕਿਸੇ ਦਾ ਕੋਈ ਰੈਜ਼ੀਡੈਂਸ਼ਲ ਐਡਰੈਸ ਚੇਂਜ ਹੋ ਜਾਵੇ ਤਾਂ ਸਿਰਫ ਉਸ ਦੀ ਹੀ ਐਂਟਰੀ ਉਸ ਵਿਚ ਕਰ ਦਿੱਤੀ ਜਾਵੇ । ਕੀ ਇਹ ਕੋਈ ਇਨੇ ਜਿਹੀ ਪ੍ਰੋਪੋਜ਼ਲ ਭੇਜਣ ਦਾ ਵਿਚਾਰ ਰੱਖਦੇ ਹਨ ਤਾਂ ਕਿ 18 ਸਾਲ ਦੇ ਹਰੇਕ ਵਿਅਕਤੀ ਨੂੰ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੋ ਸਕੇ ?

ਮੁੱਖ ਮੰਤਰੀ : ਇਸ ਤੇ ਵਿਚਾਰ ਕਰ ਲਵਾਂਗੇ ਜੀ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਇਹ ਜਿਹੜੇ ਆਈਡੈਂਟਿਟੀ ਕਾਰਡ ਬਣ ਰਹੇ ਹਨ, ਇਨ੍ਹਾਂ ਵਿਚ ਇਕ ਬੜੀ ਵੱਡੀ ਦਿੱਕਤ ਆ ਰਹੀ ਹੈ । ਇਸ ਵਿਚ ਜੋ ਕਾਲਮ ਲਿਖੇ ਹਨ, ਉਨ੍ਹਾਂ ਵਿਚ ਕੇਵਲ ਵੋਟਰ ਦਾ ਨਾਂ ਅਤੇ ਪਿਤਾ ਦਾ ਨਾਂ ਹੀ ਲਿਖਿਆ ਹੈ । ਮਹਿਲਾ ਸੈਕਸ਼ਨ ਵਿਚ ਇਸ ਗੱਲ ਦੀ ਬੜੀ ਰਿਜੈਂਟਮੈਂਟ ਹੈ ਕਿਉਂਕਿ ਉਥੇ ਪਤੀ ਦਾ ਕੋਈ ਕਾਲਮ ਨਹੀਂ ਲਿਖਿਆ । ਕੀ ਇਹ ਇਸ ਨੂੰ ਕੁਰੈਕਟ ਕਹਕੇ ਪਤੀ ਦਾ ਕਾਲਮ ਵੀ ਬਣਾਉਣਗੇ ?

ਮੁੱਖ ਮੰਤਰੀ : ਇਸ ਬਾਰੇ ਤਾਂ ਇਲੈਕਸ਼ਨ ਕਮਿਸ਼ਨ ਨਾਲ ਗੱਲ ਕਰਨੀ ਪਵੇਗੀ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਕਈ ਪ੍ਰਾਂਤਾਂ ਤੋਂ ਇਹ ਤਜਵੀਜ਼ ਆਈ ਹੈ ਕਿ ਇਹ ਜਿਹੜੇ ਆਈਡੈਂਟਿਟੀ ਕਾਰਡ ਹਨ, ਇਨ੍ਹਾਂ ਨੂੰ ਮਲਟੀਪਰਪਜ਼ ਕਾਰਡ ਡਿਕਲੇਅਰ ਕਰ ਦਿੱਤਾ ਜਾਵੇ ਤਾਂ ਕਿ ਰਾਸ਼ਨ ਕਾਰਡ ਜਾਂ ਕਰਜ਼ੇ ਵਗੈਰਾ ਲੈਣ ਦੇ ਕੰਮਾਂ ਵਾਸਤੇ ਵੀ ਇਸ ਦਾ ਪ੍ਰਯੋਗ ਹੋ ਸਕੇ । ਇਸ ਤਰ੍ਹਾਂ ਹੋ ਜਾਣ ਨਾਲ ਲੋਕ ਇਸ ਨੂੰ ਸੰਭਾਲ ਕੇ ਵੀ ਰੱਖਣਗੇ ਅਤੇ ਬੇਈਮਾਨੀ ਵੀ ਰੁਕੇਗੀ । ਕੀ ਮੁੱਖ ਮੰਤਰੀ ਜੀ ਨੇ ਇਸ ਬਾਰੇ ਕੋਈ ਵਿਚਾਰ ਕੀਤਾ ਹੈ ?

ਮੁੱਖ ਮੰਤਰੀ : ਹਾਲੇ ਕੋਈ ਵਿਚਾਰ ਨਹੀਂ ਕੀਤਾ ਜੀ ।

ਸ਼੍ਰੀਮਤੀ ਵਿਮਲਾ ਡਾਂਗ (ਬੈਠੇ, ਬੈਠੇ) : ਤਾਂ ਫਿਰ ਹੁਣ ਵਿਚਾਰ ਕਰ ਲਓ ।

ਸਰਦਾਰ ਹਰਗੋਪਾਲ ਸਿੰਘ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਮੁੱਖ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਅੰਕਸਪਲੇਨ ਕੀਤਾ ਹੈ ਕਿ ਜਿਹੜੀਆਂ ਵੋਟਰ ਲਿਸਟਾਂ ਪਹਿਲਾਂ ਜਾਰੀ ਹੋ ਗਈਆਂ ਹਨ ਉਨ੍ਹਾਂ ਦੇ ਆਧਾਰ ਤੇ ਆਈਡੈਂਟਿਟੀ ਕਾਰਡ ਬਣਾਏ ਗਏ ਹਨ ਪਰ ਜਿਹੜੀਆਂ ਨਵੀਆਂ ਵੋਟਾਂ ਬਣਨਗੀਆਂ ਉਨ੍ਹਾਂ ਦਾ ਸੀਰੀਅਲ ਨੰਬਰ ਪਹਿਲੀਆਂ ਵੋਟਾਂ ਤੋਂ ਚੇਂਜ ਹੋਵੇਗਾ । ਆਮ ਤੌਰ ਤੇ ਤਾਂ ਇਹ ਹੁੰਦਾ ਕਿ ਜਦੋਂ ਵੋਟਰ ਲਿਸਟਾਂ ਬਣਦੀਆਂ ਹਨ ਅੋਰ ਜਿਹੜੇ ਮਰ ਗਏ ਹੁੰਦੇ ਹਨ ਉਨ੍ਹਾਂ ਦਾ ਨੰਬਰ

Original with;
Punjab Vidhan Sabha
Digitized by;
Punjab Digital Library

[ਸਰਦਾਰ ਹਰਗੋਪਾਲ ਸਿੰਘ]
ਘੱਟ ਜਾਂਦਾ ਹੈ ਅੌਰ ਵੋਟਾਂ ਵੀ ਘੱਟ ਜਾਂਦੀਆਂ ਹਨ । ਜਿਹੜੀਆਂ ਨਵੀਆਂ ਵੋਟਾਂ ਬਣਨੀਆਂ ਹਨ ਉਨ੍ਹਾਂ ਦਾ ਸੀਰੀਅਲ ਨੰਬਰ ਜਿਹੜੀਆਂ ਪਹਿਲਾਂ ਵੋਟਾਂ ਬਣੀਆਂ ਹੋਈਆਂ ਹਨ ਉਨ੍ਹਾਂ ਤੋਂ ਚੇਂਜ ਹੋਵੇਗਾ ਜਾਂ ਨਹੀਂ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਤਾਂ ਮੋਟੀ ਜਿਹੀ ਗੱਲ ਹੈ । ਜਿਹੜੀਆਂ ਵੋਟਾਂ ਬਾਅਦ ਵਿੱਚ ਨਵੀਆਂ ਬਣਨਗੀਆਂ ਉਨ੍ਹਾਂ ਦਾ ਸੀਰੀਅਲ ਨੰਬਰ ਨਵਾਂ ਲਗਾਇਆ ਜਾਵੇਗਾ ?

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਜਾਣਨਾ ਚਾਹੁੰਦੀ ਹਾਂ ਕਿ ਜੋ ਆਈਡੈਂਟਿਟੀ ਕਾਰਡ ਬਣਾਏ ਜਾ ਰਹੇ ਹਨ ਅਗਰ ਕਿਸੇ ਦਾ ਕਿਸੇ ਕਾਰਨ ਆਈਡੈਂਟਿਟੀ ਕਾਰਡ ਗੁੰਮ ਹੋ ਜਾਵੇ ਜਾਂ ਖਰਾਬ ਹੋ ਜਾਵੇ ਜਾਂ ਫਿਰ ਕੋਈ ਆਦਮੀ ਇਕ ਸਟੇਸ਼ਨ ਤੋਂ ਦੂਜੇ ਸਟੇਸ਼ਨ ਤੇ ਟਰਾਂਸਫਰ ਹੋ ਜਾਵੇ ਤਾਂ ਉਸ ਹਾਲਾਤ ਵਿਚ ਉਸ ਨੂੰ ਨਵਾਂ ਆਈਡੈਂਟਿਟੀ ਕਾਰਡ ਮਿਲੇਗਾ ਜਾਂ ਕਿਸੇ ਦੀ ਟਰਾਂਸਫਰ ਹੋਣ ਦੀ ਸੂਰਤ ਵਿੱਚ ਇਹ ਕਿਸ ਤਰ੍ਹਾਂ ਹੋਵੇਗਾ ?

ਮੁੱਖ ਮੰਤਰੀ. ਉਸ ਦੀ ਉਹ ਫੋਟੋ ਕਾਪੀ ਲੈ ਸਕਦਾ ਹੈ ਜੀ ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਜਿਹੜਾ ਗੁੰਮ ਹੋ ਜਾਵੇਗਾ ਉਸ ਦੀ ਤਾਂ ਉਹ ਫੋਟੋ ਕਾਪੀ ਲੈ ਸਕਦਾ ਹੈ ਪਰ ਜਿਹੜਾ ਟਰਾਂਸਫਰ ਹੋ ਕੇ ਜਾਵੇਗਾ ਉਸ ਵਾਸਤੇ ਦੱਸੋ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਬਾਰੇ ਮੈਂ ਹਾਲੇ ਕਲੀਅਰ ਨਹੀਂ ਹਾਂ । ਇਹ ਮੇਰੇ ਚੈਂਬਰ ਵਿੱਚ ਆ ਜਾਣ ਮੈਂ ਦੱਸ ਦਿਆਂਗਾ ।

ਗਰਾਮ ਪੰਚਾਇਤ ਤਲਵਾੜਾ ਬਲਾਕ ਆਨੰਦਪੁਰ ਸਾਹਿਬ ਦੇ ਮੈਂਬਰਾਂ ਦੀ ਗਿਣਤੀ

*2489. **ਸ੍ਰੀ ਮਦਨ ਮੋਹਨ ਮਿੱਤਲ**. ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜਨਵਰੀ, 1994 ਦੌਰਾਨ ਚੁਣੇ ਗਏ ਗਰਾਮ ਪੰਚਾਇਤ ਤਲਵਾੜਾ, ਬਲਾਕ ਆਨੰਦਪੁਰ ਸਾਹਿਬ ਦੇ ਪੁਰਸ਼ ਅਤੇ ਮਹਿਲਾ ਮੈਂਬਰਾਂ ਦੇ ਨਾਂ ਕੀ ਕੀ ਹਨ ;

(ਅ) ਕੀ ਉਕਤ ਗਰਾਮ ਪੰਚਾਇਤ ਦੇ ਮਹਿਲਾ ਮੈਂਬਰਾਂ ਨੇ ਵੀ ਪੁਰਸ਼ ਮੈਂਬਰਾਂ ਦੇ ਨਾਲ ਹੀ ਸਹੁੰ ਚੁੱਕੀ ਸੀ ?

Original with;
Punjab Vidhan Sabha
Digitized by;
Panjab Digital Library

Shri Santokh Singh Chaudhary (Chief Parliamentary Secretary) : (a) & (b) No. election of Gram Panchayat Talwara was held in January, 1994. Hence the question of administering oath of office does not arise.

Shri Madan Mohan Mittal : Speaker Sahib, I am sorry to say. ਕਿ ਗ਼ਲਤੀ ਨਾਲ ਇਹ 1993 ਦੀ ਬਜਾਏ 1994 ਪ੍ਰਿੰਟ ਹੋ ਗਿਆ ਹੈ, ਵੈਸੇ ਇਹ ਇਲੈਕਸ਼ਨ 1993 ਵਿੱਚ ਹੋਈ ਸੀ । ਮੈਂ ਇਸ ਬਾਰੇ ਜਾਣਨਾ ਚਾਹਾਂਗਾ ਕਿ ਜਿਹੜੀ ਇਹ ਇਲੈਕਸ਼ਨ 1993 ਵਿੱਚ ਹੋਈ ਸੀ ਉਸ ਵਿੱਚ ਤਲਵਾੜਾ ਪਿੰਡ ਵਿੱਚ ਦੋ ਮਹਿਲਾ ਮੈਂਬਰ ਵੀ ਚੁਣੀਆਂ ਗਈਆਂ ਸਨ ਅੌਰ ਉਨ੍ਹਾਂ ਨੂੰ ਫੜਹਿਗੜ੍ਹ ਵਿੱਚ ਓਥ ਦਿਵਾਈ ਗਈ, ਉਨ੍ਹਾਂ ਦੇ ਫਾਰਮ ਵੀ ਭਰਾਏ ਗਏ ਸੀ । ਕੀ ਇਹ ਹੁਣ ਇਸ ਗੱਲ ਦਾ ਭਰੋਸਾ ਦਿਵਾਉਣਗੇ ਕਿ ਉਨ੍ਹਾਂ ਮੈਂਬਰਾਂ ਨੂੰ ਬਕਾਇਦਾ ਕੰਮ ਕਰਨ ਦੀ ਆਗਿਆ ਦਿੱਤੀ ਜਾਵੇਗੀ ਕਿਉਂਕਿ ਹਾਲੇ ਤੱਕ ਸਰਪੰਚ ਉਨ੍ਹਾਂ ਨੂੰ ਰਿਕੁਗਨਾਈਜ਼ ਨਹੀਂ ਕਰ ਰਿਹਾ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ 1993 ਵਿੱਚ ਜੋ ਇਲੈਕਸ਼ਨ ਹੋਈ ਸੀ ਉਸ ਵਿੱਚ ਤਲਵਾੜਾ ਗ੍ਰਾਮ ਪੰਚਾਇਤ ਦੇ ਦੋ ਲੇਡੀ ਮੈਂਬਰਾਂ ਨੂੰ ਜ਼ਿਆਦਾ ਵੋਟਾਂ ਮਿਲੀਆਂ ਸਨ, ਜਿਨ੍ਹਾਂ ਨੂੰ ਚੁਣਿਆ ਡਿਕਲੇਅਰ ਕੀਤਾ ਗਿਆ ਸੀ ਲੇਕਿਨ ਉਸ ਤੋਂ ਬਾਅਦ ਇਕ ਇਲੈਕਸ਼ਨ ਪਟੀਸ਼ਨ ਹੋਈ ਸੀ, ਉਸ ਵਿੱਚ ਵੀ ਉਨ੍ਹਾਂ ਨੂੰ ਚੁਣਿਆ ਡਿਕਲੇਅਰ ਕੀਤਾ ਗਿਆ ਸੀ ਅੌਰ ਓਥ ਦਿਵਾ ਦਿੱਤੀ ਗਈ ਸੀ । ਅੈਸ਼ਿਓਰ ਕਰਦਾ ਹਾਂ ਕਿ ਉਨ੍ਹਾਂ ਨੂੰ ਬਕਾਇਦਾ ਮੈਂਬਰ ਦਾ ਕੰਮ ਦਿੱਤਾ ਜਾਵੇਗਾ ।

Shri Madan Mohan Mittal Sir, they are not getting the due notices for participating in the meetings. So, I want an assurance from the Chief Parlaimentary Secretary that the Sarpanch will duly invite them for the meeting and seek their participation in the day to day activities of the Panchayats.

ਮੁੱਖ ਸੰਸਦੀ ਸਕੱਤਰ : ਅਸੀਂ ਇਸ ਨੂੰ ਅੈਗਜ਼ਾਮਿਨ ਕਰਵਾ ਲਵਾਂਗੇ । ਜ਼ਰੂਰ ਆਗਿਆ ਦਿਆਂਗੇ, Since they are duly elected.

ਜਾਮਾ ਮਸਜਿਦ ਕਪੂਰਥਲਾ ਦੀ ਮੁਰੰਮਤ

*2667. (1) **ਸ਼੍ਰੀ ਵਿਜੇ ਕੁਮਾਰ ਸਾਥੀ**
(2) **ਸਰਦਾਰ ਇੰਦਰਜੀਤ ਸਿੰਘ ਜ਼ੀਰਾ** } : ਕੀ ਮੁੱਖ ਮੰਤਰੀ
(3) **ਕਾਮਰੇਡ ਤਰਸੇਮ ਜੋਧਾਂ**

ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਜਨਵਰੀ, 1993 ਤੋਂ ਦਸੰਬਰ, 1994 ਤੱਕ ਸਮੇਂ ਦੇ ਦੌਰਾਨ ਕਪੂਰਥਲਾ ਵਿਖੇ ਜਾਮਾ ਮਸਜਿਦ ਦੀ ਮੁਰੰਮਤ ਲਈ ਸਰਕਾਰ ਦੁਆਰਾ ਫੰਡ ਮਨਜ਼ੂਰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਵਿਜੇ ਕੁਮਾਰ ਸਾਥੀ]

ਕੀਤੇ ਗਏ ਹਨ ; ਜੇਕਰ ਅਜਿਹਾ ਹੈ, ਉਨ੍ਹਾਂ ਦੇ ਵੇਰਵੇ ਕੀ ਹਨ ਅਤੇ ਇਸ ਤੇ ਅਸਲ ਵਿਚ ਕਿੰਨੀ ਰਕਮ ਖ਼ਰਚ ਕੀਤੀ ਗਈ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਦੀ ਉਕਤ ਸਮੇਂ ਦੇ ਦੌਰਾਨ ਕੁਵਰਤੋਂ ਕਰਨ ਦਾ ਦੋਸ਼ ਲਗਾਉਂਦੀਆਂ ਹੋਈਆਂ ਕੋਈ ਸ਼ਿਕਾਇਤਾਂ ਸਰਕਾਰ ਨੂੰ ਪ੍ਰਾਪਤ ਹੋਈਆਂ ਹਨ ; ਜੇਕਰ ਅਜਿਹਾ ਹੈ ਤਾਂ ਉਸ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਸ਼ਿਕਾਇਤਾਂ ਤੇ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ?

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ (ਸੰਸਦੀ ਸਕੱਤਰ, ਸਭਿਆਚਾਰਕ ਮਾਮਲੇ ਅਤੇ ਯਾਤਰਾ) : (ੳ) ਹਾਂ ਜੀ । ਸਾਲ 1993-94 ਦੌਰਾਨ ਜਾਮਾ ਮਸਜਿਦ ਕਪੂਰਥਲਾ ਦੀ ਮੁਰੰਮਤ ਲਈ 5.33 ਲੱਖ ਰੁਪਏ ਦੇ ਇੱਕ ਐਸਟੀਮੇਟ ਦੀ ਪ੍ਰਵਾਨਗੀ ਦਿੱਤੀ ਗਈ ਸੀ । ਇਹ ਖਰਚਾ ਹੇਠ ਲਿਖੇ ਅਨੁਸਾਰ ਕੀਤਾ ਗਿਆ ਸੀ :—

ਸਾਲ 1993-94 ਦੌਰਾਨ	3.93 ਲੱਖ ਰੁਪਏ
ਸਾਲ 1994-95 ਦੌਰਾਨ	1.04 ਲੱਖ ਰੁਪਏ

(ਅ) ਹਾਂ ਜੀ । ਸ਼੍ਰੀ ਵਿਸ਼ਵਾ ਮਿਤਰ ਸ਼ਰਮਾ ਵਲੋਂ ਇੱਕ ਸ਼ਿਕਾਇਤ ਪ੍ਰਾਪਤ ਹੋਈ ਸੀ, ਜਿਸ ਵਿਚ ਪੈਸੇ ਦੀ ਦੁਰਵਰਤੋਂ ਦਾ ਦੋਸ਼ ਲਗਾਇਆ ਗਿਆ ਸੀ ਅਤੇ ਲਿਖਿਆ ਸੀ ਕਿ ਸਬੰਧਤ ਅਫਸਰ ਨੇ ਇਹ ਪੈਸੇ ਆਪਣੇ ਮਕਾਨ ਉਤੇ ਖਰਚ ਲਏ ਹਨ । ਇਸ ਸਬੰਧੀ ਇਕ ਵਿਭਾਗੀ ਪੜਤਾਲ ਕੀਤੀ ਗਈ ਸੀ ਅਤੇ ਸ਼ਿਕਾਇਤ ਨਿਰਆਧਾਰ ਪਾਈ ਗਈ ।

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਵਿਭਾਗੀ ਪੜਚੋਲ ਵੀ ਹੋਈ, ਉੱਚ ਪੱਧਰੀ ਪੜਚੋਲ ਵੀ ਕਰਵਾਈ ਗਈ, ਮੇਰੇ ਕੋਲ ਲੋਕਾਂ ਦੇ ਹਲਫੀਆ ਬਿਆਨ ਵੀ ਹਨ ਅਤੇ ਇਹ ਹਲਫੀਆ ਬਿਆਨ ਇਨ੍ਹਾਂ ਦੇ ਮਹਿਕਮੇ ਨੂੰ ਵੀ ਗਏ ਹਨ. ਇਹ ਇਕ ਮਸਜਿਦ ਦਾ ਕੇਸ ਹੈ ਇਸ ਨਾਲ ਮੁਸਲਿਮ ਲੋਕਾਂ ਦੇ ਸੈਂਟੀਮੈਂਟਸ ਜੁੜੇ ਹੋਏ ਹਨ, ਇਹ ਮੁਸਲਿਮ ਬਰਾਦਰੀ ਦੀ ਗੱਲ ਹੈ । ਲੋਕਾਂ ਦੇ ਸੈਂਟੀਮੈਂਟਸ ਨੂੰ ਧੱਕਾ ਵਜਾ ਹੈ । ਮੈਂ ਇਨ੍ਹਾਂ ਨੂੰ ਲੋਕਾਂ ਦੇ ਹਲਫੀਆ ਬਿਆਨ ਦੇ ਸਕਦਾ ਹਾਂ । ਮੈਂ ਆਪ ਜੀ ਦੇ ਰਾਹੀਂ ਸੰਸਦੀ ਸਕੱਤਰ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਉੱਚ ਪੱਧਰੀ ਜਾਂਚ ਕਰਵਾਉਣ ਲਈ ਤਿਆਰ ਹਨ ਅੌਰ ਕੀ ਲੋਕਾਂ ਦੇ ਜ਼ਖਮਾਂ ਨੂੰ ਮੱਲ੍ਹਮ ਲਗਾਈ ਜਾਵੇਗੀ ?

Mr. Speaker : Questions are over.

Original with;
Punjab Vidhan Sabha
Digitized by;
Panjab Digital Library

UNSTARRED QUESTIONS AND ANSWERS

ਸਥਾਨਕ ਸੰਸਥਾਵਾਂ ਦਾ ਵਰਗੀਕਰਣ

477. **ਸਰਦਾਰ ਹਰਗੋਪਾਲ ਸਿੰਘ**. ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਇਸ ਸਮੇਂ ਨਗਰ ਨਿਗਮਾਂ, ਨਗਰ ਪਾਲਿਕਾਵਾਂ, ਨੋਟੀਫਾਈਡ ਏਰੀਆ ਕਮੇਟੀਆਂ ਅਤੇ ਇੰਪਰੂਵਮੈਂਟ ਟਰਸੱਟਾਂ ਦੀ ਗਿਣਤੀ ਕਿੰਨੀ ਕਿੰਨੀ ਹੈ ਅਤੇ ਹਰ ਇਕ ਕੇਸ ਵਿਚ ਉਨ੍ਹਾਂ ਦਾ ਵਰਗੀਕਰਣ ਕੀ ਕੀ ਹੈ ?

ਡਾਕਟਰ ਕੇਵਲ ਕ੍ਰਿਸ਼ਨ: (i) ਮਿਉਂਸਪਲ ਕਾਰਪੋਰੇਸ਼ਨਾਂ — 3

(ii) ਮਿਉਂਸਪਲ ਕਮੇਟੀਆਂ ਹੁਣ ਮਿਉਂਸਪਲ ਕੌਂਸਲਾਂ ਦੀ ਗਿਣਤੀ — 97

ਦਰਜਾ-I	27
ਦਰਜਾ-II	39
ਦਰਜਾ-III	31

(iii) ਨੋਟੀਫਾਈਡ ਏਰੀਆ ਕਮੇਟੀਆਂ ਹੁਣ ਨਗਰ ਪੰਚਾਇਤਾਂ ਦੀ ਗਿਣਤੀ — 29

(IV) ਇੰਪਰੂਵਮੈਂਟ ਟਰਸੱਟਾਂ ਦੀ ਗਿਣਤੀ — 22

ਦਰਜਾ-I	5
ਦਰਜਾ-II	3
ਦਰਜਾ-III	14

ਪੀ. ਐਫ. ਸੀ. ਦੁਆਰਾ ਕਰਜ਼ੇ ਵੰਡਣਾ

478. **ਸ਼੍ਰੀ ਸਤਨਾਮ ਸਿੰਘ ਕੈਂਥ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪਿਛਲੇ ਤਿੰਨ ਸਾਲਾਂ ਦੌਰਾਨ ਪੰਜਾਬ ਵਿੱਤ ਕਾਰਪੋਰੇਸ਼ਨ ਦੁਆਰਾ ਕਰਜ਼ਿਆਂ ਵਜੋਂ ਸਾਲ-ਵਾਰ ਕਿੰਨੀ ਕਿੰਨੀ ਰਕਮ ਵੰਡੀ ਗਈ ;

(ਅ) ਅਨੁਸੂਚਿਤ ਜਾਤੀਆਂ ਨਾਲ ਸਬੰਧਤ ਅਜਿਹੇ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਉਕਤ ਸਮੇਂ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਕਰਜ਼ਿਆਂ ਦੀ ਵੰਡ ਕੀਤੀ ਗਈ ?

Original with;
Punjab Vidhan Sabha
Digitized by;
Panjab Digital Library

ਸਰਦਾਰ ਬੇਅੰਤ ਸਿੰਘ: (ੳ) ਪੰਜਾਬ ਫਾਇਨੈਂਸ਼ਲ ਕਾਰਪੋਰੇਸ਼ਨ ਵਲੋਂ ਪਿਛਲੇ ਸਾਲਾਂ ਦੌਰਾਨ ਵੰਡੇ ਗਏ ਕਰਜ਼ੇ ਦਾ ਸਾਲ-ਵਾਰ ਵੇਰਵਾ ਨਿਮਨ ਅਨੁਸਾਰ ਹੈ :—

ਸਾਲ	ਰਕਮ (ਰੁਪਏ ਕਰੋੜਾਂ 'ਚ)
1	2
1991-92 ..	66.01
1992-93 ..	70.96
1993-94 ..	74.43

(ਅ) ਅਨੁਸੂਚਿਤ ਜਾਤੀ ਨਾਲ ਸਬੰਧਤ ਵਿਅਕਤੀਆਂ ਦੀ ਗਿਣਤੀ ਜਿਨ੍ਹਾਂ ਨੂੰ ਉਪਰੋਕਤ (ੳ) ਵਿਚ ਉਕਤ ਕਰਜ਼ਾ ਦਿਤਾ ਗਿਆ ਨਿਮਨ ਅਨੁਸਾਰ ਹੈ :—

ਸਾਲ	ਅਨੁਸੂਚਿਤ ਜਾਤੀ ਦੇ ਉਦਮੀਆਂ ਦੀ ਗਿਣਤੀ
1	2
1991-92 ..	185
1992-93 ..	72
1993-94 ..	68

ਜ਼ਿਲ੍ਹਾ ਅੰਮ੍ਰਿਤਸਰ ਵਿਚ ਸਕੂਲਾਂ ਦੀਆਂ ਅਸੁਰੱਖਿਅਤ ਇਮਾਰਤਾਂ ਦੀ ਗਿਣਤੀ

480. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਅੰਮ੍ਰਿਤਸਰ ਵਿਚ ਅਜਿਹੇ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਵੱਖ ਵੱਖ ਗਿਣਤੀ ਕਿੰਨੀ ਕਿੰਨੀ ਹੈ ਜਿਹੜੇ ਅਸੁਰੱਖਿਅਤ ਕਰਾਰ ਹੋਈਆਂ ਇਮਾਰਤਾਂ ਵਿਚ ਚੱਲ ਰਹੇ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਵਿਚੋਂ ਅਜਿਹੇ ਸਕੂਲਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਕਿਰਾਏ ਦੀਆਂ ਇਮਾਰਤਾਂ ਵਿਚ ਚਲਾਏ ਜਾ ਰਹੇ ਹਨ;

Original with;
Punjab Vidhan Sabha
Digitized by;
Panjab Digital Library

(ਏ) ਸਰਕਾਰੀ ਅਤੇ ਕਿਰਾਏ ਦੀਆਂ ਇਮਾਰਤਾਂ ਵਿਚ ਚਲਾਏ ਜਾ ਰਹੇ ਉਕਤ ਸ਼੍ਰੇਣੀਆਂ ਦੇ ਅਜਿਹੇ ਸਕੂਲਾਂ ਦੀ ਗਿਣਤੀ ਕਿੰਨੀ ਕਿੰਨੀ ਹੈ ਜਿਨ੍ਹਾਂ ਵਿਚ ਪਖਾਨੇ ਨਹੀਂ ਹਨ ਅਤੇ ਪੀਣ ਵਾਲੇ ਪਾਣੀ ਦੇ ਉਪਬੰਧ ਨਹੀਂ ਹਨ ?

ਸਰਦਾਰ ਲਖਮੀਰ ਸਿੰਘ ਰੰਧਾਵਾ : (ਓ, ਅ) ਜ਼ਿਲ੍ਹਾ ਅੰਮ੍ਰਿਤਸਰ ਵਿੱਚ 11 ਸਰਕਾਰੀ ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਅਤੇ 6 ਮਿਡਲ ਸਕੂਲਾਂ, 47 ਹਾਈ ਸਕੂਲਾਂ ਅਤੇ 28 ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਇਮਾਰਤਾਂ ਦੇ ਕੁਝ ਭਾਗ ਅਣ-ਸੁਰੱਖਿਅਤ ਕਰਾਰ ਦਿੱਤੇ ਗਏ ਹਨ । ਅਣ-ਸੁਰੱਖਿਅਤ ਇਮਾਰਤਾਂ ਜਾਂ ਉਨ੍ਹਾਂ ਦੇ ਅਣ-ਸੁਰੱਖਿਅਤ ਭਾਗਾਂ ਵਿਚ ਕੋਈ ਸਕੂਲ ਨਹੀਂ ਚਲਾਇਆ ਜਾ ਰਿਹਾ । ਇਨ੍ਹਾਂ ਵਿੱਚੋਂ ਇਕ ਪ੍ਰਾਇਮਰੀ ਸਕੂਲ, ਇਕ ਮਿਡਲ ਸਕੂਲ ਅਤੇ ਇਕ ਹਾਈ ਸਕੂਲ ਕਿਰਾਏ ਦੀਆਂ ਇਮਾਰਤਾਂ ਵਿੱਚ ਚਲਾਏ ਜਾ ਰਹੇ ਹਨ । ਦੂਜੇ ਸਕੂਲਾਂ ਵਾਸਤੇ ਪੰਚਾਇਤਾਂ/ਸਥਾਨਿਕ ਸੰਸਥਾਵਾਂ ਦੀ ਮੱਦਦ ਨਾਲ ਬਦਲਵੇਂ ਪ੍ਰਬੰਧ ਕੀਤੇ ਗਏ ਹਨ ।

(ਏ) ਉਕਤ ਸਾਰੇ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਅਤੇ ਪਖਾਨੇ ਦੀਆਂ ਸਹੂਲਤਾਂ ਉਪਲਬਧ ਹਨ । ਪਰੰਤੂ, 10 ਪ੍ਰਾਇਮਰੀ ਸਕੂਲਾਂ ਵਿੱਚ ਪੱਕੇ ਪਖਾਨੇ ਨਹੀਂ ਹਨ ਅਤੇ ਉਨ੍ਹਾਂ ਵਿੱਚ ਆਰਜ਼ੀ ਪਖਾਨੇ ਦੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ ।

CALL ATTENTION NOTICES UNDER RULE 66

(Serial No. 69)

Shrimati Vimla Dang: Sir, I beg to draw the attention of the Government towards a matter of urgent public importance namely, through the Governor's Address, the Government announced that it was considering abolition of Enterance Tests for professional courses. This has been widely opposed. At the same time it has created much uncertainty amongst students who have been preparing to appear this year in the P.M.T. Examination for admission to Medical Colleges in the State. There is much discontentment amongst them and their parents.

In view of the obvious and urgent importance of the matter, the Minister for Medical Education and Research may please be asked to make a statement in the House.

Minister For Health and Family Welfare (Sardar Harcharan Singh Brar): Sir, the admission to State Medical/Dental/Ayurvedic Colleges and D.M.C., Ludhiana will be made during the year 1995 on the basis of P.M.T. This test will be held by the Guru Nanak Dev University, Amritsar. The tentative date of test is proposed as 4-6-1995. Issuance of notification is under process.

Original with;
Punjab Vidhan Sabha
Digitized by;

ਸ਼੍ਰੀਮਤੀ ਵਿਮਲਾ ਡਾਂਗ: ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਦਾ ਧੰਨਵਾਦ ਕਰਦੀ ਹਾਂ ਅੌਰ ਉਨ੍ਹਾਂ ਦੀ ਇਸ ਅਨਾਊਂਸਮੈਂਟ ਦਾ ਵੈਲਕਮ ਕਰਦੇ ਹੋਏ ਮੈਂ ਆਸ ਕਰਦੀ ਹਾਂ ਕਿ ਸੀ.ਈ.ਟੀ. ਦਾ ਟੈਸਟ ਵੀ ਜਾਰੀ ਰੱਖਿਆ ਜਾਵੇ । ਮੈਂ ਪੁੱਛਣਾ ਚਾਹੁੰਦੀ ਹਾਂ ਨਰਸਿੰਗ ਵਾਸਤੇ ਵੀ ਪ੍ਰੀ-ਐਂਟਰਿੰਗ ਟੈਸਟ ਹੁੰਦਾ ਸੀ । ਪਹਿਲਾਂ ਉਨ੍ਹਾਂ ਦੀ ਸਿਲੈਕਸ਼ਨ ਨਰਸਿੰਗ ਕੌਂਸਲ ਕਰਦੀ ਸੀ । ਜਦੋਂ ਤੋਂ ਇਹ ਟੈਸਟ ਬੰਦ ਹੋਇਆ ਹੈ ਉਥੇ ਕੈਪੀਟੇਸ਼ਨ ਫ਼ੀਸ ਨੇ ਗਰੀਬ ਲੜਕਿਆਂ ਨੂੰ ਕਾਫ਼ੀ ਪਰੇਸ਼ਾਨ ਕੀਤਾ ਹੋਇਆ ਹੈ । ਕੀ ਮੰਤਰੀ ਜੀ ਨਰਸਿੰਗ ਦੇ ਐਂਟਰਿੰਗ ਟੈਸਟ ਨੂੰ ਰਿਸਟੋਰ ਕਰਨ ਬਾਰੇ ਵਿਚਾਰ ਕਰਨਗੇ ?

Minister: Sir, I will look into this.

(Serial No. 70)

Shrimati Vimla Dang: Sir, I beg to draw the attention of the Government towards a matter of urgent public importance namely, Student of Government College Gurdaspur and other students and their parents have decided to gherao the Vice Chancellor of the G.N.D.U. on 30-3-1995 because of non-registration of 371 students of B.A. Part-I for their Examination for no fault of theirs. While the Government College authorities blame the University, the University authorities blame the College which is in mess and has no really functioning Principal. It is the Students who are being made to suffer. The threatened gherao of the Vice Chancellor and failure of the Government to intervene and settle the matter before that can lead to very serious situation.

In view of the obvious and urgent importance of the matter, the Minister concerned may please be asked to make a statement in the House.

ਸਿੱਖਿਆ ਅਤੇ ਭਾਸ਼ਾ ਮੰਤਰੀ (ਸਰਦਾਰ ਲਖਮੀਰ ਸਿੰਘ ਰੰਧਾਵਾ) : ਸਪੀਕਰ ਸਾਹਿਬ, ਇਹ ਮਾਮਲਾ ਸਰਕਾਰ ਦੇ ਧਿਆਨ ਵਿੱਚ ਆਉਣ ਤੇ ਡਾਇਰੈਕਟਰ, ਸਿੱਖਿਆ (ਕਾਲਜਾਂ) ਦੇ ਡਿਪਟੀ ਡਾਇਰੈਕਟਰ ਰਾਹੀਂ ਸਰਕਾਰੀ ਕਾਲਜ, ਗੁਰਦਾਸਪੁਰ ਦੇ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਦੀ ਸਮੱਸਿਆ ਸਬੰਧੀ ਪੜਤਾਲ ਕਰਵਾਈ ਗਈ । ਮੇਰੇ ਵੱਲੋਂ ਉਪ-ਕੁਲਪਤੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਗੱਲ ਕਰਨ ਤੇ ਜਿਹੜੇ ਵਿਦਿਆਰਥੀਆਂ ਨੂੰ ਰਜਿਸਟਰੇਸ਼ਨ ਨਹੀਂ ਮਿਲੀ ਸੀ ਉਨ੍ਹਾਂ ਵਿੱਚੋਂ ਸਾਇੰਸ ਦੇ ਵਿਦਿਆਰਥੀਆਂ ਦਾ ਪ੍ਰੈਕਟੀਕਲ ਇਮਤਿਹਾਨ ਕਰਵਾ ਦਿੱਤਾ ਗਿਆ ਅਤੇ ਇਹ ਯਕੀਨੀ ਬਣਾਏ ਜਾਣ ਲਈ ਕਾਰਵਾਈ ਕੀਤੀ ਗਈ ਹੈ ਕਿ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਉਨ੍ਹਾਂ ਉਪਰ ਬਿਨਾਂ ਜੁਰਮਾਨੇ ਦਾ ਬੋਝ ਪਾਏ ਹੋ ਜਾਵੇ, ਉਨ੍ਹਾਂ ਦੀ ਪੜ੍ਹਾਈ ਦਾ ਕੋਈ ਨੁਕਸਾਨ ਨਾ ਹੋਵੇ ਅਤੇ ਉਹ 6 ਅਪ੍ਰੈਲ, 1995 ਤੋਂ ਸ਼ੁਰੂ ਹੋਣ ਵਾਲੀ ਸਲਾਨਾ ਪ੍ਰੀਖਿਆਵਾਂ ਵਿੱਚ ਬੈਠ ਸਕਣ ।

Original with;
Punjab Vidhan Sabha
Digitized by;
Panjab Digital Library

ਸ਼੍ਰੀਮਤੀ ਵਿਮਲਾ ਡਾਂਗ: ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਦੇ ਉੱਤਰ ਨਾਲ ਮੇਰੀ ਤਸੱਲੀ ਹੈ ਪਰ ਮੈਂ ਬੇਨਤੀ ਕਰਦੀ ਹਾਂ ਕਿ 27 ਅਕਤੂਬਰ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਐਫੀਲੀਏਟਿਡ ਕਾਲਜਾਂ ਦੀ ਵੀ. ਸੀ. ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ । ਉਸ ਮੀਟਿੰਗ ਵਿੱਚ ਉਨ੍ਹਾਂ ਨੇ ਇਹ ਫੈਸਲਾ ਲਿਆ ਕਿ 1000/- ਰੁ. ਜੁਰਮਾਨਾ ਵਿਦਿਆਰਥੀ ਦੇਣ । ਜਿਸ ਵੇਲੇ ਵਿਦਿਆਰਥੀ ਇਮਤਿਹਾਨਾਂ ਦੀ ਤਿਆਰੀ ਵਾਸਤੇ ਕਾਲਜ ਗਏ ਤਾਂ ਉਨ੍ਹਾਂ ਨੇ ਨੋਟਿਸ ਬੋਰਡ ਤੇ ਨੋਟਿਸ ਪੜ੍ਹਿਆ । ਬਾਅਦ ਵਿੱਚ ਰਜਿਸਟਰਾਰ ਸਾਹਿਬ ਨੇ ਕਿਹਾ ਕਿ ਵਿਦਿਆਰਥੀਆਂ ਕੋਲੋਂ ਨਹੀਂ ਬਲਕਿ ਗੌਰਮਿੰਟ ਕਾਲਜ ਤੋਂ 1000/- ਰੁ. ਮੰਗਣ ਦਾ ਫੈਸਲਾ ਕੀਤਾ ਹੈ । ਮੈਂ ਪੁੱਛਣਾ ਚਾਹੁੰਦੀ ਹਾਂ ਕਿ ਜੋ ਐਕਸ਼ਨ ਸਟੂਡੈਂਟਸ ਬਾਰੇ ਲੈਣ ਦਾ ਸਿਲਸਿਲਾ ਹੋਇਆ ਹੈ ਅੱਜ ਬਕਾਇਦਾ ਵੀ.ਸੀ. ਦੀ ਪ੍ਰਧਾਨਗੀ ਵਿੱਚ ਜੋ ਮੀਟਿੰਗ ਹੋਈ ਹੈ, ਉਸ ਨੂੰ ਪ੍ਰੋਜੈਂਟ ਕਰਨ ਦੀ ਅੱਗੇ ਪੂਰੀ ਕੋਸ਼ਿਸ਼ ਨਹੀਂ ਕੀਤੀ ਜਾਵੇਗੀ ਕਿਉਂਕਿ ਸਟੂਡੈਂਟਸ ਨਾਲ ਬਹੁਤ ਵੱਡਾ ਧੱਕਾ ਹੋਇਆ ਹੈ । ਕੀ ਉਨ੍ਹਾਂ ਨੂੰ ਕੋਈ ਪ੍ਰੇਸ਼ਾਨੀ ਇਮਤਿਹਾਨ ਵਿੱਚ ਨਹੀਂ ਹੋਵੇਗੀ ?

ਮੰਤਰੀ: ਸਪੀਕਰ ਸਾਹਿਬ, ਜੋ ਸਟੂਡੈਂਟਸ ਕਾਲਜ ਵਿੱਚ ਦਾਖਲ ਹੁੰਦੇ ਹਨ, ਉਨ੍ਹਾਂ ਦੀ ਰਜਿਸਟਰੇਸ਼ਨ ਲਈ ਰਿਟਰਨ ਬਣਦੀ ਫੀਸ ਮੁਤਾਬਿਕ ਕਾਲਜ ਅਧਿਕਾਰੀਆਂ ਵਲੋਂ ਯੂਨੀਵਰਸਿਟੀ ਵਿੱਚ ਦਾਖਲ ਕਰਵਾਉਣੀ ਹੁੰਦੀ ਹੈ । ਸਰਕਾਰ ਦੇ ਨੋਟਿਸ ਵਿੱਚ ਆਇਆ ਕਿ ਹਜ਼ਾਰ ਰੁਪਏ ਜੁਰਮਾਨੇ ਦੀ ਉਨ੍ਹਾਂ ਨੇ ਸ਼ਰਤ ਰੱਖੀ ਸੀ । ਇਹ ਵਿਦਿਆਥੀਆਂ ਤੇ ਲਾਗੂ ਕਰ ਦਿੱਤੀ ਗਈ ਅੱਜ ਕਈ ਮੀਟਿੰਗਾਂ ਕਰਵਾਈਆਂ ਗਈਆਂ ਹਨ । ਫਾਇਨਲ ਫੈਸਲਾ ਇਸ ਥਾਂ ਤੇ ਪਹੁੰਚਿਆ ਹੈ ਕਿ ਜੋ ਐਨਰੋਲਮੈਂਟ ਹੈ ਜਾਂ ਕਾਲਜ ਦੇ ਰੋਲ ਦੇ ਸਟੂਡੈਂਟਸ ਹਨ, ਉਹ ਪ੍ਰਾਈਵੇਟ ਵਿਦਿਆਰਥੀ ਨਹੀਂ ਹਨ । ਉਨ੍ਹਾਂ ਦੀ ਸਟੇਟਮੈਂਟ ਉਪਰ ਭੇਜਣ ਦੀ ਜ਼ਿੰਮੇਵਾਰੀ ਕਾਲਜ ਦੀ ਹੈ । ਇਸ ਲਈ ਇਹ ਹਜ਼ਾਰ ਰੁਪਿਆ ਜੁਰਮਾਨਾ ਕਾਲਜ ਅਧਿਕਾਰੀਆਂ ਨੂੰ ਹੋ ਸਕਦਾ ਹੈ ਅੱਜ ਇਹ ਸਿਰਫ ਹਜ਼ਾਰ ਰੁਪਏ ਹੀ ਹੈ । ਇਹ ਫੈਸਲਾ ਕਰਵਾ ਦਿੱਤਾ ਹੈ । ਵਿਦਿਆਰਥੀਆਂ ਤੇ ਕੋਈ ਬੋਝ ਨਹੀਂ ਪਾਇਆ ਜਾਵੇਗਾ । ਪ੍ਰਾਈਵੇਟ ਵਿਦਿਆਰਥੀ ਆਪਣੇ ਡਾਕੂਮੈਂਟਸ ਚੈਕ ਕਰਵਾਉਣ ਲਈ ਖੁਦ ਜ਼ਿੰਮੇਵਾਰ ਹਨ ਲੇਕਿਨ ਕਾਲਜ ਦੇ ਵਿਦਿਆਰਥੀਆਂ ਦੀ ਜ਼ਿੰਮੇਵਾਰੀ ਵਿਅਕਤੀਗਤ ਵਿਦਿਆਰਥੀਆਂ ਤੇ ਨਹੀਂ ਪੈ ਰਹੀ ।

(ਕ੍ਰਮ ਨੰ 71)

ਕਾਮਰੇਡ ਹਰਦੇਵ ਅਰਸ਼ੀ: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਕਿ ਜ਼ਿਲ੍ਹਾ ਮਾਨਸਾ ਵਿਚ ਪੇਂਡੂ ਖੇਤਰ ਦੇ ਵਿਕਾਸ ਕੰਮ ਪੂਰੀ ਤਰ੍ਹਾਂ ਠੱਪ ਹੋ ਕੇ ਰਹਿ ਗਏ ਹਨ । ਕਿਉਂਕਿ ਪੱਕੀਆਂ ਇੱਟਾਂ ਦਾ ਭਾਅ ਡੀ. ਸੀ. ਵਲੋਂ 670/- ਰੁਪਏ ਪ੍ਰਤੀ ਹਜ਼ਾਰ ਇੱਟ ਮੁਕੱਰਰ ਕੀਤਾ ਹੋਇਆ ਹੈ ਜਦੋਂ ਕਿ ਭੱਠਾ ਮਾਲਕ ਅੱਠ ਸੌ ਤੋਂ ਲੈ ਕੇ 9 ਸੌ ਰੁਪਏ ਤੱਕ ਪ੍ਰਤੀ ਹਜ਼ਾਰ ਇੱਟਾਂ ਵੇਚ ਰਹੇ ਹਨ । ਨਗਰ ਪੰਚਾਇਤਾਂ ਡੀ. ਸੀ. ਰੇਟ ਤੋਂ ਵੱਧ ਕੀਮਤ ਅਦਾ ਨਹੀਂ ਕਰ ਸਕਦੀਆਂ ਤੇ ਡੀ.ਸੀ. ਰੇਟ ਤੇ ਭੱਠਾ ਮਾਲਿਕ ਇੱਟਾਂ ਦੇਣ ਨੂੰ ਕਿਸੇ ਵੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਤਰ੍ਹਾਂ ਤਿਆਰ ਨਹੀਂ ਹਨ । ਜਿਸ ਕਰਕੇ ਜ਼ਿਲ੍ਹਾ ਯੋਜਨਾ ਬੋਰਡ ਵਲੋਂ ਜਾਰੀ ਕਰੋੜਾਂ ਰੁਪਏ ਦੀ ਗਰਾਂਟ ਅਣਵਰਤੀ ਪਈ ਹੈ । ਸਥਿਤੀ ਦੀ ਗੰਭੀਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਬੰਧਤ ਮੰਤਰੀ ਜੀ ਹਾਊਸ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

ਖੁਰਾਕ ਅਤੇ ਸਪਲਾਈ ਮੰਤਰੀ (ਸਰਦਾਰ ਲਾਲ ਸਿੰਘ): ਆਮ ਜਨਤਾ ਅਤੇ ਸਰਕਾਰੀ ਕੰਮਾਂ ਲਈ ਨਾਨ ਸਪਾਂਸਰਡ ਕੋਲੇ ਤਿਆਰ ਇੱਟਾਂ ਦੀ ਕੀਮਤ ਅਤੇ ਫੰਡ ਉਤੇ ਕੋਈ ਕੰਟਰੋਲ ਨਹੀਂ ਹੈ । ਸਪਾਂਸਰਡ ਕੋਲੇ ਦੀ ਮੰਗ ਨਾ ਹੋਣ ਕਰਕੇ ਭੱਠਾਂ ਮਾਲਕਾਂ ਨੂੰ ਇਸ ਦੀ ਅਲਾਟਮੈਂਟ ਨਹੀਂ ਹੁੰਦੀ ਹੈ । ਸਰਕਾਰੀ/ਅੱਧ ਸਰਕਾਰੀ ਵਿਭਾਗਾਂ ਦੇ ਕੰਮਾਂ ਲਈ ਨਾਨ-ਸਪਾਂਸਰਡ ਕੋਲੇ ਤੋਂ ਤਿਆਰ ਇੱਟਾਂ ਦੀ ਖਰੀਦ ਲਈ ਜ਼ਿਲ੍ਹਾ ਪੱਧਰ ਤੇ ਕਮੇਟੀਆਂ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਬਣਾਈਆਂ ਹੋਈਆਂ ਹਨ, ਜੋ ਵੱਖ ਵੱਖ ਮਹਿਕਮਿਆਂ ਤੋਂ ਇੱਟਾਂ ਦੀ ਮੰਗ ਪ੍ਰਾਪਤ ਹੋਣ ਤੇ ਭੱਠਾ ਮਾਲਕਾਂ ਤੋਂ ਟੈਂਡਰ ਪ੍ਰਾਪਤ ਕਰਦੀਆਂ ਹਨ, ਜਿਨ੍ਹਾਂ ਦੇ ਸਨਮੁੱਖ ਇਟਾਂ ਦੇ ਰੇਟ ਨਿਸ਼ਚਿਤ ਕੀਤੇ ਜਾਂਦੇ ਹਨ ।

ਜਿੱਥੋਂ ਤੱਕ ਮਾਨਸਾ ਜ਼ਿਲ੍ਹੇ ਦਾ ਸਬੰਧ ਹੈ, ਇਸ ਜ਼ਿਲੇ ਵਿਚ ਸਾਲ 1994-95 ਲਈ ਡਿਪਟੀ ਕਮਿਸ਼ਨਰ ਵਲੋਂ ਨਾਨ-ਸਪਾਂਸਰਡ ਕੋਲੇ ਤੋਂ ਤਿਆਰ ਇੱਟਾਂ ਦਾ ਰੇਟ 670/-ਰੁ. ਪ੍ਰਤੀ ਹਜ਼ਾਰ ਨਿਸ਼ਚਿਤ ਕੀਤਾ ਹੋਇਆ ਹੈ ਜਿਹੜਾ ਕਿ ਮਿਤੀ 31-3-1995 ਤੱਕ ਲਾਗੂ ਹੈ । ਇਸ ਰੇਟ ਅਨੁਸਾਰ ਸਰਕਾਰੀ/ਅੱਧ-ਸਰਕਾਰੀ ਵਿਭਾਗਾਂ ਨੂੰ ਇੱਟਾਂ ਮਿਲ ਰਹੀਆਂ ਹਨ । ਜਿਥੇ ਕਿਤੇ ਜ਼ਿਲ੍ਹਾ ਦਫ਼ਤਰ ਨੂੰ ਇਸ ਰੇਟ ਤੇ ਇੱਟਾਂ ਨਾ ਮਿਲਣ ਸਬੰਧੀ ਸ਼ਿਕਾਇਤ ਮਿਲੀ, ਉਨ੍ਹਾਂ ਕੇਸਾਂ ਵਿਚ ਵਿਭਾਗ ਵਲੋਂ ਦਖਲ-ਅੰਦਾਜ਼ੀ ਕਰਕੇ ਇੱਟਾਂ ਦਿਵਾ ਦਿੱਤੀਆਂ ਗਈਆਂ । ਮਿਸਾਲ ਦੇ ਤੌਰ ਤੇ ਪਿੰਡ ਖੋਖਰ ਅਤੇ ਅਲੀਸ਼ੇਰ ਦੀਆਂ ਪੰਚਾਇਤਾਂ ਨੂੰ ਕ੍ਰਮਵਾਰ 25,000 ਅਤੇ 50,000 ਇੱਟਾਂ ਦਿਵਾਈਆਂ ਗਈਆਂ । ਇੱਟਾਂ ਦੀ ਜੋ ਥੋੜ੍ਹੀ ਬਹੁਤੀ ਘਾਟ ਮਹਿਸੂਸ ਹੋਈ । ਉਸ ਦਾ ਕਾਰਨ ਇਹ ਸੀ ਕਿ ਲਗਾਤਾਰ ਬਾਰਸ਼ਾਂ ਹੋਣ ਕਾਰਣ ਇੱਟਾਂ ਦੀ ਤਿਆਰੀ ਨਹੀਂ ਹੋ ਸਕੀ ਅਤੇ ਸਿੱਟੇ ਵਜੋਂ ਇੱਟਾਂ ਤਿਆਰ ਕਰਕੇ ਸਪਲਾਈ ਵਾਸਤੇ ਸਮੇਂ ਸਿਰ ਉਪਲਬਧ ਨਹੀਂ ਹੋ ਸਕੀਆਂ । ਜਿਥੋਂ ਤੱਕ ਫੰਡਜ਼ ਗਰਾਂਟ ਦਾ ਸਬੰਧ ਹੈ, ਉਨ੍ਹਾਂ ਨੂੰ ਲੈਪਸ ਨਹੀਂ ਹੋਣ ਦਿੱਤਾ ਜਾਵੇਗਾ । ਅਪ੍ਰੈਲ, 1995 ਤੋਂ ਇੱਟਾਂ ਦਾ ਰੇਟ ਰਿਵਾਈਜ਼ ਕਰਨ ਲਈ ਜਲਦੀ ਹੀ ਮੀਟਿੰਗ ਕੀਤੀ ਜਾ ਰਹੀ ਹੈ ।

ਕਾਮਰੇਡ ਹਰਦੇਵ ਅਰਸ਼ੀ ਸਪੀਕਰ ਸਾਹਿਬ, ਵੈਸੇ ਤਾਂ ਮੇਰੀ ਸੰਤੁਸ਼ਟੀ ਹੈ ਕਿਉਂਕਿ ਇਨ੍ਹਾਂ ਵਿਸ਼ਵਾਸ ਦਿੱਤਾ ਹੈ ਕਿ ਅਪਰੈਲ ਵਿਚ ਇੱਟਾਂ ਦੇ ਰੇਟ ਰਿਵਾਈਜ਼ ਕਰਾਂਗੇ ਪਰ ਬਾਕੀ ਪੰਜਾਬ ਵਿਚ ਕਿਤੇ ਨਹੀਂ ਇਕੱਲੇ ਮਾਨਸਾ ਜ਼ਿਲ੍ਹੇ ਵਿਚ ਇਹ ਸਮੱਸਿਆ ਹੈ । ਡਿਸਟ੍ਰਿਕਟ ਪਲੈਨਿੰਗ ਬੋਰਡ ਦੀ ਮੀਟਿੰਗ ਵਿਚ ਕਨਸਰਨਡ ਮਨਿਸਟਰ ਵੀ ਹਾਜ਼ਰ ਸਨ । ਇਨ੍ਹਾਂ ਦੀ ਹਾਜ਼ਰੀ ਵਿਚ ਫੈਸਲਾ ਹੋਇਆ ਸੀ ਕਿ ਇਸ ਦਾ ਕੋਈ ਨਾ ਕੋਈ ਵਾਇਆ ਮੀਡੀਆ ਕੱਢਿਆ ਜਾਵੇਗਾ, ਇਹ ਸਾਡੇ ਨੋਟਿਸ ਵਿਚ ਲਿਆ ਦੇਣ ਅਸੀਂ ਇੱਟਾਂ ਦਾ ਪ੍ਰਬੰਧ ਕਰ ਦਿੰਦੇ ਹਾਂ । ਇਹ ਇੱਟਾਂ ਜਿਹੜੀਆਂ ਸਰਕਾਰੀ ਦਬਾਅ ਥੱਲੇ ਆਉਂਦੀਆਂ ਹਨ, ਉਹ ਬਿਲਕੁਲ ਕੱਚੀਆਂ ਇਟਾਂ ਹੁੰਦੀਆਂ ਹਨ, ਜਿਹੜੀਆਂ ਵਰਤੋਂ ਯੋਗ ਨਹੀਂ ਹੁੰਦੀਆਂ । ਸਪੀਕਰ ਸਾਹਿਬ, ਵੈਸੇ ਤਾਂ ਇਨ੍ਹਾਂ ਨੇ ਕਿਹਾ ਹੈ, ਫਿਰ ਵੀ ਮੈਂ ਮੰਤਰੀ ਜੀ ਤੋਂ ਤੁਹਾਡੇ ਰਾਹੀਂ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਪਹਿਲੀ

Original with;
Punjab Vidhan Sabha
Digitized by;
Panjab Digital Library

ਅਪ੍ਰੈਲ ਤੋਂ ਡੈਫੀਸ਼ਿਐਂਟਲੀ ਰੇਟ ਰਿਵਾਈਜ਼ ਹੋਣਗੇ ਤਾਂ ਕਿ ਲੋਕ ਕੰਮ ਸ਼ੁਰੂ ਕਰ ਸਕਣ ।

ਮੰਤਰੀ: ਸਪੀਕਰ ਸਾਹਿਬ, ਡੀ. ਸੀ. ਨਾਲ ਗੱਲ ਹੋ ਚੁੱਕੀ ਹੈ ਅੱਜ ਮੈਂ ਜਲਦੀ ਤੋਂ ਜਲਦੀ ਪੂਰੇ ਮਸਲੇ ਨੂੰ ਹੱਲ ਕਰਵਾਵਾਂਗਾ ।

PRESENTATION OF REPORTS

1. **Chairman, Committee on Public Undertakings (Shri Madan Mohan Mittal)**: Sir, I beg to present the-

(i) 50th Report of the Committee on Public Undertakings for the year 1994-95 relating to the General working of the Punjab State Civil supplies Corporation Ltd; and

(ii) 51st Report of the Committee on Public Undertaking for the year 1994-95 relating to the General Working of the Punjab Communications Limited,

Mr. Speaker: Now Chairman, Committee on Public Accounts

2. **Chairman, Committee on Public Accounts (Shri Upender Kumar Sharma)**: Sir I beg to present the 101st Report of the Committee on Public Accounts on the Appropriation Accounts of the Government of Punjab for the year 1981-82 and the Report of the Comptroller and Auditor General of India for the year 1981-82 (civil).

Mr. Speaker: Chairman, Committee on the Welfare of Scheduled Castes, Scheduled Tribes and Backward Classes.

3. **ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ (ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ)**: ਸਪੀਕਰ ਸਾਹਿਬ, ਮੈਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ ਦੀ ਸਾਲ 1994-95 ਦੀ ਅਠਾਰ੍ਹਵੀਂ ਰਿਪੋਰਟ ਪੇਸ਼ ਕਰਦਾ ਹਾਂ ।

Mr. Speaker: Chairman, Committee on Government Assurances.

Chairman, Committee on Government Assurances (Shri Khushhal Bahl): Sir, I beg to present the 29th Report of the Committee on Government Assurances for the Year 1994-95.

Mr. Speaker: Now, We take up Financial Business.

Original with;
Punjab Vidhan Sabha
Digitized by;
Punjab Digital Library

ਮੁੱਖ ਮੰਤਰੀ: ਪੁਆਇੰਟ ਆਫ਼ ਆਰਡਰ, ਸਪੀਕਰ ਸਾਹਿਬ। ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਕੱਲ੍ਹ ਇੱਕ ਬੜਾ ਬੁਰਾ ਇਸੀਡੈਂਟ ਇਸ ਹਾਊਸ ਦੇ ਅੰਦਰ ਹੋਇਆ ਅੰਰ ਪਤਾ ਨਹੀਂ ਕਿਸ ਤਰ੍ਹਾਂ ਹੋਇਆ ਇਹ ਗੱਲ ਅਲਹਿਦਾ ਹੈ । ਲੇਕਿਨ ਐਂਟਾਇਰ ਆਪੋਜੀਸ਼ਨ ਵੈੱਲ ਵਿੱਚ ਆ ਗਈ । ਮੈਂ ਸਮਝਦਾ ਹਾਂ ਕਿ ਇਸ ਇਸੀਡੈਂਟ ਨਾਲ ਜਿਹੜੀ ਸਾਡੀ ਪਾਰਲੀਮੈਂਟਰੀ ਡੈਮੋਕ੍ਰੇਸੀ ਹੈ ਉਸ ਨੂੰ ਕਾਫੀ ਧੱਕਾ ਲੱਗਿਆ ਹੈ । ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਨੂੰ ਨਵੀਆਂ ਨਵੀਆਂ ਪਰੰਪਰਾਵਾਂ ਇਥੇ ਨਹੀਂ ਪਾਉਣੀਆਂ ਚਾਹੀਦੀਆਂ ਅੰਰ ਉਹੀ ਪਰੰਪਰਾਵਾਂ ਹੋਣ ਜਿਹੜੀਆਂ ਪਹਿਲਾਂ ਤੋਂ ਤੁਰੀਆਂ ਆ ਰਹੀਆਂ ਹਨ । ਮੈਂ ਬੇਨਤੀ ਕਰਾਂਗਾ ਕਿ ਤੁਹਾਡਾ ਬੜਾ ਅੰਗਜ਼ਾਲਟਿਡ ਆਫਿਸ ਹੈ । ਇਧਰ ਸਾਡੇ ਟਰੈਜ਼ਰੀ ਬੈਂਚਿਜ ਹਨ, ਉਹ ਵੀ ਜ਼ਿੰਮੇਵਾਰ ਹਨ ਅੰਰ ਆਪੋਜ਼ੀਸ਼ਨ ਦੀ ਵੀ ਓਡੀ ਹੀ ਜ਼ਿੰਮੇਵਾਰੀ ਹੈ ਜਿਡੀ ਜ਼ਿੰਮੇਵਾਰੀ ਸਰਕਾਰ ਦੀ ਹੁੰਦੀ ਹੈ । ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਤੁਹਾਡੇ ਰਾਹੀਂ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੂੰ ਕਿ ਅਸੀਂ ਇੱਕ ਅੱਛੀ ਪਰੰਪਰਾ ਪਾਈਏ । ਤੁਸੀਂ ਕੋਈ ਵੀ ਸਵਾਲ ਕਰਨਾ ਹੈ, ਉਠਾਉਣਾ ਹੈ ਤਾਂ ਤੁਸੀਂ ਕੋਈ ਨਾ ਕੋਈ ਪੁਆਇੰਟ ਆਫ ਆਰਡਰ ਕਰ ਦਿਉ ਲੇਕਿਨ ਮੈਂ ਸਮਝਦਾ ਹਾਂ ਕਿ ਉਹ ਏਡਾ ਲੈਂਥੀ ਨਾ ਹੋਵੇ । ਸਪੀਕਰ ਸਾਹਿਬ, ਤੁਸੀਂ ਵੀ ਪੁਆਇੰਟ ਆਫ ਆਰਡਰ ਨੂੰ ਦੇਖ ਲਓ ਅਤੇ ਜਿਹਤਾ ਪੁਆਇੰਟ ਆਫ਼ ਆਰਡਰ ਨਹੀਂ ਬਣਦਾ, ਉਸ ਨੂੰ ਅੰਕਸਪੰਜ ਕਰੋ ।

ਦੂਸਰੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਇਥੇ ਜਿਹੜਾ ਵੀ ਸਵਾਲ ਉਠਾਇਆ ਗਿਆ ਹੈ, ਮੈਂ ਹਮੇਸ਼ਾ ਆਪ, ਸਾਡੇ ਵਜ਼ੀਰ ਸਾਹਿਬ ਅੰਰ ਈਵਨ ਸਾਡੇ ਮੈਂਬਰ ਸਾਹਿਬਾਨ ਨੇ ਉਨ੍ਹਾਂ ਦਾ ਜਵਾਬ ਦਿੱਤਾ ਹੈ । ਜੋ ਵੀ ਰੈਗੂਲਰ ਸਵਾਲ ਉਠਾਇਆ ਜਾਂਦਾ ਹੈ, ਉਸ ਦੇ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ ਕਿ ਉਸ ਦਾ ਜਵਾਬ ਉਸੇ ਵੇਲੇ ਦਿੱਤਾ ਜਾਵੇ ਪਰ ਉਸ ਦਾ ਜਵਾਬ ਰੈਗੂਲਰ ਤੌਰ ਤੇ ਦਿੱਤਾ ਜਾਂਦਾ ਹੈ । ਫਾਰ ਇਨਸਟਾਂਸ, ਰੋਪੜ ਵਿੱਚ ਇੰਸੀਡੈਂਸ ਹੋਇਆ । ਆਪੋਜ਼ੀਸ਼ਨ ਦੇ ਮਾਨਯੋਗ ਲੀਡਰ ਸਾਹਿਬ ਨੇ ਇਸ ਦੇ ਬਾਰੇ ਸਵਾਲ ਉਠਾਇਆ ਅਤੇ ਸਵਾਲ ਉਠਾ ਕੇ ਉਹ ਵਾਕ ਆਊਟ ਕਰ ਗਏ । ਕਿਉਂਕਿ ਉਹ ਵਾਕ ਆਊਟ ਕਰ ਗਏ ਸਨ, ਇਸ ਕਰਕੇ ਉਸ ਦੇ ਬਾਅਦ ਜਦੋਂ ਮੈਂ ਉਸ ਦਾ ਜਵਾਬ ਦਿੱਤਾ ਤਾਂ ਉਹ ਮੇਰੇ ਜਵਾਬ ਵੇਲੇ ਇਥੇ ਨਹੀਂ ਸਨ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਟਰੈਜ਼ਰੀ ਬੈਂਚਿਜ ਵਲੋਂ ਜਵਾਬ ਦਿੱਤਾ ਜਾਵੇ ਤਾਂ ਅਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਜਿਹੜੇ ਹਨ, ਉਹ ਵੀ ਇਥੇ ਬੈਠੇ ਹੋਣ ਤਾਂ ਗੱਲ ਇਥੇ ਹੀ ਨਿਬੜ ਜਾਂਦੀ ਹੈ ਅਤੇ ਦੁਬਾਰਾ ਸਵਾਲ ਉਠਾਉਣ ਦਾ ਫਿਰ ਕੋਈ ਸਵਾਲ ਪੈਦਾ ਨਹੀਂ ਹੁੰਦਾ । ਸੋ ਇਹ ਰਿਗਰੈਟ ਕਰਦਾ ਹੋਇਆ ਕਿ ਇਹ ਇੰਸੀਡੈਂਸ ਹੋਇਆ । ਸਪੀਕਰ ਸਾਹਿਬ ਤੁਹਾਡੀ ਮਾਰਫਤ ਮੈਂ ਫਿਰ ਇਹ ਕਹਿਣਾ ਚਾਹੁੰਦਾ ਹਾਂ ਕਿ ਇਕ ਮਹੀਨਾ ਹੋ ਗਿਆ ਹੈ ਸੈਸ਼ਨ ਚਲਦੇ ਨੂੰ ਅੰਰ ਇਸ ਮਹੀਨੇ ਦੇ ਵਿੱਚ ਕਈ ਹਵਾਇਤਾਂ ਅੱਛੀਆਂ ਪਈਆਂ ਹਨ ਅਤੇ ਮੈਂਬਰ ਸਾਹਿਬਾਨ ਨੇ ਆਪਣੇ ਖਿਆਲਾਤ ਗਵਰਨਰ ਸਾਹਿਬ ਦੇ ਐਡਰੈਸ ਅਤੇ ਬਜਟ ਤੇ ਰੱਖੇ ਹਨ । ਅੱਜ ਬਜਟ ਦਾ ਆਖ਼ਰੀ ਦਿਨ ਹੈ ਅਤੇ ਐਪਰੋਪ੍ਰੀਏਸ਼ਨ ਬਿੱਲ ਪਾਸ ਹੋਣਾ ਹੈ । ਇਸ ਦੇ ਉਤੇ ਮੈਂ ਸਮਝਦਾ ਹਾਂ ਕਿ ਇਹ ਸਾਡਾ ਹੱਕ ਬਣਦਾ ਹੈ ਕਿ ਮੈਂਬਰ ਸਾਹਿਬਾਨ ਆਪੋਜ਼ੀਸ਼ਨ ਦੇ ਵੀ ਅੰਰ ਦੂਸਰੇ ਵੀ ਆਪਣੇ ਆਪਣੇ ਖਿਆਲਾਤ ਰੱਖਣ । ਉਸ ਦੇ ਬਾਅਦ

Original with;
Punjab Vidhan Sabha
Digitized by;
Panjab Digital Library

ਬਿੱਲਜ਼ ਆਉਣੇ ਹਨ ਅੌਰ ਬਿੱਲਜ਼ ਵੀ ਜਿਹੜੇ ਹਨ, ਉਹ ਪੰਜਾਬ ਦੀ ਜਨਤਾ ਨਾਲ ਸਬੰਧ ਰਖਦੇ ਹਨ । ਇਸ ਕਰਕੇ, ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਬੇਨਤੀ ਕਰਾਂਗਾ ਕਿ ਬਿੱਲਾਂ ਦੇ ਉਤੇ ਵੀ ਅਪੋਜ਼ੀਸ਼ਨ ਦੇ ਮੈਬਰਜ਼, ਅਪੋਜ਼ੀਸ਼ਨ ਦੇ ਲੀਡਰ ਸਾਹਿਬਾਨ ਬਹਿਸ ਕਰਨ ਅਤੇ ਬਿੱਲਜ਼ ਜਿਹੜੇ ਹਨ, ਉਹ ਪੂਰੀ ਛਾਣ-ਬੀਣ ਕਰਕੇ ਪਾਸ ਕਰਨ । ਮੈਂ ਬੇਨਤੀ ਕਰਾਂਗਾ ਕਿ ਪੁਰਾਣੇ ਇੰਸੀਡੈਂਸ ਨੂੰ ਭੁੱਲ ਕੇ ਆਪਾਂ ਨਵੇਂ ਸਿਰਿਓਂ ਕੰਮ ਨੂੰ ਸ਼ੁਰੂ ਕਰੀਏ ।

ਸ਼੍ਰੀ ਸਤਨਾਮ ਸਿੰਘ ਕੈਂਥ: ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਜਿਸ ਤਰ੍ਹਾਂ ਕਿ ਸੀ. ਐਮ. ਨੇ ਕੱਲ ਦੀ ਘਟਨਾ ਦਾ ਜ਼ਿਕਰ ਕੀਤਾ ਹੈ, ਉਸ ਬਾਰੇ ਅੱਜ ਸਵੇਰੇ ਬੈਠ ਕੇ ਸਾਰੀ ਗੱਲ ਬਾਤ ਹੋ ਗਈ ਹੈ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜ਼ਿਲ੍ਹਾ ਸੰਗਰੂਰ ਵਿੱਚ ਪਿੰਡ ਮਤੋਈ ਹੈ, ਉਥੇ ਸ਼ਰਾਬ ਦੇ ਠੇਕੇ ਤੋਂ ਸ਼ਰਾਬ ਪੀ ਕੇ 3 ਵਿਅਕਤੀਆਂ ਦੀ ਡੈੱਥ ਹੋ ਗਈ ਹੈ । ਸਰਕਾਰ ਨੂੰ ਇਸ ਮਾਮਲੇ ਦੀ ਜਾਂਚ ਕਰਵਾਉਣੀ ਚਾਹੀਦੀ ਹੈ ਅੌਰ ਜਿਹੜੇ ਇਫੈਕਟਿਡ ਹਨ, ਜਿਨ੍ਹਾਂ ਦੀ ਡੈਥ ਹੋ ਗਈ ਹੈ, ਉਨ੍ਹਾਂ ਨੂੰ ਮੁਆਵਜ਼ਾ ਦੇਣਾ ਚਾਹੀਦਾ ਹੈ ਇਸ ਮਾਮਲੇ ਦੇ ਬਾਰੇ ਸਾਡੇ ਮਾਨਯੋਗ ਮੈਂਬਰ ਸਰਦਾਰ ਰਾਜ ਸਿੰਘ ਜੀ ਨੇ ਕਾਲ ਅਟੈਨਸ਼ਨ ਮੋਸ਼ਨ ਵੀ ਦਿੱਤੀ ਸੀ ਜਿਹੜੀ ਕਿ ਰਿਜੈਕਟ ਹੋ ਗਈ ਹੈ । ਇਸ ਕਰਕੇ ਮੈਂ ਇਹ ਮਾਮਲਾ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹੈ ਕਿ ਇਸ ਤੇ ਸੀਰੀਅਸਲੀ ਅੈਕਸ਼ਨ ਕਰਨਾ ਚਾਹੀਦਾ ਹੈ ।

ਸ਼੍ਰੀਮਤੀ ਵਿਮਲਾ ਡਾਂਗ: ਮਾਨਯੋਗ ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨਜ ਦੇ ਸਬੰਧ ਵਿੱਚ ਮੈਂ ਬੇਨਤੀ ਕਰਨੀ ਚਾਹਾਂਗੀ ਕਿ ਜਿਹੜੇ ਮਸਲੇ ਕਾਲ ਅਟੈਨਸ਼ਨ ਮੋਸ਼ਨਜ ਦੇ ਰਾਹੀਂ ਅਸੀਂ ਰੱਖਦੇ ਹਾਂ, ਉਹ ਸਾਰੇ ਅੈਕਸੈਪਟ ਨਹੀਂ ਹੁੰਦੇ । ਮੈਂ ਦੋ ਤਿੰਨ ਮਸਲਿਆਂ ਦਾ ਜ਼ਿਕਰ ਕਰਨਾ ਚਾਹਾਂਗੀ । ਗੋਇੰਦਵਾਲ ਵਿਖੇ ਬਾਵਾ ਸ਼ੂਅ ਫੈਕਟਰੀ ਵਿੱਚ ਮਰਨ ਵਰਤ ਦਾ ਅੱਜ ਤੀਸਰਾ ਦਿਨ ਹੈ ਪਰ ਇਸ ਦੇ ਬਾਰੇ ਲੇਬਰ ਦਾ ਜੋ ਡਿਪਾਰਟਮੈਂਟ ਹੈ, ਉਸ ਵਲੋਂ ਇੰਟਰਵੀਨ ਨਹੀਂ ਕੀਤਾ ਗਿਆ । ਇਸੇ ਤਰ੍ਹਾਂ ਬਠਿੰਡਾ ਸਪਿਨਿੰਗ ਮਿੱਲ ਹੈ ਉਸ ਦੇ ਵਿੱਚ ਕੰਪਲੀਟ ਹੜਤਾਲ ਕਾਫੀ ਦੇਰ ਤੋਂ ਚਲ ਰਹੀ ਹੈ ਅੌਰ ਉਸ ਸੰਘਰਸ਼ ਵਿੱਚ ਵੀ ਇੰਟਰਵੀਨ ਨਹੀਂ ਕੀਤਾ ਗਿਆ । ਇਸੇ ਤਰ੍ਹਾਂ ਹੀ ਬਨਮਾਜਰਾ ਵਿਚ ਮਿਨੀਮਮ ਵੇਜਿਜ਼ ਲਾਗੂ ਕਰਨ ਵਾਸਤੇ 17-1-1995 ਤੋਂ ਹੜਤਾਲ ਚਲ ਰਹੀ ਹੈ ਪਰ ਉਸ ਦੇ ਬਾਰੇ ਵੀ ਕੋਈ ਅੈਕਸ਼ਨ ਨਹੀਂ ਹੋਇਆ । ਮੈਂ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਲੇਬਰ ਦੇ ਜੋ ਸਰਕਾਰ ਦੇ ਆਪਣੇ ਬਣਾਏ ਕਾਨੂੰਨ ਹਨ, ਉਹ ਲੇਬਰ ਤੇ ਲਾਗੂ ਹੋਣੇ ਚਾਹੀਦੇ ਹਨ । ਜਿਹੜੇ ਲੇਬਰ ਦੇ ਹੱਕ ਵਿਚ ਕਾਨੂੰਨ ਬਣਾਏ ਹਨ ਜੇ ਉਹ ਲਾਗੂ ਨਹੀਂ ਕਰਨੇ ਤਾਂ ਕਾਨੂੰਨ ਬਣਾਉਣ ਦਾ ਕੀ ਅਸਰ ਹੋਵੇਗਾ । ਸੋ ਮੈਂ ਬੇਨਤੀ ਕਰਨੀ ਚਾਹਾਂਗੀ ਕਿ ਗੌਰਮਿੰਟ ਆਪਣੀ ਪਾਲਿਸੀ ਤਬਦੀਲ ਕਰੇ ਅੌਰ ਜਿਥੇ ਮਰਨ ਵਰਤ ਸ਼ੁਰੂ ਹੋ ਗਿਆ ਹੈ, ਉਥੇ ਜ਼ਰੂਰ ਇੰਟਰਵੀਨ ਕਰੇ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹੇਬ, ਅੱਜ ਸਵੇਰੇ ਸਾਡੇ ਲੀਡਰ ਸਾਹਿਬਾਨ ਨਾਲ ਮੀਟਿੰਗ ਕਰਕੇ ਜੋ ਫੈਸਲਾ ਹੋਇਆ ਹੈ, ਉਸ ਦੀ ਮੈਂ ਸਰਾਹਨਾ ਕਰਦੀ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

ਹਾਂ । ਚੀਫ ਮਨਿਸਟਰ ਸਾਹਿਬ ਦਾ ਮੈਂ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਸਾਡੀ ਵਿਰੋਧੀ ਪਕਸ਼ ਦੀ ਗੱਲ ਮੰਨੀ ਹੈ ਜੋ ਲੋਕਤੰਤਰ ਨੂੰ ਸੁਰੱਛ ਰੱਖਣ ਲਈ ਜ਼ਰੂਰੀ ਵੀ ਹੈ । ਮੈਂ ਸਪੀਕਰ ਸਾਹਿਬ, ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦੀ ਹਾਂ ਕਿ ਪਠਾਨਕੋਟ ਵਿਚ ਹਿੰਦੂ ਅਰਬਨ ਕੋਆਪਰੇਟਿਵ ਬੈਂਕ ਜੋ ਹੈ, ਉਸ ਵਿਚ ਲੰਮੇ ਸਮੇਂ ਤੋਂ ਬੈਂਕ ਦੇ ਹੀ ਅਫਸਰ ਪੈਸੇ ਦੇ ਮਾਮਲੇ ਵਿਚ ਗੜਬੜ ਕਰ ਰਹੇ ਹਨ । ਇਸ ਦੇ ਬਾਰੇ ਮੈਂ ਸਰਕਾਰ ਦੇ ਧਿਆਨ ਵਿਚ, ਮਨਿਸਟਰ ਸਾਹਿਬ ਦੇ ਧਿਆਨ ਵਿਚ ਲਿਆਂਦਾ ਹੈ ਪਰ ਕੋਈ ਕਾਰਵਾਈ ਨਹੀਂ ਹੋਈ । ਜਿਹੜੇ ਕਰਮਚਾਰੀ ਇਸ ਘਪਲੇ ਨੂੰ ਲੋਕਾਂ ਦੇ ਸਾਹਮਣੇ ਲਿਆ ਰਹੇ ਹਨ, ਉਨ੍ਹਾਂ ਦਾ ਸੋਸ਼ਣ ਜਾਰੀ ਹੈ । ਸੋ ਮੇਰਾ ਨਿਵੇਦਨ ਹੈ ਕਿ ਉਸ ਬੈਂਕ ਵਿਚ ਜਿਹੜਾ ਗਲਤ ਕਾਰੋਬਾਰ ਚਲ ਰਿਹਾ ਹੈ, ਉਸ ਨੂੰ ਦੂਰ ਕੀਤਾ ਜਾਵੇ ਅਤੇ ਕਰਮਚਾਰੀਆਂ ਨੂੰ ਸੁਰੱਖਿਆ ਦਿੱਤੀ ਜਾਵੇ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਸਪੀਕਰ ਸਾਹਿਬ, ਮੈਂ ਸ਼ੀ. ਐਮ. ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਡੈਮੋਕਰੇਸੀ ਦੀਆਂ ਪਰੰਪਰਾਵਾਂ ਦਾ ਸਤਿਕਾਰ ਕੀਤਾ ਹੈ ਅੱਤੇ ਚੰਗਾ ਫੈਸ਼ਲਾ ਦਿੱਤਾ ਹੈ । ਮੈਂ ਹੁਣ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਜ਼ਿਲ੍ਹੇ ਵਿਚ ਜੋ ਖਾਦਾ ਕੰਪਨੀ ਹੈ, ਉਸ ਨੇ ਆਪਣੀ ਮਿੱਲ ਵਿਚੋਂ 1500 ਵਰਕਰਜ਼ ਨੂੰ ਕੱਢ ਦਿੱਤਾ ਹੈ । ਦੋ ਸਾਲ ਤੋਂ ਇਹ ਕੇਸ ਚਲ ਰਿਹਾ ਹੈ ਪਰ ਜ਼ਿਲ੍ਹਾ ਪ੍ਰਸ਼ਾਸਨ ਨੇ ਕੋਈ ਵੀ ਧਿਆਨ ਨਹੀਂ ਦਿੱਤਾ । ਮਿੱਲ ਮਾਲਕਾਂ ਨੂੰ ਵੀ ਕਿਹਾ ਗਿਆ ਹੈ ਕਿ ਇਹ ਜਿਹੜੇ 1500 ਸਕਿੱਲਡ ਵਰਕਰਜ਼ ਕੱਢ ਦਿੱਤੇ ਗਏ ਹਨ, ਉਨ੍ਹਾਂ ਨੂੰ ਬਹਾਲ ਕੀਤਾ ਜਾਵੇ ਅੱਤੇ ਜੇ ਕੋਈ ਗਲਤੀ ਹੋਈ ਵੀ ਹੈ ਤਾਂ ਬੈਠ ਕੇ ਡਿਸਕਸ਼ਨ ਕਰ ਲੈਂਦੇ ਹਾਂ ਪਰ ਉਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਉਹ ਗੱਲ ਸੁਣਨ ਨੂੰ ਤਿਆਰ ਨਹੀ ਹਨ । ਉਨ੍ਹਾਂ ਵਰਕਰਾਂ ਨੇ ਡੀ.ਸੀ. ਆਫਿਸ ਤੇ ਵੀ ਕਈ ਵਾਰ ਧਰਨੇ ਦਿੱਤੇ ਹਨ । ਪਰ ਉਨ੍ਹਾਂ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ 1500 ਵਰਕਰਜ਼ ਨੂੰ ਕੱਢ ਦੇਣ ਨਾਲ ਲਾਅ ਐਂਡ ਆਰਡਰ ਵੀ ਖਰਾਬ ਹੋ ਸਕਦਾ ਹੈ ।

Mr. Speaker: Please resume your seat. It has already come in the way of Call Attention Notice.

ਸ਼ੀ ਵਿਜੇ ਕੁਮਾਰ ਸਾਥੀ : ** ** **

Mr. Speaker : No Point of Order. Please resume your seat.

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਇਹ ਇਕ ਚੰਗਾ ਫੈਸਲਾ ਹੈ ਪਰ ਮੈਂ ਇਹ ਗੱਲ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਮੈਂ ਇਕ ਧਿਆਨ ਦਿਵਾਊ ਮਤਾ ਦਿੱਤਾ ਸੀ ਜਿਸ ਵਿਚ ਲਿਖਿਆ ਸੀ ਕਿ ਜਿਹੜੇ ਕਿਸਾਨ 3 ਹਾਰਸ ਪਾਵਰ ਦੀਆਂ ਮੋਟਰਾਂ ਦੇ ਕੁਨੈਕਸ਼ਨ ਲਈ ਅਪਲਾਈ ਕਰਦੇ ਹਨ, ਉਨ੍ਹਾਂ ਨੂੰ ਬਿਜਲੀ ਵਾਲੇ ਕਹਿੰਦੇ ਹਨ ਕਿ ਹੁਣ 5 ਹਾਰਸ ਪਾਵਰ ਦੀ ਮੋਟਰ ਲੱਗਣੀ ਹੈ । ਇਸ ਨਾਲ ਉਨ੍ਹਾਂ ਕਿਸਾਨਾਂ ਨੂੰ ਬਹੁਤ

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਤਕਲੀਫ਼ ਆ ਰਹੀ ਹੈ । ਪਰ ਤੁਸੀ ਇਸ ਦਾ ਜਵਾਬ ਦੇ ਦਿੱਤਾ ਹੈ । ਮੈਂ ਬੇਨਤੀ ਕਰਦਾ ਹਾਂ ਕਿ ਇਸ ਤੇ ਦੁਬਾਰਾ ਗੌਰ ਕੀਤਾ ਜਾਵੇ ।

Mr. Speaker: Please resume your seat. Now, we take up Financial Business.

FINANCIAL BUSINESS

THE PUNJAB APPROPRIATION (NO. 2) BILL, 1995

Finance Minister (Doctor Kewal Krishan): Sir, I beg to introduce the Punjab Appropriation (No. 2) Bill.

Sir, I also beg to move—

That the Punjab Appropriation (No. 2) Bill be taken into coosideration at once.

Mr. Speaker: Motion moved—

That the Punjab Appropriation (No. 2) Bill be taken into consideration at once.

Under Sub-rule (2) of Rule 179 of the Rules of Procedure and Conduct of Business in the Punjab Vidhan Sabha, guillotine will be applied at 1.00 P.M. Discussion. Shri Satnam Singh Kainth.

ਸ਼੍ਰੀ ਸਤਨਾਮ ਸਿੰਘ ਕੈਂਥ (ਬੰਗਾ, ਐਸ. ਸੀ.): ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਪਰੋਪ੍ਰੀਏਸ਼ਨ ਬਿੱਲ ਉਤੇ ਬੋਲਣ ਲਈ ਮੌਕਾ ਦਿੱਤਾ ਹੈ । ਪੰਜਾਬ ਦੇ ਲੋਕਾਂ ਦੇ ਸਾਹਮਣੇ ਬਹੁਤ ਭਾਰੀ ਪ੍ਰਾਬਲਮਜ਼ ਹਨ ਅਤੇ ਗੌਰਮਿੰਟ ਦੀ ਤਰਫੋਂ 2 ਪੁਆਇੰਟਾਂ ਉਤੇ ਕਾਫੀ ਜ਼ੋਰ ਦਿੱਤਾ ਜਾਂਦਾ ਰਿਹਾ ਹੈ । ਪਹਿਲੀ ਉੱਨਤ ਗ੍ਰਾਮ ਸਕੀਮ ਅਤੇ ਦੂਜਾ ਸਕੂਲਾਂ ਨੂੰ ਅਪਗਰੇਡ ਕਰਨ ਬਾਰ ਹੈ । ਜਿਥੋਂ ਤੱਕ ਸਕੂਲਾਂ ਦਾ ਸਬੰਧ ਹੈ, ਗੌਰਮਿੰਟ ਦੀ ਤਰਫੋਂ ਕਿਹਾ ਗਿਆ ਹੈ ਕਿ 1000 ਪ੍ਰਾਇਮਰੀ ਸਕੂਲਾਂ ਨੂੰ ਹਾਈ ਸਕੂਲਾਂ ਵਿਚ ਅਪਗਰੇਡ ਕੀਤਾ ਜਾ ਰਿਹਾ ਹੈ, 120 ਮਿਡਲ ਸਕੂਲਾਂ ਨੂੰ ਹਾਈ ਸਕੂਲਾਂ ਦੇ ਵਿਚ ਅਪਗਰੇਡ ਕੀਤਾ ਜਾ ਰਿਹਾ ਹੈ ਅਤੇ 120 ਹਾਈ ਸਕੂਲਾਂ ਨੂੰ 10 ਜਮ੍ਹਾਂ 2 ਵਿੱਚ ਅਪਗਰੇਡ ਕੀਤਾ ਜਾ ਰਿਹਾ ਹੈ । ਐਜੂਕੇਸ਼ਨ ਹਰ ਕੌਮ ਦੀ ਬਿਹਤਰੀ ਲਈ ਹੁੰਦੀ ਹੈ ਅਤੇ ਸਟੇਟ ਦੇ ਲਈ ਇਹ ਬੜਾ ਵੱਡਾ ਮਸਲਾ ਹੁੰਦਾ ਹੈ ਪੰਜਾਬ ਦੇ ਅੰਦਰ ਕੋਈ ਵੀ ਵਿਅਕਤੀ ਇਲੀਟਰੇਟ ਨਾ ਰਹੇ, ਇਸ ਵਾਸਤੇ ਬੇਸਕ ਐਜੂਕੇਸ਼ਨ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ । ਪੰਜਾਬ ਦੇ ਅੰਦਰ 363 ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿਗਜ਼ ਅਨਸੇਫ ਹਨ ਜਿਨ੍ਹਾਂ ਨੂੰ ਪਹਿਲੇ ਹੀ ਅਨਸੇਫ ਡਿਕਲੇਅਰ ਕੀਤਾ ਹੋਇਆ ਹੈ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਤਨਾਮ ਸਿੰਘ ਕੈਂਥ]

ਅਤੇ 149 ਸਕੂਲ ਪ੍ਰਾਈਵੇਟ ਬਿਲਡਿੰਗਜ਼ ਦੇ ਵਿਚ ਚਲ ਰਹੇ ਹਨ । ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਅਤੇ ਜਿਹੜੀ ਪ੍ਰਾਇਮਰੀ ਐਜੂਕੇਸ਼ਨ ਹੈ, ਇਹ ਸਾਰਿਆਂ ਨੂੰ ਇਕੋ ਜਿਹੀ ਦਿੱਤੀ ਜਾਣੀ ਚਾਹੀਦੀ ਹੈ ਅਤੇ ਈਕੂਅਲ ਐਜੂਕੇਸ਼ਨ ਹੋਣੀ ਚਾਹੀਦੀ ਹੈ । ਪੰਜਾਬ ਦੇ ਵਿਚ ਪ੍ਰਾਈਵੇਟ ਸਕੂਲ ਅਤੇ ਕਾਲਜ ਵੀ ਚਲ ਰਹੇ ਹਨ । ਮੈਂ ਸਮਝਦਾ ਹਾਂ ਕਿ ਇਹ ਪ੍ਰਾਈਵੇਟ ਆਰਗੇਨਾਈਜ਼ੇਸ਼ਨਾਂ ਬਿਜ਼ਨੈਸ ਦਾ ਇਕ ਹਿੱਸਾ ਨਾ ਹੋਣ, ਇਹ ਲੋਕਾਂ ਦੀ ਵੈਲਫੇਅਰ ਵਾਸਤੇ ਹੋਣੇ ਚਾਹੀਦੇ ਹਨ । ਇਨ੍ਹਾਂ ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਉਤੇ ਪੰਜਾਬ ਗੌਰਮਿੰਟ ਦਾ ਕੁੱਲ ਸਿੱਖਿਆ ਦਾ 65% ਖਰਚਾ ਹੁੰਦਾ ਹੈ ਜੋ ਕਿ ਸਰਕਾਰ ਇਨ੍ਹਾਂ ਨੂੰ ਗ੍ਰਾਂਟ ਦੇ ਰੂਪ ਵਿਚ ਦੇ ਰਹੀ ਹੈ । 95% ਗੌਰਮਿੰਟ ਵਲੋਂ ਗ੍ਰਾਂਟ ਦਿੱਤੀ ਜਾਂਦੀ ਹੈ ਅਤੇ ਪ੍ਰਾਈਵੇਟ ਸਕੂਲ ਟੀਚਰਜ਼ ਅਤੇ ਕਾਲਜ ਟੀਚਰਜ਼ ਨੂੰ 100% ਗ੍ਰਾਂਟ ਪੈਨਸ਼ਨਾਂ ਰਾਹੀਂ ਵੀ ਦਿੱਤੀ ਜਾ ਰਹੀ ਹੈ ਪਰ ਇਨ੍ਹਾਂ ਸਕੂਲਾਂ ਅਤੇ ਕਾਲਜਾਂ ਦੇ ਵਿਚ ਸ਼ੈਡਿਊਲਡ ਕਾਸਟ ਵਿਅਕਤੀਆਂ ਨੂੰ ਰਿਕਰੂਟਮੈਂਟ ਵਿਚ ਰਿਜ਼ਰਵੇਸ਼ਨ ਨਹੀਂ ਦਿੱਤੀ ਜਾਂਦੀ ਅੱਤੇ ਸਰਕਾਰ ਕਹਿੰਦੀ ਹੈ ਕਿ ਅਸੀਂ ਇਨ੍ਹਾਂ ਪ੍ਰਾਈਵੇਟ ਅਦਾਰਿਆਂ ਦੇ ਵਿਚ ਦਖਲ ਅੰਦਾਜ਼ੀ ਨਹੀਂ ਕਰ ਸਕਦੇ । ਇਹ ਗਲਤ ਮੈਥਡ ਹੈ । ਜਦੋਂ ਸਰਕਾਰ ਇਨ੍ਹਾਂ ਉਤੇ ਐਜੂਕੇਸ਼ਨ ਦਾ 65% ਖਰਚਾ ਕਰ ਰਹੀ ਹੈ, ਫੇਰ ਇਨ੍ਹਾਂ ਪ੍ਰਾਈਵੇਟ ਅਦਾਰਿਆਂ ਦੇ ਵਿਚ ਰਿਜ਼ਰਵੇਸ਼ਨ ਵੀ ਸਰਕਾਰ ਦੀ ਪਾਲਿਸੀ ਦੇ ਮੁਤਾਬਿਕ ਦੇਣੀ ਚਾਹੀਦੀ ਹੈ ਅਤੇ ਇਹ ਪਾਲਿਸੀ ਇੰਪਲੀਮੈਂਟ ਹੋਣੀ ਚਾਹੀਦੀ ਹੈ ।

ਇਸ ਦੇ ਨਾਲ ਹੀ, ਉੱਨਤ ਗ੍ਰਾਮ ਸਕੀਮ ਜਿਹੜੀ ਸਰਕਾਰ ਵਲੋਂ ਲਾਗੂ ਕੀਤੀ ਗਈ ਹੈ, ਇਸ ਸਕੀਮ ਤੋਂ ਪਹਿਲੇ ਵੀ ਸੁੰਦਰ ਗ੍ਰਾਮ ਸਕੀਮ ਅਤੇ ਮਾਡਲ ਗ੍ਰਾਮ ਸਕੀਮ ਪਿਛਲੀਆਂ ਸਰਕਾਰਾਂ ਵਲੋਂ ਚਾਲੂ ਕੀਤੀਆਂ ਗਈਆਂ ਸਨ । ਉੱਨਤ ਗ੍ਰਾਮ ਸਕੀਮ ਰਾਹੀਂ ਪਿੰਡਾਂ ਦੇ ਵਿਚ ਕਾਫੀ ਫੰਡਜ਼ ਦਿੱਤੇ ਗਏ ਹਨ ਪਰ ਜਿਹੜੀ ਇਸ ਸਕੀਮ ਦੇ ਵਿਚ ਘਾਟ ਹੈ, ਉਹ ਮੈਂ ਸਰਕਾਰ ਦੇ ਨੋਟਿਸ ਵਿਚ ਲਿਆਉਣੀ ਚਾਹੁੰਦਾ ਹਾਂ । ਪਿੰਡਾਂ ਦੇ ਵਿਚ ਆਬਾਦੀ ਵਧ ਰਹੀ ਹੈ । ਪਿੰਡਾਂ ਦੇ ਵਿਚ ਜੋ ਛੱਪੜ ਹਨ, ਇਹ ਛੱਪੜ ਆਬਾਦੀ ਦੇ ਵਿਚ ਆ ਜਾਣ ਕਰਕੇ ਹਰ ਕੋਈ ਚਾਹੁੰਦਾ ਹਾਂ ਕਿ ਛੱਪੜ ਦਾ ਪਾਣੀ ਉਸ ਦੇ ਘਰ ਕੋਲੋਂ ਨਾ ਨਿਕਲੇ । ਇਸ ਲਈ ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਇਹ ਜਿਹੜੀ ਲੋਕਾਂ ਦੇ ਸਾਹਮਣੇ ਛੱਪੜ ਦੀ ਪ੍ਰਾਬਲਮ ਹੈ ਅਤੇ ਗੰਦੇ ਪਾਣੀ ਦੇ ਨਿਕਾਸ ਦਾ ਕੰਮ ਹੈ, ਇਸ ਨੂੰ 5ਵੇਂ ਕੰਪੋਨੈਂਟ ਵਿਚ ਲਿਆਉਣਾ ਚਾਹੀਦਾ ਹੈ ਕਿਉਂਕਿ ਇਸ ਦੇ ਕਾਰਨ ਪਿੰਡਾਂ ਦੇ ਵਿਚ ਕਈ ਝਗੜੇ ਹੋ ਰਹੇ ਹਨ । ਗੌਰਮਿੰਟ ਨੂੰ ਆਪਣੇ ਲੈਵਲ ਤੇ ਇਸ ਦਾ ਹੱਲ ਕਰਨਾ ਚਾਹੀਦਾ ਹੈ ਅਤੇ ਛੱਪੜਾਂ ਨੂੰ ਪਿੰਡਾਂ ਤੋਂ ਬਾਹਰ ਲੈ ਜਾਣਾ ਚਾਹੀਦਾ ਹੈ ।

ਜਿਹੜੀਆਂ ਜ਼ਮੀਨਾਂ ਨੂੰ ਐਕਵਾਇਅਰ ਕੀਤਾ ਜਾ ਰਿਹਾ ਹੈ, ਉਸ ਦੇ ਲਈ ਸਰਕਾਰ ਵਲੋਂ ਪੈਸੇ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਇਸ ਦੀ ਘਾਟ ਨਹੀਂ ਹੋਣੀ ਚਾਹੀਦੀ । ਇਥੇ ਸਰਕਾਰ ਵਲੋਂ ਦਾਅਵਾ ਕੀਤਾ ਜਾਂਦਾ ਹੈ ਕਿ ਅਸੀਂ ਪੰਜਾਬ ਵਿਚ ਡੈਮੋਕਰੇਸੀ ਨੂੰ ਬਹਾਲ ਕੀਤਾ ਹੈ ਅਤੇ ਲੋਕਰਾਜ ਨੂੰ ਪੰਜਾਬ ਵਿਚ ਬਹਾਲ ਕੀਤਾ ਹੈ ਪਰ ਮੈਂ ਸਮਝਦਾ ਹਾਂ ਕਿ ਜਿਹੜੀਆਂ ਬਲਾਕ ਸੰਮਤੀਆਂ ਅਤੇ ਪੰਚਾਇਤ ਸੰਮਿਤੀਆਂ ਦੀਆਂ ਇਲੈਕਸ਼ਨਾਂ ਹੋਈਆਂ

Original with;
Punjab Vidhan Sabha
Digitized by;
Panjab Digital Library

ਹਨ, ਉਨ੍ਹਾਂ ਦੇ ਜਿਹੜੇ ਇਲੈਕਟਿਡ ਰਿਪਰੈਂਜ਼ੈਂਟੇਟਿਵ ਹਨ, ਉਨ੍ਹਾਂ ਨੂੰ ਸਹੀ ਅਰਥਾਂ ਦੇ ਵਿਚ ਡਿਵੈਲਪਮੈਂਟ ਵਾਸਤੇ ਕੋਈ ਅਧਿਕਾਰ ਨਹੀਂ ਦਿੱਤੇ ਗਏ ਹਨ ਅਤੇ ਇਸ ਬਾਰੇ ਕੋਈ ਨੋਟੀਫੀਕੇਸ਼ਨ ਨਹੀਂ ਕੀਤੀ ਗਈ । ਇਹ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ । ਪੰਜਾਬ ਵਿਚ ਡੈਮੋਕਰੇਸੀ ਬਹਾਲ ਨਹੀਂ ਹੋਈ ਪਰ ਉਸ ਡੈਮੋਕਰੇਸੀ ਦੇ ਨਾਂ ਉਤੇ ਸਰਕਾਰ ਵਲੋਂ ਧੱਕੇਸ਼ਾਹੀ ਜ਼ਰੂਰ ਕੀਤੀ ਜਾ ਰਹੀ ਹੈ । ਕਿਹਾ ਗਿਆ ਸੀ ਕਿ ਸਰਕਾਰ ਬੈਕਵਰਡ ਕਲਾਸਿਜ ਵਾਸਤੇ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਪੰਜਾਬ ਵਿਚ ਲਾਗੂ ਕਰੇਗੀ ਅਤੇ ਜਿਹੜਾ ਬੈਕਲਾਗ ਹੈ, ਉਸ ਨੂੰ ਪੂਰਾ ਕਰੇਗੀ ਅਤੇ ਰਿਜ਼ਰਵੇਸ਼ਨ ਐਕਟ ਬਣਾਕੇ ਉਸ ਨੂੰ ਪੰਜਾਬ ਵਿਚ ਲਾਗੂ ਕਰੇਗੀ । ਪਿੱਛੇ ਬੀ. ਐਸ. ਪੀ. ਦੇ ਵਰਕਰਜ਼ 21 ਮਾਰਚ ਨੂੰ ਚੰਡੀਗੜ੍ਹ ਵਿਚ ਰੈਲੀ ਕਰਨ ਵਾਸਤੇ ਆ ਰਹੇ ਸਨ । ਜਿਸ ਢੰਗ ਨਾਲ ਉਨ੍ਹਾਂ ਨੂੰ ਚੰਡੀਗੜ੍ਹ ਆਉਣ ਤੋਂ ਰੋਕਿਆ ਗਿਆ, ਪੁਲਿਸ ਵਲੋਂ ਉਨ੍ਹਾਂ ਉਤੇ ਲਾਠੀਚਾਰਜ ਕੀਤਾ ਗਿਆ ਅਤੇ ਵਰਕਰਜ ਨੂੰ ਪੁਲਿਸ ਵਲੋਂ ਰੋਕਿਆ ਗਿਆ, ਉਹ ਬੜਾ ਗਲਤ ਤਰੀਕਾ ਸੀ । ਇਸ ਤੋਂ ਪਹਿਲਾਂ ਸੀ. ਪੀ. ਆਈ. ਦੀ ਰੈਲੀ ਨੂੰ ਵੀ ਸਰਕਾਰ ਵਲੋਂ ਰੋਕਿਆ ਗਿਆ ਸੀ ਅਤੇ ਉਨ੍ਹਾਂ ਉਤੇ ਲਾਠੀਚਾਰਜ ਕੀਤਾ ਗਿਆ ਸੀ । ਇਹ ਬੜੀ ਮਾੜੀ ਗੱਲ ਹੈ । ਸਪੀਕਰ ਸਾਹਿਬ, ਇਕ ਪਾਸੇ ਦਰਿਆ ਸੀ ਅਤੇ ਉਥੇ ਸਾਡੇ ਵਰਕਰਾਂ ਉਤੇ ਲਾਠੀਚਾਰਜ ਕੀਤਾ ਗਿਆ । ਹਾਊਸ ਦੇ ਅੰਦਰ ਸੀ. ਐਮ. ਸਾਹਿਬ ਨੇ ਕਿਹਾ ਕਿ ਉਨ੍ਹਾਂ ਵਰਕਰਾਂ ਕੋਲ ਵੱਟੇ ਅਤੇ ਲਾਠੀਆਂ ਸਨ ਅਤੇ ਇਹ ਚੀਜ਼ਾਂ ਉਹ ਨਾਲ ਲੈ ਕੇ ਆਏ ਸਨ ਪਰ ਇਹ ਗਲਤ ਹੈ। ਅੱਜ ਤਕ ਕਦੇ ਵੀ ਪਿਛਲੀ ਕਿਸੇ ਗੌਰਮਿੰਟ ਨੇ ਬੀ. ਐਸ. ਪੀ. ਦੇ ਵਰਕਰਾਂ ਉਤੇ ਲਾਠੀਚਾਰਜ ਨਹੀਂ ਕੀਤਾ । ਇਸ ਕਾਂਗਰਸ ਗੌਰਮਿੰਟ ਦੇ ਸਮੇਂ ਹੀ ਵਰਕਰਾਂ ਉਤੇ ਲਾਠੀਚਾਰਜ ਹੋਇਆ ਹੈ । ਵੱਟੇ ਅਤੇ ਲਾਠੀਆਂ ਬੀ. ਐਸ. ਪੀ. ਦੇ ਵਰਕਰਾਂ ਵਲੋਂ ਲਿਆਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਵਰਕਰਾਂ ਉਤੇ ਦੇਸ਼ ਧਰੋਹ, 107, ਅਤੇ ਹੋਰ 11 ਧਾਰਾਵਾਂ ਲਗਾ ਦਿੱਤੀਆਂ । ਸਾਡੇ ਵਰਕਰ ਡੈਮੋਕਰੇਟਿਕ ਤਰੀਕੇ ਨਾਲ ਪਰੋਟੈਸਟ ਕਰਨ ਆ ਰਹੇ ਸਨ । ਸਰਕਾਰ ਵਲੋਂ ਉਨ੍ਹਾਂ ਨੂੰ ਨਹੀਂ ਸੀ ਰੋਕਣਾ ਚਾਹੀਦਾ । ਸਾਡੇ ਵਰਕਰਾਂ ਨੂੰ ਸਰਕਾਰ ਵਲੋਂ ਬਿਨਾਂ ਸ਼ਰਤ ਰਿਹਾਅ ਕਰਨਾ ਚਾਹੀਦਾ ਹੈ । (ਥੰਪਿੰਗ) ਇਸ ਦੇ ਨਾਲ ਹੀ ਕਿਹਾ ਜਾਂਦਾ ਹੈ ਕਿ ਪੰਚਾਂ ਅਤੇ ਸਰਪੰਚਾਂ ਨੂੰ ਥਾਣਿਆਂ ਵਿਚ ਪੂਰਾ ਮਾਣ ਅਤੇ ਸਤਿਕਾਰ ਦਿੱਤਾ ਜਾਂਦਾ ਹੈ ਪਰ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੀ ਰਿਸਪੈਕਟ ਥਾਣਿਆਂ ਵਿਚ ਨਹੀਂ ਹੋ ਰਹੀ ਹੈ । ਇਸ ਬਾਰੇ ਮੈਂ ਅਸੈਂਬਲੀ ਵਿਚ ਕੁਐਕਸਚਨ ਵੀ ਕੀਤਾ ਸੀ ਅਤੇ ਕਾਲ ਅਟੈਨਸ਼ਨ ਨੋਟਿਸ ਵੀ ਦਿਤਾ ਸੀ । ਸਪੀਕਰ ਸਾਹਿਬ, ਚਕਲਾ ਪਿੰਡ ਦੀਆਂ ਗਲੀਆਂ ਨਾਲੀਆਂ ਪੁੱਟ ਦਿਤੀਆਂ । ਸ਼ੀ. ਐਮ. ਸਾਹਿਬ ਨੇ ਡੀ. ਸੀ. ਸਾਹਿਬ ਨੂੰ ਫੋਨ ਵੀ ਕੀਤਾ ਪਰ ਅੱਜ ਤਕ ਕੋਈ ਐਕਸ਼ਨ ਨਹੀਂ ਹੋਇਆ । ਇਹ ਬੜਾ ਗੰਭੀਰ ਮਾਮਲਾ ਹੈ ਅਤੇ ਸਰਕਾਰ ਨੂੰ ਹੱਲ ਕਰਨਾ ਚਾਹੀਦਾ ਹੈ ।

ਸਪੀਕਰ ਸਾਹਿਬ, ਇਥੇ ਹਾਊਸ ਵਿਚ ਕੁਝ ਗਲਤ ਗੱਲਾਂ ਕਹੀਆਂ ਜਾ ਰਹੀਆਂ ਹਨ । ਜ਼ਿਲ੍ਹਾ ਲੁਧਿਆਣਾ ਦਾ ਵਾਕਿਆ ਹੈ, ਸ੍ਰੀ ਭਨੋਟ ਚੇਅਰਮੈਨ ਹੈ । ਤਿੰਨ ਵਾਰੀ ਉਸ ਤੇ ਹਮਲਾ ਕੀਤਾ ਗਿਆ । ਐਸ. ਪੀ. ਅਤੇ ਡੀ. ਐਸ. ਪੀ. ਨੂੰ ਅਪਰੋਚ ਕੀਤੀ ਗਈ ਪਰ ਕੋਈ ਕਾਰਵਾਈ ਨਹੀਂ ਹੋਈ । ਸਪੀਕਰ ਸਾਹਿਬ, ਸੁਜਾਨਪੁਰ ਵਿਚ ਇਕ ਸ੍ਰੀ ਸਤਿਪਾਲ ਹੈ, ਉਸ ਤੇ ਵੀ ਹਮਲਾ ਕੀਤਾ ਗਿਆ ਪਰ ਅੱਜ ਤੱਕ ਕੋਈ ਕਾਰਵਾਈ ਨਹੀਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਤਨਾਮ ਸਿੰਘ ਕੈਂਥ]

ਹੋਈ। ਇਸੇ ਤਰ੍ਹਾਂ ਬਟਾਲੇ ਦਾ ਕਲਵਿੰਦਰ ਸਿੰਘ ਜੋ 20 ਫਰਵਰੀ ਨੂੰ ਉਨ੍ਹਾਂ ਦਾ ਡਿਸਪਿਊਟ ਹੋਇਆ ਅਤੇ 22 ਫਰਵਰੀ ਨੂੰ ਫੈਸਲਾ ਵੀ ਹੋ ਗਿਆ। ਇਸ ਦੇ ਬਾਵਜੂਦ ਉਸ ਨੂੰ ਚੁੱਕਿਆ ਗਿਆ, ਉਸ ਦੇ 7 ਟੁਕੜੇ ਕਰ ਦਿੱਤੇ ਗਏ ਅਤੇ ਉਸ ਨੂੰ ਰੇਲਵੇ ਲਾਈਨ ਤੇ ਸੁੱਟ ਦਿੱਤਾ ਗਿਆ। ਸਰਕਾਰ ਵਲੋਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਕਿ ਉਸ ਨੇ ਆਤਮ ਹੱਤਿਆ ਕੀਤੀ ਹੈ। ਇਹੋ ਜਿਹੇ ਐਕਸ਼ਨ ਸਰਕਾਰ ਵਲੋਂ ਕੀਤੇ ਜਾਂਦੇ ਹਨ।

ਕਾਂਗਰਸ ਵਲੋਂ ਕਿਹਾ ਜਾਂਦਾ ਹੈ ਕਿ ਬੀ. ਐਸ. ਪੀ. ਦੀ ਪੰਜਾਬ ਵਿਚ ਕੋਈ ਹੋਂਦ ਨਹੀਂ ਹੈ, ਕੋਈ ਤਾਕਤ ਨਹੀਂ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਬੀ. ਐਸ. ਪੀ. ਪੰਜਾਬ ਦੇ ਅੰਦਰ ਬੜੀ ਭਾਰੀ ਫੋਰਸ ਬਣ ਕੇ ਉਭਰੀ ਹੈ। (ਥੰਪਿੰਗ) ਇਥੇ ਕਿਹਾ ਗਿਆ ਕਿ ਬਹੁਜਨ ਸਮਾਜ ਪਾਰਟੀ ਬਲਾਕ ਸੰਮਤੀਆਂ ਅਤੇ ਮਿਉਂਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਵਿਚ ਪਿੱਛੇ ਰਹਿ ਗਈ ਹੈ। ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਤਿੰਨ ਵੱਡੇ ਲੀਡਰ ਹਨ। ਇਕ ਸ਼੍ਰੀ ਬਲਰਾਮ ਜਾਖੜ, ਦੂਜਾ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਅਤੇ ਤੀਸਰਾ ਸਰਦਾਰ ਉਮਰਾਓ ਸਿੰਘ ਹੈ। ਸਰਦਾਰ ਬੂਟਾ ਸਿੰਘ ਦਾ ਕੋਈ ** ਬਲਾਕ ਸੰਮਿਤੀ ਦੇ ਇਲੈਕਸ਼ਨ ਹੋਏ ਜਿਸ ਵਿਚ ਬੀ. ਐਸ. ਪੀ. ਦੇ ਸ਼੍ਰੀ ਵਰਿੰਦਰ ਕਟਾਰੀਆ ਜਿੱਤੇ ਜਦ ਕਿ ਕਾਂਗਰਸ ਦਾ ਉਮੀਦਵਾਰ ਹਾਰ ਗਿਆ। ਦੂਸਰਾ ਸਰਦਾਰ ਬੇਅੰਤ ਸਿੰਘ ਦੇ ਇਲਾਕੇ ਘਲਾਨੀ ਬਲਾਕ ਵਿਚੋਂ ਬੀ. ਐਸ. ਪੀ. ਦਾ ਬੰਦਾ ਜਿੱਤਿਆ। ਸਰਦਾਰ ਉਮਰਾਓ ਸਿੰਘ ਸੈਂਟਰ ਵਿਚ ਚਲੇ ਗਏ ਹਨ, ਬਲਾਕ ਸੰਮਤੀ ਦੀਆਂ ਇਲੈਕਸ਼ਨਾਂ ਵੇਲੇ ਉਹਨਾਂ ਦੇ ਹਲਕੇ ਵਿਚੋਂ ਬਲਵਿੰਦਰ ਕੌਰ (ਬੀ. ਐਸ. ਪੀ.) ਜਿੱਤੀ ਜਿਸ ਨੂੰ 537 ਵੋਟਾਂ ਪਈਆਂ ਅਤੇ ਕਾਂਗਰਸ ਨੂੰ ਸਿਰਫ 224 ਵੋਟਾਂ ਪਈਆਂ (ਥੰਪਿੰਗ)। ਮੈਂ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਵੱਡੇ ਪੈਮਾਨੇ ਤੇ ਬੀ. ਐਸ. ਪੀ. ਪੰਜਾਬ ਵਿਚ ਉਭਰ ਕੇ ਸਾਹਮਣੇ ਆਈ ਹੈ। (ਵਿਘਨ)

Mr. Speaker: Let him speak. Don't disturb. He has not said anything wrong. However, words about Sh. Buta Singh are expunged.**ਲਫਜ਼ ਜੋ ਬੂਟਾ ਸਿੰਘ ਬਾਰੇ ਕਿਹਾ ਹੈ, ਅੰਕਸਨ ਕੀਤਾ ਜਾਂਦਾ ਹੈ। ਸਰਦਾਰ ਬੂਟਾ ਸਿੰਘ ਦਾ ਬਹੁਤ ਵੱਡਾ ਘਰ ਹੈ।

ਸ਼੍ਰੀ ਸਤਨਾਮ ਸਿੰਘ ਕੈਂਥ: ਅੱਗੇ ਗਰੀਬ ਸਾਹਿਬ, ਮੈਂ ਰਿਹਾਤੀ ਜਲ ਸਪਲਾਈ ਬਾਰੇ ਕਹਿਣਾ ਚਾਹੁੰਦਾ ਹਾਂ। ਰਿਹਾਤੀ ਜਲ ਸਪਲਾਈ ਤੇ ਸਰਕਾਰ ਵੱਡੇ ਪੈਮਾਨੇ ਤੇ ਪੈਸਾ ਖਰਚ ਕਰ ਰਹੀ ਹੈ। ਪਰ ਅੱਜ ਤੱਕ ਜਿਨੀਆਂ ਵੀ ਸਕੀਮਾਂ ਚਾਲੂ ਹੋਈਆਂ ਦੱਸੀਆਂ ਗਈਆਂ ਅਤੇ ਉਨ੍ਹਾਂ ਤੇ ਜਿੰਨਾਂ ਦੀ ਪੈਸਾ ਖਰਚ ਹੋਇਆ ਹੈ, ਉਨ੍ਹਾਂ ਵਿਚੋਂ ਮੈਜਾਰਿਟੀ ਸਕੀਮਾਂ ਚਾਲੂ ਨਹੀਂ ਹੋਈਆਂ ਬਲਕਿ ਉਹ ਕਾਗਜਾਂ ਵਿਚ ਹੀ ਰਹਿ ਜਾਂਦੀਆਂ ਹਨ। ਗੌਰਮਿੰਟ ਨੂੰ ਇਸ ਗੱਲ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਜਿਹੜੀ ਪਾਣੀ ਦੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਪਾਇਪ ਹੈ, ਉਹ ਇਕੋ ਜਗ੍ਹਾ ਤੋਂ ਖਰੀਦੀ ਜਾਂਦੀ ਹੈ ਪਰ ਉਹ ਏਨੀ ਘਟੀਆ ਹੈ ਕਿ ਪਾਣੀ ਦੇ ਬੜੇ ਜਿਹੇ ਪਰੈਸ਼ਰ ਨਾਲ ਹੀ ਉਹ ਫਟ ਜਾਂਦੀ ਹੈ । ਕਿਹਾ ਗਿਆ ਹੈ ਕਿ ਸ਼ਡਿਊਲਡ ਕਾਸਟ ਬਸਤੀਆਂ ਲਈ ਬਰਾਂਚ ਲਾਈਨਾਂ ਪਾਈਆਂ ਗਈਆਂ ਹਨ ਪਰ ਸਾਨੂੰ ਤਾਂ ਇਹ ਕਿਤੇ ਵੀ ਨਹੀਂ ਲਭਦੀਆਂ । ਉਸ ਲਈ ਵਰਲਡ ਬੈਂਕ ਤੋਂ ਪੈਸਾ ਆਉਣਾ ਹੈ, ਉਹ ਸੈਂਟਰ ਦੀ ਸਕੀਮ ਹੈ ਪਰ ਅਸੀਂ ਕਹਿੰਦੇ ਹਾਂ ਕਿ ਜੇ ਸੈਂਟਰ ਦੀ ਸਕੀਮ ਹੈ ਤਾਂ ਉਹ ਇਕੁਅਲੀ ਲਾਗੂ ਹੋਣੀ ਚਾਹੀਦੀ ਹੈ । ਇਸ ਗੱਲ ਵੱਲ ਵੀ ਗੌਰਮਿੰਟ ਨੂੰ ਧਿਆਨ ਦੇਣਾ ਚਾਹੀਦਾ ਹੈ ।

ਅੱਗੇ ਬੁਢਾਪਾ ਪੈਨਸ਼ਨ ਹੈ, ਵਿਧਵਾ ਅਤੇ ਅੰਗਹੀਣ ਪੈਨਸ਼ਨ ਹੈ, ਇਨ੍ਹਾਂ ਨੂੰ ਵੀ ਸਕਰੂਟੇਨਾਈਜ਼ ਕਰਨ ਦੀ ਲੋੜ ਹੈ । ਜਿੰਨੀ ਅਮਾਊਂਟ ਇਸ ਹਾਊਸ ਵਿਚ ਕਮਿਟ ਕੀਤੀ ਗਈ ਹੈ, ਉਸ ਨਾਲ ਉਨ੍ਹਾਂ ਲੋਕਾਂ ਨੂੰ ਕੋਈ ਤਕਲੀਫ ਨਹੀਂ ਆਉਣੀ ਚਾਹੀਦੀ ਅਤੇ ਪਰਾਪਰ ਪੈਨਸ਼ਨ ਮਿਲਦੀ ਰਹਿਣੀ ਚਾਹੀਦੀ ਹੈ । ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਪਹਿਲਾਂ ਵੀ ਦੱਸਿਆ ਸੀ ਕਿ ਜਲੰਧਰ ਡਿਸਟ੍ਰਿਕਟ ਦੇ ਅੰਦਰ ਜਿੰਨੇ ਲੋਕਾਂ ਦੀਆਂ ਪੈਨਸ਼ਨ ਵਾਸਤੇ ਐਪਲੀਕੇਸ਼ਨਾਂ ਆਈਆਂ ਸਨ, ਉਨ੍ਹਾਂ ਸਾਰਿਆਂ ਨੂੰ ਪੈਨਸ਼ਨ ਰਿਲੀਜ ਨਹੀਂ ਹੋਈ ਕਿਉਂਕਿ ਅਮਾਊਂਟ ਕਾਫੀ ਘਟ ਸੀ । ਬਾਕੀ ਜਿਹੜਾ ਇਸ ਲਈ ਫਾਰਮ ਭਰਨ ਦਾ ਪ੍ਰੋਸੀਜਰ ਹੈ, ਉਸ ਨੂੰ ਵੀ ਸਰਲ ਕੀਤਾ ਜਾਵੇ । ਅੱਗੇ ਬੈਕਵਰਡ ਕਲਾਸਿਜ਼ ਵਾਸਤੇ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦੀ ਗੱਲ ਆਉਂਦੀ ਹੈ । ਸਰਕਾਰ ਵਲੋਂ ਸੱਚੀ ਕਮਿਸ਼ਨ ਬਿਠਾਇਆ ਗਿਆ ਹੈ । ਉਸ ਨੂੰ ਵੀ ਜਲਦੀ ਤੋਂ ਜਲਦੀ ਰਿਪੋਰਟ ਦੇਣੀ ਚਾਹੀਦੀ ਹੈ । ਪਿੱਛੇ ਜਿਹੇ ਹਿਮਾਚਲ ਪ੍ਰਦੇਸ਼ ਵਿਚ ਡਾਕਟਰ ਕੇਵਲ ਕ੍ਰਿਸ਼ਨ ਨੇ ਇਕ ਪਬਲਿਕ ਜਲਸੇ ਵਿਚ ਕਿਹਾ ਸੀ ਕਿ ਹਿਮਾਚਲ ਗੌਰਮਿੰਟ ਨੂੰ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਹੂਬਹੂ ਲਾਗੂ ਕਰਨਾ ਚਾਹੀਦਾ ਹੈ, ਤਾਂ ਉਥੋਂ ਦੇ ਮੁੱਖ ਮੰਤਰੀ ਸ੍ਰੀ ਵੀਰਭੱਦਰ ਨੇ ਕਿਹਾ ਕਿ ਡਾਕਟਰ ਸਾਹਿਬ, ਪਹਿਲਾਂ ਆਪਣੇ ਘਰ ਝਾਤ ਮਾਰੋ, ਦੂਜਿਆਂ ਦੇ ਘਰ ਵਿਚ ਅੱਗ ਨਹੀਂ ਲਾਉਣੀ ਚਾਹੀਦੀ ।

ਸ਼੍ਰੀ ਸਪੀਕਰ : ਕੌਂਥ ਸਾਹਿਬ, ਤੁਸੀਂ ਬਜਟ ਤੇ ਬੋਲ ਰਹੇ ਹੋ ਪਰ ਤੁਸੀਂ ਤਾਂ ਸਾਰੀ ਪੁਲੀਟੀਕਲ ਸਪੀਚ ਹੀ ਕਰੀ ਜਾ ਰਹੇ ਹੋ । ਉਸ ਦੇ ਬਾਰੇ ਵੀ ਕੁਝ ਕਹੋ ਜੋ ਇਨ੍ਹਾਂ ਨੇ ਪੇਸ਼ ਕੀਤਾ ਹੈ ।

ਇਕ ਆਵਾਜ਼ : ਇਹ ਤਾਂ ਜੀ ਭੂਮਿਕਾ ਬਣ ਰਹੀ ਹੈ ।

ਸ਼੍ਰੀ ਸਤਨਾਮ ਸਿੰਘ ਕੌਂਥ : ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਐਸ਼ਿਓਰੈਂਸ ਦਿੱਤੀ ਹੈ ਇਸ ਹਾਊਸ ਦੇ ਵਿਚ ਕਿ ਇਸੇ ਸੈਸ਼ਨ ਵਿਚ ਸ਼ਡਿਊਲਡ ਕਾਸਟਸ ਵਾਸਤੇ ਰਿਜ਼ਰਵੇਸ਼ਨ ਐਕਟ ਲਿਆਂਦਾ ਜਾਵੇਗਾ । ਇਹ ਵਾਇਦਾ ਪਹਿਲਾਂ ਵੀ ਕੀਤਾ ਗਿਆ ਸੀ, ਹਾਊਸ ਦੇ ਅੰਦਰ ਵੀ ਅਤੇ ਬਾਹਰ ਵੀ ਪਰ ਮੈਨੂੰ ਹੁਣ ਭਰੋਸਾ ਹੈ ਕਿ ਸੀ. ਐਮ. ਸਾਹਿਬ ਇਸੇ ਸੈਸ਼ਨ ਵਿਚ ਇਸ ਨੂੰ ਜ਼ਰੂਰ ਪੂਰਾ ਕਰਨਗੇ । ਅੱਗੇ ਬੈਕਲਾਗ ਨੂੰ ਪੂਰਾ ਕਰਨ ਵਾਸਤੇ ਗੱਲ ਆਉਂਦੀ ਹੈ । ਸਪੀਕਰ ਸਾਹਿਬ, ਅੱਜ ਵੀ 25,000 ਪੋਸਟਾਂ ਖਾਲੀ ਪਈਆਂ ਹਨ । ਉਨ੍ਹਾਂ ਨੂੰ ਪੂਰਾ ਕਰਨ ਲਈ ਕਮੇਟੀ ਨੂੰ ਇਫੈਕਟਿਵ ਢੰਗ ਨਾਲ ਕੰਮ ਕਰਨਾ

Original with;
Punjab Vidhan Sabha
Digitized by;
Punjab Digital Library

[ਸ਼੍ਰੀ ਸਤਨਾਮ ਸਿੰਘ ਕੈਂਥ]

ਚਾਹੀਦਾ ਹੈ । ਪਰ ਅੱਜ ਇਕ ਐਂਟੀ ਸ਼ਡਿਊਲਡ ਕਾਸਟ ਲਾਬੀ ਵੀ ਬਣੀ ਹੋਈ ਹੈ । ਮੈਂ ਪਹਿਲਾਂ ਵੀ ਦੱਸਿਆ ਸੀ ਕਿ ਬਿਜਲੀ ਬੋਰਡ, ਪਬਲਿਕ ਹੈਲਥ ਅਤੇ ਹੈਲਥ ਡਿਪਾਰਟਮੈਂਟ ਜਿਥੇ ਵੀ ਦੇਖ ਲਓ, ਸ਼ਡਿਊਲਡ ਕਾਸਟ ਅਧਿਕਾਰੀਆਂ ਦੀ ਜਦੋਂ ਪਰੋਮੋਸ਼ਨ ਡਿਊ ਹੁੰਦੀ ਹੈ, ਕਿਸੇ ਨਾ ਕਿਸੇ ਢੰਗ ਨਾਲ ਉਨ੍ਹਾਂ ਤੇ ਕੋਈ ਨਾ ਕੋਈ ਇਨਕੁਆਇਰੀ ਪਾ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਪਰੋਮੋਸ਼ਨ ਨੂੰ ਪਿੱਛੇ ਸੁਟਿਆ ਜਾਂਦਾ ਹੈ । ਦੂਜਿਆਂ ਦੀ ਪਰੋਮੋਸ਼ਨ ਕਰ ਦਿੱਤੀ ਜਾਂਦੀ ਹੈ । ਸੀ. ਐਮ. ਸਾਹਿਬ ਨੇ ਬਿਜਲੀ ਬੋਰਡ ਬਾਰੇ ਐਸ਼ਿਓਰੈਂਸ ਵੀ ਦਿੱਤੀ ਸੀ ਪਰ ਉਥੇ ਫੇਰ ਐਕਸੀਅਨ ਵਜੋਂ ਦੂਜਿਆਂ ਦੀ ਪਰੋਮੋਸ਼ਨ ਕੀਤੀ ਗਈ, ਸ਼ਡਿਊਲਡ ਕਾਸਟਸ ਦੀ ਨਹੀਂ ਕੀਤੀ ਗਈ । ਗੌਰਮਿੰਟ ਨੂੰ ਇਸ ਗੱਲ ਵੱਲ ਵੀ ਧਿਆਨ ਦੇਣ ਦੀ ਲੋੜ ਹੈ ਅਤੇ ਸ਼ਡਿਊਲਡ ਕਾਸਟ ਮੁਲਾਜ਼ਮਾਂ ਨੂੰ ਮੈਂਟਲੀ ਟੈਰਚਰ ਕਰਨ ਦੀ ਨੀਤੀ ਖਤਮ ਹੋਣੀ ਚਾਹੀਦੀ ਹੈ ।

ਪੰਜਾਬ ਵਿਚ ਇਕ ਕੰਪੋਨੈਂਟ ਪਲਾਨ ਜੋ ਸ਼ਡਿਊਲਡ ਕਾਸਟਾਂ ਵਾਸਤੇ ਹੈ, ਉਹ ਵੀ ਬੈਨੀਫਿਸ਼ੀਅਰੀ ਹੋਣਾ ਚਾਹੀਦਾ ਹੈ ਅਤੇ ਪਾਪੂਲੇਸ਼ਨ ਦੇ ਹਿਸਾਬ ਨਾਲ ਬਜਟ ਦਾ ਉਨਾ ਹੀ ਹਿੱਸਾ ਉਨ੍ਹਾਂ ਲੋਕਾਂ ਦੀ ਵੈਲਫੇਅਰ ਵਾਸਤੇ, ਉਨ੍ਹਾਂ ਦੇ ਬੈਨੀਫਿਟਸ ਵਾਸਤੇ ਰੱਖਿਆ ਜਾਵੇ ਤਾਂਕਿ ਪਤਾ ਲੱਗ ਸਕੇ ਕਿ ਸਰਕਾਰ ਰੀਅਲ ਸੈਂਸ ਵਿਚ ਉਨ੍ਹਾਂ ਲੋਕਾਂ ਦਾ ਭਲਾ ਚਾਹੁੰਦੀ ਹੈ । ਇਸ ਦੇ ਨਾਲ ਗੌਰਮਿੰਟ ਦੀ ਇੱਛਾ ਵੀ ਜ਼ਾਹਿਰ ਹੋਵੇਗੀ ਕਿ ਸਰਕਾਰ ਸ਼ਡਿਊਲਡ ਕਾਸਟਾਂ ਦੀ ਅਪਲਿਫਟਮੈਂਟ ਵਾਸਤੇ ਕੰਮ ਕਰ ਰਹੀ ਹੈ ।

ਅੱਜ ਇੰਡਸਟਰੀ ਦੀ ਸੈੱਟ-ਅਪ ਵਾਸਤੇ ਬੜਾ ਭਾਰੀ ਪ੍ਰੋਗਰਾਮ ਪੰਜਾਬ ਵਿਚ ਚਲ ਰਿਹਾ ਹੈ। ਸਰਕਾਰ ਇੰਡਸਟਰੀ ਲਈ 13 ਫੋਕਲ ਪੁਆਇੰਟ ਕਾਇਮ ਕਰੇਗੀ। 13 ਦੀ ਬਜਾਏ ਸਰਕਾਰ ਚਾਹੇ 26 ਫੋਕਲ ਪੁਆਇੰਟ ਕਾਇਮ ਕਰੇ, ਬਹੁਜਨ ਸਮਾਜ ਪਾਰਟੀ ਇਸ ਦਾ ਸ਼ਵਾਗਤ ਕਰਦੀ ਹੈ ਪਰ ਸਰਕਾਰ ਨੂੰ ਵਿਚੋਲਾ ਨਹੀਂ ਬਣਨਾ ਚਾਹੀਦਾ। ਜਿਹੜੇ ਬਾਹਰਲੇ ਇੰਡਸਟਰੀਅਲਿਸਟ ਆਉਂਦੇ ਹਨ, ਉਨ੍ਹਾਂ ਲਈ ਉਹੋ ਜਿਹਾ ਇਲਾਕਾ ਸਿਲੈਕਟ ਕਰਨਾ ਚਾਹੀਦਾ ਹੈ ਜਿਥੇ ਕਿ ਕਿਸਾਨਾਂ ਦਾ ਨੁਕਸਾਨ ਘੱਟ ਹੋਵੇ । ਇਸ ਕੰਮ ਵਾਸਤੇ ਉਹ ਜ਼ਮੀਨ ਦੇਣੀ ਚਾਹੀਦੀ ਹੈ ਜਿਹੜੀ ਉਪਜਾਊ ਨਾ ਹੋਵੇ । ਇਸ ਦੇ ਨਾਲ ਹੀ ਮਲਟੀਨੈਸ਼ਨਲ ਕੰਪਨੀਆਂ ਨੂੰ ਜੋ ਜ਼ਮੀਨ ਦੇਣੀ ਹੈ, ਉਹ ਇਸ ਤਰੀਕੇ ਦੇ ਨਾਲ ਦਿੱਤੀ ਜਾਵੇ ਕਿ ਉਹ ਛੋਟੇ ਇੰਡਸਟਰੀਅਲਿਸਟਾਂ ਨੂੰ ਐਕਸਪਲਾਇਟ ਨਾ ਕਰਨ ।

ਜਿਥੋਂ ਤੱਕ ਸੜਕਾਂ ਦੀ ਗੱਲ ਹੈ, ਇਹ ਕਿਹਾ ਗਿਆ ਹੈ ਕਿ ਸੜਕਾਂ ਵਾਸਤੇ ਅਸੀਂ ਬੜੇ ਜ਼ਿਆਦਾ ਫੰਡ ਰੱਖੇ ਹਨ ਲੇਕਿਨ ਸੜਕਾਂ ਦੇ ਮਾਮਲੇ ਵਿਚ ਬਹੁਤ ਡਿਸਕ੍ਰਿਮੀਨੇਸ਼ਨ ਹੋ ਰਹੀ ਹੈ । ਕੁਝ ਕੁ ਇਲਾਕਿਆਂ ਦੀਆਂ ਸੜਕਾਂ ਦੀ ਡਿਵੈਲਪਮੈਂਟ ਤਾਂ ਹੋ ਰਹੀ ਹੈ ਲੇਕਿਨ ਬਾਕੀਆਂ ਦੀ ਨਹੀਂ ਹੋ ਰਹੀ । ਪਿਛਲੇ ਸਾਲ ਵੀ ਮੈਨੂੰ ਇਸ ਹਾਊਸ ਵਿਚ ਐਸ਼ਿਓਰੈਂਸ ਦਿੱਤੀ ਗਈ ਸੀ ਕਿ ਤੁਹਾਡੀਆਂ ਸੜਕਾਂ ਦਾ ਖਾਸ ਧਿਆਨ ਰੱਖਿਆ ਜਾਵੇਗਾ ਲੇਕਿਨ ਮੇਰੇ ਇਲਾਕੇ ਵਿਚ ਹਾਲੇ ਤੱਕ ਕਿਸ ਵੀ ਸੜਕ ਤੇ ਪ੍ਰੀ-ਮਿਕਸ ਨਹੀਂ ਪਾਈ ਗਈ । ਅਟਵਾਲ ਸਾਹਿਬ ਇਥੇ ਬੈਠੇ ਹਨ । ਇਹ ਵੀ ਜਦੋਂ ਉਧਰ ਦੀ ਲੰਘਦੇ ਹਨ ਤਾਂ ਇਨ੍ਹਾਂ ਦੀ ਗੱਡੀ ਨੂੰ ਹੌਲੀ ਹੌਲੀ ਜਾਣਾ ਪੈਂਦਾ ਹੈ ਕਿਉਂਕਿ ਸੜਕਾਂ ਦੀ

Original with;
Punjab Vidhan Sabha
Digitized by;
Punjab Digital Library

ਹਾਲਤ ਠੀਕ ਨਹੀਂ ਹੈ । ਮੇਰੀ ਬੇਨਤੀ ਹੈ ਕਿ ਇਸ ਮਾਮਲੇ ਵਿਚ ਕਿਸੇ ਇਲਾਕੇ ਨੂੰ ਇਸ ਗੱਲ ਦੀ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ ਕਿ ਉਹ ਕਿਸੇ ਅਪੋਜ਼ੀਸ਼ਨ ਦੇ ਐਮ. ਐਲ. ਏ. ਦਾ ਇਲਾਕਾ ਹੈ ! ਮੇਰੇ ਨੋਟਿਸ ਵਿਚ ਕਈ ਕੇਸ ਐਸੇ ਹਨ ਜਿਥੇ ਪੀ. ਡਬਲਿਊ. ਡੀ. ਨੇ ਸੜਕਾਂ ਪਾਸ ਕੀਤੀਆਂ ਹਨ ਲੇਕਿਨ ਉਨ੍ਹਾਂ ਲਈ ਪੈਸੇ ਇਸ ਕਰਕੇ ਜਮ੍ਹਾਂ ਨਹੀਂ ਕਰਵਾਏ ਜਾਂਦੇ ਕਿ ਉਹ ਆਪੋਜ਼ੀਸ਼ਨ ਦੇ ਐਮ. ਐਲ. ਏ. ਦਾ ਇਲਾਕਾ ਹੈ । ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਬੰਗਾ ਦੀਆਂ ਸੜਕਾਂ ਦਾ ਖਿਆਲ ਵੀ ਰੱਖਿਆ ਜਾਵੇ ਅਤੇ ਇਸੇ ਤਰ੍ਹਾਂ ਹੀ ਦੂਸਰੇ ਅਪੋਜ਼ੀਸ਼ਨ ਦੇ ਐਮ. ਐਲ. ਏ. ਸਾਹਿਬਾਨ ਦੇ ਇਲਾਕਿਆਂ ਦਾ ਵੀ ਖਿਆਲ ਰੱਖਿਆ ਜਾਵੇ ।

ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪਿੰਡ ਚੇਤਾ ਦੇ ਲਾਗੇ ਇਕ ਵੇਈਂ ਪੈਂਦੀ ਹੈ ! ਉਥੋਂ ਵਾਇਆ ਨਵਾਂ ਸ਼ਹਿਰ ਜਾਂ ਵਾਇਆ ਜਲੰਧਰ ਹੀ ਆਉਣਾ ਜਾਣਾ ਪੈਂਦਾ ਹੈ । ਉਥੇ ਪੁਲ ਬਣਾਉਣ ਵਾਸਤੇ ਚੌਧਰੀ ਬਲਰਾਮ ਜਾਖੜ ਨੇ ਨੀਂਹ-ਪੱਥਰ ਰੱਖਿਆ ਸੀ ਲੇਕਿਨ ਹਾਲੇ ਇਹ ਪੁਲ ਨਹੀਂ ਬਣਿਆ । ਇਹ ਪੁਲ ਜ਼ਰੂਰ ਬਣਨਾ ਚਾਹੀਦਾ ਹੈ । ਸ਼ਹੀਦ ਭਗਤ ਸਿੰਘ ਦੇ ਮੇਲੇ ਤੇ ਆਉਣ ਵਾਸਤੇ ਲੋਕਾਂ ਨੂੰ ਬੜਾ ਲੰਮਾ ਸਫਰ ਤਹਿ ਕਰਕੇ ਆਉਣਾ ਪੈਂਦਾ ਹੈ ! ਇਸ ਪੁਲ ਦੇ ਬਣਨ ਨਾਲ 30-40 ਕਿਲੋਮੀਟਰ ਦਾ ਫਰਕ ਪੈ ਜਾਵੇਗਾ ।

ਸਪੀਕਰ ਸਾਹਿਬ, ਰਾਜ ਦੀ ਤਰੱਕੀ ਵਿਚ ਹੈਲਥ ਮਹਿਕਮੇ ਦੀ ਬੜੀ ਭਾਰੀ ਜ਼ਿੰਮੇਵਾਰੀ ਹੈ । ਜਿਸ ਰਫਤਾਰ ਨਾਲ ਆਬਾਦੀ ਵਧ ਰਹੀ ਹੈ, ਇਹ ਸਮੁੱਚੇ ਦੇਸ਼ ਵਾਸਤੇ ਪ੍ਰਾਬਲਮ ਬਣੀ ਹੋਈ ਹੈ । ਇਸ ਵਾਧੇ ਨੂੰ ਰੋਕਣ ਵਾਸਤੇ ਪਰਿਵਾਰ ਨਿਯੋਜਨ ਦੇ ਪ੍ਰੋਗ੍ਰਾਮ ਨੂੰ ਇਫੈਕਟਿਵ ਤਰੀਕੇ ਦੇ ਨਾਲ ਲਾਗੂ ਕਰਨਾ ਚਾਹੀਦਾ ਹੈ । ਇਸ ਮਕਸਦ ਵਾਸਤੇ ਜਿਹੜੇ ਫੰਡ ਦਿੱਤੇ ਜਾਂਦੇ ਹਨ, ਉਹ ਕਾਗਜ਼ਾਂ ਵਿਚ ਹੀ ਰਹਿ ਜਾਂਦੇ ਹਨ । ਪਾਰਟੀ ਪਾਲੇਟਿਕਸ ਤੋਂ ਉਪਰ ਉਠ ਕੇ ਇਸ ਕੰਮ ਵਲ ਧਿਆਨ ਦੇਣਾ ਚਾਹੀਦਾ ਹੈ ।

ਸਪੋਰਟਸ ਦੇ ਸਬੰਧ ਵਿਚ ਕਿਹਾ ਗਿਆ ਹੈ ਕਿ 15 ਸਪੋਰਟਸ ਕੰਪਲੈਕਸ ਬਲਾਕ ਪੱਧਰ ਤੇ ਹੋਰ ਬਣਾਏ ਜਾਣਗੇ ਹਾਲਾਂਕਿ ਪਹਿਲਾਂ ਇਹ ਕਿਹਾ ਗਿਆ ਸੀ ਇਹ ਸਪੋਰਟਸ ਕੰਪਲੈਕਸ ਹਰ ਬਲਾਕ ਪੱਧਰ ਤੇ ਬਣਾਏ ਜਾਣਗੇ । ਜੇ ਅਸੀਂ ਇਸ ਦਿਸ਼ਾ ਵੱਲ ਕੁਝ ਹੋਰ ਧਿਆਨ ਦੇਈਏ ਤਾਂ ਪੰਜਾਬ ਸਪੋਰਟਸ ਦੇ ਖੇਤਰ ਵਿਚ ਦੇਸ਼ ਦਾ ਮੋਹਰੀ ਬਣ ਸਕਦਾ ਹੈ । ਇਸ ਲਈ ਮੇਰਾ ਸੁਝਾਓ ਹੈ ਕਿ ਇਸ ਕੰਮ ਵਾਸਤੇ ਹੋਰ ਜ਼ਿਆਦਾ ਫੰਡ ਮੁਹੱਈਆ ਕਰਨੇ ਚਾਹੀਦੇ ਹਨ । ਅਸਲ ਵਿਚ ਹੁੰਦਾ ਕੀ ਹੈ-ਕਿਤੇ ਕੋਈ ਸਟੇਡੀਅਮ ਅਨਾਊਂਸ ਕਰ ਦਿੱਤਾ ਅਤੇ ਉਸ ਦੇ ਵਾਸਤੇ 50 ਹਜ਼ਾਰ ਰੁਪਿਆ ਵੀ ਅਨਾਊਂਸ ਕਰ ਦਿੱਤਾ । ਫਿਰ ਦੋ ਤਿੰਨ ਖੰਭੇ ਬਣਾ ਦਿੱਤੇ । ਬਸ, ਇਸ ਤੋਂ ਅੱਗੇ ਕੁਝ ਵੀ ਨਹੀਂ । ਇਹ ਕੇਵਲ ਵੇਸਟੇਜ਼ ਆਫ ਮਨੀ ਹੈ । ਸਾਨੂੰ ਇਹ ਵੇਖਣਾ ਚਾਹੀਦਾ ਹੈ ਕਿ ਉਹ ਸਟੇਡੀਅਮ ਮੁਕੰਮਲ ਤੌਰ ਤੇ ਬਣੇ । ਇਸ ਤੋਂ ਇਲਾਵਾ ਸਟੇਟ ਲੈਵਲ ਤੇ ਇਕ ਯੁਵਾ ਕੌਂਸਲ ਬਣਨੀ ਚਾਹੀਦੀ ਹੈ । ਉਸ ਵਿਚ ਵਧੀਆ ਤੋਂ ਵਧੀਆ ਖਿਡਾਰੀ ਅਤੇ ਵਧੀਆ ਤੋਂ ਵਧੀਆ ਅਫਸਰ ਜਾਂ ਮੰਤਰੀ ਹੋਣ । ਕੋਈ ਇਸ ਤਰ੍ਹਾਂ ਦੀ ਕਮੇਟੀ ਬਣਨੀ ਚਾਹੀਦੀ ਹੈ ਜੋ ਡਿਵੈਲਪਮੈਂਟ ਦੇ ਕੰਮਾਂ ਵਿਚ ਅਗਾਂਹਵਧੂ ਸੋਚ ਲਿਆ ਸਕੇ । ਇਕ ਪਾਸੇ ਤਾਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਪੰਜਾਬ ਨੇ ਇਕਨਾਮੀਕਲੀ ਬੜਾ ਅਡਵਾਂਸ ਕੀਤਾ ਹੈ ਲੇਕਿਨ ਦੂਸਰੇ

Original with;
Punjab Vidhan Sabha
Digitized by
Panjab Digital Library

[ਸ਼੍ਰੀ ਸ਼ਰਨਾਮ ਸਿੰਘ ਕੋਂਥ]

ਪਾਸੇ 24 ਮਾਰਚ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਕਿ ਤਨਖਾਹਾਂ ਨਹੀਂ ਦੇਣੀਆਂ। ਹੈਲਥ ਦੇ ਮੁਲਾਜ਼ਮਾਂ ਨੂੰ ਤਿੰਨ ਤਿੰਨ ਮਹੀਨੇ ਤੱਕ ਤਨਖਾਹਾਂ ਨਹੀਂ ਮਿਲੀਆਂ। ਪੰਜਾਬ ਦੇ ਅੰਦਰ ਫਾਈਨਾਂਸ਼ਲ ਕਰਾਈਸਿਜ਼ ਨਾ ਹੋਵੇ, ਇਸ ਦੇ ਵਾਸਤੇ ਸਾਨੂੰ ਪਲੈਨਡ ਵੇ ਨਾਲ ਅਗੇ ਵਧਣਾ ਚਾਹੀਦਾ ਹੈ। ਇੰਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਜੈ ਭੀਮ, ਜੈ ਭਾਰਤ।

ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ) : ਸਪੀਕਰ ਸਾਹਿਬ, ਮੈਂ ਆਪ ਦਾ ਧੰਨਵਾਦ ਕਰਦਾ ਹਾਂ। ਮਾਨਯੋਗ ਸਪੀਕਰ ਸਾਹਿਬ, 1995-96 ਦੇ ਜੋ ਬਜਟ ਐਸਟੀਮੇਟ ਰੱਖੇ ਗਏ ਹਨ ਅਤੇ ਉਨ੍ਹਾਂ ਦੇ ਲਾਸਟ ਵਿੱਚ ਜੋ ਆਈਟਮਾਂ ਰੱਖੀਆਂ ਗਈਆਂ ਹਨ, ਉਨ੍ਹਾਂ ਤੇ ਅਸੀਂ ਇਸ ਵੇਲੇ ਵਿਚਾਰ ਕਰ ਰਹੇ ਹਾਂ। ਮੈਂ ਆਪ ਜੀ ਦੇ ਰਾਹੀਂ ਬੇਨਤੀ ਕਰਨਾ ਚਾਹਾਂਗਾ ਕਿ ਏਥੇ ਟਰੈਜ਼ਰੀ ਬੈਂਚਾਂ ਵੱਲੋਂ ਬੜੇ ਜ਼ੋਰਦਾਰ ਤਰੀਕੇ ਦੇ ਨਾਲ ਇਹ ਗੱਲ ਲਿਆਂਦੀ ਜਾ ਰਹੀ ਹੈ ਕਿ ਅਸੀਂ 1993-94 ਦੀ ਯੋਜਨਾ ਬਣਾ ਕੇ 1250 ਕਰੋੜ ਰੁਪਏ ਤੱਕ ਲਿਆਂਦੀ, ਉਸ ਤੋਂ ਬਾਅਦ 1994-95 ਵਿੱਚ ਇਹ ਯੋਜਨਾ 1450 ਕਰੋੜ ਰੁਪਏ ਦੀ ਕਰ ਦਿੱਤੀ ਅੱਹ ਇਸ ਸ਼ਾਲ 1995-96 ਵਿੱਚ ਇਹ ਸਾਲਾਨਾ ਯੋਜਨਾ 1675 ਕਰੋੜ ਰੁਪਏ ਦੀ ਕਰ ਦਿੱਤੀ ਹੈ। ਸਪੀਕਰ ਸਾਹਿਬ, ਅਗਰ ਇਹ ਹਕੀਕਤ ਹੈ, ਫਿਰ ਤਾਂ ਅਸੀਂ ਸਾਰੇ ਇਸ ਦੀ ਸ਼ਲਾਘਾ ਕਰਦੇ ਹਾਂ ਕਿ ਲਗਾਤਾਰ ਡਿਵੈਲਪਮੈਂਟ ਵਾਸਤੇ ਪੈਸੇ ਵਧਾ ਕੇ ਰੱਖੇ ਜਾ ਰਹੇ ਹਨ ਪਰ ਅਸਲ ਵਿੱਚ ਹਕੀਕਤ ਦਾ ਦੂਸਰਾ ਪੱਖ ਇਹ ਹੈ ਕਿ ਇਨ੍ਹਾਂ ਪਿਛਲੇ ਸਾਲਾਂ ਵਿੱਚ ਜਿੰਨੇ ਰੁਪਏ ਦੀ ਯੋਜਨਾ ਲਿਆਂਦੀ, ਤੁਸੀਂ ਉਸ ਵਿਚੋਂ ਖਰਚ ਕਿੰਨਾ ਕੀਤਾ ? ਲਾਸਟ ਈਅਰ ਦਾ ਤੁਸੀਂ ਰਿਕਾਰਡ ਕੱਢ ਕੇ ਦੇਖ ਲਓ ਕਿ ਐਕਚੂਅਲ ਪੈਸਾ ਕਿੰਨਾ ਖਰਚਿਆ ਅੱਹ ਕਿੰਨਾ ਬਚਿਆ। ਫਿਰ ਤੁਸੀਂ ਕੰਪੇਅਰ ਕਰਨਾ ਕਿ ਏਥੇ ਡਿਵੈਲਪਮੈਂਟ ਵਾਸਤੇ ਕਿੰਨਾ ਪੈਸਾ ਰੱਖ ਕੇ ਖਰਚ ਕੀਤਾ ਗਿਆ ਹੈ। 1993-94 ਵਿੱਚ 1250 ਕਰੋੜ ਰੁਪਏ ਦੀ ਯੋਜਨਾ ਵਿਚੋਂ 1142 ਕਰੋੜ ਰੁਪਏ ਹੀ ਖਰਚੇ ਗਏ। ਉਸ ਤੋਂ ਅਗਲੇ ਸਾਲ 1994-95 ਦੀ 1450 ਕਰੋੜ ਰੁਪਏ ਦੀ ਯੋਜਨਾ ਵਿੱਚੋਂ ਕੇਵਲ 1200 ਕਰੋੜ ਰੁਪਏ ਖਰਚੇ ਗਏ ਅੱਹ ਜਿਹੜਾ ਇਸ ਸਾਲ 1995-96 ਵਾਸਤੇ 1675 ਕਰੋੜ ਰੁਪਏ ਦਾ ਬਜਟ ਲਿਆਂਦਾ ਗਿਆ ਹੈ, ਪਿਛਲੇ ਸਾਲਾਂ ਦੇ ਤਜਰਬੇ ਨੂੰ ਜੇਕਰ ਧਿਆਨ ਵਿੱਚ ਰੱਖ ਲਿਆ ਜਾਵੇ ਤਾਂ ਤੁਸੀਂ ਦੇਖ ਲੈਣਾ, ਅਗਲੇ ਸਾਲ ਦੇ ਅੰਤ ਤੱਕ ਕੇਵਲ 1500 ਕਰੋੜ ਰੁਪਏ ਹੀ ਖਰਚੇ ਜਾਣਗੇ। ਇਹ ਗੱਲ ਵੀ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਅੱਹ ਮੈਂ ਇਹ ਗੱਲ ਜ਼ੋਰ ਦੇ ਕੇ ਆਪਣੇ ਗਰੁੱਪ ਵੱਲੋਂ ਕਹਿਣਾ ਚਾਹਾਂਗਾ ਕਿ ਜਿੰਨੀ ਵੀ ਯੋਜਨਾ ਰੱਖੀ ਜਾਵੇ, ਉਸ ਦਾ ਪੂਰੇ ਦਾ ਪੂਰਾ ਪੈਸਾ ਖਰਚ ਕੀਤਾ ਜਾਵੇ ਅੱਹ ਇਸ ਗੱਲ ਦੀ ਗਾਰੰਟੀ ਕਰਨੀ ਚਾਹੀਦੀ ਹੈ ਕਿ ਪੂਰਾ ਪੈਸਾ ਖਰਚ ਕੀਤਾ ਜਾਵੇਗਾ। ਮੈਂ, ਸਪੀਕਰ ਸਾਹਿਬ, ਬਜਟ ਤੱਕ ਹੀ ਬੋਲਦੇ ਹੋਏ ਆਪਣੇ ਆਪ ਨੂੰ ਸੀਮਤ ਰੱਖਾਂਗਾ ਅੱਹ ਜਿਹੜੀਆਂ ਗੱਲਾਂ ਪਹਿਲਾਂ ਹਾਊਸ ਦੇ ਵਿੱਚ ਪੇਸ਼ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਮੈਂ ਰਿਪੀਟ ਨਹੀਂ ਕਰਨਾ ਚਾਹੁੰਦਾ।

ਸਪੀਕਰ ਸਾਹਿਬ, ਏਥੇ ਕਿਹਾ ਗਿਆ ਹੈ ਕਿ ਪੰਜਾਬ ਦੀ ਡਿਵੈਲਪਮੈਂਟ ਹੋ ਰਹੀ ਹੈ ਅੱਹ ਲੋਕਾਂ ਦੀ ਪਰ ਕੈਪੀਟਾ ਇਨਕਮ ਵਧ ਰਹੀ ਹੈ ਪਰ ਜੇ ਜ਼ਰਾ ਗਹਿਰਾਈ ਦੇ

Original with;
Punjab Vidhan Sabha
Digitized by;
Panjab Digital Library

ਨਾਲ ਵਾਚਿਆ ਜਾਵੇ ਤਾਂ ਸਾਡੀ ਇਸ ਗੱਲ ਨਾਲ ਤਸੱਲੀ ਨਹੀਂ ਹੁੰਦੀ । ਮਿਸਾਲ ਦੇ ਤੌਰ ਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਸਾਡੀਆਂ ਐਨੂਅਲ ਰਸੀਟਸ ਹਨ, ਜੋ ਵੱਖ ਵੱਖ ਕਿਸਮਾਂ ਦੇ ਟੈਕਸਾਂ ਤੋਂ ਪ੍ਰਾਪਤੀਆਂ ਹਨ, ਜੇਕਰ ਉਨ੍ਹਾਂ ਨੂੰ ਕੰਪੇਅਰ ਕੀਤਾ ਜਾਵੇ ਤਾਂ, ਸਪੀਕਰ ਸਾਹਿਬ, 1994-95 ਵਿੱਚ ਇਹ 2607.55 ਪੈਸੇ ਸੀ ਅੱਜ 1995-96 ਵਿੱਚ ਇਹ ਵੱਧ ਕੇ 3303.03 ਪੈਸੇ ਪਰ ਕੈਪੀਟਾ ਹੋ ਗਈ ਹੈ । ਪਿਛਲੇ ਸਾਲ ਦੇ ਮੁਕਾਬਲੇ ਤੇ 26.67% ਇਸ ਦੇ ਵਿੱਚ ਵਾਧਾ ਹੋਇਆ ਹੈ । ਹੁਣ ਇਸ ਦੇ ਵਿੱਚ ਦੇਖਣ ਵਾਲੀ ਗੱਲ ਇਹ ਹੈ ਕਿ ਪ੍ਰਤੀ ਵਿਅਕਤੀ ਸਟੇਟ ਵੱਲੋਂ ਖਰਚ ਕਿੰਨਾ ਕੀਤਾ ਗਿਆ ।

ਸਪੀਕਰ ਸਾਹਿਬ, 1993-94 ਵਿੱਚ 3329 ਰੁਪਏ ਅੱਜ ਸਾਲ 1995-96 ਵਿੱਚ 3321 ਰੁਪਏ ਹੈ ਜੋ ਕਿ ਇਹ 26.67% ਦੇ ਮੁਕਾਬਲੇ ਤੇ ਇਹ 17.89% ਬਣਦਾ ਹੈ । ਮੈਂ ਇਸ ਗੱਲ ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਵੱਖ ਵੱਖ ਤਰ੍ਹਾਂ ਦੇ ਟੈਕਸਾਂ ਦੇ ਰੂਪ ਵਿੱਚ ਪੈਸਾ ਇਕੱਤਰ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਹੀ ਇਹ ਜਨਤਾ ਦੀ ਭਲਾਈ ਵਾਸਤੇ ਖਰਚਿਆ ਵੀ ਜਾਵੇ । ਜੇਕਰ ਪਰ ਕੈਪੀਟਾ ਇਨਕਮ ਕੰਪੇਅਰ ਕੀਤੀ ਜਾਵੇ ਤਾਂ ਉਸ ਦੇ ਮੁਤਾਬਿਕ ਮੈਂ ਕਹਿ ਸਕਦਾ ਹਾਂ ਕਿ ਉਸ ਅਨੁਸਾਰ ਖਰਚ ਨਹੀਂ ਕੀਤਾ ਜਾ ਰਿਹਾ । ਇਸ ਕਰਕੇ ਇਸ ਬਜਟ ਦੇ ਵਿੱਚ ਲੋਕ ਭਲਾਈ ਦੀ ਕੋਈ ਗੱਲ ਨਜ਼ਰ ਨਹੀਂ ਆਉਂਦੀ । ਗੋਆ ਇਕ ਛੋਟੀ ਜਿਹੀ ਸਟੇਟ ਹੈ ਜਿਸ ਦੀ ਪਰ ਕੈਪੀਟਾ ਇਨਕਮ ਸਾਰੇ ਹਿੰਦੁਸਤਾਨ ਦੇ ਵਿੱਚ ਇਸ ਵੇਲੇ ਸਭ ਤੋਂ ਵੱਧ ਹੈ ਅਤੇ ਉਸ ਤੋਂ ਬਾਅਦ ਪੰਜਾਬ ਦਾ ਸਥਾਨ ਹੈ । ਮੇਰੇ ਕੋਲ ਇਸ ਵੇਲੇ ਲੇਟੈਸਟ ਅੰਕੜੇ ਨਹੀਂ ਹਨ ਪਰ ਮੈਂ ਇਹ ਗੱਲ ਇਸ ਹਾਊਸ ਵਿਚ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਗਹੁ ਨਾਲ ਅਧਿਐਨ ਕੀਤਾ ਜਾਵੇ ਤਾਂ ਪਤਾ ਲੱਗੇਗਾ ਕਿ 1992-93 ਵਿੱਚ ਪੰਜਾਬ ਦੀ ਪਰ ਕੈਪੀਟਾ ਇਨਕਮ 11,600/- ਰੁਪਏ ਸੀ, ਜੇਕਰ ਦੋ ਸਾਲ ਬਾਅਦ 25% ਦੀ ਵੱਧ ਮੰਨ ਲਈਏ ਤਾਂ ਇਹ 13,881/- ਰੁਪਏ ਬਣ ਜਾਂਦੀ ਹੈ । ਲੇਕਿਨ ਜਿਸ ਤਰ੍ਹਾਂ ਕਿ ਐਫ. ਐਮ. ਸਾਹਿਬ ਨੇ ਕਿਹਾ ਹੈ ਕਿ ਸਾਡੇ ਰਾਜ ਵਿੱਚ ਘੱਟੋ ਘੱਟ ਉਜਰਤ ਜਿਹੜੀ ਫਿਕਸ ਕੀਤੀ ਹੈ, ਉਹ 1,350/- ਰੁਪਏ ਪਰ ਮੰਥ ਹੈ, ਇਸ ਇਨਕਮ ਦੇ ਵਿੱਚ ਵੀ ਸਾਰੇ ਵਿਅਕਤੀ ਕਵਰ ਨਹੀਂ ਹੁੰਦੇ । ਇਕ ਫੈਮਲੀ ਦੇ ਵਿੱਚ ਦੋ ਵਿਅਕਤੀਆਂ ਨੂੰ ਨੌਕਰੀ ਨਹੀਂ ਮਿਲੀ ਹੋਈ । ਜੇਕਰ ਇਕ ਫੈਮਲੀ ਦੇ ਚਾਰ ਜੀਅ ਹਨ ਤਾਂ ਉਨ੍ਹਾਂ ਦੀ ਮਿਨੀਮਮ ਉਜਰਤ 1,350/- ਰੁਪਏ ਦੇ ਹਿਸਾਬ ਨਾਲ ਪਰ ਕੈਪੀਟਾ ਇਨਕਮ 450/- ਰੁਪਏ ਪ੍ਰਤੀ ਮਹੀਨਾ ਰਹਿ ਜਾਂਦੀ ਹੈ । ਮੈਂ ਇਹ ਗੱਲ ਜ਼ੋਰ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਵੱਡੇ ਲੋਕ ਹਨ, ਜਿਨ੍ਹਾਂ ਦੇ ਮਾਲੀ ਵਸੀਲੇ ਬਹੁਤ ਹਨ, ਅਸਲ ਵਿੱਚ ਉਨ੍ਹਾਂ ਦੀ ਹੀ ਆਮਦਨ ਵੱਧ ਹੈ । ਸਾਡੇ ਸਮਾਜ ਦਾ ਅੱਧੇ ਤੋਂ ਵੱਧ ਹਿੱਸਾ ਵੀਕਰ ਸੈਕਸ਼ਨ ਦੇ ਵਿੱਚ ਗਿਣਿਆ ਜਾਂਦਾ ਹੈ ਜਿਨ੍ਹਾਂ ਦੇ ਇਨਕਮ ਸੋਰਸ ਬੜੇ ਘੱਟ ਅੱਜ ਲਿਮਟਿਡ ਜਿਹੇ ਹਨ । ਪਰ ਕੈਪੀਟਾ ਦੇ ਹਿਸਾਬ ਨਾਲ ਸਾਡੀ ਉਹ ਆਮਦਨ ਨਹੀਂ ਹੈ ਜਿਹੜੀ ਅਸੀਂ ਏਥੇ ਕਨਸਿਡਰ ਕਰਦੇ ਹਾਂ ।

ਮੇਰਾ ਇਹ ਗੱਲਾਂ ਕਹਿਣ ਦਾ ਭਾਵ ਇਹ ਨਹੀਂ ਕਿ ਮੈਂ ਬਜਟ ਦੀਆਂ ਨੈਗੇਟਿਵ ਗੱਲਾਂ ਹੀ ਦੱਸਣੀਆਂ ਹਨ । ਬਜਟ ਦੇ ਵਿੱਚ ਕੁਝ ਪਾਜ਼ੇਟਿਵ ਗੱਲਾਂ ਵੀ ਕੀਤੀਆਂ ਗਈਆਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਹਨ । ਬਹੁਤ ਸਾਰੇ ਪੈਸੇ ਵੱਖ ਵੱਖ ਸਕੀਮਾਂ ਲਈ ਕਾਫੀ ਵਧਾ ਕੇ ਵੀ ਰੱਖੇ ਗਏ ਹਨ । ਇਹ ਬੜੀ ਅੱਛੀ ਗੱਲ ਹੈ ਲੇਕਿਨ ਜਿਸ ਤਰ੍ਹਾਂ ਦਾਅਵਾ ਕੀਤਾ ਜਾਂਦਾ ਹੈ, ਸਾਡੀ ਉਸ ਮੁਤਾਬਿਕ ਬਿਲਕੁਲ ਤਸੱਲੀ ਨਹੀਂ ਹੁੰਦੀ । ਮਿਸਾਲ ਦੇ ਤੌਰ ਤੇ ਖੇਤੀਬਾੜੀ ਬਾਰੇ ਦੱਸਿਆ ਗਿਆ ਹੈ ਕਿ ਇਸ ਨੇ ਬਹੁਤ ਤਰੱਕੀ ਕੀਤੀ ਹੈ, ਬਹੁਤ ਡਿਵੈਲਪਮੈਂਟ ਕੀਤੀ ਹੈ ਅਤੇ ਕਿਸਾਨਾਂ ਵਾਸਤੇ ਬਹੁਤ ਜ਼ਿਆਦਾ ਨਵੀਆਂ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ । ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ 1993-94 ਦਾ ਬਜਟ ਦੇਖ ਲਓ, ਘਟੋ ਘੱਟ 20 ਕਰੋੜ ਰੁਪਏ ਖੇਤੀਬਾੜੀ ਨੂੰ ਘੱਟ ਦਿੱਤੇ ਗਏ ਹਨ । 1993-94 ਵਿੱਚ 146.35 ਕਰੋੜ ਰੁਪਏ ਖੇਤੀਬਾੜੀ ਵਾਸਤੇ ਰੱਖੇ ਗਏ ਸਨ ਜਿਹੜੇ ਕਿ ਬਹੁਤ ਜ਼ਿਆਦਾ ਸਨ । ਉਸ ਤੋਂ ਅਗਲੇ ਸਾਲ 1994-95 ਵਿੱਚ 120 ਕਰੋੜ 68 ਲੱਖ ਰੁਪਿਆ ਦਿੱਤਾ ਅਤੇ 25 ਕਰੋੜ ਰੁਪਏ ਦਾ ਸਿੱਧਾ ਕੱਟ ਲਗਾ ਦਿੱਤਾ । ਹੁਣ ਬਜਟ ਵਿੱਚ ਪ੍ਰੋਵੀਜ਼ਨ 122 ਕਰੋੜ ਰੁਪਏ ਹੈ । ਮੈਂ ਪੁਰਜ਼ੋਰ ਤਰੀਕੇ ਨਾਲ ਇਹ ਗੱਲ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਕ ਪਾਸੇ ਤਾਂ ਇਹ ਕਹਿ ਰਹੇ ਹਨ ਕਿ ਅਸੀਂ ਬੜੀ ਡਿਵੈਲਪਮੈਂਟ ਕਰ ਰਹੇ ਹਾਂ ਅਤੇ ਬਹੁਤ ਪੈਸਾ ਰੱਖ ਰਹੇ ਹਾਂ ਪਰ ਨਾਲ ਹੀ ਦੂਸਰੇ ਪਾਸੇ ਪੈਸਾ ਘਟਾਇਆ ਜਾ ਰਿਹਾ ਹੈ । ਸਮੇਂ ਦੀ ਮਜ਼ਬੂਰੀ ਹੋਣ ਕਰਕੇ ਮੈਂ ਸਾਰੀਆਂ ਗੱਲਾਂ ਦਾ ਜ਼ਿਕਰ ਨਹੀਂ ਕਰਾਂਗਾ । ਇਸ ਸਾਲ ਦੀ ਜਿਹੜੀ ਪਲਾਨ ਹੈ, ਉਹ 1675 ਕਰੋੜ ਰੁਪਏ ਹੈ ਜਦੋਂ ਕਿ ਪਿਛਲੇ ਸਾਲ ਇਹ 1450 ਕਰੋੜ ਰੁਪਏ ਦੀ ਸੀ । ਜੇਕਰ ਅਸੀਂ ਕੰਪੇਅਰ ਕਰੀਏ ਤਾਂ ਕੋਈ ਬਹੁਤ ਜ਼ਿਆਦਾ ਫਰਕ ਨਹੀਂ ਹੈ ਸਗੋਂ ਪੈਸਾ ਘੱਟ ਹੈ । ਪੇਂਡੂ ਵਿਕਾਸ ਤੇ ਜਿਥੇ ਅਸੀਂ ਪਹਿਲਾਂ ਖਰਚੇ ਦਾ 3.46% ਖਰਚ ਕਰਦੇ ਸੀ, ਹੁਣ ਘਟਾ ਕੇ 2.74% ਕਰ ਦਿੱਤਾ ਗਿਆ ਹੈ । ਇਸੇ ਤਰ੍ਹਾਂ ਸਪੈਸ਼ਲ ਏਰੀਆ ਵਾਸਤੇ 1.9% ਤੋਂ ਘਟਾ ਕੇ 0.82% ਕਰ ਦਿੱਤਾ ਗਿਆ ਹੈ । ਸਿੰਚਾਈ ਅਤੇ ਹੜ੍ਹਾਂ ਵਾਸਤੇ 10.87% ਤੋਂ ਘਟਾ ਕੇ 9.4% ਕਰ ਦਿੱਤਾ ਗਿਆ ਹੈ । ਇੰਡਸਟਰੀ ਅਤੇ ਖਣਿਜਾਂ ਵਾਸਤੇ 4.16% ਤੋਂ ਘਟਾ ਕੇ 3.92% ਕਰ ਦਿੱਤਾ ਗਿਆ ਹੈ । ਟਰਾਂਸਪੋਰਟ, ਜਿਸ ਨੂੰ ਮੈਂ ਸਮਝਦਾ ਹਾਂ ਕਿ ਇਹ ਲੋਕਾਂ ਦੀ ਬੁਨਿਆਦੀ ਜ਼ਰੂਰਤ ਹੈ, ਉਸ ਦੇ ਵਿੱਚ ਵੀ ਪਿਛਲੇ ਸਾਲ ਦੇ ਮੁਕਾਬਲੇ 3.85% ਤੋਂ ਘਟਾ ਕੇ 3.65% ਕਰ ਦਿੱਤਾ ਗਿਆ ਹੈ । ਇਸੇ ਤਰ੍ਹਾਂ ਸਿੱਖਿਆ ਜਿਹੜੀ ਕਿ ਸਾਡੇ ਵਾਸਤੇ ਬਹੁਤ ਹੀ ਜ਼ਰੂਰੀ ਹੈ ਅਤੇ ਜਿਸ ਵਾਸਤੇ ਪੈਸਾ ਵੀ ਬਹੁਤ ਵਧਾਇਆ ਜਾਣਾ ਚਾਹੀਦਾ ਸੀ, ਉਸ ਦੇ ਵਾਸਤੇ ਬਜਟ 9.7% ਤੋਂ ਘਟਾ ਕੇ 7.69% ਕਰ ਦਿੱਤਾ ਗਿਆ ਹੈ । ਇਸੇ ਹੀ ਤਰ੍ਹਾਂ ਸਾਡੀ ਸਿਹਤ ਤੇ ਵੀ ਇਹ ਘਟਾਇਆ ਗਿਆ ਹੈ, ਅਨੁਸੂਚਿਤ ਜਾਤੀਆਂ ਦੇ ਲੋਕਾਂ ਤੇ ਜਿਤਨਾ ਪੈਸਾ ਖਰਚ ਕੀਤਾ ਜਾਂਦਾ ਸੀ, ਉਸ ਨੂੰ ਵੀ ਘਟਾਇਆ ਗਿਆ ਹੈ । ਸੋਸ਼ਲ ਵੈਲਫੇਅਰ ਦੀਆਂ ਸਕੀਮਾਂ ਵਾਸਤੇ ਵੀ ਪੈਸਾ ਬੜਾ ਹੀ ਘਟਾਇਆ ਗਿਆ ਹੈ । ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਇਸ ਹਾਊਸ ਦੇ ਅੰਦਰ ਕਹਿਣਾ ਚਾਹਾਂਗਾ ਕਿ ਬਜਟ ਵਿੱਚ ਜਿਥੇ ਅਸੀਂ ਡਿਵੈਲਪਮੈਂਟ ਦੀਆਂ ਗੱਲਾਂ ਕਰਦੇ ਹਾਂ ਅਤੇ ਦਬੇ-ਕੁਚਲੇ ਲੋਕਾਂ ਦੀ ਵੈਲਫੇਅਰ ਦੀਆਂ ਸਕੀਮਾਂ ਦਾ ਜ਼ਿਕਰ ਹੁੰਦਾ ਹੈ, ਉਥੇ ਇਤਨਾ ਥੋੜ੍ਹਾ ਪੈਸਾ ਰੱਖਣ ਨਾਲ ਸਾਡੀ ਤਸੱਲੀ ਨਹੀਂ ਹੁੰਦੀ । ਜਿਤਨਾ ਪੈਸਾ ਰੱਖਿਆ ਜਾਣਾ ਚਾਹੀਦਾ ਹੈ, ਉਤਨਾ ਨਹੀਂ ਰੱਖਿਆ ਜਾ ਰਿਹਾ ਸਗੋਂ ਉਲਟਾ ਘਟਾਇਆ ਜਾ ਰਿਹਾ ਹੈ । ਹਾਂ ਇਕ ਗਲ ਜ਼ਰੂਰ ਹੈ ਜਿਸ ਦਾ ਅਸੀਂ ਵੈਲਕਮ ਵੀ ਕਰਦੇ ਹਾਂ, ਉਹ ਇਹ ਹੈ ਕਿ ਐਨਰਜੀ ਵਾਸਤੇ ਪੈਸਾ ਜ਼ਰੂਰ ਵਧਾਇਆ ਗਿਆ ਹੈ । ਪਰ ਉਸ

Original with;
Punjab Vidhan Sabha
Digitized by;
Punjab Digital Library

ਬਾਰੇ ਵੀ ਮੈਂ ਸਾਫ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਪੈਸਾ ਵਧਾਇਆ ਗਿਆ ਹੈ, ਉਹ ਵੀ ਸਰਕਾਰ ਨੇ ਕੋਈ ਆਪਣੇ ਤੌਰ ਤੇ ਪ੍ਰੋਵੀਜ਼ਨ ਨਹੀਂ ਰੱਖੀ ਕਿ ਬਿਜਲੀ ਨੂੰ ਐਡਵਾਂਸ ਕਰਨਾ ਹੈ, ਪ੍ਰੋਗਰੈੱਸ ਕਰਨੀ ਸੀ । ਇਹ ਪੈਸਾ ਤਾਂ ਕੇਵਲ ਨਵੇਂ ਥਰਮਲ ਪਲਾਂਟ ਜਿਹੜੇ ਲਗ ਰਹੇ ਹਨ, ਉਨ੍ਹਾਂ ਨੂੰ ਲਗਾਉਣ ਵਾਸਤੇ ਲੋਨ ਦੀ ਸ਼ਕਲ ਵਿੱਚ ਦਿੱਤਾ ਜਾ ਰਿਹਾ ਹੈ । ਇਕ ਗੱਲ ਮੈਂ ਜ਼ਰੂਰ ਕਹਾਂਗਾ ਕਿ ਪਿਛਲੇ ਦੋ ਸਾਲਾਂ ਅੰਦਰ ਕੋਈ ਵੀ ਐਸੀ ਗੱਲ ਨਹੀਂ ਹੋਈ ਕਿ ਸਰਕਾਰ ਨੇ ਬਿਜਲੀ ਬੋਰਡ ਦੀ ਹੈਲਪ ਵਾਸਤੇ ਕੋਈ ਪੈਸਾ ਦਿੱਤਾ ਹੋਵੇ । ਬਿਜਲੀ ਬੋਰਡ ਦੀਆਂ ਆਪਣੀਆਂ ਰਿਪੋਰਟਾਂ ਇਸ ਗੱਲ ਦਾ ਗਵਾਹ ਹਨ ਕਿ ਇਹ ਪੈਸਾ ਕੇਵਲ ਉਨ੍ਹਾਂ ਨੂੰ ਲੋਨ ਦੇ ਰੂਪ ਵਿੱਚ ਦਿੱਤਾ ਜਾ ਰਿਹਾ ਹੈ । ਇਸ ਦੇ ਵਿੱਚ ਇਹ ਸਪੱਸ਼ਟ ਨਹੀਂ ਕਿ ਇਹ ਪੈਸਾ ਉਨ੍ਹਾਂ ਤੋਂ ਕਦੋਂ ਅਤੇ ਕਿਸ ਰੂਪ ਵਿੱਚ ਵਾਪਸ ਆਵੇਗਾ । ਸਪੀਕਰ ਸਾਹਿਬ, ਇਸੇ ਤਰ੍ਹਾਂ ਮੈਂ ਇਕ ਗੱਲ ਜ਼ਰੂਰ ਕਹਿਣਾ ਚਾਹਾਂਗਾ ਕਿ ਠੀਕ ਹੈ, ਰੈਵੇਨਿਊ ਦੇ ਅਨੁਸਾਰ ਟੈਕਸਾਂ ਅਤੇ ਡਿਊਟੀ ਬਾਰੇ ਜਿਹੜੀਆਂ ਸਾਡੀਆਂ ਪ੍ਰਾਪਤੀਆਂ ਹਨ, ਉਨ੍ਹਾਂ ਬਾਰੇ ਇਕ ਮੱਦ ਰੱਖੀ ਗਈ ਹੈ । ਮੈਂ ਸਰਕਾਰ ਨਾਲ ਹਮਦਰਦੀ ਪ੍ਰਗਟ ਕਰਦਾ ਹਾਂ । ਪਰ ਸਰਕਾਰ ਨੂੰ ਜਿਸ ਸਟਰੈਂਥ ਨਾਲ ਕੇਸ ਪੁੱਟ ਕਰਨਾ ਚਾਹੀਦਾ ਹੈ ਉਸ ਤਰ੍ਹਾਂ ਪੁੱਟ ਨਹੀਂ ਕੀਤਾ ਜਾਂਦਾ । ਦੱਸਿਆ ਗਿਆ ਹੈ ਕਿ ਇਨਕਮ ਟੈਕਸ ਦੀਆਂ ਪ੍ਰਾਪਤੀਆਂ ਵਿੱਚ ਜਿੰਨਾ ਪੈਸਾ ਕੇਂਦਰ ਕੋਲ ਸਾਡਾ ਇਕੱਠਾ ਹੁੰਦਾ ਹੈ, ਉਸ ਦੇ ਵਿੱਚ ਪਿਛਲੇ ਸਾਲ ਦੇ 139.97 ਲੱਖ ਰੁਪਏ ਦੇ ਮੁਕਾਬਲੇ ਇਸ ਸਾਲ 1995-96 ਵਿੱਚ 160.80 ਲੱਖ ਰੁਪਿਆ ਮਿਲੇਗਾ । ਪਰ ਜੇਕਰ ਅਸੀਂ ਲੈਂਜੀਕਲੀ ਕੰਪੇਅਰ ਕਰੀਏ ਤਾਂ ਇਹ ਗੱਲ ਸਾਫ ਹੋ ਜਾਂਦੀ ਹੈ ਸੈਂਟਰ ਦੀ ਸਰਕਾਰ ਉਤੇ ਸਾਰੀਆਂ ਸਟੇਟਾਂ ਨੇ ਹੀ ਦਬਾਅ ਪਾਇਆ ਹੈ, ਰੌਲਾ ਪਾਇਆ ਹੈ ਕਿ ਜਿਹੜਾ ਸਟੇਟਾਂ ਦਾ ਸ਼ੇਅਰ ਹੈ, ਉਹ 85% ਦੀ ਬਜਾਏ 90% ਕਰਨਾ ਚਾਹੀਦਾ ਹੈ । ਜਿਹੜਾ ਸੈਂਟਰ ਤੋਂ ਪਹਿਲਾਂ ਇਹ ਪੈਸਾ ਮਿਲਦਾ ਹੈ, ਉਸ ਦੇ ਵਿੱਚ ਤਾਂ ਸਾਢੇ ਸੱਤ ਪ੍ਰਤੀਸ਼ਤ ਕੱਟ ਲਗਾ ਦਿੱਤਾ ਹੈ ਤਾਂ ਫਿਰ ਇਹ ਕਿਸ ਤਰ੍ਹਾਂ ਮੰਨ ਸਕਦੇ ਹਾਂ ਕਿ ਸਾਡੀ ਸਟੇਟ ਦੀ ਆਮਦਨ ਪਿਛਲੇ ਸਾਲ ਦੇ ਮੁਕਾਬਲੇ ਜ਼ਿਆਦਾ ਹੋਵੇਗੀ । ਮੇਰੇ ਖਿਆਲ ਮੁਤਾਬਿਕ ਸਾਨੂੰ ਇਸ ਖੁਸ਼ਫਹਿਮੀ ਨੂੰ ਛੱਡ ਦੇਣਾ ਚਾਹੀਦਾ ਹੈ । ਮੈਂ ਕਹਿਣਾ ਚਾਹਾਂਗਾ ਕਿ ਜਿੰਨਾ ਚਿਰ ਤੱਕ ਸਾਰੀਆਂ ਸਟੇਟਾਂ ਇਨਕਲੂਡਿੰਗ ਪੰਜਾਬ ਨੂੰ ਉਨ੍ਹਾਂ ਦਾ ਬਣਦਾ ਹੱਕ ਨਹੀਂ ਦਿੱਤਾ ਜਾਂਦਾ, ਉਤਨੀ ਦੇਰ ਤੱਕ ਸਟੇਟਾਂ ਦੀ ਡਿਵੈਲਪਮੈਂਟ ਚੰਗੀ ਨਹੀਂ ਹੋਣੀ । ਇਸ ਦੇ ਨਾਲ ਹੀ ਸਾਰੀਆਂ ਸਟੇਟਾਂ ਨੂੰ ਵੱਧ ਅਧਿਕਾਰ ਮਿਲਣੇ ਚਾਹੀਦੇ ਹਨ ।

ਸਪੀਕਰ ਸਾਹਿਬ, ਮੈਂ ਕੁਝ ਪੁਲੀਟੀਕਲ ਗੱਲਾਂ ਵੀ ਕਰਨੀਆਂ ਹਨ ! ਬਜਟ ਦੇ ਵਿੱਚ ਫਜ਼ੂਲ ਖਰਚਿਆਂ ਦਾ ਬਹੁਤ ਰੌਲਾ ਪਾਇਆ ਗਿਆ ਹੈ ਕਿ ਫਜ਼ੂਲ ਖਰਚੇ ਘੱਟ ਕੀਤੇ ਜਾ ਰਹੇ ਹਨ । ਲੇਕਿਨ ਮੰਤਰੀਆਂ ਵਾਸਤੇ ਟੂਰਾਂ ਦੇ ਖਰਚੇ ਦੀ ਜਿਹੜੀ ਪ੍ਰੋਵੀਜ਼ਨ ਹੈ, ਉਹ 25 ਲੱਖ ਰੁਪਏ ਦੀ ਸੀ । ਠੀਕ ਹੈ ਇਤਨਾ ਖਰਚਾ ਤਾਂ ਹੋ ਹੀ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਕੇਵਲ ਚੰਡੀਗੜ੍ਹ ਹੀ ਨਹੀਂ ਰਹਿਣਾ ਹੁੰਦਾ, ਆਪਣੇ ਹਲਕਿਆਂ ਵਿੱਚ ਵੀ ਜਾਣਾ ਹੁੰਦਾ ਹੈ ਅਤੇ ਲੋਕਾਂ ਨੂੰ ਵੀ ਮਿਲਣਾ ਹੁੰਦਾ ਹੈ । ਅਸੀਂ ਇਹ ਕਹਿੰਦੇ ਹਾਂ ਕਿ ਉਹ ਮਿਲਣ । ਪਰੂ 1994-95 ਵਿੱਚ ਪ੍ਰੋਵੀਜ਼ਨ 25 ਲੱਖ ਰੁਪਏ ਦੀ ਸੀ ਪਰ ਖਰਚ ਕਰ ਦਿੱਤਾ ਗਿਆ ਹੈ 80 ਲੱਖ ਰੁਪਿਆ । ਹੁਣ ਫਿਰ ਸਾਲ 1995-96 ਵਾਸਤੇ 25 ਲੱਖ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ].

ਰੁਪਏ ਦੀ ਹੀ ਪ੍ਰੂਵੀਜ਼ਨ ਹੈ ਅਤੇ ਮੇਰੇ ਖਿਆਲ ਅਨੁਸਾਰ ਹੀ ਨਹੀਂ ਸਗੋਂ ਗਾਰੰਟੀ ਹੈ ਕਿ ਡੈਫੀਨਿਟਲੀ ਇਹ ਖਰਚਾ ਇਕ ਕਰੋੜ ਰੁਪਏ ਤੱਕ ਹੋ ਜਾਣਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਅਜਿਹੇ ਖਰਚਿਆਂ ਨੂੰ ਜ਼ਰੂਰ ਹੀ ਘਟਾਉਣਾ ਚਾਹੀਦਾ ਹੈ ਅਤੇ ਸਾਨੂੰ ਨਿਸ਼ਚਿਤ ਰੂਪ ਵਿਚ ਹੀ ਅਜਿਹੇ ਖਰਚਿਆਂ ਤੋਂ ਸੰਕੋਚ ਕਰਨਾ ਚਾਹੀਦਾ ਹੈ । 1995-96 ਵਿੱਚ 125 ਲੱਖ ਰੁਪਿਆ ਕੇਵਲ ਮੰਤਰੀਆਂ ਦੇ ਦਫਤਰਾਂ ਵਾਸਤੇ ਰੱਖਿਆ ਗਿਆ ਹੈ ਜੋ ਉਨ੍ਹਾਂ ਦੀਆਂ ਤਨਖਾਹਾਂ ਤੋਂ ਜਨਰਲੀ ਤਿੰਨ ਗੁਣਾਂ ਜ਼ਿਆਦਾ ਬਣਦਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦਾ ਖਰਚਾ ਘਟਾਉਣਾ ਚਾਹੀਦਾ ਹੈ ਅੱਤ ਇਸ ਪਾਸੋਂ ਖਰਚਾ ਘਟਾ ਕੇ ਸਮਾਜ ਦੇ ਕਮਜ਼ੋਰ ਲੋਕਾਂ ਵਾਸਤੇ ਇਹ ਪੈਸਾ ਰੱਖਿਆ ਜਾਣਾ ਚਾਹੀਦਾ ਹੈ । ਲੇਕਿਨ ਉਸ ਪਾਸੇ ਇਹ ਨਹੀਂ ਰੱਖਿਆ ਜਾ ਰਿਹਾ । ਸਪੀਕਰ ਸਾਹਿਬ, ਸੋਸ਼ਲ ਵੈਲਫੇਅਰ ਸਕੀਮਾਂ ਵਾਸਤੇ 1994-95 ਵਿੱਚ 14 ਕਰੋੜ 59 ਲੱਖ ਰੁਪਿਆ ਰੱਖਿਆ ਗਿਆ ਸੀ ਪਰ ਹੁਣ ਇਹ ਘਟਾ ਛਿੱਤਾ ਗਿਆ ਹੈ । ਹੁਣ ਇਹ ਦੋ ਕਰੋੜ ਰੁਪਿਆ ਘਟਾ ਕੇ 12 ਕਰੋੜ 53 ਲੱਖ ਰੁਪਏ ਕਰ ਛਿੱਤਾ ਗਿਆ ਹੈ । ਇੱਥੇ ਇਹ ਐਲਾਨ ਕੀਤਾ ਗਿਆ ਕਿ ਬੈਨੀਫਿਸ਼ਰੀਜ਼ ਵਾਸਤੇ ਪੈਨਸ਼ਨ 150 ਰੁਪਏ ਤੋਂ 200 ਰੁਪਏ ਕਰ ਛਿੱਤੀ ਗਈ ਹੈ ਪਰ ਜੇ ਅਸੀਂ ਲਿਸਟ ਦੇਖੀਏ ਤਾਂ 9 ਕਰੋੜ ਰੁਪਿਆ ਹੋਰ ਸਾਨੂੰ ਸਿਰਫ ਪੈਨਸ਼ਨਾਂ ਵਾਸਤੇ ਚਾਹੀਦਾ ਹੈ । ਮੈਂ ਜਲਦੀ ਵਿੱਚ ਹੀ ਆਪਣੀ ਗੱਲ ਖਤਮ ਕਰ ਰਿਹਾ ਹਾਂ । ਸਪੀਕਰ ਸਾਹਿਬ, ਇਹ ਠੀਕ ਹੈ ਕਿ ਟੈਕਸ ਰਹਿਤ ਬਜਟ ਪੇਸ਼ ਕੀਤਾ ਗਿਆ ਹੈ ਅੱਤ ਕੋਈ ਨਵਾਂ ਟੈਕਸ ਨਹੀਂ ਲਗਾਇਆ ਗਿਆ ਪਰ ਫਿਰ ਵੀ ਕਈ ਸ਼ੰਕੇ ਕਾਇਮ ਹਨ, ਇਸ ਵਿੱਚ ਹਾਲੇ ਵੀ ਖਤਰਾ ਕਾਇਮ ਹੈ ਕਿ ਬਾਅਦ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਟੈਕਸ ਲਗਾਏ ਜਾਣਗੇ । ਇਸ ਵਿੱਚ ਲਿਖਿਆ ਗਿਆ ਹੈ ਕਿ 358 ਕਰੋੜ ਰੁਪਿਆ ਸਰਕਾਰ ਆਪਣੇ ਸਾਧਨਾਂ ਤੋਂ ਜੁਟਾਏਗੀ ਲੇਕਿਨ ਉਹ ਸਾਧਨ ਸਰਕਾਰ ਕਿੱਥੋਂ ਜੁਟਾਏਗੀ, ਉਸ ਬਾਰੇ ਮੈਨਸ਼ਨ ਨਹੀਂ ਕੀਤਾ ਗਿਆ । ਇਸ ਦੇ ਦੋ ਤਰੀਕੇ ਹੋ ਸਕਦੇ ਹਨ ਕਿ ਜਾਂ ਤਾਂ ਲੋਕਾਂ ਤੇ ਟੈਕਸ ਦਾ ਭਾਰ ਪਾਇਆ ਜਾਵੇਗਾ ਜਾਂ 1675 ਕਰੋੜ ਦੇ ਪਲਾਨ ਤੇ ਕੱਟ ਲਗਾ ਦਿੱਤੀ ਜਾਵੇਗੀ । ਇਹ ਗੱਲਾਂ ਜੇ ਹੋ ਜਾਂਦੀਆਂ ਹਨ ਤਾਂ ਇਹ ਲੋਕ ਵਿਰੋਧੀ ਗੱਲ ਹੋਵੇਗੀ । ਦੂਜੀ ਗੱਲ ਇਹ ਹੈ ਕਿ ਫਜ਼ੂਲ-ਖਰਚੀਆਂ ਜ਼ਰੂਰ ਘਟਾ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ । ਉਨ੍ਹਾਂ ਵਿੱਚੋਂ ਹੀ ਜੇ ਪੈਸਾ ਲੈ ਕੇ ਸਾਧਨ ਜੁਟਾਏ ਜਾਣ ਤਾਂ ਅਸੀਂ ਵੈਲਕਮ ਕਰਾਂਗੇ ਪਰ ਜੇ ਸਾਧਨ ਜੁਟਾਉਣ ਵਾਸਤੇ ਲੋਕਾਂ ਤੇ ਭਾਰ ਪਾਇਆ ਜਾਵੇ ਤਾਂ ਇਹ ਗੱਲ ਠੀਕ ਨਹੀਂ ਹੋਵੇਗੀ ।

ਸਪੀਕਰ ਸਾਹਿਬ, ਅਖੀਰ ਵਿੱਚ ਮੈਂ 3-4 ਗੱਲਾਂ ਕਹਿ ਕੇ ਤੁਹਾਡੇ ਕੋਲੋਂ ਖਿਮਾਂ ਮੰਗਾਂਗਾ । ਇਹ ਠੀਕ ਹੈ ਕਿ ਸੁਰੱਖਿਆ ਤੇ ਪੈਸਾ ਘਟਾਇਆ ਗਿਆ ਹੈ ਪਰ ਇਹ ਨਾਮਾਤਰ ਹੈ । ਇਸੇ ਤਰ੍ਹਾਂ ਸਿਕਿਉਰਟੀ ਫੋਰਸਿਜ਼ ਤੇ ਖਰਚੇ ਦੇ ਅਸੀਂ ਵਿਰੁੱਧ ਨਹੀਂ ਹਾਂ । ਅਸੀਂ ਬਾਰ ਬਾਰ ਕਿਹਾ ਹੈ ਕਿ ਪੁਲਿਸ ਦਾ ਬੜਾ ਅੱਛਾ ਰੋਲ ਹੈ, ਉਨ੍ਹਾਂ ਨੇ ਬੜਾ ਅੱਛਾ ਰੋਲ ਪਲੇਅ ਕੀਤਾ ਹੈ, ਦੇਸ਼-ਭਗਤੀ ਦਾ ਸਬੂਤ ਦਿੱਤਾ ਹੈ, ਕੁਰਬਾਨੀਆਂ ਦਿੱਤੀਆਂ ਹਨ । ਲੇਕਿਨ ਜੇ ਕਿਸੇ ਸਮੇਂ ਉਨ੍ਹਾਂ ਨੇ ਚੰਗੀਆਂ ਗੱਲਾਂ ਕੀਤੀਆਂ ਹਨ ਤਾਂ ਕਿਸੇ ਸਮੇਂ ਮਾੜੀਆਂ ਵੀ ਕੀਤੀਆ ਹਨ । ਇਹ ਚੋਕ ਕਹਨੀਆਂ ਚਾਹੀਦੀਆਂ ਹਨ । ਅੱਜ ਭਾਵੇਂ ਸਿਚੂਏਸ਼ਨ ਨਾਰਮਲ ਹੈ ਪਰ ਚੌਕਸੀ ਰੱਖਣੀ ਚਾਹੀਦੀ ਹੈ । ਇਸ ਸਮੇਂ ਖਰਚੇ ਘਟਾਉਣੇ

Original with;
Punjab Vidhan Sabha
Digitized by;
Panjab Digital Library

ਚਾਹੀਦੇ ਹਨ ਪਰ ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ ਅਵੇਸਲੇ ਨਹੀਂ ਹੋ ਸਕਦੇ । ਮੈਂ ਵੀ ਸਹਿਮਤ ਹਾਂ । ਅਜੇ ਵੀ ਕੁਝ ਐਸੀਆਂ ਬਾਹਰੀ ਫੋਰਸਿਜ਼ ਹਨ ਜੋ ਗੜਬੜ ਕਰਾ ਸਕਦੀਆਂ ਹਨ । ਹਿੰਦੁਸਤਾਨ ਵਿੱਚ ਵੀ ਐਸੀਆਂ ਫੋਰਸਿਜ਼ ਹਨ ਜਿਹੜੀਆਂ ਕਿਸੇ ਵੇਲੇ ਵੀ ਪੰਜਾਬ ਦੀ ਏਕਤਾ ਔਰ ਅਖੰਡਤਾ ਵਾਸਤੇ ਖਤਰਾ ਬਣ ਸਕਦੀਆਂ ਹਨ । ਲੇਕਿਨ ਮੈਂ ਸਮਝਦਾ ਹਾਂ ਕਿ ਸਰਕਾਰ ਦੀ ਇਸ ਵਿਚ ਬੜੀ ਜ਼ਿੰਮੇਵਾਰੀ ਹੈ । ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਅੱਤਵਾਦ ਦਾ ਹਾਲੇ ਖਤਰਾ ਹੈ ਅਤੇ ਇਸ ਵਾਸਤੇ ਸਿਕਿਉਰਟੀ ਜ਼ੋਨ ਬਣਾਉਣਾ ਚਾਹੀਦਾ ਹੈ । ਇੱਕ ਗੱਲ ਮੈਂ ਆਪਣੇ ਗਰੁੱਪ ਵੱਲੋਂ ਕਹਿਣਾ ਚਾਹੁੰਦਾ ਹਾਂ ਕਿ ਜੇ ਬਣਾਉਣਾ ਹੈ ਤਾਂ ਜਿਥੇ ਹਰਿਆਣਾ, ਹਿਮਾਚਲ ਔਰ ਜੰਮੂ-ਕਸ਼ਮੀਰ ਨੂੰ ਲਿਆ ਹੈ, ਉਥੇ ਤਰਾਈ ਦੇ ਇਲਾਕੇ (ਯੂ. ਪੀ.) ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ।

*10.58 ਪੂਰਵ ਦੁਪਹਿਰ

(*ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।) ਇੱਥੇ ਰੀਅਲ ਚੌਕਸੀ ਵਰਤਣ ਦੀ ਲੋੜ ਹੈ । ਪੰਜਾਬੀ ਸੂਬੇ ਸਬੰਧੀ ਗੱਲ ਕਲ੍ਹ ਵੀ ਕਹੀ ਗਈ । ਗਲਤੀ ਕਿਸ ਨੇ ਕੀਤੀ ਜੇ ਹਰਿਆਣਾ ਹੋਰ ਬਣ ਗਿਆ ਵਰੀਹਾ । ਹੁਣ ਇਕੱਠਾ ਕਰ ਰਹੇ ਹਨ । ਜੇਕਰ ਇਸ ਤਰ੍ਹਾ ਦੀਆਂ ਗੱਲਾਂ ਹੋਣਗੀਆਂ ਤਾਂ ਮਾੜੀ ਗੱਲ ਹੋਵੇਗੀ ਔਰ ਕੋਈ ਗੱਲ ਸਿਰੇ ਨਹੀਂ ਚੜ੍ਹਨੀ । ਇਸ ਨਾਲ ਮੁਲਕ ਦੀਆਂ ਸੈਪਰੇਟ ਫੋਰਸਿਜ਼ ਨੂੰ ਸ਼ਹਿ ਮਿਲੇਗੀ । ਇਸੇ ਤਰ੍ਹਾਂ ਮਹਾਂ ਪੰਜਾਬ ਦਾ ਨਾਹਰਾ ਮਾਰਿਆ ਗਿਆ । ਇਸ ਨਾਲ ਵੱਖਵਾਦੀ ਸ਼ਕਤੀਆਂ ਨੂੰ ਸ਼ਹਿ ਮਿਲੇਗੀ । ਮੈਂ ਕਹਿਣਾ ਚਾਹੁਦਾ ਹਾਂ ਕਿ ਸਟੇਟਾਂ ਨੂੰ ਡੈਫੀਨਿਟਲੀ ਵੱਧ ਅਧਿਕਾਰ ਮਿਲਣੇ ਚਾਹੀਦੇ ਹਨ । ਇਸ ਵਿੱਚ ਕੋਈ ਮਤਭੇਦ ਨਹੀਂ ਲੇਕਿਨ ਇਸ ਨੂੰ ਹੋਰ ਰੂਪ ਵਿੱਚ ਨਹੀਂ ਲੈਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇੱਥੇ ਖਾਲਸਾ ਮਾਰਚ ਹੋਇਆ । ਇਹ ਚੰਗੀ ਗੱਲ ਹੈ ਕਿ ਉਸ ਉਤੇ ਬੈਨ ਨਹੀਂ ਲਗਾਇਆ ਗਿਆ । ਮੈਂ ਆਪਣੇ ਗਰੁੱਪ ਵੱਲੋਂ ਕਹਿਣਾ ਚਾਹੁੰਦਾ ਹਾਂ ਕਿ ਹਰ ਇੱਕ ਨੂੰ ਧਰਮ ਦੀ ਆਜ਼ਾਦੀ ਹੈ ਔਰ ਹਰ ਕਿਸੀ ਨੂੰ ਧਰਮ ਦਾ ਆਨੰਦ ਮਾਣਨਾ ਚਾਹੀਦਾ ਹੈ । ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਪਰ ਅਫਸੋਸ ਦੀ ਗੱਲ ਇਹ ਹੈ ਕਿ ਇਹ ਖਾਲਸਾ ਮਾਰਚ ਪੁਲੀਟੀਕਲੀ ਮੋਟੀਵੇਟਿਡ ਸੀ । ਇਸ ਵਿੱਚ ਇੰਦਰਾ ਗਾਂਧੀ ਦੇ ਕਾਤਲਾਂ ਦੀ ਪਰੇਡ ਹੋਈ । ਮੈਨੂੰ ਇਸ ਗੱਲ ਦਾ ਦੁੱਖ ਹੈ । (ਥੰਪਿੰਗ) । ਕਈ ਸੈਕੂਲਰ ਪਾਰਟੀਆਂ ਨੇ ਇਸ ਵਿੱਚ ਪਾਰਟੀਸੀਪੇਟ ਕੀਤਾ । ਇਸ ਕਰਕੇ ਇਸ ਪਾਸੇ ਚੌਕਸੀ ਦੀ ਜ਼ਰੂਰਤ ਹੈ । ਪੰਜਾਬ ਵਿਚ ਖਤਰਾ ਵੱਧ ਰਿਹਾ ਹੈ । ਮਹਾਰਾਸ਼ਟਰ ਵਿੱਚ ਇਕ ਨਵਾਂ ਨਾਹਰਾ ਲੱਗ ਰਿਹਾ ਹੈ ਜੋ ਕਿ ਨਾਨ-ਮਰਾਠੀ ਲੋਕਾਂ ਵਿਚ ਦਹਿਸ਼ਤ ਪੈਦਾ ਕਰ ਰਿਹਾ ਹੈ । ਇਥੇ ਮੇਰੇ ਸਾਥੀ ਬੈਠੇ ਹਨ, ਕਲ੍ਹ ਨੂੰ ਇਹ ਗੱਲ ਇਧਰ ਵੀ ਹੋ ਸਕਦੀ ਹੈ ਜੇ ਮਹਾਂਰਾਸ਼ਟਰ ਵਿੱਚ ਕੋਈ ਪਾਬੰਦੀ ਲੱਗ ਗਈ । ਇਸ ਤਰ੍ਹਾਂ ਦਾ ਨਾਹਰਾ ਇਥੇ ਸਾਡੇ ਪਾਸੇ ਵੀ ਉਠਿਆ ਹੈ । ਹੁਣੇ 25 ਤਰੀਕ ਲੰਘੀ ਹੈ, ਇੱਕ ਅਕਾਲੀ ਲੀਡਰ ਨੇ ਸਟੇਟਮੈਂਟ ਦਿੱਤੀ ਹੈ ਕਿ ਜਿਹੜੇ ਪਰਵਾਸੀ ਮਜ਼ਦੂਰ ਜਾਂ ਭਈਏ ਪੰਜਾਬ ਆਉਂਦੇ ਹਨ ਉਹ ਕੰਮ ਕਰਨ, ਦਿਹਾੜੀ-ਦੱਪਾ ਕਰਨ ਪਰ ਉਨ੍ਹਾਂ ਨੂੰ ਵੋਟ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ । ਇਸ ਗੱਲ ਦੀ ਕੰਡੈਮਨੇਸ਼ਨ ਕਰਨੀ ਚਾਹੀਦੀ ਹੈ । ਇਸ ਤਰ੍ਹਾਂ ਤਾਂ ਕਲ੍ਹ ਨੂੰ ਉਧਰ ਵੀ ਹੋ ਸਕਦਾ ਹੈ ਕਿ ਜਿਹੜੇ ਸਿੱਖ ਬਾਹਰ ਹਨ, ਉਨ੍ਹਾਂ ਨੂੰ ਵੋਟ ਦਾ ਅਧਿਕਾਰ ਨਾ ਹੋਵੇ । ਇਸ ਤਰ੍ਹਾਂ ਦੇ ਨਾਹਰੇ ਵੱਖਵਾਦੀ ਫੋਰਸਿਜ਼ ਨੂੰ ਸਟਰੰਥਨ ਕਰਨਗੇ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਕਲ੍ਹ ਨੂੰ ਰੂਲਿੰਗ ਪਾਰਟੀ ਇਸ ਤਰ੍ਹਾਂ ਦਾ ਨਾਹਰਾ ਦੇਵੇ ਜਾਂ ਅਪੋਜੀਸ਼ਨ ਪਾਰਟੀ ਇਸ ਤਰ੍ਹਾਂ ਦਾ ਨਾਹਰਾ ਦੇਵੇ ਪਰ ਅਸੀਂ ਇਸ ਨਾਹਰੇ ਦੀ ਮੁਖਾਲਫਤ ਕਰਦੇ ਹਾਂ । ਇਸ ਕਰਕੇ ਚੈਕਸੀ ਦੇ ਰੂਪ ਵਿੱਚ ਅਵੇਸਲੇ ਨਹੀਂ ਹੋਣਾ ਚਾਹੀਦਾ ਅਤੇ ਸਾਨੂੰ ਨੈਸ਼ਨਲ ਚਿੱਖ ਕਾਇਮ ਰੱਖਣੀ ਚਾਹੀਦੀ ਹੈ । ਇਸ ਵਾਸਤੇ ਟਰੈਜ਼ਰੀ ਬੈਂਚਿਜ਼ ਅਤੇ ਅਪੋਜੀਸ਼ਨ ਬੈਂਚਿਜ਼ ਦੋਨਾਂ ਨੂੰ ਹੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨਾ ਚਾਹੀਦਾ ਹੈ ।

ਆਖਿਰ ਵਿੱਚ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ, ਵੈਲਕਮ ਕਰਦਾ ਹਾਂ ਕਿ ਪੰਚਾਇਤੀ ਰਾਜ ਬਾਰੇ ਸਾਡੇ ਸੰਵਿਧਾਨ ਵਿੱਚ ਅਮੈਂਡਮੈਂਟ ਹੋਈ ਹੈ । ਇਥੇ ਐਕਟ ਬਣਾਇਆ ਗਿਆ, ਚੋਣਾਂ ਵੀ ਹੋ ਗਈਆਂ ਲੇਕਿਨ ਜਿਹੜੇ ਪੰਚਾਇਤੀ ਅਦਾਰੇ ਹਨ, ਉਨ੍ਹਾਂ ਨੂੰ ਜਿਥੋਂ ਤੱਕ ਵੱਧ ਅਧਿਕਾਰ ਦੇਣ ਦੀ ਗੱਲ ਹੈ, ਉਹ ਵੱਧ ਅਧਿਕਾਰ ਹਾਲੇ ਤੱਕ ਕੋਈ ਨਹੀਂ ਦਿੱਤੇ ਗਏ । ਜਿਹੜੀ ਨੋਟੀਫਿਕੇਸ਼ਨ ਭੇਜੀ ਹੈ ਡੀ. ਸੀਜ. ਨੂੰ ਉਸ ਵਿੱਚ ਵੀ ਇਹ ਨਾ-ਮਾਤਰ ਹੀ ਹਨ । ਇਸ ਕਰਕੇ ਮੈਂ ਜੋਰ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਅਦਾਰੇ ਹਨ ਜਿਹੜੀ ਗਰਾਸ ਰੂਟ ਤੱਕ ਡੈਮੋਕ੍ਰੇਸੀ ਰਿਸਟੋਰ ਕੀਤੀ ਹੈ, ਉਨ੍ਹਾਂ ਨੂੰ ਮੈਂ ਸਮਝਦਾ ਹਾਂ ਕਿ ਬਣਦੇ ਅਧਿਕਾਰ, ਚਾਹੇ ਉਹ ਵਿੱਤੀ ਅਧਿਕਾਰ ਹਨ, ਚਾਹੇ ਦੂਸਰੇ ਅਧਿਕਾਰ ਹਨ, ਸਰਕਾਰ ਨੂੰ ਦੇਣੇ ਚਾਹੀਦੇ ਹਨ ।

ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਕੁਰੱਪਸ਼ਨ ਦੀ ਗੱਲ ਹੈ । ਮੈਂ ਰੈਪੀਟੀਸ਼ਨ ਨਹੀਂ ਕਰਨੀ ਚਾਹੁੰਦਾ । ਇਸ ਸਬੰਧੀ ਮੈਨੂੰ ਇੱਕ ਪੰਜ ਪੇਜ ਦੀ ਚਿੱਠੀ ਪ੍ਰਾਪਤ ਹੋਈ ਹੈ । ਕੋਈ ਮਿਸਟਰ ਸੁਰਿੰਦਰ ਕਪੂਰ ਆਈ. ਐਫ. ਐਸ. ਹੈ ਜਿਹੜਾ ਅੱਜ ਕਲ੍ਹ ਮੈਨੇਜਿੰਗ ਡਾਇਰੈਕਟਰ, ਫਾਰੈਸਟ ਕਾਰਪੋਰੇਸ਼ਨ ਹੈ । ਮੇਰਾ ਖਿਆਲ ਹੈ ਕਿ ਇਹ ਕਈ ਕਰੋੜ ਰੁਪਏ ਦਾ ਸਕੈਂਡਲ ਹੈ । ਹੈਰਾਨੀ ਹੁੰਦੀ ਹੈ ਇਹ ਵੇਖ ਕੇ ਕਿ ਉਹ ਕਿੰਨਾ ਬਦਨਾਮ ਹੈ ਅੌਰ ਉਸ ਨੇ ਡਿਫਰੈਂਟ ਪਲੇਸਿਜ਼ ਤੇ ਕਿੰਨੀ ਪ੍ਰਾਪਰਟੀ ਬਣਾਈ ਹੋਈ ਹੈ । 20-20 40-40 ਲੱਖ ਰੁਪਏ ਦੇ ਦਰਖ਼ਤ ਉਸ ਬੰਦੇ ਨੇ ਵੱਢ ਕੇ ਵੇਚੇ । ਜਿਹੜੇ ਬੰਦੇ ਠੀਕ ਸਨ, ਉਨ੍ਹਾਂ ਨੂੰ ਖੁੱਡੇ ਲਾਈਨ ਲਾਇਆ ਅਤੇ ਜਿਹੜੇ ਕੁਰੱਪਸ਼ਨ ਦੇ ਵਿੱਚ ਭਾਈਵਾਲ ਸਨ, ਉਨ੍ਹਾ ਨੂੰ ਪੂਰੀ ਸ਼ਾਨ ਦਿੱਤੀ । ਮੈਂ ਸਾਰਾ ਜ਼ਿਕਰ ਤਾਂ ਨਹੀਂ ਕਰਨਾ ਚਾਹੁੰਦਾ, ਇਹ ਵੀ ਮੈਂ ਇਸ ਕਰਕੇ ਪੜ੍ਹ ਰਿਹਾ ਹਾਂ ਕਿ ਫਿਰ ਇਥੇ ਕਹਿੰਦੇ ਹਨ ਕਿ ਸਾਡੇ ਨੋਟਿਸ ਵਿੱਚ ਨਹੀਂ ਹੈ । ਇਸ ਦੀ ਕਾਪੀ ਮੇਰੇ ਕੋਲ ਆਈ ਹੈ, ਇੱਕ ਕਾਪੀ ਮੁੱਖ ਮੰਤਰੀ ਕੋਲ ਗਈ ਹੈ, ਗਵਰਨਰ ਸਾਹਿਬ ਕੋਲ ਗਈ ਹੈ ਅੌਰ ਕੰਸਰਨਡ ਮਨਿਸਟਰ ਸਾਹਿਬ ਕੋਲ ਵੀ ਗਈ ਹੈ, ਇਸ ਦੇ ਨਾਲ ਹੀ ਵਿਜੀਲੈਂਸ ਦਾ ਜਿਹੜਾ ਇੰਚਾਰਜ ਹੈ, ਉਨ੍ਹਾਂ ਕੋਲ ਵੀ ਕਾਪੀ ਗਈ ਹੈ । ਅੌਰ ਇਸ ਬੰਦੇ ਦੀ ਲਗਾਤਾਰ ਪ੍ਰੋਮੋਸ਼ਨ ਹੁੰਦੀ ਰਹੀ ਹੈ, ਕਦੇ ਡਿਮੋਸ਼ਨ ਨਹੀਂ ਹੋਈ । ਕਦੇ ਉਸ ਦੇ ਖਿਲਾਫ ਐਕਸ਼ਨ ਨਹੀਂ ਲਿਆ ਗਿਆ । ਜਿੰਨੀ ਉਸ ਦੀ ਸ਼ਿਕਾਇਤ ਹੋਈ, ਉਨੀ ਜ਼ਿਆਦਾ ਪ੍ਰੋਮੋਸ਼ਨ ਉਸ ਬੰਦੇ ਦੀ ਹੋਈ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਮਿਸਾਲ ਦੇ ਤੌਰ ਤੇ ਦਸਿਆ ਹੈ ।

ਆਖਿਰ ਵਿੱਚ ਦੋ ਛੋਟੇ ਛੋਟੇ ਨੁਕਤੇ ਕਹਿਣਾ ਚਾਹੁੰਦਾ ਹਾਂ । ਇਥੇ ਪੁਲਿਸ ਦੀਆਂ ਜ਼ਿਆਦਤੀਆਂ ਬਾਰੇ ਬੜਾ ਜ਼ਿਕਰ ਕੀਤਾ ਗਿਆ । ਡਿਪਟੀ ਸਪੀਕਰ ਸਾਹਿਬ, ਇਥੇ ਆਖਿਆ

Original with;
Punjab Vidhan Sabha
Digitized by;
Panjab Digital Library

ਗਿਆ ਕਿ ਪੁਲਿਸ ਸੁਪਰੀਮ ਹੈ । ਸਾਨੂੰ ਉਸ ਵਿੱਚ ਕੋਈ ਇਤਰਾਜ਼ ਨਹੀਂ, ਸੀ. ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਪੁਲਿਸ ਦੇ ਜਮਾਂਦਰੂ ਵਿਰੋਧੀ ਨਹੀਂ । ਜਿਸ ਤਰ੍ਹਾਂ ਪੁਲਿਸ ਦੀ ਲੋਕਾਂ ਨਾਲੋਂ ਦੂਰੀ ਵਧ ਰਹੀ ਹੈ, ਉਹ ਲੋਕਾਂ ਦੇ ਹਿਤ ਵਿੱਚ ਨਹੀਂ ਅੌਰ ਪੁਲਿਸ ਦੇ ਹਿੱਤ ਵਿੱਚ ਵੀ ਨਹੀਂ । ਬਹੁਤ ਸਾਰੇ ਪੁਲਿਸ ਅਫ਼ਸਰਾਂ ਨੇ ਕਿਹਾ ਕਿ ਅਸੀਂ ਜਾਨਾਂ ਕੁਰਬਾਨ ਕੀਤੀਆਂ, ਐਂਟਾਇਰ ਫੈਮਲੀਜ਼ ਸੈਕਰੀਫਾਈਸ ਕੀਤੀਆਂ । ਇਹ ਕੁਰਬਾਨੀਆਂ ਘੱਟ ਨਹੀਂ ਲੇਕਿਨ ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਏਨੀਆਂ ਕੁਰਬਾਨੀਆਂ ਕਰਨ ਦੇ ਬਾਵਜੂਦ ਵੀ ਪੁਲਿਸ ਲੋਕਾਂ ਦੇ ਦਿਲ ਨਹੀਂ ਜਿੱਤ ਸਕੀ । ਆਖਿਰ ਕੀ ਗੜਬੜ ਹੈ, ਮੈਂ ਇਹ ਸਵਾਲ ਪੁਆਇੰਟ ਆਊਟ ਕਰਨਾ ਚਾਹੁੰਦਾ ਹਾਂ । ਇਹ ਠੀਕ ਹੈ ਕਿ ਰਾਸ਼ਟਰਪਤੀ ਤੋਂ ਲੈ ਕੇ ਮੁੱਖ ਮੰਤਰੀ ਤੱਕ ਕਿਸੇ ਨੂੰ ਬੰਦਾ ਮਾਰਨ ਦਾ ਅਧਿਕਾਰ ਨਹੀਂ ਅਤੇ ਕੇਵਲ ਪੁਲਿਸ ਨੂੰ ਇਹ ਅਧਿਕਾਰ ਹੈ । ਦੋਰਾਹੇ ਵਿੱਚ ਇੱਕ ਬੰਦਾ ਆਈਡੈਂਟਿਟੀ ਕਾਰਡ ਉਸ ਕੋਲ ਸੀ, ਕਲਾਸ-I ਅਫ਼ਸਰ ਸੀ, ਉਹ ਦੱਸ ਰਿਹਾ ਸੀ ਪਰ ਪੁਲਿਸ ਨੇ ਉਸ ਨੂੰ ਮਾਰ ਦਿੱਤਾ ਤੇ ਡੈੱਡ ਬਾਡੀ ਦਾ ਸਸਕਾਰ ਕਰ ਦਿੱਤਾ । ਹੁਣ ਰੋਜ਼ਨਾਮਚਾ ਜਾਂ ਐਫ. ਆਈ. ਆਰ. ਵਿਚ ਪੁਲਿਸ ਨੇ ਪਰਿਵਾਰ ਦੇ ਮੈਂਬਰਾਂ ਦਾ ਨਹੀਂ ਲਿਖਿਆ ਕਿ ਉਨ੍ਹਾਂ ਲੋਕਾਂ ਨੂੰ ਕੁਝ ਲਾਭ ਮਿਲ ਜਾਵੇ । ਹਾਲੇ ਤੱਕ ਕੋਈ ਰਿਪੋਰਟ ਨਹੀਂ ਲਿਖੀ ਗਈ । ਇਸੇ ਤਰ੍ਹਾਂ ਰੀਤਾ ਨਾਮ ਦੀ ਇੱਕ ਲੜਕੀ ਹੈ, ਉਸ ਦੇ ਸਹੁਰਿਆਂ ਨੇ ਉਸ ਨੂੰ ਕੋਟਕਪੂਰੇ ਅੱਗ ਨਾਲ ਜਲਾ ਦਿੱਤਾ ਪਰ ਪੁਲਿਸ ਦੋਸ਼ੀਆਂ ਦੀ ਮਦਦ ਕਰ ਰਹੀ ਹੈ । ਅਲਟੀਮੇਟਲੀ ਤੁਸੀਂ ਕਿੰਨਾ ਕੁ ਚਿਰ ਦਬਾਉਗੇ ! ਜਿਹੜੀਆਂ ਲੋਕਾਂ ਦੀਆਂ ਭਾਵਨਾਵਾਂ ਹਨ, ਲੋਕਾਂ ਦਾ ਵਿਰੋਧ ਹੈ, ਉਹ ਲਗਾਤਾਰ ਵਧਦਾ ਜਾ ਰਿਹਾ ਹੈ । ਮੈਂ ਇਸ ਹਾਊਸ ਦੇ ਰਾਹੀਂ ਜ਼ਰੂਰ ਕਹਿਣਾ ਚਾਹਾਂਗਾ ਸੀ. ਐਮ. ਸਾਹਿਬ ਨੂੰ ਅੌਰ ਉਨ੍ਹਾਂ ਨੂੰ ਜੋ ਪੁਲਿਸ ਦੇ ਟਾਪ ਅਫ਼ਸਰ ਹਨ ਕਿ ਹੇਠਾਂ ਬਹੁਤ ਗੜਬੜ ਹੋ ਰਹੀ ਹੈ ਅਤੇ ਉਹ ਇਸ ਨੂੰ ਚੈੱਕ ਕਰਨ, ਨਹੀਂ ਤਾਂ ਹਾਲਾਤ ਵੱਸ ਤੋਂ ਬਾਹਰ ਹੋ ਜਾਣਗੇ ।

ਆਖਿਰ ਵਿੱਚ, ਡਿਪਟੀ ਸਪੀਕਰ ਸਾਹਿਬ, ਮੈਂ ਦੋ ਨੁਕਤੇ ਕਹਿ ਕੇ ਆਪਣੀ ਗੱਲ ਸਮਾਪਤ ਕਰਾਂਗਾ, ਮੈਂ ਬਹੁਤਾ ਸਮਾਂ ਨਹੀਂ ਲੈਣਾ ਚਾਹੁੰਦਾ । ਸੁਤੰਤਰਤਾ ਸੰਗਰਾਮੀਆਂ ਦੀ ਪੈਨਸ਼ਨ ਵਿੱਚ ਸਰਕਾਰ ਨੇ ਪਿਛਲੇ ਸਾਲ ਵੀ ਵਾਧਾ ਕੀਤਾ ਸੀ, ਅੈਤਕੀਂ ਫਿਰ ਵਾਧਾ ਕੀਤਾ ਹੈ, ਇਹ ਬੜੀ ਸ਼ਲਾਘਾਯੋਗ ਗੱਲ ਇਸ ਸਰਕਾਰ ਦੀ ਹੈ ਪਰ ਇਸ ਦੇ ਬਾਰੇ ਮੈਂ ਦੋ ਤਿੰਨ ਗੱਲਾਂ ਕਹਿਣਾ ਚਾਹੁੰਦਾ ਹਾਂ । ਇਨ੍ਹਾਂ ਲੋਕਾਂ ਦੀ ਉਮਰ ਬਹੁਤ ਵੱਡੀ ਹੈ, ਕੋਈ 80 ਸਾਲ ਦਾ, ਕੋਈ 85 ਸਾਲ ਦਾ ਬਜ਼ੁਰਗ ਹੈ । ਇਸ ਦੇ ਵਿੱਚ ਜੋ ਡਿਫੀਕਲਟੀ ਹੈ, ਇਸ ਨੂੰ ਰਿਮੂਵ ਕਰਨਾ ਚਾਹੀਦਾ ਹੈ । ਜਦੋਂ ਪੰਜਾਬ ਸਰਕਾਰ ਉਨ੍ਹਾਂ ਦੇ ਲਈ ਪੈਨਸ਼ਨ ਮਨਜ਼ੂਰ ਕਰ ਦਿੰਦੀ ਹੈ ਤਾਂ ਉਨਾ ਚਿਰ ਉਸ ਨੂੰ ਪੈਨਸ਼ਨ ਰਿਲੀਜ਼ ਨਹੀਂ ਕਰਦੀ ਜਿਤਨੀ ਦੇਰ ਕੇਂਦਰ ਸਰਕਾਰ ਦੀ ਪੈਨਸ਼ਨ ਰਿਲੀਜ਼ ਨਹੀਂ ਹੋ ਜਾਂਦੀ । ਤੁਸੀਂ ਜਦੋਂ ਉਨ੍ਹਾਂ ਨੂੰ ਪੈਨਸ਼ਨ ਮਨਜ਼ੂਰ ਕਰ ਦਿੱਤੀ, ਉਸ ਨੂੰ ਮਾਨਤਾ ਦੇ ਦਿੱਤੀ ਤਾਂ ਫਿਰ ਕੇਂਦਰ ਨਾਲ ਕਿਉਂ ਜੋੜ ਦਿੱਤਾ ! ਮੇਰੀ ਬੇਨਤੀ ਹੈ ਕਿ ਤੁਸੀਂ ਆਪਣੀ ਤਾਂ ਸ਼ੁਰੂ ਕਰੋ, ਜਦੋਂ ਕੇਂਦਰ ਦੀ ਹੋਵੇਗੀ ਤਾਂ ਉਹ ਦੇ ਦੇਣਗੇ । ਇਸੇ ਤਰ੍ਹਾਂ ਉਨ੍ਹਾਂ ਦੇ ਲਈ ਮੈਡੀਕਲ ਰੀਇੰਮਬਰਸਮੈਂਟ ਅਤੇ ਹੋਰ ਜਿਹੜੀਆਂ ਸਹੂਲਤਾਂ ਦਿੱਤੀਆਂ ਹਨ, ਉਨ੍ਹਾਂ ਦੇ ਵਿੱਚ ਵੀ ਬੜਾ ਡਿਫੀਕਲਟ ਪ੍ਰਾਸੈੱਸ ਹੈ । ਉਸ ਪ੍ਰਾਸੈੱਸ ਨੂੰ ਨਾਰਮਲ ਕਰਨਾ ਚਾਹੀਦਾ ਹੈ, ਈਜ਼ੀ ਕਰਨਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਚਾਹੀਦਾ ਹੈ ਅੌਰ ਇਸ ਪਾਸੇ ਸਰਕਾਰ ਨੂੰ ਆਪਣਾ ਧਿਆਨ ਦੇਣਾ ਚਾਹੀਦਾ ਹੈ ।

ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਇਥੇ ਪੱਕੇ ਖਾਲਿਆਂ ਦੇ ਬਾਰੇ ਜ਼ਿਕਰ ਆਇਆ ਹੈ । ਇਹ ਸ਼ਲਾਘਾਯੋਗ ਕੰਮ ਸੀ ਅੌਰ ਇਸ ਨੂੰ ਵੈਲਕੱਮ ਕੀਤਾ ਸੀ ਪਰ ਜਿਥੇ ਇਸ ਦੀ ਪਹਿਲਾਂ ਹਾਲਤ ਚੰਗੀ ਕੀਤੀ ਸੀ, ਉਥੇ ਹੁਣ ਹਾਲਤ ਮਾੜੀ ਹੋ ਰਹੀ ਹੈ ਅਤੇ ਉਹ ਟੁੱਟ ਰਹੇ ਹਨ । ਪੰਚਾਇਤਾਂ ਦੇ ਕੋਲ ਆਪਣੇ ਇਤਨੇ ਕੋਈ ਸੋਰਸਿਜ਼ ਨਹੀਂ ਕਿ ਉਹ ਇਨ੍ਹਾਂ ਦੀ ਰਿਪੇਅਰ ਕਰ ਸਕਣ । ਕੋਈ ਇੰਡੀਵੀਜੂਅਲ ਵੀ ਆਪਣੇ ਸੋਰਸਿਜ਼ ਨਾਲ ਇਨ੍ਹਾਂ ਦੀ ਰਿਪੇਅਰ ਨਹੀਂ ਕਰਵਾ ਸਕਦਾ । ਸਰਕਾਰ ਇਸ ਪਾਸੇ ਵੱਲ ਆਪਣਾ ਧਿਆਨ ਦੇਵੇ ਤਾਂ ਹੀ ਇਨ੍ਹਾਂ ਦੀ ਹਾਲਤ ਚੰਗੀ ਹੋ ਸਕਦੀ ਹੈ । ਪਹਿਲਾਂ ਜਿਥੇ ਇਤਨਾ ਲਾਭ ਹੋਇਆ ਹੈ ਇਨ੍ਹਾਂ ਦਾ, ਹੁਣ ਉਤਨਾ ਨੁਕਸਾਨ ਹੋਣਾ ਸ਼ੁਰੂ ਹੋ ਗਿਆ ਹੈ । ਸਰਕਾਰ ਨੂੰ ਆਪਣਾ ਧਿਆਨ ਦੇ ਕੇ, ਚਾਹੇ ਮੰਤਰੀਕਰਨ ਬੋਰਡ ਵਰਗੇ ਚਾਹੇ ਕਿਸੇ ਹੋਰ ਪਾਸਿਉਂ, ਇਸ ਦੇ ਲਈ ਸਾਧਨ ਜੁਟਾਣੇ ਚਾਹੀਦੇ ਹਨ ਤਾਂ ਕਿ ਜਿਥੇ ਰਿਪੇਅਰ ਦੀ ਲੋੜ ਹੈ, ਉਥੇ ਰਿਪੇਅਰ ਹੋ ਸਕੇ ਅਤੇ ਲੋਕਾਂ ਨੂੰ ਇਸ ਦਾ ਲਾਭ ਹੋ ਸਕੇ ।

ਡੈਮੋਕਰੇਸੀ ਦੀ, ਡਿਪਟੀ ਸਪੀਕਰ ਸਾਹਿਬ, ਇਥੇ ਗੱਲ ਆਈ । ਸਾਨੂੰ ਵੀ ਇਸ ਗੱਲ ਦਾ ਗੁੱਸਾ ਹੈ ਕਿ ਇਹ ਕਿਸ ਤਰ੍ਹਾਂ ਦੀ ਡੈਮੋਕਰੇਸੀ ਹੈ । ਜੇ ਕੋਈ ਆਪਣੇ ਹੱਕਾਂ ਵਾਸਤੇ ਡੈਮੋਕਰੇਟਿਕ ਵੇਅ ਨਾਲ ਕੋਈ ਰੈਲੀ ਕਰਦਾ ਹੈ ਜਾਂ ਮੁਜ਼ਾਹਰਾ ਕਰਦਾ ਹੈ ਤਾਂ ਉਸ ਤੇ ਵੀ ਪਾਬੰਦੀ ਲਗਾਈ ਜਾਂਦੀ ਹੈ । 2 ਤਾਰੀਖ ਨੂੰ ਸਾਡੀ ਇਕ ਰੈਲੀ ਹੋਈ, ਉਸ ਤੇ ਪਾਬੰਦੀ ਲਗਾ ਦਿੱਤੀ । ਉਸ ਦੇ ਵਿੱਚ 8 ਵਿਅਕਤੀਆਂ ਦੀ ਮੌਤ ਹੋ ਗਈ ਹੈ । ਲੋਕੀਂ ਆਪਣਾ ਦੁੱਖ ਤਕਲੀਫ ਦੱਸਣ ਵਾਸਤੇ, ਆਪਣਾ ਰੋਸ ਪ੍ਰਗਟ ਕਰਨ ਲਈ ਰੈਲੀ ਕਰਦੇ ਹਨ । ਇਸੇ ਤਰ੍ਹਾਂ ਬੀ. ਐਸ. ਪੀ. ਦੀ ਰੈਲੀ ਸੀ, ਉਸ ਦੇ ਉਤੇ ਵੀ ਪਾਬੰਦੀ ਲਾ ਦਿੱਤੀ । ਹਾਂ, ਜੇ ਕੋਈ ਦੇਸ਼ ਵਿਰੋਧੀ ਤਾਕਤਾਂ ਗ਼ਲਤ ਢੰਗ ਨਾਲ ਕੋਈ ਗੱਲ ਕਰਦੀਆਂ ਹਨ ਤਾਂ ਉਨ੍ਹਾਂ ਤੇ ਇਹ ਪਾਬੰਦੀ ਜ਼ਰੂਰੀ ਹੋਣੀ ਚਾਹੀਦੀ ਹੈ ਪਰ ਜੇ ਕੋਈ ਡੈਮੋਕਰੇਟਿਕ ਵੇਅ ਨਾਲ ਚਾਹੇ ਕੋਈ ਅਕਾਲੀ ਹਨ, ਚਾਹੇ ਹੋਰ ਪਾਰਟੀਆਂ ਦੇ ਹਨ ਜਾਂ ਕੋਈ ਮਜ਼ਦੂਰ ਸਾਥੀ ਹਨ ਜਾਂ ਮੁਲਾਜ਼ਮ ਹਨ, ਅਗਰ ਕੋਈ ਆਪਣਾ ਰੋਸ ਪ੍ਰਗਟ ਕਰਨ ਲਈ, ਆਪਣੇ ਹੱਕਾਂ ਦੀ ਰਾਖੀ ਲਈ ਕੋਈ ਮੁਜ਼ਾਹਰਾ ਜਾਂ ਰੈਲੀ ਡੈਮੋਕਰੇਟਿਕ ਵੇਅ ਨਾਲ ਕਰਨਾ ਚਾਹੁੰਦਾ ਹੈ ਤਾਂ ਉਸ ਤੇ ਪਾਬੰਦੀ ਨਹੀਂ ਹੋਣੀ ਚਾਹੀਦੀ । ਜੇ ਕੋਈ ਪੀਸਫੁੱਲ ਵੇਅ ਨਾਲ ਡੈਮੋਕਰੇਟਿਕ ਵੇਅ ਨਾਲ ਰੋਸ ਪ੍ਰਗਟ ਕਰਨ ਲਈ ਕੋਈ ਗੱਲ ਕਰਦਾ ਹੈ ਅਤੇ ਉਸ ਤੇ ਬੈਨ ਲਾਉਣਾ ਹੈ ਤਾਂ ਇਸ ਦੇ ਨਾਲ ਸਰਕਾਰ ਦਾ ਘੇਰਾ ਸੁੰਗੜਦਾ ਜਾਵੇਗਾ । ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੀਸਫੁੱਲ ਵੇਅ ਨਾਲ, ਡੈਮੋਕਰੇਟਿਕ ਵੇਅ ਨਾਲ ਅਗਰ ਕੋਈ ਰੋਸ ਪ੍ਰਗਟ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਇੰਜ ਕਰਨ ਦੇਣਾ ਚਾਹੀਦਾ ਹੈ ਅਤੇ ਉਸ ਤੇ ਕਿਸੇ ਪ੍ਰਕਾਰ ਦੀ ਕੋਈ ਪਾਬੰਦੀ ਨਹੀਂ ਹੋਣੀ ਚਾਹੀਦੀ ।

ਆਖਿਰ ਵਿੱਚ, ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਇਲਾਕੇ ਦੇ ਲੋਕਾਂ ਦੇ ਬਾਰੇ ਕੁਝ ਬੇਨਤੀ ਕਰਨਾ ਚਾਹੁੰਦਾ ਹਾਂ । ਸਾਡਾ ਡਿਸਟ੍ਰਿਕਟ ਨਵਾਂ ਬਣਾਇਆ ਗਿਆ ਹੈ, ਇਸ ਦੇ ਲਈ ਅਸੀਂ ਸੀ. ਐਮ. ਸਾਹਿਬ ਦੇ ਧੰਨਵਾਦੀ ਹਾਂ ਅਤੇ ਇਹ ਨਵਾਂ ਡਿਸਟ੍ਰਿਕਟ

Original with;
Punjab Vidhan Sabha
Digitized by;
Panjab Digital Library

ਬਣਾ ਕੇ ਉਨ੍ਹਾਂ ਨੇ ਬੜੀ ਸ਼ਲਾਘਾਯੋਗ ਗੱਲ ਕੀਤੀ ਹੈ । ਪਰ ਇਸ ਦੇ ਬਾਰੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਦੀ ਡਿਵੈਲਪਮੈਂਟ ਵਾਸਤੇ ਇਕ ਡਿਸਟ੍ਰਿਕਟ ਵਾਸਤੇ ਜਿੰਨੀ ਰਿਕੁਆਇਰਮੈਂਟ ਚਾਹੀਦੀ ਹੁੰਦੀ ਹੈ ਉਸ ਦੇ ਮੁਤਾਬਿਕ ਇਸ ਦੀ ਡਿਵੈਲਪਮੈਂਟ ਘੱਟ ਹੈ । ਇਸ ਦੇ ਵੱਲ ਸਰਕਾਰ ਨੂੰ ਆਪਣਾ ਧਿਆਨ ਦੇਣਾ ਚਾਹੀਦਾ ਹੈ । ਉਥੇ ਸੀ. ਐਮ. ਸਾਹਿਬ ਨੇ ਇਕ ਪੋਲੀਟੈਕਨਿਕ ਕਾਲਜ ਖੋਲ੍ਹਣ ਲਈ ਅਨਾਊਂਸਮੈਂਟ ਕੀਤੀ ਸੀ ਅਤੇ ਉਸ ਦੇ ਲਈ ਜ਼ਮੀਨ ਵੀ ਐਕੁਆਇਰ ਕਰ ਲਈ ਗਈ ਹੈ । ਇਸ ਦੇ ਬਾਰੇ ਕੋਈ ਕੋਰਟ ਦੇ ਵਿੱਚ ਲਿਟੀਗੇਸ਼ਨ ਕੀਤੀ ਗਈ ਹੈ । ਮੇਰਾ ਖਿਆਲ ਹੈ ਕਿ ਉਹ ਗੱਲ ਵੀ ਨਿਕਲ ਗਈ ਹੈ । ਉਥੇ ਕਾਲਜ ਖੋਲ੍ਹਣ ਲਈ ਸਰਕਾਰ ਨੂੰ ਫੰਡਜ਼ ਦੇਣੇ ਚਾਹੀਦੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਉਸ ਇਲਾਕੇ ਨਾਲ ਤੁਅੱਲਕ ਰੱਖਦਾ ਹਾਂ ਜਿਹੜਾ ਆਰਥਿਕ ਤੌਰ ਤੇ, ਸਭਿਆਚਾਰਕ ਤੌਰ ਤੇ, ਵਿਦਿਅਕ ਤੌਰ ਤੇ ਅੱਜ ਸਨਅੱਤੀ ਤੌਰ ਤੇ ਪਛੜਿਆ ਹੋਇਆ ਹੈ । ਇਹ ਠੀਕ ਹੈ ਕਿ ਸੀ. ਐਮ. ਸਾਹਿਬ ਨੇ ਉਥੇ ਲੜਕੀਆਂ ਦੇ ਲਈ ਇਕ ਆਈ. ਟੀ. ਆਈ. ਬਣਾਉਣ ਦੇ ਵਾਸਤੇ ਵੀ ਕਿਹਾ ਹੈ । ਉਸ ਦੇ ਵਾਸਤੇ ਵੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਸ ਨੂੰ ਪਹਿਲ ਦੇ ਆਧਾਰ ਤੇ ਸਰਕਾਰ ਨੂੰ ਇਹ ਗੱਲ ਅਮਲ ਵਿੱਚ ਲਿਆਉਣੀ ਚਾਹੀਦੀ ਹੈ । ਮੇਰੇ ਇਲਾਕੇ ਵਿੱਚ ਨਹਿਰੀ ਪਾਣੀ ਦੀ ਵੀ ਬੜੀ ਘਾਟ ਹੈ । (ਵਿਘਨ) ਸਬ-ਤਹਿਸੀਲ ਬਰੇਟਾ ਐਲਾਨੀ ਗਈ, ਪਰ ਆਰੰਭ ਨਹੀਂ ਕੀਤੀ ਗਈ ।

Mr. Deputy Speaker : Try to wind up please.

ਕਾਮਰੇਡ ਹਰਦੇਵ ਅਰਸ਼ੀ : ਬੱਸ ਜੀ, ਡਿਪਟੀ ਸਪੀਕਰ ਸਾਹਿਬ, ਖ਼ਤਮ ਹੀ ਕਰਨ ਲੱਗਾ ਹਾਂ ।

ਉਥੇ ਹੜ੍ਹਾਂ ਦੀ ਮਾਰ ਵੀ ਸਾਡੇ ਇਲਾਕੇ ਨੂੰ ਸੱਭ ਤੋਂ ਵੱਧ ਪੈਂਦੀ ਹੈ । ਮਾਨਸਾ ਅਤੇ ਦੂਸਰੇ ਇਲਾਕਿਆਂ ਵਿੱਚ ਹੜ੍ਹਾਂ ਦੇ ਨਾਲ ਲੋਕਾਂ ਦਾ ਬਹੁਤ ਨੁਕਸਾਨ ਹੁੰਦਾ ਹੈ । ਉਥੇ ਡਰੇਨਾਂ ਦੀ ਸਫਾਈ ਦਾ ਕੋਈ ਚੰਗਾ ਪ੍ਰਬੰਧ ਨਹੀਂ ਹੈ ਅਤੇ ਡਰੇਨਾਂ ਦੀ ਸਫਾਈ ਲਈ ਯੋਗ ਪ੍ਰਬੰਧ ਨਹੀਂ ਕੀਤਾ ਗਿਆ ਜਿਸ ਕਰਕੇ ਲੋਕਾਂ ਦਾ ਬਹੁਤ ਨੁਕਸਾਨ ਹੁੰਦਾ ਹੈ । ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਪਾਸੇ ਵੱਲ ਆਪਣਾ ਧਿਆਨ ਦੇਣਾ ਚਾਹੀਦਾ ਹੈ । ਬੇਟ ਦੇ ਇਲਾਕੇ ਵਿੱਚ 10 ਪਿੰਡਾਂ ਨੂੰ ਨੁਕਸਾਨ ਹੁੰਦਾ ਹੈ ।

ਡਿਪਟੀ ਸਪੀਕਰ ਸਾਹਿਬ, ਇਥੇ ਸਾਡੇ ਸਿਹਤ ਮੰਤਰੀ ਸਾਹਿਬ ਹਾਊਸ ਵਿਚ ਬੈਠੇ ਨਹੀਂ ਹਨ, ਮੈਂ ਉਨ੍ਹਾਂ ਨੂੰ ਇਕ ਗੱਲ ਕਹਿਣਾ ਚਾਹੁੰਦਾ ਸੀ ਕਿ ਅੱਜ ਦੇ ਸਮੇਂ ਵਿਚ ਹਰ ਚੀਜ਼ ਨੂੰ ਪ੍ਰਾਈਵੇਟਲੀ ਲਿਆ ਜਾ ਰਿਹਾ ਹੈ । ਐਜੂਕੇਸ਼ਨ ਨੂੰ ਪ੍ਰਾਈਵੇਟਾਈਜ਼ ਕੀਤਾ ਜਾ ਰਿਹਾ ਹੈ, ਇੰਡਸਟਰੀ ਨੂੰ ਕੀਤਾ ਜਾ ਰਿਹਾ ਹੈ ਅਤੇ ਇਸੇ ਤਰ੍ਹਾਂ ਹੈਲਥ ਨੂੰ ਵੀ ਕੀਤਾ ਜਾ ਰਿਹਾ ਹੈ । ਪਰ ਇਸ ਦੇ ਨਾਲ ਪੂਰਾ ਚੈੱਕ ਨਾ ਹੋਣ ਕਰਕੇ ਬੰਦੇ ਵੀ ਮਰ ਰਹੇ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿਚ ਇਕ ਡੈਂਟਲ ਕਾਲਜ ਖੋਲ੍ਹਿਆ ਜਾ ਰਿਹਾ ਹੈ । ਪਤਾ ਨਹੀਂ ਉਸ ਵਾਸਤੇ ਕੋਈ ਕਮੇਟੀ ਬਣੀ ਸੀ ਅਤੇ ਉਸ ਨੇ ਕੋਈ ਕੰਮ ਕੀਤਾ ਹੈ ਜਾਂ ਨਹੀਂ ਪਰ ਉਸ ਨੇ ਇਸ ਕਾਲਜ ਨੂੰ ਗਰੀਨ ਸਿਗਨਲ ਦੇ ਦਿੱਤਾ ਹੈ । ਹਾਲੇ ਯੂਨੀਵਰਸਿਟੀ ਨੇ ਕੋਈ ਗਰੀਨ ਸਿਗਨਲ ਨਹੀਂ ਦਿੱਤਾ ਆਲ ਇੰਡੀਆ ਡੈਂਟਲ ਕੌਂਸਲ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਵਲੋਂ ਕੋਈ ਗਰੀਨ ਸਿਗਨਲ ਨਹੀਂ ਮਿਲਿਆ ਪਰ ਉਸ ਕਮੇਟੀ ਨੇ ਇਨ੍ਹਾਂ ਸਾਰੀਆਂ ਫਾਰਮੈਲਿਟੀਜ਼ ਨੂੰ ਨਜ਼ਰ-ਅੰਦਾਜ਼ ਕਰਕੇ ਉਹ ਕਾਲਜ ਖੋਲ੍ਹ ਲਿਆ ਹੈ ਅੱਰ ਇਕ ਵਿਅਕਤੀ ਜਿਹੜਾ ਐਮ. ਬੀ. ਬੀ. ਐਸ. ਦੇ ਟੈਸਟ ਵਿਚ 8 ਵਾਰੀ ਫੇਲ੍ਹ ਹੋਇਆ ਹੈ, ਉਸ ਨੂੰ ਪ੍ਰਿੰਸੀਪਲ ਬਣਾਇਆ ਹੈ । ਮੈਂ ਸਮਝਦਾ ਹਾਂ ਕਿ ਜਿਹੜੀਆਂ ਅਜਿਹੀਆਂ ਮੈਡੀਕਲ ਦੀਆਂ ਦੁਕਾਨਾਂ ਖੋਲ੍ਹੀਆਂ ਜਾ ਰਹੀਆਂ ਹਨ, ਸਰਕਾਰ ਨੂੰ ਇਨ੍ਹਾਂ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ । ਸਿਰਫ ਸਰਕਾਰੀ ਕਾਲਜਾਂ ਵੱਲ ਹੀ ਨਹੀਂ ਵੇਖਣਾ ਚਾਹੀਦਾ ਬਲਕਿ ਜਿਹੜੇ ਪ੍ਰਾਈਵੇਟ ਕਾਲਜ ਖੋਲ੍ਹ ਰਹੇ ਹਨ, ਉਨਾਂ ਨੂੰ ਵੀ ਚੈੱਕ ਕਰਨਾ ਚਾਹੀਦਾ ਹੈ । ਇਨ੍ਹਾਂ ਦੀ ਸੁਪਰਵੀਜ਼ਨ ਕਰਨੀ ਚਾਹੀਦੀ ਹੈ । ਇਸ ਦੇ ਨਾਲ ਹੀ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਥੇ ਬੋਲਣ ਦਾ ਸਮਾਂ ਦਿੱਤਾ ਹੈ ਅੱਰ ਨਾਲ ਹੀ ਆਸ ਕਰਦਾ ਹਾਂ ਕਿ ਜਿਹੜੀਆਂ ਗੱਲਾਂ ਇਥੇ ਕਹੀਆਂ ਗਈਆਂ ਹਨ, ਚਾਹੇ ਉਹ ਮੁਲਾਜ਼ਮਾਂ ਦੀਆਂ ਗੱਲਾਂ ਹਨ ਅਤੇ ਚਾਹੇ ਹੋਰ ਲੋਕ ਹਿੱਤ ਦੀਆਂ ਗੱਲਾਂ ਹਨ, ਖਜ਼ਾਨਾ ਮੰਤਰੀ ਸਾਹਿਬ ਉਨ੍ਹਾਂ ਬਾਰੇ ਸਾਨੂੰ ਕੋਈ ਭਰੋਸਾ ਦਿਵਾਉਣਗੇ ਅੱਰ ਲੋਕਾਂ ਦੀ ਮੁਸ਼ਕਲਾਂ ਨੂੰ ਹੱਲ ਕਰਨ ਲਈ ਕੋਸ਼ਿਸ਼ ਕਰਨਗੇ । ਇਤਨਾ ਕਹਿੰਦਾ ਹੋਇਆ ਮੈਂ ਆਪਣਾ ਸਥਾਨ ਲੈਂਦਾ ਹਾਂ ।

ਡਾਕਟਰ ਹਰਬੰਸ ਲਾਲ (ਸਰਹਿੰਦ): ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਪ੍ਰੋਪ੍ਰੀਏਸ਼ਨ ਬਿੱਲ ਤੇ ਬੋਲਣ ਦਾ ਸਮਾਂ ਦਿੱਤਾ ਹੈ । ਸੱਭ ਤੋਂ ਪਹਿਲਾ ਮੈਂ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ ਅਤੇ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਉਸ ਮਾਹੌਲ ਵਿਚ ਸਰਕਾਰ ਬਣਾਈ ਹੈ ਜਿਸ ਮਾਹੌਲ ਦੇ ਅੰਦਰ ਅਕਾਲੀ ਲੀਡਰ ਆਪਣੀਆਂ ਜਾਨਾਂ ਬਚਾਉਣ ਦੀ ਖਾਤਰ ਇਲੈਕਸ਼ਨ ਵਿਚ ਹਿੱਸਾ ਨਾ ਲੈ ਕੇ ਦੂਜੀਆਂ ਸਟੇਟਾਂ ਵਿਚ ਚਲੇ ਗਏ ਸਨ । ਉਸ ਵੇਲੇ ਪੰਜਾਬ ਵਿਚ ਚਾਰੇ ਪਾਸੇ ਗੋਲੀਆਂ ਦੀ ਦਨ ਦਨ ਦੀ ਅਵਾਜ਼ ਹੀ ਆਉਂਦੀ ਸੀ । ਇਕ ਇਕ ਦਿਨ ਵਿਚ ਕਈ ਲਾਸ਼ਾਂ ਪੰਜਾਬ ਵਿਚ ਵਿਛ ਜਾਂਦੀਆਂ ਸਨ । ਉਸ ਸਮੇਂ ਕਾਂਗ੍ਰਸ ਦੀ ਸਰਕਾਰ ਬਣੀ ਅੱਰ ਸਰਦਾਰ ਬੇਅੰਤ ਸਿੰਘ ਉਸ ਦੇ ਮੁੱਖ ਮੰਤਰੀ ਬਣੇ । ਸਰਕਾਰ ਬਣਨ ਤੋਂ ਬਾਅਦ ਪੰਜਾਬ ਵਿਚ ਅਮਨ ਆਇਆ, ਸ਼ਾਂਤੀ ਆਈ । ਅਮਨ ਸ਼ਾਂਤੀ ਆਉਣ ਤੋਂ ਬਾਅਦ ਅੱਜ ਚੌਥਾ ਬਜਟ ਇਸ ਹਾਊਸ ਵਿਚ ਪਾਸ ਕੀਤਾ ਜਾ ਰਿਹਾ ਹੈ । ਇਸ ਦੇ ਲਈ ਮੈਂ ਸਰਦਾਰ ਬੇਅੰਤ ਸਿੰਘ ਅਤੇ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ । ਇਥੇ ਇਸ ਤੋਂ ਪਹਿਲਾਂ ਕਈ ਵਾਰ ਅਕਾਲੀਆਂ ਦੀ ਸਰਕਾਰ ਵੀ ਆਈ । ਇਹ ਸਰਕਾਰਾਂ ਉਸ ਵੇਲੇ ਬਣੀਆਂ ਸਨ ਜਦੋਂ ਪੰਜਾਬ ਵਿਚ ਸ਼ਾਂਤੀ ਸੀ ਅੱਰ ਡੈਮੋਕਰੇਸੀ ਬਹਾਲ ਸੀ । ਪਰ ਫਿਰ ਵੀ ਉਨ੍ਹਾਂ ਦੀ ਕਿਸੇ ਵੀ ਸਰਕਾਰ ਨੇ ਆਪਣਾ ਚੌਥਾ ਬਜਟ ਇਥੇ ਪੇਸ਼ ਨਹੀਂ ਕੀਤਾ । ਪਰ ਇਸ ਕਾਂਗ੍ਰਸ ਪਾਰਟੀ ਨੇ ਅਜਿਹੇ ਮਾਹੌਲ ਵਿਚ ਵੀ ਆਪਣੀ ਸਰਕਾਰ ਬਣਾ ਕੇ ਅਮਨ ਸ਼ਾਂਤੀ ਕਾਇਮ ਕੀਤੀ ਅੱਰ ਆਪਣਾ ਚੌਥਾ ਬਜਟ ਪੇਸ਼ ਕੀਤਾ ਹੈ । ਜਿਸ ਦਿਨ ਬਜਟ ਇਥੇ ਪੇਸ਼ ਕੀਤਾ ਗਿਆ, ਉਸ ਤੋਂ ਅਗਲੇ ਦਿਨ ਪੰਜਾਬ ਦੇ ਲੋਕਾਂ ਨੇ ਸਰਕਾਰ ਦਾ ਧੰਨਵਾਦ ਕੀਤਾ ਕਿਉਂਕਿ ਇਹ ਬਜਟ ਟੈਕਸ ਰਹਿਤ ਸੀ । ਗਰੀਬਾਂ ਨੂੰ ਮੱਦੇ-ਨਜ਼ਰ ਰੱਖਦੇ ਹੋਏ, ਮਧਿਅਮ ਵਰਗ ਨੂੰ ਧਿਆਨ ਵਿਚ ਰੱਖਦੇ ਹੋਏ, ਲੋਕਾਂ ਦੀਆਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਵਪਾਰੀਆਂ ਦੀਆਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦੇ ਹੋਏ

Original with;
Punjab Vidhan Sabha
Digitized by;
Panjab Digital Library

ਅਤੇ ਪੰਜਾਬ ਦੀ ਇੰਡਸਟਰੀ ਦੀਆਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਬਜਟ ਇਥੇ ਪੇਸ਼ ਕੀਤਾ ਗਿਆ ਹੈ । ਗਰੀਬਾਂ ਲਈ ਆਮ ਵਰਤੋਂ ਵਿਚ ਆਉਣ ਵਾਲੀਆਂ ਚੀਜ਼ਾਂ ਨੂੰ ਟੈਕਸ ਤੋਂ ਮੁਆਫ ਕੀਤਾ ਗਿਆ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਸਕੂਟਰ ਤੇ ਟੈਕਸ ਵਿਚ ਮੁਆਫੀ ਦਿੱਤੀ ਗਈ ਹੈ ਅਤੇ ਇੰਡਸਟਰੀ ਵਿਚ ਵਪਾਰੀਆਂ ਨੂੰ ਐਸ. ਟੀ. ਫਾਰਮ ਵਿਚ ਛੋਟ ਦਿੱਤੀ ਗਈ ਹੈ । ਜਿਹੜੇ ਟੈਕਸ ਬੈਰੀਅਰਜ਼ ਸਨ, ਉਹ ਹਟਾਏ ਜਾ ਰਹੇ ਹਨ । ਇਹ ਬਹੁਤ ਵੱਡੀ ਗੱਲ ਹੈ । ਇਸ ਦੇ ਨਾਲ ਸਰਕਾਰ ਨੇ ਚੂੜੀਆਂ ਉਤੇ ਟੈਕਸ ਦੀ ਮੁਆਫੀ ਕੀਤੀ ਹੈ ਪਰ ਇਥੇ ਮੇਰੇ ਭਰਾਵਾਂ ਨੇ ਇਸ ਗੱਲ ਦਾ ਮਜ਼ਾਕ ਉਡਾਇਆ ਹੈ । ਚੂੜੀਆਂ ਉਤੇ ਟੈਕਸ ਹਟਾਉਣ ਦਾ ਇਕ ਮਹੱਤਵ ਹੈ । ਜਦੋਂ ਰਾਵਣ ਵਲੋਂ ਚੂੜੀਆਂ ਤੋੜੀਆਂ ਗਈਆਂ ਸਨ ਤਾਂ ਰਾਮ ਚੰਦਰ ਜੀ ਨੇ ਅਵਤਾਰ ਧਾਰਨ ਕੀਤਾ ਸੀ, ਜਦੋਂ ਦ੍ਰੌਪਦੀ ਦੀਆਂ ਚੂੜੀਆਂ ਟੁੱਟੀਆਂ ਸਨ, ਉਸ ਵਕਤ ਕ੍ਰਿਸ਼ਨ ਜੀ ਮਹਾਰਾਜ ਆਏ ਸਨ ਅਤੇ ਜਦੋਂ ਮੁਗਲਾਂ ਨੇ ਚੂੜੀਆਂ ਤੋੜੀਆਂ ਸਨ ਤਾਂ ਇਸ ਦੀ ਰਾਖੀ ਲਈ ਗੁਰੂ ਗੋਬਿੰਦ ਸਿੰਘ ਮਹਾਰਾਜ ਆਏ ਸਨ । ਇਸੇ ਤਰ੍ਹਾਂ ਪਿਛਲੇ ਸਮੇਂ ਸਾਡੇ ਪੰਜਾਬ ਵਿਚ ਭੈਣਾਂ, ਧੀਆਂ ਦੀਆਂ ਚੂੜੀਆਂ ਟੁੱਟੀਆਂ ਤਾਂ ਸਰਦਾਰ ਬੇਅੰਤ ਸਿੰਘ ਪੰਜਾਬ ਵਿਚ ਅੱਗੇ ਹੋ ਕੇ ਆਏ । ਇਸ ਲਈ ਚੂੜੀਆਂ ਦਾ ਕਾਫੀ ਮਹੱਤਵ ਹੈ । ਇਸ ਨੂੰ ਸਮਝਣ ਦੀ ਲੋੜ ਹੈ ਅਤੇ ਇਹ ਧੀਆਂ ਅਤੇ ਭੈਣਾਂ ਦੇ ਜਜ਼ਬਾਤ ਨੂੰ ਸਮਝਣ ਵਾਲੀ ਗੱਲ ਹੈ ।

ਸ਼੍ਰੀ ਵਿਜੇ ਕੁਮਾਰ ਸਾਥੀ: ਡਿਪਟੀ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਬਿਹਾਰ ਦੇ ਵਿਚ ਭੈਣਾਂ, ਧੀਆਂ ਦੀਆਂ ਚੂੜੀਆਂ ਪੰਜਾਬ ਪੁਲਿਸ ਨੇ ਤੋੜੀਆਂ ਹਨ.....।

Mr. Deputy Speaker: Sathi ji, try to digest the reality.

ਡਾਕਟਰ ਹਰਬੰਸ ਲਾਲ: ਡਿਪਟੀ ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਟੈਕਸਾਂ ਵਿਚ ਕਾਫੀ ਮੁਆਫੀ ਦਿੱਤੀ ਹੈ । ਮੈਂ ਇਥੇ ਪੰਜਾਬ ਦੀ ਗੱਲ ਕਰ ਰਿਹਾ ਹਾਂ, ਬਿਹਾਰ ਦੀ ਗੱਲ ਨਹੀਂ ਕਰ ਰਿਹਾ । ਪੰਜਾਬ ਵਿਚ ਪਿਛਲੇ 10—12 ਸਾਲਾਂ ਦੇ ਵਿਚ ਅੱਤਵਾਦ ਦੇ ਥੱਲੇ ਅਸੀਂ ਡਰ ਵਿਚ ਜੀਅ ਰਹੇ ਸੀ ਅਤੇ ਹਰ ਰੋਜ਼ ਨਿਰਦੋਸ਼ ਲੋਕਾਂ ਦੇ ਕਤਲ ਹੋ ਰਹੇ ਸਨ । ਅਕਾਲੀ ਪਾਰਟੀ ਦੇ ਲੀਡਰਾਂ ਦੀ ਸ਼ਹਿ ਉਤੇ ਇਹ ਅੱਤਵਾਦੀ ਕਤਲੇਆਮ ਕਰ ਰਹੇ ਸਨ ਪੰਜਾਬ ਦੇ ਲੋਕਾਂ ਨੂੰ ਮਾਰਿਆ ਜਾ ਰਿਹਾ ਸੀ ਅਤੇ ਪੰਜਾਬ ਦਾ ਬੜਾ ਵੱਡਾ ਮਸਲਾ ਭੱਖ ਰਿਹਾ ਸੀ । ਉਸ ਵਕਤ ਪੰਜਾਬ ਵਿਚ ਸਾਡੀ ਸਰਕਾਰ ਆਈ ਅਤੇ ਸ਼ਾਂਤੀ ਦਾ ਮਾਹੌਲ ਪੈਦਾ ਕੀਤਾ । ਡਾਕਟਰ ਸਾਹਿਬ ਨੇ ਚੂੜੀਆਂ ਉਤੇ ਟੈਕਸ ਵਿਚ ਮੁਆਫੀ ਦੇ ਕੇ ਇਸ ਦੀ ਮਹੱਤਤਾ ਨੂੰ ਸਮਝਿਆ ਹੈ ।

ਇਸ ਦੇ ਨਾਲ ਹੀ ਬਹੁਤ ਸਾਰੇ ਸਾਥੀਆਂ ਨੇ ਇਥੇ ਕਿਹਾ ਹੈ ਕਿ ਸ਼ਡਿਊਲਡ ਕਾਸਟਾਂ ਦੇ ਲਈ ਬਹੁਤ ਘੱਟ ਕੰਮ ਕੀਤੇ ਹਨ । ਪਰ ਮੈਂ ਦੱਸਦਾ ਹਾਂ ਕਿ ਇਹ ਪਹਿਲੀ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਹੈ ਜਿਸ ਨੇ ਸ਼ਡਿਊਲਡ ਕਾਸਟਾਂ ਦੇ ਲਈ ਸੱਭ ਨਾਲੋਂ ਜ਼ਿਆਦਾ ਕੰਮ ਕੀਤਾ ਹੈ । ਅਸੀਂ ਪਿੰਡਾਂ ਦੇ ਵਿਚ ਜਾਂਦੇ ਹਾਂ, ਉਥੇ ਸਰਕਾਰ ਦੀ ਉਨੱਤ ਗ੍ਰਾਮ ਸਕੀਮ ਅਧੀਨ ਹੋ ਰਹੇ ਕੰਮਾਂ ਵੱਲ ਵੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਸ ਸਕੀਮ ਰਾਹੀਂ ਪਹਿਲਾਂ ਕੰਮ ਸ਼ਡਿਊਲਡ ਕਾਸਟਾਂ ਦੇ ਘਰਾਂ ਤੋਂ ਬਸਤੀ ਤੋਂ ਹੀ ਸ਼ੁਰੂ ਕੀਤਾ ਹੈ । ਸਰਕਾਰ ਨੇ ਫੈਸਲਾ ਕੀਤਾ ਹੋਇਆ ਹੈ ਕਿ ਕੋਈ ਵੀ ਸ਼ਡਿਊਲਡ ਕਾਸਟ ਬਿਨਾਂ ਛੱਤ ਤੋਂ

Original with;
Punjab Vidhan Sabha
Digitized by;
Panjab Digital Library

[ਡਾਕਟਰ ਹਰਬੰਸ ਲਾਲ]

ਨਹੀਂ ਸੌਂਦੇਗਾ । ਇਨ੍ਹਾਂ ਨੂੰ ਘਰ ਬਣਾਉਣ ਲਈ 7500 ਰੁਪਿਆ ਬਿਨਾਂ ਵਿਆਜ ਦੇ ਦਿੱਤਾ ਜਾਵੇਗਾ । ਇੰਦਰਾ ਆਵਾਸ ਯੋਜਨਾ ਰਾਹੀਂ ਇਨ੍ਹਾਂ ਨੂੰ ਸਹਾਇਤਾ ਦਿੱਤੀ ਜਾ ਰਹੀ ਹੈ ਤਾਂ ਕਿ ਉਹ ਆਪਣੇ ਮਕਾਨ ਬਣਾ ਸਕਣ । ਸ਼ਡਿਊਲਡ ਕਾਸਟਸ ਨੂੰ ਡੇਅਰੀ ਦੇ ਵਾਸਤੇ ਕਰਜ਼ੇ ਦਿੱਤੇ ਜਾ ਰਹੇ ਹਨ, ਛੋਟੀ ਇੰਡਸਟਰੀ ਦੇ ਲਈ ਅਤੇ ਵੱਡੀ ਇੰਡਸਟਰੀ ਦੇ ਲਈ ਸਬਸਿਡਾਈਜ਼ਡ ਰੇਟ ਤੇ ਕਰਜ਼ੇ ਦਿੱਤੇ ਜਾ ਰਹੇ ਹਨ । ਇਨ੍ਹਾਂ ਤੋਂ ਘੱਟ ਵਿਆਜ ਚਾਰਜ ਕੀਤਾ ਜਾਂਦਾ ਹੈ ਤਾਂ ਕਿ ਇਹ ਸ਼ਡਿਊਲਡ ਕਾਸਟ ਭਰਾ ਕਰਜ਼ੇ ਲੈ ਕੇ ਆਪਣੇ ਪੈਰਾਂ ਤੇ ਖੜੇ ਹੋ ਸਕਣ ਅਤੇ ਰੋਜ਼ਗਾਰ ਪੈਦਾ ਕਰ ਸਕਣ । ਓਲਡ ਏਜ਼ ਅਤੇ ਵਿਡੋ ਪੈਨਸ਼ਨ ਵਿਚ ਵਾਧਾ ਕੀਤਾ ਗਿਆ ਹੈ ਤਾਂ ਕਿ ਉਹ ਆਪਣਾ ਗੁਜ਼ਾਰਾ ਕਰ ਸਕਣ । ਇਸ ਦੇ ਨਾਲ ਹੀ ਸ਼ਡਿਊਲਡ ਕਾਸਟ ਧਰਮਸ਼ਾਲਾਵਾਂ ਦੇ ਲਈ ਕਾਫੀ ਫੰਡਜ਼ ਪ੍ਰੋਵਾਈਡ ਕੀਤੇ ਗਏ ਹਨ । ਇਹ ਠੀਕ ਹੈ ਕਿ ਪਿੰਡਾਂ ਦੇ ਵਿਚ ਇਨ੍ਹਾਂ ਦੀਆਂ ਧਰਮਸ਼ਾਲਾਵਾਂ ਦੀ ਹਾਲਤ ਬਹੁਤ ਮਾੜੀ ਹੈ, ਉਹ ਟੁੱਟੀਆਂ ਹੋਈਆਂ ਹਨ ਅਤੇ ਇਸ ਦੇ ਲਈ ਹੋਰ ਪੈਸੇ ਦੀ ਲੋੜ ਹੈ ਇਹ ਪੈਸਾ ਸਰਕਾਰ ਵਲੋਂ ਘੱਟ ਰੱਖਿਆ ਗਿਆ ਹੈ । ਪੈਸਾ ਜ਼ਿਆਦਾ ਹੋਵੇਗਾ, ਤਦ ਹੀ ਇਨ੍ਹਾਂ ਧਰਮਸ਼ਾਲਾਵਾਂ ਦੀ ਹਾਲਤ ਵਿਚ ਸੁਧਾਰ ਹੋ ਸਕਦਾ ਹੈ । ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ, ਚਾਹੇ ਸਰਕਾਰ ਨੂੰ ਇਸ ਦੇ ਲਈ ਕੋਈ ਹੋਰ ਸਕੀਮ ਕਿਉਂ ਨਾ ਬਣਾਉਣੀ ਪਵੇ ਜਿਸ ਦੇ ਨਾਲ ਇਨ੍ਹਾਂ ਦੀਆਂ ਧਰਮ-ਸ਼ਾਲਾਵਾਂ ਨੂੰ ਸਹਾਇਤਾ ਮਿਲ ਸਕੇ । ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਨਾਲ ਸ਼ਡਿਊਲਡ ਕਾਸਟਾਂ ਨੂੰ ਜ਼ਮੀਨ ਦੇਣ ਵਾਸਤੇ ਨਵੀਂ ਸਕੀਮ ਬਣਾਈ ਗਈ ਹੈ । ਸਾਡੀ ਸਰਕਾਰ ਉਨ੍ਹਾਂ ਨੂੰ ਜ਼ਮੀਨ ਖਰੀਦ ਕੇ ਦੇਵੇਗੀ । ਮੈਂ ਭਲਾਈ ਅਫਸਰ ਨੂੰ ਮਿਲਿਆ ਸੀ, ਉਸ ਨੇ ਕਿਹਾ ਸੀ ਕਿ ਸ਼ਡਿਊਲਡ ਕਾਸਟ ਭਰਾਵਾਂ ਨੂੰ ਸਰਕਾਰ ਨੇ ਜ਼ਮੀਨ ਖਰੀਦ ਕੇ ਦੇਣੀ ਹੈ, ਚਾਹੇ ਉਹ ਸਾਢੇ ਤਿੰਨ ਲੱਖ, ਚਾਰ ਲੱਖ ਰੁਪਏ ਦੀ ਮਿਲੇ । ਇਹ ਜ਼ਮੀਨ ਉਨ੍ਹਾਂ ਨੂੰ ਪਿੰਡਾਂ ਦੇ ਨੇੜੇ ਮਿਲੇਗੀ । ਪਿਛਲੇ 10-20 ਸਾਲਾਂ ਤੋਂ ਪਿਛਲੀਆਂ ਸਰਕਾਰਾਂ ਨੇ ਕਿਸੇ ਨੇ ਉਨ੍ਹਾਂ ਨੂੰ ਨਹੀਂ ਪੁੱਛਿਆ । ਉਨ੍ਹਾਂ ਭਰਾਵਾਂ ਲਈ ਹੋਰ ਵੀ ਬਹੁਤ ਸਾਰੀਆਂ ਸਕੀਮਾਂ ਹਨ । ਸ਼ਡਿਊਲਡ ਕਾਸਟਾਂ ਦੇ ਬੱਚੇ ਪੜ੍ਹ ਸਕਣ, ਇਸ ਦੇ ਲਈ ਸਰਕਾਰ ਵਲੋਂ ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਈ ਸਮੇਂ ਵਜ਼ੀਫੇ ਦਿੱਤੇ ਜਾਣਗੇ । ਮੈਂ ਕਹਾਂਗਾ ਕਿ ਇਹ ਇਕ ਬਹੁਤ ਵੱਡੀ ਗੱਲ ਹੈ । ਹੁਣ ਕੋਈ ਵੀ ਭਰਾ ਬਗੈਰ ਪੜ੍ਹਾਈ ਤੋਂ ਨਹੀਂ ਰਹੇਗਾ । ਸਾਡੀ ਸਰਕਾਰ ਨੇ ਵਿਦਿਆ ਦੇ ਖੇਤਰ ਵਿਚ ਬਹੁਤ ਤੱਰਕੀ ਕੀਤੀ ਹੈ ਅਤੇ ਵਿਦਿਆ ਦੇ ਖੇਤਰ ਨੂੰ ਉੱਚਾ ਕੀਤਾ ਹੈ । 22-23 ਸਾਲ ਹੋ ਗਏ ਹਨ ਪਰ ਕਿਸੇ ਸਰਕਾਰ ਨੇ ਵੀ ਇਤਨੀ ਤਰੱਕੀ ਨਹੀਂ ਕੀਤੀ ਜਿਤਨੀ ਕਿ ਹੁਣ ਹੋ ਰਹੀ ਹੈ । ਜਦੋਂ ਅਸੀਂ ਪਿੰਡਾਂ ਵਿਚ ਜਾਂਦੇ ਹਾਂ ਪਿੰਡਾਂ ਦੇ ਲੋਕ ਕਹਿੰਦੇ ਹਨ ਕਿ ਸਾਡਾ ਸਕੂਲ ਅਪਗ੍ਰੇਡ ਹੋ ਗਿਆ ਅਤੇ ਨਵੇਂ ਟੀਚਰ ਲਗਾਏ ਜਾ ਰਹੇ ਹਨ । ਜੇਕਰ ਕੁਝ ਹੋਇਆ ਹੈ ਤਾਂ ਹੀ ਉਹ ਪਿੰਡਾਂ ਦੇ ਲੋਕ ਸਾਨੂੰ ਕਹਿੰਦੇ ਹਨ ਕਿ ਸਾਡਾ ਬੱਚਾ ਨੌਕਰੀ ਲਗਵਾ ਦਿਉ । ਪਿੰਡਾ ਦੇ ਸਕੂਲਾਂ ਨੂੰ ਪੰਜਵੀਂ ਤੋਂ ਅੱਠਵੀਂ ਅਤੇ ਅੱਠਵੀਂ ਤੇ ਦਸਵੀਂ ਪੱਧਰ ਤੱਕ ਅਪਗ੍ਰੇਡ ਕਰਕੇ ਬਣਾਇਆ ਜਾ ਰਿਹਾ ਹੈ ।

ਹੁਣ ਇੰਡਸਟਰੀ ਵੀ ਪ੍ਰਫੁੱਲਤ ਹੋਣ ਲੱਗੀ ਹੈ । ਬਾਹਰਲੇ ਮੁਲਕਾਂ ਤੋਂ ਲੋਕ ਪੰਜਾਬ ਵਿਚ ਵੱਡੀ ਇੰਡਸਟਰੀ ਲਗਾਉਣ ਲਈ ਆ ਰਹੇ ਹਨ । ਦੋ ਨਵੇਂ, ਇੰਜਨੀਰਿੰਗ ਕਾਲਜ

Original with;
Punjab Vidhan Sabha
Digitized by;
Punjab Digital Library

ਸਹਕਾਰ ਨੇ ਖੋਲ੍ਹੇ ਹਨ । ਪਹਿਲਾਂ ਇੰਜਨੀਰਿੰਗ ਦੇ 4-5 ਕਾਲਜ ਹੁੰਦੇ ਸਨ । ਨਵੇਂ ਆਈ. ਟੀ. ਆਈਜ਼. ਵੀ ਖੋਲ੍ਹੇ ਹਨ । ਇਥੋਂ ਬੱਚੇ ਸ਼ਿਖਸ਼ਾ ਪ੍ਰਾਪਤ ਕਰਕੇ ਪੰਜਾਬ ਦੀਆਂ ਇੰਡਸਟਰੀਆਂ ਵਿਚ ਰੋਜ਼ਗਾਰ ਲੈ ਸਕਣਗੇ । ਉਨ੍ਹਾਂ ਨੌਜਵਾਨਾਂ ਨੂੰ ਕਾਲਜਾਂ ਵਿਚੋਂ ਪੜ੍ਹ ਕੇ ਬਾਹਰ ਜਾਣ ਦੀ ਲੋੜ ਨਹੀਂ ਹੋਵੇਗੀ । ਕਈ ਅਪੋਜੀਸ਼ਨ ਦੇ ਭਰਾ ਕਹਿੰਦੇ ਹਨ ਕਿ ਇੰਡਸਟਰੀ ਦੀ ਤਰੱਕੀ ਨਹੀਂ ਹੋਣੀ ਚਾਹੀਦੀ ਪਰ ਮੈਂ ਕਹਿੰਦਾ ਹਾਂ ਕਿ ਇੰਡਸਟਰੀ ਦੀ ਤਰੱਕੀ ਬਹੁਤ ਹੀ ਜ਼ਰੂਰੀ ਹੈ ।

ਡਿਪਟੀ ਸਪੀਕਰ ਸਾਹਿਬ, ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ । ਸਾਡੀ ਪੰਜਾਬ ਦੀ ਆਬਾਦੀ ਵਧਦੀ ਜਾ ਰਹੀ ਹੈ । ਇਕ ਕਿਸਾਨ ਦੇ ਜੇਕਰ ਚਾਰ ਪੁਤਰ ਹਨ ਅਤੇ ਉਸ ਕੋਲ 10 ਏਕੜ ਜ਼ਮੀਨ ਹੈ ਤਾਂ ਹਰ ਇਕ ਦੇ ਹਿੱਸੇ ਸਿਰਫ, ਢਾਈ, ਢਾਈ ਏਕੜ ਜ਼ਮੀਨ ਹੀ ਆਈ । ਆਉਣ ਵਾਲੇ ਸਮੇਂ ਵਿਚ ਉਨ੍ਹਾਂ ਬੱਚਿਆਂ ਦਾ ਇੰਟਰੈਸਟ ਨਹੀਂ ਰਹਿੰਦਾ ਅਤੇ ਉਨ੍ਹਾਂ ਨੂੰ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪਵੇਗਾ । ਅਪੋਜ਼ੀਸ਼ਨ ਦੇ ਭਰਾ ਇੰਡਸਟਰੀ ਦਾ ਵਿਰੋਧ ਕਰ ਰਹੇ ਹਨ ਪਰ ਮੈਂ ਉਨ੍ਹਾਂ ਭਰਾਵਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇੰਡਸਟਰੀ ਸਾਡੇ ਲਈ ਬਹੁਤ ਜ਼ਰੂਰੀ ਹੈ । ਫਤਿਹਗੜ੍ਹ ਇੰਡਸਟਰੀਅਲ ਫੋਕਲ ਪੁਆਇੰਟ ਬਣਿਆ ਹੈ । ਗੋਬਿੰਦਗੜ੍ਹ ਵਿਚ ਵੀ ਨਵੀਂ ਇੰਡਸਟਰੀ ਲੱਗ ਰਹੀ ਹੈ ਪਰ ਬਿਜਲੀ ਦੇ, ਡਿਪਟੀ ਸਪੀਕਰ ਸਾਹਿਬ, ਕੁਨੈਕਸ਼ਨ ਲੈਣ ਵਿਚ ਮੁਸ਼ਕਲ ਆ ਰਹੀ ਹੈ । ਮੈਂ ਕਹਾਂਗਾ ਕਿ ਕੁਨੈਕਸ਼ਨ ਲੈਣ ਵਿਚ ਜੋ ਮੁਸ਼ਕਲਾਂ ਆਉਂਦੀਆਂ ਹਨ, ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ ਤਾਂ ਕਿ ਬਿਜਲੀ ਦੇ ਕੁਨੈਕਸ਼ਨ ਉਨ੍ਹਾਂ ਨੂੰ ਜਲਦੀ ਮਿਲ ਸਕਣ । ਇਸ ਮੁਸ਼ਕਲ ਨੂੰ ਮੱਦੇ-ਨਜ਼ਰ ਰੱਖਣਾ ਚਾਹੀਦਾ ਹੈ । ਇਸ ਦੇ ਨਾਲ ਨਾਲ ਪਿੰਡਾਂ ਵਿਚ 24-24 ਘੰਟੇ ਬਿਜਲੀ ਮਿਲਣੀ ਚਾਹੀਦੀ ਹੈ । ਬਿਜਲੀ ਦੀ ਸਪਲਾਈ ਸਾਡੇ ਜੀਵਨ ਵਿਚ ਇਕ ਜ਼ਰੂਰੀ ਅੰਗ ਬਣ ਚੁੱਕੀ ਹੈ । ਘਰਾਂ ਦੀ ਸਪਲਾਈ, ਇੰਡਸਟਰੀ ਦੀ ਸਪਲਾਈ, ਮੋਟਰਾਂ ਦੀ ਸਪਲਾਈ, ਆਦਿ ਸੱਭ ਇਕੋ ਥਾਂ ਤੋਂ ਸਪਲਾਈ ਹੁੰਦੀ ਹੈ । ਵੋਲਟੇਜ ਘੱਟ ਵੱਧ ਹੋਣ ਕਰਕੇ ਲੋਕ ਕਨਡੈਂਸਰ ਲਗਾ ਲੈਂਦੇ ਹਨ । ਇਸ ਤਰ੍ਹਾਂ ਨਾਲ, ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦੇ ਟਰਾਂਸਫਾਰਮਰ ਸੜ ਜਾਂਦੇ ਹਨ । ਫਿਰ 2-2 ਮਹੀਨੇ ਬਿਜਲੀ ਨੀਂਵ ਨਹੀਂ ਹੁੰਦੀ । ਟਰਾਂਸਫਾਰਮਰ ਸੜ ਜਾਂਦੇ ਹਨ ਅਤੇ ਬੜੀਆਂ ਮੁਸ਼ਕਲਾਂ ਆਉਂਦੀਆਂ ਹਨ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਘਰਾਂ ਦਾ ਬਿਜਲੀ ਫੀਡਰ ਅਲਹਿਦਾ ਕੀਤਾ ਜਾਣਾ ਚਾਹੀਦਾ ਹੈ, ਮੋਟਰਾਂ ਦਾ ਅਲਹਿਦਾ ਅਤੇ ਇੰਡਸਟਰੀ ਦਾ ਅਲਹਿਦਾ ਕੀਤਾ ਜਾਣਾ ਚਾਹੀਦਾ ਹੈ । ਅਗਰ ਅੱਜ ਅਸੀਂ ਪਿੰਡਾਂ ਨੂੰ 24 ਘੰਟੇ ਬਿਜਲੀ ਦੇਣਾ ਚਾਹੁੰਦੇ ਹਾਂ ਤਾਂ ਸਾਨੂੰ ਇਨ੍ਹਾਂ ਗੱਲਾਂ ਤੇ ਵੀ ਜ਼ੋਰ ਦੇਣਾ ਪਵੇਗਾ । ਅੱਜ ਪੰਜਾਬ ਏਨੀ ਬਿਜਲੀ ਪੈਦਾ ਕਰ ਰਿਹਾ ਹੈ ਅਤੇ ਜਿਹੜਾ ਰਣਜੀਤ ਸਾਗਰ ਡੈਮ ਪਹਿਲਾਂ 100 ਕਰੋੜ ਦੇ ਬਜਟ ਨਾਲ ਪੂਰਾ ਹੋ ਜਾਣਾ ਸੀ, ਉਹ ਅੱਜ 2200 ਕਰੋੜ ਰੁਪਿਆ ਲਾ ਕੇ ਵੀ ਉਸ ਨੂੰ ਚਾਲੂ ਕਹਨ ਜਾ ਰਹੇ ਹਨ । ਸਰਦਾਰ ਬੇਅੰਤ ਸਿੰਘ ਜੀ ਦੀ ਕ੍ਰਿਪਾ ਨਾਲ ਗੁਰੂ ਨਾਨਕ ਥਰਮਲ ਪਲਾਂਟ, ਬਠਿੰਡਾ ਵਿਚ ਦੂਜਾ ਯੂਨਿਟ ਖੋਲ੍ਹਿਆ ਗਿਆ ਹੈ, ਉਸ ਲਈ ਬਿਹਾਰ ਤੋਂ ਰੋਜ਼ ਕੋਲੇ ਦੀਆਂ ਗੱਡੀਆਂ ਆਉਂਦੀਆਂ ਹਨ । ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ, ਰੋਪੜ ਵੀ ਕੋਲੇ ਨਾਲ ਚਲ ਰਿਹਾ ਹੈ ਅਤੇ ਉਸ ਲਈ ਵੀ ਬਿਹਾਰ ਤੋਂ ਕੋਲਾ ਆ ਰਿਹਾ ਹੈ । ਇਹ ਸਿਸਟਮ ਕਾਫੀ ਮਹਿੰਗਾ ਵੀ ਪੈ ਰਿਹਾ ਹੈ । ਇਸ ਲਈ ਮੈਂ

Original with;
Punjab Vidhan Sabha
Digitized by;
Panjab Digital Library

[ਡਾਕਟਰ ਹਰਬੰਸ ਲਾਲ]

ਕਹਿੰਦਾ ਹਾਂ ਕਿ ਅੱਜ ਸਾਨੂੰ ਜਿਹੜੀ ਸੋਲਰ ਐਨਰਜੀ ਹੈ, ਉਸ ਵੱਲ ਵੱਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ ਜਿਵੇਂ ਕਿ ਚੁਸ਼ਤੀਆਂ ਕੰਟਰੀ ਵਿਚ ਹੈ। ਜ਼ਾਪਾਨ ਵਿੱਚ ਸੋਲਰ ਐਨਰਜੀ ਨਾਲ ਕਿੰਨੀ ਤਰੱਕੀ ਹੋਈ ਹੈ। ਉਹ ਉਸ ਦੇ ਨਾਲ ਆਪਣੇ ਘਰਾਂ ਦੀਆਂ ਬੱਤੀਆਂ ਚੁਲਾਉਂਦੇ ਹਨ, ਸ਼ਮਾਲ ਸਕੇਲ ਇੰਡਸਟਰੀ ਵੀ ਚੁਲਾਉਂਦੇ ਹਨ, ਮੋਟਰ ਸਾਈਕਲ, ਸਕੂਟਰ ਅਤੇ ਕਾਰਾਂ ਤੁੱਕ ਚੁਲਾ ਰਹੇ ਹਨ। ਇਸ ਕਰਕੇ ਅੱਜ ਲੋੜ ਹੈ ਕਿ ਅਸੀਂ ਵੀ ਸੋਲਰ ਐਨਰਜੀ ਵੱਲ ਵੱਧ ਤੋਂ ਵੱਧ ਧਿਆਨ ਦੇਈਏ ਅਤੇ ਆਪਣੇ ਬੰਦੇ ਉਥੇ ਟਰੇਨਿੰਗ ਲੈਣ ਵਾਸਤੇ ਭੇਜੀਏ ਕਿ ਕਿਸ ਤਰ੍ਹਾਂ ਇਸ ਐਨਰਜੀ ਨੂੰ ਯੂਜ਼ ਕੀਤਾ ਜਾ ਸਕਦਾ ਹੈ ਇਸ ਨਾਲ ਸਾਨੂੰ ਬੜੀ ਰਾਹਤ ਮਿਲੇਗੀ।

ਇਸ ਦੇ ਨਾਲ ਨਾਲ ਅੰਗਰੀਕਲਚਰ ਸੈਕਟਰ ਵਿਚ ਅੱਜ ਪੰਜਾਬ ਦੇ ਕਿਸਾਨਾਂ ਨੇ ਖੂਨ-ਪਸੀਨੇ ਤੇ ਮਿਹਨਤ ਦੀ ਕਮਾਈ ਕਰਕੇ ਭੂਮੀ ਨੂੰ ਉਪਜਾਊ ਬਣਾਇਆ ਹੈ। ਪੰਜਾਬ ਦੇ ਲੋਕ ਸ਼ੁਰੂ ਤੋਂ ਹੀ ਮਿਹਨਤੀ ਅਤੇ ਤਕੜੇ ਜ਼ਿਣੇ ਜਾਂਦੇ ਹਨ ਅਤੇ ਇਸੇ ਕਰਕੇ ਅੱਜ ਚਾਰੇ ਪਾਸੇ ਹਰਿਆਲੀ ਹੀ ਹਰਿਆਲੀ ਹੈ। ਆਪਣੇ ਕਿਸਾਨਾਂ ਨੂੰ ਜਾਗਰੂਕ ਕਰਨ ਵਾਸਤੇ ਹਾਲੇ ਹੋਰ ਲੋੜ ਹੈ ਕਿ ਅਸੀਂ ਉਨ੍ਹਾਂ ਨੂੰ ਅੱਛੀਆਂ ਕੀਟਨਾਸ਼ਕ ਦਵਾਈਆਂ, ਅੱਛੀਆਂ ਖਾਦਾਂ ਅਤੇ ਹੋਰ ਸਹੂਲਤਾਂ ਸਮੇਂ ਸਿਰ ਪ੍ਰਦਾਨ ਕਰੀਏ। ਇਸ ਦੇ ਨਾਲ ਨਾਲ 2-3-4 ਪਿੰਡਾਂ ਦੇ ਲਈ ਬਿਜਲੀ ਸਬੰਧੀ ਇਕ ਜਗ੍ਹਾ ਤੇ ਸ਼ਿਕਾਇਤ ਘਰ ਹੋਣੇ ਚਾਹੀਦੇ ਹਨ ਤਾਂ ਕਿ ਜਦੋਂ ਵੀ ਕੋਈ ਬਿਜਲੀ ਦੀ ਕੰਪਲੇਂਟ ਹੋਵੇ ਉਥੇ ਫੋਰਨ ਦੱਸਿਆ ਜਾਵੇ ਅਤੇ ਬਿਜਲੀ ਤੁਰੰਤ ਠੀਕ ਹੋ ਜਾਵੇ। ਹੁਣ ਪਿੰਡਾਂ ਵਿਚ ਕਈ ਦਫਾ 4-5 ਦਿਨ ਵੀ ਬਿਜਲੀ ਨਹੀਂ ਹੁੰਦੀ ਤਾਂ ਬੜੀਆਂ ਮੁਸ਼ਕਲਾਂ ਆਉਂਦੀਆਂ ਹਨ। ਪਿੱਛੇ ਅੱਤਵਾਦ ਦੇ ਦੌਰ ਵਿਚ ਤਾਂ ਕਿਸਾਨ 6.00 ਵਜੇ ਤੋਂ ਬਾਅਦ ਖੇਤ ਨੂੰ ਪਾਣੀ ਲਾਉਣ ਵੀ ਨਹੀਂ ਜਾਂਦਾ ਸੀ, ਪਰ ਉਸ ਮਾਹੌਲ ਤੋਂ ਉਸ ਨੂੰ ਹੁਣ ਛੁਟਕਾਰਾ ਮਿਲਿਆ ਹੈ। ਇਸ ਗੱਲ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਆਪਣੇ ਹਲਕੇ ਦੀਆਂ 2-4 ਗੱਲਾਂ ਕਹਿਣੀਆਂ ਹਨ। ਮੇਰਾ ਹਲਕਾ ਫਤਿਹਗੜ੍ਹ ਸਾਹਿਬ ਮਹਾਨ ਗੁਰੂ ਦੇ ਮਹਾਨ ਬੱਚਿਆਂ ਦੀ ਧਰਤੀ ਹੈ ਜਿਸ ਨੂੰ ਕਿ ਅੱਜ ਸਰਦਾਰ ਬੇਅੰਤ ਸਿੰਘ ਨੇ ਜ਼ਿਲ੍ਹਾ ਬਣਾ ਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਹਨ। ਇਸ ਨਾਲ ਸਾਡੇ ਲੋਕਾਂ ਦਾ ਮਾਣ ਵਧਿਆ ਹੈ ਕਿਉਂਕਿ ਸਾਡੇ ਲੋਕਾਂ ਦੀ ਧਾਰਮਿਕ ਆਸਥਾ ਉਸ ਧਰਤੀ ਨਾਲ ਜੁੜੀ ਹੋਈ ਹੈ। ਫਤਿਹਗੜ੍ਹ ਸਾਹਿਬ ਦੀ ਬੜੀ ਦੇਰ ਤੋਂ ਫਲਾਈ-ਓਵਰ ਬਰਿਜ ਦੀ ਡਿਮਾਂਡ ਚਲੀ ਆ ਰਹੀ ਹੈ। ਪਹਿਲਾਂ ਵੀ ਕਈ ਅਕਾਲੀ ਵਜ਼ਾਰਤਾਂ ਆਈਆਂ ਅਤੇ ਗਈਆਂ, ਪਰ ਇਹ ਡਿਮਾਂਡ ਲਟਕਦੀ ਆ ਰਹੀ ਹੈ। ਉਥੋਂ ਸਾਡੇ ਸਰਹਿੰਦ ਤੋਂ ਅੰਮ੍ਰਿਤਸਰ ਅਤੇ ਦਿੱਲੀ ਨੂੰ ਡਬਲ ਰੇਲਵੇ ਲਾਈਨ ਹੈ ਅਤੇ ਇਕ ਜੰਕਸ਼ਨ ਵੀ ਹੈ। ਉਥੋਂ ਹੀ ਚੰਡੀਗੜ੍ਹ, ਲੁਧਿਆਣਾ, ਅੰਮ੍ਰਿਤਸਰ ਅਤੇ ਪਟਿਆਲਾ ਨੂੰ ਜਾਣ ਵਾਸਤੇ ਹੈਵੀ ਟਰੈਫਿਕ ਚਲਦਾ ਹੈ। ਕਈ ਵਾਰ ਐਮ. ਐਲ. ਏਜ਼ ਅਤੇ ਮਨਿਸਟਰਾਂ ਦੀਆਂ ਕਾਰਾਂ ਵੀ ਰੇਲਵੇ ਲਾਈਨ ਕਰਕੇ ਰੁਕੀਆਂ ਰਹਿੰਦੀਆਂ ਹਨ। ਇਸ ਲਈ ਇਸ ਡਿਮਾਂਡ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਹਰ ਬਲਾਕ ਵਿਚ ਇਕ ਆਈ. ਟੀ.

Original with;
Punjab Vidhan Sabha
Digitized by;
Panjab Digital Library

ਆਈ. ਦੇਣੀ ਹੈ। ਸਰਹਿੰਦ ਇਕ ਪੁਰਾਣਾ ਬਲਾਕ ਹੈ, ਉਥੇ ਵੀ ਆਈ. ਟੀ. ਆਈ. ਦਿੱਤੀ ਜਾਵੇ।

ਸ਼੍ਰੀ ਡਿਪਟੀ ਸਪੀਕਰ: ਪਲੀਜ਼ ਵਾਈਡ ਅਪ ਕਰੋ।

ਡਾਕਟਰ ਹਰਬੰਸ ਲਾਲ: ਸਾਡੇ ਫਤਿਹਗੜ੍ਹ ਸਾਹਿਬ ਵਿਚ ਇਕ ਪਾਲੀਟੈਕਨਿਕ ਕਾਲਜ ਦੇਣਾ ਚਾਹੀਦਾ ਹੈ। ਇਹ ਇਕ ਕਾਫੀ ਪਛੜਿਆ ਹੋਇਆ ਜ਼ਿਲ੍ਹਾ ਹੈ। ਸਰਦਾਰ ਬੇਅੰਤ ਸਿੰਘ ਨੇ ਇਸ ਨੂੰ ਤੇਰ੍ਹਵਾਂ ਜ਼ਿਲ੍ਹਾ ਬਣਾਇਆ ਹੈ ਪਰ ਅੱਜ ਉਥੇ ਕੋਈ ਸਰਕਾਰੀ ਡਿਗਰੀ ਕਾਲਜ ਨਹੀਂ ਹੈ। ਉਥੇ ਸਾਡੇ ਇਕੋ ਹੀ ਕਾਲਜ ਹੈ ਜਿਥੇ ਜਿਸ ਵੇਲੇ ਕੋਈ ਐਡਮਿਸ਼ਨ ਲੈਣ ਜਾਂਦਾ ਹੈ ਤਾਂ ਦੇਖਿਆ ਜਾਂਦਾ ਹੈ ਕਿ ਇਹ ਅਕਾਲੀ ਹੈ ਜਾਂ ਕਾਂਗਰਸੀ ਹੈ। ਜੇ ਅਕਾਲੀ ਹੈ ਤਾਂ ਐਡਮਿਸ਼ਨ ਮਿਲ ਜਾਂਦੀ ਹੈ ਅਤੇ ਜੇ ਕਾਂਗਰਸੀ ਹੈ ਤਾਂ ਐਡਮਿਸ਼ਨ ਨਹੀਂ ਮਿਲਦੀ। ਇਸ ਕਰਕੇ ਲੋਕਾਂ ਨੂੰ ਬਹੁਤ ਮੁਸ਼ਕਲਾਂ ਆ ਰਹੀਆਂ ਹਨ।

ਸ਼੍ਰੀ ਡਿਪਟੀ ਸਪੀਕਰ: ਵਾਈਂਡ ਅੱਪ ਕਰੋ ਜੀ।

ਡਾਕਟਰ ਹਰਬੰਸ ਲਾਲ ਡਿਪਟੀ ਸਪੀਕਰ ਸਾਹਿਬ, ਮੈਂ 2 ਮਿੰਟ ਹੀ ਲੈਣੇ ਹਨ ਜੀ। ਇਹ ਸ਼ਹੀਦਾਂ ਦੀ ਧਰਤੀ ਹੈ, ਮੇਰੀ ਧਰਤੀ ਹੈ। ਇਸ ਬਾਰੇ ਮੈਂ ਕਹਿੰਦਾ ਹਾਂ ਕਿ ਅਕਾਲੀ.....

ਸ਼੍ਰੀ ਡਿਪਟੀ ਸਪੀਕਰ: ਤੁਸੀਂ ਜ਼ਿਆਦਾ ਟਾਈਮ ਨਾ ਲਓ। ਹੋਰ ਵੀ ਕਾਫੀ ਸਪੀਕਰ ਬੋਲਣ ਵਾਲੇ ਰਹਿੰਦੇ ਹਨ।

ਡਾਕਟਰ ਹਰਬੰਸ ਲਾਲ: ਜਿਹੜੇ ਅੱਜ ਆਪਣੇ ਆਪ ਨੂੰ ਪੰਜਾਬ ਦੇ ਲੀਡਰ ਅਖਵਾਉਂਦੇ ਹਨ, ਉਨ੍ਹਾਂ ਨੇ ਪੰਜਾਬ ਦੇ ਵਿਚ ਅੱਤਵਾਦ ਲਿਆ ਕੇ ਨਿਰਦੋਸ਼ ਲੋਕਾਂ ਨੂੰ ਮਰਵਾਇਆ। ਉਹ ਖਾਲਿਸਤਾਨ ਦੀਆਂ ਗੱਲਾਂ ਕਰਦੇ ਰਹੇ। ਇਨ੍ਹਾਂ ਨੇ ਹੀ ਪੰਜਾਬ ਦੇ ਤਿੰਨ ਟੁਕੜੇ ਕਰਕੇ ਹਰਿਆਣਾ ਅਤੇ ਹਿਮਾਚਲ ਬਣਵਾਏ। ਇਥੇ ਕਲ੍ਹ ਇਕ ਅਕਾਲੀ ਲੀਡਰ ਕਹਿ ਰਿਹਾ ਸੀ ਕਿ ਅਸੀਂ ਹਿਮਾਚਲ ਵਿਚ ਜ਼ਮੀਨ ਨਹੀਂ ਖਰੀਦ ਸਕਦੇ। ਮੈਂ ਉਸ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਕੰਡੇ ਤਾਂ ਤੁਹਾਡੇ ਹੀ ਬੀਜੇ ਹੋਏ ਹਨ। ਇਨ੍ਹਾਂ ਲੋਕਾਂ ਨੇ ਹੀ ਇਹੋ ਜਿਹੇ ਕੰਮ ਕੀਤੇ। ਜੇ ਪੰਜਾਬੀਆਂ ਦੀ ਜਾਂ ਸਿੱਖਾਂ ਦੀ ਪੱਗ ਰੁਲੀ ਹੈ ਤਾਂ ਉਹ ਇਨ੍ਹਾਂ ਲੋਕਾਂ ਨੇ ਹੀ ਰੋਲੀ ਹੈ। ਅੱਜ ਇਹ ਕਿਸ ਤਰ੍ਹਾਂ ਪੰਜਾਬ ਦੇ ਲੀਡਰ ਬਣ ਸਕਦੇ ਹਨ! ਅੱਜ ਤੁਸੀਂ ਵੇਖੋ, ਚਾਰੇ ਪਾਸੇ ਸੜਕਾਂ ਅਤੇ ਪੁਲ ਬਣ ਰਹੇ ਹਨ। ਚਾਹੇ ਸਹਿਕਾਰਤਾ ਮਹਿਕਮਾ ਹੈ, ਚਾਹੇ ਟ੍ਰਾਂਸਪੋਰਟ ਹੈ ਅਤੇ ਚਾਹੇ ਕੋਈ ਹੋਰ ਮਹਿਕਮਾ ਹੈ, ਹਰ ਪਾਸੇ ਉੱਨਤੀ ਹੋ ਰਹੀ ਹੈ। ਖੇਤੀ ਦੀ ਗੱਲ ਲੈ ਲਵੋ। ਸਾਡੇ ਅੰਨ ਭੰਡਾਰ ਅੱਜ ਭਰੇ ਪਏ ਹਨ। ਪਿੰਡਾਂ ਵਿਚ ਖੁਸ਼ਹਾਲੀ ਆਈ ਹੈ। ਸ਼ਹਿਰਾਂ ਵਿਚ ਸ਼ਹਿਰੀ ਮਿਲਖਾਂ ਸਥਾਪਤ ਹੋਈਆਂ ਹਨ। ਇੰਡਸਟ੍ਰੀਜ਼ ਵਿਚ ਕਿੰਨੀ ਤਰੱਕੀ ਹੋਈ ਹੈ। ਅੱਜ ਅਗਰ ਕੋਈ ਪੰਜਾਬ ਦਾ ਅਸਲ ਮਾਲਕ ਹੈ ਤਾਂ ਉਹ ਸਰਦਾਰ ਬੇਅੰਤ ਸਿੰਘ ਹੈ। ਅੱਜ ਪੰਜਾਬ ਬੇਅੰਤ ਸਿੰਘ ਅਤੇ ਸਰਦਾਰ ਬੇਅੰਤ ਸਿੰਘ ਪੰਜਾਬ ਹੈ। ਪੰਜਾਬ ਸਰਦਾਰ ਬੇਅੰਤ

Original with;
Punjab Vidhan Sabha
Digitized by;
Punjab Digital Library

[ਡਾਕਟਰ ਹਰਬੰਸ ਲਾਲ]

ਸਿੰਘ ਨਾਲ ਜੁੜਿਆ ਹੋਇਆ ਹੈ । ਅੱਜ ਪੰਜਾਬ ਦੇ ਲੋਕ ਖੁਸ਼ ਹਨ । ਇੰਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸ਼੍ਰੀ ਜਗਦੀਸ਼ ਸਾਹਨੀ: ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਸਾਡੇ ਵੱਲ ਉਂਗਲੀ ਕਰਕੇ ਗੱਲ ਕੀਤੀ ਹੈ ਲੇਕਿਨ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਹਿਮਾਚਲ ਪ੍ਰਦੇਸ਼ ਵਿਚ ਬੀ. ਜੇ. ਪੀ. ਦੀ ਗੌਰਮਿੰਟ ਸੀ ਤਾਂ ਉਸ ਵੇਲੇ ਸ਼੍ਰੀ ਸ਼ਾਂਤਾ ਕੁਮਾਰ ਜੀ ਨੇ ਕਿਹਾ ਸੀ ਕਿ ਪੰਜਾਬੀਆਂ ਨੂੰ ਹਿਮਾਚਲ ਵਿਚ ਜ਼ਮੀਨ ਲੈਣ ਦੀ ਇਜਾਜ਼ਤ ਹੈ ਲੇਕਿਨ ਉਹ ਗੱਲ ਅੱਗੇ ਨਹੀਂ ਤੁਰੀ ਕਿਉਂਕਿ ਬਾਅਦ ਵਿਚ ਉਥੇ ਕਾਂਗਰਸ ਸਰਕਾਰ ਆ ਗਈ ।

ਸ਼੍ਰੀ ਡਿਪਟੀ ਸਪੀਕਰ: ਸਾਹਨੀ ਜੀ, ਤੁਸੀਂ ਬੈਠ ਜਾਉ । ਹਾਂ ਜੀ, ਮਿਸਿਜ਼ ਚਾਵਲਾ, ਤੁਸੀਂ ਬੋਲੋ ।

श्रीमती लक्ष्मी कांता चावला (अमृतसर केन्द्रीय): डिपटी स्पीकर साहिब, पहले तो मैं आप का धन्यवाद करती हूं कि आप ने मुझे बोलने का समय दिया लेकिन यह जो आप मेरे से पूर्व वक्ता के लिए डाक्टर साहिब को ही तय करते हैं, इस से मेरा काम और भी बढ़ जाता है ।

कवि बिहारी का दोहा है ——

पर घर डोलत दीन है,

जन जन जाचत आई ।

इस का सीधा अर्थ यह है कि जब आंख पर लालच की पट्टी लग जाए तो छोटा भी बड़ा दिखाई देता है । आज इन को मुख्य मंत्री राम जी भी लगे, कृष्ण जी भी लगे और गुरु गोबिंद सिंह जी भी लगे । मैंने जितना भी इतिहास पढ़ा है, उस के अनुसार गुरु गोविंद सिंह जी के राज्य में, राम जी के राज्य में या कृष्ण जी के राज्य में कोई केतिया लूटी नहीं गई थी जो इस राज्य में लूटी गई है ।'

ਡਾਕਟਰ ਹਰਬੰਸ ਲਾਲ: ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਲਾਲਚ ਦੀ ਗੱਲ ਕੀਤੀ ਹੈ । ਸਾਨੂੰ ਲਾਲਚ ਕੇਵਲ ਇਸ ਪੰਜਾਬ ਦੀ ਤਰੱਕੀ ਦਾ ਹੈ, ਇਸ ਦੇ ਅਮਨ ਅਮਾਨ ਦਾ ਹੈ । ਇਹ ਲਾਲਚ ਸਾਨੂੰ ਹੁਣ ਵੀ ਹੈ ਅਤੇ ਅੱਗੇ ਨੂੰ ਵੀ ਰਹੇਗਾ । ਇਹ ਡਿਪਟੀ ਚੀਫ ਮਨਿਸਟਰੀ ਦੇ ਸੁਪਨੇ ਲੈਂਦੇ ਰਹੇ ਹਨ ਲੇਕਿਨ ਸਾਨੂੰ ਯਾਦ ਹੈ ਕਿ ਕੀ ਕਿਸ ਤਰ੍ਹਾਂ ਸ਼ਮਸ਼ਾਨ ਘਾਟਾਂ ਵਿਚ ਲਾਸ਼ਾਂ ਦੇ ਢੇਰ ਲੱਗੇ ਰਹਿੰਦੇ ਸਨ, ਕਿਸ ਤਰ੍ਹਾਂ ਭੈਣਾਂ ਦੇ ਵੈਣ ਪੈਂਦੇ ਸਨ । ਇਹ ਲੋਕ ਅੱਤਵਾਦੀਆਂ ਦੇ ਭੋਗਾਂ ਤੇ ਜਾਂਦੇ ਸਨ ।

Original with;
Punjab Vidhan Sabha
Digitized by;
Panjab Digital Library

मी डिपटी स्पीकर : डाक्टर साहिब, तुसीं स्पीच ना करो, बैठ जाओ ।

श्रीमती लक्ष्मी कांता चावला : इस की बात छोड़िये । मैं तो इतना जानती हूं कि जिस घर की रोटी खाता है, उस घर की पहरेदारी तो चौपाया भी करता है । इन को मुख्य मंत्री ठीक ही राम और कृष्ण जी दिखते हैं । इन को तो केतिया भी दरोपदी दिखाई देती होगी । ऐसा भी हो सकता है ।

यह जो विनियोग बिल आ गया है, इस से खर्ची करने की आज्ञा तो सरकार ने ले ही लेनी है । दाम बनाये काम । धन के बिना तो कोई काम चलता नहीं लेकिन जहां तक शिक्षा का संबंध है, शिक्षा हर बच्चे तक पहुंचे और हर बच्चा शिक्षा तक पहुंचे ऐसी व्यवस्था इस बजट में नहीं रखी गई है । मेरा निवेदन यह है कि 12वीं तक की शिक्षा लड़कियों को आवश्यक और फ्री होनी चाहिये । जो मां बाप अपने बच्चों को स्कूल नहीं भेजते, उन के लिए पुलिस हस्ताक्षेप से अपराधनीय दंड पंजाब सरकार को घोषित करना चाहिये । ऐसा करने से ही पंजाब से अनपढ़ता दूर हो सकेगी और जो स्कूल हैं, जैसे आज ही शिक्षा मंत्री जी ने मेरे प्रश्न का उत्तर देते हुये बताया है कि अमृतसर में ही केवल 61 सीनीयर सैकंडरी स्कूल हैं, इन में से भी 28 स्कूलों की ईमारतें काफी खसता हालत में है और उनको असुरक्षित करार दे दिया गया है । 47 हाई स्कूल, 6 मिड्ल स्कूल और 11 प्राईमरी स्कूल हैं और अगर सारे पंजाब के कुल आंकड़े इक्ट्ठे किये जायें तो यह संख्या बहुत बड़ी हो जाती है । जो स्कूल भवन असुरक्षित हैं, उनको ठीक करने के लिए अगर उनको और पैसे चाहिये तो और ले लें लेकिन स्कूलों के भवन असुरक्षित नहीं रहने चाहिये । जिन स्कूलो में बच्चों के बैठने के लिये जगह नहीं है, पीने के लिए पानी नहीं है और शरीरिक धर्म धारण करने के लिये शौचालय नहीं हैं (अगर कहीं हैं तो वे कच्चे है), वहां ऐसी व्यवस्था करनी चाहिये ।

स्कूल टीचर्ज को इलैक्शन ड्यूटी पर भी जाना पडता है, और पंजाब में अनपढ़ता को दूर करने के लिए उन्हें घर घर पढ़ाने के लिये भी जाना पडता है । किसी विशेष दिन को या जब कोई मंत्री, वी. आई. पी. आना हो तो टीचर्ज को भीड़ इक्ट्ठी करने के लिए भी जाना पडता है जिस से शिक्षा का कोई लाभ नहीं होता क्योंकि उनका सारा समय इन कामों में ही खराब हो जाता है । इस के इलावा जो प्राईवेट स्कूल टीचर्ज हैं, उनको प्रामिस करने के बावजूद खजाने से पैनशन नहीं दी जा रही । आप कहेंगे कि किताबों में तो दी जा रही है लेकिन पैनशन तक पहुंचने के लिये कई बार मौत पहले आ ईग लेकिन पैनशन नहीं पहुंची । सरकार को इस ओर ध्यान करना चाहिये ।

Original with;
Punjab Vidhan Sabha
Digitized by;
Panjab Digital Library

[श्रीमती लक्ष्मी कांता चावला]

1992 में कहा गया था कि स्कूल और कालेज जो प्राईवेट हैं, उनके टीचर्ज को पैंनशन दी जायेगी लेकिन वह प्रतीक्षा करते करते प्रतीक्षा ही कर रहे है। प्रतीक्षा के बारे में कहा गया है कि——

'हर आह एक उमर होती है असर होने तक'

इस सरकार का भी यही हाल है। सरकार की जो उमर है, वह 1996-97 तक खत्म हो जायेगी लेकिन वे टीचर्ज बेचारे सरकार की इस अशोरैंस की प्रतीक्षा करते रह जायेंगे। डिप्टी स्पीकर साहिब, आज कल दाखला चल रहा है और पब्लिक स्कूलों में 5,000 रूपये से 15,000 रूपये तक अमृतसर में रिश्वत चल रही है। यह रिश्वत सारे पंजाब के स्कूलों में चल रही है।

उन स्कूलों कालेजों के लैक्चरार बड़ी बड़ी रिश्वतें लेते हैं, तब लोगों के दाखले होते है, उनकी इंटरवियू पैसे लेने के बाद ली जाती है और जब यहां से कोई मंत्री या कोई अधिकारी उन स्कूलों कालजों में जाते है, तो वहां ग्रांट दे देते हैं। डिप्टी स्पीकर साहिब, सरकारी स्कूलों में अध्यापक नहीं है और जिन में थे, उन को हाई कोर्ट ने निकाल दिया। यह सरकार अब फिर उनको एड-हाक के आधार पर या फिर 89 दिनों के आधार पर रख रही है, यह टीचर्ज के साथ खिलवाड़ किया जा रहा है।

पंजाब में आज हालत यह है कि दिसंबर 1993 में पंजाब लोक सेवा आयोग ने पी. सी. एस. की जो प्रीक्षायें ली उन में से पहले परीक्षा तो कंप्यूटर से ली गई और जब दूसरी बार परीक्षा ली तो वह कंप्यूटर के बगैर ली। जिस को पास करना होता है, उस को पास कर दिया जाता है और जिस को नहीं करना, उस को पास नहीं होने दिया जाता। लोक सेवा आयोग में पहले यह अपने आदमी नामज़द करवा लेते हैं, फिर जो इन के बच्चे दामाद, लडकी जिसने कभी बी. ए. थर्ड डिवीज़न में भी पास नहीं की होती, वो पी. सी. एस. में पास हो जाते हैं और सारा गोल मोल करके चोरी उन को रखा जाता है। आज 36 ई. टी. ओ अपने नियुक्ति पत्रों की प्रतीक्षा कर रहे हैं लेकिन उन्हें यह मालूम नही कि उन की नियुक्ति होनी भी है या नहीं।

पंजाब में आज मशरूमज़ की तरह नर्सिंग होमज़ बनते जा रहे हैं और जो सरकारी अस्पतालों में डाक्टर काम करते है, वे सभी इन प्राईवेट नर्सिंग होमज़ में काम करते हैं। इन नर्सिंग होमज़ में छोटे छोटे कमरे हैं जो आपके घरों के बाथ रूमों से भी छोटे हैं। वहां मरीज़ो को रखते हैं और 200-300-400 रूपये रोज़ का किराया चार्ज़ करते हैं। लेकिन जो गरीब आदमी है, उनको दवाई नहीं मिलती। अस्पताल में दवाई नहीं पहुंचती पर जब बड़े बड़े लोग बिमार पड़ते

Original with;
Punjab Vidhan Sabha
Digitized by;
Panjab Digital Library

है, तो वे तो ककरूड़ नर्सिंग होम में या किसी और होम में भर्ती हो जाते हैं, चाहे वहां सरकारी डाक्टर ही उन को देखने जायें। लेकिन गरीबों को दवाई नहीं मिलती, शिक्षा नहीं मिलती जिन बच्चों को देश का धन कहा जाता है, उन की हालत देख कर मन पसीज जाता है।

*11.42 पूर्व दोपहर

(*इस समय श्री स्पीकर ने सदन की कुर्सी संभाली) जो बच्चे सुबह 4,00 बजे उठकर कूड़े के ढेर में से अपनी रोटी चुनने के लिये जाते हैं और जिनकी भलाई स्कीमों का दीवालीयापन हमारे सामने आता है। उन बच्चों के लिये इस बजट में कुछ नहीं सोचा गया, वह जरूर सोचन चाहिये। बाकी सड़कों का निर्माण लोक निर्माण विभाग करता है। इन के लिये जितना पैसा रखा जाता है, वह इनको एक बार में दिया जाना चाहिये। लेकिन देने से पहले यह बात सुनिश्चित कर लेनी चाहिये कि जो पैसा मिले, वह सड़कों और पुलों तक पहुंचे। कहीं ऐसा ना हो कि वह पैसा ठेकदारों और उच्च अधिकारियों के घरों में पहुंच जायें, ऐसे में इस विभाग को पैसा देने की जरूरत नहीं है। कल लोक निर्माण विभाग की मंत्री साहिबा कह रही थी कि हम जो सड़कें बनाते हैं और जो उन पर लुक बिछाते हैं, उनकी उम्र पांच साल होती है। लेकिन हालत यह है कि तारकोल पाये जाने के बाद एक बारिश के दौरान सड़कों पर बड़े बड़े टोये पड़ जाते हैं और सड़कों का कुछ नहीं रहता। जिला गुरदासपुर के बधियाल ऐरीया के लोगों को जिले में जाने के लिये कश्मीर के कठुआ इलाके की तरफ से घूम कर जाना पड़ता है। वो लोग कहते हैं कि हमको तो सरकार ने दफा 10,151 लगा कर रखा हुआ है। वो जब अपना सामान लेने जाते हैं तो कश्मीर के कठुआ ऐरीया में जाते हैं। इस लिये वो अपने बच्चों के रिश्ते भी कश्मीर की तरफ करना पसंद करते हैं और उधर जाना वे ज्यादा सुरक्षित मानते हैं। जो दिलवां का पुल 1988 में टूट गया था, किसी योजना में उसको पूरा करने की बात नहीं की गयी। उस के कारण समय, पैट्रोल, डीजल का खर्चा और लोगों असुविधा को हो रही है। इस पुल को जल्दी बनाया जाना चाहिये। इस के साथ कुराली का पुल, जालंधर में रामा मंडी का पुल, मोरिंडा का पुल, डेराबसी का पुल भी बनने वाले पड़े हैं। वहां लोगों का बहुत समय नष्ट होता है। फाटक बंद हो जाता है तो हम को आधा घंटा वेट करनी पड़ती है, उसके रहम पर रुकना पड़ता है। चाहे कोई ऐम्बूलेंस आ रही हो और उस में पड़ा मरीज दम तोड़ जाये पर किसी को चिंता नहीं। मैं अपील करती हूं कि यह पुल जरुर बनाये जाने चाहियें। यह ठीक है कि शहरी क्षेत्रों में सड़कें लोक निर्माण विभाग से लेकर नगर निगम को दे दी गयी हैं। लेकिन ऐसा नहीं होना चाहिये कि वो सड़कें जहां पर से वी. आई. पी. लोग गुजरते हैं, जी. टी. रोड के साथ, वो तो पहले बना ली जायें और शहर की बाकी सड़कों की तरफ ध्यान ही न जाये। मेरा निवेदन यह है कि इन को

Original with;
Punjab Vidhan Sabha
Digitized by;
Panjab Digital Library

[श्रीमती लक्ष्मी कांता चावला]

प्राथमिकता देकर नगर निगम की जो सारी सड़कें हैं, उन को बनाया जाना चाहिये ।

प्रदूशन रोकने के लिये बहुत कुछ कहा जाता है । अब गर्मी का मौसम आ गया है । बिजली चली जाये तो जैनरेटिंग सैट शोर मचाते हैं । धुआं छोड़ते हैं । वो चलते तो हैं नगर निगम की जमीन लेकिन गरीब जनता को धुएं से बिमारियां लगती हैं । उनके बारे में भी जरुर सोचना चाहिये । मैंने बार बार जिक्र किया है कि अमृतसर में बड़ी बड़ी मिलें हैं जो प्रदूशन पैदा करती हैं और उन के खिलाफ केस भी बना है लेकिन हुआ कुछ भी नही । कुछ दिनों के बाद उनके केसों की फाईलें ही गुम कर दी जाती हैं । पता नहीं उन के साथ कोई लेन-देन हो जाता है या उपर पटियाला से ही कोई आदेश आता है और केस गायब कर लिये जाते हैं ।

अध्यक्ष महोदय, अब मैं भाषा, संसकृति और पुरातत्व संबंधी निवेदन करना चाहती हूं । मैंने पहले भी पूछा था कि पंजाब की दूसरी राज्य भाषा कौन सी है । सरकार को यह बात दम के साथ एक बार बता देनी चाहिये । अगर इन्हों ने कहा है कि पंजाब की दूसरी भाषा हिन्दी है तो हमें उस तरफ देखना चाहिए लेकिन प्रयास अंग्रेजी भाषा के हो रहे है । मैंने कहा था कि पंजाबी केवल बाबूओं और कलरकों की भाषा बना दी गई है । पंजाबी चाहे सरकारी भाषा है पर यह सिर्फ कर्मचारियों की भाषा है, सरकारी राज्य भाषा नहीं है । अंग्रेजी दूसरी राज्य भाषा नहीं होनी चाहिए । मैं कहना चाहती हूं कि अमृतसर में मदन लाल डींगरा का घर है । मदन लाल डींगरा वह व्यक्ति था जिसनें लंडन में जाकर बदला लिया, भारत की नाक ऊंची की और गौर्व बढाया । उस के घर को राष्ट्रीय समारक में बदलना चाहिए । जो काम करना चाहिए, वह सरकार नहीं कर सकी । जो डींगरा का बुत है, वह भी शहर से काफी दूर है, जहां पर शहर वाले देख भी ना सकें । उस के आस पास सफाई का प्रबंध भी नहीं है ।

इस के बाद मैं बुढापा और विधवा पैनशन के बारे कहना चाहती हूं । इस साल बहुत कम पैसा इस और रखा गया है । बुढापा पैनशन को सरकार बुढापा पैनशन नहीं बल्कि पुत्रहीन पैनशन मानती है कि जिस का बच्चा नहीं है, उसी को पैनशन दी जाएगी । 30 रुपये सिर्फ पैनशन दी जाती है । स्पीकर साहिब, यह किस किताब में इन्होंने पढ़ा है या किसका दिमाग है कि जो एक बूढ़ा है, उसको 50 रुपये पैनशन और जो पति पत्नी हैं, उनको 30 रुपये पैनशन ही दी जाती है । इस लिये झूठे फार्म और झूठी अटैसटेशन को बन्द करना चाहिए । गरीबों को बूढ़ों को कम से कम 300 रुपये पैनशन मिलनी चाहिए । यह 30-50 रुपये की बात खत्म करनी चाहिए ।

Original with;
Punjab Vidhan Sabha
Digitized by;
Panjab Digital Library

मेरी बेनती है कि सरकार बहुत सी बातें कहती तो है लेकिन करती नहीं । जैसे बाढ़ है अमृतसर में हर साल बाढ़ आ जाती है । अगर सरकार से पूछा जाए कि कितने लोगों के प्राण गये, कितनी सहायता दी गई तो उस प्रश्न का जवाब आगे पा दिया जाता है । सरकार यह बताना नहीं चाहती । जो आंकड़े आये, उस में कपूरथला जिले में नडाली गांव में 1994 में 3 लोग मारे गये । एक बडी नदी है । होशयारपुर में पांच चो पा दिये गये : नडाली गांव के बारे कहा गया है :

जिला कपुरथला गांव नडाली,
हर आंख गीली हर जेब खाली ।"

हर साल वहां तबाही होती है, लोक मरते हैं । पांच-पांच दिन गांव पानी में डूबा रहता है । अगर घर का कोई मर जाता है तो 2-2 दिन लोग उस को घर मे रखते हैं कि जब पानी कम होगा, तब ससकार किया जाएगा । इस तरह मरने वालों की गिनती सरकार के रिकार्ड में नहीं बताई जाती ।

मैं इस के साथ कहना चाहती हूं कि सरकार को दृढ़ संकल्प हो नाजायज कब्जे हटाने चाहिए । मैंने 1992 में एक शिकायत मुख्य मन्त्री जी को खुद दी थी और कहा था कि उस व्यक्ति के घर न जाए भोजन न करें । अगर जायेंगे तो साख अच्छी नहीं होगी । अगर वह डिप्टी सीनीयर मेयर नजायज कब्जे करता है तो अच्छा नहीं है । अगर कोई छोटा आदमी कब्जा करता है तो सरकार उन को खाली करवा देती है । मेरा निवेदन यह है कि पजाब में नजायज कब्जे नहीं होने चाहिए । जिस तरह कहा गया है कि बुचड़खाने के बाहर साधुयों की जीप रोकी और उन को पीटा गया । अगर इस तरह चलता रहा, फिर जिस तरह मेरे भाई हरवंस लाल ने कहा, कि हमें राम कृष्ण की याद रखना चाहिए । बेअंत सिंह जी को उन्होंने राम कृष्ण कहा है । उन को यह भी याद रखना चाहिए कि साधु राम के राज्य में नहीं रावण के राज्य में पोटे थे और राम राज्य बनाने की गांधी जी की कल्पना थी । अमृतसर सिफतीनगर है । उस में 34 साल से किरायेदार रह रहे हैं । 1966 में उन के लिये मकान बनाए थे और आज तक उन्होंने इतना किराया दिया है कि उन को मकान के मालक बनने से पैसे वापस आ जाते हैं लेकिन सरकार किसी राजनैतिक अड़चन के कारण उन के मकान नहीं देती । इसी तरह ऐसे मकान पटियाला और लुधियाना मे भी हैं । लेकिन मेरे जैसा व्यक्ति जो जनता का प्रतिनिधी है, अपनी फाईल ले करके एक-एक टेबल पर जाता है पर पता नहीं ऊपर कौन कुन्डली मारी बैठा है फाईल निकलती ही नहीं । इस तरह के केस पंजाब में नहीं होने चाहिए ।

मेरा निवेदन है कि पजाब के जो कर्मचारी है, उन को बगैर सुने उन पर लाठियां बरसाईयां । अगर शीशे में सूरत अच्छी न दिखे तो गुस्से में शीशा नहीं

Original with;
Punjab Vidhan Sabha
Digitized by:
Panjab Digital Library

[श्रीमती लक्ष्मी कांता चावला]

तोड़ देना चाहिए। सरकार को जनता के सामने अपनी अच्छी छवि रखनी चाहिए। अपनी सूरत जैसी होती है, वैसा सुनना चाहिए ।

टैक्नीकल शिक्षा के बारे में कहना चाहती हूं कि महिलायों के लिये खास कोर्स शुरु होने चाहएं । जैसे प्लास्टिक टैकनालोजी है, कैमीकल टैकनालोजी है। मैडीकल लैब टैकनालोजी है, माईकरो प्रोसैसिंग और लैबारटरी टैकनालोजी, होटल मैनेजमैंट इन्टीरीयर टैकनालोजी, ड्रैस डिज़ाईनिंग आदि, इस तरह के कोर्स लड़कियों के पालीटैकनिक में खोलने चाहिए। वे आज आर्थिक संघर्ष के दौर में काफी तकलीफों में हैं । इस तरह के कोर्सों से उन्हें काफी राहत मिलेगी । उन को रोटी के लिये नौकरी की दौड़ में दौड़ना नहीं पड़ेगा वह अपना रोज़गार चला सकती हैं ।

इसी तरह गृह और न्याय है । यह सरकार का आवश्यक अंग है और बजट का भी । इस में पैसे देने में कोई नाराज़गी नहीं। लेकिन जब जनता की शिकायतें इस विभाग में नहीं सुनी जाती, तब तकलीफ होती है । सरहाली थाने में सात दिन के लिये एक आदमी उठाया गया, वह मेरे पास आया । वह छुट कर नहीं आया बल्कि उसे एक दिन की मोहलत दी गई थी कि 15 लाख की विदेशी करंसी ला दो नहीं तो मारे जाओगे । पंजाब के डी. जी. पी. ओ. पी. शर्मा साक्षी हैं । उन से आदमी छुड़ाने के लिये ऐ. एस. आई. को फोन करवाया गया । यह सब ऐ. एस. आई. ने एस. एस. पी. के कहने पर किया था और उस ऐ. एस. आई. को क्लीन चिट दे दी गई क्योंकि जिसको पकड़ा था उस के गले पर अंगूठा देकर पहले उस से लिखा लिया था कि हमें कोई शिकायत नहीं है । अमृतसर गुड़ बाज़ार में एक लड़के को चिट्टे दिन उठा लिया गया और उसे कहा कि पांच सोने के बिसकुट लाओ । लेकिन रिपोर्ट में लिख दिया गया कि हम ने तो लडका उठाया ही नहीं । जब कि सचाई यह है कि तीन एस. पी. और एक डी. एस. पी. आ कर लड़के को छोड़ गए थे और जनता से माफी मांग कर गये थे । इस तरह की घटनाओं के बाद भी जब लोगों की सुनवाई नहीं होती और केवल पैसा दिया जाता है तो . . .

Mr. Speaker. Wind up please.

श्रीमती लक्ष्मी कांता चावला: कर रही हूं जी। इस के साथ ही एस. पी. ओज और होम गार्डज़ की बात करती हूं । उन की हालत पर कोई विचार नहीं किया गया । उन की हालत पर विचार होना बहुत ज़रुरी था । मैं उन के बारे में वित्त मन्त्री जी को बिनती करती हूं कि उन की सर्वेसिज़ सथाई होनी चाहिए, रैगूलर होनी चाहिए । आज साढे पांच रुपए किलो आटा और 38/- रुपए किलो चने का साग है । यह 40/- रुपए रोज़ जो उन्हें दिये जाते हैं, बहुत थोड़े

Original with;
Punjab Vidhan Sabha
Digitized by;
Panjab Digital Library

हैं । कम से कम 60 रुपए रोज़ाना वेतन तो ज़रुर देना चाहिए, तो ही उन के घर में आटा और नमक इकठा हो सकेगा ।

और अध्यक्ष महोदय मेरा सरकार से और निवेदन है कि जो शिकायत हम लोग भेजते हैं, अगर उस पर ही सरकार विचार नहीं करती तो आम लोगों की शिकायत पर क्या करती होगी । अभी बेअदबी आए, कहां चले गए, हम लोगों को पता नहीं । और जो अमृतसर में एक लड़की, जज की सटैनो मीरां अदालत में मारी गई । वहां पर भी जो लापरवाही हुई, किस प्रैशर में हुई । दो दिन यह लड़की मीरां जहर खाने के बाद, प्राईवेट नर्सिंग होम में रखी गई । किसी को मामूली सी भी दुरघटना हो जाए तो कहते हैं कि उसे प्राईवेट नरसिंग होम में नहीं रखा जाएगा । वहां कौन-कौन से पुलिस अफसर डटे रहे, कौन-2 से जज डटे रहे ? किस किस ने लड़की का ब्यान नहीं होने दिया ? इस बारे में सरकार कुछ नहीं बताती और यह बताना चाहिए । लोगों को इस विष्य में राहत मिलनी चाहिए ।

मेरा यह निवेदन है कि सरकार को अपने खर्च बहुत कम करने चाहिए । आप भी हमारे प्रश्न कभी कभी रद कर देते हैं । मरजी आप की । अधिकार आपका । एक बार हमने यह पुछा था कि सरकार के लोग जब सर्कट हाऊस में जाते हैं, उन के साथ जो अच्छी भीड़ होती है, उन के 100-200 लोगों के खाने का प्रबंध कहां से होता है तो कहते हैं कि इसका जवाब नहीं दिया जाएगा । वह खाना खोई अलादीन के चिराग की तरह चिराग रगड़ के पैदा नहीं होता कि मेरे लिये 100 लोगों का खाना लाओ तो खाना टेबल पर लग जाएगा । खाना जो बनता है उस के पैसे भी देने पड़ते हैं । मैं निवेदन कर रही हूं, आप सब जानते हैं और जवाब कुछ नहीं दिया । बड़ी-2 फर्म वाले जो हैं जिन्होंने परमिट लाईसैंस लेने हैं, उन के द्वारा यह प्रबंध करवाया जाता है । पंजाबी की कहावत है :

ਮੁੰਹ ਖਾਂਦਾ ਹੈ ਤੇ ਅੱਖ ਸ਼ਰਮਾਂਦੀ ਹੈ ।

जिन के खाने खाये होते हैं, उन की फाईल आने पर यह इन्कार नहीं कर सकते । इस लिये फजूल खर्ची कम कीजिए । एक मन्त्री जाता है और जिले के सारे अफसर फालन करवाये जाते हैं, पैट्रोल और डीज़ल लगता है, समय का हर्ज होता है । इस को बन्द कराईये । इस के साथ ही मैं आपका धन्यवाद करती हूं । जय हिन्द ।

ਸ਼੍ਰੀ ਸਪੀਕਰ. ਸ਼੍ਰੀ ਵਿਜੇ ਕੁਮਾਰ ਸਾਥੀ । ਸਾਥੀ ਸਾਹਿਬ, ਤੁਸੀਂ 10 ਮਿੰਟ ਲਈ ਬੋਲਣਾ ਹੈ । Plan in such a way ਕਿ ਤੁਹਾਡਾ ਮੈਟਰ ਉਸ ਟਾਈਮ ਦੇ ਵਿੱਚ ਹੀ ਕੰਪਲੀਟ ਹੋ ਜਾਵੇ ।

ਸ਼੍ਰੀ ਵਿਜੇ ਕੁਮਾਰ ਸਾਥੀ (ਬਾਘਾ ਪੁਰਾਣਾ): ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੱਪਰੋਪ੍ਰੀਏਸ਼ਨ ਬਿੱਲ ਤੇ ਬੋਲਣ ਲਈ ਸਮਾਂ ਦਿੱਤਾ ਹੈ । ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

[ਸ਼੍ਰੀ ਵਿਜੇ ਕੁਮਾਰ ਸਾਥੀ]

ਐਪਰੋਪ੍ਰੀਏਸ਼ਨ ਬਿੱਲ ਨੂੰ ਜੇ ਘੋਖੀਏ ਅਤੇ ਸਰਕਾਰ ਦੇ ਖ਼ਰਚਿਆਂ ਦਾ ਵੇਰਵਾ ਦੇਖੀਏ ਕਿ ਕਿਥੇ ਕਿਥੇ ਖਰਚ ਕਰਨਾ ਹੈ ਤਾਂ ਨਿਰਾਸ਼ਾ ਹੁੰਦੀ ਹੈ । ਪੰਜਾਬ ਇਕ ਕ੍ਰਿਸ਼ੀ ਪ੍ਰਧਾਨ ਸੂਬਾ ਹੈ ਅਤੇ ਸਭ ਤੋਂ ਪਹਿਲਾਂ ਮੈਂ ਐਗਰੀਕਲਚਰ ਦੀ ਹੀ, ਕ੍ਰਿਸ਼ੀ ਦੀ ਹੀ ਗੱਲ ਕਰਨਾ ਚਾਹੁੰਦਾ ਹਾਂ । ਇਹ ਸਰਕਾਰ ਕਹਿੰਦੀ ਹੈ ਕਿ ਉਹ ਕਿਸਾਨਾਂ ਦੇ ਪੱਖ ਦੀ ਬੜੀ ਗੱਲ ਕਰਦੀ ਹੈ ਲੇਕਿਨ ਜੇ ਐਗਰੀਕਲਚਰ ਦੇ ਵਿੱਚ ਦੇਖੀਏ ਤਾਂ ਪਿਛਲੇ ਸਾਲ 6.72% ਹੈ ਅਤੇ ਐਤਕੀ ਇਹ 6.44% ਕੀਤਾ ਗਿਆ ਹੈ । ਇਹ ਤੋਹਫਾ ਦਿੱਤਾ ਹੈ ਸਰਕਾਰ ਨੇ ਕਿਸਾਨਾਂ ਨੂੰ, ਜੇ ਬਜਟ ਦੇ ਅਨੁਮਾਨਾਂ ਨੂੰ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਪਹਿਲਾਂ ਬਜਟ ਅਨੁਮਾਨ 1,240 ਸੀ, ਅਤੇ ਐਤਕੀਂ ਇਹ 1,075 ਕੀਤਾ ਗਿਆ ਹੈ ਯਾਨੀ ਐਗਰੀਕਲਚਰ ਲਈ ਬਜਟ ਅਨੁਮਾਨ ਘਟਾ ਦਿੱਤਾ ਹੈ । ਇਹ ਜੋ ਫਿਗਰਜ਼ ਹਨ, ਇਹ ਤੁਹਾਡੇ ਬਜਟ ਅਨੁਮਾਨਾਂ ਵਿੱਚ, ਐਪਰੋਪ੍ਰੀਏਸ਼ਨ ਬਿੱਲ ਅਤੇ ਤੁਹਾਡੇ ਪਲੈਨ ਵਿੱਚ ਦਿੱਤੀਆਂ ਗਈਆਂ ਹਨ । ਸਪੀਕਰ ਸਾਹਿਬ, ਅੱਜ ਸਰਕਾਰ ਕਹਿੰਦੀ ਹੈ ਕਿ ਫਸਲ ਦਾ ਜੋ ਟੀਚਾ ਸੀ, ਸਰਕਾਰ ਉਸ ਤੇ ਪਹੁੰਚੀ ਹੈ ਅਤੇ ਫਸਲ ਦੀ ਸੰਭਾਲ ਨਹੀਂ ਹੁੰਦੀ । ਇਕ ਮੰਤਰੀ ਜੀ ਦੂਜੇ ਮੰਤਰੀ ਜੀ ਨੂੰ ਕਹਿੰਦੇ ਹਨ, ਕਿ ਮੰਤਰੀ ਜੀ ਮਾਲ ਗੁਦਾਮਾਂ ਵਿੱਚ ਨਾ ਰਹੇ । ਇਸ ਵੇਲੇ ਕਿਸਾਨ ਦੀ ਕੀ ਹਾਲਤ ਹੈ-ਉਸ ਨੂੰ ਆਪਣੀ ਫਸਲ ਦੇ ਰੇਟ ਵੀ ਪੂਰੇ ਨਹੀਂ ਮਿਲਦੇ । ਕਿਸਾਨ ਨੂੰ ਉਸ ਦੀ ਫਸਲ ਦਾ ਮੁੱਲ ਦੇਣ ਲਈ ਸਰਕਾਰ ਨੂੰ ਐਗਰੀਕਲਚਰ ਪ੍ਰਾਈਸ ਕਮਿਸ਼ਨ ਨਾਲ ਜੋੜਨਾ ਚਾਹੀਦਾ ਹੈ ਤਾਂ ਕਿ ਕਿਸਾਨ ਦੀ ਕਣਕ ਦਾ ਮੁੱਲ, ਕਿਸਾਨ ਦੇ ਝੋਨੇ ਦਾ ਮੁੱਲ ਉਸ ਮੁਤਾਬਿਕ ਉਸ ਨੂੰ ਮਿਲ ਸਕੇ । ਅੱਜ ਪੰਜਾਬ ਸਰਕਾਰ ਕੋਈ ਕੰਟਰੋਲ ਨਹੀਂ ਕਰਦੀ ਅਤੇ ਇਸ ਗੱਲ ਵੱਲ ਕੋਈ ਧਿਆਨ ਨਹੀਂ ਕਰਦੀ ਕਿ ਕਿਸਾਨ ਨੂੰ ਰਾਇਲਟੀ ਦਿਵਾਈ ਜਾ ਸਕੇ ! ਤੁਸੀਂ ਦੇਖੋ ਕਿ ਬਿਜਲੀ ਦੇ ਰੇਟ ਕਿੰਨੇ ਵਧ ਗਏ ਹਨ, ਖਾਦਾਂ ਦੇ ਰੇਟ ਕਿੰਨੇ ਵਧ ਗਏ ਹਨ ਅਤੇ ਹੋਰ ਸਾਧਨਾਂ ਜਿਸ ਤਰ੍ਹਾਂ ਕਿ ਟਰੈਕਟਰ ਅਤੇ ਹੋਰ ਇਸ ਤਰ੍ਹਾਂ ਦੀਆਂ ਚੀਜ਼ਾਂ ਹਨ ਦੇ ਭਾਅ ਕਿੰਨੇ ਵੱਧ ਗਏ ਹਨ । ਕਿਸਾਨਾਂ ਦੀ ਤਾਂ ਇਸ ਵੇਲੇ ਇਹ ਹਾਲਤ ਹੈ ਕਿ ਨਾ ਉਹਨਾਂ ਨੂੰ ਜਿਉਣ ਦੇਣਾ ਹੈ ਅਤੇ ਨਾ ਮਰਨ ਦੇਣਾ ਹੈ, ਸਹਿਕਦੇ ਰੱਖਣਾ ਹੈ । ਜਿਹੜੀ ਸਰਕਾਰ ਇਸ ਗੱਲ ਦੀਆਂ ਡੀਗਾਂ ਮਾਰਦੀ ਹੈ, ਉਹ ਬਿਲਕੁਲ ਨਾਜਾਇਜ਼ ਹੈ ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਰੂਰਲ ਡਿਵੈਲਪਮੈਂਟ ਦੀ ਗੱਲ ਲੈ ਲਓ । ਰੂਰਲ ਡਿਵੈਲਪਮੈਂਟ ਦੇ ਲਈ ਪਿਛਲੇ ਸਾਲ 3.46% ਸੀ ਅੰਤ ਐਤਕੀਂ 2.74% ਕਰ ਦਿੱਤਾ ਹੈ । ਇਹ ਕਹਿੰਦੇ ਹਨ ਕਿ ਪਿੰਡਾਂ ਦਾ ਵਿਕਾਸ ਕਰਨਾ ਹੈ । ਪੰਜਾਬ ਦਾ ਵਿਕਾਸ ਕਰਨਾ ਹੈ । ਪੰਜਾਬ ਦੇ ਵਿਕਾਸ ਦਾ ਤਾਂ ਇਥੋਂ ਪਤਾ ਲੱਗਦਾ ਹੈ ਕਿ ਪਿਛਲੇ ਸਾਲ 3.46% ਸੀ ਐਤਕੀ 2.74% ਕਰ ਦਿੱਤਾ । ਇਹ ਗੱਲ ਦੱਸਦੀ ਹੈ ਕਿ ਇਨ੍ਹਾਂ ਨੂੰ ਪਿੰਡਾਂ ਦੇ ਨਾਲ ਕੋਈ ਮੋਹ ਨਹੀਂ ਹੈ । ਤੁਸੀਂ ਕਿੰਨੇ ਯਤਨ ਕਰ ਲਓ, ਪਿੰਡਾਂ ਵਿਚੋਂ ਤਾਂ ਇਨਾਂ ਨੂੰ ਵੋਟਾਂ ਮਿਲਣੀਆਂ ਨਹੀਂ ਹਨ । ਇਹ ਤੁਹਾਨੂੰ ਸਮਾਂ ਦੱਸੇਗਾ ਕਿ ਕੀ ਹਸ਼ਰ ਹੋਣਾ ਹੈ ਤੁਹਾਡਾ । (ਵਿਘਨ) ਫਿਰ ਸਪੀਕਰ ਸਾਹਿਬ, ਇਰੀਗੇਸ਼ਨ ਦੀ ਗੱਲ ਆਉਂਦੀ ਹੈ । ਪਿਛਲੇ ਸਾਲ ਇਸ ਵਾਸਤੇ 10.88% ਰੱਖਿਆ ਸੀ, ਇਸ ਸਾਲ 9.04% ਕਰ ਦਿੱਤਾ ਹੈ । ਹਰ ਸਾਲ ਪਾਣੀ ਥੱਲੇ ਨੂੰ ਜਾ ਰਿਹਾ ਹੈ । ਜਿਥੇ ਪਾਣੀ ਦੀ ਬਹੁਤ ਜ਼ਰੂਰਤ ਹੈ, ਉਥੇ ਇਹ ਪੈਸਾ ਦੀ

Original with;
Punjab Vidhan Sabha
Digitized by;
Panjab Digital Library

ਘਟਾ ਰਹੇ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਨੀਤੀ ਵੀ ਅਤੇ ਸਰਕਾਰ ਦੀ ਨੀਅਤ ਵਿਚ ਫਰਕ ਹੈ ਜਿਸ ਦੀ ਨੀਅਤ ਚੰਗੀ ਹੁੰਦੀ ਹੈ, ਉਸ ਦੀ ਨੀਤੀ ਵੀ ਚੰਗੀ ਹੁੰਦੀ ਹੈ ਪਰ ਇਸ ਸਰਕਾਰ ਦੀ ਨਾ ਨੀਤੀ ਅੱਛੀ ਹੈ ਅਤੇ ਨਾ ਹੀ ਨੀਅਤ ਅੱਛੀ ਹੈ (ਥੰਪਿੰਗ) ਜਿਨ੍ਹਾਂ ਦੀ ਨੀਅਤ ਸਾਫ ਨਹੀਂ, ਉਹ ਨੀਤੀ ਸਾਫ ਕੀ ਬਣਾਉਣਗੇ ।

ਫਿਰ ਸਪੀਕਰ ਸਾਹਿਬ, ਇੰਡਸਟਰੀ ਦੀ ਗੱਲ ਆਉਂਦੀ ਹੈ । ਪਿਛਲੇ ਸਾਲ ਇਸ ਵਾਸਤੇ ਇਨ੍ਹਾਂ ਨੇ 4.05% ਰੱਖਿਆ ਸੀ ਪਰ ਇਸ ਸਾਲ ਇਹ ਵੀ ਘਟਾ ਕੇ 3.92% ਕਰ ਦਿੱਤਾ ਹੈ । ਤੁਸੀਂ ਦੱਸੋ ਇਹ ਲੋਕਾਂ ਦਾ ਕੀ ਭਲਾ ਕਰਨਗੇ । ਇਹ ਸਰਕਾਰ ਅੱਜ ਇੰਡਸਟਰੀਅਲਿਸਟਾਂ ਦੀ ਵਿਚੋਲੀ ਬਣ ਕੇ ਉਨ੍ਹਾਂ ਨੂੰ ਉਪਜਾਊ ਜ਼ਮੀਨ ਸਸਤੇ ਰੇਟ ਤੇ ਲੈ ਕੇ ਦੇ ਰਹੀ ਹੈ ਅਤੇ ਉਸ ਦੇ ਬਦਲੇ ਉਨ੍ਹਾਂ ਤੋਂ ਇਹ ਕਾਹਾਂ ਲੈ ਰਹੇ ਹਨ ਜਾਂ ਪਤਾ ਨਹੀਂ ਕੀ ਕਰ ਰਹੇ ਹਨ । ਇਹ ਹਾਲ ਹੋ ਰਿਹਾ ਹੈ ।

ਇਸ ਤੋਂ ਅੱਗੇ ਐਜੂਕੇਸ਼ਨ ਦੀ ਗੱਲ ਆਉਂਦੀ ਹੈ । ਐਜੂਕੇਸ਼ਨ ਤੇ ਵੀ ਪਿਛਲੇ ਸਾਲ 9.7% ਸੀ ਪਰ ਹੁਣ ਇਹ 7.69% ਕੀਤੀ ਗਈ ਹੈ ਜਿਹੜਾ ਐਕਚੂਅਲ ਖ਼ਰਚ ਹੈ, ਉਹ ਇਸ ਤੇ 4½% ਬਣਦਾ ਹੈ । ਇਹ ਸਿਖਿਆ ਦਾ ਹਾਲ ਹੋ ਰਿਹਾ ਹੈ ਜਿਹੜਾ ਕਿ ਸਭ ਤੋਂ ਜ਼ਰੂਰੀ ਅੰਗ ਹੈ । ਔਰ ਮੈਂ ਦੱਸਦਾ ਹਾਂ ਕਿ ਹਿਊਮਨ ਰਿਸੋਰਸਿਜ਼ ਮਨਿਸਟਰੀ ਵਲੋਂ ਪੰਜਾਬ ਨੂੰ ਕਿੰਨੇ ਪਰਸੈਂਟ ਬਜਟ ਰੱਖਣ ਦਾ ਹੁਕਮ ਹੋਇਆ ਹੈ । ਉਹ ਹੈ 7% ਪਰ ਇਨ੍ਹਾਂ ਨੇ ਉਸ ਤੋਂ ਘੱਟ ਬਜਟ ਰੱਖਿਆ ਹੈ । ਫਿਰ ਇਥੇ ਇਹ ਕਹਿੰਦੇ ਹਨ ਕਿ ਇਹ ਸਿਖਿਆ ਵਾਸਤੇ ਬਹੁਤ ਉਪਰਾਲੇ ਕਰ ਰਹੇ ਹਨ । ਟੀਚਰਜ਼ ਦੇ ਦਿੱਤੇ, ਕੋਈ ਸਕੂਲ ਦੇ ਦਿੱਤੇ ਪਰ ਜਿਹੜਾ ਇਸ ਤੇ ਖ਼ਰਚ ਆਉਣਾ ਹੈ, ਉਹ ਵੀ ਪੂਰਾ ਰੱਖਣਾ ਚਾਹੀਦਾ ਹੈ ! ਮੇਰੇ ਹਲਕੇ ਵਿਚ 68 ਪਿੰਡ ਹਨ । ਪਰ ਕਿਸੇ ਹਲਕੇ ਵਿਚ ਤਾਂ ਕੋਈ ਵੀ ਸਕੂਲ ਅਪਗਰੇਡ ਨਹੀਂ ਕੀਤਾ ਗਿਆ ਪਰ ਦੂਜੇ ਹਲਕਿਆਂ ਵਿਚ ਇਹ ਕਰੀ ਜਾ ਰਹੇ ਹਨ ।

ਫਿਰ ਇਸ ਤੋਂ ਅੱਗੇ ਹੈਲਥ ਦੀ ਗੱਲ ਆਉਂਦੀ ਹੈ । ਬਰਾੜ ਸਾਹਿਬ ਇਥੇ ਬੈਠੇ ਨਹੀਂ ਹਨ. ਇਨ੍ਹਾਂ ਨੇ ਹੈਲਥ ਵਾਸਤੇ ਪਿਛਲੇ ਸਾਲ 3.2% ਰੱਖਿਆ ਸੀ ਪਰ ਇਸ ਸਾਲ ਇਸ ਨੂੰ ਵੀ ਘਟਾ ਕੇ 2.74% ਕਰ ਦਿੱਤਾ ਹੈ । ਜੇ ਇਸ ਸਾਰੀ ਰਕਮ ਨੂੰ ਪੰਜਾਬ ਦੇ ਲੋਕਾਂ ਵਿਚ ਵੰਡਿਆ ਜਾਵੇ ਤਾਂ ਪਰ ਹੈੱਡ 7/- ਰੁਪਏ ਪਰ ਐਨਮ ਖ਼ਰਚ ਆਉਂਦਾ ਹੈ । ਤੁਸੀਂ ਦੱਸੋ ਕਿ ਜਿਥੇ ਇਹ ਹਾਲ ਹੋਵੇ ਉਥੇ ਪੰਜਾਬ ਦੇ ਲੋਕਾਂ ਦੀ ਸਿਹਤ ਕੀ ਠੀਕ ਰਹਿ ਸਕਦੀ ਹੈ ? ਜਿਹੜਾ ਪੰਜਾਬ ਪਰ ਕੈਪੀਟਾ ਇਨਕਮ ਦੇ ਹਿਸਾਬ ਨਾਲ ਬਾਕੀ ਸਟੇਟਾਂ ਨਾਲੋਂ ਅੱਗੇ ਹੋਵੇ ਪਰ ਉਥੇ ਉਨ੍ਹਾਂ ਦੀ ਸਿਹਤ ਲਈ ਇਤਨਾ ਘਟ ਖਰਚ ਕੀਤਾ ਜਾਵੇ, ਇਸ ਨੂੰ ਕਿਵੇਂ ਚੰਗਾ ਕਿਹਾ ਜਾ ਸਕਦਾ ਹੈ ।

ਫਿਰ ਵੈਲਫੇਅਰ ਆਫ ਸ਼ਡਿਊਲਡ ਕਾਸਟਸ ਦੀ ਗੱਲ ਆਉਂਦੀ ਹੈ । ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਹੁਣ ਲੋਕਾਂ ਵਿਚ ਜਾਗ੍ਰਤੀ ਆ ਗਈ ਹੈ । ਉਹ ਸਮਾਂ ਹੁਣ ਨਹੀਂ ਰਿਹਾ ਜਦੋਂ ਤੁਸੀਂ ਉਨ੍ਹਾਂ ਨੂੰ ਗੁੰਮਰਾਹ ਕਰਕੇ ਆਪਣੀਆਂ ਵੋਟਾਂ ਲੈ ਲੈਂਦੇ ਸੀ ।ਉਨ੍ਹਾਂ ਵਾਸਤੇ ਵੀ ਜਿਹੜਾ ਬਜਟ ਪਿਛਲੇ ਸਾਲ 2.76% ਰੱਖਿਆ ਸੀ, ਇਸ ਸਾਲ ਉਸ ਨੂੰ ਘਟਾ ਕੇ

Original with;
Punjab Vidhan Sabha
Digitized by;
Punjab Digital Library

[ਸ਼੍ਰੀ ਵਿਜੇ ਕੁਮਾਰ ਸਾਥੀ]

2.31% ਕਰ ਦਿੱਤਾ ਹੈ । ਭਾਵੇਂ ਇਹ ਉਨ੍ਹਾਂ ਵਾਸਤੇ ਕਈ ਸਕੀਮਾਂ ਬਣਾਉਂਦੇ ਹਨ ਅੱਰ ਦਿੱਲੀ ਤੋਂ ਵੀ ਸਕੀਮਾਂ ਆਉਂਦੀਆਂ ਹਨ ਪਰ ਉਨ੍ਹਾਂ ਸਕੀਮਾਂ ਵਿਚ ਜਿੰਨੀ ਘਪਲੇਬਾਜ਼ੀ ਹੋ ਰਹੀ ਹੈ, ਉਸ ਦੀ ਘੋਖ ਕਰਨੀ ਚਾਹੀਦੀ ਹੈ । ਕਿੰਨੇ ਹੀ ਸਕੈਂਡਲ ਬਣ ਰਹੇ ਹਨ । ਇਸ ਸਰਕਾਰ ਨੂੰ ਤਾਂ ਸਕੈਂਡਲਾਂ ਦੀ ਸਰਕਾਰ ਕਿਹਾ ਜਾਂਦਾ ਹੈ ।

ਫਿਰ ਸੋਸ਼ਲ ਵੈਲਫੇਅਰ ਦੀ ਗੱਲ ਆਉਂਦੀ ਹੈ । ਇਸ ਤੇ ਵੀ ਪਿੱਛਲੇ ਸਾਲ 2.27% ਰੱਖਿਆ ਸੀ ਪਰ ਇਸ ਸਾਲ ਇਸ ਨੂੰ ਘਟਾ ਕੇ 1.83% ਕਰ ਦਿੱਤਾ ਹੈ । ਫਿਰ ਇਹ ਕਹਿੰਦੇ ਹਨ ਕਿ ਲੋਕਾਂ ਵਾਸਤੇ ਇਹ ਬਹੁਤ ਉਪਰਾਲੇ ਕਰ ਰਹੇ ਹਨ । ਸਰਕਾਰੀ ਬੈਂਚਾਂ ਤੇ ਬੈਠੇ ਥਾਡੇ ਐਮ. ਐਲ. ਏਜ਼. ਵੀ ਉਨ੍ਹਾਂ ਦੀ ਤਾਰੀਫ ਕਹੀ ਜਾਂਦੇ ਹਨ ਪਰ ਇਹ ਜੋ ਮੈਂ ਦੱਸ ਰਿਹਾ ਹਾਂ ਇਹ ਇਨ੍ਹਾਂ ਦੇ ਆਪਣੇ ਬਜਟ ਵਿਚ ਹੈ । ਇਸ ਦਾ ਕੋਈ ਹਲ ਹੋਣਾ ਚਾਹੀਦਾ ਹੈ । ਪੰਜਾਬ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਇਸ ਆਉਣ ਵਾਲੇ ਸੈਸ਼ਨ ਵਿਚ ਅਸੀਂ ਲੋਕ ਆਯੁਕਤ ਦਾ ਬਿੱਲ ਪੇਸ਼ ਕਰਾਂਗੇ ਪਰ ਸਾਨੂੰ ਪਤਾ ਹੈ ਕਿ ਇਹ ਬਿੱਲ ਇਸ ਸੈਸ਼ਨ ਵਿਚ ਵੀ ਨਹੀਂ ਆਉਣਾ । ਮੈਂ ਕਹਿੰਦਾ ਹਾਂ ਕਿ ਸਰਕਾਰ ਨੂੰ ਸਾਰੇ ਪੁਲਿਸ ਅਤੇ ਸਿਵਲ ਅਫ਼ਸਰਾਂ ਦੀਆਂ ਜਾਇਦਾਦਾਂ ਦਾ ਵੇਰਵਾ ਲੈਣਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਕਲੀਅਰ ਕਰਵਾਉਣਾ ਚਾਹੀਦਾ ਹੈ । ਓਲਡ ਏਜ, ਵਿਡੋ ਪੈਨਸ਼ਨਾਂ ਬਾਰੇ ਮੇਰੇ ਸਾਥੀ ਨੇ ਦੱਸਿਆ ਹੈ ਕਿ ਕਿਸ ਤਰ੍ਹਾਂ ਫਰੀਦਕੋਟ ਜ਼ਿਲ੍ਹੇ ਦੇ ਵਿਚ ਟਰੈਜ਼ਰੀ ਵਿਚ ਲੋਕਾਂ ਦੀਆਂ 3.5 ਕਰੋੜ ਰੁਪਏ ਦੀਆਂ ਪੈਨਸ਼ਨਾਂ ਰੁਕੀਆਂ ਪਈਆਂ ਹਨ । ਤੁਹਾਨੂੰ ਆਪਣੇ ਰੂਲਾਂ ਦੇ ਵਿਚ ਅਮੈਂਡਮੈਂਟ ਕਰਨੀ ਪਵੇਗੀ ਅਤੇ ਪ੍ਰੋਸੀਜਰ ਨੂੰ ਸਿੰਪਲੀਫਾਈ ਕਰਨਾ ਪਵੇਗਾ । ਇਥੇ ਭੈਣ ਜੀ ਨੇ ਵੀ ਠੀਕ ਕਿਹਾ ਹੈ ਅਤੇ ਪੈਨਸ਼ਨਾਂ ਸਬੰਧੀ ਲੋਕਾਂ ਦੀਆਂ ਤਕਲੀਫਾਂ ਬਾਰੇ ਸਰਕਾਰ ਦਾ ਧਿਆਨ ਦਿਵਾਇਆ ਹੈ । ਇਸ ਲਈ ਸਰਕਾਰ ਨੂੰ ਆਪਣੇ ਰੂਲਾਂ ਦੇ ਵਿਚ ਅਮੈਂਡਮੈਂਟ ਕਰ ਦੇਣੀ ਚਾਹੀਦੀ ਹੈ ਤਾਂ ਕਿ ਲੋਕਾਂ ਨੂੰ ਜਿਹੜੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਦੂਰ ਹੋ ਸਕੇ ।

ਸਾਰੇ ਹਿੰਦੁਸਤਾਨ ਵਿਚ ਮੰਡਲ ਕਮਿਸ਼ਨ ਦੀਆਂ ਸਿਫਾਰਿਸ਼ਾਂ ਨੂੰ ਲਾਗੂ ਕੀਤਾ ਜਾ ਰਿਹਾ ਹੈ ਪਰ ਇਥੇ ਸਾਡੀ ਪੰਜਾਬ ਸਰਕਾਰ ਇਸ ਨੂੰ ਹਾਲੇ ਲਾਗੂ ਨਹੀਂ ਕਰ ਰਹੀ । ਇਥੇ ਮੁਲਤਾਨੀ ਸਾਹਿਬ ਇਨ੍ਹਾਂ ਦਾ ਵੱਡਾ ਦਮ ਭਰਦੇ ਹਨ । ਅਸੀਂ ਸਰਕਾਰ ਛੱਡ ਦਿੱਤੀ ਇਸ ਨੂੰ ਲਾਗੂ ਕਰਵਾਉਣ ਲਈ ਅਤੇ ਅਸੀਂ ਲੋਕਾਂ ਦੀ ਖਾਤਿਰ ਕੁਰਬਾਨੀ ਦਿੱਤੀ ਪਰ ਇਹ ਸਰਕਾਰ ਮੱਝਾਂ ਮਾਰ ਕੇ ਬੈਠੀ ਹੋਈ ਹੈ, ਮੰਡਲ ਕਮਿਸ਼ਨ ਦੀਆਂ ਸਿਫਾਰਿਸ਼ਾਂ ਨੂੰ ਲਾਗੂ ਨਹੀਂ ਕਰ ਰਹੀ । ਇਥੇ ਅਮਨ ਅਤੇ ਸ਼ਾਂਤੀ ਦੀ ਗੱਲ ਕੀਤੀ ਜਾਂਦੀ ਹੈ ਪਰ ਮੁੱਖ ਮੰਤਰੀ ਸਾਹਿਬ, ਕਹਿੰਦੇ ਹਨਕਿ ਪੰਜਾਬ ਵਿਚ 'ਟਾਡਾ' ਨੂੰ ਖਤਮ ਨਹੀਂ ਕੀਤਾ ਜਾਵੇਗਾ । ਸਰਕਾਰ ' ਟਾਡਾ ' ਲਗਾ ਕੇ ਲੋਕਾਂ ਉਤੇ ਜੁਲਮ ਕਰ ਰਹੀ ਹੈ । ਇਥੇ ਪੰਜਾਬ ਵਿਚ ਕਈ ਵਾਰ ਹਿਊਮਨ ਰਾਈਟਸ ਕਮਿਸ਼ਨ ਆਏ ਪਰ ਲੁਧਿਆਣਾ ਦੇ ਸਰਕਟ ਹਾਊਸ ਦੇ ਵਿਚ ਜਿਸ ਤਰੀਕੇ ਨਾਲ ਸਰਕਾਰ ਵਲੋਂ ਗੁੰਡਾ ਗਰਦੀ ਕੀਤੀ ਗਈ, ਉਹ ਬੜੀ ਸ਼ਰਮਨਾਕ ਗੱਲ ਸੀ । ਇਥੇ ਮੁਲਾਜ਼ਮਾਂ ਦੀ ਗੱਲ ਕਰਦਾ ਹਾਂ । ਅੱਜ ਸੈਂਟਰਲ ਗੌਰਮਿੰਟ ਜਿਥੇ ਕਿ ਕਾਂਗਰਸ ਪਾਰਟੀ ਦੀ ਹੀ ਸਰਕਾਰ ਹੈ, ਨੇ ਵੀ ਮੁਲਾਜ਼ਮਾਂ

Original with;
Punjab Vidhan Sabha
Digitized by;
Panjab Digital Library

ਨੂੰ ਡੀ. ਏ. ਦੀ ਕਿਸ਼ਤ ਦੇ ਦਿੱਤੀ ਹੈ । ਮੈਂ ਕਹਿੰਦਾ ਹਾਂ ਕਿ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਮੰਨ ਲਓ ਅਤੇ ਉਨ੍ਹਾਂ ਨੂੰ ਡੀ. ਏ. ਦੀ ਕਿਸ਼ਤ ਦੇ ਦਿਉ ਨਹੀਂ ਤਾਂ ਜਿਸ ਤਰ੍ਹਾਂ ਮੁਲਾਜ਼ਮਾਂ ਨੇ ਹਿਮਾਚਲ ਵਿਚ ਸਰਕਾਰ ਬਦਲ ਦਿੱਤੀ ਸੀ, ਇਥੇ ਵੀ ਸਰਕਾਰ ਨੂੰ ਉਨ੍ਹਾਂ ਨੇ ਤੋੜ ਦੇਣਾ ਹੈ ਅਤੇ ਤੁਹਾਡਾ ਮੱਕੂ ਬੰਨ੍ਹ ਦੇਣਾ ਹੈ । (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੂੰ ਚੁੱਪ ਕਰਾਓ ਜੀ, ਮੈਨੂੰ ਆਪਣੀ ਗੱਲ ਕਹਿਣ ਦਿਓ ।

ਸ਼੍ਰੀ ਸਪੀਕਰ ਇਨ੍ਹਾਂ ਨੂੰ ਤੁਹਾਡੇ ਨਾਲ ਬਹੁਤ ਪਿਆਰ ਹੈ । ਇਹ ਤੁਹਾਡੇ ਨਾਲ ਪਿਆਰ ਕਰ ਰਹੇ ਹਨ । Wind up, please.

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਰੋਡਵੇਜ਼ ਦੀ ਗੱਲ ਕਰਦਾ ਹਾਂ । ਮਨਿਸਟਰ ਸਾਹਿਬ, ਇਥੋਂ ਚਲੇ ਗਏ ਹਨ । ਸੜਕਾਂ ਤੇ ਪੰਜਾਬ ਰੋਡਵੇਜ਼ ਦੀਆਂ ਜਿਹੜੀਆਂ ਬੱਸਾਂ ਚਲਦੀਆਂ ਹਨ, ਉਨ੍ਹਾਂ ਵਿਚੋਂ ਬਹੁਤ ਸਾਰੀਆਂ ਬੱਸਾਂ ਅੱਸੀਆਂ ਹਨ । ਜਿਨ੍ਹਾਂ ਦੀ ਮਿਆਦ ਪੂਰੀ ਹੋ ਚੁੱਕੀ ਹੈ ਅਤੇ ਉਹ ਡਿਸਪੋਜ਼ ਆਫ ਹੋਣ ਵਾਲੀਆਂ ਹਨ ਪਰ ਉਹ ਬੱਸਾਂ ਹਾਲੇ ਵੀ ਚੱਲ ਰਹੀਆਂ ਹਨ ਅਤੇ ਸਵਾਰੀਆਂ ਲਈ ਯੂਜ਼ ਕੀਤੀਆਂ ਜਾ ਰਹੀਆਂ ਹਨ । ਸਵਾਰੀਆਂ ਦਾ ਬੀਮਾ ਨਹੀਂ ਕੀਤਾ ਜਾਂਦਾ ਇਨ੍ਹਾਂ ਬੱਸਾਂ ਨੂੰ ਡਿਸਪੋਜ਼ ਆਫ ਕਰ ਦਿਓ । ਮਾਸਟਰ ਜੀ ਨੇ ਆਪਣੇ ਵਕਤ ਇਸ ਮਹਿਕਮੇ ਵਿਚ ਬਹੁਤ ਕੁਝ ਕੀਤਾ ਹੈ (ਹਾਸਾ) । ਸਪੀਕਰ ਸਾਹਿਬ, ਇਥੇ ਕਿਹਾ ਗਿਆ ਕਿ ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸਿਜ਼ ਦੇ ਲਈ ਇਸ ਸਰਕਾਰ ਨੇ ਬਹੁਤ ਕੁਝ ਕੀਤਾ ਹੈ ਪਰ ਨੌਕਰੀਆਂ ਦੇ ਵਿਚ ਜਿਹੜਾ ਬੈਕਲਾਗ ਹੈ, ਉਹ ਪੂਰਾ ਨਹੀਂ ਕੀਤਾ ਹੈ ਅਤੇ ਰਿਜ਼ਰਵੇਸ਼ਨ ਐਕਟ ਨਹੀਂ ਬਣਿਆ ਹੈ । ਇਨ੍ਹਾਂ ਗਰੀਬ ਲੋਕਾਂ ਨੂੰ ਰਿਜ਼ਰਵੇਸ਼ਨ ਦਾ ਕੋਟਾ ਪੂਰਾ ਨਹੀਂ ਮਿਲ ਰਿਹਾ, ਇਸ ਕਰਕੇ ਇਸ ਬੈਕਲਾਗ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇ ।

Mr. Speaker: Please. wind up, ਤੁਹਾਡੇ 12 ਮਿੰਟ ਹੋ ਗਏ ਹਨ ।

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਇਕ ਨੀਮ ਚਮੇਲੀ ਟੂਰਿਸਟ ਕੰਪਲੈਕਸ ਹੈ ਜਿਥੇ ਫਾਰਨਰਜ਼ ਆ ਕੇ ਠਹਿਰਦੇ ਹੁੰਦੇ ਸਨ । ਉਸ ਟੂਰਿਸਟ ਕੰਪਲੈਕਸ ਦਾ ਚਪੜਾਸੀ ਉਨ੍ਹਾਂ ਨੂੰ ਚਾਦਰਾਂ ਸਪਲਾਈ ਕਰਦਾ ਸੀ ਜਿਸ ਦੇ ਨਾਲ ਮਹਿਕਮੇ ਨੂੰ 20 ਹਜ਼ਾਰ ਮਹੀਨੇ ਦੀ ਆਮਦਨੀ ਹੁੰਦੀ ਸੀ ਪਰ ਹੁਣ ਮਹਿਕਮੇ ਨੇ ਇਸ ਨੂੰ 15 ਹਜ਼ਾਰ ਰੁਪਏ ਦੇ ਠੇਕੇ ਤੇ ਦਿੱਤਾ ਹੈ । ਮੋਗੇ ਵਿਚ ਇਕ ਕੇਸ ਰਜਿਸਟਰਡ ਹੋਇਆ ਹੈ ਉਸ ਨੂੰ ਪੈਟਰੋਲ ਪੰਪ ਅਲਾਟ ਕੀਤਾ ਗਿਆ ਹੈ ਪਰ ਉਸ ਦੇ ਯੂਨਿਟ ਨੂੰ ਸਿੱਕ ਯੂਨਿਟ ਕਰਾਰ ਦਿੱਤਾ ਗਿਆ ਹੈ । ਇਹ ਮਾਮਲਾ ਹੁਣ ਸੀ. ਬੀ. ਆਈ. ਕੋਲ ਆ ਗਿਆ ਹੈ ਅਤੇ ਇਨਕੁਆਇਰੀ ਹੋ ਰਹੀ ਹੈ । ਇਹ ਮੋਗੇ ਦੇ ਡੀਲਰ ਦੇ ਖਿਲਾਫ ਕੇਸ ਹੋਇਆ ਹੈ ।

ਸ਼੍ਰੀ ਸਪੀਕਰ : ਵਾਈਂਡ ਅਪ ਕਰੋ ਜੀ ।

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਮੈਂ ਦੋ ਤਿੰਨ ਗੱਲਾਂ ਕਹਿਣੀਆਂ ਚਾਹੁੰਦਾ ਹਾਂ । ਮੇਰੀਆਂ ਗੱਲਾਂ ਵੱਲ ਡਾਕਟਰ ਸਾਹਿਬ ਧਿਆਨ ਕਰਨ । ਮੁੱਖ ਮੰਤਰੀ ਸਾਹਿ

Original with;
Punjab Vidhan Sabha
Digitized by;
Punjab Digital Library

[ਸ਼੍ਰੀ ਵਿਜੇ ਕੁਮਾਰ ਸਾਥੀ]

ਇਸ ਵੇਲੇ ਹਾਊਸ ਵਿਚ ਬੈਠੇ ਨਹੀਂ ਹਨ । ਮੁੱਖ ਮੰਤਰੀ ਸਾਹਿਬ, ਇਸ ਵੇਲੇ ਬੈਠੇ ਹੁੰਦੇ ਤਾਂ ਚੰਗਾ ਸੀ ਮੈਂ ਮੋਗੇ ਦੀ ਗੱਲ ਕਰਦਾ ਹਾਂ । ਪੁੰਨੀ ਕਮੇਟੀ ਦੀ ਰਿਪੋਰਟ ਵੀ ਆ ਗਈ ਹੈ ਕਿ ਉਸ ਨੂੰ ਜ਼ਿਲ੍ਹਾ ਬਣਾਇਆ ਜਾਵੇ । ਮੋਗੇ ਨੂੰ ਸਰਕਾਰ ਜ਼ਿਲ੍ਹਾ ਬਣਾ ਦੇਵੇ. ਬਾਘਾ ਪੁਰਾਣਾ ਨੂੰ ਤਹਿਸੀਲ ਬਣਾ ਦੇਵੇ ਅੱਜ ਸਰਕਾਰ ਇਹ ਨੇਕ ਕੰਮ ਕਰ ਦੇਵੇ । ਕੋਟਕਪੂਰਾ ਵਿਚ ਲੜਕੀਆਂ ਦਾ ਕੋਈ ਕਾਲਜ ਨਹੀਂ ਹੈ ਅਤੇ ਲੜਕੀਆਂ ਨੂੰ ਬੱਸਾਂ ਵਿਚ ਬੜੀ ਦੂਰ ਜਾਣਾ ਪੈਂਦਾ ਹੈ । ਬਾਘਾ ਪੁਰਾਣਾ ਵਿਚ ਜੇ ਲੜਕੀਆਂ ਦਾ ਇਕ ਕਾਲਜ ਖੋਲ੍ਹ ਦੇਵੋ ਤਾਂ ਹੀ ਯੋਗ ਸਮਝੀ ਜਾਵੇਗੀ । ਰੰਧਾਵਾ ਸਾਹਿਬ, ਹਾਊਸ ਵਿਚ ਬੈਠੇ ਹਨ । ਰੰਧਾਵਾ ਸਾਹਿਬ, ਤੁਸੀਂ ਇਸ ਗੱਲ ਤੇ ਵਿਚਾਰ ਕਰੋ ਅਤੇ ਸਾਡੇ ਨਾਲ ਕੋਈ ਵਿਤਕਰਾ ਨਾ ਕਰੋ । ਮੈਂ ਮੰਤਰੀ ਜੀ ਕੋਲੋਂ ਸਹਿਯੋਗ ਮੰਗਦਾ ਹਾਂ । ਸਪੀਕਰ ਸਾਹਿਬ, ਇਨ੍ਹਾਂ ਨੂੰ ਕਹਿੰਦਾ ਹਾਂ ਕਿ ਤੁਹਾਡੇ ਮਹਿਕਮੇ ਨੂੰ ਦਾਗ਼ ਨਾ ਲੱਗੇ ਅਤੇ ਤੁਸੀਂ ਲੜਕੀਆਂ ਲਈ ਕਾਲਜ ਖੋਲ੍ਹ ਦਿਉ । ਦੂਸਰੇ ਪਾਸੇ ਮੈਂ ਪਸ਼ੂ ਪਾਲਣ ਮੰਤਰੀ ਜੀ ਨੂੰ ਕਹਾਂਗਾ ਕਿ ਤੁਸੀਂ ਡਿਸਪੈਂਸਰੀਆਂ ਆਪਣੇ ਇਲਾਕੇ ਵਿਚ ਹੀ ਨਾ ਖੋਲ੍ਹੀ ਜਾਵੇ ਅਤੇ ਮੇਰੇ ਇਲਾਕੇ ਵਿਚ ਵੀ 2-4 ਡਿਸਪੈਂਸਰੀਆਂ ਖੋਲ੍ਹ ਦੇਵੋ । ਆਖਿਰ ਵਿਚ ਮੈਂ ਪੁਲਿਸ ਮਹਿਕਮੇ ਬਾਰੇ ਕਹਿਣਾ ਚਾਹੁੰਦਾ ਹਾਂ । ਪੁਲਿਸ ਮਹਿਕਮੇ ਲਈ ਸਰਕਾਰ ਨੇ ਬਹੁਤ ਪੈਸਾ ਰੱਖਿਆ ਅਤੇ ਬਹੁਤ ਘੱਟ ਪੈਸਾ ਘਟਾਇਆ ਗਿਆ ਹੈ ਪਰ ਇਹ ਪੈਸਾ ਹੋਰ ਜ਼ਿਆਦਾ ਘਟਾਉਣਾ ਚਾਹੀਦਾ ਹੈ । ਸਪੀਕਰ ਸਾਹਿਬ, ਕੋਟਕਪੂਰਾ ਵਿਚ ਇਕ ਲੜਕੀ ਸਾੜੀ ਗਈ । ਸੀ. ਐਮ. ਸੀ. ਲੁਧਿਆਣਾ ਹਸਪਤਾਲ ਵਿਚ ਉਹ ਜ਼ਿੰਦਾ ਹੈ । ਉਸ ਲੜਕੀ ਦੇ ਨਾਲ ਜ਼ਿਆਦਤੀ ਹੋ ਰਹੀ ਹੈ । ਉਹ ਲੜਕੀ ਬਿਆਨ ਦੇਣ ਲਈ ਵੀ ਤਿਆਰ ਹੈ ।

ਸ਼੍ਰੀ ਸਪੀਕਰ: ਵਾਈਂਡ ਅੱਪ ਕਰੋ !

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਪੁਲਿਸ ਕੋਈ ਕਾਰਵਾਈ ਨਹੀਂ ਕਰ ਰਹੀ । ਸ਼੍ਰੀ ਤਰਸੇਮ ਜੋਧਾਂ ਹਾਊਸ ਦਾ ਐਮ. ਐਲ. ਏ. ਹੋਵੇ ਅਤੇ ਉਸ ਨਾਲ ਪੁਲਿਸ ਵਲੋਂ ਜ਼ਿਆਦਤੀ ਹੋਵੇ । ਇਹੋ ਜਿਹੀ ਘਿਨਾਉਣੀ ਗੱਲ ਹੋਵੇ ਅਤੇ ਪੁਲਿਸ ਦਾ ਇਤਨਾ ਜ਼ਬਰ ਹੋਵੇ । ਸਪੀਕਰ ਸਾਹਿਬ, ਪੁਲਿਸ ਦਾ ਜਬਰ ਇਕ ਦਿਨ ਕਾਂਗਰਸ ਨੂੰ ਵੀ ਸਹਿਣਾ ਪਵੇਗਾ । ਬਿਹਾਰ ਵਿਚ ਪੰਜਾਬ ਦੀ ਪੁਲਿਸ ਦੀ ਕਿਤਨੀ ਬਦਨਾਮੀ ਹੋਈ ਹੈ । ਇਕ ਕੰਸਟੇਬਲ ਨੇ ਉਥੇ ਦੀ ਭੈਣ ਨਾਲ ਬੁਰਾ ਵਿਵਹਾਰ ਕੀਤਾ । ਇਹ ਇਥੇ ਚੁੜੀਆਂ ਦੀ ਗੱਲ ਕਰਦੇ ਹਨ । ਉਹ ਵੀ ਸਾਡੀਆਂ ਭੈਣਾਂ ਹਨ । ਮੈਂ, ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਹਦਾ ਹਾਂ । ਡਾਕਟਰ ਸਾਹਿਬ, ਹਾਊਸ ਵਿਚ ਬੈਠੇ ਹਨ । ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਐਜੂਕੇਸ਼ਨ ਤੇ, ਹੈਲਥ ਤੇ, ਐਗਰੀਕਲਚਰ ਤੇ, ਜਦੋਂ ਤੱਕ ਸਾਡਾ ਹਿੱਸਾ ਸਾਨੂੰ ਨਹੀਂ ਮਿਲਦਾ, ਉਦੋਂ ਤੱਕ ਲੋਕਾਂ ਦਾ ਭਲਾ ਨਹੀਂ ਹੋ ਸਕਦਾ । ਆਖੀਰ ਵਿੱਚ ਮੈਂ ਇਸ ਐਪ੍ਰੋਪਰੀਏਸ਼ਨ ਬਿੱਲ ਨਾਲ ਆਪਣੀ ਅਸਹਿਮਤੀ ਪ੍ਰਗਟ ਕਰਦਾ ਹਾਂ ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ): ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਮੈਂਬਰ ਸਾਹਿਬਾਨ ਨੇ ਬਜਟ ਤ. ਉਸ ਤੋਂ ਬਾਅਦ ਡੀਮਾਂਡਾਂ ਤੇ ਅੱਜ ਐਪ੍ਰੋਪਰੀਏਸ਼ਨ ਬਿੱਲ ਤੇ ਵੀ ਬਹਿਸ ਕਰਦਿਆਂ ਵੱਡ ਮੁੱਲਾ ਹਿੱਸਾ ਪਾਇਆ ਹੈ । ਡੈਮੋਕਰੇਸੀ ਵਿਚ ਦੋ ਗੱਲਾਂ ਹੋ

Original with;
Punjab Vidhan Sabha
Digitized by;
Panjab Digital Library

ਸਕਦੀਆਂ ਹਨ । ਇਕ ਤਾਂ ਕੰਸਟਰੱਕਟਿਵ ਸੁਜੈਸ਼ਨਜ਼ ਅਤੇ ਦੂਸਰਾ ਕਰਿਟੀਸਿਜ਼ਮ ਫਾਰ ਦਾ ਸੇਕ ਆਫ ਕਰਿਟੀਸਿਜ਼ਮ ਟਰੈਜ਼ਰੀ ਬੈਂਚਿਜ਼ ਵਾਲਿਆਂ ਨੇ ਤਾਂ ਇਸ ਦੀ ਪ੍ਰਸੰਸਾ ਕੀਤੀ ਹੈ ਪਰ ਮੈਨੂੰ ਖੁਸ਼ੀ ਹੈ ਕਿ ਆਪੋਜ਼ੀਸ਼ਨ ਵਲੋਂ ਵੀ ਬਹੁਤ ਸਾਰੇ ਪੱਖਾਂ ਤੋਂ ਇਸ ਦੀ ਸ਼ਲਾਘਾ ਹੋਈ ਹੈ । ਮੈਂ ਉਨ੍ਹਾਂ ਮੈਂਬਰਾਂ ਦਾ ਧੰਨਵਾਦ ਕਰਦਾ ਹਾਂ । (ਥੰਪਿੰਗ) ਕਈ ਮੈਂਬਰਾਂ ਨੇ ਅੱਛੇ ਸੁਝਾਉ ਦਿਤੇ ਹਨ ਅਤੇ ਸ਼ਲਾਘਾ ਵੀ ਕੀਤੀ ਹੈ । ਮੈਨੂੰ ਸਪੀਕਰ ਸਾਹਿਬ, ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਪ੍ਰੈਸ ਵਲੋਂ ਵੀ ਇਸ ਬਜਟ ਲਈ ਕਾਫੀ ਅੱਛਾ ਹੁੰਗਾਰਾ ਮਿਲਿਆ ਹੈ, ਅਤੇ ਕਈ ਅਖਬਾਰਾਂ ਨੇ ਆਰਟੀਕਲ ਲਿਖ ਕੇ ਇਸ ਦੀ ਸ਼ਲਾਘਾ ਕੀਤੀ ਹੈ (ਥੰਪਿੰਗ) ਕਿਉਂਕਿ ਇਹ ਬਜਟ ਸ਼ਰਬ-ਪੱਖੀ ਅਤੇ ਸਰਬ-ਵਿਕਾਸ ਵਾਸਤੇ ਹੈ । ਅੱਜ ਕਿਉਂਕਿ ਆਖਰੀ ਫਾਈਨਾਂਸ਼ਲ ਬਿਜ਼ਨੈਸ ਹੈ ਔਰ ਅੱਜ ਅਸੀਂ ਐਪਰੋਪਰੀਏਸ਼ਨ ਬਿੱਲ ਪਾਸ ਕਰ ਦੇਣਾ ਹੈ, ਇਸ ਲਈ ਮੈਂ ਮਾਨਯੋਗ ਮੈਂਬਰਾਂ ਨੂੰ ਆਪਣੀ ਗੱਲ ਸ਼ੁਰੂ ਕਰਨ ਲੱਗਾ ਕੁਝ ਕਲਚਰਲ ਜ਼ਜਬਾਤ ਨਾਲ ਜੋੜਨਾ ਚਾਹੁੰਦਾ ਹਾਂ । ਬਜਟ ਦਾ ਸਭ ਤੋਂ ਵੱਡਾ ਪੱਖ ਪੈਸੇ ਦੇ ਨਾਲ ਸਬੰਧਤ ਹੈ । ਪੈਸੇ ਦੇ ਬਾਰੇ ਵਿਚ ਦੋਨੋਂ ਤਰ੍ਹਾਂ ਦੇ ਖਿਆਲਾਤ ਪਾਏ ਜਾਂਦੇ ਹਨ । ਕਿਸੇ ਸਾਧੂ ਨੇ, ਕਿਸੇ ਤਿਆਗੀ ਨੇ, ਕਿਸੇ ਐਸੇ ਵਿਅਕਤੀ ਨੇ ਜਿਸ ਨੂੰ ਪੈਸਾ ਨਹੀਂ ਚਾਹੀਦਾ ਅਤੇ ਜਿਹੜਾ ਪੈਸੇ ਲਈ ਨਹੀਂ ਮਰਦਾ, ਪੈਸੇ ਦੀ ਫਿਕਰ ਨਹੀਂ ਕਰਦਾ, ਉਸ ਨੇ ਸ਼ਾਇਦ ਪੈਸੇ ਨੂੰ ਇਸ ਨਜ਼ਰ ਨਾਲ ਦੇਖਿਆ ਹੈ, —

" ਐ ਜ਼ਰ ਤੂ ਖੁਦਾ ਤੋ ਨਹੀਂ "

ਸਚਮੁਚ ਹੀ ਇਹ ਖੁਦਾ ਹੈ ਵੀ ਨਹੀਂ ਪਰ ਇਕ ਗਰੀਬ, ਜ਼ਰੂਰਤਮੰਦ ਵਿਅਕਤੀ ਨੇ ਪੈਸੇ ਨੂੰ ਦੇਖਦੇ ਹੋਏ ਕਿਹਾ: —

" ਲੇਕਿਨ ਤੂ ਖੁਦਾ ਸੇ ਕਮ ਭੀ ਨਹੀਂ "

ਪੈਸੇ ਦਾ ਸਬੰਧ ਵਿਕਾਸ ਨਾਲ ਹੀ ਹੈ । ਇਹ ਹੀ ਨਹੀਂ, ਪੈਸੇ ਦਾ ਸਬੰਧ ਰੋਜਮੱਰਾ ਦੀ ਜ਼ਿੰਦਗੀ ਨਾਲ ਵੀ ਹੈ । ਜਦੋਂ ਸਾਡੇ ਹਿੰਦੁਸਤਾਨ ਵਿਚ ਬਾਦਸ਼ਾਹ, ਸ਼ਹਿਨਸ਼ਾਹ ਹੁੰਦੇ ਸੀ, ਉਸ ਜ਼ਮਾਨੇ ਦਾ ਸਾਡੇ ਹਿੰਦੁਸਤਾਨ ਵਿਚ ਦੁਨੀਆਂ ਦੇ ਅਜੂਬਿਆਂ ਵਿਚੋਂ ਇਕ ਅਜੂਬਾ ਤਾਜਮਹਿਲ ਵੀ ਹੈ । ਉਸੇ ਤਾਜਮਹਿਲ ਬਾਰੇ ਸ਼ਕੀਲ ਬਦਾਊਨੀ ਨੇ ਕਿਹਾ ਸੀ: —

" ਇਕ ਸ਼ਹਿਨਸ਼ਾਹ ਨੇ ਬਨਾ ਕੇ ਹਸੀਂ ਤਾਜ ਮਹਿਲ
ਸਾਰੀ ਦੁਨੀਆਂ ਕੋ ਮੁਹੱਬਤ ਕੀ ਨਿਸ਼ਾਨੀ ਚੇ ਦੀ ਹੈ ।"

ਉਸ ਸ਼ਹਿਨਸ਼ਾਹ ਨੇ ਤਾਜ ਮਹਿਲ ਬਣਾਉਣ ਤੇ ਬੜੀ ਦੌਲਤ ਖਰਚ ਕੀਤੀ ਸੀ । ਉਸੇ ਤਾਜ ਮਹਿਲ ਬਾਰੇ ਸਾਡੇ ਪੰਜਾਬ ਦੇ ਹੀ ਸਾਹਿਰ ਲੁਧਿਆਣਵੀ ਨੇ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕੀਤੇ —

" ਏਕ ਬਾਦਸ਼ਾਹ ਨੇ ਦੌਲਤ ਕਾ ਸਹਾਰਾ ਲੇਕਰ
ਹਮ ਗਰੀਬੋਂ ਕੀ ਮੁਹੱਬਤ ਕਾ ਉੜਾਇਆ ਹੈ ਮਜ਼ਾਕ "

ਦੌਲਤ ਬੜੀ ਵੱਡੀ ਚੀਜ਼ ਹੈ ਪਰ ਇਸ ਦੇ ਲਈ ਗੁਨਾਹ ਹੋਣ, ਇਸ ਦਾ ਗਲਤ ਇਸਤੇਮਾਲ ਹੋਵੇ, ਇਸ ਦੇ ਬਾਰੇ ਵਿਚ ਸਾਰੇ ਸਾਵਧਾਨ ਹਨ । ਮੈਂ, ਸਪੀਕਰ ਸਾਹਿਬ, ਇਹ

Original with;
Punjab Vidhan Sabha
Digitized by;
Punjab Digital Library

[ਵਿੱਤ ਮੰਤਰੀ]

ਕਹਿਣਾ ਚਾਹੁੰਦਾ ਹਾਂ ਕਿ ਸਾਡੇ ਮੁੱਖ ਮੰਤਰੀ ਜੀ ਨੇ ਪੰਜਾਬ ਨੂੰ ਜਿਸ ਦੇ ਵਿਚ ਜ਼ਿੰਦਗੀ ਦੀ ਕੋਈ ਆਸ ਨਜ਼ਰ ਨਹੀਂ ਆਉਂਦੀ ਸੀ, ਬਚਾਉਣ ਵਾਸਤੇ ਜੋ ਕੁਝ ਕੀਤਾ ਹੈ, ਉਹ ਇਤਿਹਾਸ ਦੇ ਪੰਨਿਆਂ ਦੇ ਸੁਨਹਿਰੀ ਹਰਫਾਂ ਨਾਲ ਲਿਖਿਆ ਰਹੇਗਾ ਅਤੇ ਕੋਈ ਵੀ ਦੁਨੀਆਂ ਦੀ ਤਾਕਤ, ਆਉਣ ਵਾਲੀ ਵਕਤ ਵੀ ਉਨ੍ਹਾਂ ਸੁਨਹਿਰੀ ਸ਼ਬਦਾਂ ਨੂੰ ਨਹੀਂ ਮਿਟਾ ਸਕੇਗੀ ਕਿ ਕਾਂਗਰਸ ਦੀ ਸਰਕਾਰ ਨੇ, ਕਾਂਗਰਸ ਦੇ ਮੁੱਖ ਮੰਤਰੀ ਨੇ ਪੰਜਾਬ ਨੂੰ ਨਵੀਂ ਜ਼ਿੰਦਗੀ ਦਿੱਤੀ ਹੈ । ਜ਼ਿੰਦਗੀ ਨੀ ਨਹੀਂ ਦਿੱਤੀ, ਪੰਜਾਬ ਵਿਚ ਜੋ ਆਰਥਕ ਸੰਕਟ ਸੀ ਬਹੁਤ ਵੱਡਾ, ਉਸ ਆਰਥਕ ਸੰਕਟ ਨੂੰ ਵੀ ਦੂਰ ਕਰਕੇ ਪਿਛਲੇ ਤਿੰਨਾਂ ਸਾਲਾਂ ਵਿਚ ਪੰਜਾਬ ਨੂੰ ਵਿਕਾਸ ਦੀਆਂ ਲੀਹਾਂ ਤੇ ਚਲਾਇਆ ਹੈ । ਉਹ ਚਾਹੇ ਪਿੰਡਾਂ ਦਾ ਵਿਕਾਸ ਹੋਵੇ, ਸ਼ਹਿਰਾਂ ਦਾ ਵਿਕਾਸ ਹੋਵੇ, ਚਾਹੇ ਸਕੂਲਾਂ ਦੀ ਸੋਸ਼ਿਲ ਸਰਵਿਸ ਹੋਵੇ, ਚਾਹੇ ਹੈਲਥ ਹੋਵੇ ਸਰਬ ਪੱਖੀ ਵਿਕਾਸ ਲਈ ਤਿੰਨਾਂ ਸਾਲਾਂ ਵਿਚ ਵੱਧ ਤੋਂ ਵੱਧ ਪੈਸਾ ਖਰਚ ਕੀਤਾ ਗਿਆ ਹੈ । ਇਸ ਅਰਸੇ ਦੌਰਾਨ ਵੱਧ ਤੋਂ ਵੱਧ, ਸਪੀਕਰ ਸਾਹਿਬ, ਕੰਮ ਹੋਏ ਐਂਰ ਇਸ ਗੱਲ ਦੀ ਸਾਡੇ ਮੈਂਬਰ ਤਾਂ ਸ਼ਲਾਘਾ ਕਰਦੇ ਹੀ ਹਨ, ਸਾਰਾ ਪੰਜਾਬ ਅਤੇ ਸਾਰਾ ਹਿੰਦੁਸਤਾਨ, ਵੀ ਇਸ ਦੀ ਸ਼ਲਾਘਾ ਕਰਦਾ ਹੈ ਅਤੇ ਕਰਦਾ ਰਹੇਗਾ । (ਥੰਪਿੰਗ)

ਸਪੀਕਰ ਸਾਹਿਬ, ਹਿੰਦੁਸਤਾਨ ਦਾ ਸੰਵਿਧਾਨ ਐਂਰ ਹਿੰਦੁਸਤਾਨ ਦੀ ਡੈਮੋਕਰੇਸੀ ਫੈਡਰਲ ਢਾਂਚੇ ਨਾਲ ਬੰਨੀ ਹੋਈ ਹੈ । ਕੁਝ ਸਬਜੈਕਟ ਹਨ ਜਿਹੜੇ ਸਟੇਟਾਂ ਦੇ ਹਨ, ਕੁਝ ਕਨਕਰੰਟ ਹਨ ਜਿਹੜੇ ਸਟੇਟਾਂ ਐਂਰ ਹਿੰਦੁਸਤਾਨ ਦੀ ਸਰਕਾਰ ਦੇ ਇਕੱਠੇ ਹਨ ਅਤੇ ਕੁਝ ਐਸੇ ਅਧਿਕਾਰ ਹਨ ਜਿਹੜੇ ਸਿਰਫ ਹਿੰਦੁਸਤਾਨ ਦੀ ਸਰਕਾਰ ਕੋਲ ਹਨ । ਲੇਕਿਨ ਹਿੰਦੁਸਤਾਨ ਦੇ ਸਾਰੇ ਸੂਬੇ ਤਰੱਕੀ ਕਰਨ, ਇਸਦੀ ਜਿੰਮੇਵਾਰੀ ਸੈਂਟਰ ਦੀ ਸਰਕਾਰ ਤੇ ਹੈ । ਪੰਜਾਬ ਤੇ ਜਿਸ ਤਰ੍ਹਾਂ ਦਾ ਸੰਕਟ ਸੀ, ਸਪੀਕਰ ਸਾਹਿਬ, ਸ਼ਾਇਦ ਪੰਜਾਬ ਬਚ ਨਾ ਸਕਦਾ ਜੇਕਰ ਸੈਂਟਰ ਦੀ ਸਰਕਾਰ ਠੀਕ ਤਰੀਕੇ ਨਾਲ ਆਪਣੀ ਜਿੰਮੇਵਾਰੀ ਪੂਰੀ ਨਾਂ ਕਰਦੀ ਐਂਰ ਇਸ ਦੀ ਅਸੀਂ ਤਾਰੀਫ ਕੀਤੇ ਬਿਨਾ ਨਹੀਂ ਰਹਿ ਸਕਦੇ । ਹਿੰਦੁਸਤਾਨ ਦੀ ਸਰਕਾਰ ਨੇ, ਹਿੰਦੁਸਤਾਨ ਦੀ ਕਾਂਗਰਸ ਸਰਕਾਰ ਨੇ ਅਤੇ ਖਾਸ ਕਰਕੇ ਪ੍ਰਧਾਨ ਮੰਤਰੀ ਸ਼੍ਰੀ ਪੀ. ਵੀ. ਨਰਸਿਮ੍ਹਾ ਰਾਓ ਜੀ ਨੇ ਪੰਜਾਬ ਦੀ ਜ਼ਿੰਦਗੀ ਨੂੰ ਬਚਾਉਣ ਵਾਸਤੇ ਜੋ ਕੁਝ ਕੀਤਾ ਹੈ, ਉਸ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ । 1991 ਦਾ ਵਕਤ ਵੀ ਆਸੀਂ ਦੇਖਿਆ ਹੈ । ਇਲੈਕਸ਼ਨ ਉਦੋਂ ਵੀ ਹੋਏ ਸਨ । ਉਨ੍ਹਾਂ ਇਲੈਕਸ਼ਨਾਂ ਵਿਚ ਐਮ. ਪੀ. ਅਤੇ ਐਮ. ਐਲ. ਏ. ਦੀਆਂ ਸੀਟਾਂ ਵਾਸਤੇ ਖੜ੍ਹੇ ਨਾ ਕੇਵਲ 28 ਉਮੀਦਵਾਰ ਹੀ ਮਰੇ ਬਲਕਿ ਵੋਟਰ ਅਤੇ ਸਪੋਰਟਰ ਵੀ ਗੋਲੀਆਂ ਦਾ ਨਿਸ਼ਾਨਾ ਬਣੇ । ਸਾਥੀ ਜੀ ਸ਼ਾਇਦ ਇਥੋਂ ਚਲੇ ਗਏ ਹਨ । ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਜਨਤਾ ਦਲ ਦੇ ਲੀਡਰ ਚੰਦਰ ਸ਼ੇਖਰ ਨੇ ਲੁਧਿਆਣੇ ਆ ਕੇ ਸਿਮਰਨਜੀਤ ਸਿੰਘ ਮਾਨ ਨਾਲ ਇਕ ਘੰਟਾ ਮੁਲਾਕਾਤ ਕਰਕੇ ਗੱਲ ਕੀਤੀ ਅਤੇ ਉਨ੍ਹਾਂ ਨੇ ਲੋਕ ਸਭਾ ਦੀ ਗੱਲ ਨੂੰ ਵੀ ਅਤੇ ਰਾਜ ਸਭਾ ਦੀ ਗੱਲ ਨੂੰ ਵੀ ਠੁਕਰਾ ਦਿੱਤਾ । ਇਨ੍ਹਾਂ ਦੋਨਾਂ ਹਾਊਸਾਂ ਨੇ ਇਹ ਫੈਸਲਾ ਕੀਤਾ ਸੀ ਕਿ ਪੰਜਾਬ ਦੇ ਇਲੈਕਸ਼ਨ ਸਾਰੇ ਹਿੰਦੁਸਤਾਨ ਦੇ ਇਲੈਕਸ਼ਨਾਂ ਦੇ ਨਾਲ ਨਾ ਕਰਾਏ ਜਾਣ ਪਰ ਉਸ ਜ਼ਿੱਦੀ ਸ਼ਖਸ ਨੇ ਪੰਜਾਬ ਦਾ ਭਲਾ ਨਾ ਸੋਚਿਆ ਬਲਕਿ ਪੰਜਾਬ ਨੂੰ ਤਬਾਹੀ ਦੇ ਰਾਹ ਤੇ ਪਾ ਦਿੱਤਾ । ਮੈਂ ਸਮਝਦਾ ਹਾਂ ਕਿ ਚੰਦਰ ਸ਼ੇਖਰ ਨੇ ਲੁਧਿਆਣੇ ਸਿਮਰਨਜੀਤ ਸਿੰਘ ਮਾਨ ਨਾਲ ਇਕ ਘੰਟਾ ਗੱਲ ਕਰਕੇ ਪੰਜਾਬ ਵਿਚ ਉਹ ਇਲੈਕਸ਼ਨ

Original with;
Punjab Vidhan Sabha
Digitized by;
Panjab Digital Library

ਨਹੀਂ ਕਰਵਾਏ ਬਲਕਿ ਇਥੇ ਬੂੱਚੜਖਾਨਾ ਖੋਲ੍ਹ ਦਿੱਤਾ ਉਨ੍ਹਾਂ ਇਲੈਕਸ਼ਨਾਂ ਵਿਚ ਐਮ. ਪੀ. ਦੀਆਂ ਸੀਟਾਂ ਵਾਸਤੇ ਖੜ੍ਹੇ ਹੋਏ ਉਮੀਦਵਾਰ ਗੋਲੀਆਂ ਦਾ ਸ਼ਿਕਾਰ ਹੋਏ । ਉਨ੍ਹਾਂ ਦੀਆਂ ਵਿਧਵਾਵਾਂ ਤੁਅ ਜ਼ਿੰਦਗੀ ਚੰਦਰ ਸ਼ੇਖਰ ਨੂੰ ਬਦ ਦੁਆਵਾਂ ਦਿੰਦੀਆਂ ਰਹਿਣਗੀਆਂ । ਪੰਜਾਬ ਦੇ ਲੋਕਾਂ ਦੀਆਂ ਆਹਾਂ ਚੰਦਰ ਸ਼ੇਖਰ ਨੂੰ ਜਿੰਦਗੀ ਭਰ ਚੈਨ ਨਹੀਂ ਲੈਣ ਦੇਣਗੀਆਂ । ਉਸ ਤੋਂ ਬਾਦ ਸ਼੍ਰੀ ਨਰਸਿਮ੍ਹਾ ਰਾਓ ਪੰਜਾਬ ਦੀ ਮਦਦ ਵਾਸਤੇ ਆਏ ਅੱਹ ਉਨ੍ਹਾਂ ਨੇ ਬੜੀ ਦ੍ਰਿੜ੍ਹਤਾ ਦੇ ਨਾਲ, ਦਲੇਰੀ ਦੇ ਨਾਲ ਉਹ ਇਲੈਕਸ਼ਨ ਕੈਂਸਲ ਕਰਵਾਉਣ ਦਾ ਫੈਸਲਾ ਲਿਆ । ਅਜ਼ੀਂ ਹਮੇਸ਼ਾ ਉਨ੍ਹਾਂ ਦੇ ਅਹਿਸਾਨਮੰਦ ਰਹਾਂਗੇ ਕਿ ਉਨ੍ਹਾਂ ਨੇ ਇਹ ਫੈਸਲਾ ਲੈ ਕੇ ਪੰਜਾਬ ਨੂੰ ਬਚਾਇਆ । ਉਸ ਤੋਂ ਬਾਅਦ 1992 ਵਿਚ ਜਿਹੜੇ ਇਲੈਕਸ਼ਨ ਹੋਏ, ਉਨ੍ਹਾਂ ਵਿਚ ਕੈਂਡੀਡੇਟਸ ਦੀ ਹਿਫਾਜ਼ਤ ਤਾਂ ਹੋਈ ਹੀ, ਜਿਹੜੇ ਵੋਟਰ ਅਤੇ ਸਪੋਰਟਰ ਸਨ, ਉਨ੍ਹਾਂ ਵਿਚੋਂ ਕਿਸੇ ਨੂੰ ਝਰੀਟ ਤੱਕ ਨਹੀਂ ਆਈ । ਪੰਜਾਬ ਦੇ ਲੋਕਾਂ ਨੇ ਜੋ ਸ਼ਾਨਦਾਰ ਫੈਸਲਾ ਦਿੱਤਾ, ਉਹ ਕਾਂਗਰਸ ਦੇ ਹੱਕ ਵਿੱਚ ਗਿਆ । ਸਰਦਾਰ ਬੇਅੰਤ ਸਿੰਘ ਦੀ ਅਗਵਾਈ ਵਿਚ ਕਾਂਗਰਸ ਪਾਰਟੀ ਨੇ ਜਿਹੜੀ ਸੇਵਾ ਲੋਕਾਂ ਦੀ ਕੀਤੀ ਸੀ, ਉਸੇ ਸੇਵਾ ਨੂੰ ਸਾਹਮਣੇ ਰੱਖਦੇ ਹੋਏ, ਉਸੇ ਕੁਰਬਾਨੀ ਨੂੰ ਸਾਹਮਣੇ ਰੱਖਦੇ ਹੋਏ ਲੋਕਾਂ ਨੇ ਕਾਂਗਰਸ ਪਾਰਟੀ ਦੇ 87 ਐਮ. ਐਲ. ਏ. ਜਿਤਾਏ ਅਤੇ ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਬਣੇ । ਉਨ੍ਹਾਂ ਨੇ ਅਮਨ-ਕਾਨੂੰਨ ਦੀ ਵਿਵਸਥਾ ਨੂੰ ਠੀਕ ਤਾਂ ਕੀਤਾ ਹੀ, ਲੋਕਾਂ ਦੀ ਜਾਨੋ-ਮਾਲ ਦੀ ਹਿਫਾਜ਼ਤ ਦਾ ਵੀ ਪੂਰਾ ਪ੍ਰਬੰਧ ਕੀਤਾ । ਇਸ ਬਾਰੇ ਇਥੇ ਕਾਫੀ ਚਰਚਾ ਹੋ ਚੁੱਕੀ ਹੈ ਅੱਹ ਮੈਂ ਇਸ ਵਿਚ ਹੋਰ ਨਹੀਂ ਜਾਣਾ ਚਾਹੁੰਦਾ ।

ਜਿਸ ਤਰ੍ਹਾਂ ਮੈਂ ਪਹਿਲਾਂ ਦੱਸਿਆ ਹੈ, ਆਰਥਿਕ ਤੌਰ ਤੇ ਪੰਜਾਬ ਲੁੱਟਿਆ ਪੁੱਟਿਆ ਗਿਆ ਸੀ । ਬਰਬਾਦ ਹੋਇਆ ਪਿਆ ਸੀ । ਇਸ ਦਾ ਜ਼ਿਕਰ ਮੈਂ ਪਹਿਲਾਂ ਬਜਟ ਸਪੀਚ ਵਿਚ ਵੀ ਕੀਤਾ ਸੀ, ਇਸ ਕਰਕੇ ਦੁਬਾਰਾ ਨਹੀਂ ਕਰਨਾ ਚਾਹੁੰਦਾ । ਪੰਜਾਬ ਦੇ ਇਸ ਅਰਥਚਾਰੇ ਨੂੰ ਮਜ਼ਬੂਤ ਕਰਨ ਵਾਸਤੇ ਬੜੇ ਹੌਂਸਲੇ ਦੀ ਲੋੜ ਸੀ ਅੱਹ ਕਿਸੇ ਹੋਰ ਸੂਬੇ ਦੇ ਕਿਸੇ ਹੋਰ ਮੁੱਖ ਮੰਤਰੀ ਨੇ ਐਨਾ ਹੌਂਸਲਾ ਨਹੀਂ ਕੀਤਾ ਜਿੰਨਾ ਸਰਦਾਰ ਬੇਅੰਤ ਸਿੰਘ ਜੀ ਨੇ ਕੀਤਾ । ਉਨ੍ਹਾਂ ਨੇ ਇਸ ਪੰਜਾਬ ਦੇ ਖਾਲੀ ਖਜ਼ਾਨੇ ਨੂੰ ਭਰ ਦਿੱਤਾ, ਬਲਕਿ ਇਸ ਨੂੰ ਮਾਈਨਸ ਤੋਂ ਪਲੱਸ ਵਿਚ ਬਦਲ ਕੇ 1,600 ਕਰੋੜ ਰੁਪਏ ਦੇ ਖੱਪੇ ਨੂੰ ਪੂਰਾ ਕੀਤਾ । ਕਾਫੀ ਸਾਰੀਆਂ ਚੀਜ਼ਾਂ ਦਾ ਜ਼ਿਕਰ ਹੋ ਚੁੱਕਾ ਹੈ ਲੇਕਿਨ ਇਤਨਾ ਜ਼ਰੂਰ ਕਹਾਗਾਂ ਕਿ ਕਈ ਵਾਰੀ ਅਸੀਂ ਸੈਂਟਰ ਦੀ ਮਦਦ ਨੂੰ ਬਹੁਤ ਮਾਮੂਲੀ ਆਖਦੇ ਹਾਂ । ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਅਤੇ ਦੇਸ਼ ਸਮੁੱਚੇ ਤੌਰ ਤੇ ਅੱਗੇ ਵਧੇ, ਉਸ ਦੇ ਲਈ ਮਜ਼ਬੂਤ ਸੈਂਟਰ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ । ਮਜ਼ਬੂਤ ਸੈਂਟਰ ਹੀ ਸਟੇਟਾਂ ਨੂੰ ਮਜ਼ਬੂਤੀ ਪ੍ਰਦਾਨ ਕਰ ਸਕਦਾ ਹੈ ।

ਕਮਜ਼ੋਰ ਸੈਂਟਰ ਹਮੇਸ਼ਾਂ ਦੇਸ਼ ਨੂੰ ਕਮਜ਼ੋਰ ਕਰ ਦਿੰਦਾ ਹੈ । ਜਿਹੜੀ ਸਰਕਾਰ ਹਿੰਦੁਸਤਾਨ ਦੇ ਵਿਚ ਬਣੀ 1991 ਦੇ ਵਿਚ ਅੱਹ ਜਦੋਂ ਸ੍ਰੀ ਪੀ. ਵੀ. ਨਰਸਿਮ੍ਹਾ ਰਾਓ ਜੀ ਨੇ ਹਾਲਾਤ ਸਾਂਭੇ, ਉਦੋਂ ਬਹੁਤ ਹੀ ਕਮਜ਼ੋਰ ਹਾਲਾਤ ਸਨ ਲੇਕਿਨ ਸਾਨੂੰ ਖੁਸ਼ੀ ਹੈ ਇਹ ਕਹਿਣ ਵਿਚ ਕਿ ਉਨ੍ਹਾਂ ਨੇ ਆ ਕੇ ਸੈਂਟਰ ਦੀ ਸਰਕਾਰ ਨੂੰ ਮਿਨਾਰਟੀ ਤੋਂ ਮੈਜਾਰਿਟੀ ਤੱਕ ਲੈ ਆਂਦਾ ਅੱਹ 40 ਟਨ ਸੋਨਾ ਜਿਹੜਾ ਕਿ ਸਾਡਾ ਇੰਗਲੈਂਡ ਦੇ ਕੋਲ ਗਿਰਵੀ ਪਿਆ ਸੀ, ਉਸ ਨੂੰ ਵਾਪਸ ਲਿਆਉਣਾ ਅੱਹ ਸਰਦਾਰ ਮਨਮੋਹਨ ਸਿੰਘ ਵਰਗੇ ਸ਼ਾਨਦਾਰ ਅੱਹ ਯੋਗ,

Original with;
Punjab Vidhan Sabha
Digitized by;
Punjab Digital Library

[ਵਿੱਤ ਮੰਤਰੀ]

ਲਾਇਕ ਪੰਜਾਬੀ ਨੂੰ ਵਿੱਤ ਮੰਤਰੀ ਬਣਾ ਕੇ ਹਿੰਦਸਤਾਨ ਦੀ ਆਰਥਕਤਾ ਨੂੰ ਮਜ਼ਬੂਤ ਕਰਨਾ-ਇਹ ਬਹੁਤ ਵੱਡੀ ਗੱਲ ਹੈ. ਛੋਟੀ ਗੱਲ ਨਹੀਂ ਹੈ । ਜੇ ਦੇਸ਼ ਆਰਥਕ ਤੌਰ ਤੇ ਮਜ਼ਬੂਤ ਨਹੀਂ ਹੋਏਗਾ ਤਾਂ ਕਿਸੇ ਪਾਸੇ ਤੋਂ ਵੀ ਦੇਸ਼ ਦੀ ਤਰੱਕੀ ਨਹੀਂ ਹੋ ਸਕਦੀ । ਸਾਡੀ ਕੇਂਦਰ ਬਕਾਇਦਾ ਮਦਦ ਕਰਦਾ ਰਿਹਾ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਬਜਟ ਸਪੀਚ ਵਿੱਚ ਵੀ ਅਸੀਂ ਇਸ ਮਦਦ ਦੀ ਮੰਗ ਕੀਤੀ ਹੈ ਅਤੇ ਅੱਗੇ ਨੂੰ ਵੀ ਕਰਦੇ ਰਹਾਂਗੇ ਕਿਉਂਕਿ ਪੰਜਾਬ ਨੇ ਹਿੰਦੁਸਤਾਨ ਦੀ ਟੈਰੀਟੋਰੀਅਲ ਅਖੰਡਤਾ ਵਾਸਤੇ ਬਹੁਤ ਵੱਡੀ ਕੁਰਬਾਨੀ ਕੀਤੀ ਹੈ ਅੰਤ ਦੇਸ਼ ਦੀ ਸੇਵਾ ਕੀਤੀ ਹੈ । ਸੇਵਾ ਦੇ ਬਾਅਦ ਪੰਜਾਬ ਨੂੰ ਹੀ ਜ਼ਿੰਦਗੀ ਨਹੀਂ ਦਿੱਤੀ ਬਲਕਿ ਹਿੰਦੁਸਤਾਨ ਨੂੰ ਵੀ ਜ਼ਿੰਦਗੀ ਦਿੱਤੀ ਹੈ ਤਾਂ ਕਿ ਪੰਜਾਬ ਹਿੰਦੁਸਤਾਨ ਦਾ ਹਿੱਸਾ ਬਣਿਆ ਰਹੇ । ਇਸ ਸਰਕਾਰ ਨੇ ਤਿੰਨ ਸਾਲਾਂ ਵਿੱਚ ਕਈ ਪਾਸੇ ਕਦਮ ਉਠਾਏ । ਹਿੰਦੁਸਤਾਨ ਦੀ ਸਰਕਾਰ ਸਾਹਮਣੇ ਇਹ ਮਾਮਲਾ ਲਿਆਂਦਾ ਗਿਆ ਅੰਤ ਖਾਸ ਤੌਰ ਤੇ ਪੰਜਾਬ ਦੀ ਗੱਲ ਕੀਤੀ ਜਿਹੜਾ ਕਿ ਸਾਡੇ 'ਸਿਰ ਕਰਜ਼ਾ ਹੈ, ਜਿਹੜੀ ਪਰਾਕਸੀ ਵਾਰ ਪਾਕਿਸਤਾਨ ਵੱਲੋਂ ਏਥੇ ਹੁੰਦੀ ਰਹੀ ਹੈ ਜਿਸ ਵਿੱਚ ਹਜ਼ਾਰਾ ਭਰਾ, ਭੈਣਾਂ, ਬੱਚੇ ਮਾਰੇ ਗਏ, ਤੁਸੀਂ ਸਾਡਾ ਇਹ ਕਰਜਾਂ ਸਾਨੂੰ ਮਾਫ ਕਰ ਦਿਓ । ਕੁਝ ਉਨ੍ਹਾਂ ਦੀਆਂ ਵੀ ਸਮੱਸਿਆਵਾਂ ਸਨ । ਲੇਕਿਨ ਸਾਨੂੰ ਖੁਸ਼ੀ ਹੈ ਕਿ ਸਰਕਾਰ ਬਣਨ ਦੇ ਪਹਿਲੇ ਸਾਲ ਇਸ ਪੰਜਾਬ ਤੋਂ ਜਿਹੜਾ ਕਰਜ਼ਾ ਵਾਪਸ ਲੈਣਾ ਸੀ, ਉਸ ਬਾਰੇ ਉਨ੍ਹਾਂ ਨੇ ਕਿਹਾ ਕਿ ਅਸੀਂ ਮੋਰੀਟੋਰੀਅਮ ਦੇ ਦਿੱਤਾ ਹੈ ਅਤੇ ਪੰਜਾਬ ਤੋਂ ਕਰਜ਼ੇ ਦੀ ਕੋਈ ਕਿਸ਼ਤ ਵਾਪਸ ਨਹੀਂ ਲਵਾਂਗੇ । 1992-93 ਦਾ ਸਾਡਾ ਸਾਲ ਉਨ੍ਹਾਂ ਦੀ ਕ੍ਰਿਪਾ ਨਾਲ ਬਹੁਤ ਅੱਛਾ ਲੰਘਿਆ ਅੰਤ ਉਨ੍ਹਾਂ ਨੇ ਸਾਨੂੰ ਹੌਂਸਲਾ ਦਿੱਤਾ ਕਿ ਅਸੀਂ ਤੁਹਾਡੀ ਫਿਰ ਵੀ ਮਦਦ ਕਰਦੇ ਰਹਾਂਗੇ 1993-94 ਵਿੱਚ ਜੋ ਸਾਨੂੰ ਕਿਸ਼ਤ ਦੇਣੀ ਪਈ, ਉਹ 817 ਕਰੋੜ ਰੁਪਏ ਸੀ ਪਰ ਸੈਂਟਰ ਨੇ ਸਾਨੂੰ 619 ਕਰੋੜ ਰੁਪਏ ਸਪੈਸ਼ਲ ਟਰਮ ਲੋਨ ਦੇ ਤੌਰ ਤੇ ਦੇ ਦਿੱਤੇ ਅੰਤ ਸਾਡੀ ਮਦਦ ਕੀਤੀ ਤਾਂ ਕਿ ਸਾਨੂੰ ਕਿਸੇ ਤਰ੍ਹਾਂ ਦੀ ਕੋਈ ਕਮੀ ਨਾ ਆਵੇ ਅੰਤ ਪੰਜਾਬ ਅੱਗੇ ਵਧਦਾ ਰਹੇ । ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਸਪੈਸ਼ਲ ਟਰਮ ਲੋਨ ਸਿਵਾਏ ਜੰਮੂ ਕਸ਼ਮੀਰ ਦੇ ਹੋਰ ਕਿਸੇ ਨੂੰ ਵੀ ਨਹੀਂ ਦਿੱਤਾ । ਕਿਉਂਕਿ ਉਥੇ ਮੁਸੀਬਤ ਹੈ, ਇਸ ਲਈ ਉਥੇ ਹੋਰ ਵੀ ਮਦਦ ਹੋ ਰਹੀ ਹੈ । ਭਾਵੇਂ ਉਥੇ ਪਾਪੂਲਰ ਸਰਕਾਰ ਨਹੀਂ ਹੈ ਪਰ ਮੈਨੂੰ ਵਿਸ਼ਵਾਸ਼ ਹੈ ਕਿ ਜੇ ਪੰਜਾਬ ਵਿੱਚ ਪਾਪੂਲਰ ਸਰਕਾਰ ਬਣੀ ਹੈ ਤਾਂ ਜੰਮੂ ਕਸ਼ਮੀਰ ਦੇ ਵਿੱਚ ਵੀ ਹਾਲਾਤ ਸੁਧਰਨਗੇ ਅੰਤ ਉਥੇ ਵੀ ਪਾਪੂਲਰ ਸ਼ਰਕਾਰ ਕਾਇਮ ਹੋਵੇਗੀ, ਉਥੇ ਵੀ ਡੈਮੋਕਰੇਸੀ ਬਹਾਲ ਹੋਵੇਗੀ । ਸਾਡੀ ਨਰਸਿਮ੍ਹਾ ਰਾਓ ਜੀ ਦੀ ਸਰਕਾਰ ਉਥੇ ਵੀ ਇਲੈਕਸ਼ਨ ਕਰਵਾਏਗੀ । ਲੇਕਿਨ ਸਪੀਕਰ ਸਾਹਿਬ, ਸਪੈਸ਼ਲ ਟਰਮ ਲੋਨ ਸਿਵਾਏ ਪੰਜਾਬ ਅਤੇ ਜੰਮੂ ਕਸਮੀਰ ਦੇ ਹੋਰ ਕਿਤੇ ਵੀ ਜਿਥੇ ਪਾਪੂਲਰ ਸਰਕਾਰ ਹੈ, ਨਹੀਂ ਦਿੱਤਾ ਗਿਆ । ਜਿੰਨੀ ਮਦਦ ਸੈਂਟਰ ਸਰਕਾਰ ਨੇ ਪੰਜਾਬ ਦੀ ਕੀਤੀ ਹੈ, ਕਿਸੇ ਹੋਰ ਸੂਬੇ ਦੀ ਨਹੀਂ ਕੀਤੀ । ਸਪੀਕਰ ਸਾਹਿਬ, ਸਾਨੂੰ ਜਿਹੜੀ ਨਾਰਮਲ ਅਸਿਸਟੈਂਸ ਸੈਂਟਰ ਤੋਂ ਮਿਲੀ ਹੈ, ਉਹ 1992-93 ਵਿਚ 1 088 ਕਰੋੜ ਰੁਪਏ, 1993-94 ਵਿੱਚ 1,176 ਕਰੋੜ ਰੁਪਏ ਅੰਤ 1994-95 ਵਿੱਚ ਸਾਡੇ ਮੁੱਖ ਮੰਤਰੀ ਜੀ ਦੀਆਂ ਕੋਸ਼ਿਸ਼ਾਂ ਕਰਕੇ 1,578 ਕਰੋੜ ਰੁਪਏ ਹੈ ਅੰਤ ਆਉਣ ਵਾਲੇ ਸਮੇਂ ਵਿੱਚ 2,000 ਕਰੋੜ ਰੁਪਏ ਸਾਨੂੰ ਸੈਂਟਰਲ ਅਸਿਸਟੈਂਸ ਦੇ ਤੌਰ ਤੇ ਮਿਲਣਗੇ । ਸਪੀਕਰ

Original with;
Punjab Vidhan Sabha
Digitized by;
Panjab Digital Library

ਸਾਹਿਬ, ਇਹ ਕਰਜ਼ਾ ਨਹੀਂ ਹੈ । ਇਹ ਸਾਨੂੰ ਸੈਂਟਰ ਦੀ ਮਦਦ ਹੈ । 1995-96 ਵਿੱਚ ਵੀ ਸਾਨੂੰ ਸੈਂਟਰ ਤੋ ਹੋਰ ਮਦਦ ਮਿਲੇਗੀ ।

ਸਪੀਕਰ ਸਾਹਿਬ, ਸਪੈਸ਼ਲ ਟਰਮ ਲੋਨ ਦੇ ਤੌਰ ਤੇ 1993-94 ਵਿਚ ਸਾਨੂੰ 600 + 310 = 910 ਕਰੋੜ ਰੁਪਿਆ ਮਿਲਿਆ । 1994-95 ਵਿੱਚ ਸਾਨੂੰ 807 ਕਰੋੜ ਰੁਪਿਆ ਦੇਣਾ ਪਿਆ । 1995-96 ਵਿੱਚ ਫਿਰ ਕੇਂਦਰ ਸਾਡੀ ਮਦਦ ਕਰ ਰਿਹਾ ਹੈ ਐਹ ਸਾਨੂੰ ਹੁਣ ਤੱਕ ਸਪੈਸ਼ਲ ਟਰਮ ਲੋਨ ਦੇ ਤੌਰ ਤੇ 5,858 ਕਰੋੜ ਰੁਪਏ ਦੀ ਮਦਦ ਕੇਂਦਰ ਦੇ ਚੁੱਕਿਆ ਹੈ । ਇਸ ਦੇ ਲਈ ਅਸੀਂ ਬੜੇ ਜ਼ੋਰ ਨਾਲ ਅਪੀਲ ਕਰਦੇ ਹਾਂ, ਫਿਰ ਵੀ ਅਪੀਲ ਕਰਦੇ ਰਹਾਂਗੇ ਅਤੇ ਸਾਨੂੰ ਕਰ ਰੁਜ਼ਗਾਰਾ ਸੈਂਟਰ ਦੀ ਸਹਕਾਰ ਤੋਂ ਮਿਲਿਆ ਵੀ ਹੈ । ਉਨ੍ਹਾਂ ਦੀ ਹਮਦਰਦੀ ਸਾਡੇ ਤੀਕਰ ਪਹੁੰਚੀ ਹੈ, ਦਸਵੇਂ ਫਾਈਨੈਂਸ ਕਮਿਸ਼ਨ ਨੇ 500 ਕਰੋੜ ਰੁਪਏ ਦੀ ਸਾਡੀ ਮਦਦ ਕੀਤੀ ਹੈ ਅਤੇ ਇਹ ਸਾਨੂੰ 100 ਕਰੋੜ ਰੁਪਿਆ ਹਰ ਸਾਲ ਮਿਲਦਾ ਰਹੇਗਾ । ਇਸ ਨਾਲ ਇਹ ਜਿਹੜਾ ਕੁੱਲ ਕਰਜ਼ਾ ਹੈ, ਉਹ ਤਕਰੀਬਨ 5,358 ਕਰੋੜ ਰੁਪਏ ਰਹਿ ਜਾਵੇਗਾ । ਇਸ ਮਦਦ ਦਾ ਅਸੀਂ ਸਵਾਗਤ ਕਰਦੇ ਹਾਂ । ਲੇਕਿਨ ਬੜੀ ਨਿਮਰਤਾ ਨਾਲ ਪਰ ਬੜੇ ਜ਼ੋਰਦਾਰ ਸ਼ਬਦਾਂ ਨਾਲ ਅਸੀਂ ਸੈਂਟਰ ਦੀ ਸਰਕਾਰ ਨੂੰ ਕਹਿਣਾ ਚਾਹੁੰਦੇ ਹਾਂ ਕਿ ਪੰਜਾਬ ਤੁਹਾਡੇ ਵੱਲ ਵੇਖ ਰਿਹਾ ਹੈ । ਪੰਜਾਬ ਦੇ ਲੋਕ ਬੜੀ ਉਤਸੁਕਤਾ ਨਾਲ ਵੇਖ ਰਹੇ ਹਨ । ਪੰਜਾਬ ਦੇ ਲੋਕਾਂ ਨੇ ਆਪਣੀਆਂ ਜਾਨਾਂ ਦੇ ਕੇ ਪਰੈਕਸੀ ਵਾਰ ਦਾ ਮੁਕਾਬਲਾ ਕੀਤਾ ਹੈ, ਦੇਸ਼ ਦੀ ਏਕਤਾ ਅਤੇ ਅਖੰਡਤਾ ਵਿੱਚ ਬਹੁਤ ਵੱਡਾ ਹਿੱਸਾ ਪਾਇਆ ਹੈ । ਪੰਜਾਬ ਸਾਰੇ ਹਿੰਦੁਸਤਾਨ ਦਾ ਹੀਰਾ ਸੂਬਾ ਹੈ । ਪੰਜਾਬ ਉਹ ਸੂਬਾ ਹੈ ਜਿਸ ਨੇ ਜਦੋਂ ਵੀ ਕੋਈ, ਮੁਸ਼ਕਲ ਆਈ ਉਸ ਦਾ ਡਟ ਕੇ ਕੇ ਸਾਹਮਣਾ ਕੀਤਾ । ਸਾਰੇ ਹਿੰਦੁਸਤਾਨ ਦਾ ਅੰਨ ਭੰਡਾਰ ਵੀ ਪੰਜਾਬ ਨੇ ਹੀ ਭਰਿਆ ਹੈ । ਜਦੋਂ ਮੁਸ਼ਕਲ ਆਈ 1965 ਵਿੱਚ ਜਿਸ ਵੇਲੇ ਪਾਕਿਸਤਾਨ ਨੇ ਹਮਲਾ ਕੀਤਾ, ਲੜਾਈ ਹੋਈ, ਸਪੀਕਰ ਸਾਹਿਬ ਉਸ ਵੇਲੇ ਸਾਡੇ ਪੰਜਾਬੀਆਂ ਨੇ, ਸ਼ਹਿਰੀਆਂ ਨੇ ਖਾਸ ਕਰਕੇ ਪਿੰਡਾਂ ਦੇ ਰਹਿਣ ਵਾਲੇ ਲੋਕਾਂ ਨੇ ਮਦਦ ਕੀਤੀ ਸੀ । ਉਨ੍ਹਾਂ ਫੌਜੀਆਂ ਦੀ ਜੋ ਸਾਡੇ ਲਈ ਲੜਦੇ ਸਨ ਮੋਰਚਿਆਂ ਦੇ ਵਿੱਚ ਜਾ ਕੇ । ਉਦੋਂ ਸਾਡੇ ਭਰਾਵਾਂ ਨੇ ਇਹ ਮਹਿਸੂਸ ਕੀਤਾ ਕਿ ਹਿੰਦੁਸਤਾਨ ਤੇ ਹਮਲਾ ਹੋਇਆ ਹੈ ਅਤੇ ਸਾਨੂੰ ਆਪਣੇ ਫੌਜੀਆਂ ਦੀ ਮਦਦ ਕਰਨੀ ਚਾਹੀਦੀ ਹੈ । ਇਸ ਸਬੰਧ ਵਿਚ ਸ਼ਾਇਦ ਸਾਡੇ ਐਮ. ਐਲ. ਏ. ਸਾਹਿਬਾਨ ਜਾਣਦੇ ਹੋਣਗੇ ਕਿ ਇਕ ਟਾਕ ਆਈ ਸੀ ਟੈਲੀਵੀਜ਼ਨ ਦੇ ਵਿੱਚ ਜਿਹੜੀ ਮੈਂ ਸੁਣ ਰਿਹਾ ਸੀ ਅਤੇ ਉਸ ਦਾ ਮੈਂ ਜ਼ਿਕਰ ਕਰਨ ਲੱਗਾ ਹਾਂ । ਮੈਂ ਸੈਂਟਰ ਦੀ ਸਰਕਾਰ ਨੂੰ, ਹਕੂਮਤ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਵਿਚ ਦੇਸ਼ ਦੀ ਏਕਤਾ ਅਤੇ ਅਖੰਡਤਾ ਵਾਸਤੇ ਕਿਤਨਾ ਜ਼ਜਬਾ ਸੀ । ਟੈਲੀਵੀਜ਼ਨ ਦੇ ਵਿਚ ਟਾਕ ਆਈ ਸੀ ਕਿ ਜਦੋਂ 1965 ਵਿਚ ਹਮਲਾ ਹੋਇਆ ਸੀ, ਉਸ ਵੇਲੇ ਪਾਕਿਸਤਾਨ ਦੀ ਤਰਫੋਂ ਹਿੰਦੁਸਤਾਨ ਵੱਲ ਅੰਧਾ-ਧੁੰਦ ਗੋਲੀਆਂ ਚਲ ਰਹੀਆਂ ਸਨ । ਮੋਰਚਿਆਂ ਵਿੱਚ ਬੈਠੇ ਹੋਏ ਸਾਡੇ ਉਨ੍ਹਾਂ ਫੌਜੀ ਭਰਾਵਾਂ ਨੂੰ 48 ਘੰਟੇ ਤੋਂ ਵੀ ਜ਼ਿਆਦਾ ਹੋ ਗਏ ਸਨ ਗੋਲੀਆਂ ਚਲਾਉਂਦਿਆਂ ਨੂੰ ਅਤੇ ਉਹ ਆਪਣੀਆਂ ਜਾਨਾਂ ਨੂੰ ਖਤਰਿਆਂ ਵਿੱਚ ਪਾ ਕੇ ਬੈਠੇ ਸਨ । ਉਥੇ ਸਾਡੀਆਂ ਬੇਟੀਆਂ, ਭੈਣਾਂ ਗਈਆਂ ਜਿਨ੍ਹਾਂ ਨੇ ਪਰੌਠੇ ਪਕਾ ਕੇ ਸਿਰਾਂ ਤੇ ਰੱਖੇ ਹੋਏ ਸਨ ਅਤੇ ਹੱਥਾਂ ਵਿਚ ਬਾਲਟੀਆਂ ਸਨ, ਉਨ੍ਹਾਂ ਵਿਚ ਗੋਟਣੇ (ਪਾਥੀਆਂ) ਪਾ ਕੇ ਚਾਹ ਦੀਆਂ ਦੇਗਚੀਆਂ ਰੱਖੀਆਂ ਹੋਈਆਂ ਸਨ । ਉਹ ਲੈ ਕੇ ਮੋਰਚਿਆਂ ਵਿੱਚ ਆਪਣੇ ਫੌਜੀ ਭਰਾਵਾਂ ਨੂੰ ਕਹਿਣ ਲੱਗੀਆਂ ਕਿ ਤੁਸੀਂ 48

Original with;
Punjab Vidhan Sabha
Digitized by
Panjab Digital Library

[ਵਿੱਤ ਮੰਤਰੀ]

ਘੰਟਿਆਂ ਤੋਂ ਵੀ ਵੱਧ ਸਮੇਂ ਤੋਂ ਕੁਝ ਖਾਧਾ ਨਹੀਂ, ਕੁਝ ਪੀਤਾ ਨਹੀਂ। ਅਸੀਂ ਤੁਹਾਡੇ ਕੋਲ ਇਸ ਕਰਕੇ ਪਹੁੰਚੀਆਂ ਹਾਂ ਕਿ ਤੁਸੀਂ ਆਹ ਪਰੌਂਠੇ ਖਾ ਲਵੋ ਅਤੇ ਚਾਹ ਪੀ ਲਵੋ। ਅੱਗੋਂ ਫੌਜੀ ਭਰਾਵਾਂ ਦਾ ਜਵਾਬ ਸੀ ਕਿ ਸਾਨੂੰ ਪਰੌਂਠੇ ਨਹੀਂ ਚਾਹੀਦੇ ਚਾਹ ਨਹੀਂ ਚਾਹੀਦੀ, ਸਾਨੂੰ ਤਾਂ ਦੇਸ਼ ਦੀ ਏਕਤਾ ਅਤੇ ਅਖੰਡਤਾ ਚਾਹੀਦੀ ਹੈ ਅਤੇ ਅਸੀਂ ਦੇਸ਼ ਦੀ ਆਜ਼ਾਦੀ ਦੀ ਹਿਫਾਜ਼ਤ ਕਰਨੀ ਹੈ। ਇਸ ਦੇ ਲਈ ਹੀ ਅਸੀਂ ਡਟੇ ਹੋਏ ਬੈਠੇ ਹਾਂ। ਬੇਟੀਆਂ ਤੇ ਭੈਣਾਂ ਨੇ ਕਿਹਾ ਕਿ ਅਸੀਂ ਤੁਹਾਡਾ ਗੋਲੀਆਂ ਚਲਾਉਣ ਦਾ ਕੰਮ ਬੰਦ ਨਹੀਂ ਕਰਦੀਆਂ। ਅਸੀਂ ਆਪਣੇ ਹੱਥਾਂ ਨਾਲ ਤੁਹਾਡੇ ਮੂੰਹ ਵਿਚ ਪਰੌਂਠੇ ਪਾਉਂਦੀਆਂ ਹਾਂ ਅਤੇ ਚਾਹ ਵੀ ਪਿਲਾਵਾਂਗੀਆਂ ਤਾਂ ਕਿ ਤਸੀਂ ਗੋਲੀਆਂ ਚਲਾਉਣ ਵਿਚ ਕਮਜ਼ੋਰ ਨਾ ਹੋਵੋ ਜੇ ਤੁਹਾਡੇ ਵਿਚ ਕਮਜ਼ੋਰੀ ਆ ਗਈ ਤਾਂ ਇਹ ਗੱਲ ਆਵੇਗੀ ਕਿ ਅਸੀਂ ਆਪਣੇ ਫੌਜੀਆਂ ਦੀ ਮੋਰਚਿਆਂ ਵਿੱਚ ਬੈਠਿਆਂ ਦੀ ਮਦਦ ਨਹੀਂ ਕੀਤੀ, ਉਨ੍ਹਾਂ ਦੀ ਕੋਈ ਹਿਫਾਜ਼ਤ ਨਹੀਂ ਕੀਤੀ, ਅਸੀਂ ਆਪਣਾ ਫਰਜ਼ ਪੂਰਾ ਨਹੀਂ ਕੀਤਾ। ਮੈਂ ਸੈਂਟਰ ਦੀ ਸਰਕਾਰ ਨੂੰ ਕਹਿਣਾ ਚਾਹਾਂਗਾ ਕਿ ਪੰਜਾਬ ਨੇ ਆਜ਼ਾਦੀ ਵਾਸਤੇ ਬੜੀ ਕੁਰਬਾਨੀ ਦਿੱਤੀ ਹੈ। ਜਿਹੜਾ ਪੰਜਾਬ ਤੇ ਖੈਕਟ 1978 ਤੋਂ ਲੈ ਕੇ 1992 ਤਕ ਛਾਇਆ ਰਿਹਾ ਹੈ, ਉਸ ਦੇ ਵਿਚ ਵੀ ਪੰਜਾਬੀਆਂ ਨੇ ਵੱਧ ਤੋਂ ਵੱਧ ਕੁਰਬਾਨੀ ਕੀਤੀ ਹੈ, ਕੀਮਤੀ ਜਾਨਾਂ ਦਿੱਤੀਆਂ ਹਨ ਅੱਜ ਜਿਹੜਾ ਪਾਕਿਸਤਾਨ ਪੰਜਾਬ ਦੇ ਵਿਚ ਕਤਲੋ-ਗਾਰਤ ਕਰਵਾ ਰਿਹਾ ਸੀ, ਉਸ ਦਾ ਵੀ ਮੂੰਹ ਬੰਦ ਕੀਤਾ ਹੈ, ਉਸ ਦਾ ਮਸਤਕ ਵੀ ਝੁਕਾਇਆ ਹੈ। ਪੰਜਾਬ ਦੇ ਲੋਕ ਬੜੀ ਨਿਮਰਤਾ ਨਾਲ ਸੈਂਟਰ ਦੀ ਸਰਕਾਰ ਨੂੰ ਕਹਿੰਦੇ ਕਿ ਇਹ ਕਰਜ਼ਾ ਜਿਹੜਾ ਸਾਡੇ ਤੇ ਹੈ, ਸਾਨੂੰ ਮੁਆਫ ਕਰ ਦਿੱਤਾ ਜਾਵੇ, ਹੁਰ ਹਾਲਤ ਵਿਚ ਮਆਫ ਕੀਤਾ ਜਾਵੇ, ਅੱਜ ਪੰਜਾਬ ਦੀ ਮਦਦ ਵਾਸਤੇ ਸਾਨੂੰ ਥਪਕੀ ਦਿਤੀ ਜਾਵੇ। ਮੈਂ ਇਸ ਹਾਊਸ ਦੇ ਰਾਹੀਂ ਪੁਰਜ਼ੋਰ ਅਪੀਲ ਕਰਦਾ ਹਾਂ ਸੈਂਟਰ ਦੀ ਸਰਕਾਰ ਨੂੰ ਕਿ ਤੁਹਾਡੀ ਹਮਦਰਦੀ ਦਾ ਸ਼ੁਕਰੀਆ ਲੇਕਿਨ ਸਾਡੀਆਂ ਕੁਰਬਾਨੀਆਂ ਦੇ ਮੁਕਾਬਲੇ ਇਹ ਮਦਦ ਬਹੁਤ ਥੋੜ੍ਹੀ ਹੈ ਅਤੇ ਸਾਡੀ ਵੱਧ ਤੋਂ ਵੱਧ ਮਦਦ ਕਰੋ। ਫਿਰ ਅਸੀਂ ਮਹਿਸੂਸ ਕਰਦੇ ਹਾਂ ਕਿ ਤਹਾਡੇ ਦਿਲ ਵਿਚ ਵੀ ਕੁਝ ਗੱਲ ਹੈ।

ਸਪੀਕਰ ਸਾਹਿਬ, ਇਹ ਦੇਸ਼ ਕੁਰਬਾਨੀਆਂ ਨਾਲ ਆਜ਼ਾਦ ਹੋਇਆ ਹੈ। ਆਜ਼ਾਦੀ ਲੈਣ ਵਾਸਤੇ ਹਿੰਦੁਸਤਾਨ ਦੇ ਲੋਕ ਜੇਲ੍ਹਾਂ ਵਿਚ ਗਏ, ਸਾਡੇ ਨੌਜਵਾਨ ਫਾਂਸੀ ਦੇ ਤਖਤਿਆਂ ਤੇ ਲਟਕੇ ਅੱਜ ਆਪਣੀਆਂ ਜਾਨਾਂ ਦੇ ਕੇ ਦੇਸ਼ ਆਜ਼ਾਦ ਕਰਵਾਇਆ। ਇਸ ਗੱਲ ਨੂੰ ਭੁਲਾਇਆ ਨਹੀਂ ਜਾ ਸਕਦਾ ਕਿ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਦੇਸ਼ ਦੀ ਜੰਗੇ-ਆਜ਼ਾਦੀ ਵਾਸਤੇ ਅਗਵਾਈ ਕੀਤੀ, ਅੱਜ ਲੰਗੋਟੀ ਵਾਲੇ ਫਕੀਰ ਦੀ ਤਰ੍ਹਾਂ ਸਾਦਾ ਜੀਵਨ ਬਿਤਾਇਆ ਅੱਜ ਅਹਿੰਸਾ ਦੀ ਮੂਰਤੀ ਬਣ ਕੇ ਦੇਸ਼ ਦੀ ਅਗਵਾਈ ਕੀਤੀ। ਉਨ੍ਹਾਂ ਦਾ 125ਵਾਂ ਜਨਮ ਦਿਨ ਸਾਰਾ ਰਾਸ਼ਟਰ ਸਾਲ ਭਰ ਇਸ ਸਾਲ ਮਨਾ ਰਿਹਾ ਹੈ ਅੱਜ ਉਨ੍ਹਾਂ ਨੂੰ ਯਾਦ ਕਰ ਰਿਹਾ ਹੈ। ਇਸ ਦੇ ਵਾਸਤੇ ਪੰਜਾਬ ਨੇ ਵੀ ਬੁਕਾਇਦਾ ਇਕ ਕਮੇਟੀ ਬਣਾਈ ਹੈ ਅੱਜ ਪੰਜਾਬ ਸਰਕਾਰ ਉਨ੍ਹਾਂ ਦਾ ਜਨਮ ਦਿਨ ਮਨਾ ਰਹੀ ਹੈ। ਬੜੀ ਸ਼ਰਧਾ ਨਾਲ ਮੈਂ ਮਾਨਯੋਗ ਮੈਂਬਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਚਾਹਿਆ ਹੈ ਕਿ 56 ਕਰੋੜ ਦੀ ਲਾਗਤ ਨਾਲ ਇਕ ਇੰਸਟੀਚਿਊਟ ਬਣਾਇਆ ਜਾਵੇ

Original with;
Punjab Vidhan Sabha
Digitized by;
Panjab Digital Library

ਨੂੰ ਡੀ. ਏ. ਦੀ ਕਿਸ਼ਤ ਦੇ ਦਿੱਤੀ ਹੈ । ਮੈਂ ਕਹਿੰਦਾ ਹਾਂ ਕਿ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਮੰਨ ਲਓ ਅਤੇ ਉਨ੍ਹਾਂ ਨੂੰ ਡੀ. ਏ. ਦੀ ਕਿਸ਼ਤ ਦੇ ਦਿਉ ਨਹੀਂ ਤਾਂ ਜਿਸ ਤਰ੍ਹਾਂ ਮੁਲਾਜ਼ਮਾਂ ਨੇ ਹਿਮਾਚਲ ਵਿਚ ਸਰਕਾਰ ਬਦਲ ਦਿੱਤੀ ਸੀ, ਇਥੇ ਵੀ ਸਰਕਾਰ ਨੂੰ ਉਨ੍ਹਾਂ ਨੇ ਤੋੜ ਦੇਣਾ ਹੈ ਅਤੇ ਤੁਹਾਡਾ ਮੱਕੂ ਬੰਨ੍ਹ ਦੇਣਾ ਹੈ । (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੂੰ ਚੁੱਪ ਕਰਾਓ ਜੀ, ਮੈਨੂੰ ਆਪਣੀ ਗੱਲ ਕਹਿਣ ਦਿਓ ।

ਸ਼੍ਰੀ ਸਪੀਕਰ ਇਨ੍ਹਾਂ ਨੂੰ ਤੁਹਾਡੇ ਨਾਲ ਬਹੁਤ ਪਿਆਰ ਹੈ । ਇਹ ਤੁਹਾਡੇ ਨਾਲ ਪਿਆਰ ਕਰ ਰਹੇ ਹਨ । Wind up, please.

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਰੋਡਵੇਜ਼ ਦੀ ਗੱਲ ਕਰਦਾ ਹਾਂ । ਮਨਿਸਟਰ ਸਾਹਿਬ, ਇਥੋਂ ਚਲੇ ਗਏ ਹਨ । ਸੜਕਾਂ ਤੇ ਪੰਜਾਬ ਰੋਡਵੇਜ਼ ਦੀਆਂ ਜਿਹੜੀਆਂ ਬੱਸਾਂ ਚਲਦੀਆਂ ਹਨ, ਉਨ੍ਹਾਂ ਵਿਚੋਂ ਬਹੁਤ ਸਾਰੀਆਂ ਬੱਸਾਂ ਅੌਸੀਆਂ ਹਨ । ਜਿਨ੍ਹਾਂ ਦੀ ਮਿਆਦ ਪੂਰੀ ਹੋ ਚੁੱਕੀ ਹੈ ਅਤੇ ਉਹ ਡਿਸਪੋਜ਼ ਆਫ ਹੋਣ ਵਾਲੀਆਂ ਹਨ ਪਰ ਉਹ ਬੱਸਾਂ ਹਾਲੇ ਵੀ ਚੱਲ ਰਹੀਆਂ ਹਨ ਅਤੇ ਸਵਾਰੀਆਂ ਲਈ ਯੂਜ਼ ਕੀਤੀਆਂ ਜਾ ਰਹੀਆਂ ਹਨ । ਸਵਾਰੀਆਂ ਦਾ ਬੀਮਾ ਨਹੀਂ ਕੀਤਾ ਜਾਂਦਾ ਇਨਾਂ ਬੱਸਾਂ ਨੂੰ ਡਿਸਪੋਜ਼ ਆਫ ਕਰ ਦਿਓ । ਮਾਸਟਰ ਜੀ ਨੇ ਆਪਣੇ ਵਕਤ ਇਸ ਮਹਿਕਮੇ ਵਿਚ ਬਹੁਤ ਕੁਝ ਕੀਤਾ ਹੈ (ਹਾਸਾ) । ਸਪੀਕਰ ਸਾਹਿਬ, ਇਥੇ ਕਿਹਾ ਗਿਆ ਕਿ ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸਿਜ਼ ਦੇ ਲਈ ਇਸ ਸਰਕਾਰ ਨੇ ਬਹੁਤ ਕੁਝ ਕੀਤਾ ਹੈ ਪਰ ਨੌਕਰੀਆਂ ਦੇ ਵਿਚ ਜਿਹੜਾ ਬੈਕਲਾਗ ਹੈ, ਉਹ ਪੂਰਾ ਨਹੀਂ ਕੀਤਾ ਹੈ ਅਤੇ ਰਿਜ਼ਰਵੇਸ਼ਨ ਐਕਟ ਨਹੀਂ ਬਣਿਆ ਹੈ । ਇਨ੍ਹਾਂ ਗਰੀਬ ਲੋਕਾਂ ਨੂੰ ਰਿਜ਼ਰਵੇਸ਼ਨ ਦਾ ਕੋਟਾ ਪੂਰਾ ਨਹੀਂ ਮਿਲ ਰਿਹਾ, ਇਸ ਕਰਕੇ ਇਸ ਬੈਕਲਾਗ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇ ।

Mr. Speaker: Please. wind up, ਤੁਹਾਡੇ 12 ਮਿੰਟ ਹੋ ਗਏ ਹਨ ।

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਇਕ ਨੀਮ ਚਮੇਲੀ ਟੂਰਿਸਟ ਕੰਪਲੈਕਸ ਹੈ ਜਿਥੇ ਫਾਰਨਰਜ਼ ਆ ਕੇ ਠਹਿਰਦੇ ਹੁੰਦੇ ਸਨ । ਉਸ ਟੂਰਿਸਟ ਕੰਪਲੈਕਸ ਦਾ ਚਪੜਾਸੀ ਉਨ੍ਹਾਂ ਨੂੰ ਚਾਦਰਾਂ ਸਪਲਾਈ ਕਰਦਾ ਸੀ ਜਿਸ ਦੇ ਨਾਲ ਮਹਿਕਮੇ ਨੂੰ 20 ਹਜ਼ਾਰ ਮਹੀਨੇ ਦੀ ਆਮਦਨੀ ਹੁੰਦੀ ਸੀ ਪਰ ਹੁਣ ਮਹਿਕਮੇ ਨੇ ਇਸ ਨੂੰ 15 ਹਜ਼ਾਰ ਰੁਪਏ ਦੇ ਠੇਕੇ ਤੇ ਦਿੱਤਾ ਹੈ । ਮੋਗੇ ਵਿਚ ਇਕ ਕੇਸ ਰਜਿਸਟਰਡ ਹੋਇਆ ਹੈ ਉਸ ਨੂੰ ਪੈਟਰੋਲ ਪੰਪ ਅਲਾਟ ਕੀਤਾ ਗਿਆ ਹੈ ਪਰ ਉਸ ਦੇ ਯੂਨਿਟ ਨੂੰ ਸਿੱਕ ਯੂਨਿਟ ਕਰਾਰ ਦਿੱਤਾ ਗਿਆ ਹੈ । ਇਹ ਮਾਮਲਾ ਹੁਣ ਸੀ. ਬੀ. ਆਈ. ਕੋਲ ਆ ਗਿਆ ਹੈ ਅਤੇ ਇਨਕੁਆਇਰੀ ਹੋ ਰਹੀ ਹੈ । ਇਹ ਮੋਗੇ ਦੇ ਡੀਲਰ ਦੇ ਖਿਲਾਫ ਕੇਸ ਹੋਇਆ ਹੈ ।

ਸ਼੍ਰੀ ਸਪੀਕਰ : ਵਾਈਂਡ ਅਪ ਕਰੋ ਜੀ ।

ਸ਼੍ਰੀ ਵਿਜੇ ਕੁਮਾਰ ਸਾਥੀ: ਸਪੀਕਰ ਸਾਹਿਬ, ਮੈਂ ਦੋ ਤਿੰਨ ਗੱਲਾਂ ਕਹਿਣੀਆਂ ਚਾਹੁੰਦਾ ਹਾਂ । ਮੇਰੀਆਂ ਗੱਲਾਂ ਵੱਲ ਡਾਕਟਰ ਸਾਹਿਬ ਧਿਆਨ ਕਰਨ । ਮੱਖ ਮੰਤਰੀ ਸਾਹਿ

Original with;
Punjab Vidhan Sabha
Digitized by;
Punjab Digital Library

[ਸ਼੍ਰੀ ਵਿਜੇ ਕੁਮਾਰ ਸਾਥੀ]

ਇਸ ਵੇਲੇ ਹਾਊਸ ਵਿਚ ਬੈਠੇ ਨਹੀਂ ਹਨ । ਮੁੱਖ ਮੰਤਰੀ ਸਾਹਿਬ, ਇਸ ਵੇਲੇ ਬੈਠੇ ਹੁੰਦੇ ਤਾਂ ਚੰਗਾ ਸੀ ਮੈਂ ਮੋਗੇ ਦੀ ਗੱਲ ਕਰਦਾ ਹਾਂ । ਪੁੰਨੀ ਕਮੇਟੀ ਦੀ ਰਿਪੋਰਟ ਵੀ ਆ ਗਈ ਹੈ ਕਿ ਉਸ ਨੂੰ ਜ਼ਿਲ੍ਹਾ ਬਣਾਇਆ ਜਾਵੇ । ਮੋਗੇ ਨੂੰ ਸਰਕਾਰ ਜ਼ਿਲ੍ਹਾ ਬਣਾ ਦੇਵੇ. ਬਾਘਾ ਪੁਰਾਣਾ ਨੂੰ ਤਹਿਸੀਲ ਬਣਾ ਦੇਵੇ ਅੰਰ ਸਰਕਾਰ ਇਹ ਨੇਕ ਕੰਮ ਕਰ ਦੇਵੇ । ਕੋਟਕਪੂਰਾ ਵਿਚ ਲੜਕੀਆਂ ਦਾ ਕੋਈ ਕਾਲਜ ਨਹੀਂ ਹੈ ਅਤੇ ਲੜਕੀਆਂ ਨੂੰ ਬੱਸਾਂ ਵਿਚ ਬੜੀ ਦੂਰ ਜਾਣਾ ਪੈਂਦਾ ਹੈ । ਬਾਘਾ ਪੁਰਾਣਾ ਵਿਚ ਜੇ ਲੜਕੀਆਂ ਦਾ ਇਕ ਕਾਲਜ ਖੋਲ੍ਹ ਦੇਵੇ ਤਾਂ ਹੀ ਯੋਗ ਸਮਝੀ ਜਾਵੇਗੀ । ਰੰਧਾਵਾ ਸਾਹਿਬ, ਹਾਊਸ ਵਿਚ ਬੈਠੇ ਹਨ । ਰੰਧਾਵਾ ਸਾਹਿਬ, ਤੁਸੀਂ ਇਸ ਗੱਲ ਤੇ ਵਿਚਾਰ ਕਰੋ ਅਤੇ ਸਾਡੇ ਨਾਲ ਕੋਈ ਵਿਤਕਰਾ ਨਾ ਕਰੋ । ਮੈਂ ਮੰਤਰੀ ਜੀ ਕੋਲੋਂ ਸਹਿਯੋਗ ਮੰਗਦਾ ਹਾਂ । ਸਪੀਕਰ ਸਾਹਿਬ, ਇਨ੍ਹਾਂ ਨੂੰ ਕਹਿੰਦਾ ਹਾਂ ਕਿ ਤੁਹਾਡੇ ਮਹਿਕਮੇ ਨੂੰ ਦਾਗ ਨਾ ਲੱਗੇ ਅਤੇ ਤੁਸੀਂ ਲੜਕੀਆਂ ਲਈ ਕਾਲਜ ਖੋਲ੍ਹ ਦਿਉ । ਦੂਸਰੇ ਪਾਸੇ ਮੈਂ ਪਸ਼ੂ ਪਾਲਣ ਮੰਤਰੀ ਜੀ ਨੂੰ ਕਹਾਂਗਾ ਕਿ ਤੁਸੀਂ ਡਿਸਪੈਂਸਰੀਆਂ ਆਪਣੇ ਇਲਾਕੇ ਵਿਚ ਹੀ ਨਾ ਖੋਲ੍ਹੀ ਜਾਵੇ ਅਤੇ ਮੇਰੇ ਇਲਾਕੇ ਵਿਚ ਵੀ 2-4 ਡਿਸਪੈਂਸਰੀਆਂ ਖੋਲ੍ਹ ਦੇਵੋ । ਆਖਿਰ ਵਿਚ ਮੈਂ ਪੁਲਿਸ ਮਹਿਕਮੇ ਬਾਰੇ ਕਹਿਣਾ ਚਾਹੁੰਦਾ ਹਾਂ । ਪੁਲਿਸ ਮਹਿਕਮੇ ਲਈ ਸਰਕਾਰ ਨੇ ਬਹੁਤ ਪੈਸਾ ਰੱਖਿਆ ਅਤੇ ਬਹੁਤ ਘੱਟ ਪੈਸਾ ਘਟਾਇਆ ਗਿਆ ਹੈ ਪਰ ਇਹ ਪੈਸਾ ਹੋਰ ਜ਼ਿਆਦਾ ਘਟਾਉਣਾ ਚਾਹੀਦਾ ਹੈ । ਸਪੀਕਰ ਸਾਹਿਬ, ਕੋਟਕਪੂਰਾ ਵਿਚ ਇਕ ਲੜਕੀ ਸਾੜੀ ਗਈ । ਸੀ. ਐਮ. ਸੀ. ਲੁਧਿਆਣਾ ਹਸਪਤਾਲ ਵਿਚ ਉਹ ਜ਼ਿੰਦਾ ਹੈ । ਉਸ ਲੜਕੀ ਦੇ ਨਾਲ ਜ਼ਿਆਦਤੀ ਹੋ ਰਹੀ ਹੈ । ਉਹ ਲੜਕੀ ਬਿਆਨ ਦੇਣ ਲਈ ਵੀ ਤਿਆਰ ਹੈ ।

ਸ਼੍ਰੀ ਸਪੀਕਰ: ਵਾਈਂਡ ਅੱਪ ਕਰੋ !

ਸ਼੍ਰੀ ਵਿਜੇ ਕੁਮਾਰ ਸਾਥੀ. ਸਪੀਕਰ ਸਾਹਿਬ, ਪੁਲਿਸ ਕੋਈ ਕਾਰਵਾਈ ਨਹੀਂ ਕਰ ਰਹੀ । ਸ਼੍ਰੀ ਤਰਸੇਮ ਜੋਧਾਂ ਹਾਊਸ ਦਾ ਐਮ. ਐਲ. ਏ. ਹੋਵੇ ਅਤੇ ਉਸ ਨਾਲ ਪੁਲਿਸ ਵਲੋਂ ਜ਼ਿਆਦਤੀ ਹੋਵੇ । ਇਹੋ ਜਿਹੀ ਘਿਨਾਉਣੀ ਗੱਲ ਹੋਵੇ ਅਤੇ ਪੁਲਿਸ ਦਾ ਇਤਨਾ ਜ਼ਬਰ ਹੋਵੇ । ਸਪੀਕਰ ਸਾਹਿਬ, ਪੁਲਿਸ ਦਾ ਜਬਰ ਇਕ ਦਿਨ ਕਾਂਗਰਸ ਨੂੰ ਵੀ ਸਹਿਣਾ ਪਵੇਗਾ । ਬਿਹਾਰ ਵਿਚ ਪੰਜਾਬ ਦੀ ਪੁਲਿਸ ਦੀ ਕਿਤਨੀ ਬਦਨਾਮੀ ਹੋਈ ਹੈ । ਇਕ ਕੰਸਟੇਬਲ ਨੇ ਉਥੇ ਦੀ ਭੈਣ ਨਾਲ ਬੁਰਾ ਵਿਵਹਾਰ ਕੀਤਾ । ਇਹ ਇਥੇ ਚੂੜੀਆਂ ਦੀ ਗੱਲ ਕਰਦੇ ਹਨ। ਉਹ ਵੀ ਸਾਡੀਆਂ ਭੈਣਾਂ ਹਨ । ਮੈਂ, ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ। ਡਾਕਟਰ ਸਾਹਿਬ, ਹਾਊਸ ਵਿਚ ਬੈਠੇ ਹਨ । ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਐਜੂਕੇਸ਼ਨ ਤੇ, ਹੈਲਥ ਤੇ, ਐਗਰੀਕਲਚਰ ਤੇ, ਜਦੋਂ ਤੱਕ ਸਾਡਾ ਹਿੱਸਾ ਸਾਨੂੰ ਨਹੀਂ ਮਿਲਦਾ, ਉਦੋਂ ਤੱਕ ਲੋਕਾਂ ਦਾ ਭਲਾ ਨਹੀਂ ਹੋ ਸਕਦਾ । ਆਖੀਰ ਵਿਚ ਮੈਂ ਇਸ ਐਪ੍ਰੋਪਰੀਏਸ਼ਨ ਬਿੱਲ ਨਾਲ ਆਪਣੀ ਅਸਹਿਮਤੀ ਪ੍ਰਗਟ ਕਰਦਾ ਹਾਂ ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ): ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਮੈਂਬਰ ਸਾਹਿਬਾਨ ਨੇ ਬਜਟ ਤ, ਉਸ ਤੋਂ ਬਾਅਦ ਡੀਮਾਂਡਾਂ ਤੇ ਅੰਰ ਐਪ੍ਰੋਪਰੀਏਸ਼ਨ ਬਿੱਲ ਤੇ ਵੀ ਬਹਿਸ ਕਰਦਿਆਂ ਵੱਡ ਮੁੱਲਾ ਹਿੱਸਾ ਪਾਇਆ ਹੈ । ਡੈਮੋਕਰੇਸੀ ਵਿਚ ਦੋ ਗੱਲਾਂ ਹੋ

Original with;
Punjab Vidhan Sabha
Digitized by;
Panjab Digital Library

ਸਕਦੀਆਂ ਹਨ । ਇਕ ਤਾਂ ਕੰਸਟਰੱਕਟਿਵ ਸੁਜੈਨਜ਼ ਅਤੇ ਦੂਸ਼ਰਾ ਕਰਿਟੀਸਿਜ਼ਮ ਫਾਰ ਦਾ ਸੇਕ ਆਫ ਕਰਿਟੀਸਿਜ਼ਮ ਟਰੈਜ਼ਰੀ ਬੈਂਚਿਜ਼ ਵਾਲਿਆਂ ਨੇ ਤਾਂ ਇਸ ਦੀ ਪ੍ਰਸੰਸ਼ਾ ਕੀਤੀ ਹੈ ਪਰ ਮੈਨੂੰ ਖੁਸ਼ੀ ਹੈ ਕਿ ਆਪੋਜ਼ੀਸ਼ਨ ਵਲੋਂ ਵੀ ਬਹੁਤ ਸਾਰੇ ਪੱਖਾਂ ਤੋਂ ਇਸ ਦੀ ਸ਼ਲਾਘਾ ਹੋਈ ਹੈ । ਮੈਂ ਉਨ੍ਹਾਂ ਮੈਂਬਰਾਂ ਦਾ ਧੰਨਵਾਦ ਕਰਦਾ ਹਾਂ । (ਥੰਪਿੰਗ) ਕਈ ਮੈਂਬਰਾਂ ਨੇ ਅੱਛੇ ਸੁਝਾਉ ਦਿਤੇ ਹਨ ਅਤੇ ਸ਼ਲਾਘਾ ਵੀ ਕੀਤੀ ਹੈ । ਮੈਨੂੰ ਸਪੀਕਰ ਸਾਹਿਬ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਪ੍ਰੈਸ ਵਲੋਂ ਵੀ ਇਸ ਬਜਟ ਲਈ ਕਾਫੀ ਅੱਛਾ ਹੁੰਗਾਰਾ ਮਿਲਿਆ ਹੈ, ਅਤੇ ਕਈ ਅਖਬਾਰਾਂ ਨੇ ਆਰਟੀਕਲ ਲਿਖ ਕੇ ਇਸ ਦੀ ਸ਼ਲਾਘਾ ਕੀਤੀ ਹੈ (ਥੰਪਿੰਗ) ਕਿਉਂਕਿ ਇਹ ਬਜਟ ਸ਼ਰਬ-ਪੱਖੀ ਅਤੇ ਸ਼ਰਬ-ਵਿਕਾਸ ਵਾਸਤੇ ਹੈ । ਅੱਜ ਕਿਉਂਕਿ ਆਖਰੀ ਫਾਈਨਾਂਸ਼ਲ ਬਿਜ਼ਨੈਸ ਹੈ ਔਰ ਅੱਜ ਅਸੀਂ ਐਪਰੋਪਰੀਏਸ਼ਨ ਬਿੱਲ ਪਾਸ ਕਰ ਦੇਣਾ ਹੈ, ਇਸ ਲਈ ਮੈਂ ਮਾਨਯੋਗ ਮੈਂਬਰਾਂ ਨੂੰ ਆਪਣੀ ਗੱਲ ਸ਼ੁਰੂ ਕਰਨ ਲੱਗਾ ਕੁਝ ਕਲਚਰਲ ਜ਼ਜਬਾਤ ਨਾਲ ਜੋੜਨਾ ਚਾਹੁੰਦਾ ਹਾਂ । ਬਜਟ ਦਾ ਸਭ ਤੋਂ ਵੱਡਾ ਪੱਖ ਪੈਸੇ ਦੇ ਨਾਲ ਸਬੰਧਤ ਹੈ । ਪੈਸੇ ਦੇ ਬਾਰੇ ਵਿਚ ਦੋਨੋਂ ਤਰ੍ਹਾਂ ਦੇ ਖਿਆਲਾਤ ਪਾਏ ਜਾਂਦੇ ਹਨ । ਕਿਸੇ ਸਾਧੂ ਨੇ ਕਿਸੇ ਤਿਆਗੀ ਨੇ, ਕਿਸੇ ਐਸੇ ਵਿਅਕਤੀ ਨੇ ਜਿਸ ਨੂੰ ਪੈਸਾ ਨਹੀਂ ਚਾਹੀਦਾ ਅਤੇ ਜਿਹੜਾ ਪੈਸੇ ਲਈ ਨਹੀਂ ਮਰਦਾ, ਪੈਸੇ ਦੀ ਫਿਕਰ ਨਹੀਂ ਕਰਦਾ, ਉਸ ਨੇ ਸ਼ਾਇਦ ਪੈਸੇ ਨੂੰ ਇਸ ਨਜ਼ਰ ਨਾਲ ਦੇਖਿਆ ਹੈ. —

" ਐ ਜ਼ਰ ਤੂ ਖੁਦਾ ਤੇ ਨਹੀਂ "

ਸਚਮੁਚ ਹੀ ਇਹ ਖੁਦਾ ਹੈ ਵੀ ਨਹੀਂ ਪਰ ਇਕ ਗਰੀਬ, ਜ਼ਰੂਰਤਮੰਦ ਵਿਅਕਤੀ ਨੇ ਪੈਸੇ ਨੂੰ ਦੇਖਦੇ ਹੋਏ ਕਿਹਾ: —

" ਲੇਕਿਨ ਤੂ ਖੁਦਾ ਸੇ ਕਮ ਭੀ ਨਹੀਂ "

ਪੈਸੇ ਦਾ ਸਬੰਧ ਵਿਕਾਸ ਨਾਲ ਹੀ ਹੈ । ਇਹ ਹੀ ਨਹੀਂ, ਪੈਸੇ ਦਾ ਸਬੰਧ ਰੋਜਮੱਰਾ ਦੀ ਜ਼ਿੰਦਗੀ ਨਾਲ ਵੀ ਹੈ । ਜਦੋਂ ਸਾਡੇ ਹਿੰਦੁਸਤਾਨ ਵਿਚ ਬਾਦਸ਼ਾਹ, ਸ਼ਹਿਨਸ਼ਾਹ ਹੁੰਦੇ ਸੀ, ਉਸ ਜ਼ਮਾਨੇ ਦਾ ਸਾਡੇ ਹਿੰਦੁਸਤਾਨ ਵਿਚ ਦੁਨੀਆਂ ਦੇ ਅਜੂਬਿਆਂ ਵਿਚੋਂ ਇਕ ਅਜੂਬਾ ਤਾਜਮਹਿਲ ਵੀ ਹੈ । ਉਸੇ ਤਾਜਮਹਿਲ ਬਾਰੇ ਸ਼ਕੀਲ ਬਦਾਊਨੀ ਨੇ ਕਿਹਾ ਸੀ: —

" ਇਕ ਸ਼ਹਿਨਸ਼ਾਹ ਨੇ ਬਨਾ ਕੇ ਹਸੀਂ ਤਾਜ ਮਹਿਲ
ਸਾਰੀ ਦੁਨੀਆਂ ਕੋ ਮੁਹੱਬਤ ਕੀ ਨਿਸ਼ਾਨੀ ਚੇ ਦੀ ਹੈ ।"

ਉਸ ਸ਼ਹਿਨਸ਼ਾਹ ਨੇ ਤਾਜ ਮਹਿਲ ਬਣਾਉਣ ਤੇ ਬੜੀ ਦੌਲਤ ਖਰਚ ਕੀਤੀ ਸੀ । ਉਸੇ ਤਾਜ ਮਹਿਲ ਬਾਰੇ ਸਾਡੇ ਪੰਜਾਬ ਦੇ ਹੀ ਸਾਹਿਰ ਲੁਧਿਆਣਵੀ ਨੇ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕੀਤੇ: —

" ਏਕ ਬਾਦਸ਼ਾਹ ਨੇ ਦੌਲਤ ਕਾ ਸਹਾਰਾ ਲੇਕਰ
ਹਮ ਗਰੀਬੋਂ ਕੀ ਮੁਹੱਬਤ ਦਾ ਉੜਾਇਆ ਹੈ ਮਜ਼ਾਕ "

ਦੌਲਤ ਬੜੀ ਵੱਡੀ ਚੀਜ਼ ਹੈ ਪਰ ਇਸ ਦੇ ਲਈ ਗੁਨਾਹ ਹੋਣ, ਇਸ ਦਾ ਗਲਤ ਇਸਤੇਮਾਲ ਹੋਵੇ, ਇਸ ਦੇ ਬਾਰੇ ਵਿਚ ਸਾਰੇ ਸਾਵਧਾਨ ਹਨ । ਮੈਂ, ਸਪੀਕਰ ਸਾਹਿਬ, ਇਹ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕਹਿਣਾ ਚਾਹੁੰਦਾ ਹਾਂ ਕਿ ਸਾਡੇ ਮੁੱਖ ਮੰਤਰੀ ਜੀ ਨੇ ਪੰਜਾਬ ਨੂੰ ਜਿਸ ਦੇ ਵਿਚ ਜ਼ਿੰਦਗੀ ਦੀ ਕੋਈ ਆਸ ਨਜ਼ਰ ਨਹੀਂ ਆਉਂਦੀ ਸੀ, ਬਚਾਉਣ ਵਾਸਤੇ ਜੋ ਕੁਝ ਕੀਤਾ ਹੈ, ਉਹ ਇਤਿਹਾਸ ਦੇ ਪੰਨਿਆਂ ਦੇ ਸੁਨਹਿਰੀ ਹਰਫਾਂ ਨਾਲ ਲਿਖਿਆ ਰਹੇਗਾ ਅਤੇ ਕੋਈ ਵੀ ਦੁਨੀਆਂ ਦੀ ਤਾਕਤ, ਆਉਣ ਵਾਲੀ ਵਕਤ ਵੀ ਉਨ੍ਹਾਂ ਸੁਨਹਿਰੀ ਸ਼ਬਦਾਂ ਨੂੰ ਨਹੀਂ ਮਿਟਾ ਸਕੇਗੀ ਕਿ ਕਾਂਗਰਸ ਦੀ ਸਰਕਾਰ ਨੇ ਕਾਂਗਰਸ ਦੇ ਮੁੱਖ ਮੰਤਰੀ ਨੇ ਪੰਜਾਬ ਨੂੰ ਨਵੀਂ ਜ਼ਿੰਦਗੀ ਦਿੱਤੀ ਹੈ । ਜ਼ਿੰਦਗੀ ਨੀ ਨਹੀਂ ਦਿੱਤੀ, ਪੰਜਾਬ ਵਿਚ ਜੋ ਆਰਥਕ ਸੰਕਟ ਸੀ ਬਹੁਤ ਵੱਡਾ, ਉਸ ਆਰਥਕ ਸੰਕਟ ਨੂੰ ਵੀ ਦੂਰ ਕਰਕੇ ਪਿਛਲੇ ਤਿੰਨਾਂ ਸਾਲਾਂ ਵਿਚ ਪੰਜਾਬ ਨੂੰ ਵਿਕਾਸ ਦੀਆਂ ਲੀਹਾਂ ਤੇ ਚਲਾਇਆ ਹੈ । ਉਹ ਚਾਹੇ ਪਿੰਡਾਂ ਦਾ ਵਿਕਾਸ ਹੋਵੇ, ਸ਼ਹਿਰਾਂ ਦਾ ਵਿਕਾਸ ਹੋਵੇ, ਚਾਹੇ ਸਕੂਲਾਂ ਦੀ ਸੋਸ਼ਿਲ ਸਰਵਿਸ ਹੋਵੇ, ਚਾਹੇ ਹੈਲਥ ਹੋਵੇ ਸਰਬ ਪੱਖੀ ਵਿਕਾਸ ਲਈ ਤਿੰਨਾਂ ਸਾਲਾਂ ਵਿਚ ਵੱਧ ਤੋਂ ਵੱਧ ਪੈਸਾ ਖਰਚ ਕੀਤਾ ਗਿਆ ਹੈ । ਇਸ ਅਰਸੇ ਦੌਰਾਨ ਵੱਧ ਤੋਂ ਵੱਧ, ਸਪੀਕਰ ਸਾਹਿਬ, ਕੰਮ ਹੋਏ ਐਰ ਇਸ ਗੱਲ ਦੀ ਸਾਡੇ ਮੈਂਬਰ ਤਾਂ ਸ਼ਲਾਘਾ ਕਰਦੇ ਹੀ ਹਨ, ਸਾਰਾ ਪੰਜਾਬ ਅਤੇ ਸਾਰਾ ਹਿੰਦੁਸਤਾਨ, ਵੀ ਇਸ ਦੀ ਸ਼ਲਾਘਾ ਕਰਦਾ ਹੈ ਅਤੇ ਕਰਦਾ ਰਹੇਗਾ । (ਥੰਪਿੰਗ)

ਸਪੀਕਰ ਸਾਹਿਬ, ਹਿੰਦੁਸਤਾਨ ਦਾ ਸੰਵਿਧਾਨ ਔਰ ਹਿੰਦੁਸਤਾਨ ਦੀ ਡੈਮੋਕਰੇਸੀ ਫੈਡਰਲ ਢਾਂਚੇ ਨਾਲ ਬੰਨੀ ਹੋਈ ਹੈ । ਕੁਝ ਸਬਜੈਕਟ ਹਨ ਜਿਹੜੇ ਸਟੇਟਾਂ ਦੇ ਹਨ, ਕੁਝ ਕਨਕਰੰਟ ਹਨ ਜਿਹੜੇ ਸਟੇਟਾਂ ਔਰ ਹਿੰਦੁਸਤਾਨ ਦੀ ਸਰਕਾਰ ਦੇ ਇਕੱਠੇ ਹਨ ਅਤੇ ਕੁਝ ਐਸੇ ਅਧਿਕਾਰ ਹਨ ਜਿਹੜੇ ਸਿਰਫ ਹਿੰਦੁਸਤਾਨ ਦੀ ਸਰਕਾਰ ਕੋਲ ਹਨ। ਲੇਕਿਨ ਹਿੰਦੁਸਤਾਨ ਦੇ ਸਾਰੇ ਸੂਬੇ ਤਰੱਕੀ ਕਰਨ, ਇਸਦੀ ਜਿੰਮੇਵਾਰੀ ਸੈਂਟਰ ਦੀ ਸਰਕਾਰ ਤੇ ਹੈ । ਪੰਜਾਬ ਤੇ ਜਿਸ ਤਰ੍ਹਾਂ ਦਾ ਸੰਕਟ ਸੀ, ਸਪੀਕਰ ਸਾਹਿਬ, ਸ਼ਾਇਦ ਪੰਜਾਬ ਬਚ ਨਾ ਸਕਦਾ ਜੇਕਰ ਸੈਂਟਰ ਦੀ ਸਰਕਾਰ ਠੀਕ ਤਰੀਕੇ ਨਾਲ ਆਪਣੀ ਜਿੰਮੇਵਾਰੀ ਪੂਰੀ ਨਾਂ ਕਰਦੀ ਔਰ ਇਸ ਦੀ ਅਸੀਂ ਤਾਰੀਫ ਕੀਤੇ ਬਿਨਾ ਨਹੀਂ ਰਹਿ ਸਕਦੇ । ਹਿੰਦੁਸਤਾਨ ਦੀ ਸਰਕਾਰ ਨੇ, ਹਿੰਦੁਸਤਾਨ ਦੀ ਕਾਂਗਰਸ ਸਰਕਾਰ ਨੇ ਅਤੇ ਖਾਸ ਕਰਕੇ ਪ੍ਰਧਾਨ ਮੰਤਰੀ ਸ਼੍ਰੀ ਪੀ. ਵੀ. ਨਰਸਿਮ੍ਹਾ ਰਾਓ ਜੀ ਨੇ ਪੰਜਾਬ ਦੀ ਜ਼ਿੰਦਗੀ ਨੂੰ ਬਚਾਉਣ ਵਾਸਤੇ ਜੋ ਕੁਝ ਕੀਤਾ ਹੈ, ਉਸ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ । 1991 ਦਾ ਵਕਤ ਵੀ ਅਸੀਂ ਦੇਖਿਆ ਹੈ । ਇਲੈਕਸ਼ਨ ਉਦੋਂ ਵੀ ਹੋਏ ਸਨ । ਉਨ੍ਹਾਂ ਇਲੈਕਸ਼ਨਾਂ ਵਿਚ ਐਮ. ਪੀ. ਅਤੇ ਐਮ. ਐਲ. ਏ. ਦੀਆਂ ਸੀਟਾਂ ਵਾਸਤੇ ਖੜ੍ਹੇ ਨਾ ਕੇਵਲ 28 ਉਮੀਦਵਾਰ ਹੀ ਮਰੇ ਬਲਕਿ ਵੋਟਰ ਅਤੇ ਸਪੋਰਟਰ ਵੀ ਗੋਲੀਆਂ ਦਾ ਨਿਸ਼ਾਨਾ ਬਣੇ । ਸਾਥੀ ਜੀ ਸ਼ਾਇਦ ਇਥੋਂ ਚਲੇ ਗਏ ਹਨ । ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਜਨਤਾ ਦਲ ਦੇ ਲੀਡਰ ਚੰਦਰ ਸ਼ੇਖਰ ਨੇ ਲੁਧਿਆਣੇ ਆ ਕੇ ਸਿਮਰਨਜੀਤ ਸਿੰਘ ਮਾਨ ਨਾਲ ਇਕ ਘੰਟਾ ਮੁਲਾਕਾਤ ਕਰਕੇ ਗੱਲ ਕੀਤੀ ਅਤੇ ਉਨ੍ਹਾਂ ਨੇ ਲੋਕ ਸਭਾ ਦੀ ਗੱਲ ਨੂੰ ਵੀ ਅਤੇ ਰਾਜ ਸਭਾ ਦੀ ਗੱਲ ਨੂੰ ਵੀ ਠੁਕਰਾ ਦਿੱਤਾ । ਇਨ੍ਹਾਂ ਦੋਨਾਂ ਹਾਊਸਾਂ ਨੇ ਇਹ ਫੈਸਲਾ ਕੀਤਾ ਸੀ ਕਿ ਪੰਜਾਬ ਦੇ ਇਲੈਕਸ਼ਨ ਸਾਰੇ ਹਿੰਦੁਸਤਾਨ ਦੇ ਇਲੈਕਸ਼ਨਾਂ ਦੇ ਨਾਲ ਨਾ ਕਰਾਏ ਜਾਣ ਪਰ ਉਸ ਜ਼ਿੱਦੀ ਸ਼ਖਸ ਨੇ ਪੰਜਾਬ ਦਾ ਭਲਾ ਨਾ ਸੋਚਿਆ ਬਲਕਿ ਪੰਜਾਬ ਨੂੰ ਤਬਾਹੀ ਦੇ ਰਾਹ ਤੇ ਪਾ ਦਿੱਤਾ । ਮੈਂ ਸਮਝਦਾ ਹਾਂ ਕਿ ਚੰਦਰ ਸ਼ੇਖਰ ਨੇ ਲੁਧਿਆਣੇ ਸਿਮਰਨਜੀਤ ਸਿੰਘ ਮਾਨ ਨਾਲ ਇਕ ਘੰਟਾ ਗੱਲ ਕਰਕੇ ਪੰਜਾਬ ਵਿਚ ਉਹ ਇਲੈਕਸ਼ਨ

Original with;
Punjab Vidhan Sabha
Digitized by;
Panjab Digital Library

ਨਹੀਂ ਕਰਵਾਏ ਬਲਕਿ ਇਥੇ ਬੁੱਚੜਖਾਨਾ ਖੋਲ੍ਹ ਦਿੱਤਾ ਉਨ੍ਹਾਂ ਇਲੈਕਸ਼ਨਾਂ ਵਿਚ ਐਮ. ਪੀ. ਦੀਆਂ ਸੀਟਾਂ ਵਾਸਤੇ ਖੜ੍ਹੇ ਹੋਏ ਉਮੀਦਵਾਰ ਗੋਲੀਆਂ ਦਾ ਸ਼ਿਕਾਰ ਹੋਏ । ਉਨ੍ਹਾਂ ਦੀਆਂ ਵਿਧਵਾਵਾਂ ਤਾਅ ਜ਼ਿੰਦਗੀ ਚੰਦਰ ਸ਼ੇਖਰ ਨੂੰ ਬਦ ਦੁਆਵਾਂ ਦਿੰਦੀਆਂ ਰਹਿਣਗੀਆਂ । ਪੰਜਾਬ ਦੇ ਲੋਕਾਂ ਦੀਆਂ ਆਹਾਂ ਚੰਦਰ ਸ਼ੇਖਰ ਨੂੰ ਜ਼ਿੰਦਗੀ ਭਰ ਚੈਨ ਨਹੀਂ ਲੈਣ ਦੇਣਗੀਆਂ । ਉਸ ਤੋਂ ਬਾਦ ਸ਼੍ਰੀ ਨਰਸਿਮ੍ਹਾ ਰਾਓ ਪੰਜਾਬ ਦੀ ਮਦਦ ਵਾਸਤੇ ਆਏ ਅੱਤ ਉਨ੍ਹਾਂ ਨੇ ਬੜੀ ਦ੍ਰਿੜ੍ਹਤਾ ਦੇ ਨਾਲ, ਦਲੇਰੀ ਦੇ ਨਾਲ ਉਹ ਇਲੈਕਸ਼ਨ ਕੈਂਸਲ ਕਰਵਾਉਣ ਦਾ ਫੈਸਲਾ ਲਿਆ । ਅਸੀਂ ਹਮੇਸ਼ਾ ਉਨ੍ਹਾਂ ਦੇ ਅਹਿਸਾਨਮੰਦ ਰਹਾਂਗੇ ਕਿ ਉਨ੍ਹਾਂ ਨੇ ਇਸ ਫੈਸਲਾ ਲੈ ਕੇ ਪੰਜਾਬ ਨੂੰ ਬਚਾਇਆ । ਉਸ ਤੋਂ ਬਾਅਦ 1992 ਵਿਚ ਜਿਹੜੇ ਇਲੈਕਸ਼ਨ ਹੋਏ, ਉਨ੍ਹਾਂ ਵਿਚ ਕੈਂਡੀਡੇਟਸ ਦੀ ਹਿਫਾਜ਼ਤ ਤਾਂ ਹੋਈ ਹੀ, ਜਿਹੜੇ ਵੋਟਰ ਅਤੇ ਸਪੋਰਟਰ ਸਨ, ਉਨ੍ਹਾਂ ਵਿਚੋਂ ਕਿਸੇ ਨੂੰ ਝਰੀਟ ਤੱਕ ਨਹੀਂ ਆਈ । ਪੰਜਾਬ ਦੇ ਲੋਕਾਂ ਨੇ ਜੋ ਸ਼ਾਨਦਾਰ ਫੈਸਲਾ ਦਿੱਤਾ, ਉਹ ਕਾਂਗਰਸ ਦੇ ਹੱਕ ਵਿੱਚ ਗਿਆ । ਸਰਦਾਰ ਬੇਅੰਤ ਸਿੰਘ ਦੀ ਅਗਵਾਈ ਵਿਚ ਕਾਂਗਰਸ ਪਾਰਟੀ ਨੇ ਜਿਹੜੀ ਸੇਵਾ ਲੋਕਾਂ ਦੀ ਕੀਤੀ ਸੀ, ਉਸੇ ਸੇਵਾ ਨੂੰ ਸਾਹਮਣੇ ਰੱਖਦੇ ਹੋਏ, ਉਸੇ ਕੁਰਬਾਨੀ ਨੂੰ ਸਾਹਮਣੇ ਰੱਖਦੇ ਹੋਏ ਲੋਕਾਂ ਨੇ ਕਾਂਗਰਸ ਪਾਰਟੀ ਦੇ 87 ਐਮ. ਐਲ. ਏ. ਜਿਤਾਏ ਅਤੇ ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਬਣੇ । ਉਨ੍ਹਾਂ ਨੇ ਅਮਨ-ਕਾਨੂੰਨ ਦੀ ਵਿਵਸਥਾ ਨੂੰ ਠੀਕ ਤਾਂ ਕੀਤਾ ਹੀ, ਲੋਕਾਂ ਦੀ ਜਾਨੇ-ਮਾਲ ਦੀ ਹਿਫਾਜ਼ਤ ਦਾ ਵੀ ਪੂਰਾ ਪ੍ਰਬੰਧ ਕੀਤਾ । ਇਸ ਬਾਰੇ ਇਥੇ ਕਾਫੀ ਚਰਚਾ ਹੋ ਚੁੱਕੀ ਹੈ ਅੱਤ ਮੈਂ ਇਸ ਵਿਚ ਹੋਰ ਨਹੀਂ ਜਾਣਾ ਚਾਹੁੰਦਾ ।

ਜਿਸ ਤਰ੍ਹਾਂ ਮੈਂ ਪਹਿਲਾਂ ਦੱਸਿਆ ਹੈ, ਆਰਥਿਕ ਤੌਰ ਤੇ ਪੰਜਾਬ ਲੁੱਟਿਆ ਪੁੱਟਿਆ ਗਿਆ ਸੀ । ਬਰਬਾਦ ਹੋਇਆ ਪਿਆ ਸੀ । ਇਸ ਦਾ ਜ਼ਿਕਰ ਮੈਂ ਪਹਿਲਾਂ ਬਜਟ ਸਪੀਚ ਵਿਚ ਵੀ ਕੀਤਾ ਸੀ, ਇਸ ਕਰਕੇ ਦੁਬਾਰਾ ਨਹੀਂ ਕਰਨਾ ਚਾਹੁੰਦਾ । ਪੰਜਾਬ ਦੇ ਇਸ ਅਰਥਚਾਰੇ ਨੂੰ ਮਜ਼ਬੂਤ ਕਰਨ ਵਾਸਤੇ ਬੜੇ ਹੌਂਸਲੇ ਦੀ ਲੋੜ ਸੀ ਅੱਤ ਕਿਸੇ ਹੋਰ ਸੂਬੇ ਦੇ ਕਿਸੇ ਹੋਰ ਮੁੱਖ ਮੰਤਰੀ ਨੇ ਐਨਾ ਹੌਂਸਲਾ ਨਹੀਂ ਕੀਤਾ ਜਿੰਨਾ ਸਰਦਾਰ ਬੇਅੰਤ ਸਿੰਘ ਜੀ ਨੇ ਕੀਤਾ । ਉਨ੍ਹਾਂ ਨੇ ਇਸ ਪੰਜਾਬ ਦੇ ਖਾਲੀ ਖਜ਼ਾਨੇ ਨੂੰ ਭਰ ਦਿੱਤਾ, ਬਲਕਿ ਇਸ ਨੂੰ ਮਾਈਨਸ ਤੋਂ ਪਲੱਸ ਵਿਚ ਬਦਲ ਕੇ 1,600 ਕਰੋੜ ਰੁਪਏ ਦੇ ਖੱਪੇ ਨੂੰ ਪੂਰਾ ਕੀਤਾ । ਕਾਫੀ ਸਾਰੀਆਂ ਚੀਜ਼ਾਂ ਦਾ ਜ਼ਿਕਰ ਹੋ ਚੁੱਕਾ ਹੈ ਲੇਕਿਨ ਇਤਨਾ ਜ਼ਰੂਰ ਕਹਾਂਗਾ ਕਿ ਕਈ ਵਾਰੀ ਅਸੀਂ ਸੈਂਟਰ ਦੀ ਮਦਦ ਨੂੰ ਬਹੁਤ ਮਾਮੂਲੀ ਆਖਦੇ ਹਾਂ । ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਅਤੇ ਦੇਸ਼ ਸਮੁੱਚੇ ਤੌਰ ਤੇ ਅੱਗੇ ਵਧੇ, ਉਸ ਦੇ ਲਈ ਮਜ਼ਬੂਤ ਸੈਂਟਰ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ । ਮਜ਼ਬੂਤ ਸੈਂਟਰ ਹੀ ਸਟੇਟਾਂ ਨੂੰ ਮਜ਼ਬੂਤੀ ਪ੍ਰਦਾਨ ਕਰ ਸਕਦਾ ਹੈ ।

ਕਮਜ਼ੋਰ ਸੈਂਟਰ ਹਮੇਸ਼ਾਂ ਦੇਸ਼ ਨੂੰ ਕਮਜ਼ੋਰ ਕਰ ਦਿੰਦਾ ਹੈ । ਜਿਹੜੀ ਸਰਕਾਰ ਹਿੰਦੁਸਤਾਨ ਦੇ ਵਿਚ ਬਣੀ 1991 ਦੇ ਵਿਚ ਅੱਤ ਜਦੋਂ ਸ੍ਰੀ ਪੀ. ਵੀ. ਨਰਸਿਮ੍ਹਾ ਰਾਓ ਜੀ ਨੇ ਹਾਲਾਤ ਸਾਂਭੇ, ਉਦੋਂ ਬਹੁਤ ਹੀ ਕਮਜ਼ੋਰ ਹਾਲਾਤ ਸਨ ਲੇਕਿਨ ਸਾਨੂੰ ਖੁਸ਼ੀ ਹੈ ਇਹ ਕਹਿਣ ਵਿਚ ਕਿ ਉਨ੍ਹਾਂ ਨੇ ਆ ਕੇ ਸੈਂਟਰ ਦੀ ਸਰਕਾਰ ਨੂੰ ਮਿਨਾਰਟੀ ਤੋਂ ਮੈਜਾਰਿਟੀ ਤੱਕ ਲੈ ਆਂਦਾ ਅੱਤ 40 ਟਨ ਸੋਨਾ ਜਿਹੜਾ ਕਿ ਸਾਡਾ ਇੰਗਲੈਂਡ ਦੇ ਕੋਲ ਗਿਰਵੀ ਪਿਆ ਸੀ, ਉਸ ਨੂੰ ਵਾਪਸ ਲਿਆਉਣਾ ਅੱਤ ਸਰਦਾਰ ਮਨਮੋਹਨ ਸਿੰਘ ਵਰਗੇ ਸ਼ਾਨਦਾਰ ਅੱਤ ਯੋਗ,

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਲਾਇਕ ਪੰਜਾਬੀ ਨੂੰ ਵਿੱਤ ਮੰਤਰੀ ਬਣਾ ਕੇ ਹਿੰਦੁਸਤਾਨ ਦੀ ਆਰਥਕਤਾ ਨੂੰ ਮਜ਼ਬੂਤ ਕਰਨਾ-ਇਹ ਬਹੁਤ ਵੱਡੀ ਗੱਲ ਹੈ. ਛੋਟੀ ਗੱਲ ਨਹੀਂ ਹੈ । ਜੇ ਦੇਸ਼ ਆਰਥਕ ਤੌਰ ਤੇ ਮਜ਼ਬੂਤ ਨਹੀਂ ਹੋਏਗਾ ਤਾਂ ਕਿਸੇ ਪਾਸੇ ਤੋਂ ਵੀ ਦੇਸ਼ ਦੀ ਤਰੱਕੀ ਨਹੀਂ ਹੋ ਸਕਦੀ । ਸਾਡੀ ਕੇਂਦਰ ਬਕਾਇਦਾ ਮਦਦ ਕਰਦਾ ਰਿਹਾ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਬਜਟ ਸਪੀਚ ਵਿੱਚ ਵੀ ਅਸੀਂ ਇਸ ਮਦਦ ਦੀ ਮੰਗ ਕੀਤੀ ਹੈ ਅਤੇ ਅੱਗੇ ਨੂੰ ਵੀ ਕਰਦੇ ਰਹਾਂਗੇ ਕਿਉਂਕਿ ਪੰਜਾਬ ਨੇ ਹਿੰਦੁਸਤਾਨ ਦੀ ਏਕਤਾ ਅੰਰ ਅਖੰਡਤਾ ਵਾਸਤੇ ਬਹੁਤ ਵੱਡੀ ਕੁਰਬਾਨੀ ਕੀਤੀ ਹੈ ਅੰਰ ਦੇਸ਼ ਦੀ ਸੇਵਾ ਕੀਤੀ ਹੈ । ਸੇਵਾ ਦੇ ਬਾਅਦ ਪੰਜਾਬ ਨੂੰ ਹੀ ਜ਼ਿੰਦਗੀ ਨਹੀਂ ਦਿੱਤੀ ਬਲਕਿ ਹਿੰਦੁਸਤਾਨ ਨੂੰ ਵੀ ਜ਼ਿੰਦਗੀ ਦਿੱਤੀ ਹੈ ਤਾਂ ਕਿ ਪੰਜਾਬ ਹਿੰਦੁਸਤਾਨ ਦਾ ਹਿੱਸਾ ਬਣਿਆ ਰਹੇ । ਇਸ ਸਰਕਾਰ ਨੇ ।ਤੰਨ ਸਾਲਾਂ ਵਿੱਚ ਕਈ ਪਾਸੇ ਕਦਮ ਉਠਾਏ । ਹਿੰਦੁਸਤਾਨ ਦੀ ਸਰਕਾਰ ਸਾਹਮਣੇ ਇਹ ਮਾਮਲਾ ਲਿਆਂਦਾ ਗਿਆ ਅੰਰ ਖਾਸ ਤੌਰ ਤੇ ਪੰਜਾਬ ਦੀ ਗੱਲ ਕੀਤੀ ਜਿਹੜਾ ਕਿ ਸਾਡੇ ਸਿਰ ਕਰਜ਼ਾ ਹੈ, ਜਿਹੜੀ ਪਰਾਕਸੀ ਵਾਰ ਪਾਕਿਸਤਾਨ ਵੱਲੋਂ ਏਥੇ ਹੁੰਦੀ ਰਹੀ ਹੈ ਜਿਸ ਵਿੱਚ ਹਜ਼ਾਰਾ ਭਰਾ, ਭੈਣਾਂ, ਬੱਚੇ ਮਾਰੇ ਗਏ, ਤੁਸੀਂ ਸਾਡਾ ਇਹ ਕਰਜਾਂ ਸਾਨੂੰ ਮਾਫ ਕਰ ਦਿਓ । ਕੁਝ ਉਨ੍ਹਾਂ ਦੀਆਂ ਵੀ ਸਮੱਸਿਆਵਾਂ ਸਨ । ਲੇਕਿਨ ਸਾਨੂੰ ਖੁਸ਼ੀ ਹੈ ਕਿ ਸਰਕਾਰ ਬਣਨ ਦੇ ਪਹਿਲੇ ਸਾਲ ਇਸ ਪੰਜਾਬ ਤੋਂ ਜਿਹੜਾ ਕਰਜ਼ਾ ਵਾਪਸ ਲੈਣਾ ਸੀ, ਉਸ ਬਾਰੇ ਉਨ੍ਹਾਂ ਨੇ ਕਿਹਾ ਕਿ ਅਸੀਂ ਮੈਰੀਟੋਰੀਅਸ ਦੇ ਦਿੱਤਾ ਹੈ ਅਤੇ ਪੰਜਾਬ ਤੋਂ ਕਰਜ਼ੇ ਦੀ ਕੋਈ ਕਿਸ਼ਤ ਵਾਪਸ ਨਹੀਂ ਲਵਾਂਗੇ । 1992-93 ਦਾ ਸਾਡਾ ਸਾਲ ਉਨ੍ਹਾਂ ਦੀ ਕ੍ਰਿਪਾ ਨਾਲ ਬਹੁਤ ਅੱਛਾ ਲੰਘਿਆ ਅੰਰ ਉਨ੍ਹਾਂ ਨੇ ਸਾਨੂੰ ਹੌਂਸਲਾ ਦਿੱਤਾ ਕਿ ਅਸੀਂ ਤੁਹਾਡੀ ਫਿਰ ਵੀ ਮਦਦ ਕਰਦੇ ਰਹਾਂਗੇ 1993-94 ਵਿੱਚ ਜੋ ਸਾਨੂੰ ਕਿਸ਼ਤ ਦੇਣੀ ਪਈ, ਉਹ 817 ਕਰੋੜ ਰੁਪਏ ਸੀ ਪਰ ਸੈਂਟਰ ਨੇ ਸਾਨੂੰ 619 ਕਰੋੜ ਰੁਪਏ ਸਪੈਸ਼ਲ ਟਰਮ ਲੋਨ ਦੇ ਤੌਰ ਤੇ ਦੇ ਦਿੱਤੇ ਅੰਰ ਸਾਡੀ ਮਦਦ ਕੀਤੀ ਤਾਂ ਕਿ ਸਾਨੂੰ ਕਿਸੇ ਤਰ੍ਹਾਂ ਦੀ ਕੋਈ ਕਮੀ ਨਾ ਆਵੇ ਅੰਰ ਪੰਜਾਬ ਅੱਗੇ ਵਧਦਾ ਰਹੇ । ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਸਪੈਸ਼ਲ ਟਰਮ ਲੋਨ ਸਿਵਾਏ ਜੰਮੂ ਕਸ਼ਮੀਰ ਦੇ ਹੋਰ ਕਿਸੇ ਨੂੰ ਵੀ ਨਹੀਂ ਦਿੱਤਾ । ਕਿਉਂਕਿ ਉਥੇ ਮੁਸੀਬਤ ਹੈ, ਇਸ ਲਈ ਉਥੇ ਹੋਰ ਵੀ ਮਦਦ ਹੋ ਰਹੀ ਹੈ । ਭਾਵੇਂ ਉਥੇ ਪਾਪੂਲਰ ਸਰਕਾਰ ਨਹੀਂ ਹੈ ਪਰ ਮੈਨੂੰ ਵਿਸ਼ਵਾਸ਼ ਹੈ ਕਿ ਜੇ ਪੰਜਾਬ ਵਿੱਚ ਪਾਪੂਲਰ ਸਹਕਾਰ ਬਣੀ ਹੈ ਤਾਂ ਜੰਮੂ ਕਸ਼ਮੀਰ ਦੇ ਵਿੱਚ ਵੀ ਹਾਲਾਤ ਸੁਧਰਨਗੇ ਅੰਰ ਉਥੇ ਵੀ ਪਾਪੂਲਰ ਸਰਕਾਰ ਕਾਇਮ ਹੋਵੇਗੀ, ਉਥੇ ਵੀ ਡੈਮੋਕਰੇਸੀ ਬਹਾਲ ਹੋਵੇਗੀ । ਸਾਡੀ ਨਰਸਿਮ੍ਹਾ ਰਾਓ ਜੀ ਦੀ ਸਰਕਾਰ ਉਥੇ ਵੀ ਇਲੈਕਸ਼ਨ ਕਰਵਾਏਗੀ । ਲੇਕਿਨ ਸਪੀਕਰ ਸਾਹਿਬ, ਸਪੈਸ਼ਲ ਟਰਮ ਲੋਨ ਸਿਵਾਏ ਪੰਜਾਬ ਅਤੇ ਜੰਮੂ ਕਸ਼ਮੀਰ ਦੇ ਹੋਰ ਕਿਤੇ ਵੀ ਜਿਥੇ ਪਾਪੂਲਰ ਸਰਕਾਰ ਹੈ, ਨਹੀਂ ।ਦੱਤਾ ਗਿਆ । ਜਿੰਨੀ ਮਦਦ ਸੈਂਟਰ ਸਰਕਾਰ ਨੇ ਪੰਜਾਬ ਦੀ ਕੀਤੀ ਹੈ, ਕਿਸੇ ਹੋਰ ਸੂਬੇ ਦੀ ਨਹੀਂ ਕੀਤੀ । ਸਪੀਕਰ ਸਾਹਿਬ, ਸਾਨੂੰ ਜਿਹੜੀ ਨਾਰਮਲ ਅਸਿਸਟੈਂਸ ਸੈਂਟਰ ਤੋਂ ਮਿਲੀ ਹੈ, ਉਹ 1992-93 ਵਿਚ 1 088 ਕਰੋੜ ਰੁਪਏ, 1993-94 ਵਿੱਚ 1,176 ਕਰੋੜ ਰੁਪਏ ਅੰਰ 1994-95 ਵਿੱਚ ਸਾਡੇ ਮੁੱਖ ਮੰਤਰੀ ਜੀ ਦੀਆਂ ਕੋਸ਼ਿਸ਼ਾਂ ਕਰਕੇ 1,578 ਕਰੋੜ ਰੁਪਏ ਹੈ ਅੰਰ ਆਉਣ ਵਾਲੇ ਸਮੇਂ ਵਿੱਚ 2,000 ਕਰੋੜ ਰੁਪਏ ਸਾਨੂੰ ਸੈਂਟਰਲ ਅਸਿਸਟੈਂਸ ਦੇ ਤੌਰ ਤੇ ਮਿਲਣਗੇ । ਸਪੀਕਰ

Original with;
Punjab Vidhan Sabha
Digitized by;
Punjab Digital Library

ਸਾਹਿਬ, ਇਹ ਕਰਜ਼ਾ ਨਹੀਂ ਹੈ । ਇਹ ਸਾਨੂੰ ਸੈਂਟਰ ਦੀ ਮਦਦ ਹੈ । 1995-96 ਵਿੱਚ ਵੀ ਸਾਨੂੰ ਸੈਂਟਰ ਤੋ ਹੋਰ ਮਦਦ ਮਿਲੇਗੀ ।

ਸਪੀਕਰ ਸਾਹਿਬ, ਸਪੈਸ਼ਲ ਟਰਮ ਲੋਨ ਦੇ ਤੌਰ ਤੇ 1993-94 ਵਿਚ ਸਾਨੂੰ 600 +310=910 ਕਰੋੜ ਰੁਪਿਆ ਮਿਲਿਆ । 1994-95 ਵਿੱਚ ਸਾਨੂੰ 807 ਕਰੋੜ ਰੁਪਿਆ ਦੇਣਾ ਪਿਆ । 1995-96 ਵਿੱਚ ਫਿਰ ਕੇਂਦਰ ਸਾਡੀ ਮਦਦ ਕਰ ਰਿਹਾ ਹੈ ਔਰ ਸਾਨੂੰ ਹੁਣ ਤੱਕ ਸਪੈਸ਼ਲ ਟਰਮ ਲੋਨ ਦੇ ਤੌਰ ਤੇ 5,858 ਕਰੋੜ ਰੁਪਏ ਦੀ ਮਦਦ ਕੇਂਦਰ ਦੇ ਚੁੱਕਿਆ ਹੈ । ਇਸ ਦੇ ਲਈ ਅਸੀਂ ਬੜੇ ਜ਼ੋਰ ਨਾਲ ਅਪੀਲ ਕਰਦੇ ਹਾਂ, ਫਿਰ ਵੀ ਅਪੀਲ ਕਰਦੇ ਰਹਾਂਗੇ ਅਤੇ ਸਾਨੂੰ ਕਰ ਹੁੰਗਾਰਾ ਸੈਂਟਰ ਦੀ ਸਰਕਾਰ ਤੋਂ ਮਿਲਿਆ ਵੀ ਹੈ । ਉਨ੍ਹਾਂ ਦੀ ਹਮਦਰਦੀ ਸਾਡੇ ਤੀਕਰ ਪਹੁੰਚੀ ਹੈ, ਦਸਵੇਂ ਫਾਈਨੈਂਸ ਕਮਿਸਨ ਨੇ 500 ਕਰੋੜ ਰੁਪਏ ਦੀ ਸਾਡੀ ਮਦਦ ਕੀਤੀ ਹੈ ਅਤੇ ਇਹ ਸਾਨੂੰ 100 ਕਰੋੜ ਰੁਪਿਆ ਹਰ ਸਾਲ ਮਿਲਦਾ ਰਹੇਗਾ । ਇਸ ਨਾਲ ਇਹ ਜਿਹੜਾ ਕੁੱਲ ਕਰਜ਼ਾ ਹੈ, ਉਹ ਤਕਰੀਬਨ 5,358 ਕਰੋੜ ਰੁਪਏ ਰਹਿ ਜਾਵੇਗਾ । ਇਸ ਮਦਦ ਦਾ ਅਸੀਂ ਸਵਾਗਤ ਕਰਦੇ ਹਾਂ । ਲੇਕਿਨ ਬੜੀ ਨਿਮਰਤਾ ਨਾਲ ਪਰ ਬੜੇ ਜ਼ੋਰਦਾਰ ਸ਼ਬਦਾਂ ਨਾਲ ਅਸੀਂ ਸੈਂਟਰ ਦੀ ਸਰਕਾਰ ਨੂੰ ਕਹਿਣਾ ਚਾਹੁੰਦੇ ਹਾਂ ਕਿ ਪੰਜਾਬ ਤੁਹਾਡੇ ਵੱਲ ਵੇਖ ਰਿਹਾ ਹੈ । ਪੰਜਾਬ ਦੇ ਲੋਕ ਬੜੀ ਉਤਸੁਕਤਾ ਨਾਲ ਵੇਖ ਰਹੇ ਹਨ । ਪੰਜਾਬ ਦੇ ਲੋਕਾਂ ਨੇ ਆਪਣੀਆਂ ਜਾਨਾਂ ਦੇ ਕੇ ਪਰੈਕਸੀ ਵਾਰ ਦਾ ਮੁਕਾਬਲਾ ਕੀਤਾ ਹੈ, ਦੇਸ਼ ਦੀ ਏਕਤਾ ਅਤੇ ਅਖੰਡਤਾ ਵਿੱਚ ਬਹੁਤ ਵੱਡਾ ਹਿੱਸਾ ਪਾਇਆ ਹੈ । ਪੰਜਾਬ ਸਾਰੇ ਹਿੰਦੁਸਤਾਨ ਦਾ ਹੀਰਾ ਸੂਬਾ ਹੈ । ਪੰਜਾਬ ਉਹ ਸੂਬਾ ਹੈ ਜਿਸ ਨੇ ਜਦੋਂ ਵੀ ਕੋਈ, ਮੁਸ਼ਕਲ ਆਈ ਉਸ ਦਾ ਡਟ ਕੇ ਕੇ ਸਾਹਮਣਾ ਕੀਤਾ । ਸਾਰੇ ਹਿੰਦੁਸਤਾਨ ਦਾ ਅੰਨ ਭੰਡਾਰ ਵੀ ਪੰਜਾਬ ਨੇ ਹੀ ਭਰਿਆ ਹੈ । ਜਦੋਂ ਮੁਸ਼ਕਲ ਆਈ 1965 ਵਿੱਚ ਜਿਸ ਵੇਲੇ ਪਾਕਿਸਤਾਨ ਨੇ ਹਮਲਾ ਕੀਤਾ, ਲੜਾਈ ਹੋਈ, ਸਪੀਕਰ ਸਾਹਿਬ ਉਸ ਵੇਲੇ ਸਾਡੇ ਪੰਜਾਬੀਆਂ ਨੇ, ਸ਼ਹਿਰੀਆਂ ਨੇ ਖਾਸ ਕਰਕੇ ਪਿੰਡਾਂ ਦੇ ਰਹਿਣ ਵਾਲੇ ਲੋਕਾਂ ਨੇ ਮਦਦ ਕੀਤੀ ਸੀ । ਉਨ੍ਹਾਂ ਫੌਜੀਆਂ ਦੀ ਜੋ ਸਾਡੇ ਲਈ ਲੜਦੇ ਸਨ ਮੋਰਚਿਆਂ ਦੇ ਵਿੱਚ ਜਾ ਕੇ । ਉਦੋਂ ਸਾਡੇ ਭਰਾਵਾਂ ਨੇ ਇਹ ਮਹਿਸੂਸ ਕੀਤਾ ਕਿ ਹਿੰਦੁਸਤਾਨ ਤੇ ਹਮਲਾ ਹੋਇਆ ਹੈ ਅਤੇ ਸਾਨੂੰ ਆਪਣੇ ਫੌਜੀਆਂ ਦੀ ਮਦਦ ਕਰਨੀ ਚਾਹੀਦੀ ਹੈ । ਇਸ ਸਬੰਧ ਵਿਚ ਸ਼ਾਇਦ ਸਾਡੇ ਐਮ. ਐਲ. ਏ. ਸਾਹਿਬਾਨ ਜਾਣਦੇ ਹੋਣਗੇ ਕਿ ਇਕ ਟਾਕ ਆਈ ਸੀ ਟੈਲੀਵੀਜ਼ਨ ਦੇ ਵਿੱਚ ਜਿਹੜੀ ਮੈਂ ਸੁਣ ਰਿਹਾ ਸੀ ਅਤੇ ਉਸ ਦਾ ਮੈਂ ਜ਼ਿਕਰ ਕਰਨ ਲੱਗਾ ਹਾਂ । ਮੈਂ ਸੈਂਟਰ ਦੀ ਸਰਕਾਰ ਨੂੰ, ਹਕੂਮਤ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਵਿਚ ਦੇਸ਼ ਦੀ ਏਕਤਾ ਅਤੇ ਅਖੰਡਤਾ ਵਾਸਤੇ ਕਿਤਨਾ ਜਜਬਾ ਸੀ । ਟੈਲੀਵੀਜ਼ਨ ਦੇ ਵਿਚ ਟਾਕ ਆਈ ਸੀ ਕਿ ਜਦੋਂ 1965 ਵਿਚ ਹਮਲਾ ਹੋਇਆ ਸੀ, ਉਸ ਵੇਲੇ ਪਾਕਿਸਤਾਨ ਦੀ ਤਰਫੋਂ ਹਿੰਦੁਸਤਾਨ ਵੱਲ ਅੰਧਾ-ਧੁੰਦ ਗੋਲੀਆ ਚਲ ਰਹੀਆਂ ਸਨ । ਮੋਰਚਿਆਂ ਵਿੱਚ ਬੈਠੇ ਹੋਏ ਸਾਡੇ ਉਨ੍ਹਾਂ ਫੌਜੀ ਭਰਾਵਾਂ ਨੂੰ 48 ਘੰਟੇ ਤੋਂ ਵੀ ਜ਼ਿਆਦਾ ਹੋ ਗਏ ਸਨ ਗੋਲੀਆਂ ਚਲਾਉਂਦਿਆਂ ਨੂੰ ਅਤੇ ਉਹ ਆਪਣੀਆਂ ਜਾਨਾਂ ਨੂੰ ਖਤਰਿਆਂ ਵਿੱਚ ਪਾ ਕੇ ਬੈਠੇ ਸਨ । ਉਥੇ ਸਾਡੀਆਂ ਬੇਟੀਆਂ, ਭੈਣਾਂ ਗਈਆਂ ਜਿਨ੍ਹਾਂ ਨੇ ਪਰੌਠੇ ਪਕਾ ਕੇ ਸਿਰਾਂ ਤੇ ਰੱਖੇ ਹੋਏ ਸਨ ਅਤੇ ਹੱਥਾਂ ਵਿਚ ਬਾਲਟੀਆਂ ਸਨ, ਉਨ੍ਹਾਂ ਵਿਚ ਗੋਟਣੇ (ਪਾਥੀਆਂ) ਪਾ ਕੇ ਚਾਹ ਦੀਆਂ ਦੇਗਚੀਆਂ ਰੱਖੀਆਂ ਹੋਈਆਂ ਸਨ । ਉਹ ਲੈ ਕੇ ਮੋਰਚਿਆਂ ਵਿੱਚ ਆਪਣੇ ਫੌਜੀ ਭਰਾਵਾਂ ਨੂੰ ਕਹਿਣ ਲੱਗੀਆਂ ਕਿ ਤੁਸੀਂ 48

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਘੰਟਿਆਂ ਤੋਂ ਵੀ ਵੱਧ ਸਮੇਂ ਤੋਂ ਕੁਝ ਖਾਧਾ ਨਹੀਂ, ਕੁਝ ਪੀਤਾ ਨਹੀਂ। ਅਸੀਂ ਤੁਹਾਡੇ ਕੋਲ ਇਸ ਕਰਕੇ ਪਹੁੰਚੀਆਂ ਹਾਂ ਕਿ ਤੁਸੀਂ ਆਹ ਪਰੌਂਠੇ ਖਾ ਲਵੋ ਅਤੇ ਚਾਹ ਪੀ ਲਵੋ। ਅੱਗੋਂ ਫੌਜੀ ਭਰਾਵਾਂ ਦਾ ਜਵਾਬ ਸੀ ਕਿ ਸਾਨੂੰ ਪਰੌਂਠੇ ਨਹੀਂ ਚਾਹੀਦੇ ਚਾਹ ਨਹੀਂ ਚਾਹੀਦੀ, ਸਾਨੂੰ ਤਾਂ ਦੇਸ਼ ਦੀ ਏਕਤਾ ਅਤੇ ਅਖੰਡਤਾ ਚਾਹੀਦੀ ਹੈ ਅਤੇ ਅਸੀਂ ਦੇਸ਼ ਦੀ ਆਜ਼ਾਦੀ ਦੀ ਹਿਫਾਜ਼ਤ ਕਰਨੀ ਹੈ। ਇਸ ਦੇ ਲਈ ਹੀ ਅਸੀਂ ਡਟੇ ਹੋਏ ਬੈਠੇ ਹਾਂ। ਬੇਟੀਆਂ ਤੇ ਭੈਣਾਂ ਨੇ ਕਿਹਾ ਕਿ ਅਸੀਂ ਤੁਹਾਡਾ ਗੋਲੀਆਂ ਚਲਾਉਣ ਦਾ ਕੰਮ ਬੰਦ ਨਹੀਂ ਕਰਦੀਆਂ। ਅਸੀਂ ਆਪਣੇ ਹੱਥਾਂ ਨਾਲ ਤੁਹਾਡੇ ਮੂੰਹ ਵਿਚ ਪਰੌਂਠੇ ਪਾਉਂਦੀਆਂ ਹਾਂ ਅਤੇ ਚਾਹ ਵੀ ਪਿਲਾਵਾਂਗੀਆਂ ਤਾਂ ਕਿ ਤੁਸੀਂ ਗੋਲੀਆਂ ਚਲਾਉਣ ਵਿਚ ਕਮਜ਼ੋਰ ਨਾ ਹੋਵੋ ਜੇ ਤੁਹਾਡੇ ਵਿਚ ਕਮਜ਼ੋਰੀ ਆ ਗਈ ਤਾਂ ਇਹ ਗੱਲ ਆਵੇਗੀ ਕਿ ਅਸੀਂ ਆਪਣੇ ਫੌਜੀਆਂ ਦੀ ਮੋਰਚਿਆਂ ਵਿੱਚ ਬੈਠਿਆਂ ਦੀ ਮਦਦ ਨਹੀਂ ਕੀਤੀ, ਉਨ੍ਹਾਂ ਦੀ ਕੋਈ ਹਿਫਾਜ਼ਤ ਨਹੀਂ ਕੀਤੀ, ਅਸੀਂ ਆਪਣਾ ਫਰਜ਼ ਪੂਰਾ ਨਹੀਂ ਕੀਤਾ। ਮੈਂ ਸੈਂਟਰ ਦੀ ਸਰਕਾਰ ਨੂੰ ਕਹਿਣਾ ਚਾਹਾਂਗਾ ਕਿ ਪੰਜਾਬ ਨੇ ਆਜ਼ਾਦੀ ਵਾਸਤੇ ਬੜੀ ਕੁਰਬਾਨੀ ਦਿੱਤੀ ਹੈ। ਜਿਹੜਾ ਪੰਜਾਬ ਤੇ ਸੰਕਟ 1978 ਤੋਂ ਲੈ ਕੇ 1992 ਤਕ ਛਾਇਆ ਰਿਹਾ ਹੈ, ਉਸ ਦੇ ਵਿਚ ਵੀ ਪੰਜਾਬੀਆਂ ਨੇ ਵੱਧ ਤੋਂ ਵੱਧ ਕੁਰਬਾਨੀ ਕੀਤੀ ਹੈ, ਕੀਮਤੀ ਜਾਨਾਂ ਦਿੱਤੀਆਂ ਹਨ ਅੱਤ ਜਿਹੜਾ ਪਾਕਿਸਤਾਨ ਪੰਜਾਬ ਦੇ ਵਿਚ ਕਤਲੋ-ਗਾਰਤ ਕਰਵਾ ਰਿਹਾ ਸੀ, ਉਸ ਦਾ ਵੀ ਮੂੰਹ ਬੰਦ ਕੀਤਾ ਹੈ, ਉਸ ਦਾ ਮਸਤੂਕ ਵੀ ਝੁਕਾਇਆ ਹੈ। ਪੰਜਾਬ ਦੇ ਲੋਕ ਬੜੀ ਨਿਮਰਤਾ ਨਾਲ ਸੈਂਟਰ ਦੀ ਸਰਕਾਰ ਨੂੰ ਕਹਿੰਦੇ ਕਿ ਇਹ ਕਰਜ਼ਾ ਜਿਹੜਾ ਸਾਡੇ ਤੇ ਹੈ, ਸਾਨੂੰ ਮੁਆਫ ਕਰ ਦਿੱਤਾ ਜਾਵੇ, ਹਰ ਹਾਲਤ ਵਿਚ ਮਆਫ਼ ਕੀਤਾ ਜਾਵੇ, ਅੱਤ ਪੰਜਾਬ ਦੀ ਮਦਦ ਵਾਸਤੇ ਸਾਨੂੰ ਥਪਕੀ ਦਿਤੀ ਜਾਵੇ। ਮੈਂ ਇਸ ਹਾਊਸ ਦੇ ਰਾਹੀਂ ਪੁਰਜ਼ੋਰ ਅਪੀਲ ਕਰਦਾ ਹਾਂ ਸੈਂਟਰ ਦੀ ਸਰਕਾਰ ਨੂੰ ਕਿ ਤੁਹਾਡੀ ਹਮਦਰਦੀ ਦਾ ਸ਼ੁਕਰੀਆ ਲੇਕਿਨ ਸਾਡੀਆਂ ਕੁਰਬਾਨੀਆਂ ਦੇ ਮੁਕਾਬਲੇ ਇਹ ਮਦਦ ਬਹੁਤ ਥੋੜ੍ਹੀ ਹੈ ਅਤੇ ਸਾਡੀ ਵੱਧ ਤੋਂ ਵੱਧ ਮਦਦ ਕਰੋ। ਫਿਰ ਅਸੀਂ ਮਹਿਸੂਸ ਕਰਦੇ ਹਾਂ ਕਿ ਤਹਾਡੇ ਦਿਲ ਵਿਚ ਵੀ ਕੁਝ ਗੱਲ ਹੈ।

ਸਪੀਕਰ ਸਾਹਿਬ, ਇਹ ਦੇਸ਼ ਕੁਰਬਾਨੀਆਂ ਨਾਲ ਆਜ਼ਾਦ ਹੋਇਆ ਹੈ। ਆਜ਼ਾਦੀ ਲੈਣ ਵਾਸਤੇ ਹਿੰਦੁਸਤਾਨ ਦੇ ਲੋਕ ਜੇਲ੍ਹਾਂ ਵਿਚ ਗਏ, ਸਾਡੇ ਨੌਜਵਾਨ ਫਾਂਸੀ ਦੇ ਤਖਤਿਆਂ ਤੇ ਲਟਕੇ ਅੱਤ ਆਪਣੀਆਂ ਜਾਨਾਂ ਦੇ ਕੇ ਦੇਸ਼ ਆਜ਼ਾਦ ਕਰਵਾਇਆ। ਇਸ ਗੱਲ ਨੂੰ ਭੁਲਾਇਆ ਨਹੀਂ ਜਾ ਸਕਦਾ ਕਿ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਦੇਸ਼ ਦੀ ਜੰਗੇ-ਆਜ਼ਾਦੀ ਵਾਸਤੇ ਅਗਵਾਈ ਕੀਤੀ, ਅੱਤ ਲੰਗੋਟੀ ਵਾਲੇ ਫਕੀਰ ਦੀ ਤਰ੍ਹਾਂ ਸਾਦਾ ਜੀਵਨ ਬਿਤਾਇਆ ਅੱਤ ਅਹਿੰਸਾ ਦੀ ਮੂਰਤੀ ਬਣ ਕੇ ਦੇਸ਼ ਦੀ ਅਗਵਾਈ ਕੀਤੀ। ਉਨ੍ਹਾਂ ਦਾ 125ਵਾਂ ਜਨਮ ਦਿਨ ਸਾਰਾ ਰਾਸਟਰ ਸਾਲ ਭਰ ਇਸ ਸਾਲ ਮਨਾ ਰਿਹਾ ਹੈ ਅੱਤ ਉਨ੍ਹਾਂ ਨੂੰ ਯਾਦ ਕਰ ਰਿਹਾ ਹੈ। ਇਸ ਦੇ ਵਾਸਤੇ ਪੰਜਾਬ ਨੇ ਵੀ ਬਕਾਇਦਾ ਇਕ ਕਮੇਟੀ ਬਣਾਈ ਹੈ ਅੱਤ ਪੰਜਾਬ ਸਰਕਾਰ ਉਨ੍ਹਾਂ ਦਾ ਜਨਮ ਦਿਨ ਮਨਾ ਰਹੀ ਹੈ। ਬੜੀ ਖੁਸ਼ੀ ਨਾਲ ਮੈਂ ਮਾਨਯੋਗ ਮੈਂਬਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਚਾਹਿਆ ਹੈ ਕਿ 56 ਕਰੋੜ ਦੀ ਲਾਗਤ ਨਾਲ ਇਕ ਇੰਸਟੀਚਿਊਟ ਬਣਾਇਆ ਜਾਵੇ

Original with;
Punjab Vidhan Sabha
Digitized by;
Panjab Digital Library

ਸਕਦੀਆਂ ਹਨ । ਦੂਜੇ ਪਾਸੇ ਸਾਡੀ ਸਟੇਟ ਪੰਜਾਬ ਵਿਚ, ਇਨ੍ਹਾਂ ਨੇ ਚੈਲੰਜ ਨਾਲ ਕਿਹਾ ਕਿ ਕੋਈ ਵੀ ਚਾਹੇ, ਜ਼ਮੀਨ ਖਰੀਦ ਸਕਦਾ ਹੈ, ਕਾਰਖਾਨਾ ਲਗਾ ਸਕਦਾ ਹੈ, ਕੋਈ ਵੀ ਆਵੇ, ਇੰਟਰਵਿਊ ਦੇਵੇ ਅਤੇ ਮੈਰਿਟ ਦੇ ਆਧਾਰ ਤੇ ਨੌਕਰੀ ਲੈ ਸਕਦਾ ਹੈ । ਸਾਰੇ ਹਿੰਦੁਸਤਾਨ ਅੱਗੇ ਅਸੀਂ ਇਹ ਮਿਸਾਲ ਕਾਇਮ ਕੀਤੀ ਹੈ ਅਤੇ ਅਸੀਂ ਅੱਜ ਵੀ ਕਹਿੰਦੇ ਹਾਂ ਕਿ ਪੰਜਾਬ ਮੁਲਕ ਦੀ ਏਕਤਾ ਅਤੇ ਅਖੰਡਤਾ ਲਈ ਕੁਰਬਾਨ ਹੋਇਆ ਹੈ ਅਤੇ ਅੱਜ ਵੀ ਬੜੀ ਮਜ਼ਬੂਤੀ ਨਾਲ ਹਿੰਦੁਸਤਾਨ ਨਾਲ ਜੁੜਿਆ ਹੋਇਆ ਹੈ । (ਥੰਪਿੰਗ) ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਸੂਬਾ ਪ੍ਰਸਤੀ ਦੀ ਭਾਵਨਾ ਨਹੀਂ ਹੋਣੀ ਚਾਹੀਦੀ । ਅੱਜ ਵੀ ਪ੍ਰੋਵਿਨਸ਼ਲਿਜ਼ਮ....

ਸ੍ਰੀ ਸਪੀਕਰ: ਤੁਸੀਂ ਵਾਈਂਡ ਅਪ ਕਰੋ, ਡਾਕਟਰ ਸਾਹਿਬ ।

ਵਿੱਤ ਮੰਤਰੀ: ਪ੍ਰੋਵਿਨਸ਼ਲਿਜ਼ਮ ਦੀ ਜਿਹੜੀ ਗੱਲ ਹੈ, ਸੂਬਿਆਂ ਦੀ ਜਿਹਤੀ ਵੱਖਰੀ ਸੋਚ ਹੈ, ਉਸ ਨੂੰ ਰੋਕਣਾ ਚਾਹੀਦਾ ਹੈ, ਇਹ ਬਹੁਤ ਜ਼ਰੂਰੀ ਹੈ । ਮੈਂ, ਸਪੀਕਰ ਸਾਹਿਬ, ਇਸ ਸਬੰਧ ਵਿਚ ਬਜਟ ਦੇ ਸਬੰਧ ਵਿਚ 2-3 ਗੱਲਾਂ ਹੋਰ ਕਹਿਣੀਆਂ ਹਨ ਕਿ ਅਸੀਂ ਪੰਜਾਬ ਵਿਚ ਵਪਾਰੀ ਭਰਾਵਾਂ ਨੂੰ ਸਹੂਲਤਾਂ ਦਿੱਤੀਆਂ, ਕਿਸਾਨਾਂ ਨੂੰ ਦਿੱਤੀਆਂ, ਮਜ਼ਦੂਰਾਂ ਨੂੰ ਦਿਤੀਆਂ ਔਰ ਹਰ ਵਰਗ ਦੇ ਸਾਹਮਣੇ ਰੱਖੀਆਂ ਹਨ । 2-3 ਗੱਲਾਂ ਮੇਰੇ ਕੋਲ ਆਈਆਂ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਕੁਝ ਕਮੀ ਰਹਿ ਗਈ ਸੀ ਪਿਛਲੀ ਬਜਟ ਸਪੀਚ ਵਿਚ ਇਕ ਰਿਲੀਫ ਜਿਹੜਾ ਅਸੀਂ ਦਿੱਤਾ ਹੈ, ਉਹ 1984 ਦੇ ਦੰਗਾ ਪੀੜਤਾਂ ਨੂੰ ਦਿੱਤਾ ਹੈ । ਇਕ ਹੋਰ ਗ੍ਰਾਂਟ ਟੈਰੋਰਿਸਟ ਵਿਕਟਿਮ ਜਿਹੜੀਆਂ ਸਾਡੀਆਂ ਭੈਣਾਂ ਹਨ, ਉਨ੍ਹਾਂ ਲਈ 50,000 ਰੁਪਏ ਤੋਂ 1 ਲੱਖ ਤੱਕ ਵਧਾਈ ਹੈ । ਉਹ 1-4-1982 ਤੋਂ ਨਾ ਹੋ ਕੇ 1-8-1981 ਤੋਂ ਦਿੱਤੀ ਹੈ । ਮੈਂ ਕੈਬਨਿਟ ਦਾ ਮੈਮੋਰੰਡਮ ਦੇਖਿਆ ਹੈ । (ਥੰਪਿੰਗ) ਇਹ ਅਗਸਤ, 1981 ਤੋਂ ਦਿੱਤੀ ਹੈ । ਇਸ ਤੋਂ ਇਲਾਵਾ ਇਕ ਬਸ ਫੇਅਰ ਕੰਡੀ ਦਾ ਜੋ 15% ਜ਼ਿਆਦਾ ਸੀ, ਉਸ ਬਸ ਫੇਅਰ ਨੂੰ ਅਸੀਂ ਵਾਪਸ ਲੈ ਰਹੇ ਹਾਂ ਔਰ ਜਿਸ ਤਰ੍ਹਾਂ ਦਾ ਮੈਦਾਨਾਂ ਵਿਚ ਬਸ ਦਾ ਕਿਰਾਇਆ ਹੈ, ਉਸੇ ਤਰ੍ਹਾਂ ਦਾ ਹੀ ਕੰਡੀ ਏਰੀਆ ਵਿਚ ਬਸਾਂ ਦਾ ਕਿਰਾਇਆ ਹੋਵੇਗਾ । (ਥੰਪਿੰਗ) ਆਖਿਰ ਵਿਚ ਮੈਂ ਇਹ ਸ਼ਬਦ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਸਾਡੇ ਕੁਝ ਮਾਨਯੋਗ ਮੈਂਬਰਾਂ ਨੇ ਕੁਝ ਐਸਾ ਮਹਿਸੂਸ ਕੀਤਾ ਹੈ, ਜਿਸ ਤਰ੍ਹਾਂ ਕਿ ਇਕ ਪਾਸਿਉਂ ਆਵਾਜ਼ ਆਈ ਸੀ ਕਿ ਤੁਸੀਂ ਉਧਰ ਨਹੀਂ ਰਹਿਣਾ, ਅਸੀਂ ਉਧਰ ਆਉਣਾ ਹੈ, ਮੈਂ ਉਸ ਬਾਰੇ ਇਹੀ ਕਹਾਂਗਾ ਕਿ

"ਦਿਲ ਕੇ ਬਹਿਲਾਨੇ ਕੇ ਲੀਏ ਗਾਲਿਬ ਯੇ ਖਿਆਲ ਅੱਛਾ ਹੈ"

ਇਕ ਆਵਾਜ਼ ਉਧਰੋਂ ਵੀ ਆਈ ਸੀ (ਬਹੁਜਨ ਸਮਾਜ ਪਾਰਟੀ ਵੱਲ ਇਸ਼ਾਰਾ) ਕਿ ਅਸੀਂ ਹਿੰਦੁਸਤਾਨ ਤੇ ਹੀ ਕਬਜ਼ਾ ਕਰ ਲੈਣਾ ਹੈ, ਮੈਂ ਕਹਾਂਗਾ ਕਿ

"ਅਬ ਹਵਾਏਂ ਹੀ ਕਰੇਂਗੀ ਰੌਸ਼ਨੀ ਕਾ ਫੈਸਲਾ

ਜਿਸ ਦੀਏ ਮੇਂ ਜਾਨ ਹੋਗੀ, ਵਹੀ ਦੀਆ ਰਹਿ ਜਾਏਗਾ ।"

ਧੰਨਵਾਦ ।

Original with;
Punjab Vidhan Sabha
Digitized by;
Panjab Digital Library

Mr. Speaker: Question is—

That the Punjab Appropriation (No. 2) Bill be taken into consideration at once.

The Motion was carried.

Mr. Speaker: Now the House will proceed to consider the Bill Clause by Clause.

Clause 2

Mr. Speaker: Question is—

That Clause 2 stand part of the Bill.

The motion was Carried.

Clause 3

Mr. Speaker: Question is—

That Clause 3 stand part of the Bill.

The motion was carried.

Mr. Speaker Question is—

That the Schedule stand part of the Bill.

The Motion was carried.

Clause 1

Mr. Speaker: Question is—

That Clause 1 stand part of the Bill.

The Motion was carried.

TITLE

Mr. Speaker: Question is—

Title be the Title of the Bill.

The motion was carried.

Finance Minister (Doctor Kewal Krishan): Sir, I beg to move—

That the Punjab Appropriation (No. 2) Bill be passed.

Mr. Speaker: Motion moved—

That the Punjab Appropriation (No. 2) Bill be passed.

Mr. Speaker: Question is—

That the Punjab Appropriation (No. 2) Bill be passed

The motion was carried.

(*Thumping*).

Mr. Speaker: The House stands adjourned till 9.00 A. M. on Thursday, the 30th March, 1995.

*1. 12 P.M.

(*The Sabha then adjourned** till 9.00 A.M. on Thursday., the 30th March, 1995)

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA DEBATES

Dated 29th March, 1995

VOL. IX—No. 19

UNSTARRED QUESTION AND ANSWER

ਜ਼ਿਲਾ ਅੰਮ੍ਰਿਤਸਰ ਵਿੱਚ ਹੜ੍ਹ ਪੀੜਤ ਵਿਅਕਤੀਆਂ ਨੂੰ ਮੁਆਵਜ਼ਾ

479. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਦੱਸਣਗੇ ਕਿ: —

(ੳ) ਪਹਿਲੀ ਮਾਰਚ, 1992 ਤੋਂ ਪਹਿਲੀ ਮਾਰਚ, 1995 ਤੱਕ ਦੇ ਸਮੇਂ ਦੌਰਾਨ ਜ਼ਿਲ੍ਹਾ ਅੰਮ੍ਰਿਤਸਰ ਕਿੰਨੀ ਵਾਰ ਹੜ੍ਹਾਂ ਤੋਂ ਪ੍ਰਭਾਵਿਤ ਹੋਇਆ;

(ਅ) ਉਕਤ ਹੜ੍ਹਾਂ ਕਾਰਣ ਕਿੰਨੇ ਵਿਅਕਤੀਆਂ ਦੀਆਂ ਜਾਨਾਂ 'ਗਈਆਂ ਅਤੇ ਕਿੰਨੇ ਏਕੜ ਜ਼ਮੀਨ ਤੇ ਫਸਲਾਂ ਬਰਬਾਦ ਹੋਈਆਂ;

(ੲ) ਉਕਤ ਸਮੇਂ ਦੌਰਾਨ ਹੜ੍ਹਾਂ ਤੋਂ ਮਰੇ ਵਿਅਕਤੀਆਂ ਦੇ ਪਰਿਵਾਰਾਂ ਨੂੰ ਕਿੰਨੀ ਅਨੁਗ੍ਰਹਿ ਰਾਸ਼ੀ ਅਦਾ ਕੀਤੀ ਗਈ ਅਤੇ ਉਨ੍ਹਾਂ ਦੇ ਨਾਂ ਕੀ-ਕੀ ਹਨ;

(ਸ) ਉਨਾਂ ਕਿਸਾਨਾਂ ਦੇ ਨਾਂ ਅਤੇ ਪਤੇ ਕੀ ਕੀ ਹਨ ਜਿੰਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਨੂੰ ਪੁੱਜੇ ਨੁਕਸਾਨ ਲਈ ਮੁਆਵਜ਼ਾ ਅਦਾ ਕੀਤਾ ਗਿਆ ਅਤੇ ਮੁਆਵਜ਼ੇ ਦੀ ਕਿੰਨੀ ਕਿੰਨੀ ਰਕਮ ਅਦਾ ਕੀਤੀ ਗਈ ?

ਮਾਸਟਰ ਜਾਗੀਰ ਸਿੰਘ (ੳ) ਪਹਿਲੀ ਮਾਰਚ, 1992 ਤੋਂ ਪਹਿਲੀ ਮਾਰਚ, 1995 ਦੌਰਾਨ ਅੰਮ੍ਰਿਤਸਰ ਜ਼ਿਲ੍ਹਾ ਅਗਸਤ-ਸਤੰਬਰ, 1992 ਅਤੇ ਜੁਲਾਈ, 1993 ਵਿੱਚ ਦੋ ਵਾਰ ਹੜ੍ਹਾਂ ਨਾਲ ਪ੍ਰਭਾਵਿਤ ਹੋਇਆ ।

(ਅ) ਉਪਰੋਕਤ ਹੜ੍ਹਾਂ ਕਾਰਨ 59 ਵਿਅੱਕਤੀ ਮਾਰੇ ਗਏ ਸਨ ਅਤੇ 81,022 ਏਕੜ ਰਕਬੇ ਵਿੱਚ ਫਸਲਾਂ ਦਾ ਨੁਕਸਾਨ ਹੋਇਆ ਸੀ ।

(ੲ) ਸੂਚਨਾ ਅਨੁਲੱਗ ਵਿੱਚ ਦਿੱਤੀ ਹੈ ।

(ਸ) ਕਿਸਾਨਾਂ ਦੇ ਨਾਂ ਅਤੇ ਪਤੇ ਜਿਨ੍ਹਾਂ ਨੂੰ ਉਨ੍ਹਾਂ ਦੀਆਂ ਫਸਲਾਂ ਨੂੰ ਪੁੱਜੇ ਨੁਕਸਾਨ ਲਈ ਮੁਆਵਜ਼ਾ ਅਦਾ ਕੀਤਾ ਗਿਆ ਅਤੇ ਮੁਆਵਜ਼ੇ ਦੀ ਕਿੰਨੀ ਕਿੰਨੀ ਰਕਮ ਅਦਾ ਕੀਤੀ ਗਈ, ਸਬੰਧੀ ਵੇਰਵੇ ਮੁਹੱਈਆ ਕਰਨ ਵਿੱਚ ਲੱਗਣ ਵਾਲਾ ਸ਼ਮਾਂ ਅਤੇ ਮਿਹਨਤ ਪ੍ਰਾਪਤ ਕੀਤੇ ਜਾਣ ਵਾਲੇ ਕਿਸੇ ਲਾਭ ਦੇ ਸਮਾਨ ਨਹੀਂ ਹੋਵੇਗਾ ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;

ANNEXURE

Statement showing the Quantum of Ex-Gratia Grant paid to the kins of persons who died in floods during 1st March, 1992 to 1st March, 1995 together with names thereof.

Sr. No.	Name of Deceased	Amount of Ex-gratia grant paid (Rs.)
1	2	3
1.	Laddi ..	50,000/-
2.	Rajwant Kaur ..	50,000/-
3.	Paramjit Kaur ..	50,000/-
4.	Swaran Kaur ..	50,000/-
5.	Sarabjit Kaur ..	50,000/-
6.	Kiranjit Kaur ..	50,000/-
7.	Dara Singh ..	50,000/-
8.	Chain Singh ..	50,000/-
9.	Paramjit Kaur ..	50,000/-
10.	Sukha Singh ..	50,000/-
11.	Bahadur Singh ..	50,000/-
12.	Lakhwinder Singh ..	50,000/-
13.	Narvair Singh ..	50,000/-
14.	Bhool ..	50,000/-
15.	Rajiv ..	50,000/-
16.	Lakhwinder Singh ..	50,000 -
17.	Titi ..	50,000/-
18.	Didar Singh ..	50,000/-
19.	Karnail Singh ..	50,000/-
20.	Pannu ..	50,000/-

Original with;
Punjab Vidhan Sabha
Digitized by;
Panjab Digital Library

Sr. No.	Name of Deceased	Amount of Ex-gratia grant paid (Rs.)
1	2	3
21.	Sahib Singh ..	50,000/-
22.	Mukhtiar Singh .	50,000/-
23.	Jarnail Singh ..	50,000/-
24.	Amarjit Kaur ..	50,000/-
25.	Kakkar Singh ..	50,000/-
26.	Chanan Singh ..	50,000/-
27.	Mangal Singh .	50,000/-
28.	Ramandeep Singh ..	50,000/-
29.	Baljinder Singh ..	50,000/-
30.	Lakhwinder Singh .	50,000/-
31.	Naresh Kumar ..	50,000/-
32.	Mamta ..	50,000/-
33.	Karan ..	50,000/-
34.	Lakshmi Devi ..	50,000/-
35.	Balwinder Singh ..	50,000/-
36.	Tejo ..	50,000/-
37.	Jagir Singh ..	50,000/-
38.	Sher Singh ..	50,000/-
39.	Bau Ram ..	50,000/-
40.	Amarjit Singh .	50,000/-
41.	Bachan Kaur .	50,000/-
42.	Sunni ..	50,000/-
43.	Raj Singh ..	50,000/-
44.	Vijay Kalshmi ..	50,000/-
45.	Vijay Kumar ..	50,000/-
46.	Swaran Singh ..	—

Original with;
Punjab Vidhan Sabha
Digitized by;
Panjab Digital Library

Sr. No.	Name of Deceased		Amount of Ex-gratia grant paid (Rs.)
1	2		3
47.	Sukhwinder	..	50,000/-
48.	Gurvinder Kaur	..	50,000/-
49.	Dilbagh Singh	..	50,000/-
50.	Buta Singh	..	50,000/-
51.	Sarwan Singh		50,000/-
52.	Nirmal Singh	..	50,000/-
53.	Karnail Singh	..	50,000/-
54.	Paramjit Singh	..	50,000/-
55.	Joginder Paul	..	50,000/-
56.	Sucha Singh	..	50,000/-
57.	Pargat Singh	..	50,000/-
58.	Banti	..	50,000/-
59.	Paramjit Singh	.	50,000/-

Note. —The deceased at Sr. No. 46 had no kin eligible for getting ex-gratia grant. Hence, no ex-gratia grant was paid in this case.

1566— 13-11-95—305—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Punjab Digital

Original with;
Punjab Vidhan Sabha
Digitized by;
Panjab Digital Library

64 2

Chief Reporter
Punjab Vidhan Sabha
Chandigarh

© 1995

Published under the authority of the Punjab Vidhan Sabha and printed by the Controller, Printing and Stationery, Punjab at the Govt. Press, Patiala.

Original with;
Punjab Vidhan Sabha
Digitized by;
Punjab Digital Library

Original with:
Punjab Vidhan Sabha
Digitized by:

Initials

'ਓ' 'ਅ' ਜਾਂ 'ਏ'
ਕਾਰਵਾਈ ਜਿਸ ਵਿਚ
ਸਿਸਲ ਰਿਕਾਰਡ ਕੀਤੀ ਗਈ
ਅਤੇ ਉਸ ਦਾ ਸੰਭਾਲ ਸਮਾਂ
'A' 'B' or 'C' proceedings
in which the file was
recorded and its
retention period

ਕੀ ਕੇਸ ਸੰਬੰਧੀ ਨੋਟ ਸ਼ਾਖਾ/
ਸੈਕਸ਼ਨ ਦੀ ਨੋਟ ਬੁੱਕ
ਵਿਚ ਰੱਖਿਆ ਹੋਇਆ ਹੈ
ਜਾਂ ਨਹੀਂ
Whether note regarding
case has been kept in
the Branch/Sectional
Note Book or not

ਸੰਬੰਧਤ ਸਹਾਇਕ ਦੇ ਹਸਤਾਖਰ
Initials of the concerned
Assistant

ਰਿਕਾਰਡਰ ਦੇ ਹਸਤਾਖਰ
Initials of the Recorder

ਪਿਛਲੇ ਹਵਾਲੇ Previous References	ਬਾਅਦ ਦੇ ਹਵਾਲੇ Later References

B-19134

Original with;
P
D
Panjab Digital Library

Original with;
Punjab Vidhan Sabha
Digitized by;
Punjab Digital Library